17-3-82 3

31-3-82 (2nd)

C...
Punjab ... Sabha
Chandigarh

Digitized by ...
Punjab Digital Library

Original with;
Punjab Vidhan Sabha
Digitized by;
Panjab Digital Library

Punjab Vidhan Sabha Debates

17th March, 1982

Vol. IV—No. 13

OFFICIAL REPORT

Chief Reporter
Punjab Vidhan Sabha
Chandigarh

CONTENTS

Wednesday, the 17th March, 1982

	Page
Obituary Reference	(13)1
Starred Questions and Answers ..	(13)2
Written Answers to Starred Questions laid on the Table of the House under Rule 38 ..	(13)22
Unstarred Questions and Answers ..	(13)26
Point of Order re. Question of Privilege ..	(13)29
Walk-out ..	(13)33
Call Attention Notices under Rule 66 ..	(13)33
General Discussion on the Budget Estimates for the year 1982-83 (*Resumption*) ..	(13)36

PUNJAB VIDHAN SABHA SECRETARIAT, CHANDIGARH

PRICE: Rs—Price Rs. 35.00

Original with
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 17th March, 1982

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shrt Brij Bhushan Mehra) in the Chair.

OBITUARY REFERENCE

Mr. Speaker : Obituary Reference.

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਸਦਨ ਨੂੰ ਇਕ ਸ਼ੋਕ ਸਮਾਚਾਰ ਦੇਣਾ ਚਾਹਾਂਗਾ ਕਿ ਡਾਕਟਰ ਸੰਤ ਰਾਮ ਸੇਠ ਜਿਹੜੇ ਕਿ ਅੰਮ੍ਰਿਤਸਰ ਦੇ ਬੜੇ ਪ੍ਰਸਿੱਧ ਮੈਡੀਕਲ ਪ੍ਰੈਕਟੀਸ਼ਨਰਜ਼ ਸਨ, ਫਰੀਡਮ ਫਾਈਟਰ ਸਨ ਅੌਰ ਅੰਮ੍ਰਿਤਸਰ ਸ਼ਹਿਰ ਦੀ ਕਾਂਗਰਸ ਪਾਰਟੀ ਦੇ ਕਈ ਸਾਲ ਪ੍ਰੈਜ਼ੀਡੈਂਟ ਵੀ ਰਹੇ ਉਹ ਸਾਡੇ ਕੋਲੋਂ 16 ਮਾਰਚ, 1982 ਨੂੰ ਸਦਾ ਲਈ ਜੁਦਾ ਹੋ ਗਏ। ਉਹ ਫਰੀਡਮ ਮੂਵਮੈਂਟ ਵਿਚ 14 ਸਾਲ ਜੇਲ੍ਹ ਵਿਚ ਰਹੇ । ਉਹ ਡਾਕਟਰ ਸੈਫੂਦੀਨ ਕਿਚਲੂ ਦੇ ਸਾਥੀ ਸਨ ਅਤੇ ਡਾਕਟਰ ਸੱਤਪਾਲ ਜੀ ਦੇ ਵੀ ਸਾਥੀ ਸਨ । ਉਨ੍ਹਾਂ ਦੀਆਂ ਸੇਵਾਵਾਂ ਦੇਸ਼ ਵਾਸਤੇ ਖਾਸ ਤੌਰ ਤੇ ਜੰਗੇ ਆਜ਼ਾਦੀ ਦੇ ਵਿਚ ਬੜੀਆਂ ਸ਼ਲਾਘਾਯੋਗ ਹਨ ਅੌਰ ਉਨ੍ਹਾਂ ਦੇ ਜੁਦਾ ਹੋਣ ਤੇ ਪੰਜਾਬ ਨੂੰ ਬਹੁਤ ਹੀ ਗਹਿਰਾ ਅਫਸੋਸ ਹੈ । ਉਹ 1937 ਤੋਂ 1952 ਤੱਕ ਇਸ ਸਦਨ ਦੇ ਮੈਂਬਰ ਰਹੇ, ਪਾਰਟੀਸ਼ਨ ਤੋਂ ਬਾਅਦ ਵੀ ਉਹ ਮੈਂਬਰ ਬਣੇ ਅੌਰ ਪਾਰਟੀਸ਼ਨ ਤੋਂ ਪਹਿਲਾਂ ਵੀ ਉਹ ਮੈਂਬਰ ਰਹੇ । ਉਨ੍ਹਾਂ ਦੀਆਂ ਸੇਵਾਵਾਂ ਦੇਸ਼ ਦੀ ਆਜ਼ਾਦੀ ਵਾਸਤੇ ਅੌਰ ਦੇਸ਼ ਦੀ ਆਜ਼ਾਦੀ ਹੋਣ ਤੋਂ ਬਾਅਦ ਦੇਸ਼ ਦੀ ਉਸਾਰੀ ਵਾਸਤੇ ਬੜੀਆਂ ਸ਼ਲਾਘਾਯੋਗ ਅਤੇ ਬਹੁਤ ਕੀਮਤੀ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਸਾਡੇ ਕਲੋਂ ਜੁਦਾ ਹੋਣ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ । ਸਾਨੂੰ ਉਨ੍ਹਾਂ ਦੇ ਚਰਨਾਂ ਵਿਚ ਭਰਪੂਰ ਸ਼ਰਧਾਂਜਲੀ ਹਾਊਸ ਵੱਲੋਂ ਭੇਂਟ ਕਰਨੀ ਚਾਹੀਦੀ ਹੈ ਅੌਰ ਪ੍ਰਮਾਤਮਾ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਪਿੱਛੇ ਰਹੇ ਦੁਖੀ ਪਰਿਵਾਰ ਅਤੇ ਸਬੰਧੀਆਂ ਨੂੰ ਸਦੀਵੀ ਵਿਛੋੜਾ ਸਹਿਣ ਦਾ ਬਲ ਦੇਵੇ । ਮੈਂ ਚਾਹਾਂਗਾ ਕਿ 2 ਮਿੰਟ ਲਈ ਸਾਰਾ ਹਾਊਸ ਵਿਛੜੀ ਆਤਮਾ ਦੀ ਸ਼ਾਂਤੀ ਲਈ ਆਪਣੀ ਸ਼ਰਧਾਂਜਲੀ ਪੇਸ਼ ਕਰਨ ਲਈ ਮੌਨ ਧਾਰਨ ਕਰੇ । ਮੈਂ ਇਹ ਵੀ ਬੇਨਤੀ ਕਰਾਂਗਾ ਕਿ ਇਹ ਰੈਜ਼ੋਲਿਊਸ਼ਨ ਉਨ੍ਹਾਂ ਦੇ ਦੁਖੀ ਪਰਿਵਾਰ ਦੇ ਮੈਂਬਰਾਂ ਤੱਕ ਪਹੁੰਚਾ ਦਿੱਤਾ ਜਾਵੇ ।

ਮਾਸਟਰ ਚੰਦ ਸਿੰਘ (ਸ਼ੇਰਪੁਰ ਅੌਸ. ਸੀ.) : ਸਪੀਕਰ ਸਾਹਿਬ, ਡਾਕਟਰ ਸੰਤ ਰਾਮ ਸੇਠ ਦੇ ਵਿੱਛੜ ਜਾਣ ਤੇ ਜੋ ਫਾਈਨਾਂਸ ਮਨਿਸਟਰ ਸਾਹਿਬ ਨੇ ਪ੍ਰਸਤਾਵ ਪੇਸ਼ ਕੀਤਾ ਹੈ, ਮੈਂ ਉਨ੍ਹਾਂ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ । ਉਨ੍ਹਾਂ ਨੇ ਪਿਛਲੇ ਸਮੇਂ ਵਿਚ ਆਜ਼ਾਦੀ ਦੀ ਮੂਵਮੈਂਟ ਵਿਚ ਕਾਫੀ ਹਿੱਸਾ ਪਾਇਆ ਸੀ । ਅੱਜ ਉਹ ਦੇਸ਼ ਭਗਤ ਦੇਸ਼ ਦੇ ਘੁਲਾਟੀਏ ਸਾਡੇ ਵਿਚ ਨਹੀਂ ਹਨ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਜੋ ਘਾਟਾ ਪਿਆ ਹੈ ਇਹ ਘਾਟਾ ਨਾ ਪੂਰਾ ਹੋਣ ਵਾਲਾ ਹੈ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਮਤਾ ਉਨ੍ਹਾਂ ਦੇ ਦੁਖੀ ਪ੍ਰੀਵਾਰ ਨੂੰ ਭੇਜਿਆ ਜਾਵੇ ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਮਾਨਯੋਗ ਸਪੀਕਰ ਸਾਹਿਬ, ਜੋ ਆਨਰੇਬਲ ਫਾਈਨਾਂਸ ਮਨਿਸਟਰ ਸਾਹਿਬ ਨੇ ਡਾਕਟਰ ਸੰਤ ਰਾਮ ਸੇਠ ਜੀ ਦੇ ਸਾਡੇ ਕੋਲੋਂ ਜੁਦਾ ਹੋਣ ਲਈ ਪ੍ਰਸਤਾਵ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਲਿਆਂਦਾ ਹੈ ਅਤੇ ਜੋ ਜਜ਼ਬਾਤ ਦਾ ਇਜ਼ਹਾਰ ਕੀਤਾ ਹੈ, ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਦੇ ਜਜ਼ਬਾਤ ਦਾ ਸਮੱਰਥਨ ਕਰਦਾ ਹਾਂ । ਮੈਂ ਉਨ੍ਹਾਂ ਦੀ ਇਸ ਗੱਲ ਨਾਲ ਵੀ ਸਮੱਰਥਨ ਕਰਦਾ ਹਾਂ ਕਿ ਆਨਰੇਬਲ ਮੈਂਬਰਜ਼ 2 ਮਿੰਟ ਲਈ ਖੜੇ ਹੋ ਕੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਅਰਪਤ ਕਰਨ। ਮੈਂ ਇਸ ਗੱਲ ਦਾ ਸਮੱਰਥਨ ਕਰਦਾ ਹਾਂ ਕਿ ਉਨ੍ਹਾਂ ਦੇ ਦੁਖੀ ਪਰਿਵਾਰ ਨੂੰ ਇਹ ਰੈਜ਼ੋਲਿਊਸ਼ਨ ਭੇਜ ਦਿਤਾ ਜਾਵੇ ।

ਸਰਦਾਰ ਆਤਮਾ ਸਿੰਘ (ਸੁਲਤਾਨਪੁਰ) : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਜੋ ਮਤਾ ਪੇਸ਼ ਕੀਤਾ ਹੈ ਡਾਕਟਰ ਸੰਤ ਰਾਮ ਸੇਠ ਜੀ ਦੇ ਬੇਵਕਤ ਅਕਾਲ ਚਲਾਣਾ ਕਰ ਜਾਣ ਤੇ, ਮੈਂ ਆਪਣੀ ਪਾਰਟੀ ਵੱਲੋਂ ਉਸ ਮਤੇ ਦੀ ਤਾਈਦ ਕਰਦਾ ਹਾਂ। ਡਾਕਟਰ ਸੰਤ ਰਾਮ ਬੜੇ ਵੱਡੇ ਜੰਗੇ ਆਜ਼ਾਦੀ ਦੇ ਘੁਲਾਟੀਏ ਸਨ ਔਰ ਦੇਸ਼ ਦੀ ਆਜ਼ਾਦੀ ਵਿਚ ਉਨ੍ਹਾਂ ਨੇ ਬਹੁਤ ਭਾਰੀ ਹਿੱਸਾ ਪਾਇਆ । ਉਹ ਸਾਡੀ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਹਨ ਅਤੇ ਆਪਣੇ ਹਲਕੇ ਦੇ ਲਈ ਅਤੇ ਪੰਜਾਬ ਦੇ ਲਈ ਬਹੁਤ ਸੇਵਾ ਕਰਦੇ ਰਹੇ । ਮੈਂ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿੱਛੇ ਰਹੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਇਹ ਮਤਾ ਉਨ੍ਹਾਂ ਦੇ ਦੁਖੀ ਪ੍ਰੀਵਾਰ ਨੂੰ ਭੇਜ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਸਦਨ ਵਿਚ ਜਿਹੜਾ ਸ਼ੋਕ ਦਾ ਇਜ਼ਹਾਰ ਕੀਤਾ ਗਿਆ ਹੈ, ਮੈਂ ਆਪਣੇ ਆਪ ਨੂੰ ਉਸ ਵਿਚ ਸ਼ਾਮਲ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਵਿਲੱਖਤ ਆਤਮਾ ਦੇ ਸਨਮਾਨ ਵੱਜੋਂ ਦੋ ਮਿੰਟ ਲਈ ਖੜੇ ਹੋ ਕੇ ਮੋਨ ਧਾਰਨ ਕੀਤਾ ਜਾਵੇ ।

(ਇਸ ਸਮੇਂ ਸਦਨ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਨੇ ਖੜੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ)।

STARRED QUESTIONS AND ANSWERS

Complaint(s) Re. Misuse of Coal Supplied to Brick-Kiln Owners

***1522. Comrade Kulwant Singh:** Will the Minister of State for Food and Supplies be pleased to state—

(a) the quantity of coal supplied to various brick-kiln owners in the State at the control rate during the year, 1981-82, alongwith the district-wise split thereof;

(b) whether any complaint(s) regarding the mis-use/mis-appropriation of coal referred to in part (a) above was/ were received; if so, the action taken/proposed to be taken thereon?

Shri Bhagwan Dass: (a) No sponsored coal was supplied to any brick-kiln owner in the State at the controlled rate during the year, 1981-82 by the Department of Food and Supplies. However, 2682.6 tonnes of sponsored slack coal was supplied by the National Fertilizer Limited, Naya Nangal and Ropar Thermal Plant, Ropar to the brick kiln owners in District Ropar during 1981-82 directly.

Original with;
Punjab Vidhan Sabha
Digitized by;
Panjab Digital Library

(b) No complaint of mis-appropriation of sponsored slack coal as referred to in part (a) above was received.

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਇਕ ਤਾਂ ਪਹਿਲਾਂ ਮੇਰੀ ਤੁਹਾਡੇ ਕੋਲ ਇਹ ਸ਼ਿਕਾਇਤ ਹੈ ਕਿ ਮੇਰੇ ਸਵਾਲ ਵਿਚ ਮੇਰੇ ਨਾਲ ਚੀਮਾ ਸਾਹਿਬ ਦਾ ਨਾਮ ਵੀ ਸੀ, ਉਹ ਕੱਟ ਦਿੱਤਾ ਹੈ। ਇਸ ਦੇ ਨਾਲ ਨੇੜਤਾ ਆਉਂਦੀ ਸੀ । ਉਹ ਦੇਖ ਲੈਣ ਕਿ ਮਾਨਯੋਗ ਮੈਂਬਰ ਨੇ ਕਟਾ ਦਿੱਤਾ ਹੈ ਜਾਂ ਤੁਹਾਡੇ ਦਫਤਰ ਨੇ ਕੱਟ ਦਿਤਾ ਹੈ। ਇਸ ਦਾ ਜਵਾਬ ਬਾਅਦ ਵਿਚ ਦੇ ਲੈਣਾ, ਪਹਿਲਾਂ ਮੈਨੂੰ ਹੁਣ ਸਪਲੀਮੈਂਟਰੀ ਕਰ ਲੈਣ ਦਿਓ।

ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਿਰਫ ਇਸ ਕਰਕੇ ਸਵਾਲ ਕੀਤਾ ਗਿਆ ਸੀ ਕਿ ਸਰਕਾਰ ਦਾ ਕਿੰਨਾ ਕੁ ਉਤਸ਼ਾਹ ਹੈ ਪਿੰਡਾਂ ਦੀ ਡਿਵੈਲਪਮੈਂਟ ਲਈ । ਇਸ ਦਾ ਜਵਾਬ ਦਿੱਤਾ ਗਿਆ ਹੈ ਕਿ ਕਿਸੇ ਵੀ ਭੱਠੇ ਵਾਲੇ ਨੂੰ ਕੰਟਰੋਲਡ ਰੇਟ ਤੇ ਸਪਾਂਸਰਡ ਕੋਲ ਨਹੀਂ ਸਪਲਾਈ ਕੀਤਾ ਗਿਆ । ਸਪਾਂਸਰਡ ਸਲੈਕ ਕੋਲ, ਨੈਸ਼ਨਲ ਫਰਟੀਲਾਈਜ਼ਰ ਲਿਮਿਟਿਡ, ਨਵਾਂ ਨੰਗਲ ਅਤੇ ਰੋਪੜ ਥਰਮਲ ਪਲਾਂਟ, ਰੋਪੜ ਵੱਲੋਂ ਭੱਠੇ ਵਾਲਿਆਂ ਨੂੰ ਸਿੱਧੇ ਤੌਰ ਤੇ ਸਪਲਾਈ ਕੀਤਾ ਗਿਆ ਹੈ । ਭੱਠੇ ਵਾਲਿਆਂ ਨੂੰ ਜੇ ਇਹ ਕੋਲਾ ਨਹੀਂ ਦਿੰਦੇ ਤਾਂ ਰੂਰਲ ਡਿਵੈਲਪਮੈਂਟ ਜਿਹੜੀ ਇਹ ਕਹਿੰਦੇ ਹਨ ਕਰਨੀ ਹੈ 2,200 ਪਿੰਡਾਂ ਵਿਚ ਤਾਂ ਇਹ ਕਿਸ ਤਰ੍ਹਾਂ ਕਰਨਗੇ ਜਦ ਕਿ ਪਹਿਲਾਂ 128 ਰੁਪਏ ਇੱਟ ਮਿਲਦੀ ਸੀ ਹੁਣ 365 ਰੁਪਏ ਨੂੰ ਮਿਲ ਰਹੀ ਹੈ । ਮੈਂ ਮਨਿਸ਼ਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰ ਇਸ ਦੇ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਭੱਠੇ ਵਾਲਿਆਂ ਨੂੰ ਕੋਲਾ ਨਹੀਂ ਦਿੱਤਾ, ਕੀ ਉਨ੍ਹਾਂ ਦੇ ਖਿਲਾਫ ਇਹ ਕੋਈ ਐਕਸ਼ਨ ਲੈਣਗੇ ?

ਦੂਸਰਾ, ਮੈਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜੋ ਹੋ ਗਿਆ ਸੋ ਹੋ ਗਿਆ, ਰੂਰਲ ਡਿਵੈਲਪਮੈਂਟ ਅੰਤਕੀ ਵੀ ਹੋਣੀ ਹੈ, ਕੀ ਹੁਣ ਕੋਲਾ ਸਾਰੇ ਭੱਠਿਆਂ ਵਾਲਿਆਂ ਨੂੰ ਸਪਲਾਈ ਕਰਨਗੇ ਅਤੇ ਜਿਹੜਾ ਪਹਿਲਾਂ ਸਪਲਾਈ ਨਹੀਂ ਕੀਤਾ ਉਸ ਦੇ ਲਈ ਜੋ ਅਫਸਰ ਜ਼ਿੰਮੇਵਾਰ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ?

ਰਾਜ ਮੰਤਰੀ : ਮੈਂ ਆਨਰੇਬਲ ਮੈਂਬਰ ਨੂੰ, ਸਪੀਕਰ ਸਾਹਿਬ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜੋ ਸਪਾਂਸਰਡ ਕੋਲ ਦਿੱਤਾ ਗਿਆ ਸੀ ਉਸ ਦੀਆਂ ਬਕਾਇਦਾ ਇੱਟਾਂ ਲਈਆਂ ਜਾ ਚੁਕੀਆਂ ਹਨ ਅਤੇ ਬਾਕੀ ਹੋਰ ਜੋ ਰਹਿੰਦੀਆਂ ਹਨ ਉਹ ਲਈਆਂ ਜਾਣਗੀਆਂ । ਦੂਸਰੀ ਗੱਲ ਜੋ ਇਨ੍ਹਾਂ ਨੇ ਪੁੱਛੀ ਹੈ ਉਸ ਦੇ ਲਈ ਸਰਕਾਰ ਪੂਰਾ ਯਤਨ ਕਰੇਗੀ ਅੰਰ ਕਰਦੀ ਰਹੀ ਵੀ ਹੈ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਤਹੱਈਆ ਕੀਤਾ ਹੋਇਆ ਹੈ ਕਿ ਪਿੰਡਾਂ ਤੇ ਸ਼ਹਿਰਾਂ ਦ। ਇਮਤਿਆਜ਼ ਖਤਮ ਕਰਨਾ ਹੈ ਅਤੇ ਪਿੰਡਾਂ ਵਿਚ ਜੋ ਡਿਵੈਲਪਮੈਂਟ ਕਰਨੀ ਹੈ, ਉਹ ਹਰ ਹਾਲਤ ਵਿਚ ਕਰੇਗੀ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਹੈ ਕਿ ਜਿਹੜੇ ਅਫਸਰਾਂ ਨੇ ਕੋਲਾ ਸਪਲਾਈ ਨਹੀਂ ਕੀਤਾ, ਅਣਗਹਿਲੀ ਕੀਤੀ ਹੈ, ਕੀ ਮਨਿਸਟਰ ਸਾਹਿਬ ਹਾਊਸ ਵਿਚ ਇਸ ਗੱਲ ਦਾ ਯਕੀਨ ਦੁਆਉਣਗੇ ਕਿ ਉਨ੍ਹਾਂ ਦੇ ਖਿਲਾਫ ਐਕਸ਼ਨ ਲਵਾਂਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਕੋਈ ਸਪੈਸਿਫਿਕ ਗੱਲ ਮੇਰੇ ਨੋਟਿਸ ਵਿਚ ਲਿਆਉਣ। ਮੈਂ ਹਾਊਸ ਨੂੰ ਯਕੀਨ ਦੁਆਉਂਦਾ ਹਾਂ ਕਿ ਅਸੀਂ ਕੋਈ ਵੀ ਅਣਗਹਿਲੀ ਬਰਦਾਸ਼ਤ ਨਹੀਂ ਕਰਾਂਗੇ।

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਪਾਂਸਰਡ ਕੋਲਾ ਭੱਠੇ ਵਾਲਿਆਂ ਨੂੰ ਸਪਲਾਈ ਕਰਦੇ ਹਨ, ਉਸ ਦੇ ਲਈ ਨਾਚਮਜ਼ ਕੀ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਪ੍ਰੋਫੈਸਰ ਸਾਹਿਬ ਦਾ ਸਵਾਲ ਇਸ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ । ਉਹ ਨਵਾਂ ਸਵਾਲ ਕਰ ਦੇਣ, ਮੈਂ ਇਸ ਦਾ ਜਵਾਬ ਦੇ ਦੇਵਾਂਗਾ ।

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਤਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਭੱਠਿਆਂ ਵਾਲਿਆਂ ਨੂੰ ਕੋਲਾ ਦਿਤਾ ਗਿਆ ਹੈ ਕੰਟਰੋਲਡ ਰੇਟ ਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਨਹੀਂ ਲਿਆ, ਰਿਫਿਊਜ਼ ਕਰ ਦਿਤਾ ਹੈ। ਕੀ ਸਰਕਾਰ ਜਿਨ੍ਹਾਂ ਨੂੰ ਕੋਲਾ ਦਿੰਦੀ ਹੈ ਔਰ ਉਹ ਨਹੀਂ ਲੈਂਦੇ ਉਨ੍ਹਾਂ ਦਾ ਲਾਇਸੈਂਸ ਸਰਕਾਰ ਕੈਂਸਲ ਕਰੇਗੀ ?

ਰਾਜ ਮੰਤਰੀ : ਆਨਰੇਬਲ ਮੈਂਬਰ ਕੋਈ ਸਪੈਸਿਫਿਕ ਸ਼ਿਕਾਇਤ ਮੇਰੇ ਨੋਟਿਸ ਵਿਚ ਲਿਆਉਣ, ਫੌਰਨ ਐਕਸ਼ਨ ਲਿਆ ਜਾਵੇਗਾ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਕੁਝ ਦਿਨ ਹੋਏ ਵਜ਼ੀਰ ਸਾਹਿਬ ਨੇ ਇਥੇ ਜਵਾਬ ਦਿੰਦੇ ਹੋਏ ਦੱਸਿਆ ਸੀ ਕਿ ਅੱਵਲ ਨੰਬਰ ਇੱਟਾਂ ਦਾ ਇਹ ਰੇਟ ਹੈ, ਦੋਮ ਦਾ ਇਹ ਰੇਟ ਹੈ ਅਤੇ ਸੋਮ ਦਾ ਇਹ ਰੇਟ ਹੈ । ਹੁਣ ਇਸ ਸਵਾਲ ਦੇ ਜਵਾਬ ਵਿਚ ਇਹ ਦੱਸਿਆ ਹੈ ਕਿ ਸਾਲ 1980-81 ਦੇ ਦੌਰਾਨ ਕਿਸੇ ਵੀ ਭੱਠੇ ਵਾਲੇ ਨੂੰ ਕੰਟਰੋਲਡ ਰੇਟ ਤੇ ਸਪਾਂਸਰਡ ਕੋਲਾ ਨਹੀਂ ਸਪਲਾਈ ਕੀਤਾ ਗਿਆ । ਇਸ ਦਾ ਮਤਲਬ ਹੈ ਕਿ ਉਹ ਪੰਜਾਬ ਵਿਚ ਜਿਹੜੇ ਡਿਵੈਲਪਮੈਂਟ ਦੇ ਕੰਮਾਂ ਵਾਸਤੇ ਇਹ ਕਹਿੰਦੇ ਹਨ ਕਿ ਕਰਨੇ ਹਨ ਇਟਾਂ ਨਹੀਂ ਦੇਣਗੇ ਕੰਟਰੋਲ ਰੇਟ ਤੇ ਇਨ੍ਹਾਂ ਨੇ 240 ਰੁਪਏ ਇੱਟਾਂ ਦਾ ਭਾਅ ਕਿਹਾ ਹੈ ਡਿਪਾਰਟਮੈਂਟ ਨੂੰ ਕਿ ਇਸ ਤੋਂ ਵੱਧ ਰੇਟ ਤੇ ਉਹ ਇੱਟਾਂ ਨਹੀਂ ਖਰੀਦ ਸਕਦੇ ਪਰ ਇਸ ਵੇਲੇ ਜੋ ਮਾਰਕਿਟ ਦਾ ਰੇਟ ਹੈ ਉਹ ਤਿੰਨ ਸੌ ਰੁਪਏ ਤੋਂ ਉਪਰ ਹੈ । ਉਹ ਬਾਕੀ ਦਾ ਰੁਪਿਆ ਕਿਥੋਂ ਪੂਰਾ ਕਰਨਗੇ । ਕੀ ਇਨ੍ਹਾਂ ਹਾਲਾਤ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਨੂੰ ਕੋਲਾ ਸਪਲਾਈ ਕਰਨਗੇ ਤਾਂ ਕਿ ਕੰਟਰੋਲ ਰੇਟ ਤੇ ਇੱਟਾਂ ਮਿਲ ਸਕਣ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਪੂਰੀ ਤਰ੍ਹਾਂ ਬਾਖਬਰ ਹੈ ਪਿੰਡਾਂ ਦੀ ਡਿਵੈਲਪਮੈਂਟ ਬਾਰੇ ਅਤੇ ਉਨ੍ਹਾਂ ਲਈ ਕੰਟਰੋਲ ਰੇਟ ਤੇ ਇੱਟਾਂ ਲਈਆਂ ਜਾਣ । ਜਦੋਂ ਪਿਛਲੇ ਸਾਲ ਸਰਕਾਰ ਨੇ ਡੀਕੰਟਰੋਲ ਕੀਤੀਆਂ ਸਨ ਅਤੇ 25 ਪ੍ਰਤੀਸ਼ਤ ਕੰਟਰੋਲ ਰੇਟ ਤੇ ਲੈਣੀਆਂ ਕੀਤੀਆਂ ਸਨ ਜਿਹੜੀਆਂ ਸਾਨੂੰ ਮਿਲੀਆਂ ਹਨ ਅਤੇ ਮਿਲ ਰਹੀਆਂ ਹਨ ਅਸੀਂ ਸਾਰੀਆਂ ਇੱਟਾਂ ਕੰਟਰੋਲ ਰੇਟ ਤੇ ਲੈਣ ਦੀ ਉਮੀਦ ਰੱਖਦੇ ਹਾਂ ਔਰ ਅੱਗੇ ਨੂੰ ਇੱਟਾਂ ਦੇ ਰੇਟ ਤੇ ਕੰਟਰੋਲ ਤੇ ਕਾਬੂ ਪਾਵਾਂਗੇ ।

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁਦਾ ਹਾਂ ਕਿ ਇਨ੍ਹਾਂ ਤੋਂ ਪਹਿਲੇ ਜਿਹੜੀ ਸਰਕਾਰ ਸੀ ਉਸ ਕੋਲੋਂ ਭੱਠਿਆਂ ਵਾਲੇ ਕੋਲਾ ਲੈ ਕੇ ਹਜ਼ਮ ਕਰ ਗਏ ਅਤੇ ਇੱਟਾਂ ਸਰਕਾਰ ਨੂੰ ਦਿੱਤੀਆਂ ਨਹੀਂ, ਕੀ ਇਸ ਬਾਰੇ ਕੋਈ ਕਾਰਵਾਈ ਹੁਣ ਕਰਨਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਕੋਈ ਵੀ ਸਪੈਸਿਫਿਕ ਕੇਸ ਅਨਗਹਿਲੀ ਦਾ ਦੱਸੋ, ਪੂਰਾ ਐਕਸ਼ਨ ਲਿਆ ਜਾਏਗਾ ।

ਸ਼੍ਰੀ ਸਪੀਕਰ : ਕਾਮਰੇਡ ਕੁਲਵੰਤ ਸਿੰਘ ਜੀ ਮੈਂ ਤੁਹਾਡਾ ਕੁਐਸਚਨ ਦੇਖਿਆ ਹੈ ਉਥੇ ਤੁਹਾਡਾ ਇਕੱਲੇ ਦਾ ਨਾਂ ਹੈ, ਹੋਰ ਕਿਸੇ ਦਾ ਨਾਂ ਨਹੀਂ । ਅਗਲਾ ਸੁਆਲ ।

STARRED QUESTIONS NOS. 1526 AND 1426

(ਸਬੰਧਤ ਮਾਨਯੋਗ ਮੈਂਬਰਜ਼ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤੇ ਗਏ) ।

Fixed Medical Allowance

***1397. Shri Balmukand Sharma:** Will the Minister for Finance be pleased to state whether the Government has any proposal under its consideration to give fixed medical allowance to its employees instead of re-imbursement of medical charges?

ਸ਼੍ਰੀ ਜੋਗਿੰਦਰ ਪਾਲ ਪਾਂਡੇ (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ) : ਵਰਤਮਾਨ ਰੂਲਾਂ ਅਨੁਸਾਰ ਪੰਜਾਬ ਸਰਕਾਰ ਦਿਆਂ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਇਹ ਆਪਸ਼ਨ ਦੇਣ ਦੀ ਆਗਿਆ ਹੈ ਕਿ ਉਹ ਆਊਟ-ਪੇਸ਼ੈਂਟ ਇਲਾਜ ਦੀ ਥਾਂ 10 ਰੁਪਏ ਮਹੀਨੇ ਦੀ ਦਰ ਨਾਲ ਬੰਨਿਆ ਮੈਡੀਕਲ ਭੱਤਾ ਲੈ ਲੈਣ। ਇਹ ਸਵਾਲ ਕਿ ਆਊਟ-ਡੋਰ ਇਲਾਜ਼ ਦਿਆਂ ਕਲੇਮਾਂ ਦੀ ਪ੍ਰਤਿਪੂਰਤੀ ਨੂੰ ਬੰਦ ਕਰਕੇ ਬੰਨ੍ਹਿਆ ਹੋਇਆ ਮੈਡੀਕਲ ਭੱਤਾ ਹੀ ਦਿੱਤਾ ਜਾਏ, ਸਰਕਾਰ ਦੇ ਵਿਚਾਰ ਅਧੀਨ ਹੈ ।

ਸ਼੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, 10 ਰੁਪਏ ਇਨ੍ਹਾਂ ਨੇ ਫਿਕਸਡ ਮੈਡੀਕਲ ਅਲਾਊਂਸ ਦੱਸਿਆ ਹੈ । ਅੱਜ ਕੱਲ ਦੇ ਜ਼ਮਾਨੇ ਵਿਚ 10 ਰੁਪਏ ਦੀ ਕੋਈ ਦਵਾਈ ਨਹੀਂ ਮਿਲ ਸਕਦੀ, ਇਸ ਬਾਰੇ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਭੱਤੇ ਦੀ ਰਕਮ ਨੂੰ ਵਧਾਉਣਾ ਚਾਹੀਦਾ ਹੈ, ਦੂਸਰਾ ਇਹ ਦੱਸਣ ਕਿ ਅੱਜ ਤੱਕ ਕਿੰਨੇ ਆਦਮੀ ਮੰਥਲੀ ਭੱਤਾ ਲੈ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਸਿਸਟਮ ਬਾਰੇ ਪੁਛਿਆ ਸੀ ਕਿ ਆਇਆ ਇਸ ਫਿਕਸਡ ਭੱਤੇ ਨੂੰ ਰੀਪਲੇਸ ਕਰਨਾ ਹੈ ਜਾਂ ਨਹੀਂ ਉਹ ਦੱਸ ਦਿੱਤਾ । ਜੇਕਰ ਇਨ੍ਹਾਂ ਨੇ ਕੋਈ ਹੋਰ ਡਿਟੇਲ ਲੈਣੀ ਹੈ ਉਸ ਦਾ ਵੱਖਰਾ ਨੋਟਿਸ ਦੇ ਦੇਣ । ਬਾਕੀ ਜਿਹੜੇ ਕਰਮਚਾਰੀ ਇਸ ਗੱਲ ਤੋਂ ਬਚਣਾ ਚਾਹੁੰਦੇ ਹਨ ਕਿ ਸ਼ਾਇਦ ਗਲਤ ਬਿਲ ਹਨ ਉਹ ਫਿਕਸਡ ਭੱਤਾ ਲੈਣਾ ਪਸੰਦ ਕਰਦੇ ਹਨ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਨ੍ਹਾਂ ਨੇ ਆਖਿਆ ਹੈ ਕਿ ਦੋ ਸਿਸਟਮ ਨੇ ਜਿਹੜਾ ਵੀ ਕੋਈ ਅਡਾਪਟ ਕਰਦਾ ਹੈ ਉਸ ਦੇ ਮੁਦਤਬਕ ਲੈਂਦਾ ਹੈ । ਕੁਝ ਲੋਕਾਂ ਦਾ ਖਿਆਲ ਹੈ ਕਿ ਇਸ ਨਾਲ ਲੂਟ ਘਸੂਟ ਬਹੁਤ ਹੁੰਦੀ ਹੈ । ਮੈਂ ਪੁੱਛਦਾ ਹਾਂ ਕਿ ਆਇਆ ਜਿਹੜਾ ਇਹ 10 ਰੁਪਏ ਦਿੰਦੇ ਹਨ ਕੀ ਇਸ ਦੀ ਬਰਾਬਰਤਾ ਹੈ ਉਨ੍ਹਾਂ ਹਜ਼ਾਰਾਂ ਰੁਪਏ ਦੇ ਗਲਤ ਬਿੱਲਾਂ ਨਾਲ ਜਿਹੜਾ ਕਿ ਇਹ ਦੱਸਦੇ ਹਨ । ਮੈਂ ਕਹਿੰਦਾ ਹਾਂ ਕਿ ਇਹ ਜਿਹੜੇ ਦਸ ਰੁਪਏ ਹਨ ਇਹ ਵਧਾਉਣ ਤਾਂ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਮੁਲਾਜ਼ਮਾਂ ਦੀ ਬਹੁਤ ਸਾਰੀ ਤਾਦਾਦ ਦੀ ਤਸੱਲੀ ਹੋਵੇ । ਇਹ ਚੀਜ਼ ਆਈ ਵਾਰ ਵਿਧਾਨ ਸਭਾ ਵਿਚ ਆਉਂਦੀ ਹੈ । ਇਹ ਦੱਸਣ ਕਿ ਇਸ ਤੇ ਕਦ ਤੱਕ ਵਿਚਾਰ ਕਰਕੇ ਇਸ ਨੂੰ ਲਾਗੂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਨਾਲ ਫਾਈਨਾਂਸ਼ਲ ਇੰਪਲੀਕੇਸ਼ਨ ਕਿਤਨੀ ਆਉਣੀ ਹੈ ਇਹ ਗੱਲ ਸਮਝਣ ਦੀ ਲੋੜ ਹੈ । ਜਿਥੋਂ ਤੱਕ ਤੁਅੱਲਕ ਹੈ ਹੈਲਥ ਡਿਪਾਰਟਮੈਂਟ ਦੇ ਡਾਕਟਰਜ਼ ਦਾ ਉਹ ਤਾਂ ਮੈਡੀਸਨਜ਼ ਪ੍ਰੈਸਕਰਾਈਬ ਹੀ ਕਰਦੇ ਹਨ ਅਤੇ ਪੈਸੇ ਸਾਰੇ ਕਰਮਚਾਰੀ ਆਪਣੇ ਆਪਣੇ ਡਿਪਾਰਟਮੈਂਟ ਤੋਂ ਭਰਾਅ ਕਰਦੇ ਹਨ । ਜਦ ਤੱਕ ਸਾਰੇ ਡਿਪਾਰਟਮੈਂਟਸ ਦੀ ਕੁਲੈਕਟਿਵ ਇਨਫਰਮੇਸ਼ਨ ਮੇਰੇ ਕੋਲ ਨਾ ਆਵੇ ਤਦ ਤੱਕ ਕਿੰਨੀ ਇੰਪਲੀਕੇਸ਼ਨ ਹੈ ਨਹੀਂ ਦੱਸੀ ਜਾ ਸਕਦੀ । ਸਪੀਕਰ ਸਾਹਿਬ, ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਸੈਂਪਲ ਸਰਵੇ ਕੀਤਾ ਗਿਆ ਸੀ ਉਸ ਦੇ ਮੁਤਾਬਕ 610 ਐਮਪਲਾਈਜ਼ ਨੇ ਇਕ ਸਾਲ ਵਿਚ 2,89,225 ਰੁਪਏ ਦੀ ਰੀਇੰਬਰਸਮੈਂਟ ਕਰਵਾਈ । ਤੁਸੀਂ ਆਪ ਅੰਦਾਜ਼ਾ ਲਗਾਓ ਕਿ ਉਨ੍ਹਾਂ ਦੇ ਸਾਲ ਦੇ ਇਕ ਆਦਮੀ ਦੇ 475 ਰੁਪਏ ਬਣਦੇ ਹਨ ਜਦੋਂ ਕਿ ਫਿਕਸਡ ਮੈਡੀਕਲ ਦੇ ਅਨੁਸਾਰ 120 ਰੁਪਏ ਸਾਲ ਦੇ ਬਣਦੇ ਹਨ । ਜਿਹੜੀ ਗਲ ਖਾਲਸਾ ਜੀ ਨੇ ਕਹੀ ਹੈ ਇਨ੍ਹਾਂ ਦੋਨਾਂ ਗੱਲਾਂ ਨੂੰ ਮੁੱਖ ਰੱਖ ਕੇ ਕੋਈ ਫੈਸਲਾ ਕੀਤਾ ਜਾਏਗਾ । ਰੀਇਬਰਸਮੈਂਟ ਤੇ ਚੈਕ ਲਗੇ, ਕੋਈ ਡਾਕਟਰ ਗਲਤ ਤੌਰ ਤੇ ਕੋਈ ਪਰਸਕ੍ਰਿਪਸ਼ਨ ਨਾ ਬਣਾਏ ਅੌਰ ਮੁਲਾਜ਼ਮ ਵੀ ਐਸੇ ਇਲਜ਼ਾਮ ਤੋਂ ਬਚੇ ਰਹਿਣ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪਿਛਲੀ ਵਾਰੀ ਵੀ ਅਸੈਂਬਲੀ ਵਿਚ ਆਇਆ ਸੀ ਕਿ ਰੀਇੰਬਰਸਮੈਂਟ ਦੇ ਰੂਲਜ਼ ਐਸੇ ਨਹੀਂ ਅੌਰ ਨਾ ਹੀ ਕੋਈ ਐਸੀ ਚੈਕਿੰਗ ਹੈ । ਬਗੈਰ ਦਵਾਈਆਂ ਤੋਂ ਪਰਚੀਆਂ ਲੈ ਜਾਂਦੇ ਹਨ, ਜਿਹੜੇ ਅਸਰ ਰਸੂਖ ਵਾਲੇ ਹਨ ਉਹ ਇਸ ਫੰਡ ਦੀ ਕੁਵਰਤੋਂ ਕਰਦੇ ਹਨ । ਕੀ ਇਸ ਗੱਲ ਤੇ ਕੰਟਰੋਲ ਕਰਨ ਲਈ ਜਿਹੜੇ ਮੌਜੂਦਾ ਰੀਇਬਰਸਮੈਂਟ ਦੇ ਰੂਲਜ਼ ਹਨ, ਉਨ੍ਹਾਂ ਵਿਚ ਕੋਈ ਸੋਧ ਕਰਨਗੇ ਤਾਂ ਕਿ ਕਰਮਚਾਰੀ ਗਲਤ ਤਰੀਕੇ ਨਾਲ ਰੀਇੰਬਰਸਮੈਂਟ ਨਾ ਕਰਾ ਸਕਣ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ 2,66,115 ਕਰਮਚਾਰੀ ਹਨ ਅਤੇ 34 ਹਜ਼ਾਰ ਦੇ ਕਰੀਬ ਪੈਨਸ਼ਨਰਜ਼ ਹਨ, ਇਹ ਕੁਲ 3 ਲੱਖ ਬਣ ਜਾਂਦੇ ਹਨ । ਜੇ ਸਾਰਿਆਂ ਨੂੰ 10 ਰੁਪਏ ਦੇ ਦਿਓ ਤਾਂ ਇਹ 3 ਕਰੋੜ ਰੁਪਏ ਬਣਦੀ ਹੈ ਜੇ ਸਾਲ ਦਾ ਫਿਕਸ ਕਰ ਦੇਈਏ ਸ਼੍ਰੀ ਬਾਲ ਮੁਕੰਦ ਜੀ ਕਹਿੰਦੇ ਹਨ ਕਿ 10 ਰੁਪਏ ਥੋਹੜੇ ਹਨ ਜੇ ਡਬਲ ਕਰ ਦੇਈਏ ਤਾਂ 7 ਕਰੋੜ ਰੁਪਏ ਬਣਦੇ ਹਨ, ਐਡੀ ਵੱਡੀ ਫਿਨਾਂਸ਼ਲ ਇੰਪਲੀਕੇਸ਼ਨ ਹੈ । ਜਿਹੜਾ ਰੀਇੰਬਰਸਮੈਂਟ ਦਾ ਜ਼ਿਕਰ ਆਇਆ ਹੈ, ਇਸ ਬਾਰੇ ਇਹ ਹੈ ਕਿ ਕੋਈ ਵੀ ਕੇਸ ਸਾਡੇ ਨੋਟਿਸ ਵਿਚ ਲਿਆਂਦਾ ਜਾਵੇ ਅਸੀਂ ਐਕਸ਼ਨ ਲਵਾਂਗੇ ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਛੋਟੇ ਮੁਲਾਜ਼ਮਾਂ ਦੀ ਗੱਲ ਬਾਰੇ ਸ਼੍ਰੀ ਬਾਲ-ਮੁਕੰਦ ਜੀ ਨੇ ਕੁਅੇਸਚਨ ਦੇ ਦਿਤਾ, ਪਰ ਜਿਹੜੇ ਵੱਡੇ ਵੱਡੇ ਲੱਖਾਂ ਰੁਪਏ ਖਾ ਜਾਂਦੇ ਹਨ ਉਨ੍ਹਾਂ ਬਾਰੇ ਕੋਈ ਸੁਆਲ ਨਹੀਂ । ਮੈਂ ਦੱਸਦਾ ਹਾਂ ਕਿ ਸਾਡੇ ਅੰਮ੍ਰਿਤਸਰ ਵਿਚ 50 ਲੱਖ ਰੁਪਏ ਦਾ ਰਾਸ਼ਨ ਹੋ ਗਿਆ, ਜਾਹਲੀ ਦਵਾਈਆਂ ਆਈਆਂ, ਚਿੱਠੀਆਂ ਪਕੜੀਆਂ ਗਈਆਂ, ਪਰ ਕੋਈ ਗੱਲ ਨਹੀਂ ਕੀਤੀ ਗਈ.. .. ..

Mr. Speaker : No supplementary. ਅਗਲਾ ਸਵਾਲ ।

Original with;
Punjab Vidhan Sabha
Digitized by;
Panjab Digital Library

Licence Fee Etc. Realised on Country-Made Foreign Liquor

*1471. **Sardar Iqbal Singh:** Will the Minister for Finance be pleased to —

(a) state the amount of Licence Fee and the Excise Duty realised by the Government on country-made foreign liquor during the year 1971-72;

(b) lay on the Table of the House a statement showing the year-wise income accrued to the Government from its new Excise Policy during the period from 1972-73 to 1981-82 (upto 31st January, 1982) under the following heads:—

(i) Licence Fee;

(ii) Assessed Fee;

(iii) Excise Duty;

(iv) Total.

Doctor Kewal Krishan: (a) The amount of Licence Fee and Excise Duty realised on country-made foreign liquor during the year 1971-72 is as under:—

		Rs.
(i) Licence Fee	..	2,46,23,076
(ii) Excise Duty	..	2,20,42,870
Total	..	4,66,65,946

(b) A statement is laid on the Table of the House.

Statement showing the year-wise income accrued to Government from its policy during the years from 1972-73 to 1981-82 (upto 31st March, 1982), under the head licence fee, assessed fee and excise duty in respect of country made foreign liquor.

Serial No.	Year		Licence fee	Assessed fee	Excise duty	Total
			Rs.	Rs.	Rs.	Rs.
1	1972-73	..	17,24,000	1,10,70,959	3,10,98,200	4,38,93,159
2	1973-74	..	20,76,000	1,45,33,565	4,08,24,620	5,74,34,185
3	1974-75	..	28,08,000	2,04,21,792	5,10,54,480	7,42,84,272
4	1975-76	..	82,95,000	3,00,24,136	5,40,00,220	9,23,19,356
5	1976-77	..	82,77,000	3,39,53,528	5,45,29,220	9,67,59,748
6	1977-78	..	80,07,500	3,62,91,242	5,82,83,580	10,25,82,322

Original with;
Punjab Vidhan Sabha
Digitized by;
Panjab Digital Library

[Finance Minister]

Serial No.	Year	Licence fee	Assessed fee	Excise duty	Total
		Rs	Rs	Rs.	Rs.
7	1978-79 ..	54,05,000	4,12,19,920	5,15,24,900	9,81,49,820
8	1979-80 ..	51,62,500	5,82 93,744	7,28,67,180	13,63,23,424
9	1980-81 ..	60,10,000	6,00,04,086	11,25,07,100	17,85,21,186
10	1981-82 (from 1st April, 1981 to 31st January, 1982)	1,63,99,997	4,76,85,742	9,10,36,456	15,51,22,195

ਸਰਦਾਰ ਇਕਬਾਲ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ 1972-73 ਵਿਚ 4 ਕਰੋੜ 38 ਲੱਖ ਰੁਪਏ ਐਕਸਾਈਜ਼ ਦੀ ਆਮਦਨ ਆਈ, 1980-81 ਵਿਚ 17 ਕਰੋੜ 85 ਲੱਖ ਰੁਪਏ ਹੋਈ ਯਾਨੀ ਚਾਰ ਗੁਣਾ ਵੱਧ ਗਈ । 1972-73 ਤੋਂ 1980-81 ਤਕ ਦੇ ਸਾਰੇ ਸਾਲਾਂ ਵਿਚ ਇਹ ਵੱਧਦੀ ਚਲੀ ਗਈ ਅਤ ਕੀ ਵਜ੍ਹਾ ਹੈ ਕਿ 1981-82 ਵਿਚ ਢਾਈ ਕਰੋੜ ਰੁਪਏ ਘੱਟ ਗਏ ? ਇਸ ਗੱਲ ਦੇ ਬਾਵਜੂਦ ਕਿ ਲਸੰਸ ਫੀਸ ਵੀ ਵੱਧਾ ਦਿੱਤੀ, ਸੈਸ ਫੀਸ ਵਧਾ ਦਿਤੀ ਅਤੇ ਐਕਸਾਈਜ਼ ਡਿਊਟੀ ਵੀ ਵਧਾ ਦਿੱਤੀ, ਕੀ ਮੰਤਰੀ ਜੀ ਇਸ ਦੇ ਕਾਰਨ ਦੱਸਣਗੇ ?

ਮੰਤਰੀ : ਸਪੀਕਰ ਸਾਹਿਬ, ਕਾਰਣ ਤਾਂ ਉਨ੍ਹਾਂ ਨੇ ਆਪ ਦੱਸ ਦਿੱਤਾ ਹੈ। ਇਨ੍ਹਾਂ ਨੇ ਦੱਸਿਆ ਹੈ ਕਿ ਬੋਤਲਾਂ ਦੀ ਖਪਤ ਅੱਗੇ ਨਾਲੋਂ ਘੱਟ ਗਈ ਹੈ । ਇਸ ਲਈ ਆਮਦਨ ਵੀ ਘੱਟ ਗਈ ਹੈ। ਬੋਤਲ 1 ਕਰੋੜ ਲੱਗਣੀ ਚਾਹੀਦੀ ਸੀ ਪਰ ਇਸ ਦੇ ਮੁਕਾਬਲੇ ਕੇਵਲ 64 ਲਖ ਬੋਤਲ 1980-81 ਵਿਚ ਲੱਗੀ । ਅਸੀਂ ਇਹ ਸੋਚਿਆ ਹੈ ਕਿ ਅੱਗੇ ਤੋਂ ਆਮਦਨ ਨਾ ਘਟੇ ਇਸ ਲਈ ਐਲ-2 ਦੇ ਵੈਂਡਰ ਆਕਸ਼ਨ ਕੀਤੇ ਹਨ ਕਿਉਂਕਿ ਹਰਿਆਣੇ ਅਤੇ ਹਿਮਾਚਲ ਵਿਚ ਵੀ ਇਹ ਆਕਸ਼ਨ ਹੁੰਦੇ ਹਨ । ਇਸ ਦੇ ਨਾਲ ਸਾਨੂੰ ਉਮੀਦ ਹੈ ਕਿ ਆਮਦਨ ਵਧੇਗੀ ।

ਸਰਦਾਰ ਇਕਬਾਲ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਿਛਲੇ ਸਾਲਾਂ ਵਿਚ ਵੱਧਦੀ ਆਈ ਤਾਂ ਇਸ ਸਾਲ ਵਿਚ ਕਿਉਂ ਘੱਟ ਗਈ । ਸਰਕਾਰ ਨੇ ਸਾਰੀਆਂ ਚੀਜ਼ਾਂ ਦੇ ਰੇਟ ਵਧਾ ਦਿਤੇ ਹਨ । ਕੀ ਇਨ੍ਹਾਂ ਦੇ ਇਹ ਚੀਜ਼ ਇਲਮ ਵਿਚ ਹੈ ਕਿ ਜਿਹੜੇ ਗਵਾਂਢੀ ਸੂਬੇ ਹਨ ਉਥੋਂ ਦੀ ਸ਼ਰਾਬ ਅਤੇ ਪੰਜਾਬ ਦੀ ਸ਼ਰਾਬ ਦੀ ਕੀਮਤ ਵਿਚ ਬਹੁਤ ਫਰਕ ਸੀ । 15 ਤੋਂ ਲੈ ਕੇ 25 ਰੁਪਏ ਤੱਕ ਇਕ ਬੋਤਲ ਵਿਚ ਰੇਟ ਦਾ ਫਰਕ ਸੀ । ਇਸ ਸਾਲ ਜਿਹੜੀ ਪਾਲਿਸੀ ਸਰਕਾਰ ਨੇ ਬਣਾਈ ਹੈ, ਇਸ ਨਾਲ ਕੀਮਤ ਸ਼ਰਾਬ ਦੀ ਇਥੇ ਹੋਰ ਵੱਧ ਜਾਣੀ ਹੈ । ਇਸ ਕਾਰਣ ਸਾਥੀ ਸੂਬਿਆਂ ਤੋਂ, ਜਿਥੇ ਸ਼ਰਾਬ ਦੀ ਕੀਮਤ ਇਥੇ ਨਾਲੋਂ ਘਟ ਹੈ, ਸਮੱਗਲਿੰਗ ਹੋਰ ਵੱਧ ਜਾਣੀ ਹੈ, ਕੀ ਇਹ ਦੂਜੇ ਸੂਬਿਆਂ ਤੋਂ ਸ਼ਰਾਬ ਦੀ ਸਮੱਗਲਿੰਗ ਰੋਕ ਸਕਣਗੇ ?

ਮੰਤਰੀ : ਸਪੀਕਰ ਸਾਹਿਬ, ਐਕਸਾਈਜ਼ ਪਾਲਿਸੀ ਇਸ ਕਰਕੇ ਸਟੇਟ ਦੀ ਬਣਾਈ ਜਾਂਦੀ ਹੈ ਤਾਂ ਕਿ ਸ਼ਟੇਟ ਦਾ ਰੈਵੇਨਿਊ ਅੱਗੇ ਨਾਲੋਂ ਜ਼ਿਆਦਾ ਹੋਵੇ । ਇਹ ਮਹਿਸੂਸ ਕਰਦੇ ਹੋਏ ਕਿ ਪਿਛਲੀ ਪਾਲਿਸੀ ਆਕਸ਼ਨ ਦੀ ਨਹੀਂ ਸੀ ਅਤੇ ਉਸ ਦੇ ਨਾਲ ਸਟੇਟ ਦੀ ਇਨਕਮ ਜਿਤਨੀ ਇਸ ਤੋਂ

Original with;
Punjab Vidhan Sabha
Digitized by;
Panjab Digital Library

ਐਂਟੀਸੀਪੇਟਿਡ ਸੀ, ਉਤਨੀ ਨਹੀਂ ਹੋਈ, ਇਸ ਕਰਕੇ ਉਸ ਪਾਲਿਸੀ ਨੂੰ ਬਦਲ ਦਿੱਤਾ ਹੈ। ਜਿਥੋਂ ਤੱਕ ਦੂਸਰੇ ਸੂਬਿਆਂ ਵਿਚੋਂ ਸ਼ਰਾਬ ਆਉਣ ਜਾਣ ਦਾ ਸਵਾਲ ਹੈ, ਸਾਰੇ ਕੰਟਰੀ ਵਿਚ ਫਾਰਨ ਮੇਡ ਲਿਕਰ ਤੇ ਕੋਈ ਪਾਬੰਦੀ ਨਹੀਂ ਹੈ। ਲੇਕਿਨ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸ਼ਰਾਬ ਜਿਹੜੀ ਪੰਜਾਬ ਵਿਚ ਵਿਕੇਗੀ ਉਸ ਦੇ ਨਾਲ ਰੈਵੇਨਿਊ ਜ਼ਿਆਦਾ ਆਵੇਗਾ। ਇਥੇ ਮਿਲਾਵਟ ਕਰਕੇ ਜਾਂ ਦੂਜਿਆਂ ਸੂਬਿਆਂ ਤੋਂ ਸਮੱਗਲ ਕਰਕੇ ਜਿਹੜਾ ਸ਼ਰਾਬ ਵੇਚੇਗਾ, ਉਸ ਦੇ ਖਿਲਾਫ ਪੰਜਾਬ ਸਰਕਾਰ ਸਖਤ ਐਕਸ਼ਨ ਲਵੇਗੀ ਅਤੇ ਇਸ ਤਰ੍ਹਾਂ ਦੀ ਚੀਜ਼ ਹੋਣ ਤੋਂ ਰੋਕੇਗੀ।

ਸਰਦਾਰ ਬਸੰਤ ਸਿੰਘ : ਸਪੀਕਰ ਸਾਹਿਬ, ਇਹ ਜਿਹੜੀ ਨਵੀਂ ਪਾਲਿਸੀ ਬਣੀ ਹੈ ਇਸ ਦੇ ਮੁਤਾਬਿਕ ਠੇਕੇਦਾਰਾਂ ਨੇ ਸ਼ਰਾਬ ਦੀ ਕੀਮਤ ਆਪ ਫਿਕਸ ਕਰਨੀ ਹੈ। ਇਸ ਕਾਰਨ ਲੋਕਾਂ ਨੂੰ ਬਹੁਤ ਮਹਿੰਗੀ ਸ਼ਰਾਬ ਮਿਲੇਗੀ। ਮੈਂ ਵਜ਼ੀਰ ਸਾਹਿਬ ਨੂੰ ਆਪ ਜੀ ਦੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਸਸਤੀ ਸ਼ਰਾਬ ਮਿਲ ਸਕੇ, ਕੀ ਇਸ ਲਈ ਸਰਕਾਰ ਸਟੈਪਸ ਲਵੇਗੀ ?

ਮੰਤਰੀ : ਇਹ ਸ਼ਰਾਬ ਦੀ ਹਰ ਬੋਤਲ ਤੇ ਲਿਖਿਆ ਹੁੰਦਾ ਹੈ ਕਿ ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ। ਸਪੀਕਰ ਸਾਹਿਬ, ਇਹ ਅਸੈਂਸ਼ੀਅਲ ਕਮਾਡਿਟੀ ਨਹੀਂ ਹੈ ਤਾਂ ਕਿ ਇਹ ਸਸਤੇ ਭਾਅ ਤੇ ਸਪਲਾਈ ਕੀਤੀ ਜਾਵੇ। ਜਿਸ ਦੀ ਜੇਬ ਵਿਚ ਪੈਸੇ ਹੋਣਗੇ, ਉਸ ਨੇ ਹੀ ਸ਼ਰਾਬ ਪੀਣੀ ਹੈ। ਇਸ ਕਾਰਣ ਇਸ ਦੀ ਕੀਮਤ ਫਿਕਸ ਕਰਨ ਦਾ ਪੰਜਾਬ ਸਰਕਾਰ ਕੋਈ ਇਰਾਦਾ ਨਹੀਂ ਰੱਖਦੀ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ 1970-71 ਤੋਂ ਲਗਾਤਾਰ ਹਰ ਸਾਲ ਸ਼ਰਾਬ ਤੋਂ ਆਮਦਨ ਸਟੇਟ ਨੂੰ ਜ਼ਿਆਦਾ ਹੁੰਦੀ ਰਹੀ ਹੈ। 1980-81 ਵਿਚ ਡੇਢ, ਦੋ ਕਰੋੜ ਘੱਟ ਆਮਦਨ ਹੋਈ। ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਵਿਚ ਸ਼ਰਾਬ ਦੀ ਕਨਜ਼ੰਪਸ਼ਨ ਅੱਗੇ ਨਾਲੋਂ ਵਧੀ ਹੈ। ਇਹ ਜਿਹੜਾ ਡੇਢ ਦੋ ਕਰੋੜ ਦਾ ਰੈਵੇਨਿਊ ਦਾ ਘਾਟਾ ਪਿਆ ਹੈ, ਕੀ ਇਸ ਦੇ ਕਾਰਣ ਜਾਣਨ ਵਾਸਤੇ ਪੜਤਾਲ ਕਰਾਉਣ ਨੂੰ ਤਿਆਰ ਹਨ ? ਇਸ ਤਰ੍ਹਾਂ ਤਾਂ ਨਹੀਂ ਹੋਇਆ ਕਿ ਟੈਕਸ ਦੀ ਏਵੇਜ਼ਨ ਕਰਨ ਲਈ ਬਾਹਰੋਂ ਸ਼ਰਾਬ ਲਿਆ ਕੇ ਇਥੇ ਵੇਚੀ ਗਈ ਹੋਵੇ, ਕੀ ਇਸ ਦੀ ਪੜਤਾਲ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਐਕਸਾਈਜ਼ ਡਿਪਾਰਟਮੈਂਟ ਬੜਾ ਵਿਜ਼ੀਲੈਂਟ ਹੈ। ਇਹ ਵਿਭਾਗ ਸ਼ਰਾਬ ਦੇ ਠੇਕੇਦਾਰਾਂ ਤੇ ਪੂਰੀ ਨਜ਼ਰ ਰੱਖ ਰਿਹਾ ਹੈ ਅਤੇ ਇਨ੍ਹਾਂ ਨੇ ਕਾਫੀ ਚਲਾਨ ਕੀਤੇ ਹਨ ਅਤੇ ਲੱਖਾਂ ਰੁਪਏ ਜੁਰਮਾਨਾ ਕਰਕੇ ਇਕੱਠੇ ਕੀਤੇ ਹਨ ਅਤੇ ਅੱਗੇ ਵਾਸਤੇ ਇਸ ਤਰ੍ਹਾਂ ਦੀ ਗੱਲ ਨਹੀਂ ਹੋਣ ਦਿਆਂਗੇ। ਇਸ ਦੇ ਵਿਚ ਡਿਪਰੈਸ਼ਨ ਦਾ ਇਕ ਕਾਰਣ ਇਹ ਵੀ ਸੀ ਕਿ 60 ਡਿਗਰੀ ਤਕ ਕੰਟਰੀ ਲਿਕਰ ਵਾਲਿਆਂ ਨੂੰ ਅੰਗਰੇਜ਼ੀ ਸ਼ਰਾਬ ਵੇਚਣ ਦੀ ਇਜਾਜ਼ਤ ਸੀ। ਇਸ ਡਿਪਰੈਸ਼ਨ ਨੂੰ ਚੈਕ ਕਰਨ ਲਈ ਵੈਂਡਜ਼ ਆਕਸ਼ਨ ਕੀਤੇ ਗਏ ਹਨ। ਵੈਂਡਜ਼ ਆਕਸ਼ਨ ਪਹਿਲਾਂ ਨਹੀਂ ਸਨ ਹੁੰਦੇ ਇਸ ਲਈ ਉਹ ਸੇਲ ਘੱਟ ਸ਼ੋਅ ਕਰ ਸਕਦੇ ਸਨ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਹ ਨਵੀਂ ਪਾਲਿਸੀ ਜਿਹੜੀ ਸਰਕਾਰ ਨੇ ਬਣਾਈ ਹੈ, ਇਸ ਦੇ ਨਾਲ ਸਟੇਟ ਦਾ ਰੈਵੇਨਿਊ ਵਧੇਗਾ। ਜਲੰਧਰ ਵਿਚ ਪਿਛਲੇ ਸਾਲ ਤਿੰਨ ਕਰੋੜ ਦਾ ਠੇਕਾ ਸੀ, ਪਰ ਇਸ ਸਾਲ ਆਕਸ਼ਨ ਤੇ 8, 9 ਕਰੋੜ ਰੁਪਏ ਤੇ ਗਿਆ ਹੈ। ਇਹ ਮਲਾਪਲੀ ਲੋਕਾਂ ਨੇ ਪਰਚੇਜ਼ ਕਰ ਲਏ ਹਨ। ਕੀ ਸਰਕਾਰ ਇਹ ਪ੍ਰਬੰਧ ਕਰੇਗੀ ਕਿ ਜਿਨ੍ਹਾਂ ਨੂੰ ਠੇਕੇ ਦਿਤੇ ਹਨ, ਉਹ ਸਾਲ ਦੇ ਦੌਰਾਨ ਛੱਡ ਕੇ ਨਾ ਚਲੇ ਜਾਣ, ਕੀ ਇਸ ਦੀ ਗਰੰਟੀ ਲਈ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਜਿਥੋਂ ਤੱਕ ਮਨਾਪਲੀ ਦਾ ਸਵਾਲ ਹੈ, ਪੰਜਾਬ ਸਰਕਾਰ ਨੇ ਵਲਾਇਤੀ ਸ਼ਰਾਬ ਦੇ ਜਿਹੜੇ 10 ਸਾਲਾਂ ਦੇ ਠੇਕੇਦਾਰ ਸਨ, ਉਨ੍ਹਾਂ ਦੀ ਮਨਾਪਲੀ ਤੋੜ ਕੇ ਸਟੇਟ ਦਾ ਰੈਵੇਨਿਊ ਵਧਾਇਆ ਹੈ । ਜਿਥੋਂ ਤੱਕ ਰੈਵੇਨਿਊ ਆਉਣ ਦੇ ਗਰੰਟੀ ਦਾ ਸਵਾਲ ਹੈ ਜਿਸ ਵੇਲੇ ਬੋਲੀ ਹੱਦ ਜੋ ਫਿਕਸ ਕੀਤੀ ਹੋਈ ਹੈ ਉਸ ਤੋਂ ਟੱਪ ਜਾਵੇ ਤਾਂ ਕੈਸ਼ ਪੇਮੈਂਟ ਲੈਣੀ ਸ਼ੁਰੂ ਕਰ ਦਿੰਦੇ ਹਨ । ਇਸ ਨਵੀਂ ਪਾਲਿਸੀ ਦੇ ਮੁਤਾਬਿਕ ਰੈਵੇਨਿਊ ਬਿਲਕੁਲ ਸਿਕਊਰ ਹੈ, ਕੋਈ ਐਸੀ ਗੱਲ ਨਹੀਂ ਹੋਵੇਗੀ ਜਿਸ ਨਾਲ ਪੰਜਾਬ ਸਰਕਾਰ ਦਾ ਰੈਵੇਨਿਊ ਮਾਰਿਆ ਜਾਵੇ ਜਾਂ ਘੱਟ ਹੋ ਜਾਵੇ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਸਾਰੇ ਮੈਂਬਰ ਇਸ ਗੱਲ ਤੇ ਐਜੀਟੇਟਿਡ ਹਨ ਕਿ ਘਾਟਾ ਸਟੇਟ ਦੇ ਰੈਵੇਨਿਊ ਨੂੰ ਕਿਉਂ ਪਿਆ ਹੈ । ਕੀ ਇਸ ਦਾ ਕਾਰਣ ਇਹ ਤਾਂ ਨਹੀਂ ਕਿ ਦੂਜੇ ਸੂਬਿਆਂ ਤੋਂ ਸ਼ਰਾਬ ਲੈ ਕੇ ਠੇਕੇਦਾਰ ਵੇਚਦੇ ਹਨ, ਉਸ ਤੇ ਟੈਕਸ ਨਹੀਂ ਦਿਦੇ ? ਪਿਛਲੇ ਰਾਜ ਵੇਲੇ ਵੀ ਇਸ ਗੱਲ ਦੀ ਬੜੀ ਚਰਚਾ ਹੋਈ ਸੀ ਕਿ ਉਸ ਵੇਲੇ ਦੀ ਸਰਕਾਰ ਨੇ ਇਹ ਮੰਨਿਆ ਸੀ ਕਿ ਅਸੀਂ ਉਦੋਂ ਸ਼ਰਾਬ ਸਪਲਾਈ ਕਰਾਂਗੇ ਜਿਸ ਵੇਲੇ ਪਹਿਲਾਂ ਵੇਚੀ ਗਈ ਸ਼ਰਾਬ ਦੀ ਠੇਕੇਦਾਰ ਰਸੀਦ ਦੇ ਦੇਣਗੇ । ਕੀ ਇਸ ਚੀਜ਼ ਨੂੰ ਲਾਗੂ ਕਰਨਗੇ ਤਾਂ ਕਿ ਓਕਟਰਾਇ ਦਾ ਘਾਟਾ ਮਿਊਂਸਪੈਲਟੀ ਨੂੰ ਨਾ ਪਵੇ । ਨੰਬਰ ਦੋ ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਹਿਲਾਂ ਇਨ੍ਹਾਂ ਨੇ ਬੋਤਲ ਤੇ ਲਿਖਿਆ ਹੁੰਦਾ ਸੀ ਕਿ ਬਹੁਤੀ ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ । ਹੁਣ ਲਿਖਿਆ ਹੁੰਦਾ ਹੈ ਕਿ ਸ਼ਰਾਬ ਪੀਣੀ ਹੀ ਸਿਹਤ ਲਈ ਹਾਨੀਕਾਰਕ ਹੈ । ਜੇ ਇਹ ਸਿਹਤ ਲਈ ਹਾਨੀਕਾਰਕ ਹੈ ਤਾਂ ਸਰਕਾਰ ਠੇਕੇ ਕਿਉਂ ਦਿੰਦੀ ਹੈ । ਇਹ ਕੰਟਰਾਡਿਕਸ਼ਨ ਕਿਉਂ ਹੈ ?

ਮੰਤਰੀ : ਸ਼ਰਾਬ ਪੀਣੀ ਹਾਨੀਕਾਰਕ ਹੈ। ਇਹ ਬਿਲਕੁਲ ਸਿਧਾਂਤ ਦੀ ਗੱਲ ਹੈ । ਦੁਨੀਆਂ ਵਿਚ ਕਈ ਹਾਨੀਕਾਰਕ ਚੀਜ਼ਾਂ ਲੋਕ ਇਸਤੇਮਾਲ ਕਰਦੇ ਹਨ । ਅਸੀਂ ਸਰਕਾਰ ਵੱਲੋਂ ਖਬਰਦਾਰ ਲੋਕਾਂ ਨੂੰ ਕਰਦੇ ਹਾਂ ਕਿ ਇਹ ਹਾਨੀਕਾਰਕ ਹੈ । ਪਰੋਹਿਬਸ਼ਨ ਦੀ ਪਾਲਿਸੀ ਪਿਛਲੀ ਸਰਕਾਰ ਨੇ ਸ਼ੁਰੂ ਕੀਤੀ ਸੀ, ਟੋਟਲ ਨਹੀਂ ਕੀਤੀ ਸੀ । ਜਿਹੜੇ ਜਿਹੜੇ ਸੂਬਿਆਂ ਨੇ ਇਹ ਕੀਤੀ ਸੀ ਉਥੇ ਲੋਕਾਂ ਨੇ ਨਜਾਇਜ਼ ਸ਼ਰਾਬ ਵੇਚੀ ਅਤੇ ਲੋਕ ਹੂਚ ਨਾਲ ਮਰੇ । ਇਸ ਕਾਰਣ ਸ਼ਰਾਬ ਪੀਣੀ ਮੁਕੰਮਲ ਤੌਰ ਤੇ ਬੰਦ ਨਹੀਂ ਕੀਤੀ ਜਾ ਸਕਦੀ । ਲੇਕਿਨ ਬੋਤਲ ਉਤੇ ਜ਼ਰੂਰ ਲਿਖ ਦਿੰਦੇ ਹਾਂ ਕਿ ਇਹ ਸਿਹਤ ਵਾਸਤੇ ਹਾਨੀਕਾਰਕ ਹੈ, ਜਿਸ ਤਰ੍ਹਾਂ ਸਿਗਰਟ ਸਿਹਤ ਵਾਸਤੇ ਹਾਨੀਕਾਰਕ ਹੈ । ਜਿਥੋਂ ਤੱਕ ਓਕਟਰਾਇ ਦੇ ਬਾਰੇ ਸਵਾਲ ਕੀਤਾ ਹੈ ਕਿ ਪਿਛੇ ਇਨਸਟਰੱਕਸ਼ਨਜ਼ ਦਿੱਤੀਆਂ ਸਨ ਕਿ ਸ਼ਰਾਬ ਦਾ ਪਰਮਿਟ ਇਸ਼ੂ ਕਰੋ ਤਾਂ ਕਿ ਓਕਟਰਾਇ ਦੀ ਇਵੇਜ਼ਨ ਨਾ ਹੋਵੇ । ਪੰਜਾਬ ਸਰਕਾਰ ਨੇ ਨਵੀਂ ਪਾਲਿਸੀ ਦੇ ਮੁਤਾਬਿਕ ਇਹ ਕੀਤਾ ਹੈ ਕਿ ਮਿਊਂਸਪੈਲਟੀਆਂ ਨੂੰ ਓਕਟਰਾਇ ਪੂਰਾ ਆਵੇ, ਇਸ ਕਾਰਣ ਇਸ ਨੂੰ ਐਕਸਾਈਜ਼ ਡਿਊਟੀ ਨਾਲ ਮਰਜ ਕਰ ਦਿੱਤਾ ਹੈ । ਜੇ ਇਸ ਵੇਲੇ ਦੋ ਕਰੋੜ ਰੁਪਏ ਦੇ ਲਗ ਭਗ ਓਕਟਰਾਇ ਮਿਊਂਸਪੈਲਟੀਆਂ ਨੂੰ ਆਉਂਦਾ ਹੈ ਤਾਂ ਇਸ ਨਾਲੋਂ ਜ਼ਿਆਦਾ ਰੁਪਿਆ ਅਸੀਂ ਮਿਊਂਸਪੈਲਟੀਆਂ ਨੂੰ ਦਿਆਂਗੇ । ਜਿਹੜੀ ਪਹਿਲਾਂ ਓਕਟਰਾਇ ਦੀ ਚੋਰੀ ਕਰਨ ਦੀ ਆਦਤ ਹੈ ਉਸ ਨੂੰ ਰੋਕਣ ਲਈ ਇਹ ਕੀਤਾ ਹੈ ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਪਿਛਲੀ ਵਾਰੀ ਸ਼ਰਾਬ ਦੀ ਬੋਤਲ ਦਾ ਰੇਟ 21 ਰੁਪਏ ਸੀ ਪਰ ਇਹ 28 ਰੁਪਏ ਵਿਕਦੀ ਰਹੀ ਹੈ । ਇਸ ਵਾਰੀ ਰੈਵੇਨਿਊ ਗੌਰਮਿੰਟ ਨੂੰ ਵੱਧ ਆਉਣਾ ਹੈ । ਲੋਕਾਂ ਨੂੰ ਸ਼ਰਾਬ ਸਸਤੀ ਮਿਲੇ, ਕੀ ਇਸ ਲਈ ਸਰਕਾਰ ਨੇ ਕੋਈ ਕੀਮਤ ਨਿਯਤ ਕੀਤੀ ਹੈ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਾਂਗਰਸ ਵਾਲੇ ਸੁਫੀ ਹਨ, ਇਸ ਕਾਰਣ ਉਨ੍ਹਾਂ ਨੂੰ ਤੁਸੀਂ ਸਵਾਲ ਕਰਨ ਲਈ ਟਾਈਮ ਨਹੀਂ ਦਿੰਦੇ ਅਤੇ ਸਾਹਮਣੇ ਵਾਲੇ ਸਾਥੀਆਂ ਨੂੰ ਟਾਈਮ ਦੇ ਦਿੰਦੇ ਹੋ।

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਸ਼ਰਾਬ ਦੇ ਸਵਾਲ ਵਿਚ ਬੜੀ ਦਿਲਚਸਪੀ ਵਿਖਾਈ ਹੈ । ਸ਼ਾਇਦ ਇਸ ਦਾ ਨਾਂ ਲੈਣ ਨਾਲ ਹੀ ਦਿਲਚਸਪੀ ਪੈਦਾ ਹੋ ਜਾਂਦੀ ਹੈ । ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਸ਼ਰਾਬ ਅਸੈਂਸ਼ੀਅਲ ਕਮਾਡਿਟੀ ਨਹੀਂ ਹੈ ਕਿ ਇਹ ਸਸਤੇ ਤੋਂ ਸਸਤੇ ਰੇਟ ਤੇ ਵਿਕਵਾਈ ਜਾਵੇ । ਲੇਕਿਨ ਅਸੀਂ ਇਸ ਗੱਲ ਦੇ ਜ਼ਰੂਰ ਪਾਬੰਦ ਹਾਂ ਕਿ ਇਥੇ ਕੋਈ ਹੂਚ ਦੀ ਟਰੈਜਡੀ ਨਾ ਹੋਵੇ ਅਤੇ ਸ਼ਰਾਬ ਵਿਚ ਕੋਈ ਮਿਲਾਵਟ ਨਾ ਹੋਵੇ । ਫਾਰਨ ਮੇਡ ਕੰਟਰੀ ਲਿਕਰ ਵਾਸਤੇ ਅਸੀਂ ਘੱਟ ਤੋਂ ਘੱਟ ਕੀਮਤ 35 ਰੁਪਏ ਰੱਖ ਦਿੱਤੀ ਹੈ । ਦੇਸੀ ਸ਼ਰਾਬ ਦੀ ਆਮ ਕੀਮਤ 21 ਰੁਪਏ ਤੋਂ ਜ਼ਿਆਦਾ ਹੁੰਦੀ ਹੈ । ਮੈਂ ਸਮਝਦਾ ਹਾਂ ਕਿ 21, 22 ਜਾਂ 23 ਰੁਪਏ ਹੋਵੇਗੀ । ਅਸੀਂ ਕੰਟਰੋਲ ਕੋਈ ਕੀਮਤ ਤੇ ਨਹੀਂ ਰੱਖਿਆ । ਇਹ ਜ਼ਰੂਰ ਧਿਆਨ ਰੱਖਾਂਗੇ ਕਿ ਕੋਈ ਨਜਾਇਜ਼ ਫਾਇਦਾ ਨਾ ਉਠਾਵੇ ਅਤੇ ਕੋਈ ਮਿਲਾਵਟ ਵਾਲੀ ਸ਼ਰਾਬ ਨਾ ਵੇਚੇ ।

NON-PAYMENT OF MARKET FEE BY TRADERS

***1404. Comrade Buta Singh** (Put by Comrade Saghar Singh): Will the Minister for Agriculture and Irrigation be pleased to state whether it is a fact that certain amount is outstanding against a number of traders on account of Market Fee in district Bhatinda; if so, the total amount involved together with the action taken/proposed to be taken to recover the same?

ਚੌਧਰੀ ਕਾਂਸ਼ੀ ਰਾਮ : ਹਾਂ, ਜੀ। 20,82,072.05 ਰੁਪਏ।

ਪੰਜਾਬ ਖੇਤੀਬਾੜੀ ਉਪਜ ਮੰਡੀਕਰਣ ਐਕਟ, 1961 ਦੀਆਂ ਧਾਰਾਵਾਂ ਅਧੀਨ ਵਸੂਲੀ ਵਾਸਤੇ ਕਾਰਵਾਈ ਕੀਤੀ ਜਾ ਰਹੀ ਹੈ।

ਕਾਮਰੇਡ ਸ਼ੱਖੜ ਸਿੰਘ : ਸਪੀਕਰ ਸਾਹਿਬ, ਜਿਹੜੀ ਮੰਤਰੀ ਸਾਹਿਬ ਨੇ ਇਹ ਰਕਮ ਕੋਈ 20 ਲੱਖ 82 ਹਜ਼ਾਰ ਦੀ ਦੱਸੀ ਹੈ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਤਨੇ ਚਿਰ ਦੀ ਖੜੀ ਹੈ ? ਕੀ ਇਸ ਰਕਮ ਨੂੰ ਇੰਟਰੈਸਟ ਸਮੇਤ ਵਸੂਲ ਕਰਨਗੇ ? ਇਹ ਵੀ ਦੱਸਣ ਕਿ ਵਸੂਲੀ ਕਦੋਂ ਤੱਕ ਕਰ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਹ ਰਕਮ ਮੰਡੀਕਰਣ ਐਕਟ ਦੇ ਅਧੀਨ ਵਸੂਲ ਕਰਾਂਗੇ । ਫਿਰ ਇਨ੍ਹਾਂ ਨੇ ਪੁੱਛਿਆ ਹੈ ਕਿ ਇਹ ਰਕਮ ਕਦੋਂ ਦੀ ਹੈ, ਸਾਹਿਬ, ਜਦੋਂ ਸੰਨ 1974 ਵਿਚ ਮਾਰਕਿਟ ਫੀਸ ਡੇਢ ਪਰਸੈਂਟ ਤੋਂ ਦੋ ਪਰਸੈਂਟ ਕੀਤੀ ਗਈ ਸੀ, ਉਸ ਵੇਲੇ ਦੀ ਰਕਮ ਹੈ.. .. ..

ਮਾਸਟਰ ਬਾਬੂ ਸਿੰਘ : ਉਸ ਵੇਲੇ ਵੀ ਤਾਂ ਤੁਹਾਡੀ ਹੀ ਸਰਕਾਰ ਸੀ।

ਮੰਤਰੀ : ਸਪੀਕਰ ਸਾਹਿਬ, ਮਾਸਟਰ ਜੀ ਤਜਰਬੇ ਨਾਲ ਬੜੇ ਸਿਆਣੇ ਹੋ ਗਏ ਹਨ, ਉਹ ਸਵਾਲ ਪੁੱਛਣ ਵਾਸਤੇ ਹੀ ਪੁੱਛ ਲੈਂਦੇ ਹਨ । ਤੋ ਸਾਹਿਬ, ਲੋਕ ਲਿਟੀਗੇਸ਼ਨ ਵਿਚ ਚਲੇ ਗਏ, ਅਦਾਲਤ ਵਿਚ ਚਲੇ ਗਏ ਕਿ ਸਾਡੇ ਪਾਸੋਂ ਇਹ ਵਸੂਲੀ ਨਹੀਂ ਹੋਣੀ ਚਾਹੀਦੀ । ਇਸ ਤਰ੍ਹਾਂ 15 ਲੱਖ ਰੁਪਏ ਇਹ ਹਨ । ਪੰਜ ਲੱਖ ਰੁਪਏ ਉਹ ਹਨ ਜਿਹੜੀ ਕਿ ਗੁੜ ਅੰਰ ਸ਼ੱਕਰ ਉਤੇ ਮਾਰਕੀਟ ਫੀਸ ਬਣਦੀ ਸੀ । ਉਸ ਵਾਸਤੇ ਵੀ ਵਪਾਰੀ ਲਿਟੀਗੇਸ਼ਨ ਵਿਚ ਚਲੇ ਗਏ ਅੰਰ ਕੇਸ ਬਹੁਤ ਚਿਰ ਲਟਕਦਾ ਰਿਹਾ । ਇਸ ਤਰ੍ਹਾਂ ਨਾਲ ਪੈਸੇ ਵਧਦੇ ਗਏ ਅੰਰ ਇਹ 20 ਲੱਖ ਰੁਪਿਆ ਹੋ ਗਿਆ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ ਇਸ ਪੈਸੇ ਦੀ ਵਸੂਲੀ ਅਜੇ ਕਰਨੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਲੋਕਾਂ ਕੋਲ ਜਿਨ੍ਹਾਂ ਤੋਂ ਇਹ ਰੀਕਵਰੀ ਕਰਨੀ ਹੈ ਉਨ੍ਹਾਂ ਪਾਸ ਸਟੇਅ ਆਰਡਰ ਹੈ । ਜੇਕਰ ਉਨ੍ਹਾਂ ਪਾਸ ਕੋਰਟ ਦਾ ਸਟੇਅ ਆਰਡਰ ਨਹੀਂ ਹੈ ਤਾਂ ਫਿਰ ਨਾ ਵਸੂਲੀ ਕਰਨ ਦੇ ਮੰਤਰੀ ਜੀ ਕਾਰਨ ਦੱਸਣ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਤਾਂ ਕਾਮਰੇਡ ਜੀ ਦੇ ਇਸ ਸਵਾਲ ਦਾ ਸਬੰਧ ਹੈ ਕਿ ਕੀ ਉਨ੍ਹਾਂ ਪਾਸ ਸਟੇਅ ਹੈ, ਸਪੀਕਰ ਸਾਹਿਬ, ਇਹ ਕੇਸ ਪ੍ਰਾਸੈਸ ਵਿਚ ਰਿਹਾ, ਕਈ ਦਫਾ ਸਟੇਅ ਮਿਲਿਆ ਔਰ ਕਈ ਦਫਾ ਵੇਕੇਟ ਹੋ ਗਿਆ । ਖਾਸ ਤੌਰ ਤੇ ਸੰਗਤ ਮੰਡੀ ਦੇ ਲਾਈਸੈਂਸੀਜ਼ ਦਾ ਕੇਸ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ । ਇਹ ਉਨ੍ਹਾਂ ਲੋਕਾਂ ਦਾ ਹੈ ਜਿਹੜੇ ਕਿ ਸਰਕਾਰ ਨੂੰ ਫੀਸ ਦਿੰਦੇ ਹਨ, ਸਰਕਾਰ ਦੇ ਰੈਵੇਨਿਊ ਨੂੰ ਵਧਾਉਂਦੇ ਹਨ, ਸਵਾਲ ਤਾਂ ਪਿਛਲੀ ਰਕਮ ਦੀ ਵਸੂਲੀ ਕਰਨ ਦਾ ਹੈ, ਉਸ ਦੇ ਬਾਰੇ ਮੈਂ ਦੱਸਿਆ ਹੈ ਕਿ ਕੇਸ ਲਿਟੀਗੇਸ਼ਨ ਵਿਚ ਪਏ ਹੋਏ ਹਨ । ਬਾਕੀ ਸਪੀਕਰ ਸਾਹਿਬ, ਇਹ ਕੋਈ ਐਸੀ ਗੱਲ ਨਹੀਂ ਹੈ ਕਿ ਲਾਲਾ ਜੀ ਦੀ ਹੱਟੀ ਤੋਂ ਪੈਸੇ ਰੀਕਵਰ ਕਰਨ ਦੀ ਖਾਤਰ ਵੱਟੇ ਚੁੱਕ ਲਈਏ, ਤੱਕੜੀ ਚੁੱਕ ਲਈਏ ਇਹ ਗੱਲ ਨਹੀਂ ਹੈ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਸੀ ਕਿ ਕੀ ਉਨ੍ਹਾਂ ਲੋਕਾਂ ਕੋਲ ਸਟੇਅ ਆਰਡਰ ਹੈ, ਜੇਕਰ ਨਹੀਂ ਹੈ ਤਾਂ ਉਗਰਾਹੀ ਕਿਉਂ ਨਹੀਂ ਕੀਤੀ ਜਾਂਦੀ ?

Minister: The dealers of Sangat Mandi have filed suit against recovery being effected, in the Supreme Court. This recovery can be possible only after the decision of the Supreme Court.

ਇਹ ਹੀ ਗੱਲ ਮੈਂ ਤੁਹਾਨੂੰ ਪਹਿਲਾਂ ਦੱਸੀ ਹੈ ਪਰ, ਸਪੀਕਰ ਸਾਹਿਬ, ਇਹ ਮੇਰੇ ਦੋਸਤ ਪਤਾ ਨਹੀਂ ਹੈ ਕਿ ਭੁਲ ਕਿਉਂ ਜਾਂਦੇ ਹਨ । ਜਨਰਲੀ, ਜਦੋਂ ਇਕ ਕੇਸ ਕੋਰਟ ਵਿਚ ਚਲਾ ਜਾਂਦਾ ਹੈ ਤਾਂ ਰੀਜ਼ੰਬਲਿੰਗ ਹਜਾਰਾਂ ਕੇਸਿਜ਼ ਹੋਣ ਉਹ ਵੀ ਸਾਰੇ ਇਕੋ ਜਿਹੇ ਹੀ ਸਮਝੇ ਜਾਂਦੇ ਹਨ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਕਾਇਆ ਜੋ ਰੁਪਿਆ ਹੈ ਇਸ ਨੂੰ ਵਸੂਲ ਕੇ, ਜਿਹੜੀਆਂ ਸੜਕਾਂ ਟੁਟੀਆਂ ਭੱਜੀਆਂ ਹਨ, ਮਾਰਕਿਟ ਕਮੇਟੀ ਦੀਆਂ ਹਨ, ਉਨ੍ਹਾਂ ਨੂੰ ਠੀਕ ਕਰਨ ਲਈ ਇਹ ਪੈਸਾ ਲਗਾਉਣਗੇ ?

ਸ਼੍ਰੀ ਸਪੀਕਰ : ਇਹ ਸਵਾਲ ਨਾਲ ਰੈਲੇਵੈਂਟ ਨਹੀਂ ਹੈ ।

ਮੰਤਰੀ : ਸਪੀਕਰ ਸਾਹਿਬ, ਕਾਨੂੰਨ ਦੇ ਥੱਲੇ ਹੀ ਸਰਕਾਰ ਕੋਈ ਕੰਮ ਕਰ ਸਕਦੀ ਹੈ, ਜੇਕਰ ਸੁਪਰੀਮ ਕੋਰਟ ਨੇ ਪੈਸਾ ਖਰਚਣ ਤੋਂ ਹੀ ਰੋਕਿਆ ਹੋਇਆ ਹੈ ਤਾਂ ਸਪੀਕਰ ਸਾਹਿਬ, ਅਸੀਂ ਸੁਪਰੀਮ ਕੋਰਟ ਦੇ ਆਰਡਰਾਂ ਦੀ ਵਾਇਓਲੇਸ਼ਨ ਨਹੀਂ ਕਰਾਂਗੇ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਸੰਗਤ ਮੰਡੀ ਦੇ ਕੇਸ ਕੋਰਟ ਵਿਚ ਚਲੇ ਗਏ ਔਰ ਉਨ੍ਹਾਂ ਕੇਸਾਂ ਵਿਚ ਰੀਕਵਰੀ ਰੁਕ ਗਈ । ਕੀ ਅਸੀਂ ਇਹ ਪਰਜ਼ਿਊਮ ਕਰ ਲੈਂਦੇ ਹਾਂ ਕਿ ਸਾਰੇ ਕੇਸਾਂ ਵਿਚ ਹੀ ਰੀਕਵਰੀ ਰੋਕ ਦਿਤੀ ਗਈ ਹੈ ? ਇਸ ਤੋਂ ਤਾਂ ਇਹ ਮਾਲੂਮ ਹੁੰਦਾ ਹੈ ਕਿ ਉਹ ਲੋਕ ਚੌਧਰੀ ਸਾਹਿਬ ਨੂੰ ਮਿਲੇ ਹੋਏ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਕੇਸਾਂ ਵਿਚ ਸਟੇਅ ਵਗੈਰਾ ਨਹੀਂ ਮਿਲਿਆ ਹੋਇਆ ਪਬਲਿਕ ਇਨਟਰੈਸਟ ਨੂੰ ਮਦੇਨਜ਼ਰ ਰੱਖਦੇ ਹੋਏ ਉਨ੍ਹਾਂ ਕੇਸਾਂ ਵਿਚ ਛੇਤੀ ਹੀ ਰੀਕਵਰੀ ਕਰਕੇ ਉਹ ਪੈਸਾ ਪਬਲਿਕ ਸੇਵਾ ਵਿਚ ਲਗਾਉਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮਾਸਟਰ ਜੀ ਨੇ ਇਕ ਤਾਂ ਮੇਰੇ ਬਾਰੇ ਪਰਸਨਲ ਜਿਹੀ ਗੱਲ ਕਹਿ ਦਿੱਤੀ ਹੈ ਕਿ ਉਹਨਾਂ ਲੋਕਾਂ ਨਾਲ ਮੈਂ ਮਿਲਿਆ ਹੋਇਆ ਹਾਂ । ਸਪੀਕਰ ਸਾਹਿਬ, ਤੁਸੀਂ ਮੇਰੇ ਬਿਹਾਫ ਤੇ ਬਾਬੂ ਸਿੰਘ ਜੀ ਨੂੰ ਦੱਸ ਦਿਓ ਕਿ ਬਠਿੰਡੇ ਦੇ ਕਿਸੇ ਬੰਦੇ ਨਾਲ ਅਗਰ ਮੈਂ ਬਾਤ ਕਰਾਂਗਾ ਤਾਂ ਮਾਸਟਰ ਜੀ ਦੇ ਰਾਹੀਂ ਹੀ ਹੋ ਸਕਦੀ ਹੈ । (ਹਾਸਾ) ਮਾਸਟਰ ਜੀ ਉਥੇ ਬੜੇ ਹੀ ਅਸਰ ਰਸੂਖ ਵਾਲੇ ਮੰਨੇ ਜਾਂਦੇ ਹਨ । ਸੋ, ਇਹੋ ਜਿਹੀ ਕੋਈ ਗੱਲ ਨਹੀਂ ਹੈ।

BRIDGE ON MALAKPUR CANAL

***1494. Comrade Sohan Singh:** Will the Minister for Agriculture and Irrigation be pleased to state whether it is a fact that the bridge on Malakpur Canal in the Verka Assembly Constituency collapsed a couple of years back; if so, the action so fa r taken to reconstruct the same and the present position in this behalf?

Chaudhri Kanshi Ram : No, Sir. The question of reconstruction does not arise.

ਕਾਮਰੇਡ ਸੋਹਣ ਸਿੰਘ : ਸਪੀਕਰ ਸਾਹਿਬ, ਇਸ ਪੁਲ ਉਤੇ ਤਕਰੀਬਨ 13/14 ਪਿੰਡਾਂ ਦੇ ਲੋਕਾਂ ਦੀ ਆਵਾਜਾਈ ਹੈ ਅੌਰ ਮੰਤਰੀ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਨੱ ਵਿਚ ਦਿੱਤਾ ਹੈ । ਉਹ ਪੁਲ ਟੁਟਿਆ ਹੋਇਆ ਹੈ, ਨਾ ਉਥੋਂ ਦੀ ਕੋਈ ਟਰੈਕਟਰ ਲੰਘਦਾ ਹੈ, ਨਾ ਗੱਡਾ ਲੰਘਦਾ ਹੈ । ਪਿਛੇ ਜਿਹੜੇ ਜਿਹੜੀ ਮਿਲਟਰੀ ਵਾਲਿਆਂ ਦੀ ਕੋਈ ਸਿਖਲਾਈ ਸਕੀਮ ਸੀ, ਉਸ ਨਾਲ ਉਹ ਟੁੱਟ ਗਿਆ ਸੀ, ਮਿਲਟਰੀ ਵਾਲੇ ਤੋੜ ਗਏ ਸਨ । ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਦੀ ਤਕਲੀਫ ਨੂੰ ਸਾਹਮਣੇ ਰੱਖਦੇ ਹੋਏ ਕੀ ਮੰਤਰੀ ਸਾਹਿਬ ਫੌਰੀ ਤੌਰ ਤੇ ਉਸ ਪੁਲ ਨੂੰ ਬਨਾਉਣ ਦਾ ਯਤਨ ਕਰਨਗੇ ? ਕੀ ਇਹ ਉਸ ਪੁਲ ਨੂੰ ਠੀਕ ਕਰਵਾ ਕੇ ਉਥੇ ਦੇ ਲੋਕਾਂ ਨੂੰ ਸਹਿਯੋਗ ਦੇਣਗੇ ?

ਮੰਤਰੀ : ਇਹ ਪੁਲ ਟੁੱਟਣ ਦਾ ਸਵਾਲ ਹੈ। ਮੈਂ ਜਵਾਬ ਦਿੱਤਾ ਹੈ, 'ਨੋ ਸਰ' । ਮੈਂ ਕਿਹਾ ਹੈ ਕਿ ਨਹੀਂ ਟੁੱਟਾ ਜੀ । ਹੁਣ, ਸਪੀਕਰ ਸਾਹਿਬ, ਮੈਂ ਆਪਣੇ ਸਾਥੀ ਮੈਂਬਰ ਦੀ ਕੁਝ ਮੁਸ਼ਕਲ ਹੱਲ ਕਰ ਦੇਣੀ ਚਾਹੁੰਦਾ ਹਾਂ । ਉਸ ਪੁਲ ਉਤੇ ਅਪ੍ਰੋਚਜ਼ ਜਿਹੜੀਆਂ ਹਨ ਉਨ੍ਹਾਂ ਦੀ ਡਾਈਵਰਸ਼ਨ ਸਟੀਪ ਹੈ । ਇਸ ਲਈ ਟਰਾਲੀਆਂ ਵਗੈਰਾ ਜਦੋਂ ਉਥੋਂ ਦੀ ਲੰਘਦੀਆਂ ਹਨ ਤਾਂ ਉਹ ਆਸ ਪਾਸ ਕੰਧਾਂ ਨਾਲ ਟਕਰਾ ਜਾਂਦੀਆਂ ਹਨ ਅੌਰ ਕਈ ਵਾਰੀ ਉਹ ਆਪਸ ਵਿਚ ਹੀ ਟਕਰਾ ਜਾਂਦੀਆਂ ਹਨ। ਉਸ ਪੈਸੇਜ ਨੂੰ ਸਿੱਧਾ ਕਰਨ ਲਈ ਜੇਕਰ ਕੁਝ ਜ਼ਮੀਨ ਮਿਲ ਜਾਵੇ ਤਾਂ ਹੀ ਇਹ ਮਸਲਾ ਹੱਲ ਹੋ ਸਕਦਾ ਹੈ ।

ਕਾਮਰੇਡ ਰਾਜ ਕੁਮਾਰ: : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਜਵਾਬ ਦਿੱਤਾ ਹੈ ਕਿ ਕੁਐਸਚਨ ਡਜ਼ ਨੌਟ ਅਰਾਈਜ਼ । ਜਦੋਂ, ਸਪੀਕਰ ਸਾਹਿਬ, ਮਿਲਟਰੀ ਵਾਲੇ ਆਪਣੀਆਂ ਐਕਸਰਸਾਈਜ਼ਿਜ਼ ਕਰਦੇ ਹਨ ਅੌਰ ਅਗਰ ਕੋਈ ਨੁਕਸਾਨ ਪਬਲਿਕ ਪ੍ਰਾਪਰਟੀ ਦਾ ਹੋ ਜਾਂਦਾ ਹੈ ਤਾਂ ਉਸ ਦੇ ਵਾਸਤੇ ਕਲੇਮ ਸਰਕਾਰ ਨੂੰ ਫਾਈਲ ਕਰਨਾ ਪੈਂਦਾ ਹੈ ਕਿ ਮਿਲਟਰੀ ਦੀਆਂ ਐਕਸਰਸਾਈਜ਼ਿਜ਼ ਦੇ ਦੌਰਾਨ ਇਹ ਨੁਕਸਾਨ ਹੋ ਗਿਆ ਹੈ, ਇਸ ਦਾ ਮੁਆਵਜ਼ਾ ਦਿੱਤਾ ਜਾਵੇ, ਇਹ ਪੁਲ ਟੁੱਟ ਗਿਆ ਹੈ । ਉਥੇ 14 ਪਿੰਡਾਂ ਦੇ ਲੋਕਾਂ ਦਾ ਕਨਸਰਨ ਹੈ ਅੌਰ ਵਜ਼ੀਰ ਸਾਹਿਬ ਇਹ ਕਹਿ ਦੇਣ ਕਿ 'ਕੁਐਸਚਨ ਡਜ਼ ਨਾਟ ਅਰਾਈਜ਼', ਇਹ ਠੀਕ ਨਹੀਂ ਹੈ । ਪੁਲ ਟੁੱਟ ਗਿਆ ਹੈ ਉਸ ਨੂੰ ਬਨਾਉਣ ਵਾਸਤੇ ਇਹ ਕਹਿੰਦੇ ਹਨ ਕੁਐਸਚਨ ਡਜ਼ ਨਾਟ ਅਰਾਈਜ਼' । ਸਪੀਕਰ ਸਾਹਿਬ, ਅਗਰ ਪੁਲ ਟੁੱਟ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਜਾਵੇ ਤਾਂ ਇਸ ਤਰ੍ਹਾਂ ਦਾ ਜਵਾਬ ਨਹੀਂ ਦੇਣਾ ਚਾਹੀਦਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਸ ਪੁਲ ਨੂੰ ਬਣਵਾ ਦੇਣਗੇ ?

Minister: The question of hon. Member reads as under:—

"Will the Minister for Agriculture and Irrigation be pleased to state whether it is a fact that the bridge on Malakpur Canal in the Verka Assembly Constituency collapsed a couple of years back. ...."

Comrade Raj Kumar is a learned Member. He can make distinction between "TUTIA (damaged)" and "collapse".

ਸ੍ਰੀ, ਸਪੀਕਰ ਸਾਹਿਬ ਮੈਂ ਸਵਾਲ ਦਾ ਜਵਾਬ ਠੀਕ ਦਿੱਤਾ ਹੈ ।

ਕਾਮਰੇਡ ਰਾਜ ਕੁਮਾਰ : ਤੁਸੀਂ ਲਫਜ਼ਾਂ ਦੇ ਗੇੜ ਵਿਚ ਪੈ ਗਏ ਹੋ, ਗੱਲ ਮੁਕਾਓ, ਉਸ ਨੂੰ ਬਣਾਓ ।

ਮੰਤਰੀ : ਮੈਂ ਤਾਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਜਦੋਂ ਸਾਨੂੰ ਠੀਕ ਪੈਸੇਜ਼ ਮਿਲ ਗਿਆ, ਜ਼ਮੀਨ ਮਿਲ ਗਈ ਤਾਂ ਇਹ ਸਮੱਸਿਆ ਵੀ ਹੱਲ ਹੋ ਜਾਵੇਗੀ ।

ਕਾਮਰੇਡ ਸੋਹਣ ਸਿੰਘ : ਮੰਤਰੀ ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ ਇਹ ਠੀਕ ਨਹੀਂ । ਇਹ ਬੇਸ਼ੱਕ ਮੇਰੇ ਨਾਲ ਚੱਲ ਕੇ ਵੇਖਣ । ਮੈਂ ਚੈਲੰਜ ਕਰਦਾ ਹਾਂ ਕਿ ਉਹ ਪੁਲ ਟੁੱਟਾ ਪਿਆ ਹੈ ਅੱਤ ਲੋਕਾਂ ਨੂੰ ਆਉਣ ਜਾਣ ਵਿਚ ਕਾਫੀ ਮੁਸ਼ਕਲ ਆ ਰਹੀ ਹੈ । ਇਹ ਅਫਸਰ ਸਰਕਾਰ ਨੂੰ ਗੁਮਰਾਹ ਕਰਦੇ ਹਨ । ਹੁਣ ਇਹ ਕਹਿੰਦੇ ਹਨ ਕਿ ਨੁਕਸਾਨ ਹੀ ਕੋਈ ਨਹੀਂ ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਜਦੋਂ ਵੀ ਜ਼ਮੀਨ ਮਿਲ ਜਾਵੇਗੀ ਉਹ ਸਟੀਪ ਅਸੀਂ ਨਹੀਂ ਰਹਿਣ ਦੇਵਾਂਗੇ ਅੱਤ ਆਵਾਜਾਈ ਦੀ ਕੋਈ ਮੁਸ਼ਕਲ ਨਹੀਂ ਰਹਿਣ ਦੇਵਾਂਗੇ।

PASSENGER TRANSPORT SYSTEM IN THE MUNICIPAL CORPORATIONS IN THE STATE

*1442. **Sardar Basant Singh Khalsa** : Will the Minister for Local Government be pleased to state—

(a) the details of the Passenger Transport System of the Municipal Corporations in the State;

(b) the date when the said system was started;

(c) the details of the decisions and the agreement reached between the Government and the Corporations authorities regarding the said system;

(d) The number of buses allocated to each of the Corporation separately;

(e) the details of the decision regarding the staff and their facilities

(f) the number of new buses added by the Municipal Corporation Ludhiana during the years 1980, 1981 and 1982 (to dateon ?)

Original with;
Punjab Vidhan Sabha
Digitized by;
Panjab Digital Library

Shri Sardari Lal Kapur: (a&b) The local bus transport is being run by the Municipal Corporations in the State upto the distance of 25 Kms. w.e.f. 1st January, 1980 on being transferred from the Transport Department.

(c) No formal agreement was executed between the State Government and the Corporation authorities on transfer of local bus transport. The details of the decision are laid on the Table of the House.

(d) Number of buses allocated to the Municipal Corporations is as under:—

1.	Amritsar	..	66 buses
2.	Jullundur	..	43 buses
3.	Ludhiana	..	60 buses

(e) The staff as per norm of the Transport Department was transferred to the Corporations. They are enjoying all facilities at par with the staff of Punjab Roadways.

(f) Number of new buses added by the Municipal Corporation, Ludhiana:—

1.	1980	..	Nil
2.	1981	..	5
3.	1982 (to-date)	..	Nil

Details

No agreement was reached between the Government and the Corporation authorities. However, the relevant details are as under :—

1. Routes falling within 25 Kms. radius would be operated by the Municipal Corporations.
2. Corporations would take over staff according to the approved norms of the Punjab Roadways corresponding to the number of buses.
3. It was decided that practice of levying 10% departmental charges on the cost of spare parts being given by the Punjab Roadways to the Municipal Corporations would be stopped.
4. It was also decided that existing arrangements for major repairs of the Corporations, buses in the Punjab Roadways Workshops would continue till 30th April, 1980 after which the Corporations would make their own arrangements.
5. It was also decided that inventory regarding certain spare parts would be prepared upto 31st December, 1979 and the spare parts would be given to the Corporations in proportion to the buses transferred to them against payment.
6. It was also decided that the Corporations would continue getting diesel supplies from the Punjab Roadways depot on advance payment, subject to weekly adjustments till the 30th April, 1980.

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ 3 ਕਾਰਪੋਰੇਸ਼ਨਾਂ ਦਾ ਸਬੰਧ ਹੈ ਅਤੇ ਲੋਕਾਂ ਦੀ ਆਵਾਜਾਈ ਦਾ ਸਬੰਧ ਹੈ। ਉਥੇ ਲੋਕਾਂ ਨੂੰ ਆਵਾਜਾਈ ਵਿਚ ਬਹੁਤ ਤਕਲੀਫ ਹੈ । 25 ਮੀਲ ਦੇ ਏਰੀਏ ਵਿਚ ਬੱਸਾਂ ਚੱਲਦੀਆਂ ਹਨ ਅੱਰ ਜਿਹੜੀਆਂ ਚਲਦੀਆਂ ਹਨ ਉਹ ਬਿਲਕੁਲ ਖਰਾਬ ਹੋ ਚੁੱਕੀਆਂ ਹਨ । ਵਰਕਸ਼ਾਪ ਕੋਈ ਹੈ ਨਹੀਂ । 2 ਸਾਲਾਂ ਵਿਚ ਇਨ੍ਹਾਂ ਨੇ ਸਿਰਫ 5 ਬੱਸਾਂ ਖਰੀਦੀਆਂ ਹਨ । ਜਿਹੜਾ ਇਨ੍ਹਾਂ ਦਾ ਬੱਸਾਂ ਦਾ ਸਿਸਟਮ ਸੀ ਉਹ ਬਿਲਕੁਲ ਫੇਲ੍ਹ ਹੋ ਗਿਆ ਹੈ । ਇਸ ਲਈ ਕੀ ਵਜ਼ੀਰ ਸਾਹਿਬ, ਇਹ ਜਿਹੜਾ ਸਿਸਟਮ ਹੈ ਉਸ ਨੂੰ ਬਦਲਣਗੇ ਅੱਰ ਲੋਕਾਂ ਨੂੰ ਆਵਾਜਾਈ ਵਿਚ ਕੁਝ ਸਹੂਲਤ ਦੇਣਗੇ ?

ਸਰਦਾਰ ਦਲੀਪ ਸਿੰਘ ਪਾਧੀ : ਇਹ ਸਰਕਾਰ ਹੀ ਫੇਲ੍ਹ ਹੈ ।

ਮੰਤਰੀ : ਸਭ ਤੋਂ ਜ਼ਿਆਦਾ ਤੇਰਾ ** ** ਹੈ ।

ਸਪੀਕਰ ਸਾਹਿਬ, ਇਹ ਸਵਾਲ ਪਹਿਲੇ ਵੀ ਕਈ ਵਾਰ ਅਸੈਂਬਲੀ ਵਿਚ ਆਇਆ ਹੈ ਅੱਰ ਮੈਂ ਸਮਝਦਾ ਹਾਂ ਕਿ ਬੱਸ ਸਰਵਿਸ ਠੀਕ ਹੋਣੀ ਚਾਹੀਦੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਵਕਤ ਇਨ੍ਹਾਂ ਦੀ ਸਰਕਾਰ ਨੇ ਇਹ ਬੱਸਾਂ ਦਿੱਤੀਆਂ ਸਨ ਤਾਂ ਇਹ ਬੱਸਾਂ ਨਹੀਂ ਸਨ ਬਲਕਿ ਬਿਲਕੁਲ ਪੀਪੇ ਸਨ । ਅਸੀਂ ਹੁਣ ਆ ਕੇ ਇਨ੍ਹਾਂ ਪੀਪਿਆਂ ਨੂੰ ਬੱਸਾਂ ਬਣਾਇਆ ਹੈ ਅੱਰ ਅੱਗੇ ਵੀ ਉਮੀਦ ਹੈ ਕਿ ਫਿਨਾਂਸ ਮਨਿਸਟਰ ਦੀ ਸਹਾਇਤਾ ਨਾਲ ਹੋਰ ਚੰਗੀ ਤਰ੍ਹਾਂ ਨਾਲ ਚਲਾਵਾਂਗੇ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜਿਹੜਾ ਅੰਗਰੀਮੈਂਟ ਹੋਇਆ ਸੀ ਉਹ ਬਿਲਕੁਲ ਫੇਲ੍ਹ ਹੋਇਆ ਹੈ । ਇਹ ਸਿਸਟਮ ਬਿਲਕੁਲ ਠੀਕ ਨਹੀਂ । ਘਾਟੇ ਵਿਚ ਜਾ ਰਹੀ ਹੈ। ਇਨ੍ਹਾਂ ਨੇ ਬਜਟ ਵਿਚ ਕੋਈ ਪੈਸਾ ਰੱਖਿਆ ਨਹੀਂ। ਜੇ ਇਹ ਸਿਸਟਮ ਫੇਲ੍ਹ ਹੋ ਜਾਵੇ ਤਾਂ ਜਿਹੜਾ ਸਟਾਫ ਰੱਖਿਆ ਹੈ ਕੀ ਉਹ ਪੰਜਾਬ ਰੋਡਵੇਜ਼ ਵਿਚ ਵਾਪਸ ਚਲਾ ਜਾਵੇਗਾ ਅੱਰ ਉਹ ਉਨ੍ਹਾਂ ਨੂੰ ਅਕਸੈਪਟ ਕਰ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਸਟਾਫ ਰੱਖਿਆ ਸੀ ਉਹ ਨਾਰਮ ਦੇ ਮੁਤਾਬਿਕ ਰੱਖਿਆ ਸੀ। ਉਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੋਵੇਗੀ । ਜੇ ਕੋਈ ਕਮੀ ਰਹੀ ਤਾਂ ਉਹ ਵੀ ਤੁਹਾਡੀ ਮਦਦ ਨਾਲ ਠੀਕ ਕਰ ਲਵਾਂਗੇ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਿਹੜਾ ਬੱਸਾਂ ਦਾ ਸਿਸਟਮ ਹੈ ਇਹ ਠੀਕ ਕਰ ਲਿਆ ਹੈ । ਮੈਂ ਪੁੱਛਦਾ ਹਾਂ ਕਿ ਹੁਣ ਇਹ ਕਿਹੜੇ ਦਿਨ ਤੋਂ ਘਾਟੇ ਵਿਚ ਨਹੀਂ ਜਾ ਰਹੀ ਅੱਰ ਜੇ ਹੁਣ ਵੀ ਘਾਟੇ ਵਿਚ ਜਾ ਰਹੀ ਹੈ ਤਾਂ ਕੀ ਇਹ ਸਰਕਾਰ ਉਨ੍ਹਾਂ ਨੂੰ ਕੰਪਨਸੇਟ ਕਰੇਗੀ । ਇਹ ਬਿਮਾਰੀ ਅਕਾਲੀਆਂ ਨੇ ਛੱਤੀ ਸੀ ਅੱਰ ਉਦੋਂ ਦੀ ਚਲੀ ਆ ਰਹੀ ਹੈ। ਲੋਕ ਤਾਂ ਚਾਹੁੰਦੇ ਹਨ ਕਿ ਇਹ ਬਿਮਾਰੀ ਟ੍ਰਾਂਸਪੋਰਟ ਡਿਪਾਰਟਮੈਂਟ ਨੂੰ ਵਾਪਸ ਕਰ ਦਿੱਤੀ ਜਾਵੇ ।

ਮੰਤਰੀ : ਸਾਨੂੰ ਹਰ ਜਗ੍ਹਾ ਆਮਦਨ ਨਹੀਂ ਦੇਖਣੀ ਚਾਹੀਦੀ । ਜੇ ਪਬਲਿਕ ਦੇ ਫਾਇਦੇ ਵਿਚ ਕੋਈ ਕੰਮ ਹੋ ਰਿਹਾ ਹੈ ਅਤੇ ਕੁਝ ਘਾਟਾ ਵੀ ਪੈਂਦਾ ਹੈ ਤਾਂ ਵੀ ਸਰਕਾਰ ਉਹ ਸਹਿਨ ਕਰਦੀ ਹੈ । ਅਸੀਂ ਦਿਨ ਪ੍ਰਤੀ ਦਿਨ ਇਨ੍ਹਾਂ ਬੱਸਾਂ ਵਿਚ ਸੁਧਾਰ ਕਰ ਰਹੇ ਹਾਂ ਅੱਰ ਕਾਰਪੋਰੇਸ਼ਨ ਦੀ ਮੱਦਦ ਨਾਲ ਹੋਰ ਸੁਧਾਰ ਹੁੰਦਾ ਰਹੇਗਾ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਮ ਲਾਲ ਚਿੱਟੀ : ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ....

(ਇਸ ਵੇਲੇ ਕਈ ਮਾਨਯੋਗ ਖੜੇ ਹੋ ਕੇ ਸਪਲੀਮੈਂਟਰੀ ਲਈ ਮੰਗ ਕਰ ਰਹੇ ਸਨ।)

ਸ਼੍ਰੀ ਸਪੀਕਰ : ਇਹ ਕਾਰਪੋਰੇਸ਼ਨ ਦਾ ਮਾਮਲਾ ਹੈ ਅੱਤੇ ਮੈਂ ਸਮਝਦਾ ਹਾਂ ਕਿ ਇਸ ਤੇ ਕਾਰਪੋਰੇਸ਼ਨ ਦੇ ਮੈਂਬਰਾਂ ਨੂੰ ਸਵਾਲ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ ।

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਇਹ ਮਾਮਲਾ ਇਤਨਾ ਪੇਚੀਦਾ ਬਣ ਗਿਆ ਹੈ ਕਿ ਇਸ ਨਾਲ ਤਿੰਨੇ ਸ਼ਹਿਰਾਂ ਦੀ ਡਿਵੈਲਪਮੈਂਟ ਰੁੱਕੀ ਪਈ ਹੈ । ਇਸ ਸਬੰਧ ਵਿਚ ਇਥੇ ਕਾਲ ਅਟੈਨਸ਼ਨ ਮੋਸ਼ਨ ਵੀ ਆਈ ਹੈ । ਮੈਂ ਇਹ ਪੁੱਛਦਾ ਹਾਂ ਕਿ ਇਹ ਜਿਹੜਾ ਘਾਟਾ ਪੈ ਰਿਹਾ ਹੈ ਇਹ ਕਿਸ ਤਰ੍ਹਾਂ ਨਾਲ ਪੂਰਾ ਕਰਨਗੇ ਜਦਕਿ ਬਜਟ ਵਿਚ ਇਸ ਵਾਸਤੇ ਕੋਈ ਪੈਸਾ ਨਹੀਂ ਰੱਖਿਆ ਇਸ ਲਈ ਵਿੱਤ ਮੰਤਰੀ ਸਾਹਿਬ ਐਸ਼ੋਰੈਂਸ ਦੇਣ ਕਿ ਉਹ ਕਾਰਪੋਰੇਸ਼ਨਾਂ ਨੂੰ ਕੁਝ ਮੱਦਦ ਦੇਣਗੇ ਤਾਕਿ ਇਹ ਘਾਟਾ ਦੂਰ ਹੋ ਸਕੇ ।

ਮੰਤਰੀ : ਮੇਰੀ ਅਰਜ਼ ਇਹ ਹੈ ਕਿ ਜਿਹੜੀਆਂ ਕਾਰਪੋਰੇਸ਼ਨਾਂ ਵਿਚ ਸਾਡੇ ਐਮ. ਐਲ. ਏਜ਼ ਸਾਥੀ ਹਨ ਉਨ੍ਹਾਂ ਦੀ ਮੱਦਦ ਨਾਲ ਕਿਸੇ ਨਾ ਕਿਸੇ ਤਰੀਕੇ ਨਾਲ ਇਹ ਮਸਲਾ ਹੱਲ ਕਰਾਂਗੇ ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਮਿਉਂਸਪਲ ਕਾਰਪੋਰੇਸ਼ਨਾਂ ਨੂੰ ਲੋਕਲ ਬੱਸ ਸੇਵਾ ਵਿਚ ਬਹੁਤ ਘਾਟਾ ਪੈ ਰਿਹਾ ਹੈ ਅਤੇ ਪਿਛਲੇ 2 ਸਾਲਾਂ ਦੇ ਵਿਚ ਅੰਮ੍ਰਿਤਸਰ ਕਾਰਪੋਰੇਸ਼ਨ ਨੂੰ 64 ਲੱਖ ਰੁਪਏ ਦਾ ਘਾਟਾ ਪੈ ਚੁੱਕਾ ਹੈ । ਇਸ ਘਾਟੇ ਨੂੰ ਕੌਣ ਪੂਰਾ ਕਰੇਗਾ ?

ਸ਼੍ਰੀ ਸਪੀਕਰ : ਇਸ ਸਵਾਲ ਦੇ ਸਬੰਧ ਵਿਚ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਤਿੰਨਾਂ ਕਾਰਪੋਰੇਸ਼ਨਾਂ ਦੇ ਮੈਂਬਰ ਸਾਹਿਬਾਨ ਇਕੱਠੇ ਬੈਠ ਕੇ ਮੇਰੇ ਨਾਲ ਇਸ ਦਾ ਕੋਈ ਹੱਲ ਕੱਢ ਲੈਣ ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਕਾਰਪੋਰੇਸ਼ਨ ਨੂੰ ਜਿਹੜਾ ਘਾਟਾ ਪੈ ਰਿਹਾ ਹੈ ਜਾਂ ਸਰਕਾਰ ਪੈ ਕਰੇ ਜਾਂ ਫਿਰ ਸਰਕਾਰ ਨੂੰ ਜਿਹੜਾ ਟੈਕਸ ਜਾਂਦਾ ਹੈ ਉਸ ਦੇ ਵਿਚੋਂ ਦਿੱਤਾ ਜਾਵੇ ਨਹੀਂ ਤਾਂ ਸਾਨੂੰ ਇਹ ਲੋਕਲ ਬੱਸ ਸੇਵਾ ਘਾਟੇ ਵਾਲੀ ਨਹੀਂ ਚਾਹੀਦੀ । ਇਸ ਨੂੰ ਵਾਪਸ ਟਰਾਂਸਪੋਰਟ ਡਿਪਾਰਟਮੈਂਟ ਨੂੰ ਕਰ ਦਿਓ ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਸ ਦੇ ਵਿਚ ਕੋਈ ਸ਼ੱਕ ਨਹੀਂ ਹੈ ਕਿ 1980 ਦੇ ਵਿਚ ਅਕਾਲੀ ਸਰਕਾਰ ਨੇ ਜਦੋਂ ਇਹ ਫੈਸਲਾ ਕੀਤਾ ਸੀ ਉਸ ਵਕਤ ਟਰਾਂਸਪੋਰਟ ਡਿਪਾਰਟਮੈਂਟ ਤੋਂ ਮਾੜੀਆਂ ਤੋਂ ਮਾੜੀਆਂ ਅਤੇ ਖਰਾਬ ਤੋਂ ਖਰਾਬ ਬੱਸਾਂ ਇਨ੍ਹਾਂ ਤਿੰਨ ਮਿਉਂਸਿਪਲ ਕਾਰਪੋਰੇਸ਼ਨਾਂ ਨੂੰ ਮਿਲੀਆਂ ਸਨ ਤਾਕਿ ਲੋਕਲ ਬੱਸ ਸਰਵਿਸ ਚਾਲੂ ਰਹੇ । ਹਰ ਸਾਲ ਹਰ ਕਾਰਪੋਰੇਸ਼ਨ ਨੂੰ ਇਸ ਮਾਮਲੇ ਵਿਚ 36 ਲੱਖ ਤੋਂ 56 ਲੱਖ ਤੱਕ ਘਾਟਾ ਫੇਰੀ ਕਰਦਾ ਹੈ । ਇਹ ਕਾਰਪੋਰੇਸ਼ਨ ਤੇ ਬਹੁਤ ਭਾਰੀ ਬੋਝ ਹੈ ਅੱਤੇ ਇਸ ਦੇ ਨਾਲ ਕਾਰਪੋਰੇਸ਼ਨ ਦੀ ਡਿਵੈਲਪਮੈਂਟ ਰੁਕੀ ਹੋਈ ਹੈ । ਇਸ ਉਤੇ ਪੰਜਾਬ ਸਰਕਾਰ ਸੰਜੀਦਗੀ ਨਾਲ ਸੋਚ ਵਿਚਾਰ ਕਰ ਰਹੀ ਹੈ ਅੱਤੇ ਇਸ ਦਾ ਹੱਲ 1982-83 ਦੇ ਵਿਚ ਜ਼ਰੂਰ ਕੱਢ ਲਿਆ ਜਾਵੇਗਾ । ਇਕ ਪਰਪੋਜ਼ਲ ਸੀ ਕਿ ਇਹ ਲੋਕਲ ਬੱਸ ਸਰਵਿਸ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਦੇ ਦਿੱਤੀ ਜਾਵੇ ਪਰ ਚੂੰਕਿ ਲੋਕਲ ਬੱਸ ਸਰਵਿਸ ਵਿਚ ਹਮੇਸ਼ਾਂ ਘਾਟਾ ਪੈਂਦਾ ਹੈ ਇਸ ਲਈ ਉਹ ਲੈਣ ਵਾਸਤੇ ਤਿਆਰ ਨਹੀਂ ਹਨ ਅੱਤੇ ਇਸ ਦੇ ਨਾਲ ਵਿਚਾਰ ਸੀ ਕਿ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਐਜੂਕੇਟਿਡ ਅਨਇੰਪਲਾਇਡ ਨੂੰ ਲੋਕਲ ਬੱਸ ਸਰਵਿਸ ਦੇ ਦਿੱਤੀ ਜਾਵੇ ਪਰ ਉਹ ਵੀ ਘਾਟੇ ਵਾਲੀ ਟਰਾਂਸਪੋਰਟ ਲੈਣ ਵਾਸਤੇ ਤਿਆਰ ਨਹੀਂ ਹਨ। ਦੂਜੀ ਪਰਪੋਜ਼ਲ ਹੈ ਕਿ ਇਸ ਦੇ ਵਿਚ ਕੁਝ ਰਿਲੀਫ ਦਿੱਤਾ ਜਾਵੇ ਕਿ ਪੈਸੰਜਰ ਟੈਕਸ ਜਾਂ ਟੋਕਨ ਟੈਕਸ ਦੇ ਵਿਚੋਂ ਰਿਲੀਫ ਦਿੱਤਾ ਜਾਵੇ ਤਾਕਿ ਘਾਟਾ ਪੂਰਾ ਹੋ ਸਕੇ। ਅਸੀਂ ਇਸ ਨੂੰ ਵਾਏਬਲ ਬਣਾਉਣਾ ਚਾਹੁੰਦੇ ਹਾਂ ਤਾਂ ਕਿ ਲੋਕਾਂ ਦੀ ਅਸੀਂ ਸੇਵਾ ਕਰ ਸਕੀਏ। ਅਸੀਂ ਇਸ ਬਜਟ ਸੈਸ਼ਨ ਤੋਂ ਬਾਅਦ 1982-83 ਦੇ ਵਿਚ ਇਸ ਦਾ ਹੱਲ ਕੱਢ ਦੇਵਾਂਗੇ ਤਾਕਿ ਇਹ ਸਰਵਿਸ ਵਾਏਬਲ ਹੋ ਸਕੇ ਅਤੇ ਘਾਟਾ ਵੀ ਨਾ ਹੋਵੇ।

DECREASE IN SEWERAGE RATES

*1499. **Professor Darbari Lal:** Will the Minister for Local Government be pleased to state whether there is any proposal under the consideration of the Government to lower the sewerage rates in Amritsar, Jullundur and Ludhiana cities; if so, the time by which the proposal is likely to be materialised?

Shri Sardari Lal Kapoor: The matter is under consideration of Government and it will take some time to finalize it.

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣੇ ਮਿਉਂਸਪਲ ਕਾਰਪੋਰੇਸ਼ਨਾਂ ਦੇ ਵਿਚ ਵਾਟਰ ਰੇਟ ਦੇ ਮੁਤਾਬਿਕ ਸੀਵਰੇਜ ਟੈਕਸ ਲਗਾਇਆ ਜਾਂਦਾ ਹੈ। ਜੇਕਰ ਕਿਸੇ ਦਾ ਵਾਟਰ ਬਿਲ 100 ਰੁਪਏ ਆ ਜਾਵੇ ਤਾਂ ਉਸ ਨੂੰ ਸ਼ੀਵਰੇਜ ਟੈਕਸ 100 ਰੁਪਏ ਲਗਾ ਦਿੱਤਾ ਜਾਂਦਾ ਹੈ ਜਿਹੜਾ ਕਿ ਬਹੁਤ ਜ਼ਿਆਦਾ ਹੈ। ਸ਼ਹਿਰਾਂ ਦੇ ਵਿਚ ਸੀਵਰੇਜ ਸਿਸਟਮ ਨੂੰ ਲਾਗੂ ਕਰਨ ਲਈ ਸਰਕਾਰ ਨੇ ਵਰਲਡ ਬੈਂਕ ਤੋਂ ਲੋਨ ਲੈ ਕੇ ਇਹ ਫੈਸਿਲਿਟੀਜ਼ ਸ਼ਹਿਰ ਦੇ ਲੋਕਾਂ ਨੂੰ ਦਿੱਤੀ ਸੀ, ਇਹ ਇਕ ਅੱਛਾ ਕਦਮ ਸੀ। ਇਕ ਚੀਜ਼ ਤੇ ਦੋ ਵਾਰ ਟੈਕਸ ਕਿਵੇਂ ਲੱਗ ਸਕਦਾ ਹੈ? ਇਸ ਲਈ ਸੀਵਰੇਜ ਟੈਕਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਇਸ ਦੇ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

ਮੰਤਰੀ : ਸਪੀਕਰ ਸਾਹਿਬ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੇ ਮੈਨੀਫੈਸਟੋ ਵਿਚ ਸੀ ਕਿ ਜਿਹੜਾ ਸੀਵਰੇਜ ਟੈਕਸ ਅਕਾਲੀ ਸਰਕਾਰ ਲਗਾ ਕੇ ਗਈ ਹੈ ਉਸ ਨੂੰ ਅਸੀਂ ਆ ਕੇ ਹਟਾ ਦੇਵਾਂਗੇ। ਇਸ ਬਾਰੇ ਸਰਕਾਰ ਕੀ ਕਰ ਰਹੀ ਹੈ?

ਮੰਤਰੀ : ਸਪੀਕਰ ਸਾਹਿਬ, ਮੈਂ ਕਹਿ ਚੁੱਕਾ ਹੈ ਕਿ ਅਸੀਂ ਇਸੇ ਰੋਸ਼ਨੀ ਵਿਚ ਇਸ ਦੇ ਮੁਦੱਲਕ ਵਿਚਾਰ ਕਰ ਰਹੇ ਹਾਂ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਸਵਾਲ ਦੇ ਵਿਚ ਸੀਵਰੇਜ ਟੈਕਸ ਦੀ ਥਾਂ ਤੇ ਰੇਟ ਲਿਖਿਆ ਹੋਇਆ ਹੈ ਇਹ ਠੀਕ ਨਹੀਂ ਹੈ। ਸਰਕਾਰ ਨੇ ਪਹਿਲੇ ਟਰਾਂਸਪੋਰਟ ਦੇ ਸਬੰਧ ਵਿਚ ਜਵਾਬ ਦਿੱਤਾ ਹੈ ਕਿ ਅਸੀਂ 1982-83 ਵਿਚ ਹਲ ਕਰ ਦੇਵਾਂਗੇ ਔਰ ਹੁਣ ਵੀ ਕਹਿ ਰਹੀ ਹੈ ਅਸੀਂ ਸੋਚ ਵਿਚਾਰ ਕਰ ਰਹੇ ਹਾਂ। ਤੁਸੀਂ ਸ਼ਹਿਰਾਂ ਦੇ ਵਿਚ ਲੋਕਾਂ ਨੂੰ ਬਿਲਕੁਲ ਨਾ ਮਾਰ ਦਿਓ ਉਨ੍ਹਾਂ ਦੀ ਭਲਾਈ ਵਾਸਤੇ ਵੀ ਕੋਈ ਗਲ ਕਰੋ।

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਅਸੀਂ ਇਨ੍ਹਾਂ ਦੇ ਰੇਟ ਨੂੰ ਘੱਟ ਕਰਨ ਲਈ ਵਿਚਾਰ ਕਰ ਰਹੇ ਹਾਂ ।

Amritsar-Verka Road

***1495. Comrade Sohan Singh :** Will the Minister for Public Works be pleased to state whether it is a fact that the Amritsar-Verka Road is in a very bad condition and needs immediate repairs; if so, the steps taken/proposed to be taken to repair the same?

Sardar Beant Singh: The road is under urgent repairs and the work will be completed as early as possible.

ਕਾਮਰੇਡ ਸੋਹਣ ਸਿੰਘ : ਸਪੀਕਰ ਸਾਹਿਬ, ਪਿਛਲੀ ਵਾਰ ਵੀ ਇਹ ਸਵਾਲ ਇਸੇ ਹਾਊਸ ਵਿਚ ਆਇਆ ਸੀ ਅੱਰ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਛੇਤੀ ਤੋਂ ਛੇਤੀ ਕਰ ਦੇਵਾਂਗੇ। ਇਹ ਸੜਕ ਕਸ਼ਮੀਰ ਤੋਂ ਅੰਮ੍ਰਿਤਸਰ ਤੱਕ ਆਉਂਦੀ ਹੈ । ਪਿਛਲੀ ਵਾਰ ਵਿਦਿਆ ਮੰਤਰੀ ਜੀ ਵੇਰਕਾ ਗਏ ਸਨ । ਉਨ੍ਹਾਂ ਦੇ ਨੋਟਿਸ ਵਿਚ ਵੀ ਸੜਕ ਦੀ ਮੁਰੰਮਤ ਬਾਰੇ ਲਿਆਂਦਾ ਸੀ । ਸੜਕ ਦੀ ਹਾਲਤ ਬੜੀ ਮਾੜੀ ਹੈ, ਇਸ ਨੂੰ ਕਦੋਂ ਤੱਕ ਬਣਾ ਦੇਣਗੇ ?

ਸ਼੍ਰੀ ਸਪੀਕਰ : ਪਿਛਲੇ ਸਾਲ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਬਾਰਸ਼ਾਂ ਤੋਂ ਪਹਿਲੇ ਸੜਕ ਬਣਾ ਦੇਵਾਂਗੇ ਪਰ ਹਾਲੇ ਤੱਕ ਨਹੀਂ ਬਣੀ ।

ਮੰਤਰੀ : ਸਪੀਕਰ ਸਾਹਿਬ, ਇਸ ਸੜਕ ਦੇ ਸਬੰਧ ਵਿਚ ਕਾਲ ਅਟੈਨਸ਼ਨ ਮੋਸ਼ਨ ਆਈ ਸੀ । 4 ਹਜ਼ਾਰ ਫੁੱਟ ਸੜਕ ਦਾ ਹਾਲ ਬਹੁਤ ਮਾੜਾ ਸੀ ਅੱਰ ਇਸ ਦੇ ਵਿਚੋਂ 2 ਹਜ਼ਾਰ ਫੁੱਟ ਤੇ ਕਾਫੀ ਕੰਮ ਹੋ ਚੁੱਕਾ ਹੈ ਅੱਰ 600 ਫੁੱਟ ਸੜਕ ਤੇ ਮਿੱਟੀ ਪਾਈ ਜਾ ਚੁੱਕੀ ਹੈ । ਕੰਮ ਕਾਫੀ ਚੱਲ ਰਿਹਾ ਹੈ । ਬਾਕੀ ਰਹਿੰਦੇ ਕੰਮ ਨੂੰ ਜਲਦੀ ਹੀ ਕਰਵਾ ਦੇਵਾਂਗੇ । ਇਸ ਦੇ ਨਾਲ ਅੰਮ੍ਰਿਤਸਰ ਤੋਂ ਵੇਰਕਾ ਸੜਕ ਜਿਹੜੀ 6.9 ਕਿਲੋ ਮੀਟਰ ਬਣਦੀ ਹੈ ਇਸ ਦੀ ਮੁਰੰਮਤ ਥੋੜ੍ਹੇ ਦਿਨਾਂ ਦੇ ਵਿਚ ਹੋ ਜਾਵੇਗੀ ।

ਸ਼੍ਰੀ ਸਪੀਕਰ : ਮੈਨੂੰ ਪਤਾ ਹੈ ਕਿ ਉਸ ਸੜਕ ਦਾ ਹਾਲ ਬਹੁਤ ਮਾੜਾ ਹੈ ਇਸ ਲਈ ਤੁਸੀਂ ਵੀ ਮੌਕੇ ਤੇ ਜਾ ਕੇ ਦੇਖੋ (ਥੰਪਿੰਗ)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਉਸ ਸੜਕ ਦਾ ਹਾਲ ਬਹੁਤ ਮਾੜਾ ਹੈ ਅਤੇ ਆਉਣ ਜਾਣ ਵਿਚ ਬੜੀ ਦਿੱਕਤ ਆਉਂਦੀ ਹੈ । ਦੂਸਰਾ ਇਸ ਨੂੰ ਨੈਸ਼ਨਲ ਹਾਈਵੇ ਡਿਕਲੇਅਰ ਕਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ । ਮੈਂਬਰ ਸਾਹਿਬ ਮੇਰੇ ਕੋਲ ਆ ਕੇ ਗੱਲ ਕਰ ਲੈਣ, ਇਸ ਦਾ ਹੱਲ ਕੱਢ ਲਵਾਂਗੇ ਅੱਰ ਸੜਕ ਦੀ ਮੁਰੰਮਤ ਕਰਵਾ ਦੇਵਾਂਗੇ ।

Roads Constructed in the State During 1981-82

***1445. Sardar Gurnaib Singh Brar:** Will the Minister for Public Works be pleased to state the total length of the new roads constructed in the State by the Public Works Department (B.&R. Branch) during 1981-82 (to-date)?

Original with;
Punjab Vidhan Sabha
Digitized by;
Panjab Digital Library

Sardar Beant Singh: During 1981-82 upto the end of January a length of 927 Kms new roads was provided with first coat surface painting and a length of 1020 Kms. was provided with 2nd coat surface painting, 165 Kms. of new roads were metalled.

ਸਰਦਾਰ ਗੁਰਨੇਬ ਸਿੰਘ ਬਰਾੜ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 165 ਕਿਲੋਮੀਟਰ ਨਵੀਆਂ ਸੜਕਾਂ ਉਤੇ ਰੋੜੀ ਕੁਟਣ ਦਾ ਕੰਮ ਕੀਤਾ ਗਿਆ ਹੈ । ਇਹ ਬੜਾ ਥੋੜ੍ਹਾ ਕੰਮ ਕੀਤਾ ਗਿਆ ਹੈ । ਮਨਿਸਟਰ ਸਾਹਿਬ ਇਸ ਮਹਿਕਮੇ ਨੂੰ ਟੋਨ-ਅੱਪ ਕਰਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਕਿਤਨੀਆਂ ਨਵੀਆਂ ਸੜਕਾਂ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜ਼ਿਲ੍ਹਾ ਫਿਰੋਜ਼ਪੁਰ ਬਾਰੇ ਇਹ ਚੀਜ਼ ਦੱਸਣੀ ਤਾਂ ਇਸ ਵੇਲੇ ਮੁਸ਼ਕਲ ਹੈ । ਮੈਂਬਰ ਸਾਹਿਬ ਇਸ ਬਾਰੇ ਸੈਪਰੇਟ ਸਵਾਲ ਕਰ ਦੇਣ ਤਾਂ ਉਸ ਦਾ ਜਵਾਬ ਦੇ ਦੇਵਾਂਗੇ । (ਵਿਘਨ) ਸਪੀਕਰ ਸਾਹਿਬ, ਹਾਊਸ ਵਿਚ ਰੌਲਾ ਪੈ ਰਿਹਾ ਹੈ ਕਿ ਅਗਲਾ ਸਵਾਲ ਬੜਾ ਇੰਪੋਰਟੈਂਟ ਹੈ ਕਿਉਂਕਿ ਅਗਲਾ ਸਵਾਲ ਛੜਿਆਂ ਦਾ ਹੈ। (ਹਾਸਾ)

ਸ਼੍ਰੀ ਸਪੀਕਰ : ਜਿਸ ਆਨਰੇਬਲ ਮੈਂਬਰ ਦਾ ਸਵਾਲ ਹੋਵੇ, ਉਸ ਨੂੰ ਦੋ ਸਪਲੀਮੈਂਟਰੀ ਕਰਨ ਦਾ ਹੱਕ ਹੈ ।

ਸਰਦਾਰ ਗੁਰਨੇਬ ਸਿੰਘ ਬਰਾੜ : ਸਪੀਕਰ ਸਾਹਿਬ, ਲੁਧਿਆਣਾ-ਚੰਡੀਗੜ੍ਹ ਜਿਹੜੀ ਸੜਕ ਹੈ, ਉਥੇ ਆਵਾਜਾਈ ਵਿਚ ਲੋਕ ਉਸ ਸੜਕ ਦਾ ਬਹੁਤ ਇਸਤੇਮਾਲ ਕਰਦੇ ਹਨ । ਇਸ ਲਈ ਕੀ ਮਨਿਸਟਰ ਸਾਹਿਬ ਉਸ ਸੜਕ ਨੂੰ ਵੰਨ-ਵੇਅ ਸੜਕ ਜਲਦੀ ਤੋਂ ਜਲਦੀ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਇਹੋ ਜਿਹਾ ਸਵਾਲ ਪੁੱਛਿਆ ਹੈ ਜਿਸ ਦਾ ਇਸ ਸਵਾਲ ਨਾਲ ਸਬੰਧ ਨਹੀਂ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰ ਸਾਹਿਬਾਨ ਮੇਰੇ ਕੋਲ ਆ ਕੇ ਸਲਾਹ ਕਰ ਲੈਣ ਤਾਂ ਮੈਂ ਉਸ ਸੜਕ ਦੀ ਮੁਰੰਮਤ ਕਰਵਾ ਦੇਵਾਂਗਾ ।

Minimum Income Limit for Old Age/Widow Pension

***1405. Comrade Buta Singh** (Put by Comrade Saghar Singh): Will the Minister for Welfare and Labour be pleased to state—

(a) the minimum income limit fixed by the department for the grant of old age/widow pension;

(b) whether there is any proposal under the consideration of the Government to revise/increase the said limit; if so, details thereof?

ਚੌਧਰੀ ਜਗਤ ਰਾਮ : (ੳ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਅਨੁਲੱਗ ਅਨੁਸਾਰ ਰੱਖੀ ਜਾਂਦੀ ਹੈ ।

(ਅ) ਮਾਮਲਾ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

ਅਨੁਲੱਗ

ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੇਣ ਲਈ ਮੌਜੂਦਾ ਆਮਦਨ ਦੀਆਂ ਹੱਦਾਂ ਹੇਠ ਲਿਖੇ ਅਨੁਸਾਰ ਹਨ :—

ਬੁਢਾਪਾ ਪੈਨਸ਼ਨ		ਆਮਦਨ ਦੀ ਹੱਦ
1. ਬਿਨੈਕਾਰ	..	15 ਰੁਪਏ ਪ੍ਰਤੀ ਮਹੀਨਾ ਤੱਕ
2. ਜੇ ਪਤੀ ਅਤੇ ਪਤਨੀ ਦੋਵੇਂ ਹੀ ਬਿਰਧ ਹੋਣ	..	30 ਰੁਪਏ ਪ੍ਰਤੀ ਮਹੀਨਾ ਤੋਂ ਘੱਟ
3. ਜੇ ਬਿਨੈਕਾਰ ਦੇ ਪੁੱਤਰ ਜਾਂ ਪੁੱਤਰਾ ਹੋਵੇ		(1) ਇਕੱਲੇ ਕਮਾਊ ਵਿਅਕਤੀ ਦੀ ਸੂਰਤ ਵਿਚ 50 ਰੁਪਏ ਪ੍ਰਤੀ ਮਹੀਨਾ ਤੱਕ ।
		(2) ਪਤੀ ਅਤੇ ਪਤਨੀ ਦੇ ਪਰਿਵਾਰ ਲਈ 90 ਰੁਪਏ ਪ੍ਰਤੀ ਮਹੀਨਾ ਅਤੇ ਹਰ ਇਕ ਬੱਚੇ ਲਈ 25 ਰੁਪਏ ਪ੍ਰਤੀ ਮਹੀਨਾ ਦੀ ਛੋਟ ਦਿਤੀ ਜਾਂਦੀ ਹੈ ਬਸ਼ਰਤੇ ਕਿ ਪਰਿਵਾਰ ਦੀ ਵੱਧ ਤੋਂ ਵੱਧ ਆਮਦਨ 150 ਰੁਪਏ ਪ੍ਰਤੀ ਮਹੀਨਾ ਤੱਕ ਹੋਵੇ ।
ਵਿਧਵਾ ਪੈਨਸ਼ਨ	..	ਬਿਨੈਕਾਰ ਦੀ ਆਮਦਨ 20 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੋਵੇ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਜੇਕਰ ਕਿਸੇ ਗਰੀਬ ਦੀ ਉਮਰ 15 ਸਾਲ ਤੋਂ 40 ਸਾਲ ਤੱਕ ਹੋਵੇ ਤਾਂ ਕੋਈ ਗੱਲ ਨਹੀਂ ਹੈ । ਉਸ ਦਾ ਤਾਂ ਕੋਈ ਬੰਦੋਬਸਤ ਹੋ ਜਾਂਦਾ ਹੈ ਪਰ ਜਿਸ ਦੀ ਉਮਰ 65 ਸਾਲ ਦੀ ਹੋ ਜਾਏ ਅਤੇ ਉਹ ਗਰੀਬ ਆਦਮੀ ਹੋਵੇ ਤਾਂ ਉਸ ਨੂੰ ਪੈਨਸ਼ਨ ਜ਼ਰੂਰ ਲੱਗਣੀ ਚਾਹੀਦੀ ਹੈ । 60 ਸਾਲ ਦੀ ਇਸਤਰੀ ਦੀ ਉਮਰ ਹੋ ਜਾਏ ਅਤੇ ਉਹ ਗਰੀਬ ਹੋਵੇ ਤਾਂ ਉਸ ਦੀ ਪੈਨਸ਼ਨ ਜ਼ਰੂਰ ਲੱਗਣੀ ਚਾਹੀਦੀ ਹੈ । ਦੂਸਰਾ ਜਿਨ੍ਹਾਂ ਦੀਆਂ ਪੈਨਸ਼ਨਾਂ ਰੁਕੀਆਂ ਪਈਆਂ ਹਨ, ਉਨ੍ਹਾਂ ਨੂੰ ਪੈਨਸ਼ਨਾਂ 10--12 ਮਹੀਨਿਆਂ ਤੋਂ ਨਹੀਂ ਮਿਲੀਆਂ ਹਨ । ਕੀ ਮਨਿਸਟਰ ਸਾਹਿਬ ਉਨ੍ਹਾਂ ਨੂੰ ਪੈਨਸ਼ਨਾਂ ਜਲਦੀ ਤੋਂ ਜਲਦੀ ਦਿਵਾਉਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬਾਨ ਸਪੈਸੇਫਿਕ ਕੇਸ ਦੱਸ ਦੇਣ ਤਾਂ ਉਸ ਦਾ ਪ੍ਰਬੰਧ ਕਰ ਦੇਵਾਂਗੇ ।

Mr. Speaker: Question Hour is over. The remaining questions shall be deemed to **have** been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Posts of Assistant Professors in the Medical Colleges in the State

***1443. Sardar Basant Singh Khalsa:** Will the Minister for Health be pleased to state—

(a) the number of posts of Assistant Professors of Biochemistry in the Medical Colleges in the State lying vacant;

(b) the required qualifications for the said posts?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਦੋ।

(ਅ) ਸਬੰਧਤ ਸਪੈਸ਼ਿਲਿਟੀ ਦੀ ਪੋਸਟ ਗਰੈਜੂਏਟ ਯੋਗਤਾ ; ਐਮ. ਡੀ.; ਪੀ. ਐਚ. ਡੀ. ; ਡੀ. ਐਸ. ਸੀ. ; ਐਮ. ਐਸ. ਸੀ. ਸਬੰਧਤ ਸਪੈਸ਼ਿਲਿਟੀ ਵਿਚ ਤਿੰਨ ਸਾਲਾਂ ਦਾ ਪੜ੍ਹਾਉਣ ਦਾ ਤਜਰਬਾ ਬਤੌਰ ਸੀਨੀਅਰ ਲੈਕਚਰਾਰ/ਲੈਕਚਰਾਰ, ਰਜਿਸਟਰਾਰ ਜਾਂ ਰਿਸਰਚ ਅਫ਼ਸਰ ਦੇ ਤੌਰ ਤੇ ਕਿਸੇ ਮੈਡੀਕਲ ਕਾਲਜ ਦਾ ਹੋਣਾ ਲਾਜ਼ਮੀ ਹੈ ਭਾਵੇਂ ਇਹ ਪੋਸਟ-ਗਰੈਜੂਏਟ ਯੋਗਤਾ ਪਰਾਪਤ ਕਰਨ ਤੋਂ ਬਾਅਦ ਦਾ ਹੋਵੇ ਜਾਂ ਪਹਿਲਾਂ ਦਾ।

---

100 BED CIVIL HOSPITAL AT FEROZEPUR

***1488. Shri Balmukand Sharma:** Will the Minister for Health be pleased to state—

(a) whether a 100-bed Civil Hospital has been sanctioned at district Headquarters Ferozepur; if so, the date of sanction;

(b) whether it is a fact that no building , staff, etc. have been provided for the said hospital; if so, the reasons therefor and the time by which these are likely to be provided?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਹਾਂ ਜੀ। ਇਹ 12 ਅਗਸਤ, 1971 ਨੂੰ ਪ੍ਰਵਾਨ ਕੀਤਾ ਗਿਆ ਸੀ ।

(ਅ) ਹਸਪਤਾਲ ਅਜੇ ਪੁਰਾਣੇ ਹਸਪਤਾਲ ਦੀ ਬਿਲਡਿੰਗ ਵਿੱਚ ਕੰਮ ਕਰ ਰਿਹਾ ਹੈ। 100 ਬਿਸਤਰਿਆਂ ਵਾਲੇ ਹਸਪਤਾਲ ਦੀ ਨਵੀਂ ਬਿਲਡਿੰਗ ਫਿਰੋਜ਼ਪੁਰ ਵਿਖੇ ਉਸਾਰੀ ਅਧੀਨ ਹੈ।ਵਿੱਤੀ ਘਾਟ ਕਾਰਨ ਇਸ ਸਮੇਂ ਇਹ ਦੱਸਣਾ ਸੰਭਵ ਨਹੀਂ ਕਿ ਇਹ ਕਦ ਤਕ ਪੂਰੀ ਹੋਵੇਗੀ। ਹਸਪਤਾਲ ਨੂੰ ਚਲਾਉਣ ਲਈ ਲੋੜੀਂਦਾ ਸਟਾਫ ਪਹਿਲਾਂ ਹੀ ਨਿਯੁਕਤ ਕਰ ਦਿੱਤਾ ਹੈ।

Pending Arbitration Cases of Cooperative Societies in District Jullundur

***1503. 1. Comrade Kulwant Singh**
2. Comrade Sarwan Singh Cheema } :Will the Minister of
3. Comrade Buta Singh

State for Cooperation be pleased to state—

(a) the number and details of arbitration cases relating to Co-operative Societies pending as on the 31st December, 1981, in District Jullundur, Assistant Registrars' area-wise;

Original with;
Punjab Vidhan Sabha
Digitized by;
Panjab Digital Library

(b) the number of cases out of those referred to in part (a) above which have been lying pending for:

(i) One year ;

(ii) Two years ;

(iii) Five years and :

(iv) Ten years?

ਸਰਦਾਰ ਬੀਰ ਪਾਲ ਸਿੰਘ : ਸੂਚਨਾ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸੂਚਨਾ

ਸਹਿਕਾਰੀ ਸਭਾਵਾਂ ਨਾਲ ਸਬੰਧਤ ਸਾਲਸੀ ਕੇਸਾਂ ਦੇ ਨੰਬਰ ਅਤੇ ਵਿਸਥਾਰ ਸਹਿਤ ਸੂਚਨਾ ਦੀ ਸੂਚੀ ।

(ੳ) ਸਹਿਕਾਰੀ ਸਭਾਵਾਂ ਦੇ ਬਕਾਇਆ ਸਾਲਸੀ ਕੇਸ ਮਿਤੀ 31 ਦਸੰਬਰ, 1981 ਜ਼ਿਲ੍ਹਾ ਜਲੰਧਰ ਦੇ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ-ਵਾਰ ਹੇਠ ਲਿਖੇ ਅਨੁਸਾਰ ਹਨ :--

ਸ. ਰ. ਸਹਿਕਾਰੀ ਸਭਾਵਾਂ, ਜਲੰਧਰ		ਸ. ਰ. ਸਹਿਕਾਰੀ ਸਭਾਵਾਂ, ਨਕੋਦਰ ਐਂਟ ਜਲੰਧਰ		ਸ.ਰ.ਸ.ਸ. ਨਵਾਂ ਸ਼ਹਿਰ		ਕੁੱਲ ਜੋੜ ਜ਼ਿਲ੍ਹਾ ਜਲੰਧਰ	
ਨੰ:	ਰਕਮ	ਨੰ:	ਰਕਮ	ਨੰ:	ਰਕਮ	ਨੰ:	ਰਕਮ
268	15.52 ਲੱਖ	147	8.70 ਲੱਖ	534	14.63 ਲੱਖ	999	38.85 ਲੱਖ

(ਅ) ਉਪਰੋਕਤ (ੳ) ਤੇ ਦਿੱਤੇ ਹੋਏ ਬਕਾਇਆ ਸਾਲਸੀ ਕੇਸਾਂ ਦਾ ਸਹਾਇਕ ਰਜਿਸਟਰਾਰ ਸ.ਸ. ਅਤੇ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :--

ਸ.ਰ.ਸ.ਸ. ਜਲੰਧਰ		ਸ.ਰ.ਸ.ਸ. ਨਕੋਦਰ ਐਂਟ ਜਲੰਧਰ		ਸ.ਰ.ਸ.ਸ. ਨਵਾਂ ਸ਼ਹਿਰ		ਕੁੱਲ ਜੋੜ-ਜ਼ਿਲ੍ਹਾ ਜਲੰਧਰ	
ਨੰ:	ਰਕਮ	ਨੰ:	ਰਕਮ	ਨੰ:	ਰਕਮ	ਨੰ:	ਰਕਮ
1. ਇਕ ਸਾਲ							
52	8.23 ਲੱਖ	..	..	324	11.10 ਲੱਖ	376	19.33 ਲੱਖ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਹਿਕਾਰਤਾ]

ਸ.ਰ.ਸ.ਸ ਜਲੰਧਰ		ਸ.ਰ.ਸ.ਸ. ਨਕੋਦਰ ਐਂਟ ਜਲੰਧਰ		ਸ.ਰ.ਸ.ਸ. ਨਵਾਂ ਸ਼ਹਿਰ		ਕੁਲ ਜੋੜ-ਜ਼ਿਲ੍ਹਾ ਜਲੰਧਰ	
ਨੰ:	ਰਕਮ	ਨੰ:	ਰਕਮ	ਨੰ:	ਰਕਮ	ਨੰ:	ਰਕਮ
2. ਦੋ ਸਾਲ							
29	2.32 ਲੱਖ	42	0.73 ਲੱਖ	0.39	0.99 ਲੱਖ	110	4.04 ਲੱਖ
3. ਪੰਜ ਸਾਲ							
..	..	..	..	..	..	..	..
4. ਦਸ ਸਾਲ							
..	..	..	..	..	..	...	..

Roads Repaired in the State During 1981-82

*1446. **Sardar Gurnaib Singh Brar :** Will the Minister for Public Works be pleased to state the total mileage of roads repaired in the State by the Public Works Department (B & R Branch) during the financial year, 1981-82 (to-date) ?

ਸਰਦਾਰ ਬੇਅੰਤ ਸਿੰਘ : ਸਾਲ 1981-82 ਦੇ ਜਨਵਰੀ, 1982 ਦੇ ਅੰਤ ਤੱਕ ਸੜਕਾਂ ਉਤੇ ਮੁਰੰਮਤ ਦਾ ਕੰਮ ਹੇਠਾਂ ਅਨੁਸਾਰ ਕੀਤਾ ਗਿਆ ਹੈ :

ਸਬਸੀਕੁਐਂਟ ਲੁਕ ਦਾ ਕੋਟ	...	2909 ਕਿ : ਮੀ :
ਹੈਵੀ ਪੈਚ ਵਰਕ	...	1415 ਕਿ : ਮੀ :
ਸੜਕਾਂ ਦੀ ਮਜ਼ਬੂਤੀ ਦਾ ਕੰਮ	...	112.38 ਕਿ : ਮੀ :
ਸੜਕਾਂ ਨੂੰ ਉਚਾ ਕਰਨ ਦਾ ਕੰਮ	...	20.88 ਕਿ. ਮੀ :
ਸਾਧਾਰਨ ਪੈਚ ਵਰਕ	...	11590 ਕਿ : ਮੀ :

Original with;
Punjab Vidhan Sabha
Digitized by;
Panjab Digital Library

Construction of a Bye-Pass at Batala

*1425. **Shri Gopal Krishan Chatrath** : Will the Minister for Public Works be pleased to state whether there is any proposal under the consideration of the Government to construct a bye-pass linking Aliwal road with Gurdaspur Road in tehsil Batala ; if so, the details thereof and the time by which the work on the said bye-pass is likely to be taken in hand ?

ਸਰਦਾਰ ਬੇਅੰਤ ਸਿੰਘ : ਹਾਂ ਜੀ। ਸਹੀ ਵੇਰਵਾ ਅਤੇ ਕੰਮ-ਸ਼ੁਰੂ ਕਰਨ ਦਾ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਹਾਲੇ ਤਕਨੀਕੀ ਅਤੇ ਵਿਤੀ ਪਰਵਾਨਗੀ ਭਾਰਤ ਸਰਕਾਰ ਤੋਂ ਪ੍ਰਾਪਤ ਕਰਨੀ ਰਹਿੰਦੀ ਹੈ।

Calendar for the Year 1982

*1437. (1) **Sardar Atma Singh**
(2) **Sardar Sarwan Singh Phillaur**
(3) **Jathedar Naranjan Singh Patti** } : Will the Minister for Health be pleased to state :

(a) the total number of copies of the Punjab Government Calendar for the year, 1982, got printed by the Government together with the total amount incurred thereon ;

(b) whether it has come to the notice of the Government that there are a number of etymological and spelling mistakes in the Punjabi language used in the said Calendar ;

(c) the measures taken or proposed to be taken by the State Government to check such mistakes in future ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ਏ) ਸੱਤਰ ਹਜ਼ਾਰ ਕਲੈਂਡਰ 44,800 ਰੁਪਏ ਦੀ ਲਾਗਤ ਨਾਲ ਛਪਵਾਏ ਗਏ ਸਨ।

(ਬੀ) ਸਰਕਾਰ ਦੇ ਧਿਆਨ ਵਿਚ ਕੈਲੰਡਰ ਵਿਚ ਵਰਤੀ ਗਈ ਪੰਜਾਬੀ ਭਾਸ਼ਾ ਵਿਚ ਸ਼ਬਦ, ਸਾਧਨ ਅਤੇ ਸ਼ਬਦ-ਜੋੜਾਂ ਸਬੰਧੀ ਕੋਈ ਗਲਤੀ ਨਹੀਂ ਆਈ।

(ਸੀ) ਸਵਾਲ ਹੀ ਪੈਦਾ ਨਹੀਂ ਹੁੰਦਾ।

STARRED QUESTION No. *1475

[Extension was asked for in respect of Starred Question No. 1475.]

---

*For Staraed Question No. 1475 and Reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

Repair of Rego Bridge in Amritsar

*1493. **Professor Darbari Lal ;** Will the Minister for Public Works be pleased to state —

(a) whether it is a fact that the Rego Railway Bridge in Amritsar is in a dilapidated condition ;

(b) if the reply to part (a) above be in affirmative, whether there is a proposal under the consideration of the Government to get the said bridge repaired ; if so, by which time ?

ਸ਼੍ਰੀ ਸਰਦਾਰੀ ਲਾਲ ਕਪੂਰ (ਸਥਾਨਕ ਸਰਕਾਰ ਮੰਤਰੀ) : (ਏ) ਰੇਲਵੇ ਅਥਾਰਿਟੀਜ਼ ਨੇ ਇਸ ਪੁਲ ਨੂੰ ਹੈਵੀ/ਲਾਈਟ ਟਰੈਫਿਕਲਈ ਅਸੁਰੱਖਿਅਤ ਘੋਸ਼ਿਤ ਕਰ ਦਿਤਾ ਹੈ ।

(ਬ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਨੂੰ ਕੁਝ ਸਮਾਂ ਲਗਣ ਦੀ ਸੰਭਾਵਨਾ ਹੈ।

UNSTARRED QUESTIONS AND ANSWERS

Construction of Bridge on Kiran Escape Aliwal

220. Sardar Mohinder Singh Sarupwali : Will the Minister for Agriculture and Irrigation be pleased to state whether there is any proposal under the consideration of the Government to construct a bridge on Kiran Escape Aliwal between the villages Gujjarpura and Doburji in tehsil Batala, district Gurdaspur; if so, the time by which the construction work thereon is likely to be completed ?

ਚੌਧਰੀ ਕਾਂਸ਼ੀ ਰਾਮ : ਹਾਂ ਜੀ। ਭਾਰਤ ਸਰਕਾਰ ਦੀ ਮਹਿਮਤੀ ਆਉਣ ਤੋਂ ਬਾਅਦ ਹੀ ਕੰਮ ਸ਼ੁਰੂ ਹੋਵੇਗਾ ।

Construction of Bridge on Patti Nullah

221. Sardar Mohinder Singh Sarupwali : Will the Minister for Agriculture and Irrigation be pleased to state whether there is any proposal under the consideration of the Government to construct a bridge on Patti Nullah System between the villages Nassirpur and Mannan in tehsil Batala,

Original with;
Punjab Vidhan Sabha
Digitized by;
Panjab Digital Library

district Gurdaspur, if so, the time by which the said bridge is likely to be constructed ?

ਚੌਧਰੀ ਕਾਂਸ਼ੀ ਰਾਮ : ਹਾਂ ਜੀ। ਪੁਲ ਦੀ ਉਸਾਰੀ ਦਾ ਕੰਮ ਸਰਕਾਰ ਵਲੋਂ ਅਗੇਤੀ ਮੰਨਜ਼ੂਰੀ ਕਰਨ ਤੇ ਹੱਥ ਵਿਚ ਲਿਆ ਜਾਵੇਗਾ।

Bus Service from Khanna to Khamano

217. Sardar Shamsher Singh : Will the Minister of State for Transport be pleased to state whether there is any proposal under the consideration of the Government to start bus service from Khanna to Khamano via Rahoun Harion, Gob Manupur, Goslan and Chari ; if so, the time by which it is likely to be started ?

ਸਰਦਾਰ ਅਵਤਾਰ ਸਿੰਘ ਗਟਵਾਲੀ : ਹਾਂ ਜੀ। ਖੰਨਾ ਤੋਂ ਖਮਾਣੋਂ ਤੇ ਬੇਲੇ ਤੱਕ ਉਪਰੋਕਤ ਪਿੰਡਾਂ ਵਿਚੋਂ ਬੱਸ ਸੇਵਾ ਚਲਾਉਣ ਲਈ ਇਕ ਸੁਝਾਓ ਵਿਚਾਰ ਅਧੀਨ ਹੈ ਅਤੇ ਇਸ ਦਾ ਜਲਦੀ ਫੈਸਲਾ ਹੋਣ ਦੀ ਆਸ ਹੈ।

Shortage of Coal

216. Sardar Dalip Singh Pandhi : Will the Minister of State for Food and Supplies be pleased to state—

(a) whether he is aware of the shortage of coal of all types in the State causing great economic crisis in Industrial production and domestic use ; if so, the details thereof ;

(b) if the reply to part (a) above be in the affirmative whether any steps are being taken to remove the shortage ?

Sardar Darbara Singh (Chief Minister) : (a) Yes, Sir. The requisite details are placed at the Table of the House as per Annexure A & B.

(b) The matter is being pursued with the Energy Ministry of the Government of India, Coal India Ltd. and the Railway Ministry for stepping up supplies of Coal and removal of transportation bottlenecks.

ANNEXURE A

Allotment and arrival details in respect of Steam Coal and hard Coke.

Serial No.	Year	Allotment of steam coal (wagons)	Arrival of steam coal (wagons)	Percentage	Allotment of Hard Coke (wagons)	Arrival of hard coke (wagons)	Percentage
1	1979	36,000	9,594	27%	6,600	4,166	63%
2	1980	36,000	5,500	15%	6,600	1,927	30%
3	1981	36,000	6,745	18·15%	6,600	904	13·7%

Original with;
Punjab Vidhan Sabha
Digitized by;
Panjab Digital Library

ANNEXURE B

SLACK COAL

Year	Yearly Quota	No. of rakes received during the year	Percentage
1979	1152 rakes under BRK priority & 24 rakes under R.C. priority Total 1176 Rakes	9½ rakes (BRK)	0·81%
1980	Ditto Ditto	3½ Rakes (BRK)	0·29%
1981	Ditto Ditto	2 rakes and 29 boxes (Under R.C. Priority)	0·25%

Soft Coke

Year	Yearly Quota	No. of wagons received during the year	Percentage
1979	120 rakes+4000 wagons in piecemeal Total 13800 wagons	1214	8·8%
1980	Ditto	1322	9·6%
1981	Ditto	1085	7·9%

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਇੱਕ ਸਪਲੀਮੈਂਟਰੀ ਹੈ।

ਸ਼੍ਰੀ ਸਪੀਕਰ : ਕੁਐਸ਼ਚਨ ਆਵਰ ਖਤਮ ਹੋ ਚੁੱਕਾ ਹੈ।

ਡਾਕਟਰ ਭਗਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਆਤਮਾ ਸਿੰਘ : ** ** **

ਸ਼੍ਰੀ ਸਪੀਕਰ : ਤੁਸੀਂ ਲਿਖ ਕੇ ਭੇਜ ਦਿਓ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਆਤਮਾ ਸਿੰਘ : ** ** **

(ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਇਸ ਬਾਰੇ ਨੋਟਿਸ ਦੇ ਦਿਓ।

ਸਰਦਾਰ ਆਤਮਾ ਸਿੰਘ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਤੁਸੀਂ ਲਿਖ ਕੇ ਦੇ ਦਿਓ ।

ਸਰਦਾਰ ਆਤਮਾ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਮਾਨ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਮਾਨ : ** ** ** (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਮਾਨ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ਼੍ਰੀ ਗੁਰਦਿਆਲ ਸੈਣੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਕਾਮਰੇਡ ਸੱਘੜ ਸਿੰਘ ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਕਾਮਰੇਡ ਬਲਦੇਵ ਸਿੰਘ ਲੂੰਬਾ : ** ** ** (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

POINT OF ORDER *re.* QUESTION OF PRIVILEGE

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਨੂੰ ਕੁਐਸਚਨ ਆਫ ਪ੍ਰਿਵਿਲਿਜ ਅੰਡਰ ਰੂਲ 252, 253 ਅਤੇ 254 ਭੇਜਿਆ ਸੀ । ਉਸ ਦੇ ਮੁਤਾਬਿਕ ਆਪ ਜੀ ਆਪਣੀ ਰਾਏ ਦੇ ਦਿਓ ।

ਸ਼੍ਰੀ ਸਪੀਕਰ : ਮੈਨੂੰ ਮਿਲਿਆ ਨਹੀਂ ਹੈ । ਮੈਂ ਦੇਖ ਲਵਾਂਗਾ ।

ਸਰਦਾਰ ਹਰਦਿਪਿੰਦਰ ਸਿੰਘ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਵਜ਼ੀਰ ਸਾਹਿਬ ਨੇ ਮੈਨੂੰ ਕਿਹਾ ਕਿ ਮੇਰਾ ** ਹੋ ਗਿਆ ਹੈ (ਵਿਘਨ)

ਸ਼੍ਰੀ ਸਪੀਕਰ : ਜੇਕਰ ਉਨ੍ਹਾਂ ਨੇ ਇਸ ਤਰ੍ਹਾਂ ਕਿਹਾ ਹੈ ਤਾਂ ਉਹ ਔਕਸਪੰਜ ਹੋਇਆ ਸਮਝਿਆ ਜਾਏ।

ਕਾਮਰੇਡ ਰਾਜ ਕੁਮਾਰ : ਮੈਂ ਅਖਬਾਰ ਵਿਚ ਪੜ੍ਹਿਆ ਹੈ ਜੋ ਤੁਸੀਂ ਕਲ੍ਹ ਰੂਲਿੰਗ ਦਿਤੀ ਹੈ। ਇਹ ਰੂਲਿੰਗਜ਼ ਰਿਕਾਰਡ ਹੋ ਰਹੀਆਂ ਹਨ ਅੌਰ ਦਿੱਲੀ ਜਾ ਰਹੀਆਂ ਹਨ। ਮੈਂ ਤੁਹਾਡਾ ਧਿਆਨ ਪ੍ਰਿਵਿਲਿਜ ਦੇ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਜੇਕਰ ਨੋਟਿਸ ਨਾ ਵੀ ਹੋਏ ਤਾਂ ਵੀ ਆਪ ਜੀ ਕੋਲ ਪਾਵਰਜ਼ ਹਨ ਜੇਕਰ ਮਾਮਲਾ ਇੰਪਾਰਟੈਂਟ ਹੈ ਤਾਂ ਉਸ ਦੀ ਕਾਗਨੀਜੈਂਸ ਲਓ। ਤੁਸੀਂ ਰੂਲ 256 ਤੋਂ ਚੰਗੀ ਤਰ੍ਹਾਂ ਵਾਕਿਫ ਹੋ। ਡਾਕਟਰ ਭਗਤ ਸਿੰਘ ਜੀ ਨੇ ਇਸ ਮਾਮਲੇ ਵਲ ਆਪ ਜੀ ਦਾ ਧਿਆਨ ਦਿਵਾਇਆ ਹੈ। ਇਹ ਨਾ ਸਿਰਫ ਮੈਟਰ ਆਫ ਰੀਸੈਂਟ ਅਕਰੈਂਸ ਹੈ ਬਲਿਕ ਪਾਰਲੀਮੈਂਟਰੀ ਡੈਮੋਕ੍ਰੇਸੀ ਨਾਲ ਤੁਅੱਲਕ ਵੀ ਰਖਦਾ ਹੈ। ਮੈਂ ਅਖਬਾਰ ਵਿਚ ਪੜ੍ਹਿਆ ਹੈ। ਕੱਲ ਤੁਸੀਂ ਇਥੇ ਹਾਊਸ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਜਿਹੜਾ ਮਾਮਲਾ ਉਸ ਮੀਟਿੰਗ ਨਾਲ ਸਬੰਧਤ ਹੈ ਜਿੰਹੜੀ ਮੀਟਿੰਗ ਲਈ ਅਫਸਰ ਆਨ ਸਪੈਸ਼ਲ ਡਿਊਟੀ ਪਾਰਲੀਮੈਂਟਰੀ ਸੈਲ ਨੇ ਆਪੋਜ਼ੀਸ਼ਨ ਦੇ ਲੀਡਰਜ਼ ਅੌਰ ਆਪੋਜੀਸ਼ਨ ਗਰੁੱਪਸ ਨੂੰ ਉਸ ਮੀਟਿੰਗ ਵਾਸਤੇ ਸਮਨ ਕੀਤਾ ਹੈ। ਸਪੀਕਰ ਸਾਹਿਬ, ਤੁਹਾਡਾ ਫੈਸਲਾ ਰਿਕਾਰਡਿਡ ਹੈ ਅਤੇ ਉਹ ਪਾਰਲੀਮੈਂਟ ਵਿਚ ਰੈਫਰ ਹੋਣਾ ਹੈ। ਮੈਂ ਤੁਹਾਡੀ ਤਵੱਜੋ ਦਿਵਾਉਣੀ ਚਾਹੁੰਦਾ ਹਾਂ ਕਿ ਜਿਸ ਵੇਲੇ ਪ੍ਰਿਵਿਲਿਜ ਕੁਐਸਚਨ ਤੇ ਰੂਲਿੰਗ ਦਿੰਦੇ ਹੋ ਤਾਂ ਉਸ ਵੇਲੇ ਪਿਛਲੀ ਪ੍ਰੈਕਟਿਸ ਨੂੰ ਦੇਖ ਲਿਆ ਕਰੋ (ਵਿਘਨ)।

ਵਿੱਤ ਮੰਤਰੀ : ਕੀ ਇਹ ਤੁਸੀਂ ਆਪਣੀ ਰੂਲਿੰਗ ਤੇ ਡਿਸਕਸ਼ਨ ਅਲਾਓ ਕਰ ਦਿੱਤੀ ਹੈ ?

ਕਾਮਰੇਡ ਰਾਜ ਕੁਮਾਰ : ਮੈਨੂੰ ਸੁਣ ਲਓ। ਤੁਹਾਨੂੰ ਰਾਈਟ ਹੈ ਤੁਸੀਂ ਬਾਅਦ ਵਿਚ ਭਾਵੇਂ ਰੂਲ ਆਊਟ ਕਰ ਦਿਓ। ਸਾਡੀ ਬੇਨਤੀ ਸੁਣ ਲੈਣੀ ਚਾਹੀਦੀ ਹੈ। ਇਹ ਕੋਈ ਇੰਡੀਵਿਜ਼ੂਅਲ ਨੇਚਰ ਦਾ ਮਾਮਲਾ ਨਹੀਂ ਹੈ। ਇਹ ਹਾਊਸ ਦੀ ਪ੍ਰਿਵਿਲਿਜ ਰਾਈਟਸ ਅੌਰ ਮੈਂਬਰਜ਼ ਦੀ ਇੱਜ਼ਤ ਦਾ ਮਾਮਲਾ ਹੈ ਜਿਸ ਵਿਚ ਟਰੈਜ਼ਰੀ ਬੈਂਚਿਜ਼ ਅੌਰ ਆਪੋਜ਼ੀਸ਼ਨ ਬੈਂਚਿਜ਼ ਦੇ ਮੈਂਬਰ ਸ਼ਾਮਲ ਹਨ। ਮੈਂ ਇਹ ਮਾਮਲਾ ਰੂਲ ਨੰ: 256 ਰੂਲਜ਼ ਆਫ ਪ੍ਰੋਸੀਜ਼ਰ ਦੇ ਮੁਤਾਬਿਕ ਰੇਜ਼ ਕਰਦਾ ਹਾਂ। ਮੈਂ ਉਸ ਮੁਤਾਬਿਕ ਤੁਹਾਡਾ ਧਿਆਨ ਇਸ ਮਾਮਲੇ ਬਾਰੇ ਦਿਵਾ ਰਿਹਾ ਹਾਂ। ਤੁਸੀਂ ਉਸ ਦੇ ਮੁਤਾਬਿਕ ਐਕਟ ਕਰੋ। ਡਾਕਟਰ ਭਗਤ ਸਿੰਘ ਨੇ ਜੋ ਪ੍ਰਿਵਿਲਿਜ ਮੋਸ਼ਨ ਦਿਤੀ ਹੈ the matter is very urgent.

Sardar Birdevinder Singh : Mr. Speaker, have you received the notice of privilege motion ? On what topic is he speaking ? What is the subject of the privilege motion? We should also know about it.

Comrade Raj Kumar : You have no right to encroach upon my right.

**Expunged as ordered by the Chair.

Original with;
Punjab Vidhan Sabha
Digitized by;
Panjab Digi

Mr. Speaker : He has given a notice of privilege motion and I have received the same.

Sardar Birdevinder Singh : Whether you have given the consent to raise it?

Mr. Speaker : Let me hear Comrade Raj Kumar and then I will give my ruling.

Comrade Raj Kumar: Sir, I was saying that one of the Officers on Special Duty, Parliamentary Affairs, Department of General Administration, in the State Government has in a letter dated the 11th/12th March, 1982, 'required Leaders of Opposition Parties/Groups to attend a meeting to be chaired by the Chief Minister, Punjab, to formulate the code of conduct for the Legislators both outside and inside the House as well as their relationship with the services of the State.'

ਸਪੀਕਰ ਸਾਹਿਬ, ਮੈਂ ਇਹ ਮਾਮਲਾ ਇਸ ਕਰਕੇ ਉਠਾ ਰਿਹਾ ਹਾਂ ਕਿਉਂਕਿ ਜਨਾਬ ਇਸ ਹਾਊਸ ਦੇ ਕੁਸਟੋਡੀਅਨ ਹਨ। (ਵਿਘਨ) ਮੈਂ ਇਸ ਕਰਕੇ ਇਹ ਮਾਮਲਾ ਉਠਾ ਰਿਹਾ ਹਾਂ ਕਿਉਂਕਿ ਤੁਸੀਂ ਆਪਣੀਆਂ ਪਾਵਰਜ਼ ਐਬਡੀਕੇਟ ਕਰ ਰਹੇ ਹੋ in favour of Parliamentary Cell of Govt. ਇਸ ਨੂੰ ਬਚਾਉਣ ਲਈ ਮੈਂ ਇਹ ਮਾਮਲਾ ਉਠਾ ਰਿਹਾ ਹਾਂ । ਕੱਲ੍ਹ ਜੋ ਤੁਸੀਂ ਫੈਸਲਾ ਦਿਤਾ .. ..

ਸ਼੍ਰੀ ਸਪੀਕਰ : ਤੁਸੀਂ ਰੈਲੇਵੈਂਟ ਰਹੋ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਤੁਸੀਂ ਸੁਣ ਤਾਂ ਲਵੋ । ਮੈਂ ਰੈਲੇਵੈਂਟ ਹੀ ਗਲ ਕਰਾਂਗਾ । ਸੀ. ਐਮ. ਨੇ ਕਿਹਾ ਕਿ ਉਹ ਮੀਟਿੰਗ ਕੰਸਲ ਹੋ ਗਈ ਹੈ। I would like to know as to what action is proposed to be taken against the Officer who acted on the advice of somebody to summon the Leaders of the Opposition Parties and Groups.

ਸਪੀਕਰ ਸਾਹਿਬ, ਇਸ ਤੋਂ ਵੱਡਾ ਡੈਮੋਕਰੇਸੀ ਨਾਲ ਮਜ਼ਾਕ ਪਹਿਲਾਂ ਕਦੇ ਨਹੀਂ ਸੁਣਿਆ। ਜਦੋਂ ਅਜਨਾਲਾ ਸਾਹਿਬ ਇਥੇ ਪਾਰਲੀਮੈਂਟਰੀ ਅਫੇਅਰਜ਼ ਮਿਨਿਸਟਰ ਸਨ ਉਦੋਂ ਵੀ ਇਸ ਕਿਸਮ ਦੀ ਚਿੱਠੀ ਆਈ ਸੀ। ਉਦੋਂ ਵੀ ਇਸ ਕਿਸਮ ਦਾ ਮਾਮਲਾ ਆਇਆ ਸੀ। ਮੈਂ ਉਦੋਂ ਵੀ ਇਕ ਲੈਟਰ ਲਿਖੀ ਸੀ। (ਵਿਘਨ) ਸਪੀਕਰ ਸਾਹਿਬ, ਇਹ ਮਾਮਲਾ ਹਾਊਸ ਤੇ ਛੱਡੋ। ਜੋ ਤੁਸੀਂ ਫੈਸਲਾ ਕੀਤਾ ਹੈ ਉਸ ਨੂੰ ਰੀਕੰਸਿਡਰ ਕਰੋ ਅਤੇ ਜਿਹੜਾ ਅਫਸਰ ਹੈ ਉਸ ਨੂੰ ਸੱਮਨ ਕਰੋ before the bar of the House.

ਸ਼੍ਰੀ ਸਪੀਕਰ : ਤੁਸੀਂ ਉਸ ਮਾਮਲੇ ਤੇ ਆ ਗਏ ਹੋ ਜਿਹੜਾ ਕੱਲ ਇਥੇ ਉਠਿਆ ਸੀ। (ਵਿਘਨ) ਇਹ ਅੱਜ ਦਾ ਮਸਲਾ ਵੀ ਕੱਲ ਦੇ ਮਸਲੇ ਵਰਗਾ ਹੈ । This matter has been disposed of. I did not allow my consent for the privilege motion to be moved.

Comrade Raj Kumar: Sir, this is a question of breach of privilege.

Mr. Speaker : I have disposed of the matter and this motion of privilege is absolutely akin to what I have disposed of yesterday. Therefore.

Original with;
Punjab Vidhan Sabha
Digitized by;
Panjab Digital Library

[Mr. Speaker]

I do not give my conset to this privilege motion and this is also disposed of.

ਵੈਦ ਕਰਤਾਰ ਸਿੰਘ : ** ** **

Mr. Speaker : This is no point of order.

ਸਰਦਾਰ ਦਲੀਪ ਸਿੰਘ ਪੰਧੀ : ** ** **

Mr. Speaker : This is no point of order.

Doctor Bhagat Singh: I heve raised a point of order. You have fold me that you have not received the notice of privilege motion. I wonder without going through it and without hearing me, how can you decide it.

Mr. Speaker: I have received the privilege motion.

Doctor Bhagat Singh ; Let me have my say on the point of order.

Mr. Speaker : Please sit down.

Doctor Bhagat Singh : ** ** **

Mr. Speaker : This stands expunged.

Sardar Birdevinder Singh : He is not ** the democracy.

Doctor Bhagat Singh : ** ** **

Mr. Speaker: All this is expunged.

Doctor Bhagat Singh : Let me have my say. I must have my say.

Mr. Speaker : I do not allow you . Whatever the hon. Member is saying should not be recorded.

ਸਰਦਾਰ ਰਵੀ ਇੰਦਰ ਸਿੰਘ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਬੜੇ ਐਜੀਟੇਟਿਡ ਹਨ ਆਨ ਏ ਮੈਟਰ। ਉਹ ਕੇਵਲ ਤੁਹਾਡੀ ਹੀਅਰਿੰਗ ਚਾਹੁੰਦੇ ਹਨ। ਤੁਸੀਂ ਉਨ੍ਹਾਂ ਨੂੰ ਹੀਅਰਿੰਗ ਦੇ ਦਿਓ। ਉਨ੍ਹਾਂ ਨੂੰ ਸੁਣਨ ਤੋਂ ਬਾਅਦ ਬੇਸ਼ਕ ਤੁਸੀਂ ਉਸ ਨੂੰ ਓਵਰ ਰੂਲ ਕਰ ਦਿਓ।

Doctor Bhagat Singh : ** ** **

Mr. Speaker : I do not allow. Whatever Dr. Bhagat Singh is saying should not be recorded.

Sardar Birdevinder Singh : Why do you not invite him to your Chamber alongwith others.

ਸਰਦਾਰ ਰਵੀਇੰਦਰ ਸਿੰਘ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਹਾਊਸ ਵਿਚ ਹਰ ਗਲ ਕਰਨ ਦਾ, ਖੜੇ ਹੋਣ ਦਾ ਅਤੇ ਬੈਠਣ ਦਾ ਢੰਗ ਹੈ ਅਤੇ ਇਹ ਰੂਲਜ਼ ਆਫ ਪਰੋਸੀਜਰ ਵਿਚ ਪਰੋਸਕਰਾਈਬਡ ਹੈ। ਮੈਂ ਆਨਰੇਬਲ ਮੈਂਬਰ ਸਰਦਾਰ ਬੀਰਦਵਿੰਦਰ ਸਿਘ ਦੀ ਕਦਰ ਕਰਦਾ ਹਾਂ। On many occasions ਉਹ ਮੈਨੂੰ ਮੁਖਾਤਬ ਕਰਦੇ ਹੋਏ ਸ਼ੇਅਰ ਵੀ

**Expunged/Not recorded as ordered by the Chair.

Original with;
Punjab Vidhan Sabha
Digitized by;
Digital Library

ਪੜ੍ਹਦੇ ਹਨ। ਪਰ ਮੈਂ ਉਨ੍ਹਾਂ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਚੇਅਰ ਨੂੰ ਐਡਰੈਸ ਕਰਦੇ ਹਾਂ ਤਾਂ ਪਾਕੇਟ ਵਿਚ ਹੱਥ ਪਾ ਕੇ ਨਹੀਂ ਰੱਖੀਦੇ।

ਡਾਕਟਰ ਭਗਤ ਸਿੰਘ : ** ** **

Mr. Speaker : I have closed this matter.

ਡਾਕਟਰ ਭਗਤ ਸਿੰਘ : ** ** **

Mr. Speaker . Not allowed. Please sit down.

ਸਰਦਾਰ ਆਤਮਾ ਸਿੰਘ ਜੀ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

ਡਾਕਟਰ ਭਗਤ ਸਿੰਘ : ** ** **

WALK-OUT

(ਇਸ ਵਕਤ ਅਕਾਲੀ ਪਾਰਟੀ (ਤਲਵੰਡੀ), ਅਕਾਲੀ ਪਾਰਟੀ (ਲੌਂਗੋਵਾਲ) ਸਿਵਾਏ ਸਰਦਾਰ ਆਤਮਾ ਸਿੰਘ ਦੇ, ਸੀ. ਪੀ. ਆਈ., ਭਾਰਤੀਯ ਜਨਤਾ ਪਾਰਟੀ ਅਤੇ ਸੀ. ਪੀ. ਆਈ. (ਐਮ.) ਦੇ ਸ਼ਾਰੇ ਹਾਜ਼ਰ ਮਾਨਯੋਗ ਮੈਂਬਰਜ਼ ਹਾਊਸ ਤੋਂ ਬਾਹਰ ਚਲੇ ਗਏ।

CALL ATTENTION NOTICES UNDER RULE 66.

(ਕ੍ਰਮ ਨੰ: 86)

ਸਰਦਾਰ ਆਤਮਾ ਸਿੰਘ : ਮੈਂ ਸਰਕਾਰ ਦਾ ਧਿਆਨ ਲੌਂਕ ਮਹੱਤਤਾ ਦੇ ਇਕ ਜ਼ਰੂਰੀ ਮਸਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਨੰਗਲ ਖਾਦ ਫੈਕਟਰੀ ਦਾ ਜ਼ਹਿਰੀਲਾ ਪਾਣੀ ਸਵਾਨ ਨਦੀ ਵਿਚ ਪੀਣ ਕਾਰਨ ਅਲਗਰਾਂ ਅਤੇ ਸਵਾਗ ਪਿੰਡਾਂ ਦੇ ਲੌਕਾਂ ਦੀਆਂ ਬਾਰਾਂ ਮੱਝਾਂ ਇਹ ਜ਼ਹਿਰੀਲਾ ਪਾਣੀ ਪੀਣ ਕਾਰਨ ਮਰ ਗਈਆਂ ਹਨ, ਕਈ ਮੱਝਾਂ ਅਤੇ ਗਊਆਂ ਬਾਂਝ ਹੋ ਗਈਆਂ ਹਨ। ਪਿੰਡ ਦੇ ਇਕ ਅਮਰ ਸਿੰਘ ਦੀਆਂ ਚਾਰ ਮੱਝਾਂ ਅਤੇ ਇਕ ਚੌਕੀਦਾਰ ਦੀਆਂ ਦੋ ਮੱਝਾਂ ਭੀ ਇਸ ਪਾਣੀ ਕਾਰਨ ਮਰ ਗਈਆਂ ਹਨ। ਇਸ ਜ਼ਹਿਰੀਲੇ ਪਾਣੀ ਦਾ ਅਸਰ ਨਦੀ ਦੇ ਕੰਢੇ ਤੇ ਆਬਾਦ ਬੂਥ ਗੜ੍ਹ, ਨਾਨ-ਗਰਾਂ, ਭਾਲਾਨ, ਸਵਾਗ, ਨੀਲੀ ਬਿਲ, ਹਰਸਾ ਬੇਲਾ, ਸੈਨ ਸੋਵਾਲ, ਸੈਦਪੁਰ, ਥਾਣਾ, ਸੰਗਤ ਪੁਰਾ, ਸਮੁੰਦਰੀਆਂ ਅਤੇ ਹਰੀ ਪੁਰ ਜ਼ਿਲ੍ਹਾ ਰੋਪੜ ਦੇ ਮਾਲ ਡੰਗਰ ਉਪਰ ਭੀ ਹੋਇਆ ਹੈ। ਇਸ ਗੰਦੇ ਪਾਣੀ ਨੂੰ ਨਦੀ ਵਿਚ ਪੈਣ ਤੋਂ ਤੁਰੰਤ ਰੋਕਣ ਅਤੇ ਮਰ ਗਏ ਜਾਂ ਬੀਮਾਰ ਹੋ ਗਏ ਡੰਗਰਾਂ ਦਾ ਮੁਆਵਜ਼ਾ ਸਬੰਧਤ ਮਿਲ ਮਾਲਕਾਂ ਪਾਸੋਂ ਦਿਵਾਉਣ ਲਈ ਸਬੰਧਤ ਮੰਤਰੀ ਜੀ ਬਿਆਨ ਦੇਣ।

ਉਦਯੋਗ ਅਤੇ ਜਨ ਸਿਹਤ ਦੇ ਰਾਜ ਮੰਤਰੀ (ਸਰਦਾਰ ਦਰਸ਼ਨ ਸਿੰਘ, ਕੇ. ਪੀ.) : ਸਪੀਕਰ ਸਾਹਿਬ, ਸਰਕਾਰ ਨੰਗਲ ਫੈਕਟਰੀ ਦੇ ਗੰਦੇ ਪਾਣੀ ਰਾਹੀਂ ਮੱਝਾਂ ਦੇ ਮਰਨ ਦੀ ਹਾਲਤ ਤੋਂ ਜਾਣੂ ਹੈ। ਵਾਟਰ ਪਾਲਿਊਸ਼ਨ ਕੰਟਰੋਲ ਬੋਰਡ ਦੇ ਅਫ਼ਸਰਾਂ ਨੇ ਮੌਕੇ ਤੇ ਜਾ ਕੇ ਇਸ ਗਲ ਦੀ ਪੜਤਾਲ ਕੀਤੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਕਾਵੇਂ ਇਸ ਫੈਕਟਰੀ ਦਾ ਪਾਣੀ ਆਮ ਤੌਰ ਤੇ ਨਿਸ਼ਚਿਤ ਹੱਦ ਦੇ ਅੰਦਰ ਹੀ ਗੰਦਾ ਹੈ ਪਰ ਇਸ ਫੈਕਟਰੀ ਨੇ ਆਪਣੀ ਕਾਰਬਨ ਸਲੱਰੀ, ਜਿਹੜੀ ਕਿ ਆਮ ਤੌਰ ਤੇ ਸੈਮੀ ਸੌਲਿਡ ਹਾਲਤ ਵਿਚ ਟੈਂਕਾਂ ਵਿਚ ਸੁਟੀ ਜਾਂਦੀ ਹੈ, ਜ਼ਿਆਦਾ ਬਾਰਸ਼ਾਂ ਨਾਲ ਇਕ ਟੈਂਕ ਵਿਚ ਦਰਾੜ ਆਉਣ

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਉਦਯੋਗ ਅਤੇ ਜਨਸਿਹਤ ਦੇ ਰਾਜ ਮੰਤਰੀ]

ਕਾਰਨ ਇਸ ਮਾਦੇ ਨੇ ਬਹਿ ਕੇ ਇਸ ਪਾਣੀ ਨੂੰ ਮਿੱਥੀ ਹੱਦ ਤੋਂ ਵੱਧ ਗੰਦਾ ਕਰ ਦਿਤਾ । ਇਸ ਕਮੀ ਬਾਰੇ ਫੈਕਟਰੀ ਵਲੋਂ 3 ਮਾਰਚ, 1982 ਨੂੰ ਹੀ ਐਕਸ਼ਨ ਲੈ ਕੇ ਪੂਰਾ ਕਰ ਦਿਤਾ ਗਿਆ ਹੈ, ਪਰ ਇਸ ਦੇ ਨਾਲ ਨੁਕਸਾਨ ਹੋਇਆ ਹੈ ਅਤੇ ਇਸ ਬਾਰੇ ਫੈਕਟਰੀ ਦੀ ਮੈਨੇਜਮੈਂਟ ਨੂੰ 'ਸ਼ੋ ਕਾਜ਼' ਨੋਟਿਸ ਦੇ ਦਿੱਤਾ ਹੈ। ਮੈਨੇਜਮੈਂਟ ਨੇ ਲੋਕਾਂ ਵਲੋਂ ਆਪਣੀਆਂ ਮੱਝਾਂ ਦੇ ਮਰਨ ਨਾਲ ਹੋਏ ਨੁਕਸਾਨ ਬਾਰੇ ਆਈਆਂ ਹੋਈਆਂ ਕੰਪਨਸੇਸ਼ਨ ਦੀਆਂ ਅਰਜ਼ੀਆਂ ਤੇ ਐਕਸ਼ਨ ਲੈਣਾ ਸ਼ੁਰੂ ਕਰ ਦਿਤਾ ਹੈ ਅਤੇ ਹੁਣ ਦਰਿਆ ਵਿਚ ਛੱਡੇ ਜਾ ਰਹੇ ਪਾਣੀ ਵਿੱਚ ਗੰਦੇ ਮਾਦੇ ਦੀ ਮਾਤਰਾ ਬਹੁਤ ਘੱਟ ਗਈ ਹੈ ਅਤੇ ਨਿਸ਼ਚਤ ਮਾਤਰਾ ਦੇ ਅੰਦਰ ਹੈ ।

ਸਰਦਾਰ ਆਤਮਾ ਸਿੰਘ : ਕੀ ਮੰਤਰੀ ਸਾਹਿਬ ਕ੍ਰਿਪਾ ਕਰ ਕੇ ਦੱਸਣਗੇ ਕਿ ਜਿਹੜਾ ਮਾਲ ਡੰਗਰ ਲੋਕਾਂ ਦਾ ਮਰ ਗਿਆ ਹੈ, ਉਨ੍ਹਾਂ ਦਾ ਮੁਆਵਜ਼ਾ ਕਿੰਨੇ ਸਮੇਂ ਵਿਚ ਦਿਵਾ ਦੇਣਗੇ ?

ਦੂਸਰਾ, ਸਪੀਕਰ ਸਾਹਿਬ, ਇਕ ਇਹੋ ਜਿਹੀ ਕਾਲ ਅਟੈਨਸ਼ਨ ਮੋਸ਼ਨ ਹੋਰ ਦਿਤੀ ਸੀ। ਇਹ ਪਬਲਿਕ ਇਨਟ੍ਰੈਸਟ ਦਾ ਮਾਮਲਾ ਹੈ। ਰਾਜਪੁਰਾ ਪਟਿਆਲਾ ਰੋਡ ਤੇ ਗੰਡਾ ਖੇੜੀ ਵਿਚ ਰਾਜਪੁਰੇ ਦਾ ਸਾਰਾ ਗੰਦਾ ਪਾਣੀ ਪੈ ਰਿਹਾ ਹੈ ਅਤੇ ਉਹ ਪਾਣੀ ਪਿੰਡ ਦੇ ਛੱਪੜ ਵਿੱਚ ਵੀ ਪੈਂਦਾ ਹੈ ਜਿਸ ਦੇ ਨਾਲ ਬਹੁਤ ਸਾਰੇ ਡੰਗਰ ਮਰ ਰਹੇ ਹਨ ਅਤੇ ਉਸ ਪਾਣੀ ਨਾਲ ਫਸਲਾਂ ਵੀ ਬਰਬਾਦ ਹੋ ਰਹੀਆਂ ਹਨ । ਜਿਸ ਤਰ੍ਹਾਂ ਨੰਗਲ ਫੈਕਟਰੀ ਦੇ ਪਾਣੀ ਬਾਰੇ ਮੰਤਰੀ ਜੀ ਨੇ ਦੱਸਿਆ ਹੈ, ਕੀ ਇਸੇ ਤਰ੍ਹਾਂ ਗੰਡਾ ਖੇੜੀ ਵਿੱਚ ਛੱਪੜ ਵਿਚ ਪਾਣੀ ਜੋ ਪੈਂਦਾ ਹੈ ਉਸ ਦੇ ਬਾਰੇ ਵੀ ਕੋਈ ਪ੍ਰਬੰਧ ਕਰਨਗੇ ਤਾ ਕਿ ਲੋਕਾਂ ਦੀਆਂ ਫਸਲਾਂ ਬਰਬਾਦ ਨਾ ਹੋਣ ਅਤੇ ਮਾਲ ਡੰਗਰ ਨਾ ਮਰੇ ?

ਰਾਜ ਮੰਤਰੀ : ਸਪੀਕਰ ਸਾਹਿਬ, ਠੀਕ ਹੈ ਫੈਕਟਰੀਆਂ ਦੇ ਗੰਦੇ ਪਾਣੀ ਨਾਲ ਮਾਲ ਡੰਗਰ ਦਾ ਨੁਕਸਾਨ ਜਾਂ ਫਸਲਾਂ ਦਾ ਨੁਕਸਾਨ ਹੋਵੇ, ਇਹ ਮਾੜੀ ਗਲ ਹੈ । ਸਰਕਾਰ ਦੇ ਜ਼ੋਰ ਗੌਰ ਵੀ ਇਹ ਹੈ ਅੌਰ ਸਰਕਾਰ ਐਕਸ਼ਨ ਵੀ ਲੈ ਰਹੀ ਹੈ ਜਿਥੇ ਇਸ ਕਿਸਮ ਦੀ ਗਲ ਨੋਟਿਸ ਵਿੱਚ ਆਉਂਦੀ ਹੈ । ਜਿਹੜਾ ਮਾਮਲਾ, ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਰਾਹੀਂ ਉਠਾਇਆ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਾਣੀ ਓਵਰ ਫਲੋਅ ਹੋ ਗਿਆ ਸੀ । ਨੰਗਲ ਫੈਕਟਰੀ ਵਿੱਚ ਰੋਜ਼ਾਨਾ 4 ਲੱਖ ਲਿਟਰ ਇੰਡਸਟਰੀ ਦਾ ਗੰਦਾ ਪਾਣੀ ਨਿਕਲਦਾ ਹੈ ਅਤੇ ਇਸ ਨਾਲ ਹੀ 34 ਲੱਖ 77 ਹਜ਼ਾਰ ਲਿਟਰ ਫੈਕਟਰੀ ਦੀਆਂ ਮਸ਼ੀਨਾਂ ਨੂੰ ਠੰਡਾ ਕਰਨ ਵਾਲਾ ਪਾਣੀ ਵੀ ਨਿਕਲਦਾ ਹੈ। ਇਸ ਕਰਕੇ ਉਹ ਪਾਣੀ ਓਵਰ ਫਲੋਅ ਹੋ ਗਿਆ, ਜਿਸ ਦੇ ਨਾਲ ਕੁਝ ਨੁਕਸਾਨ ਹੋਇਆ ਹੈ। ਸਰਕਾਰ ਨੇ ਹਦਾਇਤਾਂ ਕੀਤੀਆਂ ਹਨ ਕਿ ਡੰਗਰਾਂ ਦਾ ਜੋ ਮੁਆਵਜ਼ਾ ਹੈ ਉਹ ਬਹੁਤ ਜਲਦੀ ਦਿਤਾ ਜਾਵੇ ।

ਦੂਸਰਾ ਜੋ ਰਾਜਪੁਰੇ ਦੇ ਬਾਰੇ ਇਨ੍ਹਾਂ ਨੇ ਸਵਾਲ ਉਠਾਇਆ ਹੈ, ਉਸ ਦਾ ਵੀ ਨੋਟਿਸ ਦੇਵਾਂਗੇ । ਉਸ ਤੇ ਵੀ ਗੌਰ ਕਰਾਂਗੇ ਅਤੇ ਕੰਮ ਦਰੁਸਤ ਕਰਾਂਗੇ ।

(Serial No. 103)

Shri Om Parkash Gupta: Sir, I beg to draw the attention of the Government towards a matter of urgent public importance, namely, last week Punjab Government by an executive order has withdrawn levy of octroi on all kinds of liquor, wine, whisky and beer in all the Municipal Corporations and Municipal Committees, thus depriving substantial revenue of the Corporations and Committees. Ludhiana Municipal Corporation is especially sufferer of annual income of more than fifty lacs rupees. This

Original with;
Punjab Vidhan Sabha
Digitized by;
Panjab Digital Library

will greatly affect development of the city to a great extent. There is a great resentment amongst the public on this issue. Hence it is a fit matter for the Minister for Local Government to make a statement on the floor of the House.

Local Government Minister (Shri Sardari Lal Kapoor) : The Municipal Corporations/Committees are at present levying octroi on all kinds of liquor, wine, whisky, and beer. There has. however, been the problem of evasion of octroi duty on this account. Whereas on the one hand Government provides substantial assistance for the Municipal Committees/Corporations in the form of grants-in-aid and loan every year, Government is equally keen that the resources available to these bodies are optimally tapped and no leakages of revenue take place. It was in this context that the Government has decided to levy an additional excise duty of Rs 0.25 per beer bottle, Rs. 1 per bottle of country liquor, Rs. 1 per bottle of IMFL 60 degree and Rs. 2 per botte of I.MFL 75 degree in lieu of octroi. As the excise duty is to be collected at the source, there will obviously be no danger of evasion . The amount collected on the liquor supplied to urban areas as additional excise duty will be disbursed to the respective Municipal Corporations/Committees. The Municipal Corporations/Committees will thus be assured of higher incomes on a regular basis and the burden of collection of this revenue will be borne by the State on behalf of the Municipal Committees/Corporations. This will, far from adversely affecting development ensure greater development in the cities. As regards Ludhiana, the total income from octroi on all kinds of liquor in 1981-82 is expected to be about Rs. 40 lacs.The question of a loss of Rs. 50.00 lacs does not, therefore, arise. In fact, as a result of this arrangement, the income in Ludhiana on this account will be substantially higher in the next year.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਚੋਰੀ ਹੁੰਦੀ ਸੀ ਔਕਟਰਾਏ ਵਿਚ ਉਸ ਨੂੰ ਰੋਕਣ ਵਾਸਤੇ ਇਹ ਸਟਪ ਚੁਕਿਆ ਹੈ । ਪਰ ਤੁਸੀਂ ਵੇਖਿਆ ਹੈ ਕਿ ਇਸ ਬਾਰੇ ਬਜਟ ਵਿਚ ਕੋਈ ਜ਼ਿਕਰ ਨਹੀਂ ਹੈ। ਇਹ ਜਿਹੜੀ ਰਕਮ ਇਕੱਠੀ ਹੋਣੀ ਹੈ, ਕੀ ਇਹ ਕਾਰਪੋਰੇਸ਼ਨ ਦੇ ਅਕਾਊਂਟ ਵਿਚ ਜਮ੍ਹਾਂ ਹੋਵੇਗੀ ਜਾਂ ਸਾਈਮਲਟੇਨੀਅਸਲੀ ਦੋਨਾਂ ਖਾਤਿਆਂ ਵਿਚ ਚਲੀ ਜਾਏਗੀ ਅੱਰ ਇਹ ਕਾਰਪੋਰੇਸ਼ਨ ਨੂੰ ਕਿਸ ਤਰ੍ਹਾਂ ਦਿਤੀ ਜਾਏਗੀ ? ਆਇਆ ਕੋਈ ਕਾਰਪੋਰੇਸ਼ਨ ਦਾ ਅਕਾਊਂਟ " ਖੋਲ੍ਹਿਆ ਜਾਏਗਾ ? ਹਾਲੇ ਤਾਂ ਇਹ ਐਕਸਾਈਜ਼ ਡਿਊਟੀ ਵਿਚ ਅਮਲਗਾਮੇਟ ਕਰ ਦਿਤਾ ਹੈ। ਸ਼ਹਿਰ ਦੇ ਐਮ. ਐਲ. ਏ. ਇਸ ਗਲ ਤੇ ਬੜੇ ਐਜੀਟੇਟਿਡ ਹਨ । ਪਿਛੇ ਇਕ ਲੋਕਲ ਬਸਾਂ ਵਿਚ ਲੱਖਾਂ ਰੁਪਏ ਚਲੇ ਗਏ ਔਰ ਸ਼ਹਿਰ ਦੀ ਸਾਰੀ ਡਿਵੈਲਪਮੈਂਟ ਰੁਕ ਗਈ । ਹਾਊਸ ਟੈਕਸ ਸੀਵਰੇਜ ਟੈਕਸ ਦੇ ਨਾਲ ਹੋ ਗਿਆ ਹੈ ਔਰ ਉਹ ਸੀਵਰੇਜ ਕਾਰਪੋਰੇਸ਼ਨ ਲੈ ਜਾਂਦੀ ਹੈ ਮੈਂ ਸਮਝਦਾ ਹਾਂ ਕਿ ਇਸ ਤਰੀਕੇ ਨਾਲ ਕਾਰਪੋਰੇਸ਼ਨ ਦੀ ਡਿਵੈਲਪਮੈਂਟ ਬਹੁਤ ਔਖੀ ਹੈ। ਅਗਰ ਇਹ ਜਿਹੜੇ ਪੈਸੇ ਹਨ ਸਾਈਮਲਟੇਨੀਅਸਲੀ ਕਾਰਪੋਰੇਸ਼ਨ ਦੇ ਅਕਾਊਂਟ ਵਿਚ ਜਮ੍ਹਾਂ ਨਾ ਹੋਏ ਤਾਂ ਕਾਰਪੋਰੇਸ਼ਨ ਦਾ ਕੰਮ ਸਾਰਾ ਰੁਕ ਜਾਏਗਾ। ਇਹ ਦਸਣ ਕਿ ਆਇਆ ਇਹ ਪੈਸੇ ਕਾਰਪੋਰੇਸ਼ਨ ਦੇ ਅਕਾਊਂਟ ਵਿਚ ਨਾਲ ਦੀ ਨਾਲ ਜਮ੍ਹਾਂ ਹੋਣਗੇ ਜਾਂ ਉਸ ਤੋਂ ਬਾਦ 10, 15 ਦਿਨਾਂ ਜਾਂ ਮਹੀਨੇ ਵਿਚ ਜਮ੍ਹਾਂ ਹੋ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਬੜਾ ਮਸ਼ਕੂਰ ਹਾਂ ਗੁਪਤਾ ਜੀ ਦਾ ਕਿਉਂ ਕਿ ਉਨ੍ਹਾਂ ਨੇ ਆਪਣਾ ਪਹਿਲਾ ਪਹਿਲੂ ਬਦਲਿਆ ਹੈ ਔਰ ਹੁਣ ਇਕ ਗਲ ਤੇ ਆ ਗਏ ਹਨ ਕਿ ਆਇਆ ਮਿਉਂਸਪਲ ਕਾਰਪੋਰੇਸ਼ਨ ਨੂੰ ਪੈਸੇ ਨਾਲ ਦੀ ਨਾਲ ਮਿਲਣਗੇ ਜਾਂ ਕੁਝ ਦਿਨਾਂ ਬਾਦ ਮਿਲਣਗੇ ਜਾਂ ਕਦੋਂ ਮਿਲਣਗੇ ? ਮੈਂ ਇਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਇਹ ਜਿਹੜਾ ਮਿਉਂਸਪਲ ਕਾਰਪੋਰੇਸ਼ਨ ਦਾ ਰੁਪਿਆ ਹੈ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਇਹ ਐਂਟ ਸੋਰਸ ਕੱਟਿਆ ਜਾਏਗਾ, ਮਤਲਬ ਇਹ ਕਿ ਕੋਈ ਇਵੇਜ਼ਨ ਨਹੀਂ ਹੋਵੇਗੀ ਅੱਰ ਇਹ ਜਿਹੜਾ ਰੁਪਿਆ ਕਾਰਪੋਰੇਸ਼ਨ ਦਾ ਬਣਦਾ ਹੈ ਡਿਊਟੀ ਦੇ ਮੁਤਾਬਕ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮਹੀਨਾ ਦਸ ਦਿਨ ਵਿਚ ਵਾਪਸ ਹੋ ਜਾਏਗਾ ।

GENERAL DISCUSSION ON THE BUDGET ESTIMATES FOR THE YEAR 1982-83 *(Resumption)*

ਸ਼੍ਰੀ ਸਪੀਕਰ : ਬਜਟ ਡਿਸਕਸ਼ਨ । ਮੈਂ ਹਾਊਸ ਨੂੰ ਪਾਰਟੀ-ਵਾਈਜ਼ ਟਾਈਮ ਦਸ ਦੇਣਾ ਚਾਹਾਂਗਾ । ਕਾਂਗਰਸ-ਆਈ ਦੇ 6 ਘੰਟੇ 30 ਮਿੰਟ ਸਨ ਜਿਨ੍ਹਾਂ ਵਿਚ 1 ਘੰਟਾ .28 ਮਿੰਟ ਇਸਤੇਮਾਲ ਹੋ ਚੁਕੇ ਹਨ ਅਤੇ 5 ਘੰਟੇ 2 ਮਿੰਟ ਰਹਿੰਦੇ ਹਨ । ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੇ 3 ਘੰਟੇ 6 ਮਿੰਟ ਸਨ ਜਿਨ੍ਹਾਂ ਵਿਚੋਂ 2 ਘੰਟੇ 29 ਮਿੰਟ ਇਸਤੇਮਾਲ ਹੋ ਚੁਕੇ ਹਨ ਅਤੇ 37 ਮਿੰਟ ਬਕਾਇਆ ਰਹਿੰਦੇ ਹਨ । ਸੀ. ਪੀ. ਆਈ. ਦੇ 48 ਮਿੰਟ ਸਨ ਉਹ ਸਾਰੇ ਕਨਜ਼ਿਊਮ ਹੋ ਚੁਕੇ ਹਨ, ਸੀ. ਪੀ. ਆਈ. ਐਮ. ਦੇ 24 ਮਿੰਟ ਸਨ ਉਹ ਸਾਰੇ ਕਨਜ਼ਿਊਮ ਹੋ ਚੁਕੇ ਹਨ। ਅਕਾਲੀ ਦਲ (ਟੀ) 24 ਮਿੰਟ, ਆਲ ਇੰਡੀਆ ਕਮਿਊਨਿਸਟ ਪਾਰਟੀ ਦੇ 6 ਮਿੰਟ, ਬੀ. ਜੇ ਪੀ. ਦੇ 6 ਮਿੰਟ ਅਤੇ ਅੱਨ-ਅਟੈਚਡ 6 ਮਿੰਟ ।

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਕੈਂਟ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜੋ ਬਜਟ ਉਤੇ ਬਹਿਸ ਹੋ ਰਹੀ ਹੈ ਉਸ ਵਿਚ ਭਾਗ ਲੈਣ ਦਾ ਮੌਕਾ ਦਿਤਾ ਹੈ । ਮੈਂ ਪੰਜਾਬ ਦੇ ਖਜ਼ਾਨਾ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਆਪਣੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਕ ਵਧੀਆ ਅਤੇ ਅੱਛਾ ਅੱਰ ਬੈਲੈਂਸਡ ਬਜਟ ਪੇਸ਼ ਕੀਤਾ ਹੈ । ਮੈਂ ਵੇਖਿਆ ਹੈ ਕਿ ਜਿਸ ਤਰ੍ਹਾਂ ਆਮ ਵਿਰੋਧੀ ਪਾਰਟੀ ਵਾਲੇ ਕਰਦੇ ਹਨ ਔਰ ਜਿੰਨੇ ਵੀ ਬੁਰੇ ਐਡਜੈਕਟਿਵਜ਼ ਹਨ ਉਹ ਸਾਡੇ ਵਾਸਤੇ ਲਾ ਦਿਤੇ ਹਨ ਕਿ ਇਹ ਐਂਟੀ ਕਿਸਾਨ ਬਜਟ ਹੈ, ਐਂਟੀ ਪੂਅਰ ਬਜਟ ਹੈ ਅਤੇ ਐਂਟੀ ਮਜ਼ਦੂਰ ਬਜਟ ਹੈ। ਇਹ ਸਾਰੀਆਂ ਗਲਾਂ ਉਨ੍ਹਾਂ ਦੇ ਕਹਿਣ ਵਿਚ ਕੋਈ ਸਚਾਈ ਨਹੀਂ ਹੈ ਕਿਉਂਕਿ ਆਪੋਜ਼ੀਸ਼ਨ ਵਾਲੇ ਰਿਚੁਅੱਲ ਤੌਰ ਤੇ ਇਸ ਤਰ੍ਹਾਂ ਕਰਦੇ ਹੀ ਹਨ। ਮੈਂ ਇਸ ਨੂੰ ਪਰੋ-ਰੂਰਲ, ਪਰੋ-ਕਿਸਾਨ ਅਤੇ ਪਰੋ-ਪੂਅਰ ਬਜਟ ਕਹਾਂ ਤਾਂ ਇਸ ਵਿਚ ਕੋਈ ਜ਼ਿਆਦਤੀ ਨਹੀਂ ਹੋਵੇਗੀ। ਇਹ ਗਲ ਮੈਂ ਅੰਕੜਿਆਂ ਦੇ ਹਿਸਾਬ ਨਾਲ ਸਾਬਤ ਕਰਾਂਗਾ । ਇਹ ਪਰੋ-ਪੂਅਰ ਬਜਟ ਕਿਸ ਤਰ੍ਹਾਂ ਹੈ ? ਡਾਕਟਰ ਸਾਹਿਬ ਨੇ ਤੰਗ ਵਸੀਲਿਆਂ ਦੇ ਹੁੰਦੇ ਹੋਏ ਵੀ 385 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਤਿਆਰ ਕੀਤੀ ਹੈ, ਇਸ ਤੋਂ ਪਹਿਲਾਂ ਜਿਹੜੀ ਯੋਜਨਾ 260 ਕਰੋੜ ਰੁਪਏ ਤੇ ਅਟਕੀ ਖੜੀ ਸੀ ਉਨ੍ਹਾਂ ਨੇ ਆਪਣੀ ਕਾਬਲੀਅਤ ਨਾਲ ਇਸ ਨੂੰ 385 ਕਰੋੜ ਰੁਪਏ ਦੀ ਬਣਾ ਕੇ ਸਾਡੀ ਸਰਕਾਰ ਅਗੇ ਪੇਸ਼ ਕੀਤਾ ਹੈ । ਜੋ ਰਾਜ ਦੀ ਆਰਥਿਕ ਸਥਿਤੀ ਹੈ ਉਸ ਵੱਲ ਖਾਸ ਧਿਆਨ ਦਿਤਾ ਗਿਆ ਹੈ । ਸਾਡੇ ਸਾਬਕਾ ਖਜ਼ਾਨਾ ਮੰਤਰੀ, ਸਰਦਾਰ ਬਲਵੰਤ ਸਿੰਘ ਜੀ, ਇਥੇ ਬੜਾ ਬੋਲ ਕੇ ਗਏ ਹਨ ਕਿ ਅਕਾਨੌਮੀ ਸ਼ੈਟਰ ਹੋ ਗਈ ਹੈ, ਕਿਸਾਨ ਮਾਰਿਆ ਗਿਆ ਹੈ। ਬਜਟ ਦੇ ਸਫ਼ਾ ਦੋ ਤੇ ਇਕਨਾਮਿਕ ਸਿਚੁਏਸ਼ਨ ਬਾਰੇ ਲਿਖਿਆ ਹੋਇਆ ਹੈ ਉਹ ਇਹ ਹੈ :

The overall growth of the economy at constant prices, as indicated by the growth of the Net Domestic Product of the State in the decade 1970-71 to 1980-81, had shown an average rate of growth of 4.8%

ਸਪੀਕਰ ਸਾਹਿਬ, 1979-80 ਵਿਚ ਜਦੋਂ ਇਨ੍ਹਾਂ ਦੀ ਸਰਕਾਰ ਸੀ ਅੱਰ ਸਰਦਾਰ ਬਲਵੰਤ ਸਿੰਘ ਉਸ ਵਿਚ ਖਜ਼ਾਨਾ ਮੰਤਰੀ ਸਨ ਤਾਂ ਗਰੋਥ ਰੇਟ ਡਾਊਨ ਆ ਗਿਆ ਸੀ ਅੱਰ ਇਹ 2.8 % ਰਹਿ

Original with;
Punjab Vidhan Sabha
Digitized by;
Panjab Digital Library

ਗਿਆ ਸੀ । ਡਾਕਟਰ ਸਾਹਿਬ ਨੇ, ਜਦੋਂ ਦੀ ਸਾਡੀ ਪਾਰਟੀ ਨੇ ਸਰਕਾਰ ਦੀ ਵਾਗ ਡੋਰ ਸੰਭਾਲੀ ਇਹ ਗਰੋਥ ਰੇਟ ਅਗੇ ਲਿਜਾਣ ਦੀ ਕੋਸ਼ਿਸ਼ ਕੀਤੀ ਹੈ ਔਰ ਇਹ ਚੀਜ਼ ਅੰਕੜਿਆਂ ਤੋਂ ਸਾਬਤ ਹੋ ਗਈ ਹੈ ਜ਼ਬਾਨੀ ਗਲਾਂ ਨਾਲ ਨਹੀਂ ।

10-49 A.M. (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ) ।

ਡਿਪਟੀ ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਇਹ ਜੋ ਐਨੁਅੱਲ ਗਰੋਥ ਰੇਟ ਹੈ ਜਦੋਂ ਦੀ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਇਸ ਨੇ ਫਿਰ ਵਧਾਉਣਾ ਸ਼ੁਰੂ ਕਰ ਦਿਤਾ, ਇਹ ਗਲ ਸਾਬਤ ਹੋ ਗਈ ਹੈ ।

In 1981-82, the rate of growth shows a significant increase and it is expected to be of the order of 7.6%. The growth in the Agriculture Sector will be of the order of 8.8% during 1981-82 over the previous year and the growth in the Industries sector will be of the order of about 8.4% during 1981-82 over the previous year.

ਸੋ ਕਿੰਨੀ ਤਰਕੀ ਹੋਈ ਹੈ ਇਹ ਗਲ ਇਨ੍ਹਾਂ ਤੱਥਾਂ ਤੋਂ ਸਾਬਤ ਹੁੰਦੀ ਹੈ ਔਰ ਆਪੋਜ਼ੀਸ਼ਨ ਦਾ ਅਕਾਨੋਮੀ ਤੇ ਕ੍ਰਿਟੀਸਿਜ਼ਮ ਬੇ ਬੁਨਿਆਦ ਹੈ । ਅਸੀਂ ਹਰ ਸੈਕਟਰ ਵਿਚ ਤਰੱਕੀ ਵੱਲ ਤੁਰੇ ਹਾਂ ਔਰ ਸਾਡਾ ਸੂਬਾ ਤਰੱਕੀ ਵਲ ਜਾ ਰਿਹਾ ਹੈ । ਜੇ ਤੁਸੀਂ ਐਗਰੀਕਲਚਰ ਸੈਕਟਰ ਵਿਚ ਲਵੋ ਤਾਂ ਉਸ ਦੇ ਵਿਚ 1981-82 ਵਿਚ 2700 ਕਰੋੜ ਰੁਪਏ ਦੀ ਗਰੋਸ ਵੈਲਿਊ ਦੀ ਪ੍ਰੋਡਕਸ਼ਨ ਹੈ ਔਰ ਇੰਡਸਟਰੀ ਵਿਚ 2500 ਕਰੋੜ ਰੁਪਏ ਦਾ ਵਾਧਾ ਹੋਣਾ ਹੈ । 1981-82 ਵਿਚ ਰਿਕਾਰਡ ਤੋੜ-ਪ੍ਰੋਡਕਸ਼ਨ ਹੋਈ ਹੈ । ਸੋ ਸਾਰਿਆਂ ਪਾਸਿਆਂ ਵਿਚ ਖਾਸ ਤੌਰ ਤੇ ਐਗਰੀਕਲਚਰ ਵਿਚ ਪੰਜਾਬ ਨੇ ਤਰੱਕੀ ਕੀਤੀ ਹੈ ਇਸ ਲਈ ਇਹ ਬਜਟ ਵਿਸ਼ੇਸ਼ ਤੌਰ ਤੇ ਸ਼ਲਾਘਾਯੋਗ ਹੈ। ਆਪੋਜ਼ੀਸ਼ਨ ਦੀਆਂ ਗਲਾਂ ਜਚਦੀਆਂ ਨਹੀਂ ਔਰ ਅੰਕੜੇ ਇਸ ਬਜਟ ਨੂੰ ਝੂਠਲਾ ਨਹੀਂ ਸਕਦੇ । ਫੂਡ ਗਰੇਨ ਦੀ ਜੋ ਪ੍ਰੋਡਕਸ਼ਨ ਹੋਣੀ ਹੈ ਉਸ ਦੇ ਬਾਰੇ 1981-82 ਵਿਚ 127.40 ਲੱਖ ਟਨ ਹੋਈ ਹੈ ਜਿਹੜੀ ਪਿਛਲੇ ਸਾਲ 119.08 ਲੱਖ ਟਨ ਹੋਣੀ ਸੀ । ਸੋ ਹਰ ਪਾਸੇ ਸਾਡਾ ਸੂਬਾ ਤਰੱਕੀ ਵੱਲ ਵੱਧ ਰਿਹਾ ਹੈ । ਪਿਛਲੇ ਸਾਲ 28 ਲੱਖ ਟਨ ਪ੍ਰੋਡਕਸ਼ਨ ਸੀ । ਇਸ ਸਾਲ 51 ਲੱਖ ਟਨ ਹੋਈ ਹੈ । ਇਹ ਵੀ ਗਲ ਸ਼ਲਾਘਾਯੋਗ ਹੈ। ਜੋ ਖੇਤੀ ਦੇ ਸੈਕਟਰ ਵਿਚ ਤਰੱਕੀ ਹੋਈ ਹੈ ਉਸ ਦਾ ਮੈਂ ਖਾਸ ਤੌਰ ਤੇ ਵਰਨਣ ਕਰਨਾ ਚਾਹੁੰਦਾ ਹਾਂ ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਸਾਡੇ ਦੇਸ਼ ਦਾ ਜੋ ਕੇਂਦਰੀ ਪੂਲ ਹੈ ਉਸ ਦੇ ਵਿੱਚ ਸਭ ਤੋਂ ਵੱਧ ਹਿੱਸਾ ਪੰਜਾਬ ਪਾਉਂਦਾ ਹੈ। ਗੌਰਮਿੰਟ ਆਫ਼ ਇੰਡੀਆ ਦੇ ਇਨਫਰਮੇਸ਼ਨ ਐਂਡ ਬਰਾਡਕਾਸਟਿੰਗ ਡਿਪਾਰਟਮੈਂਟ ਵਿਚ ਇਕ ਰੈਫਰੈਂਸ ਐਂਡ ਰਿਸਰਚ ਸੈਲ ਹੈ । ਉਸ ਨੇ ਪੰਜਾਬ ਦੀ ਜੋ 1947 ਤੋਂ ਬਾਅਦ ਤਰੱਕੀ ਹੋਈ ਹੈ ਉਸ ਦੀ ਇਕ ਬੁਕਲੈਟ ਛਾਪੀ ਹੋਈ ਹੈ । ਅਗਰ ਇਹ ਉਹ ਕਿਤਾਬ ਪੜ੍ਹਨਾ ਚਾਹੁੰਣ ਤਾਂ ਮੈਂ ਮੰਗਾ ਕੇ ਦੇ ਸਕਦਾ ਹਾਂ। ਉਸ ਦੇ ਵਿਚ ਲਿਖਿਆ ਹੈਕਿ 1981 ਦੀ ਮਰਦਮ ਸ਼ੁਮਾਰੀ ਵਿਚ ਪੰਜਾਬ ਦੀ ਪਾਪੂਲੇਸ਼ਨ 1,66,69,755 ਹੈ ਅਤੇ ਜਿਹੜਾ ਸਾਡਾ ਏਰੀਆ ਅੰਡਰ ਕਲਟੀਵੇਸ਼ਨ ਹੈ ਉਹ 50,362 ਵਰਗ ਮੀਲ ਹੈ। ਇਹ ਦੇਸ਼ ਦੇ ਕੁਲ ਕਲਟੀਵੇਬਲ ਏਰੀਆ ਦਾ 14ਵਾਂ ਜਾਂ 16ਵਾਂ ਹਿਸਾ ਬਣਦਾ ਹੈ । ਪਰ ਪੰਜਾਬ ਦੀ ਪਰ ਕੈਪੀਟਾ ਇਨਕਮ ਸਾਰਿਆਂ ਸੂਬਿਆਂ ਨਾਲੋਂ ਵੱਧ ਹੈ । ਇਸ ਦਾ ਦਰਜਾ ਪਹਿਲੇ ਨੰਬਰ ਤੇ ਹੈ । ਪਾਰਟੀਸ਼ਨ ਦੇ ਮੌਕੇ ਤੇ ਸਾਡੇ ਕੋਲ 35,000 ਟਨ ਅਨਾਜ ਦੀ ਕਮੀ ਸੀ । 50 ਲੱਖ ਲੋਕ ਪਾਕਿਸਤਾਨ ਤੋਂ ਪੰਜਾਬ ਵਿੱਚ ਆ ਕੇ ਵੱਸੇ ਸਨ । ਪਰ ਪੰਜਾਬ ਦਾ ਕਿਸਾਨ ਮਿਹਨਤ ਕਰਨੀ ਜਾਣਦਾ ਹੈ । ਆਪਣੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਚਨੈਬ ਸਿੰਘ ਬਰਾੜ]

ਪੈਰਾਂ ਤੇ ਖੜਾ ਹੋਣਾ ਉਸ ਨੇ ਸਿਖਿਆ ਹੋਇਆ ਹੈ। ਉਸ ਨੇ ਇਹ ਘਾਟਾ ਪੂਰਾ ਕੀਤਾ ਹੈ ਅਤੇ ਦੇਸ਼ ਦੇ ਅਨਾਜ ਦੇ ਪੂਲ ਵਿੱਚ ਵੱਧ ਤੋਂ ਵੱਧ ਹਿਸਾ ਪਾਇਆ ਹੈ । 60 ਤੋਂ 70 ਫੀ ਸਦੀ ਸ਼ੇਅਰ ਕੇਂਦਰੀ ਪੂਲ ਵਿੱਚ ਪੰਜਾਬ ਦਾ ਹੈ। ਅੱਜ ਪੰਜਾਬ ਦੇ ਵਿਚ ਰਾਈਸ ਦੀ ਪ੍ਰੋਡਕਸ਼ਨ ਵੀ ਜ਼ਿਆਦਾ ਹੋ ਰਹੀ ਹੈ । ਜੋ ਲੋਕ ਇਥੇ ਕਹਿੰਦੇ ਸਨ ਕਿ ਇਥੇ ਝੋਨੇ ਦੀ ਫਸਲ ਹੋ ਨਹੀਂ ਸਕਦੀ, ਵਾਤਾਵਰਣ ਅਨੁਕੂਲ ਨਹੀਂ ਹੈ, ਉਸ ਗਲ ਨੂੰ ਪੰਜਾਬ ਦੇ ਮਿਹਨਤੀ ਕਿਸਾਨ ਨੇ ਗਲਤ ਸਾਬਤ ਕਰ ਦਿਤਾ ਹੈ। ਅੱਜ ਕੇਂਦਰੀ ਪੂਲ ਵਿੱਚ ਰਾਈਸ ਵੀ ਵੱਧ ਤੋਂ ਵੱਧ ਪੰਜਾਬ ਦੇ ਰਿਹਾ ਹੈ । ਬਰਨਾਲਾ ਸਾਹਿਬ ਨੇ ਇਥੇ ਬੋਲਦੇ ਹੋਏ ਕਿਹਾ ਕਿ ਸੂਬੇ ਨੂੰ ਅਨਾਜ ਬਾਹਰੋਂ ਮੰਗਵਾਉਣਾ ਪਿਆ। ਉਹ ਬੜੇ ਸੂਝਵਾਨ ਮੈਂਬਰ ਹਨ। ਉਹ ਇਸ ਤਰ੍ਹਾਂ ਬੋਲ ਰਹੇ ਸਨ ਜਿਵੇਂ ਪਾਰਲੀਮੈਂਟ ਵਿਚ ਬੋਲਦੇ ਹੋਣ। ਮੈਂ ਕਹਿਦਾ ਹਾਂ ਕਿ ਪੰਜਾਬ ਅਨਾਜ ਦੇ ਮਾਮਲੇ ਵਿੱਚ ਸਰਪਲਸ ਸਟੇਟ ਹੈ । ਇਸ ਚੀਜ਼ ਨੂੰ ਕੋਈ ਚੈਲੰਜ ਨਹੀਂ ਕਰ ਸਕਦਾ। ਜਦੋਂ ਉਹ ਖੇਤੀਬਾੜੀ ਮੰਤਰੀ ਸਨ ਉਦੋਂ ਸ਼ਾਇਦ ਅਨਾਜ ਬਾਹਰੋਂ ਮੰਗਵਾਉਣਾ ਪਿਆ ਹੋਵੇ ਸੋ ਇਹ ਗਲਾਂ ਸਾਬਤ ਕਰਦੀਆਂ ਹਨ ਕਿ ਪੰਜਾਬ ਦਾ ਕਿਸਾਨ ਬਹੁਤ ਮਿਹਨਤੀ ਹੈ । ਪੰਜਾ ਵਿੱਚ ਪਰ ਹੈਕਟੇਅਰ ਕਣਕ ਦੀ ਉਪਜ 2,538 ਕੇ. ਜੀ. ਹੈ ਜਦੋਂ ਕਿ ਭਾਰਤ ਦੀ ਐਵਰੇਜ ਪਰ ਹੈਕਟੇਅਰ ਕਣਕ ਦੀ ਉਪਜ 1,480 ਕੇ. ਜੀ. ਹੈ। ਇਹ ਲਗ ਭਗ ਡਬਲ ਹੋਵੇਗੀ । ਕਣਕ ਦੀ ਉਪਜ ਵਿੱਚ ਪੰਜਾਬ ਦੁਨੀਆ ਦੇ ਵੱਡੇ ਦੇਸ਼ ਜਿਵੇਂ ਰਸ਼ੀਆ, ਅਮਰੀਕਾ, ਚਾਈਨਾ ਅਤੇ ਕੇਨੇਡਾ ਸਭ ਨੂੰ ਪਿਛੇ ਛੱਡ ਗਿਆ ਹੈ । ਰਸ਼ੀਆ ਵਿਚ 1920 ਕੇ. ਜੀ ਕਣਕ ਦੀ ਪ੍ਰੋਡਕਸ਼ਨ ਪਰ ਹੈਕਟੇਅਰ ਹੁੰਦੀ ਹੈ, ਅਮਰੀਕਾ ਵਿੱਚ 2,128 ਕੇ. ਜੀ. ਕੇਨੇਡਾ ਵਿੱਚ 1949 ਕੇ. ਜੀ. ਅਤੇ ਚਾਈਨਾ ਵਿਚ 1,393 ਕੇ.ਜੀ. ਪਰ ਹੈਕਟੇਅਰ ਕਣਕ ਦੀ ਪ੍ਰੋਡਕਸ਼ਨ ਹੁੰਦੀ ਹੈ । ਇਕ ਦੋ ਦੇਸ਼ ਬੇਸ਼ਕ ਸਾਡੇ ਨਾਲੋਂ ਅੱਗੇ ਹਨ । ਸਾਨੂੰ ਪੂਰੀ ਆਸ ਹੈ ਕਿ ਜੋ ਪੰਜਾਬ ਦਾ ਕਿਸਾਨ ਅੱਜ ਮਾਡਰਨ ਟੈਕਨਾਲੋਜੀ ਵਰਤਦਾ ਹੈ, ਵੱਧੀਆ ਬੀਜ ਵਰਤਦਾ ਹੈ, ਉਹ ਸਾਰੀ ਦੁਨੀਆ ਦੇ ਦੇਸ਼ਾਂ ਨਾਲੋਂ ਕਣਕ ਦੀ ਪ੍ਰੋਡਕਸ਼ਨ ਦੇ ਕੇਸ ਵਿਚ ਅੱਗੇ ਵੱਧ ਜਾਵੇਗਾ । ਇਹ ਪੰਜਾਬੀਆਂ ਵਾਸਤੇ ਬੜੇ ਮਾਣ ਦੀ ਗਲ ਹੈ । ਪੰਜਾਬ ਵਿੱਚ ਝੋਨੇ ਦੀ ਪ੍ਰੋਡਕਸ਼ਨ ਪਰ ਹੈਕਟੇਅਰ 4501 ਕੇ. ਜੀ. ਹੈ । ਇਹ ਵੀ ਦੁਨੀਆਂ ਦੇ ਕਈ ਦੇਸ਼ਾਂ ਨਾਲੋਂ ਜ਼ਿਆਦਾ ਹੈ। ਇੰਡੀਆ ਦੀ ਐਵਰੇਜ ਪਰ ਹੈਕਟੇਅਰ ਪ੍ਰੋਡਕਸ਼ਨ 2008 ਕੇ. ਜੀ. ਹੈ। ਇਹ ਦੁਗਣੀ ਨਾਲੋਂ ਵੀ ਜ਼ਿਆਦਾ ਬਣ ਜਾਂਦੀ ਹੈ। ਰਸੀਆ ਵਿੱਚ ਰਾਈਸ ਦੀ ਪ੍ਰੋਡਕਸ਼ਨ 3621 ਕੇ. ਜੀ. ਪਰ ਹੈਕਟੇਅਰ ਅਤੇ ਚਾਈਨਾ ਦੀ 3584 ਕੇ. ਜੀ. ਹੈ। ਸਾਡੇ ਨਾਲੋਂ ਸਿਰਫ ਚੀਨ ਅਤੇ ਜਪਾਨ ਅਗੇ ਹਨ। ਸਾਡਾ ਕਿਸਾਨ ਇਸ ਪਾਸੇ ਵੀ ਤਰੱਕੀ ਕਰਦਾ ਜਾ ਰਿਹਾ ਹੈ। ਝੋਨੇ ਦੀ ਜੋ ਪੈਦਾਵਰ ਇਸ ਵਾਰੀ ਹੋਈ ਹੈ ਉਹ ਰਿਕਾਰਡ ਤੋੜ ਹੋਈ ਹੈ। ਪੰਜਾਬ ਦੇ ਵਿਚ 51 ਲੱਖ ਮੀਟਰਕ ਟਨ ਉਪਜ ਹੋਈ ਹੈ। ਇਥੇ ਇਨ੍ਹਾਂ ਮੈਂਬਰਾਂ ਨੇ ਬੜੀ ਹਾਹਾਕਾਰ ਮਚਾ ਰਖੀ ਸੀ ਕਿ ਝੋਨੇ ਦੀ ਫਸਲ ਬਰਬਾਦ ਹੋ ਰਹੀ ਹੈ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਇਨ੍ਹਾਂ ਨਾਲੋਂ ਕਿਸਾਨ ਦੀ ਜ਼ਿਆਦਾ ਹਿਤੈਸ਼ੀ ਹੈ । ਇਹ ਆਪ ਕਿਸਾਨ ਹਨ । ਇਨ੍ਹਾਂ ਨੇ ਇਲੈਕਟ੍ਰਿਸਿਟੀ ਡਾਇਵਰਟ ਕਰ ਕੇ 12 ਘੰਟੇ ਅਨਰੋਡ ਇਰੀਗੇਸ਼ਨ ਕਰ ਦਿੱਤੀ, ਜਿਸ ਦੇ ਨਾਲ ਰਿਕਾਰਡ ਤੋੜ ਪ੍ਰੋਡਕਸ਼ਨ ਇਹ ਹੋਈ । ਜੋ ਸੈਂਟਰਲ ਪੂਲ ਵਿੱਚ ਹਿਸਾ ਪਾਉਣ ਦਾ ਟੀਚਾ ਮਿਥਿਆ ਸੀ ਉਸ ਨਾਲੋਂ ਵੀ ਵੱਧ ਹਿੱਸਾ ਅਸੀਂ ਪਾ ਰਹੇ ਹਾਂ। ਪੰਜਾਬ ਦੇ ਵਿੱਚ ਜੋ ਖੇਤੀ ਦੇ ਏਰੀਆ ਵਿੱਚ ਤਰੱਕੀ ਹੋਈ ਹੈ, ਇਹ ਕਾਂਗਰਸ ਦੇ 35 ਸਾਲਾਂ ਵਿਚੋਂ 29 ਸਾਲਾਂ ਦੇ ਰਾਜ ਵਿਚ ਹੋਈ ਹੈ। ਇਨ੍ਹਾਂ ਦੀ ਸਰਕਾਰ ਵੀ ਇਥੇ ਆਉਂਦੀ ਰਹੀ ਹੈ । ਇਹ ਕਿਸਾਨਾਂ ਦੀਆਂ ਬੜੀਆਂ ਗੱਲਾਂ ਕਰਦੇ ਰਹੇ ਹਨ । ਪਰ ਇਨ੍ਹਾਂ ਦੀ ਬੇਹਤਰੀ ਵੱਲ ਕੋਈ ਧਿਆਨ ਨਹੀਂ ਦਿਤਾ । ਸਾਡੀ ਸਰਕਾਰ ਨੇ ਵਾਜਬ ਮੁਲ ਕਿਸਾਨ ਨੂੰ ਦਿਵਾਏ ਹਨ। ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਜੋ ਝੋਨੇ ਦੀ ਪ੍ਰਾਈਸ ਹੈ ਉਹ ਇਨ੍ਹਾਂ ਨਾਲੋਂ ਵੱਧ ਅਸੀਂ ਪੰਜਾਬ

Original with;
Punjab Vidhan Sabha
Digitized by;
Panjab Digital Library

ਦੇ ਕਿਸਾਨ ਨੂੰ ਦਵਾਈ ਹੈ। ਇਨ੍ਹਾਂ ਦੇ ਵੇਲੇ ਕਣਕ ਦਾ ਰੇਟ ਵੱਧ ਤੋਂ ਵੱਧ 2 ਰੁਪਏ ਅਤੇ ਝੋਨੇ ਦਾ ਰੇਟ ਵੱਧ ਤੋਂ ਵੱਧ ਪੰਜ ਰੁਪਏ ਕੁਇੰਟਲ ਵੱਧਿਆ। ਲੇਕਿਨ ਕਾਂਗਰਸ ਸਰਕਾਰ ਸਮੇਂ 13 ਰੁਪਏ ਤੋਂ ਲੈ ਕੇ 15 ਰੁਪਏ ਤਕ ਪ੍ਰਤੀ ਕੁਇੰਟਲ ਇਸ ਦੇ ਭਾਅ ਵਿੱਚ ਵਾਧਾ ਹੋਇਆ। ਕਿਸਾਨਾਂ ਨੂੰ ਵਾਜਬ ਮੁਲ ਪੰਜਾਬ ਦੀ ਇਸ ਸਰਕਾਰ ਨੇ ਦਿਵਾਏ ਹਨ।

ਸਰਦਾਰ ਦਲੀਪ ਸਿੰਘ ਪਾਂਧੀ : ** **

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਪਾਂਧੀ ਸਾਹਿਬ ਇਜਾਜ਼ਤ ਦੇ ਬਗ਼ੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਗੁਰਨੇਬ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਪਰ ਕੈਪੀਟਾ ਇਨਕਮ ਹਾਈਐਸਟ ਹੈ। 1980-81 ਵਿੱਚ ਇਹ 2664 ਰੁਪਏ ਸੀ ਜਦੋਂ ਕਿ 1981-82 ਵਿਚ 3000 ਤਕ ਇਸ ਦੀ ਪਹੁੰਚਣ ਦੀ ਆਸ ਹੈ। ਕੌਮੀ ਪਰ ਕੈਪੀਟਾ ਇਨਕਮ 1,537 ਰੁਪਏ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਬਿਜਲੀ ਦੀ ਗਲ ਚਲ ਰਹੀ ਹੈ। ਸਾਡੀ ਸਰਕਾਰ ਇਸ ਤਰਫ ਖਾਸ ਧਿਆਨ ਦੇ ਰਹੀ ਹੈ। ਜੋ ਸਾਡਾ ਐਨੂਅਲ ਪਲਾਨ ਡਾਕਟਰ ਸਾਹਿਬ ਨੇ ਪੇਸ਼ ਕੀਤਾ ਹੈ ਉਸ ਦਾ 50% ਯਾਨੀ 189.18 ਕਰੋੜ ਰੁਪਿਆ ਬਿਜਲੀ ਤੇ ਖਰਚ ਕੀਤਾ ਜਾ ਰਿਹਾ ਹੈ। ਸਰਦਾਰ ਬਲਵੰਤ ਸਿੰਘ ਹੋਰੀਂ ਵੀ ਹੁਣ ਹਾਉਸ ਵਿੱਚ ਆ ਗਏ ਹਨ। ਇਨ੍ਹਾਂ ਨੇ ਇਥੇ ਥੀਨ ਡੈਮ ਦਾ ਵੀ ਜ਼ਿਕਰ ਕੀਤਾ। ਅਸੀਂ ਬਾਦਲ ਸਾਹਿਬ ਦਾ ਬਿਆਨ ਉਦੋਂ ਪੜ੍ਹਿਆ ਸੀ ਜਦੋਂ ਇਹ ਚੀਫ ਮਨਿਸਟਰ ਸਨ ਕਿ ਅਸੀਂ ਥੀਨ ਡੈਮ ਦੀ ਕਲੀਯਰੈਂਸ ਓਵਰ ਏ ਕੱਪ ਆਫ ਟੀ ਲੈ ਲਈ। ਪਤਾ ਨਹੀਂ ਬਾਦਲ ਸਾਹਿਬ ਉਹ ਕਲੀਯਰੈਂਸ ਲੈ ਕੇ ਆਪਣੀ ਜੇਬ੍ਹ ਵਿੱਚ ਰੱਖੀ ਫਿਰਦੇ ਹਨ। ਹਾਲੇ ਤਕ ਸਾਨੂੰ ਤਾਂ ਰਿਕਾਰਡ ਤੇ ਉਹ ਮਿਲੀ ਨਹੀਂ। ਸਾਨੂੰ ਇਹ ਕਹਿੰਦੇ ਹਨ ਕਿ ਅਸੀਂ ਇਸ ਤੇ ਖਰਚ ਨਹੀਂ ਕਰ ਰਹੇ। ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਮੈਂ 500 ਲੈਟਰ ਆਫ ਇੰਟੈਂਟ ਲਿਆ ਕੇ ਦਿੰਦਾ ਹਾਂ। ਪਰ ਸਾਨੂੰ ਦਸ ਦੇਣ ਜੇ ਇਨ੍ਹਾਂ ਨੇ 5, 10 ਜਾਂ 15 ਲੈਟਰ ਆਫ ਇੰਟੈਂਟ ਆਪਣੀ ਸਰਕਾਰ ਸਮੇਂ ਲਿਆਂਦੇ ਹੋਣ।

ਅਸੀਂ ਵੱਧ ਤੋਂ ਵੱਧ ਇੰਡਸਟਰੀ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਟਿਆਲੇ ਵਿਚ ਵੀ ਤੁਸੀਂ ਵੇਖਿਆ ਹੋਵੇਗਾ, ਟੀ. ਵੀ. ਤੇ ਵੀ ਆਇਆ ਸੀ, ਸਾਡੇ ਮੁੱਖ ਮੰਤਰੀ ਸਾਹਿਬ ਨੇ ਦੱਸਿਆ ਸੀ ਕਿ ਇਸ ਤਰ੍ਹਾਂ ਨਾਲ ਪੰਜਾਬ ਤਰੱਕੀ ਕਰ ਰਿਹਾ ਹੈ। ਬਾਕੀ ਜਿਥੋਂ ਤਕ ਪਾਵਰ ਦੀ ਗੱਲ ਹੈ ਅਸੀਂ 189 ਕਰੋੜ ਰੁਪਿਆ ਇਸ ਦੇ ਵਾਸਤੇ ਖਰਚ ਕਰ ਰਹੇ ਹਾਂ। ਡਾਕਟਰ ਸਾਹਿਬ, ਇਸ ਵੇਲੇ ਬੈਠੇ ਨਹੀਂ ਹਨ। ਉਨ੍ਹਾਂ ਨੇ ਦੱਸਿਆ ਸੀ ਕਿ ਸਰਕਾਰ 12 ਕਰੋੜ ਰੁਪਿਆ ਥੀਨ ਡੈਮ ਤੇ ਖਰਚ ਕਰੇਗੀ। ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਥੇ ਅਸੀਂ ਹੋਰ ਪ੍ਰਾਜੈਕਟਾਂ ਤੇ 189 ਕਰੋੜ ਰੁਪਿਆ ਬਿਜਲੀ ਵਾਸਤੇ ਖਰਚ ਕਰ ਰਹੇ ਹਾਂ, ਉਥੇ ਨਾਲ ਹੀ ਥੀਨ ਡੈਮ ਦੇ ਵਾਸਤੇ ਵੀ ਹੋਰ ਪੈਸੇ ਦਿਓ। ਚੀਫ ਮਨਿਸਟਰ ਸਾਹਿਬ, ਇਸ ਗਲ ਦੇ ਮਗਰ ਲਗੇ ਹੋਏ ਹਨ ਉਹ ਆਪ ਪੀ.ਜੀ.ਆਈ.ਕਲੀ ਚੈਕ ਕਰਦੇ ਹਨ ਕਿ ਉਥੇ ਕੰਮ ਠੀਕ ਹੋ ਰਿਹਾ ਹੈ ਜਾਂ ਨਹੀਂ। ਡਾਕਟਰ ਸਾਹਿਬ ਨੇ ਕਿਹਾ ਵੀ ਹੈ ਕਿ ਜਿਤਨਾ ਪੈਸਾ ਥੀਨ ਡੈਮ ਲਈ ਚਾਹੀਦਾ ਹੋਵੇਗਾ ਉਹ ਦੇਣਗੇ। ਫਿਰ ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਅੰਦ ਮੁਕੇਰੀਆਂ ਹਾਈਡਲ ਪ੍ਰਾਜੈਕਟ ਛੇ ਮਹੀਨਿਆਂ ਤੋਂ ਬਾਅਦ ਖਤਮ ਹੋਣ ਸਨ ਪਰ ਸਾਡੀ ਸਰਕਾਰ ਨੇ,

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਸਾਡੇ ਮੁੱਖ ਮੰਤਰੀ ਸਾਹਿਬ ਦੀ ਹਿੰਮਤ ਕਰ ਕੇ ਉਹ ਕੰਮ ਛੇ ਮਹੀਨੇ ਪਹਿਲਾਂ ਖਤਮ ਹੋ ਜਾਵੇਗਾ । ਇਸ ਤੋਂ ਇਲਾਵਾ ਬਠਿੰਡਾ ਥਰਮਲ ਪਲਾਂਟ ਦਾ ਸੁਧਾਰ ਕੀਤਾ ਹੈ। ਪਹਿਲਾਂ 29 ਪੁਆਇੰਟ ਕੁਝ ਪਰਸੈਂਟ ਉਥੇ ਬਿਜਲੀ ਦੀ ਪ੍ਰੋਡਕਸ਼ਨ ਸੀ ਅੱਜ ਹੁਣ ਉਹ 40 ਪੁਆਇੰਟ ਕੁਝ ਹੋ ਗਈ ਹੈ। ਇਸੇ ਤਰ੍ਹਾਂ ਹੀ ਸੰਨ 1982-83 ਵਿਚ 175 ਮੈਗਾਵਾਟ ਵਾਧੂ ਬਿਜਲੀ ਪੈਦਾ ਕਰ ਕੇ ਅਸੀਂ ਸੂਬੇ ਦੇ ਲੋਕਾਂ ਨੂੰ ਦੇਣੀ ਹੈ । ਇਰੀਗੇਸ਼ਨ ਵਾਸਤੇ ਦੇਣੀ ਹੈ । ਇਰੀਗੇਸ਼ਨ ਦੇ ਮਾਮਲੇ ਵਿਚ ਸਾਡੀ ਸਰਕਾਰ ਨੇ ਟਾਪ ਪਰਿਆਰਟੀ ਪਾਵਰ ਨੂੰ ਦਿੱਤੀ ਹੋਈ ਹੈ ਕਿਉਂਕਿ ਅੱਜ ਲੋਕਾਂ ਦੇ ਜੀਵਨ ਦਾ ਮਿਆਰ ਬਿਜਲੀ ਤੇ ਹੀ ਨਿਰਭਰ ਹੈ। ਕਾਮਰੇਡ ਕੁਲਵੰਤ ਸਿੰਘ ਜੀ ਬੈਠੇ ਹਨ ਇਨ੍ਹਾਂ ਨੂੰ ਵੀ ਪਤਾ ਹੋਵੇਗਾ ਕਿ ਜਦੋਂ ਰਸ਼ੀਆ ਵਿਚ ਰੈਵੋਲਿਊਸ਼ਨ ਆਇਆ ਸੀ ਤਾਂ ਉਨ੍ਹਾਂ ਨੇ ਬਿਜਲੀ ਨੂੰ ਟਾਪ ਪਰਿਆਰਿਟੀ ਦਿਤੀ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਹੁਣ ਤੁਸੀਂ ਵੇਖ ਲਵੋ ਕਿ ਉਹ ਦੇਸ਼ ਕਿਥੇ ਪਹੁੰਚ ਚੁਕਾ ਹੈ। ਸਾਡੇ ਪੰਜਾਬ ਨੇ ਵੀ ਬਿਜਲੀ ਨੂੰ ਟਾਪ ਪਰਿ-ਆਰਿਟੀ ਦਿਤੀ ਹੈ ਅੱਜ ਸਾਨੂੰ ਆਸ ਹੈ ਕਿ ਸਾਡਾ ਇਹ ਪੰਜਾਬ ਬਹੁਤ ਤਰੱਕੀ ਕਰੇਗਾ, ਇਹ ਭਾਰਤ ਵਿਚ ਹੋਰਨਾਂ ਨਾਲੋਂ ਅੱਗੇ ਵਧੇਗਾ ਜਿਸ ਨੂੰ ਕਿ ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਪਿੱਛੇ ਲੈ ਗਏ ਸਨ । ਇਰੀਗੇਸ਼ਨ ਦੇ ਮਾਮਲੇ ਵਿਚ ਸਾਡੀ ਸਰਕਾਰ ਨੇ 42 ਹਜ਼ਾਰ ਹੈਕਟੇਅਰ ਵਾਧੂ ਜ਼ਮੀਨ ਦੀ ਸਿੰਚਾਈ ਦਾ ਪ੍ਰਬੰਧ ਕੀਤਾ ਹੈ। ਸੰਨ 1982-83 ਵਿਚ ਸਰਕਾਰ ਨੇ 75 ਹਜ਼ਾਰ ਹੈਕਟੇਅਰ ਜ਼ਮੀਨ ਨੂੰ ਹੋਰ ਸਿੰਚਾਈ ਹੇਠ ਲੈ ਆਉਣਾ ਹੈ। ਡਿਪਟੀ ਸਪੀਕਰ ਸਾਹਿਬ, ਰੀਕਲੇਮੇਸ਼ਨ ਡਿਪਾਰਟਮੈਂਟ ਨੇ ਤਾਂ ਇਸ ਪਾਸੇ ਰਿਕਾਰਡ ਤੋੜ ਦਿਤਾ ਹੈ । 33 ਹਜ਼ਾਰ ਏਕੜ ਤੋਂ ਜ਼ਿਆਦਾ ਜ਼ਮੀਨ ਰੀਕਲੇਮ ਉਸ ਮਹਿਕਮੇਂ ਨੇ ਕੀਤੀ ਹੈ।

ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਸਾਹਮਣੇ ਬੈਠੇ ਵੀਰ ਰਾਵੀ-ਬਿਆਸ ਪਾਣੀ ਦੀ ਵੰਡ ਦਾ ਜ਼ਿਕਰ ਕਰ ਰਹੇ ਸਨ। ਇਥੇ ਇਹ ਉਸ ਦਿਨ ਕਹਿੰਦੇ ਸਨ ਕਿ ਅਸੀਂ ਕੇਸਰੀ ਓਪਨ ਕਰਵਾਇਆ ਸੀ । ਸਰਦਾਰ ਬਲਵੰਤ ਸਿੰਘ ਜੀ ਕਹਿੰਦੇ ਸਨ ਕਿ ਪਤਾ ਨਹੀਂ ਹੈ ਕਿ ਸਾਡੇ ਵਜ਼ੀਰ ਸਾਹਿਬਾਨ ਉਥੇ ਦਿਲੀ ਜਾ ਕੇ ਨੱਕ ਰਗੜਦੇ ਹਨ ਜਾਂ ਪਤਾ ਨਹੀਂ ਇਹ ਕੀ ਕੁਝ ਕਹਿ ਰਹੇ ਸਨ। ਪਰ ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਹੀ ਗੱਲ ਦਸਦਾ ਹਾਂ। ਇਹ ਮੁਰਾਰ ਜੀ ਨਾਲ ਗੱਲ ਕਰਨ ਗਏ ਸਨ । ਪਤਾ ਨਹੀਂ ਹੈ ਕਿ ਸਰਦਾਰ ਬਲਵੰਤ ਸਿੰਘ ਹੋਰੀਂ ਵੀ ਨਾਲ ਗਏ ਸਨ ਜਾਂ ਨਹੀਂ ਸਨ ਗਏ ਪਰ ਜਨ ਸੰਘ ਵਾਲੇ ਭਰਾ ਇਨ੍ਹਾਂ ਦੇ ਨਾਲ ਸਨ ਜਿਨ੍ਹਾਂ ਦਾ ਹੁਣ ਇਨ੍ਹਾਂ ਨੇ ਸਫਾਇਆ ਕਰ ਦਿੱਤਾ। ਸੋ, ਜਦੋਂ ਇਹ ਦਿੱਲੀ ਗਏ ਤਾਂ ਉਥੇ ਸਵਾਲ ਪੈਦਾ ਹੋਇਆ ਕਿ who will bell the cat ? ਦੇਸਾਈ ਸਾਹਿਬ ਨਾਲ ਗੱਲ ਕੌਣ ਕਰੇ। ਇਨ੍ਹਾਂ ਨੇ ਯਗਦੱਤ ਜੀ ਨੂੰ ਨਾਲ ਲਿਆ । ਡਾਕਟਰ ਬਲਦੇਵ ਪ੍ਰਕਾਸ਼ ਨੂੰ ਨਾਲ ਲਿਆ ਪਰ ਦੇਸਾਈ ਸਾਹਿਬ ਨਾਲ ਗੱਲ ਕਰਨ ਦੀ ਕੋਈ ਜੁਰਅਤ ਨਾ ਕਰੇ। ਫਿਰ ਇਨ੍ਹਾਂ ਨੇ ਕਿਹਾ ਕਿ ਅਸੀਂ ਹੈਡ ਵਰਕਸ ਦੀ ਗੱਲ ਕਰਨੀ ਚਾਹੁੰਦੇ ਹਾਂ। ਤਾਂ ਉਸ ਵੇਲੇ ਦੇਸਾਈ ਸਾਹਿਬ ਨੇ ਕਿਹਾ :

> Had I know it earlier I would never have given them time for the interview. ਜਦੋਂ ਟੋਹੜਾ ਸਾਹਿਬ ਜ਼ਰਾ ਉੱਚੀ ਬੋਲਣ ਲੱਗੇ ਤਾਂ ਦੇਸਾਈ ਸਾਹਿਬ ਨੇ ਕਿਹਾ :—
>
> Better you sit in the adjoing room, I can hear your voice from that room.

(ਸਰਦਾਰ ਬੀਰਦਵਿੰਦਰ ਸਿੰਘ ਜੀ ਵੱਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

(ਇਸ ਸਮੇਂ ਮਾਨਯੋਗ ਮੈਂਬਰ, ਸਰਦਾਰ ਬੀਰਦਵਿੰਦਰ ਸਿੰਘ ਜੀ, ਖੜੇ ਹੋ ਕੇ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦੀ ਆਗਿਆ ਮੰਗਣ ਲੱਗੇ)।

Original with;
Punjab Vidhan Sabha
Digitized by;
Panjab Digital Library

Mr. Deputy Speaker : Let him speak. ਉਨ੍ਹਾਂ ਨੂੰ ਕਨਕਲੂਡ ਕਰਨ ਦਿਓ । ਟਾਈਮ ਥੋੜਾ ਹੈ ।

ਸਰਦਾਰ ਬੀਰਦਵਿੰਦਰ ਸਿੰਘ : ** ** **

(ਹਾਸਾ)

ਸ਼੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਗੁਰਨੈਬ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਸਾਨੂੰ ਖੁਸ਼ੀ ਹੈ ਕਿ ਇਨ੍ਹਾਂ ਦੀ ਦਿੱਲੀ ਸਰਕਰ ਨਾਲ, ਸਡੇ ਪ੍ਰਧਾਨ ਮੰਤਰੀ ਜੀ ਨਾਲ ਸਿੱਧੀ ਗੱਲ ਹੋਣ ਲੱਗ ਪਈ ਹੈ। ਅਸੀਂ ਵੀ ਕਹਿੰਦੇ ਹਾਂ ਕਿ ਇਨ੍ਹਾਂ ਦੀਆਂ ਧਾਰਮਿਕ ਮੰਗਾਂ ਹਨ ਅੱਤ ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ ਕਿ ਇਨ੍ਹਾਂ ਦੀ ਗੱਲ ਪ੍ਰਧਾਨ ਮੰਤਰੀ ਜੀ ਨਾਲ ਚਲਦੀ ਹੈ ।.. .. .. ..

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਿੱਖ ਤਾਂ ਤਾਕਤ ਨਾਲ ਮੰਗਾਂ ਮੰਨਵਾਉਂਦੇ ਹਨ ।

ਸਰਦਾਰ ਗੁਰਨੈਬ ਸਿੰਘ ਬਰਾੜ : ਪਰ ਤੁਹਾਡੇ ਪ੍ਰਧਾਨ ਮੰਤਰੀ ਦੇਸਾਈ ਜੀ ਤਾਂ ਤੁਹਾਨੂੰ ਸੁਣਨ ਵਾਸਤੇ ਵੀ ਤਿਆਰ ਨਹੀਂ ਸਨ। ਇਹ ਸਾਡੀ ਪਾਰਟੀ ਦੇ ਪ੍ਰਧਾਨ ਮੰਤਰੀ ਜੀ ਹਨ ਜਿਨ੍ਹਾਂ ਨਾਲ ਤੁਹਾਡੀ ਗੱਲ ਚਲਦੀ ਪਈ ਹੈ । ਪਰ ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਵੀਰ ਪ੍ਰਾਪੇਗੰਡਾ ਕਰਦੇ ਹਨ ਅੱਤ ਕਹਿੰਦੇ ਹਨ ਕਿ ਸਾਡੇ ਬੰਦੇ ਇਨ੍ਹਾਂ ਦੇ ਮਸਲਿਆਂ ਨੂੰ ਤਾਰ ਪੀਡੋ ਕਰਦੇ ਹਨ, ਕਦੇ ਇਹ ਸਰਦਾਰ ਦਰਬਾਰਾ ਸਿੰਘ ਜੀ ਬਾਰੇ ਕਹਿ ਦਿੰਦੇ ਹਨ ਕਿ ਇਨ੍ਹਾਂ ਦੀ ਗੱਲ ਨੂੰ ਤਾਰ ਪੀਡੋ ਕਰਨਾ ਚਾਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਅਸੀਂ ਤਾਂ ਕਹਿੰਦੇ ਹਾਂ ਕਿ ਇਨ੍ਹਾਂ ਦੀਆਂ ਧਾਰਮਿਕ ਮੰਗਾਂ ਹਨ ਅੱਤ ਸਾਨੂੰ ਤਾਂ ਖੁਸ਼ੀ ਹੈ ਕਿ ਇਨ੍ਹਾਂ ਦੀ ਗੱਲ ਚਲਦੀ ਪਈ ਹੈ ।ਜੇਕਰ ਦਿਲੀ ਕੋਤਵਾਲੀ ਦਾ ਹਿਸਾ ਇਨ੍ਹਾਂ ਨੂੰ ਦਿਤਾ ਗਿਆ ਹੈ ਤਾਂ ਸਾਡੇ ਹੀ ਪ੍ਰਧਾਨ ਮੰਤਰੀ ਜੀ ਨੇ ਦਿਤਾ ਹੈ, ਇਨ੍ਹਾਂ ਨੇ ਨਹੀਂ ਸੀ ਦਿੱਤਾ। ਅਸੀਂ ਕਹਿੰਦੇ ਹਾਂ ਕਿ ਧਾਰਮਿਕ ਮੰਗਾਂ ਮੰਨਣੀਆਂ ਚਾਹੀਦੀਆਂ ਹਨ।

ਸਰਦਾਰ ਬਲਵੰਤ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਗੁਰਨੈਬ ਸਿੰਘ ਬਰਾੜ : ਇਹ ਗੱਲ ਸਾਡੇ ਨੋਟਿਸ ਵਿਚ ਨਹੀਂ ਹੈ ਅੱਤ ਸਾਡੇ ਮੁੱਖ ਮੰਤਰੀ ਜੀ ਨੇ ਨਾ ਹੀ ਤਾਰਪੀਡੂ ਕਰਨਾ ਹੈ ।

ਸਰਦਾਰ ਬਲਵੰਤ ਸਿੰਘ : ਅਸੀਂ ਤਾਂ ਨਹੀਂ ਕਿਹਾ ਇਹ ਤਾਂ ਹੋਮ ਮਨਿਸਟਰ ਸਾਹਿਬ ਕਹਿ ਰਹੇ ਹਨ ।

ਸਰਦਾਰ ਬੀਰਦਵਿੰਦਰ ਸਿੰਘ : ਇਹ ਤਾਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਆਪਣੇ ਬੰਦੇ ਹੀ ਤਾਰਪੀਡੋ ਕਰਦੇ ਸਨ। ਇਸ ਵਾਸਤੇ ਹੀ ਇਨ੍ਹਾਂ ਨੂੰ ਐਗਜ਼ੈਕਟਿਵ ਕਮੇਟੀ ਤੋੜਨੀ ਪਈ ਸੀ । (ਹਾਸਾ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਨੈਬ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਰਾਵੀ-ਬਿਆਸ ਦੇ ਪਾਣੀ ਦਾ ਮਸਲਾ ਰੀਓਪਨ ਕਰ ਲਿਆ ਸੀ। ਭੈਣਾਈ ਜੀ ਤਾਂ ਇਨ੍ਹਾਂ ਦੇ ਘਰ ਦੇ ਸਨ ਉਨ੍ਹਾਂ ਤੋਂ ਫਿਰ ਫੈਸਲਾ ਵੀ ਕਰਵਾ ਲੈਂਦੇ। But he was not prepared to listen them.

ਸਾਡੇ ਮੁੱਖ ਮੰਤਰੀ ਜੀ ਨੇ ਅੱਗੇ ਨਾਲੋਂ ਵਾਧੂ ਪਾਣੀ ਲੈ ਕੇ ਪੰਜਾਬ ਨੂੰ ਦਿੱਤਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਹਰੀਜਨਾਂ ਵਾਸਤੇ ਬੜੇ ਹੀ ਭਲਾਈ ਦੇ ਕੰਮ ਕੀਤੇ ਹਨ। ਤੁਹਾਨੂੰ ਵੀ ਪਤਾ ਹੈ ਕਿ 10 ਹਜ਼ਾਰ ਮਕਾਨ ਪਿਛਲੇ ਸਾਲ ਬਣਾ ਕੇ ਦੇ ਦਿੱਤੇ ਸਨ ਅੱਜ 10 ਹਜ਼ਾਰ ਮਕਾਨ ਇਸ ਸਾਲ ਬਣਾ ਕੇ ਦੇਣੇ ਹਨ। ਇਹ ਗਰੀਬ ਵਰਗ ਦੇ ਲੋਕਾਂ ਨੂੰ ਦੇਣੇ ਹਨ।ਫਿਰ ਉਨ੍ਹਾਂ ਮਕਾਨਾਂ ਵਿਚ ਸਬਸਿਡੀ ਕਿਤਨੀ ਹੈ। 6,500 ਰੁਪਏ ਦਾ ਮਕਾਨ ਬਣਦਾ ਹੈ ਅੱਜ 10 ਰੁਪਏ ਦੇ ਹਿਸਾਬ ਨਾਲ 1,000 ਰੁਪਏ ਸਿਰਫ ਲੋਕਾਂ ਤੋਂ ਲੈਣੇ ਹਨ ਬਾਕੀ 5,500 ਰੁਪਏ ਦੀ ਸਬਸਿਡੀ ਦੇਣੀ ਹੁੰਦੀ ਹੈ। ਇਹ ਮੈਂ ਸਮਝਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਹੈ। ਹੋਰ ਇਸ ਤਰ੍ਹਾਂ ਦੀ ਮਿਸਾਲ ਕਿਤੇ ਨਹੀਂ ਮਿਲਦੀ ਜਿਥੇ ਕਿ ਇਤਨੀ ਜ਼ਿਆਦਾ ਸਬਸਿਡੀ ਦਿੱਤੀ ਜਾਂਦੀ ਹੋਵੇ। ਫਿਰ ਵਿਆਜ ਰਹਿਤ ਕਰਜ਼ੇ ਗਰੀਬਾਂ ਨੂੰ ਦਿੱਤੇ ਜਾ ਰਹੇ ਹਨ ਤਾਕਿ ਉਹ ਆਪਣਾ ਕੋਈ ਕੰਮ ਚਲਾ ਸਕਣ ਅੱਜ ਉਨ੍ਹਾਂ ਦੀ ਮੱਦਦ ਹੋ ਸਕੇ।ਪਿਛਲੀ ਵਾਰੀ ਵੀ ਕਾਫੀ ਕਰਜ਼ੇ ਬਿਨਾਂ ਵਿਆਜ ਵੰਡੇ ਗਏ ਸਨ। ਠੀਕ ਹੈ, ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਕੁਝ ਬੈਂਕਾਂ ਸਾਡੇ ਨਾਲ ਕੋਆਪ੍ਰੇਟ ਨਹੀਂ ਕਰਦੀਆਂ। ਤੁਹਾਡੀ (ਵਿਰੋਧੀ ਧਿਰ ਵੱਲ ਇਸ਼ਾਰਾ) ਪੰਜਾਬ ਐਂਡ ਸਿੰਧ ਬੈਂਕ ਸਾਡੇ ਨਾਲ ਕੋਆਪ੍ਰੇਟ ਨਹੀਂ ਕਰਦੀ, ਮੈਂ ਨਾਮ ਹੀ ਲੈ ਦਿੰਦਾ ਹਾਂ। ਅਸੀਂ ਕੋਸ਼ਿਸ਼ ਕਰ ਰਹੇ ਹਾਂ 2 ਹਜ਼ਾਰ ਤੋਂ ਵੱਧ ਪਿੰਡਾਂ ਵਿਚ ਗਲੀਆਂ ਅੱਜ ਨਾਲੀਆਂ ਪੱਕੀਆਂ ਕਰ ਦਿੱਤੀਆਂ ਹਨ ਅੱਜ ਸਾਡੀ ਸਰਕਾਰ ਨੇ ਕਿਹਾ ਹੈ ਕਿ 1983-84 ਤਕ ਕੋਈ ਪਿੰਡ ਪੰਜਾਬ ਵਿਚ ਐਸਾ ਨਹੀਂ ਹੋਵੇਗਾ ਜਿਥੇ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਨਾ ਹੋਣ। ਜਿਹੜੇ ਬਾਰਡਰ ਦੇ ਪਿੰਡ ਹਨ ਉਥੇ ਵੀ ਗਲੀਆਂ ਅੱਜ ਨਾਲੀਆਂ ਪੱਕੀਆਂ ਕਰ ਦਿੱਤੀਆਂ ਗਈਆਂ ਹਨ। ਇਸ ਲਈ ਅਸੀਂ ਸਮਝਦੇ ਹਾਂ ਕਿ ਰੰਧਾਵਾ ਸਾਹਿਬ ਨੇ ਇਹ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ ਅੱਜ ਅੱਗੇ ਤੋਂ ਵੀ ਇਸੇ ਤਰ੍ਹਾਂ ਹੀ ਤਰੱਕੀ ਦੇ ਕੰਮ ਕਰਦੇ ਰਹਿਣਗੇ।

ਫਿਰ ਸਾਡੀ ਸਰਕਾਰ ਨੇ ਗਰੀਬ ਲੋਕਾਂ ਦੀ ਸਹਾਇਤਾ ਲਈ ਇੰਟਰੈਸਟ ਫਰੀ ਲੋਨ ਉਨ੍ਹਾਂ ਲੋਕਾਂ ਨੂੰ ਦੇ ਕੇ ਬੜਾ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਨਾਲ ਗਰੀਬ ਲੋਕਾਂ ਦੀ ਹਾਲਤ ਸੁਧਰੇਗੀ।

ਫਿਰ ਡਰੇਨੇਜ ਦਾ ਮਸਲਾ ਹੈ। ਸਾਡੀ ਸਰਕਾਰ ਨੇ ਇਸ ਵੱਲ ਵੀ ਬਹੁਤ ਧਿਆਨ ਦਿੱਤਾ ਹੈ। ਇਸ ਵਿਚ ਜਿਹੜੀ ਸਫਾਈ ਦੀ ਲੋੜ ਹੈ, ਮੈਂ ਸਮਝਦਾ ਹਾਂ ਕਿ ਇਸ ਨੂੰ ਠੀਕ ਕਰਨ ਲਈ ਸਰਕਾਰ ਨੂੰ ਜ਼ੋਰ ਨਾਲ ਉਪਰਾਲੇ ਕਰਨੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਸਮਝਦਾ ਹਾਂ ਕਿ ਜਿਸ ਰਫਤਾਰ ਨਾਲ ਤਰੱਕੀ ਦੇ ਕੰਮ ਹੋ ਰਹੇ ਹਨ, ਇਸ ਤਰ੍ਹਾਂ ਨਾਲ ਪੰਜਾਬ ਵਿਚ ਕੋਈ ਪਿੰਡ ਨਹੀਂ ਰਹਿਣਾ ਜਿਥੇ ਗਲੀਆਂ, ਨਾਲੀਆਂ ਪੱਕੀਆਂ ਨਾ ਹੋਣਗੀਆਂ। ਮੈਂ ਦਸਦਾ ਹਾਂ ਕਿ ਮੇਰੇ ਹਲਕੇ ਵਿਚ 2 ਪਿੰਡ ਰੰਧਾਵਾ ਸਾਹਿਬ ਨੇ ਮਨਜ਼ੂਰ ਕਰ ਦਿੱਤੇ, ਉਸ ਤੋਂ ਬਾਅਦ ਸ੍ਰੀ ਜਗਤ ਰਾਮ ਜੀ ਮਿਲੇ ਤਾਂ ਉਨ੍ਹਾਂ ਨੇ ਵੀ ਮੈਨੂੰ ਕਿਹਾ ਕਿ ਤੇਰੇ ਹਲਕੇ ਦੇ ਦੋ ਪਿੰਡ ਖਸਤੀ ਸੁਧਾਰ ਸਕੀਮ ਵਿਚ ਲੈ ਲਏ ਹਨ। ਮੈਂ ਕਿਹਾ ਕਿ ਉਥੇ ਤਾਂ ਪਹਿਲੇ ਹੀ ਕੰਮ ਹੋ ਰਿਹਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਕ ਦਿਨ ਐਸਾ ਆਵੇਗਾ

Original with;
Punjab Vidhan Sabha
Digitized by;
Panjab Digital Library

ਜਿਸ ਦਿਨ ਕੋਈ ਪਿੰਡ ਅਜਿਹਾ ਨਹੀਂ ਹੋਵੇਗਾ ਜਿਥ ਗਲੀਆਂ ਅੰਰ ਨਾਲੀਆਂ ਪੱਕੀਆਂ ਨਾ ਕੀਤੀਆਂ ਹੋਣ। ਤੁਸੀਂ ਆਪ ਪਿੰਡਾਂ ਵਿਚ ਜਾ ਕੇ ਵੇਖੋ ਕਿਸ ਰਫਤਾਰ ਨਾਲ ਤਰੱਕੀ ਹੋ ਰਹੀ ਹੈ। ਜਿਹੜਾ ਪਹਿਲੇ ਇਕ ਗਧਾ ਇੱਟਾਂ ਦਾ ਨਹੀਂ ਸੀ ਮਿਲਦਾ ਅੱਜ ਉਥੇ ਉਨ੍ਹਾਂ ਪਿੰਡਾਂ ਵਿਚ ਟਰੱਕਾਂ ਦੇ ਟਰੱਕ ਇੱਟਾਂ ਦੇ ਪਏ ਹਨ ਅਤੇ ਕੰਮ ਹੋ ਰਿਹਾ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ 2--3 ਮਿੰਟਾਂ ਵਿਚ ਹੀ ਵਾਈਂਡ ਅਪ ਕਰ ਦਿਓ।

ਸਰਦਾਰ ਗੁਰਨੈਬ ਸਿੰਘ ਬਰਾੜ : ਬੱਸ ਜੀ, ਮੈਂ ਥੋੜ੍ਹਾ ਜਿਹਾ ਬੋਲਣਾ ਹੈ। ਇਹ ਜਿਹੜੀ ਸਾਡੀ ਸਰਕਾਰ ਨੇ ਰੂਰਲ ਡਿਵੈਲਪਮੈਂਟ ਏਜੰਸੀ ਕਾਇਮ ਕੀਤੀ ਹੈ ਇਸ ਨਾਲ ਸਾਰੇ ਜ਼ਿਲ੍ਹਿਆਂ ਵਿਚ ਬੜੀ ਹੀ ਤੇਜ਼ ਰਫਤਾਰ ਨਾਲ ਡਿਵੈਲਪਮੈਂਟ ਦੇ ਕੰਮ ਹੋ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਬੜਾ ਹੀ ਸ਼ਲਾਘਾਯੋਗ ਕੰਮ ਹੈ। ਪਿੰਡਾਂ ਦੀ ਹਾਲਤ ਕਾਫੀ ਸੁਧਰ ਰਹੀ ਹੈ।

ਹੁਣ, ਡਿਪਟੀ ਸਪੀਕਰ ਸਾਹਿਬ, ਟ੍ਰਾਂਸਪੋਰਟ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਸਾਹਮਣੇ ਮੇਰੇ ਬੈਠੇ ਭਰਾਵਾਂ ਨੂੰ ਪਤਾ ਹੈ ਕਿ ਟ੍ਰਾਂਸਪੋਰਟ ਦੀ ਹਾਲਤ ਵਿਚ ਕਾਫੀ ਸੁਧਾਰ ਹੋਇਆ ਹੈ। ਇਕ ਦਿਨ ਖਿਆਲਾ ਜੀ ਤੇ ਮੈਂ ਟੀਵੀ ਦੇ ਅੱਗੇ ਬੈਠੇ ਸੀ ਤਾਂ ਖਿਆਲਾ ਜੀ ਨੇ ਵੀ ਕਿਹਾ ਸੀ ਕਿ ਹੁਣ ਤਾਂ ਟ੍ਰਾਂਸਪੋਰਟ ਦੀ ਹਾਲਤ ਵਿਚ ਕਾਫੀ ਸੁਧਾਰ ਹੋਇਆ ਹੈ। ਸਾਡੀ ਸਰਕਾਰ ਨੇ ਕਾਫੀ ਸਾਰੀਆਂ ਨਵੀਆਂ ਬਸਾਂ ਲਈਆਂ ਹਨ। ਟ੍ਰਾਂਸਪੋਰਟ ਦੇ ਬਾਰੇ ਪਹਿਲੇ ਜਿਹੜਾ ਹਰਿਆਣਾ ਪ੍ਰਾਂਤ ਸਾਡੇ ਨਾਲੋਂ ਅੱਗੇ ਸੀ ਅੱਜ ਪੰਜਾਬ ਨੰਬਰ ਵਨ ਤੇ ਹੈ। (ਵਿਘਨ) ਘਾਟਾ ਤਾਂ ਦੂਰ ਹੋ ਜਾਣਾ ਸੀ ਜੇ ਤੁਸੀਂ ਟੈਕਸ ਲਾਉਣ ਦਿੰਦੇ। ਜਦ ਲੋਕਾਂ ਦੀ ਸੇਵਾ ਕਰਨੀ ਹੈ ਤਾਂ ਘਾਟਾ ਤਾਂ ਪਵੇਗਾ ਹੀ।

ਹੁਣ ਮੈਂ ਉਹ ਗੱਲਾਂ ਦਸਦਾ ਹਾਂ ਜਿਹੜੀਆਂ ਕਿ ਸਰਕਾਰ ਨੇ ਕਿਸਾਨਾਂ ਨੂੰ ਛੋਟਾਂ ਦਿੱਤੀਆਂ ਹਨ। 14 ਕਰੋੜ ਰੁਪਿਆ ਇਰੀਗੇਸ਼ਨ ਤੇ ਛੋਟ ਦਿੱਤੀ ਹੈ। ਕੁੱਝ ਛੋਟਾਂ ਸਾਡੀ ਸਰਕਾਰ ਨੇ 90 ਕਰੋੜ ਦੀਆਂ ਦਿੱਤੀਆਂ ਹਨ। ਸਾਡੀ ਸਰਕਾਰ ਨੇ ਬਜਟ ਦਾ 74% ਹਿੱਸਾ ਖੇਤੀਬਾੜੀ, ਬਿਜਲੀ ਅੰਰ ਸਿੰਚਾਈ ਤੇ ਖਰਚ ਕਰਨ ਲਈ ਰਖਿਆ ਹੈ। ਭੁੰਦੜ ਸਾਹਿਬ ਤੁਸੀਂ ਇਹ ਆਪ ਪੜ੍ਹ ਲੈਣਾ। ਤੁਸੀਂ ਵੀ ਐਗਰੀਕਲਚਰ ਦੇ ਮਨਿਸਟਰ ਰਹੇ ਹੋ। ਡੀਜ਼ਲ ਦੀ ਹੁਣ ਕੋਈ ਘਾਟ ਨਹੀਂ ਰਹੀ। ਖਾਦ ਦੀ ਵੀ ਕੋਈ ਕਮੀ ਨਹੀਂ ਹੋਈ ਬਲਕਿ ਅੱਗੇ ਨਾਲੋਂ ਖਾਦ ਦੀ ਕਨਜ਼ੰਪਸ਼ਨ ਵਧੀ ਹੈ। ਸਰਦਾਰ ਆਤਮਾ ਸਿੰਘ ਨੇ ਇਥੇ ਕਿਹਾ ਸੀ ਕਿ ਤੁਹਾਡੇ ਤੇ ਰਬ ਦੀ ਕ੍ਰਿਪਾ ਹੈ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਰਬ ਦੀ ਮਿਹਰਬਾਨੀ ਵੀ ਉਨ੍ਹਾਂ ਤੇ ਹੁੰਦੀ ਹੈ ਜਿਹੜੇ ਚੰਗੇ ਕੰਮ ਕਰਦੇ ਹਨ। ਅਸੀਂ ਚੰਗੇ ਕੰਮ ਕੀਤੇ ਹਨ ਸਾਡੇ ਤੇ ਰਬ ਦੀ ਮਿਹਰਬਾਨੀ ਹੈ। ਜੇ ਤੁਸੀਂ ਵੀ ਰਬ ਦੀ ਮਿਹਰਬਾਨੀ ਚਾਹੁੰਦੇ ਹੋ ਤਾਂ ਚੰਗੇ ਕੰਮ ਕਰੋ। ਅਸੀਂ ਚੰਗੇ ਕੰਮ ਕੀਤੇ ਸਨ ਸਾਨੂੰ ਲੋਕਾਂ ਨੇ ਸਿਲੈਕਟ ਕੀਤਾ ਹੈ ਤੁਸੀਂ ਮਾੜੇ ਕੀਤੇ ਸਨ ਤੁਹਾਨੂੰ ਰਿਜੈਕਟ ਕੀਤਾ ਹੈ ਅੰਰ ਅਸੀਂ ਹੁਣ ਲੋਕਾਂ ਨੂੰ, ਪੰਜਾਬ ਨੂੰ ਤਰੱਕੀ ਵਲ ਲੈ ਜਾਣਾ ਹੈ।

ਸਾਡੀ ਸਰਕਾਰ ਨੇ ਪੈਨਸ਼ਨਾਂ ਵਿਚ ਵੀ ਕਾਫੀ ਵਾਧਾ ਕੀਤਾ ਹੈ। ਫਿਰ ਜਿਹੜੇ ਬਹਾਦਰੀ ਦੇ ਰਿਵਾਰਡ ਮਿਲੇ ਹਨ ਉਨ੍ਹਾਂ ਵਿਚ 1/3 ਪੰਜਾਬ ਦੇ ਆਦਮੀ ਹਨ। ਸਾਡੀ ਸਰਕਾਰ ਨੇ ਉਨ੍ਹਾਂ ਦੀ ਕਾਫੀ ਹੌਸਲਾ ਅਫਜ਼ਾਈ ਕੀਤੀ ਹੈ। ਫਰੀਡਮ ਫਾਈਟਰਜ਼ ਵਾਸਤੇ ਵੀ ਪਹਿਲੇ ਜਿਹੜਾ ਇਕ ਸਾਲ ਸੀ ਉਹ ਹੁਣ 6 ਮਹੀਨੇ ਕਰ ਦਿੱਤਾ ਹੈ ਤਾਕਿ ਜਿਹੜਾ ਵੀ ਆਦਮੀ, ਜਿਹੜਾ ਇਸ ਦੇਸ਼ ਦੀ ਅਜ਼ਾਦੀ ਵਾਸਤੇ ਲੜਿਆ ਹੈ ਅੰਰ ਜੇਲ੍ਹ ਗਿਆ ਹੈ ਉਸ ਨੂੰ ਸਹੂਲਤ ਮਿਲ ਸਕੇ। ਮੈਂ ਤਾਂ ਇਹ ਕਹਿੰਦਾ ਹਾਂ ਕਿ ਕੋਈ ਵੀ ਆਦਮੀ ਚਾਹੇ ਉਸਨੇ ਇਕ ਸਾਲ ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਪਾਇਆ ਹੈ ਜਾਂ ਇਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]
ਮਹੀਨਾ ਸਾਡੀ ਸਰਕਾਰ ਨੂੰ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਪੂਰੀ ਰਿਆਇਤ ਦੇਣੀ ਚਾਹੀਦੀ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅਪ ਕਰੋ, ਤੁਹਾਡਾ ਸਮਾਂ ਹੋ ਗਿਆ ਹੈ।

ਸਰਦਾਰ ਗੁਰਨੈਬ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਪੁਲਿਸ ਵਾਲਿਆਂ ਦੀ ਵੀ ਬਹੁਤ ਮਦਦ ਕੀਤੀ ਹੈ। ਉਨ੍ਹਾਂ ਦਾ ਮੋਟਰ ਸਾਈਕਲ ਅਲਾਊਂਸ ਜਾਂ ਸਾਈਕਲ ਅਲਾਊਂਸ ਵਧਾਇਆ ਹੈ ਤਾਕਿ ਉਹ ਪੰਜਾਬ ਦੇ ਲੋਕਾਂ ਦੀ ਸੇਵਾ ਚੰਗੀ ਤਰ੍ਹਾਂ ਨਾਲ ਕਰ ਸਕਣ। ਜਿਹੜੀਆਂ ਉਨ੍ਹਾਂ ਨੂੰ ਜੀਪਾਂ ਮਿਲੀਆਂ ਹਨ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਮਾਈਲੇਜ ਵਧਾਉਣੀ ਚਾਹੀਦੀ ਹੈ ਤਾਕਿ ਉਹ ਕਿਸੇ ਵੇਲੇ ਵੀ ਜਿਸ ਵੇਲੇ ਲੋੜ ਪਵੇ ਉਹ ਜੀਪ ਤੇ ਜਾ ਕੇ ਲੋਕਾਂ ਦੀ ਸੇਵਾ ਕਰ ਸਕਣ।

ਫਿਰ, ਡਿਪਟੀ ਸਪੀਕਰ ਸਾਹਿਬ, ਮਾਰਕਿਟ ਫੀਸ ਵਿਚ ਵਾਧਾ ਕਰਕੇ ਇਸ ਸਰਕਾਰ ਨੇ ਬੜਾ ਚੰਗਾ ਕੰਮ ਕੀਤਾ ਹੈ। ਇਹ ਪੈਸਾ ਪਿੰਡਾਂ ਦੀਆਂ ਗਲੀਆਂ, ਨਾਲੀਆਂ ਪੱਕੀਆਂ ਕਰਨ ਅਤੇ ਹੋਰ ਉਨ੍ਹਾਂ ਲੋਕਾਂ ਦੀ ਭਲਾਈ ਵਾਸਤੇ ਇਸਤੇਮਾਲ ਹੋਣਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡੇ ਪੰਜਾਬ ਦੀ ਤਰੱਕੀ ਹੋਵੇਗੀ ਅੱਤੇ ਪੰਜਾਬ ਦੇ ਲੋਕ ਹੋਰ ਖੁਸ਼ਹਾਲ ਹੋਣਗੇ।

ਇਥੇ ਟਰੱਕਾਂ ਵਾਲਿਆਂ ਦੀ ਗਲ ਚਲੀ ਸੀ। ਇਨ੍ਹਾਂ ਨੇ ਉਨ੍ਹਾਂ ਦੇ ਪੈਸੇ ਵਧਾਏ ਸਨ ਤਾਂ That was also struck down by the Court. ਇਹ ਠੀਕ ਹੈ ਕਿ ਉਨ੍ਹਾਂ ਟਰੱਕਾਂ ਵਾਲਿਆਂ ਨੇ ਦੇਸ਼ ਦੀ ਬੜੀ ਸੇਵਾ ਕੀਤੀ ਹੈ । ਜਦੋਂ ਦੇਸ਼ ਤੇ ਭੀੜ ਪਈ ਸੀ ਤਾਂ ਇਨ੍ਹਾਂ ਟਰੱਕਾਂ ਵਾਲਿਆਂ ਨੂੰ ਕਾਫੀ ਸਹਾਇਤਾ ਦੇਣੀ ਪਈ ਸੀ। ਇਸ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਜ਼ਰੂਰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ।

ਬਰਨਾਲਾ ਸਾਹਿਬ ਨੇ ਇਥੇ ਦਸ਼ਮੇਸ਼ ਅਕਾਡਮੀ ਦੀ ਗਲ ਕੀਤੀ ਸੀ। ਸਾਡੀ ਸਰਕਾਰ ਤਾਂ ਚਾਹੁੰਦੀ ਹੈ ਕਿ ਵੱਧ ਤੋਂ ਵੱਧ ਇਸ ਅਕਾਡਮੀ ਨੂੰ ਉਪਰ ਚੁਕਿਆ ਜਾਵੇ। ਮੈ ਆਪ ਉਸ ਕਮੇਟੀ ਦਾ ਮੈਂਬਰ ਹਾਂ। ਅਸੀਂ ਉਸ ਵਾਸਤੇ 25 ਲੱਖ ਰੁਪਿਆ ਮੰਗਿਆ ਸੀ ਤਾਂ ਸਰਕਾਰ ਨੇ ਉਹ 25 ਲੱਖ ਰੁਪਿਆ ਹੀ ਦੇ ਦਿੱਤਾ ਸੀ। ਮੈਨੂੰ ਉਮੀਦ ਹੈ ਕਿ ਜੇ ਇਸ ਵਾਸਤੇ ਹੋਰ ਪੈਸੇ ਦੀ ਲੋੜ ਪਵੇਗੀ ਤਾਂ ਵੀ ਸਰਕਾਰ ਸਾਨੂੰ ਦੇਵੇਗੀ। ਇਸ ਅਕਾਡਮੀ ਵਿਚ ਆਮ ਗਰੀਬ ਵਰਗ ਦੇ ਬੱਚੇ ਸਿਖਿਆ ਪ੍ਰਾਪਤ ਕਰ ਰਹੇ ਹਨ। ਇਹ ਸਕੂਲ ਬੜੀ ਚੰਗੀ ਤਰ੍ਹਾਂ ਚਲ ਰਿਹਾ ਹੈ। ਇਸ ਸਕੂਲ ਨੇ ਜੋ ਤਰੱਕੀ ਕੀਤੀ ਹੈ ਉਹ ਵਰਣਨ-ਯੋਗ ਹੈ।

ਡਿਪਟੀ ਸਪੀਕਰ ਸਾਹਿਬ, ਤੁਸੀਂ ਫਿਰ ਮੇਰੇ ਵੱਲ ਵੇਖ ਰਹੇ ਹੋ ਅੱਤੇ ਘੰਟੀ ਮਾਰੋਗੇ। ਇਸ ਲਈ ਮੈਂ ਅੰਨਾ ਕਹਿਕੇ ਖਤਮ ਕਰਦਾ ਹਾਂ ਕਿ ਇਹ ਜਿਹੜਾ ਬਜਟ ਹੈ ਇਹ ਬੜਾ ਚੰਗਾ ਹੈ ਇਹ ਸਭ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ। ਇਹ ਕਹਿਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਬਲਦੇਵ ਸਿੰਘ ਲੂੰਬਾ (ਸ਼ੁਤਰਾਣਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਜਟ ਤੇ ਪਹਿਲੀ ਗਲ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਜਟ ਦੇ ਵਿਚ ਉਹੀ ਚੀਜ਼ਾਂ ਹਨ ਜੋ ਪਹਿਲੇ ਬਜਟਾਂ ਵਿਚ ਆਉਂਦੀਆਂ ਰਹੀਆਂ ਹਨ। ਇਸ ਬਜਟ ਵਿਚ ਕੋਈ ਮੁੱਖ ਤਬਦੀਲੀ ਨਹੀਂ ਕੀਤੀ ਗਈ। ਇਹ ਬਜਟ ਵੀ ਉਸੇ ਜਮਾਤ ਨੂੰ ਪਾਲਣ ਵਾਲਾ ਹੈ ਜਿਸ ਜਮਾਤ ਨੂੰ ਪਹਿਲੇ ਵਾਲੇ

Original with;
Punjab Vidhan Sabha
Digitized by;
Panjab Digital Library

ਬਜਟ ਪਾਲਦੇ ਰਹੇ ਹਨ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਹ ਬਜਟ ਵੀ ਸਰਮਾਏਦਾਰਾਂ ਦੇ ਹਿਤਾਂ ਦਾ ਬਜਟ ਹੈ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਇਹ ਗੱਲ ਕਹਿਣੀ ਚਾਹਵਾਂਗਾ ਕਿ ਇਸ ਸਰਕਾਰ ਨੇ ਜੋ ਪੀਲੇ ਕਾਰਡ ਵੰਡੇ ਹਨ, ਇਸ ਬਾਰੇ ਸਰਦਾਰ ਗੁਰਨੈਬ ਸਿੰਘ ਬਰਾੜ ਨੇ ਵੀ ਕਿਹਾ ਹੈ, ਉਹ ਉਨ੍ਹਾਂ ਲੋਕਾਂ ਨੂੰ ਨਹੀਂ ਵੰਡੇ ਗਏ ਜਿਨ੍ਹਾਂ ਨੂੰ ਇਸ ਦੀ ਲੋੜ ਸੀ । ਇਹ ਤਾਂ ਚੰਗੀ ਗੱਲ ਹੈ ਕਿ ਸਰਕਾਰ ਨੇ ਗਰੀਬ ਲੋਕਾਂ ਵਾਸਤੇ ਪੀਲੇ ਕਾਰਡ ਸ਼ੁਰੂ ਕੀਤੇ ਸਨ ਪਰ ਜੇ ਅਸਲ ਵਿਚ ਵੇਖਿਆ ਜਾਵੇ ਤਾਂ ਇਹ ਪੀਲੇ ਕਾਰਡ ਉਨ੍ਹਾਂ ਨੇ ਬਣਵਾ ਲਏ ਹਨ ਜਿਹੜੇ ਟਰੱਕਾਂ ਦੇ ਮਾਲਕ ਹਨ, ਜਿਹੜੇ ਜ਼ਮੀਨਾਂ ਦੇ ਮਾਲਕ ਹਨ ਅੱਤ ਜਿਹੜੇ ਗਰੀਬ ਲੋਕ ਸਨ ਉਹ ਰਹਿ ਗਏ ਹਨ। ਇਹ ਚੰਗੀ ਗੱਲ ਹੈ ਕਿ ਸਰਕਾਰ ਨੇ ਇਸ ਦੀ ਇਨਕੁਆਇਰੀ ਲਈ ਕਿਹਾ ਹੈ ਮੈਂ ਸਮਝਦਾ ਹਾਂ ਕਿ ਇਸ ਦੀ ਜਿਹੜੀ ਤਾਰੀਖ 31 ਮਾਰਚ ਰਖੀ ਹੈ ਇਸ ਨੂੰ ਹੋਰ ਵਧਾ ਦੇਣਾ ਚਾਹੀਦਾ ਹੈ ਤਾਕਿ ਇਹ ਪਤਾ ਲਗ ਸਕੇ ਕਿ ਕਿਹੜੇ ਕਿਹੜੇ ਗਲਤ ਆਦਮੀਆਂ ਨੇ ਇਹ ਕਾਰਡ ਬਣਵਾ ਲਏ ਹਨ। ਇਸ ਲਈ ਕੁਝ ਸਮਾਂ ਹੋਰ ਵਧਾ ਦੇਣਾ ਚਾਹੀਦਾ ਹੈ ਤਾਕਿ ਇਸ ਨੂੰ ਪੂਰੀ ਤਰ੍ਹਾਂ ਵੇਖਿਆ ਜਾ ਸਕੇ । ਇਹ ਅਮਲ ਵਿਚ ਆਉਣਾ ਚਾਹੀਦਾ ਹੈ। ਕਰਜ਼ੇ ਦੇਣ ਦੀ ਗੱਲ ਆਈ ਹੈ। ਮੇਰੇ ਇਲਾਕੇ ਪਾਤੜਾਂ ਵਿਚ ਦੋ ਬੈਂਕ ਹਨ, ਇਕ ਸਟੇਟ ਬੈਂਕ ਆਫ ਪਟਿਆਲਾ ਅਤੇ ਸਿੰਧ ਬੈਂਕ। ਸਟੇਟ ਬੈਂਕ ਆਫ ਪਟਿਆਲੇ ਦੇ ਮੈਨੇਜਰ ਨੇ ਹਾਲੇ ਤੱਕ ਕਿਸੇ ਕਰਜ਼ੇ ਵਾਲੀ ਅਰਜ਼ੀ ਨੂੰ ਟੇਕ ਅਪ ਨਹੀਂ ਕੀਤਾ ਹੈ ਅੱਤ ਨਾ ਹੀ ਕਿਸੇ ਨੂੰ ਕਰਜ਼ਾ ਦਿੱਤਾ ਹੈ ਅੱਤ ਸਿੰਧ ਬੈਂਕ ਦਾ ਮੈਨੇਜਰ ਕਹਿੰਦਾ ਹੈ ਕਿ ਤੁਸੀਂ ਬੈਂਕ ਦੇ ਵਿਚ ਆਉਣ ਤੋਂ ਪਹਿਲਾਂ ਮੂੰਹ ਵਿਚ ਲਾਚੀਆਂ ਪਾ ਕੇ ਆਇਆ ਕਰੋ । ਇਸ ਲਈ ਸਰਕਾਰ ਪੀਲੇ ਕਾਰਡ ਵਾਲਿਆਂ ਨੂੰ ਲਾਚੀਆਂ ਵੀ ਸਪਲਾਈ ਨਾਲ ਕਰਿਆ ਕਰੇ ਤਾਕਿ ਉਨ੍ਹਾਂ ਦੇ ਮੂੰਹ ਵਿਚੋਂ ਬਦਬੂ ਨਾ ਆਵੇ। ਇਨ੍ਹਾਂ ਨੇ ਬੈਂਕ ਦੇ ਮੈਨੇਜਰਾਂ ਨੂੰ ਕੁਰੱਪਟ ਕਰ ਦਿੱਤਾ ਹੈ । ਜਿਹੜਾ ਇਨ੍ਹਾਂ ਨੂੰ ਇਨ੍ਹਾਂ ਦੇ ਰੇਟ ਦੇ ਮੁਤਾਬਿਕ 100 /200 ਰੁਪਿਆ ਦੇ ਦੇਵੇ ਉਸ ਦਾ ਕਰਜ਼ਾ ਮਨਜ਼ੂਰ ਕਰ ਦਿੰਦੇ ਹਨ ਅੱਤ ਦੂਜਿਆਂ ਦਾ ਨਹੀਂ ਕਰਦੇ ।

ਡਿਪਟੀ ਸਪੀਕਰ ਸਾਹਿਬ, ਪਾਵਰਜ਼ ਦੇ ਮੁਤਾਬਿਕ ਗੱਲ ਇਹ ਹੈ ਕਿ ਪੰਜਾਬ ਵਿਚ ਸਿਰਫ ਰੋਪੜ ਥਰਮਲ ਪਲਾਂਟ ਲਗਾ ਕੇ ਜਾਂ ਹੋਰ ਛੋਟੇ ਮੋਟੇ ਪਲਾਂਟ ਲਗਾ ਕੇ ਪੰਜਾਬ ਦੇ ਐਗਰੀਕਲਚਰ ਖੇਤਰ ਦੀ ਭਲਾਈ ਨਹੀਂ ਹੋ ਸਕਦੀ ਅਤੇ ਨਾ ਹੀ ਲੋਕਾਂ ਦਾ ਫਾਇਦਾ ਹੋ ਸਕਦਾ ਹੈ। ਜਿੰਨੀ ਦੇਰ ਤੁਸੀਂ ਪੰਜਾਬ ਵਿਚ ਅਟਾਮਿਕ ਪਲਾਂਟ ਐਨਰਜੀ ਦਾ ਨਹੀਂ ਲਗਾਉਂਦੇ । ਇਹ ਠੀਕ ਹੈ ਕਿ ਸਾਡੇ ਸੀ.ਐਮ. ਸਾਹਿਬ ਇਸ ਵਿਚ ਬੜੀ ਦਿਲਚਸਪੀ ਦਿਖਾ ਰਹੇ ਹਨ।

ਹੁਣ ਮੈਂ ਟਰਾਂਸਪੋਰਟ ਬਾਰੇ ਦੱਸਦਾ ਹਾਂ ਕਿ ਇਸ ਸਬੰਧ ਵਿਚ ਇਸੇ ਹਾਊਸ ਵਿਚ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ ਕਿ ਟਰਾਂਸਪੋਰਟ ਦਾ ਕੌਮੀਕਰਣ ਕੀਤਾ ਜਾਵੇ ਪਰ ਸਰਕਾਰ ਨੇ ਹਾਲੇ ਤੱਕ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਹੈ। ਮੇਰੀ ਇਕ ਕਲੈਰੀਫਿਕੇਸ਼ਨ ਵਿਚ ਜਵਾਬ ਸਰਕਾਰ ਨੇ ਦਿੱਤਾ ਸੀ ਕਿ ਅਸੀਂ ਪਲਾਨ ਬਣਾ ਰਹੇ ਹਾਂ ਪਰ ਦੂਜੇ ਪਾਸੇ ਸਵਾਲ ਦੇ ਜਵਾਬ ਵਿਚ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਕਿ ਪ੍ਰਾਈਵੇਟ ਟਰਾਂਸਪੋਰਟਰ ਲੋਕਲ ਟਰਾਂਸਪੋਰਟ ਲੈਣ ਵਾਸਤੇ ਤਿਆਰ ਨਹੀਂ ਹੈ ਕਿਉਂਕਿ ਘਾਟੇ ਵਾਲੀ ਹੈ। ਕੀ ਸਰਕਾਰ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰੇਗੀ ਜਾਂ ਟਾਲਮਟੋਲ ਕਰੇਗੀ। ਪੀ.ਆਰ.ਟੀ.ਸੀ. ਦਾ ਤਾਂ ਬਹੁਤ ਬੇੜਾ ਗਰਕ ਹੋਇਆ ਹੈ ਅਤੇ ਉਸ ਦੇ ਹਾਲਾਤ ਬਹੁਤ ਮਾੜੇ ਨਜ਼ਰ ਆ ਰਹੇ ਹਨ । ਇਸ ਦੇ ਐਡਮਨਿਸਟ੍ਰੇਟਿਵ ਢਾਂਚੇ ਨੂੰ ਅਗਰ ਨਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੁੰਬਾ]

ਬਦਲਿਆ ਗਿਆ ਤਾਂ ਇਹ ਪੀ.ਆਰ.ਟੀ.ਸੀ. ਤਬਾਹ ਹੋ ਜਾਵੇਗੀ। ਇਸ ਲਈ ਸਰਕਾਰ ਨੂੰ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ।

ਲੈਂਡ ਰਿਫਾਰਮਜ਼ ਬਾਰੇ ਦਸਿਆ ਜਾਂਦਾ ਹੈ ਕਿ ਗਰੀਬਾਂ ਨੂੰ ਬਹੁਤ ਸਾਰੀਆਂ ਜ਼ਮੀਨਾਂ ਵੰਡ ਦਿੱਤੀਆਂ ਗਈਆਂ ਹਨ। ਕਬਜ਼ੇ ਵਿਚ ਜ਼ਮੀਨ ਕਿੰਨਿਆਂ ਕੋਲ ਆਈ ਹੈ। ਅੰਕੜੇ ਮੁਤਾਬਕ ਗਰੀਬਾਂ ਦੇ ਹਿੱਸੇ ਜ਼ਮੀਨ ਆਈ ਹੀ ਨਹੀਂ ਹੈ ਅਤੇ ਤੁਸੀਂ ਕਹਿ ਦਿੱਤਾ ਕਿ ਐਸ.ਡੀ.ਐਮ. ਨੇ ਗਰੀਬਾਂ ਨੂੰ ਜ਼ਮੀਨਾਂ ਅਲਾਟ ਕਰ ਦਿੱਤੀਆਂ ਪਰ ਜਿਨ੍ਹਾਂ ਦੀਆਂ ਜ਼ਮੀਨਾਂ ਸਨ ਉਨ੍ਹਾਂ ਨੇ ਲੜਾਈ ਝਗੜਾ ਕਰਕੇ ਉਨ੍ਹਾਂ ਨੂੰ ਕਬਜ਼ਾ ਹੀ ਨਹੀਂ ਦਿੱਤਾ ਅਤੇ ਸਮਝੌਤਾ ਕਰ ਲਿਆ ਅੱਰ ਗਰੀਬਾਂ ਨੂੰ ਸਮਝੌਤਾ ਮਜ਼ਬੂਰੀ ਵਿਚ ਕਰਨਾ ਪਿਆ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਪਹਿਲੇ ਜ਼ਮੀਨਾਂ ਦਾ ਕਬਜ਼ਾ ਆਪ ਲਵੇ ਅੱਰ ਬਾਅਦ ਵਿਚ ਗਰੀਬਾਂ ਨੂੰ ਉਹ ਹੀ ਜ਼ਮੀਨਾਂ ਅਲਾਟ ਕਰੇ ਅਤੇ ਕਬਜ਼ੇ ਸਮੇਤ ਦੇਵੇ।

ਹੁਣ ਮੈਂ 19 ਜਨਵਰੀ ਦੀ ਹੜਤਾਲ ਬਾਰੇ ਦੱਸਦਾ ਹਾਂ ਕਿ ਇਸ ਨੂੰ ਮੇਰੀ ਪਾਰਟੀ ਨੇ ਸਪੋਰਟ ਨਹੀਂ ਕੀਤਾ ਸੀ। ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਇਕ ਪੁਲੀਟੀਕਲ ਹੜਤਾਲ ਦਾ ਨਾਅਰਾ ਸੀ ਜਿਸ ਕਰਕੇ ਅਸੀਂ ਹਮਾਇਤ ਨਹੀਂ ਕੀਤੀ ਅਤੇ ਅਸੀਂ ਇਸ ਦੀ ਵਿਰੋਧਤਾ ਕੀਤੀ। ਇਸ ਹੜਤਾਲ ਲਈ ਨਾ ਵਰਕਰਾਂ ਨੇ ਨਾ ਮੁਲਾਜ਼ਮਾਂ ਨੇ ਮੰਗ ਕੀਤੀ ਸੀ ਅਤੇ ਨਾ ਹੀ ਕਾਲ ਦੇਣ ਵਾਲੀਆਂ ਪਾਰਟੀਆਂ ਕਲੀਅਰ ਸਨ ਕਿ ਹੜਤਾਲ ਦਾ ਨਾਅਰਾ ਕੀ ਦੇਣਾ ਹੈ। ਕੋਈ ਕਹਿੰਦਾ ਸੀ ਕਿ ਭਾਰਤ ਬੰਦ, ਕੋਈ ਕਹਿੰਦਾ ਇਹ ਪ੍ਰੋਟੈਸਟ ਹੈ, ਸਰਕਾਰ ਦੇ ਖਿਲਾਫ। ਇਸ ਤਰ੍ਹਾਂ ਇਨ੍ਹਾਂ ਨੇ ਲੋਕਾਂ ਦੇ ਦਿਲਾਂ ਵਿਚ ਭੁਲੇਖਾ ਪਾਇਆ ਸੀ।

ਕਾਮਰੇਡ ਸੋਹਣ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਬਲਦੇਵ ਸਿੰਘ ਲੁੰਬਾ : ਡਿਪਟੀ ਸਪੀਕਰ ਸਾਹਿਬ, ਹੜਤਾਲ ਦੀ ਮੰਗ ਨਾ ਵਰਕਰਾਂ ਦੀ ਸੀ ਅਤੇ ਨਾ ਮੁਲਾਜ਼ਮਾਂ ਦੀ ਸੀ। ਇਨ੍ਹਾਂ ਦਾ ਮਤਲਬ ਇਹ ਸੀ ਕਿ ਇੰਦਰਾ ਗਾਂਧੀ ਹਟਾਓ ਅਤੇ ਮੁਰਾਰਜੀ ਦੇਸਾਈ ਲਿਆਓ। ਮੈਂ ਸਰਕਾਰ ਨੂੰ ਕਹਾਂਗਾ ਕਿ ਜਿਨ੍ਹਾਂ ਵਰਕਰਾਂ ਨੇ ਹੜਤਾਲ ਕੀਤੀ ਸੀ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ ਅਤੇ ਉਨ੍ਹਾਂ ਦਾ ਕੋਈ ਨੁਕਸਾਨ ਨਾ ਕਰੋ ਅਤੇ ਉਨ੍ਹਾਂ ਨੂੰ ਤੁਸੀਂ ਮੁਆਫ ਕਰ ਦਿਓ ਅਤੇ ਉਨ੍ਹਾਂ ਨੂੰ ਬਹਾਲ ਕਰ ਦਿਓ ਤਾਕਿ ਉਨ੍ਹਾਂ ਦਾ ਨੁਕਸਾਨ ਨਾ ਹੋਵੇ।

ਅਗਲੀ ਗੱਲ ਮੇਰੀ ਸ਼੍ਰੀ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਹੈ। ਇਸ ਸਬੰਧ ਵਿਚ ਅੱਜ ਹੀ ਟ੍ਰਿਬਿਊਨ ਅਖਬਾਰ ਵਿਚ ਖਬਰ ਆਈ ਹੈ ਕਿ .....

Mr. Surjit Singh's speech evidently impressed Mr. Babu Singh (CPI) who spoke next. He said "It is good that the Dal (L) leader has removed misunderstandings about the resolution"

ਬੜੀ ਖੁਸ਼ੀ ਦੀ ਗੱਲ ਹੈ ਕਿ ਸੀ.ਪੀ.ਆਈ. ਵਾਲਿਆਂ ਨੇ ਕਹਿ ਦਿੱਤਾ ਹੈ ਕਿ ਪਹਿਲੇ ਸਾਨੂੰ ਇਸ ਮਤੇ ਸਬੰਧੀ ਮਿਸਅੰਡਰਸਟੈਂਡਿਗ ਸੀ ਅੱਰ ਉਹ ਹੁਣ ਦੂਰ ਹੋ ਗਈ ਹੈ ਅੱਰ ਮੈਨੂੰ ਲਗਦਾ ਹੈ ਕਿ ਬਾਅਦ ਵਿਚ ਇਹ ਵੀ ਆ ਜਾਣਾ ਹੈ ਕਿ ਖਾਲਿਸਤਾਨ ਵਾਲੀ ਡੀਮਾਂਡ ਤੇ ਮਿਸਅੰਡਰਸਟੈਂਡਿਗ ਵੀ ਦੂਰ ਹੋ

**Expungsd as ordered by the Chair.

Original with;
Punjab Vidhan Sabha
Digitized by;
Panjab Digital Library

ਗਈ ਹੈ ਕਿਉਂਕਿ ਸੁਖਜਿੰਦਰ ਸਿੰਘ ਨੇ ਸਾਨੂੰ ਖਾਲਿਸਤਾਨ ਦਾ ਮਤਲਬ ਸਮਝਾ ਦਿਤਾ ਹੈ। ਮੈਨੂੰ ਅਫਸੋਸ ਹੈ ਕਿ ਵੋਟਾਂ ਦੀ ਖਾਤਰ ਸੀ.ਪੀ.ਆਈ. ਵਾਲੇ ਇਸ ਵੱਲ ਨੂੰ ਤੁਰ ਪਏ ਹਨ। ਜਦੋਂ ਸਰਦਾਰ ਬਲਵੰਤ ਸਿੰਘ ਇਥੇ ਬੋਲੇ ਸਨ ਤਾਂ ਹੀ ਅੰਗਰੇਜ਼ੀ ਵਿਚ ਅਟੌਨਮੀ ਲਫਜ਼ ਇਸਤੇਮਾਲ ਕਰਦੇ ਸਨ ਪਰ ਜਦੋਂ ਪੰਜਾਬੀ ਵਿਚ ਕਹਿੰਦੇ ਸਨ ਤਾਂ ਇਹ ਵਾਧੂ ਅਧਿਕਾਰਾਂ ਦੀ ਗੱਲ ਕਰਦੇ ਸਨ। ਅਟੌਨਮੀ ਦਾ ਮਤਲਬ ਹੈ ਖੁਦਮੁਖਤਿਆਰੀ ਜਿਸ ਦਾ ਅਸੀਂ ਵਿਰੋਧ ਕਰਦੇ ਹਾਂ ਅਤੇ ਵਾਧੂ ਅਧਿਕਾਰਾਂ ਵਾਲੀ ਗੱਲ ਦੇ ਨਾਲ ਅਸੀਂ ਤੁਹਾਨੂੰ ਸਪੋਰਟ ਕਰਾਂਗੇ। ਅੱਜ ਇਸ ਦੇ ਵਿਚ ਰੂਲਿੰਗ ਪਾਰਟੀ ਦੇ ਮੈਂਬਰਾਂ ਨੂੰ ਸਪੋਰਟ ਕਰਨਾ ਚਾਹੀਦਾ ਹੈ ਕਿਉਂਕਿ 33-34 ਸਾਲ ਹੋ ਗਏ ਅਧਿਕਾਰਾਂ ਦੀ ਵੰਡ ਹੋਏ ਨੂੰ ਅਤੇ ਵਕਤ ਡੀਮਾਂਡ ਕਰਦਾ ਹੈ ਕਿ ਇਸ ਵਿਚ ਸਟੇਟਾਂ ਨੂੰ ਵਾਧੂ ਅਧਿਕਾਰ ਸੈਂਟਰ ਤੋਂ ਮਿਲਣੇ ਚਾਹੀਦੇ ਹਨ। ਪਰ ਅਕਾਲੀ ਭਰਾ ਨਾਅਰਾ ਦਿੰਦੇ ਹਨ ਕਿ ਖਾਲਿਸਤਾਨ ਦਾ ਬੋਲਬਾਲਾ ਹੋਵੇ, ਸਿਖ ਕੌਮ ਅਤੇ ਵੱਖਰੀ ਕੌਮ ਦੀਆਂ ਗੱਲਾਂ ਕਰਦੇ ਹਨ। ਇਨ੍ਹਾਂ ਗੱਲਾਂ ਤੋਂ ਪਾਰਟੀ ਦੇ ਸੁਲਝੇ ਲੀਡਰਾਂ ਨੂੰ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਵਾਧੂ ਅਧਿਕਾਰਾਂ ਵਾਸਤੇ ਦਲੇਰ ਚਾਹੀਦਾ ਹੈ। ਵਾਧੂ ਅਧਿਕਾਰਾਂ ਨੂੰ ਰਿਵਿਊ ਕਰਨ ਦੀ ਲੋੜ ਹੈ। (ਘੰਟੀ) ਅਧਿਕਾਰ ਨਾ ਹੋਣ ਕਰਕੇ ਸਟੇਟਾਂ ਦੀ ਤਰਕੀ ਨਹੀਂ ਹੋ ਰਹੀ ਅੱਜ ਸਟੇਟਾਂ ਕੋਲ ਇਕਨੌਮੀਕਲ ਰਿਸੋਰਸਿਜ਼ ਘੱਟ ਹਨ। ਇਸੇ ਤਰ੍ਹਾਂ ਗਵਰਨਰਾਂ ਨੂੰ ਅਸੈਂਬਲੀ ਭੰਗ ਕਰਨ ਦੇ ਪੁਲੀਟੀਕਲ ਅਧਿਕਾਰ ਵੀ ਖਤਮ ਹੋਣੇ ਚਾਹੀਦੇ ਹਨ ਕਿਉਂਕਿ ਇਸ ਅਧਿਕਾਰ ਦੀ ਮਿਸਯੂਟੇਲਾਈਜ਼ੇਸ਼ਨ ਹੁੰਦੀ ਹੈ। ਅਕਾਲੀ ਪਾਰਟੀ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਖੁਦਮੁਖਤਿਆਰੀ ਦੀ ਮੰਗ ਨਹੀਂ ਕਰਨੀ ਚਾਹੀਦੀ ਅਤੇ ਖਾਲਿਸਤਾਨ ਦੇ ਅਸੀਂ ਵਿਰੁੱਧ ਹਾਂ। ਅਟੌਨਮੀ ਦੇ ਅਸੀਂ ਵਿਰੁੱਧ ਹਾਂ (ਘੰਟੀ) ਡਿਪਟੀ ਸਪੀਕਰ ਸਾਹਿਬ, ਆਖੀਰ ਵਿਚ ਮੈਂ ਇਹ ਕਹਾਂਗਾ ਕਿ ਇਸ ਬਜਟ ਵਿਚ ਕੁਝ ਗੱਲਾਂ ਨੂੰ ਛੱਡ ਕੇ ਬਾਕੀ ਸਾਰਾ ਬਜਟ ਸਰਮਾਏਦਾਰਾਂ ਵਾਸਤੇ ਹੀ ਹੈ। ਇਹ ਗਰੀਬ ਅਤੇ ਸਰਮਾਏਦਾਰਾਂ ਨੂੰ ਪਾੜਨ ਵਾਲਾ ਬਜਟ ਹੈ। ਡਿਪਟੀ ਸਪੀਕਰ ਸਾਹਿਬ, ਮੇਰੀ ਪਾਰਟੀ ਦੀ ਓਵਰਆਲ ਰਾਏ ਹੈ ਕਿ ਇਹ ਬਜਟ ਸਰਮਾਏਦਾਰਾਂ ਲਈ ਹੈ ਅੱਤ ਗਰੀਬਾਂ ਨੂੰ ਇਸ ਵਿਚੋਂ ਕੁਝ ਨਹੀਂ ਮਿਲਣਾ ਹੈ। ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਜੀ ਆਪਣੇ ਅੰਕੜੇ ਪੇਸ਼ ਕਰ ਰਹੇ ਹਨ ਅੱਤ ਸਰਦਾਰ ਬਲਵੰਤ ਸਿੰਘ ਹੋਰੀਂ ਆਪਣੇ ਅੰਕੜੇ ਪੇਸ਼ ਕਰ ਰਹੇ ਹਨ। ਸਰਦਾਰ ਗੁਰਨੰਬ ਸਿੰਘ ਬਰਾੜ ਆਪਣੇ ਅੰਕੜੇ ਪੇਸ਼ ਕਰ ਰਹੇ ਹਨ। ਇਸ ਨਾਲ ਗਰੀਬਾਂ ਨੂੰ ਕੁਝ ਨਹੀਂ ਮਿਲਣਾ ਅੱਤ ਉਨ੍ਹਾਂ ਨੂੰ ਬਜਟ ਦਾ ਕੋਈ ਫਾਇਦਾ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਚੀਜ਼ ਰਿਕਾਰਡ ਕਰਵਾਉਣੀ ਚਾਹੁੰਦਾ ਹਾਂ ਕਿ ਇਹ ਜਿਹੜਾ ਬਜਟ ਹੈ, ਉਹ ਸਰਮਾਏਦਾਰਾਂ ਦਾ ਬਜਟ ਹੈ ਅੱਤ ਇਥੇ ਅੰਕੜਿਆਂ ਦੀ ਲੜਾਈ ਹੋ ਰਹੀ ਹੈ। ਗਰੀਬ ਵੱਲ ਕੋਈ ਧਿਆਨ ਨਹੀਂ ਦਿੰਦਾ। ਜਦੋਂ ਤਕ ਡਿਪਟੀ ਸਪੀਕਰ ਸਾਹਿਬ, ਗਰੀਬਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ, ਉਦੋਂ ਤਕ ਅਨਰੈਸਟ ਦੂਰ ਨਹੀਂ ਹੋ ਸਕਦੀ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿਤਾ ਹੈ। ਇਹ ਜਿਹੜਾ ਬਜਟ ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਜੀ ਵਲੋਂ ਪੇਸ਼ ਕੀਤਾ ਗਿਆ ਹੈ, ਉਹ ਮੇਰਾ ਖਿਆਲ ਹੈ ਕਿ ਪੰਜਾਬ ਦੇ ਹਰੀਜਨ ਅਤੇ ਗਰੀਬਾਂ ਦੀ ਤਰੱਕੀ ਦਾ ਇਹ ਪਰਤੀਕ ਹੈ। ਆਪੋਜ਼ੀਸ਼ਨ ਵਲੋਂ ਸਰਦਾਰ ਬਲਵੰਤ ਸਿੰਘ ਵੀ ਅਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਬੋਲੇ ਹਨ। ਉਨ੍ਹਾਂ ਨੇ ਬਜਟ ਵਿਚ ਜੋ ਗਰੀਬਾਂ ਲਈ ਪੈਸਾ ਅਤੇ ਸਕੀਮਾਂ ਰਖੀਆਂ ਹਨ, ਉਨ੍ਹਾਂ ਵਾਸਤੇ ਕੁਝ ਨਹੀਂ ਕਿਹਾ ਬਲਕਿ ਉਨ੍ਹਾਂ ਦੇ ਸਾਹਮਣੇ ਤਾਂ ਸਿਰਫ ਅਨੰਦਪੁਰ ਸਾਹਿਬ ਦੇ ਮਤੇ ਦਾ ਹੀ ਜ਼ਿਕਰ ਕੀਤਾ ਹੈ। ਉਹ ਮੈਂਬਰ ਚਾਹੁੰਦੇ ਹਨ ਕਿ ਅਨੰਦਪੁਰ ਸਾਹਿਬ ਦਾ ਮਤਾ ਅਸੈਂਬਲੀ ਵਿਚ ਰਖਿਆ ਜਾਏ ਅਤੇ ਸਾਰਿਆਂ ਨੂੰ ਦਸਿਆ ਜਾਏ ਕਿ ਇਸ ਮਤੇ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਅਨੁਸਾਰ ਪੰਜਾਬ ਵਿਚ ਸਿੱਖਾਂ ਦਾ ਬੋਲ ਬਾਲਾ ਹੋਵੇ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਅਗੇ ਹੀ ਸਿੱਖਾਂ ਦਾ ਬੋਲ ਬਾਲਾ ਹੈ। ਹਿੰਦੂਆਂ ਦੀ ਮਿਨਾਰਿਟੀ ਹੈ। ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੇ ਅਪਣੀ ਸਪੀਚ ਵਿਚ ਕਿਹਾ ਸੀ ਕਿ "ਨੀਚੋਂ ਊਚ ਕਰੇ ਮੇਰਾ ਗੋਬਿੰਦ".

ਡਿਪਟੀ ਸਪੀਕਰ ਸਾਹਿਬ, ਭਾਈ ਜੈਤੋ ਹਰੀਜਨ ਸੀ। ਜਦੋਂ ਭਾਈ ਜੈਤੋ ਗੁਰੂ ਗੋਬਿੰਦ ਸਿੰਘ ਜੀ ਕੋਲ ਸੀਸ ਲਈ ਪੇਸ਼ ਹੋਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ "ਰੰਗ ਰੰਗੇ ਗੁਰੂ ਕੇ ਬੇਟੇ" ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜੇ ਤਾਂ ਉਹ ਪੰਜ ਪਿਆਰੇ ਛੋਟੀ ਬਰਾਦਰੀਆਂ ਦੇ ਸਨ। ਗੁਰੂ ਗੋਬਿੰਦਸਿੰਘ ਜੀ ਸਾਰਿਆਂ ਨੂੰ ਇਕੋ ਜਿਹਾ ਸਮਝਦੇ ਸਨ। ਉਹ ਕਹਿੰਦੇ ਸਨ ਕਿ ਅਸੀਂ ਸਾਰੇ ਇਕੋ ਪਰਮਾਤਮਾ ਦੇ ਬੰਦੇ ਹਾਂ। (ਥੰਪਿੰਗ) ਸਾਡੇ ਵਿਚ ਕੋਈ ਭੇਦ-ਭਾਵ ਨਹੀਂ ਹੈ। ਇਹ (ਆਪੋਜੀਸ਼ਨ ਪਾਰਟੀ ਵੱਲ ਇਸ਼ਾਰਾ) ਭਰਾ ਜੋ ਧਰਮ ਦੇ ਠੇਕੇਦਾਰ ਆਪਣੇ ਆਪ ਨੂੰ ਸਮਝਦੇ ਹਨ ਇਹ ਇਸ ਨੂੰ ਉਲਟ ਪਾਸੇ ਲੈ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕਹਾਂਗਾ ਕਿ ਅਗਰ ਗੁਰੂਆਂ ਦੇ ਉਪਦੇਸ਼ ਤੇ ਚਲਿਆ ਜਾਵੇ ਤਾਂ ਪੰਜਾਬ ਹੋਰ ਵੀ ਤਰੱਕੀ ਕਰ ਸਕਦਾ ਹੈ। ਭਾਈ ਜੈਤੋ, ਭਾਈ ਸੰਗਤ, ਰਵੀਦਾਸ, ਇਹ ਸਾਰੇ ਪਛੜੀਆਂ ਸ਼ੈਡੀਆਂ ਨਾਲ ਸਬੰਧ ਰਖਦੇ ਸਨ। ਗੁਰੂ ਸਭ ਨੂੰ ਇਕੋ ਜਿਹਾ ਸਮਝਦੇ ਸਨ। ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੀ ਕਾਂਗਰਸ ਪਾਰਟੀ ਨੇ ਅਤੇ ਪੰਜਾਬ ਦੀ ਕਾਂਗਰਸ ਪਾਰਟੀ ਨੇ ਗਰੀਬਾਂ ਨੂੰ ਉਪਰ ਚੁਕਿਆ ਹੈ। (ਥੰਪਿੰਗ)

ਸਰਦਾਰ ਸਰਵਣ ਸਿੰਘ ਫਿਲੌਰ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਚੌਧਰੀ ਜਗਜੀਤ ਸਿੰਘ: ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤ ਨੇ ਕਿਹਾ ਹੈ ਕਿ ਪੰਜਾਬ ਵਿਚ ਗੁਰੂਆਂ ਦਾ ਉਪਦੇਸ਼ ਹੈ। ਅਸੀਂ ਗੁਰੂਆਂ ਅਗੇ ਸੀਸ ਨਿਵਾਉਂਦੇ ਹਾਂ ਅਤੇ ਗੁਰਬਾਨੀ ਸ਼ਬਦ ਵੀ ਪੜ੍ਹਦੇ ਹਾਂ। ਅਸੀਂ ਗੁਰੂਆਂ ਅਗੇ ਨਮਸਕਾਰ ਵੀ ਕਰਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਸਰਬੱਤ ਦਾ ਭਲਾ ਮੰਗਦੇ ਹਨ। ਅਸੀਂ ਵੀ ਸਰਬੱਤ ਦਾ ਭਲਾ ਮੰਗਦੇ ਹਾਂ ਪਰ ਉਸ ਤੇ ਅਮਲ ਨਹੀਂ ਕਰਦੇ। ਜੇਕਰ ਅਸੀਂ ਸਹੀ ਮਾਅਨਿਆਂ ਵਿਚ ਅਮਲ ਕਰੀਏ ਤਾਂ ਪੰਜਾਬ ਹੋਰ ਤਰੱਕੀ ਕਰ ਸਕਦਾ ਹੈ। ਇਸ ਨਾਲ ਪੰਜਾਬ ਦਾ ਭਲਾ ਹੋ ਸਕਦਾ ਹੈ ਅਤੇ ਪੰਜਾਬ ਸਾਫ ਸੁਥਰਾ ਬਣ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਅਤੇ ਗਰੀਬਾਂ ਲਈ ਜੋ ਪੈਸਾ ਬਜਟ ਵਿਚ ਰਖਿਆ ਗਿਆ ਹੈ ਅੰਰ ਨਵੀਆਂ ਸਕੀਮਾਂ ਗਰੀਬਾਂ ਲਈ ਜੋ ਬਣਾਈਆਂ ਗਈਆਂ ਹਨ ਉਸ ਲਈ ਮੈਂ ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਸਾਹਿਬ ਦਾ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਦੀ ਗੱਲ ਕਰਦਾ ਹਾਂ ਕਿ ਐਜੂਕੇਸ਼ਨ ਲਈ 1981-82 ਵਿਚ 84.60 ਲੱਖ ਰੁਪਏ ਰੱਖੇ ਸਨ ਪਰ ਹੁਣ 1932-33 ਵਿਚ 112.2 ਲੱਖ ਰੁਪਏ ਰੱਖੇ ਗਏ ਹਨ। ਇਸ ਨਾਲ ਜਿਹੜੇ ਪੰਜਾਬ ਦੇ ਹਰੀਜਨ ਹਨ ਅਤੇ ਗਰੀਬ ਲੋਕ ਹਨ, ਉਨ੍ਹਾਂ ਨੂੰ ਰਾਹਤ ਮਿਲੇਗੀ ਇਸ ਨਾਲ ਗਰੀਬ ਵਰਗ ਨੂੰ ਫਾਇਦਾ ਪਹੁੰਚੇਗਾ। ਇਸ ਨਾਲ ਗਰੀਬਾਂ ਦਾ ਜੀਵਨ ਪੱਧਰ ਉੱਚਾ ਹੋਵੇਗਾ। ਜਦੋਂ ਤਕ ਡਿਪਟੀ ਸਪੀਕਰ ਸਾਹਿਬ, ਗਰੀਬ ਹਰੀਜਨ ਆਦਮੀ ਪੜ੍ਹੇਗਾ ਨਹੀਂ ਤਦ ਤਕ ਉਹ ਅੱਛਾ ਨਹੀਂ ਬਣ ਸਕਦਾ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹਾਂ ਕਿ ਪਿਛਲੇ ਸਾਲ 40 ਲੱਖ ਰੁਪਏ ਰਖ ਗਏ ਸੀ ਜਿਸ ਨਾਲ ਛੇਵੀਂ ਤੋਂ ਲੈਕੇ ਦਸਵੀਂ ਜਮਾਤ ਦੇ ਹਰੀਜਨ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਮਿਲ ਸਕਣ। ਇਸ ਦੀ ਬਜਾਏ ਇਸ ਸਾਲ ਵਿਚ 45 ਲਖ ਰੁਪਿਆ ਰਖਿਆ ਗਿਆ ਹੈ ਜਿਸ ਲਈ ਮੈਂ ਚੌਧਰੀ ਜਗਤ ਰਾਮ ਜੀ ਨੂੰ ਅਤੇ ਅਜਨਾਲਾ ਸਾਹਿਬ ਅਤੇ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਜਦੋਂ ਪਿਛਲੀ ਸਰਕਾਰ ਸੀ ਇਹ ਸੱਜਣ ਜਿਹੜੇ ਕਿ ਹੁਣ ਆਪੋਜ਼ੀਸ਼ਨ ਵਿਚ ਬੈਠੇ ਹਨ ਇਹ ਇਨ੍ਹਾਂ ਬੱਚਿਆਂ ਲਈ ਜੋ ਥੋੜ੍ਹਾ ਬਹੁਤ ਬਜਟ ਰਖਦੇ ਸਨ ਉਸ ਨਾਲ ਕਿਤਾਬਾਂ ਬੱਚਿਆਂ ਨੂੰ ਉਸ ਵੇਲੇ ਮਿਲਦੀਆਂ ਸਨ ਜਦੋਂ ਕਿ ਉਹ ਅਗਲੀਆਂ ਕਲਾਸਾਂ ਵਿਚ ਚਲੇ ਜਾਂਦੇ ਸਨ। ਔਤਕੀਂ ਜੋ 40 ਲੱਖ ਰੁਪਿਆ ਇਸ ਮੱਦ ਲਈ ਰਖਿਆ ਗਿਆ ਸੀ ਉਸ ਨਾਲ ਬੱਚਿਆਂ ਨੂੰ ਵਕਤ ਸਿਰ ਕਿਤਾਬਾਂ ਮਿਲੀਆਂ ਹਨ। ਬਿਲਕੁਲ ਟਾਈਮ ਨਾਲ ਹਰੀਜਨ ਬੱਚਿਆਂ ਨੂੰ ਕਿਤਾਬਾਂ ਮਿਲੀਆਂ ਹਨ। ਔਰ ਅੱਛੇ ਢੰਗ ਨਾਲ ਉਹ ਇਸ ਦਾ ਲਾਭ ਉਠਾ ਸਕੇ ਹਨ। ਇਹ ਸਾਡੀ ਸਰਕਾਰ ਦਾ ਚੰਗਾ ਕਦਮ ਹੈ।

ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਇੰਜੀਨੀਅਰਿੰਗ ਔਰ ਮੈਡੀਕਲ ਵਿਚ ਜੋ ਬੱਚੇ ਪੜ੍ਹਦੇ ਹਨ ਉਨ੍ਹਾਂ ਲਈ ਇਨ੍ਹਾਂ ਨੇ 75,000 ਰੁਪਿਆ ਕਿਤਾਬਾਂ ਲਈ ਰਖਿਆ ਜੋ ਕਿ ਇੱਕ ਚੰਗਾ ਕਦਮ ਹੈ। ਜਿਹੜੇ ਹਰੀਜਨ ਬੱਚੇ ਹਨ ਉਨ੍ਹਾਂ ਪਾਸ ਐਨਾ ਧਨ ਨਹੀਂ ਜਿਸ ਨਾਲ ਕਿ ਉਹ ਵੱਡੀਆਂ ਕਲਾਸਿਜ਼ ਵਿਚ ਜਾ ਕੇ ਕਿਤਾਬਾਂ ਖਰੀਦ ਕੇ ਆਪਣੀ ਪੜ੍ਹਾਈ ਕਰ ਸਕਣ। ਇਹ ਪੰਜਾਬ ਸਰਕਾਰ ਵਲੋਂ ਪੜ੍ਹਾਈ ਵਿਚ ਇਨ੍ਹਾਂ ਬੱਚਿਆਂ ਦੀ ਜੋ ਮਦਦ ਕੀਤੀ ਜਾ ਰਹੀ ਹੈ, ਇਹ ਬਹੁਤ ਸ਼ਲਾਘਾਯੋਗ ਕੰਮ ਹੈ ਜਿਸ ਨਾਲ ਉਹ ਸਹੀ ਮਾਅਨਿਆਂ ਵਿਚ ਆਪਣੀ ਪੜ੍ਹਾਈ ਜਾਰੀ ਰਖ ਸਕਦੇ ਹਨ। ਇਥੇ ਹੀ ਬਸ ਨਹੀਂ ਸਟੈਨੋਗਰਾਫੀ ਲਈ 100 ਬੰਦੇ ਟਰੇਂਡ ਕਰਨੇ ਹਨ ਔਰ ਇਨ੍ਹਾਂ ਵਾਸਤੇ ਵੀ 2 ਲੱਖ ਰੁਪਿਆ ਰਖਿਆ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਮੱਦ ਲਈ ਹੋਰ ਜ਼ਿਆਦਾ ਪੈਸੇ ਰੱਖਣੇ ਚਾਹੀਦੇ ਹਨ ਤਾਕਿ ਹੋਰ ਜ਼ਿਆਦਾ ਬੰਦੇ ਟਰੇਂਡ ਕੀਤੇ ਜਾ ਸਕਣ। ਔਰ ਜੋ ਇਸ ਵੇਲੇ ਰਿਜ਼ਰਵੇਸ਼ਨ ਵਿਚ ਇਸ ਪ੍ਰਤੀ ਘਾਟਾ ਹੈ ਉਹ ਪੂਰਾ ਹੋ ਸਕੇ। ਇਸ ਮੱਦ ਲਈ ਹੋਰ ਜ਼ਿਆਦਾ ਰੁਪਏ ਰਖਣੇ ਚਾਹੀਦੇ ਹਨ ਅਤੇ ਟਰੇਂਡ ਕਰਨ ਵਾਲਿਆਂ ਦੀ ਤਾਦਾਦ ਵਿਚ ਇਜ਼ਾਫਾ ਕਰਨਾ ਚਾਹੀਦਾ ਹੈ।

ਟੀਚਰਜ਼ ਦੀ ਟਰੇਨਿੰਗ ਲਈ ਸਰਕਾਰ ਨੇ 5 ਲੱਖ ਰੁਪਿਆ ਰਖਿਆ ਹੈ। (ਘੱਟੀ) 250 ਜੇ.ਬੀ.ਟੀ. ਔਰ 125 ਬੀ.ਐਡ. ਟੀਚਰਜ਼ ਟਰੇਂਡ ਕਰਨੇ ਹਨ। ਜੇ.ਬੀ.ਟੀ. ਮੈਟ੍ਰਿਕੁਲੇਟਸ ਤੋਂ ਟਰੇਨਿੰਗ ਲੈਣਗੇ ਔਰ ਬੀ. ਐਡ ਦੀ ਟਰੇਨਿੰਗ ਬੀ. ਏ. ਪਾਸ ਲੈਂਦੇ ਹਨ। ਇਸ ਮੱਦ ਲਈ ਜੋ ਰਕਮ ਰਖੀ ਹੈ ਉਸ ਵਿਚ ਵਾਧਾ ਕਰਨਾ ਚਾਹੀਦਾ ਹੈ ਤਾਕਿ ਹੋਰ ਜ਼ਿਆਦਾ ਬੰਦੇ ਟਰੇਂਡ ਹੋ ਸਕਣ ਅਤੇ ਜੋ ਇਸ ਵੇਲੇ ਇਨ੍ਹਾਂ ਵਿਚ ਰਿਜ਼ਰਵੇਸ਼ਨ ਵਿਚ ਘਾਟਾ ਹੈ ਉਹ ਜਲਦੀ ਪੂਰਾ ਹੋ ਸਕੇ। ਇਸ ਰੁਪਏ ਨੂੰ ਹੋਰ ਜ਼ਿਆਦਾ ਵਧਾਉਣਾ ਚਾਹੀਦਾ ਹੈ।

ਇਥੇ ਹੀ ਬੱਸ ਨਹੀਂ, ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਪੋਸਟ-ਗਰੈਜੂਏਟਸ ਐਂਡ ਪੋਸਟ-ਮੈਟ੍ਰਿਕੁਲੇਟਸ ਕਲਾਸਿਜ਼ ਹਨ, ਉਨ੍ਹਾਂ ਵਾਸਤੇ ਸਾਡੀਆਂ ਲੜਕੀਆਂ ਨੂੰ ਉਚ ਪਧਰੀ ਤਾਲੀਮ ਦੇਣ ਵਾਸਤੇ 13 ਲੱਖ ਰੁਪਿਆ ਰਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਉਚ ਪਧਰੀ ਤਾਲੀਮ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਨੂੰ ਹੋਰ ਉੱਚਾ ਵਾਤਾਵਰਨ ਮਿਲੇਗਾ। ਇਸ ਤਰ੍ਹਾਂ ਹੀ 2.25 ਲੱਖ ਰੁਪਿਆ ਆਈ. ਏ.ਐਸ, ਕੋਚਿੰਗ ਸੈਂਟਰ ਔਰ ਗਰਲਜ਼ ਹੋਸਟਲ ਵਾਸਤੇ ਰਖਿਆ ਗਿਆ ਹੈ। ਇਹ ਬਹੁਤ ਅੱਛਾ ਕਦਮ ਹੈ। ਇਸ ਨਾਲ ਸਾਡੇ ਬੱਚੇ ਅੱਛੇ ਢੰਗ ਨਾਲ ਦੂਸਰਿਆਂ ਦੇ ਬਰਾਬਰ ਆ ਸਕਣਗੇ। ਜਿੰਨਾ ਚਿਰ ਤਕ ਉਨ੍ਹਾਂ ਨੂੰ ਚੰਗੀ ਕੋਚਿੰਗ ਅਤੇ ਹੋਰ ਸਹੂਲਤਾਂ ਨਾ ਮਿਲਣ ਉਨਾ ਚਿਰ ਤਕ ਉਹ ਕੰਪੀ-

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਟੀਸ਼ਨ ਵਿਚ ਨਹੀਂ ਆ ਸਕਦੇ ਅਤੇ ਹੋਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ । ਇਹ ਅੱਛਾ ਕਦਮ ਚੁਕਿਆ ਗਿਆ ਹੈ।

ਟੈਕਨੀਕਲ ਟਰੇਨਿੰਗ ਇੰਸਟੀਚਿਊਟ ਹਰੀਜਨਾਂ ਲਈ 15 ਲੱਖ ਰੁਪਿਆ ਰਖਿਆ ਗਿਆ ਹੈ। ਇਹ ਅੱਛਾ ਕਦਮ ਹੈ । ਇਸ ਨਾਲ ਬੱਚੇ ਟਰੇਨਿੰਗ ਲੈ ਕੇ ਦਸਤਕਾਰੀ ਦੇ ਕੰਮਾਂ ਵਿਚ ਪੈ ਸਕਣਗੇ ਅੌਰ ਬੇਰੁਜ਼ਗਾਰੀ ਘਟੇਗੀ ਜਾਂ ਬੱਚੇ ਇਹ ਟਰੇਨਿੰਗ ਲੈ ਕੇ ਕਾਰਖਾਨਿਆਂ ਵਿਚ ਕੰਮ ਕਰਨਗੇ ਜਾਂ ਫਿਰ ਆਪਣੀ ਦਸਤਕਾਰੀ ਸ਼ੁਰੂ ਕਰਨਗੇ। ਇਸ ਨਾਲ ਇਨ੍ਹਾਂ ਦੀ ਆਰਥਕ ਹਾਲਤ ਤਕੜੀ ਹੋ ਸਕੇਗੀ।

ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ ਮੈਡੀਕਲ ਇੰਜੀਨੀਅਰਿੰਗ ਅੈਜੂਕੇਸ਼ਨ ਵਾਸਤੇ ਵੀ 14.40 ਲੱਖ ਰੁਪਿਆ ਰਖਿਆ ਗਿਆ ਹੈ। ਅੈਗਰੀਕਲਚਰਲ ਲੈਂਡ ਪਰਚੇਜ਼ ਕਰਨ ਵਾਸਤੇ 12.40 ਲੱਖ ਰੁਪਿਆ ਰਖਿਆ ਗਿਆ ਹੈ। ਇਸ ਨਾਲ 200 ਫੈਮਿਲੀਜ਼ ਨੂੰ ਫਾਇਦਾ ਹੋਣਾ ਹੈ। ਕਿਉਂਕਿ ਜ਼ਮੀਨਾਂ ਦੇ ਭਾਅ ਬਹੁਤ ਉਚੇ ਹੋ ਚੁਕੇ ਹਨ ਇਸ ਲਈ ਅੈਨੀ ਰਕਮ ਨਾਲ 200 ਫੈਮਲੀਆਂ ਨੂੰ ਸ਼ਾਇਦ ਫਾਇਦਾ ਨਾ ਪਹੁੰਚ ਸਕੇ। ਪੰਜਾਬ ਵਿਚ ਉਸ ਦੀ ਹੀ ਕਦਰ ਹੈ ਜਿਸ ਕੋਲ ਜ਼ਮੀਨ ਹੈ। ਜਿਸ ਕੋਲ ਜ਼ਮੀਨ ਨਹੀਂ ਹੈ ਉਸ ਦੀ ਕੋਈ ਕਦਰ ਨਹੀਂ ਹੈ। ਇਹ ਜਿਹੜਾ ਰੌਲਾ ਪਾਉਂਦੇ ਹਨ ਕਿ ਜ਼ਮੀਨ ਹਰੀਜਨਾਂ ਵਿਚ ਵੰਡ ਦੇਣ ਅਤੇ ਇਨ੍ਹਾਂ ਨੂੰ ਹੋਰਾਂ ਦੇ ਬਰਾਬਰ ਕਰ ਦੇਣਾ ਚਾਹੀਦਾ ਹੈ । ਅਸਲ ਮਾਅਨਿਆਂ ਵਿਚ ਤਾਂ ਇਹ ਗੱਲ ਹੋ ਸਕਦੀ ਹੈ ਜੇਕਰ ਪੰਜਾਬ ਦੀ ਧਰਤੀ ਵੰਡ ਕੇ ਬੇਜ਼ਮੀਨਿਆਂ ਨੂੰ ਦਿੱਤੀ ਜਾਏ । ਜਿੰਨਾਂ ਚਿਰ ਇਨ੍ਹਾਂ ਨੂੰ ਜ਼ਮੀਨਾਂ ਨਹੀਂ ਦਿੱਤੀਆਂ ਜਾਂਦੀਆਂ ਉੱਨਾ ਚਿਰ ਇਨ੍ਹਾਂ ਦਾ ਮਿਆਰੇ ਜ਼ਿੰਦਗੀ ਉੱਚਾ ਨਹੀਂ ਹੋ ਸਕੇਗਾ। ਉੱਨਾ ਚਿਰ ਇਨ੍ਹਾਂ ਨੂੰ ਇਜ਼ਤ ਮਾਨ ਨਹੀਂ ਮਿਲੇਗਾ (ਥੰਪਿੰਗ) ਮੈਂ ਤੁਹਾਡੀ ਮਾਰਫਤ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਮੱਦ ਲਈ ਵਧ ਤੋਂ ਵਧ ਰੁਪਿਆ ਰਖਣਾ ਚਾਹੀਦਾ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ ਬਸਤੀ ਸੁਧਾਰ ਸਕੀਮ ਲਈ ਜੋ ਕੰਮ ਕੀਤਾ ਗਿਆ ਹੈ ਉਸ ਲਈ ਮੈਂ ਤੁਹਾਡੀ ਮਾਰਫਤ ਆਪਣੀ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ । ਪੰਚਾਇਤ ਡਿਪਾਰਟਮੈਂਟ ਵਲੋਂ ਪਿੰਡਾਂ ਦੀਆਂ ਗਲੀਆਂ ਨਾਲੀਆਂ, ਪੱਕਾ ਕਰਨ ਦਾ ਜੋ ਪੰਜਾਬ ਸਰਕਾਰ ਨੇ ਕੰਮ ਸ਼ੁਰੂ ਕੀਤਾ ਹੈ ਉਹ ਬਹੁਤ ਅੱਛਾ ਹੈ। ਇਸ ਨਾਲ ਪੰਜਾਬ ਦੀ ਡਿਵੈਲਪਮੈਂਟ ਵਿਚ ਹਲਚਲ ਮਚ ਗਈ ਹੈ। ਡਿਵੈਲਪਮੈਂਟ ਡਿਪਾਰਟਮੈਂਟ ਹਰੀਜਨ ਬਸਤੀਆਂ ਵਿਚ ਇਹ ਜੋ ਕੰਮ ਕਰਾ ਰਿਹਾ ਹੈ ਇਹ ਬਹੁਤ ਅੱਛਾ ਕੰਮ ਹੈ। ਪਰ ਮੈਂ ਇਨ੍ਹਾਂ ਦਾ ਧਿਆਨ ਤੁਹਾਡੀ ਮਾਰਫਤ ਦਿਵਾਉਣਾ ਚਾਹੁੰਦਾ ਹਾਂ ਕਿ ਚੀਜ਼ਾਂ ਦੇ ਰੇਟਸ ਅੈਨੇ ਵਧ ਗਏ ਹਨ ਕਿ ਇਸ ਮੱਦ ਲਈ ਜੋ 115 ਲੱਖ ਰੁਪਿਆ ਰਖਿਆ ਗਿਆ ਹੈ ਇਹ ਬਹੁਤ ਘੱਟ ਹੈ ਅੌਰ ਇਸ ਨੂੰ ਵਧਾਉਣਾ ਚਾਹੀਦਾ ਹੈ ਤਾਕਿ ਹਰੀਜਨ ਬਸਤੀਆਂ ਦਾ ਕੰਮ ਚੰਗੀ ਤਰ੍ਹਾਂ ਨਾਲ ਮੁਕੰਮਲ ਹੋ ਸਕੇ ਅੌਰ ਇਹ ਲੋਕ ਪੰਜਾਬ ਦੇ ਤਰੱਕੀ ਦੇ ਕੰਮਾਂ ਵਿਚ ਆਪਣਾ ਪੂਰਾ ਹਿੱਸਾ ਪਾ ਸਕਣ (ਥੰਪਿੰਗ)। ਇਸ ਦੇ ਨਾਲ ਹੀ ਨਾਲ ਨਵੇਂ ਸਾਲ ਵਿਚ 450 ਨਵੀਆਂ ਧਰਮ-ਸ਼ਾਲਾਂ ਬਨਾਉਣ ਲਈ 45 ਲੱਖ ਰੁਪਿਆ ਰੱਖਿਆ ਗਿਆ ਹੈ। ਇਹ ਰੁਪਿਆ ਥੋੜ੍ਹਾ ਹੈ, ਇਸ ਲਈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪਿੰਡਾਂ ਵਿਚ ਜੋ ਹਰੀਜਨ ਧਰਮਸ਼ਾਲਾਂ ਬਣੀਆਂ ਹਨ ਉਹ ਅਧੂਰੀਆਂ ਪਈਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਧਰਮਸ਼ਾਲਾ ਪੰਜਾਬ ਵਿਚ ਅਧੂਰੀਆਂ ਪਈਆਂ ਹਨ ਉਹ ਮੁਕੰਮਲ ਕੀਤੀਆਂ ਜਾਣ। ਕਿਉਂਕਿ ਸੀਮਿੰਟ ਮਹਿੰਗਾ ਹੋ ਗਿਆ ਹੈ, ਲੋਹਾ ਮਹਿੰਗਾ ਹੋ ਗਿਆ ਹੈ ਅੱਤ ਲੇਬਰ ਮਹਿੰਗੀ ਹੋ ਗਈ ਹੈ, ਇਸ ਲਈ ਇਹ ਰਕਮ ਸਾਢੇ 12,000 ਤੋਂ ਵਧਾ ਕੇ 15,000 ਰੁਪਏ ਕਰ ਦੇਣੀ ਚਾਹੀਦੀ ਹੈ। ਪਿੰਡਾਂ ਵਿਚ ਇਨ੍ਹਾਂ ਲਈ ਧਰਮਸ਼ਾਲਾਂ ਬਣਨ ਨਾਲ ਇਹ ਹਰੀਜਨ ਵਿਚਾਰੇ ਆਪਣੇ ਸੋਸ਼ਲ ਫੰਕਸ਼ਨ ਆਪਣੇ ਬੱਚਿਆਂ ਦੇ ਵਿਆਹ ਆਦਿ ਚੰਗੀ ਤਰ੍ਹਾਂ ਨਾਲ ਕਰ ਸਕਣਗੇ। ਇਸ ਲਈ ਇਹ ਧਰਮਸ਼ਾਲਾਂ ਬਣਨ ਨਾਲ ਹਰੀਜਨਾਂ ਨੂੰ ਕਾਫੀ ਫਾਇਦਾ ਪਹੁੰਚੇਗਾ। ਰੂੜੀਆਂ ਆਦਿ ਲਈ ਜਦੋਂ ਮੁਰੱਬਾਬੰਦੀ ਹੋਈ ਤਾਂ ਕੁਝ ਥਾਂ ਛਡੀ ਗਈ ਸੀ। ਪਰ ਵੱਡੇ ਜਾਗੀਰਦਾਰਾਂ ਨੇ ਉਨ੍ਹਾਂ ਥਾਵਾਂ ਤੇ ਨਾਜਾਇਜ਼ ਕਬਜ਼ੇ ਕਰ ਰਖੇ ਹਨ। ਇਹ ਨਾਜਾਇਜ਼ ਕਬਜ਼ੇ ਉਨ੍ਹਾਂ ਦੇ ਹਟਾਉਣੇ ਚਾਹੀਦੇ ਹਨ। ਜਿਨ੍ਹਾਂ ਪਿੰਡਾਂ ਵਿਚ ਮੁਰੱਬੇਬੰਦੀ ਨਹੀਂ ਹੋਈ, ਜਗ੍ਹਾ ਨਹੀਂ ਛੱਡੀ ਗਈ, ਉਸ ਲਈ 25 ਲੱਖ ਰਪਿਆ ਰਖਿਆ ਗਿਆ ਹੈ ਇਨ੍ਹਾਂ ਨੂੰ ਦੇਣ ਵਾਸਤੇ ਤਾਕਿ ਰੂੜੀਆਂ ਖੱਡਿਆਂ ਵਿਚ ਸੁੱਟੀਆਂ ਜਾਣ। ਇਸ ਤਰ੍ਹਾਂ ਉਨ੍ਹਾਂ ਨੂੰ ਰੂੜੀ ਚੰਗੀ ਮਿਲੇਗੀ ਅਤੇ ਨਾਲ ਹੀ ਪਿੰਡਾਂ ਦੀ ਗੰਦਗੀ ਵੀ ਦੂਰ ਹੋਵੇਗੀ। ਇਹ ਪੰਜਾਬ ਸਰਕਾਰ ਦੀ ਅੱਛੀ ਸਕੀਮ ਹੈ। ਇਸ ਲਈ ਮੈਂ ਸਰਕਾਰ ਦੀ ਸ਼ਲਾਘਾ ਕਰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ, ਪੰਜਾਬ ਦੇ ਹਰੀਜਨ ਨੂੰ, ਪੰਜਾਬ ਦੇ ਪਿਛਾਂਹ ਰਹੇ ਲੋਕ ਅਤੇ ਪੰਜਾਬ ਦੇ ਵੀਕਰ ਸੈਕਸ਼ਨ ਨੂੰ ਇਸ ਬਜਟ ਵਿਚ ਉਪਰ ਉਠਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਨੂੰ ਪੂਰੀ ਰਾਹਤ ਦੇਣ ਦਾ ਫੈਸਲਾ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਗਰੀਬਾਂ ਦਾ ਭਲਾ ਹੋਵੇਗਾ। ਮੈਂ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 1980-81 ਵਿਚ ਜਿਨ੍ਹਾਂ ਲੋਕਾਂ ਦੇ ਪੀਲੇ ਕਾਰਡ ਬਣੇ ਸਨ ਉਨ੍ਹਾਂ ਨੂੰ ਦੁਕਾਨਾਂ ਰਾਹੀਂ ਘੀ, ਦਾਲਾਂ ਅਤੇ ਹੋਰ ਨੈਸੱਸਟੀ ਦੀਆਂ ਚੀਜ਼ਾਂ ਤੇ 4 ਕਰੋੜ 21 ਲੱਖ ਰੁਪਏ ਦੀ ਸਬਸਿਡੀ ਦਿੱਤੀ ਗਈ। 1982-83 ਵਿਚ ਇਹ ਸਬਸਿਡੀ 45 ਕਰੋੜ ਰੁਪਏ ਦੀ ਕਰ ਦਿੱਤੀ ਹੈ ਜਿਸ ਨਾਲ ਪਿੰਡਾਂ ਵਿਚ ਜਿਹੜੇ ਗਰੀਬ ਲੋਕ ਹਨ ਅਤੇ ਜਿਨ੍ਹਾਂ ਕੋਲ ਕਾਰਡ ਹਨ ਉਨ੍ਹਾਂ ਨੂੰ ਫਾਇਦਾ ਪਹੁੰਚੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਕੋਆਪਰੇਟਿਵ ਦੇ ਖੇਤਰ ਵਿਚ ਪਿੰਡਾਂ ਵਿਚ ਜਿਥੇ ਪਹਿਲੇ ਕਿਸਾਨ ਨੂੰ 12000 ਰੁਪਿਆ ਹੱਦ ਕਰਜ਼ਾ ਮਿਲਦਾ ਸੀ ਉਸ ਨੂੰ ਵਧਾ ਕੇ ਇਹ ਕਰਜ਼ਾ 15,000 ਰੁਪਿਆ ਕਰ ਦਿੱਤਾ ਹੈ। ਇਸੇ ਤਰ੍ਹਾਂ ਹੀ ਹਰੀਜਨਾਂ ਨੂੰ ਜਿਹੜਾ ਇਹ ਕਰਜ਼ਾ 1,000 ਰੁਪਿਆ ਸੀ ਉਹ ਹੁਣ ਵਧਾਕੇ 1,500 ਰੁਪਿਆ ਕਰ ਦਿੱਤਾ ਹੈ। ਇਸ ਸਬੰਧ ਵਿਚ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅਪ ਕਰੋ।

ਚੌਧਰੀ ਜਗਜੀਤ ਸਿੰਘ : ਬੱਸ ਜੀ, ਮੈਂ ਦੋ ਮਿੰਟਾਂ ਵਿਚ ਹੀ ਖਤਮ ਕਰਦਾ ਹਾਂ। ਇਹ ਜਿਹੜਾ ਕਿਸਾਨ ਦਾ ਹੱਦ ਕਰਜ਼ਾ 12,000 ਰੁਪਏ ਤੋਂ 15,000 ਰੁਪਏ ਕਰ ਦਿਤਾ ਹੈ, ਇਹ ਸਰਕਾਰ ਦਾ ਅੱਛਾ ਕਦਮ ਹੈ। ਇਸ ਨਾਲ ਪੰਜਾਬ ਦਾ ਕਿਸਾਨ ਖਾਦ ਅਤੇ ਰੇਹ ਆਦਿ ਲੈ ਕੇ ਖੇਤਾਂ ਵਿਚ ਪਾਕੇ ਆਪਣੀ ਉਪਜ ਵਧਾਏਗਾ। ਜਿਹੜਾ ਹਰੀਜਨਾਂ ਦਾ ਹੱਦ ਕਰਜ਼ਾ 1,000 ਰੁਪਏ ਤੋਂ 1,500 ਰੁਪਏ ਕੀਤਾ ਹੈ ਇਹ ਵੀ ਅੱਛਾ ਨਹੀਂ ਕੀਤਾ ਹੈ। ਮਗਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ 1,500 ਰੁਪਿਆ ਥੋੜ੍ਹਾ ਹੈ। ਇਸ ਨੂੰ 2,500 ਰੁਪਏ ਕਰ ਦੇਣਾ ਚਾਹੀਦਾ ਹੈ ਤਾਕਿ ਪੰਜਾਬ ਦੇ ਗਰੀਬ ਹਰੀਜਨ ਨੂੰ ਜ਼ਿਆਦਾ ਪੈਸੇ ਮਿਲ ਸਕਣ ਜਿਸ ਨਾਲ ਉਹ ਆਪਣੀਆਂ ਲੋੜਾਂ ਪੂਰੀਆਂ ਕਰ ਸਕੇ। ਨਾਲ ਹੀ ਮੈਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਹਰੀਜਨ ਦੀ 1,500 ਰੁਪਏ ਦੀ ਕਰਜ਼ੇ ਦੀ ਹੱਦ ਹੈ ਇਸ ਵਿਚੋਂ 1,000 ਰੁਪਿਆ ਉਹ ਨਕਦ ਲੈ ਸਕਦਾ ਹੈ ਅਤੇ 500 ਰੁਪਏ ਦੇ ਉਸ ਨੂੰ ਕੂਪਨ ਮਿਲਣੇ ਹਨ। ਉਨ੍ਹਾਂ ਤੇ ਕੂਪਨਾਂ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੂੰ ਸਾਰੇ ਪੈਸੇ ਨਕਦ ਮਿਲਣੇ ਚਾਹੀਦੇ ਹਨ ਤਾਕਿ ਜਿਸ ਵੇਲੇ ਉਨ੍ਹਾਂ ਨੂੰ ਲੋੜ ਹੋਵੇ ਉਹ ਪੈਸੇ ਇਸਤੇਮਾਲ ਕਰ ਸਕਣ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅਪ ਕਰੋ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿਉਂਕਿ ਉਹ ਐਜੂਕੇਸ਼ਨ ਦੇ ਖੇਤਰ ਵਿਚ ਕਾਫੀ ਕੁਝ ਕਰ ਰਹੀ ਹੈ। ਵੋਕੇਸ਼ਨਲ ਐਜੂਕੇਸ਼ਨ ਲਾਗੂ ਕੀਤੀ ਹੈ ਖਾਸ ਤੌਰ ਤੇ ਪਿੰਡਾਂ ਵਿਚ ਜਿਵੇ ਕਿ ਸਰਕਾਰ ਨੇ ਇਸ ਕੰਮ ਲਈ ਬਿਲਡਿੰਗਾਂ ਬਣਾ ਕੇ ਅੱਛਾ ਕਮ ਕੀਤਾ ਹੈ। ਮੈਂ ਤੁਹਾਡੇ ਰਾਹੀਂ ਖਜ਼ਾਨਾ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬਜਟ ਵਿਚ ਗਰੀਬ ਲੋਕਾਂ ਦਾ ਬੜਾ ਖਿਆਲ ਰੱਖਿਆ ਹੈ। (ਘੰਟੀ)

ਸ਼੍ਰੀ ਡਿਪਟੀ ਸਪੀਕਰ : ਹਾਂ ਜੀ, ਸਰਦਾਰ ਪ੍ਰੇਮ ਸਿੰਘ ਲਾਲਪੁਰਾ ਜੀ। ਤੁਸੀਂ ਸ਼ੁਰੂ ਕਰੋ ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਡਿਪਟੀ ਸਪੀਕਰ ਸਾਹਿਬ, ਕੀ ਸਾਨੂੰ ਇਨ੍ਹਾਂ ਤੋਂ ਬਾਅਦ ਟਾਈਮ ਮਿਲੇਗਾ ?

ਸ਼੍ਰੀ ਡਿਪਟੀ ਸਪੀਕਰ : ਇਨ੍ਹਾਂ ਤੋਂ ਬਾਅਦ ਸ਼੍ਰੀ ਗੁਪਤਾ ਜੀ ਨੇ ਬੋਲਣਾ ਹੈ । ਉਸ ਦੇ ਬਾਅਦ ਟਾਈਮ ਮਿਲੇਗਾ। ਹਾਲਾਂ ਟਾਈਮ ਬਹੁਤ ਪਿਆ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਫਿਰ ਤਾਂ ਜੀ ਟਾਈਮ ਥੋੜ੍ਹਾ ਰਹਿ ਜਾਣਾ ਹੈ।

ਸ਼੍ਰੀ ਡਿਪਟੀ ਸਪੀਕਰ : ਲਾਲਪੁਰਾ ਜੀ, ਤੁਸੀਂ ਸ਼ੁਰੂ ਕਰੋ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ (ਤਰਨਤਾਰਨ) : ਡਿਪਟੀ ਸਪੀਕਰ ਸਾਹਿਬ, ਹਾਊਸ ਵਿਚ ਅੱਜ ਬਜਟ ਤੇ ਬਹਿਸ ਹੋ ਰਹੀ ਹੈ। ਇਹ ਬਜਟ ਐਂਟੀ ਪੀਪਲ ਹੈ। ਇਹ ਬਜਟ ਐਂਟੀ ਕਿਸਾਨ ਹੈ। ਇਸ ਲਈ ਮੈਂ ਇਸ ਬਜਟ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ। ਇਸ ਬਜਟ ਦੇ ਅੰਦਰ 1 ਅਰਬ 25 ਕਰੋੜ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ ਅਤੇ ਉਸ ਦੇ ਨਾਲ ਹੀ ਇਸ ਬਜਟ ਸਪੀਚ ਵਿਚ 2 ਅਰਬ 50 ਕਰੋੜ ਰੁਪਏ ਦਾ ਕਰਜ਼ਾ ਦਿਖਾਇਆ ਗਿਆ ਹੈ । ਇਸ ਦਾ ਮਤਲਬ ਹੈ ਕਿ 1982-83 ਵਿਚ 3 ਅਰਬ 75 ਕਰੋੜ ਰੁਪਏ ਦਾ ਬੋਝ ਅੱਜ ਪੰਜਾਬ ਦੀ ਜਨਤਾ ਉਤੇ ਪਾਇਆ ਜਾ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਖਜ਼ਾਨਾ ਮੰਤਰੀ ਦੀ ਤਕਰੀਰ ਦਾ ਸਬੰਧ ਹੈ, ਉਨ੍ਹਾਂ ਨੇ ਬੜੀ ਹੁਸ਼ਿਆਰੀ ਨਾਲ ਇਹ ਕਿਹਾ ਕਿ 125 ਕਰੋੜ ਰੁਪਏ ਵਿਚੋਂ 65 ਕਰੋੜ ਰੁਪਏ ਅਸੀਂ ਸੈਂਟਰ ਦੀ ਸਰਕਾਰ ਨੂੰ ਮਨਾ ਕੇ ਇਸ ਘਾਟੇ ਨੂੰ 1983-84 ਵਿਚ ਲਿਜਾ ਰਹੇ ਹਾਂ। ਮੈਂ ਖਜ਼ਾਨਾ ਮੰਤਰੀ ਦੀ ਪ੍ਰਸ਼ੰਸਾ ਕਰਦਾ ਅਗਰ ਉਹ ਆਪਣੀ ਬਜਟ ਸਪੀਚ ਵਿਚ ਐਲਾਨ ਕਰਦੇ ਕਿ ਅਸੀਂ ਦਿੱਲੀ ਦੀ ਸਰਕਾਰ ਨੂੰ ਸਮਝਾਕੇ, ਉਨ੍ਹਾਂ ਦੇ ਅੱਗੇ ਪੰਜਾਬ ਦਾ ਕੇਸ ਰਖ ਕੇ, ਪਜਾਬ ਦੀ ਜਨਤਾ ਜੋ ਦੱਬੀ ਜਾ ਰਹੀ ਹੈ ਉਸ ਨੂੰ ਠੀਕ ਕਰਨ ਵਾਸਤੇ ਅਤੇ ਪਜਾਬ ਦੀ ਡਿਵੈਲਪਮੈਂਟ ਦਾ ਖਿਆਲ ਰਖਦੇ ਹੋਏ, ਦਿਲੀ ਦੀ ਸਰਕਾਰ ਤੋਂ ਇਹ 65 ਕਰੋੜ ਰੁਪਏ ਦਾ ਜਿਹੜਾ ਘਾਟਾ ਹੈ ਇਹ ਉਥੋਂ ਲਿਆਕੇ ਪੰਜਾਬ ਤੇ ਖਰਚ ਕਰਾਂਗੇ। ਜੇ ਇਹ ਐਸੀ ਗਲ ਕਰਦੇ ਤਾਂ ਤੇ ਮੈਂ ਇਨ੍ਹਾਂ ਦੀ ਪ੍ਰਸ਼ੰਸਾ ਕਰਦਾ ਲੇਕਿਨ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਇਸ ਘਾਟੇ ਨੂੰ ਪੰਜਾਬ ਵਿਚ ਹੀ ਰਖਿਆ ਹੈ ਅਤੇ ਇਹ ਕਹਿ ਦਿਤਾ ਕਿ ਅਸੀਂ ਦਿੱਲੀ ਦੀ ਸਰਕਾਰ ਨੂੰ ਮਨਾ ਲਿਆ ਹੈ ਅਤੇ ਇਹ ਘਾਟਾ ਅਸੀਂ ਅਗਲੇ ਸਾਲ ਕਿਸੇ ਨਾ ਕਿਸੇ ਤਰੀਕੇ ਨਾਲ ਪੂਰਾ ਕਰ ਲਵਾਂਗੇ । ਇਨ੍ਹਾਂ ਨੇ ਇਹ ਘਾਟਾ ਟੈਕਸ ਲਾ ਕੇ ਪੂਰਾ ਕਰਨਾ ਹੈ । ਇਸ ਦਾ ਬੋਝ ਆਮ ਜਨਤਾ ਤੇ ਪੈਣਾ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ 39-40 ਕਰੋੜ ਰੁਪਏ ਦੇ ਸਿੱਧੇ ਟੈਕਸ ਲਾਏ ਹਨ। ਅਗਰ ਇਹ ਟੈਕਸ ਪੰਜਾਬ ਦੇ ਅੰਦਰ ਵੱਡੇ ਵੱਡੇ ਇੰਡਸਟਰੀਅਲਿਸਟਸ ਉਤੇ ਲਗਦੇ, ਅਗਰ ਇਹ ਟੈਕਸ ਪੰਜਾਬ ਦੇ ਕਾਰਖਾਨੇਦਾਰ ਉਤੇ ਲਗਦੇ, ਅਗਰ ਇਹ ਟੈਕਸ ਪੰਜਾਬ ਦੇ ਧਨਾਢ ਲੋਕਾਂ ਉਤੇ ਲਗਦੇ, ਅਗਰ ਇਹ ਟੈਕਸ ਅਮੀਰ ਲੋਕਾਂ ਉਤੇ ਲਗਦੇ, ਅਗਰ ਇਹ ਟੈਕਸ ਵੱਡੇ ਵੱਡੇ ਜਾਗੀਰਦਾਰਾਂ ਉਤੇ ਲਗਦੇ ਫਿਰ ਤਾਂ ਵਾਕਿਆ ਹੀ ਅਸੀਂ ਸਮਝਦੇ ਕਿ ਸਰਕਾਰ ਦੀ ਟੈਕਸ ਲਾਉਣ ਦੀ ਨੀਤੀ ਜਾਇਜ਼ ਅਤੇ ਠੀਕ ਹੈ। ਲੇਕਿਨ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਟੈਕਸ ਲਾਏ ਹਨ, ਜਿਸ ਤਰ੍ਹਾਂ ਕਿ ਜਨਰਲ ਸੇਲਜ਼ ਟੈਕਸ ਹੈ ਅਤੇ ਜਿਸ ਦੇ ਰਾਹੀਂ 13 ਕਰੋੜ ਰੁਪਿਆ ਉਗਰਾਹਿਆ ਜਾਣਾ ਹੈ, ਇਹ ਟੈਕਸ ਗਰੀਬਾਂ ਉਤੇ ਲੱਗਾ ਹੈ। ਇਹ ਟੈਕਸ ਉਸ ਗਰੀਬ ਉਤੇ ਲੱਗਾ ਹੈ ਜਿਸ ਨੇ ਬਾਜ਼ਾਰ ਵਿਚੋਂ ਕੱਪੜਾ ਖਰੀਦਣਾ ਹੈ, ਜਿਸ ਨੇ ਦਵਾਈ ਖਰੀਦਣੀ ਹੈ, ਜਿਸ ਨੇ ਬਾਜ਼ਾਰ ਵਿਚੋਂ ਲੂਣ ਅਤੇ ਤੇਲ ਖਰੀਦਣਾ ਹੈ, ਜਿਸ ਨੇ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਖਰੀਦਣੀਆਂ ਹਨ, ਇਹ ਟੈਕਸ ਉਨ੍ਹਾਂ ਗਰੀਬ ਲੋਕਾਂ ਉਤੇ ਲੱਗਣਾ ਹੈ। ਇਸ ਤਰ੍ਹਾਂ 13 ਕਰੋੜ ਰੁਪਏ ਦਾ ਬੋਝ ਪੰਜਾਬ ਦੀ ਗਰੀਬ ਜਨਤਾ ਤੇ ਪਾ ਦਿੱਤਾ ਗਿਆ ਹੈ । ਇਸੇ ਤਰ੍ਹਾਂ ਹੀ ਟਰੱਕ ਉਪਰੇਟਰਾਂ ਤੇ 1 ਕਰੋੜ ਰੁਪਏ ਦਾ ਭਾਰ ਪਾ ਦਿੱਤਾ ਗਿਆ । ਫਿਰ ਰੋਡ ਟੈਕਸ ਦਾ 2 ਕਰੋੜ ਰੁਪਏ ਦਾ ਜਨਤਾ ਤੇ ਭਾਰ ਪਾਇਆ ਗਿਆ ਹੈ । ਇਨ੍ਹਾਂ ਨੇ ਬਜਟ ਸਪੀਚ ਵਿਚ ਕਿਹਾ ਹੈ ਕਿ ਇਲੈਕਟ੍ਰਿਸਿਟੀ ਵਾਲਿਆਂ ਨੂੰ ਬੜਾ ਘਾਟਾ ਪੈ ਰਿਹਾ ਹੈ। ਇਸ ਕਰਕੇ ਅਸੀਂ ਅਪ੍ਰੈਲ ਵਿਚ ਜਿਹੜੇ ਟਿਊਬਵੈਲਾਂ ਲਈ ਨਵੇਂ ਕੁਨੈਕਸ਼ਨ ਦਿਆਂਗੇ ਉਦੋਂ 3 ਕਰੋੜ 40 ਲੱਖ ਰੁਪਏ ਦਾ ਬੋਝ ਪੰਜਾਬ ਦੇ ਕਿਸਾਨ ਤੇ ਪਵੇਗਾ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਇਨ੍ਹਾਂ ਨੇ 1% ਮਾਰਕੀਟ ਫੀ ਵਧਾ ਦਿੱਤੀ ਹੈ । ਜਦੋਂ ਖਜ਼ਾਨਾ ਮੰਤਰੀ ਹਾਊਸ ਵਿਚ ਬਜਟ ਸਪੀਚ ਪੜ੍ਹ ਰਹੇ ਸਨ ਤਾਂ ਉਸ ਵੇਲੇ ਇਹ ਕਲੀਅਰ ਨਹੀਂ ਸੀ ਕਿ ਮਾਰਕੀਟ ਫੀ ਕਿਸ ਉਤੇ ਲੱਗੇਗੀ। ਕੀ ਇਹ ਕਿਸਾਨ ਉਤੇ ਪਵੇਗੀ ਜਾਂ ਖਰੀਦਦਾਰ ਉਤੇ ਪਵੇਗੀ। ਇਹ ਮਾਰਕਿਟ ਫੀਸ ਕਿਸਾਨ ਉਤੇ ਪਵੇਗੀ ਜਿਸ ਨੇ ਜਿਣਸ ਲੈ ਕੇ ਜਾਣਾ ਹੈ। ਮੈਂ ਸਮਝਦਾ ਸੀ ਕਿ ਇਸ ਮਾਰਕਿਟ ਫੀਸ ਦਾ ਬੋਝ ਜਿਹੜੀਆਂ ਏਜੰਸੀਆਂ ਕਿਸਾਨ ਦੀ ਜਿਣਸ ਖਰੀਦਦੀਆਂ ਹਨ, ਜਿਵੇਂ ਕਿ ਐਫ.ਸੀ.ਆਈ. ਹੈ, ਸਿਵਲ ਸਪਲਾਈ ਦਾ ਮਹਿਕਮਾ ਹੈ ਜਾਂ ਮਾਰਕਫੈਡ ਹੈ, ਉਨ੍ਹਾਂ ਉਤੇ ਪਵੇਗਾ ਲੇਕਿਨ, ਡਿਪਟੀ ਸਪੀਕਰ ਸਾਹਿਬ, ਸਾਡੇ ਖੁਰਾਕ ਮੰਤਰੀ ਸ਼੍ਰੀ ਭਗਵਾਨ ਦਾਸ ਦਾ ਬਿਆਨ ਆ ਗਿਆ ਹੈ ਕਿ ਇਹ ਜਿਹੜੀ 1% ਮਾਰਕਿਟ ਫੀ ਵਧਾਈ ਹੈ ਇਸ ਦਾ ਸਾਰੇ ਦਾ ਸਾਰਾ ਬੋਝ ਪੰਜਾਬ ਦੇ ਕਿਸਾਨ ਉਤੇ ਪਵੇਗਾ। ਪੰਜਾਬ ਦਾ ਕਿਸਾਨ ਜਦੋਂ ਆਪਣੀ ਜਿਣਸ ਮੰਡੀਆਂ ਵਿਚ ਲੈ ਕੇ ਜਾਵੇਗਾ ਤਾਂ ਉਸ ਉਤੇ ਇਹ ਮਾਰਕਿਟ ਫੀ ਲੱਗੇਗੀ ਅਤੇ ਇਸ ਤਰ੍ਹਾਂ ਉਸ ਦੀ ਆਮਦਨ ਦਾ 1% ਹਿੱਸਾ ਇਸ ਸਰਕਾਰ ਨੂੰ ਜਾਵੇਗਾ। ਇਸ ਕਰਕੇ ਮੈਂ ਕਹਾਂਗਾ ਕਿ ਅੱਜ ਪੰਜਾਬ ਦੇ ਕਿਸਾਨ ਉਤੇ 20 ਕਰੋੜ ਰੁਪਏ ਦੇ ਸਿੱਧੇ ਟੈਕਸ ਇਸ ਬਜਟ ਦੇ ਰਾਹੀਂ ਲਾਏ ਜਾ ਰਹੇ ਹਨ। ਇਸ ਲਈ ਇਹ ਕਿਸਾਨ ਮਾਰੂ ਬਜਟ ਹੈ। ਇਹ ਟੈਕਸ ਪੰਜਾਬ ਦੇ ਉਸ ਕਿਸਾਨ ਉਤੇ ਹਨ ਜਿਸ ਨੇ ਹਿੰਦੁਸਤਾਨ ਦੇ ਅਨਾਜ ਦੇ ਕਾਲ ਨੂੰ ਕੱਢ ਦਿਤਾ । ਇਹ ਟੈਕਸ ਪੰਜਾਬ ਦੇ ਉਸ ਕਿਸਾਨ ਉਤੇ ਹਨ ਜਿਸ ਨੇ ਹਿੰਦੁਸਤਾਨ ਦੇ ਅਨਾਜ ਦੇ ਪੂਲ ਵਿਚ ਪੰਜਾਬ ਦਾ 70% ਹਿੱਸਾ ਪਾਇਆ । ਅੱਜ ਦੂਸਰੇ ਦੇਸ਼ਾਂ ਤੋਂ ਅਨਾਜ ਦਰ ਦਰ ਮੰਗਦੇ ਫਿਰਦੇ ਸੀ, ਇਸ ਪੰਜਾਬ ਦੇ ਕਿਸਾਨ ਨੇ ਸਾਰੇ ਹਿੰਦੁਸਤਾਨ ਦੀ ਭੁੱਖ ਦੂਰ ਕਰਕੇ ਅਨਾਜ ਐਕਸਪੋਰਟ ਕਰਾਉਣਾ ਸ਼ੁਰੂ ਕਰ ਦਿੱਤਾ ਹੈ ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਲਾਲਪੁਰਾ]

ਦਾ ਕਿਸਾਨ ਇਤਨੀ ਮਿਹਨਤ ਕਰਕੇ ਜੋ ਅਨਾਜ ਪੈਦਾ ਕਰਦਾ ਹੈ ਅਤੇ ਸੈਂਟਰਲ ਪੂਲ ਵਿੱਚ ਇਤਨਾ ਵੱਡਾ ਹਿੱਸਾ ਅਨਾਜ ਦਾ ਪਾਉਂਦਾ ਹੈ ਅੱਜ ਉਹ ਕਿਸਾਨ ਕਰਜ਼ੇ ਦੇ ਥੱਲੇ ਦਬਿਆ ਹੋਇਆ ਹੈ । ਇਕੋ ਇਕ ਆਈਟਮ ਟਰੈਕਟਰ ਦੀ ਹੀ ਲੈ ਲਓ। ਡਿਪਟੀ ਸਪੀਕਰ ਸਾਹਿਬ, ਜਿਸ ਟਰੈਕਟਰ ਦੇ ਰਾਹੀਂ ਪੰਜਾਬ ਦੇ ਅੰਦਰ ਖੁਸ਼ਹਾਲੀ ਆਈ ਸੀ, ਅਨਾਜ ਦੀ ਪੈਦਾਵਾਰ ਵਿੱਚ ਵਾਧਾ ਹੋਇਆ ਸੀ, ਸਾਡਾ ਪੰਜਾਬ ਦਾ ਕਿਸਾਨ ਅੱਜ ਸਿਰਫ ਟਰੈਕਟਰਾਂ ਦੇ ਮਾਲਕਾਂ ਦਾ 5 ਅਰਬ 50 ਕਰੋੜ ਰੁਪਏ ਦਾ ਕਰਜ਼ਾਈ ਹੈ। ਮੈਂ ਜ਼ਿਆਦਾ ਡੀਟੇਲ ਵਿੱਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਮੇਰਾ ਟਾਈਮ ਬਹੁਤ ਥੋੜ੍ਹਾ ਹੈ। ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਿਰਫ ਟਰੈਕਟਰ ਦੀ ਆਈਟਮ ਵਿੱਚ ਪੰਜਾਬ ਦਾ ਕਿਸਾਨ ਇਤਨਾ ਕਰਜ਼ਾਈ ਹੈ। ਇਸੇ ਤਰ੍ਹਾਂ ਖਾਦ ਲੈ ਲਓ, ਟਿਊਬਵੈਲਜ਼ ਜਾਂ ਮਕਾਨ ਜਾਂ ਹੋਰ ਦੂਸਰੀਆਂ ਜਿਹੜੀਆਂ ਚੀਜ਼ਾਂ ਦੇ ਕਰਜ਼ੇ ਹਨ, ਸ਼ਾਹੂਕਾਰਾਂ ਦੇ ਜੋ ਕਰਜ਼ੇ ਹਨ ਉਹ ਅਗਰ ਇਸ ਦੇ ਵਿੱਚ ਸ਼ੁਮਾਰ ਕਰੀਏ ਤਾਂ ਇਹੀ ਪਤਾ ਲਗਦਾ ਹੈ ਕਿ ਪੰਜਾਬ ਦਾ ਕਿਸਾਨ ਕਰਜ਼ੇ ਥੱਲੇ ਬਿਲਕੁਲ ਦਬਿਆ ਪਿਆ ਹੈ, ਉਸ ਦਾ ਕਚੂਮਰ ਨਿਕਲਿਆ ਪਿਆ ਹੈ। ਇਸ ਬਜਟ ਵਿੱਚ ਇਸ ਚੀਜ਼ ਦੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਬਜਟ ਦੇ ਵਿੱਚ ਇਸ ਦੇ ਲਈ ਕੋਈ ਬੰਨ੍ਹ ਨਹੀਂ ਬੰਨ੍ਹਿਆ ਗਿਆ । ਇਸ ਵਾਸਤੇ ਮੈਂ ਤੁਹਾਡੇ ਰਾਹੀਂ, ਡਿਪਟੀ ਸੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਖਜ਼ਾਨਾ ਮੰਤਰੀ ਸਾਹਿਬ ਆਪਣੀ ਬਜਟ ਸਪੀਚ ਦੇ ਜਵਾਬ ਵਿਚ ਇਹ ਦੱਸਣ ਕਿ ਉਨ੍ਹਾਂ ਨੂੰ ਕੀ ਰਿਆਇਤ ਦਿੱਤੀ ਗਈ ਹੈ ਅਤੇ ਇਹ ਵੀ ਜਵਾਬ ਦੇਣ ਕਿ ਇਕ ਰੁਪਿਆ ਵੀ ਕਿਸੇ ਵੱਡੇ ਕਾਰਖਾਨੇਦਾਰ ਤੇ ਉਨ੍ਹਾਂ ਨੇ ਟੈਕਸ ਦਾ ਲਾਇਆ ਹੈ, ਕਿਸੇ ਬਿਜ਼ਨੈਸਮੈਨ ਵੱਡੇ ਤੇ ਲਾਇਆ ਹੈ ਜਾਂ ਕਿਸੇ ਧਨਾਢ ਆਦਮੀ ਤੇ ਕੋਈ ਟੈਕਸ ਲਾਇਆ ਹੈ। ਇਹ ਕਹਿੰਦੇ ਹਨ ਕਿ ਪੰਜਾਬ ਦੇ ਭਲੇ ਦਾ ਬਜਟ ਹੈ ਲੇਕਿਨ ਡਿਪਟੀ ਸਪੀਕਰ ਸਾਹਿਬ, ਜਿੰਨੇ ਵੀ ਕਰ ਲਾਏ ਹਨ, ਜਿੰਨੇ ਵੀ ਟੈਕਸ ਲਾਏ ਹਨ ਉਹ ਸਿੱਧੇ ਗਰੀਬ ਲੋਕਾਂ ਤੇ ਲਾਏ ਹਨ ਅਤੇ ਸਾਰੇ ਟੈਕਸਾਂ ਦਾ ਭਾਰ ਪੰਜਾਬ ਦੇ ਕਿਸਾਨਾਂ ਤੇ ਪਾਇਆ ਗਿਆ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਵਜ਼ੀਰ ਖਜ਼ਾਨਾ ਨੇ ਜੋ ਇਹ ਬਜਟ ਪੇਸ਼ ਕੀਤਾ ਹੈ ਉਸ ਦੇ ਵਿੱਚ ਸੋਧ ਕਰਨ ਔਰ ਸੋਧ ਕਰਕੇ ਔਰ ਗਰੀਬ ਕਿਸਾਨ ਤੇ ਜੋ ਟੈਕਸ ਲਾ ਕੇ ਹਮਲਾ ਕੀਤਾ ਗਿਆ ਹੈ, ਜੋ ਟੈਕਸਾਂ ਰਾਹੀਂ ਉਨ੍ਹਾਂ ਨੂੰ ਹੋਰ ਦੱਬਿਆ ਗਿਆ ਹੈ ਉਸ ਨੂੰ ਕੋਈ ਰਾਹਤ ਦਿੱਤੀ ਜਾਵੇ। ਚਾਹੀਦਾ ਤਾਂ ਇਹ ਸੀ ਕਿ ਪੰਜਾਬ ਦੇ ਕਿਸਾਨ ਨੂੰ ਕੋਈ ਇਨਸੈਂਟਿਵ ਦਿੱਤਾ ਜਾਂਦਾ, ਜਿਸ ਨੇ ਅਨਾਜ ਦੇ ਭੰਡਾਰ ਵਿੱਚ ਇਤਨਾ ਵੱਡਾ ਹਿੱਸਾ ਪਾਇਆ ਹੈ ਉਸ ਨੂੰ ਕੋਈ ਰਿਆਇਤ ਦਿੱਤੀ ਜਾਂਦੀ ਪਰ ਉਸ ਨੂੰ ਕੋਈ ਇਨਸੈਂਟਿਵ ਦੇਣ ਦੀ ਬਜਾਏ, ਕੋਈ ਸਹੂਲਤ ਦੇਣ ਦੀ ਬਜਾਏ ਉਸ ਨੂੰ ਹੋਰ ਟੈਕਸਾਂ ਦੇ ਭਾਰ ਥੱਲੇ ਦਬਾਇਆ ਗਿਆ ਹੈ। ਜਿਸ ਤਰ੍ਹਾਂ ਮਦਰਾਸ ਸਟੇਟ ਨੇ ਅਤੇ ਹਿੰਦੁਸਤਾਨ ਦੇ ਦੂਸਰੇ ਹੋਰ ਸੂਬਿਆਂ ਨੇ ਜੋ ਦੱਬਿਆ ਹੋਇਆ ਕਿਸਾਨ ਸੀ ਉਸ ਦੇ ਸਾਰੇ ਕਰਜ਼ੇ ਗਰਾਂਟ ਦੇ ਰੂਪ ਵਿੱਚ ਤਬਦੀਲ ਕਰ ਦਿੱਤੇ ਹਨ ਜੇ ਤਾਂ ਪੰਜਾਬ ਦੀ ਸਰਕਾਰ ਵੀ ਪੰਜਾਬ ਦੇ ਕਿਸਾਨ ਨੂੰ ਜਿਹੜਾ ਦਿੱਲੀ ਦੇ ਅਨਾਜ ਪੂਲ ਵਿੱਚ ਇਤਨਾ ਭਾਰੀ ਹਿੱਸਾ ਪਾਉਂਦਾ ਹੈ ਉਸ ਨੂੰ ਵੀ ਜੋ ਉਸ ਦੇ ਕਰਜ਼ੇ ਹਨ ਉਹ ਗਰਾਂਟ ਵਿੱਚ ਤਬਦੀਲ ਕਰ ਦਿੰਦੀ ਤਾਂ ਅਸੀਂ ਇਸ ਬਜਟ ਦੀ ਸਪੋਰਟ ਕਰਦੇ, ਇਸ ਬਜਟ ਦੀ ਤਾਰੀਫ ਕਰਦੇ। ਲੇਕਿਨ, ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਇਸ ਬਜਟ ਨਾਲ ਜੋ ਹਾਹਾਕਾਰ ਮਚੀ ਹੋਈ ਹੈ ਉਹ ਹਾਊਸ ਤੋਂ ਬਾਹਰ ਲੋਕ ਜਾਣਦੇ ਹਨ। ਇਸ ਬਜਟ ਰਾਹੀਂ ਜੋ ਪੰਜਾਬ ਸਰਕਾਰ ਨੇ ਲੋਕਾਂ ਤੇ ਭਾਰ ਪਾਇਆ ਹੈ, ਪੰਜਾਬ ਦੇ ਕਿਸਾਨ ਤੇ ਭਾਰ ਪਾਇਆ ਹੈ ਉਹ ਹਾਊਸ ਤੋਂ ਬਾਹਰ ਸਾਰੇ ਲੋਕ ਜਾਣਦੇ ਹਨ । ਫਿਰ 16 ਕਰੋੜ ਰੁਪਏ ਦਾ ਹੋਰ ਘਾਟਾ ਛੱਡ ਗਏ ਹਨ ਅਤੇ ਉਹ 16 ਕਰੋੜ ਰੁਪਏ ਦਾ ਘਾਟਾ ਵੀ ਬਾਅਦ ਵਿਚ ਹੋਰ ਰਿਸੋਰਸਿਜ਼ ਦੇ ਰਾਹੀਂ ਪੂਰਾ ਕਰਨਗੇ। ਡਿਪਟੀ ਸਪੀਕਰ ਸਾਹਿਬ, ਮੈਂ ਪਿਛਲੇ ਬਜਟ ਸੈਸ਼ਨ ਵਿੱਚ ਵੀ ਕਿਹਾ ਸੀ ਅਤੇ ਮੇਰੀ ਸਪੀਚ

Original with;
Punjab Vidhan Sabha
Digitized by;
Panjab Digital Library

ਵਿਚ ਜੋ ਲਫਜ਼ ਸਨ ਉਸ ਦੇ ਵਿੱਚ ਮੈਂ ਕਿਹਾ ਸੀ ਕਿ ਪੰਜਾਬ ਦੀ ਸਰਕਾਰ ਨੇ ਜੋ ਘਾਟੇ ਦਾ ਬਜਟ ਦਿਖਾਇਆ ਹੈ ਉਹ ਆਉਣ ਵਾਲੇ ਸਮੇਂ ਵਿੱਚ ਘਾਟਾ ਪੂਰਾ ਕਰੇਗੀ ਤਾਂ ਜ਼ਰੂਰ ਟੈਕਸ ਬਾਅਦ ਵਿੱਚ ਲਾਏਗੀ ਅੱਤੇ ਫਿਰ ਬਾਅਦ ਵਿੱਚ ਟੈਕਸ ਸਾਡੇ ਸਾਹਮਣੇ ਲਗੇ । ਇਸ ਗਲ ਦਾ ਰਿਕਾਰਡ ਗਵਾਹ ਹੈ। ਮੈਂ ਹੁਣ ਵੀ ਇਹ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਬਜਟ ਵਿੱਚ ਜੋ ਘਾਟਾ ਦੱਸਿਆ ਹੈ ਇਸ ਨੂੰ ਪੂਰਾ ਕਰਨ ਲਈ ਦੁਬਾਰਾ ਟੈਕਸ ਪੰਜਾਬ ਵਿੱਚ ਲਗਣਗੇ ਅੱਤੇ ਪੰਜਾਬ ਦੀ ਜਨਤਾ ਨੂੰ ਮਜ਼ਬੂਰ ਕਰਨਗੇ ਟੈਕਸ ਦੇਣ ਲਈ। ਟੈਕਸ ਦੇਣਾ ਹੈ ਜਾਂ ਨਹੀਂ ਇਹ ਵਕਤ ਦੱਸੇਗਾ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਬਜਟ ਦਾ ਸਭ ਤੋਂ ਵੱਧ ਹਿੱਸਾ ਐਕਸਾਈਜ਼ ਡਿਊਟੀ ਹੈ । 1 ਅਰਬ 11 ਕਰੋੜ 70 ਲੱਖ ਰੁਪਿਆ ਸ਼ਰਾਬ ਦੇ ਠੇਕਿਆਂ ਰਾਹੀਂ ਪੰਜਾਬ ਦੇ ਖਜ਼ਾਨੇ ਵਿੱਚ ਆ ਰਿਹਾ ਹੈ। ਅਸੀਂ 2-3 ਦਿਨ ਦੀਆਂ ਅਖਬਾਰਾਂ ਵਿੱਚ ਪੜ੍ਹ ਰਹੇ ਹਾਂ ਅਤੇ ਉਨ੍ਹਾਂ ਵਿੱਚ ਖ਼ਬਰਾਂ ਆਉਂਦੀਆਂ ਹਨ ਕਿ ਜ਼ਿਲ੍ਹਿਆਂ ਵਿੱਚ ਠੇਕਿਆਂ ਦੀਆਂ ਨਿਲਾਮੀਆਂ ਹੋ ਰਹੀਆਂ ਹਨ। ਜੋ ਨਿਲਾਮੀਆਂ ਹੋ ਰਹੀਆਂ ਹਨ ਉਸ ਦੇ ਰਾਹੀਂ ਬਹੁਤ ਜ਼ਿਆਦਾ ਹੋਰ ਰੁਪਿਆ ਆ ਰਿਹਾ ਹੈ । ਇਹ ਬਜਟ ਦਾ ਬਹੁਤ ਭਾਰੀ ਹਿੱਸਾ ਹੈ, ਜਿਹੜਾ ਕਿ ਤਕਰੀਬਨ ਸੱਤਵਾਂ ਹਿੱਸਾ ਬਣਦਾ ਹੈ, ਜੋ ਐਕਸਾਈਜ਼ ਡਿਊਟੀ ਰਾਹੀਂ ਪੰਜਾਬ ਦੇ ਖਜ਼ਾਨੇ ਵਿੱਚ ਆ ਰਿਹਾ ਹੈ। ਇਹ ਮਸਲਾ ਬੜਾ ਅਹਿਮ ਹੈ ਅੱਤੇ ਇਸ ਅਹਿਮ ਮਸਲੇ ਤੇ ਵਿਚਾਰ ਕਰਨੀ ਚਾਹੀਦੀ ਹੈ। ਆਪੋਜ਼ੀਸ਼ਨ ਨੂੰ ਅੱਤੇ ਰੂਲਿੰਗ ਪਾਰਟੀ ਨੂੰ ਕਿਉਂਕਿ ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਦੇ ਅੰਦਰ ਜੋ 80 ਫੀ ਸਦੀ ਵਸੋਂ ਹੈ ਅਤੇ ਇਸ ਦੇ ਨਾਲ 10 ਫੀ ਸਦੀ ਸ਼ਹਿਰਾਂ ਵਿਚ ਜੋ ਵਸੋਂ ਵੱਸਦੀ ਹੈ ਉਹ ਸ਼ਰਾਬ ਨੇ ਉਜਾੜ ਦਿੱਤੀ ਹੈ। ਤਮਾਮ ਪੰਜਾਬ ਨੂੰ ਸ਼ਰਾਬ ਨੇ ਉਜਾੜ ਕੇ ਰੱਖ ਦਿੱਤਾ ਹੈ । ਮੈਂ ਦੂਸਰਿਆਂ ਜ਼ਿਲ੍ਹਿਆਂ ਦੀ ਗਲ ਨਹੀਂ ਕਰਦਾ, ਅੰਮ੍ਰਿਤਸਰ ਜ਼ਿਲ੍ਹੇ ਦੀ ਗਲ ਕਰਦਾ ਹਾਂ। ਸਾਰੇ ਹਿੰਦੁਸਤਾਨ ਵਿੱਚ ਅੰਮ੍ਰਿਤਸਰ ਜ਼ਿਲ੍ਹਾ ਮਸ਼ਹੂਰ ਸੀ ਸਿਹਤ ਦੇ ਤੌਰ ਤੇ, ਜਵਾਨੀ ਦੇ ਤੌਰ ਤੇ ਅੱਤੇ ਬਹਾਦਰੀ ਦੇ ਤੌਰ ਤੇ ਲੇਕਿਨ ਅੱਜ ਜੋ ਹਾਲਤ ਹੋ ਰਹੀ ਹੈ ਉਹ ਤੁਹਾਡੇ ਸਾਹਮਣੇ ਹੈ ਕਿ ਸਾਰੀ ਸਾਡੀ ਨਸਲ ਤਬਾਹ ਹੋ ਰਹੀ ਹੈ, ਸ਼ਰਾਬ ਨਾਲ ਖ਼ਤਮ ਹੋ ਰਹੀ ਹੈ। ਦੇਸੀ ਸ਼ਰਾਬ ਬਹੁਤ ਵਿਕ ਰਹੀ ਹੈ ਪੰਜਾਬ ਦੇ ਅੰਦਰ। ਅਗਰ ਤੁਹਾਡੇ ਹਿਸਾਬ ਨਾਲ 1 ਅਰਬ 11 ਕਰੋੜ ਰੁਪਏ ਦੀ ਐਕਸਾਈਜ਼ ਡਿਊਟੀ ਬਣਦੀ ਹੈ ਤਾਂ ਮੈਂ ਸਮਝਦਾ ਹਾਂ ਕਿ 10 ਅਰਬ ਰੁਪਏ ਦੀ ਸ਼ਰਾਬ ਐਸੀ ਖਪਤ ਹੋ ਰਹੀ ਹੈ ਜਿਹੜੀ ਗੈਰ ਕਾਨੂੰਨੀ ਤੌਰ ਤੇ ਖਪਤ ਹੋ ਰਹੀ ਹੈ।

12-08 P.M.

(ਇਸ ਸਮੇਂ ਸ਼੍ਰੀ ਰਾਮ ਸਵਰੂਪ ਬਾਗੀ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਪੰਜਾਬ ਦੇ ਅੰਦਰ ਇਤਨੀ ਭਾਰੀ ਆਮਦਨੀ ਹੈ। ਇਸ ਦੇ ਨਾਲ ਸ਼ਰਾਬ ਮਹਿੰਗੀ ਹੋਵੇਗੀ ਅੱਤੇ ਉਸ ਦੇ ਵਿੱਚ ਅਡਲਟਰੇਸ਼ਨ ਵੀ ਹੋਵੇਗੀ । ਉਹ ਅਡਲਟਰੇਟਿਡ ਸ਼ਰਾਬ ਪੰਜਾਬ ਦੀ ਜਨਤਾ ਨੇ ਪੀਣੀ ਹੈ ਕਿਉਂਕਿ ਸ਼ਰਾਬ ਦੇ ਠੇਕੇਦਾਰ ਅਡਲਟਰੇਟਿਡ ਸ਼ਰਾਬ ਸਪਲਾਈ ਕਰਨਗੇ ਅਤੇ ਇਸ ਦੇ ਨਾਲ ਪੰਜਾਬ ਦੇ ਲੋਕਾਂ ਦੀ ਹੋਰ ਸਿਹਤ ਖਰਾਬ ਹੋਣੀ ਹੈ । (ਥੰਪਿੰਗ) ਜਿਥੋਂ ਤਕ, ਚੇਅਰਮੈਨ ਸਾਹਿਬ, ਦੇਸੀ ਸ਼ਰਾਬ ਦਾ, ਗਾਂਧੀਵਾਦੀ ਸ਼ਰਾਬ ਦਾ ਸਬੰਧ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸ਼ਰਾਬ ਬੰਦ ਹੋਣੀ ਚਾਹੀਦੀ ਹੈ ਇਸ ਤਰ੍ਹਾਂ ਵੇਚਣੀ । ਠੇਕੇਦਾਰੀ ਸਿਸਟਮ ਬੰਦ ਹੋਣਾ ਚਾਹੀਦਾ ਹੈ ਅੱਤੇ ਠੇਕੇਦਾਰੀ ਸਿਸਟਮ ਬੰਦ ਕਰ ਕੇ ਗੌਰਮਿੰਟ ਨੂੰ ਖੁਦ ਦੁਕਾਨਾਂ ਖੋਲ੍ਹਣੀਆਂ ਚਾਹੀਦੀਆਂ ਹਨ। ਇਨ੍ਹਾਂ ਦੁਕਾਨਾਂ ਦੇ ਖੋਲ੍ਹਣ ਨਾਲ ਇਕ ਤਾਂ ਬੇਰੁਜ਼ਗਾਰੀ ਦੂਰ ਹੋਵੇਗੀ ਅੱਤੇ ਦੂਸਰਾ ਜੋ ਵੱਡੇ ਵੱਡੇ ਠੇਕੇਦਾਰ ਸਾਡੇ ਸਰਕਾਰੀ ਕਰਮਚਾਰੀਆਂ ਨੂੰ ਰਿਸ਼ਵਤ ਦੇ ਕੇ ਠੇਕੇ ਲੈਂਦੇ ਹਨ ਇਸ ਦੇ ਨਾਲ ਉਹ ਰਿਸ਼ਵਤ ਵੀ ਖਤਮ ਹੋਵੇਗੀ ਅੱਤੇ ਤੀਸਰਾ ਇਸ ਦਾ ਇਹ ਵੀ ਫਾਇਦਾ ਹੋਵੇਗਾ ਕਿ ਵੱਧ ਚੜ੍ਹ ਕੇ ਨੀਲਾਮੀ ਦੇ ਕੇ ਜੋ ਠੇਕੇ ਲੈ ਕੇ ਫਿਰ ਮਿਲਾਵਟ ਕਰਕੇ ਸ਼ਰਾਬ ਵੇਚਦੇ ਹਨ ਉਹ ਮਿਲਾਵਟ ਵਾਲੀ ਸ਼ਰਾਬ ਵੀ ਵਿਕਣੀ ਬੰਦ ਹੋ ਜਾਵੇਗੀ । ਤੁਸੀਂ ਆਪ ਹੀ ਅੰਦਾਜ਼ਾ ਲਗਾਉ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਲਾਲਪੁਰਾ]

ਜਿਸ ਨੇ ਠੇਕੇ ਦੇ ਜਿਤਨੇ ਪੈਸੇ ਦੇਣੇ ਹਨ ਅਤੇ ਜਿਸ ਦੇ ਰਾਹੀਂ 1 ਅਰਬ 11 ਕਰੋੜ ਰੁਪਿਆ ਐਕਸਾਈਜ਼ ਡਿਊਟੀ ਦਾ ਆਉਣਾ ਹੈ ਉਸ ਨੇ ਫਿਰ ਇਸ ਦੇ ਲਈ ਐਕਸਾਈਜ਼ ਐਂਡ ਟੈਕਸੇਸ਼ਨ ਨੂੰ ਕਿੰਨੀ ਰਿਸ਼ਵਤ ਦੇਣੀ ਹੈ, ਕਿੰਨੀ ਰਿਸ਼ਵਤ ਪੁਲਿਸ ਨੂੰ, ਕਿੰਨੀ ਰਿਸ਼ਵਤ ਠੇਕਾ ਲੈਣ ਵਾਸਤੇ ਦੇਣੀ ਹੈ। ਉਹ ਸਾਰਾ ਪੈਸਾ ਉਸ ਨੇ ਫਿਰ ਮਿਲਾਵਟ ਕਰਕੇ ਪੂਰਾ ਕਰਨਾ ਹੈ । ਇਸ ਗੱਲ ਦਾ ਅੰਦਾਜ਼ਾ ਪੰਜਾਬ ਦੀ ਸਰਕਾਰ ਨਹੀਂ ਲਾ ਰਹੀ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਸ਼ਹਿਰ ਦੇ ਬਜ਼ਾਰ ਵਿਚ ਚਲੇ ਜਾਓ, ਕਿਸੇ ਪਿੰਡ ਦੇ ਬਜ਼ਾਰ ਵਿਚ ਚਲੇ ਜਾਓ ਉਥੇ ਤੁਹਾਨੂੰ ਸ਼ੀਰਾ, ਕਸਕਟ ਗੁੜ ਬਜ਼ਾਰਾਂ ਵਿਚ ਭਰਿਆ ਪਿਆ ਮਿਲੇਗਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਸ ਦੀ ਵਿਕਰੀ ਬੰਦ ਕਰ ਦਿਤੀ ਜਾਵੇ ਤਾਂ ਇਲੀਸਿਟ ਡਿਸਟਿਲਰੀਜ਼ ਫੌਰੀ ਤੌਰ ਤੇ ਖ਼ਤਮ ਹੋ ਜਾਣਗੀਆਂ । ਇਸ ਦਾ ਇਹ ਇਕੋ ਇਲਾਜ ਹੈ । ਮੈਂ ਇਕ ਗਲ ਕਹਿਣਾ ਚਾਹੁੰਦਾ ਹਾਂ ਅਤੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਗੱਲ ਨੂੰ ਕਿਸੇ ਦੇਰ ਤਕ ਕਿਸੇ ਦੇਰ ਹੰਰਤ ਵਿਚ ਨਾ ਲਿਆ ਜਾਵੇ । ਮੈਂ ਸਮਝਦਾ ਹਾਂ ਕਿ ਦੁਨੀਆਂ ਦੀ ਹਿਸਟਰੀ ਦੇ ਵਿੱਚ ਮੁਲਕਾਂ ਨੇ ਇਸ ਗੱਲ ਦਾ ਫੈਸਲਾ ਕੀਤਾ, ਬਹੁਤ ਸਾਰੀਆਂ ਮੁਲਕਾਂ ਦੀਆਂ ਸਰਕਾਰਾਂ ਨੇ ਫੈਸਲਾ ਕੀਤਾ ਕਿ ਪ੍ਰੋਹਿਬਸ਼ਨ ਕੀਤੀ ਜਾਵੇ। ਅੱਜ ਹਿੰਦੁਸਤਾਨ ਦੀ ਸਰਕਾਰ ਨੇ ਵੀ ਤਜਰਬਾ ਕੀਤਾ । ਦਿਲੀ ਤੇ ਰੋਹਤਕ ਵਿਚ ਤਜਰਬਾ ਕੀਤਾ ਗਿਆ ਪਰ ਫੇਲ੍ਹ ਹੋਇਆ, ਮਹਾਰਾਸ਼ਟਰਾ ਵਾਲਿਆਂ ਨੇ ਕੀਤਾ, ਫੇਲ੍ਹ ਹੋਇਆ । ਤਾਮਲ ਨਾਡੂ ਵਿੱਚ ਫੇਲ੍ਹ ਹੋਇਆ । ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਸਸਤੀ ਸ਼ਰਾਬ ਦੇਣੀ ਚਾਹੀਦੀ ਹੈ। ਅੌਰ ਸਾਫ਼ ਸੁਥਰੀ ਦੇਣੀ ਚਾਹੀਦੀ ਹੈ। ਆਪਣੀਆਂ ਦੁਕਾਨਾਂ ਰਾਹੀਂ ਦੇਣੀ ਚਾਹੀਦੀ ਹੈ ਤਾ ਕਿ ਜਿਹੜੇ ਲੋਕ ਗੰਦੀ ਸ਼ਰਾਬ ਆਪ ਕੱਢ ਕੇ ਪੀਂਦੇ ਹਨ ਜਾਂ ਜਿਹੜੀ ਦੂਸਰੀ ਬਲੈਕ ਵਿਚ ਵਿਕਦੀ ਹੈ ਅੌਰ ਠੇਕੇਦਾਰ ਜਿਹੜੀ ਗੰਦੀ ਸ਼ਰਾਬ ਸਪਲਾਈ ਕਰਦਾ ਹੈ ਉਸ ਤੋਂ ਪੰਜਾਬ ਦੀ ਜਨਤਾ ਦਾ ਛੁਟਕਾਰਾ ਹੋ ਸਕੇ ।

ਜਿਥੋਂ ਤਕ ਰੂਰਲ ਡਿਵੈਲਪਮੈਂਟ ਦਾ ਸਵਾਲ ਹੈ ਮੈਂ ਸਮਝਦਾ ਹਾਂ ਕਿ 80 % ਵਸੋਂ ਅੱਜ ਪੰਜਾਬ ਦੀ ਪਿੰਡਾਂ ਵਿਚ ਵਸ ਰਹੀ ਹੈ । ਮੈਨੂੰ ਖੁਸ਼ੀ ਹੈ ਅੌਰ ਮੈਂ ਰੰਧਾਵਾ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਅੱਜ ਪਿੰਡਾਂ ਵਿਚ ਜੋ ਨਾਲੀਆਂ ਅੌਰ ਗਲੀਆਂ ਪਕੀਆਂ ਹੋ ਰਹੀਆਂ ਹਨ ਇਹ ਅੱਛੀ ਗਲ ਹੈ । ਅਗਰ ਇਸੇ ਰੇਸ਼ੋ ਨਾਲ ਇਹ ਗਲੀਆਂ ਨਾਲੀਆਂ ਪਕੀਆਂ ਬਣਦੀਆਂ ਰਹੀਆਂ ਤਾਂ ਪਿੰਡਾਂ ਦੀ ਡਿਵੈਲਪਮੈਂਟ ਹੋ ਜਾਏਗੀ ਪਰ ਚੂੰਕਿ ਇਸ ਬਜਟ ਦੇ ਅੰਦਰ ਇਨ੍ਹਾਂ ਨੇ ਜੋ ਰਕਮ ਰੱਖੀ ਹੈ ਉਹ ਬਹੁਤ ਥੋੜ੍ਹੀ ਹੈ, ਇਸ ਬਜਟ ਵਿਚ ਸਿਰਫ 7.30 ਕਰੋੜ ਰੁਪਿਆ ਰੱਖਿਆ ਹੈ ਇਸ ਦੇ ਨਾਲ ਗਲੀਆਂ ਨਾਲੀਆਂ ਬਣਨੀਆਂ ਹਨ, ਹਰੀਜਨ ਬਸਤੀਆਂ ਬਣਨੀਆਂ ਹਨ ਅਤੇ ਪੰਚਾਇਤ ਘਰ ਬਣਨੇ ਹਨ। ਮੈਂ ਕਹਿੰਦਾ ਹਾਂ ਕਿ 2 ਵਜ਼ੀਰ ਸਾਹਿਬ ਬੈਠੇ ਹਨ ਉਹ ਆਪਣੇ ਖ਼ਜ਼ਾਨਾ ਮੰਤਰੀ ਨੂੰ ਕਹਿਣ ਜਾਂ ਚੀਫ ਮਨਿਸਟਰ ਸਾਹਿਬ ਨੂੰ ਕਹਿਣ ਕਿ ਇਹ ਰੁਪਿਆ ਬਹੁਤ ਥੋੜ੍ਹਾ ਹੈ ਅਗਰ ਚੌਗੁਣਾ ਨਹੀਂ ਤਾਂ ਡਬਲ ਜ਼ਰੂਰ ਕਰਨ ਤਾਂ ਕਿ ਪਿੰਡਾਂ ਦੀ ਨੁਹਾਰ ਸੁਧਾਰੀ ਜਾ ਸਕੇ ।

ਇਸ ਦੇ ਨਾਲ ਹੀ ਮੈਂ ਬੇਨਤੀ ਕਰਾਂਗਾ ਕਿ ਅੱਗੇ ਫੋਕਲ ਪੁਆਇੰਟਸ ਦੀ ਸਕੀਮ ਚਲ ਰਹੀ ਸੀ ਉਹ ਇਨ੍ਹਾਂ ਨੇ ਬੰਦ ਕਰ ਦਿਤੀ ਹੈ । ਉਹ ਸਕੀਮ ਬਹੁਤ ਅੱਛੀ ਸਕੀਮ ਹੈ ਉਸ ਦੇ ਰਾਹੀਂ 5-6 ਪਿੰਡਾਂ ਦੇ ਲੋਕਾਂ ਨੂੰ ਇਕੱਠੇ ਹੋ ਕੇ ਆਪਣੀ ਜਿਨਸ ਖੜਨ ਦਾ ਮੌਕਾ ਮਿਲਦਾ ਹੈ। ਉਥੇ ਛੋਟੀਆਂ ਦੁਕਾਨਾਂ ਸਨ, ਕੋਆਪ੍ਰੇਟਿਵ ਬੈਂਕਸ ਸਨ ਅੌਰ ਬਾਕੀ ਸਹੂਲਤਾਂ ਵੀ ਸਨ ਪਰ ਇਨ੍ਹਾਂ ਨੇ ਬੰਦ ਕਰ ਦਿੱਤੇ । ਅਗਰ ਇਹ ਸਮਝਦੇ ਸਨ ਕਿ ਉਸ ਸਕੀਮ ਨੂੰ ਲਾਗੂ ਕਰਨ ਵਿਚ ਕੋਈ ਨੁਕਸ ਸਨ ਤਾਂ ਉਹ ਨੁਕਸ ਦੂਰ ਕਰ ਕੇ ਆਪ ਕਰੈਡਿਟ ਲੈਂਦੇ ਕਿ ਫਲਾਂ ਫਲਾਂ ਨੁਕਸ ਦੂਰ ਕਰ ਦਿਤੇ ਹਨ ਅੌਰ ਅੱਜ ਪੰਜਾਬ ਦੇ ਲੋਕਾਂ ਨੂੰ ਉਹ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ ਜਿਹੜੀਆਂ ਨਹੀਂ ਦਿੱਤੀਆਂ ਜਾ ਰਹੀਆਂ ਸਨ ।

Original with;
Punjab Vidhan Sabha
Digitized by;
Panjab Digital Library

ਫੋਕਲ ਪੁਆਇੰਟਸ ਦਾ ਮਤਲਬ ਇਹ ਸੀ ਕਿ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਿਚ ਆਉਣਾ ਜਾਣਾ ਨਾ ਪਵੇ ਅੱਰ ਉਨ੍ਹਾਂ ਦੀਆਂ ਜ਼ਰੂਰਤਾਂ ਉਥੇ ਹੀ ਪੂਰੀਆਂ ਹੋ ਜਾਣ। ਇਹ ਚੀਜ਼ਾਂ ਉਸ ਸਕੀਮ ਦਾ ਇਕ ਹਿਸਾ ਸਨ ।

ਇਸ ਤੋਂ ਬਾਦ ਹੁਣ ਮੈਂ ਆਪਣੇ ਹਲਕੇ ਦੀਆਂ ਦੋ ਚਾਰ ਗਲਾਂ ਕਰਨੀਆਂ ਚਾਹੁੰਦਾ ਹਾਂ । ਮੇਰਾ ਹਲਕਾ ਤਰਨ ਤਾਰਨ ਹੈ। ਇਕ ਇਕ ਐਸਾ ਸ਼ਹਿਰ ਹੈ ਜਿਸ ਸ਼ਹਿਰ ਦੀ ਹਿਸਟਰੀ ਸਾਰੇ ਜਾਣਦੇ ਹਨ, ਪਰ ਅਜ ਪੰਜਾਬ ਵਿੱਚ ਅਗਰ ਕੋਈ ਗੰਦੇ ਤੋਂ ਗੰਦਾ ਸ਼ਹਿਰ ਹੈ ਤਾਂ ਉਹ ਤਰਨ ਤਾਰਨ ਹੈ । ਤਰਨ ਤਾਰਨ ਡਿਵੈਲਪਮੈਂਟ ਬੋਰਡ ਬਣਿਆ ਸੀ, ਉਹ ਥੋੜ੍ਹਾ ਚਿਰ ਕੰਮ ਕਰਦਾ ਰਿਹਾ ਅੱਰ ਹੁਣ ਉਹ ਕਾਫ਼ੀ ਸਮੇਂ ਤੋਂ ਕੰਮ ਨਹੀਂ ਕਰ ਰਿਹਾ । ਮੈਂ ਕਹਿੰਦਾ ਹਾਂ ਕਿ ਉਹ ਬੋਰਡ ਦੋਬਾਰਾ ਬਣਾ ਕੇ ਡਿਵੈਲਪਮੈਂਟ ਸ਼ੁਰੂ ਕਰਨੀ ਚਾਹੀਦੀ ਹੈ । ਅੱਰ ਨਾਲ ਹੀ ਇੰਪਰੂਵਮੈਂਟ ਟਰਸਟ ਬਣਾ ਕੇ ਉਥੇ ਦੀ ਨੁਹਾਰ ਨੂੰ ਬਦਲਣਾ ਚਾਹੀਦਾ ਹੈ। ਉਥੇ ਇਕ ਲੱਖ ਤੋਂ ਵੱਧ ਯਾਤਰੀ ਮਸਿਆ ਵਾਲੇ ਦਿਨ ਹਰ ਮਹੀਨੇ ਯਾਤਰਾ ਕਰਦੇ ਹਨ । ਉਥੇ ਸੀਵਰੇਜ ਦਾ ਕੰਮ ਚਲਦਾ ਸੀ। ਲੱਖਾਂ ਰੁਪਏ ਲਗ ਚੁਕੇ ਹਨ ਪਰ ਉਹ ਕੰਮ ਹਾਲੇ ਤਕ ਵਿਚੇ ਪਿਆ ਹੈ, ਉਸ ਨੂੰ ਦੋਬਾਰਾ ਚਾਲੂ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਇਕ ਸਟੇਡੀਅਮ ਉਥੇ ਬਣਿਆ ਸੀ ਉਹ ਉਥੇ ਦਾ ਉਥੇ ਪਿਆ ਹੈ। ਉਸ ਤੇ ਕਾਫ਼ੀ ਰੁਪਿਆ ਖਰਚ ਹੋ ਚੁਕਾ ਹੈ ਜੇਕਰ ਦੋਬਾਰਾ ਸ਼ੁਰੂ ਨਾ ਕੀਤਾ ਗਿਆ ਤਾਂ ਜਿਹੜਾ ਲੱਖਾਂ ਰੁਪਿਆ ਲੱਗਾ ਹੋਇਆ ਹੈ ਉਹ ਜ਼ਾਇਆ ਚਲਾ ਜਾਏਗਾ, ਇਸ ਲਈ ਉਹ ਵੀ ਬਣਾਇਆ ਜਾਏ।

ਪੰਜਾਬ ਦੀ ਸਰਕਾਰ ਨੇ ਕਿਹਾ ਹੈ ਕਿ ਅਸੀਂ ਪੰਜਾਬ ਵਿਚ ਖੰਡ ਦੀਆਂ ਮਿਲਾਂ ਲਾਉਣੀਆਂ ਹਨ। ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਤਰਨਤਾਰਨ ਇਕ ਸੈਂਟਰਲ ਪਲੇਸ ਹੈ। ਉਥੇ ਇਕ ਖੰਡ ਦੀ ਮਿਲ ਲਾ ਕੇ ਅੰਮ੍ਰਿਤਸਰ ਦੇ ਲੋਕਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰੇ।

ਹੁਣ ਮੈਂ ਰਾਵੀ ਬਿਆਸ ਦੇ ਪਾਣੀ ਦੇ ਮੁਤੱਲਕ ਦੋ ਮਿੰਟ ਬੇਨਤੀ ਕਰਾਂਗਾ । ਇਹ ਇਕ ਅਹਿਮ ਮਸਲਾ ਹੈ । ਇਸ ਮਸਲੇ ਤੇ ਆਪੋਜ਼ੀਸ਼ਨ ਨੇ ਆਪਣੇ ਵਿਚਾਰ ਰੱਖੇ ਹਨ ਅੱਰ ਮੈਂ ਵੀ ਆਪਣੇ ਵਿਚਾਰ ਰੱਖਣਾ ਚਾਹੁੰਦਾ ਹਾਂ । ਅਗਰ ਰਾਵੀ ਬਿਆਸ ਦੇ ਪਾਣੀ ਦੇ ਝਗੜੇ ਵਿਚ ਕੋਈ ਵਾਦ ਵਿਵਾਦ ਨਹੀਂ ਸੀ ਅੱਰ ਅਗਰ ਉਹ ਝਗੜਾ ਸੁਲਝ ਗਿਆ ਸੀ ਅੱਰ ਕੋਈ ਅੱਛਾ ਫੈਸਲਾ ਹੋ ਗਿਆ ਸੀ ਗਿਆਨੀ ਜ਼ੈਲ ਸਿੰਘ ਅੱਰ ਬੰਸੀ ਲਾਲ ਵਿਚ ਤਾਂ ਉਸ ਨੂੰ ਫਿਰ ਰੀਓਪਨ ਕਰਨ ਦੀ ਕੀ ਲੋੜ ਸੀ । ਇਹ ਇਸ ਕਰ ਕੇ ਹੋਇਆ ਕਿ ਪੰਜਾਬ ਅੱਰ ਹਰਿਆਣਾ ਵਿਚ ਸਾਰੀ ਜਾਇਦਾਦ 60 : 40 ਦੀ ਰੇਸ਼ੋ ਨਾਲ ਵੰਡੀ ਜਾਏ। ਇਥੇ ਰਾਵੀ, ਬਿਆਸ ਅਤੇ ਸਤਲੁਜ ਚਲ ਰਹੇ ਸਨ। ਇਨ੍ਹਾਂ ਤੋਂ ਇਲਾਵਾ ਪੰਜਾਬ ਵਿਚ ਜਮਨਾ ਦਾ ਪਾਣੀ ਵੀ ਸ਼ਾਮਲ ਸੀ ਅੱਰ ਉਸ ਦਾ ਪਾਣੀ ਸਾਂਝੇ ਪੰਜਾਬ ਵਿਚ ਵਰਤਿਆ ਜਾਂਦਾ ਸੀ। ਇਹ ਕਿਹਾ ਗਿਆ ਕਿ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀ ਦੀ 60 : 40 ਦੀ ਰੇਸ਼ੋ ਨਾਲ ਵੰਡ ਕੀਤੀ ਜਾਵੇ। ਮੈਂ ਪੰਜਾਬ ਦੀ ਸਰਕਾਰ ਦਾ ਸਵਾਗਤ ਕਰਦਾ ਅੱਰ ਵਧਾਈ ਦਿੰਦਾ, ਪਰ ਮੈਨੂੰ ਅਫਸੋਸ ਹੈ ਕਿ ਪਾਣੀ ਦੇ ਫੈਸਲੇ ਵਿਚ ਜਮਨਾ ਦੇ ਪਾਣੀ ਨੂੰ ਬਾਹਰ ਕੱਢ ਦਿਤਾ ਅੱਰ ਉਸ ਵੰਡ ਵਿਚ ਸ਼ਾਮਲ ਨਹੀਂ ਕੀਤਾ ਅੱਰ ਇਸ ਦੇ ਨਾਲ ਪੰਜਾਬ ਦੇ ਨਾਲ ਜੋ ਧੱਕਾ ਹੋਇਆ ਇਸ ਦੇ ਨਾਲ ਪੰਜਾਬ ਦੀ 10 ਲੱਖ ਏਕੜ ਜ਼ਮੀਨ ਬਰਾਬਾਦ ਹੋ ਜਾਣੀ ਹੈ । ਮੈਂ ਬੇਨਤੀ ਕਰਾਂਗਾ ਕਿ ਪ੍ਰਧਾਨ ਮੰਤਰੀ ਜੀ ਸੁਣਿਆ ਹੈ ਕਿ ਆ ਰਹੇ ਹਨ, ਇਸ ਮਾਮਲੇ ਨੂੰ ਉਨ੍ਹਾਂ ਦੇ ਸਾਹਮਣੇ ਰੀਓਪਨ ਕਰਨ । ਪੰਜਾਬ ਦੀ ਸਰਕਾਰ ਨੂੰ ਜਨਤਾ ਨੇ ਚੁਣਿਆ ਹੈ ਅਤੇ ਪੰਜਾਬ ਦੀ ਆਪੋਜ਼ੀਸ਼ਨ ਨੂੰ ਵੀ ਜਨਤਾ ਨੇ ਚੁਣਿਆ ਹੈ ਅੱਰ ਅਸੀਂ ਸਾਰੇ ਪੰਜਾਬ ਦੀ ਜਨਤਾ ਦੁਆਰਾ ਚੁਣੇ ਹੋਏ ਨੁਮਾਇੰਦੇ ਹੀ, ਪੰਜਾਬ ਦੇ ਇਸ ਇਸ਼ੂ ਨੂੰ ਰੀਓਪਨ ਕਰ ਕੇ ਪੰਜਾਬ ਦੇ ਕਾਜ਼ ਨੂੰ ਡਿਸਕਸ ਕਰ ਕੇ ਪ੍ਰੈਸਟੀਜ ਦਾ ਸੁਆਲ ਬਣਾ ਕੇ ਸਾਨੂੰ ਹਲ ਕਰਨਾ ਚਾਹੀਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਲਾਲਪੁਰਾ]

ਹੈ ਔਰ ਅਗਰ ਅਸੀਂ ਇਹ ਹਲ ਨਾ ਕਰ ਸਕੇ ਤਾਂ ਆਉਣ ਵਾਲੀਆਂ ਨਸਲਾਂ ਜਿਹੜੀਆਂ ਹਨ ਉਹ ਇਥੇ ਬੈਠੇ ਲੈਜਿਸਲੇਟਰਾਂ ਨੂੰ ਲਾਹਨਤਾਂ ਪਾਉਣਗੀਆਂ । ਇਸ ਤੋਂ ਇਲਾਵਾ ਮੈਂ ਹੋਰ ਕੁਝ ਨਹੀਂ ਕਹਾਂਗਾ ।

ਇਸ ਹਾਊਸ ਦੇ ਅੰਦਰ ਆਪੋਜ਼ੀਸ਼ਨ ਅਤੇ ਟਰੇਜ਼ਰੀ ਬੈਂਚਾਂ ਨੇ ਇਕ ਮਸਲੇ ਉਤੇ ਬਹੁਤ ਵਾਦ ਵਿਵਾਦ ਖੜਾ ਕੀਤਾ ਹੈ। ਉਹ ਮਸਲਾ ਬੜਾ ਸਾਫ ਹੈ ਔਰ ਉਹ ਮਸਲਾ ਹੈ ਸਟੇਟ ਅਟਾਨੋਮੀ ਦਾ, ਸੂਬਿਆਂ ਨੂੰ ਜ਼ਿਆਦਾ ਤਾਕਤਾਂ ਦਾ । ਮੈਂ ਸਮਝਦਾ ਹਾਂ ਕਿ ਅਗਰ ਦਿਲੀ ਦੀ ਸਰਕਾਰ ਕਾਂਗਰਸ ਪਾਰਟੀ ਤੋਂ ਬਗੈਰ ਕਿਸੇ ਹੋਰ ਪਾਰਟੀ ਦੀ ਹੁੰਦੀ ਔਰ ਅਗਰ ਇਹ ਇਥੇ ਸਥਾਪਤ ਹੁੰਦੀ ਇਨ੍ਹਾਂ ਨੇ ਆਪ ਹੀ ਕਹਿਣਾ ਸੀ ਕਿ ਸਾਨੂੰ ਜ਼ਿਆਦਾ ਅਧਿਕਾਰ ਦਿਓ, ਜ਼ਿਆਦਾ ਪਾਵਰਜ਼ ਦਿਓ ਤਾਂ ਕਿ ਅਸੀਂ ਪੰਜਾਬ ਦੀ ਜਨਤਾ ਦੀ ਅੱਛੀ ਤਰ੍ਹਾਂ ਸੇਵਾ ਕਰ ਸਕੀਏ । ਮੇਰੇ ਵੀਰ ਆਨੰਦ ਪੁਰ ਸਾਹਿਬ ਦੇ ਰੇਜ਼ੋਲਿਊਸ਼ਨ ਦਾ ਜ਼ਿਕਰ ਕਰਦੇ ਰਹਿੰਦੇ ਹਨ । ਬਰਨਾਲਾ ਜੀ ਨੇ ਖੁਲ੍ਹ ਕੇ ਆਪਣੇ ਵਿਚਾਰ ਉਸ ਤੇ ਰੱਖੇ ਸਨ । ਮੈਂ ਵੀ 12, 13 ਮੈਂਬਰੀ ਕਮੇਟੀ ਦਾ ਇਕ ਮੈਂਬਰ ਸੀ ਜਿਨ੍ਹਾਂ ਨੇ ਰੈਜ਼ੋਲਿਊਸ਼ਨ ਤਿਆਰ ਕੀਤਾ ਸੀ । ਉਸ ਰੈਜ਼ੋਲਿਊਸ਼ਨ ਦਾ ਕੋਈ ਮਤਲਬ ਨਹੀਂ ਕਿ ਹਿੰਦੁਸਤਾਨ ਦੇ ਟੁਕੜੇ ਹੋਣ, ਹਿੰਦੁਸਤਾਨ ਵੰਡਿਆ ਜਾਏ । ਇਸ ਰੈਜ਼ੋਲਿਊਸ਼ਨ ਰਾਹੀਂ ਕੋਈ ਖਾਲਿਸਤਾਨ ਨਹੀਂ ਬਣ ਜਾਣਾ ਹੈ । ਇਸ ਰੈਜ਼ੋਲਿਊਸ਼ਨ ਦਾ ਮਤਲਬ ਹੈ ਕਿ ਸੂਬਿਆਂ ਨੂੰ ਜ਼ਿਆਦਾ ਤਾਕਤ ਦਿਓ । ਅਸੀਂ ਸਿਰਫ ਪੰਜਾਬ ਵਾਸਤੇ ਨਹੀਂ ਮੰਗਦੇ ਬਲਕਿ ਬੰਗਾਲ ਵਾਸਤੇ, ਯੂ.ਪੀ., ਆਂਧਰਾ ਪ੍ਰਦੇਸ਼, ਤਾਮਲ ਨਾਡੂ, ਰਾਜਸਥਾਨ, ਹਰਿਆਣਾ ਸਾਰੀਆਂ ਸਟੇਟਾਂ ਵਾਸਤੇ ਮੰਗਦੇ ਹਾਂ ਕਿਉਂਕਿ ਅਸੀਂ ਸਮਝਦੇ ਹਾਂ ਕਿ ਕਾਂਸਟੀਚਿਊਸ਼ਨ ਬਣਾਉਣ ਵੇਲੇ ਉਸ ਵੇਲੇ ਦੀ ਕਾਂਸਟੀਚਿਊਐਂਟ ਅਸੰਬਲੀ ਨੇ ਹਿੰਦੁਸਤਾਨ ਦੀਆਂ ਸਟੇਟਾਂ ਦੀਆਂ ਤਾਕਤਾਂ ਸੀਮਿਤ ਕਰ ਦਿਤੀਆਂ । ਕੁਦਰਤੀ ਗਲ ਹੈ ਜਦੋਂ ਕੋਈ ਕੁਰਸੀ ਤੇ ਬੈਠਦਾ ਹੈ ਉਹ ਆਪਣੇ ਢਿਡ ਵੱਲ ਸਭ ਕੁਝ ਖਿਚਦਾ ਹੈ ਔਰ ਤਾਕਤ ਨੂੰ ਆਪਣੇ ਵਲ ਸਮੇਟਣ ਲਈ ਖਿਚੇਗਾ । ਇਹੋ ਰਵੱਈਆ ਉਸ ਕਾਂਸਟੀਚਿਊਐਂਟ ਅਸੈਂਬਲੀ ਦਾ ਸੀ । ਉਨ੍ਹਾਂ ਨੇ ਸਾਰੀ ਤਾਕਤ ਕੇਂਦ੍ਰਤ ਕਰ ਦਿਤੀ, ਸੂਬਿਆਂ ਦਾ ਸਰਮਾਇਆ ਖੋਹ ਲਿਆ । ਅੱਜ ਲੋੜ ਨਹੀਂ ਸੀ ਟੈਕਸ ਲਾਉਣ ਦੀ ਪੰਜਾਬ ਦੇ ਰਿਸੋਰਸਿਜ਼ ਉਤੇ ਜੇਕਰ ਪੰਜਾਬ ਗੌਰਮਿੰਟ ਦਾ ਕੰਟਰੋਲ ਹੁੰਦਾ । ਹੁਣ ਇਥੇ ਕਿਹਾ ਗਿਆ ਹੈ ਕਿ ਪਲੈਨਿੰਗ ਕਮਿਸ਼ਨ ਨੇ ਬੜੀ ਮਿਹਰਬਾਨੀ ਕਰ ਦਿਤੀ ਹੈ ਕਿ 65 ਕਰੋੜ ਰੁਪਿਆ ਅਗਲੇ ਸਾਲ ਵਾਸਤੇ ਕਹਿ ਦਿਤਾ ਹੈ ਕਿ ਇਕ ਸਾਲ ਹੋਰ ਲੇਟ ਦੇ ਦੇਣ । ਇਹ ਕਰਜ਼ੇ ਵਿਚ ਛੋਟ ਦਿਤੀ ਹੈ । ਤੁਸੀਂ ਅੰਦਾਜ਼ਾ ਲਗਾਓ ਸੈਂਟਰਲ ਸੇਲਜ਼ ਟੈਕਸ, ਐਕਸਾਈਜ਼ ਡਿਊਟੀ ਔਰ ਇਨਕਮ ਟੈਕਸ ਇਹ ਸਾਰਾ ਇਕੱਠਾ ਹੁੰਦਾ ਹੈ ਦਿਲੀ ਦੇ ਖਜ਼ਾਨੇ ਵਿਚ । ਇਸ ਤੇ ਫਿਰ ਪਲਾਨਿੰਗ ਕਮਿਸ਼ਨ ਬਣਾਇਆ ਹੋਇਆ ਹੈ ਜਿਹੜਾ ਸਟੇਟਾਂ ਤੋਂ ਇਕਠਾ ਕੀਤਾ ਹੋਇਆ ਰੁਪਿਆ ਸਟੇਟਾਂ ਨੂੰ ਐਲੋਕੇਟ ਕਰਦਾ ਹੈ, ਅਸੀਂ ਉਸ ਦੀ ਵਿਰੋਧਤਾ ਕਰਦੇ ਹਾਂ । ਇਹ ਟੈਕਸ ਕੁਲੈਕਟ ਕਰਨ ਵਾਸਤੇ, ਮੈਂ ਫਿਗਰਜ਼ ਲਿਆਇਆ ਸੀ ਟਾਈਮ ਥੋੜ੍ਹਾ ਹੈ ਨਹੀਂ ਤਾਂ ਪੇਸ਼ ਕਰ ਦਿੰਦਾ, ਕਰੋੜਾਂ ਰੁਪਿਆ ਰੱਖਿਆ ਸੀ ਇਸ ਬਜਟ ਵਿਚ । ਪਹਿਲਾਂ ਟੈਕਸ ਉਗਰਾਹ ਕੇ ਦਿੱਲੀ ਦੇ ਪੂਲ ਵਿਚ ਘੱਲੀਏ . . .. ਔਰ ਫਿਰ ਪਲਾਨਿੰਗ ਕਮਿਸ਼ਨ ਸੂਬਿਆਂ ਨੂੰ ਅਲਾਟ ਕਰੇ ਅਤੇ ਅਸੀਂ ਖੁਸ਼ ਹੋਈਏ । ਇਸ ਕਰਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕਨਾਮਿਕ ਪਹਿਲੂ ਦੇ ਤੌਰ ਤੇ ਅਗਰ ਪੰਜਾਬ ਦੀ ਡਿਵਲਪਮੈਂਟ ਚਾਹੁੰਦੇ ਹੋ, ਅਗਰ ਪੰਜਾਬ ਦੀ ਤਰੱਕੀ ਚਾਹੁੰਦੇ ਹੋ, ਤਾਂ ਆਉਂਦੇ ਤਿੰਨ ਸਾਲਾਂ ਵਿਚ ਰਾਜ ਤਾਕਤ ਨਾਲ ਕਰੋ । ਇਸ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਵਾਸਤੇ ਜਿਤਨੇ ਪੰਜਾਬ ਦੇ ਰਿਸੋਰਸਿਜ਼ ਹਨ, ਉਹ ਖੁਦ ਵਰਤੋ । ਇਹ ਸਾਡੇ ਇਸ ਰੈਜ਼ੋਲਿਊਸ਼ਨ ਵਿਚ ਡਿਮਾਂਡ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਰੈਜ਼ੋਲਿਊਸ਼ਨ ਪੁਲੀਟੀਕਲ ਪਾਵਰ ਮੰਗਦਾ ਹੈ, ਪੰਜਾਬ ਦੇ ਲਈ ਹਿੰਦੁਸਤਾਨ ਦੇ ਅੰਦਰ ਜ਼ਿਆਦਾ ਖੁਦ ਮੁਖਤਿਆਰੀ ਮੰਗਦਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Punjab Digital Library

ਦੁਨੀਆਂ ਦੇ ਅੰਦਰ ਕੋਈ ਐਸਾ ਸ੍ਟੇਟ ਹੈ, ਕੋਈ ਐਸਾ ਮੁਲਕ ਹੈ ਜਿਹੜਾ ਜ਼ਿਆਦਾ ਤਾਕਤ ਨਾ ਚਾਹੁੰਦਾ ਹੋਵੇ, ਜਿਹੜਾ ਜ਼ਿਆਦਾ ਪਾਵਰ ਨਾ ਚਾਹੁੰਦਾ ਹੋਵੇ, ਜਿਹੜਾ ਦੇਸ਼ ਅਤੇ ਸੂਬੇ ਦੀ ਖੁਸ਼ਹਾਲੀ ਵਾਸਤੇ ਜ਼ਿਆਦਾ ਸਾਧਨ ਨਾ ਚਾਹੁੰਦਾ ਹੋਵੇ । ਅਸੀਂ ਕਿਹਾ ਹੈ ਕਿ ਹਿੰਦੁਸਤਾਨ ਦੇ ਅੰਦਰ ਜਿਥੋਂ ਤਕ ਡਿਫੈਂਸ ਦਾ ਸਬੰਧ ਹੈ, ਕਮਿਊਨੀਕੇਸ਼ਨ ਦਾ ਸਬੰਧ ਹੈ, ਫਾਰਨ ਅਫੇਅਰਜ਼ ਦਾ ਸਬੰਧ ਹੈ, ਫਾਰਨ ਕਰੰਸੀ ਦਾ ਸਬੰਧ ਹੈ ਇਹ ਦਿੱਲੀ ਦੀ ਸਰਕਾਰ ਕੰਟਰੋਲ ਕਰੇ ਅਤੇ ਪੰਜਾਬ ਕੋਲੋਂ ਫੰਡਜ਼ ਇਸ ਪਰਪਜ਼ ਲਈ ਇਕੱਠੇ ਕਰੇ । ਲੇਕਿਨ ਡਿਵੈਲਪਮੈਂਟ ਦੇ ਬਾਕੀ ਸਾਰੇ ਮਹਿਕਮਿਆਂ ਦਾ ਜਿਥੋਂ ਤਕ ਸਬੰਧ ਹੈ ਉਹ ਸੂਬਿਆਂ ਕੋਲ ਹੋਣੇ ਚਾਹੀਦੇ ਹਨ । ਉਹ ਆਪਣੇ ਸੂਬੇ ਦੇ ਅੰਦਰ ਆਪਣੀ ਆਰਥਕ ਅਤੇ ਪੁਲੀਟੀਕਲ ਤਰੱਕੀ ਦੀ ਖਾਤਰ ਇਸ ਚੀਜ਼ ਨੂੰ ਮੇਨਟੇਨ ਕਰ ਸਕਦੇ ਹਨ । ਕੀ ਰਾਵੀ ਅਤੇ ਬਿਆਸ ਦੇ ਪਾਣੀ ਦਾ ਜੋ ਫੈਸਲਾ ਹੋਇਆ ਹੈ ਕੀ ਇਹ ਪੁਲੀਟੀਕਲ ਫੈਸਲਾ ਨਹੀਂ ? ਹਰਿਆਣੇ ਵਿਚ ਆਪਣੀ ਪਾਰਟੀ ਨੂੰ ਅਸੈਂਬਲੀ ਦੀਆਂ ਇਲੈਕਸ਼ਨਜ਼ ਜਿਤਾਣ ਦੀ ਖਾਤਰ ਇਹ ਫੈਸਲਾ ਛੇਤੀ ਛੇਤੀ ਕੀਤਾ ਗਿਆ ਹੈ । ਕੇਸ ਅਦਾਲਤ ਵਿਚ ਗਿਆ ਹੋਇਆ ਸੀ । ਅਦਾਲਤ ਜੋ ਫੈਸਲਾ ਕਰਦੀ ਉਹ ਹਰਿਆਣੇ ਵਾਲੇ ਵੀ ਮੰਨਦੇ ਅਤੇ ਅਸੀਂ ਵੀ ਮੰਨਦੇ । ਪਰ ਇਤਨੀ ਕਾਹਲੀ ਨਾਲ ਅਦਾਲਤ ਵਿਚੋਂ ਕੇਸ ਵਾਪਸ ਲੈਣਾ ਅਤੇ ਛੇਤੀ ਛੇਤੀ ਫੈਸਲਾ ਕਰ ਕੇ ਲਾਗੂ ਕਰਨਾ, ਠੀਕ ਨਹੀਂ । ਮੈਂ ਕਹਿੰਦਾ ਹਾਂ ਕਿ ਇਸ ਸਾਰੇ ਮਸਲੇ ਨੂੰ ਠੰਡੇ ਦਿਲ ਨਾਲ ਸੋਚੋ ਔਰ ਗੌਰ ਕਰੋ ।

ਸ਼੍ਰੀ ਸਭਾਪਤੀ : ਵਾਈਂਡ ਅਪ ਕਰੋ ਜੀ ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਬਾਕੀ ਜਿਥੋਂ ਤਕ ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਦਾ ਸਬੰਧ ਹੈ, ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਇਸ ਤੇ ਬੜਾ ਸੋਚ ਵਿਚਾਰ ਕਰਨਾ ਚਾਹੀਦਾ ਹੈ । ਇਹ ਜੋ ਪੁਲਿਸ ਨੂੰ ਇਤਨੀਆਂ ਜ਼ਿਆਦਾ ਸਹੂਲਤਾਂ ਇਸ ਬਜਟ ਰਾਹੀਂ ਦਿਤੀਆਂ ਹਨ ਉਹ ਅਸੀਂ ਸਾਦੀਆਂ ਪੜ੍ਹੀਆਂ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਪੁਲਿਸ ਨੂੰ ਕੋਈ ਕਮੀ ਸੀ, ਇਨ੍ਹਾਂ ਸਹੂਲਤਾਂ ਨੂੰ ਦੇਣ ਦੀ ਕੀ ਲੋੜ ਸੀ । ਅੱਜ ਪੰਜਾਬ ਦਾ ਸਾਰਾ ਵਾਤਾਵਰਣ ਕੁਰੱਪਸ਼ਨ ਦੇ ਨਾਲ ਭਰਿਆ ਪਿਆ ਹੈ । ਅੱਜ ਕੋਈ ਮਹਿਕਮਾ ਐਸਾ ਨਹੀਂ ਜਿਥੇ ਕੁਰੱਪਸ਼ਨ ਨਾ ਹੋਵੇ । ਚੇਅਰਮੈਨ ਸਾਹਿਬ, ਕੇ. ਪੀ. ਸਾਹਿਬ ਸਿਰ ਮਾਰ ਰਹੇ ਹਨ । ਇਹ ਮੇਰੇ ਨਾਲ ਸਹਿਮਤ ਹਨ । ਮੈਂ ਅਖਬਾਰਾਂ ਵਿਚ ਇਨ੍ਹਾਂ ਦੇ ਬਿਆਨ ਪੜ੍ਹੇ ਹਨ । ਇਨ੍ਹਾਂ ਨੇ ਛਾਪੇ ਵੀ ਮਾਰੇ ਹਨ । ਅੱਜ ਤਕ ਮੈਂ ਸਮਝਦਾ ਹਾਂ ਕਿ ਕੋਈ ਪੰਜਾਬ ਦਾ ਅਜਿਹਾ ਵਜ਼ੀਰ ਨਹੀਂ ਜਿਸ ਨੇ ਆਪਣੇ ਮਹਿਕਮੇਂ ਦੇ ਅੰਦਰ ਕੁਰੱਪਸ਼ਨ ਖਤਮ ਕੀਤੀ ਹੋਵੇ । ਕਲ੍ਹ ਦਾ ਮੈਨੂੰ ਪਤਾ ਨਹੀਂ । ਮੈਂ ਇਨ੍ਹਾਂ ਸਾਰੇ ਵਜ਼ੀਰਾਂ ਨੂੰ ਕਹਾਂਗਾ ਕਿ ਆਪਣੇ ਆਪਣੇ ਮਹਿਕਮੇਂ ਦੇ ਅੰਦਰ ਇਸ ਕੁਰੱਪਸ਼ਨ ਨੂੰ ਦੂਰ ਕਰੋ ਤਾਂ ਜੋ ਪੰਜਾਬ ਦੇ ਅੰਦਰ ਸਾਰੀਆਂ ਲਾਹਨਤਾਂ ਆਟੋਮੈਟੀਕਲੀ ਖਤਮ ਹੋ ਜਾਣ । ਮੈਂ ਤੁਹਾਡਾ ਜ਼ਿਆਦਾ ਟਾਈਮ ਨਾ ਲੈਂਦਾ ਹੋਇਆ, ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਸਭਾਪਤੀ : ਹੁਣ ਸ਼੍ਰੀ ਓਮ ਪ੍ਰਕਾਸ਼ ਗੁਪਤਾ ਬੋਲਣਗੇ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਚੇਅਰਮੈਨ ਸਾਹਿਬ, ਪਹਿਲਾਂ ਸਾਨੂੰ ਟਾਈਮ ਦਿਓ, ਨਹੀਂ ਤਾਂ ਅਸੀਂ ਵਾਕ-ਆਊਟ ਕਰ ਜਾਵਾਂਗੇ

ਸ਼੍ਰੀ ਸਭਾਪਤੀ : ਅਕਾਲੀ ਪਾਰਟੀ ਦੇ 37 ਮਿੰਟ ਪਏ ਹਨ । ਗੁਪਤਾ ਜੀ ਦੇ ਬੋਲਣ ਤੋਂ ਬਾਅਦ ਤੁਹਾਨੂੰ ਟਾਈਮ ਦੇ ਦੇਵਾਂਗੇ । ਕਾਂਗਰਸ ਪਾਰਟੀ ਦਾ ਪੰਜ ਘੰਟੇ ਟਾਈਮ ਪਿਆ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਡਾਕਟਰ ਸਾਹਿਬ ਨੇ ਜੋ ਬਜਟ ਪੇਸ਼ ਕੀਤਾ ਹੈ ਮੈਂ ਸਮਝਦਾ ਹਾਂ ਕਿ ਇਹ ਮੌਜੂਦਾ ਹਾਲਾਤ ਦੇ ਮੁਤਾਬਿਕ ਬਹੁਤ ਵਧੀਆ ਬਜਟ ਹੈ ਅਤੇ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਇਸ ਬਜਟ ਵਿਚ ਟੀਚੇ ਮੁਕਰਰ ਹੋਏ ਹਨ। 20 ਪੁਆਇੰਟ ਪ੍ਰੋਗਰਾਮ ਦੀਆਂ ਡਾਇਰੈਕਸ਼ਨਜ਼ ਹਨ। ਜਿਸ ਹਿਸਾਬ ਨਾਲ ਸਾਰੇ ਬਜਟ ਦੀਆਂ ਐਲੋਕੇਸ਼ਨਜ਼ ਦਿਤੀਆਂ ਗਈਆਂ ਹਨ ਇਹ ਸ਼੍ਰੀਮਤੀ ਇੰਦਰਾ ਗਾਂਧੀ ਦੇ 20 ਨੁਕਾਤੀ ਪ੍ਰੋਗਰਾਮ ਦੇ ਮੁਤਾਬਿਕ ਹਨ। ਇਥੇ ਆਪੋਜ਼ੀਸ਼ਨ ਦੇ ਸਾਥੀ ਬੋਲੇ ਹਨ। ਮੈਂ ਵੀ ਅਕਾਲੀ-ਜਨਤਾ ਸਰਕਾਰ ਵੇਲੇ ਆਪੋਜ਼ੀਸ਼ਨ ਵਿੱਚ ਸੀ ਅਤੇ ਮੈਂ ਉਦੋਂ ਇਨ੍ਹਾਂ ਦੇ ਐਡਰੈਸ ਸੁਣਦਾ ਵੀ ਸੀ ਅਤੇ ਪੜ੍ਹਦਾ ਵੀ ਸੀ। ਇਨ੍ਹਾਂ ਦੇ ਬਜਟ ਵਿੱਚ ਸਿਵਾਏ ਕਾਂਗਰਸ ਪਾਰਟੀ ਨੂੰ ਕ੍ਰਿਟੀਸਾਈਜ਼ ਕਰਨ ਦੇ ਉਨ੍ਹਾਂ 30, 40 ਸਫਿਆਂ ਵਿਚ ਹੋਰ ਕੁਝ ਨਹੀਂ ਸੀ ਹੁੰਦਾ। ਪਰ ਇਸ ਬਜਟ ਸਪੀਚ ਵਿਚ ਡਾਕਟਰ ਸਾਹਿਬ ਨੇ ਸ਼੍ਰੀਮਤੀ ਇੰਦਰਾ ਗਾਂਧੀ ਨੇ ਜੋ 20 ਪੁਆਇੰਟ ਪ੍ਰੋਗਰਾਮ ਰੱਖਿਆ ਹੈ, ਉਸ ਦੇ ਹਿਸਾਬ ਨਾਲ ਹੀ ਬਜਟ ਦੀ ਐਲੋਕੇਸ਼ਨ ਰੱਖੀ ਹੈ। ਟੀਚੇ ਮਿਥੇ ਗਏ ਹਨ। ਇਨ੍ਹਾਂ ਵਿਚ ਮੈਜਾਰਟੀ ਪੁਆਇੰਟ ਰੂਰਲ ਸਾਈਡ ਦੀ ਡਿਵੈਲਪਮੈਂਟ ਲਈ ਹਨ। ਟੈਕਸ ਤਾਂ ਸ਼ਹਿਰੀਆਂ ਤੇ ਲਗਦੇ ਹਨ ਪਰ ਚੀਕਾਂ ਇਹ ਮਾਰਦੇ ਪਏ ਹਨ। ਚੀਕਾਂ ਤਾਂ ਸਾਨੂੰ ਮਾਰਨੀਆਂ ਚਾਹੀਦੀਆਂ ਸਨ। 'ਮਾਂ ਨਾਲੋਂ ਮਾਸੀ ਹੇਜਲੀ' ਵਾਲੀ ਗਲ ਇਨ੍ਹਾਂ ਨੇ ਕੀਤੀ ਹੈ।

ਸਰਦਾਰ ਬਲਦੇਵ ਸਿੰਘ ਮਾਨ: ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੇਰੇ ਕੋਲ, ਸਰਦਾਰ ਬਲ ਵੰਤ ਸਿੰਘ, ਜਦੋਂ ਇਹ ਫਾਈਨਾਂਸ ਮਨਿਸਟਰ ਸਨ, ਉਨ੍ਹਾਂ ਦੀ ਬਜਟ ਸਪੀਚ ਦੀ ਕਾਪੀ ਹੈ। ਇਨ੍ਹਾਂ ਨੇ ਬਿਲਕੁਲ ਕੋਈ ਇਸ ਵਿੱਚ ਜ਼ਿਕਰ ਨਹੀਂ ਕੀਤਾ ਕਿ ਪੈਸਾ ਕਿਧਰ ਜਾਣਾ ਹੈ ਅਤੇ ਕਿਧਰੋਂ ਆਉਣਾ ਹੈ। ਮੈਂ ਬੇਨਤੀ ਕਰ ਰਿਹਾ ਸੀ ਕਿ 20 ਪੁਆਇੰਟ ਜਿਹੜੇ ਹਨ ਇਨ੍ਹਾਂ ਦੀ ਸਾਰੀ ਡਾਇਵਰਸ਼ਨ ਰੂਰਲ ਇਕਨਾਮੀ ਵੱਲ ਹੈ। ਪਰ ਟੈਕਸ ਸਾਡੇ ਤੇ ਲਗੇ ਹਨ। ਪੈਸੇ ਬਗੈਰ ਤਾਂ ਕੋਈ ਕੰਮ ਨਹੀਂ ਚਲਦਾ। ਕਿਸੇ ਵੀ ਬਿਮਾਰੀ ਦਾ ਇਲਾਜ ਕਰਨਾ ਹੋਵੇ ਤਾਂ ਕੌੜੀ ਦਵਾਈ ਖਾਣੀ ਪੈਂਦੀ ਹੈ। ਟੈਕਸੇਸ਼ਨ ਵੀ ਇਕ ਕੌੜੀ ਦਵਾਈ ਹੁੰਦੀ ਹੈ। ਜਦੋਂ ਜਨਤਾ ਦੀ ਸਰਕਾਰ ਸੈਂਟਰ ਵਿਚ ਆਈ ਤਾਂ ਉਸ ਨੇ ਆਉਂਦਿਆਂ ਹੀ 600 ਕਰੋੜ ਰੁਪਏ ਦੇ ਟੈਕਸ ਲਗਾਏ ਸਨ। ਉਦੋਂ ਇਹ ਬਿਲਕੁਲ ਨਹੀਂ ਬੋਲੇ ਸਨ। ਅੱਜ ਟੈਕਸ ਸ਼ਹਿਰੀਆਂ ਤੇ ਲਗੇ ਹਨ ਇਸ ਲਈ ਚੀਕਾਂ ਸਾਨੂੰ ਮਾਰਨੀਆਂ ਚਾਹੀਦੀਆਂ ਸਨ ਪਰ ਰੋਂਦੇ ਇਹ ਪਏ ਹਨ। ਸ਼ਹਿਰ ਤਾਂ ਸੋਨੇ ਦੀ ਮੁਰਗੀ ਹੈ। ਸਾਰੇ ਟੈਕਸ ਸ਼ਹਿਰਾਂ ਤੇ ਲਗਦੇ ਹਨ। ਪਰ ਸਾਰਾ ਪੈਸਾ ਰੂਰਲ ਏਰੀਆ ਤੇ ਲਗਦਾ ਹੈ। ਸਾਨੂੰ ਤਾਂ ਲੋਕਾਂ ਨੇ ਵੋਟਾਂ ਵੀ ਨਹੀਂ ਪਾਉਣੀਆਂ। 35 ਸਾਲ ਦੇ ਅੰਦਰ ਕਾਂਗਰਸ ਨੇ ਇਥੇ 29 ਸਾਲ ਰਾਜ ਕੀਤਾ। 5, 6 ਸਾਲ ਕਦੇ ਉਹ ਭੁੱਲ ਭੁਲੇਖੇ ਨਾਲ ਆ ਜਾਂਦੇ ਸਨ। ਪਰ ਸਾਲ ਦੋ ਸਾਲ ਬਾਅਦ ਇਹ ਚਲੇ ਜਾਂਦੇ ਸਨ। ਇਨ੍ਹਾਂ ਨੇ ਉਦੋਂ ਕੋਈ ਖਾਸ ਇਨਕਲਾਬੀ ਗਲ ਨਹੀਂ ਲਿਆਂਦੀ। ਸਾਡੀ ਲੀਡਰਸ਼ਿਪ ਤਾਂ ਬੜੀ ਅੱਛੀ ਸੀ ਪਰ ਇਨ੍ਹਾਂ ਨੇ ਸਾਡੇ ਅੰਦਰ ਭੈੜੇ ਆਦਮੀ ਭੇਜ ਦਿੱਤੇ ਸਨ। ਚੇਅਰਮੈਨ ਸਾਹਿਬ, ਇਹ ਵੀ ਸਾਰੇ ਕਾਂਗਰਸ ਵਿਚੋਂ ਗਏ ਹਨ। ਸਰਦਾਰ ਬਲਵੰਤ ਸਿੰਘ, ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ** ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਆਦਮੀ ਕਾਂਗਰਸ ਵਿਚ ਰਹੇ ਹਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਨੈਬ ਸਿੰਘ ਬਰਾੜ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਜੋ ** ਦਾ ਨਾਂ ਵਰਤਿਆ ਹੈ, ਇਹ ਠੀਕ ਨਹੀਂ। ਇਹ ਐਕਸਪੰਜ ਕੀਤਾ ਜਾਵੇ।

ਸ਼੍ਰੀ ਸਭਾਪਤੀ : ** ਦਾ ਲਫਜ਼ ਐਕਸਪੰਜ ਕੀਤਾ ਜਾਂਦਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਪੰਜਾਬ ਬਹੁਤ ਵੱਡਾ ਹੁੰਦਾ ਸੀ। ਇਹ ਦਿੱਲੀ ਤਕ ਸੀ। ਇਸ ਨੂੰ ਇਨ੍ਹਾਂ ਨੇ ਛੋਟਾ ਕਰ ਲਿਆ। ਪਹਿਲਾਂ ਇਹ ਪੰਜਾਂ ਦਰਿਆਵਾਂ ਦਾ ਪੰਜਾਬ ਕਹਾਉਂਦਾ ਸੀ ਅੱਜ ਇਹ ਦੋ ਦਰਿਆਵਾਂ ਦਾ ਰਹਿ ਗਿਆ ਹੈ। ਇਹ ਤੁਹਾਡਾ (ਵਿਰੋਧੀ ਧਿਰ ਵੱਲ ਇਸ਼ਾਰਾ) ਕਸੂਰ ਹੈ, ਇਹ ਤੁਹਾਡੀਆਂ ਗਲਤੀਆਂ ਦਾ ਨਤੀਜਾ ਹੈ। ਹੁਣ ਕਿਉਂ ਪਛਤਾਵਾ ਕਰਦੇ ਹੋ। ਜਮਨਾ ਵੀ ਸਾਡੇ ਕੋਲ ਹੀ ਹੈ। ਆਪਣੇ ਸਾਰਿਆਂ ਦੇ ਵੱਡੇ ਵਡੇਰੇ ਜਮਨਾ ਵਿਚ ਜਾ ਕੇ ਨਹਾਉਂਦੇ ਰਹੇ ਹਨ। ਚੇਅਰਮੈਨ ਸਾਹਿਬ, ਦੋ ਤਿੰਨ ਸਾਲਾਂ ਵਿਚ ਹੀ ਜਨਤਾ ਸਰਕਾਰ ਨੇ ਸਾਰੀ ਇਕਾਨੌਮੀ ਅਪ ਸੈਟ ਕਰ ਦਿਤੀ ਸੀ। ਸੈਂਟਰ ਦੀ ਕੀ ਔਰ ਸੂਬੇ ਦੀ ਕੀ ਸਾਰੀ ਇਕਾਨੌਮੀ ਅਪ ਸੇਟ ਹੋ ਗਈ ਸੀ। ਜੇਕਰ ਬਜਟ ਵਿਚ ਥੋਹੜਾ ਬਹੁਤ ਕੋਈ ਪੈਸਾ ਰਖਿਆ ਵੀ ਜਾਂਦਾ ਸੀ ਤਾਂ ਉਹ ਵੀ ਰੂਰਲ ਡਿਵੈਲਪਮੈਂਟ ਤੇ ਲਗ ਜਾਂਦਾ ਸੀ। ਇਸ ਤਰ੍ਹਾਂ ਨਾਲ ਇੰਡਸਟਰੀਅਲਿਸਟਸ ਨੂੰ ਸੋਚਣ ਤੇ ਮਜਬੂਰ ਹੋਣਾ ਪਿਆ, ਉਹ ਸੋਚਣ ਲਗ ਪਏ ਸਨ ਕਿ ਜੇਕਰ ਅਕਾਲੀ-ਜਨਤਾ ਸਰਕਾਰ ਦੋ ਤਿੰਨ ਸਾਲ ਇਥੇ ਰਾਜ ਕਥਦੀ ਰਹੀ ਤਾਂ ਫਿਰ ਸਾਨੂੰ ਇਥੋਂ ਛੱਡ ਕੇ ਕਿਤੇ ਹੋਰ ਜਗਾਹ ਜਾਣਾ ਹੀ ਪਵੇਗਾ। ਇਹ ਕੁਲੀ ਗੁਲੀ ਤੇ ਜੁਲੀ ਦੀਆਂ ਗੱਲਾਂ ਕਰਦੇ ਹਨ, ਗਰੀਬਾਂ ਦੀਆਂ ਗੱਲਾਂ ਕਰਦੇ ਹਨ ਪਰ ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਗਲਾਂ ਬਾਤਾਂ ਨਾਲ ਦੇਸ਼ ਦੀ ਗਰੀਬੀ ਦੂਰ ਨਹੀਂ ਹੋ ਸਕਦੀ ਇਹ ਤਾਂ ਡਿਵੈਲਪਮੈਂਟ ਨਾਲ ਹੀ ਦੂਰ ਹੋਣੀ ਹੈ। ਸ਼ਹਿਰ ਦੀ ਇੰਡਸਟਰੀ ਵੀ ਨਾਲ ਨਾਲ ਹੀ ਚਲੇਗੀ ਤਾਂ ਹੀ ਸੂਬੇ ਦੀ ਡਿਵੈਲਪਮੈਂਟ ਹੋ ਸਕੇਗੀ। ਠੀਕ ਹੈ, ਆਪੋਜ਼ੀਸ਼ਨ ਵਾਲੇ ਆਪਣਾ ਕੰਮ ਕਰਨ ਉਨ੍ਹਾਂ ਨੂੰ ਰਾਜ ਕਰਨ ਦਾ ਵੀ ਹੱਕ ਹੈ ਪਰ ਇਹ ਅੱਛੇ ਹਾਲਾਤ ਪੈਦਾ ਕਰਨ ਜਿਨ੍ਹਾਂ ਨਾਲ ਕਿ ਸਰਕਾਰ ਵੀ ਠੀਕ ਚਲਦੀ ਰਹੇ ਔਰ ਸੂਬੇ ਦਾ ਕੰਮ ਵੀ ਠੀਕ ਚਲਦਾ ਰਹੇ। ਚੇਅਰਮੈਨ ਸਾਹਿਬ, ਇਨ੍ਹਾਂ ਦੀ ਸਰਕਾਰ ਤਿੰਨ ਸਾਲਾਂ ਬਾਅਦ ਚਲੀ ਗਈ ਪਰ ਇਨ੍ਹਾਂ ਤਿੰਨਾਂ ਸਾਲਾਂ ਵਿਚ ਸੂਬੇ ਦੀ ਸਾਰੀ ਇਕਾਨੌਮੀ ਅਪਸੈਟ ਕਰ ਦਿਤੀ। ਸੈਂਟਰ ਦੀ ਇਕਾਨੌਮੀ ਵੀ ਖਰਾਬ ਕਰ ਦਿਤੀ। ਸੈਂਟਰ ਦੀ ਹੁਣ ਸਾਡੀ ਸਰਕਾਰ ਨੇ ਕਿਤਨੀ ਡਿਵੈਲਪਮੈਂਟ ਕੀਤੀ ਹੈ, ਮੈਂ ਉਹ ਵੀ ਦਸਦਾ ਹਾਂ। ਸੈਂਟਰ ਨੇ ਪਾਵਰ ਜੈਨਰੇਸ਼ਨ ਵਿਚ 11.4% ਵਾਧਾ ਕੀਤਾ ਹੈ।

ਸਰਦਾਰ ਨੱਥਾ ਸਿੰਘ ਦਾਲਮ : ** ** **

ਸ਼੍ਰੀ ਸਭਾਪਤੀ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਬਿਜਲੀ ਦੀ ਪ੍ਰੋਡਕਸ਼ਨ ਜ਼ਿਆਦਾ ਹੋਵੇਗੀ ਤਾਂ ਸਾਡੀ ਇੰਡਸਟਰੀ ਨੂੰ ਜ਼ਿਆਦਾ ਬਿਜਲੀ ਮਿਲੇਗੀ। ਬਿਜਲੀ ਦੀ ਪ੍ਰੋਡਕਸ਼ਨ ਸਾਡੀ 18.9% ਵਧੀ ਹੈ। ਜਿਹੜਾ ਕੰਮ ਇਨ੍ਹਾਂ ਨੇ ਆਪਣੇ ਦੋ ਸਾਲਾਂ ਵਿਚ ਖਰਾਬ ਕਰ ਦਿਤਾ ਸੀ ਉਹ ਕੁਝ ਸੁਤਰ ਹੋ ਗਿਆ ਹੈ। ਫਿਰ ਨਾਈਟਰੋਜਨ ਫ਼ਰਟੀਲਾਈਜ਼ਰ ਦੀ ਪ੍ਰੋਡਕਸ਼ਨ ਵਧੀ ਹੈ। ਇਸ ਤਰ੍ਹਾਂ ਹੀ ਸੀਮਿੰਟ ਦੀ ਪ੍ਰੋਡਕਸ਼ਨ ਵਿਚ 15.9% ਵਾਧਾ ਹੋਇਆ। ਰੇਲਵੇ ਦੀ ਮੂਵ ਮੈਂਟ ਜੋ ਸੀ ਉਸ ਵਿਚ 5% ਵਾਧਾ ਹੋਇਆ ਹੈ। ਇਹ ਕਹਿੰਦੇ ਹਨ ਕਿ ਤੁਸੀਂ ਕੀ ਕਰ ਦਿਤਾ ਹੈ। ਤੁਹਾਡੀ ਸਰਕਾਰ ਵੀ ਚਾਰ ਪੰਜ ਸਾਲ ਆਈ ਹੈ ਔਰ ਕੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਕਰ ਕੇ ਗਈ ਹੈ, ਮੈਂ ਦੱਸੀ ਤਰ੍ਹਾਂ ਦੱਸ ਦਿਤਾ ਹੈ। ਜੋ ਡਿਵੈਲਪਮੈਂਟ ਤੁਸੀਂ ਵੇਖ ਰਹੇ ਹੋ ਇਹ ਸਾਡੀ ਹੀ ਸਰਕਾਰ ਨੇ ਕੀਤੀ ਹੈ । ਪਰ ਫਿਰ ਵੀ ਜੇਕਰ ਤੁਸੀਂ ਵਿਗਾਟਜ਼ ਨੂੰ ਤੋੜ ਮਰੋੜ ਕੇ ਦੱਸੀ ਜਾਓ ਤਾਂ ਫਿਰ ਬਈ ਤੁਹਾਡੀ ਮਰਜ਼ੀ ਹੈ ।

ਤੁਹਾਨੂੰ ਇਕ ਪੁਰਾਣੀ ਮਿਸਾਲ ਮਿਲਦੀ ਹੈ ਕਿ ਹਿੰਦੁਸਤਾਨ ਵਿਚ ਕਿਸੇ ਵੇਲੇ ਸੂਈ ਵੀ ਨਹੀਂ ਸੀ ਬਣਦੀ ਹੁੰਦੀ ਪਰ ਹੁੰਣ ਹਵਾਈ ਜਹਾਜ਼ ਬਣਦੇ ਹਨ, * * ਬਣਦੇ ਹਨ ।..... (ਵਿਘਨ)

ਸ਼੍ਰੀ ਸਭਾਪਤੀ : ** ** ਦਾ ਸ਼ਬਦ ਐਕਸ ਪੰਜ ਕਰ ਦਿਓ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਹ ਮੈਂ ਅਰਜ਼ ਕਰਨੀ ਹੈ ਕਿ ਟੈਕਸੇਸ਼ਨ ਬੜੇ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ। ਸ਼ਹਿਰ ਦੇ ਅੰਦਰ ਜੋ ਇੰਡਸਟਰੀ ਹੈ, ਜੋ ਸੋਨੇ ਦੀ ਚਿੜੀਆ ਹੈ, ਜੋ ਕਾਰਖਾਨਾ ਮਜ਼ਦੂਰ ਹੈ, ਉਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਕਿ ਇਹ ਨਾ ਹੋਵੇ ਕਿ ਉਹ ਚਿੜੀਆ ਖ਼ਤਮ ਹੋ ਜਾਵੇ। ਮੈਂ ਬੇਨਤੀ ਕਰਦਾ ਹਾਂ ਕਿ ਬਜਟ ਨੂੰ ਇਸ ਤਰੀਕੇ ਨਾਲ ਲਿਆਉਣਾ ਚਾਹੀਦਾ ਹੈ ਕਿ ਜਿਸ ਨਾਲ ਪਿੰਡਾਂ ਅੌਰ ਸ਼ਹਿਰਾਂ ਦਾ ਦੋਹਾਂ ਦਾ ਹੀ ਭਲਾ ਹੋਵੇ। ਇਹ ਨਾ ਹੋਵੇ ਕਿ ਪਹਿਲਾਂ ਵਾਂਗ 90% ਦਿਹਾਤੀ ਏਰੀਏ ਵਿਚ ਬਜਟ ਦਾ ਪੈਸਾ ਲਗ ਜਾਵੇ ਅੌਰ ਅਰਬਨ ਏਰੀਆ ਵਿਚ 10% ਵੀ ਪੈਸਾ ਨਾ ਲਗੇ। ਸ਼ਹਿਰਾਂ ਦੇ ਆਸੀਂ ਵੀ ਨੁਮਾਇੰਦੇ ਹਾਂ, ਸਾਡੇ ਦੂਸਰੇ ਦੋਸਤ ਵੀ ਸ਼ਹਿਰਾਂ ਵਿਚੋਂ ਆਏ ਹਨ, ਤੁਸੀਂ ਵੀ ਆਏ ਹੋ, ਹੋਰ ਐਮ. ਐਲ. ਏਜ਼ ਵੀ ਸ਼ਹਿਰਾਂ ਵਿਚੋਂ ਵੋਟਾਂ ਲੈ ਕੇ ਆਏ ਹਨ, ਇਸ ਲਈ, ਉਨ੍ਹਾਂ ਵੋਟਰਾਂ ਦਾ ਵੀ ਕੁਝ ਸੋਚਣਾ ਚਾਹੀਦਾ ਹੈ, ਬਜਟ ਨਾਲ ਸ਼ਹਿਰਾਂ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ।...

ਪੰਡਿਤ ਸਰਵਣ ਰਾਮ : ਚੇਅਰਮੈਨ ਸਾਹਿਬ, ਮੈਂ ਗੁਪਤਾ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਪਿੰਡ ਨਹੀਂ ਹੋਣਗੇ ਤਾਂ ਸ਼ਹਿਰ ਕਿਸ ਤਰ੍ਹਾਂ ਵਸਣਗੇ ? (ਬੰਪਿੰਗ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਇਨ੍ਹਾਂ ਦੀ ਗੱਲ ਵਿਚੋਂ ਹੀ ਗੱਲ ਹੈ । ਇਹ ਕਹਿੰਦੇ ਹਨ ਕਿ ਪਿੰਡ ਨਹੀਂ ਹੋਣਗੇ ਤਾਂ ਸ਼ਹਿਰ ਕਿਸ ਤਰਾਂ ਵਸਣਗੇ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਸੰਨ 1947 ਵਿਚ ਜਦੋਂ ਪਾਕਿਸਤਾਨ ਬਣਿਆ ਸੀ, ਆਸੀਂ ਪਾਕਿਸਤਾਨ ਵਿਚੋਂ ਆਏ ਸੀ , ਉਸ ਵੇਲੇ ਲੁਧਿਆਣੇ ਦੀ ਆਬਾਦੀ 50 ਹਜ਼ਾਰ ਸੀ ਪਰ ਅਜ 10 ਲੱਖ ਦੀ ਆਬਾਦੀ ਹੋ ਗਈ ਹੈ । ਹੁਣ ਉਥੇ ਸਫਾਈ ਨਹੀਂ ਹੈ, ਪਰ ਆਬਾਦੀ ਵਧੀ ਜਾ ਰਹੀ ਹੈ। ਉਹ ਲੱਕ ਪਿੰਡਾਂ ਵਿਚੋਂ ਹੀ ਆਏ ਹਨ। .....

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਅਮਲ ਵਿਚ ਇਨ੍ਹਾਂ ਦੇ ਓਪ੍ਰੇਸ਼ਨ ਕਰਨ ਵਾਲੇ ਹਨ, ਸਰਕਾਰ ਅੰਵੇਂ ਹਰੀਜਨਾਂ ਦੇ ਕਹੀ ਜਾਂਦੀ ਹੈ (ਹਾਸਾ)

ਸ਼੍ਰੀ ਸਭਾਪਤੀ : ਇੰਟਰੱਪਸ਼ਨ ਨਾ ਕਰੋ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਮੈਂ ਇੰਡਸਟਰੀ ਦੀ ਗੱਲ ਕਰ ਰਿਹਾ ਸੀ। ਜਦੋਂ ਆਜ਼ਾਦੀ ਮਿਲੀ, ਪਹਿਲਾਂ ਲੁਧਿਆਣੇ ਵਿਚ ਥੋਹੜੇ ਜਿਹੇ ਕਾਰਖਾਨੇ ਹੁੰਦੇ ਸਨ ਪਰ ਹੁਣ ਇੱਕਲੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਲੁਧਿਆਣੇ ਵਿਚ ਦਸ ਬਾਰਾਂ ਹਜ਼ਾਰ ਦੇ ਕਰੀਬ ਕਾਰਖਾਨੇ ਹਨ ਅੱਤ ਪੰਜਾਬ ਦੇ ਅੰਦਰ ਕੋਈ 60/70 ਹਜ਼ਾਰ ਦੇ ਕਰੀਬ ਕਾਰਖਾਨੇ ਲਗ ਗਏ ਹਨ। ਸਾਡੀ ਸਰਕਾਰ ਨੇ ਦੋ ਸਾਲਾਂ ਵਿਚ ਵੱਡੀਆਂ ਇੰਡਸਟਰੀਜ਼ ਵੀ ਲਿਆਂਦੀਆਂ ਹਨ ਅੱਤ ਉਹ ਇੰਡਸਟਰੀਆਂ ਲਗ ਰਹੀਆਂ ਹਨ । ਸਰਕਾਰ ਨੇ ਫੋਕਲ ਪੁਆਇੰਟ ਬਣਾ ਕੇ, ਇੰਡਸਟਰੀਅਲ ਅੱਸਟੇਟਸ ਬਣਾ ਕੇ ਇੰਡਸਟਰੀ ਦੀ ਤਰੱਕੀ ਕੀਤੀ ਹੈ। ਚੇਅਰਮੈਨ ਸਾਹਿਬ, ਰਾਅ ਮੈਟੀਰੀਅਲ ਦੀ ਇੰਡਸਟਰੀ ਨੂੰ ਲੋੜ ਹੁੰਦੀ ਹੈ, ਬਿਜਲੀ ਦੀ ਲੋੜ ਹੁੰਦੀ ਹੈ, ਸੀਮਿੰਟ ਦੀ, ਲੋਹੇ ਦੀ ਤੇ ਕਨਸਟਰੱਕਸ਼ਨ ਦੇ ਦੂਸਰੇ ਸਾਮਾਨ ਦੀ ਲੋੜ ਹੁੰਦੀ ਹੈ। ਇਨ੍ਹਾਂ ਚੀਜ਼ਾਂ ਦੀ ਸਪਲਾਈ ਵਿਚ ਪ੍ਰੋਡਕਸ਼ਨ ਵਿਚ ਬੜੀ ਹੀ ਤੇਜ਼ੀ ਨਾਲ ਵਾਧਾ ਰਿਹਾ ਹੈ। ਸਰਕਾਰ ਨੂੰ ਮੈਂ ਇਹ ਵੀ ਕਹਾਂਗਾ ਕਿ ਇਨ੍ਹਾਂ ਚੀਜ਼ਾਂ ਦੀ ਸਪਲਾਈ ਦਾ ਇੰਤਜ਼ਾਮ ਕਰੇ। ਸਭ ਤੋਂ ਵੱਡੀ ਜਿਹੜੀ ਚੀਜ਼ ਦੀ ਇੰਡਸਟਰੀ ਨੂੰ ਲੋੜ ਹੁੰਦੀ ਹੈ ਉਹ ਹੈ ਰਾਅ ਮੈਟੀਰੀਅਲ। ਬਿਜਲੀ ਦੀ ਗਲ ਵੀ ਹੈ, ਜੇਕਰ ਅਸੀਂ ਡਿਵੈਲਪਮੈਂਟ ਕਰਨੀ ਹੈ, ਦੇਸ਼ ਵਿਚੋਂ ਭੁੱਖ ਕੱਢਣੀ ਹੈ ਤਾਂ ਜ਼ਰੂਰੀ ਹੈ ਕਿ ਬਿਜਲੀ ਦਾ ਹੋਰ ਇੰਤਜ਼ਾਮ ਕਰਨਾ ਪਵੇਗਾ। ਮੈਂ ਇਸ ਗੱਲ ਨੂੰ ਐਪ੍ਰੀਸ਼ੀਏਟ ਕਰਦਾ ਹਾਂ ਕਿ ਇਸ ਬਜਟ ਵਿਚ ਅਗੇ ਨਾਲੋਂ ਬਿਜਲੀ ਦੀ ਪੈਦਾਵਾਰ ਵਾਸਤੇ ਜ਼ਿਆਦਾ ਪੈਸਾ ਰਖਿਆ ਹੈ। ਚੇਅਰਮੈਨ ਸਾਹਿਬ, ਸਾਡੇ ਜਿਹੜੇ ਇੰਜਨੀਅਰ ਹਨ ਜਿਹੜੇ ਇਲੈਕਟਰਿਸਿਟੀ ਬੋਰਡ ਦੀ ਇੰਜਨੀਅਰਜ਼ ਦੀ ਐਸੋਸੀਏਸ਼ਨ ਹੈ ਉਨ੍ਹਾਂ ਨੇ ਇਕ ਸਰਕੂਲਰ ਸਾਰੇ ਮੈਂਬਰਜ਼ ਨੂੰ ਵੰਡਿਆ ਹੈ, ਤੁਹਾਡੇ ਪਾਸ ਵੀ ਉਸ ਦੀ ਕਾਪੀ ਆਈ ਹੋਣੀ ਹੈ । ਉਨ੍ਹਾਂ ਦੀਆਂ ਡੀਮਾਂਡਜ਼ ਦਾ ਜ਼ਿਕਰ ਮੈਂ ਫਿਰ ਕਿਸੇ ਵੇਲੇ ਕਰਾਂਗਾ। ਪਰ ਉਨ੍ਹਾਂ ਨੇ ਉਸ ਸਰਕੂਲਰ ਵਿਚ ਕੁਝ ਸੁਜੈਸ਼ਨਜ਼ ਦਿੱਤੀਆਂ ਹਨ। ਪਹਿਲਾਂ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਜੇ ਅਸੀਂ ਇਸ ਰਫਤਾਰ ਨਾਲ ਚਲਦੇ ਰਹੇ ਤਾਂ ਦੱਸਾਂ ਸਾਲਾਂ ਦੇ ਅੰਦਰ ਸਾਡੇ 30% ਬਿਜਲੀ ਦੀ ਘਾਟ ਹੋ ਜਾਵੇਗੀ।

ਸ਼੍ਰੀ ਸਭਾਪਤੀ: ਤੁਸੀਂ ਵਾਈਂਡ ਅੱਪ ਕਰੋ ਜੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਵਾਈਂਡ ਅੱਪ ਕਾਹਦਾ ਜੀ, ਮੈਂ ਤਾਂ ਅਜੇ ਗੱਲ ਹੀ ਨਹੀਂ ਕੀਤੀ । ਕਹੋ ਤਾਂ ਮੈਂ ਬੰਦ ਕਰ ਦਿੰਦਾ ਹਾਂ। ਚੇਅਰਮੈਨ ਸਾਹਿਬ, ਮੈਂ ਤਾਂ ਕਦੇ ਕਦੇ ਬੋਲਦਾ ਹਾਂ । ਮੇਰੀ ਅਰਜ਼ ਹੈ ਕਿ ਇਨ੍ਹਾਂ ਨੇ ਲਿਖਿਆ ਹੈ ਕਿ ਸੰਨ 1989-90 ਤੱਕ 30.31% ਦੀ ਸ਼ਾਰਟੇਜ ਬਿਜਲੀ ਦੀ ਹੋ ਜਾਵੇਗੀ। ਬਿਜਲੀ ਦੇ ਬਾਰੇ ਉਨ੍ਹਾਂ ਨੇ ਸੁਜੈਸ਼ਨਜ਼ ਦਿੱਤੀਆਂ ਹਨ। ਮੈਨੂੰ, ਚੇਅਰਮੈਨ ਸਾਹਿਬ, ਕਿਉਂਕਿ ਤੁਸੀਂ ਟਾਈਮ ਬਾਰੇ ਵਾਰਨਿੰਗ ਦੇ ਦਿੱਤੀ ਹੈ ਇਸ ਲਈ ਮੈਂ ਉਨ੍ਹਾਂ ਦੀਆਂ ਸੁਜੈਸ਼ਨਜ਼ ਬਾਰੇ ਥੋੜਾ ਥੋੜਾ ਹੀ ਅਰਜ਼ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਇਹ ਪੜ੍ਹਨ ਵਾਲੀ ਚੀਜ਼ ਹੈ।

ਉਨ੍ਹਾਂ ਨੇ ਬਿਜਲੀ ਦੀ ਡਿਵੈਲਪਮੈਂਟ ਲਈ ਜਿਹੜੇ ਸੁਝਾਵ ਦਿੱਤੇ ਕਮ-ਅਜ਼-ਕਮ ਉਹ ਤਾਂ ਸੁਣ ਲਵੋ। ਮੈਨੂੰ ਨਜ਼ਰ ਆਉਂਦਾ ਹੈ ਕਿ ਸਾਡੀ ਬਿਜਲੀ ਦੀ ਕਮੀ ਵਿਚ ਇੰਜੀਨੀਅਰਜ਼ ਦਾ ਵੀ ਹੱਥ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਉਨ੍ਹਾਂ ਨੂੰ ਸੈਟਿਸਫਾਈ ਕਰਨਾ ਚਾਹੀਦਾ ਹੈ ਤਾਕਿ ਉਹ ਬਿਜਲੀ ਲਈ ਹੋਰ ਵੀ ਡਿਵੈਲਪਮੈਂਟ ਦੇ ਕੰਮ ਕਰਨ। ਜਿਹੜੀਆਂ ਉਨ੍ਹਾਂ ਦੀਆਂ ਮੰਗਾਂ ਹਨ ਉਹ ਜ਼ਰੂਰ ਮੰਨ ਲੈਣੀਆਂ ਚਾਹੀਦੀਆਂ ਹਨ । ਜੇ ਜ਼ਿਆਦਾ ਨਹੀਂ ਤਾਂ ਘੱਟੋ ਘੱਟ ਜਿਹੜੇ ਨਾਲ ਦੇ ਸੂਬਿਆਂ ਵਿਚ ਅਲਾਊਂਸ ਵਗੈਰਾ ਉਨ੍ਹਾਂ ਨੂੰ ਮਿਲਦੇ ਹਨ ਉਹ ਤਾਂ ਦੇਣੇ ਚਾਹੀਦੇ ਹਨ। ਇਸ ਵੇਲੇ 2 ਲੱਖ 36 ਹਜ਼ਾਰ ਐਪਲੀਕੇਸ਼ਨਾਂ ਪੈਂਡਿੰਗ ਪਈਆਂ ਹਨ। ਇਸ ਤਰ੍ਹਾਂ ਨਾਲ ਕਿੰਨੀ ਡਿਵੈਲਪਮੈਂਟ ਰੁਕੀ ਪਈ ਹੈ। ਇਸ ਲਈ ਜੇ ਉਨ੍ਹਾਂ ਨੂੰ ਸੈਟਿਸਫਾਈ ਕਰ ਦਿੱਤਾ ਜਾਵੇ ਤਾਂ ਕੁਝ ਹੱਦ ਤਕ ਬਿਜਲੀ ਦੀ ਕਮੀ ਦੂਰ ਹੋ ਸਕਦੀ ਹੈ।

ਫਿਰ ਜਿਹੜੇ ਲਾਈਨ ਲਾਸਿਜ਼ ਹਨ, ਇਹ ਵੀ ਬਹੁਤ ਜ਼ਿਆਦਾ ਹਨ । ਅੱਤ ਹਾਲੇ ਵੀ ਹੋਰ ਵੱਧਦੇ ਜਾ ਰਹੇ ਹਨ। ਇਸ ਨਾਲ ਬੋਰਡ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਲਈ ਇਨ੍ਹਾਂ ਲਾਈਨ ਲਾਸਿਜ਼ ਨੂੰ ਰੋਕਣ ਦਾ ਜ਼ਰੂਰ ਯਤਨ ਕਰਨਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਡੋਮੈਸਟਿਕ ਬਿਜਲੀ ਹੈ ਇਸ ਦੇ ਰੇਟ ਜ਼ਿਆਦਾ ਨਹੀਂ ਸੀ ਵਧਣੇ ਚਾਹੀਦੇ । ਚੇਅਰਮੈਨ ਸਾਹਿਬ, ਆਮ ਜਿਹੜਾ ਆਦਮੀ ਹਜ਼ਾਰ 12 ਸੌ ਰੁਪਿਆ ਲੈਣ ਵਾਲਾ ਹੈ ਉਸ ਤੇ ਵੀ ਇਸ ਦਾ ਬੋਝ ਪੈਣਾ ਹੈ। ਤੁਹਾਨੂੰ ਪਤਾ ਹੈ ਕਿ ਜੇ ਅਸੀਂ 100 ਵਾਟ ਦਾ ਬਲਬ 10 ਘੰਟੇ ਜਲਦਾ ਰਹੇ ਤਾਂ ਮਹੀਨੇ ਦੇ 30 ਯੂਨਿਟ ਹੋ ਜਾਂਦੇ ਹਨ। ਅੱਜ ਕਲ ਆਮ ਆਦਮੀ ਵਾਸਤੇ ਇਕ ਰੇਡੀਓ ਹੀ ਇੰਜੁਆਇਮੈਂਟ ਦਾ ਸਾਧਨ ਹੈ ਜੇ ਉਹ ਇਸ ਨੂੰ ਚਲਾਉਂਦਾ ਹੈ ਤਾਂ 60--70 ਯੂਨਿਟ ਖਰਚ ਹੋ ਜਾਂਦੇ ਹਨ । ਇਸ ਲਈ ਸਰਕਾਰ ਨੇ ਇਹ ਜਿਹੜੇ ਦਰਮਿਆਨੇ ਤਬਕੇ ਤੇ ਡੋਮੈਸਟਿਕ ਬਿਜਲੀ ਦੇ ਰੇਟ ਵਧਾਏ ਹਨ, ਇਹ ਨਹੀਂ ਸੀ ਵਧਣੇ ਚਾਹੀਦੇ । ਇਨਕਮ ਟੈਕਸ ਵਾਲਿਆਂ ਨੇ ਵੀ ਦਰਮਿਆਨੇ ਤਬਕੇ ਨੂੰ ਇਨਕਮ ਟੈਕਸ ਤੋਂ 15 ਹਜ਼ਾਰ ਤਕ ਮਾਫ ਕੀਤਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਰੇਟ 34 ਪੈਸੇ ਤੋਂ 78 ਪੈਸੇ ਕੀਤਾ ਹੈ ਇਹ ਬਹੁਤ ਜ਼ਿਆਦਾ ਹੈ। ਇਸ ਦੀ ਬਜਾਏ ਜੇ ਇਹ ਥੋੜ੍ਹਾ ਬਹੁਤ ਇੰਡਸਟਰੀ ਤੇ ਵਧਾ ਦਿੰਦੇ ਤਾਂ ਠੀਕ ਸੀ। ਇੰਡਸਟਰੀ ਤੇ ਵੀ ਜਿਹੜਾ ਰੇਟ ਵਧਦਾ ਹੈ ਉਸ ਤੇ ਬੋਝ ਨਹੀਂ ਪੈਂਦਾ ਬਲਕਿ ਜਿਹੜਾ ਕੰਜ਼ਿਊਮਰ ਹੈ ਉਸ ਤੇ ਬੋਝ ਪੈਂਦਾ ਹੈ। ਜੇ ਇੰਡਸਟਰੀ ਤੇ ਇਕ ਪੈਸਾ ਯੂਨਿਟ ਹੋਰ ਵਧਾ ਦਿੰਦੇ ਤਾਂ ਇਨ੍ਹਾਂ ਨੂੰ 3 ਕਰੋੜ ਰੁਪਏ ਦੀ ਆਮਦਨ ਹੋਰ ਹੋ ਸਕਦੀ ਸੀ ਅਤੇ ਇਹ ਡੋਮੈਸਟਿਕ ਰੇਟ ਵਧਾਉਣ ਦੀ ਲੋੜ ਹੀ ਨਾ ਪੈਂਦੀ।

ਸ਼੍ਰੀ ਸਭਾਪਤੀ: ਤੁਸੀਂ ਵਾਈਂਡ ਅਪ ਕਰੋ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਮੈਂ 5--7 ਮਿੰਟ ਹੋਰ ਲਵਾਂਗਾ ਜੀ । ਮੈਂ ਬੇਨਤੀ ਕਰ ਰਿਹਾ ਸੀ ਕਿ ਜਿਥੋਂ ਤਕ ਹੋ ਸਕੇ ਡੋਮੈਸਟਿਕ ਬਿਜਲੀ ਦੇ ਰੇਟ ਨੂੰ ਘਟਾਇਆ ਜਾਵੇ।

ਇਥੇ ਇਕ ਹੋਰ ਚੀਜ਼ ਇਹ ਆਈ ਹੈ ਕਿ ਇਥੇ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਡਿਸਕਸ ਹੋਇਆ ਹੈ। ਮੈਂ ਇਸ ਤੇ ਜ਼ਿਆਦਾ ਤਾਂ ਕੁਝ ਨਹੀਂ ਕਹਿਣਾ ਚਾਹੁੰਦਾ ਪਰ ਇਤਨਾ ਜ਼ਰੂਰ ਕਹਾਂਗਾ ਕਿ ਜਿਹੜੇ ਹਿੰਦੂਆਂ ਦੇ ਰੱਖਿਅਕ ਸਨ ਉਨ੍ਹਾਂ ਨੇ ਹੀ ਹਿੰਦੂਆਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਹੈ। ਜਿਹੜੇ ਇਨ੍ਹਾਂ ਦੇ ਗੁਰੂ ਸਨ, ਅਸਲ ਵਿਚ ਉਹ ਇਨ੍ਹਾਂ ਦੇ ਗੁਰੂ ਨਹੀਂ ਸਨ ਬਲਕਿ ਉਹ ਤਾਂ ਸਾਡੇ ਗੁਰੂ ਸਨ, ਇਹ ਤਾਂ ਪਿਛੋਂ ਆਏ ਹਨ ਉਨ੍ਹਾਂ ਨੇ ਹਿੰਦੂਆਂ ਦੀ ਰੱਖਿਆ ਕੀਤੀ। ਪਰ ਅੱਜ ਇਹ ਜਿਹੜਾ ਵਿਤਕਰਾ ਕਰਦੇ ਹਨ, ਇਹ ਠੀਕ ਨਹੀਂ। ਇਸ ਵਾਸਤੇ ਇਹ ਵਿਤਕਰੇ ਵਾਲੀਆਂ ਗੱਲਾਂ ਆਪ ਕਰਦੇ ਹਨ। ਮੈਂ ਤੁਹਾਨੂੰ ਦਸਦਾ ਹਾਂ ਕਿ ** ** **

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਚੇਅਰਮੈਨ ਸਾਹਿਬ, ਇਹ ਬੜੀ ਗਲਤਬਿਆਨੀ ਕਰ ਰਹੇ ਹਨ। ਇਨ੍ਹਾਂ ਮੇਰਾ ਨਾਂ ਲੈ ਕੇ ਇਹ ਗਲ ਕੀਤੀ ਹੈ ਜਿਹੜੀ ਕਿ ਠੀਕ ਨਹੀਂ ਹੈ। ਇਸ ਵਾਸਤੇ ਇਹ ਲਫਜ਼ ਅੰਕਸਪੰਜ ਹੋਣੇ ਚਾਹੀਦੇ ਹਨ।

ਸ਼੍ਰੀ ਸਭਾਪਤੀ: ਇਹ ਲਫਜ਼ ਅੰਕਸਪੰਜ ਕਰ ਦਿੱਤੇ ਜਾਣ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਬੇਨਤੀ ਇਹ ਹੈ ਕਿ ਜਿਹੜੀ ਇਹ ਚਿੱਠੀ ਲਿਖੀ ਹੈ ਉਸ ਨਾਲ ਜੋ ਹਾਲਾਤ ਪੈਦਾ ਹੋ ਗਏ ਹਨ, ਉਹ ਠੀਕ ਨਹੀਂ ਹਨ। ਇਨ੍ਹਾਂ ਦੀ ਚਿੱਠੀ ਨਾਲ ਮਸਲੇ ਹਲ

**Expunged by ordered of the Chair.

Original with;
Punjab Vidhan Sabha
Digitized by;
Panjab Digital Library

ਨਹੀਂ ਹੋਏ ਬਲਕਿ ਹੋਰ ਜ਼ਿਆਦਾ ਹੋ ਗਏ ਹਨ। ਪਹਿਲਾਂ ਰੈਜ਼ੋਲਿਊਸ਼ਨ ਇਨ੍ਹਾਂ ਦਾ ਅਨੰਦਪੁਰ ਸਾਹਿਬ ਦਾ ਅਤੇ ਦੂਜਾ ਲੁਧਿਆਣਾ ਦਾ ਹੈ। ਇਸ ਵਿਚ ਇਨ੍ਹਾਂ ਨੇ ਸਾਫ਼ ਲਿਖਿਆ ਹੈ ਕਿ ਰਾਜ ਕਰੇਗਾ ..... (ਵਿਘਨ) ਚਲੋ ਮੈਂ ਇਸ ਪਾਸੇ ਨਹੀਂ ਜਾਂਦਾ। ਪਰ ਲੌਂਗੋਵਾਲ ਨੇ ਜੋ ਬਿਆਨ ਦਿੱਤਾ ਹੈ ਉਹ ਪੜ੍ਹ ਲਵੋ। ਉਹ ਵੀ ਸਿੱਖ ਨੇਸ਼ਨ ਦੀ ਗੱਲ ਕਰਦੇ ਹਨ। ਜਿਨ੍ਹਾਂ ਨੂੰ ਇਹ ਗੁਰੂ ਕਹਿੰਦੇ ਹਨ ਉਹ ਤਾਂ ਹਿੰਦੂਆਂ ਦੀ ਰਖਿਆ ਕਰਦੇ ਰਹੇ ਹਨ। ਪਰ ਅੱਜ ਇਹ ਹੋਰ ਤਰ੍ਹਾਂ ਦੀਆਂ ਗਲਾਂ ਕਰਦੇ ਹਨ। (ਵਿਘਨ)

ਸ਼੍ਰੀ ਸਭਾਪਤੀ : ਤੁਸੀਂ ਜਲਦੀ ਵਾਈਂਡ ਅਪ ਕਰੋ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ ਮੈਂ ਦਸਦਾ ਹਾਂ ** **

ਸਰਦਾਰ ਜਗਦੇਵ ਸਿੰਘ ਜੱਸੋਵਾਲ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਐਸੀ ਗਲ ਕੀਤੀ ਹੈ ਜਿਹੜੀ ਕਿ ਠੀਕ ਨਹੀਂ। ਸਿੱਖ ਦੀ ਤਾਂ ਕੋਈ ਜਾਤ ਨਹੀਂ, ਸਿੱਖ ਨੂੰ ਇਸ ਤਰ੍ਹਾਂ ਵੰਡਣਾ ਠੀਕ ਨਹੀਂ। ਸਿੱਖ ਤਾਂ ਉਹੀ ਹੁੰਦਾ ਹੈ ਜਿਹੜਾ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ। ਇਸ ਲਈ ਸਿੱਖਾਂ ਨੂੰ ਕਲਾਸ ਵਿਚ ਨਹੀਂ ਵੰਡਣਾ ਚਾਹੀਦਾ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਇਨ੍ਹਾਂ ਦੇ ਫੰਕਸ਼ਨਾਂ ਤੇ ਮੈਂ ਜਾਂਦਾ ਰਹਿੰਦਾ ਹਾਂ। ਉਥੇ ** ਅਤੇ ਅਸੀਂ ਵੀ ਉਥੇ ਮੱਥਾ ਟੇਕਦੇ ਹਾਂ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਚੇਅਰਮੈਨ ਸਾਹਿਬ, ਜਿਹੜੇ ਇਨ੍ਹਾਂ ਨੇ ਇਹ ਸ਼ਬਦ ਕਹੇ ਹਨ ਕਿ ** ਇਹ ਠੀਕ ਨਹੀਂ, ਇਹ ਜ਼ਰੂਰ ਐਕਸਪੰਜ ਕਰਨੇ ਚਾਹੀਦੇ ਹਨ।

ਸ਼੍ਰੀ ਸਭਾਪਤੀ : ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ।

ਡਾਕਟਰ ਭਗਤ ਸਿੰਘ : ਚੇਅਰਮੈਨ ਸਾਹਿਬ, ਅਸੀਂ ਪੰਜਾਬ ਵਿਚ ਕਮਿਊਨਲ ਵਾਤਾਵਰਣ ਖਰਾਬ ਨਹੀਂ ਕਰਨਾ ਚਾਹੁੰਦੇ। ਜਿਹੜੀਆਂ ਇਨ੍ਹਾਂ ਨੇ ਸਿੱਖ ਦੀਆਂ ਕਿਸਮਾਂ ਦਸੀਆਂ ਹਨ, ਸਿੱਖ ਦੀ ਕੋਈ ਜਾਤ ਨਹੀਂ। ਕੋਈ ਕਲਾਸ ਨਹੀਂ। ਇਹ ਠੀਕ ਨਹੀਂ।

ਸ਼੍ਰੀ ਸਭਾਪਤੀ : ਉਹ ਵੀ ਐਕਸਪੰਜ ਹੋ ਗਿਆ ਹੈ।

ਡਾਕਟਰ ਭਗਤ ਸਿੰਘ : ** ** **

ਸ਼੍ਰੀ ਸਭਾਪਤੀ : ਇਹ ਵੀ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਮੈਂ ਪਿਛਲੇ 3 ਸਾਲਾਂ ਦੀਆਂ ਬਜਟ ਸਪੀਚਾਂ ਨੂੰ ਦੇਖ ਰਿਹਾ ਸੀ ਤਾਕਿ ਪੰਜਾਬ ਦੀ ਡਿਵੈਲਪਮੈਂਟ ਬਾਰੇ ਪਤਾ ਲਗ ਸਕੇ ਕਿ ਕਿਥੇ ਕਿਥੇ ਸਰਕਾਰ ਨੇ ਟੈਕਸਿਜ਼ ਨੂੰ ਲਗਾ ਕੇ ਰਿਸੋਰਿਜ਼ ਨੂੰ ਮੋਬੇਲਾਈਜ਼ ਕੀਤਾ ਹੈ। ਪਿਛਲੀਆਂ ਸਪੀਚਾਂ ਐਫ.ਐਮ. ਸਾਹਿਬ

****Expunged as ordered by the Chair.**

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਦੀਆਂ ਮੈਂ ਦੇਖੀਆਂ ਹਨ ਅਤੇ ਮੈਂਬਰ ਸਾਹਿਬਾਨ ਦੀਆਂ ਸਪੀਚਾਂ ਨੂੰ ਬੜੇ ਧਿਆਨ ਨਾਲ ਸੁਣਿਆ ਹੈ।

ਸ਼੍ਰੀ ਸਭਾਪਤੀ: ਭੂੰਦੜ ਸਾਹਿਬ, ਤੁਸੀਂ ਕਿੰਨਾਂ ਵਕਤ ਲਵੋਗੇ । 37 ਮਿੰਟ ਬਾਕੀ ਹਨ ਤੁਹਾਡੀ ਪਾਰਟੀ ਦੇ, ਤੁਸੀਂ ਬੋਲ ਸਕਦੇ ਹੋ। ਪਰ ਸ਼ੁਕਰਵਾਰ ਨੂੰ ਤੁਹਾਡੀ ਪਾਰਟੀ ਨੂੰ ਟਾਈਮ ਨਹੀਂ ਮਿਲੇਗਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਚੇਅਰਮੈਨ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਹੀ ਬੋਲਾਂਗਾ। ਤੁਸੀਂ ਸਾਨੂੰ ਅੱਜ ਹੀ ਟਾਈਮ ਦੇ ਦਿਓ। ਮੈਨੂੰ ਪਿਛਲੇ ਤਿੰਨ ਸਾਲਾਂ ਦੇ ਬਜਟ ਨੂੰ ਦੇਖ ਕੇ ਬੜੀ ਮਾਯੂਸੀ ਹੋਈ ਹੈ ਔਰ ਹਮੇਸ਼ਾ ਕਾਂਗਰਸ ਸਰਕਾਰ ਬੈਟਰੀ ਲੈ ਕੇ ਦੇਖਦੀ ਰਹਿੰਦੀ ਹੈ ਕਿ ਕਿਸ ਤਰੀਕੇ ਨਾਲ ਸਰਕਾਰ ਗਰੀਬਾਂ ਤੇ, ਗਰੀਬ ਕਿਸਾਨਾਂ ਤੇ ਟੈਕਸ ਲਗਾ ਕੇ ਖੂਨ ਨਿਚੋੜ ਸਕਦੀ ਹੈ। ਹਰ ਸਾਲ ਦੇ ਬਜਟ ਸਪੀਚ ਵਿਚ ਇਨ੍ਹਾਂ ਨੇ ਕਰੋੜਾਂ ਰੁਪਏ ਦੇ ਟੈਕਸ ਲਗਾਏ ਹਨ ਅਤੇ ਹੁਣ ਵੀ ਇਸ ਨਾਲ 85 ਕਰੋੜ ਰੁਪਏ ਦੇ ਟੈਕਸ ਹੋਰ ਲਗਾਉਣ ਬਾਰੇ ਇਸ਼ਾਰਾ ਕੀਤਾ ਗਿਆ ਹੈ । ਹੁਣ ਫੈਮਿਲੀ ਦੀ ਡੈਫੀਨੇਸ਼ਨ ਹੈ 5 ਮੈਂਬਰਾਂ ਦੀ ਫੈਮਿਲੀ ਔਰ ਜ਼ਮੀਨ ਕੇਵਲ ਰਹਿ ਗਈ 17 ਸਟੈਂਡਰਡ ਏਕੜ ਔਰ ਹੁਣ ਤੁਸੀਂ ਇਸ ਦੇ ਹਿੱਸੇ ਕਰ ਲਵੋ ਤੇ ਬਣਨਗੇ 3-3 ਏਕੜ ਸਿਰਫ । ਇਹ ਟੈਕਸ ਲਗਾਉਣ ਦੀ ਸੋਚ ਰਹੇ ਹਨ ਕਿਵੇਂ ਗਰੀਬ ਕਿਸਾਨ ਪੇਂਡੂ ਤੇ ਲਗਾਇਆ ਜਾਵੇ। ਇਹ ਕਹਿੰਦੇ ਹਨ ਕਿ ਪਿਛਲੀ ਸਰਕਾਰ ਨੇ ਰਿਸੋਰਸਿਜ਼ ਨੂੰ ਮਬੋਲਾਈਜ਼ ਨਹੀਂ ਕੀਤਾ ਹੈ। ਇਸੇ ਪੁਆਇੰਟ ਤੇ ਮੈਂ ਪਹਿਲਾਂ ਆਉਂਦਾ ਹਾਂ ਕਿ ਤੁਸੀਂ ਪਲਾਨ ਨੂੰ ਦੇਖ ਲਵੋ ਉਸ ਦੇ ਵਿਚ ਨਾ ਬਿਜਲੀ ਹੈ, ਨਾ ਪਾਣੀ, ਨਾ ਡਿਵੈਲਪਮੈਂਟ ਵਾਸਤੇ, ਨਾ ਵੀਕਰ ਸੈਕਸ਼ਨ ਵਾਸਤੇ ਕੁਝ ਦਿੱਤਾ ਗਿਆ ਹੈ। ਪਲਾਨ ਦੇ ਵਿਚ ਐਸੀ ਕੋਈ ਚੀਜ਼ ਨਜ਼ਰ ਨਹੀਂ ਆ ਰਹੀ । ਇਨ੍ਹਾਂ ਨੇ 385 ਕਰੋੜ ਰੁਪਏ ਦੀ ਪਲਾਨ ਰੱਖੀ ਹੈ । ਇਸ ਦੇ ਵਿਚ 125 ਕਰੋੜ ਰੁਪਏ ਦਾ ਘਾਟਾ ਹੈ ਔਰ ਇਸ ਦੇ ਨਾਲ ਹੁਣ ਤੁਸੀਂ ਜਮਾਂ ਕਰ ਲਵੋ ਸਾਢੇ 12 % ਇਨਫਲੇਸ਼ਨ ਔਰ 85 ਕਰੋੜ ਰੁਪਏ ਦੇ ਟੈਕਸ ਇਹ ਲਗਾ ਰਹੇ ਹਨ। ਬਾਕੀ ਪਲਾਨ ਰਹਿ ਗਈ 252 ਕਰੋੜ ਰੁਪਏ ਦੀ। ਇਹ ਇਨ੍ਹਾਂ ਦੀ ਫਿਗਰਜ਼ ਹੀ ਦੱਸ ਰਹੀਆਂ ਹਨ । ਜੇਕਰ ਇਹ ਚੈਲੰਜ ਕਰਦੇ ਹਨ ਤਾਂ ਮੈਂ ਇਨ੍ਹਾਂ ਨੂੰ ਸਮਝਾ ਦਿੰਦਾ ਹਾਂ। ਇਹ ਠੀਕ ਹੈ ਕਿ ਪ੍ਰਾਈਸਿਜ਼ ਸਾਡੇ ਵੇਲੇ ਵੀ ਵਧੀਆਂ ਸਨ ਅਤੇ ਇਨ੍ਹਾਂ ਦੇ ਵਕਤ ਤਾਂ ਪ੍ਰਾਈਸਿਜ਼ ਨੇ ਆਸਮਾਨ ਨੂੰ ਹੱਥ ਲਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਇਨ੍ਹਾਂ ਦੀ ਫਿਗਰਜ਼ ਹੀ ਦੱਸ ਰਹੀਆਂ ਹਨ ਅਤੇ ਇਨ੍ਹਾਂ ਦੀ ਸਪੀਚ ਹੀ ਦੱਸਦੀ ਹੈ ਕਿ ਪ੍ਰਾਈਸਿਜ਼ ਕਿਸ ਕਿਸ ਟਾਈਮ ਵਧੀਆਂ ਅਤੇ ਕਿਸ ਕਿਸ ਟਾਈਮ ਆ ਕੇ ਸਟੇਬਲ ਰਹੀਆਂ ਹਨ। ਅਸੀਂ 247 ਕਰੋੜ ਰੁਪਏ ਦੀ ਪਲਾਨ ਛੱਡ ਕੇ ਗਏ ਸੀ ਔਰ ਪ੍ਰਾਈਸਿਜ਼ ਵਧਣ ਨਾਲ ਇਹ 282 ਕਰੋੜ ਤੱਕ ਚਲੀ ਗਈ ਸੀ। ਇਸ ਬਜਟ ਵਿਚ ਟੈਕਸਾਂ ਤੋਂ ਸਿਵਾਏ ਹੋਰ ਕੁਝ ਨਹੀਂ ਹੈ । ਇਨ੍ਹਾਂ ਦੀ ਬਜਟ ਸਪੀਚ ਵਿਚੋਂ ਮੈਂ ਹੁਣ ਕੋਟ ਕਰਦਾ ਹਾਂ ਕਿ .....

„In the process of economic development some rise in the level of prices is inevitable"

ਇਹ ਤੁਹਾਡਾ ਹੀ ਇਕਨੌਮੀਕਲ ਸਰਵੇ ਦੱਸਦਾ ਹਾਂ।

"The first spurt in prices occurred after 1972—73 and lasted uptil 1974—75"

ਇਕਨੌਮੀਕਲ ਸਰਵੇ ਵਿਚ ਆਇਆ ਹੈ ਕਿ ਪ੍ਰਾਈਸਿਜ਼ 1972-73 ਔਰ 1974-75 ਵਿਚ ਪਹਿਲੀ ਵਾਰ ਵਧੀਆਂ ਹਨ ਅਤੇ ਇਸ ਤੋਂ ਬਾਦ ਮੈਂ ਦੱਸਦਾ ਹਾਂ ਕਿ:--

"The increase in the index remained within limits in the next two years 1977-78 and 1978-79"

Original with;
Punjab Vidhan Sabha
Digitized by;
Panjab Digital Library

ਸਾਡੇ ਰਾਜ ਵਿਚ ਪ੍ਰਾਈਸਿਜ਼ ਸਟੇਬਲ ਰਹੀਆਂ ਹਨ। ਇਹ ਤੁਸੀਂ ਹੀ ਦੱਸ ਰਹੇ ਹੋ । ਇਹ ਕਦੋਂ ਵਧੀਆਂ ਹਨ।

"The prices began to rise after 1978-79"

ਇਹ ਪ੍ਰਾਈਸਿਜ 1979 ਤੋਂ ਬਾਦ ਵੱਧੀਆਂ ਹਨ ਅਤੇ ਤੁਹਾਡੇ ਵੇਲੇ ਹੀ ਵੱਧੀਆਂ ਹਨ । ਸਰਕਾਰ ਨੇ ਐਗਰੀਕਲਚਰ ਅਤੇ ਪਾਵਰਜ ਨੂੰ ਪਹਿਲ ਦਿੱਤੀ ਹੈ ਅਤੇ ਪਾਵਰਜ਼ ਨੂੰ ਨੰਬਰ 1 ਤੇ ਰੱਖਿਆ ਹੈ। ਸਟੇਟ ਦਾ ਖਰਚਾ 53.5% ਐਗਰੀਕਲਚਰ ਸੈਕਟਰ ਤੇ ਖਰਚ ਹੁੰਦਾ ਹੈ, ਤਦ ਹੀ ਸਟੇਟ ਐਗਰੀਕਲਚਰ ਵਿਚ ਅੱਗੇ ਆ ਸਕੀ ਹੈ ਔਰ ਦੂਜੇ ਸੂਬਿਆਂ ਨਾਲੋਂ ਵੱਧ ਵੀਟ ਪੈਦਾ ਕਰ ਰਹੀ ਹੈ । ਲੇਕਿਨ ਇਹ ਕਹਿੰਦੇ ਹਨ ਕਿ 155 ਕਰੋੜ ਰੁਪਿਆ ਅਸੀਂ ਖਰਚ ਕਰ ਰਹੇ ਹਾਂ ਅਤੇ 100 ਕਰੋੜ ਰੁਪਏ ਦੀ ਅਸੀਂ ਕਿਸਾਨਾਂ ਨੂੰ ਸਬਸਿਡੀ ਦੇ ਰਹੇ ਹਾਂ। ਤੁਸੀਂ ਆਪਣੇ ਕੋਲੋਂ ਦੇ ਰਹੇ ਹੋ । ਇਹ ਸਬਸਿਡੀ ਪਾਣੀ, ਬਿਜਲੀ ਅਤੇ ਖਾਦ ਵਿਚ ਦਿੱਤੀ ਜਾ ਰਹੀ ਹੈ । ਇਹ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਨੂੰ ਪਾਣੀ, ਬਿਜਲੀ ਵਿਚ ਮੁਆਫੀ ਦਿੱਤੀ ਹੋਈ ਹੈ। ਜਿਵੇਂ ਕਿਸਾਨ ਮੰਗਤਾ ਹੋਵੇ। ਇੰਡੀਆ ਦੇ ਕਿਸੇ ਸੂਬੇ ਨੇ ਇਤਨੀ ਪ੍ਰੋਡੱਕਸ਼ਨ ਆਲੂਆਂ, ਕਣਕ, ਚਾਵਲਾਂ, ਸ਼ੂਗਰ ਕੇਨ, ਕਾਟਨ ਦੀ ਨਹੀਂ ਕੀਤੀ ਹੋਣੀ ਜਿੰਨੀ ਪੰਜਾਬ ਨੇ ਕੀਤੀ ਹੈ। ਅਖਬਾਰ ਵਿਚ ਹੈ ਕਿ --

"Imported wheat to arrive in April"

ਕਿਸਾਨ ਇਤਨੀ ਮਿਹਨਤ ਕਰਕੇ ਇੰਨੀ ਪ੍ਰੋਡਕਸ਼ਨ ਕਰ ਸਕਿਆ ਹੈ। ਪਰ ਤੁਸੀਂ ਤਾਂ ਕਿਸਾਨਾਂ ਨੂੰ ਪਾਣੀ, ਬਿਜਲੀ, ਖਾਦ, ਡੀਜ਼ਲ ਬਹੁਤ ਮਹਿੰਗਾ ਦੇ ਰਹੇ ਹੋ ਔਰ ਤੁਸੀਂ ਉਸ ਨੂੰ ਮਾਰ ਰਹੇ ਹੋ । ਤੁਸੀਂ ਸੀਮਿੰਟ ਅਤੇ ਮਸ਼ੀਨਰੀ, ਇੱਟਾਂ ਦੇ ਰੇਟ ਕਿੰਨੇ ਵੱਧਾ ਦਿਤੇ ਹਨ । ਪੰਜਾਬ ਵਿਚ ਵੀਟ ਦੀ ਕੀਮਤ 130 ਰੁਪਏ ਹੈ ਪਰ ਤੁਸੀਂ ਵਰਲਡ ਮਾਰਕਿਟ ਵਿਚੋਂ ਇਮਪੋਰਟਿਡ ਵੀਟ 196 ਰੁਪਏ ਦੇ ਹਿਸਾਬ ਨਾਲ ਲਿਆ ਅਤੇ ਖਰਚਾ ਪਾ ਕੇ ਇਹ 212 ਰੁਪਏ ਦਾ ਪਵੇਗਾ ਔਰ ਇਸ ਕਣਕ ਨੂੰ ਹੁਣ ਜ਼ਹਿਰੀਲੀ ਵੀਟ ਕਿਹਾ ਜਾ ਰਿਹਾ ਹੈ। ਇਸ ਬਹਿਸ ਵਿਚ ਮੈਂ ਨਹੀਂ ਪੈਣਾ ਚਾਹੁੰਦਾ ਕਿਉਂਕਿ ਵਕਤ ਬਹੁਤ ਘੱਟ ਹੈ। ਇਹ ਲੋਕਾਂ ਨੂੰ 212 ਰੁਪਏ ਦੀ ਕਣਕ ਦੇਣਗੇ। ਹੁਣ ਤੁਸੀਂ ਫਰਕ ਕੱਢ ਲਵੋ 130 ਰੁਪਏ ਤੇ 212 ਰੁਪਏ ਵਿਚ ਕਿੰਨਾ ਹੈ। ਇਹ 82 ਰੁਪਏ ਦਾ ਫ਼ਰਕ ਬਣਦਾ ਹੈ । ਇਕ ਅਸੀਂ ਵਿਦੇਸ਼ੀਆਂ ਨੂੰ ਫਾਰਨ ਕਰੰਸੀ ਦਿੱਤੀ ਅਤੇ ਦੂਜਾ ਅਸੀਂ ਵੀਟ ਮਹਿੰਗੀ ਲਈ । ਇਸੇ ਗੱਲ ਤੇ ਸਾਡੇ ਲੋਕ ਪਿੱਟ ਰਹੇ ਹਨ ਕਿ ਸਰਕਾਰ ਕਿਹੜੇ ਕੰਮ ਕਰ ਰਹੀ ਹੈ। ਸਾਡਾ ਪ੍ਰੋਡਿਊਸਰ ਵੀ ਤੰਗ ਹੋਇਆ ਹੈ। ਹੁਣ ਇਨ੍ਹਾਂ ਦਾ ਟੀਚਾ ਹੈ ਕਿ 80 ਲੱਖ ਟਨ ਅਨਾਜ ਪੈਦਾ ਕਰਨ ਦਾ। ਇਸ ਦੇ ਵਿਚ ਵੀ ਤੁਸੀਂ ਕਿਸਾਨਾਂ ਦਾ 640 ਕਰੋੜ ਰੁਪਿਆ ਪੀ ਗਏ। ਹਾਲੇ ਮੈਂ ਸ਼ੂਗਰਕੇਨ, ਚਾਵਲ, ਆਲੂਆਂ ਨੂੰ ਨਹੀਂ ਲੈਂਦਾ । ਹੋਰ ਤੁਹਾਨੂੰ ਦੱਸਦਾ ਹਾਂ ਕਿ ਇਨਪੁੱਟ ਮੇਨ ਆ ਜਾਂਦੇ ਹਨ, ਬਿਜਲੀ, ਪਾਣੀ, ਖਾਦ ਆਦਿ ਪਰ ਇਸ ਬਾਰੇ ਇੰਡੀਅਨ ਐਕਸਪ੍ਰੈਸ ਵਿਚ ਆਇਆ ਹੈ, ਮੈਂ ਸਿਰਫ ਹੈਡ ਲਾਈਨ ਹੀ ਪੜ੍ਹ ਦਿੰਦਾ ਹਾਂ ਤਾਕਿ ਹਾਊਸ ਨੂੰ ਪਤਾ ਲਗ ਸਕੇ .....

"Few buyers of Phosphatic fertilizer." Fertilizer for whom."

ਇਕਨੌਮਿਕ ਟਾਈਮਜ਼ ਵਿਚ ਵੀ ਆਇਆ ਹੈ ਕਿ .. ...

"Fertiliser consumption down."

ਇਹ ਹੈਡ ਲਾਈਨ ਵਿਚ ਨਿਊਜ਼ ਆਈਆਂ ਹਨ। ਉਹ ਮੈਂ ਦੱਸ ਰਿਹਾ ਹਾਂ। ਫਰਟੇਲਾਈਜ਼ਰ 8.15 ਲੱਖ ਟਨ ਵਰਤਿਆ ਜਾ ਰਿਹਾ ਹੈ । ਜੇਕਰ ਇਸ ਦਾ ਹਿਸਾਬ ਲਗਾਈਏ ਤਾਂ ਉਸ ਹਿਸਾਬ ਨਾਲ 172 ਕਰੋੜ ਰੁਪਿਆ ਕਿਸਾਨਾਂ ਦਾ ਚਲਾ ਗਿਆ ਔਰ ਇਸ ਦੇ ਨਾਲ ਪੰਜਾਬ ਫਾਰਮਰ ਮਰ

Original with;
Punjab Vidhan Sabha
Digitized by:
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਰਿਹਾ ਹੈ । ਇਸੇ ਦੇ ਨਾਲ ਇਸ ਦਾ ਅਲਾਈਡ ਸੈਕਟਰ ਹੈ ਐਗਰੀਕਲਚਰ ਪ੍ਰਾਈਸ ਕਮਿਸ਼ਨ, ਉਹ 142 ਰੁਪਏ ਵੀਟ ਦਾ ਰੇਟ ਫਿਕਸ ਕਰ ਰਿਹਾ ਹੈ ਅਤੇ ਇਸ ਦੇ ਮੈਂਬਰ ਚੌਧਰੀ ਰਣਧੀਰ ਸਿੰਘ ਨੇ ਕਿਹਾ ਹੈ ਕਿ 160 ਰੁਪਏ ਦਿੱਤੇ ਜਾਣ । ਦੂਜੀਆਂ ਸਟੇਟਾਂ ਨੇ ਕਿਸੇ ਨੇ 161 ਅਤੇ ਕਿਸੇ ਨੇ 195 ਅਤੇ ਕਿਸੇ ਨੇ ਕੁਝ ਮੰਗਿਆ ਹੈ ਪਰ ਮੈਂ ਕਹਿੰਦਾ ਹਾਂ ਕਿ ਤੁਸੀਂ ਸਾਡੀ ਗੱਲ ਵੀ ਛੱਡ ਦਿਓ ਅਤੇ ਦੂਜੀਆਂ ਸਟੇਟਾਂ ਦੀ ਗੱਲ ਵੀ ਛੱਡ ਦਿਓ ਜੋ ਤੁਹਾਡਾ ਚੌਧਰੀ ਰਣਧੀਰ ਸਿੰਘ ਕਹਿੰਦਾ ਹੈ ਉਸ ਦੀ ਹੀ ਗੱਲ ਮੰਨ ਲਵੋ ਅੰਦਰ 160 ਰੁਪਏ ਰੇਟ ਫਿਕਸ ਕਰ ਦਿਓ। ਇਸ ਗੱਲ ਤੇ ਅਮਰੀਕਾ ਨਜ਼ਰ ਰੱਖੀ ਬੈਠਾ ਹੈ। ਤੁਸੀਂ ਕਿਸਾਨ ਦੀ ਮਦਦ ਕਰੋ । ਚੇਅਰਮੈਨ ਸਾਹਿਬ, ਇਹ ਵੀਟ ਤੇ ਬੈਨ ਲਗਾਉਂਦੇ ਹਨ। ਬਲੈਕ ਮਾਰਕੀਟ ਕਰਨ ਵਾਲਿਆਂ ਨੂੰ ਨਹੀਂ ਰੋਕਦੇ । ਬਲੈਕ ਕਰਨ ਵਾਲਿਆਂ ਤੇ ਕੋਈ ਚੈਕ ਨਹੀਂ ਕਰਦੇ ਪਰ ਫੂਡ ਗਰੇਨ ਨੂੰ ਚੈਕ ਕਰ ਰਹੇ ਹਨ। ਚੇਅਰਮੈਨ ਸਾਹਿਬ, ਅਸੀਂ ਅਮਰੀਕਾ ਅਤੇ ਦੂਸਰੇ ਮੁਲਕਾਂ ਦੇ ਕੋਲੋਂ ਅਨਾਜ਼ ਖਾਤਰ ਹੱਥ ਅੱਡ ਰਹੇ ਹਾਂ। ਮੈਂ ਸਮਝਦਾ ਹਾਂ ਕਿ ਸਾਨੂੰ ਅਮਰੀਕਾ ਅਤੇ ਦੂਸਰੇ ਮੁਲਕਾਂ ਦੇ ਕੋਲੋਂ ਅਨਾਜ਼ ਮੰਗਣ ਦੀ ਜ਼ਰੂਰਤ ਨਹੀਂ ਹੈ ਜੇਕਰ ਇਹ ਕਿਸਾਨਾਂ ਨੂੰ ਮਦਦ ਦੇਣ ਅੰਦਰ ਕਿਸਾਨਾਂ ਲਈ ਦਿੱਲੀ ਦੀ ਸਰਕਾਰ ਨਾਲ ਲੜਾਈ ਕਰਨ। ਚੇਅਰਮੈਨ ਸਾਹਿਬ, ਐਗਰੀਕਲਚਰ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਕੋਈ ਅੱਛੇ ਸੀਡ ਪੈਦਾ ਕਰਨ। ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ 35 ਸਾਲ ਹੋ ਗਏ ਹਨ ਪਰ ਅਜੇ ਤਕ ਕੋਈ ਵੀ ਅੱਛਾ ਸੀਡ ਇਨ੍ਹਾਂ ਕੋਲੋਂ ਨਹੀਂ ਨਿਕਲਿਆ। ਜੇਕਰ ਕੋਈ ਨਿਕਲਿਆ ਹੋਵੇ ਤਾਂ ਦਸਣ। ਚੇਅਰਮੈਨ ਸਾਹਿਬ, ਪਰਾਈਸ ਅਥੋਰਟੀ ਹੋਵੇ ਅਤੇ ਚੰਗੇ ਸੀਡਜ਼ ਦੇਣ ਤਾਂ ਪੰਜਾਬ ਦੇ ਕਿਸਾਨ ਦਾ ਭੱਲਾ ਹੋ ਸਕਦਾ ਹੈ। ਹੁਣ ਮੈਂ ਬਾਗਵਾਨੀ ਦੀ ਗੱਲ ਕਰਦਾ ਹਾਂ। ਅੱਜ ਤਕ, ਚੇਅਰਮੈਨ ਸਾਹਿਬ, ਇੱਕ ਕੁਇੰਟਲ ਤੱਕ ਵੀ ਕੋਈ ਚੀਜ਼ ਐਕਸਪੋਰਟ ਨਹੀਂ ਹੋਈ। ਹੌਰਟੀਕਲਚਰ ਪ੍ਰੋਸੈਸਿੰਗ ਪਲਾਂਟ ਦਾ ਇਨ੍ਹਾਂ ਨੇ ਕੁਝ ਨਹੀਂ ਕੀਤਾ। ਫਾਰਨ ਵਿਚ ਫੂਡ ਦੀ ਡੀਮਾਂਡ ਹੈ ਪਰ ਫੂਡ ਇਥੇ ਲਭ ਵੀ ਨਹੀਂ ਰਿਹਾ । ਸਾਹਮਣੇ ਬੈਠੇ ਭਰਾ ਕਹਿੰਦੇ ਹਨ ਕਿ ਅਸੀਂ ਸੂਬੇ ਨੂੰ ਤਰੱਕੀ ਵਾਲੇ ਪਾਸੇ ਲੈ ਕੇ ਜਾਣਾ ਹੈ, ਪਰ ਮੈਨੂੰ ਸਮਝ ਨਹੀਂ ਆਉਂਦੀ ਹੈ ਕਿ ਉਹ ਕਿਸ ਤਰ੍ਹਾਂ ਪੰਜਾਬ ਨੂੰ ਤਰੱਕੀ ਵਾਲੇ ਪਾਸੇ ਲੈ ਕੇ ਜਾਣਗੇ। ਚੇਅਰਮੈਨ ਸਾਹਿਬ, ਮੈਂ ਹੈਰਾਨ ਹਾਂ ਕਿ ਇਨ੍ਹਾਂ ਨੇ ਪਾਣੀ ਰਾਜਸਥਾਨ ਵਾਲਿਆਂ ਨੂੰ ਦੇ ਦਿਤਾ ਹੈ ਅੰਦਰ ਬਿਜਲੀ ਦਿੱਲੀ ਵਾਲਿਆਂ ਨੂੰ ਦੇ ਦਿੱਤੀ ਹੈ। ਪੰਜਾਬ ਜਿਹੜਾ ਸੀ, ਉਹ ਫਾਰ ਰਿਕਾਰਡ ਰਿਕਵਰੀ ਸੀ । ਅੱਜ, ਚੇਅਰਮੈਨ ਸਾਹਿਬ, ਸ਼ੂਗਰਕੇਨ ਬਾਰੇ ਲੋਕ ਕਹਿ ਰਹੇ ਹਨ ਕਿ "ਸ਼ੂਗਰਕੇਨ ਇਜ਼ ਨਾਟ ਸਵੀਟ" ਇਥੇ, ਚੇਅਰਮੈਨ ਸਾਹਿਬ, ਨਤੀਜਾ ਇਹ ਹੈ ਕਿ ਖੰਡ ਵਾਸਤੇ ਕੋਈ ਮਿਲ ਨਹੀਂ ਹੈ। ਇਨਾਂ ਨੇ ਦਿੱਲੀ ਵਾਲਿਆਂ ਤੋਂ ਇੱਕ ਲਸੰਸ ਲਿਆਂਦਾ ਹੈ ਜਦੋਂ ਕਿ ਹਰਿਆਣੇ ਵਾਲਿਆਂ ਨੇ 2 ਲਸੰਸ ਲਿਆਂਦੇ ਹਨ। ਬਿਹਾਰ ਨੇ 24 ਲਸੰਸ ਲਿਆਂਦੇ ਹਨ ਅਤੇ ਮਹਾਰਾਸ਼ਟਰ ਨੇ ਜੋ ਕਿ ਇੱਕ ਨੰਬਰ ਤੇ ਹੈ, 100 ਸ਼ੂਗਰਕੇਨ ਫੈਕਟਰੀਆਂ ਮਿਲੀਆਂ ਹਨ। ਸਾਡੀ ਬਦਕਿਸਮਤੀ ਹੈ ਕਿ ਪੰਜਾਬ ਸਰਕਾਰ ਦਿੱਲੀ ਵਾਲਿਆਂ ਨਾਲ ਟਕਰ ਨਹੀਂ ਲੈਂਦੀ। (ਵਿਘਨ) ਚੇਅਰਮੈਨ ਸਾਹਿਬ, ਅਸੀਂ ਪੰਜਾਬੀ ਵਿਚ ਟੱਕਰ ਹੀ ਕਹਾਂਗੇ ਪਰ ਜੇਕਰ ਅੰਗਰੇਜ਼ੀ ਵਿਚ ਹੋਰ ਲਫ਼ਜ਼ ਹੈ ਤਾਂ ਇਹ ਉਹ ਲਫ਼ਜ਼ ਲਭ ਲੈਣ ਅਤੇ ਦਿੱਲੀ ਵਾਲਿਆਂ ਦਾ ਮੁਕਾਬਲਾ ਕਰਨ। ਇਹ ਪੰਜਾਬ ਸਟੇਟ ਨਾਲ ਦਿੱਲੀ ਦੀ ਸਰਕਾਰ ਡਿਸਕ੍ਰਿਮੀਨੇਸ਼ਨ ਕਰਦੀ ਹੈ ਅੰਦਰ ਜਦੋਂ ਅਸੀਂ ਕਹਿੰਦੇ ਹਾਂ ਕਿ ਸਾਡੇ ਨਾਲ ਡਿਸਕ੍ਰਿਮੀਨੇਸ਼ਨ ਹੋਈ ਹੈ ਤਾਂ ਕਹਿੰਦੇ ਹਨ ਕਿ ਕੋਈ ਨਹੀਂ ਹੋਈ। ਚੇਅਰਮੈਨ ਸਾਹਿਬ, ਕਹਿੰਦੇ ਹਨ ਕਿ ਸਪਿਨਿੰਗ ਮਿਲਜ਼ ਦੀਆਂ ਫੈਕਟਰੀਆਂ ਪੰਜਾਬ ਵਿਚ ਲਗਾਉਣੀਆਂ ਹਨ ਪਰ ਮੈਂ, ਚੇਅਰਮੈਨ ਸਾਹਿਬ, ਕਹਿੰਦਾ ਹਾਂ ਕਿ ਟੈਕਸਟਾਈਲ ਮਿਲਜ਼ ਦੀਆਂ ਫੈਕਟਰੀਆਂ ਲਗਾਓ । ਅਜ ਮਹਾਂਰਾਸ਼ਟਰ, ਗੁਜਰਾਤ ਅਤੇ ਹੋਰ ਸਟੇਟਾਂ ਵਿਚ ਬਿਜਲੀ ਨਹੀਂ ਮਿਲ ਰਹੀ ਹੈ ਜਿਸ ਕਾਰਨ ਭਾਰਤ ਸਰਕਾਰ ਦੀਆਂ 85 ਤੋਂ ਵੱਧ ਫੈਕਟਰੀਆਂ ਬੰਦ ਹਨ । ਸਾਰੇ ਦੇਸ਼ ਨੂੰ ਵਕਤ ਪਿਆ ਹੋਇਆ ਹੈ। ਨਰਮਾ, ਚੇਅਰਮੈਨ ਸਾਹਿਬ, 550 ਤੋਂ 450

Original with;
Punjab Vidhan Sabha
Digitized by;
Panjab Digital Library

ਹੋ ਗਿਆ ਹੈ । ਪੰਜਾਬ ਵਿਚ ਟੈਕਸਟਾਈਲ ਮਿਲਾਂ ਦੀ ਬਹੁਤ ਲੋੜ ਹੈ। ਸਾਹਮਣੇ ਬੈਠੇ ਭਰਾ, ਚੇਅਰਮੈਨ ਸਾਹਿਬ, ਇੱਕ ਟੈਕਸਟਾਈਲ ਮਿਲ ਦਾ ਲਸੰਸ ਲੈ ਕੇ ਵਿਖਾਉਣ ਤਾਂ ਅਸੀਂ ਇਨ੍ਹਾਂ ਨੂੰ ਮੰਨੀਏ ਪਰ ਇਨ੍ਹਾਂ ਵਿਚ ਟੈਕਸਟਾਈਲ ਮਿਲ ਲੈਣ ਦੀ ਜਾਨ ਨਹੀਂ ਹੈ। ਜਦ ਤਕ ਟੈਕਸਟਾਈਲ ਮਿਲਜ਼ ਪੰਜਾਬ ਵਿਚ ਨਹੀਂ ਲਗਣਗੀਆਂ ਤਦ ਤਕ ਪੰਜਾਬ ਅਗੇ ਤਰੱਕੀ ਨਹੀਂ ਕਰ ਸਕਦਾ । ਚੇਅਰਮੈਨ ਸਾਹਿਬ, ਪਹਿਲਾਂ ਅੰਗਰੇਜ ਪਾਈਆ ਰੂੰ ਲੈ ਕੇ ਅਤੇ ਉਸ ਦਾ ਕਪੜਾ ਬਣਾ ਕੇ ਹਿੰਦੁਸਤਾਨ ਨੂੰ ਦਿੰਦੇ ਸਨ ਅਤੇ ਲੁਟਦੇ ਸਨ। ਹੁਣ ਤੁਸੀਂ ਪਾਈਆ ਰੂੰ ਲੈ ਕੇ ਅਤੇ ਉਸ ਦਾ ਕਪੜਾ ਬਣਾ ਕੇ 20 ਰੁਪਏ ਗਜ਼ ਦੇ ਸਿਹਾਬ ਨਾਲ ਕਪੜਾ ਦੇ ਕੇ ਲੁਟ ਰਹੇ ਹੋ । ਇਹ, ਚੇਅਰਮੈਨ ਸਾਹਿਬ, ਡਿਸਕ੍ਰਿਮੀਨੇਸ਼ਨ ਨਹੀਂ ਤਾਂ ਹੋਰ ਕੀ ਹੈ। ਚੇਅਰਮੈਨ ਸਾਹਿਬ, ਪੋਲਟਰੀ, ਡੇਅਰੀ, ਪਿਗਰੀ ਅਤੇ ਫਿਸ਼ਰੀਜ਼ ਦੀ ਗੱਲ ਕਰਦਾ ਹਾਂ। ਇਥੇ ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਕਾਮਯਾਬ ਨਹੀਂ ਹੈ । ਬਦਕਿਸਮਤੀ ਹੈ ਕਿ ਜਿਹੜੀ ਮੱਝ ਪਹਿਲਾਂ 500 ਰੁਪਏ ਦੀ ਮਿਲਦੀ ਸੀ, ਉਹ ਅੱਜ 10,000 ਰੁਪਏ ਦੀ ਹੋ ਗਈ ਹੈ। ਦੁਧ ਪਹਿਲਾਂ 1.30 ਰੁਪਏ ਕਿਲੋ ਮਿਲਦਾ ਸੀ ਅਤੇ ਹੁਣ ਵੀ 1.30 ਰੁਪਏ ਕਿਲੋ ਦੁੱਧ ਦਾ ਭਾਅ ਹੈ। ਪਰ ਦਾਣਾ 300 ਰੁਪਏ ਅਤੇ ਤੂੜੀ 30 ਰੁਪਏ ਜਦੋਂ ਕਿ ਗੰਹਾ ਵੀ ਇਸ ਭਾਅ ਤੇ ਨਹੀਂ ਮਿਲਦਾ। ਇਸ ਤਰ੍ਹਾਂ, ਚੇਅਰਮੈਨ ਸਾਹਿਬ, ਖਰਚ ਜ਼ਿਆਦਾ ਹੋ ਰਿਹਾ ਹੈ ਅਤੇ ਭਾਅ ਠੀਕ ਨਹੀਂ ਮਿਲ ਰਿਹਾ ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਪਾਵਰ ਪਲਾਂਟ ਬਾਰੇ, ਚੇਅਰਮੈਨ ਸਾਹਿਬ, ਬਜਟ ਵਿਚ ਬੜਾ ਕੁਝ ਕਿਹਾ ਗਿਆ ਹੈ ਕਿ 50 % ਪੈਸਾ ਰੱਖਿਆ ਗਿਆ ਹੈ । 189 ਕਰੋੜ ਰੁਪਏ ਰੱਖੇ ਹਨ । 189 ਕਰੋੜ ਰੁਪਏ ਕਿਵੇਂ ਖਰਚ ਹੋਣਗੇ, ਉਸ ਬਾਰੇ ਮੈਂ ਪਹਿਲਾਂ ਹੀ ਦੱਸ ਦਿਤਾ ਹੈ । ਚੇਅਰ ਮੈਨ ਸਾਹਿਬ, ਜਿਹੜਾ ਅਸੀਂ ਪ੍ਰਾਜੈਕਟ ਸ਼ੁਰੂ ਕਰਦੇ ਗਏ ਸੀ, ਉਸ ਪ੍ਰਾਜੈਕਟ ਨੂੰ ਇਨ੍ਹਾਂ ਨੇ ਸਿਰੇ ਨਹੀਂ ਚੜ੍ਹਾਇਆ ਕੋਈ ਨਵਾਂ ਪ੍ਰਾਜੈਕਟ ਨਹੀਂ ਲਗਾਇਆ ਗਿਆ ਅਤੇ ਨਾ ਹੀ ਕੋਈ ਪ੍ਰਾਜੈਕਟ ਟਾਈਮ ਸਿਰ ਸਿਰੇ ਚੜ੍ਹਾਇਆ ਹੈ। ਇਨ੍ਹਾਂ ਨੇ ਬੜਾ ਜ਼ੋਰ ਲਗਾਇਆ । ਪਹਿਲਾਂ ਤਾਂ ਮੈਂ ਪ੍ਰਾਜੈਕਟ ਬਾਰੇ ਦੱਸਣਾ ਚਾਹੁੰਦਾ ਹਾਂ ।

No new Power Project in the State has been included in the Sixth Plan.

ਇਹ ਟ੍ਰਿਬਿਊਨ ਦੀ ਨਿਊਜ਼ ਹੈ ਕਿ ਛੇਵੀਂ ਪਲੇਨ ਵਿਚ ਕੋਈ ਪ੍ਰਾਜੈਕਟ ਨਹੀਂ ਹੈ। ਐਕਸਟੈਨਸ਼ਨ ਵਾਸਤੇ ਇਨ੍ਹਾਂ ਨੇ ਪਹਿਲਾਂ ਹੀ ਜਵਾਬ ਦੇ ਦਿੱਤਾ ਹੈ । ਜੇਕਰ ਪਹਿਲਾਂ ਪ੍ਰਾਜੈਕਟ ਹੀ ਇਹ ਠੀਕ ਕਰ ਲੈਂਦੇ ਤਾਂ ਵੀ ਚੰਗੀ ਗੱਲ ਸੀ । ਦੋ ਕਾਰਸਪੰਡੈਂਟ ਸਟੇਟਸ ਵਿਚ ਗਏ ਕਿ ਇਥੇ ਕੀ ਹੋ ਰਿਹਾ ਹੈ । ਇਹ ਇਕ ਹੋਰ ਨਿਊਜ਼ ਹੈ ਕਿ Disputed deal with Hydel Project ਫਿਰ ਇਹ ਕਹਿੰਦੇ ਹਨ ਕਿ ਅਸੀਂ ਇਹ ਕੰਮ ਬਹੁਤ ਛੇਤੀ ਕਰ ਰਹੇ ਹਾਂ । ਮੁਕੇਰੀਆਂ ਬਾਰੇ ਕਿਹਾ ਗਿਆ ਹੈ ਕਿ ਮਸ਼ੀਨਰੀ ਨਹੀਂ ਮਿਲ ਰਹੀ। (ਵਿਘਨ)

ਸ਼੍ਰੀ ਸਭਾਪਤੀ : ਚਾਰ ਪੰਜਾਂ ਮਿੰਟਾਂ ਵਿਚ ਹੀ ਵਾਈਂਡ ਅਪ ਕਰੋ। ਤੁਸੀਂ ਬੜੀਆਂ ਪਿਆਰੀਆਂ ਗਲਾਂ ਕਰ ਰਹੇ ਹੋ। ਤੁਹਾਨੂੰ ਸ਼ੁਕਰਵਾਰ ਵੀ ਸੁਣਨਾ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਚੇਅਰ ਮੈਨ ਸਾਹਿਬ, ਮੁਕੇਰੀਆਂ ਬਾਰੇ ਇਨ੍ਹਾਂ ਨੂੰ ਮਸ਼ੀਨਰੀ ਹੀ ਨਹੀ ਮਿਲ ਰਹੀ। ਇਸ ਦੇ ਨਾਲ ਹੀ ਜਿਹੜੀ ਉਨ੍ਹਾਂ ਨੂੰ ਮਸ਼ੀਨਰੀ ਮਿਲ ਰਹੀ ਹੈ ਉਹ ਖਰਾਬ ਮਿਲ ਰਹੀ ਹੈ । ਜਿਹੜੀ ਉਥੇ ਕਰੇਨ ਆਈ ਹੈ, ਉਹ ਨਵੀਂ ਹੀ ਖਰਾਬ ਹੈ । ਇਹ ਹਾਲ ਹੈ ਇਨ੍ਹਾਂ ਦੇ ਪ੍ਰਾਜੈਕਟ ਚਲਾਉਣ ਦਾ । ਪਹਿਲਾਂ ਤਾਂ ਮਸ਼ੀਨਰੀ ਆਉ ਦੀ ਨਹੀਂ ਹੈ, ਜੇਕਰ ਆਉਂਦੀ ਹੈ ਤਾਂ ਉਹ ਖਰਾਬ ਆਉਂਦੀ ਹੈ ਅਤੇ ਇਹ ਵੀ ਨਹੀਂ ਪਤਾ ਕਿ ਕਦੋਂ ਆਉਂਦੀ ਹੈ। ਮਸ਼ੀਨਰੀ ਆਉਣ ਤੋਂ ਅੱਠ ਮਹੀਨੇ ਬਾਅਦ ਤਾਂ ਉਸ ਨੂੰ ਲਗਾਉਣ ਨੂੰ ਲਗਣਗੇ । ਜੇਕਰ ਅਜਿਹੀ ਹਾਲਤ ਹੈ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੁੰਦੜ]

ਫਿਰ ਕਿਸ ਤਰ੍ਹਾਂ ਉਹ ਪ੍ਰਾਜੈਕਟ 1984 ਤੋਂ ਪਹਿਲਾਂ ਜਾਏਗਾ । ਡਿਸਪਿਊਟਿਡ ਡੀਲ ਇਨ ਹਾਈਡ੍ਰਲ ਪ੍ਰਾਜੈਕਟ ਬਾਰੇ ਕਰੋੜਾਂ ਰੁਪਏ ਦੀ ਮਸ਼ੀਨਰੀ ਖੜੀ ਹੈ। ਜਿਸ ਮਸ਼ੀਨਰੀ ਨੇ 1500 ਘੰਟੇ ਕੰਮ ਕਰਨਾ ਸੀ ਉਸ ਨੇ 12 ਘੰਟੇ ਕੰਮ ਕੀਤਾ ਹੈ ਅੌਰ ਜਿਸ ਮਸ਼ੀਨਰੀ ਨੇ 2500 ਘੰਟੇ ਕੰਮ ਕਰਨਾ ਸੀ ਉਸ ਨੇ 35 ਘੰਟੇ ਕੰਮ ਕੀਤਾ ਹੈ ਅੌਰ ਜਿਸ ਨੇ 2000 ਘੰਟੇ ਕੰਮ ਕਰਨਾ ਸੀ ਉਸ ਨੇ 20 ਘੰਟੇ ਕੰਮ ਕੀਤਾ ਹੈ । ਇਸ ਤਰ੍ਹਾਂ ਕਰ ਕੇ ਇਕ ਦੇ ਕੰਮ ਵਿਚ 100 ਗੁਣਾ ਡੀਲੇਅ ਹੋ ਗਈ ਹੈ ਅੌਰ ਇਸ ਪ੍ਰਾਜੈਕਟ ਦੇ ਕੰਮ ਵਿਚ ਸੌ ਗੁਣਾ ਦੇਰ ਲਗੇਗੀ । ਮੈਂ ਚੈਲੰਜ ਕਰਦਾ ਹਾਂ ਕਿ ਇਨ੍ਹਾਂ ਪ੍ਰਾਜੈਕਟਾਂ ਦਾ ਕੰਮ ਠੀਕ ਤਰ੍ਹਾਂ ਨਹੀਂ ਚਲ ਰਿਹਾ । (ਥੰਪਿੰਗ)

ਇਹ ਕਹਿੰਦੇ ਹਨ ਕਿ ਥੀਨ ਡੈਮ ਲਈ 12 ਕਰੋੜ ਰੁਪਿਆ ਰੱਖਿਆ ਗਿਆ ਹੈ। ਇਨ੍ਹਾਂ ਦੀਆਂ ਇਹ ਆਪਣੀਆਂ ਫਿਗਰਜ਼ ਹਨ । ਜੇਕਰ ਇਹ 119 ਕਰੋੜ ਰੁਪਏ ਸਾਲ ਦੇ ਲਗਾਉਣ ਤਾਂ ਜਾਂ ਕੇ ਇਹ 1988-89 ਵਿਚ ਕੰਪਲੀਟ ਹੋਵੇਗਾ । ਪਰ ਇਸ ਦੀ ਬਜਾਏ ਇਹ ਲਗਾ ਰਹੇ ਹਨ ਸਿਰਫ 12 ਕਰੋੜ ਅਤੇ ਬਾਕੀ ਰੁਪਏ ਲਈ ਇਹ ਕਹਿੰਦੇ ਹਨ ਕਿ ਦਿਲੀ ਦੀ ਸਰਕਾਰ ਨਾਲ ਗਲ ਬਾਤ ਕਰ ਰਹੇ ਹਾਂ । ਇਹ ਕਹਿੰਦੇ ਹਨ ਕਿ ਬਾਕੀ ਦਾ ਬਾਹਰੋਂ ਪੈਸਾ ਲਿਆਉਣ ਦੀ ਕੋਸ਼ਿਸ਼ ਕਰਾਂਗੇ। ਪਰ ਦਿੱਲੀ ਵਾਲੇ ਤਾਂ ਜੋ ਅਗੇ ਹੈ ਉਸ ਨੂੰ ਵੀ ਖੋਹਣ ਨੂੰ ਫਿਰਦੇ ਹਨ । ਪੰਜਾਬ ਦੀ ਪਾਵਰ ਪਿਕੱਚਰ ਬਾਰੇ ਨਿਊਜ਼ ਇਸ ਪ੍ਰਕਾਰ ਹੈ :—

A brief prepared by the Punjnb State Electricity Board says that in 1999-2000, demand for the power will be 45597 million units against its availablity of 19992 million units. What has surprised the Experts is the revelation that the deficit of power in Punjab will not be a sudden phenomena.

35 ਸਾਲ ਜੋ ਇਨ੍ਹਾਂ ਨੇ ਰਾਜ ਕੀਤਾ ਜਾਂ ਫਿਰ ਇਥੇ ਜੋ 29 ਸਾਲ ਇਨ੍ਹਾਂ ਨੇ ਰਾਜ ਕੀਤਾ, ਉਸ ਦੀ ਜ਼ਿਮੇਵਾਰੀ ਇਨ੍ਹਾਂ ਦੀ ਹੈ। The shortfall will be 2199-2000 million units in 1985-86।

ਇਹ ਪੰਜਾਬ ਵਿਚ ਪਾਵਰ ਦੀ ਪਿਕਚਰ ਹੈ। 1985-86 ਤਕ ਰੱਬ ਕ੍ਰਿਪਾ ਰਖੇ ਫਿਰ ਵੀ ਇਥੇ ਪਾਵਰ ਵਿਚ ਐਨਾ ਹੀ ਘਾਟਾ ਹੋਏਗਾ । ਇਸ ਤੋਂ ਇਨ੍ਹਾਂ ਦੀ ਪਾਵਰ ਯੋਜਨਾ ਦਾ ਪਤਾ ਲਗਦਾ ਹੈ।

ਸ਼੍ਰੀ ਸਭਾਪਤੀ : ਤੁਸੀਂ ਇਕ ਮਿਨਟ ਵਿਚ ਵਾਈਂਡ ਅਪ ਕਰੋ ।

ਸਰਦਾਰ ਬਲ ਵਿੰਦਰ ਸਿੰਘ ਭੁੰਦੜ : ਮੈਨੂੰ ਟਾਈਮ ਦਿਓ । ਇਨ੍ਹਾਂ ਦੀ ਨਲਾਇਕੀ ਦਾ ਸਬੂਤ ਬਠਿੰਡਾ ਥਰਮਲ ਪਲਾਂਟ ਹੈ । ਇਹ ਕਹਿ ਰਹੇ ਹਨ ਕਿ ਬਠਿੰਡੇ ਥਰਮਲ ਪਲਾਂਟ ਦੀ ਐਫੀਸ਼ੈਂਸੀ ਇਨਕਰੀਜ਼ ਕਰ ਦਿੱਤੀ ਹੈ। ਪਰ ਇਹ ਨਿਊਜ਼ ਹੈ 'ਥਰਮਲ ਪਲਾਂਟ, ਬਠਿੰਡਾ ਇਨ ਪੈਰਲ'। ਉਹ ਕਹਿੰਦੇ ਹਨ ਕਿ ਉਹ ਇਸ ਨੂੰ ਬੰਦ ਕਰਨ ਨੂੰ ਤਿਆਰ ਬੈਠੇ ਹਨ। ਉਥੇ ਕੋਲਾਂ ਨਹੀਂ ਆ ਰਿਹਾ ਕਿਉਂ ਕਿ ਉਸ ਲਈ ਪੈਸੇ ਨਹੀਂ ਭਜੇ ਜਾ ਰਹੇ ।

ਜੱਗ ਬਾਣੀ ਵਿਚ ਲਿਖਿਆ ਹੈ ਕਿ ਬੋਰਡ ਦੀ ਨਲਾਇਕੀ ਕਾਰਣ ਨਾਪਥਾ ਝਾਖੜੀ ਯੋਜਨਾ ਪੰਜਾਬ ਦੇ ਹੱਥੋਂ ਚਲੀ ਗਈ। ਥੀਨ ਡੈਮ ਦੀ ਉਸਾਰੀ ਲਈ ਇਨ੍ਹਾਂ ਦੇ ਚੌਧਰੀ ਕਾਂਸ਼ੀ ਰਾਮ ਜੀ ਕਹਿ ਰਹੇ ਹਨ ਕਿ ਹਾਲੇ ਕੇਂਦਰ ਤੋਂ ਹਰੀ ਝੰਡੀ ਨਹੀਂ ਮਿਲੀ । ਇਹ ਸੌ ਸਾਲ ਡੈਸ ਨਹੀਂ

Original with;
Punjab Vidhan Sabha
Digitized by;
Punjab Digital Library

ਬਣਨਾ । ਇਹ ਸੂਬਾ ਤਬਾਹੀ ਵਲ ਜਾ ਰਿਹਾ ਹੈ । ਜੇਕਰ ਇਨ੍ਹਾਂ ਨੇ ਕੰਮ ਨਹੀਂ ਕਰਨਾ ਤਾਂ ਇਹ ਬੁਢੇ ਬੁਢੇ ਜੋ ਵਜ਼ੀਰ ਆ ਗਏ ਹਨ ਇਨ੍ਹਾਂ ਨੂੰ ਮਨਿਸਟਰੀਆਂ ਛੱਡ ਦੇਣੀਆਂ ਚਾਹੀਦੀਆਂ ਹਨ ਅੱਜ ਇਨ੍ਹਾਂ ਦੀ ਬਜਾਏ ਯੰਗ ਬੰਦੇ ਆਉਣੇ ਚਾਹੀਦੇ ਹਨ । ਇਹ ਬੁਢਿਆਂ ਤੋਂ ਹੁਣ ਕੰਮ ਨਹੀਂ ਹੁੰਦਾ ।

ਸ਼੍ਰੀ ਸਭਾਪਤੀ : ਤੁਸੀਂ ਬੈਠੋ. ਸ਼ੁਕਰਵਾਰ ਨੂੰ ਵੀ ਤੁਹਾਨੂੰ ਟਾਈਮ ਦੇਣਾ ਹੈ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਮੈਂ ਪਲੈਨ ਤੇ ਬੋਲ ਰਿਹਾ ਹਾਂ । ਹਾਲੇ ਮੈਂ ਐਜੂਕੇਸ਼ਨ ਬਾਰੇ ਵੀ ਦਸਣਾ ਸੀ ।

ਸਰਦਾਰ ਜਗਦੇਵ ਸਿੰਘ ਜੱਸੋਵਾਲ (ਰਾਏ ਕੋਟ) : ਚੇਅਰਮੈਨ ਸਾਹਿਬ, ਬਜਟ ਉਤੇ ਬਹਿਸ ਦੌਰਾਨ ਮੈਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਜੋ ਸਮਾਂ ਮਿਲਿਆ ਹੈ ਉਸ ਲਈ ਮੈਂ ਆਪ ਜੀ ਦਾ ਧੰਨਵਾਦੀ ਹਾਂ। ਜਦੋਂ ਕਿਸੇ ਸਰਕਾਰ ਦਾ ਬਜਟ ਆਉਂਦਾ ਹੈ ਤਾਂ ਨਾ ਸਿਰਫ ਉਥੋਂ ਦੇ ਆਮ ਲੋਕਾਂ ਦੀ ਆਮ ਸਿਟੀਜ਼ਨਜ਼ ਦੀ ਤਵਜੋ ਉਸ ਬਜਟ ਉਤੇ ਆਉਂਦੀ ਹੈ ਬਲਕਿ ਪੁਲੀਟੀਕਲ ਪਾਰਟੀਆਂ ਵੀ ਜਦੋਂ ਕੋਈ ਬਜਟ ਆਉਂਦਾ ਹੈ ਤਾਂ ਉਸ ਬਜਟ ਤੇ ਆਪਣੀ ਆਪਣੀ ਰਾਏ ਦਿੰਦੀਆਂ ਹਨ । (ਵਿਘਨ)

ਸਰਦਾਰ ਬੀਰ ਦਵਿੰਦਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ । ਸਰਦਾਰ ਆਤਮਾ ਸਿੰਘ ਜੀ ਨੈਕਡ ਟਰੈਂਗਲ ਕਿਤਾਬ ਦਿਖਾ ਰਹੇ ਹਨ। ਇਨ੍ਹਾਂ ਨੂੰ ਪੁਛੋ ਕਿ ਇਸ ਦਾ ਕੀ ਮਤਲਬ ਹੈ ?

ਸਰਦਾਰ ਜਗਦੇਵ ਸਿੰਘ ਜੱਸੋਵਾਲ : ਪੰਜਾਬ ਦੀ ਇਕਾਨਮੀ ਦੇ, ਪੰਜਾਬ ਦੇ ਲੋਕਾਂ ਦੀ ਵੈਲਫੇਅਰ ਦੇ, ਪੰਜਾਬ ਦੇ ਲੋਕਾਂ ਦੇ ਇੰਟ੍ਰਸਟ ਦੇ ਬਹੁਤ ਸਾਰੇ ਮਸਲੇ ਬਜਟ ਵਿਚ ਇਨਕਾਰਪੋਰੇਟ ਹੁੰਦੇ ਹਨ । ਇਸ ਲਈ ਉਨ੍ਹਾਂ ਨੂੰ ਆਪਣੇ ਕੀਮਤੀ ਸੁਝਾਓ ਅਤੇ ਕੀਮਤੀ ਰਾਏ ਇਸ ਮੌਕੇ ਤੇ ਦੇਣੀਆਂ ਚਾਹੀਦੀਆਂ ਹਨ । ਲੇਕਿਨ ਵੇਖਣ ਵਿਚ ਆਉਂਦਾ ਹੈ ਕਿ ਇਸ ਮੌਕੇ ਤੇ ਇਕ ਦੂਜੇ ਨੂੰ ਤਾਹਨੇ ਮਿਹਨੇ, ਇਲਜ਼ਾਮ ਤਰਾਸ਼ੀ, ਵੈਰ ਵਿਰੋਧ ਅਤੇ ਬਹੁਤ ਸਾਰੀਆਂ ਐਸੀਆਂ ਗਲਾਂ ਕੀਤੀਆਂ ਜਾਂਦੀਆਂ ਹਨ । ਇਸ ਲਈ ਬਜਟ ਉਤੇ ਬਹਿਸ ਦੇ ਅਸਲ ਮਨੋਰਥ ਦਾ ਇਕ ਪਾਸਾ ਰਹਿ ਜਾਂਦਾ ਹੈ। ਮੈਂ ਇਹ ਗਲ ਹਾਊਸ ਵਿਚ ਕਹਿਣ ਤੋਂ ਨਹੀਂ ਝਿਜਕਦਾ ਕਿ ਜੋ ਡਾਕਟਰ ਕੇਵਲ ਕ੍ਰਿਸ਼ਨ ਨੇ ਬਜਟ ਪੇਸ਼ ਕੀਤਾ ਹੈ ਇਹ ਰੀਅਲਿਸਟਿਕ ਬਜਟ ਹੈ ਅੱਜ ਇਕ ਬੈਲੈਂਸਡ ਬਜਟ ਹੈ । ਮੇਰੇ ਆਪੋਜ਼ੀਸ਼ਨ ਪਾਰਟੀ ਦੇ ਵੀਰਾਂ ਨੇ ਇਸ ਬਹਿਸ ਉਤੇ ਬੋਲਦਿਆਂ ਹੋਇਆਂ ਬਹੁਤ ਸਾਰੇ ਕਟਾਕਸ਼ ਕੀਤੇ ਹਨ ਅੱਜ ਬਹੁਤ ਸਾਰੀਆਂ ਚੋਟਾਂ ਕੀਤੀਆਂ ਹਨ । ਚੇਅਰਮਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਆਪਣੀ ਸਰਕਾਰ ਦੇ ਸਮੇਂ ਫਾਈਨੈਂਸ਼ਲ ਸਟਰਕਚਰ ਨੂੰ ਅਤੇ ਇਕਾਨੋਮੀ ਨੂੰ ਡਿਵੈਲਪ ਕਰਨ ਦਾ ਮੌਕਾ ਮਿਲਿਆ ਸੀ ਲੇਕਿਨ ਨਤੀਜਾ ਇਹ ਹੋਇਆ ਕਿ ਜਦੋਂ ਵੋਟਾਂ ਪਈਆਂ ਤਾਂ ਲੋਕਾਂ ਨੇ ਇਨ੍ਹਾਂ ਦਾ ਸਾਥ ਨਾ ਦਿਤਾ । ਇਹ ਬਾਰ ਬਾਰ ਇਥੇ ਹਾਊਸ ਵਿਚ ਇਹ ਗਲ ਕਹਿੰਦੇ ਰਹੇ ਕਿ ਕਾਂਗਰਸ ਸਰਕਾਰ ਸਾਡੇ ਨਾਲ ਵਿਤਕਰਾ ਕਰਦੀ ਹੈ । ਮੈਂ ਇਨ੍ਹਾਂ ਨੂੰ ਇਸ ਸਦਨ ਵਿਚ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਨਾਲ ਕਾਂਗਰਸ ਵਿਤਕਰਾ ਨਹੀਂ ਕਰਦੀ, ਤੁਹਾਡੇ ਨਾਲ ਵਿਤਕਰਾ ਲੋਕ ਕਰਦੇ ਹਨ ਜਿਹੜੇ ਵੋਟਾਂ ਦੇ ਸਮੇਂ ਤੁਹਾਨੂੰ ਵੋਟਾਂ ਨਹੀਂ ਪਾਉਂਦੇ । ਇਨ੍ਹਾਂ ਦੀ ਤਾਂ ਉਹ ਗਲ ਹੈ ਕਿ ਜਿਸ ਤਰ੍ਹਾਂ ਕਹਿੰਦੇ ਹਨ ਕਿ ਝਿਗੀ ਖੋਤੇ ਬੈਂ ਅਤੇ ਗੁਸਾ ਪੁਮਿਆਰ ਤੇ । ਇਸ ਲਈ ਇਨ੍ਹਾਂ ਨੂੰ ਸਾਡੇ ਤੇ ਗੁਸਾ ਨਹੀਂ ਕਰਨਾ ਚਾਹੀਦਾ । ਤੁਹਾਡੇ ਨਾਲ ਲੋਕ ਵਿਤਕਰਾ ਕਰਦੇ ਹਨ ਜਿਹੜੇ ਤੁਹਾਨੂੰ ਵੋਟਾਂ ਨਹੀਂ ਪਾਉਂਦੇ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮੈਂਬਰ ਸਰਦਾਰ ਬਰਨਾਲਾ ਜੀ ਅਤੇ ਸਰਦਾਰ ਬਲਵੰਤ ਸਿੰਘ ਨੇ ਬੋਲਦੇ ਹੋਏ ਬੜੇ ਬਹੁਮੁਲੇ ਵਿਚਾਰ ਰੱਖੇ । ਇਹ ਠੀਕ ਹੈ ਕਿ ਸਰਦਾਰ ਬਲਵੰਤ ਸਿੰਘ ਅਖਰਾਂ ਦੇ ਜਾਦੂਗਰ ਹਨ। ਉਨ੍ਹਾਂ ਦੀ ਗਲ ਤਾਂ ਉਸ ਤਰ੍ਹਾਂ ਹੈ ਜਿਵੇਂ ਕੋਈ ਜਾਦੂਗਰ ਆਪਣਾ ਮੂੰਹ ਖੋਲ੍ਹ ਕੇ ਵਿਚ ਇਕ ਚਾਂਦੀ ਦਾ ਰੁਪਿਆ ਪਾ ਲੈਂਦਾ ਹੈ ਅਤੇ ਕੁਝ ਦੇਰ ਬਾਅਦ ਮੂੰਹ ਖੋਲ੍ਹ ਕੇ ਵਿਚੋਂ ਸੌ ਦੋ ਸੌ ਰੁਪਏ ਬਾਹਰ ਕੱਢ ਕੇ ਵਿਖਾਉਂਦਾ ਹੈ । ਫਿਰ ਉਹ ਆਸੇ ਪਾਸੇ ਖੜੇ ਲੋਕਾਂ ਕੋਲੋਂ ਇਕ ਰੁਪਿਆ ਆਪਣੇ ਬੱਚਿਆਂ ਲਈ ਮੰਗਦਾ ਹੈ । ਸਿਆਣੇ ਆਦਮੀ ਝੱਟ ਜਾਣ ਜਾਂਦੇ ਹਨ ਕਿ ਜਿਹੜਾ ਆਦਮੀ ਆਪਣੇ ਮੂੰਹ ਵਿਚ 1 ਰੁਪਿਆ ਪਾ ਕੇ ਸੌ ਦੋ ਸੌ ਰੁਪਏ ਕੱਢ ਸਕਦਾ ਹੈ ਉਹ ਆਪਣੇ ਬੱਚਿਆਂ ਲਈ ਵੀ ਰੁਪਏ ਕੱਢ ਸਕਦਾ ਹੈ। ਬਲਵੰਤ ਸਿੰਘ ਨੇ ਇਕਨਾਮਿਕਸ ਦਾ ਆਪਣੀ ਪਾਰਟੀ ਨੂੰ ਕੋਈ ਲਾਭ ਨਹੀਂ ਪਹੁੰਚਾਇਆ । ਨਾ ਉਨ੍ਹਾਂ ਦੀ ਇਕਨਾਮਿਕਸ ਦਾ ਲੋਕਾਂ ਨੂੰ ਕੋਈ ਲਾਭ ਪਹੁੰਚਿਆ ਹੈ । ਉਨ੍ਹਾਂ ਨੇ ਆਪਣੀ ਇਕਨਾਮਿਕਸ ਦੀ ਜਾਦੂਗਰੀ ਦਾ ਲਾਭ ਆਪਣੇ ਲਈ ਇਸਤੇਮਾਲ ਕੀਤਾ ਹੈ। ਮੈਂਨੂੰ ਪਤਾ ਹੈ ਉਹ ਪਹਿਲਾਂ ਬੀ. ਡੀ. ਓ. ਰਹੇ ਹਨ। ਸਾਨੂੰ ਇਹ ਪਤਾ ਹੈ ਕਿ ਬੀ. ਡੀ. ਓ. ਦੀ ਤਨਖਾਹ ਕਿੰਨੀ ਹੁੰਦੀ ਹੈ। ਪਰ ਅੱਜ ਉਹ 500 ਕਰੋੜ ਰੁਪਏ ਦੀ ਕੰਸਟਰਕਸ਼ਨ ਕੰਪਨੀ ਦੇ ਮਾਲਿਕ ਬਣ ਗਏ ਹਨ। ਇਹ ਕਰਾਮਾਤ ਆਪਣੇ ਜੱਥੇਦਾਰਾਂ ਨੂੰ ਵੀ ਦੱਸੋ ਤਾਕਿ ਉਹ ਵੀ ਇਸ ਦਾ ਫਾਇਦਾ ਉਠਾਉਣ । (ਥੰਪਿੰਗ) ਚੇਅਰਮੈਨ ਸਾਹਿਬ, ਇਥੇ ਬਰਨਾਲਾ ਜੀ ਨੇ ਆਪਣੇ ਬਹੁਤ ਸਾਰੇ ਵਿਚਾਰ ਰਖੇ ਅੌਰ ਉਨ੍ਹਾਂ ਵਿਚਾਰਾਂ ਦੇ ਅੰਦਰ ਉਨ੍ਹਾਂ ਨੇ ਸੰਕੇਤ ਕਰਦਿਆਂ ਕਿਹਾ ਸੀ .....

ਸਰਦਾਰ ਬਸੰਤ ਸਿੰਘ : ** ** **

Mr. Chairman: No point of order.

ਸਰਦਾਰ ਜਗਦੇਵ ਸਿੰਘ ਜੱਸੋਵਾਲ: ਜਿਹੜੇ ਸਿਆਣੇ ਆਦਮੀ ਹੁੰਦੇ ਹਨ, ਉਨ੍ਹਾਂ ਨੂੰ ਦੱਸਣ ਦੀ ਲੋੜ ਨਹੀਂ ਹੈ ।

ਚੇਅਰਮਨ ਸਾਹਿਬ, ਬਰਨਾਲਾ ਜੀ ਨੇ ਬੱਜਟ ਤੇ ਬੋਲਦੇ ਹੋਏ ਅੰਡਿਆਂ ਦਾ ਜ਼ਿਕਰ ਕੀਤਾ । ਉਨ੍ਹਾਂ ਨੇ ਕਿਹਾ ਕਿ ਜਦ ਪਿੰਡਾਂ ਵਿਚੋਂ ਅੰਡੇ ਸ਼ਹਿਰ ਆਉਂਦੇ ਹਨ ਤਾਂ ਉਨ੍ਹਾਂ ਉਤੇ ਟੈਕਸ ਲਗਦਾ ਹੈ। ਉਨ੍ਹਾਂ ਨੇ ਉਸ ਉਤੇ ਕਟਾਕਸ਼ ਕੀਤੀ ਹੈ । ਇਸ ਗਲ ਤੋਂ ਮੈਨੂੰ ਇਕ ਗੱਲ ਯਾਦ ਆ ਗਈ ਹੈ ਕਿ ਮੇਰੇ ਅਕਾਲੀ ਵੀਰਾਂ ਦੀ ਪਾਰਟੀ ਅੌਸੀ ਹੈ ਜਿਸ ਦੇ ਥੱਲੇ ਕੁਕੜੀ ਦੇ ਵੀ ਅੰਡੇ ਸਨ, ਬਤਖ ਦੇ ਵੀ ਅੰਡੇ ਸਨ, ਘੁਗੀ ਦੇ ਵੀ ਅੰਡੇ ਸਨ ਅਤੇ ਮੁਰਗੀ ਦੇ ਵੀ ਅੰਡੇ ਸਨ । ਪਰ ਜਦੋਂ ਜਨਮ ਹੋਇਆ ਤਾਂ ਬਤਖ ਦੇ ਅੰਡੇ ਪਾਣੀ ਵਿਚ ਚਲੇ ਗਏ, ਘੁੱਗੀ ਦੇ ਅੰਡੇ ਉਡ ਗਏ ਅਤੇ ਮੁਰਗੀ ਦੇ ਅੰਡੇ ਹੇਠਾਂ ਰਹਿ ਗਏ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਤੁਸੀਂ ਕਿਹੜੇ ਅੰਡੇ ਹੋ ?

ਸਰਦਾਰ ਜਗਦੇਵ ਸਿੰਘ ਜੱਸੋਵਾਲ : ਅਕਾਲੀ ਪਾਰਟੀ ਦਾ ਮੈਨੀਫੈਸਟੋ ਮੇਰੇ ਕੋਲ ਹੈ । (ਵਿਘਨ) ਇਨ੍ਹਾਂ ਨੂੰ ਕੰਸਟਰਕਟਿਵ ਸੁਝਾਓ ਦੇਣੇ ਚਾਹੀਦੇ ਸਨ । ਇਨ੍ਹਾਂ ਨੂੰ ਚਾਹੀਦਾ ਸੀ ਕਿ ਜਿਹੜੀਆਂ ਚੰਗੀਆਂ ਗਲਾਂ ਸਰਕਾਰ ਵਲੋਂ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਵੀ ਧਿਆਨ ਵਿਚ ਰਖਦੇ ।

**Expunged as ordered by the Chair,

Original with;
Punjab Vidhan Sabha
Digitized by;
Panjab Digital Library

ਲੁਧਿਆਣਾ ਵਿਚ ਜਿਹੜੀ ਇਨ੍ਹਾਂ ਦੀ ਕਾਨਫਰੰਸ ਹੋਈ ਸੀ, ਉਸ ਵਿਚ ਜਿੰਨੇ ਵੀ ਮਸਲੇ ਉਠੇ ਸੀ ਉਨ੍ਹਾਂ ਮਸਲਿਆਂ ਦੇ ਬਾਰੇ, ਚਾਹੇ ਲੁਧਿਆਣਾ ਵਿਚ ਸਟਾਕ ਐਕਸਚੇਂਜ ਸ਼ੁਰੂ ਕਰਨ ਦਾ ਸੀ, ਚਾਹੇ ਇੰਟਰਨੈਸ਼ਨਲ ਹਵਾਈ ਅੱਡੇ ਨੂੰ ਅੰਮ੍ਰਿਤਸਰ ਵਿਚ ਸ਼ੁਰੂ ਕਰਨ ਬਾਰੇ ਸੀ, ਇਨ੍ਹਾਂ ਸਾਰੀਆਂ ਗੱਲਾਂ ਦਾ ਉਹ ਜ਼ਿਕਰ ਕਰਦੇ ਅਤੇ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਵਿਚ ਇਹ ਸਰਕਾਰ ਜਿਹੜੀ ਸਫਲਤਾ ਪੂਰਵਕ ਅੱਗੇ ਵਧ ਰਹੀ ਹੈ ਉਸ ਨੂੰ ਮੁਬਾਰਕਬਾਦ ਦਿੰਦੇ ਲੇਕਿਨ ਸਰਦਾਰ ਬਲਵੰਤ ਸਿੰਘ ਮੁਬਾਰਕਬਾਦ ਨਹੀਂ ਦੇ ਸਕਦੇ ਕਿਉਂ ਕਿ ਉਹ ਇਧਰੋਂ ਕਾਂਗਰਸ ਵਿਚੋਂ ਗਏ ਹਨ। ਉਨ੍ਹਾਂ ਦੀ ਤਾਂ ਉਹ ਗਲ ਜਿਵੇਂ ਨਵੀਂ ਵਿਆਹੀ ਵਹੁਟੀ ਆਪਣੇ ਜੇਠ ਅਤੇ ਸਹੁਰੇ ਦਾ ਨਾਮ ਲੈਣ ਤੋਂ ਸ਼ਰਮਾਉਂਦੀ ਹੈ, ਇਸ ਲਈ ਉਨ੍ਹਾਂ ਨੇ ਨਾਮ ਨਹੀਂ ਲਿਆ। ਉਨ੍ਹਾਂ ਨੇ ਦੱਬੀ ਜ਼ਬਾਨ ਵਿਚ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦੇ ਅੰਦਰ ਕੁਝ ਐਸੇ ਮਸਲੇ ਹਨ, ਕੁਝ ਐਸੇ ਨੁਕਤੇ ਹਨ ਜਿਨ੍ਹਾਂ ਦੀ ਮੈਂ ਪ੍ਰਸੰਸਾ ਕਰਦਾ ਹਾਂ। ਇਸ ਦੇ ਨਾਲ ਹੀ ਬਲਵੰਤ ਸਿੰਘ ਨੇ ਇਹ ਗਲ ਵੀ ਕਹੀ ਕਿ ਸਾਡੀ ਦਿਲੀ ਨਾਲ ਖੁਲ੍ਹੀ ਗਲ ਹੋ ਰਹੀ ਹੈ। ਉਨ੍ਹਾਂ ਨੂੰ ਇਸ ਗਲਬਾਤ ਲਈ ਮੁਬਾਰਕਬਾਦ। ਸਾਡੇ ਵਲੋਂ ਉਨ੍ਹਾਂ ਨੂੰ ਇਸ ਗਲ ਦੀ ਬਹੁਤ ਬਹੁਤ ਮੁਬਾਰਕਬਾਦ ਕਿਉਂਕਿ ਅਕਾਲੀ ਪਾਰਟੀ ਦਾ ਜੇ ਬੁਨਿਆਦੀ ਤੌਰ ਤੇ ਵੇਖਿਆ ਜਾਵੇ ਤਾਂ ਕਾਂਗਰਸ ਨਾਲ ਕਦੇ ਟਕਰਾਓ ਨਹੀਂ ਰਿਹਾ। ਉਨਾਂ ਨੇ ਹਮੇਸ਼ਾ ਹੀ ਕਾਂਗਰਸ ਦਾ ਸਾਥ ਦਿਤਾ ਹੈ। ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। 1932 ਦਾ ਸਮਾਂ ਐਸਾ ਸਮਾਂ ਸੀ ਜਿਸ ਸਮੇਂ ਸਰਦਾਰ ਬਲਦੇਵ ਸਿੰਘ ਅਕਾਲੀ ਪਾਰਟੀ ਦੇ ਪ੍ਰਧਾਨ ਸਨ। ਉਨ੍ਹਾਂ ਨੇ ਕਿਹਾ ਸੀ—

The speeches were made aginst the Unionist Party for its repressive policies. S. Baldev Singh in his Presidential address stated that 'Next to my duty towards God and my great Gurus, I sincerely believe that it is my duty to obey the mandate of the Congress, and I hold that the Congress mandate is binding upon me. This I do, not because of personal considerations, but as I consider the Congress to be the trustee of our national honour and national self-repsect and the only national organisation that has done more for the liberation of our mother country and the emanicipation of the poor masses than any other organisation. The collaboration between the Congress and Akalis continued till the second world war.

ਮਾਨਯੋਗ ਚੇਅਰਮੈਨ ਸਾਹਿਬ, ਅਕਾਲੀ ਪਾਰਟੀ ਨੇ ਹਮੇਸ਼ਾ ਹੀ ਕਾਂਗਰਸ ਦਾ ਸਾਥ ਦਿਤਾ ਹੈ। ਅਕਾਲੀ ਪਾਰਟੀ ਨੇ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਵੀ ਕਾਂਗਰਸ ਦਾ ਸਾਥ ਦਿਤਾ ਸੀ। ਉਸ ਮੌਕੇ ਇਨ੍ਹਾਂ ਦੀ ਲੀਡਰਸ਼ਿਪ ਸਿਆਣੀ ਸੀ ਅਤੇ ਦੂਰ ਅੰਦੇਸ਼ੀ ਵਾਲੀ ਸੀ। ਫਿਰ 1946 ਵਿਚ ਵੀ ਐਸਾ ਮੌਕਾ ਆਇਆ ਜਦੋਂ ਅਕਾਲੀ ਪਾਰਟੀ ਨੇ ਬਕਾਇਦਾ ਤੌਰ ਤੇ ਜਦੋਂ ਪੰਜਾਬ ਦੇ ਅੰਦਰ ਯੂਨੀਅਨਿਸਟ ਪਾਰਟੀ ਬਕਾਇਦਾ ਤੌਰ ਤੇ ਮਜ਼ਾਰਿਟੀ ਉਸ ਦੀ ਆਪਣੀ ਨਹੀਂ ਸੀ, ਸਿੰਗਲ ਪਾਰਟੀ ਦੀ ਮੈਜ਼ਾਰਿਟੀ ਸੀ ਉਸ ਮੌਕੇ ਦੇ ਉਤੇ ਮਾਸਟਰ ਤਾਰਾ ਸਿੰਘ, ਜਿਹੜੇ ਅਕਾਲੀ ਦਲ ਦੇ ਪ੍ਰਧਾਨ ਸਨ, ਉਨ੍ਹਾਂ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਸਰਬ ਹਿੰਦ ਕਾਨਫਰੰਸ ਕੀਤੀ। ਉਸ ਵਿਚ ਮਤਾ ਲਿਆਂਦਾ। ਇਹ ਮੇਰੇ ਕੋਲ ਕਿਤਾਬ ਹੈ 'ਇਲਸਟਰੇਟਿਡ ਹਿਸਟਰੀ ਆਫ ਦੀ ਸਿੱਖਸ, ਜਿਹੜੀ ਕਿ ਗੁਰਰਤਨਪਾਲ ਸਿੰਘ ਨੇ ਲਿਖੀ ਹੈ, ਇਸ ਵਿਚ ਲਿਖਿਆ ਹੈ —

The Working Committee of the Akali Dal met at Delhi. It was attended by all the members and the Sikh leaders including Master Tara Singh, Sardar Baldev Singh, Kartar Singh Majhail, Nagoke and Bachittar Singh, The resoluion of 1929 to give the Sikhs full satisfaction in the matter of communal safeguards affecting them and whereas the

Original with;
Punjab Vidhan Sabha
Digitized by;
Panjab Digital Library

[Sardar Jagdev Singh Jassowal]

Minority Advisory Committee has appointed a High Power Small Committee of among others Dr. Rajinder Parshad, Congress President, Pandit Jawahar Lal Nehru, Sardar Patel and whereas the right course for the Sikhs is to trust the sense of fairness and generosity of these big personalities, the meeting of the Working Committee of the Shiromani Akali Dal after due deliberations resolves that all Members of Panthic Akali Party both at the centre and in the East Punjab are advised to join the Congress Assembly parties forthwith.

Mr. Chairman (Shri Ram Swaroup Baghi) : The House stands adjourned till 9.00 A.M. on Thursday, the 18th March, 1982.

*1.30 P.M. (*The Sabha then adjourned till* 9.00 *A.M. on Thursday, the* 18*th March*, 1982)

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated 17th March, 1982

Vol. IV—No. 13

STARRED QUESTION AND ANSWER

Employees of the Health Department Punjab on deputation with the Chandigarh Administration

*1475. **Sardar Atma Singh** : Will the Minister for Health be pleased to state—

(a) the names of doctors and other employees of the Health Department, Punjab, who are on deputation with the Union Territory, Chandigarh Administration together with the date since when each of them has been on deputation ;

(b) whether the Government recalled any of the employees referred to in part (a) above during the period from 1967 to 31st January, 1982; if so, when ;

(c) whether the employees referred to in part (b) above complied with the orders of the Government; if not, the reasons therefor together with the details of the action taken against them ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਤੋਂ (ਏ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੳ) ਲੋੜੀਂਦੀ ਸੂਚਨਾ ਅਨੁਲੱਗ--1 ਵਿਚ ਦਿੱਤੀ ਜਾਂਦੀ ਹੈ ।

(ਅ) ਸੂਚਨਾ ਹੇਠ ਲਿਖੇ ਅਨੁਸਾਰ ਹੈ :---

ਕ੍ਰਮ ਨੰ:	ਕਰਮਚਾਰੀ ਦਾ ਵੇਰਵਾ	ਮਿਤੀ ਜਦੋਂ ਵਾਪਸ ਬੁਲਾਇਆ ਗਿਆ
1.	ਸ਼੍ਰੀ ਲਖਨ ਕੁਮਾਰ ਫ਼ਾਰਮਾਸਿਸਟ	17-11-78
2.	ਡਾਕਟਰ (ਮਿਸਿਜ਼) ਗੁਰਦੀਪ ਕੌਰ	13-9-79
3.	ਸ਼੍ਰੀ ਅਜੀਤ ਕੁਮਾਰ ਸਿੰਗਲਾ, ਸੁਪਰਡੰਟ ਗਰੇਡ--4	21-3-80
4.	ਸ਼੍ਰੀ ਸਤਪਾਲ ਅੱਲ, ਸੁਪਰਡੰਟ ਗਰੇਡ--4	21-3-80
5.	ਡਾਕਟਰ ਭਜਨ ਸਿੰਘ	11-6-81
6.	ਡਾਕਟਰ (ਮਿਸਿਜ਼) ਐਸ. ਕਟਾਰੀਆ	12-8-81

Original with;
Punjab Vidhan Sabha
Digitized by;
Panjab Digital Library

(ਏ) ਲੱੜੀਂਦੀ ਸੂਚਨਾ ਅਨੁਲੱਗ–2 ਵਿਚ ਦਿੱਤੀ ਜਾਂਦੀ ਹੈ ।

ਅਨੁਲੱਗ–1

ਕ੍ਰਮ ਨੰ:	ਕਰਮਚਾਰੀਆਂ ਦਾ ਵੇਰਵਾ	ਡੈਪੂਟੇਸ਼ਨ ਦੀ ਮਿਤੀ
	ਪੀ.ਸੀ.ਐਮ.ਐਸ.-I ਡਾਕਟਰਜ਼	
1.	ਡਾ: (ਮਿਸਿਜ਼) ਐਸ. ਕਟਾਰੀਆ	11-11-1966
2.	ਡਾ: ਭਜਨ ਸਿੰਘ	1-11-1966
3.	ਡਾ: (ਮਿਸਿਜ਼) ਕਰਿਸ਼ਨਾ ਸੋਢੀ	1-11-1966
4.	ਡਾ: ਮੋਤੀ ਸਾਗਰ ਜੈਨ	30-7-1973
5.	ਡਾ: ਕੁਲਦੀਪ ਸਿੰਘ	1-11-1966
6.	ਡਾ: (ਮਿਸਿਜ਼) ਗੁਰਦੀਪ ਕੌਰ	24-5-1972
7.	ਡਾ: ਸੀ. ਬੀ. ਸਰਦਾਨਾ	1-11-1966
8.	ਡਾ: ਧਰਮ ਪਾਲ ਕਾਂਮਲ	13-8-1973
9.	ਡਾ: ਐਨ. ਸੀ. ਗੋਇਲ	1-11-1966
10.	ਡਾ: ਬਰਿਜ ਭੂਸ਼ਨ	1-11-1966
11.	ਡਾ: ਅਜੀਤ ਕੁਮਾਰ ਗੁਪਤਾ	28-7-1973
12.	ਡਾ: ਅਵਤਾਰ ਸਿੰਘ	25-3-1974
13.	ਡਾ: (ਮਿਸਜ਼) ਸਨਤੋਸ਼ ਗੁਪਤਾ	14-12-1973
14.	ਡਾ: ਐਚ. ਸੀ. ਗੁਪਤਾ	18-1-1978
15.	ਡਾ: ਗੁਰਜੀਤ ਸਿੰਘ	8-12-1977
	ਪੀ.ਸੀ.ਐਮ.ਐਸ.–II ਡਾਕਟਰਜ਼	
16.	ਡਾ: ਕੇ. ਐਲ. ਨਾਇਰ	7-12-1970

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ.	ਕਰਮਚਾਰੀਆਂ ਦਾ ਵੇਰਵਾ	ਡੈਪੂਟੇਸ਼ਨ ਦੀ ਮਿਤੀ
17.	ਡਾ: ਜੀ. ਐਸ. ਸੰਧੂ	6-8-1977
18.	ਡਾ: ਰਾਜ ਪਾਲ ਸਿੰਘ	20-12-1976
19.	ਡਾ: ਵਰਿੰਦਰ ਜੀਤ ਸਿੰਘ	21-6-1978
20.	ਡਾ: ਪਵਨ ਕੁਮਾਰ	31-1-1975
21.	ਡਾ: (ਮਿਸਿਜ਼) ਸਰਵਜੀਤ ਕੌਰ	26-7-1978
22.	ਡਾ: ਕਿਰਤੀ ਪਾਲ ਸਿੰਘ	3-9-1980
23.	ਡਾ: (ਮਿਸਿਜ਼) ਜਗਦੀਪ ਰਿਆੜ	13-10-1978
24.	ਡਾ: ਜੇ. ਕੇ. ਕਾਲੜਾ	28-3-1979
25.	ਡਾ. ਪਰਦੀਪ ਕੁਮਾਰ ਸ਼ਰਮਾ	ਮਾਰਚ, 1980
26.	ਡਾ. ਗੁਰਦਰਸ਼ਨ ਸਿੰਘ	8-10-80
27.	ਡਾ. ਜਸਵੰਤ ਰਾਏ ਚੁਹਾਨ	15-3-80
28.	ਡਾ. ਜਤਿੰਦਰ ਪਾਲ ਸਿੰਘ	15-4-80
29.	ਡਾ. (ਮਿਸ਼ਿਜ) ਵਾਈ ਦਾਢਰਾ	15-12-81
30.	ਡਾ. ਪ੍ਰਮੋਦ ਕੁਮਾਰ, ਡੈਂਟਲ ਸਹਾਇਕ ਸਰਜਨ	29-4-80
	ਹੋਰ ਸਟਾਫ	
31.	ਸ਼੍ਰੀ ਖਾਜਿੰਦਰ ਪਾਲ ਸੈਣੀ, ਜੂਨੀਅਰ ਸੈਰਟਿਸਟੀਕਲ ਨਸੋਲੋਜਿਸਟ	19-2-75
32.	ਸ਼੍ਰੀ ਰਿਪੂਦੁਮਣ ਸਿੰਘ, ਸੁਪਰਡੰਟ ਗਰੇਡ 4	5-2-68
33.	ਸ਼੍ਰੀ ਅਜੀਤ ਕੁਮਾਰ ਸਿੰਗਲਾ, ਸੁਪਰਡੰਟ ਗਰੇਡ 4 (ਇਨ ਐਬਸੈਂਨਸੀਆ)	23-4-68
34.	ਸ਼੍ਰੀ ਸੱਤ ਪਾਲ ਐਲ, ਸੁਪਰਡੰਟ ਗਰੇਡ 4 (ਇਨ ਐਬਸੈਂਸੀਆ)	7-9-68
35.	ਸ਼੍ਰੀ ਹਰਬੰਸ ਲਾਲ, ਸਹਾਇਕ	1-11-66
36.	ਸ਼੍ਰੀ ਓਮ ਪ੍ਰਕਾਸ਼, ਸੀਨੀਅਰ ਕਲਰਕ (ਸਟੋਰ ਕੀਪਰ)	1-11-66

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ:	ਕਰਮਚਾਰੀਆਂ ਦਾ ਵੇਰਵਾ	ਡੈਪੂਟੇਸ਼ਨ ਦੀ ਮਿਤੀ
37.	ਸ਼੍ਰੀ ਤਰਲੋਚਨ ਸਿੰਘ, ਟੀ. ਬੀ. ਹੈਲਥ ਵਿਜ਼ੀਟਰ	1-9-73
38.	ਸ਼੍ਰੀ ਬਲਬੀਰ ਸਿੰਘ, ਲਬਾਰਟਰੀ ਸਹਾਇਕ ਗਰੇਡ-2 (ਮੈਡੀਕਲ ਸਾਈਡ)	2-8-73
39.	ਸ਼੍ਰੀ ਪਵਨ ਕੁਮਾਰ, ਲਬਾਰਟਰੀ ਸਹਾਇਕ (ਮਲੇਰੀਆ ਸਾਈਡ)	12-6-73
40.	ਸ਼੍ਰੀ ਗੁਰਦੀਪ ਸਿੰਘ, ਮਲੇਰੀਆ ਇਨਸਪੈਕਟਰ	4-3-67
41.	ਸ਼੍ਰੀ ਜਸਬੀਰ ਸਿੰਘ, ਸ਼ੈਨੇਟਰੀ ਇਨਸਪੈਕਟਰ	1-6-74
42.	ਸ਼੍ਰੀ ਹਰੀ ਕਿਸ਼ਨ, ਫਾਰਮਾਸਿਸਟ	1-11-66
43.	ਸ਼੍ਰੀ ਕਿਰਪਾਲ ਸਿੰਘ, ਫਾਰਮਾਸਿਸਟ	1-11-66
44.	ਸ਼੍ਰੀ ਕੇਵਲ ਕ੍ਰਿਸ਼ਨ, ਫਾਰਮਾਸਿਸਟ	1-5-68
45.	ਮਿਸਿਜ਼ ਜੀ. ਐਸ. ਪਾਲ, ਫਾਰਮਾਸਿਸਟ	1-11-66
46.	ਸ਼੍ਰੀ ਬਲਦੇਵ ਰਾਜ, ਫਾਰਮਾਸਿਸਟ	1-11-66
47.	ਸ਼੍ਰੀ ਰਾਜ ਕੁਮਾਰ, ਫਾਰਮਾਸਿਸਟ	1-11-66
48.	ਸ਼੍ਰੀਮਤੀ ਗੁਰਨਾਮ ਕੌਰ, ਫਾਰਮਾਸਿਸਟ	1-11-66
49.	ਸ਼੍ਰੀ ਬੈਜ ਨਾਥ ਚਾਵਲਾ, ਫਾਰਮਾਸਿਸਟ	1-11-66
50.	ਸ਼੍ਰੀਮਤੀ ਪ੍ਰਿਤਪਾਲ ਕੌਰ, ਫਾਰਮਾਸਿਸਟ	1-11-66
51.	ਸ਼੍ਰੀਮਤੀ ਤੇਜਵੰਤ ਕੌਰ, ਫਾਰਮਾਸਿਸਟ	1-11-66
52.	ਸ਼੍ਰੀਮਤੀ ਸੁਸ਼ੀਲਾ ਵਾਲੀਆ, ਫਾਰਮਾਸਿਸਟ	1-11-66
53.	ਸ਼੍ਰੀ ਬਾਲਾ ਕਿਸ਼ਨ, ਫਾਰਮਾਸਿਸਟ	1-11-66
54.	ਸ਼੍ਰੀ ਲਖਣ ਕੁਮਾਰ, ਫਾਰਮਾਸਿਸਟ	1-11-66
55.	ਸ਼੍ਰੀ ਬਲਬੀਰ ਸਿੰਘ, ਫਾਰਮਾਸਿਸਟ	1-11-66
56.	ਸ਼੍ਰੀ ਗੁਰਦੀਪ ਸਿੰਘ, ਫਾਰਮਾਸਿਸਟ	1-11-66
57.	ਸ਼੍ਰੀ ਖੇਮ ਰਾਜ, ਫਾਰਮਾਸਿਸਟ	11-6-75

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ:	ਕਰਮਚਾਰੀਆਂ ਦਾ ਵੇਰਵਾ		ਡੈਪੂਟੇਸ਼ਨ ਦੀ ਮਿਤੀ
58.	ਸ਼੍ਰੀ ਗਿਆਨ ਚੰਦ ਸਿੰਗਲਾ, ਫਾਰਮਾਸਿਸਟ		4-2-70
59.	ਸ਼੍ਰੀਮਤੀ ਕਿਸ਼ਨਾ ਦੇਵੀ, ਫਾਰਮਾਸਿਸਟ		23-11-73
60.	ਸ਼੍ਰੀਮਤੀ ਮਨਜੀਤ ਕੌਰ, ਫਾਰਮਾਸਿਸਟ		27-7-78
61.	ਸ਼੍ਰੀ ਵਰਿੰਦਰ ਕੁਮਾਰ ਜੈਨ, ਫਾਰਮਾਸਿਸਟ		20-11-73
62.	ਸ਼੍ਰੀ ਧਰਮ ਸਿੰਘ, ਰੇਡੀਓਗ੍ਰਾਫਰ		12-1-70
63.	ਸ਼੍ਰੀਮਤੀ ਮਹਿੰਦਰ ਕੌਰ, ਰੇਡੀਓਗ੍ਰਾਫਰ		28-4-76
64.	ਸ਼੍ਰੀ ਤੇਜਾ ਸਿੰਘ, ਰੇਡੀਓਗਰਾਫਰ		25-4-64
65.	ਸ਼੍ਰੀਮਤੀ ਸ਼ੰਤੋਖ ਕੁਮਾਰੀ ਮਲਿਕ,	ਸਟਾਫ ਨਰਸ	2-1-72
66.	ਸ਼੍ਰੀਮਤੀ ਕਮਲੇਸ਼ ਕਪੂਰ	,,	1-8-72
67.	ਸ਼੍ਰੀਮਤੀ ਸੁਰਿੰਦਰ ਕੌਰ ਧੰਜੂ	,,	24-4-73
68.	ਸ਼੍ਰੀਮਤੀ ਕਮਲਾ ਦੇਵੀ ਵਰਮਾ	,,	24-6-73
69.	ਸ਼੍ਰੀਮਤੀ ਜਸਬੀਰ ਬੇਦੀ	,,	17-9-73
70.	ਸ਼੍ਰੀਮਤੀ ਜਗਦੀਸ਼ ਕੌਰ	,,	26-2-74
71.	ਸ਼੍ਰੀਮਤੀ ਮਧੂ ਬਾਲਾ ਵੈਦ	,,	9-1-74
72.	ਸ਼੍ਰੀਮਤੀ ਹਰਭਜਨ ਕੌਰ	,,	27-10-75
73.	ਸ਼੍ਰੀਮਤੀ ਕਮਲੇਸ਼ ਕੁਮਾਰੀ ਗੁਪਤਾ	,,	18-10-74
74.	ਸ਼੍ਰੀਮਤੀ ਕ੍ਰਿਸ਼ਨਾ ਕੱਕੜ	,,	20-9-75
75.	ਸ਼੍ਰੀਮਤੀ ਰਾਜ ਕੁਮਾਰੀ ਰਹੇਰ	,,	24-10-75
76.	ਸ਼੍ਰੀਮਤੀ ਨਿਰਮਲ ਕੌਰ	,,	24-10-75
77.	ਸ਼੍ਰੀਮਤੀ ਨੀਲਮ ਖੰਨਾ	,,	22-11-74
78.	ਸ਼੍ਰੀਮਤੀ ਦਵਿੰਦਰ ਕੌਰ	,,	25-3-76

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ.	ਕਰਮਚਾਰੀਆਂ ਦਾ ਵੇਰਵਾ		ਡੈਪਟੇਸ਼ਨ ਦੀ ਮਿਤੀ
79.	ਸ਼੍ਰੀਮਤੀ ਸੁਦਰਸ਼ਨ ਮਲਹੋਤਰਾ	ਸਟਾਫ ਨਰਸ	1-4-72
80.	ਸ਼੍ਰੀਮਤੀ ਕ੍ਰਿਸ਼ਨਾ ਠਾਕੁਰ	,,	1-4-72
81.	ਸ਼੍ਰੀਮਤੀ ਉਸ਼ਾ ਦੂਬੇ	,,	4-1-77
82.	ਸ਼੍ਰੀਮਤੀ ਸੁਧਾ ਮਲਹੋਤਰਾ	,,	31-7-76
83.	ਸ਼੍ਰੀਮਤੀ ਪਰਕਾਸ਼ ਦੇਵੀ ਵਰਮਾ	,,	10-9-77
84.	ਸ਼੍ਰੀਮਤੀ ਬੀਨਾ ਸਭਰਵਾਲ	,,	10-9-77
85.	ਸ਼੍ਰੀਮਤੀ ਸੁਦੇਸ਼ ਲਾਲ	,,	30-6-78
86.	ਸ਼੍ਰੀਮਤੀ ਸੁਦੇਸ਼ ਸ਼ਰਮਾ	,,	1-4-80
87.	ਸ਼੍ਰੀਮਤੀ ਦਿਲੇਰ ਕੌਰ	,,	24-4-80
88.	ਸ਼੍ਰੀਮਤੀ ਸੁਰਿੰਦਰ ਪਾਲ ਕੌਰ	,,	10-10-80
89.	ਸ਼੍ਰੀਮਤੀ ਸੁਦੇਸ਼ ਅਰੋੜਾ	,,	10-10-80
90.	ਸ਼੍ਰੀਮਤੀ ਮੋਹੀਂਦਰ ਕੌਰ	,,	13-10-80
91.	ਸ਼੍ਰੀਮਤੀ ਦਰਸ਼ਨ ਕੌਰ	,,	20-10-81
92.	ਸ਼੍ਰੀਮਤੀ ਸਰੋਜ ਸ਼ਰਮਾ	,,	13-2-81
93.	ਸ਼੍ਰੀਮਤੀ ਦਲਜੀਤ ਕੌਰ	,,	20-12-81
94.	ਸ਼੍ਰੀਮਤੀ ਸਤਿੰਦਰ ਕੌਰ	ਮੈਟਰਨ	29-5-73
95.	ਸ਼੍ਰੀਮਤੀ ਅਰੁਨਾ ਛਾਬੜਾ	ਸਿਸਟਰ ਟਿਊਟਰ	4-2-77
96.	ਸ਼੍ਰੀਮਤੀ ਸਤਿੰਦਰ ਬਾਜਵਾ	ਅਸਿਸਟੈਂਟ ਟਿਊਟਰ	11-5-78
97.	ਸ਼੍ਰੀਮਤੀ ਦਲਜੀਤ ਵਾਲੀਆ	ਨਰਸਿੰਗ ਸਿਸਟਰ	27-12-67
98.	ਸ਼੍ਰੀਮਤੀ ਸੰਤੋਸ਼ ਕਾਲੜਾ	,,	1-11-66
99.	ਸ਼੍ਰੀਮਤੀ ਨਛੱਤਰ ਕੌਰ	,,	1-1-74
100.	ਸ਼੍ਰੀਮਤੀ ਸਵਰਨ ਸੇਠੀ	,,	11-10-72

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ.	ਕਰਮਚਾਰੀਆਂ ਦਾ ਵੇਰਵਾ		ਡੈਪੂਟੇਸ਼ਨ ਦੀ ਮਿਤੀ
101.	ਸ਼੍ਰੀਮਤੀ ਸੁਖਦਰਸ਼ਨ ਕੌਰ	ਨਰਸਿੰਗ ਸਿਸਟਰ	1-11-66
102.	ਸ਼੍ਰੀਮਤੀ ਸਰੋਜ ਰਾਨੀ	,,	10-11-78
103.	ਸ਼੍ਰੀਮਤੀ ਪਰੋਮੀਲਾ ਪਰਸ਼ਾਦ	,,	1-11-66
104.	ਸ਼੍ਰੀਮਤੀ ਪਰਮਜੀਤ ਕੌਰ	ਲੇਡੀ ਹੈਲਥ ਵਿਜ਼ਿਟਰਜ਼	17-12-71
105.	ਸ਼੍ਰੀਮਤੀ ਰਾਜ ਕੁਮਾਰੀ	,,	9-10-68
106.	ਸ਼੍ਰੀਮਤੀ ਬਲਬੀਰ ਕੌਰ	,,	1-11-66
107.	ਸ਼੍ਰੀਮਤੀ ਸੁਰਜੀਤ ਕੌਰ	,,	1-11-66
108.	ਸ਼੍ਰੀਮਤੀ ਹਰਬੰਸ ਕੌਰ	,,	31-10-66
109.	ਸ਼੍ਰੀਮਤੀ ਸੁਰਿੰਦਰ ਕੈਲਾਸ਼	ਲੇਡੀ ਹੈਲਥ ਵਿਜ਼ਿਟਰ	28-3-78
110.	ਸ਼੍ਰੀਮਤੀ ਪਰੇਮ ਵਾਲੀਆ	,,	21-3-78
111.	ਸ਼੍ਰੀਮਤੀ ਇੰਦਰਾ ਨਰੰਗ	,,	22-3-78
112.	ਸ਼੍ਰੀਮਤੀ ਬਲਵੰਤ ਕੌਰ	ਏ. ਐਨ. ਐਮ.	1-11-66
113.	ਸ਼੍ਰੀਮਤੀ ਸਰਲਾ ਦੇਵੀ	,,	1-11-66
114.	ਸ਼੍ਰੀਮਤੀ ਪਿੰਦਰਜੀਤ ਕੌਰ	,,	1-11-66
115.	ਸ਼੍ਰੀਮਤੀ ਸੁਦੇਸ਼ ਕਾਲੀਆ	,,	15-5-67
116.	ਸ਼੍ਰੀਮਤੀ ਪ੍ਰੀਤਮ ਵਾਲੀਆ	,,	1-8-67
117.	ਸ਼੍ਰੀਮਤੀ ਕੁਲਵੰਤ ਨਿਰਮਲ	,,	12-2-68
118.	ਸ਼੍ਰੀਮਤੀ ਸੁਰਜੀਤ ਕੌਰ	,,	1-11-66
119.	ਸ਼੍ਰੀਮਤੀ ਪ੍ਰੀਤਪਾਲ ਕੌਰ	,,	12-2-68
120.	ਸ਼੍ਰੀਮਤੀ ਗੁਰਮੀਤ ਕੌਰ ਵਾਲੀਆ	,,	10-5-72
121.	ਸ਼੍ਰੀਮਤੀ ਕੁਲਵੰਤ ਕੌਰ ਵਾਲੀਆ	,,	10-5-72

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ:	ਕਰਮਚਾਰੀਆਂ ਦਾ ਵੇਰਵਾ		ਡੈਪੂਟੇਸ਼ਨ ਦੀ ਮਿਤ
122.	ਸ਼੍ਰੀਮਤੀ ਦਵਿੰਦਰ ਕੌਰ	ਏ.ਐਨ.ਐਮ.	18-2-77
123.	ਸ਼੍ਰੀਮਤੀ ਹਰਭਜਨ ਕੌਰ	,,	11-7-78
124.	ਸ਼੍ਰੀ ਗਿਆਨ ਸਿੰਘ	ਡਰਾਈਵਰ	1-11-66
125.	ਸ਼੍ਰੀ ਓਮ ਪ੍ਰਕਾਸ਼	ਵਾਰਡ ਸਰਵੈਂਟ	1-11-66
126.	ਸ਼੍ਰੀ ਚੰਦੂ ਲਾਲ	ਓ. ਟੀ ਏ.	1-11-66
127.	ਸ਼੍ਰੀ ਚੁਰਗਾ ਦਾਸ	ਸੇਵਾਦਾਰ	1-11-66
128.	ਧਰਮ ਪਾਲ	ਵਾਰਡ ਸਰਵੈਂਟ	1-11-66
129.	ਸ਼੍ਰੀ ਸੇਵਾ ਸਿੰਘ	ਟੀ. ਅਟੈਂਡੈਂਟ	1-11-66
130.	ਸ਼੍ਰੀ ਰਾਮ ਸੁੱਖ	ਮਾਲੀ	1-11-66
131.	ਸ਼੍ਰੀ ਰਾਮ ਜ਼ੈਨ ਅਲੀ	ਟੀ. ਅਟੈਂਡੈਂਟ	1-11-66
132.	ਸ਼੍ਰੀ ਅਨੰਤ ਰਾਮ	ਕੁੱਕ	1-11-66
133.	ਸ਼੍ਰੀ ਰੰਗੀ ਰਾਮ	ਵਾਰਡ ਸਰਵੈਂਟ	1-11-66
134.	ਸ਼੍ਰੀ ਤਰਲੋਕ ਸਿੰਘ	,,	1-11-66
135.	ਸ਼੍ਰੀ ਪ੍ਰਤਾਪ ਚੰਦ	,,	1-11-66
136.	ਸ਼੍ਰੀ ਰਾਮ ਸਿੰਘ	,,	1-11-66
137.	ਸ਼੍ਰੀ ਗੁਰਦੇਵ ਸਿੰਘ	,,	1-11-66
138.	ਸ਼੍ਰੀ ਬਾਲਕ ਰਾਮ	,,	1-11-66
139.	ਸ਼੍ਰੀ ਨੌਖ ਰਾਮ	,,	1-11-66
140.	ਸ਼੍ਰੀ ਉਜਾਗਰ ਸਿੰਘ	,,	1-11-66
141.	ਸ਼੍ਰੀ ਨਾਥ ਰਾਮ	,,	1-11-66

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ:	ਕਰਮਚਾਰੀਆਂ ਦਾ ਵੇਰਵਾ		ਡੈਪੂਟੇਸ਼ਨ ਦੀ ਮਿਤੀ
142.	ਸ਼੍ਰੀ ਸੋਹਨ ਲਾਲ	ਵਾਰਡ ਸਰਵੈਂਟ	1-11-66
143.	ਸ਼੍ਰੀ ਜਮਨਾ ਦਾਸ	,,	1-11-66
144.	ਸ਼੍ਰੀਮਤੀ ਪਾਰਵਤੀ ਦੇਵੀ	,,	1-11-66
145.	ਸ਼੍ਰੀਮਤੀ ਗੁਰਬਖਸ਼ ਕੌਰ	,,	1-11-66
146.	ਸ਼੍ਰੀਮਤੀ ਕੁਨਤੀ ਦੇਵੀ	,,	1-11-66
147.	ਸ਼੍ਰੀ ਮੱਲੂ ਰਾਮ	ਚੌਕੀਦਾਰ	1-11-66
148.	ਸ਼੍ਰੀ ਪ੍ਰਕਾਸ਼ ਚੰਦ	ਵਾਰਡ ਸਰਵੈਂਟ	1-11-66
149.	ਸ਼੍ਰੀਮਤੀ ਗੁਰਦੇਵ ਕੌਰ	,,	1-11-66
150.	ਸ਼੍ਰੀ ਹੰਸ ਰਾਜ	,,	1-11-66
151.	ਸ਼੍ਰੀਮਤੀ ਸ਼ਾਂਤੀ ਦੇਵੀ	,,	1-11-66
152.	ਸ਼੍ਰੀ ਵਿਦਿਆ ਸਾਗਰ	ਸੇਵਾਦਾਰ	1-11-66
153.	ਸ਼੍ਰੀਮਤੀ ਲਕਸ਼ਮੀ ਦੇਵੀ	,,	1-11-66
154.	ਸ਼੍ਰੀਮਤੀ ਪਰਕਾਸ਼ ਕੌਰ	,,	1-11-66
155.	ਸ਼੍ਰੀ ਓਮ ਪ੍ਰਕਾਸ਼	ਵਾਰਡ ਸਰਵੈਂਟ	1-11-66
156.	ਸ਼੍ਰੀ ਅਮਰ ਚੰਦ	ਸਵੀਪਰ	1-11-66
157.	ਸ਼੍ਰੀ ਪਰਕਾਸ਼ ਪੁੱਤਰ ਜਗੀਰੀ	,,	1-11-66
158.	ਸ਼੍ਰੀ ਸਾਧੂ ਰਾਮ	,,	1-11-66
159.	ਸ਼੍ਰੀ ਕਰਮ ਚੰਦ	,,	1-11-66
160.	ਸ਼੍ਰੀ ਸੰਗਲੀ ਰਾਮ	,,	1-11-66
161.	ਸ਼੍ਰੀ ਦੁਰਗਾ ਦਾਸ	,,	1-11-66

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ:	ਕਰਮਚਾਰੀਆਂ ਦਾ ਵੇਰਵਾ		ਡੈਪੂਟੇਸ਼ਨ ਦੀ ਮਿਤੀ
162.	ਸ਼੍ਰੀ ਬੰਰਾ ਰਾਮ	ਸਵੀਪਰ	1-11-66
163.	ਸ਼੍ਰੀ ਪਰੇਮ ਨਾਥ	,,	1-11-66
164.	ਸ਼੍ਰੀ ਧੰਨੂ ਰਾਮ	,,	1-11-66
165.	ਸ਼੍ਰੀ ਪ੍ਰਿਥੀ ਚੰਦ	,,	1-11-66
166.	ਸ਼੍ਰੀ ਪਿਆਰਾ ਲਾਲ	,,	1-11-66
167.	ਸ਼੍ਰੀ ਲਛਮਣ ਦਾਸ	,,	1-11-66
168.	ਸ਼੍ਰੀ ਕਾਬੁਲ	,,	1-11-66
169.	ਸ਼੍ਰੀ ਰਾਮ ਸਰਨ	,,	1-11-66
170.	ਸ਼੍ਰੀ ਪਰਕਾਸ਼	,,	1-11-66
171.	ਸ਼੍ਰੀ ਬੁੱਚ ਰਾਮ	,,	1-11-66
172.	ਸ਼੍ਰੀ ਜੈਤ ਰਾਮ	,,	1-11-66
173.	ਸ਼੍ਰੀ ਮਸਤ ਰਾਮ	,,	1-11-66
174.	ਸ਼੍ਰੀ ਬਾਬੂ ਰਾਮ	,,	1-11-66
175.	ਸ਼੍ਰੀ ਜਾਗੀਰ ਸਿੰਘ	ਸੇਵਾਦਾਰ	1-11-66
176.	ਸ਼੍ਰੀਮਤੀ ਪਿਆਰੀ	ਆਇਆ	1-11-66
177.	ਸ਼੍ਰੀ ਹਿਰਦੂ ਰਾਮ	ਵਾਰਡ ਸਰਵੈਂਟ	1-11-66
178.	ਸ਼੍ਰੀਮਤੀ ਜਸਵੰਤ ਕੌਰ	,,	1-11-66
179.	ਸ਼੍ਰੀ ਪਰਕਾਸ਼ ਚੰਦ	ਸਵੀਪਰ	1-11-66
180.	ਸ਼੍ਰੀ ਇੰਦਰ ਸਿੰਘ	ਚੌਕੀਦਾਰ	1-11-66

Original with;
Punjab Vidhan Sabha
Digitized by;
Panjab Digital Library

ਅਨੁਲਗ-2

ਕਰਮਚਾਰੀਆਂ ਵਾਰੇ ਮਿਤੀ ਅਤੇ ਸਰਕਾਰ ਦੁਆਰਾ ਵਾਪਸ ਬੁਲਾਉਣ ਦੇ ਹੁਕਮ ਅਤੇ ਉਨ੍ਹਾਂ ਦੀ ਹੁਕਮ ਅਦੂਲੀ ਲਈ ਕੀਤੀ ਗਈ ਕਾਰਵਾਈ

(1) ਸ਼੍ਰੀ ਲਖਨ ਕੁਮਾਰ, ਫਾਰਮਾਸਿਸਟ ਨੂੰ ਮਿਤੀ 17-11-1978 ਨੂੰ ਵਾਪਸ ਬੁਲਾਇਆ ਗਿਆ ਸੀ ਪਰ ਬਾਦ ਵਿਚ ਉਸ ਨੂੰ ਚੰਡੀਗੜ੍ਹ ਪ੍ਰਸ਼ਾਸਨ ਵਿਖੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ।

(2) ਡਾ: (ਮਿਸਿਜ਼) ਗੁਰਦੀਪ ਕੌਰ ਪੰਜਾਬ ਲੋਕ ਸੇਵਾ ਕਮਿਸ਼ਨ ਦੁਆਰਾ ਪੀ.ਸੀ.ਐਮ.ਐਸ-I ਦੇ ਤੌਰ ਤੇ ਚੁਣੇ ਗਏ ਸਨ ਅਤੇ ਮਿਤੀ 13 ਸਤੰਬਰ, 1979 ਨੂੰ ਉਨ੍ਹਾਂ ਨੂੰ ਬਤੌਰ ਬਲਾਕ ਹੈਲਥ ਅਫ਼ਸਰ, ਘੜੂੰਆਂ ਨਿਯੁਕਤ ਕੀਤਾ ਗਿਆ ਸੀ। ਕਿਉਂਕਿ ਉਸ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਬਤੌਰ ਕਲਾਸ-I ਤਰੱਕੀ ਦਿੱਤੀ ਗਈ ਸੀ ਇਸ ਲਈ ਉਸ ਨੂੰ ਵਾਪਸ ਬੁਲਾਉਣ ਲਈ ਜ਼ੋਰ ਨਹੀਂ ਦਿੱਤਾ ਗਿਆ।

(3 ਅਤੇ 4) ਸ਼੍ਰੀ ਅਜੀਤ ਕੁਮਾਰ ਸਿੰਗਲਾ ਅਤੇ ਸ਼੍ਰੀ ਸੱਤ ਪਾਲ ਅੱਲ ਨੂੰ ਮਿਤੀ 21 ਮਾਰਚ, 1980 ਨੂੰ ਬਤੌਰ ਸੁਪਰਡੰਟ, ਦਰਜਾ-4 ਤਰੱਕੀ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਵਾਪਸ ਬੁਲਾਇਆ ਗਿਆ ਸੀ ਪਰ ਚੰਡੀਗੜ੍ਹ ਪ੍ਰਸ਼ਾਸਨ ਦੀ ਸਿਫ਼ਾਰਸ਼ ਤੇ ਉਨ੍ਹਾਂ ਨੂੰ ਉਸੇ ਪ੍ਰਸ਼ਾਸਨ ਅਧੀਨ ਹੀ ਕੰਮ ਕਰਨ ਦੀ ਇਜਾਜ਼ਤ ਦੇ ਦਿਤੀ ਗਈ ਸੀ।

(5) ਡਾ: ਭਜਨ ਸਿੰਘ ਨੂੰ ਵਾਪਸ ਬੁਲਾਇਆ ਗਿਆ ਸੀ ਅਤੇ ਮਿਤੀ 11 ਜੂਨ, 1981 ਨੂੰ ਬਤੌਰ ਸਿਵਿਲ ਸਰਜਨ, ਬਠਿੰਡਾ ਨਿਯੁਕਤ ਕੀਤਾ ਗਿਆ ਸੀ ਪਰ ਉਸ ਦੀ ਬੇਨਤੀ ਤੇ ਉਸ ਨੂੰ ਚੰਡੀਗੜ੍ਹ ਪ੍ਰਸ਼ਾਸਨ ਵਿਖੇ ਡੈਪੂਟੇਸ਼ਨ ਤੇ ਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਸੀ।

(6) ਡਾ: (ਮਿਸ਼ਿਜ਼) ਐਸ. ਕਟਾਰੀਆ ਨੂੰ ਮਿਤੀ 12 ਅਗਸਤ, 1981 ਨੂੰ ਵਾਪਸ ਬੁਲਾਇਆ ਗਿਆ ਸੀ ਪਰ ਉਸ ਨੇ ਡਿਊਟੀ ਲਈ ਰਿਪੋਰਟ ਨਹੀਂ ਕੀਤੀ। ਉਸ ਨੂੰ ਸਰਕਾਰ ਦੇ ਹੁਕਮ ਨਾ ਮੰਨਣ ਅਤੇ ਹੁਕਮ ਅਦੂਲੀ ਕਰਨ ਕਰਕੇ, ਮੁਅੱਤਲ ਕਰ ਦਿੱਤਾ ਗਿਆ ਸੀ।

5457 PVS —Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Punjab Digital Library

Original with
Punjab Vidha Sabha
Digitized by;
Panjab Digital Library

© 1982

Published under the authority of the Punjab Vidhan Sabha
and printed by the Controller, Government Press, U.T., Chandigarh

Original with;
Punjab Vidhan Sabha
Digitized by;
Panjab Digital Library

Punjab Vidhan Sabha Debates

18th March, 1982

Vol. IV No. 14

OFFICIAL REPORT

CONTENTS

Thursday, the 18*th March,* 1982

	Page
Starred Questions and Answers ..	(14)1
Written Answers to Starred Questions laid on the Table of the House under Rule 38 ..	(14)23
Unstarred Questions and Answers ..	(14)25
Call Attention Notices under Rule 66 ..	(14)28
No-Confidence Motion ..	(14)30
Call Attention Notices under Rule 66 (*Resumption*) ..	(14)31
No-Confidence Motion (*Resumption*) ..	(14)32
Walk-out ..	(14)40
No-Confidence Motion (*Resumption*) ..	(14)40
Call Attention Notices under Rule 66 (*Resumption*) ..	(14)41

Punjab Vidhan Sabha Secretariat, Chandigarh.

Price: [redacted] Rs. 28.50 Paise

Original with;
Punjab Vidhan Sabha
Digitized by;
Panjab Digital Library

Presentation of Report of Committee on Estimates (14)47

Resolution—

Re. Taking of immediate and effective steps for providing regular power supply to the industry for the development of the State economy. .. (14)47

Obituary References .. (14)62

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Thursday, the 18th March, 1982

The Vidhan Sabha met in the Punjab Vidhan Sabha Hall, Vidhan Bhawan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Persons Died in Police Custody

***1306. Sardar Parkash Singh Majitha (Put by Sardar Major Singh Ubboke)** : Will the Chief Minister be pleased to state the number and names of persons alongwith their addresses who died in police custody during the period from 1st June, 1980 to 31st January, 1982, and the details of follow up action taken in this connection ?

ਸਰਦਾਰ ਦਰਬਾਰਾ ਸਿੰਘ : ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

4 ਵਿਅਕਤੀ ।

ਸਟੇਟਮੈਂਟ

1. ਬੂਟਾ ਸਿੰਘ ਉਰਫ ਬੂਟੀ, ਪੁੱਤਰ ਬੁਧਾ ਸਿੰਘ ਵਾਸੀ ਵਾਈਪੁਈਂ ਥਾਣਾ ਵੇਰੋਵਾਲ, ਜ਼ਿਲ੍ਹਾ ਅੰਮ੍ਰਿਤਸਰ। ਉਸ ਨੇ ਆਪਣੀ ਚਾਦਰ ਨਾਲ ਹਵਾਲਾਤ ਵਿਚ ਫਾਹਾ ਲੈ ਲਿਆ ਸੀ। ਕਾਰਵਾਈ ਅ/ਧ 176 ਜ਼ਾਬਤਾ ਫੌਜਦਾਰੀ ਕੀਤੀ ਗਈ। ਮੈਜਿਸਟਰੇਟੀ ਜਾਂਚ ਤੋਂ ਪੁਲਿਸ ਦਾ ਕੋਈ ਕਸੂਰ ਨਾਂ ਪਾਇਆ ਜਾਣ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

2. ਲਾਲ ਸਿੰਘ ਪੁੱਤਰ ਗੋਖਾ ਸਿੰਘ ਜਟ ਵਾਸੀ ਨਥੂਕਾ ਜ਼ਿਲ੍ਹਾ ਫਰੀਦਕੋਟ । ਇਸ ਕੇਸ ਵਿਚ ਪੁਲਿਸ ਵਾਲਿਆਂ ਦੇ ਖਿਲਾਫ ਮੁਕਦਮਾਂ ਦਰਜ ਕਰ ਕੇ ਚਾਲਾਨ ਅਦਾਲਤ ਵਿਚ ਦਿਤਾ ਗਿਆ ਹੈ ।

3. ਨਰੇਸ਼ ਕੁਮਾਰ, ਪੁੱਤਰ ਬਸੰਤ ਰਾਮ ਬਰਾਹਮਣ ਵਾਸੀ ਕੈਲਾਸਪੁਰ ਥਾਣਾ ਪਠਾਨਕੋਟ ਇਸ ਸਬੰਧ ਵਿਚ ਜਨਕ ਰਾਜ ਪੁਤਰ ਤਰਲੋਕ ਚੰਦ ਵਾਸੀ ਕੂਚਾ ਮਲੇਰੀਆਂ ਲੁਧਿਆਣਾ ਦਾ ਚਾਲਾਨ ਕੀਤਾ ਗਿਆ ਹੈ ਕਿਉਂ ਕਿ ਮ੍ਰਿਤਕ ਦੇ ਸੱਟਾਂ ਉਸ ਨੇ ਮਾਰੀਆਂ ਸਨ।

4. ਜਗਤਾਰ ਸਿੰਘ, ਪੁੱਤਰ ਧਰਮ ਸਿੰਘ ਵਾਸੀ ਆਲੋਵਾਲ ਥਾਣਾ ਵੇਰੋਵਾਲ ਜ਼ਿਲ੍ਹਾ ਅੰਮ੍ਰਿਤਸਰ। ਇਸ ਕੇਸ ਵਿਚ ਮ੍ਰਿਤਕ ਨੇ ਟਰੱਕ ਹੇਠਾਂ ਛਾਲ ਮਾਰ ਕੇ ਖੁਦਕਸ਼ੀ ਕੀਤੀ ਸੀ । ਇਸ ਕੇਸ ਵਿਚ ਮੈਜਿਸਟਰੇਟੀ ਇਨਕੁਆਇਰੀ ਚਲ ਰਹੀ ਹੈ।

ਸਰਦਾਰ ਮੇਜਰ ਸਿੰਘ ਊਬੋਕੇ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਕਿਵੇਂ ਚਾਰ ਹੀ ਆਦਮੀ ਪੁਲਿਸ ਦੀ ਹਿਰਾਸਤ ਵਿੱਚ ਮਿਤੀ 1 ਜੂਨ, 1980 ਤੋਂ ਹੁਣ ਤਕ ਮਰੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕ ਅੱਕਰੈਂਸ ਮਿਤੀ 31 ਮਾਰਚ, 1980 ਨੂੰ ਹੋਈ ਹੈ ਜਿਸ ਦੀ ਐਫ, ਆਈ.ਆਰ. ਨੰਬਰ 241/80 ਮਿਤੀ 1 ਅਗਸਤ, 1980 ਨੂੰ ਪੁਲਿਸ ਸਟੇਸ਼ਨ ਬਲਟੋਹਾ ਵਿਖੇ ਹੋਈ ਹੈ । ਇਹ ਐਫ. ਆਈ. ਆਰ. ਹਰਬੰਸ ਸਿੰਘ, ਪੁਤਰ ਪਿਆਰਾ ਸਿੰਘ ਮਜ਼ਹਬੀ ਸਿੱਖ ਦੇ ਮਾਰਨ ਦੇ ਜੁਰਮ ਵਿੱਚ ਲੇਖੀ ਸਾਹਿਬ ਨੇ ਦਰਜ ਕੀਤੀ ਸੀ। ਇਹ ਤਿੰਨ ਪੁਲਿਸ ਅਫ਼ਸਰਾਂ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੇਜਰ ਸਿੰਘ ਉਬੋਕੇ]

ਖਿਲਾਫ ਪਰਚਾ ਦਰਜ ਕੀਤਾ ਗਿਆ ਹੈ ਲੇਕਿਨ ਅਫ਼ਸੋਸ ਦੀ ਗਲ ਇਹ ਹੈ ਕਿ ਇਹ ਜਿਹੜਾ ਵੇਰਵਾ ਦਿਤਾ ਗਿਆ ਹੈ ਕਿ ਪੁਲਿਸ ਦੀ ਕਸਟੱਡੀ ਵਿੱਚ ਚਾਰ ਆਦਮੀ ਮਰੇ ਹਨ ਉਸ ਵੇਰਵੇ ਵਿੱਚ ਇਹ ਕੇਸ ਨਹੀਂ ਦੱਸਿਆ ਗਿਆ। ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛੱਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਸ਼ਿਸ ਤਾਂ ਨਹੀਂ ਕਰ ਰਹੀ ਕਿ ਜਿਨ੍ਹਾਂ ਪੁਲਿਸ ਵਾਲਿਆਂ ਨੇ ਇਸ ਨੂੰ ਕੁਟ ਕੁੱਟ ਕੇ ਮਾਰ ਦਿੱਤਾ ਹੈ ਉਨ੍ਹਾਂ ਨੂੰ ਸ਼ੀਲਡ ਕੀਤਾ ਜਾਵੇ ? ਦੂਸਰਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਤਿੰਨ ਪੁਲਿਸ ਅਫ਼ਸਰ ਇਸ ਕੇਸ ਵਿੱਚ ਇਨਵਾਲਵਡ ਹਨ ਉਨ੍ਹਾਂ ਦੇ ਖਿਲਾਫ਼ ਕੀ ਕਾਰਵਾਈ ਕੀਤੀ ਹੈ ਅਤੇ ਕੀ ਐਕਸ਼ਨ ਲਿਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਦੇਖ ਲਵਾਂਗਾ। ਐਫ. ਆਈ. ਆਰ. ਨੰਬਰ ਮੈਂ ਲਿਖ ਲਿਆ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਇਕ ਨੰਬਰ ਤੇ ਬੂਟਾ ਸਿੰਘ ਉਰਫ ਬੂਟੀ ਦੇ ਬਾਰੇ ਦੱਸਿਆ ਹੈ ਕਿ ਉਸ ਨੇ ਆਪਣੀ ਚਾਦਰ ਨਾਲ ਹਵਾ ਲਾਤ ਵਿਚ ਫਾਹਾ ਲੈ ਲਿਆ ਸੀ। ਦੋ ਨੰਬਰ ਤੇ ਲਾਲ ਸਿੰਘ ਪੁਤਰ ਗੱਖਾ ਸਿੰਘ ਦੇ ਬਾਰੇ ਦੱਸਿਆ ਹੈ ਕਿ ਪੁਲਿਸ ਵਾਲਿਆਂ ਦੇ ਖਿਲਾਫ਼ ਮੁਕਦਮਾ ਦਰਜ ਕਰ ਕੇ ਚਾਲਾਨ ਅਦਾਲਤ ਵਿੱਚ ਦਿੱਤਾ ਗਿਆ ਹੈ। ਤਿੰਨ ਨੰਬਰ ਦੇ ਬਾਰੇ ਨਰੇਸ਼ ਕੁਮਾਰ ਪੁਤਰ ਬਸੰਤ ਰਾਮ ਦੇ ਬਾਰੇ ਦੱਸਿਆ ਹੈ ਕਿ ਕੋਈ ਜਨਕ ਰਾਜ ਪੁਤਰ ਤਰਲੋਕ ਚੰਦ ਹੈ ਉਸ ਦਾ ਚਾਲਾਨ ਕੀਤਾ ਗਿਆ ਹੈ ਕਿਉਂ ਕਿ ਮਿਰਤਕ ਦੇ ਸੱਟਾਂ ਉਸ ਨੇ ਮਾਰੀਆਂ ਸਨ। ਇਸੇ ਤਰ੍ਹਾਂ ਚਾਰ ਨੰਬਰ ਤੇ ਜਗਤਾਰ ਸਿੰਘ ਪੁਤਰ ਧਰਮ ਸਿੰਘ ਦੇ ਬਾਰੇ ਦੱਸਿਆ ਹੈ ਕਿ ਇਸ ਨੇ ਟਰੱਕ ਹੇਠਾਂ ਛਾਲ ਮਾਰਚ ਖੁਦਕਸ਼ੀ ਕੀਤੀ ਸੀ। ਇਸ ਕੇਸ ਵਿਚ ਮੈਜਿਸਟਰੇਟੀ ਇਨਕੁਆਇਰੀ ਚਲ ਰਹੀ ਹੈ। ਇਸ ਵੇਰਵੇ ਦੇ ਵਿੱਚ ਜੀਤ ਸਿੰਘ ਜੋ 16 ਜਨਵਰੀ, 1982 ਨੂੰ ਸਰਹਿੰਦ ਥਾਣੇ ਵਿੱਚ ਮਰਿਆ ਹੈ ਉਸ ਦਾ ਹਵਾਲਾ ਨਹੀਂ ਦਿੱਤਾ। ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁਛੱਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੰਜਾਂ ਕੇਸਾਂ ਵਿਚ ਇਹ ਦੱਸਿਆ ਜਾਵੇ ਕਿ ਇਹ ਬੰਦੇ ਕਿਵੇਂ ਮਰੇ, ਕਿਉਂ ਮਰੇ, ਚੱਦਰ ਨੂੰ ਅੱਗ ਕਿਉਂ ਲਾਈ, ਐਸੇ ਹਾਲਾਤ ਪੁਲਿਸ ਹਿਰਾਸਤ ਵਿੱਚ ਕਿਉਂ ਪੈਦਾ ਹੁੰਦੇ ਹਨ ਅਤੇ ਕਿਉਂ ਇਸ ਤਰ੍ਹਾਂ ਲੋਕ ਮਰ ਰਹੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿੰਨਾ ਵੇਰਵਾ ਹੈ ਉਹ ਸਾਰਾ ਜਵਾਬ ਵਿਚ ਦੇ ਦਿੱਤਾ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਹ ਕਤਲ ਥਾਣਿਆਂ ਵਿੱਚ ਹੋਏ ਹਨ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁਛੱਣਾ ਚਾਹੁੰਦਾ ਹਾਂ ਕਿ ਕੀ ਉਹ ਇਨ੍ਹਾਂ ਕਤਲਾਂ ਦੀ ਉਚ ਪੱਧਰ ਤੇ ਪੜਤਾਲ ਕਰਾਉਣਗੇ ਅਤੇ ਦੋਸ਼ੀ ਪੁਲਿਸ ਅਫ਼ਸਰ ਜੋ ਹਨ ਉਨ੍ਹਾਂ ਨੂੰ ਸਜ਼ਾਵਾਂ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਕੇਸਾਂ ਵਿਚੋਂ ਕਈਆਂ ਵਿੱਚ, ਅਦਾਲਤ ਵਿੱਚ ਕਾਰਵਾਈ ਚਲ ਰਹੀ ਹੈ ਅਤੇ ਕਈ ਕੇਸਾਂ ਵਿੱਚ ਮੈਜਿਸਟਰੇਟੀ ਇਨਕੁਆਇਰੀ ਚਲ ਰਹੀ ਹੈ। ਉਸ ਦੇ ਜੋ ਨਤੀਜੇ ਨਿਕਲਣਗੇ ਉਸ ਦੇ ਮੁਤਾਬਿਕ ਐਕਸ਼ਨ ਲਿਆ ਜਾਵੇਗਾ।

Scandal of Black Marketing in Coal

***1380. Sardar Dalip Singh Pandhi:** Will the Chief Minister be pleased to state—

(a) whether any scandal of black marketing in coal by a Jullundur Coal Agent occurred at Gobindgarh in connivance with

Original with;
Punjab Vidhan Sabha
Digitized by;
Panjab Digital Library

the officials of the District Industries Centre, Patiala, during the last six months; if so, the details thereof ;

(b) whether any action was taken in the matter; if so, the details thereof, if not the reasons therefor ?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਹੈ ਕਿ ਪਿਛਲੇ 6 ਮਹੀਨਿਆਂ ਵਿੱਚ ਗੋਬਿੰਦਗੜ੍ਹ ਵਿੱਚ ਕੋਲੇ ਦਾ ਇਕ ਰੈਕ ਆਇਆ। ਡਾਇਰੈਕਟੋਰੇਟ ਇੰਡਸਟਰੀਜ਼ ਦੀ ਮਾਡਰਨ ਕੋਲ ਕੰਪਨੀ, ਜਲੰਧਰ, ਜਿਸ ਦਾ ਮਾਲਕ ਜੀਤ ਸਿੰਘ ਹੈ, ਉਸ ਦੀ ਇਨਕੁਆਇਰੀ ਕਰ ਰਹੀ ਹੈ। ਇਹ ਕੋਲਾ ਛੋਟੇ ਛੋਟੇ ਕਾਰਖਾਨੇਦਾਰਾਂ ਨੂੰ ਦੇਣਾ ਸੀ ਪਰ ਅਸੂਲ ਦੀ ਉਲੰਘਣਾ ਕਰ ਕੇ ਵੱਡਿਆਂ ਵੱਡਿਆਂ ਕਾਰਖਾਨੇਦਾਰਾਂ ਨੂੰ ਵੱਧ ਪੈਸੇ ਦੇ ਕੇ ਘੱਟੀਆ ਕੋਲਾ ਦਿੱਤਾ ਗਿਆ। ਇਸ ਦੇ ਵਿੱਚ 2 ਲੱਖ ਰੁਪਏ ਦੀ ਹੇਰਾ ਫੇਰੀ ਹੋਈ ਹੈ। ਮੈਂ ਇਸ ਦੇ ਬਾਰੇ ਚੀਫ਼ ਮਨਿਸਟਰ ਸਾਹਿਬ ਨੂੰ ਚਿੱਠੀ ਵੀ ਲਿਖੀ ਸੀ ਅਤੇ ਡਿਸਟ੍ਰਿਕਟ ਗਰੀਵੈਂਸਿਜ਼ ਕਮੇਟੀ ਵਿਚ ਵੀ ਇਹ ਮਾਮਲਾ ਆਇਆ ਸੀ। ਇਸ ਕੇਸ ਦੀ ਡਾਇਰੈਕਟੋਰੇਟ, ਇੰਡਸਟਰੀਜ਼ ਇਨਕੁਆਇਰੀ ਕਰ ਰਿਹਾ ਹੈ ਪਰ ਜਲੰਧਰ ਦਾ ਇਕ ਕਾਂਗਰਸੀ ਵਿਧਾਇਕ ਉਸ ਦੀ ਮਦਦ ਕਰ ਰਿਹਾ ਹੈ। ਕੀ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਹੈ, ਜੇ ਹੈ ਤਾਂ ਕੀ ਐਕਸ਼ਨ ਲਿਆ ਹੈ ?ਕੀ ਸਾਰੇ ਮਾਮਲੇ ਦੇ ਪੜਤਾਲ ਕਰਵਾ ਕੇ ਜਿਨ੍ਹਾਂ ਨੇ ਗੁਨਾਹ ਕੀਤਾ ਹੈ ਉਨ੍ਹਾਂ ਨੂੰ ਸਜ਼ਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਏਜੰਟ ਲਾਇਆ ਗਿਆ ਹੈ ਜਿਨ੍ਹਾਂ ਨੇ ਇਹ ਡਿਸਟਰੀਬਿਊਟ ਕਰਨਾ ਸੀ ਉਸ ਦੇ ਨਾਲ ਉਥੇ ਸਾਡੇ ਅਫ਼ਸਰ ਵੀ ਹੁੰਦੇ ਹਨ। ਅਗਰ ਇਨ੍ਹਾਂ ਦੀ ਕੋਈ ਤਸੱਲੀ ਨਹੀਂ ਹੋਈ ਤਾਂ ਮੈਂ ਨਵੇਂ ਸਿਰਿਉਂ ਦੇਖ ਲਵਾਂਗਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਹੋਰ ਜਵਾਬ ਦੇ ਦਿੱਤਾ ਹੈ। ਇਕ ਰੈਕ ਕੋਲੇ ਦਾ ਅਇਆ ਸੀ ਉਹ ਛੋਟੇ ਛੋਟੇ ਕਾਰਖਾਨੇਦਾਰਾਂ ਨੂੰ ਦੇਣਾ ਸੀ ਪਰ ਵੱਧ ਪੈਸੇ ਲੈ ਕੇ ਵੱਡੇ ਵੱਡੇ ਲੋਕਾਂ ਨੂੰ ਦੇ ਦਿੱਤਾ ਅਤੇ ਇਸ ਦੇ ਵਿਚ 2 ਲੱਖ ਰੁਪਏ ਦੀ ਹੇਰਾ-ਫੇਰੀ ਹੋਈ ਹੈ। ਹੁਣ ਇਨਕੁਆਇਰੀ ਹੁੰਦੀ ਪਈ ਹੈ। ਇਨਕੁਆਇਰੀ ਹੋ ਵੀ ਚੁਕੀ ਹੈ। ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਮੈਂ ਇਹ ਮਾਮਲਾ ਚਿੱਠੀ ਲਿਖ ਕੇ ਲਿਆਂਦਾ ਸੀ ਅਤੇ ਕੇ. ਪੀ. ਸਾਹਿਬ ਨੂੰ ਵੀ ਕਿਹਾ ਸੀ। ਲੋਕਾਂ ਵਿਚ ਇਸ ਦੇ ਬਾਰੇ ਬੜੀ ਰਿਜ਼ੈਂਟਮੈਂਟ ਹੈ। ਉਸ ਕੋਲ ਏਜੰਟ ਨੇ ਮਿਲ ਮਿਲਾ ਕੇ ਇਥੋਂ ਇਜਾਜ਼ਤ ਲੈ ਲਈ ਤੇ ਵੱਧ ਰੇਟ ਤੇ ਕੋਲਾ ਵੇਚ ਦਿੱਤਾ ਕਿ ਚੀਫ਼ ਮਨਿਸਟਰ ਉੱਚ ਪੱਧਰ ਤੇ ਇਨਕੁਆਇਰੀ ਕਰਾ ਕੇ ਦੋਸ਼ੀਆਂ ਨੂੰ ਸਜ਼ਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਇਕ ਪਾਸੇ ਤਾਂ ਕਿਹਾ ਹੈ ਕਿ ਇਨਕੁਆਇਰੀ ਹੁੰਦੀ ਪਈ ਹੈ ਅਤੇ ਦੂਜੇ ਪਾਸੇ ਕਹਿੰਦੇ ਹਨ ਕਿ ਇਨਕੁਆਇਰੀ ਹੋ ਚੁਕੀ ਹੈ। ਮੈਂ ਦੇਖ ਲਵਾਂਗਾ ਕਿ ਕਿਹੜੀ ਗੱਲ ਠੀਕ ਹੈ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਜਿਸ ਤਰ੍ਹਾਂ ਜਹਾਜ਼ ਦੇ ਵਿੱਚ ਪੈਟਰੋਲ ਦੀ ਅੱਲਟਰੇਸ਼ਨ ਦੀਆਂ ਸ਼ਿਕਾਇਤਾਂ ਹਨ ਇਸੇ ਤਰ੍ਹਾਂ ਵਜ਼ੀਰ ਸਾਹਿਬਾਨਾਂ ਦੇ ਵਿੱਚ ਘਟੀਆ ਕੋਲਾ ਇਸਤੇਮਾਲ ਕਰਨ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਦੀਆਂ ਸ਼ਿਕਾਇਤਾਂ ਹਨ। ਅਸੀਂ ਪਿਛੇ ਜਿਹੇ ਬਠਿੰਡੇ ਗਏ ਸੀ ਅਤੇ ਉਥੇ ਥਰਮਲ ਪਲਾਂਟ ਵਿੱਚ ਦੇਖਿਆ ਕਿ ਘਟੀਆ ਕੋਲਾ ਸਪਲਾਈ ਕੀਤਾ ਜਾਂਦਾ ਹੈ। ਕੀ ਚੀਫ਼ ਮਨਿਸਟਰ ਸਟੇਟ ਦੇ ਇੰਟ੍ਰੈਸਟ ਵਿਚ ਕੋਈ ਐਸਾ ਪ੍ਰਬੰਧ ਕਰਨਗੇ ਜਿਸ ਦੇ ਨਾਲ ਚੰਗਾ ਵਧੀਆ ਕੋਲਾ ਆਵੇ ਤਾਕਿ ਥਰਮਲ ਪਲਾਂਟ ਜਿਹੜੇ ਹਨ ਉਹ ਅੱਛੇ ਢੰਗ ਨਾਲ ਚਲਣ ਅਤੇ ਜ਼ਿਆਦਾ ਬਿਜਲੀ ਪੈਦਾ ਕਰ ਸਕਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਤਾਂ ਕੋਈ ਛੱਲਕ ਨਹੀਂ ਲੇਕਿਨ ਮੈਂ ਆਨਰੇਬਲ ਮੈਂਬਰ ਸਾਹਿਬ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸੈਂਟਰਲ ਗੌਰਮਿੰਟ ਨਾਲ ਇਹ ਮਾਮਲਾ ਉਠਾਇਆ ਹੈ, ਕਿਉਂਕਿ ਸਾਨੂੰ ਕੋਲਾ ਜਿਹੜਾ ਆਉਂਦਾ ਹੈ ਉਸ ਦੇ ਵਿੱਚ ਐਸ਼ ਕੰਟੈਂਟਸ ਜ਼ਿਆਦਾ ਹਨ ਅਤੇ ਕੁਆਲਿਟੀ ਕੋਈ ਜ਼ਿਆਦਾ ਚੰਗੀ ਨਹੀਂ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਕੋਲਾ ਸਪਲਾਈ ਕੀਤਾ ਜਾਵੇ ਜਿਸ ਦੇ ਐਸ਼ ਕੰਟੈਂਟਸ ਘੱਟ ਹੋਣ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਸੱਤਿਕਾਰਯੋਗ ਮੁੱਖ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਿਧਰੇ ਕੋਲ ਏਜੰਟ ਇਹ ਉਹ ਤਾਂ ਨਹੀਂ ਜਿਸ ਤੇ ਪਿਛਲੇ ਸਾਲ ਇਨਕਮ ਟੈਕਸ ਦਾ ਛਾਪਾ ਪਿਆ ਸੀ। ਛੋਟੇ ਛੋਟੇ ਕਾਰਖਾਨੇ ਦਾਰਾਂ ਤੋਂ ਪੇਮੈਂਟ ਲੈ ਕੇ ਅਤੇ ਕੋਲਾ ਦੇਣ ਦਾ ਵਾਇਦਾ ਕਰਕੇ ਮਾਲ ਉਥੇ ਹੀ ਦੇ ਦਿਤਾ ਸੀ। ਕੀ ਇਹ ਕੋਲ ਏਜੰਟ ਉਹੀ ਤਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਸਵਾਲ ਪਹਿਲਾਂ ਆਇਆ ਸੀ, ਨਵੇਂ ਸਿਰਿਉਂ ਦੇਖਣ ਲਗਿਆਂ ਇਸ ਦੇ ਵਿੱਚ ਇਹ ਵੀ ਆ ਜਾਵੇਗਾ ਕਿ ਕਿਹੜਾ ਕੋਲ ਏਜੰਟ ਹੈ।

SUSPENSION OF SARPANCHES

***1328 Sardar Dalip Singh Pandhi :** Will the Minister for Development be pleased to state—

(a) whether the Sarpanches of Gram Panchayat of Badinpur, Diva-Ganduan, Kaulgarh, Sehra, Tangrala and Badgujran villages of Block Sirhind were suspended during the last 5 years; if so, the grounds of suspension in each case;

(b) whethr the Sarpanches referred to in part (a) above were subsequently reinstated; if so, when and the reasons therefor in each case?

ਸਰਦਾਰ ਸੰਤੋਖ ਸਿੰਘ ਚੰਧਾਵਾ : (ੳ) ਪਿਛਲੇ ਪੰਜ ਸਾਲਾਂ ਦੌਰਾਨ ਗਰਾਮ ਪੰਚਾਇਤਾਂ ਬਦੀਨਪੁਰ, ਦੀਵਾ-ਗਡੂਆਂ, ਸੇਹਰਾ ਅਤੇ ਬੱਡ ਗੁਜਰਾਂ ਦੇ ਸਰਪੰਚਾਂ ਨੂੰ ਮੁਅਤਲ ਨਹੀਂ ਕੀਤਾ ਗਿਆ। ਸਾਬਕਾ ਸਰਪੰਚ ਗਰਾਮ ਪੰਚਾਇਤ ਕੋਲਗੜ੍ਹ, ਨੂੰ ਨੋਟਿਸਾਂ ਦੇ ਬਾਵਜੂਦ ਮੁਢਲੀ ਪੜਤਾਲ ਲਈ ਰਿਕਾਰਡ ਪੇਸ਼ ਨਾ ਕਰਨ ਦੇ ਦੋਸ਼ ਕਾਰਨ ਮਿਤੀ 8 ਮਈ, 1978 ਨੂੰ ਮੁਅਤਲ ਕੀਤਾ ਗਿਆ ਸੀ। ਸਾਬਕਾ ਸਰਪੰਚ ਗਰਾਮ ਪੰਚਾਇਤ ਤੰਗਰਾਲਾ ਨੂੰ ਵੀ ਸ਼ਾਮਲਾਤ ਭੂਮੀ ਤੇ ਨਜਾਇਜ਼ ਕਬਜ਼ੇ ਦੇ ਦੋਸ਼ ਕਾਰਨ ਮਿਤੀ 26 ਫਰਵਰੀ, 1980 ਨੂੰ ਮੁਅਤਲ ਕੀਤਾ ਗਿਆ।

(ਅ) ਸਾਬਕਾ ਸਰਪੰਚ ਗਰਾਮ ਪੰਚਾਇਤ ਕੋਲਗੜ੍ਹ ਅਗਸਤ, 1978 ਵਿਚ ਹੋਈਆਂ ਪਚਾਇਤਾਂ ਦੀਆਂ ਆਮ ਚੋਣਾਂ ਵਿਚ ਦੁਬਾਰਾ ਸਰਪਚ ਨਹੀਂ ਚੁਣਿਆ ਗਿਆ। ਇਸ ਲਈ, ਉਸ ਦੀ ਮੁਅਤਲੀ ਇਨਵਰਕਯੂਅਸ (Infructuous) ਹੋ ਗਈ ਸੀ ਅਤੇ ਉਸ ਨੂੰ ਬਹਾਲ ਨਹੀਂ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ। ਪਰ ਸਰਪੰਚ ਗਰਾਮ ਪੰਚਾਇਤ ਤੰਗਰਾਲਾ ਨੂੰ ਮਿਤੀ 20 ਮਈ, 1980 ਨੂੰ ਬਹਾਲ ਕੀਤਾ ਗਿਆ ਸੀ ਕਿਉਂ ਕਿ ਰੈਗੂਲਰ ਪੜਤਾਲ ਦੇ ਦੌਰਾਨ ਨਜਾਇਜ਼ ਕਬਜ਼ੇ ਦਾ ਦੋਸ਼ ਉਸ ਵਿਰੁਧ ਸਿੱਧ ਨਹੀਂ ਕੀਤਾ ਗਿਆ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੋਲਗੜ੍ਹ ਦਾ ਸਰਪੰਚ ਮਿਤੀ 8 ਮਈ, 1978 ਨੂੰ ਮੁਅਤਲ ਕੀਤਾ ਗਿਆ ਸੀ । ਮਹਿਕਮੇ ਨੇ ਦੋ ਲਫਜ਼ ਲਿਖੇ ਹਨ ਸਸਪੈਨਸ਼ਨ ਤੇ ਇਨਕੁਆਇਰੀ । ਉਨ੍ਹਾਂ ਅਫ਼ਸਰਾਂ ਨੇ ਹੇਰਾ-ਫੇਰੀ ਕਰ ਦਿਤੀ ਅਤੇ ਉਹ ਬੰਦਾ ਫਿਰ ਪੰਚ ਬਣ ਗਿਆ। ਉਹ ਜਦੋਂ ਸਸਪੈਂਡ ਸੀ ਤਾਂ ਫਿਰ ਉਸ ਨੇ 1978 ਵਿਚ ਪੰਚ ਦੀ ਚੋਣ ਕਿਵੇਂ ਲੜੀ ਸੀ ਉਸ ਨੂੰ ਚੋਣ ਲਈ ਕਿਸ ਤਰ੍ਹਾਂ ਇਜਾਜ਼ਤ ਦਿਤੀ ਗਈ। ਕੀ ਇਕ ਨਿਰੰਕਾਰੀ ਡਾਇਰੈਕਟਰ ਸੀ ਜਿਸ ਨੇ ਉਸ ਦੀ ਮੱਦਦ ਕੀਤੀ ਅਤੇ ਤੰਗਰਾਲੇ ਵਾਲੇ ਸਰ ਪੰਚ ਨੂੰ ਬਹਾਲ ਕਰ ਦਿਤਾ ਸੀ ?

ਮੰਤਰੀ : ਇਸ ਦੇ ਵਿਚ ਨਿਰੰਕਾਰੀ ਦਾ ਤਾਂ ਸੁਆਲ ਹੀ ਨਹੀਂ। ਸੁਆਲ ਹੈ ਪੜਤਾਲ ਦਾ । ਪੜਤਾਲ ਵਿਚ ਜਦੋਂ ਇਹ ਪਤਾ ਲਗਾ ਕਿ ਉਹ ਆਦਮੀ ਸਰਪੰਚ ਨਹੀਂ ਬਣਿਆ ਤਾਂ ਵੈਸੇ ਹੀ ਗਲ ਖ਼ਤਮ ਹੋ ਜਾਂਦੀ ਹੈ । ਇਸ ਦੇ ਬਾਵਜੂਦ ਵੀ ਡਵੀਜ਼ਨਲ ਡਿਪਟੀ ਡਾਇਰੈਕਟਰ ਨੂੰ ਇਨਕੁਆਇਰੀ ਸੌਂਪੀ ਗਈ ਹੈ ਅਤੇ ਇਨਕੁਆਇਰੀ ਰੈਗੂਲਰ ਚਲ ਰਹੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕੀ ਸਾਬਕਾ ਸਰਪੰਚ ਨੂੰ ਸਸਪੈਂਡ ਕਰ ਦਿਤਾ ਸੀ, ਪਰ ਅੱਜ ਵੀ ਉਹ ਪੰਚ ਹੈ। ਇਕ ਬੰਦਾ ਸਸਪੈਂਡ ਹੋ ਗਿਆ ਉਸ ਨੇ ਮਹਿਕਮੇ ਨੂੰ ਕੋਆਪ੍ਰੇਟ ਨਹੀਂ ਕੀਤਾ, ਰਿਕਾਰਡ ਨਹੀਂ ਵਿਖਾਇਆ । ਇਹ ਜਿਹੜਾ ਮੌਜੂਦਾ ਪੰਚ ਜਾਂ ਸਰਪੰਚ ਹੈ ਇਨ੍ਹਾਂ ਦੇ ਖਿਲਾਫ਼ ਗਬਨ ਦੇ ਕੇਸ ਹਨ। ਤੰਗਰਾਲੇ ਬਾਰੇ ਤਸੀਲਦਾਰ ਨੇ ਦਸਿਆ ਹੈ ਕਿ ਇਸ ਦੇ ਕਬਜ਼ੇ ਵਿਚ ਪੰਚਾਇਤ ਦੀ ਜ਼ਮੀਨ ਹੈ । ਇਨ੍ਹਾਂ ਨੇ ਕਿਹਾ ਹੈ ਕਿ ਇਨਕੁਆਇਰੀ ਹੋ ਰਹੀ ਹੈ । ਕੀ ਇਨਕੁਆਇਰੀ ਲਈ ਕੋਈ ਟਾਇਮ ਲਿਮਿਟ ਮੁਕਰਰ ਕਰਣਗੇ ਕਿ ਇੰਨੇ ਚਿਰ ਵਿਚ ਇਨਕੁਆਇਰੀ ਕਰਾ ਕੇ ਦੋਸ਼ੀ ਨੂੰ ਸਜ਼ਾ ਦਿਤੀ ਜਾਏਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਦਫਾ 102(1) ਵਿਚ ਪਰੀਲਿਮੀਨਰੀ ਇਨਕੁਆਇਰੀ ਲਈ 15 ਦਿਨ ਹੁੰਦੇ ਹਨ ਉਸ ਦੇ ਬਾਅਦ 102(2) ਅਧੀਨ ਇਨਕੁਆਇਰੀ 3 ਮਹੀਨੇ ਵਿਚ ਮੁਕੰਮਲ ਹੋ ਜਾਣੀ ਹੁੰਦੀ ਹੈ । ਪਰ ਸਰਪੰਚ, ਪੰਚ ਜਾਂ ਜਿਸ ਦੇ ਖਿਲਾਫ ਕੇਸ ਹੁੰਦੇ ਹਨ ਉਹ ਅਦਾਲਤ ਵਿਚ ਚਲੇ ਜਾਂਦੇ ਹਨ ਅਤੇ ਸਟੇਅ ਲਿਆਉਂਦੇ ਹਨ । ਜਿਹੜਾ ਇਨ੍ਹਾਂ ਨੇ ਪੰਚ ਬਾਰੇ ਦਸਿਆ ਹੈ ਉਸ ਦੇ ਬਾਰੇ ਮੈਂ ਤਾਂ ਕਹਿ ਦਿਤਾ ਹੈ ਕਿ ਡਿਪਟੀ ਡਾਇਰੈਕਟਰ ਇਨਕੁਆਇਰੀ ਕਰ ਰਿਹਾ ਹੈ । ਉਸ ਦੇ ਖਿਲਾਫ਼ 5,12,035 ਰੁਪਏ ਦੀ ਅਸੈਸਮੈਂਟ ਕਰ ਲਈ ਹੈ ਅਤੇ ਜਿਸ ਦੇ ਵਿਚੋਂ 3,121 ਰੁਪਏ ਵਸੂਲ ਕਰ ਲਏ ਹਨ ਬਾਕੀ ਕਰ ਰਹੇ ਹਾਂ ।

Mr Speaker; Next Question.

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ 3 ਵਾਰੀ ਖੜਾ ਹੋਇਆ ਹਾਂ ਪਰ ਮੈਨੂੰ ਕੋਈ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਨਹੀਂ ਦਿਤੀ। ਹਾਲੇ ਇਸ ਕੁਐਸ਼ਚਨ ਤੇ ਸਿਰਫ਼ ਦੋ ਹੀ ਸਪਲੀਮੈਂਟਰੀਜ਼ ਹੋਏ ਹਨ ਜਦੋਂ ਕਿ 5 ਚਾਹੀਦੇ ਹਨ।

ਸ਼੍ਰੀ ਸਪੀਕਰ : ਇਹ ਕੋਈ ਜ਼ਰੂਰੀ ਨਹੀਂ ਕਿ 5 ਸਪਲੀਮੈਂਟਰੀਜ਼ ਜ਼ਰੂਰ ਹੋਣ । ਇਹ ਕੁਐਸ਼ਚਨ ਦੀ ਨੌਵੀਅਤ ਤੇ ਹੁੰਦਾ ਹੈ । ਇਹ ਠੀਕ ਹੈ ਕਿ ਮੈਕਸੀਮਮ 5 ਸਪਲੀਮੈਂਟਰੀਜ਼ ਹੋ ਸਕਦੀਆਂ ਹਨ ।

Original with;
Punjab Vidhan Sabha
Digitized by;
Panjab Digital Library

Digging Work on Mehmood drain in bet Area of Balachaur Assembly Constituency

***1211. Master Dalip Chand** : Will the Minister for Agriculture and Irrigation be pleased to state the time by which the digging work on Mehmood Drain in the Bet Area of the Balachaur Assembly Constituency is likely to be completed together with the time by which the choes are likely to be diverted in the said drain ?

ਚੌਧਰੀ ਕਾਂਸ਼ੀ ਰਾਮ : ਮਹਿਮੂਦਪੁਰ ਡਰੇਨ ਦੀ ਖੁਦਾਈ ਦਾ ਕੰਮ ਅਗਲੇ ਵਿੱਤੀ ਸਾਲ ਵਿਚ ਭੁੰ ਪ੍ਰਾਪਤੀ ਦੇ ਬਾਅਦ ਮੁਕੰਮਲ ਕੀਤਾ ਜਾਵੇਗਾ। ਇਸ ਡਰੇਨ ਵਿਚ ਚੋਆਂ ਨੂੰ ਪਾਉਣ ਦਾ ਕੰਮ ਅਜੇ ਖੋਜ ਅਧੀਨ ਹੈ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਕਿ ਜ਼ਮੀਨ ਐਕੁ-ਆਇਰ ਕਰਨ ਤੋਂ ਮਗਰੋਂ ਕਰਾਂਗੇ । ਸਪੀਕਰ ਸਾਹਿਬ, ਇਸ ਡਰੇਨ ਵਾਸਤੇ ਜ਼ਮੀਨ ਦੋ ਕਿਲੋਮੀਟਰ ਦੋ ਮਹੀਨੇ ਹੋਏ ਐਕੁਆਇਰ ਹੋ ਚੁਕੀ ਹੈ । ਇਕ ਸਾਲ ਤੋਂ ਉਥੇ ਕਥੇਨ ਖੜੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕਦੋਂ ਤਕ ਇਹ ਕੰਮ ਸ਼ੁਰੂ ਕਰਵਾ ਕੇ ਮੁਕੰਮਲ ਕਰਾ ਦੇਣਗੇ ?

ਦੂਸਰਾ ਇਨ੍ਹਾਂ ਨੇ ਕਿਹਾ ਹੈ ਕਿ ਚੋਅ/ਖੱਡਾਂ ਦਾ ਕੰਮ ਹਾਲੇ ਵਿਚਾਰ ਅਧੀਨ ਹੈ । ਜਦੋਂ ਤਕ ਚੋਅ/ਖੱਡਾਂ ਨੂੰ ਇਸ ਡਰੇਨ ਵਿਚ ਨਹੀਂ ਲੈ ਜਾਂਦੇ ਬੇਟ ਏਰੀਆ ਦੀ ਸੇਮ ਖ਼ਤਮ ਨਹੀਂ ਹੋ ਸਕਦੀ ਲੋਕਾਂ ਦੀ ਫ਼ਸਲ ਆਏ ਸਾਲ ਤਬਾਹ ਹੋ ਰਹੀ ਹੈ। ਇਹ ਚੋਆਂ ਨੂੰ ਕਦੋਂ ਤਕ ਇਸ ਡਰੇਨ ਵਿਚ ਲੈ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਤਸਲੀਮ ਕੀਤਾ ਹੈ ਕਿ 2 ਮਹੀਨੇ ਹੋ ਗਏ ਹਨ। ਲੈਂਡ ਐਕੁਆਇਰ ਕਰਨ ਦਾ ਨੋਟੀਫਿਕੇਸ਼ਨ ਹੋ ਚੁਕਾ ਹੈ । ਇਸ ਕੰਮ ਨੂੰ ਕੰਪਲੀਟ ਲੈਂਡ ਐਕੁਈਜ਼ੀਸ਼ਨ ਤੋਂ ਬਾਅਦ ਪ੍ਰਾਸੈਸ ਵਿਚ ਲਿਆਵਾਂਗੇ । ਦੂਸਰੇ ਇਨਵੈਸਟੀਗੇਸ਼ਨ ਕਰ ਰਹੇ ਹਾਂ ਕਿਉਂਕਿ ਜਦੋਂ ਚੋਅ ਦਾ ਪਾਣੀ ਡਰੇਨ ਵਿਚ ਪੈ ਜਾਂਦਾ ਹੈ ਤਾਂ ਡਰੇਨ ਓਵਰ-ਫਲੋ ਹੋ ਜਾਂਦੀ ਹੈ ਅਤੇ ਅਗੇ ਜਾ ਕੇ ਪਾਣੀ ਸਪਲੈਡ ਆਊਟ ਹੋ ਜਾਂਦਾ ਹੈ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਕੁਐਸਚਨ ਬੜਾ ਇੰਪਾਰਟੈਂਟ ਹੈ ਕਿਉਂ ਕਿ ਇਹ ਕੰਡੀ ਏਰੀਆ ਦੀ ਡਿਵੈਲਪਮੈਂਟ ਵਾਸਤੇ ਹੈ । ਇਸ ਏਰੀਆ ਲਈ ਡਰੇਨੇਜ ਬਹੁਤ ਜ਼ਰੂਰੀ ਹੈ ਪਰ ਡਿਪਾਰਟਮੈਂਟ ਨੇ ਬਜਟ ਵਿਚ 10 ਕਰੋੜ ਰੁਪਏ ਰਖੇ ਹਨ । ਇਸ ਵਿਚ ਵੱਲ ਬਾਹਾ ਡੈਮ, ਮੁਕਤਸਰ ਦੀ ਸਕੀਮ ਤੇ ਖਰਚ ਕਰਨੇ ਹਨ ਅਤੇ ਇਸ ਵਿਚ ਹੋਰ ਵੀ ਕਈ ਕੰਮ ਹੋਣੇ ਹਨ । ਇਸ ਲਈ ਇਹ ਜਿਹੜਾ ਬਜਟ ਹੈ ਬਹੁਤ ਥੋੜ੍ਹਾ ਹੈ। ਕੀ ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਬਜਟ ਵਿਚ ਕੋਈ ਸੋਧ ਕਰਨਗੇ ਤਾ ਕਿ ਮੈਂਬਰ ਸਾਹਿਬ ਦੀ ਸੰਤੁਸ਼ਟੀ ਹੋ ਸਕੇ ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬੱਜਟਦੀ ਪੂੰਜੀ ਦੀ ਰਕਮ ਦੀ ਗੱਲ ਕਹੀ ਹੈ। ਸਪਲੀਮੈਂਟਰੀ ਤਾਂ ਬਣਦਾ ਹੀ ਨਹੀਂ ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਵੱਡੇ ਵੱਡੇ ਵਜ਼ੀਰ ਅਤੇ ਅਕਾਲੀ ਐਮ. ਐਲ. ਏ. ਰਹੇ ਉਨ੍ਹਾਂ ਨੇ ਡਰੇਨਾਂ ਬਾਰੇ ਉਸ ਹਲਕੇ ਦੇ ੨, ੪ ਪਿੰਡਾਂ ਨਾਲ ਕਈ ਵਾਰੀ ਵਾਅਦੇ ਕੀਤੇ ਪਰ ਪੂਰੇ ਨਾ ਹੋਏ । ਉਨ੍ਹਾਂ ਪਿੰਡਾਂ ਦੇ ਲੋਕਾਂ ਨੇ ਮੇਰੇ ਨਾਲ ਸਹਯੋਗ ਕੀਤਾ ਹੈ। ਵਜ਼ੀਰ

Original with;
Punjab Vidhan Sabha
Digitized by;
Panjab Digital Library

ਸਾਹਿਬ ਦਸਣ ਕਿ ਉਨ੍ਹਾਂ ਪਿੰਡਾਂ ਦੀ ਡਰੇਨ ਦੀ ਖੁਦਾਈ ਦਾ ਕੰਮ ਕਦੋਂ ਸ਼ੁਰੂ ਕਰ ਦੇਣਗੇ ਕਿਉਂ ਕਿ ਉਥੇ ਸੇਮ ਨਾਲ ਬਹੁਤ ਨੁਕਸਾਨ ਹੁੰਦਾ ਹੈ। ਪਿੰਡਾਂ ਦੇ ਨਾਂ ਹਨ ਦਾਲਾਪੁਰ, ਕੀੜੀ ਸ਼ਾਹ।

ਮੰਤਰੀ : ਸਪੀਕਰ ਸਾਹਿਬ, ਸੈਪਰੇਟ ਨੋਟਿਸ ਦੇ ਦੇਣ ਮੈਂ ਡਿਟੇਲਡ ਰਿਪਲਾਈ ਦੇ ਦਿਆਂਗਾ। ਮੈਂ ਸਰਦਾਰ ਲੱਖਾ ਸਿੰਘ ਨੂੰ ਸਾਰੇ ਹਾਊਸ ਦੀ ਮੌਜੂਦਗੀ ਵਿਚ ਇਨਵਾਈਟ ਕਰਦਾ ਹਾਂ, ਇਹ ਮੇਰੇ ਕੋਲ ਆ ਜਾਣ ਮੈਂ ਇਨਵੈਸਟੀਗੇਸ਼ਨ ਕਰਾ ਲਵਾਂਗਾ।

ਮਾਸਟਰ ਬਾਬੂ ਸਿੰਘ ; ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਦਸਿਆ ਹੈ ਕਿ ਕੰਮ ਕੋਈ ਨਹੀਂ ਹੋ ਰਿਹਾ ਅਤੇ ਇਕ ਸਾਲ ਤੋਂ ਉਥੇ ਕਰੇਨ ਵੇਹਲੀ ਖੜੀ ਹੈ। ਮੈਂ ਕਹਿੰਦਾ ਹਾਂ ਕਿ ਵਜ਼ੀਰ ਸਾਹਿਬ ਉਸ ਕਰੇਨ ਨੂੰ ਕਿਸੇ ਹੋਰ ਡਰੇਨ ਤੇ ਲਾ ਦੇਣ ਤਾਕਿ ਕਿਤੇ ਹੋਰ ਕੰਮ ਹੋ ਜਾਏ।

ਮੰਤਰੀ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਦੇ ਜਵਾਬ ਵਿਚ ਕਿਹਾ ਸੀ ਕਿ ਲੈਂਡ ਐਕੁਈਜ਼ੀਸ਼ਨ ਦੀਆਂ ਪ੍ਰੋਸੀਡਿੰਗਜ਼ ਪੂਰੀਆਂ ਨਹੀਂ ਹੋਈਆਂ। ਕੋਈ ਬੰਦਾ ਅਦਾਲਤ ਵਿਚ ਚਲਾ ਗਿਆ ਅਤੇ ਸਾਰਾ ਕੰਮ ਖੜ ਗਿਆ, ਇਹ ਤਾਂ ਨਿਰੀ ਕਰੇਨ ਦੀ ਗਲ ਕਰਦੇ ਹਨ।

ਸ਼੍ਰੀ ਚਮਨ ਲਾਲ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਗਰੋਟਾ ਇਕ ਪੁਲ ਹੈ ਜਿਥੇ ਕਿ ਪੀ. ਡਬਲਿਯੂ. ਡੀ. ਅਤੇ ਇਰੀਗੇਸ਼ਨ ਡਿਪਾਰਟਮੈਂਟ ਦਾ ਡਿਸਪਿਊਟ ਹੈ। ਉਥੇ ਦਰਿਆ ਰਾਵੀ ਚਲਦਾ ਹੈ। ਉੱਥੇ ਇਰੀਗੇਸ਼ਨ ਡਿਪਾਰਟਮੈਂਟ ਦਾ ਪੁੱਲ ਹੈ। ਦੋ, ਤਿੰਨ ਵਾਰੀ ਐਸਟੀਮੇਟ ਵੀ ਬਣਿਆ ਹੈ। ਅਕਾਲੀ ਜਨਤਾ ਸਰਕਾਰ ਵੇਲੇ ਇਸ ਪੁੱਲ ਦਾ ਐਸਟੀਮੇਟ ਖ਼ਰਚ ਨਿਆਦਾ ਬਣਾ ਦਿਤਾ ਸੀ ਤਾਂ ਕਿ ਇਹ ਨਾ ਬਣੇ। ਮੈਂ ਕਿਹਾ ਸੀ ਕਿ ਮੈਨੂੰ 20 ਲੱਖ ਰੁਪਏ ਦੇ ਦਿਓ, ਮੈਂ ਇਹ ਪੁੱਲ ਬਣਾ ਦਿੰਦਾ ਹਾਂ। ਇਨ੍ਹਾਂ ਨੇ ਚਾਰ ਕਰੋੜ ਰੁਪਏ ਦਾ ਐਸਟੀਮੇਟ ਬਣਾ ਦਿਤਾ ਹੈ। ਇਹ ਪੁੱਲ ਕਦੋਂ ਤਕ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦਾ। ਮਾਨਯੋਗ ਮੈਂਬਰ ਕਸ਼ਟ ਕਰ ਕੇ ਮੇਰੇ ਚੈਂਬਰ ਵਿਚ ਆ ਜਾਣ ਮੈਂ ਇਹ ਚੀਜ਼ ਵੇਖ ਲਵਾਂਗਾ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਕੋਈ ਨੁਕਤਾ-ਚੀਨੀ ਵਾਲਾ ਨਹੀਂ। ਮੈਂ ਤਾਂ ਦੇਸ਼ ਦੇ ਹਿੱਤ ਦੀ ਗਲ ਕਰਦਾ ਹਾਂ। ਮੈਂ ਇਸ ਸਬੰਧੀ ਸਵਾਲ ਵੀ ਦਿੱਤਾ ਹੈ। ਅਜੇ ਤਕ ਤਾਂ ਆਇਆ ਨਹੀਂ। ਪਤਾ ਨਹੀਂ ਆਉਣਾ ਵੀ ਹੈ ਜਾਂ ਨਹੀਂ। ਮੈਂ ਆਪਣੇ ਹਲਕੇ ਵਿਚ ਡਰੇਨਾਂ ਦਾ ਕੰਮ ਪਿਛਲੀ ਸਰਕਾਰ ਵੇਲੇ ਚਾਲੂ ਕਰਾਇਆ ਸੀ। 3.87 ਕਰੋੜ ਰੁਪਏ ਦੀ ਮਾਸਟਰ ਪਲਾਨ ਬਣਾਈ ਗਈ ਸੀ। ਉਥੇ ਸੱਤ ਡਰੇਨਾਂ ਹੁੰਦੀਆਂ ਸਨ। 49 ਡਰੇਨਾਂ ਪੁਟਵਾਈਆਂ ਗਈਆਂ ਸਨ। ਦੋ ਤਿੰਨ ਡਰੇਨਾਂ ਅਜੇ ਵੀ ਪੁਟਣ ਵਾਲੀਆਂ ਹਨ। ਚਾਰ ਮਸ਼ੀਨਾਂ ਕਾਹਨੂਵਾਨ ਛੰਬ ਵਿੱਚ ਗਈਆਂ ਸਨ। ਉਹ ਚਾਰੇ ਦੀਆਂ ਚਾਰੇ ਵਾਪਸ ਮੰਗਵਾ ਲਈਆਂ ਗਈਆਂ ਹਨ। ਡਰੇਨਾਂ ਦੀ ਪੁਟਵਾਈ ਦਾ ਕੰਮ ਅਜੇ ਮੁਕੰਮਲ ਹੋਣਾ ਹੈ। ਚੀਫ਼ ਮਨਿਸਟਰ ਸਾਹਿਬ ਵੀ ਇਥੇ ਬੈਠੇ ਹਨ, ਇਹ ਮੇਰੀ ਗਲ ਨੋਟ ਕਰ ਲੈਣ। 50 ਹਜ਼ਾਰ ਏਕੜ ਜ਼ਮੀਨ ਤਬਾਹ ਹੋ ਗਈ ਹੈ। ਅਗਰ ਮੈਂ ਗਲਤ ਹੋਵਾਂ ਤਾਂ ਜੋ ਮਰਜ਼ੀ ਸਜ਼ਾ ਦੇਣ।

(ਕੋਈ ਉਤਰ ਨਹੀਂ ਦਿੱਤਾ ਗਿਆ)

Original with;
Punjab Vidhan Sabha
Digitized by;
Panjab Digital Library

Water Discharge Capacity of the Raikot Rajbaha in Faridkot District

***1508. Comrade Saghar Singh:** Will the Minister for Agriculture and Irrigation be pleased to state—

(a) the present discharge capacity of the Raikot Rajbaha Distributary of Sirhind Canal in Bhatinda Division ;

(b) the total discharge capacity of the distributary referred to in part (a) above in the years 1955, 1956 and 1957 alongwith reasons for variation, if any ;

(c) whether there is any proposal under the consideration of the Government to remove the variation ?

Chaudhri Kanshi Ram : (a) 140.50 cusecs.

(b) 140.50 cusecs.

(c) Question does not arise.

ਕਾਮਰੇਡ ਸੱਘਰ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਸੋ ਜਵਾਬ ਦਿੱਤਾ ਹੈ ਇਸ ਦੇ ਨਾਲ ਮੇਰੀ ਤਸੱਲੀ ਨਹੀਂ ਹੋਈ । ਇਹ ਜਿਹੜਾ ਸੂਆ ਹੈ ਇਹ ਸਰਹਿੰਦ ਕੈਨਾਲ ਵਿਚੋਂ ਨਿਕਲਦਾ ਹੈ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਮੇਰੇ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ਢੋ ਢਾਈ ਕਰੋੜ ਰੁਪਿਆ ਪਹਿਲਾਂ ਖਰਚ ਹੋ ਚੁਕਾ ਹੈ। ਹੁਣ ਮੁੜ ਕੇ ਪੈਲੀਆਂ ਵਿੱਚ ਪਾਣੀ ਖੜਾ ਹੈ । 50 ਹਜ਼ਾਰ ਏਕੜ ਜ਼ਮੀਨ ਤਬਾਹ ਹੋ ਗਈ ਹੈ।

ਸ਼੍ਰੀ ਸਪੀਕਰ : ਸੇਖਵਾਂ ਜੀ, ਤੁਸੀਂ ਸੈਪਰੇਟ ਕੁਐਸ਼ਚਨ ਇਸ ਲਈ ਦੇ ਦਿਓ।

ਕਾਮਰੇਡ ਸੱਘਰ ਸਿੰਘ : ਜਦੋਂ ਫਲੱਡ ਆਏ ਸਨ ਤਾਂ ਇਸ ਹਲਕੇ ਦੇ ਐਮ. ਐਲ. ਏ, ਸਰਦਾਰ ਗੁਰਮੀਤ ਸਿੰਘ ਨੇ ਕਿਹਾ ਕਿ ਇਸ ਇਲਾਕੇ ਨੂੰ ਫਲੱਡ ਏਰੀਆ ਕਰਾਰ ਦੇ ਦਿੱਤਾ ਜਾਵੇ । ਬਾਰਸ਼ਾਂ ਉਦੋਂ ਜ਼ਿਆਦਾ ਪਈਆਂ ਸਨ। ਲੇਕਿਨ ਅੱਜ ਡਰੇਨਾਂ ਨਿਕਲ ਗਈਆਂ ਹਨ ਅਤੇ ਪਾਣੀ ਦੀ ਹੁਣ ਬੜੀ ਲੋੜ ਹੈ। ਇਸ ਅੰਕੜੇ ਨੂੰ ਮੁੱਖ ਰਖਦੇ ਹੋਏ ਜਿਤਨਾ ਪਾਣੀ ਪਹਿਲਾਂ 1957 ਵਿੱਚ ਸੀ ਅਤੇ ਬਾਅਦ ਵਿੱਚ ਘਟਾਇਆ ਗਿਆ ਸੀ, ਕੀ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਪਾਰਟ 'ਬੀ' ਵਿੱਚ ਇਨ੍ਹਾਂ ਨੇ ਇਹ ਪੁੱਛਿਆ ਸੀ :—

"the total discharge capacity of the distributary referred to in part (a) above in the years 1955, 1956 and 1957 alongwith reasons for variation,

ਮੈਂ ਜਵਾਬ ਦਿੱਤਾ ਹੈ ਕਿ ਪਹਿਲਾਂ ਵੀ 140.50 ਕਿਊਸਿਕਸ ਡਿਸਚਾਰਜ ਸੀ ਅਤੇ ਹੁਣ ਵੀ ਇਤਨਾ ਹੀ ਹੈ। ਇਸ ਦਾ ਵਾਟਰ ਅਲਾਊਂਸ ਪਹਿਲਾਂ 2.25 ਕਿਊਸਿਕਸ ਸੀ ਮਗਰ 1981 ਵਿਚ ਅਪਰੂਵਲ ਹੋ ਗਈ ਕਿ ਇਸ ਦਾ ਵਾਟਰ ਅਲਾਊਂਸ 3.25 ਕਿਊਸਿਕਸ ਪਰ ਏਕੜ ਕਰ ਦਿਤਾ ਜਾਵੇ ਡਿਸਟ੍ਰੀਬਿਊਟਰੀ ਹੈਡ ਹੈ। ਚੈਨਲਜ਼ ਅਤੇ ਡਿਸਟ੍ਰੀਬਿਊਟਰੀਜ਼ ਦੀ ਲਾਈਨਿੰਗ ਹੋਰ ਹੀ ਹੈ ਇਸ ਦੇ ਨਾਲ ਸੇਵਿੰਗ ਵਾਟਰ ਦੀ ਹੋ ਸਕਦੀ ਹੈ। 1983-84 ਵਿਚ ਇਹ ਪਾਣੀ ਅਵੇਲੇਬਲ ਹੋਵੇਗਾ । ਫਸਟ ਫੇਜ਼ 1983-84 ਵਿੱਚ ਅਚੀਵ ਕਰ ਲਿਆਂਗੇ ।

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਬਠਿੰਡਾ ਡਵੀਜ਼ਨ ਵਿਚ ਪਾਣੀ 1957 ਵੇਲੇ ਕਿਉਂ-ਕਿ ਸੰਗਰੂਰ ਜ਼ਿਲ੍ਹੇ ਵਿਚੋਂ ਨਦਿਆਂ ਅਤੇ ਦਰਿਆਹੇ ਨਿਕਲਦੇ ਸਨ ਇਸ ਕਾਰਣ ਉਥੇ ਸੇਮ ਸੀ ਅਤੇ ਪਾਣੀ ਘਟਾ ਦਿਤਾ ਗਿਆ ਸੀ । ਹੁਣ ਪਾਣੀ ਦੀ ਬੜੀ ਡਿਮਾਂਡ ਹੈ, ਇਸ ਲਈ ਬੜੀ ਦਿਕਤ ਜ਼ਿਲ੍ਹਾ ਸੰਗਰੂਰ ਵਿਚ ਆ ਰਹੀ ਹੈ। ਕੀ 1957 ਵਾਲਾ ਪਾਣੀ ਬਹਾਲ ਕਰ ਕੇ ਬਠਿੰਡਾ ਅਤੇ ਸੰਗਰੂਰ ਜ਼ਿਲ੍ਹੇ ਦੀ ਘਾਟ ਨੂੰ ਪੂਰਾ ਕਰਨ ਦਾ ਉਪਰਾਲਾ ਕਰਨਗੇ ?

ਮੰਤਰੀ : ਮੇਰੇ ਮਾਨਯੋਗ ਦੋਸਤ ਨੇ ਤੋੜ ਮਰੋੜ ਕੇ ਗੱਲ ਕੀਤੀ ਹੈ । ਮੈਂ ਦਸਿਆ ਹੈ ਕਿ ਵਾਟਰ ਅਲਾਊਂਸ 1955, 56 ਅਤੇ 57.....

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਵਜ਼ੀਰ ਸਾਹਿਬ ਨੇ ਨਹੀਂ ਦਿੱਤਾ। ਉਥੇ ਕਰੋੜਾਂ ਰੁਪਿਆ ਖਰਚ ਹੋ ਕੇ ਤਬਾਹ ਹੋ ਗਿਆ ਹੈ। ਮੈਂ ਕਹਿੰਦਾ ਹਾਂ ਕਿ ਬੇਸ਼ਕ ਇਸ ਦੀ ਇਨਕੁਆਇਰੀ ਕਰਵਾ ਲਓ। ਜੇ ਮੈਂ ਝੂਠਾ ਹੋਵਾਂ ਤਾਂ ਮੈਂ ਅਸਤੀਫਾ ਦੇਣ ਲਈ ਤਿਆਰ ਹਾਂ। ਸਾਰੀ ਸਰਕਾਰ ਬੈਠੀ ਹੈ । ਮੁੱਖ ਮੰਤਰੀ ਸਾਹਿਬ ਬੈਠੇ ਹਨ। ਮੇਰੀ ਗੱਲ ਦਾ ਜਵਾਬ ਕਿਉਂ ਨਹੀਂ ਦਿੰਦੇ ।

ਮੰਤਰੀ : ਸਪੀਕਰ ਸਾਹਿਬ, ਚੋਪੜਾ ਸਾਹਿਬ ਨੇ ਵਾਟਰ ਅਲਾਊਂਸ ਦੀ ਐਨਹਾਂਸਮੈਂਟ ਲਈ ਕਿਹਾ ਹੈ । ਅਕਾਰਡਿੰਗ ਟੂ ਰਿਕੁਆਇਰਮੈਂਟਸ ਕੁਝ ਨਾਰਮਜ਼ ਫਿਕਸ ਕੀਤੇ ਹਨ । ਉਸ ਦੇ ਮੁਤਾਬਿਕ ਇਹ ਕਨਸਿਡਰ ਹੁੰਦਾ ਹੈ । ਅਵੇਲੇਬਿਲਿਟੀ ਦੀ ਫਸਟ ਕਨਸੀਡਰੇਸ਼ਨ ਹੁੰਦੀ ਹੈ । ਜਿਉਂ ਜਿਉਂ ਲਾਇਨਿੰਗ ਨਾਲ ਪਾਣੀ ਦੀ ਸੇਵਿੰਗ ਹੋ ਗਈ ਤਿਉਂ ਤਿਉਂ ਵਾਟਰ ਅਲਾਊਂਸ ਵਧਾ ਦਿਆਂਗੇ । ਜਿਥੋਂ ਤਕ ਜੱਥੇਦਾਰ ਸੇਖਵਾਂ ਦਾ ਸਵਾਲ ਹੈ, ਮੈਂ ਆਪ ਜਾ ਕੇ ਵੇਖ ਲਵਾਂਗਾ ।

Widening of Road from Kangna Moor to Siyana

***1210. Master Dalip Chand:** Will the Minister for Public Works be pleased to state the time by which the road from Kangna Moor bridge to Siyana on the National Highway from Ropar to Hoshiarpur is likely to be widened ?

Sardar Beant Singh : An estimate amounting to Rs. 15,08,200 for widening and strengthening of left out portion in Balachaur town from Kangna Moor bridge to Siyana has been submitted to Ministry of Shipping and Transport , Government of India on 9th October, 1981, for technical approval and financial sanction. This work will be taken in hand after technical approval and financial sanction of the estimate is received from Ministry of Shipping and Transport, Government of India.

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ 6, 7 ਸਾਲ ਤੋਂ ਨੈਸ਼ਨਲ ਹਾਈਵੇ ਰੋਪੜ ਤੋਂ ਗੜ੍ਹਸ਼ੰਕਰ ਤਕ ਬਣ ਚੁਕੀ ਹੈ । ਸਿਰਫ ਕੰਗਣਾ ਮੂਰ ਬ੍ਰਿਜ ਤੋਂ ਸਿਆਣਾ ਤਕ ਜੋ ਦੋ ਕਿਲੋਮੀਟਰ ਏਰੀਆ ਚੌਰ ਤੋਂ ਦੋਨਾਂ ਸਾਈਡਾਂ ਤੇ ਹੈ, ਇਹ ਬਣਨੀ ਰਹਿੰਦੀ ਹੈ। ਸੜਕ ਦੀ ਚੌੜਾਈ ਘਟ ਹੋਣ ਕਾਰਣ ਐਕਸੀਡੈਂਟਸ ਨਾਲ, ਤਿੰਨ ਚਾਰ ਮੌਤਾਂ ਹੋ ਜਾਂਦੀਆਂ ਹਨ । ਕਦੋਂ ਤਕ ਵਜ਼ੀਰ ਸਾਹਿਬ ਇਸ ਸੜਕ ਨੂੰ ਬਣਾਉਣ ਦਾ ਪ੍ਰਬੰਧ ਕਰਣਗੇ ?

ਮੰਤਰੀ : ਇਹ ਇਸ ਕਰ ਕੇ ਲੈਫਟ ਆਉਟ ਰਹਿ ਗਈ ਸੀ ਕਿਉਂਕਿ ਪਹਿਲਾਂ ਬਾਈਪਾਸ ਬਣਾਉਣ ਦੀ ਪਰਪੋਜ਼ਲ ਸੀ। ਟਰਾਂਸਪੋਰਟ ਮਨਿਸਟਰੀ, ਗੌਰਮਿੰਟ ਆਫ਼ ਇੰਡੀਆ ਨੇ ਬਾਈ ਪਾਸ

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਮੰਤਰੀ]

ਬਣਾਉਣ ਦੀ ਪਰੋਪੋਜ਼ਲ ਰਿਜੈਕਟ ਕਰ ਦਿੱਤੀ ਹੈ। ਦੂਸਰੀ ਸੜਕ ਬਣਾਈ ਜਾਵੇਗੀ। ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਟੈਕਨੀਕਲ ਅਤੇ ਫਾਈਨਾਂਸ਼ਲ ਸੈਂਕਸ਼ਨ ਵਾਸਤੇ ਕੇਸ ਭੇਜਿਆ ਹੋਇਆ ਹੈ। ਉਸ ਦੇ ਆਉਣ ਤੇ ਕੰਮ ਸ਼ੁਰੂ ਕਰ ਦਿਆਂਗੇ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਅੰਮ੍ਰਿਤਸਰ ਤੋਂ ਜਲੰਧਰ, ਅੰਮ੍ਰਿਤਸਰ ਤੋਂ ਅਜਨਾਲਾ ਅਤੇ ਅੰਮ੍ਰਿਤਸਰ ਤੋਂ ਤਰਨ ਤਾਰਨ ਤਕ ਜਿਹੜੀਆਂ ਸੜਕਾਂ ਹਨ, ਉਹ ਕਾਫੀ ਚੌੜੀਆਂ ਹਨ। ਪਰ ਅੰਮ੍ਰਿਤਸਰ ਤੋਂ ਫਤਿਹਗੜ੍ਹ ਚੂੜੀਆਂ ਅਤੇ ਡੇਰਾ ਬਾਬਾ ਨਾਨਕ ਦੀ ਜਿਹੜੀ ਸੜਕ ਹੈ ਇਹ ਬੜੀ ਛੋਟੀ ਹੈ। ਇਸ ਰੋਡ ਤੇ ਕਾਰਖਾਨੇ ਵੀ ਕਾਫੀ ਲੱਗੇ ਹਨ। ਇਸ ਲਈ ਆਵਾਜਾਈ ਬੜੀ ਮੁਸ਼ਕਲ ਹੈ। ਕੀ ਇਸ ਨੂੰ ਚੌੜਾ ਕਰਨ ਦਾ ਉਪਰਾਲਾ ਕਰਨਗੇ ?

ਮੰਤਰੀ : ਮੈਂ ਇਸ ਨੂੰ ਐਗਜ਼ਾਮਿਨ ਕਰ ਲਵਾਂਗਾ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਜੀ. ਟੀ. ਰੋਡ ਤੇ ਰੋਜ਼ ਐਕਸੀਡੈਂਟ ਹੁੰਦੇ ਹਨ। ਰਾਜਪੁਰੇ ਤੋਂ ਲੁਧਿਆਣਾ ਤਕ ਸੜਕ ਨੂੰ ਡਬਲ ਕਰਨ ਦਾ ਪ੍ਰੋਗਰਾਮ ਕੀ ਸਰਕਾਰ ਦੇ ਵਿਚਾਰ ਅਧੀਨ ਹੈ ?

ਮੰਤਰੀ : ਜਿਉਂ ਜਿਉਂ ਫੰਡਜ਼ ਮਿਲਦੇ ਹਨ, ਸੈਂਟਰਲ ਗੌਰਮਿੰਟ ਇਹ ਕੰਮ ਕਰਦੀ ਹੈ। ਜੀ, ਟੀ ਰੋਡ ਨੂੰ ਵਾਈਡਨ ਕਰਨ ਦਾ ਪ੍ਰੋਗਰਮ ਤੁਹਾਡੇ ਸਾਹਮਣੇ ਚਲ ਹੀ ਰਿਹਾ ਹੈ, ਦੂਜੀ ਲਾਈਨ ਤੇ।

Widening of Road from Makhu to Ferozepur

***1256. Sardar Harcharan Singh Hero:** Will the Minister for Public Works be pleased to state whether there is any proposal under the consideration of the Government for the widening of Makhu to Ferozepur Road from 11 feet to 23 feet ; if so, the time by which that is likely to be done ?

Sardar Beant Singh : Yes. The matter regarding widening of this road up to 18 feet is under the consideration of the Government.

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਇਹ ਜਿਹੜੀ ਫਿਰੋਜ਼ਪੁਰ ਤੋਂ ਮੱਖੂ ਰੋਡ ਹੈ, ਇਸ ਦੇ ਬਣਨ ਨਾਲ 15 ਮੀਲ ਦਾ ਫਾਸਲਾ ਗੰਗਾਨਗਰ, ਫਿਰੋਜ਼ਪੁਰ ਆਦਿ ਨੂੰ ਘੱਟ ਗਿਆ ਹੈ। ਜਿਹੜੀ ਰੋਡ ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ ਅਤੇ ਪਠਾਨਕੋਟ ਨੂੰ ਜਾਂਦੀ ਹੈ, ਸਾਰੀ ਟਰੈਫਿਕ ਇਸ ਸੜਕ ਤੇ ਡਿਵਾਈਡ ਹੁੰਦੀ ਹੈ। ਸੜਕ ਦੀ ਬੜੀ ਮਾੜੀ ਹਾਲਤ ਹੈ। ਇਹ ਤਾਂ ਇਨ੍ਹਾਂ ਦੀ ਮੇਹਰਬਾਨੀ ਹੈ ਕਿ ਇਸ ਨੂੰ 18 ਫੀਟ ਵਾਈਡ ਕਰਨ ਦਾ ਪ੍ਰੋਗਰਮ ਰੱਖ ਲਿਆ ਹੈ। 2 ਲੱਖ ਰੁਪਿਆ ਇਸ ਲਈ ਰੱਖਿਆ ਹੈ।

ਦੋ ਲੱਖ ਨਾਲ ਕੁਝ ਨਹੀਂ ਹੋਣਾ। ਕੀ ਮੰਤਰੀ ਜੀ ਯਕੀਨ ਦਿਵਾਉਣਗੇ ਕਿ ਇਸ ਸਾਲ ਦੇ ਵਿਚ ਇਹ ਸੜਕ ਚੌੜੀ ਕਰਵਾ ਦਿੱਤੀ ਜਾਵੇਗੀ ?

ਮੰਤਰੀ : ਨਹੀਂ ਜੀ, ਇਸ ਸਾਲ ਵਿਚ ਨਹੀਂ ਹੋ ਸਕਣੀ। ਇਹ ਫੰਡਜ਼ ਦੀ ਅਵੇਲੇਬਿਲਿਟੀ ਤੇ ਡਿਪੈਂਡ ਕਰਦਾ ਹੈ। ਜਿਉਂ ਜਿਉਂ ਫੰਡਜ਼ ਮਿਲਦੇ ਗਏ ਤਿਉਂ ਤਿਉਂ ਅਸੀਂ ਸੜਕ ਨੂੰ ਚੌੜਾ ਕਰਦੇ ਜਾਵਾਂਗੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਮਾਰਕਿਟ ਕਮੇਟੀਆਂ ਦੀਆਂ ਬੜੀਆਂ ਸੜਕਾਂ ਬਣਾਈਆਂ ਗਈਆਂ ਸਨ, ਪਰ ਉਹ ਹੁਣ ਟੁੱਟ ਭੱਜ ਗਈਆਂ ਹਨ। ਕੀ ਪੀ. ਡਬਲਯੂ. ਡੀ. ਉਨ੍ਹਾਂ ਸੜਕਾਂ ਨੂੰ ਟੇਕ ਓਵਰ ਕਰ ਕੇ ਉਨ੍ਹਾਂ ਨੂੰ ਠੀਕ ਕਰੇਗੀ ? ਦੂਸਰਾ ਜੋ ਸੜਕਾਂ ਮਿਉਂਸਪਲ ਕਮੇਟੀਆਂ ਜਾਂ ਮਿਉਂਸਪਲ ਕਾ ਰਪੋਰੇਸ਼ਨਾਂ ਦੀ ਹਦੂਦ ਵਿਚ ਹਨ ਉਹ ਉਨ੍ਹਾਂ ਕਮੇਟੀਆਂ ਨੂੰ ਜਾਂ ਕਾਰਪੋਰੇਸ਼ਨਾਂ ਨੂੰ ਟਰਾਂਸਫਰ ਕਰਨਗੇ ਤਾਕਿ ਉਨ੍ਹਾਂ ਦੀ ਠੀਕ ਤਰ੍ਹਾਂ ਨਾਲ ਦੇਖ ਰੇਖ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਮਾਰਕਿਟ ਕਮੇਟੀਆਂ ਦੀਆਂ ਸੜਕਾਂ ਦਾ ਕਾਫੀ ਦਫਾ ਸਵਾਲ ਆ ਗਿਆ ਹੈ। ਸੁਪਰੀਮ ਕੋਰਟ ਦੀ ਜੱਜਮੈਂਟ ਨੇ ਕੋਈ ਫੈਸਲਾ ਕਰਨੋ ਰੋਕ ਦਿਤਾ ਸੀ। ਹੁਣ ਉਸ ਤੇ ਵਿਚਾਰ ਹੋ ਰਿਹਾ ਹੈ। ਬਾਕੀ, ਸਪੀਕਰ ਸਾਹਿਬ, ਇਨ੍ਹਾਂ ਨੇ ਕਾਰਪੋਰੇਸ਼ਨਾਂ ਜਾਂ ਮਿਉਂਸਪਲ ਕਮੇਟੀਆਂ ਦੀਆਂ ਸੜਕਾਂ ਦੀ ਗੱਲ ਪੁੱਛੀ ਹੈ। ਅਸੀਂ ਅੱਧਾ ਪੈਸਾ ਕਾਰਪੋਰੇਸ਼ਨਾਂ/ਕਮੇਟੀਆਂ ਵਾਲਿਆਂ ਨੂੰ ਦਿੰਦੇ ਹਾਂ ਅੱਰ ਸੜਕਾਂ ਵਾਸਤੇ ਅੱਧਾ ਪੈਸਾ ਉਹ ਆਪ ਖਰਚਦੇ ਹਨ। ਪਰ ਜੇਕਰ ਕਿਸੇ ਮਿਉਂਸਪੈਲਿਟੀ ਵਾਲੇ ਆਪਣੀ ਹੀ ਸੜਕ ਬਨਾਉਣਾ ਚਾਹੁੰਦੇ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ।

Recruitment-appointments of Assistant Directors Homoeopathy

*1512. **Sardar Balwinder Singh Bhunder** : Will the Minister for Health be pleased to state—

(a) the number and names of persons recruited/appointed as Assistant Directors, Homoeopathy, during the period from 1st January, 1980 todate;

(b) the qualifications and experience of the persons referred to in part (a) above;

(c) the total number of persons who applied for the posts referred to in part (a) above and the number of persons who were called for interview?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) 1 ਜਨਵਰੀ, 1980 ਤੋਂ ਹੁਣ ਤਕ ਕੇਵਲ ਸ਼੍ਰੀ ਵੀ. ਆਰ. ਭਾਟੀਆ ਨੂੰ ਸਹਾਇਕ ਡਾਇਰੈਕਟਰ ਹੋਮਿਓਪੈਥਿਕ ਦੀ ਆਸਾਮੀ ਤੇ ਨਿਯੁਕਤ ਕੀਤਾ ਗਿਆ ਹੈ ;

(ਅ) ਉਪਰੋਕਤ (ੳ) ਵਿਚ ਦਰਸਾਏ ਗਏ ਵਿਅਕਤੀ ਦੀਆਂ ਯੋਗਤਾਵਾਂ ਅਤੇ ਤਜਰਬੇ ਨਾਲ ਅਗੇ ਦਿੱਤੀ ਨੱਥੀ ਕੀਤੀ ਗਈ ਸਟੇਟਮੈਂਟ ਵਿਚ ਦਰਸਾਈਆਂ ਗਈਆਂ ਹਨ ;

(ਏ) ਉਪਰੋਕਤ 'ਓ' ਵਿਚ ਦਰਸਾਈ ਗਈ ਆਸਾਮੀ ਵਾਸਤੇ ਕੋਈ ਵੀ ਦਰਖਾਸਤ ਆਸਾਮੀ ਦੀ ਰਚਨਾ ਹੋਣ ਤੋਂ ਬਾਅਦ ਵਸੂਲ ਨਹੀਂ ਹੋਈ ਸੀ ਇਸ ਲਈ ਕਿਸੀ ਨੂੰ ਇੰਟਰਵਿਊ ਵਾਸਤੇ ਬੁਲਾਇਆ ਨਹੀਂ ਗਿਆ ਸੀ। ਸ਼੍ਰੀ ਵੀ. ਆਰ. ਭਾਟੀਆ ਨੂੰ ਤਦਅਰਥ ਆਧਾਰ ਤੇ ਨਿਯੁਕਤ ਕੀਤਾ ਗਿਆ ਹੈ ।

Original with;
Punjab Vidhan Sabha
Digitized by:
Panjab Digital Library

[ਸਿਹਤ ਮੰਤਰੀ]

ਸਟੇਟਮੈਂਟ

ਪ੍ਰਸ਼ਨ ਦੇ ਭਾਗ (ਓ) ਵਿਚ ਦਰਸਾਏ ਗਏ ਵਿਅਕਤੀ ਦੀਆਂ ਯੋਗਤਾਵਾਂ ਅਤੇ ਤਜਰਬਾ ਹੇਠ ਲਿਖੇ ਅਨੁਸਾਰ ਹੈ :—

1. ਵਿਦਿਅਕ ਯੋਗਤਾਵਾਂ :

(1) ਮਾਸਟਰ ਆਫ਼ ਆਰਟ ... ਪੰਜਾਬ ਯੂਨੀਵਰਸਿਟੀ, 1953

(2) ਬੈਚੂਲਰ ਆਫ ਲਾਜ਼ ... ਪੰਜਾਬ ਯੂਨੀਵਰਸਿਟੀ, 1978

(3) ਆਨਰਜ਼ ਇਨ ਪੰਜਾਬੀ ... ਪੰਜਾਬ ਯੂਨੀਵਰਸਿਟੀ, 1945

(4) 21 ਜੁਲਾਈ, 1951 ਨੂੰ ਪੰਜਾਬ ਸਰਕਾਰ ਵਲੋਂ ਲਿਆ ਗਿਆ ਪੰਜਾਬੀ ਇਮਤਿਹਾਨ ਪਾਸ ਕੀਤਾ ਗਿਆ ।

2. ਕਿੱਤਾ ਯੋਗਤਾਵਾਂ:

ਬੋਰਡ ਆਫ਼ ਹੋਮਿਉਪੈਥਿਕ ਸਿਸਟਮ ਆਫ ਮੈਡੀਸਨ ਦਿੱਲੀ ਤੋਂ ਸਾਲ 1967 ਵਿਚ ਹੋਮਿਉਪੈਥਿਕ ਸਾਇੰਸ ਦਾ ਡਿਪਲੋਮਾ ਪਾਸ ਕੀਤਾ ਗਿਆ। ਉਹ ਤਿੰਨ ਵਿਸ਼ਿਆਂ ਵਿਚ ਪਹਿਲੇ ਨੰਬਰ ਤੇ ਰਹੇ ।

3. ਪ੍ਰਸ਼ਾਸਕੀ ਤਜਰਬਾ:

(1) ਲੇਬਰ ਕਮਿਸ਼ਨਰ ਪੰਜਾਬ ਦੇ ਦਫ਼ਤਰ ਵਿਚ ਬਤੌਰ ਸੁਪਰਡੈਂਟ ਦਾ ਤਜਰਬਾ 13 ਅਗਸਤ, 1966 ਤੋਂ 21 ਮਾਰਚ, 1980 ।

(2) ਅਕਤੂਬਰ, 1975 ਤੋਂ ਅਕਤੂਬਰ, 1977 ਤੱਕ ਅੰਕੜੇ ਅਫ਼ਸਰ ਦਾ ਤਜਰਬਾ ।

4. ਕਿੱਤਾ ਤਜਰਬਾ:

ਪੰਜਾਬ ਸਰਕਾਰ ਵਲੋਂ ਆਗਿਆ ਦੇਣ ਤੇ ਸਾਲ 1968 ਤੋਂ ਪਾਰਟ-ਟਾਈਮ ਤੌਰ ਤੇ ਬਤੌਰ ਹੋਮਿਓਪੈਥਿਕ ਪ੍ਰਾਈਵੇਟ ਪ੍ਰੈਕਟਿਸ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਸਿਸਟੈਂਟ ਡਾਇਰੈਕਟਰ ਦੀ ਬੜੀ ਉੱਚੀ ਪੋਸਟ ਹੈ ਔਰ ਇਸ ਦਾ ਸਬੰਧ ਵੀ ਹੈਲਥ ਨਾਲ ਹੈ। ਤੁਹਾਡੀ ਵੀ ਸੀ. ਐਮ. ਸਾਹਿਬ ਦੀ ਵੀ ਔਰ ਪ੍ਰਾਈਮ ਮਨਿਸਟਰ ਸਾਹਿਬਾ ਦੀ ਵੀ ਹੈਲਥ ਇਨਵਾਲਵ ਹੋ ਸਕਦੀ ਹੈ । ਉਹ ਆਦਮੀ ਇਕ ਕਲਰਕ ਹੁੰਦਾ ਸੀ .....

ਸ਼੍ਰੀ ਸਪੀਕਰ : ਮੇਰੀ ਇਨਵਾਲਵ ਹੋਈ ਹੋਈ ਹੈ, ਮੇਰੀ ਗੱਲ ਨਾ ਕਰੋ। (ਹਾਸਾ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਫਿਰ ਸਰ, ਇਤਨੀ ਉੱਚੀ ਪੋਸਟ ਸੀ ਔਰ ਇਹ ਗਵਰਨਰੀ ਰਾਜ ਵਿਚ ਐਡਹਾਕ ਬੇਸਿਜ਼ ਤੇ ਭਰੀ ਗਈ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਪੋਸਟ ਨੂੰ ਐਡ-

Original with;
Punjab Vidhan Sabha
Digitized by;
Panjab Digital Library

ਵਰਟਾਈਜ਼ਮੈਂਟ ਦੇ ਥਰੂ ਕਿਉਂ ਨਹੀਂ ਭਰਿਆ ਗਿਆ ਜਾਂ ਕੀ ਕਾਰਣ ਹਨ ਕਿ ਇਸ ਪੋਸਟ ਨੂੰ ਡਿਪਾਰਟਮੈਂਟ ਵਿਚੋਂ ਸੂਟੇਬਲ ਪਰਸਨਜ਼ ਲੈ ਕੇ ਥਰੂ ਪ੍ਰਾਪਰ ਚੈਨਲ ਕਿਉਂ ਨਹੀਂ ਭਰਿਆ ਗਿਆ ? ਸਪੀਕਰ ਸਾਹਿਬ, ਇਕ ਥਰਡ ਕਲਾਸ ਮੈਟ੍ਰਿਕੁਲੇਸ਼ਨ ਨੂੰ ਏਡੀ ਵੱਡੀ ਪੋਸਟ ਤੇ ਲਗਾ ਕੇ ਅਨਿਆਇਕੀਤਾ ਗਿਆ ਹੈ। ਕੀ ਇਹ ਉਸ ਅਨਿਆਈ ਨੂੰ ਦੂਰ ਕਰਨਗੇ ਅੱਰ ਕੀ ਇਸ ਪੋਸਟ ਨੂੰ ਥਰੂ ਓਪਨ ਐਡਵਰਟਾਈਜ਼ਮੈਂਟ ਜਾਂ ਥਰੂ ਪ੍ਰਾਪਰ ਚੈਨਲ ਡਿਪਾਰਟਮੈਂਟ ਵਿਚੋਂ ਆਦਮੀ ਲੈ ਕੇ ਇਸ ਪੋਸਟ ਨੂੰ ਭਰਨਗੇ ?

Minister : The Academic Qualifications of this person are as under:—

(i) Master of Arts , Punjab University;

(ii) Bachelor of Laws, Punjab University ;

(iii) Honours in Punjabi, Punjab University;

(iv) Passed the examination in Punjabi held by Punjab Government on 21st July, 1951.

His Professional Qualifications are as under:—

Diploma in homoeopathic Science 1967 from the Board of Homoeopathic System of Medicines.—Delhi. He stood first with distinction in three subjects .

ਸੋ, ਸਪੀਕਰ ਸਾਹਿਬ, ਇਹ ਉਸ ਆਦਮੀ ਦੀਆਂ ਕੁਆਲੀਫਿਕੇਸ਼ਨਜ਼ ਹਨ । ਇਹ ਕਹਿਣਾ ਕਿ ਕਲਰਕ ਆਦਮੀ ਨੂੰ ਇਸ ਪੋਸਟ ਤੇ ਲਗਾ ਦਿਤਾ ਗਿਆ ਹੈ, ਇਹ ਨਵਾਜਿਬ ਗੱਲ ਹੈ । ਇਨ੍ਹਾਂ ਵੱਲੋਂ ਦੂਸਰੀ ਗੱਲ ਕਹੀ ਗਈ ਹੈ ਡਿਪਾਰਟਮੈਂਟਲ ਪ੍ਰੋਮੋਸ਼ਨ ਦੇ ਸਿਲਸਿਲੇ ਵਿਚ । ਸਪੀਕਰ ਸਾਹਿਬ, ਜਿਸ ਵੇਲੇ ਇਹ ਪੋਸਟ ਕਰੀਏਟ ਹੋਈ ਉਸ ਵੇਲੇ ਮਿਸਟਰ ਭਾਟੀਆ ਹੋਮਿਓਪੈਥੀ ਦੇ ਰਜਿਸਟਰਾਰ ਸਨ । ਉਸ ਪੋਸਟ ਵਾਸਤੇ ਦਸ ਸਾਲਾਂ ਦਾ ਤਜਰਬਾ ਚਾਹੀਦਾ ਸੀ । ਚਾਰ ਸਾਲਾਂ ਦੇ ਤਜਰਬੇ ਤੋਂ ਵੱਧ ਡਿਪਾਰਟਮੈਂਟ ਪਾਸ ਕੋਈ ਆਦਮੀ ਨਹੀਂ ਸੀ, ਇਸ ਵਾਸਤੇ ਡਿਪਾਰਟਮੈਂਟਲ ਪ੍ਰੋਮੋਸ਼ਨ ਨਹੀਂ ਸੀ ਹੋ ਸਕਦੀ । ਜਿਹੜੀ ਇਨ੍ਹਾਂ ਨੇ ਕਿਹਾ ਹੈ ਕਿ ਐਡਵਰਟਾਈਜ਼ਮੈਂਟ ਰਾਹੀਂ ਨਹੀਂ ਭਰੀ ਗਈ, ਸਪੀਕਰ ਸਾਹਿਬ, ਅਸੀਂ ਇਸ ਸਬੰਧ ਵਿਚ ਪਬਲਿਕ ਸਰਵਿਸ ਕਮਿਸ਼ਨ ਨੂੰ ਕਨਸਲਟ ਕੀਤਾ ਹੈ। ਰੂਲਜ਼ ਬਣਾ ਲਏ ਹਨ ਅੱਰ ਉਹ ਪਰਸੋਨਲ ਡਿਪਾਰਟਮੈਂਟ ਨੂੰ ਭੇਜ ਦਿੱਤੇ ਗਏ ਹਨ । ਜਦੋਂ ਉਥੋਂ ਰੂਲਜ਼ ਪਾਸ ਹੋ ਕੇ ਆ ਜਾਣਗੇ ਫਿਰ ਰੂਲਾਂ ਦੇ ਮੁਤਾਬਿਕ ਪੋਸਟ ਭਰੀ ਜਾਵੇਗੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਜਿਹੜੀਆਂ ਇਨ੍ਹਾਂ ਨੇ ਕੁਆਲੀਫਿਕੇਸ਼ਨਜ਼ ਦੱਸੀਆਂ ਹਨ, ਉਨ੍ਹਾਂ ਵਿਚੋਂ ਉਪਰਲੀਆਂ ਚਾਰ ਦਾਂ ਤਾਂ ਇਸ ਪੋਸਟ ਨਾਲ ਲਿੰਕ ਨਹੀਂ ਹੈ । ਬਾਕੀ ਇਨ੍ਹਾਂ ਨੇ ਦੱਸਿਆ ਹੈ ਕਿ ਉਸ ਬੰਦੇ ਪਾਸ ਡਿਪਲੋਮਾ ਇਨ ਹੋਮਿਉਪੈਥੀ ਹੈ । ਸਪੀਕਰ ਸਾਹਿਬ, ਪੰਜ-ਪੰਜ ਸਾਲਾਂ ਦੇ ਡਿਗਰੀ ਹੋਲਡਰ ਮਹਿਕਮੇਂ ਪਾਸ ਹਨ ਪਰ ਉਨ੍ਹਾਂ ਨੂੰ ਛੱਡ ਕੇ ਡਿਪਲੋਮਾ ਹੋਲਡਰ ਨੂੰ ਲਿਆ ਗਿਆ ਹੈ, ਇਸ ਦਾ ਕੀ ਕਾਰਣ ਹੈ ? ਡਿਗਰੀ ਵਾਲਿਆਂ ਨੂੰ ਕਿਉਂ ਨਹੀਂ ਲਿਆ ਗਿਆ ? ਦੂਸਰਾ ਇਹ ਕਿ ਐਡਹਾਕ ਬੇਸਿਜ਼ ਤੇ ਕਿਸੇ ਨੂੰ ਛੇ ਮਹੀਨਿਆਂ ਤੋਂ ਵੱਧ ਨਹੀਂ ਰੱਖਿਆ ਜਾ ਸਕਦਾ ਪਰ ਇਸ ਆਦਮੀ ਨੂੰ ਲਗੇ ਨੂੰ ਦੋ ਸਾਲ ਹੋ ਗਏ ਹਨ । ਜੇਕਰ ਇਹ ਗੱਲਾਂ ਠੀਕ ਹਨ ਤਾਂ ਜਿਹੜਾ ਅਨਿਆਇ ਹੋਇਆ ਹੈ ਕੀ ਇਹ ਉਸ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਦੂਰ ਕਰਨਗੇ ?

Original with;
Punjab Vidhan Sabha
Digitized by;
Panjab Digital Library

Minister : As regards the qualifications, the requirements are :—

(i) Degree or Diploma in Homoeopathy;

(ii) Matric or its equivalent course;

(iii) Punjabi upto Matric standard or its equivalent;

(iv) Ten years administrative experience in the Government Department ; or

(v) Ten years professional experience in Government service.

ਇਸ ਕਰਕੇ ਸ਼ਾਇਦ ਇਸ ਗੱਲ ਦਾ ਮੈਂਬਰ ਸਾਹਿਬ ਨੂੰ ਗਿਆਨ ਨਹੀਂ ਹੋਵੇਗਾ ਕਿ ਅਸੀਂ ਡਿਪਲੋਮਾ ਹੋਲਡਰ ਨੂੰ ਵੀ ਰੈਕੁਗਨਾਈਜ਼ ਕਰਦੇ ਹਾਂ। ਬਾਕੀ ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਰੂਲਜ਼ ਬਣ ਰਹੇ ਹਨ, ਅਸੀਂ ਪਬਲਿਕ ਸਰਵਿਸ ਕਮਿਸ਼ਨ ਨੂੰ ਕਨਸਲਟ ਕਰ ਚੁਕੇ ਹਾਂ, ਟਿਪਣੀ ਸਾਡੇ ਪਾਸ ਆ ਚੁਕੀ ਹੈ। ਜਦੋਂ ਰੂਲਜ਼ ਫਾਈਨਲ ਹੋ ਜਾਣਗੇ ਉਸ ਤੋਂ ਬਾਅਦ ਅਸੀਂ ਪ੍ਰੋਸੀਡ ਕਰਾਂਗੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਬ, ਮੇਰਾ ਖਿਆਲ ਹੈ ਕਿ ਜਿਹੜਾ ਇਹ ਮਿਸਟਰ ਭਾਟੀਆ ਹੈ ਇਹ ਪਾਰਲੀਮੈਂਟ ਵਿਚ ਅਸਿਸਟੈਂਟ ਸੀ। ਇਸ ਨੇ ਦਿੱਲੀ ਬੋਰਡ ਤੋਂ ਬਾਈ ਪੋਸਟ ਹੋਮਿਉਪੈਥੀ ਪਾਸ ਕੀਤੀ ਹੈ। ਉਨ੍ਹਾਂ ਤੋਂ ਸੀਨੀਅਰ ਡਾਕਟਰ ਪਹਿਲਾਂ ਹੀ ਡਿਪਾਰਟਮੈਂਟ ਪਾਸ ਸਨ। ਪਬਲਿਕ ਸਰਵਿਸ ਕਮਿਸ਼ਨ ਵਲੋਂ ਡਿਸਪੈਂਸਰੀਆਂ ਵਿਚ ਹੋਮਿਉਪੈਥੀ ਡਾਕਟਰ ਨਿਯੁਕਤ ਕੀਤੇ ਹੋਏ ਹਨ ਉਹ ਉਸ ਨਾਲੋਂ ਸੀਨੀਅਰ ਵੀ ਸਨ ਤਾਂ ਫਿਰ ਉਸ ਨੂੰ ਅਨਡਿਊ ਪ੍ਰਮੋਸ਼ਨ ਦਿਤੀ ਗਈ ਹੈ।

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁਛੋ ।

ਮਾਸਟਰ ਚੰਦ ਸਿੰਘ : ਹਾਂ ਜੀ, ਮੈਂ ਸਵਾਲ ਹੀ ਪੁਛਣ ਲਗਾ ਹਾਂ ਜੀ। ਕੀ ਵਜ਼ੀਰ ਸਾਹਿਬ ਇਸ ਸਾਰੇ ਮਾਮਲੇ ਦੀ ਪੜਤਾਲ ਕਰ ਕੇ ਜਿਸ ਆਦਮੀ ਦਾ ਹੱਕ ਬਣਦਾ ਹੈ ਉਸ ਨੂੰ ਅਸਿਸਟੈਂਟ ਡਾਇਰੈਕਟਰ ਲਗਾਉਣਗੇ ?

ਮੰਤਰੀ : ਮਿਸਟਰ ਭਾਟੀਆ ਨੂੰ ਅਨਡਿਊ ਪ੍ਰਮੋਸ਼ਨ ਨਹੀਂ ਦਿੱਤੀ ਗਈ । ਉਹ ਐਡਹਾਕ ਬੇਸਿਜ਼ ਤੇ ਕੰਮ ਕਰਦਾ ਹੈ। ਪਹਿਲਾਂ ਉਹ ਹੋਮਿਉਪੈਥਿਕ ਕੌਂਸਲ ਦੇ ਰਜਿਸਟਰਾਰ ਸਨ। ਜੋ ਉਨ੍ਹਾਂ ਦੀ ਪਹਿਲਾਂ ਤਨਖਾਹ ਸੀ ਉਸ ਤੋਂ 25% ਹੋਰ ਦੇ ਕੇ ਉਨ੍ਹਾਂ ਨੂੰ ਇਸ ਪੋਸਟ ਤੇ ਲਗਾਇਆ ਗਿਆ ਹੈ। ਇਸ ਵੇਲੇ ਉਹ ਇਕ ਪੋਸਟ ਤੇ ਤਨਖਾਹ ਲੈ ਕੇ ਦੋ ਪੋਸਟਾਂ ਦਾ ਕੰਮ ਕਰਦੇ ਹਨ। ਇਸ ਨਾਲ ਸਰਕਾਰ ਦਾ ਹਜ਼ਾਰ ਬਾਰਾਂ ਸੌ ਰੁਪਏ ਮਹੀਨੇ ਦਾ ਫਾਇਦਾ ਹੋਇਆ ਹੈ। ਨੁਕਸਾਨ ਕੋਈ ਨਹੀਂ ਹੋਇਆ ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਮਿਸਟਰ ਭਾਟੀਆ ਨੂੰ ਛੇ ਮਹੀਨੇ ਲਈ ਲਗਾਇਆ ਗਿਆ ਸੀ। ਸਾਡੇ ਰੂਲਜ਼ ਸਰਵਿਸਿਜ਼ ਦੇ ਬੜੇ ਕਲੀਅਰ ਹਨ। ਛੇ ਮਹੀਨੇ ਤੋਂ ਬਾਅਦ ਕੇਸ ਪਬਲਿਕ ਸਰਵਿਸ ਕਮਿਸ਼ਨ ਨੂੰ ਰੈਫਰ ਕਰਨਾ ਹੁੰਦਾ ਹੈ, ਉਹ ਕਿਉਂ ਨਹੀਂ ਕੀਤਾ ਗਿਆ ਅੱਤ ਕਿਉਂ ਨਹੀਂ ਐਡਵਰਟਾਈਜ਼ਮੈਂਟ ਕੀਤੀ ਗਈ ਅੱਤ ਐਡਵਰਟਾਈਜ਼ਮੈਂਟ ਕਰ ਕੇ ਇਹ ਪੋਸਟ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਕਿਉਂ ਨਹੀਂ ਭਰੀ ਗਈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਅਸੀਂ ਕੇਸ ਪਬਲਿਕ ਸਰਵਿਸ ਕਮਿਸ਼ਨ ਨੂੰ ਐਡਹਾਕ ਬੇਸਿਜ਼ ਦਾ ਵੀ ਰੈਫਰ ਕੀਤਾ ਹੋਇਆ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਨੇ ਤਾਂ ਉਸ ਨੂੰ ਡਿਸਅਲਾਓ ਕਰ ਦਿਤਾ ਹੈ ਫਿਰ ਕਿਉਂ ਨਹੀਂ ਉਸ ਨੂੰ ਹਟਾਉਂਦੇ ?

(ਕੋਈ ਉਤਰ ਨਹੀਂ ਆਇਆ)।

ਸਾਨੂੰ ਤਾਂ ਸਰ, ਇਹ ਡਰ ਹੈ ਕਿ ਇਸ ਤਰ੍ਹਾਂ ਕੱਲ੍ਹ ਨੂੰ ਇਹ ਕਿਸੇ ਅਨਪੜ੍ਹ ਜੱਟ ਨੂੰ ਨਾ ਅਸਿਸਟੈਂਟ ਡਾਇਰੈਕਟਰ ਲਗਾ ਦੇਣ। (ਹਾਸਾ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਜਿਹੜੇ ਡਾਕਟਰ ਚਾਰ ਚਾਰ ਸਾਲ ਕਾਲਜਾਂ ਵਿਚ ਪੜ੍ਹੇ ਹਨ, ਡਿਗਰੀਆਂ ਲਈਆਂ ਹਨ ਉਨ੍ਹਾਂ ਨੂੰ ਛੱਡ ਕੇ ਜਿਸ ਨੇ ਛੇ ਮਹੀਨੇ ਡਾਕ ਰਾਹੀਂ ਪੜ੍ਹ ਕੇ ਡਿਪਲੋਮਾ ਲਿਆ ਹੈ ਉਸ ਨੂੰ ਅਸਿਸਟੈਂਟ ਡਾਇਰੈਕਟਰ ਲਗਾ ਦਿੱਤਾ ਗਿਆ ਹੈ। ਇਹ ਠੀਕ ਨਹੀਂ ਹੈ।

Posts of Conductors advertised by the Ferozepur Depot of Punjab Roadways

***1451. (1) Comrade Sarwan Singh Cheema**
(2) Sardar Major Singh Ubboke
(3) Comrade Kulwant Singh } : Will the Minister of State for Transport be pleased to state—

(a) the total number of posts of Conductors advertised by the Ferozepur Depot of the Punjab Roadways during the years 1980 and 1981;

(b) the number of candidates who were selected against the posts mentioned in part (a) above ;

(c) whether the names of the candidates referrd to in part (b) above were sent by the Employment Exchange ;

(d) whether there was any candidate who was not present for interview but was selected for the said posts ?

ਸਰਦਾਰ ਅਵਤਾਰ ਸਿੰਘ ਗਟਵਾਲੀ : (ੳ) ਕੋਈ ਨਹੀਂ।

(ਅ) (ਏ) ਅਤੇ (ਸ) ਉਪਰੋਕਤ (ੳ) ਅਨੁਸਾਰ, ਸਵਾਲ ਹੀ ਨਹੀਂ ਉਠਦਾ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਅਸੀਂ ਤਾਂ ਸਵਾਲ ਦਿਤਾ ਸੀ ਸਾਡੇ ਫਿਰੋਜ਼ਪੁਰ ਡਵੀਜ਼ਨ ਦਾ। ਉਥੇ ਬਗੈਰ ਇੰਟਰਵਿਊ ਦੇ ਕਲਰਕ ਅੌਰ ਕੰਡਕਟਰ ਰੱਖੇ ਗਏ ਹਨ। ਕੀ ਵਜ਼ੀਰ ਸਾਹਿਬ ਇਸ ਦੀ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਵਾਲ ਵਿਚ ਫਿਰੋਜ਼ਪੁਰ ਡਿਪੋ ਲਿਖਿਆ ਹੋਇਆ ਹੈ ਉਸ ਬਾਰੇ ਮੈਂ ਜਵਾਬ ਦੇ ਦਿੱਤਾ ਹੈ। ਬਾਕੀ ਜੇ ਇਹ ਮੈਨੂੰ ਵਖਰਾ ਦੱਸ ਦਿੰਦੇ ਤਾਂ ਮੈਂ ਜਵਾਬ ਦੇ ਦੇਣਾ ਸੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਉਨ੍ਹਾਂ ਨੇ ਇਕ ਗਲ ਪੁੱਛਣੀ ਹੈ ਕਿ ਜਿਹੜੇ ਆਦਮੀ ਫਿਰੋਜ਼ਪੁਰ ਡਵੀਜ਼ਨ ਵਿਚ ਰਖੇ ਗਏ ਹਨ, ਕੀ ਉਨ੍ਹਾਂ ਦੀ ਘੋਖ ਕਰ ਕੇ ਠੀਕ ਕਰਨ ਲਈ ਤਿਆਰ ਹੋ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦਸਿਆ ਹੈ ਕਿ ਕੋਈ ਗਲਤ ਆਦਮੀ ਨਹੀਂ ਰਖੇ ਗਏ। ਜੇ ਤੁਹਾਨੂੰ ਕੋਈ ਇਤਰਾਜ਼ ਹੈ ਤਾਂ ਦਸ ਦਿਓ ਅਸੀਂ ਵੇਖ ਲਵਾਂਗੇ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਪਿਆਰੇ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 78 ਆਦਮੀ ਰਖਣੇ ਸਨ ਅੌਰ ਉਥੇ 225 ਆਦਮੀ ਰਖ ਲਏ। ਇਕ ਤਾਂ ਜਿਹੜੀ ਇਸ ਵਾਸਤੇ ਐਡਵਰਟਾਈਜ਼ਮੈਂਟ ਕੀਤੀ ਸੀ ਉਹ 78 ਆਦਮੀਆਂ ਦੀ ਸੀ ਅੌਰ ਦੂਸਰਾ ਜਿਹੜੇ ਇਹ ਬੰਦੇ ਰਖੇ ਗਏ ਇਨ੍ਹਾਂ ਪਾਸ ਇੰਪਲਾਇਮੈਂਟ ਦੇ ਸਰਟੀਫਿਕੇਟ ਨਹੀਂ ਸਨ । ਇਕ ਇਸ ਤੋਂ ਵੀ ਵੱਧ ਜਿਹੜੇ ਆਦਮੀ ਇੰਟਰਵਿਊ ਤੇ ਵੀ ਨਹੀਂ ਆਏ ਉਨ੍ਹਾਂ ਨੂੰ ਵੀ ਰਖ ਲਿਆ ਗਿਆ ਹੈ। ਕੀ ਇਸ ਲਈ ਇਹ ਕੋਈ ਇਨਕੁਆਇਰੀ ਕਰਵਾ ਕੇ ਹਾਊਸ ਨੂੰ ਦੱਸਣ ਲਈ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦਸਿਆ ਹੈ ਕਿ ਅਸੀਂ ਕੋਈ ਫਿਰੋਜ਼ਪੁਰ ਡਿਪੋ ਵਿਚ ਬੰਦਾ ਨਹੀਂ ਰਖਿਆ । ਫਿਰੋਜ਼ਪੁਰ ਡਵੀਜ਼ਨ ਵਿਚ 6 ਡਿਪੋ ਆਉਂਦੇ ਹਨ। ਉਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ ਜਵਾਬ ਦੇ ਦੇਵਾਂਗਾ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਹੋ ਸਕਦਾ ਹੈ ਕਿ ਮਨਿਸਟਰ ਸਾਹਿਬ ਦੇ ਬਣਨ ਤੋਂ ਪਹਿਲਾਂ ਦਾ ਇਹ ਸਕੈਂਡਲ ਹੋਵੇ । ਮਹਿਕਮਾ ਵਾਲਿਆਂ ਨੇ ਜਾਣ ਕੇ ਹੁਣ ਇਹ ਡਿਪੋ ਬਣਾ ਦਿੱਤਾ ਹੋਵੇ ਇਹ ਇਸ ਦੀ ਪੜਤਾਲ ਕਰਵਾ ਲੈਣ। 78 ਪੋਸਟਾਂ ਐਡਵਰਟਾਈਜ਼ ਹੋਈਆਂ ਸਨ ਤਾਂ 200 ਬੰਦੇ ਕਿਸ ਤਰ੍ਹਾਂ ਰਖੇ ਗਏ, ਇੰਟਰਵਿਊਜ਼ ਵੀ ਨਹੀਂ ਹੋਈਆਂ । ਇਹ ਸਾਰੀ ਪੁੱਛ ਗਿੱਛ ਕਰ ਲੈਣ ਅੌਰ ਜਿਹੜੇ ਡਿਫਾਲਟਰਜ਼ ਹਨ ਉਨ੍ਹਾਂ ਨੂੰ ਐਕਸਪੋਜ਼ ਕਰਨ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਚਾਹੇ ਇਹ ਕੇਸ ਮੇਰੇ ਤੋਂ ਪਹਿਲਾਂ ਦਾ ਹੋਵੇ ਜਾਂ ਪਿਛੋਂ ਦਾ, ਪਰ ਜਿਹੜਾ ਮੈਂ ਜਵਾਬ ਦਿਤਾ ਹੈ ਉਹ ਬੜਾ ਰਿਸਪਾਂਸੇਬਿਲਿਟੀ ਨਾਲ ਜਵਾਬ ਦਿਤਾ ਹੈ । ਫਿਰੋਜ਼ਪੁਰ ਡਿਪੋ ਵਿਚ ਕੋਈ ਬੰਦਾ ਨਹੀਂ ਰਖਿਆ ਗਿਆ । ਫਿਰੋਜ਼ਪੁਰ ਡਵੀਜ਼ਨ ਵਿਚ ਬੰਦੇ ਰਖਣ ਵਾਸਤੇ 78 ਆਦਮੀਆਂ ਦੀ ਲਿਸਟ ਬਣਾਈ ਸੀ ਅਤੇ ਇੰਪਲਾਏਮੈਂਟ ਐਕਸਚੈਂਜ ਨੂੰ ਰਿਕੁਈਜ਼ੀਸ਼ਨ ਭੇਜੀ ਸੀ । ਪਰ ਇੰਟਰਵਿਊਜ਼ ਕਰਨ ਤੇ 238 ਆਦਮੀਆਂ ਦੀ ਲਿਸਟ ਬਣੀ ਜਿਹੜੀ ਕਿ ਬਾਅਦ ਵਿਚ ਜਿਸ ਥਾਂ ਲੋੜ ਪਈ ਉਸ ਦੇ ਮੁਤਾਬਿਕ ਉਹ ਇਸਤੇਮਾਲ ਕਰਦੇ ਰਹੇ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਦੇ ਸਾਥੀ ਮੈਂਬਰਜ਼ ਸਾਹਿਬਾਨ ਨੇ ਇਨ੍ਹਾਂ ਨੂੰ ਅਨ-ਐਜੂਕੇਟ ਕਰ ਦਿਤਾ ਹੈ ਜਿਸ ਕਰਕੇ ਇਹ ਗੋਲ ਮੋਲ ਜਵਾਬ ਦੇ ਰਹੇ ਹਨ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਅਨ-ਐਜੂਕੇਟ ਨਾ ਹੋਣ । ਇਹ ਦੱਸਣ ਕਿਸ ਤਰ੍ਹਾਂ ਇਨ੍ਹਾਂ ਨੇ 78 ਆਦਮੀਆਂ ਦੇ ਅਗੇਂਸਟ 238 ਬੰਦੇ ਰਖ ਲਏ ਗਏ । ਕੀ ਇਹ ਇਸ ਦੀ ਇਨਕੁਆਇਰੀ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਤੋਂ ਪਹਿਲਾਂ ਵਾਲੇ ਮੰਤਰੀ ਵੀ ਪੜ੍ਹੇ ਹੋਏ ਸਨ । ਜੇ ਇਹ ਮੈਨੂੰ ਅਨ-ਐਜੂਕੇਟਿਡ ਸਮਝਦੇ ਹਨ ਤਾਂ ਮੈਨੂੰ ਦੱਸਣ ਮੈਂ ਇਨ੍ਹਾਂ ਦੇ ਸਕੂਲ ਵਿਚ ਪੜ੍ਹ ਲਵਾਂਗਾ ।

Original with;
Punjab Vidhan Sabha
Digitized by;
Panjab Digital Library

ਬਾਕੀ ਮੈਂ ਹਾਊਸ ਦੀ ਜਾਣਕਾਰੀ ਲਈ ਪਹਿਲੇ ਵੀ ਬੇਨਤੀ ਕੀਤੀ ਹੈ ਕਿ ਡਿਪੋ ਵਿਚ ਕੋਈ ਬੰਦਾ ਨਹੀਂ ਸੀ ਰਖਿਆ ਗਿਆ। ਫਿਰੋਜ਼ਪੁਰ ਡਵੀਜ਼ਨ ਵਿਚ ਬੰਦੇ ਰਖੇ ਗਏ ਸਨ। ਜੋ ਸਵਾਲ ਆਇਆ ਹੈ ਉਹ ਡਿਪੋ ਬਾਰੇ ਹੈ। ਹੁਣ ਇਹ ਸੈਪਰੇਟ ਸਵਾਲ ਦੇ ਦੇਣ, ਜਵਾਬ ਦੇ ਦੇਵਾਂਗੇ।

ਸ਼੍ਰੀ ਸੰਤ ਰਾਮ ਸਿੰਗਲਾ: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਪੀ. ਆਰ. ਟੀ. ਸੀ. ਵਿਚ ਕੰਡਕਟਰਜ਼ ਲਈ ਇੰਟਰਵਿਊ ਲਈ ਸੀ ਪਰ ਹੁਣ ਤਕ ਉਸ ਦਾ ਕੋਈ ਨਤੀਜਾ ਨਹੀਂ ਨਿਕਲਿਆ। ਕੀ ਇਹ ਹਾਊਸ ਨੂੰ ਐਸ਼ਿਓਰ ਕਰਨਗੇ ਕਿ ਜਲਦੀ ਹੀ ਉਨ੍ਹਾਂ ਦਾ ਫੈਸਲਾ ਕਰ ਦਿਤਾ ਜਾਵੇਗਾ ?

ਰਾਜ ਮੰਤਰੀ: ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਮੈਂਬਰ ਸਾਹਿਬ ਹੁਣ ਪੀ. ਆਰ. ਟੀ. ਸੀ. ਦੇ ਬਾਰੇ ਸਵਾਲ ਪੁੱਛਣ ਲਗ ਪਏ ਹਨ ਅਤੇ ਇਸ ਤੋਂ ਬਾਅਦ ਡਬਵਾਲੀ ਟ੍ਰਾਂਸਪੋਰਟ ਦੀ ਗਲ ਕਰਨੀ ਸ਼ੁਰੂ ਕਰ ਦੇਣਗੇ। ਇਸ ਲਈ ਇਹ ਇਸ ਵਾਸਤੇ ਸੈਪਰੇਟ ਨੋਟਿਸ ਦੇ ਦੇਣ ਜਵਾਬ ਦੇ ਦੇਵਾਂਗੇ।

Gazetted Officers in the Punjab Roadways

*1452 (1) Comrade Sarwan Singh Cheema
(2) Sardar Major Singh Ubboke
(3) Comrade Kulwant Singh } : Will the Minister of State for Transport be pleased to state—

(a) the total number of Gazetted Officers in the Punjab Roadways.

(b) the number of officers out of those mentioned in part (a) above against whom cases of corruption claiming of bogus T.A. and showing undue favour; are pending and the date(s) since when these have been pendig alongwith the latest position thereof ?

ਸਰਦਾਰ ਅਵਤਾਰ ਸਿੰਘ ਗੜਵਾਲੀ : (ੳ) 74

(ਅ) ਇਕ ਸਟੇਟਮੈਂਟ ਹਾਊਸ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਫਸਰਾਂ ਦੀ ਗਿਣਤੀ ਦੀ ਸੂਚੀ ਜਿਨ੍ਹਾਂ ਵਿਰੁਧ ਰਿਸ਼ਵਤ, ਬੋਗਸ ਟੀ. ਏ. ਅਤੇ ਨਾਵਾਜਬ ਪੱਖ ਦੇ ਕੇਸ ਹਨ।

ਲੜੀ ਨੰ:	ਕੇਸ (ਾਂ) ਦੀ ਕਿਸਮ	ਕੇਸਾਂ ਦੀ ਗਿਣਤੀ	ਕਦ ਤੋਂ ਲੰਬਤ ਹਨ	ਤਾਜ਼ਾ ਸਥਿਤੀ
1	ਰਿਸ਼ਵਤ ...	1	4-1-82	4 ਜਨਵਰੀ, 1982 ਨੂੰ ਚਾਰਜ-ਸ਼ੀਟ ਜਾਰੀ ਕੀਤੀ ਗਈ।
2	ਬੋਗਸ ਟੀ. ਏ.	ਨਿਲ		

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਆਵਾਜਾਈ]

ਲੜੀ ਨੰ	ਕੇਸ (ਾ) ਦੀ ਕਿਸਮ	ਕੇਸਾਂ ਦੀ ਗਿਨਤੀ	ਕਦ ਤੋਂ ਲੰਬਤ ਹਨ	ਤਾਜਾ ਸਥਿਤੀ
3	ਨਾਵਾਜਬ ਪੱਖ	10	(1) 24-8-79	ਮਿਤੀ 24 ਮਾਰਚ, 1982 ਸਵਾਈ ਦੀ ਗਵਾਹੀ ਲਈ ਨਿਸ਼ਚਿਤ ਹੋਈ ।
			(2) 5-3-81	ਰਸਪਾਂਡੈਂਟਸ ਦੀ ਸਟੇਟਮੈਂਟਾਂ ਲੈਣ ਲਈ ਮਿਤੀ 24 ਮਾਰਚ, 1982 ਨਿਸਚਿਤ ਹੋਈ ।
			(3) 27-7-80	ਰਸਪਾਂਡੈਂਟਸ ਦੀ ਸਟੇਟਮੈਂਟ ਲੈਣ ਲਈ ਮਿਤੀ 24 ਮਾਰਚ, 1982 ਨਿਸਚਿਤ ਹੋਈ ।
			(4) 19-11-80	ਰਸਪਾਂਡੈਂਟਸ ਦੀ ਆਖਰੀ ਸਟੇਟ-ਮੈਂਟ ਲੈਣ ਲਈ ਮਿਤੀ 2 ਮਾਰਚ, 1982 ਨਿਸਚਿਤ ਹੋਈ ।
			(5) 2-4-81	ਰਸਪਾਂਡੈਂਟਸ ਦੀ ਆਖਰੀ ਸਟੇਟ-ਮੈਂਟ ਲੈਣ ਲਈ ਮਿਤੀ 2 ਮਾਰਚ, 1982 ਨਿਸਚਿਤ ਹੋਈ ।
			(6) 4-1-82	ਮਿਤੀ 4 ਜਨਵਰੀ, 1982 ਨੂੰ ਚਾਰਜ-ਸ਼ੀਟ ਜਾਰੀ ਕੀਤੀ ਗਈ ।
			(7) 22-1-82	ਮਿਤੀ 15 ਜਨਵਰੀ, 1982 ਨੂੰ ਚਾਰਜ-ਸ਼ੀਟ ਜਾਰੀ ਕੀਤੀ ਗਈ ।
			(8) 15-1-82	ਮਿਤੀ 15 ਜਨਵਰੀ, 1982 ਨੂੰ ਚਾਰਜ-ਸ਼ੀਟ ਜਾਰੀ ਹੋਈ ।
			(9) 2-4-81	ਇਨਕੁਆਰੀ ਪ੍ਰਾਸੀਕਿਊਸ਼ਨ ਸਟੇਜ ਤੇ ਹੈ ।
			(10) 30-6-80	ਇਨਕੁਆਰੀ ਅਫ਼ਸਰਾਂ ਦੀ ਨਿਯੁਕਤੀ 3 ਅਪ੍ਰੈਲ, 1981 ਨੂੰ ਹੋਈ ਆਖਰੀ ਪ੍ਰੋਸੀਕਿਊਸ਼ਨ ਗਵਾਹੀ ਰਿਕਾਰਡ ਕੀਤੀ ਜਾਣੀ ਹੈ, ਜਿਸ ਲਈ ਤਾਰੀਖ ਨਿਸਚਿਤ ਕੀਤੀ ਗਈ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਅਫ਼ਸਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੇ ਨਜਾਇਜ਼ ਮੱਦਦ ਲਈ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਸਵਾਲ ਵਿਚ ਨਾਂ ਪੁੱਛੇ ਨਹੀਂ ਸਨ ਜੇ ਇਹ ਇਨਫਰਮੇਸ਼ਨ ਮੰਗ ਲੈਂਦੇ ਤਾਂ ਆ ਜਾਣੀ ਸੀ। ਇਸ ਲਈ ਇਹ ਨਵਾਂ ਨੋਟਿਸ ਦੇ ਦੇਣ।

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਨਾਂ ਮੈਂ ਹੁਣ ਪੁੱਛ ਰਿਹਾ ਹਾਂ, ਨਾਂ ਤਾਂ ਦਸ ਦੇਣ।

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਇਨਫਰਮੇਸ਼ਨ ਮੰਗੀ ਤਾਂ ਨਹੀਂ ਸੀ, ਵੈਸੇ ਮੈਂ ਦਸ ਦਿੰਦਾ ਹਾਂ। ਸ਼੍ਰੀ ਵਿਸ਼ਵੇਸ਼ਵਰ ਸਿੰਘ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਮੋਗਾ, ਸ਼੍ਰੀ ਸਰਵਣ ਸਿੰਘ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਤਰਨ ਤਾਰਨ, ਸ਼੍ਰੀ ਐਸ. ਐਸ. ਸੋਢੀ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਫਿਰੋਜ਼ਪੁਰ, ਸ਼੍ਰੀ ਖੁਸ਼ਹਾਲ ਚੰਦ, ਵਰਕਸ ਮੈਨੇਜਰ, ਪੰਜਾਬ ਰੋਡਵੇਜ਼, ਚੰਡੀਗੜ ਸ਼੍ਰੀ ਐਸ.ਐਲ. ਕੁਮਰਾ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਜਲੰਧਰ, ਸ਼੍ਰੀ ਬਲਜੀਤ ਸਿੰਘ ਸੰਧੂ, ਟਰੈਫਿਕ ਮੈਨੇਜਰ, ਨਾਰਥ ਐਕਟਿੰਗ ਮੈਨੇਜਰ, ਪੰਜਾਬ ਰੋਡਵੇਜ਼, ਅੰਮ੍ਰਿਤਸਰ ਅਤੇ ਸ਼੍ਰੀ ਐਨ.ਸੀ. ਪੁਰੀ, ਵਰਕਸ ਮੈਨੇਜਰ, ਪੰਜਾਬ ਰੋਡਵੇਜ਼, ਪੱਟੀ।

ਕਾਮਰੇਡ ਕੁਲਵੰਤ ਸਿੰਘ: ਇਕ ਤਾਂ ਜਿਹੜੇ 74 ਆਦਮੀਆਂ ਵਿਚੋਂ ਜਿਨ੍ਹਾਂ ਦੇ ਅਗੇਂਸਟ ਰਿਸ਼ਵਤ ਦਾ ਦੋਸ਼ ਹੈ, ਉਹ ਦਸ ਦਿਓ। ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਨਡਿਊ ਫੇਵਰ ਦੇ ਕੇਸ ਹਨ ਉਹ ਕੋਈ 24 ਅਗਸਤ, 1979 ਦਾ ਕੇਸ ਹੈ ਤਾਂ ਉਸ ਦੀ ਸਫਾਈ ਲਈ ਗਵਾਹੀ ਦੀ ਤਾਰੀਖ 24 ਮਾਰਚ, 1982 ਲਾਈ ਹੈ। ਇਸੇ ਤਰ੍ਹਾਂ ਹੋਰਾਂ ਕੇਸਾਂ ਵਿਚ ਵੀ 2-3 ਸਾਲ ਦਾ ਸਮਾਂ ਰਖਿਆ ਹੈ । ਕੀ ਇਨ੍ਹਾਂ ਕੇਸਾਂ ਨੂੰ ਜਲਦੀ ਹੀ ਫਾਈਨਲ ਕਰਵਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਕ ਇਨਕੁਆਇਰੀ ਅਫਸਰ ਨਿਯੁਕਤ ਕੀਤਾ ਹੈ ਅੱਤ ਉਹ ਇਨਕੁਆਇਰੀ ਵਾਸਤੇ ਡੇਟਸ ਫਿਕਸ ਕਰਦਾ ਹੈ। ਬਾਕੀ ਅਸੀਂ ਇਹ ਕੇਸ ਛੇਤੀ ਨਿਪਟਾਉਣ ਲਈ ਕੋਸ਼ਿਸ਼ ਕਰਵਾਵਾਂਗੇ।

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਸਾਨੂੰ ਉਸ ਕੁਰੱਪਟ ਅਫਸਰ ਦਾ ਨਾਂ ਹੀ ਦੱਸ ਦੇਣ, ਕੀ ਸੀ ?

ਰਾਜ ਮੰਤਰੀ: ਸਪੀਕਰ ਸਾਹਿਬ, ਉਸ ਕੁਰੱਪਟ ਅਫਸਰ ਦੇ ਖਿਲਾਫ ਕੁਰੱਪਸ਼ਨ ਚਾਰਜਿਜ਼ ਲਗੇ ਸਨ। ਉਸ ਦਾ ਨਾਂ ਪਹਿਲੇ ਵੀ ਦੱਸ ਚੁੱਕਾ ਹਾਂ। ਉਹ ਹੈ ਐਸ.ਐਲ. ਕੁਮਰਾ।

Vacant posts of Assistant Registrars

*1305. **Sardar Parkash Singh Majitha** (Put by Sardar Major Singh Ubboke) : Will the Minister of State for Co-operation be pleased to state the number of posts of Assistant Registrars, Cooperative Societies which are lying vacant at present and the dates since when these have been lying vacant ?

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰ ਪਾਲ ਸਿੰਘ : ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਦੀਆਂ ਦੋ ਅਸਾਮੀਆਂ ਜਲੰਧਰ ਅਤੇ ਅਜਨਾਲਾ ਵਿਖੇ ਮਿਤੀ 10 ਦਸੰਬਰ, 1981 ਅਤੇ ਮਿਤੀ 8 ਮਾਰਚ, 1982 ਤੋਂ ਤਰਤੀਬ-ਵਾਰ ਖਾਲੀ ਹੋਈਆਂ ਹਨ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਇਨ੍ਹਾਂ ਦੋ ਅਸਿਸਟੈਂਟ ਰਜਿਸਟਰਾਰ ਦੀਆਂ ਖਾਲੀ ਪੋਸਟਾਂ ਨੂੰ ਕਦੋਂ ਤੱਕ ਭਰ ਦੇਣਗੇ ?

ਬਾਜ ਮੰਤਰੀ : ਸਪੀਕਰ ਸਾਹਿਬ, ਇਹ ਦੋਨਾਂ ਥਾਵਾਂ ਤੇ ਏ.ਆਰ. ਮੁਅੱਤਲ ਹੋ ਗਏ ਸਨ, ਜਿਸ ਕਰਕੇ ਪੋਸਟਾਂ ਖਾਲੀ ਸਨ। ਮੈਂ ਦਸਦਾ ਹਾਂ ਕਿ ਇੱਥੋਂ ਦੇ ਕੰਮ ਦਾ ਕੋਈ ਹਰਜ ਨਹੀਂ ਹੋ ਰਿਹਾ ਕਿਉਂਕਿ ਜਲੰਧਰ ਦਾ ਕੰਮ ਐਡੀਸ਼ਨਲ ਕਪੂਰਥਲੇ ਵਾਲੇ ਨੂੰ ਦੇ ਦਿੱਤਾ ਗਿਆ ਹੈ ਅਤੇ ਅਜਨਾਲੇ ਵਾਲੇ ਦਾ ਕੰਮ ਅੰਮ੍ਰਿਤਸਰ ਏ.ਆਰ. ਨੂੰ ਦੇ ਦਿੱਤਾ ਗਿਆ ਹੈ। ਇਹ ਪੋਸਟਾਂ ਅਸੀਂ ਜਲਦੀ ਹੀ ਭਰ ਦੇਵਾਂਗੇ।

Sugarcane purchased by the Sugar Mills, Batala, Bhogpur and Nawan Shehar

***1398. Sardar Major Singh Ubboke**: Will the Minister for Co-operation be pleased to state —

(a) the total quantity of sugarcane purchased by the Sugar Mills, Batala , Bhogpur and Nawan Shehar upto 15th February, 1982 separately ;

(b) the procedure adopted by each Mill for making payment of the price of sugarcane and the total amount due to be paid by each Mill as on 15th February, 1982 in accordance with the said procedure ?

ਸਰਦਾਰ ਬੀਰ ਪਾਲ ਸਿੰਘ : (ੳ) ਮਿਤੀ 15 ਫਰਵਰੀ, 1982 ਤਕ ਮਿਲਾਂ ਦੁਆਰਾ ਗੰਨੇ ਦੀ ਖਰੀਦੀ ਮਾਤਰਾ ਹੇਠ ਲਿਖੇ ਅਨੁਸਾਰ ਹੈ :--

1. ਬਟਾਲਾ ... 723,200 ਕੁਇੰਟਲ
2. ਭੋਗਪੁਰ ... 872,347 ਕੁਇੰਟਲ
3. ਨਵਾਂ ਸ਼ਹਿਰ ... 856,418 ਕੁਇੰਟਲ

(ਬੀ) ਮਿਲ ਦੁਆਰਾ ਖਰੀਦ ਕੀਤੇ ਗਏ ਗੰਨੇ ਦੀ ਕੀਮਤ ਦੀ ਅਦਾਇਗੀ ਉਤਪਾਦਕਾਂ ਨੂੰ ਗੰਨਾ ਖਰੀਦਣ ਤੋਂ 7—10 ਦਿਨ ਦੇ ਅੰਦਰ ਅੰਦਰ ਕੀਤੀ ਜਾਂਦੀ ਹੈ ਜਦੋਂ ਕਿ ਗੰਨਾ ਕੰਟਰੋਲ ਐਕਟ ਅਧੀਨ ਇਹ ਅਦਾਇਗੀ 14 ਦਿਨਾਂ ਅੰਦਰ ਕੀਤੀ ਜਾ ਸਕਦੀ ਹੈ। ਖਰੀਦ ਕੀਤੇ ਗਏ ਗੰਨੇ ਦੀ ਕੀਮਤ ਗੰਨਾ ਉਤਪਾਦਕ ਨੂੰ ਬਿਲ ਦੇ ਆਧਾਰ ਤੇ ਕੀਤੀ ਜਾਂਦੀ ਹੈ ਜੋ ਗੰਨੇ ਦੀ ਪਹੁੰਚ ਵਾਲੀ ਥਾਂ ਤੇ ਦਿਤਾ ਜਾਂਦਾ ਹੈ। ਰਕਮ ਨਕਦ ਜਾਂ ਸੈਂਟਰਲ ਕੂਆ : ਬੈਂਕ ਰਾਹੀਂ ਦਿੱਤੀ ਜਾਂਦੀ ਹੈ, ਜੋ ਮਿਲ ਦੇ ਕਾਰਜ ਖੇਤਰ ਵਿਚ ਸਥਿਤ ਹੁੰਦਾ ਹੈ ਅਤੇ ਜਿਸ ਵਿਚ ਉਤਪਾਦਕ ਦਾ ਖਾਤਾ

Original with;
Punjab Vidhan Sabha
Digitized by;
Panjab Digital Library

ਖੁਲ੍ਹਾ ਹੁੰਦਾ ਹੈ। ਮਿਤੀ 15 ਫਰਵਰੀ, 1982 ਤਕ ਖਰੀਦੇ ਗਏ ਗੰਨੇ ਦੀ ਦੇਣ ਯੋਗ ਰਕਮ, ਮਿਲਵਾਰ ਹੇਠ ਲਿਖੇ ਅਨੁਸਾਰ ਸੀ :—

1.	ਬਟਾਲਾ	... 50.94 ਲੱਖ ਰੁਪਏ
2.	ਭੋਗਪੁਰ	... 41.12 ਲੱਖ ਰੁਪਏ
3.	ਨਵਾਂ ਸ਼ਹਿਰ	... 24.10 ਲੱਖ ਰੁਪਏ

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਮਿਲਾਂ ਵਾਲਿਆਂ ਨੇ ਤਹਿਸੀਲ ਪੱਟੀ ਦੇ ਕਿਸਾਨਾਂ ਕੋਲੋਂ ਗੰਨਾਂ ਲਵਾਇਆ ਸੀ ਪਰ ਹਾਲੇ ਤੱਕ ਉਨ੍ਹਾਂ ਦਾ ਗੰਨਾ ਮਿਲਾਂ ਵਾਲਿਆਂ ਨੇ ਖਰੀਦਿਆ ਨਹੀਂ ਹੈ ਅੱਜ ਉਨ੍ਹਾਂ ਦਾ ਗੰਨਾ ਖਰਾਬ ਹੁੰਦਾ ਜਾ ਰਿਹਾ ਹੈ। ਇਹ ਗੰਨਾ ਮਿਲਾਂ ਵਾਲੇ ਕਦੋਂ ਤੱਕ ਚੁਕਾ ਲੈਣਗੇ ਅਤੇ ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਅਸੀਂ ਪੇਮੈਂਟ ਗੰਨੇ ਦੀ 14 ਦਿਨਾਂ ਦੇ ਅੰਦਰ ਕਰ ਦਿੰਦੇ ਹਾਂ ਪਰ ਸਾਨੂੰ ਜ਼ਿਮੀਂਦਾਰਾਂ ਦੀਆਂ ਬਹੁਤ ਸ਼ਿਕਾਇਤਾਂ ਆਉਂਦੀਆਂ ਹਨ ਕਿ ਸਾਨੂੰ ਬਕਾਇਆ ਮਿਲਾਂ ਤੋਂ ਨਹੀਂ ਮਿਲਦਾ ਹੈ। ਕੀ ਇਹ ਪੇਮੈਂਟ ਜਲਦੀ ਕਰਨ ਦਾ ਭਰੋਸਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, 15 ਫਰਵਰੀ, 1982 ਤੱਕ ਦਾ ਸਾਰਾ ਬਕਾਇਆ ਅਸੀਂ ਕਿਸਾਨਾਂ ਦਾ ਅਦਾ ਕਰ ਦਿੱਤਾ ਹੈ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਇਨ੍ਹਾਂ ਨੇ ਪੱਟੀ ਤਹਿਸੀਲ ਦੇ ਗੰਨੇ ਨੂੰ ਚੁੱਕਣ ਬਾਰੇ ਕੋਈ ਜਵਾਬ ਨਹੀਂ ਦਿੱਤਾ ਹੈ। ਇਸ ਬਾਰੇ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਬਾਂਡਿਡ ਗੰਨਾ ਮਿਲ ਵਾਲੇ ਚੁੱਕਣ ਲਈ ਵਚਨਬੱਧ ਹਨ। ਅਸੀਂ ਸਾਰਾ ਗੰਨਾ ਲਵਾਂਗੇ ਅਤੇ ਮਿਲਾਂ ਦੇ ਵਿਚ ਪੀੜਿਆ ਜਾਵੇਗਾ।

Seizure of Spurious Cement

***1474. (1) Jathedar Naranjan Singh Patti**
(2) Sardar Atma Singh
(3) Sardar Sarwan Singh Phillaur } : **Will the Chief Minister be pleased to state—**

(a) whether any gang involved in the preparation of spurious cement was arrested by the Jullundur police during the month of February, 1982; if so, the details of alleged culprits together with the number of spurious cement bags taken into custody.

(b) whether any case was registered against the alleged culprits, if so, the action so far taken in the matter ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ। ਪਰਾਨ ਨਾਥ ਉਰਫ ਕੁਕੂ ਪੁੱਤਰ ਵਿਸ਼ਵਾ ਮਿੱਤਰ, ਵਾਸੀ ਬਸਤੀ ਸ਼ੇਖ, ਜਲੰਧਰ, ਸ਼ੰਭੂ ਨਾਥ, ਪੁੱਤਰ ਗੁਰਾਂ ਦਿੱਤਾ, ਵਾਸੀ ਮਕਾਨ ਨੰ: 233/ ਡਬਲਿਊ. ਆਰ. ਬਸਤੀ ਸ਼ੇਖ ਅਤੇ ਰਾਜਾ ਰਾਮ, ਪੁੱਤਰ ਕਾਸ਼ੀ ਰਾਮ, ਵਾਸੀ ਨਾਬੜਾ, ਥਾਣਾ ਸਦਰ ਜਲੰਧਰ ਇਸ ਗੈਂਗ ਵਿਚ ਸ਼ਾਮਲ ਸਨ। ਉਨ੍ਹਾਂ ਪਾਸੋਂ 949 ਬੋਰੀਆਂ ਨਕਲੀ ਸੀਮਿੰਟ ਦੀਆਂ ਬਰਾਮਦ ਕੀਤੀਆਂ ਸਨ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਹਾਂ ਜੀ। ਇਸ ਸਬੰਧ ਵਿਚ ਮੁਕੱਦਮਾ ਨੰ: 17, ਮਿਤੀ 5 ਫਰਵਰੀ, 1982 ਅ/ਧ ਈ. ਸੀ. ਐਕਟ ਅਤੇ 420 ਭਾ. ਡੰ. ਥਾਣਾ ਡਵੀਜ਼ਨ ਨੰ: 5, ਸਿਟੀ ਜਲੰਧਰ ਵਿਖੇ ਦਰਜ ਕੀਤਾ ਹੈ ਜੀ। ਸਾਰੇ ਮੁਲਜ਼ਮ ਗ੍ਰਿਫਤਾਰ ਹੋ ਚੁੱਕੇ ਹਨ। ਨਕਲੀ ਸੀਮਿੰਟ ਦਾ ਨਮੂਨਾ ਮਾਹਰ ਦੀ ਰਾਏ ਲਈ ਭੇਜਿਆ ਜਾ ਰਿਹਾ ਹੈ ਜੀ। ਨਤੀਜਾ ਨਮੂਨਾ ਹਾਸਲ ਹੋਣ ਤੇ ਦੋਸ਼ੀਆਂ ਦਾ ਚਲਾਣ ਅਦਾਲਤ ਵਿਚ ਦਿੱਤਾ ਜਾਵੇਗਾ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਸ਼ੀ.ਐਮ. ਸਾਹਿਬ ਨੇ ਜਵਾਬ ਵਿੱਚ ਦਸਿਆ ਹੈ ਕਿ 949 ਨਕਲੀ ਸੀਮਿੰਟ ਦੀਆਂ ਬੋਰੀਆਂ ਫੜੀਆਂ ਗਈਆਂ ਸਨ ਅਤੇ ਆਦਮੀ ਵੀ ਪਕੜੇ ਗਏ ਹਨ ਅਤੇ ਨਮੂਨਾ ਐਗਜ਼ਾਮਿਨ ਕਰਨ ਲਈ ਭੇਜ ਰਹੇ ਹਾਂ। ਕਿਰਪਾ ਕਰਕੇ ਇਹ ਦਸਿਆ ਜਾਵੇ ਕਿ ਉਨ੍ਹਾਂ ਨੇ ਨਕਲੀ ਸੀਮਿੰਟ ਬਨਾਉਣ ਲਈ ਅਸਲੀ ਸੀਮਿੰਟ ਉਨ੍ਹਾਂ ਨੇ ਕਿਥੋਂ ਲਿਆ ਸੀ ? ਕੀ ਇਸ ਦੀ ਵੀ ਇਨਕੁਆਇਰੀ ਕਰਨਗੇ ?

ਮੁੱਖ **ਮੰਤਰੀ** : ਸਪੀਕਰ ਸਾਹਿਬ, ਇਸ ਵਕਤ ਮੇਰੇ ਕੋਲ ਸਾਰੀ ਇਨਫਰਮੇਸ਼ਨ ਦੀ ਵਾਕਫੀਅਤ ਨਹੀਂ ਹੈ। ਉਨ੍ਹਾਂ ਨੇ ਇਸ ਗੱਲ ਦੀ ਇਨਕੁਆਇਰੀ ਕੀਤੀ ਹੋਵੇਗੀ। ਨਮੂਨਾ ਐਗਜ਼ਾਮਿਨ ਹੋਣ ਤੋਂ ਬਾਅਦ ਹੀ ਪਤਾ ਲਗੇਗਾ ਕਿ ਉਸ ਦੇ ਵਿਚ ਅਸਲੀ ਸੀਮਿੰਟ ਹੈ ਵੀ ਸੀ, ਜਾਂ ਨਹੀਂ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਜਿਹੜਾ ਨਕਲੀ ਸੀਮਿੰਟ ਫੜਿਆ ਸੀ ਅੌਰ ਜਿਸ ਨੇ ਉਹ ਸੀਮਿੰਟ ਲੈ ਕੇ ਮਕਾਨ ਬਣਾਏ ਸਨ, ਉਨ੍ਹਾਂ ਦੇ ਮਕਾਨ ਉਹ ਢਹਿ ਗਏ ਹਨ। ਕੀ ਮੁੱਖ ਮੰਤਰੀ ਸਾਹਿਬ, ਇਹ ਚੀਜ਼ ਦੀ ਇਨਕੁਆਇਰੀ ਕਰਾਕੇ ਜਿਹੜਾ ਨੁਕਸਾਨ ਹੋਇਆ ਹੈ, ਉਹ ਦੋਸ਼ੀਆਂ ਤੋਂ ਦਿਵਾਉਣ ਦੀ ਕ੍ਰਿਪਾਲਤਾ ਕਰਨਗੇ ?

ਮੁੱਖ **ਮੰਤਰੀ** : ਜੇਕਰ ਸਪੀਕਰ ਸਾਹਿਬ, ਐਸਾ ਕੋਈ ਕਾਰਨ ਬਣ ਸਕਦਾ ਹੈ ਤਾਂ ਦੇਖ ਲਵਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਕੁਝ ਆਦਮੀਆਂ ਨੇ ਮੁੱਖ ਮੰਤਰੀ ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਦੋਸ਼ੀਆਂ ਕੋਲੋਂ ਦੋ, ਦੋ ਲੱਖ ਰੁਪਿਆ ਲਿਆ ਹੈ। ਸਾਡੇ ਮੁੱਖ ਮੰਤਰੀ ਜੀ ਇਮਾਨਦਾਰ ਆਦਮੀ ਹਨ। ਇਸ ਲਈ ਕੀ ਮੁੱਖ ਮੰਤਰੀ ਸਾਹਿਬ ਦੇ ਇਹ ਚੀਜ਼ ਨੋਟਿਸ ਵਿਚ ਹੈ ਅੌਰ ਜੇਕਰ ਹੈ ਤਾਂ ਉਹ ਜਵਾਬ ਦੇਣ ?

ਮੁੱਖ **ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਮੇਰੇ ਤੇ ਦੂਸ਼ਣ ਲਾਇਆ ਹੈ। ਇਸ ਲਈ ਜੋ ਚੀਜ਼ ਇਨ੍ਹਾਂ ਦੀ ਵਾਕਫੀਅਤ ਵਿਚ ਹੈ, ਉਹ ਲਿਖਕੇ ਦੇਣ ਤਾਂ ਮੈਂ ਜ਼ਰੂਰ ਇਨਕੁਆਇਰੀ ਕਰਾ ਲਵਾਂਗਾ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਲੁਧਿਆਣੇ ਜਿਹੜਾ ਨਕਲੀ ਸੀਮਿੰਟ ਫੜਿਆ ਗਿਆ ਸੀ, ਉਸ ਦੇ ਵਿਚ ਜਿਹੜੇ ਚਾਰ ਪੰਜ ਆਦਮੀ ਇਨਵਾਲਵਡ ਹਨ, ਕੀ ਮੁਖ ਮਤਰੀ ਜੀ ਨੈਸ਼ਨਲ ਸਿਕਿਉਰਿਟੀ ਐਕਟ ਦੇ ਹੇਠ ਉਨ੍ਹਾਂ ਤੇ ਐਕਸ਼ਨ ਲੈਣਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦੀ ਗਲ ਵਿਚਾਰ ਗੌਚਰੇ ਰਖਾਂਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਇਕ ਨਕਲੀ ਸੀਮਿਟ ਵੜਿਆ ਗਿਆ ਸੀ ਅਤੇ ਉਸ ਦੀ ਐਫ. ਆਈ. ਆਰ. ਵੀ ਦਰਜ ਹੋ ਗਈ ਸੀ । ਕੀ ਉਹ ਕੇਸ ਹੁਣ ਤਕ ਪੁਲਿਸ ਕੋਲ ਪਿਆ ਹੈ ਜਾਂ ਅਦਾਲਤ ਵਿਚ ਚਲਾ ਗਿਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਚੀਜ਼ ਇਸ ਵੇਲੇ ਦੱਸ ਨਹੀਂ ਸਕਦਾ ਔਰ ਮੈਂਬਰ ਸਾਹਿਬਾਨ ਇਸ ਬਾਰੇ ਲਿਖ ਕੇ ਦੇ ਦੇਣ ਤਾਂ ਇਨਫਰਮੇਸ਼ਨ ਦੇ ਦੇਵਾਂਗੇ।

Mr. Speaker: Question Hour is over. The remaining questions Roll be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Scheduled Castes died in Police Custody

***1417. Sardar Shamsher Singh** : Will the Chief Minister be pleased to state the number of Scheduled Castes who died due to torture in Police custody during the period from March, 1980 to 28th February, 1982 district-wise and the action taken against the accused ?

ਸਰਦਾਰ ਦਰਬਾਰਾ ਸਿੰਘ : ਉਕਤ ਸਵਾਲ ਵਿਚ ਦਰਸਾਏ ਗਏ ਸਮੇਂ ਵਿਚਕਾਰ ਅਜਿਹਾ ਕੋਈ ਹਾਦਸਾ ਨਹੀਂ ਹੋਇਆ ਸੀ ।

Land Acquired for digging out Mandi Kalan Rajbaha

***1521. 1. Sardar Baldev Singh Khiala**
2. Sardar Sarwan Singh Phillaur } : Will the Minister or Agriculture and Irrigation be pleased to state—

(a) the total area of land of village Aakalia, district Bhatinda, acquired for digging out Mandi Kalan Rajbaha;

(b) whether the compensation for the said land has since been paid ?

ਚੌਧਰੀ ਕਾਸ਼ੀ ਰਾਮ : (ੳ) ਅਤੇ (ਅ) ਸਿੰਜਾਈ ਸ਼ਾਖਾ ਵਲੋਂ ਮੰਡੀ ਕਲਾਂ ਰਜਵਾਹਾ ਖੋਦਣ ਵਾਸਤੇ 14.07 ਏਕੜ ਭੋਂ ਲਈ ਗਈ ਹੈ। ਇਸ ਦਾ ਮੁਆਵਜ਼ਾ ਦੇਣ ਲਈ ਕਾਰਵਾਈ ਸ਼ੁਰੂ ਕਰ ਦਿਤੀ ਗਈ ਹੈ।

Bulldozers

***1532. Jathedar Jiwan Singh Umranangal** : Will the Minister for Agriculture and Irrigation be pleased to state whether there is any proposal under the consideration of the Government to provide the service of Bull-dozers on "No profit No loss basis" to the farmers for levelling their land ?

ਚੌਧਰੀ ਕਾਸ਼ੀ ਰਾਮ : ਨਹੀਂ ਜੀ।

Original with;
Punjab Vidhan Sabha
Digitized by;
Panjab Digital Library

Running of Punjab Roadways/Pepsu Road Transport Corporation Buses to and from Simla

*1412. (1) Sardar Major Singh Ubboke
(2) Sardar Naranjan Singh Patti } : Will the Minister for State for Transport be pleased to state—

(a) the number of buses of the Punjab Roadways and the Pepsu Road Transport Corporation which run between Chandigarh and Simla daily ;

(b) whether the said route is economically viable during the winter season ?

ਸਰਦਾਰ ਅਵਤਾਰ ਸਿੰਘ ਗਟਵਾਲੀ : (ੳ) ਪੰਜਾਬ ਰੋਡਵੇਜ਼ : 14, ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ : 4

(ਅ) ਇਸ ਰੂਟ ਦੀ ਰੂਟ ਰਸੀਟ ਹੋਰ ਸਾਰੇ ਰੂਟਾਂ ਦੇ ਮੁਕਾਬਲੇ ਵਿੱਚ ਠੀਕ ਬੈਠਦੀ ਹੈ ।

Construction of a Bus Stand at Patti

*1450. **Jathedar Naranjan Singh Patti** : Will the Minister of State for Transport be pleased to state—

(a) whether there is any scheme under the consideration of the Government to consturct a Pucca Bus Stand at Patti;

(b) if the reply to para (a) above be in the affirmative, the action, if any taken in this regard so far; together with the time by which it is likely to be constructed ?

ਸਰਦਾਰ ਅਵਤਾਰ ਸਿੰਘ ਗਟਵਾਲੀ : ਨਹੀਂ ਜੀ ।

Supply of Water to the Villages on the Tail of Riarki Distributary District Amritsar

*1533. **Jathedar Jiwan Singh Umranangal**: Will the Minister for Agriculture and Irrigation be pleased to state—

(a) whether it is a fact that the villages on the tail of Riarki distributary, district Amritsar are not getting water; if so, the reasons therefor ;

(b) the time by which the bricklining work of the said distributary is likely to be completed?

ਚੌਧਰੀ ਕਾਂਸ਼ੀ ਰਾਮ: (ੳ) ਹਾਂ ਜੀ, ਚੈਨਲਾਂ ਨੂੰ ਪੱਕਾ ਕਰਨ ਲਈ ਬਣਾਇਆਂ ਡਾਇਵਰਸ਼ਨਾ ਕਾਰਨ ।

(ਅ) ਮਾਰਚ, 1983 ਤੱਕ ।

Original with;
Punjab Vidhan Sabha
Digitized by;
Panjab Digital Library

Setting up of a Sub-Depot of Punjab Roadways at Zira

*1255. **Sardar Harcharan Singh Hero:** Will the Minister of State for Transport be pleased to state whether the Government has sanctioned a Sub-Depot of the Punjab Roadways for Zira, if so, the time by which it is likely to be set up ?

ਸਰਦਾਰ ਅਵਤਾਰ ਸਿੰਘ ਗਟਵਾਲੀ : ਨਹੀਂ ਜੀ।

UNSTARRED QUESTIONS AND ANSWERS

Cooperative Societies Distributing Subsidized items

218. **Chaudhri Jagjit Singh:** Will the Minister of State for Co-operation be pleased to state the number of Co-operative Societies in the State which distributed subsidized Kerosene Oil, Sugar, Cloth, Ghee and Pulses through their depots during 1980-81 together with the details thereof?

ਸਰਦਾਰ ਬੀਰਪਾਲ ਸਿੰਘ : ਸੂਚਨਾ ਨੱਥੀ ਹੈ ।

ਸਬਸਿਡਾਈਜ਼ ਚੀਜ਼ਾਂ ਵੰਡਣ ਵਾਲੀਆਂ ਸਹਿਕਾਰੀ ਸਭਾਵਾਂ ਦੀ ਸੂਚੀ

2780 ਰੀਆਰਗੇਨਾਈਜ਼ਡ ਸਹਿਕਾਰੀ ਸਰਵਿਸ ਸਭਾਵਾਂ, ਪੰਜਾਬ ਰਾਜ ਵਿਚ 14 ਜ਼ਰੂਰੀ ਵਸਤੂਆਂ ਦੀ ਵੰਡ ਦਾ ਕੰਮ ਆਪਣੇ ਡੀਪੂਆਂ ਰਾਹੀਂ ਕਰ ਰਹੀਆਂ ਹਨ। ਸਾਲ 1980-81 ਵਿਚ ਵਿਚਾਰ ਅਧੀਨ ਵਸਤੂਆਂ ਦੀ ਵੰਡ ਹੇਠ ਲਿਖੇ ਵੇਰਵੇ ਸਾਹਿਤ ਇਨ੍ਹਾਂ ਸਭਾਵਾਂ ਨੇ ਕੀਤੀ ਹੈ:--

ਸਭਾਵਾਂ ਦੀ ਗਿਣਤੀ	ਆਈਟਮ	ਮਿਕਦਾਰ	ਮੁੱਲ ਲੱਖਾਂ ਵਿਚ (ਰੁਪਏ)	ਰੀਮਾਰਕਸ
468	ਮਿੱਟੀ ਦਾ ਤੇਲ	1,258,970 ਲਿਟਰ	21.72	ਸਬਸਿਡੀ ਵਾਲੀ ਨਹੀਂ ਹੈ।
2,607	ਖੰਡ	312,014 ਕੁਇੰਟਲ	1,126.35	ਉਪਰੋਕਤ
2,659	ਕੱਪੜਾ	8,178,390 ਮੀਟਰ	241.03	ਉਪਰੋਕਤ
2,680	ਵੈਜੀਟੇਬਲ ਘੀ	245,878 ਟੀਨ	389.24	ਸਬਸਿਡੀ ਆਈਟਮ ਹੈ।
1,590	ਦਾਲਾਂ	8,549 ਕੁਇੰਟਲ	28.16	ਉਪਰੋਕਤ

ਉਪਰੋਕਤ ਤੋਂ ਇਲਾਵਾ 16 ਕੇਂਦਰੀ ਸਹਿਕਾਰੀ ਉਪਭੋਗ ਸਟੋਰ ਭੀ ਜ਼ਰੂਰੀ ਵਸਤੂਆਂ ਦੀ ਵੰਡ ਦਾ ਕੰਮ ਸਹਿਕਾਰੀ ਇਲਾਕੇ ਵਿਚ ਕਰ ਰਹੇ ਹਨ । ਉਹਨਾਂ ਦਾ ਸਾਲ 1980-81 ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:--

ਸਟੋਰਾਂ ਦੀ ਗਿਣਤੀ	ਆਈਟਮ	ਮਿਕਦਾਰ	ਮੁੱਲ ਲੱਖਾਂ ਵਿੱਚ	ਰੀਮਾਰਕਸ
11	ਮਿੱਟੀ ਦਾ ਤੇਲ	2,509,711 ਲਿਟਰ	43.87	ਸਬਸਿਡੀ ਨਹੀਂ ਹੈ
12	ਖੰਡ	18,960 ਕੁਇੰਟਲ	81.76	ਉਪਰੋਕਤ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਹਿਕਾਰਤਾ]

1	2	3	4	5
12	ਕੱਪੜਾ	622,327 ਮੀਟਰ	26.33	ਸਬਸਿਡੀ ਨਹੀਂ ਹੈ।
9	ਵੈਜੀਟੇਬਲ ਘੀ	13,957 ਟੀਨ	23.51	ਸਬਸਿਡੀ ਵਾਲੀ ਆਈਟਮ
4	ਦਾਲਾਂ	343 ਕੁਇੰਟਲ	1.10	ਉਪਰੋਕਤ

Percentage of Harijan Employees in the Punjab Roadways

219. Chaudhri Jagjit Singh : Will the Minister of State for Transport be pleased to state :—

(a) the categorywise total number of employees in each depot of the Punjab Roadways in the State at present ;

(b) the categorywise percentage of employees belonging to Scheduled Castes amongst the employees mentioned in part (a) above ;

(c) whether the percentage referred to in part (b) is not upto 25% if so, the reasons thereof?

Sardar Avtar Singh Gatwali: (a), (b) and (c) A statement is appended.

STATEMENT

Part (a) and (b) Class I. There are no posts at the Depots. There are two Class 1 posts in the Head Office/which one is filled by a member of the Scheduled Caste.

Class II.—The Class II cadre is for its whole State, and is not depot-wise. The position is as under :—

(1) Punjab Roadways	Total posts		42
	% filled by members of Scheduled Castes	..	19 per cent
(2 Accounts Staff	Total posts	..	15 (Cadre managed by the Finance Department).

Original with;
Punjab Vidhan Sabha
Digitized by
Panjab Digital Library

CLASS III AND IV

Serial No.	Name of Depot	Total No. of Employees in each Depot of the Punjab Roadways in the State as on 28-2-1982		Categorywise percentage of Employees belonging to the Scheduled Castes as on 28-2-1982	
		Class III	Class IV	Class III	Class IV
				Per cent	Per cent
1.	Amritsar-I ..	601	49	16·5	53
2.	Amritsar-II ..	562	47	21	36
3.	Batala ..	632	69	25	22·5
4.	Chandigarh-I ..	554	52	19½	25
5.	Chandigarh-II ..	505	56	16	26
6.	Ferozepur ..	774	75	15·5	28
7.	Hoshiarpur ..	948	97	22½	43
8.	Jullundur-I ..	557	59	20	64
9.	Jullundur-II ..	518	57	25	45
10.	Ludhiana ..	816	85	27	40
11.	Moga ..	872	93	23	38
12.	Muktsar ..	388	35	19	29
13.	Nawanshehar ..	638	71	26·2	41
14.	Pathankot ..	980	97	14·5	30
15.	Patti ..	394	38	42	18·5
16.	Tarn Taran ..	403	33	17	18
	Total ..	10142	1013	21·3	36

The reasons for not achieving 25 per cent reservation in some categories are as follows :—

(i) The reservation is in respect of vacancies and not in respect of posts.

(ii) The percentage of reservation for members of Scheduled Castes in vacancies has been different at different times :—

Date	Direct Recruitment	Date	Promotion	
			Class I and II	Class III and IV
			Per cent	Per cent
19-10-49	15 percent (In all services) ..	12-9-63	10	10
19-8-52	19 percent (In all services) ..	23-8-66	10	20
7-9-63	20 percent (In all services) ..	26-4-74	14	20
6-6-74	25 percent(In all services)			

Original with;
Punjab Vidhan Sabha
Digitized by;
Panjab Digital Library

[Minister of State for Transport]

(iii) The personnel with requisite qualifications and experience, especially in the case of Technical posts/Drivers/Conductors has not been available.

ਸਰਦਾਰ ਜਗਦੇਵ ਸਿੰਘ ਜੱਸੋਵਾਲ: ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ

ਸ਼੍ਰੀ ਸੁਰਿੰਦਰ ਕਪੂਰ: : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸਾਰੇ ਮੈਂਬਰ ਸਾਹਿਬਾਨ ਬੈਠ ਜਾਓ। ਮੈਂ ਵਾਰੀ ਵਾਰੀ ਸਭ ਨੂੰ ਟਾਈਮ ਦੇਵਾਂਗਾ। ਜੋ ਮੈਂਬਰ ਸਾਹਿਬਾਨ ਮੇਰੀ ਬਗੈਰ ਇਜਾਜ਼ਤ ਤੋਂ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਕਾਮਰੇਡ ਰਾਜ ਕੁਮਾਰ ਜੀ ਤੁਸੀਂ ਬੋਲੋ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ 8 ਤਾਰੀਕ ਨੂੰ ਰਾਜਪੁਰੇ ਵਿਖੇ ਸਾਡੀ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਜੀ, ਸਤਲੁਜ-ਜਮਨਾ ਲਿੰਕ ਦਾ ਕੱਟ ਲਗਾਉਣ ਵਾਸਤੇ ਆ ਰਹੇ ਹਨ। ਇਸ ਨਾਲ, ਸਪੀਕਰ ਸਾਹਿਬ, ਤਿੰਨ ਸਬ-ਡਵੀਜ਼ਨਾਂ ਦੇ 40 ਪਿੰਡ ਈਫੈਕਟ ਹੁੰਦੇ ਹਨ । ਇਸ ਲਈ ਉਸ ਦੀ ਅਲਾਈਨਮੈਂਟ ਚੇਂਜ ਹੋਣੀ ਚਾਹੀਦੀ ਹੈ ਤਾਕਿ ਉਹ ਲੋਕ ਸਫਰ ਨਾ ਕਰਨ। ਗੌਰਮਿੰਟ ਇਸ ਬਾਰੇ ਕੋਈ ਸਟੇਟਮੈਂਟ ਦੇਵੇ।

ਸ਼੍ਰੀ ਗੁਰਦਿਆਲ ਸੈਣੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

CALL ATTENTION NOTICES UNDER RULE 66

Mr. Speaker: You can give call Attention Notice to bring this matter to the notice of the House (noise) ਹੀਰੋ ਸਾਹਿਬ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਰਾਜ ਕੁਮਾਰ : ** ** **

ਸ਼੍ਰੀ ਗੁਰਦਿਆਲ ਸੈਣੀ : ** ** **

ਸਰਦਾਰ ਦਲੀਪ ਸਿੰਘ ਪਾਂਧੀ : ** ** **

ਵਿਕਾਸ ਮੰਤਰੀ (ਸਰਦਾਰ ਸੰਤੋਖ ਸਿੰਘ ਰੰਧਾਵਾ) : ਕੀ ਤੁਸੀਂ ਰਾਜ ਕੁਮਾਰ ਜੀ ਨੂੰ ਬੋਲਣ ਦੀ ਇਜਾਜ਼ਤ ਦੇ ਦਿੱਤੀ ਹੈ?

ਸ਼੍ਰੀ ਸਪੀਕਰ : ਮੈਂ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਜੋ ਕੁਝ ਇਹ ਬਗੈਰ ਪਰਮਿਸ਼ਨ ਬੋਲ ਰਹੇ ਹਨ ਇਹ ਰਿਕਾਰਡ ਨਹੀਂ ਹੋਣਾ ਚਾਹੀਦਾ।

ਸ਼੍ਰੀ ਸਪੀਕਰ : ਜੋ ਇਹ ਮੈਂਬਰ ਸਾਹਿਬਾਨ ਬਗੈਰ ਇਜਾਜ਼ਤ ਬੋਲ ਰਹੇ ਹਨ, ਇਹ ਰਿਕਾਰਡ ਨਹੀਂ ਹੋਣਾ ਚਾਹੀਦਾ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਜੋ ਕੁਝ ਇਹ ਬਗੈਰ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਹੀਂ ਕਰਨਾ ਚਾਹੀਦਾ। (ਵਿਘਨ) (ਸ਼ੋਰ) ਸਰਦਾਰ ਬਲਦੇਵ ਸਿੰਘ ਮਾਨ ਇਸ ਈਸ਼ੂ ਤੇ ਮੇਰੇ ਕੋਲ ਸਵੇਰੇ ਆਏ ਸੀ ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਜੋ ਪਹਿਲੀ ਕਾਲ ਅਟੈਨਸ਼ਨ ਮੋਸ਼ਨ ਸੀ ਉਹ ਅਲਾਈਨਮੈਂਟ ਨਾਲ ਡੀਲ ਨਹੀਂ ਕਰਦੀ ਸੀ, ਇਸ ਲਈ ਇਨ੍ਹਾਂ ਨੂੰ ਜੋ ਅਲਾਈਨਮੈਂਟ ਨਾਲ ਡੀਲ ਕਰਦੀ ਹੋਵੇ ਉਹ ਮੋਸ਼ਨ ਲਿਆਉਣੀ ਚਾਹੀਦੀ ਹੈ ਤਾਕਿ ਕਨਸਿਡਰ ਹੋ ਸਕੇ।

ਸ਼੍ਰੀ ਗੁਰਦਿਆਲ ਸੈਣੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਚੰਦ ਸਿੰਘ: ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਕੁਲਵੰਤ ਸਿੰਘ ਜੀ ਤੁਸੀਂ ਬੋਲੋ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਮੈਂ ਕਾਮਰੇਡ ਕੁਲਵੰਤ ਸਿੰਘ ਜੀ ਨੂੰ ਟਾਈਮ ਦਿੱਤਾ ਹੈ। ਜੋ ਇਹ ਬਗੈਰ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Not recorded Expunged as ordered by the Chair.

Original with;
Punjab Vidhan Sabha
Digitized by;
Panjab Digital Library

Comrade Raj Kumar : Please listen. Rule 71 reads as under :—

'Save as otherwise provided in these Rules a member who wishes to move a motion shall give in the case of a substantive motion, at least seven clear days' and in the case of an amendment at least two clear days' notice in writing of his intention to the Secretary :

Provided that the Speaker may in his discretion, allow a motion or amendment to be moved at shorter notice or without notice.'

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਜਿਹੜਾ ਮਾਮਲਾ ਉਠਾਇਆ ਉਸ ਵਲ ਗੌਰਮਿੰਟ ਦੀ ਅਡੈਨਸ਼ਨ ਦਿਵਾਈ ਜਾ ਚੁਕੀ ਹੈ ਭਾਵੇਂ ਕਾਲ ਅਟੈਨਸ਼ਨ ਅੰਡਰ ਰੂਲ--66 ਨਾ ਵੀ ਹੋਵੇ ਪਰ ਇਨ੍ਹਾਂ ਦੀ ਅਟੈਨਸ਼ਨ ਦਿਵਾਈ ਜਾ ਚੁਕੀ ਹੈ। ਇਹ ਬੜਾ ਸੀਰੀਅਸ ਮਾਮਲਾ ਹੈ (ਵਿਘਨ) ਸਤਲੁਜ-ਜਮਨਾ ਕੈਨਾਲ ਲਿੰਕ ਦਾ ਬੜਾ ਸੀਰੀਅਸ ਮਾਮਲਾ ਹੈ।

ਸ਼੍ਰੀ ਸਪੀਕਰ : ਮੈਂ ਅਲਾਊ ਨਹੀਂ ਕੀਤਾ ਹੈ।

NO- CONFIDENCE MOTION

Comrade Raj Kumar : Please listen. Under Rule 58 I have given notice of no-confidence motion against the Government.

ਸਪੀਕਰ ਸਾਹਿਬ, ਸੈਸ਼ਨ ਸ਼ੁਰੂ ਹੋਣ ਦੇ ਨਾਲ ਹੀ ਸਾਡੀ ਪਾਰਟੀ ਨੇ ਇਕ ਵੈਲਿਡ ਨੋਟਿਸ, ਲੈਕ ਆਫ ਕਾਨਫੀਡੈਂਸ ਇਨ ਦੀ ਗੌਰਮਿੰਟ ਹੈਡਿਡ ਬਾਈ ਸਰਦਾਰ ਦਰਬਾਰਾ ਸਿੰਘ ਪੇਸ਼ ਕੀਤਾ ਸੀ, ਮੈਂ ਉਸ ਨੂੰ ਅੱਜ ਪ੍ਰੈਸ ਕਰਦਾ ਹਾਂ।

ਸ਼੍ਰੀ ਸਪੀਕਰ : ਗੱਲ ਇਹ ਹੈ ਕਿ ਇਹ ਮਾਮਲਾ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਲਾਸਟ ਮੀਟਿੰਗ ਵਿਚ ਉਥੇ ਆਇਆ ਸੀ। ਉਸ ਵਿਚ ਤੁਸੀਂ ਵੀ ਬੈਠੇ ਸੀ । ਤੁਹਾਨੂੰ ਪਤਾ ਹੈ ਕਿ 29 ਤਾਰੀਕ ਤੱਕ ਸਾਰਾ ਬਿਜ਼ਨੈਸ ਤਹਿ ਹੋ ਚੁੱਕਾ ਹੈ। ਜੇ ਨੋ ਕਨਫੀਡੈਂਸ ਮੋਸ਼ਨ ਐਡਮਿਟ ਹੋ ਜਾਵੇ ਤਾਂ ਰੂਲਜ਼ ਦੇ ਮੁਤਾਬਿਕ ਉਸ ਉਤੇ 10 ਦਿਨਾਂ ਦੇ ਅੰਦਰ ਅੰਦਰ ਡਿਸਕਸ਼ਨ ਵਾਸਤੇ ਟਾਈਮ ਫਿਕਸ ਕੀਤਾ ਜਾ ਸਕਦਾ ਹੈ। ਇਹ ਤੁਹਾਡੀ ਨਾਲੇਜ ਵਿਚ ਵੀ ਹੈ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਤੁਸੀਂ ਮੇਰੀ ਗਲ ਤਾਂ ਸੁਣ ਲਵੋ। ਬਿਜ਼ਨੈਸ ਐਡ-ਵਾਇਜ਼ਰੀ ਕਮੇਟੀ ਦੀ ਰਿਪੋਰਟ ਦੇ ਮੁਤਾਬਿਕ ਸਦਨ ਦਾ ਪ੍ਰੋਗਰਾਮ 29 ਤਾਰੀਕ ਤੱਕ ਹੈ। ਜੇ ਤੁਸੀਂ ਇਸ ਵਿਚ ਕੋਈ ਅਮੈਂਡਮੈਂਟ ਨਹੀਂ ਕਰਦੇ ਤਾਂ ਇਹੀ ਸਮਝਿਆ ਜਾਵੇਗਾ ਕਿ 29 ਤਾਰੀਕ ਤੱਕ ਸਦਨ ਦਾ ਪ੍ਰੋਗਰਾਮ ਹੈ। ਮੈਂ ਅਰਜ਼ ਕਰਦਾ ਹਾਂ ਕਿ ਅਗਰ ਮੈਂ ਇਸ ਨੂੰ ਪ੍ਰੈਸ ਨਹੀਂ ਕਰਦਾ ਤਾਂ ਇਹੀ ਸਮਝਿਆ ਜਾਵੇਗਾ ਅੰਡਰ ਰੂਲਜ਼ ਕਿ ਮੈਂ ਉਸ ਮੋਸ਼ਨ ਨੂੰ ਵਿਦਡਰਾ ਕੀਤਾ ਹੈ । ਸਪੀਕਰ ਸਾਹਿਬ, ਸਾਡੀ ਬਨਾਰਸ ਵਿਚ ਕੋਈ ਮੀਟਿੰਗ ਹੋ ਰਹੀ ਹੈ ਅਤੇ ਮੈਂ ਉਥੇ ਜਾਣਾ ਹੈ। ਜਿਸ ਵਕਤ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਡਿਸਕੱਸ਼ਨ ਹੋ ਰਹੀ ਸੀ ਤਾਂ ਸਪੀਕਰ ਸਾਹਿਬ, ਮੈਂ ਤੁਹਾਨੂੰ ਰਿਮਾਈਂਡ ਕਰਾਉਣਾ ਚਾਹੁੰਦਾ ਹਾਂ ਕਿ ਮੈਂ ਉਥੇ ਕਮੇਟੀ ਵਿਚ ਕਿਹਾ ਸੀ ਕਿ ਮੈਨੂੰ ਜਿਸ ਦਿਨ ਵੀ ਕਨਵੀਨੀਐਂਟ ਹੋਵੇਗਾ, ਮੈਂ ਇਸ ਮੋਸ਼ਨ ਨੂੰ ਪ੍ਰੈਸ ਕਰਾਂਗਾ। ਮੈਂ ਤਾਂ ਲੀਵ ਮੰਗੀ ਹੈ। ਜੇ ਲੀਵ ਮਿਲੇਗੀ ਤਾਂ ਫਿਰ ਤੁਸੀਂ ਡਿਸਕਸ਼ਨ ਵਾਸਤੇ ਡੇਟ ਫਿਕਸ ਕਰ ਸਕਦੇ ਹੋ । ਜੇ ਐਡਮਿਟ ਹੋ ਜਾਵੇ ਤਾਂ ਉਸ ਦੇ ਬਾਅਦ ਡਿਸਕਸ਼ਨ ਵਾਸਤੇ ਤੁਸੀਂ ਡੇਟ ਫਿਕਸ ਕਰ ਸਕਦੇ ਹੋ। ਇਸ ਲਈ ਮੈਂ ਪ੍ਰੈਸ ਕਰਾਂਗਾ ਤਾਕਿ ਲੀਵ ਮਿਲ ਜਾਵੇ। ਮੈਨੂੰ ਲੀਵ ਮਿਲ ਜਾਵੇ ਫਿਰ ਬੇਸ਼ੱਕ ਤੁਸੀਂ ਇਸ ਨੂੰ ਬਾਅਦ ਵਿਚ ਡਿਸਕਸ਼ਨ ਵਾਸਤੇ ਰੱਖ ਲੈਣਾ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪਰ ਰੂਲਜ਼ ਦੇ ਮੁਤਾਬਿਕ .....

ਸਰਦਾਰ ਬੀਰ ਦਵਿੰਦਰ ਸਿੰਘ :ਸਪੀਕਰ ਸਾਹਿਬ, ਤੁਸੀਂ ਕਾਮਰੇਡ ਰਾਜ ਕੁਮਾਰ ਨੂੰ ਨੋ-ਕਾਨ-ਫੀਡੈਂਸ ਮੋਸ਼ਨ ਦੇ ਸਬੰਧ ਵਿਚ ਬੋਲਣ ਦਾ ਟਾਈਮ ਦਿਤਾ ਹੈ, ਮੈਨੂੰ ਵੀ ਸਮਾਂ ਦੇਣਾ ਚਾਹੀਦਾ ਹੈ। (ਵਿਘਨ) ਤੁਸੀਂ ਟਰੈਜ਼ਰੀ ਬੈਂਚਿਜ਼ ਦੀ ਵੀ ਗੱਲ ਸੁਣੋ। (ਵਿਘਨ)

ਸ਼੍ਰੀ ਸਪੀਕਰ : ਰੂਲਜ਼ ਦੇ ਮੁਤਾਬਿਕ ਜੇ ਨੋ-ਕਾਨਫੀਡੈਂਸ ਮੋਸ਼ਨ ਐਡਮਿਟ ਹੋ ਜਾਵੇ ਤਾਂ 10 ਦਿਨਾਂ ਦੇ ਅੰਦਰ ਅੰਦਰ ਡਿਸਕਸ਼ਨ ਵਾਸਤੇ ਟਾਈਮ ਫਿਕਸ ਕੀਤਾ ਜਾ ਸਕਦਾ ਹੈ। 29 ਤਾਰੀਕ ਤੱਕ ਪ੍ਰੋਗਰਾਮ ਆ ਗਿਆ ਹੈ।

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਪਹਿਲਾਂ ਮੇਰੀ ਗੱਲ ਤਾਂ ਸੁਣ ਲਵੋ।

Mr. Speaker : Please don't interrupt 29 ਤਾਰੀਕ ਤਕ ਪ੍ਰੋਗਰਾਮ ਤਹਿ ਹੋ ਚੁੱਕਾ ਹੈ। ਫਿਰ ਵੀ ਇਹ ਜਿਹੜਾ ਇਨਸਿਸਟ ਕਰ ਰਹੇ ਹੋ .....

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ,ਤੁਸੀਂ ਸਾਨੂੰ ਸੁਣ ਨਹੀਂ ਰਹੇ। ਕਾਮਰੇਡ ਰਾਜ ਕੁਮਾਰ ਨੇ ਜਿਹੜਾ ਨੋ ਕਾਨਫੀਡੈਂਸ ਦਾ ਨੋਟਿਸ ਦਿਤਾ ਹੈ ਤੁਸੀਂ ਉਸ ਨੂੰ ਲੀਵ ਗਰਾਂਟ ਨਹੀਂ ਕੀਤੀ, ਤੁਸੀਂ ਉਸ ਨੂੰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਕਿਸ ਤਰ੍ਹਾਂ ਡਿਸਕੱਸ ਕਰ ਲਿਆ।

Comrade Raj Kumar : It was just mentioned in the Business Advisory Committee. It was not discussed. It is I who mentioned about it.

Mr. Speaker : If you still press, I have no objection.

ਸਰਦਾਰ ਬਲਦੇਵ ਸਿੰਘ ਮਾਨ: ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਹੀਰੋ ਦੀ ਕਾਲ ਅਟੈਨਸ਼ਨ ਮੋਸ਼ਨ ਟੇਕ ਅੱਪ ਹੋ ਚੁੱਕੀ ਹੈ। ਨੋ ਕਾਨਫੀਡੈਂਸ ਮੋਸ਼ਨ ਕੁਐਸਚਨ ਆਵਰ ਦੇ ਇਮੀਜੀਏਟਲੀ ਬਾਅਦ ਆ ਸਕਦੀ ਹੈ। ਇਸ ਤੋਂ ਪਹਿਲਾਂ ਕਾਲ ਅਟੈਨਸ਼ਨ ਮੋਸ਼ਨ ਸ਼ੁਰੂ ਹੋ ਚੁੱਕੀ ਹੈ ਇਸ ਲਈ ਇਸ ਨੋ ਕਾਨਫੀਡੈਂਸ ਮੋਸ਼ਨ ਨੂੰ ਅੱਜ ਲੀਵ ਗਰਾਂਟ ਨਹੀਂ ਹੋ ਸਕਦੀ। ਤੁਸੀਂ ਇਸ ਨੂੰ ਕੱਲ੍ਹ ਤੇ ਜਾਂ ਪਰਸੋਂ ਤੇ ਰੱਖ ਲਵੋ।

ਸ਼੍ਰੀ ਸਪੀਕਰ : ਮਾਨ ਸਾਹਿਬ ਨੇ ਅੱਛਾ ਪੁਆਇੰਟ ਰੇਜ਼ ਕੀਤਾ ਹੈ। ਕਾਲ ਅਟੈਨਸ਼ਨ ਮੋਸ਼ਨ ਕਾਲ ਹੋ ਚੁੱਕੀ ਹੈ। ਪਰ ਅਗਰ ਤੁਸੀਂ ਇਸ ਗੱਲ ਤੇ ਇਨਸਿਸਟ ਕਰਦੇ ਹੋ ਕਿ ਤੁਹਾਡੀ ਨੋ-ਕਾਨ-ਫੀਡੈਂਸ ਮੋਸ਼ਨ ਅੱਜ ਲਈ ਜਾਵੇ ਪਰ ਕਿਉਂਕਿ ਅੱਜ ਦਾ ਬਿਜ਼ਨੈਸ ਅੱਗੇ ਲਿਆ ਜਾ ਚੁੱਕਾ ਹੈ, ਕਾਲ ਅਟੈਨਸ਼ਨ ਮੋਸ਼ਨ ਕਾਲ ਅਪਾਨ ਕੀਤੀ ਜਾ ਚੁੱਕੀ ਹੈ, ਇਸ ਲਈ ਇਸ ਨੋ-ਕਾਨਫੀਡੈਂਸ ਮੋਸ਼ਨ ਨੂੰ ਕੱਲ੍ਹ ਲੈ ਲਵਾਂਗੇ। (ਥੰਪਿੰਗ) ਹਾਂ ਜੀ, ਹੀਰੋ ਸਾਹਿਬ, ਤੁਸੀਂ ਕਾਲਅਟੈਨ-ਸ਼ਨ ਮੋਸ਼ਨ ਪੜ੍ਹੋ।

CALL ATTENTION NOTICES UNDER RULE 66
(Resumption)

(ਕ੍ਰਮ ਨੰ: 110)

ਸਰਦਾਰ ਹਰਚਰਨ ਸਿੰਘ ਹੀਰੋ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਾਮਲੇ ਵੱਲ ..... (ਵਿਘਨ)

Original with;
Punjab Vidhan Sabha
Digitized by;
Panjab Digital Library

NO-CONFIDENCE MOTION (*Resumption.*)

ਮੁੱਖ ਮੰਤਰੀ : ਇਸ ਨੋ-ਕਾਨਫੀਡੈਂਸ ਮੋਸ਼ਨ ਨੂੰ ਕਲ੍ਹ ਜੋ ਲੈਣਾ ਹੈ ਇਸ ਨੂੰ ਅੱਜ ਹੀ ਮੁਕਾ ਲਵੋ।

ਸ਼੍ਰੀ ਸਪੀਕਰ : ਅਗਲਾ ਬਿਜ਼ਨੈਸ ਐਂਟਰ ਹੋ ਚੁੱਕਾ ਹੈ।

ਮੁੱਖ ਮੰਤਰੀ : ਇਸ ਨੂੰ ਅੱਜ ਹੀ ਮੁਕਾਓ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜੇ ਤੁਸੀਂ ਰੂਲਿੰਗ ਨੂੰ ਰਿਵਾਈਜ਼ ਕਰਨਾ ਚਾਹੁੰਦੇ ਹੋ ਜਾਂ ਕਰ ਰਹੇ ਹੋ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ।

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਇਸ ਨੂੰ ਅੱਜ ਹੀ ਪੁੱਟ ਕਰ ਦਿਓ ਅਸੀਂ ਤਿਆਰ ਹਾਂ।

ਸਰਦਾਰ ਨੱਥਾ ਸਿੰਘ ਦਾਲਮ : ਇਹ ਅੱਜ ਟੇਕ ਅੱਪ ਨਹੀਂ ਕੀਤੀ ਜਾ ਸਕਦੀ। ਅੱਜ ਦਾ ਬਿਜ਼ਨੈਸ ਐਂਟਰ ਹੋ ਚੁੱਕਾ ਹੈ।

ਸਰਦਾਰ ਬਲਦੇਵ ਸਿੰਘ ਮਾਨ : ਹੀਰੋ ਨੇ ਕਾਲ ਅਟੈਨਸ਼ਨ ਮੋਸ਼ਨ ਪੜ੍ਹ ਲਈ ਹੈ, ਇਸ ਲਈ ਨੋ-ਕਾਨਫੀਡੈਂਸ ਮੋਸ਼ਨ ਅੱਜ ਨਹੀਂ ਹੋ ਸਕਦੀ।

Chief Minister (Sardar Darbara Singh) : There is no bar in taking up this matter.

ਸ਼੍ਰੀ ਸਪੀਕਰ : ਵੈਸੇ ਰਿਵਾਇਜ਼ ਦੀ ਪਲੀਯਰ ਆਫ਼ ਦੀ ਹਾਊਸ ਸਾਰੀਆਂ ਚੀਜ਼ਾਂ ਹੋ ਸਕਦੀਆਂ ਹਨ। ਕੋਈ ਐਸੀ ਗੱਲ ਨਹੀਂ ਹੈ। ਅਗਰ ਲੀਡਰ ਆਫ ਦੀ ਹਾਊਸ ਚਾਹੁੰਦੇ ਹਨ ਕਿ ਇਸ ਨੂੰ ਅੱਜ ਹੀ ਟੇਕ ਅੱਪ ਕੀਤਾ ਜਾਵੇ If House agrees then I have no objection (ਥੰਪਿੰਗ)

ਆਵਾਜ਼ਾਂ : ਠੀਕ ਹੈ, ਠੀਕ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਲੇਟ ਆਇਆ ਹਾਂ। ਮੈਨੂੰ ਮੇਰੇ ਸਾਥੀਆਂ ਨੇ ਦੱਸਿਆ ਹੈ ਕਿ ਤੁਸੀਂ ਅਗਲਾ ਬਿਜ਼ਨੈਸ ਸ਼ੁਰੂ ਕਰ ਲਿਆ ਸੀ। ਤੁਸੀਂ ਅਗਲਾ ਬਿਜ਼ਨੈਸ ਕੰਟੀਨਿਊ ਕਰ ਰਹੇ ਸੀ ਇਸ ਕਰਕੇ ਉਸ ਬਿਜ਼ਨੈਸ ਤੋਂ ਪਿਛੇ ਨਹੀਂ ਜਾ ਸਕਦੇ। ਤੁਸੀਂ ਇਸ ਮੋਸ਼ਨ ਨੂੰ ਅਗਲੇ ਦਿਨ ਲੈ ਸਕਦੇ ਹੋ। ਜੇ ਅਗਲਾ ਬਿਜ਼ਨੈਸ ਸ਼ੁਰੂ ਹੋ ਜਾਵੇ ਤਾਂ ਫਿਰ ਪਿਛੇ ਮੁੜਨਾ ਠੀਕ ਨਹੀਂ ਹੈ। ਤੁਸੀਂ ਰੂਲਿੰਗ ਦੇ ਦਿੱਤੀ ਹੈ ਅਤੇ ਅਗਲਾ ਬਿਜ਼ਨੈਸ ਸ਼ੁਰੂ ਕਰ ਰਹੇ ਸੀ। ਫਿਰ ਪਿੱਛੇ ਮੁੜਨਾ ਠੀਕ ਨਹੀਂ ਹੈ। ਤੁਸੀਂ ਇਸ ਨੂੰ ਕੱਲ੍ਹ ਤੇ ਰੱਖ ਲਵੋ।

ਵਿੱਤ ਮੰਤਰੀ : ਅਗਲਾ ਬਿਜ਼ਨਸ ਸ਼ੁਰੂ ਨਹੀਂ ਹੋਇਆ।

ਸ਼੍ਰੀ ਸਪੀਕਰ : ਜਿਥੋਂ ਤੱਕ ਇਸ ਗਲ ਦਾ ਤੁਅੱਲਕ ਹੈ ਕਿ ਅਗਲਾ ਬਿਜ਼ਨੈਸ ਐਂਟਰ ਹੋ ਚੁੱਕਾ ਹੈ ਅਤੇ ਇਸ ਨੂੰ ਕੱਲ੍ਹ ਲੈ ਲਿਆ ਜਾਵੇ ਇਸ ਬਾਰੇ ਮਾਨ ਸਾਹਿਬ ਨੇ ਵੀ ਕਿਹਾ

Original with;
Punjab Vidhan Sabha
Digitized by;
Panjab Digital Library

ਸੀ ਕਿ ਅਗਲਾ ਬਿਜ਼ਨੈਸ ਐਂਟਰ ਹੋ ਚੁੱਕਾ ਹੈ ਇਸ ਲਈ ਇਸ ਨੂੰ ਕੱਲ੍ਹ ਲੈ ਲਿਆ ਜਾਵੇ, ਪਰ ਫ਼ਿਰ ਵੀ if it is the pleasure of the House, the Rules can be suspended and anything can be taken up. ਹੁਣ ਲੀਡਰ ਆਫ਼ ਦੀ ਹਾਊਸ ਨੇ ਮੂਵ ਕੀਤਾ ਹੈ। ਮੇਰੇ ਲਫ਼ਜ਼ ਤੁਸੀਂ ਨੋਟ ਕੀਤੇ ਹੋਣਗੇ। ਮੈਂ ਇਹੀ ਕਿਹਾ ਸੀ with the pleasure of the House. If the house agrees, I can take up the No Confidence Motion.

ਜੱਥੇਦਾਰ ਉਜਾਗਰ ਸਿੰਘ ਸੇਖਵਾਂ: ਇਸ ਦਾ ਮਤਲਬ ਹੈ ਕਿ ਤੁਹਾਡੇ ਫੈਸਲੇ ਤੇ ਬੇਪ੍ਰਤੀਤੀ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਤੁਸੀਂ ਰੂਲਜ਼ ਵਗੈਰਾ ਦੇਖਣੇ ਹਨ। ਵਿਦ ਦੀ ਪਲੀਯਰ ਮੈਜਾਰਿਟੀ ਨਾਲ ਹੈ। ਇਸ ਦਾ ਮਤਲਬ ਹੈ ਕਿ ਜੇ ਇਹ ਕਹਿ ਦੇਣ ਕਿ ਸਾਡੀ ਪਲੀਯਰ ਹੈ ਇਨ੍ਹਾਂ ਨੂੰ ਬਾਹਰ ਕੱਢ ਦਿਓ ਤਾਂ ਇਸ ਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਸਾਨੂੰ ਤੁਸੀਂ ਬਾਹਰ ਕੱਢ ਦਿਓ।

ਵਿਕਾਸ ਮੰਤਰੀ (ਸਰਦਾਰ ਸੰਤੋਖ ਸਿੰਘ ਰੰਧਾਵਾ): ਸਪੀਕਰ ਸਾਹਿਬ, ਮੂਵਰ ਨੇ ਪ੍ਰੈਸ ਕੀਤਾ ਸੀ। ਕਾਮਰੇਡ ਰਾਜ ਕੁਮਾਰ ਜੀ ਨੇ ਪ੍ਰੈਸ ਕੀਤਾ ਹੈ ਜਿਸ ਨੂੰ ਤੁਸੀਂ ਮੰਨ ਲਿਆ ਹੈ। ਜੇ ਉਹ ਵਿਦਡਰਾ ਕਰਨਾ ਚਾਹੁੰਦੇ ਹਨ ਤਾਂ ਉਹ ਵਿਦਡਰਾਅ ਕਰ ਲੈਣ।

Sardar Bir Devinder Singh : Speaker Sahib, it is a very strange thing. If they know that the majority is with the Government, then why they have brought the No Confidence Motion.

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਜੋ ਕੁਝ ਕਿਹਾ ਸੀ ਉਹ ਇਹ ਕਿਹਾ ਸੀ ਕਿ 29 ਤਾਰੀਖ ਤਕ ਬਿਜ਼ਨੈਸ ਆ ਚੁੱਕਿਆ ਹੈ। ਉਸ ਦੇ ਬਾਅਦ ਇਥੇ ਇਨਸਿਸਟੈਂਸ ਹੋਈ ਕਿ ਨਹੀਂ ਇਸ ਨੂੰ ਲੈ ਲੈਣਾ ਚਾਹੀਦਾ ਹੈ। ਹੁਣੇ ਲੈ ਲੈਣਾ ਚਾਹੀਦਾ ਹੈ ਜਾਂ ਫਿਰ ਲੈਣਾ ਚਾਹੀਦਾ ਹੈ, ਇਹ ਫੈਸਲਾ ਤੁਸੀਂ ਕਰਨਾ ਹੈ। ਮੈਂ ਉਠ ਕੇ ਕਿਹਾ ਕਿ ਇਸ ਨੂੰ ਹੁਣੇ ਲੈ ਲਓ। ਰੂਲਜ਼ ਆਫ਼ ਬਿਜ਼ਨੈਸ ਵਿੱਚ ਵੀ ਇਹ ਗੱਲ ਹੈ ਕਿ ਕਿਸੇ ਵੇਲੇ ਵੀ ਕੁਐਸਚਨ ਆਵਰ ਤੋਂ ਬਾਅਦ ਇਹ ਲਈ ਜਾ ਸਕਦੀ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿੱਚ ਇਹ ਗੱਲ ਡਿਸਕਸ ਹੋਈ ਸੀ ਕਿ ਜਿਥੋਂ ਤਕ ਰਾਵੀ-ਬਿਆਸ ਦੇ ਪਾਣੀ ਦੀ ਡਿਸਕਸ਼ਨ ਦਾ ਸਵਾਲ ਹੈ ਇਹ ਅਰਲੀਅਰ ਹੋਣੀ ਚਾਹੀਦੀ ਹੈ ਲੇਕਿਨ ਤੁਸੀਂ ਕਿਹਾ ਸੀ ਕਿ ਭਾਵੇਂ ਰਾਵੀ-ਬਿਆਸ ਦੀ ਡਿਸਕਸ਼ਨ ਹੋਵੇ ਤੇ ਭਾਵੇਂ ਨੋ ਕਾਨਫੀਡੈਂਸ ਮੋਸ਼ਨ ਹੋਵੇ ਪਹਿਲਾਂ ਬਜਟ ਪਾਸ ਹੋਵੇਗਾ ਉਸ ਦੇ ਬਾਅਦ ਇਹ ਲੈਣੀ ਹੈ। ਲੇਕਿਨ ਅੱਜ ਡਰਾਮੈਟਿਕ ਢੰਗ ਨਾਲ ਇਥੇ ਗਲ ਹੁਣ ਹੋ ਰਹੀ ਹੈ। ਕੱਲ੍ਹ ਵੀ ਇਸ ਤਰ੍ਹਾਂ ਦੀ ਗੱਲ ਹੋਈ ਹੈ ਅਤੇ ਪਰਸੋਂ ਵੀ ਤੁਸੀਂ ਇਕ ਸੈਕਿੰਡ ਵਾਸਤੇ ਹਾਊਸ ਵਿੱਚ ਆਏ ਅਤੇ ਰੂਲਿੰਗ ਦੇ ਕੇ ਹਾਊਸ ਐਡਜਰਨ ਕਰ ਦਿੱਤਾ, ਸਾਨੂੰ ਕੁਝ ਕਹਿਣ ਵਾਸਤੇ ਵੀ ਮੌਕਾ ਨਹੀਂ ਦਿੱਤਾ ਗਿਆ। ਅੱਜ ਵੀ ਹਾਊਸ ਦੀਆਂ ਪ੍ਰੋਸੀਡਿੰਗਜ਼ ਵਿੱਚ ਅਗਲੀ ਆਈਟਮ ਸ਼ੁਰੂ ਹੋ ਗਈ ਹੈ। ਇਸ ਦਾ ਮਤਲਬ ਹੈ, ਮੈਂ ਸਪੀਕਰ ਸਾਹਿਬ, ਗੁਸਤਾਖੀ ਕਰਨ ਲਗਿਆ ਹਾਂ ਕਿ ਸਾਨੂੰ ਤੁਹਾਡੇ ਕੋਲੋਂ ਵੀ ਇਨਸਾਫ ਨਹੀਂ ਮਿਲ ਰਿਹਾ। ਅਸੀਂ ਚਾਹੁੰਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਹਾਂ, ਮੈਜਾਰਿਟੀ ਦੇ ਪ੍ਰੈਸ਼ਰ ਥਲੇ ਆ ਕੇ ਤੁਸੀਂ ਸਾਰੇ ਨਾਰਮਜ਼ ਤੋੜ ਦਿਓ ਇਹ ਠੀਕ ਨਹੀਂ ਹੈ, ਸਾਨੂੰ ਇਨਸਾਫ ਮਿਲਣਾ ਚਾਹੀਦਾ ਹੈ।

Sardar Bir Devinder Singh: Speaker Sahib, would I like to quote Rule 214 of the Rules of Procedure and Conduct of Business in the Punjab Vidhan Sabha (Punjab Legislative Assembly). The Rule reads as under :—

> 'No variation in the allocation of Time Order shall be made except on the request of the Leader of the House who shall notify orally to the House that there is general agreement for such variation, and such variation shall be enforced by the Speaker after taking the sense of the House.'

Sir, he is demanding to move his motion and we agree to it.

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮੈਂ ਸਬਮਿਟ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਚੇਅਰ ਦੇ ਅਗੇ ਬੇਅ ਕੀਤਾ ਸੀ। ਭਾਵੇਂ ਮੈਂ ਰੇਜ਼ ਕੀਤਾ ਸੀ ਪਰ ਤੁਸੀਂ ਓਬਜੈਕਟ ਕੀਤਾ ਔਰ ਡੇਟ ਸੂਜੈਸਟ ਕੀਤੀ ਮੈਂ ਤੁਹਾਨੂੰ ਆਪਣੀ ਡਿਫੀਕਲਟੀ ਦੱਸੀ ਸੀ ਕਿ ਮੈਂ 22 ਤਾਰੀਕ ਨੂੰ ਬਨਾਰਸ ਚਲੇ ਜਾਣਾ ਹੈ। ਮੈਂ ਇਸ ਨੂੰ ਪ੍ਰੈਸ ਕਰਨਾ ਚਾਹੁੰਦਾ ਸੀ। ਤੁਸੀਂ ਮੇਰੀ ਰਿਕੁਐਸਟ ਨੂੰ ਮੰਨ ਲਿਆ। ਦੂਸਰੀ ਗੱਲ, ਸਪੀਕਰ ਸਾਹਿਬ, ਕਿ ਅਗਲਾ ਬਿਜ਼ਨੈਸ ਹਾਊਸ ਵਿੱਚ ਐਂਟਰ ਕਰ ਚੁੱਕਾ ਹੈ ਮੇਰਾ ਖਿਆਲ ਹੈ ਕਿ ਐਸੀ ਪੋਜ਼ੀਸ਼ਨ ਨਹੀਂ ਹੈ। ਅਗਲਾ ਬਿਜ਼ਨੈਸ ਐਂਟਰ ਉਸ ਵੇਲੇ ਕਰਦਾ ਹੈ ਜਿਸ ਵੇਲੇ ਜ਼ੀਰੋ ਆਵਰ ਤੋਂ ਮਗਰੋਂ ਕਾਲ ਅਟੈਨਸ਼ਨ ਮੋਸ਼ਨ ਕਾਲ ਕੀਤੀ ਹੋਵੇ। (ਵਿਘਨ)

ਕੁਝ ਆਵਾਜ਼ਾਂ : ਕੀਤੀ ਹੈ, ਕੀਤੀ ਹੈ।

ਕੁਝ ਆਵਾਜ਼ਾਂ : ਨੋ, ਨੋ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਤੁਸੀਂ ਮੈਨੂੰ ਕਿਹਾ ਤੇ ਮੈਂ ਤੁਹਾਡੀ ਗੱਲ ਮੰਨ ਲਈ। ਚੇਅਰ ਦੀ ਤਰਫੋਂ ਮੈਨੂੰ ਹੁਕਮ ਹੋਇਆ ਔਰ ਮੈਂ ਉਹ ਮੰਨ ਲਿਆ। ਸਪੀਕਰ ਸਾਹਿਬ, ਇਹ ਗਲ ਰਿਕਾਰਡ ਤੇ ਹੈ ਕਿ ਤੁਹਾਡੇ ਕਹਿਣ ਤੇ ਗੱਲ ਮੰਨ ਲਈ। ਇਹ ਰੂਲਿੰਗ ਪਾਰਟੀ ਦਾ ਹੁਣ ਆਫਟਰ ਥਾਟ ਆਇਆ ਹੈ। ਮੈਂ ਸਮਝਦਾ ਹਾਂ ਕਿ ਇਹ ਖਾਸ ਕਨਸਿਡਰੇਸ਼ਨ ਕਰਕੇ ਆਇਆ ਹੈ। ਇਹ ਨਾ-ਵਾਜਿਬ ਹੈ ਆਪੋਜ਼ੀਸ਼ਨ ਵਾਲੇ ਸਾਰੇ ਕਹਿੰਦੇ ਹਨ ਕਿ ਕੱਲ੍ਹ ਨੂੰ ਕਰਨੀ ਹੈ ਤਾਂ ਬੇਸ਼ਕ ਕੱਲ੍ਹ ਨੂੰ ਕਰ ਲੈਣੀ ਚਾਹੀਦੀ ਹੈ, ਮੈਨੂੰ ਕੋਈ ਇਤਰਾਜ਼ ਨਹੀਂ ਹੈ।

Sardar Bir Devinder Singh : Speaker Sahib, the Hon. Member, who has given the notice, he should be asked to stand and move for leave.

Finance Minister (Doctor Kewal Krishan) : Sir, I would like to draw the attention to Rule 58 of Rules of Procedure and Conduct of Business in the Punjab Vidhan Sabha (Punjab Legislative Assembly) under the heading "No-Confidence Motion'. This Rule reads as under :—

> 'A motion expressing want of confidence in the Council of Ministers may be made subject to the following restrictions, namely:—
>
> (a) leave to make the motion shall be asked for after questions and before the list of business for the day is entered upon ;

** ** **

Original with;
Punjab Vidhan Sabha
Digitized by;
Panjab Digital Library

If the Speaker is of the opinion that the motion is in order, he shall read the motion.

ਸਪੀਕਰ ਸਾਹਿਬ, ਮੋਸ਼ਨ ਇਨ ਆਰਡਰ ਤੁਸੀਂ ਕਹਿ ਚੁੱਕੇ ਹੋ। ਕੁਐਸਚਨ ਆਵਰ ਖ਼ਤਮ ਹੋ ਗਿਆ ਹੈ ਔਰ ਦੂਸਰਾ ਬਿਜ਼ਨੈਸ ਸ਼ੁਰੂ ਨਹੀਂ ਹੋਇਆ।

ਵਿਰੋਧੀ ਧਿਰ ਵਲੋਂ ਆਵਾਜ਼ਾਂ : ਹੋ ਗਿਆ ਹੈ, ਹੋ ਗਿਆ ਹੈ।

ਵਿੱਤ ਮੰਤਰੀ : ਕਾਮਰੇਡ ਰਾਜ ਕੁਮਾਰ ਜੀ ਕਹਿੰਦੇ ਸਨ ਕਿ ਤੁਸੀਂ ਮੇਰੀ ਮੋਸ਼ਨ ਨੂੰ ਲਿਆਓ। ਕਾਮਰੇਡ ਸਾਹਿਬ ਨੇ ਪ੍ਰੈਸ ਕੀਤਾ ਹੈ। ਸਪੀਕਰ ਸਾਹਿਬ, ਕੋਈ ਗੌਰਮਿੰਟ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਨੋ ਕਾਨਫੀਡੈਂਸ ਮੋਸ਼ਨ ਆਵੇ ਔਰ ਉਹ ਪੁੱਟ ਨਾ ਹੋਵੇ, ਲੀਵ ਵਾਸਤੇ ਹਾਊਸ ਨੂੰ ਕਿਹਾ ਨਾ ਜਾਵੇ। ਇਹ ਇਮੀਜੀਏਟਲੀ ਪੁੱਟ ਹੋਣੀ ਚਾਹੀਦੀ ਹੈ ਜਾਂ ਉਹ ਇਸ ਨੂੰ ਵਿਦਡਰਾ ਕਰ ਲੈਣ।

ਸਰਦਾਰ ਬਲਦੇਵ ਸਿੰਘ ਮਾਨ : ਡਾਕਟਰ ਸਾਹਿਬ ਨੇ, ਸਪੀਕਰ ਸਾਹਿਬ, ਰੂਲ ਆਪਣੇ ਹੱਕ ਦਾ ਸੁਣਾਇਆ ਹੈ ਅਤੇ ਫਿਰ ਬੈਠ ਗਏ ਹਨ। ਪਹਿਲਾਂ ਫੈਸਲਾ ਵੀ ਹੋ ਗਿਆ ਸੀ ਅਤੇ ਫਿਰ ਮੰਨ ਵੀ ਗਏ ਕਿ ਸਾਨੂੰ ਕੋਈ ਓਬਜੈਕਸ਼ਨ ਨਹੀਂ ਕਿ ਫਿਰ ਕਰ ਲੈਣਾ। ਜਨਰਲ ਕਨਸੈਂਸਜ਼ ਵੀ ਹਾਊਸ ਦਾ ਹੈ ਨਹੀਂ, ਇਸ ਲਈ ਅਸੀਂ ਇਹ ਫੈਸਲਾ ਨਹੀਂ ਮੰਨਦੇ ਕਿ ਲੀਡਰ ਆਫ਼ ਦੀ ਹਾਊਸ ਵਲੋਂ ਮੂਵਰ ਨੂੰ ਪ੍ਰੈਸ ਕੀਤਾ ਜਾਵੇ ਕਿ ਉਹ ਲੀਵ ਸੀਕ ਕਰਨ। ਇਹ ਗੱਲ ਵਾਜਿਬ ਨਹੀਂ ਹੈ। ਸਪੀਕਰ ਸਾਹਿਬ, ਮੂਵਰ ਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਮੇਰੀ ਮੋਸ਼ਨ ਕਦੋਂ ਆ ਰਹੀ ਹੈ। ਤੁਸੀਂ ਪਹਿਲਾਂ ਰੂਲਿੰਗ ਦੇ ਚੁੱਕੇ ਹੋ। ਹੁਣ ਦੁਬਾਰਾ ਇਸ ਨੂੰ ਟੇਕ ਅੱਪ ਕਰਨਾ ਹਾਊਸ ਦੇ ਰੂਲਾਂ ਦੀ ਉਲੰਘਣਾ ਕਰਨਾ ਹੈ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਐਫ.ਐਮ. ਸਾਹਿਬ ਨੇ ਗਲਤ ਬਿਆਨੀ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਪਹਿਲਾਂ ਤੁਹਾਡੀ ਰੂਲਿੰਗ ਆ ਚੁੱਕੀ ਹੈ। ਸਪੀਕਰ ਸਾਹਿਬ, ਪਹਿਲਾਂ ਤੁਹਾਡੀ ਰੂਲਿੰਗ ਆਈ ਬਿਜ਼ਨੈਸ ਸ਼ੁਰੂ ਹੋ ਚੁੱਕਾ ਹੈ, ਹੀਰੋ ਸਾਹਿਬ ਨੂੰ ਤੁਸੀਂ ਕਾਲ ਅਟੈਨਸ਼ਨ ਲਈ ਕਾਲ ਅਪਾਨ ਕੀਤਾ ਹੈ। ਲੀਡਰ ਆਫ਼ ਦੀ ਹਾਊਸ ਨੇ ਬਾਅਦ ਵਿਚ ਕੋਈ ਗੱਲ ਕੀਤੀ। ਇਥੇ ਜੋ ਮਰਜ਼ੀ ਇਨ੍ਹਾਂ ਦੀ ਆਏ ਕਰੀ ਜਾਣ। ਇਥੇ ਤਾਂ ਸਾਡੀ ਬੋਲਣ ਦੀ ਆਜ਼ਾਦੀ ਵੀ ਖ਼ਤਮ ਹੋ ਗਈ ਹੈ। ਤੁਸੀਂ ਜੋ ਨਿਰਪੱਖ ਰੋਲ ਅਦਾ ਕਰਨਾ ਹੈ ਉਹ ਨਹੀਂ ਹੋਵੇਗਾ। ਤੁਸੀਂ ਕਿਹਾ ਸੀ ਕਿ ਕੱਲ੍ਹ ਨੂੰ ਇਹ ਹੋਵੇਗੀ, ਫਿਰ ਕੱਲ੍ਹ ਨੂੰ ਹੀ ਸੀ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਰੂਲ 58 ਦੇ ਪਾਰਟ 'ਏ' ਔਰ ਇਸੇ ਤਰ੍ਹਾਂ ਰੂਲ 214 ਜਿਹੜੇ ਕਿ ਡਾਕਟਰ ਸਾਹਿਬ ਨੇ ਪੜ੍ਹੇ ਹਨ ਜਿਸ ਦੇ ਵਿਚ ਹੈ ਕਿ ਜਨਰਲ ਐਗਰੀਮੈਂਟ ਹੋਵੇ। ਬਿਜ਼ਨੈਸ ਸਟਾਰਟ ਹੋਣ ਤੋਂ ਪਹਿਲਾਂ ਇਹ ਮੋਸ਼ਨ ਲਈ ਜਾਣੀ ਚਾਹੀਦੀ ਹੈ। ਕਾਮਰੇਡ ਰਾਜ ਕੁਮਾਰ ਇਸ ਲਈ ਪ੍ਰੈਸ ਕਰ ਰਿਹਾ ਹੈ ਕਿ ਇਹ ਅੱਜ ਜ਼ਰੂਰ ਲੈਣੀ ਹੈ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੇ ਪਾਸ ਵੋਟਾਂ ਨਹੀਂ ਹਨ ਕਿਉਂ ਪ੍ਰੈਸ ਕਰਦੇ ਹੋ ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਅੱਜ ਇਸ ਦੇ ਲਈ ਪ੍ਰੈਸ ਕਰਨਾ ਹੈ। ਜਦੋਂ ਮੂਵਰ ਆਫ਼ ਦੀ ਮੋਸ਼ਨ ਪ੍ਰੈਸ ਕਰਦਾ ਹੈ ਔਰ ਜਿਸ ਪਾਰਟੀ ਦੇ ਖਿਲਾਫ਼ ਪ੍ਰੈਸ ਕਰਦਾ ਹੈ, ਦੋਨੋਂ ਪਾਰਟੀਆਂ ਇਸ ਗਲ ਦੇ ਐਗਰੀ ਹਨ। ਸਾਡੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਪਾਰਟੀ ਦੇ ਲੀਡਰ ਨੇ ਕਹਿ ਦਿਤਾ ਕਿ ਮਨਜ਼ੂਰ ਹੈ ਇਹ ਮੋਸ਼ਨ ਹੁਣੇ ਲਈ ਜਾਣੀ ਚਾਹੀਦੀ ਹੈ ਤਾਂ ਫਿਰ ਹੋਰ ਸਮਾਂ ਨਹੀਂ ਦਿਤਾ ਜਾਣਾ ਚਾਹੀਦਾ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਨੇ ਜ਼ੀਰੋ ਆਵਰ ਵਿਚ ਇਹ ਮਸਲਾ ਉਠਾਇਆ ਕਿ ਮੈਂ ਨੋ-ਕਾਨਫੀਡੈਂਸ ਮੋਸ਼ਨ ਦਿੱਤੀ ਹੈ ਅੱਰ ਮੈਂ ਪ੍ਰੈਸ ਕਰਦਾ ਹਾਂ ਕਿ ਇਹ ਅੱਜ ਹੀ ਟੇਕ ਅੱਪ ਹੋਣੀ ਚਾਹੀਦੀ ਹੈ। ਤੁਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦਾ ਹਵਾਲਾ ਦੇ ਕੇ ਉਨਾਂ ਦੇ ਸੁਆਲ ਦਾ ਜਵਾਬ ਦਿਤਾ। ਮੈਂ ਇਤਰਾਜ਼ ਕੀਤਾ ਕਿ ਜਦੋਂ ਹਾਊਸ ਨੇ ਲੀਵ ਗਰਾਂਟ ਨਹੀਂ ਕੀਤੀ ਇਹ ਚੀਜ਼ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਡਿਸਕਸ ਨਹੀਂ ਸੀ ਹੋਣੀ ਚਾਹੀਦੀ ਕਿਉਂਕਿ ਇਸ ਲਈ ਸਮਾਂ ਨਹੀਂ ਸੀ ਦਿਤਾ ਹੋਇਆ। ਇਹ ਚੀਜ਼ ਅਜੇ ਚਲ ਰਹੀ ਸੀ ਕਿ ਦੂਸਰੇ ਪਾਸੇ ਇਹ ਗੱਲ ਕਹੀ ਕਿ ਅੱਜ ਨਹੀਂ ਆਉਣੀ ਚਾਹੀਦੀ । ਦੋਨਾਂ ਰੂਲਾਂ ਦਾ ਹਵਾਲਾ ਦੇ ਕੇ ਨੋ-ਕਾਨਫੀਡੈਂਸ ਮੋਸ਼ਨ ਬਾਰੇ ਲੀਡਰ ਆਫ ਦੀ ਹਾਊਸ ਨੇ ਉਠ ਕੇ ਓਰਲੀ ਨੋਟੀਫਾਈ ਕੀਤਾ ਕਿ ਜੋ ਸਾਡੀ ਸਰਕਾਰ ਦੇ ਖਿਲਾਫ਼ ਨੋਟਿਸ ਦਿਤਾ ਗਿਆ ਹੈ ਜਿਹੜਾ ਤੁਸੀਂ ਕਿਹਾ ਹੈ ਕਿ ਇਨ ਆਰਡਰ ਹੈ, ਅੱਜ ਡਿਸਕਸ ਕੀਤਾ ਜਾਏ। ਰੂਲ-214 ਦੇ ਮੁਤਾਬਿਕ ਲੀਡਰ ਆਫ ਦੀ ਹਾਊਸ ਓਰਲੀ ਨੋਟੀਫਾਈ ਕਰ ਸਕਦਾ ਹੈ। ਮੂਵਰ ਆਫ਼ ਦੀ ਮੋਸ਼ਨ ਨੇ ਹਾਲੇ ਤਕ ਇਹ ਨਹੀਂ ਕਿਹਾ ਕਿ ਮੈਂ ਮੂਵ ਨਹੀਂ ਕਰਨਾ ਚਾਹੁੰਦਾ ਅੱਰ ਨਾ ਹੁਣ ਤਕ ਕਿਹਾ ਹੈ ਕਿ ਮੈਂ ਮੂਵ ਨਹੀਂ ਕਰਨੀ ਹੈ ਉਨ੍ਹਾਂ ਨੇ ਆਪਣਾ ਸਟੈਂਡ ਅਮੈਂਡ ਨਹੀਂ ਕੀਤਾ। ਇਸ ਲਈ ਇਸ ਦੇ ਉਤੇ ਅੱਜ ਹੀ ਡਿਸਕਸ਼ਨ ਹੋਣੀ ਚਾਹੀਦੀ ਹੈ। ਕੁਐਸਚਨ ਆਵਰ ਮੁਕ ਗਿਆ ਸੀ ਜ਼ੀਰੋ ਆਵਰ ਚਲ ਰਿਹਾ ਸੀ ਕੋਈ ਹੋਰ ਨਵਾਂ ਬਿਜ਼ਨੈਸ ਹਾਊਸ ਨੇ ਸ਼ੁਰੂ ਨਹੀਂ ਕੀਤਾ।

ਅਵਾਜਾਂ (ਆਪੋਜ਼ੀਸ਼ਨ ਵਲੋਂ) : ਕੀਤਾ ਹੈ, ਕੀਤਾ ਹੈ।

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਰੂਲ-214 ਦੇ ਮੁਤਾਬਕ ਲੀਡਰ ਆਫ਼ ਦੀ ਹਾਊਸ ਨੇ ਅਗਰ ਓਰਲੀ ਨੋਟੀਫਾਈ ਕੀਤਾ ਹੈ ਤਾਂ ਇਸ ਤੇ ਕੋਈ ਡੇਵੀਏਸ਼ਨ ਨਹੀਂ ਹੋਣੀ ਚਾਹੀਦੀ ਅੱਰ ਇਸ ਤੇ ਇਮੀਜੀਏਟਲੀ ਡਿਸਕਸ਼ਨ ਕਰਾਈ ਜਾਏ। ਜਿਨ੍ਹਾਂ ਨੇ ਨੋ-ਕਾਨਫੀਡੈਂਸ ਮੋਸ਼ਨ ਦਾ ਨੋਟਿਸ ਦਿਤਾ ਹੈ ਉਹ ਕਹਿੰਦੇ ਹਨ ਕਿ ਅੱਜ ਡਿਸਕਸ਼ਨ ਕਰਾਈ ਜਾਏ ਅੱਰ ਜਿਨ੍ਹਾਂ ਦੇ ਖਿਲਾਫ਼ ਹੈ ਉਹ ਵੀ ਕਹਿੰਦੇ ਹਨ ਕਿ ਹੁਣੇ ਕਰਾਈ ਜਾਏ। ਇਨ੍ਹਾਂ ਦਾ (ਅਕਾਲੀ ਪਾਰਟੀ ਵੱਲ ਇਸ਼ਾਰਾ) ਤਾਂ ਸਬੰਧ ਹੀ ਨਹੀਂ ਕਿਉਂਕਿ ਨਾ ਇਹ ਨੋਟਿਸ ਦੇਣ ਵਾਲੇ ਹਨ ਨਾ ਕੋਈ ਹੋਰ ਗੱਲ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰੂਲਜ਼ ਮੁਤਾਬਕ ਰੂਲਿੰਗ ਚਾਹੁੰਦਾ ਹਾਂ ਕਿ ਰੂਲ-214 ਅਧੀਨ ਲੀਡਰ ਆਫ ਦੀ ਹਾਊਸ ਦੇ ਓਰਲੀ ਨੋਟੀਫਿਕੇਸ਼ਨ ਦੇ ਬਾਅਦ ਤੁਹਾਡਾ ਕੀ ਹੁਕਮ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਸ ਦੇ ਵਿਚ ਦੋ ਮਸਲੇ ਹਨ। ਇਕ ਤਾਂ ਹੈ ਪੇਜ-4 (4)। ਇਸ ਵਿਚ ਲਿਖਿਆ ਹੈ :

"A motion expressing want of confidence in the Council of Ministers may be made subject to the following restrictions, namely:—

(a) leave to make the motion shall be asked for after questions and before the list of business for the day is entered upon

* * * * * "

Original with;
Punjab Vidhan Sabha
Digitized by;
Panjab Digital Library

ਇਸ ਦੇ ਵਿਚ ਕਲੀਅਰ ਹੈ, ਤੁਸੀਂ ਪ੍ਰੋਸੀਡਿੰਗਜ਼ ਦੇਖ ਲਵੋ, ਤੁਸੀਂ ਕਾਲ ਅਟੈਨਸ਼ਨ ਮੋਸ਼ਨ ਵਾਸਤੇ ਅਪੀਲ ਕਰ ਦਿਤਾ ਸੀ। ਡੈਫੀਨੇਟਲੀ ਰਿਸਟ੍ਰਿਕਸ਼ਨ ਹੈ ਕਿ ਜੇਕਰ ਅਗਲਾ ਬਿਜ਼ਨੈਸ ਕਾਲ ਅਪਾਨ ਕਰ ਲਿਆ ਹੋਵੇ ਤਾਂ ਇਹ ਮੋਸ਼ਨ ਨਹੀਂ ਲਈ ਜਾ ਸਕਦੀ। ਮੈਂ ਪੇਜ਼ –114 ਨੂੰ ਰੈਫਰ ਕਰਦਾ ਹਾਂ।

"214.—No variation in the allocation of Time Order shall be made except on the request of the Leader of the House who shall notify orally to the House that there is general agreement for such variation, and such variation shall be enforced by the Speaker after taking the sense of the House."

ਫਿਰ ਹੈ ਜਨਰਲ ਐਗਰੀਮੈਂਟ। ਸਾਰੀ ਆਪੋਜ਼ੀਸ਼ਨ ਕਹਿ ਰਹੀ ਹੈ ਕਿ ਇਹ ਅੱਜ ਨਹੀਂ ਲੈਣੀ ਚਾਹੀਦੀ ਫਿਰ ਇਹ ਦੱਸਣ ਕਿ ਜਨਰਲ ਐਗਰੀਮੈਂਟ ਕਿਥੇ ਹੋ ਗਿਆ। ਇਨ੍ਹਾਂ ਦੋਹਾਂ ਗਲਾਂ ਨੂੰ ਮੁੱਖ ਰਖ ਕੇ ਮੈਂ ਤੁਹਾਡੀ ਕਲੀਅਰ ਰੂਲਿੰਗ ਚਾਹੁੰਦਾ ਹਾਂ, ਤੁਹਾਨੂੰ ਕਿਸੇ ਦੇ ਪ੍ਰੈਸ਼ਰ ਥਲੇ ਨਹੀਂ ਆਉਣਾ ਚਾਹੀਦਾ।

ਵਿੱਤ ਮੰਤਰੀ : ਸਪੀਕਰ ਸਾਹਿਬ ਜਿਹੜੀ ਅਗਲੀ ਗੱਲ ਕਹੀ ਤੁਸੀਂ ਜ਼ਰੂਰ ਕਹੀ ਪਰ ਉਸ ਵੇਲੇ ਪੁਆਇੰਟ ਆਫ਼ ਆਰਡਰ ਤੇ ਸਾਰੇ ਮੈਂਬਰਜ਼ ਨੇ ਬੋਲਣਾ ਸ਼ੁਰੂ ਕਰ ਦਿਤਾ। ਤੁਸੀਂ ਕਈ ਵਾਰੀ ਨੈਕਸਟ ਬਿਜ਼ਨੈਸ ਕਹਿ ਦਿੰਦੇ ਹੋ ਅਤੇ ਫਿਰ ਪਿਛੇ ਆ ਜਾਂਦੇ ਹੋ। ਸਪੀਕਰ ਸਾਹਿਬ, ਅਗਲਾ ਬਿਜ਼ਨੈਸ ਸ਼ੁਰੂ ਨਹੀਂ ਹੋਇਆ ਕਿਉਂਕਿ ਪੁਆਇੰਟ ਆਫ਼ ਆਰਡਰਜ਼ ਸ਼ੁਰੂ ਕਰ ਦਿਤੇ। ਜ਼ੀਰੋ ਆਵਰ ਚਲ ਰਿਹਾ ਸੀ ਅਤੇ ਨੈਕਸਟ ਬਿਜ਼ਨੈਸ ਐਂਟਰ ਨਹੀਂ ਕੀਤਾ ਸੀ, ਇਸ ਲਈ ਰੂਲਜ਼ ਮੁਤਾਬਕ ਤੁਸੀਂ ਮੋਸ਼ਨ ਪੁੱਟ ਕਰ ਸਕਦੇ ਹੋ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਪੋਜ਼ੀਸ਼ਨ ਇਹ ਹੈ ਕਿ ਹੁਣ ਧਰਮ ਸੰਕਟ ਵੀ ਹੈ। ਇਸ ਹਾਊਸ ਨੇ ਅਗੇ ਵੀ ਚਲਣਾ ਹੈ ਅਜੇ ਇਸ ਅਸੰਬਲੀ ਦੇ 3 ਸਾਲ ਪਏ ਹਨ। ਜੋ ਕੁਝ ਕਰਨਾ ਹੈ ਉਹ ਧਿਆਨ ਨਾਲ ਕਰੋ। ਤੁਹਾਡੀਆਂ ਅਪੀਲਾਂ ਹੁੰਦੀਆਂ ਹਨ ਅਸੀਂ ਉਨ੍ਹਾਂ ਦੀ ਡੈਫਰੈਂਸ ਕਰਦੇ ਹਾਂ ਅੌਰ ਕਈ ਵਾਰੀ ਮੰਨ ਲੈਂਦੇ ਹਾਂ। ਜਦੋਂ ਅਸੀਂ ਤੁਹਾਡੀ ਅਪੀਲ ਮੰਨ ਲਈ ਕਿ ਤੁਸੀਂ ਕੱਲ੍ਹ ਲਵੋਗੇ ਅਗਰ ਉਸ ਨੂੰ ਚੇਂਜ ਕਰਨਾ ਹੈ ਤਾਂ ਕੋਈ ਕੋਜੈਂਟ ਰੀਜ਼ਨਜ਼ ਚਾਹੀਦੇ ਹਨ। ਮੰਤਰੀ ਜੀ ਨੇ ਜਿਹੜਾ ਰੂਲ ਪੜ੍ਹਿਆ ਹੈ ਉਸ ਰੂਲ ਵਿਚ ਲਿਖਿਆ ਹੈ ਅੌਰ ਉਹ ਇਥੇ ਐਪਲਾਈ ਹੁੰਦਾ ਹੈ :—

'Variation in the allocation of Time Order.''

ਸਾਡੀ ਮੋਸ਼ਨ ਲਈ ਤੁਸੀਂ ਕੋਈ ਟਾਈਮ ਫ਼ਿਕਸ ਨਹੀਂ ਕੀਤਾ। ਮੇਰੀ ਮੋਸ਼ਨ ਅਜੇ ਅਸੰਬਲੀ ਵਿਚ ਆਉਣੀ ਹੈ ਪਤਾ ਨਹੀਂ ਹਾਊਸ ਲੀਵ ਦਿੰਦਾ ਹੈ ਜਾਂ ਨਹੀਂ। ਅਗਰ ਹਾਊਸ ਅੱਜ ਪਰਮਿਟ ਕਰ ਦਿੰਦਾ ਹੈ ਤਾਂ ਤੁਹਾਡਾ ਪ੍ਰੈਰੋਗੇਟਿਵ ਹੈ ਕਿ ਤੁਸੀਂ 10 ਦਿਨਾਂ ਦੇ ਅੰਦਰ ਅੰਦਰ ਜੋ ਵੀ ਟਾਈਮ ਮੁਕਰਰ ਕਰਨਾ ਹੈ ਕਰ ਸਕਦੇ ਹੋ। ਜਿਥੋਂ ਤਕ ਇਹ ਗੱਲ ਹੈ ਕਿ ਕੋਈ ਬਿਜ਼ਨੈਸ ਐਂਟਰ ਹੋ ਚੁੱਕਾ ਹੈ, ਸਪੀਕਰ ਸਾਹਿਬ, ਤੁਹਾਡੇ ਅਖ਼ਤਿਆਰਾਤ ਹਨ ਅਗਰ ਰੂਲ ਵੇਵ ਕਰਨਾ ਚਾਹੋ ਤਾਂ ਕਰ ਸਕਦੇ ਹੋ ਵਿਦ ਦੀ ਪਲੀਯਰ ਆਫ਼ ਦੀ ਹਾਊਸ। ਰੂਲ 214 ਵਿਚ ਸਪੈਸਿਫ਼ਿਕਲੀ ਦਿਤਾ ਹੈ। I am ready to press my motion ਤੁਸੀਂ ਵੀ ਪਹਿਲਾਂ ਸੋਚ ਲਵੋ, ਕਿਉਂਕਿ ਗੁਡ ਫ਼ੇਥ ਵਿਚ ਜਦੋਂ ਤੁਸੀਂ ਕਹਿੰਦੇ ਹੋ ਅਸੀਂ ਮੰਨ ਲੈਂਦੇ ਹਾਂ, ਜਦੋਂ ਅਸੀਂ ਮੰਨ ਲੈਂਦੇ ਹਾਂ ਅਗਰ ਹੋਰ ਦੀ ਕਨਵੀਨੀਐਂਸ ਹੋਵੇ ਤਾਂ ਤੁਹਾਨੂੰ ਬਦਲਣਾ ਨਹੀਂ ਚਾਹੀਦਾ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਇਸ ਸਬੰਧ ਵਿਚ ਅਰਜ਼ ਹੈ ਕਿ ਕਿਸੇ ਦੀ ਕੋਈ ਕਨਵੀਨੀਐਂਸ ਨਹੀਂ ਅੌਰ ਨਾ ਹੀ ਤੁਸੀਂ ਕਿਸੇ ਦੀ ਕਨਵੀਨੀਐਂਸ ਦਾ ਧਿਆਨ ਰੱਖਣਾ ਹੈ ਹਾਊਸ ਇਸ ਦੇ ਉਤੇ ਆਪਣੀ ਰਾਏ ਪ੍ਰਗਟ ਕਰ ਸਕਦਾ ਹੈ। ਇਥੇ ਜਿਸ ਵੇਲੇ ਤੁਸੀਂ ਕਾਲ ਅਪਾਨ ਕੀਤਾ ਮੈਂ ਉਸ

Original with;
Punjab Vidhan Sabha
Digitized by
Panjab Digital Library

[ਮੁੱਖ ਮੰਤਰੀ]

ਵੇਲੇ ਇੰਟਰੱਪਟ ਕੀਤਾ ਕਿ ਜੋ ਕਾਮਰੇਡ ਰਾਜ ਕੁਮਾਰ ਦਾ ਮਤਾ ਆਇਆ ਹੋਇਆ ਹੈ ਉਹ ਲਿਆਂਦਾ ਜਾਏ ਉਹ ਨਹੀਂ ਲਿਆਂਦਾ ਅੱਰ ਉਸ ਦੇ ਉਤੇ ਹੁਣ ਹੀ ਬਹਿਸ ਹੋ ਜਾਏ ਅੱਰ ਪ੍ਰੋਸੀਜਰ ਦੇ ਮੁਤਾਬਕ ਹੁਣ ਲੈ ਲਿਆ ਜਾਏ ਤਾ ਕਿ ਇਸ ਦਾ ਫੈਸਲਾ ਹੋ ਸਕੇ। ਇਹ ਕੋਈ ਐਸੀ ਗਲ ਨਹੀਂ ਹੈ ਜਿਹੜੀ ਕਿ ਪ੍ਰੋਸੀਜਰ ਦੇ ਵਿਰੁੱਧ ਹੋ ਰਹੀ ਹੋਵੇ। ਜਦੋਂ ਇਹ ਬੋਲ ਰਹੇ ਸਨ ਮੈਂ ਉਸ ਵੇਲੇ ਉਠ ਕੇ ਕਹਿ ਦਿਤਾ ਸੀ ਕਿ ਤੁਸੀਂ ਇਸ ਦਾ ਇਸ ਲਾਈਟ ਵਿਚ ਫੈਸਲਾ ਕਰੋ।

ਸ਼੍ਰੀ ਸਪੀਕਰ : ਪਾਰਟੀਆਂ ਦੇ ਲੀਡਰਾਂ ਨੇ ਆਪਣੀ ਆਪਣੀ ਰਾਏ ਦੱਸ ਦਿੱਤੀ ਹੈ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ ਤੁਸੀਂ ਰੂਲਿੰਗ ਦੇ ਚੁੱਕੇ ਹੋ। ਤੁਹਾਡੀ ਪੁਜ਼ੀਸ਼ਨ ਬਹੁਤ ਵੱਡੀ ਹੈ। ਤੁਸੀਂ ਵਚਨ ਦੇ ਦਿੱਤਾ ਹੈ। ਤੁਸੀਂ ਵਚਨ ਦੇ ਕੇ ਖਿਸਕੋ ਨਹੀਂ। ਜੋ ਵਚਨ ਕਰਕੇ ਖਿਸਕ ਜਾਏ ਸੋ ਨਰਕ ਜਾਏ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ ਤੁਸੀਂ ਮੇਰਾ ਪੁਆਇੰਟ ਆਫ ਆਰਡਰ ਤਾਂ ਸੁਣ ਲਓ ਬਾਅਦ ਵਿੱਚ ਜੋ ਮਰਜ਼ੀ ਰੂਲਿੰਗ ਦੇ ਦੇਣਾ। ਰੂਲ-58 ਵਿੱਚ ਜਿਹੜੀ ਸੈਕਸ਼ਨ 'ਏ' ਹੈ, ਉਸ ਵਿੱਚ ਲਿਖਿਆ ਹੈ :—

Rule 58 of the Rules of Procedure and Conduct of Business in the Punjab Vidhan Sabha (Punjab Legislative Assembly) is very clear which reads as under :—

> "A motion expressing want of confidence in the Council of Ministers may be made subject to the following restrictions, namely :—
>
> (a) leave to make the motion shall be asked for after questions and before the list of business for the day is entered upon."

Business has already been entered upon. Sardar Harcharan Singh Hero has spoken. Now it cannot be altered. ਹਾਊਸ ਰੂਲਜ਼ ਆਫ ਪ੍ਰੋਸੀਜਰ ਦੇ ਮੁਤਾਬਿਕ ਨਹੀਂ ਚਲ ਰਿਹਾ। ਤੁਸੀਂ ਆਪਣੀ ਪੁਜ਼ੀਸ਼ਨ ਵਾਚਿਆ ਕਰੋ ਕਿ ਇਥੇ ਡੈਮੋਕਰੇਸੀ ਚਲੇਗੀ ਜਾਂ ਤੁਸੀਂ ਪੱਖਪਾਤੀ ਹੋਣਾ ਹੈ। ਤੁਸੀਂ ਰਿਕਾਰਡ ਮੰਗਾ ਕੇ ਵੇਖ ਲਓ। ਮਿਸਟਰ ਹੀਰੋ ਨੇ ਬੋਲ ਦਿੱਤਾ ਸੀ। ਇਥੇ ਤੁਹਾਨੂੰ ਗਲਤ ਦਲੀਲਾਂ ਦਿੱਤੀਆਂ ਜਾਣੀਆਂ ਹਨ। ਹਾਊਸ ਰੂਲਜ਼ ਦੇ ਮੁਤਾਬਿਕ ਚਲਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਕਾਫੀ ਪੁਆਇੰਟਸ ਆਫ ਆਰਡਰ ਆ ਗਏ ਹਨ। ਗੱਲ ਇਹ ਸੀ ਕਿ ਆਫ ਦੀ ਰਿਕਾਰਡ ਮੀਟਿੰਗ ਹੋਈ ਸੀ। ਸਰਦਾਰ ਬੀਰਦਵਿੰਦਰ ਸਿੰਘ ਜੀ ਉਥੇ ਸਨ। ਕਨਸੈਂਸਸ ਡਿਵੈਲਪ ਹੋਇਆ ਸੀ। ਮੈਂ ਕਿਹਾ ਸੀ ਕਿ ਨੋ-ਕਾਨਫੀਡੈਂਸ ਮੋਸ਼ਨ ਪੈਂਡਿੰਗ ਹੈ। ਬਿਜ਼ਨੈਸ ਅਡਵਾਇਜ਼ਰੀ ਕਮੇਟੀ ਵਿੱਚ ਅਨਓਫੀਸ਼ਿਅਲੀ ਗਲ ਹੋਈ ਸੀ। ਜਿਤਨੀ ਦੇਰ ਤਕ ਨੋ-ਕਾਨਫੀਡੈਂਸ ਮੋਸ਼ਨ ਮੂਵ ਨਾ ਹੋ ਜਾਵੇ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਤੇ ਪਾਸ ਨਾ ਹੋ ਜਾਵੇ, ਬਿਜ਼ਨੈੱਸ ਐਡਵਾਇਜ਼ਰੀ ਕਮੇਟੀ ਉਸ ਨੂੰ ਕਨਸਿਡਰ ਨਹੀਂ ਕਰ ਸਕਦੀ। 29 ਮਾਰਚ ਤੋਂ ਪਹਿਲਾਂ ਪਹਿਲਾਂ ਇਹ ਬਜਟ ਪਾਸ ਹੋ ਜਾਵੇ ਕਿਉਂਕਿ 31 ਮਾਰਚ ਤਕ ਇਹ ਜ਼ਰੂਰ ਹੋਣਾ ਹੈ। ਬਾਦਲ ਸਾਹਿਬ ਨੇ ਵੀ ਕਿਹਾ ਸੀ ਕਿ ਇਹ ਚੀਜ਼ਾਂ ਠੀਕ ਨਹੀਂ। ਦੋਨੋਂ ਚੀਜ਼ਾਂ ਪੈਂਡਿੰਗ ਸਨ। ਰਾਵੀ-ਬਿਆਸ ਦਾ ਮਸਲਾ ਵੀ ਅਤੇ ਇਹ ਵੀ। ਜਿਸ ਵੇਲੇ ਕਾਮਰੇਡ ਰਾਜ ਕੁਮਾਰ ਜੀ ਨੇ ਇਹ ਸਵਾਲ ਰੇਜ਼ ਕੀਤਾ ਅੱਜ ਦੀ ਨੋ-ਕਾਨਫੀਡੈਂਸ ਮੋਸ਼ਨ ਦਾ ਇਨ੍ਹਾਂ ਨੇ ਮੇਰੇ ਨਾਲ ਕੱਲ੍ਹ ਵੀ ਗੱਲ ਕੀਤੀ ਸੀ। ਮੈਂ ਕੱਲ੍ਹ ਵੀ ਇਨ੍ਹਾਂ ਨੂੰ ਆਪਣਾ ਵਿਊ-ਪੁਆਇੰਟ ਦੇ ਦਿੱਤਾ ਸੀ। ਇਹ ਮੇਰੇ ਨਾਲ ਐਗਰੀ ਕਰ ਗਏ ਸਨ। ਅੱਜ ਜਦੋਂ ਇਨ੍ਹਾਂ ਨੇ ਇਹ ਮਾਮਲਾ ਰੇਜ਼ ਕੀਤਾ ਤਾਂ ਮੈਂ ਇਨ੍ਹਾਂ ਨੂੰ ਇਹੀ ਗਲ ਕਹੀ ਕਿ ਤੁਹਾਨੂੰ ਜੇ ਲੀਵ ਮਿਲ ਜਾਵੇ, ਤਾਂ ਰੂਲਜ਼ ਦੇ ਮੁਤਾਬਿਕ 10 ਦਿਨਾਂ ਦੇ ਪਹਿਲਾਂ ਪਹਿਲਾਂ ਮੈਂ ਇਸ ਲਈ ਟਾਈਮ ਫਿਕਸ ਕਰਨਾ ਹੈ, ਉਹ ਫਿਰ 29 ਤਾਰੀਕ ਤੋਂ ਪਹਿਲਾਂ ਆਉਂਦਾ ਹੈ। ਮੈਂ ਇਹ ਵੀ ਕਿਹਾ ਸੀ ਕਿ ਜੇ ਹੋ ਸਕਿਆ ਤਾਂ 30 ਨੂੰ ਟੇਕ-ਅੱਪ ਕਰ ਲਵਾਂਗੇ। ਇਨ੍ਹਾਂ ਨੇ ਕਿਹਾ ਕਿ ਨਹੀਂ ਜੀ ਮੈਂ 22 ਤਾਰੀਕ ਨੂੰ ਬਨਾਰਸ ਜਾਣਾ ਹੈ। ਇਹ ਇਨ੍ਹਾਂ ਦਾ ਅਖਤਿਆਰ ਹੈ। ਮੈਂ ਕਿਹਾ ਠੀਕ ਹੈ ਕੱਲ੍ਹ ਲੈ ਲਵਾਂਗੇ। ਐਨੇ ਵਿੱਚ ਬਾਦਲ ਸਾਹਿਬ ਆ ਗਏ। ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਅੱਜ ਹੀ ਇਸਨੂੰ ਲੈ ਲਓ। ਬਾਦਲ ਸਾਹਿਬ ਨੂੰ ਪਤਾ ਨਹੀਂ ਸੀ ਕਿ ਕੀ ਵਾਕਿਆਤ ਹੋਏ ਹਨ। ਇਨ੍ਹਾਂ ਨੇ ਆਪਣੇ ਜਜ਼ਬਾਤ ਉਠ ਕੇ ਦੱਸ ਦਿੱਤੇ ਹਨ। ਇਥੇ ਬੜੇ ਰੂਲਾਂ ਦਾ ਹਵਾਲਾ ਦਿੱਤਾ ਗਿਆ ਹੈ। ਇਹ ਠੀਕ ਹੈ ਕਿ ਰੂਲ 58 ਬੱਲੇ ਜੋ ਪ੍ਰੋਵਾਈਜ਼ੋ ਹੈ ਉਸ ਦੇ ਮੁਤਾਬਿਕ ਜਿਸ ਵੇਲੇ ਕੁਐਸਚਨ ਆਵਰ ਖਤਮ ਹੋ ਜਾਂਦਾ ਹੈ ਅਤੇ ਦੂਜਾ ਬਿਜ਼ਨੈਸ ਐਂਟਰ ਅਪਾਨ ਕਰਨ ਤੋਂ ਪਹਿਲਾ ਲੀਵ ਮੰਗੀ ਜਾਂਦੀ ਹੈ। ਇਹ ਵੀ ਗੱਲ ਠੀਕ ਹੈ ਕਿ ਰੂਲ-214 ਦੇ ਮੁਤਾਬਿਕ ਲੀਡਰ ਆਫ ਦੀ ਹਾਊਸ ਟਾਈਮ ਦੀ ਵੇਰੀਏਸ਼ਨ ਮੰਗ ਸਕਦਾ ਹੈ। ਲੇਕਿਨ ਉਸ ਦੇ ਨਾਲ ਇਹ ਪ੍ਰੋਵਾਈਜ਼ੋ ਵੀ ਹੈ ਕਿ ਜ਼ਨਰਲ ਐਗਰੀ-ਮੈਂਟ ਹੋਵੇ। ਮੈਂ ਵੀ ਇਹੀ ਗੱਲ ਕਹੀ ਸੀ ਕਿ ਵਿਦ ਦੀ ਪਲੀਯਰ ਆਫ ਦੀ ਹਾਊਸ ਕੰਮ ਹੋਣਾ ਹੈ ਕਿਉਂਕਿ ਹਾਊਸ ਸੁਪਰੀਮ ਹੈ। ਮੈਂ ਵੀ ਹਾਊਸ ਦੀ ਕਰੀਏਸ਼ਨ ਹਾਂ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਵੀ ਹਾਊਸ ਦੀ ਕਰੀਏਸ਼ਨ ਹਨ ਅਤੇ ਲੀਡਰ ਆਫ ਦੀ ਹਾਊਸ ਵੀ ਹਾਊਸ ਦੀ ਹੀ ਕਰੀਏਸ਼ਨ ਹਨ। ਜੇ ਹਾਊਸ ਇਸ ਗੱਲ ਤੇ ਬਜ਼ਿਦ ਹੋਵੇ ਕਿ ਅੱਜ ਹੀ ਇਹ ਟੇਕ ਅੱਪ ਕਰਨੀ ਹੈ ਤਾਂ .....

I can appeal to the good sense of the House. If the House does not agree then I am bound by the decision of the House.

ਸਰਦਾਰ ਪ੍ਰਕਾਸ ਸਿੰਘ ਬਾਦਲ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗਲ ਹੈ ਕਿ ਐਨੀ ਕਲੀਯਰ ਗੱਲ ਹਵੇ, ਉਸ ਤੇ ਵੀ ਤੁਸੀਂ ਅਮਲ ਨਾ ਕਰੋ।

ਸ਼੍ਰੀ ਸਪੀਕਰ : ਮੈਂ ਆਪਣੇ ਵਰਡਜ਼ ਮਿੰਸ ਨਹੀਂ ਕੀਤੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਦੋ ਚੀਜ਼ਾਂ ਕਲੀਯਰ ਹਨ। ਇਕ ਤਾਂ ਇਹ ਹੈ ਕਿ ਬਿਜ਼ਨੈਸ ਸ਼ੁਰੂ ਹੋ ਗਿਆ ਸੀ। ਕਾਲ ਅਟੈਨਸ਼ਨ ਮੋਸ਼ਨ ਕਾਲ ਅਪਾਨ ਕਰ ਲਈ ਹੈ। ਇਹ ਤੁਸੀਂ ਆਪ ਮੰਨਦੇ ਹੋ ਕਿ ਕਾਲ ਅਪਾਨ ਕਰ ਲਈ ਸੀ। ਦੂਸਰੀ ਗੱਲ ਇਹ ਹੈ ਕਿ ਅਗਰ ਵੇਰੀਏਸ਼ਨ ਚੀਫ ਮਨਿਸਟਰ ਸਾਹਿਬ ਨੇ ਕਰਾਉਣੀ ਹੈ ਤਾਂ ਉਸ ਦੇ ਲਈ ਹਾਊਸ ਦਾ ਜਨਰਲ ਐਗਰੀਮੈਂਟ ਚਾਹੀਦਾ ਹੈ। ਜਨਰਲ ਐਗਰੀਮੈਂਟ ਵੀ ਨਹੀਂ ਅਤੇ ਬਿਜ਼ਨੈਸ ਵੀ ਸ਼ੁਰੂ ਹੋ ਗਿਆ ਹੈ। ਇਤਨੀ ਗਲ ਦੇ ਹੁੰਦੇ ਹੋਏ ਤੁਸੀਂ ਇਸ ਤਰ੍ਹਾਂ ਦੀ ਰੂਲਿੰਗ ਦਿਓ ਫਿਰ ਅਸੀਂ ਬਤੌਰ ਪ੍ਰੋਟੈਸਟ ਚਲੇ ਜਾਂਦੇ ਹਾਂ। ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ ਹੈ। ਰੂਲਜ਼ ਦੇ ਮੁਤਾਬਿਕ ਰੂਲਿੰਗ ਦਿਓ। ਸਪੀਕਰ ਸਾਹਿਬ, ਕਿਸੇ ਪ੍ਰੈਸ਼ਰ ਥੱਲੇ ਆ ਕੇ ਗੱਲ ਨਾ ਕਰੋ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਬਾਦਲ ਸਾਹਿਬ, ਮੈਂ ਆਪਣੇ ਵਰਡਿਜ਼ ਮਿੰਸ ਨਹੀਂ ਕੀਤੇ। ਮੈਂ ਕਲੀਯਰ ਲਫਜ਼ਾਂ ਵਿੱਚ ਜੋ ਕਹਿਣਾ ਸੀ ਕਹਿ ਦਿੱਤਾ ਹੈ। ਮੈਂ ਇਹ ਵੀ ਕਿਹਾ ਹੈ ਕਿ ਇਹ ਸਾਰੀਆਂ ਚੀਜ਼ਾਂ ਹਾਊਸ ਦੇ ਸਾਹਮਣੇ ਹਨ। ਮੈਂ ਤਾਂ ਹਾਊਸ ਦੀ ਗੁੱਡ ਸੈਂਸ ਨੂੰ ਹੀ ਅਪੀਲ ਕਰ ਸਕਦਾ ਹਾਂ। ਅਗਰ ਫਿਰ ਵੀ ਹਾਊਸ ਬਜ਼ਿਦ ਹੋਵੇ ਤਾਂ ਮੈਂ ਹਾਊਸ ਦੇ ਡਿਸੀਜ਼ਨ ਦਾ ਬਾਊਂਡ ਹਾਂ।

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਇਹ ਕਿਹੜਾ ਰੂਲ ਹੈ ਕਿ ਮੂਵਰ ਨੂੰ ਕਿਹਾ ਜਾਵੇ ਕਿ ਤੂੰ ਅੱਜ ਹੀ ਲੀਵ ਸੀਕ ਕਰ।

Finance Minister (Doctor Kewal Krishan) : Sir, the mover is here. He is ready to move the motion. Your decision is very clear.

(Interruptions and noise in the House)

Sardar Bir Devinder Singh : We can make request that this motion should be taken up just now.

Shri Gopal Krishan Chatrath : Mr. Speaker, you have already given your ruling. Your ruling cannot be discussed. The mover should be asked to move his No-confidence motion. He should be asked to seek the leave of the House.

ਵਿਕਾਸ ਮੰਤਰੀ : ਸਪੀਕਰ ਸਾਹਿਬ, ਤੁਹਾਡੀ ਕਲੀਯਰ ਕੱਟ ਰੂਲਿੰਗ ਆ ਗਈ ਹੈ। ਹੁਣ ਤੁਸੀਂ ਮੂਵਰ ਨੂੰ ਕਹੋ ਕਿ ਉਹ ਮੂਵ ਕਰੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਾਡਾ ਪੁਆਇੰਟ ਇਹ ਸੀ ਕਿ ਕੀ ਹਾਊਸ ਦੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ, ਜਾਂ ਨਹੀਂ। ਉਸ ਦੇ ਬਾਰੇ ਤੁਸੀਂ ਕੋਈ ਰੂਲਿੰਗ ਨਹੀਂ ਦਿੱਤੀ। ਸਾਡੀ ਬੇਨਤੀ ਇਹ ਹੈ ਕਿ ਤੁਸੀਂ ਰਿਕਾਰਡ ਵੇਖ ਲਓ। ਉਸ ਤੋਂ ਬਾਅਦ ਕੋਈ ਗਲ ਹੋਵੇ। ਤੁਸੀਂ ਇਹ ਦਸੋ ਕਿ ਕਾਰਵਾਈ ਸ਼ੁਰੂ ਹੋ ਰਹੀ ਸੀ ਜਾਂ ਨਹੀਂ।

ਸ਼੍ਰੀ ਸਪੀਕਰ : ਰੂਲ-214 ਬੜਾ ਕੰਪਰੀਹੈਂਸਿਵ ਹੈ। ਮੈਂ ਤਾਂ ਹਾਊਸ ਦੀਆਂ ਵਿਸ਼ੇਸ਼ ਦੇ ਮੁਤਾਬਿਕ ਚਲਣਾ ਹੈ। ਕਾਮਰੇਡ ਰਾਜ ਕੁਮਾਰ ਜੀ ਤੁਸੀਂ ਆਪਣੀ ਮੋਸ਼ਨ ਮੂਵ ਕਰੋ।

WALK-OUT

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਐਜ਼ ਏ ਪ੍ਰੋਟੈਸਟ ਅਸੀਂ ਵਾਕ ਆਊਟ ਕਰਦੇ ਹਾਂ ਜੀ

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਐਲ.), ਸ਼੍ਰੋਮਣੀ ਅਕਾਲੀ ਦਲ (ਟੀ) ਅਤੇ ਬੀ.ਜੇ.ਪੀ. ਸੀ.ਪੀ.ਆਈ.ਐਮ. ਪਾਰਟੀਆਂ, ਦੇ ਸਦਨ ਵਿਚ ਹਾਜ਼ਰ ਮਾਨਯੋਗ ਮੈਂਬਰ ਵਾਕ ਆਊਟ ਕਰ ਗਏ)

(ਇਸ ਸਮੇਂ ਜਾਂਦੇ ਜਾਂਦੇ ਅਕਾਲੀ ਦਲ (ਐਲ) ਦੇ ਕੁਝ ਮਾਨਯੋਗ ਮੈਂਬਰ ਨਾਹਰੇ ਲਗਾ ਰਹੇ ਸਨ ਜੋ ਕਿ ਹੁਕਮ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

NO-CONFIDENCE MOTION (Resumption)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਨੂੰ ਆਸ ਸੀ ਕਿ ਤੁਸੀਂ ਇਸ ਹਾਊਸ ਦੀਆਂ ਉਹ ਪਰੰਪਰਾਵਾਂ ਬਣਾ ਰਹੇ ਹੋ ..... (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਇਹ ਵਾਕ ਆਊਟ ਕਰ ਗਏ ਹਨ ਜੀ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ੍ਰੀ ਜੋਗਿੰਦਰ ਪਾਲ ਪਾਂਡੇ) : ਸਪੀਕਰ ਸਾਹਿਬ, ਵਾਕ ਆਊਟ ਕਰਨ ਤੋਂ ਬਾਅਦ ਇਨ੍ਹਾਂ ਦਾ ਮੋਸ਼ਨ ਮੂਵ ਕਰਨ ਦਾ ਹੱਕ ਨਹੀਂ ਬਣਦਾ।

ਕਾਮਰੇਡ ਰਾਜਕੁਮਾਰ : ਅਸੀਂ ਵਾਕ ਆਊਟ ਨਹੀਂ ਕੀਤਾ। I move my motion

(ਇਸ ਸਮੇਂ ਸਰਕਾਰੀ ਬੈਂਚਾਂ ਵੱਲੋਂ ਕਈ ਮਾਨਯੋਗ ਮੈਂਬਰ ਖੜ੍ਹੇ ਹੋਏ।)

Mr. Speaker: Please sit down.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ :—

"ਇਹ ਸਦਨ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਹੇਠਲੇ ਮੰਤਰੀ ਮੰਡਲ ਵਿਚ ਅਵਿਸ਼ਵਾਸ ਪ੍ਰਗਟ ਕਰਦਾ ਹੈ।"

Mr. Speaker : Motion moved—

"This House expresses its lack of confidence in the Council of Ministers headed by Sardar Darabara Singh."

Those hon'ble Members who are in favour of leave being granted may please rise in their seats.

Mr. Speaker : 8 hon'ble Members have risen in their seats. Since the number of members who have risen in favour of the leave being granted is less than the number required, under sub-rule (2) of Rule 58, the leave is not granted.

Mr. Speaker : There is another motion of Sardar Dalip Singh Pandhi. I call upon Sardar Dalip Singh Pandhi whose notice is at Serial No. 2 to seek the leave of the House to move the No-Confidence Motion.

Since Sardar Dalip Singh Pandhi is not present in the House, the motion stands lapsed.

CALL ATTENTION NOTICES UNDER RULE 66 (*Resumption*)

(Serial No. 110)*

Sardar Harcharan Singh Hero : Sir, I beg to draw the attention of the Government towards a matter of urgent public importance, namely, waterlogging of fields in villages of bet area of Zira constituency alongwith the Rajasthan Canal due to rains causing damage to the standing crops.

Agriculture and Irrigation Minister (Chaudhri Kanshi Ram) : The area around Makhu is surrounded on three sides by left marginal bund of river Sutlej up stream of Harike Head Works, Railway track Jullundur to Ferozepur and Rajasthan Canal. This area forms a congested pocket where the rain water/seepage water from Head Works pool is accumulated. Previously this matter was drained off by Maujgarh drain through syphon under Rajasthan Canal. However, this syphon got damaged during

*Read in Punjabi.

Original with;
Punjab Vidhan Sabha
Digitized by:
Panjab Digital Library

[Agriculture and Irrigation Minister]

October, 1976 and was abandoned. The peak discharge of 550 cusecs of this drain has been diverted now to three existing syphons as RD 13830, RD 34870 and RD 52082. Due to a lot of sloughing in the drains on account of waterlogging in this area, the discharge through these syphons is not adequate. Reconditioning of these drains will be taken up on availability of funds.

ਸਪੀਕਰ ਸਾਹਿਬ, ਇਨ੍ਹਾਂ ਦੇ ਹਲਕੇ ਵਿੱਚ ਦਰਿਆ ਸਤਲੁਜ ਤੇ ਪੁਲ ਬਣਿਆ ਹੋਇਆ ਹੈ। ਉਥੇ ਰਾਜਸਥਾਨ ਕੈਨਾਲ ਟੇਕਆਫ ਕਰਦੀ ਹੈ। ਉਸ ਏਰੀਏ ਵਿੱਚ ਇਕ ਸਾਈਫਨ ਸੀ ਅੱਤ ਉਹ ਸਾਈਫਨ ਸੰਨ 1976 ਵਿਚ ਅੱਬੜਨ ਹੋ ਗਿਆ ਸੀ। ਪਾਣੀ ਤਿੰਨ ਸਾਈਫਨਾਂ ਰਾਹੀਂ ਡਰੇਨ ਆਊਟ ਕਰਨਾ ਪੈਂਦਾ ਹੈ। ਉਥੇ ਸੇਮ ਵੀ ਹੈ ਅੱਤ ਬਾਰਸ਼ਾਂ ਵੀ ਹੋ ਰਹੀਆਂ ਹਨ। ਅਸੀਂ ਇਸ ਕੰਮ ਨੂੰ ਟੇਕ ਅੱਪ ਕਰਾਂਗੇ ਅੱਤ ਕਲੀਅਰ ਕਰਨ ਦੀ ਕੋਸ਼ਿਸ਼ ਕਰਾਂਗੇ।

*11.05 ਏ.ਐਮ. (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਇਕ ਸਾਲ ਹੋ ਗਿਆ ਹੈ, ਪਰ ਮਹਿਕਮੇਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਬਾਰਡਰ ਏਰੀਏ ਦੀ ਕਮੇਟੀ ਦੀ ਮੀਟਿੰਗ ਵਿੱਚ ਵੀ ਇਹ ਗੱਲ ਕਹੀ ਸੀ ਕਿ ਉਥੇ ਸਾਈਫਨ ਟੁੱਟਣ ਨਾਲ ਲੋਕਾਂ ਦੀਆਂ ਫਸਲਾਂ ਵਿਚ ਪਾਣੀ ਖੜ੍ਹਾ ਹੈ। ਉਹ ਚੀਜ਼ ਰਿਕਾਰਡਿਡ ਹੈ ਅੱਤ ਮਹਿਕਮੇਂ ਨੂੰ ਵੀ ਪੁੱਜ ਗਈ ਹੈ ਪਰ ਹੁਣ ਤਕ ਕੋਈ ਧਿਆਨ ਨਹੀਂ ਦਿੱਤਾ ਗਿਆ ਅੱਤ ਮਹਿਕਮੇਂ ਦੀ ਲਾਪਰਵਾਹੀ ਨਾਲ ਸੇਮ ਨਾਲੇ ਦੀ ਖੁਦਾਈ ਨਹੀਂ ਹੋਈ। ਇਕ ਸਾਈਫਨ ਪੁੱਟਿਆ ਸੀ ਅੱਤ ਉਸ ਦਾ ਪਾਣੀ ਨਾਲ ਦੀ ਨਹਿਰ ਵਿਚ ਪਾ ਦਿੱਤਾ ਪਰ ਸੇਮ ਨਾਲੇ ਦੀ ਖੁਦਾਈ ਨਹੀਂ ਕੀਤੀ ਗਈ। ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਉਥੇ ਪਾਣੀ ਇਕੱਠਾ ਦੋ ਨਾਲਿਆਂ ਦਾ ਹੋ ਗਿਆ ਹੈ। ਸਾਈਫਨ ਬਨਾਉਣ ਵਾਸਤੇ ਰਾਜਸਥਾਨ ਗੌਰਮਿੰਟ ਨੇ ਮਹਿਕਮੇ ਨੂੰ ਪੈਸਾ ਵੀ ਦਿੱਤਾ ਹੈ। ਪਹਿਲਾਂ ਉਹ ਸਾਈਫਨ ਬਣਨ ਲਗਾ ਪਰ ਫਿਰ ਬੰਦ ਹੋ ਗਿਆ। ਉਥੇ ਮੋਟਰਾਂ ਵੀ ਲੱਗੀਆਂ ਹੋਈਆਂ ਹਨ, ਉਨ੍ਹਾਂ ਦਾ ਖਰਚਾ ਵੀ ਪੈ ਰਿਹਾ ਹੈ ਅੱਤ ਕੰਮ ਬੰਦ ਹੋ ਗਿਆ ਹੈ। ਮਹਿਕਮੇਂ ਦੀ ਲਾਪਰਵਾਹੀ ਨਾਲ ਲੋਕਾਂ ਦੀਆਂ ਫਸਲਾਂ ਤਬਾਹ ਹੋ ਰਹੀਆਂ ਹਨ। ਮੈਂ ਮਹਿਕਮੇਂ ਨੂੰ ਪਹਿਲਾਂ ਵੀ ਕਿਹਾ ਸੀ ਕਿ ਉਥੇ ਲੋਕਾਂ ਦੀਆਂ ਫਸਲਾਂ ਖਰਾਬ ਹੋ ਜਾਣੀਆਂ ਹਨ ਪਰ ਮਹਿਕਮੇਂ ਦੇ ਸਿਰ ਵਿੱਚ ਜੂੰ ਤਕ ਨਹੀਂ ਸਰਕੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰਾਂ ਨੇ ਲਾਪਰਵਾਹੀ ਕੀਤੀ ਹੈ ਅੱਤ ਜਿਨ੍ਹਾਂ ਨੇ ਉਹ ਕੰਮ ਹੱਥਾਂ ਵਿੱਚ ਨਹੀਂ ਲਿਆ ਡਰੇਨ ਨਹੀਂ ਪੁੱਟੀ ਅੱਤ ਸਾਈਫਨ ਦਾ ਪ੍ਰਬੰਧ ਨਹੀਂ ਕੀਤਾ, ਰਾਜਸਥਾਨ ਦਾ ਰੁਪਿਆ ਵੀ ਰੱਖ ਛੱਡਿਆ ਹੈ, ਕੀ ਇਸ ਸਾਰੇ ਮਾਮਲੇ ਦੀ ਇਨਕੁਆਇਰੀ ਕਰਾਉਣਗੇ ? ਉਥੇ ਪੰਜ ਸੱਤ ਪਿੰਡ ਪਾਣੀ ਵਿੱਚ ਘਿਰੇ ਹੋਏ ਹਨ, ਲੋਕਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਕੀ ਵਜ਼ੀਰ ਸਾਹਿਬ ਉਨ੍ਹਾਂ ਨੂੰ ਮੁਆਵਜ਼ਾ ਦੇਣ ਬਾਰੇ ਕੋਈ ਵਿਸ਼ਵਾਸ ਦਿਵਾਉਣਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਗੱਲ ਤਾਂ ਸੇਮ ਨਾਲੇ ਦੀ ਡਰੇਨਿੰਗ ਕਰਨ ਦੀ ਸੀ ਪਰ ਹੀਰੋ ਸਾਹਿਬ ਨੇ ਗੱਲ ਵਧਾ ਲਈ ਹੈ। ਸਪੀਕਰ ਸਾਹਿਬ, ਸੰਨ 1976 ਵਿਚ ਸਾਈਫਨ ਜਿਹੜਾ ਕਿ ਆਰ.ਡੀ. ਨੰ: 13830 ਤੇ ਰਾਜਸਥਾਨ ਫੀਡਰ ਤੇ ਬਣਿਆ ਹੋਇਆ ਹੈ ਉਹ ਅੱਬੜਨ ਹੋ ਗਿਆ ਸੀ। ਇਸ ਦਾ 125 ਕਿਊਸਿਕਸ ਪਾਣੀ ਦਾ ਡਿਸਚਾਰਜ ਸੀ ਮਗਰ ਸਾਰਾ ਡਿਸਚਾਰਜ ਸੀ 550 ਕਿਊ-

Original with;
Punjab Vidhan Sabha
Digitized by;
Panjab Digital Library

ਸਿਕਸ ਦਾ। ਉਥੇ ਡਾਈਵਰਸ਼ਨ ਕਰਨ ਦਾ ਮਸਲਾ ਸੀ। ਹੁਣ ਸਿਆਲ ਦੀਆਂ ਬਾਰਸ਼ਾਂ ਹੋ ਗਈਆਂ ਹਨ। ਹੀਰੋ ਸਾਹਿਬ ਇਹ ਚੀਜ਼ ਠੀਕ ਮਹਿਸੂਸ ਕਰ ਰਹੇ ਹਨ ਮਗਰ ਨੈਕਸਟ ਬਜਟ ਵਿੱਚ ਅਗਲੇ ਸਾਲ ਵਿੱਚ ਫੰਡਜ਼ ਦੀ ਪ੍ਰੋਵੀਜ਼ਨ ਕਰਕੇ ਰੀਕਨਡੀਸ਼ਨਿੰਗ ਆਫ ਡਰੇਨਜ਼ ਦਾ ਕੰਮ ਕਰਨ ਦੀ ਕੋਸ਼ਿਸ਼ ਕਰਾਂਗੇ। ਜਿੱਥੋਂ ਤਕ ਕੰਪਨਸੇਸ਼ਨ ਦੀ ਗੱਲ ਹੈ, ਉਸ ਦੇ ਵਾਸਤੇ ਨਾਰਮਜ਼ ਬਣੇ ਹੋਏ ਹਨ। ਜਦੋਂ ਗਿਰਦਾਵਰੀ ਹੋਵੇਗੀ, ਖਰਾਬੀ ਵਾਸਤੇ ਰਿਪੋਰਟ ਆਵੇਗੀ ਉਸ ਤੋਂ ਬਾਅਦ ਸਰਕਾਰ ਇਸ ਬਾਰੇ ਵੀ ਸੋਚ ਲਵੇਗੀ।

ਸਰਦਾਰ ਹਰਚਰਨ ਸਿੰਘ ਹੀਰੋ : ਮੈਂ ਤਾਂ ਜਿਹੜੀ ਗੱਲ ਕਹੀ ਹੈ ਉਹ ਇਹ ਹੈ ਕਿ ਮੈਂ ਇਕ ਸਾਲ ਪਹਿਲਾਂ ਵੀ ਬਾਰਡਰ ਏਰੀਆ ਦੀ ਕਮੇਟੀ ਵਿੱਚ ਇਹ ਗਲ ਕਹੀ ਸੀ ਕਿ ਉਥੇ ਸਾਈਫਨ ਟੁੱਟਿਆ ਪਿਆ ਹੈ ਅੌਰ ਜਿਸ ਕਾਰਨ ਸਾਰੀਆਂ ਫਸਲਾਂ ਦਾ ਨੁਕਸਾਨ ਹੋ ਜਾਣਾ ਹੈ। ਉਸ ਵੇਲੇ ਇਹ ਨੋਟ ਮਹਿਕਮੇ ਨੂੰ ਚਲਾ ਗਿਆ ਸੀ ਅੌਰ ਉਸ ਤੋਂ ਬਾਅਦ ਮੈਂ ਆਪ ਵੀ ਮਹਿਕਮੇ ਵਾਲਿਆਂ ਨੂੰ ਮਿਲਿਆ ਸੀ। ਪਰ ਉਨ੍ਹਾਂ ਨੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ। ਇਸ ਲਈ ਪੈਸੇ ਰਾਜਸਥਾਨ ਦੀ ਸਰਕਾਰ ਵਲੋਂ ਆਉਣੇ ਹਨ। ਫਿਰ ਇਹ ਮਹਿਕਮੇ ਵਾਲੇ ਹੁਣ ਤਕ ਕਿਉਂ ਸੁੱਤੇ ਰਹੇ ਹਨ। ਮਹਿਕਮੇ ਦੀ ਲਾਪਰਵਾਹੀ ਨਾਲ ਇਹ ਨੁਕਸਾਨ ਹੋਇਆ ਹੈ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਕਿਹਾ ਹੈ ਕਿ ਰਾਜਸਥਾਨ ਦੀ ਸਰਕਾਰ ਵਲੋਂ ਪੈਸੇ ਸਾਈਫਨ ਲਈ ਆਏ ਹੋਏ ਹਨ। ਮੈਂ ਦਸਦਾ ਹਾਂ ਕਿ ਜਿਹੜਾ ਵੀ ਪੈਸਾ ਰਾਜਸਥਾਨ ਸਰਕਾਰ ਨੇ ਦੇਣਾ ਹੈ ਉਹ ਕਿਸੇ ਸਪੈਸੇਫਿਕ ਪਰਪੱਜ਼ ਲਈ ਦੇਣਾ ਹੈ ਅੌਰ ਉਸ ਤੇ ਹੀ ਲਗਾਣਾ ਹੈ। ਇਹ ਜਿਹੜਾ ਸਾਈਫਨ ਹੈ ਇਹ 1976 ਦਾ ਅਬਨਡਨ ਪਿਆ ਹੈ। ਸਾਈਫਨ ਹੋਵੇ ਜਾਂ ਨਾ ਹੋਵੇ ਇਸ ਨਾਲ ਰਾਜਸਥਾਨ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ। ਬਾਕੀ ਜੇ ਕੋਈ ਸਾਡਾ ਨੁਕਸਾਨ ਹੁੰਦਾ ਹੈ ਤਾਂ ਅਸੀਂ ਇਸ ਬਾਰੇ ਘੋਖ ਕਰਵਾ ਲਵਾਂਗੇ। ਦੂਸਰੀ ਜਿਹੜੀ ਗੱਲ ਇਨ੍ਹਾਂ ਨੇ ਬਾਰਡਰ ਏਰੀਆ ਦੀ ਕਮੇਟੀ ਬਾਰੇ ਕਹੀ ਹੈ ਕਿ ਕਿਸੇ ਅਫਸਰ ਦੀ ਅਣਗਹਿਲੀ ਨਾਲ ਨੁਕਸਾਨ ਹੋਇਆ ਹੈ, ਅਜਿਹੀ ਗੱਲ ਨਹੀਂ। ਇਹ ਤਾਂ ਐਲੋਕੇਸ਼ਨ ਆਫ ਫੰਡਜ਼ ਤੇ ਨਿਰਭਰ ਕਰਦਾ ਹੈ। ਜੇ ਤਾਂ ਪੈਸਾ ਰਖਿਆ ਹੈ ਅੌਰ ਕੰਮ ਨਹੀਂ ਹੋਇਆ ਤਾਂ ਤੇ ਮੈਂ ਐਕਸ਼ਨ ਲਵਾਂਗਾ ਅੌਰ ਜੇ ਪੈਸਾ ਹੀ ਨਹੀਂ ਰਖਿਆ ਤਾਂ ਫਿਰ ਕੀ ਐਕਸ਼ਨ ਲਵਾਂਗਾ। ਪਰ ਹੁਣ ਅਸੀਂ ਇਸ ਲਈ ਜ਼ਰੂਰ ਬਜਟਰੀ ਬੰਦੋਬਸਤ ਕਰਾਂਗੇ।

Mr. Deputy Speaker: Next Call Attention.

Serial No. 114.

Shri Sant Ram Singla : Sir, I beg to draw the attention of the Government towards a matter of urgent public importance, namely, that the prescribed qualifications for the posts of Cutting and Tailoring Instructors are having passed through the Central Training Institutes and not through Industrial Training Institutes/Schools of Punjab. The posts prescribing the qualifications were advertised by the Subordinate Services Selection Board, Punjab. There is, thus, great resentment amongst the candidates who have passed through the Punjab Industrial Training Institutes/Schools. In view of the fact that the training in the Central Institutes and the Punjab Industrial Institutes/Schools is of the same standard, the prescribed qualifcations have debarred the candidates who passed through the Punjab

Original with;
Punjab Vidhan Sabha
Digitized by;
Panjab Digital Library

[Shri Sant Ram Singla]

Industrial Training Institutes/Schools. In view of the hardship meted out to the said candidates, the Government may make a statement in the House.

ਰਾਜ ਮੰਤਰੀ, ਮੁੜ ਵਸਾਉ ਅਤੇ ਜਨ ਸਿਹਤ (ਸਰਦਾਰ ਦਰਸ਼ਨ ਸਿੰਘ, ਕੇ.ਪੀ.) : ਇਹ ਠੀਕ ਹੈ ਕਿ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਇੰਸਟਰੱਕਟਰਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਇਕ ਮੰਗ ਪੱਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਨੂੰ ਭੇਜਿਆ ਗਿਆ ਸੀ। ਇਸ ਮੰਗ ਪੱਤਰ ਵਿੱਚ ਕੇਵਲ 4 ਆਸਾਮੀਆਂ ਕਟਿੰਗ ਅਤੇ ਟੇਲਰਿੰਗ ਇਨਸਟਰੱਕਟਰਾਂ ਦੀਆਂ ਹਨ। ਇਨ੍ਹਾਂ ਆਸਾਮੀਆਂ ਲਈ ਭਾਰਤ ਸਰਕਾਰ ਵਲੋਂ ਨਿਰਧਾਰਤ ਕੀਤੀਆਂ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ :—

(1) ਦਸਵੀਂ ਪਾਸ ਜਾਂ ਉਸ ਦੇ ਬਰਾਬਰ, ਸਾਇੰਸ, (ਫਿਜ਼ਿਕਸ ਅਤੇ ਕਮਿਸਟਰੀ) ਸਮੇਤ।

(2) ਨੈਸ਼ਨਲ ਟਰੇਡ ਸਰਟੀਫਿਕੇਟ, ਕਟਿੰਗ-ਟੇਲਰਿੰਗ ਅਤੇ ਕਢਾਈ/ਸੂਈ ਅਤੇ ਧਾਗੇ ਦਾ ਕੰਮ।

(3) ਸੀ.ਟੀ.ਆਈ. ਟਰੇਨਿੰਗ।

(4) ਦਸਵੀਂ ਤੀਕ ਪੰਜਾਬੀ ਭਾਸ਼ਾ ਦਾ ਗਿਆਨ।

ਤਜਰਬਾ

ਸੀ.ਟੀ.ਆਈ. ਟਰੇਂਡ ਲਈ 3 ਸਾਲ ਅਤੇ ਨਾਨ ਸੀ.ਟੀ.ਆਈ. ਲਈ 5 ਸਾਲ।

ਉਕਤ ਯੋਗਤਾਵਾਂ ਕੇਵਲ ਉਦਯੋਗਿਕ ਸੰਸਥਾਵਾਂ ਵਿਚ ਭਰਤੀ ਲਈ ਹੀ ਲਾਗੂ ਹਨ ਕਿਉਂਕਿ ਇਹ ਸੰਸਥਾਵਾਂ ਭਾਰਤ ਸਰਕਾਰ ਦੇ ਕਰਾਫਟਸਮੈਨ ਟਰੇਨਿੰਗ ਸਕੀਮ ਅਧੀਨ ਚਲ ਰਹੀਆਂ ਹਨ। ਪਰੰਤੂ ਸਰਕਾਰੀ ਉਦਯੋਗਿਕ ਸਿਖਲਾਈ ਸਕੂਲਾਂ (ਲੜਕੀਆਂ) ਵਿਚ ਜੋ ਕਿ ਰਾਜ ਸਰਕਾਰ ਦੀ ਆਪਣੀ ਸਕੀਮ ਹੇਠ ਚਲ ਰਹੇ ਹਨ, ਰਾਜ ਸਰਕਾਰ ਵਲੋਂ ਦਿਤੇ ਜਾ ਰਹੇ ਟੀਚਰਜ਼ ਟਰੇਨਿੰਗ ਡਿਪਲੋਮਾ ਦੀ ਯੋਗਤਾ ਵੀ ਭਰਤੀ ਲਈ ਨਿਰਧਾਰਤ ਹੈ।

ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਪਹਿਲਾਂ ਹੀ ਬੇਨਤੀ ਕੀਤੀ ਹੋਈ ਹੈ ਕਿ ਉਹ ਸਾਡੇ ਵਲੋਂ ਦਿਤੇ ਜਾ ਰਹੇ ਡਿਪਲੋਮੇਮ ਨੂੰ ਸੀਟੀ.ਆਈ. ਟਰੇਨਿੰਗ ਦੇ ਬਰਾਬਰ ਮੰਨ ਲੈਣ। ਇਹ ਮਾਨਤਾ ਪ੍ਰਾਪਤ ਹੋਣ ਉਪਰੰਤ ਹੀ ਆਈ.ਟੀ.ਆਈਜ਼ ਵਿਚ ਭਰਤੀ ਲਈ ਇਸ ਯੋਗਤਾ ਨੂੰ ਵੀ ਸ਼ਾਮਲ ਕਰ ਲਿਆ ਜਾਵੇਗਾ।

ਸ਼੍ਰੀ ਸੰਤ ਰਾਮ ਸਿੰਗਲਾ : ਡਿਪਟੀ ਸਪੀਕਰ ਸਾਹਿਬ, ਪੰਜਾਬ ਗੌਰਮਿੰਟ ਨੇ 6-7 ਇੰਡਸਟਰੀਅਲ ਟਰੇਨਿੰਗ ਸਕੂਲ ਖੋਲ੍ਹੇ ਹੋਏ ਹਨ। ਇਨ੍ਹਾਂ ਵਿਚ ਕਟਿੰਗ ਟੇਲਰਿੰਗ ਅਤੇ ਕਢਾਈ ਲਈ ਜਿਹੜਾ ਸਲੇਬਸ ਹੈ ਉਹ ਚਾਹੇ ਸੀ.ਟੀ.ਆਈ. ਦਾ ਹੋਵੇ ਜਾਂ ਆਈ.ਟੀ.ਆਈ. ਦਾ ਹੋਵੇ ਦੋਨੋਂ ਇਕੋ ਹੀ ਹਨ। ਫਿਰ ਇੰਸਟਰੱਕਟਰਾਂ ਦੀਆਂ ਅਸਾਮੀਆਂ ਲਈ ਆਈ.ਟੀ.ਆਈ. ਤੋਂ ਪਾਸ ਕੀਤੇ ਬੰਦੇ ਕਿਉਂ ਨਹੀਂ ਲਏ ਜਾਂਦੇ ਜਦ ਕਿ ਇਹ ਪੰਜਾਬ ਵਿਚ ਅਵੇਲੇਬਲ ਹਨ। ਇਸ ਲਈ ਇਹ ਜਿਹੜੇ ਸੀ.ਟੀ.ਆਈ. ਦੇ ਬੰਦੇ ਇਨ੍ਹਾਂ ਪੋਸਟਾਂ ਤੇ ਲਾਉਣੇ ਹਨ ਅੱਜ ਜਿਨ੍ਹਾਂ ਲਈ ਐਸ.ਐਸ. ਐਸ. ਬੋਰਡ ਨੇ ਇੰਟਰਵਿਊ ਲਈ ਹੈ, ਇਹ

Original with;
Punjab Vidhan Sabha
Digitized by;
Panjab Digital Library

ਬੰਦੇ ਨਹੀਂ ਰਖਣੇ ਚਾਹੀਦੇ। ਇਸ ਲਈ ਕੀ ਮਨਿਸਟਰ ਸਾਹਿਬ ਇਹ ਐਸ਼ਿਓਰ ਕਰਨਗੇ ਕਿ ਜਿੰਨਾਂ ਚਿਰ ਤਕ ਇਸ ਲਈ ਸੈਂਟਰਲ ਗੌਰਮਿੰਟ ਤੋਂ ਮਨਜ਼ੂਰੀ ਨਹੀਂ ਆਉਂਦੀ ਉਨਾਂ ਚਿਰ ਇਹ ਐਸ.ਐਸ.ਐਸ. ਬੋਰਡ ਨੇ ਜਿਹੜੀ ਇੰਟਰਵਿਊ ਲਈ ਹੈ ਉਸ ਨੂੰ ਸਟੇਅ ਕਰ ਦੇਣਗੇ ਤਾਕਿ ਸਾਡੇ ਆਪਣੇ ਬੰਦੇ ਹੀ ਆ ਸਕਣ ?

ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਬੰਧ ਵਿੱਚ ਪਹਿਲੇ ਹੀ ਕਾਫੀ ਕੁਝ ਸੈਂਟਰ ਨੂੰ ਅਸੀਂ ਲਿਖ ਚੁੱਕੇ ਹਾਂ ਅੱਰ ਹੁਣੇ ਹੀ ਇਕ ਚਿੱਠੀ ਹੋਰ 28 ਜਨਵਰੀ ਨੂੰ ਲਿਖੀ ਹੈ। ਮਗਰ ਹਾਲੇ ਸਾਡੇ ਤੇ ਜਿਹੜਾ ਥੋੜਾ ਜਿਹਾ ਸੈਂਟਰਲ ਗੌਰਮਿੰਟ ਦਾ ਬੈਨ ਹੈ ਉਸ ਨੂੰ ਜ਼ਰੂਰ ਵੇਖਣਾ ਪਵੇਗਾ। ਬਾਕੀ ਅਸੀਂ ਜ਼ਾਤੀ ਤੌਰ ਤੇ ਐਸ. ਐਸ.ਐਸ. ਬੋਰਡ ਨੂੰ ਜ਼ਰੂਰ ਕਹਾਂਗੇ ਕਿ ਉਹ ਇਸ ਦੀ ਘੋਖ ਕਰ ਲੈਣ ।

ਸ਼੍ਰੀ ਸੰਤ ਰਾਮ ਸਿੰਗਲਾ : ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦਸਦਾ ਹਾਂ ਕਿ ਇਕ ਲੜਕੀ ਸੰਤੋਸ਼ ਕੁਮਾਰੀ ਹੈ ਜਿਸ ਨੇ ਕਟਿੰਗ ਅਤੇ ਟੇਲਰਿੰਗ ਦਾ ਕੋਰਸ 1970 ਵਿਚ ਕੀਤਾ ਸੀ ਇੰਡਸਟਰੀ ਦਾ ਕੋਰਸ 1972 ਵਿਚ ਕੀਤਾ ਸੀ, ਡਿਪਲੋਮਾ ਇਨ ਟੀਚਰਜ਼ ਟਰੇਨਿੰਗ ਦਾ ਕੋਰਸ 1973 ਵਿਚ ਕੀਤਾ ਸੀ ਅੱਰ ਇਸ ਤੋਂ ਇਲਾਵਾ ਉਸ ਨੂੰ 3 ਸਾਲ 4 ਮਹੀਨੇ 17 ਦਿਨ ਦਾ ਐਕਸ-ਪੀਰੀਐਂਸ ਵੀ ਹੈ। ਉਸ ਨੇ ਵੀ ਇਨ੍ਹਾਂ ਨੂੰ ਲਿਖ ਕੇ ਅਪਲਾਈ ਕੀਤਾ ਸੀ। ਇਸ ਲਈ ਕੀ ਇਹ ਹੁਣ ਜਿਹੜੀ ਐਸ.ਐਸ.ਐਸ ਬੋਰਡ ਨੇ ਇੰਟਰਵਿਊ ਲਈ ਹੈ ਉਸ ਨੂੰ ਸਟਾਪ ਕਰਕੇ ਇਹ ਐਸ਼ਿਓਰੈਂਸ ਦੇਣਗੇ ਕਿ ਜਿਹੜੇ ਸਾਡੇ ਆਪਣੇ ਆਈ.ਟੀ.ਆਈ. ਤੋਂ ਪਾਸ ਲੜਕੀਆਂ ਹਨ, ਉਨ੍ਹਾਂ ਨੂੰ ਹੀ ਰੱਖਣਗੇ ?

ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਇਹ ਜਿਹੜਾ ਸਾਡੇ ਤੇ ਥੋੜਾ ਜਿਹਾ ਸੈਂਟਰ ਦਾ ਬਾਰ ਹੈ ਇਸ ਨਾਲ ਕਾਫੀ ਮੁਸ਼ਕਲ ਆਉਂਦੀ ਹੈ। ਅਸੀਂ ਆਪ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਦੀ ਕੋਈ ਗੱਲ ਕਰ ਲਈ ਜਾਵੇ ਅੱਰ ਮੈਂ ਯਕੀਨ ਦਿਵਾਉਂਦਾ ਹਾਂ ਕਿ ਜਿਹੜੀ ਬੋਰਡ ਨੇ ਇੰਟਰਵਿਊ ਲਈ ਹੈ ਅਸੀਂ ਉਨ੍ਹਾਂ ਨੂੰ ਕਹਾਂਗੇ ਕਿ ਉਸ ਵਿੱਚ ਇਨ੍ਹਾਂ ਨੂੰ ਵੀ ਅਕਾਮੋਡੇਟ ਕੀਤਾ ਜਾਵੇ।

Mr. Deputy Speaker : Next Call Attention Notice

(ਕ੍ਰਮ ਨੰ: 116)

ਸਰਦਾਰ ਹਰਚਰਨ ਸਿੰਘ ਹੀਰੇ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਸ਼ੁਗਰ ਮਿਲ ਜ਼ੀਰਾ ਵਿਖੇ, ਪਰਚੀਆਂ ਦੇਣ ਵਿਚ ਬੜੀ ਹੇਰਾ-ਫੇਰੀ ਅਫਸਰਾਨ ਕਰ ਰਹੇ ਹਨ ਤੇ ਗਰੀਬ ਲੋਕਾਂ ਨੂੰ ਜਿਨ੍ਹਾਂ ਦਾ ਗੰਨਾ ਰਜਿਸਟਰਡ ਹੋ ਚੁਕਿਆ ਹੈ ਅਜੇ ਤਕ ਇਕ ਪਰਚੀ ਨਹੀਂ ਮਿਲੀ। ਲੋਕਾਂ ਵਿਚ ਬੜੀ ਹੀ ਘਬਰਾਹਟ ਅਤੇ ਪਰੇਸ਼ਾਨੀ ਪਾਈ ਜਾਂਦੀ ਹੈ। ਕਿਰਪਾ ਕਰਕੇ ਸਰਕਾਰ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾ ਕਰੇ।

ਖੇਤੀਬਾੜੀ ਅਤੇ ਸਿੰਚਾਈ ਮੰਤਰੀ (ਚੌਧਰੀ ਕਾਂਸ਼ੀ ਰਾਮ): ਡਿਪਟੀ ਸਪੀਕਰ ਸਾਹਿਬ, ਹੀਰੇ ਸਾਹਿਬ ਇਸ ਇਲਾਕੇ ਦੇ ਮੈਂਬਰ ਹਨ ਅੱਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਿਪਾਰਟਮੈਂਟ ਕੋਲ, ਮਿੱਲਾਂ ਅਥਾਰਿਟੀ ਕੋਲ ਜਾਂ ਮੇਰੇ ਕੋਲ ਐਸੀ ਕੋਈ ਸੈਪਸੇਫਿਕ ਕੰਪਲੇਂਟ ਨਹੀਂ ਆਈ ਹੈ ਕਿ ਇਸ ਤਰ੍ਹਾਂ ਦੀ ਕੋਈ ਹੇਰਾ-ਫੇਰੀ ਹੋਈ ਹੋਵੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਇਹ ਮਾਮਲਾ ਬੜਾ ਸੀਰੀਅਸ ਹੈ। ਮਨਿਸਟਰ ਸਾਹਿਬ ਨੇ ਬੜਾ ਮੌਮਲਾ ਜਿਹਾ ਹੋ ਕੇ ਜਵਾਬ ਦੇ ਦਿੱਤਾ ਹੈ । ਜਿੰਨ੍ਹਾਂ ਦੀ 20--30 ਕਿਲੇ ਜ਼ਮੀਨ ਸੀ, ਉਨ੍ਹਾਂ ਦਾ ਗੰਨਾ ਮਿਲਾਂ ਵਾਲਿਆਂ ਨੇ ਲੈ ਲਿਆ ਹੈ ਔਰ ਪਰਚੀਆਂ ਉਥੇ ਲਿਹਾਜ਼-ਦਾਰੀ ਨਾਲ ਦਿੱਤੀਆਂ ਜਾਂਦੀਆਂ ਹਨ ਪਰ ਜਿੰਨ੍ਹਾਂ ਦੀ 2-3 ਏਕੜ ਜ਼ਮੀਨ ਹੈ ਉਨ੍ਹਾਂ ਦਾ ਗੰਨਾ ਮਿਲ ਵਾਲਿਆਂ ਨੇ ਨਹੀਂ ਲਿਆ ਹੈ। ਕੀ ਮਿਲ ਵਾਲਿਆਂ ਨੇ ਕੋਈ ਰਿਕਾਰਡ ਰਖਿਆ ਹੋਇਆ ਹੈ ਕਿ ਜਿਸ ਤਾਰੀਖ ਨੂੰ ਗੰਨਾ ਰਜਿਸਟਰ ਹੋਇਆ ਔਰ ਉਸੇ ਤਾਰੀਖ ਨੂੰ ਗੰਨਾ ਮਿਲਾਂ ਨੇ ਲੈ ਲਿਆ ਹੋਵੇ। ਜਿਹੜਾ ਜਵਾਬ ਮਨਿਸਟਰ ਸਾਹਿਬ ਨੇ ਦਿੱਤਾ ਹੈ ਇਹ ਗਲਤ ਹੈ। ਕੀ ਇਹ ਕੋਈ ਅਫਸਰ ਇਸ ਗੱਲ ਦੀ ਇਨਕੁਆਇਰੀ ਕਰਨ ਲਈ ਭੇਜਣਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹੋ-ਜਿਹੀ ਸਪੈਸੇਫਿਕ ਰਿਪਲਾਈ ਨੂੰ ਅਗਰ ਉਹ ਮੌਮਲਾ ਜਿਹਾ ਜਵਾਬ ਸਮਝਦੇ ਹਨ ਔਰ ਮੈਂ ਕਹਿ-ਦਿੱਤਾ ਹੈ ਕਿ ਸਾਡੇ ਕੋਲ ਕੋਈ ਕੰਪਲੇਂਟ ਨਹੀਂ ਆਈ ਹੈ ਪਰ ਜਿਹੜੀ ਗੱਲ ਇਹ ਆਪਣੇ ਨੋਟਿਸ-ਵਿਚ ਨਹੀਂ ਦੇ ਸਕੇ ਉਹ ਹੁਣ ਇਹ ਕਹਿਣਾਂ ਚਾਹੁੰਦੇ ਹਨ। ਸਾਡਾ ਕਰਸ਼ਿੰਗ ਸੀਜ਼ਨ ਨਵੰਬਰ ਪਹਿਲੀ ਨੂੰ ਸ਼ੁਰੂ ਹੋਇਆ ਸੀ ਪਰ ਮੇਰੇ ਅਕਾਲੀ ਭਰਾਵਾਂ ਨੇ ਅਤੇ ਸੀ.ਪੀ.ਆਈ/ਸੀ.ਪੀ.ਆਈ (ਐਮ) ਭਰਾਵਾਂ ਨੇ ਮਿਲ ਕੇ ਮਿਲਾਂ ਦੇ ਦਰਵਾਜ਼ੇ ਡੇਢ-ਡੇਢ ਮਹੀਨੇ ਲਈ ਬੰਦ ਕਰਵਾ ਦਿੱਤੇ। ਇਨ੍ਹਾਂ ਨੇ ਲੋਕਾਂ ਨੂੰ ਠੀਕ ਤਰ੍ਹਾਂ ਪਰਸਿਊ ਨਹੀਂ ਕੀਤਾ ਸਗੋਂ ਡਾਂਗ ਲੈ ਕੇ ਮਿਲਾਂ ਅਗੇ ਖੜ੍ਹੇ ਰਹਿੰਦੇ ਸਨ । ਕਿਸਾਨ ਵਿਚਾਰੇ ਕੋਲ ਇਤਨਾ ਟਾਈਮ ਨਹੀਂ ਹੈ ਕਿ ਉਹ ਇਤਨਾ ਵਕਤ ਤੁਹਾਡੇ ਵਾਸਤੇ ਬਰਬਾਦ ਕਰ ਸਕੇ। ਤੁਸੀਂ ਬਿਮਾਰੀ ਨੂੰ ਜਾਣ ਬੁਝ ਕੇ ਪਦਾ ਕਰਦੇ ਹੋ। ਪਹਿਲੇ ਤੁਸੀਂ ਉਨ੍ਹਾਂ ਨੂੰ ਗੰਨਾ ਮਿਲਾਂ ਵਿਚ ਜਾਣ ਨਹੀਂ ਦਿੱਤਾ ਔਰ ਹੁਣ ਤੁਸੀਂ ਕਹਿੰਦੇ ਹੋ ਕਿ ਕਿਸਾਨ ਭਰਾਵੋ ਤੁਹਾਡਾ ਗੰਨਾ ਮਿਲਾਂ ਵਾਲੇ ਲੈਂਦੇ ਨਹੀਂ ਹਨ। ਤੁਸੀਂ ਉਨ੍ਹਾਂ ਵਾਸਤੇ ਡਾਇਨਾਂ ਦਾ ਕੰਮ ਕਰ ਰਹੇ ਹੋ। ਕਮ-ਸੇ-ਕਮ ਤੁਸੀਂ ਕਿਸਾਨਾਂ ਨੂੰ ਛੱਡ ਦਿਆਂ ਕਰੋ ।

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ,ਚੌਧਰੀ ਸਾਹਿਬ ਨੇ ਕਹਿ ਦਿੱਤਾ ਹੈ ਕਿ ਆਪੋਜ਼ੀਸ਼ਨ ਵਾਲਿਆਂ ਨੇ ਗੰਨਾ ਮਿਲਾਂ ਵਿਚ ਆਉਣ ਨਹੀਂ ਦਿੱਤਾ ਪਰ ਮੈਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ, ਗਰੀਬ ਬੰਦਿਆਂ ਦਾ ਗੰਨਾ ਮਿਲਾਂ ਵਾਲਿਆਂ ਨੇ ਚੁਕਿਆ ਹੀ ਨਹੀਂ ਔਰ ਪਰਚੀਆਂ ਲਿਹਾਜ਼ ਨਾਲ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ। (ਸਰਦਾਰ ਦਲੀਪ ਸਿੰਘ ਪਾਂਧੀ ਵਲੋਂ ਵਿਘਨ) ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਕਿ ਲਿਹਾਜ਼ ਨਾਲ ਗੰਨਾ ਕਿੰਨ੍ਹਾ ਲੋਕਾਂ ਦਾ ਲਿਆ ਗਿਆ ਹੈ ਅਤੇ ਬਾਕੀ ਰਹਿੰਦੇ ਲੋਕਾਂ ਦਾ ਗੰਨਾ ਕਦੋਂ ਤੱਕ ਲੈ ਲੈਣਗੇ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਹੀਰੋ ਸਾਹਿਬ ਨੇ ਦਸਿਆ ਹੈ ਕਿ ਕੁਝ ਡਿਜ਼ਰਵਿੰਗ ਬੰਦੇ ਰਹਿ ਗਏ ਹਨ ਜਿਨ੍ਹਾਂ ਦਾ ਗੰਨਾ ਨਹੀਂ ਲਿਆ ਗਿਆ ਹੈ, ਇਸ ਨੂੰ ਮੈਂ ਦੇਖ ਲਵਾਂਗਾ ਔਰ.....

ਕਾਮਰੇਡ ਕੁਲਵੰਤ ਸਿੰਘ : ਆਨ ਏ ਪਰਸਨਲ ਐਕਸਪਲੇਨੇਸ਼ਨ ਸਰ । ਡਿਪਟੀ ਸਪੀਕਰ ਸਾਹਿਬ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਮਿਲ ਪਹਿਲੀ ਨਵੰਬਰ ਨੂੰ ਚਲੀ ਹੈ ਪਰ ਇਹ 25 ਨਵੰਬਰ ਨੂੰ ਸ਼ੁਰੂ ਹੋਈ ਸੀ।

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਸਾਹਿਬ, ਤੁਸੀਂ ਬੈਠੋ । ਮਨਿਸਟਰ ਸਾਹਿਬ ਨੂੰ ਜਵਾਬ ਦੇਣ ਦਿਓ ।

Original with;
Punjab Vidhan Sabha
Digitized by;
Panjab Digital Library

Agriculture Minister (Chaudhri Kanshi Ram) : Sir, through you, I do hereby invite the Hon. Member. Sardar Harcharan Singh Ji Hero to come to my Chamber to join me over a cup of tea and narrate whatsoever the difficulties he is experiencing and I will try to accommodate him to the maximum.

PRESENTATION OF REPORT OF COMMITTE ON ESTIMATES

The Chairman, Estimates Committee (Sardar Natha Singh Dalam) : Sir, I beg to present the Report of the Committee on Estimates on the Budget Estimates for the year 1981-82 of the Thein Dam Project (Irrigation and Power Department).

RESOLUTION—Re. TAKING IMMEDIATE AND EFFECTIVE STEPS FOR PROVIDING REGULAR POWER SUPPLY TO THE INDUSTRY FOR THE DEVELOPMENT OF THE STATE ECONOMY.

Shri Om Parkash Gupta : Sir, I beg to move—

> "This House recommends to the State Government to take immediate and effective steps for providing regular power supply to the industry for the development of the State economy."

Sardar Birdevinder Singh : Sir, I have given a notice of amendment to the Resolution.

Shri Om Parkash Gupta : I have no objection.

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੂਵਰ ਨੂੰ ਕੋਈ ਇਤਰਾਜ਼ ਨਹੀਂ ਹੈ ਫੇਰ ਤੁਸੀਂ ਇਸ ਨੂੰ ਨਾਲ ਹੀ ਟੇਕ ਅੱਪ ਕਰ ਲਵੋ।

ਸ਼੍ਰੀ ਡਿਪਟੀ ਸਪੀਕਰ : ਠੀਕ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬ) : ਡਿਪਟੀ ਸਪੀਕਰ ਸਾਹਿਬ, ਅਸੀਂ ਜਦੋਂ ਅੰਗਰੇਜ਼ਾਂ ਨਾਲ ਆਜ਼ਾਦੀ ਦੀ ਲੜਾਈ ਲੜਦੇ ਸੀ ਤਾਂ ਉਸ ਵਕਤ ਸਾਡੇ ਸਾਹਮਣੇ ਤਿੰਨ ਮਸਲੇ ਸਨ; ਰੋਟੀ, ਕਪੜਾ ਅਤੇ ਮਕਾਨ। 1947 ਨੂੰ ਜਦੋਂ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਅੰਰ ਸਾਰਿਆਂ ਸੂਬਿਆਂ ਦੇ ਵਿੱਚ ਕਾਂਗਰਸ ਸਰਕਾਰਾਂ ਬਣੀਆਂ ਤਾਂ ਪਲਾਨਾਂ ਤਿਆਰ ਕੀਤੀਆਂ ਗਈਆਂ, ਕਿਉਂਕਿ ਉਸ ਵਕਤ ਅਸੀਂ ਗੁਲਾਮ ਨਹੀਂ ਸੀ ਅਤੇ ਆਜ਼ਾਦ ਹੋ ਕੇ ਅਸੀਂ ਆਪਣੀਆਂ ਪਲਾਨਾਂ ਬਣਾਈਆਂ।

ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੀ ਪਰ ਕੈਪੀਟਾ ਇਨਕਮ 2125 ਰੁਪਏ ਸਲਾਨਾ ਸੀ। ਇਹ ਐਗਰੀਕਲਚਰ ਤੇ ਬੇਸ ਕਰਦੀ ਹੈ। 10—15% ਪਹਿਲਾਂ ਡਿਪਟੀ ਸਪੀਕਰ ਸਾਹਿਬ, ਜ਼ਮੀਨ ਤੇ ਜ਼ਰਾਇਤ ਹੁੰਦੀ ਸੀ। ਹੌਲੀ ਹੌਲੀ ਅਸੀਂ ਤਰੱਕੀ ਕੀਤੀ ਹੈ ਅੰਰ 1960 ਵਿੱਚ ਐਗਰੀਕਲਚਰ ਨੂੰ ਕਾਫ਼ੀ ਉਪਰ ਲੈ ਗਏ ਹਾਂ। ਐਗਰੀਕਲਚਰਲ ਪਰੋਡਕਸ਼ਨ ਦੇ ਨਾਲ ਨਾਲ ਸਮਾਲ ਸਕੇਲ ਇੰਡਸਟਰੀ ਸਾਡੇ ਸੂਬੇ ਤੋਂ ਸ਼ੁਰੂ ਕੀਤੀ ਗਈ ਸੀ। ਪਹਿਲਾਂ ਵੱਡੀਆਂ ਵੱਡੀਆਂ ਇੰਡਸਟਰੀਜ਼ ਪੰਜਾਬ ਵਿਚ ਨਹੀਂ ਲਗਦੀਆਂ ਸਨ ਅਤੇ ਨਾ ਹੀ ਸੂਬੇ ਕੋਲ ਪਹਿਲਾਂ ਰਿਸੋਰਸਿਜ਼ ਸਨ ਅੰਰ ਨਾ ਹੀ ਸੈਂਟਰਲ ਸਰਕਾਰ ਕੋਲ ਇਤਨਾ ਜ਼ਿਆਦਾ ਪੈਸਾ ਹੁੰਦਾ ਸੀ। ਪਹਿਲਾਂ ਅਸੀਂ ਐਗਰੀਕਲਚਰ ਤੇ ਡਿਪੈਂਡ ਕਰਦੇ ਸੀ ਅੰਰ ਉਸ ਤੋਂ ਬਾਅਦ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਹੀ ਇੰਡਸਟਰੀਜ਼ ਸ਼ੁਰੂ ਹੋਈ। 1970 ਵਿੱਚ ਪਰ ਕੈਪੀਟਾ ਇਨਕਮ 1,030 ਰੁਪਏ ਸਲਾਨਾ ਹੋ ਗਈ। ਡਿਪਟੀ ਸਪੀਕਰ ਸਾਹਿਬ, 1980-81 ਵਿਚ ਹੁਣ ਪਰ ਕੈਪੀਟਾ ਇਨਕਮ 2,640 ਰੁਪਏ ਸਲਾਨਾ ਹੋ ਗਈ ਹੈ, ਜਿਹੜੀ ਕਿ ਸਾਰੇ ਹਿੰਦੁਸਤਾਨ ਦੇ ਬਾਕੀ ਸੂਬਿਆਂ ਨਾਲੋਂ ਟਾਪ ਤੇ ਹੈ। ਇਹ ਕਾਂਗਰਸ ਸਰਕਾਰ ਦੀਆਂ ਪੰਜ ਸਾਲਾ ਪਲਾਨਜ਼ ਦੇ ਸਦਕਾ ਹੀ ਹੋਇਆ ਹੈ। ਪਹਿਲੇ ਪੰਜ ਸਾਲ ਵਿੱਚ ਇਤਨੀ ਪਲਾਨਿੰਗ ਨਹੀਂ ਸੀ ਹੋ ਸਕੀ ਪਰ ਉਸ ਤੋਂ ਬਾਅਦ ਜਿਹੜੀਆਂ ਪੰਜ ਸਾਲਾ ਪਲਾਨਜ਼ ਬਣਾਈਆਂ ਗਈਆਂ ਹਨ, ਉਨ੍ਹਾਂ ਪਲਾਨਜ਼ ਦੇ ਮੁਤਾਬਿਕ ਹੀ ਜ਼ਰਾਇਤ ਅਤੇ ਇੰਡਸਟਰੀਜ਼ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। 1947 ਤੋਂ ਪਹਿਲਾਂ ਕਣਕ ਦਾ ਭਾਅ 15 ਰੁਪਏ ਕੁਇੰਟਲ ਹੁੰਦਾ ਸੀ ਪਰ ਹੁਣ ਕਣਕ ਦਾ ਭਾਅ 142 ਰੁਪਏ ਕੁਇੰਟਲ ਹੋ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸੈਂਟਰਲ ਸਰਕਾਰ ਸਾਰੀਆਂ ਚੀਜ਼ਾਂ ਨੂੰ ਵੇਖ ਕੇ ਕਣਕ ਅਤੇ ਝੋਨੇ ਦਾ ਭਾਅ ਨਿਸਚਿਤ ਕਰਦੀ ਹੈ। ਇਸੇ ਕਰਕੇ ਹੀ ਕਣਕ ਦਾ ਭਾਅ 15 ਰੁਪਏ ਕੁਇੰਟਲ ਤੋਂ ਅੱਜ 142 ਰੁਪਏ ਕੁਇੰਟਲ ਹੋ ਗਿਆ ਹੈ। ਇਸੇ ਤਰ੍ਹਾਂ ਹੀ ਝੋਨੇ ਦੀ ਕੀਮਤ ਵਧਾਈ ਗਈ ਹੈ। ਅੱਜ ਇਸੇ ਕਰਕੇ ਹੀ 81% ਜ਼ਮੀਨ ਤੇ ਜ਼ਰਾਇਤ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, 1947 ਤੋਂ ਪਹਿਲਾਂ ਇੱਕ ਜ਼ਮੀਨ ਤੇ ਇੱਕ ਫਸਲ ਹੀ ਹੁੰਦੀ ਸੀ ਪਰ ਅੱਜ ਇੱਕ ਜ਼ਮੀਨ ਤੇ ਦੋ ਤਿੰਨ ਫਸਲਾਂ ਹੋ ਜਾਂਦੀਆਂ ਹਨ। ਸਾਡੀ ਕਾਂਗਰਸ ਸਰਕਾਰ ਨੇ ਹੀ ਇਹ ਸਾਰੀ ਡਿਵੈਲਪਮੈਂਟ ਕੀਤੀ ਹੈ। ਇੰਡਟਰੀਜ਼ ਉਸ ਵੇਲੇ ਇਤਨੀ ਡਿਵੈਲਪਡ ਨਹੀਂ ਸੀ ਪਰ ਅੱਜ 70,000 ਅਨ ਰਜਿਸਟਰਡ ਫੈਕਟਰੀਆਂ ਹਨ। ਇਹ ਕਾਰਖਾਨੇ ਰਜਿਸਟਰਡ ਨਹੀਂ ਹਨ। ਇਨ੍ਹਾਂ ਫੈਕਟਰੀਆਂ ਵਿਚ ਤਕਰੀਬਨ ਦੋ ਲੱਖ ਦੇ ਕਰੀਬ ਆਦਮੀ ਕੰਮ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਪਬਲਿਕ ਸੈਕਟਰ ਵਿੱਚ ਅਤੇ ਪ੍ਰਾਈਵੇਟ ਸੈਕਟਰ ਵਿਚ 5,000 ਫੈਕਟਰੀਆਂ ਹਨ। ਇਨ੍ਹਾਂ ਸਾਰੀਆਂ ਫੈਕਟਰੀਆਂ ਵਿੱਚ ਤਕਰੀਬਨ ਤਿੰਨ ਲੱਖ ਦੇ ਕਰੀਬ ਆਦਮੀ ਕੰਮ ਕਰਦੇ ਹਨ। ਡਿਪਟੀ ਸਪੀਕਰ ਸਾਹਿਬ ਐਗਰੀਕਲਚਰ ਵਿੱਚ ਵੀ ਬੜੀ ਡਿਵੈਲਪਮੈਂਟ ਹੋਈ ਹੈ। ਬੜੇ ਟਿਊਬਵੈਲ ਲਗੇ ਹਨ ਔਰ ਬਿਜਲੀ ਦੇ ਨਾਲ ਉਹ ਟਿਊਬਵੈਲ ਚਲ ਰਹੇ ਹਨ। ਡੀਜ਼ਲ ਦੇ ਨਾਲ ਵੀ ਕੰਮ ਹੋ ਰਿਹਾ ਹੈ। ਜ਼ਰਾਇਤ ਵਿਚ ਤਕਰੀਬਨ 10 ਲੱਖ ਆਦਮੀ ਕੰਮ ਕਰਦੇ ਹਨ। ਬਹੁਤ ਸਾਰੇ ਛੋਟੇ ਮਜ਼ਦੂਰ ਐਸੇ ਹਨ ਜਿਹੜੇ ਆਪ ਵੀ ਕੰਮ ਕਰਦੇ ਹਨ ਅਤੇ ਉਨ੍ਹਾਂ ਦੇ ਬੱਚੇ ਵੀ ਕੰਮ ਕਰਦੇ ਹਨ ਅਤੇ ਉਨ੍ਹਾਂ ਦੀਆਂ ਬੀਵੀਆਂ ਵੀ ਨਾਲ ਹੀ ਕੰਮ ਕਰਦੀਆਂ ਹਨ। ਇਨ੍ਹਾਂ ਦੀ ਤਾਦਾਦ ਤਕਰੀਬਨ ਪੰਜ ਲੱਖ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਇੰਡਸਟਰੀਜ਼ ਪਹਿਲਾਂ ਕੁਝ ਵੀ ਨਹੀਂ ਸੀ। ਕੋਈ ਜ਼ਿਆਦਾ ਪਹਿਲਾਂ ਪਰੋਡੱਕਸ਼ਨ ਵੀ ਨਹੀਂ ਸੀ ਹੁੰਦੀ। ਪਰ ਹੁਣ ਟੈਕਸਟਾਈਲ ਮਿਲਾਂ ਲੱਗ ਗਈਆਂ ਹਨ। ਪੰਜਾਬ ਵਿਚ ਨਸਵਾਰ ਗੱਤਾ, ਚਮੜਾ, ਰਬੜ, ਵੂਲ, ਮਿਲਕ, ਯਾਰਨ, ਕਾਟਨ ਟੈਕਸਟਾਈਲ ਕਾਰਖਾਨੇ ਕਮਰਸ਼ੀਅਲ ਪਰੋਡੱਕਸ਼ਨ, ਸਾਈਕਲ, ਸਾਈਕਲ ਪਾਰਟਸ, ਮੋਟਰ, ਮੋਟਰ ਪਾਰਟਸ, ਮੋਪਡ ਆਦਿ ਦੇ ਕਾਰਖਾਨੇ ਲਗ ਗਏ ਹਨ। ਪੰਜਾਬ ਵਿਚ ਹਰ ਕਿਸਮ ਦੀਆਂ ਮਸ਼ੀਨਾਂ ਲਗ ਗਈਆਂ ਹਨ ਪੰਜਾਬ ਵਿਚ ਡਿਪਟੀ ਸਪੀਕਰ ਸਾਹਿਬ, ਪਿੱਤਲ ਅਤੇ ਤਾਂਬੇ ਦੀਆਂ ਚੀਜ਼ਾਂ, ਟੂਲਜ਼ ਅਤੇ ਐਗਰੀਕਲਚਰ ਦਾ ਸਾਰਾ ਸਾਮਾਨ ਤਿਆਰ ਹੁੰਦਾ ਹੈ। ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਸ਼ੂਗਰ ਮਿਲਾਂ ਪੰਜਾਬ ਵਿਚ ਲਗੀਆਂ ਹਨ। ਟਰੈਕਟਰ ਅਤੇ ਕੰਬਾਈਨਾਂ ਤਿਆਰ ਹੋ ਰਹੀਆਂ ਹਨ। ਫਰਟੇਲਾਈਜ਼ਰ ਪੈਦਾ ਕੀਤਾ ਜਾ ਰਿਹਾ ਹੈ। ਰੇਡੀਓ ਅਤੇ ਟੀ.ਵੀ. ਹੋਰ ਬਹੁਤ ਸਾਰੀਆਂ ਚੀਜ਼ਾਂ ਪੰਜਾਬ ਵਿਚ ਬਣ ਰਹੀਆਂ ਹਨ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਸਮਾਲ ਸਕੇਲ ਇੰਡਸਟਰੀਜ਼ ਸਭ ਤੋਂ ਪਹਿਲਾਂ ਪੰਜਾਬ ਵਿਚ ਸ਼ੁਰੂ ਹੋਈ ਸੀ ਅਤੇ ਬਾਅਦ ਵਿਚ ਦੂਸਰੀਆਂ ਸਟੇਟਾਂ ਵਿੱਚ ਸਮਾਲ ਸਕੇਲ ਇਨਡਸਟਰੀ ਚਾਲੂ ਹੋਈ ਸੀ। ਇਸ ਲਈ ਕਾਂਗਰਸ ਸਰਕਾਰ ਵਧਾਈ ਦੀ ਪਾਤਰ ਹੈ। ਪੰਜਾਬ ਦੇ ਲੋਕਾਂ ਨੇ ਬੜੀ ਮਿਹਨਤ ਕੀਤੀ ਹੈ। ਪੰਜਾਬ ਦੇ ਲੋਕ ਬੜੇ ਹੀ ਮਿਹਨਤੀ ਹਨ। ਇਸ ਕਰਕੇ ਹੀ ਸਾਰੀ

Original with;
Punjab Vidhan Sabha
Digitized by;
Panjab Digital Library

ਡਿਵੈਲਪਮੈਂਟ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਸਾਰੀ ਇੰਡਸਟਰੀਜ਼ ਲਈ ਬਿਜਲੀ ਦੀ ਬਹੁਤ ਲੋੜ ਹੈ। ਦੂਸਰਾ ਰਾਅ ਮੈਟੀਰੀਅਲ ਇੰਡਸਟਰੀਜ਼ ਅਤੇ ਐਗਰੀਕਲਚਰ ਵਾਲਿਆਂ ਨੂੰ ਮਿਲਣਾ ਚਾਹੀਦਾ ਹੈ। ਇਨ੍ਹਾਂ ਦੋਨਾਂ ਕੰਮਾਂ ਲਈ ਸਰਕਾਰ ਦੇ ਅਰਬਾਂ ਅਤੇ ਕਰੋੜਾਂ ਰੁਪਏ ਲਗ ਚੁਕੇ ਹਨ। ਪੰਜਾਬ ਸਰਕਾਰ ਦੇ ਸਟੈਟਿਸਟਿਕਸ ਦੇ ਮੁਤਾਬਿਕ ਡਿਪਟੀ ਸਪੀਕਰ ਸਾਹਿਬ, 20 ਲੱਖ ਦੇ ਕਰੀਬ ਆਦਮੀ ਇੰਡਸਟਰੀਜ਼ ਅਤੇ ਐਗਰੀਕਲਚਰ ਵਿਚ ਕੰਮ ਕਰ ਰਹੇ ਹਨ। ਪੰਜਾਬ ਦੀ ਕੁਲ 1 ਕਰੋੜ 65 ਲੱਖ ਆਬਾਦੀ ਹੈ। ਕੁਲ ਆਬਾਦੀ ਵਿਚੋਂ 20 ਲੱਖ ਆਦਮੀ ਉਥੇ ਕੰਮ ਕਰ ਰਹੇ ਹਨ। ਇਸ ਲਈ ਹੋਰ ਆਦਮੀਆਂ ਨੂੰ ਵੀ ਕੰਮ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਰੋਟੀ ਅਤੇ ਕਪੜਾ ਤਾਂ ਹੋ ਗਿਆ ਹੈ ਪਰ ਮਕਾਨਾਂ ਦੀ ਅਜੇ ਤੰਗੀ ਹੈ। ਮਕਾਨਾਂ ਦੀ ਗੱਲ ਮੈਂ ਬਾਅਦ ਵਿਚ ਕਹਾਂਗਾ ਔਰ ਮੈਂ ਅਜੇ ਬਿਜਲੀ ਤਕ ਹੀ ਕਨਫਾਈਨ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਬਿਜਲੀ ਸਰਕਾਰੀ ਤੌਰ ਤੇ ਸਿਰਫ ਜੋਗਿੰਦਰ ਨਗਰ ਵਿੱਚ ਹੀ ਸਪਲਾਈ ਹੁੰਦੀ ਸੀ। ਪਹਿਲਾਂ ਪਿੰਡਾਂ ਵਿੱਚ ਬਿਜਲੀ ਨਹੀਂ ਸੀ ਹੁੰਦੀ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪੈਸਾ ਖਰਚ ਕਰਕੇ ਅਤੇ ਸਕੀਮਾਂ ਬਣਾ ਕੇ ਬਿਜਲੀ ਜ਼ਿਆਦਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਖੜੇ ਦੀ, ਡਿਪਟੀ ਸਪੀਕਰ ਸਾਹਿਬ, ਕਨਸਟਰੱਕਸ਼ਨ ਬਾਅਦ ਵਿਚ ਸ਼ੁਰੂ ਹੋਈ ਸੀ। ਪਹਿਲਾਂ ਭਾਖੜਾ ਖੜ੍ਹਾ ਹੋ ਗਿਆ ਸੀ, ਪਰ ਬਿਜਲੀ ਇਸਤੇਮਾਲ ਨਹੀਂ ਸੀ ਹੁੰਦੀ। ਹੁਣ ਇਸ ਵੇਲੇ ਹਾਲਾਤ ਬਦਲ ਗਏ ਹਨ। ਸਾਡੀ 1965-66 ਦੀ ਬਿਜਲੀ ਦੀ ਪ੍ਰੋਡੱਕਸ਼ਨ 2 ਅਰਬ ਯੂਨਿਟਸ ਦੇ ਕਰੀਬ ਹੈ। ਹੁਣ ਇਸ ਨੂੰ ਸਾਢੇ ਛੇ ਅਰਬ ਯੂਨਿਟਸ ਦੇ ਕਰੀਬ ਲੈ ਗਏ ਹਾਂ। ਪਰ ਇਸ ਦੇ ਬਾਵਜੂਦ ਵੀ ਸ਼ਾਰਟੇਜ ਹੈ। ਇਸ ਦੇ ਕਾਰਨ ਵੀ ਹੋ ਸਕਦੇ ਹਨ। ਪਰ ਇਸ ਬਾਰੇ ਕੁਝ ਇੰਤਜ਼ਾਮ ਵੀ ਹੋਣੇ ਚਾਹੀਦੇ ਹਨ। ਇਹ ਸਾਢੇ ਛੇ ਅਰਬ ਯੂਨਿਟਸ ਬੋਰਡ ਦੀ ਰਿਪੋਰਟ ਦੇ ਮੁਤਾਬਿਕ ਹਨ। ਜੋ ਰਿਪੋਰਟ ਉਨ੍ਹਾਂ ਦੀ ਹੈ ਉਸ ਦੇ ਮੁਤਾਬਿਕ 5.23 ਅਰਬ ਯੂਨਿਟਸ ਬਿਜਲੀ ਸੇਲ ਹੁੰਦੀ ਹੈ ਔਰ ਇੱਕ ਅਰਬ ਯੂਨਿਟਸ ਦੇ ਕਰੀਬ ਬਿਜਲੀ ਅਨ-ਅਕਾਊਂਟਿਡ ਫਾਰ ਦੇ ਹਿਸਾਬ ਵਿਚ ਚਲੀ ਜਾਂਦੀ ਹੈ। ਇਹ ਅਨ-ਅਕਾਊਂਟਿਡ ਫਾਰ ਇੱਕ ਅਰਬ ਦੀ ਫਿਗਰ ਜੋ ਦਿਤੀ ਗਈ ਹੈ, ਇਹ ਬੋਰਡ ਦੀ ਫਿਗਰ ਦੇ ਮੁਤਾਬਿਕ ਹੈ। ਇਹ ਅੰਨਾ ਵੱਡਾ ਨੁਕਸਾਨ ਹੁੰਦਾ ਹੈ। ਅੱਜ ਬੋਰਡ ਦਾ ਕੋਈ 85 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ। ਬੋਰਡ ਕੋਲ ਅੰਨੇ ਕੁਆਲੀਫਾਈਡ ਇੰਜੀਨੀਅਰ ਹਨ ਔਰ ਚੇਅਰਮੈਨ ਵੀ ਅੰਨੇ ਕੁਆਲੀਫਾਈਡ ਹਨ ਪਰ ਫੇਰ ਵੀ ਅੰਨਾ ਬਿਜਲੀ ਦਾ ਨੁਕਸਾਨ ਹੋ ਰਿਹਾ ਹੈ। ਪਰ ਅਫਸੋਸ ਦੀ ਗੱਲ ਇਹ ਹੈ ਕਿ ਇਹ ਜੋ ਨੁਕਸਾਨ ਹੋ ਰਿਹਾ ਹੈ ਇਸ ਨੂੰ ਦੇਖਣ ਦੀ ਕੋਈ ਕੋਸ਼ਿਸ਼ ਨਹੀਂ ਕਰ ਰਿਹਾ। ਇਸ ਨੂੰ ਕਲੱਬ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਜੇਕਰ ਇਹ ਇੱਕ ਅਰਬ ਯੂਨਿਟਸ ਬਿਜਲੀ ਅਸੀਂ ਕਿਸੇ ਤਰ੍ਹਾਂ ਨਾਲ ਬਚਾ ਲਈਏ ਤਾਂ ਬਿਜਲੀ ਦੀ ਕਾਫੀ ਹੱਦ ਤਕ ਸ਼ਾਰਟੇਜ ਘਟ ਹੋ ਸਕਦੀ ਹੈ। ਇਸ ਵੇਲੇ ਇਹ ਬਿਜਲੀ ਦੀ ਘਾਟ ਦਾ ਅਸਰ ਕਾਰਖਾਨਿਆਂ ਤੇ ਪੈਂਦਾ ਹੈ। ਬਿਜਲੀ ਦਾ ਰਾਸ਼ਨ ਵੀ ਨਹੀਂ ਕੀਤਾ ਗਿਆ। ਰਾਸ਼ਨ ਕਰਨ ਨਾਲ ਪਤਾ ਹੁੰਦਾ ਹੈ ਕਿ ਕਿਸੇ ਨੂੰ ਬਿਜਲੀ ਕਿੰਨੀ ਮਿਲਣੀ ਹੈ। ਉਨ੍ਹਾਂ ਦੀ ਰਿਪੋਰਟ ਦੇ ਮੁਤਾਬਿਕ ਐਵਰੇਜ ਜੋ ਇਸ ਸਬੰਧੀ ਕੱਢੀ ਗਈ ਹੈ ਉਸ ਮੁਤਾਬਿਕ ਸੱਤ ਸੱਤ ਘੰਟੇ ਬਿਜਲੀ ਬੰਦ ਰਹਿੰਦੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਜੋ ਹਾਲਤ ਹੈ ਬਿਜਲੀ ਦੀ ਸ਼ਾਰਟੇਜ ਦੀ ਇਸ ਮੁਤੱਅਲਕ ਫਿਰ ਡਿਸਕਸ ਕਰ ਲਵਾਂਗੇ ਪਰ ਜਦੋਂ ਬਿਜਲੀ ਇੱਕ ਦੱਮ ਬੰਦ ਹੁੰਦੀ ਹੈ, ਉਸ ਨਾਲ ਜੋ ਕਾਰਖਾਨਿਆਂ ਵਿਚ ਨੁਕਸਾਨ ਹੁੰਦਾ ਹੈ ਉਹ ਲੱਖਾਂ ਰੁਪਏ ਦਾ ਹੋ ਜਾਂਦਾ ਹੈ। ਬਿਜਲੀ ਨਾਲ ਚਲਾਈ ਹੁੰਦੀ ਹੈ। ਜਦੋਂ ਬਿਜਲੀ ਯਕ-ਦਮ ਬੰਦ ਹੋ ਜਾਂਦੀ ਹੈ ਤਾਂ ਜੋ ਉਸ ਵੇਲੇ ਉਥੇ ਮਾਲ ਪਿਆ ਹੁੰਦਾ ਹੈ ਉਸ, ਤੇ ਜੋ ਖਰਚਾ ਹੋਇਆ ਹੁੰਦਾ ਹੈ, ਉਹ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਸਾਰੇ ਦਾ ਸਾਰਾ ਨੁਕਸਾਨ ਹੋ ਜਾਂਦਾ ਹੈ। ਉਸ ਨਾਲ ਕਈ ਮੋਟਰਾਂ ਸੜ ਜਾਂਦੀਆਂ ਹਨ। ਇਸੇ ਤਰ੍ਹਾਂ ਹੀ ਪਲਾਸਟਿਕ ਵਿਚ ਯਕ-ਦਮ ਬਿਜਲੀ ਬੰਦ ਹੋਣ ਨਾਲ ਪਲਾਸਟਿਕ ਖਰਾਬ ਹੋ ਜਾਂਦਾ ਹੈ। ਜੇਕਰ ਇਨ੍ਹਾਂ ਨੇ ਇੰਡਸਟਰੀ ਲਈ ਬਿਜਲੀ ਦਾ ਰਾਸ਼ਨ ਕਰਨਾ ਹੈ ਤਾਂ ਉਸ ਹਿਸਾਬ ਨਾਲ ਕਰਨ ਕਿ ਐਨੀ ਬਿਜਲੀ ਇੰਡਸਟਰੀ ਨੂੰ ਦਿਆਂਗੇ ਅੱਤ ਐਨੀ ਬਿਜਲੀ ਜ਼ਰਾਇਤ ਨੂੰ ਦਿਆਂਗੇ। ਜੋ ਬਿਜਲੀ ਜ਼ਰਾਇਤ ਨੂੰ ਦਿੱਤੀ ਜਾਂਦੀ ਹੈ ਉਸ ਦਾ ਸਾਨੂੰ ਕੋਈ ਦੁੱਖ ਨਹੀਂ ਹੈ। ਸੂਬੇ ਦੀ ਜੋ ਤਰੱਕੀ ਹੋਣੀ ਹੈ ਉਹ ਇੰਡਸਟਰੀ ਅੱਤ ਜ਼ਰਾਇਤ ਨਾਲ ਦੋਵਾਂ ਨਾਲ ਹੋਣੀ ਹੈ। ਐਗਰੀਕਲਚਰਲ ਲੈਂਡ ਹੈ ਉਹ ਤਕਰੀਬਨ 80% ਡਿਵੈਲਪ ਹੋ ਚੁੱਕੀ ਹੈ। 9-10% ਅਜਿਹੀ ਲੈਂਡ ਹੈ ਜੋ ਕਿ ਡਿਵੈਲਪ ਨਹੀਂ ਹੋ ਸਕਦੀ ਅੱਤ ਬਾਕੀ ਦੀ 9-10% ਅਜਿਹੀ ਲੈਂਡ ਹੈ ਜੋ ਕਿ ਕੱਲਰ ਵਾਲੀ ਲੈਂਡ ਹੈ, ਉਹ ਗੌਰਮਿੰਟ ਚੰਗੇ ਕਾਸ਼ਤ ਕਰ ਲਵੇਗੀ। ਪਰ ਜਿਹੜਾ ਰੁਜ਼ਗਾਰ ਦੇਣਾ ਹੈ ਉਹ ਸਿਵਾਏ ਇੰਡਸਟਰੀ ਤੋਂ ਹੋਰ ਕੋਈ ਤਰੀਕਾ ਨਹੀਂ ਹੈ। ਇਸ ਵਾਸਤੇ ਜਿਥੇ ਅਸੀਂ ਜ਼ਰਾਇਤਨੂੰ ਬੜ੍ਹਾਵਾ ਦੇਣਾ ਹੈ ਉਥੇ ਇੰਡਸਟਰੀ ਨੂੰ ਬੜ੍ਹਾਵਾ ਦੇਣਾ ਵੀ ਬਹੁਤ ਜ਼ਰੂਰੀ ਹੈ। 20 ਲੱਖ ਮਜ਼ਦੂਰ ਕੰਮ ਕਰਦਾ ਹੈ। ਇਸ ਵਿਚੋਂ ਦਸ ਲੱਖ ਐਗਰੀ-ਕਚਰਲ ਮਜ਼ਦੂਰ ਹੈ ਅੱਤ ਦਸ ਲੱਖ ਇੰਡਸਟਰੀ ਵਿਚ ਮਜ਼ਦੂਰ ਕੰਮ ਕਰਦਾ ਹੈ। ਬਿਜਲੀ ਦੀ ਅਹਿਮ ਜ਼ਰੂਰਤ ਹੈ। ਇਸ ਵਾਸਤੇ ਸਾਡੇ ਬਜਟ ਵਿੱਚ ਪ੍ਰੋਵੀਜ਼ਨ ਰੱਖੀ ਗਈ ਹੈ। ਇਸ ਵਲ ਵੀ ਧਿਆਣ ਦੇਣਾ ਚਾਹੀਦਾ ਹੈ ਕਿ ਕਿਸੇ ਨਾ ਕਿਸੇ ਤਰਾਂ ਬਿਜਲੀ ਜਿਆਦਾ ਤੋਂ ਜ਼ਿਆਦਾ ਪੈਦਾ ਕਰਠ ਦੇ ਯਤਨ ਕੀਤੇ ਜਾਣ। ਜਿਨ੍ਹਾਂ ਦਿਨਾਂ ਵਿਚ ਬਿਜਲੀ ਬੰਦ ਹੁੰਦੀ ਹੈ ਉਨ੍ਹਾਂ ਦਿਨਾਂ ਵਿਚ ਮਾਲਕ ਲਾਕ ਆਊਟ ਕਰ ਦਿੰਦੇ ਹਨ।ਮਾਲਕ ਮਜ਼ਦੂਰਾਂ ਨੂੰ ਪੈਸੇ ਨਹੀਂ ਦਿੰਦੇ। ਕਈ ਵਾਰੀ ਰਾਤ ਨੂੰ ਇੰਡਸਟਰੀ ਨੂੰ ਬਿਜਲੀ ਮਿਲਦੀ ਹੈ ਅੱਤ ਦਿਨ ਨੂੰ ਬਿਜਲੀ ਉਸ ਨੂੰ ਨਹੀਂ ਦਿੱਤੀ ਜਾਂਦੀ। ਸਾਰੀ ਦੁਨੀਆਂ ਵਿਚ ਦਿਨੀਂ ਕੰਮ ਹੁੰਦਾ ਹੈ। ਇਸ ਵਾਸਤੇ ਜਦੋਂ ਮਜ਼ਦੂਰ ਦੁਖੀ ਹੁੰਦਾ ਹੈ ਉਹ ਸਟਰਾਈਕ ਕਰਦਾ ਹੈ ਅੱਤ ਮਜ਼ਦੂਰ ਕੰਮ ਨਹੀਂ ਕਰਦਾ। ਪਿਛੇ ਜਿਹੇ ਖੰਨਾ ਵਿਖੇ ਰੌਲਾ ਪਿਆ ਸੀ। ਨਾ ਹੀ ਮਜ਼ਦੂਰਾਂ ਨੂੰ ਸਟਰਾਈਕ ਪੀਰੀਅਡ ਦੇ ਪੈਸੇ ਮਿਲਦੇ ਹਨ ਇਸ ਕਰਕੇ ਉਨ੍ਹਾਂ ਦਾ ਕਾਫੀ ਨੁਕਸਾਨ ਹੁੰਦਾ ਹੈ। ਇਹ ਸਭ ਕੁਝ ਬਿਜਲੀ ਦੀ ਘਾਟ ਕਰਕੇ ਹੋ ਰਿਹਾ ਹੈ। ਮੈਂ ਹੁਣ ਕੁਝ ਬਿਜਲੀ ਬੋਰਡ ਦੇ ਕੰਮ ਦੀ ਝਲਕ ਬਾਰੇ ਚੱਸਣ ਲਗਾ ਹਾਂ। ਇਹ ਚੀਜ਼ ਮੈਂ ਉਨ੍ਹਾਂ ਦੀਆਂ ਕਿਤਾਬਾਂ ਤੋਂ ਹੀ ਨੋਟ ਕੀਤੀ ਹੈ। ਜਿਹੜਾ ਸਰਮਾਇਆ ਇਨ੍ਹਾਂ ਨੇ ਉਧਾਰ ਲਿਆ ਹੈ ਉਸ ਦਾ 56 ਕਰੋੜ ਰੁਪਿਆ ਵਿਆਜ ਪੈਂਦਾ ਹੈ। ਜਿਹੜੇ ਵਪਾਰੀ ਨੂੰ ਐਡਾ ਵੱਡਾ ਵਿਆਜ ਪੈਂਦਾ ਹੋਵੇ ਉਹ ਕਦੋਂ ਤਰੱਕੀ ਕਰੇਗਾ। ਉਹ ਆਪ ਕਹਿੰਦੇ ਹਨ ਕਿ 1980-81 ਵਿਚ 220 ਲੱਖ ਰੁਪਏ ਦੇ ਬਿਲ ਨਹੀਂ ਬਣੇ। ਇਹ ਬਿਲ ਜਾਂ ਤਾਂ ਚੋਰੀ ਹੋ ਗਏ ਜਾਂ ਫਿਰ ਬਣਾਏ ਨਹੀਂ ਗਏ। ਇਨ੍ਹਾਂ ਦੇ ਆਡੀਟਰ ਨੇ ਆਡਿਟ ਰਿਪੋਰਟ ਵਿੱਚ ਲਿਖਿਆ ਹੈ ਕਿ 2.20 ਕਰੋੜ ਰੁਪਏ ਦੀ ਉਥੇ ਚੋਰੀ ਸੀ। ਉਹ ਕਹਿੰਦੇ ਹਨ ਕਿ ਅਸੀਂ ਇਹ ਡਿਟੈਕਟ ਕਰ ਲਈ ਹੈ। ਉਸ ਵਿੱਚੋਂ 1.30 ਕਰੋੜ ਰੁਪਏ ਇਹ ਕਹਿੰਦੇ ਹਨ ਕਿ ਵਸੂਲ ਕਰ ਲਏ ਹਨ ਅਤੇ ਬਾਕੀ 90 ਲੱਖ ਦਾ ਪਤਾ ਨਹੀਂ ਹੈ। ਜੇਕਰ ਹਰ ਸਾਲ 90 ਲੱਖ ਦਾ ਘਾਟਾ ਪੈਂਦਾ ਰਿਹਾ ਤਾਂ ਫਿਰ ਇਸ ਦਾ ਹਿਸਾਬ ਲਗਾ ਲਓ ਇਹ ਕਿੰਨੀ ਰਕਮ ਬਣ ਜਾਏਗੀ। ਇਹ ਘਾਟਾ ਵੀ ਬਿਜਲੀ ਇਸਤੇਮਾਲ ਕਰਨ ਵਾਲਿਆਂ ਤੇ ਪੈਣਾ ਹੈ। ਇਸ ਦੇ ਨਾਲ ਹੀ ਨਾਲ ਆਡਿਟ ਰਿਪੋਰਟ ਵਿਚ ਸਟਾਕ ਵਿਚ 17 ਲੱਖ ਦੀ ਚੋਰੀ ਦੱਸੀ ਹੈ। ਇਹ ਵੀ ਦਸਿਆ ਗਿਆ ਹੈ ਕਿ ਇਸ ਰਕਮ ਵਿਚੋਂ 3 ਲੱਖ ਵਸੂਲ ਕੀਤਾ ਗਿਆ ਹੈ। ਇਸ ਦਾ ਮਤਲਬ ਹੋਇਆ ਕਿ 14 ਲੱਖ ਦਾ ਸਟਾਕ ਹਰ ਸਾਲ ਚੋਰੀ ਹੁੰਦਾ ਹੈ। ਇਨ੍ਹਾਂ ਕੋਲ 45 ਕਰੋੜ ਦਾ ਸਟਾਕ ਇਨ ਹੈਂਡ ਪਿਆ ਹੈ। ਜਿਥੋਂ ਤਕ ਮੇਰੀ ਇਤਲਾਹ ਹੈ ਇਸ ਵਿਚੋਂ 50% ਸਟਾਕ ਐਸਾ ਪਿਆ ਹੈ ਜੋ ਕਿ ਕਿਤੇ ਇਸਤੇਮਾਲ ਨਹੀਂ ਹੋਣਾ ਅੱਤ ਜਿਹੜਾ ਖਰਾਬ ਹੋ ਚੁੱਕਾ ਹੈ ਅਤੇ ਗਲਤ ਲਿਆ ਗਿਆ ਹੈ। ਇਹ ਬਿਜਲੀ ਬੋਰਡ ਬਾਰੇ ਥੋੜ੍ਹੀ ਜਿਹੀ ਝਲਕ ਦਿੱਤੀ ਹੈ।

Original with;
Punjab Vidhan Sabha
Digitized by;
Panjab Digital Library

ਇਹ ਇੱਕ ਬਹੁਤ ਅੱਛਾ ਅਦਾਰਾ ਹੈ। ਇਸ ਅਦਾਰੇ ਨੇ ਇਕਾਨੋਮੀ ਨੂੰ ਚੁਕਣਾ ਹੈ। ਇਸ ਬੋਰਡ ਦੇ ਮੈਂਬਰ ਔਰ ਇੰਜੀਨੀਅਰ ਅਛੇ ਹਨ। ਕੱਲ ਅਖਬਾਰ ਇੰਡੀਅਨ ਐਕਸਪ੍ਰੈਸ ਵਿਚ ਲਿਖਿਆ ਸੀ, ਉਸ ਵਿੱਚ ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਬਾਰੇ ਬਹੁਤ ਕੁਝ ਲਿਖਿਆ ਸੀ ਕਿ ਉਥੇ ਗ਼ਬਨ ਹੋ ਗਿਆ ਹੈ। ਉਸ ਗ਼ਬਨ ਵਿੱਚ ਬਹੁਤ ਸਾਰੇ ਇਨਵਾਲਵਡ ਹਨ। ਪਰ ਇਨ੍ਹਾਂ ਨੇ ਦੋ ਇੰਜੀਨੀਅਰ ਸਸਪੈਂਡ ਕਰਕੇ ਬਾਕੀ ਦੀ ਗਲ ਠੱਪ ਕਰ ਦਿੱਤੀ ਹੈ। ਇਨ੍ਹਾਂ ਚੀਜ਼ਾਂ ਵੱਲ ਬੋਰਡ ਨੂੰ ਦੇਖਣਾ ਚਾਹੀਦਾ ਹੈ। ਇਹ ਸਾਰੀ ਵਜਾਹ ਨਾਲ ਹੀ ਬਿਜਲੀ ਦੀ ਸ਼ਾਰਟੇਜ ਆਉਂਦੀ ਹੈ। ਇਹ ਅਸੈਸ ਕੀਤਾ ਗਿਆ ਹੈ ਕਿ ਇਸ ਵੇਲੇ ਜਿਹੜੀਆਂ 1980-81 ਵਿੱਚ ਦਰਖਾਸਤਾਂ ਸਨ ਉਸ ਵਿਚੋਂ 2.36 ਲੱਖ ਦੇ ਕਰੀਬ ਅਰਜ਼ੀਆਂ ਪੈਂਡਿੰਗ ਪਈਆਂ ਹਨ। ਇਸ ਦੀ ਸ਼ਾਰਟੇਜ 1.6 ਅਰਬ ਯੂਨਿਟ ਹੈ। ਜੇ 10 ਸਾਲਾਂ ਵਿਚ ਇਸੇ ਤਰ੍ਹਾਂ ਦੀ ਡਿਵੈਲਪਮੈਂਟ ਦੀ ਸਪੀਡ ਰਹੀ ਤਾਂ 1989--90 ਵਿਚ ਇਹ ਸ਼ਾਰਟੇਜ 3 ਅਰਬ ਯੂਨਿਟ ਹੋ ਜਾਵੇਗੀ। ਫਿਰ ਇਕਾਨੋਮੀ ਕਿਥੇ ਜਾਵੇਗੀ। ਆਬਾਦੀ ਵਧ ਰਹੀ ਹੈ, ਡਿਵੈਲਪਮੈਂਟ ਵਧ ਰਹੀ ਹੈ। ਸਾਰੀਆਂ ਨੀਡਜ਼ ਵੱਧ ਰਹੀਆਂ ਹਨ। ਕੀਮਤਾਂ ਉਪਰ ਜਾ ਰਹੀਆਂ ਹਨ। ਇਸ ਲਈ ਜੇ ਬਿਜਲੀ ਹੋਰ ਪੈਦਾ ਕਰਨ ਦੀ ਕੋਸ਼ਿਸ਼ ਨਾ ਕੀਤੀ ਤਾਂ ਸੂਬੇ ਨੂੰ ਨੁਕਸਾਨ ਹੋ ਸਕਦਾ ਹੈ। ਇਸ ਲਈ ਮੈਂ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ। ਇਥੇ ਇਕ ਸਕੀਮ ਚੱਲੀ ਸੀ ਨਾਪਥਾ ਝਾਖੜੀ ਡੈਮ ਦੀ ਪਰ ਪਤਾ ਨਹੀਂ ਉਹ ਸਕੀਮ ਕਿਉਂ ਅਬੰਡਨ ਹੋ ਗਈ। ਉਸ ਵਿੱਚ ਸਾਨੂੰ ਸ਼ਾਮਿਲ ਨਹੀਂ ਕੀਤਾ ਗਿਆ। ਸਾਨੂੰ ਉਸ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਬਿਜਲੀ ਹੋਰ ਮਿਲੇਗੀ। ਸਾਡੀ ਬਦ-ਕਿਸਮਤੀ ਹੈ ਕਿ ਪੰਜਾਬ ਵੰਡਿਆ ਗਿਆ। ਅਸੀਂ ਨਹੀਂ ਸੀ ਚਾਹੁੰਦੇ ਕਿ ਵੰਡੀਆਂ ਪੈਣ। ਸਾਨੂੰ ਪਤਾ ਸੀ ਕਿ ਇਸ ਤਰ੍ਹਾਂ ਸਾਡੀ ਇਕਾਨੋਮੀ ਸ਼ੈਟਰ ਹੋ ਜਾਵੇਗੀ। (ਵਿਘਨ) ਸਾਰੇ ਪਹਾੜ ਹਿਮਾਚਲ ਪ੍ਰਦੇਸ਼ ਵਿਚ ਚਲੇ ਗਏ ਹਨ। ਫਿਰ ਹਰਿਆਣਾ ਬਣ ਗਿਆ। ਹਿਮਾਚਲ ਪ੍ਰਦੇਸ਼ ਬਣ ਗਿਆ। (ਵਿਘਨ) ਇਨ੍ਹਾਂ ਨੇ ਹਰਿਆਣੇ ਦੇ ਦੇਵੀ ਲਾਲ ਨੂੰ ਗੁਰਦੁਆਰੇ ਵਿਚ ਬੁਲਾਕੇ ਉਸ ਨਾਲ ਗੁਫਤਗੂ ਕੀਤੀ। ਉਸ ਨੂੰ ਹੋਰ ਕੀ ਚਾਹੀਦਾ ਸੀ ? ਉਸ ਨੂੰ ਸਰਕਾਰ ਮਿਲ ਗਈ, ਹਰਿਆਣਾ ਬਣ ਗਿਆ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਕਿ ਹਿਮਾਚਲ ਪ੍ਰਦੇਸ਼ ਵਿੱਚ ਸਾਰੇ ਪਹਾੜ ਚਲੇ ਗਏ। ਹਿਮਾਚਲ ਪ੍ਰਦੇਸ਼ ਵਿੱਚ ਬੜੇ ਬੜੇ ਦਰਿਆ, ਨਦੀਆਂ ਅਤੇ ਨਾਲੇ ਚਲੇ ਗਏ। ਉਥੇ ਬਰਫ ਪੈਂਦੀ ਹੈ। ਉਥੇ ਬੜੇ ਹੀ ਹਾਈਡਲ ਪ੍ਰਾਜੈਕਟ ਬਣ ਸਕਦੇ ਹਨ। ਫਿਰ ਜੰਮੂ ਅਤੇ ਕਸ਼ਮੀਰ ਵਾਲਿਆਂ ਨੇ ਵੀ ਹਾਈਡਲ ਪ੍ਰਾਜੈਕਟ ਸ਼ੁਰੂ ਕੀਤੇ ਹਨ। ਉਸ ਵਿਚ ਪੰਜਾਬ ਸਰਕਾਰ ਨੂੰ ਵੀ ਸ਼ਾਮਿਲ ਹੋਣਾ ਚਾਹੀਦਾ ਹੈ ਤਾਕਿ ਅਸੀਂ ਉਨ੍ਹਾਂ ਤੋਂ ਬਿਜਲੀ ਲੈ ਸਕੀਏ ਅਤੇ ਆਪਣੇ ਸੂਬੇ ਦੀ ਡਿਵੈਲਪਮੈਂਟ ਕਰ ਸਕੀਏ। ਅਸੀਂ ਦੂਜੇ ਸੂਬਿਆਂ ਦੀ ਅੱਗੇ ਹੀ ਕਈ ਚੀਜ਼ਾਂ ਵਿਚ ਮੱਦਦ ਕਰਦੇ ਹਾਂ।

ਸੈਂਟਰਲ ਇਲੈਕਟ੍ਰਿਸਿਟੀ ਬੋਰਡ ਨੇ ਸਾਨੂੰ ਬਠਿੰਡਾ ਪਲਾਂਟ ਦੀ ਅਪਰੂਵਲ ਦੇ ਦਿਤੀ ਹੈ ਕਿ ਅਸੀਂ ਉਸ ਦੀ ਤੀਜੀ ਸਟੇਜ ਤੇ 2 ਯੂਨਿਟ 220 ਮੈਗਾਵਾਟ ਦੇ ਲਾ ਸਕਦੇ ਹਾਂ। ਇਸ ਦੀ ਪਲਾਨਿੰਗ ਕਮਿਸ਼ਨ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ। ਸਾਨੂੰ ਬਿਜਲੀ ਦੀ ਬੜੀ ਲੋੜ ਹੈ। ਸਾਡੀ ਗੌਰ-ਮਿੰਟ ਨੂੰ ਚਾਹੀਦਾ ਹੈ ਕਿ ਇਹ ਜਾ ਕੇ ਪਲਾਨਿੰਗ ਕਮਿਸ਼ਨ ਅਤੇ ਗੌਰਮਿੰਟ ਆਫ ਇੰਡੀਆ ਤੇ ਜ਼ੋਰ ਦੇਣ ਤਾਕਿ ਸਾਨੂੰ ਇਹ ਵੀ ਮਨਜ਼ੂਰੀ ਮਿਲੇ। ਇਸੇ ਤਰ੍ਹਾਂ ਹੀ ਰੋਪੜ ਯੂਨਿਟ ਦੀ ਜਿਹੜੀ ਐਕਸਟੈਨਸ਼ਨ ਹੋ ਰਹੀ ਹੈ ਉਸ ਦੀ ਵੀ ਮਨਜ਼ੂਰੀ ਪਹਿਲਾਂ ਲੈਣੀ ਚਾਹੀਦੀ ਹੈ ਤਾਕਿ ਅਸੀਂ ਬਿਜਲੀ ਹੋਰ ਵਧਾ ਸਕੀਏ। ਇਸੇ ਤਰ੍ਹਾਂ ਹੀ ਅਨਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੀ ਤੀਸਰੀ ਸਟੇਜ ਹੈ, ਉਸ ਦੀ ਵੀ ਮਨਜ਼ੂਰੀ ਲੈਣੀ ਚਾਹੀਦੀ ਹੈ। ਫਿਰ ਸ਼ਾਹਪੁਰ ਕੰਡੀ ਅਤੇ ਮੁਕੇਰੀਆਂ ਦੇ ਪ੍ਰਾਜੈਕਟਸ ਹਨ, ਉਨ੍ਹਾਂ ਦੀ ਵੀ ਤੀਸਰੀ

Original with;
Punjab Vidhan Sabha
Digitized by:
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਸਟੇਜ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ। ਮਨਜ਼ੂਰੀ ਲੈਣ ਲਈ ਹੁਣ ਤੋਂ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜਾ ਕੇ ਕਿਤੇ 2-3 ਸਾਲਾਂ ਵਿਚ ਇਹ ਕਮ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਸਾਨੂੰ ਬਿਜਲੀ ਜ਼ਿਆਦਾ ਮਿਲੇਗੀ। ਜੇ ਬਿਜਲੀ ਜ਼ਿਆਦਾ ਹੋਵੇਗੀ ਤਾਂ ਇੰਡਸਟਰੀ ਹੋਰ ਵਧੇਗੀ। ਠੀਕ ਹੈ, ਵੱਡੇ ਯੂਨਿਟਾਂ ਦੀ ਮਨਜ਼ੂਰੀ ਆਈ ਹੈ, ਲੈਟਰ ਆਫ ਇੰਟੈਂਟ ਮਿਲੇ ਹਨ, ਇਸ ਤਰ੍ਹਾਂ ਕਾਰਖਾਨੇ ਲੱਗਣਗੇ, ਧਾਗੇ ਦੇ ਕਾਰਖਾਨੇ ਲੱਗਣਗੇ, ਹੋਰ ਕਾਰਖਾਨੇ ਲੱਗਣਗੇ। ਸ਼ੂਗਰ ਮਿੱਲਾਂ ਦੀ ਮਨਜ਼ੂਰੀ ਆਈ ਹੈ। ਪੇਪਰ ਮਿੱਲ ਦੀ ਮਨਜ਼ੂਰੀ ਆਈ ਹੈ। ਇਨ੍ਹਾਂ ਲਈ ਬਿਜਲੀ ਦੀ ਜ਼ਰੂਰਤ ਹੈ। ਇਹ ਕਹਿੰਦੇ ਹਨ ਕਿ ਸਾਡੇ ਸੀਮਿੰਟ ਦੇ ਕਾਰਖਾਨੇ ਲਾਉਣੇ ਹਨ, ਫਰਟੇਲਾਈਜ਼ਰ ਦੇ ਕਾਰਖਾਨੇ ਲਾਉਣੇ ਹਨ। ਇਸ ਲਈ ਸਾਨੂੰ ਭਾਰਤ ਸਰਕਾਰ ਤੇ ਨਿਊਕਲੀਅਰ ਪਾਵਰ ਪਲਾਂਟ ਲਾਉਣ ਲਈ ਜ਼ੋਰ ਦੇਣਾ ਚਾਹੀਦਾ ਹੈ। ਉਸ ਦੇ ਨਾਲ ਸਾਡੀ ਬਿਜਲੀ ਦੀ ਸ਼ਾਰਟੇਜ ਪੂਰੀ ਹੋ ਸਕਦੀ ਹੈ। ਇਸ ਬਾਰੇ ਸਾਡੀ ਸਰਕਾਰ ਨੂੰ ਭਾਰਤ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਬਿਜਲੀ ਨਾਲ ਇੰਡਸਟਰੀ ਚੱਲਣੀ ਹੈ। ਇੰਜੀਨੀਅਰਿੰਗ ਕਾਲਜਾਂ ਵਿਚ ਬੱਚੇ ਪੜ੍ਹ ਰਹੇ ਹਨ, ਸਕੂਲਾਂ ਅਤੇ ਕਾਲਜਾਂ ਵਿੱਚ ਬੱਚੇ ਪੜ ਰਹੇ ਹਨ। ਉਨ੍ਹਾਂ ਨੇ ਇੰਜੀਨੀਅਰ ਬਣ ਕੇ ਕਾਲਜਾਂ ਵਿਚੋਂ ਨਿਕਲਣਾ ਹੈ। ਉਨ੍ਹਾਂ ਨੇ ਟੈਕਨੀਸ਼ੀਅਨ ਬਣ ਕੇ ਨਿਕਲਣਾ ਹੈ ਜਿਨ੍ਹਾਂ ਨੇ ਕਾਰਖਾਨਿਆਂ ਨੂੰ ਚਲਾਉਣਾ ਹੈ। ਜੇ ਬਿਜਲੀ ਹੋਵੇਗੀ ਤਾਂ ਹੀ ਉਹ ਵਿਦਿਆ ਪ੍ਰਾਪਤ ਕਰ ਸਕਣਗੇ। ਇਸ ਲਈ ਬਿਜਲੀ ਦੀ ਬਹੁਤ ਲੋੜ ਹੈ। ਤੁਹਾਨੂੰ ਪਤਾ ਹੈ ਕਿ ਬੱਚੇ ਇਮਤਿਹਾਨਾਂ ਦੇ ਦਿਨਾਂ ਵਿਚ ਰੌਲਾ ਪਾਉਂਦੇ ਹਨ ਕਿ ਬਿਜਲੀ ਦੀ ਸ਼ਾਰਟੇਜ ਹੈ। ਇਸ ਲਈ ਸਾਨੂੰ ਹੋਰ ਬਿਜਲੀ ਦੀ ਲੋੜ ਹੈ।

ਇਥੇ ਮਜ਼ਦੂਰਾਂ ਦੇ ਬਾਰੇ ਹਰ ਰੋਜ਼ ਕਿਹਾ ਜਾਂਦਾ ਹੈ। ਆਪੋਜ਼ੀਸ਼ਨ ਵਾਲੇ ਇਸ ਬਾਰੇ ਬੜਾ ਕੁਝ ਕਹਿੰਦੇ ਹਨ। ਸਾਡੇ ਵਲੋਂ ਵੀ ਕਿਹਾ ਜਾਂਦਾ ਹੈ। ਮੈਂ ਮਜ਼ਦੂਰਾਂ ਦੀ ਸੀਟ ਤੋਂ ਆਇਆ ਹਾਂ। ਉਨ੍ਹਾਂ ਦੀ ਸਪੋਰਟ ਨਾਲ ਆਇਆ ਹਾਂ। ਇਲੈਕਸ਼ਨਾਂ ਵਿਚ ਅਕਾਲੀ ਪਾਰਟੀ, ਜਨਤਾ ਪਾਰਟੀ ਵਾਲਿਆਂ ਨੇ ਮੈਨੂੰ ਆਪੋਜ਼ ਕੀਤਾ। ਇਥੋਂ ਤਕ ਕਿ ਕਾਂਗਰਸੀਆਂ ਨੇ ਵੀ ਮੈਨੂੰ ਆਪੋਜ਼ ਕੀਤਾ। (ਵਿਘਨ) ਮੇਰਾ ਮਤਲਬ ਹੈ ਕਿ ਮੈਂ ਮਜ਼ਦੂਰਾਂ ਦੀ ਸੀਟ ਤੋਂ ਆਇਆ ਹਾਂ। ਉਨ੍ਹਾਂ ਦੀ ਸਪੋਰਟ ਨਾਲ ਆਇਆ ਹਾਂ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਕਿ ਕਾਰਖਾਨੇ ਐਨੇ ਲਗੇ ਹਨ ਅਤੇ ਐਨੇ ਲਗਣੇ ਹਨ, ਐਗਰੀਕਲਚਰ ਨੇ ਡਿਵੈਲਪਮੈਂਟ ਕੀਤੀ ਹੈ ਅਤੇ ਹੋ ਰਹੀ ਹੈ, ਅਸੀਂ ਬਿਜਲੀ ਵੀ ਹੋਰ ਡਿਵੈਲਪ ਕਰਨੀ ਹੈ, ਇਸ ਦੇ ਵਾਸਤੇ ਅਮਨ ਅਤੇ ਸ਼ਾਂਤੀ ਦੀ ਬਹੁਤ ਲੋੜ ਹੈ। ਜਿਸ ਘਰ ਵਿੱਚ ਅਮਨ ਅਤੇ ਸ਼ਾਂਤੀ ਨਾ ਹੋਵੇ ਤਾਂ ਉਹ ਘਰ ਤਬਾਹ ਹੋ ਜਾਂਦਾ ਹੈ। ਜਿਸ ਕਾਰਖਾਨੇ ਵਿੱਚ ਸ਼ਾਂਤੀ ਨਾ ਹੋਵੇ ਤਾਂ ਉਹ ਕਾਰਖਾਨਾ ਬੰਦ ਹੋ ਜਾਂਦਾ ਹੈ। ਜਿਸ ਸੂਬੇ ਵਿੱਚ ਸ਼ਾਂਤੀ ਨਾ ਹੋਵੇ ਤਾਂ ਉਥੇ ਬਹੁਤ ਨੁਕਸਾਨ ਹੁੰਦਾ ਹੈ। ਇਸ ਤਰ੍ਹਾਂ ਡਿਵੈਲਪਮੈਂਟ ਰੁਕ ਜਾਂਦੀ ਹੈ। ਸਾਨੂੰ ਸਾਡੇ ਗੁਰੂਆਂ ਨੇ ਸ਼ਾਂਤੀ ਸਿਖਾਈ ਹੈ। ਸਾਨੂੰ ਸਾਡੇ ਗੁਰੂਆਂ ਨੇ ਸਿਖਾਇਆ ਹੈ ਕਿ ਕਿਸੇ ਨਾਲ ਲੜਨਾ ਨਹੀਂ, ਕਿਸੇ ਦਾ ਬੁਰਾ ਨਹੀਂ ਕਰਨਾ। ਫਰੀਦ ਜੀ ਕਹਿੰਦੇ ਹਨ: -- "ਖਾਲਕ ਖਲਕ ਮਹਿ ਖਲਕ ਵਸੈ ਰਬ ਮਾਹਿ।

ਮੰਦਾ ਕਿਸ ਨੂੰ ਆਖੀਏ, ਜਾਂ ਤਿਸ ਬਿਨ ਕੋਈ ਨਾਹਿ।"

ਰੱਬ ਹਰ ਇਕ ਵਿਚ ਹੈ। ਮੈਂ ਉਮਰਾਨੰਗਲ ਦੀ ਤਾਰੀਫ ਕਰਦਾ ਹਾਂ। ਉਹ ਇਨ੍ਹਾਂ ਵਿਚੋਂ ਇਕ ਐਸਾ ਆਦਮੀ ਨਿਕਲਿਆ ਹੈ ਜਿਹੜਾ ਸ਼ੇਰ ਦੀ ਤਰ੍ਹਾਂ ਗੱਲ ਕਰਦਾ ਹੈ। ਇਹ ਗੱਲ ਕਰਨ ਦਾ ਤੁਹਾਡਾ ਕਿਸੇ ਦਾ ਹੌਸਲਾ ਨਹੀਂ ਪੈਂਦਾ। ਉਨ੍ਹਾਂ ਨੇ ਜੋ ਲਿਖਿਆ ਹੈ ਉਹ ਪੜ੍ਹਨ ਵਾਲੀ ਚੀਜ਼ ਹੈ। ਮੈਂ ਉਸ ਨੂੰ ਪੜ੍ਹਿਆ ਹੈ। ਜਿਹੜਾ ਤਸ਼ੱਦਦ ਹੋ ਰਿਹਾ ਹੈ, ਕਤਲੇਆਮ ਹੋ ਰਿਹਾ ਹੈ, ਹਿੰਦੂ ਸਿੱਖ ਮਾਰੇ ਜਾ ਰਹੇ ਹਨ। ਇਹ ਸਭ ਕੁਝ ਕਿਉਂ ਹੋ ਰਿਹਾ ਹੈ? ਜੇ ਤੁਸੀਂ ਇਸ ਨੂੰ ਕਹਿੰਦੇ ਹੋ ਕਿ ਬੁਰੀ ਚੀਜ਼

Original with;
Punjab Vidhan Sabha
Digitized by;
Panjab Digital Library

ਹੈ ਤਾਂ ਫਿਰ ਤੁਸੀਂ ਜ਼ੋਰ ਨਾਲ ਕਿਉਂ ਨਹੀਂ ਕਹਿੰਦੇ । ਇਸ ਨੂੰ ਜ਼ੋਰ ਨਾਲ ਕਹਿਣਾ ਚਾਹੀਦਾ ਹੈ। 1977 ਦੀਆਂ ਇਲੈਕਸ਼ਨਾਂ ਵਿੱਚ ਮੈਂ ਜਿੱਤਕੇ ਆਇਆ ਸੀ। ਉਦੋਂ ਕਾਂਗਰਸ ਨੂੰ ਨੁਕਸਾਨ ਪਹੁੰਚਿਆ। ਉਨ੍ਹਾਂ ਦਿਨਾਂ ਵਿੱਚ ਲਾਲਾ ਜਗਤ ਨਰਾਇਣ ਕਾਂਗਰਸ ਦੇ ਖਿਲਾਫ ਸਨ। ਉਨ੍ਹਾਂ ਦਾ ਉਦੋਂ ਕਾਂਗਰਸ ਦੇ ਖਿਲਾਫ ਬੋਲਬਾਲਾ ਸੀ। ਉਦੋਂ ਉਹ ਅਕਾਲੀ ਪਾਰਟੀ ਅਤੇ ਜਨਤਾ ਪਾਰਟੀ ਦੇ ਨਾਲ ਸਨ। ਇਨ੍ਹਾਂ ਨੂੰ ਇਕੱਠੇ ਕਰਨ ਵਾਲਾ ਉਹ ਸੀ। ਇਨ੍ਹਾਂ ਦੇ ਹਰ ਜਲਸੇ ਵਿੱਚ ਉਹ ਜਾਂਦਾ ਹੁੰਦਾ ਸੀ। ਇਨ੍ਹਾਂ ਨੂੰ ਬਣਾਉਣ ਵਾਲਾ ਉਹ ਸੀ। ਜਦੋਂ ਉਨ੍ਹਾਂ ਦੀ ਮੌਤ ਹੋਈ .....

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਇਸ ਦਾ ਰੈਜ਼ੋਲਿਊਸ਼ਨ ਨਾਲ ਕੀ ਤੁਅੱਲਕ ਹੈ ?

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਇਸ ਬਾਰੇ ਰਮੇਸ਼ ਜੀ ਕਹਿੰਦੇ ਹਨ .....
ਇਸ ਦੇ ਵਿੱਚ ਲਿਖਿਆ ਹੈ ਲੇਕਿਨ ਵਹੀ ਲਾਲਾ ਜਗਤ ਨਾਰਾਇਣ ਪਿੱਛਲੇ ਸਤੰਬਰ ਮੈਂ ਇੰਤਹਾ ਪਸੰਦਾਂ ਕੀ ਗੋਲੀ ਕਾ ਨਿਸ਼ਾਨਾ ਬਨਾ ਲਿਏ ਗਏ .....

ਸ਼੍ਰੀ ਡਿਪਟੀ ਸਪੀਕਰ: ਸ਼੍ਰੀ ਓਮ ਪ੍ਰਕਾਸ਼ ਜੀ ਰੈਜ਼ੋਲਿਊਸ਼ਨ ਤੇ ਹੀ ਬੋਲੋ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਸ ਦੇ ਨਾਲ ਹੀ ਇਸ ਦੀ ਰੈਲਵੈਂਸੀ ਹੈ ਜੀ। ਉਹ ਬਿਜਲੀ ਦੀ ਪੈਦਾਵਾਰ ਦੀ ਹੀ ਗਲ ਕਰਦੇ ਸੀ।

ਔਰ ਹਮਾਰੇ ਅਕਾਲੀ ਲੀਡਰੋਂ ਕੇ ਮੁੰਹ ਸੇ ਆਹ ਭੀ ਨਹੀਂ ਨਿਕਲੀ । ਲਾਲਾ ਜੀ ਕੀ ਰਸਮ ਕਿਰਿਆ ਮੈਂ ਕਿਸੀ ਭੀ ਅਕਾਲੀ ਲੀਡਰ ਨੇ ਸ਼ਰਕਤ ਕਰਨੇ ਕੀ ਤਕਲੀਫ ਭੀ ਗਵਾਰਾ ਨਾ ਕੀ। ਡਿਪਟੀ ਸਪੀਕਰ ਸਾਹਿਬ, ਇਤਨਾ ਅਖ਼ਲਾਕ ਵੀ ਨਹੀਂ ਹੋਣਾ ਚਾਹੀਦਾ। ਇਹ ਇਨਸਾਨੀ ਫਰਜ਼ ਹੈ। ਜੇ ਅਸੀਂ ਸੂਬੇ ਨੂੰ ਤਕੜਾ ਰਖਣਾ ਹੈ, ਜੇ ਸੂਬੇ ਦੀ ਡਿਵੈਲਪਮੈਂਟ ਕਰਨੀ ਹੈ ਤਾਂ ਇਹ ਜੋ ਤਸ਼ੱਦਦ ਹਨ ਇਹ ਨਹੀਂ ਹੋਣੇ ਚਾਹੀਦੇ । ਇਹ ਅਮਨ ਨੂੰ ਭੰਗ ਕਰਦੇ ਹਨ, ਸੂਬੇ ਦੀ ਤਰੱਕੀ ਨੂੰ ਰੋਕਦੇ ਹਨ। ਜਿਹੜੀਆਂ ਅਸੀਂ ਸਕੀਮਾਂ ਸੂਬੇ ਦੀ ਤਰੱਕੀ ਵਾਸਤੇ ਬਣਾਉਂਦੇ ਹਾਂ, ਬਿਜਲੀ ਵਿੱਚ ਵਾਧਾ ਕਰਨ ਵਾਸਤੇ ਬਣਾਉਂਦੇ ਹਾਂ ਉਸ ਦੇ ਵਿਚ ਇਹ ਜ਼ਬਰਦਸਤ ਰੁਕਾਵਟ ਪਾਉਂਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਸੂਬੇ ਵਿੱਚ ਇਸ ਤਰ੍ਹਾਂ ਦੇ ਕੰਮ ਨਹੀਂ ਹੋਣੇ ਚਾਹੀਦੇ । ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਨੂੰ ਅਮੈਂਡ ਕਰਕੇ ਲੋਕਾਂ ਦੇ ਸਾਹਮਣੇ ਸਪਸ਼ਟ ਤੌਰ ਤੇ ਆਉਣਾ ਚਾਹੀਦਾ ਹੈ ਨਹੀਂ ਤਾਂ ਜਿਹੜੇ ਤੁਹਾਡੇ ਆਪਣੇ ਆਦਮੀ ਹਨ ਉਹ ਵੀ ਤੁਹਾਨੂੰ ਵੋਟਾਂ ਨਹੀਂ ਪਾਉਣਗੇ ।

ਡਿਪਟੀ ਸਪੀਕਰ ਸਾਹਿਬ, ਬਿਜਲੀ ਦੀ ਘਾਟ ਦੀਆਂ, ਨੁਕਸਾਨ ਦੀਆਂ ਗਲਾਂ ਮੈਂ ਕੀਤੀਆਂ ਹਨ। ਇਸ ਦੇ ਵਾਸਤੇ ਕਿਹਾ ਗਿਆ ਹੈ ਕਿ ਪੈਸੇ ਦੀ ਕਮੀ ਹੈ ਔਰ ਇਹ ਠੀਕ ਹੈ ਕਿ ਕਮੀ ਹੈ ਵੀ ਇਸ ਦੇ ਲਈ ਮੈਂ ਪੰਜਾਬ ਸਰਕਾਰ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਜਿਥੋਂ ਇਨ੍ਹਾਂ ਨੂੰ ਪੈਸਾ ਬਚ ਸਕਦਾ ਹੈ। ਪੰਜਾਬ ਵਿੱਚ ਸਰਕਾਰ ਦੇ ਤਕਰੀਬਨ 35 ਦੇ ਕਰੀਬ ਕਾਰਪੋਰੇਸ਼ਨਾਂ ਅਤੇ ਬੋਰਡ ਹਨ । ਕੋਈ ਪ੍ਰਾਈਵੇਟ ਲਿਮਿਟਿਡ ਹੈ ਅਤੇ ਕੋਈ ਹੋਰ ਲਿਮਿਟਿਡ ਹੈ, ਕੋਈ ਐਕਟ ਦੇ ਅੰਡਰ ਹੈ ਅਤੇ ਕੋਈ ਰਜਿਸਟਰਡ ਹੈ। ਇਨ੍ਹਾਂ 35 ਕਾਰਪੋਰੇਸ਼ਨਾਂ ਔਰ ਬੋਰਡਾਂ ਦੇ ਵਿੱਚੋਂ ਸਿਰਫ 5 ਜਾਂ 6 ਬੋਰਡ ਜਾਂ ਕਾਰਪੋਰੇਸ਼ਨਾਂ ਹਨ ਜਿਹੜੀਆਂ ਇਸ ਵੇਲੇ ਨੁਕਸਾਨ ਵਿੱਚ ਨਹੀਂ ਹਨ, ਬਾਕੀ ਸਾਰੀਆਂ ਕਾਰਪੋਰੇਸ਼ਨਾਂ ਜਾਂ ਬੋਰਡ ਨੁਕਸਾਨ ਵਿੱਚ ਜਾ ਰਹੇ ਹਨ । ਤੁਸੀਂ ਵੀ, ਡਿਪਟੀ ਸਪੀਕਰ ਸਾਹਿਬ, ਕਮੇਟੀਆਂ ਵਿਚ ਦੇਖਿਆ ਹੋਣਾ ਹੈ ਅਤੇ ਅਸੀਂ ਵੀ ਦੇਖਦੇ ਹਾਂ ਕਿ ਉਥੇ ਅਕਸਰ ਇਹੀ ਗਲ ਆਉਂਦੀ ਹੈ ਕਿ 30

Original with;
Punjab Vidhan Sabha
Digitized by:
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਕਾਰਪੋਰੇਸ਼ਨਾਂ ਜਾਂ ਬੋਰਡ ਜੋ ਹਨ ਉਹਨਾਂ ਵਿੱਚ ਘਾਟਾ ਪੈਂਦਾ ਹੈ। ਉਹ ਇਸ ਕਰਕੇ ਵੀ ਪੈਂਦਾ ਹੈ, ਚੀਫ ਸੈਕਟਰੀ ਸਾਹਿਬ ਵੀ ਸਾਡੀ ਇਕ ਮੀਟਿੰਗ ਵਿੱਚ ਆਏ ਸੀ ਉਥੇ ਇਹ ਡਿਸਕਸ ਵੀ ਹੋਇਆ ਸੀ, ਸਾਡੀ ਸਰਕਾਰ ਦੀ ਪਾਲਿਸੀ ਜਿਹੜੀ ਹੈ ਉਹ ਇਹ ਹੈ ਕਿ ਇਹ ਹਰ ਜਗ੍ਹਾ ਆਈ.ਏ.ਐਸ. ਅਫਸਰ ਭੇਜ ਦਿੰਦੀ ਹੈ। ਉਨ੍ਹਾਂ ਨੂੰ ਸਾਰੀਆਂ ਚੀਜ਼ਾਂ ਦਾ ਪਤਾ ਨਹੀਂ ਹੁੰਦਾ। ਉਹ ਐਡਮਨਿਸਟਰੇਟਰ ਤਾਂ ਚੰਗੇ ਹਨ, ਇਸ ਦੇ ਬਾਰੇ ਉਹ ਸਾਰੀ ਚੀਜ਼ ਸਮਝਦੇ ਹਨ ਪਰ ਖਾਸ ਟਰੇਡ ਦਾ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ। ਮੇਰੀ ਬੇਨਤੀ ਹੈ ਕਿ ਭਾਵੇਂ ਆਈ.ਏ.ਐਸ. ਅਫਸਰ ਨਿਗਰਾਨੀ ਰੱਖਣ ਤਾਂ ਬੇਸ਼ਕ ਰਖਣ ਲੇਕਿਨ ਮੈਨੇਜਿੰਗ ਡਾਇਰੈਕਟਰ ਉਸ ਟਰੇਡ ਦਾ ਹੀ ਲਾਉਣਾ ਚਾਹੀਦਾ ਹੈ ਜਿਸ ਟਰੇਡ ਦੀ ਕਾਰਪੋਰੇਸ਼ਨ ਜਾਂ ਬੋਰਡ ਹੋਵੇ ਤਾਂਕਿ ਉਸ ਦੀ ਜ਼ਿਮੇਵਾਰੀ ਹੋਵੇ ਅਤੇ ਸੋਚੇ ਕਿ ਇਹ ਘਾਟੇ ਵਿੱਚ ਕਿਉਂ ਕਾਰਪੋਰੇਸ਼ਨ ਜਾਂ ਬੋਰਡ ਜਾ ਰਿਹਾ ਹੈ ਅਤੇ ਇਸ ਦੇ ਵਿੱਚ ਫਾਇਦਾ ਕਿਵੇਂ ਹੋ ਸਕਦਾ ਹੈ। ਇਸ ਲਈ ਜਾਂ ਤਾਂ ਇਸ ਪਾਸੇ ਧਿਆਨ ਦੇ ਕੇ ਇਸ ਦੇ ਵਿੱਚ ਸੁਧਾਰ ਲਿਆਂਦਾ ਜਾਵੇ ਨਹੀਂ ਤਾਂ ਇਹ ਕਾਰਪੋਰੇਸ਼ਨਾਂ ਜਾਂ ਬੋਰਡ ਬੰਦ ਕਰ ਦਿਓ। ਇਹ ਤਜਰਬਾ ਫੇਲ੍ਹ ਹੋਇਆ ਹੈ ਅਤੇ ਨਾ ਤਾਂ ਇਸ ਨੇ ਪੰਜਾਬ ਦੇ ਸੂਬੇ ਨੂੰ ਕੋਈ ਫਾਇਦਾ ਪਹੁੰਚਾਇਆ ਹੈ ਅਤੇ ਨਾ ਹੀ ਸਰਕਾਰ ਨੂੰ ਕੋਈ ਫਾਇਦਾ ਪਹੁੰਚਾਇਆ ਹੈ। ਸਗੋਂ ਸਰਕਾਰ ਨੂੰ ਇਸ ਨੇ ਨੁਕਸਾਨ ਹੀ ਪਹੁੰਚਾਇਆ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਮੈਨੇਜਿੰਗ ਡਾਇਰਕਟਰ ਜੋ ਹਨ ਉਹ ਉਸੇ ਟਰੇਡ ਦੇ ਰਖਣੇ ਚਾਹੀਦੇ ਹਨ ਜਿਸ ਟਰੇਡ ਦੀ ਕੋਈ ਕਾਰਪੋਰੇਸ਼ਨ ਜਾਂ ਬੋਰਡ ਹੈ ਤਾਂ ਹੀ ਇਸ ਦਾ ਕੋਈ ਫਾਇਦਾ ਹੋ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਡੋਮੈਸਟਿਕ ਪਾਵਰ ਦੇ ਬਾਰੇ ਮੈਂ ਕੱਲ ਵੀ ਗਲ ਕੀਤੀ ਸੀ। ਇਸ ਬਿਜਲੀ ਦੇ ਵਿੱਚ, ਡਿਪਟੀ ਸਪੀਕਰ ਸਾਹਿਬ, ਬਹੁਤ ਚੋਰੀ ਹੁੰਦੀ ਹੈ, ਲਾਈਨ ਲਾਸਿਜ਼ ਹੁੰਦੇ ਹਨ, ਉਸ ਦੇ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਸਾਡੀ ਕਾਫੀ ਬਿਜਲੀ ਬਚ ਸਕਦੀ ਹੈ। ਦੂਸਰਾ ਮੈਂ ਇਹ ਕਹਿਨਾ ਚਾਹੁੰਦਾ ਹਾਂ ਕਿ ਇੰਡਸਟਰੀਜ਼ ਵਿੱਚ ਜੋ ਪਾਵਰ ਕੰਜ਼ਿਊਮ ਹੁੰਦੀ ਹੈ ਉਸ ਤੇ ਅਗਰ ਇਕ ਪੈਸਾ ਯੂਨਿਟ ਵਧਾ ਦਿੱਤਾ ਜਾਵੇ ਤਾਂ ਇਸ ਦੇ ਨਾਲ ਡੋਮੈਸਟਿਕ ਕਨਜ਼ਿਊਮਰਜ਼ ਜੋ ਹਨ ਉਨ੍ਹਾਂ ਨੂੰ ਰਿਲੀਫ ਮਿਲ ਸਕਦੀ ਹੈ। ਫਿਰ ਸਾਨੂੰ 34 ਦੀ ਬਜਾਏ 78 ਕਰੋੜ ਦੀ ਲੋੜ ਨਹੀਂ ਰਹਿਣੀ। ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਤੇ ਗੌਰ ਕਰਨਾ ਚਾਹੀਦਾ ਹੈ ਅੱਤ ਸਾਡੇ ਸਾਥੀ ਇਸ ਗੱਲ ਤੇ ਸਹਿਮਤ ਵੀ ਹਨ ਕਿ ਜਿਹੜੇ ਇਨਕਮਟੈਕਸ ਦਿੰਦੇ ਹਨ, ਜਿਹੜੇ ਵੱਡੇ ਵੱਡੇ ਕਾਰਖਾਨੇਦਾਰ ਹਨ, ਉਨ੍ਹਾਂ ਨੂੰ ਇਕ ਪੈਸਾ ਯੂਨਿਟ ਵਧਣ ਨਾਲ ਕੋਈ ਫਰਕ ਨਹੀਂ ਪੈਂਦਾ। ਇਹ ਠੀਕ ਹੈ ਕਿ ਜਿਹੜਾ ਛੋਟਾ ਕਾਰਖਾਨੇਦਾਰ ਹੈ, ਕਨਜ਼ਿਊਮਰ ਹੈ ਉਸ ਨੂੰ ਥੋੜ੍ਹਾ ਬਹੁਤ ਬੋਝ ਪੈਂਦਾ ਹੈ, ਉਹ ਬਰਦਾਸ਼ਤ ਵੀ ਕਰ ਲਵੇਗਾ ਲੇਕਿਨ ਜਿਹੜਾ ਤਨਖਾਹਦਾਰ ਹੈ, ਛੋਟਾ ਮਜ਼ਦੂਰ ਹੈ, ਗਰੀਬ ਹੈ ਉਸ ਤੋਂ ਇਹ ਬੋਝ ਬਰਦਾਸ਼ਤ ਨਹੀਂ ਹੋ ਰਿਹਾ। ਇਸ ਲਈ ਮੈਂ ਸਰਕਾਰ ਨੂੰ ਫਿਰ ਨਿਮਰਤਾ ਸਹਿਤ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਤੇ ਗੌਰ ਕਰੋ। ਪੈਸਾ ਤਾਂ ਬੋਰਡ ਦਾ ਪੂਰਾ ਹੋ ਜਾਵੇਗਾ ਜੇ ਵੱਡੇ ਵੱਡੇ ਕਾਰਖਾਨੇਦਾਰਾਂ ਤੇ ਇਕ ਪੈਸਾ ਯੂਨਿਟ ਵੀ ਲਾ ਦੇਈਏ। ਐਵੇਂ ਬੋਰਡ ਵਾਲੇ ਜ਼ਿਦ ਕਰਦੇ ਹਨ। ਉਹ ਗਰੀਬ ਆਦਮੀ ਲਈ ਘਟਾਉਣਾ ਨਹੀਂ ਚਾਹੁੰਦੇ। ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਜੇ ਇੰਡਸਟਰੀ ਦਾ ਇਕ ਪੈਸਾ ਯੂਨਿਟ ਰੇਟ ਵਧਾ ਦਿੱਤਾ ਜਾਵੇ ਤਾਂ ਇਸ ਦੇ ਨਾਲ ਬੋਰਡ ਨੂੰ ਕੀ ਤਕਲੀਫ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੀ ਗਲ ਨਾਲ ਸਹਿਮਤ ਹੋਵੋਗੇ ਕਿ ਗਰੀਬ ਤੇ ਬਹੁਤ ਜ਼ਿਆਦਾ ਬੋਝ ਪੈ ਗਿਆ ਹੈ। ਜੇ ਇਕ ਬਲਬ ਹੀ ਮਹੀਨਾ ਜਗਾਈਏ ਤਾਂ 25--30 ਯੂਨਿਟ ਤਾਂ ਬਿਜਲੀ ਇਕ ਬਲਬ ਤੇ ਖਰਚ ਹੋ ਜਾਂਦੀ ਹੈ ਪਰ ਜੇ ਕਿਸੇ ਗਰੀਬ ਨੇ, ਕਿਸੇ ਮਜ਼ਦੂਰ ਨੇ ਰੇਡੀਓ ਹੀ ਇਕੱਲਾ ਹੋਰ ਲਾ ਲਿਆ ਤਾਂ 25--30 ਯੂਨਿਟ ਹੋਰ ਖਰਚ ਹੋ ਜਾਵੇਗੀ। ਇਨ੍ਹਾਂ ਨੇ 25 ਯੂਨਿਟ ਤੋਂ ਬਾਅਦ ਸਾਰਿਆਂ ਦਾ ਰੇਟ ਵਧਾ ਦਿੱਤਾ ਹੈ। ਸਾਰਿਆਂ ਤੇ ਰਲੇਡਿਡ ਰੇਟ ਕਰ ਦਿੱਤਾ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਲੋਕਾਂ ਨੂੰ ਰਿਲੀਫ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਹੁਣ ਵਾਈਂਡ ਅੱਪ ਕਰ ਦਿਓ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਹੁਣੇ ਵਾਈਂਡ ਅੱਪ ਕਰ ਦਿੰਦਾ ਹਾਂ ਜੀ।

ਡਿਪਟੀ ਸਪੀਕਰ ਸਾਹਿਬ, ਜਿਹੜਾ ਇੰਡਸਟਰੀਅਲ ਵਰਕਰ ਹੈ, ਜਿਹੜਾ ਮਜ਼ਦੂਰ ਹੈ ਉਸ ਨੂੰ ਸੁੱਖ ਮਿਲਣਾ ਚਾਹੀਦਾ ਹੈ, ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ। ਜਿਹੜੀ ਮਜ਼ਦੂਰੀ ਤੁਸੀਂ ਉਨ੍ਹਾਂ ਦੇ ਲਈ ਫਿਕਸ ਕੀਤੀ ਹੈ ਉਹ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ । ਉਨ੍ਹਾਂ ਦੇ ਰਹਿਣ ਲਈ ਕੋਈ ਬਸੇਰਾ ਨਹੀਂ ਹੈ। ਇਸ ਲਈ ਮੇਰੀ ਸਰਕਾਰ ਨੂੰ ਇਹ ਵੀ ਬੇਨਤੀ ਹੈ ਕਿ ਸਰਕਾਰ ਨੂੰ ਉਨ੍ਹਾਂ ਦੇ ਲਈ ਰਹਿਣ ਬਸੇਰੇ ਬਣਾਉਣੇ ਚਾਹੀਦੇ ਹਨ, ਉਨ੍ਹਾਂ ਨੂੰ ਰਹਿਣ ਵਾਸਤੇ ਜਗ੍ਹਾ ਦੇਣੀ ਚਾਹੀਦੀ ਹੈ। ਅੱਜ ਹਾਲਤ ਇਹ ਹੈ ਕਿ ਕੋਈ ਵਿਚਾਰਾ ਸਟੇਸ਼ਨ ਤੇ ਪਿਆ ਹੈ, ਕੋਈ ਕਿਸੇ ਦੁਕਾਨ ਦੇ ਅਗੇ ਪਿਆ ਹੈ ਅਤੇ ਕੋਈ ਕਿਧਰੇ ਪਿਆ ਹੈ ਅਤੇ ਕੋਈ ਕਿਧਰੇ ਪਿਆ ਹੈ; ਜਿਥੇ ਕਿਸੇ ਵਿਚਾਰੇ ਨੂੰ ਕੋਈ ਜਗ੍ਹਾ ਮਿਲਦੀ ਹੈ ਉਥੇ ਹੀ ਰਾਤ ਕੱਟ ਲੈਂਦਾ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਸਾਡੀ ਸਰਕਾਰ ਨੂੰ ਉਨ੍ਹਾਂ ਦੇ ਲਈ ਕੋਈ ਇੰਤਜ਼ਾਮ ਕਰਨਾ ਚਾਹੀਦਾ ਹੈ। ਸਾਡੀ ਸਰਕਾਰ ਨੇ 400 ਮਕਾਨ ਬਣਾਏ ਵੀ ਹਨ ਲੇਕਿਨ ਉਹ ਮਕਾਨ ਹਾਲੇ ਤਕ ਕਿਸੇ ਨੂੰ ਅਲਾਟ ਨਹੀਂ ਹੋ ਸਕੇ। ਉਹ ਮਕਾਨ ਜਿਹੜੇ ਮਜ਼ਦੂਰ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ ਉਨ੍ਹਾਂ ਵਾਸਤੇ ਬਣੇ ਹਨ ਅਤੇ ਇਹ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਅਲਾਟ ਕੀਤੇ ਜਾਣ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ, ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਜੈ ਹਿੰਦ।

Mr. Deputy Speaker : Motion moved—

> "This House recommends to the State Government to take immediate and effective steps for providing regular power supply to the industry for the development of the State economy."

There are two amendments to this Resolution given notice of by Sardar Dalip Singh Pandhi and Sardar Birdevinder Singh. These will be deemed to have been read and moved.

Sardar Dalip Singh Pandhi :

> After the word "industry" occurring in the beginning of line 4, the words "and Agriculture" be added.

Sardar Birdevinder Singh :

> That the words "and Agriculture Sector" be inserted after the words "industry".

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਸਰ, ਮੇਰੀ ਅਮੈਂਡਮੈਂਟ ਤਾਂ ਇਹ ਸੀ--

> that after the word 'industry', the words 'agricluture sector' be added.

ਮੈਂ ਸਵੇਰੇ ਅਮੈਂਡਮੈਂਟ ਦਿੱਤੀ ਸੀ, ਸੈਕਟਰੀਏਟ ਨੇ ਇਸ ਦੇ ਵਿੱਚ ਢਿੱਲ ਕੀਤੀ ਹੈ। ਚਲੋ ਇਨ੍ਹਾਂ ਦੀ ਫਿਰ ਵੀ ਮਿਹਰਬਾਨੀ ਹੈ।

ਬਿਜਲੀ ਦੀ ਇਥੇ ਗੱਲ ਚਲੀ ਹੈ। ਸਾਲ 1981-82 ਦੀ ਬਿਜਲੀ ਬੋਰਡ ਦੀ ਰਿਪੋਰਟ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਅਜੇ ਤਕ ਥੀਨ ਡੈਮ ਪਲੈਨਿੰਗ ਕਮਿਸ਼ਨ ਨੇ ਪ੍ਰਵਾਨ ਨਹੀਂ ਕੀਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਅਤੇ ਉਸ ਦੇ ਲਈ 340.90 ਕਰੋੜ ਰੁਪਿਆ ਲਗਣਾ ਹੈ। ਪੰਜਾਬ ਸਰਕਾਰ ਨੇ ਉਪਰਾਲੇ ਕੀਤੇ ਹਨ ਪਰ ਇਸ ਦੇ ਰਿਸੋਰਸਿਜ਼ ਘੱਟ ਹਨ ਬਿਜਲੀ ਨਹੀਂ ਮਿਲਣੀ ਅਤੇ ਪੰਜਾਬ ਨੂੰ ਭੁੱਖਾ ਮਰਨਾ ਪਏਗਾ ਔਰ ਇਸ ਸਾਲ ਦੀ ਜਿਹੜੀ ਰਿਪੋਰਟ ਹੈ ਮੈਂ ਸਾਰੀ ਰਿਪੋਰਟ ਪੜ੍ਹੀ ਹੈ। ਪਿਛਲੇ ਸਾਲ ਜਿਹੜੀ ਟੋਟਲ ਬਿਜਲੀ ਆਈ ਇਹ ਵੀ ਘੱਟ ਹੀ ਆਈ, ਭਾਵੇਂ ਉਹ ਭਾਖੜੇ ਤੋਂ ਆਈ, ਭਾਵੇਂ ਗੰਗੂਵਾਲ ਤੋਂ ਆਈ, ਭਾਵੇਂ ਜੋਗਿੰਦਰ ਨਗਰ ਤੋਂ ਆਈ ਅਤੇ ਭਾਵੇਂ ਯੂ.ਬੀ.ਡੀ.ਸੀ. ਆਦਿ ਤੋ ਆਈ। ਜਿਹੜੀ ਇਸ ਸਾਲ ਦੀ ਹੈ ਉਸ ਦੀ ਜਿਹੜੀ ਰੇਸ਼ੋ ਹੈ ਉਹ ਹੈ 103888549 KWH, ਇਹ ਹਾਈਡਲ ਵਾਲੀ ਹੈ, ਬਠਿੰਡਾ ਥਰਮਲ ਪਲਾਂਟ ਦੀ ਹੈ। 1140941800 KWH ਡੀਜ਼ਲ ਦੀ 114348995 KWH ਬਿਜਲੀ ਦੀ ਟੋਟਲ ਕਨਜ਼ੰਪਸ਼ਨ ਹੈ ਉਹ ਇਸ ਸਰਕਾਰ ਦੇ ਪ੍ਰਬੰਧ ਵਿਚ ਪਿਛਲੇ ਸਾਲਾਂ ਨਾ ਲੋਂ ਪਿੱਛੇ ਰਹੇਗੀ ਤਾਂ ਬਿਜਲੀ ਬਿਨਾਂ ਕੰਮ ਕਿਵੇਂ ਚਲੇਗਾ। ਬਿਜਲੀ ਸ਼ਾਰੀ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਨੂੰ ਜਾ ਰਹੀ ਹੈ। ਕੁਝ ਨੰਗਲ ਫੈਕਟਰੀ ਖਾ ਗਈ ਹੈ। ਅੱਜ ਜਦੋਂ ਕਿਸੇ ਨੂੰ ਲੋੜ ਨਹੀਂ ਤਾਂ ਵੀ ਬਿਜਲੀ ਤੇ 13 ਘੰਟੇ ਕੱਟ ਲਗੀ ਹੋਈ ਹੈ। ਇੰਡਸਟਰੀ ਨੂੰ ਰਾਅ ਮੈਟੀਰੀਅਲ ਪੂਰਾ ਨਹੀਂ ਮਿਲ ਰਿਹਾ। ਫਿਰ ਸੂਬਾ ਤਰੱਕੀ ਕਿਵੇਂ ਕਰੇਗਾ। ਮੇਰੇ ਕੁਐਸਚਨ ਨੰ: 216 ਵਿਚ ਸਰਕਾਰ ਦਾ ਜਵਾਬ ਆਇਆ ਹੈ ਕਿ ਜੋ ਸਟੀਮ ਕੋਕ ਹੈ ਉਹ 1979 ਵਿਚ 27% ਆਇਆ, 1980 ਵਿਚ 15% ਅਤੇ 1981 ਵਿਚ 18.15% ਆਇਆ ਹੈ। ਹਾਰਡ ਕੋਕ 1979 ਵਿਚ 63%, 1980 ਵਿਚ 30% ਅਤੇ 1981 ਵਿਚ 13% ਆਇਆ ਹੈ। ਜੋ ਵੈਗਨਜ਼ ਦੀ ਅਲਾਟਮੈਂਟ ਹੋਈ ਉਨ੍ਹਾਂ ਮੁਤਾਬਕ ਮਿਲਣਾ ਸੀ ਪਰ ਮਿਲਿਆ ਐਨਾਂ। ਹੁਣ ਤੁਸੀਂ ਅੰਦਾਜ਼ਾ ਲਗਾਓ ਕਿ ਐਸੇ ਹਾਲਾਤ ਵਿਚ ਇੰਡਸਟਰੀ ਕਿਸ ਤਰ੍ਹਾਂ ਪਰਫੁਲਤ ਹੋਵੇਗੀ। ਹੁਣ ਸਲੈਕ ਕੋਕ ਦੀ ਪੋਜ਼ੀਸ਼ਨ ਵੇਖ ਲਵੋ। 1979 ਵਿਚ ਸਾਢੇ 9 ਰੈਕਸ ਕੀਤੇ ਸੀ ਅਤੇ ਆਏ 0.81%, 1980 ਵਿਚ 0.29% ਅਤੇ 1981 ਵਿਚ ਸਿਰਫ 25% ਆਏ। ਇਸੇ ਤਰਾਂ ਸੌਫਟ ਕੋਕ ਦੇ 1214 ਵੈਗਨਜ਼ ਆਉਣੇ ਸਨ, 1979 ਵਿਚ 8.08%, 1980 ਵਿਚ 9.06% ਅਤੇ 1981 ਵਿਚ 7.09% ਆਏ। ਇਹ ਸਾਡੀ ਹਾਲਤ ਹੈ ਕਿ ਸਾਨੂੰ ਕੋਲਾ ਤਕ ਪੂਰਾ ਨਹੀਂ ਮਿਲਦਾ। ਨਾ ਇਹ ਥਰਮਲ ਪਲਾਂਟ ਵਾਸਤੇ ਆਉਂਦਾ ਹੈ ਔਰ ਨਾ ਹੀ ਆਮ ਕਨਜ਼ੰਪਸ਼ਨ ਵਾਸਤੇ ਆਉਂਦਾ ਹੈ। ਲੋਕ ਬੇਰੋਜ਼ਗਾਰ ਫਿਰ ਰਹੇ ਹਨ, ਫੈਕਟਰੀਆਂ ਬੰਦ ਹੋ ਰਹੀਆਂ ਹਨ, ਲੇਅ ਆਫ ਹੋ ਰਹੇ ਹਨ, ਜਿਨ੍ਹਾਂ ਦਾ ਅਸਰ ਰਸੂਖ ਹੈ ਉਹ ਇਸ ਤਰ੍ਹਾਂ ਕਰ ਰਹੇ ਹਨ। ਬਿਜਲੀ ਨਹੀਂ ਮਿਲਦੀ। ਇਸ ਦੇ ਲਈ ਡੀਜ਼ਲ ਦੇ ਇੰਜਨ ਲਗਣੇ ਚਾਹੀਦੇ ਹਨ। ਪਰ ਉਹ ਵੀ ਬਣਨੇ ਬੰਦ ਹੋਏ ਪਏ ਹਨ। ਇਸ ਲਈ ਅਜਿਹੇ ਹਾਲਾਤ ਵਿਚ ਕਿਸ ਤਰ੍ਹਾਂ ਪੰਜਾਬ ਦਾ ਭਲਾ ਹੋ ਸਕਦਾ ਹੈ। ਜੇਕਰ ਕਲ੍ਹ ਦਾ ਰਾਜ ਸਭਾ ਦਾ ਬਿਆਨ ਪੜ੍ਹਿਆ ਜਾਏ ਤਾਂ ਪਤਾ ਲਗਦਾ ਹੈ ਕਿ 25% ਕਣਕ ਨੂੰ ਦਵਾਈਆਂ ਨਾ ਮਿਲਣ ਕਰਕੇ ਬਿਮਾਰੀ ਲਗ ਗਈ। ਇਨ੍ਹਾਂ ਨੂੰ ਬੀ.ਡੀ. ਸਾਈਡ ਦਵਾਈ ਮਿਲੀ ਨਹੀਂ ਅਤੇ ਪੰਜਾਬ ਸਰਕਾਰ ਇਹ ਲਿਆ ਨਹੀਂ ਸਕੀ। ਐਗਰੀਕਲਚਰਲ ਯੂਨੀਵਰਸਿਟੀ ਨੇ ਪੰਜਾਬ ਸਰਕਾਰ ਦੀ ਬੇਨਤੀ ਪ੍ਰਵਾਨ ਨਹੀਂ ਕੀਤੀ। ਉਨ੍ਹਾਂ ਦੇ ਮੁਤਾਬਕ 80% ਫਸਲ ਪੰਜਾਬ ਦੀ ਇਫੈਕਟਿਡ ਹੈ, ਇਸ ਦਾ ਮਤਲਬ ਹੈ ਕਿ 80% ਫਸਲ ਘੱਟ ਹੋਵੇਗੀ। ਸਾਡੀ ਸਟੇਟ ਦੇ ਹਾਲਾਤ ਬੜੇ ਮਾੜੇ ਹਨ, ਅਸੀਂ ਕਿਹਾ ਕਿ ਜੰਮਦੀ ਕਣਕ ਤੇ ਗੋਲੇ ਪੈ ਗਏ ਹਨ, ਇਸ ਲਈ ਮੁਆਵਜ਼ਾ ਦੇਣ ਲਈ ਦਿੱਲੀ ਤੋਂ ਪੈਸੇ ਲਿਆਓ। ਕਰੋੜਾਂ ਰੁਪਏ ਉਹ ਸਾਡੀ ਸਟੇਟ ਵਿਚੋਂ ਵੈਲਥ ਟੈਕਸ ਸਟੇਟ ਡਿਊਟੀ ਇਨਕਮ ਟੈਕਸ ਆਦਿ ਵਜੋਂ ਲੈ ਜਾਂਦੇ ਹਨ ਫਿਰ ਪਲਾਨਿੰਗ ਕਮਿਸ਼ਨ ਵਿਚ ਕਹਿੰਦੇ ਹਨ ਕਿ ਕਹੋ ਕਿ ਸਾਨੂੰ ਕੁਝ ਦੇਣ। ਇਕੋ ਪਾਰਟੀ ਦਾ ਰਾਜ ਹੈ ਇਹ ਕੁਝ ਬੋਲ ਨਹੀਂ ਸਕਦੇ ਪਰ ਇਥੇ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਰਹੀਆਂ ਹਨ, ਸੜਕਾਂ ਨਹੀਂ ਬਣ ਰਹੀਆਂ, ਮਾਰਕੀਟ ਕਮੇਟੀਆਂ ਦਾ ਬੁਰਾ ਹਾਲ

Original with;
Punjab Vidhan Sabha
Digitized by;
Panjab Digital Library

ਹੈ, ਜੋ ਲੋਕਾਂ ਦੀਆਂ ਆਮ ਸਹੂਲਤਾਂ ਦੀਆਂ ਚੀਜ਼ਾਂ ਹਨ ਉਹ ਨਹੀਂ ਮਿਲ ਰਹੀਆਂ। ਇਹ ਸਰਕਾਰ ਅਸੈਂਸ਼ੀਅਲ ਕਮਾਡਿਟੀਜ਼ ਅਵੇਲੇਬਲ ਨਹੀਂ ਕਰ ਸਕਦੀ। ਜਦੋਂ ਹਾਲਤ ਇਹ ਹੋਵੇ ਤਾਂ ਅਜਿਹੀ ਸਰਕਾਰ ਨੂੰ ਰਹਿਣ ਦਾ ਕੋਈ ਹੱਕ ਨਹੀਂ। ਲੋਕ ਇਸ ਦੀ ਪਰਫਾਰਮੈਂਸ ਦੇਖ ਰਹੇ ਹਨ। ਇੰਡਸਟਰੀ ਦੀ ਬੁਰੀ ਹਾਲਤ ਹੈ, ਲੇਬਰ ਵੇਹਲੀ ਫਿਰਦੀ ਹੈ ਅਤੇ ਉਸ ਦਾ ਬੁਰਾ ਹਾਲ ਹੈ। ਐਗਰੀਕਲਚਰਲ ਲੇਬਰ ਬਾਹਰੋਂ ਯੂ.ਪੀ. ਅਤੇ ਬਿਹਾਰ ਵਿਚੋਂ ਆ ਰਹੀ ਹੈ ਕਿਉਂਕਿ ਉਥੇ ਵੇਹਲੀ ਹੈ। ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਦਾ ਮੈਡੀਕਲ ਤਾਂ ਕਰਾ ਲਿਆ ਕਰੋ। ਉਹ ਪੂਰਬੀਏ ਅਤੇ ਬਿਹਾਰੀਏ ਸਾਨੂੰ ਵੀ ਬਿਮਾਰੀਆਂ ਲਾ ਦੇਣਗੇ। ਇਸ ਦੇ ਇਲਾਵਾ ਇਸ ਸਰਕਾਰ ਦਾ ਮਾਰਕਫੈਡ ਤੇ ਕੋਈ ਕੰਟਰੋਲ ਨਹੀਂ ਹੈ। ਬਨਸਪਤੀ ਘੀ ਵਿਚ ਹੇਰਾ ਫੇਰੀ ਚਲ ਰਹੀ ਹੈ, ਕਣਕ ਦਾ ਹਾਲ ਵੇਖ ਲਵੋ, ਸਰਕਾਰ ਦੇ ਗੁਦਾਮ ਦੀ ਕੋਈ ਚੈਕਿੰਗ ਨਹੀਂ, ਜਾਂ ਤਾਂ ਸਰਕਾਰ ਨੂੰ ਟਾਈਮ ਨਹੀਂ ਮਿਲਦਾ ਜਾਂ ਫਿਰ ਸਰਕਾਰ ਉਸ ਵਿੱਚ ਭਾਈਵਾਲ ਹੈ।

Sardar Baldev Singh Maan :

ਡਿਪਟੀ ਸਪੀਕਰ ਸਾਹਿਬ, ਇਹ ਅਮੈਂਡਮੈਂਟਸ ਰੂਲਜ਼ 156 ਅਤੇ 157 ਨੂੰ ਰਿਲੇਟ ਕਰਦੀਆਂ ਹਨ, ਮੈਂ ਪੜ੍ਹ ਦਿੰਦਾ ਹਾਂ :—

"156:—After a resolution has been moved, any member may, subject to the Rules relating to resolutions, move an amendment to the resolution."

"157 :—If notice of an amendment has not been given two clear days before the day on which the resolution is moved, any member may object to the moving of the amendment and such objection shall prevail, unless the Speaker allows the amendment to be moved."

ਸ਼੍ਰੀ ਡਿਪਟੀ ਸਪੀਕਰ : ਅਲਾਉ ਕੀਤੀਆਂ ਹੋਈਆਂ ਹਨ।

Shri Gopal Krishan Chatrath : On a point of Order. It is not possible to give 48 hours notice because the resolution itself was ballotted yesterday and the period between today and when the resolution was ballotted is less than 24 hours. So there is no question of 48 hours notice.

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡੀ.ਬੀ.ਸੀ. ਤੇ ਭਾਰਤ ਸਰਕਾਰ ਨੇ ਸਾਰੇ ਪੈਸੇ ਖਰਚ ਕਰਕੇ ਵੈਸਟ ਬੰਗਾਲ ਬੰਧ ਵਿਚ ਬੰਨ ਬਣਾ ਦਿੱਤਾ। ਥੀਨ ਡੈਮ ਦਾ ਵੇਖ ਲਵੋ। ਇੰਡੋ-ਪਾਕਿਸਤਾਨ ਦਾ 1970 ਵਿਚ ਮੁਆਹਿਦਾ ਹੋਇਆ ਸੀ ਅਤੇ 100 ਕਰੋੜ ਰੁਪਿਆ ਦਿੱਤਾ ਸੀ, ਪਰ ਪਾਣੀ ਅਜੇ ਉਥੇ ਜਾ ਰਿਹਾ ਹੈ। ਭਾਰਤ ਸਰਕਾਰ ਕਿਉਂ ਨਹੀਂ ਪੈਸਾ ਦਿੰਦੀ। ਅਗਰ ਇਨ੍ਹਾਂ ਦੀ ਗਲ ਨਹੀਂ ਮੰਨਦੇ ਤਾਂ ਸਾਨੂੰ ਨਾਲ ਲਿਜਾਣ, ਅਸੀਂ ਜਾਣ ਨੂੰ ਤਿਆਰ ਹਾਂ। ਇਨ੍ਹਾਂ ਨੇ ਰਾਵੀ-ਬਿਆਸ ਪਾਣੀ ਦਾ ਫੈਸਲਾ ਕਰ ਲਿਆ। ਕੋਈ ਰਾਜਸਥਾਨ ਦਾ ਕਲੇਮ ਨਹੀਂ ਸੀ, ਨਾ ਕੋਈ ਹਰਿਆਣਾ ਦਾ ਸੀ ਅਤੇ ਨਾ ਹੀ ਹਿਮਾਚਲ ਪ੍ਰਦੇਸ਼ ਦਾ ਸੀ, ਪਰ ਇਨ੍ਹਾਂ ਨੇ ਸਭ ਨੂੰ ਪਾਣੀ ਦੇ ਦਿੱਤਾ। ਹੁਣ ਜਦੋਂ ਬਿਜਲੀ ਪੈਦਾ ਹੋਵੇਗੀ ਤਾਂ ਫਿਰ ਸਾਡੇ ਨਾਲ ਵਿਤਕਰਾ ਹੋਵੇਗਾ। ਥਰਮਲ ਪਲਾਂਟ ਲਾ ਰਹੇ ਹਨ। ਉਸ ਦੇ ਲਈ ਕੋਲਾ ਘਟੀਆ ਆ ਰਿਹਾ ਹੈ। ਪਹਿਲਾ ਪੂਰੀ ਬਿਜਲੀ ਪੈਦਾ ਨਹੀਂ ਕਰ ਰਿਹਾ ਅਤੇ ਦੂਸਰਾ ਹੁਣ ਰੋਪੜ ਲਾਉਣ ਲਗੇ ਹਨ। ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਅਟਾਮਿਕ ਐਨਰਜੀ ਦਾ ਪਲਾਂਟ ਲਿਆਉਂਦੇ। ਕੋਟੇ ਵਿਚ ਦੇ ਦਿਤਾ। ਇਹ 47 ਲੱਖ ਟਨ ਕਣਕ ਨਹੀਂ ਦੇ ਸਕੇ ਚਲੋ ਇਹ ਤਾਂ ਸਰ-

Original with;
Punjab Vidhan Sabha
Digitized by
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਕਾਰ ਦੀ ਨਾਅਹਲਿਅੱਤ ਸੀ । ਪੂਰੀ ਸਪਲਾਈ ਨਹੀਂ ਦੇ ਸਕੇ ਕਿਉਂਕਿ ਬਿਜਲੀ ਨਹੀਂ ਦਿੱਤੀ। ਪਰ ਇਥੇ ਅਟਾਮਿਕ ਪਲਾਂਟ ਤਾਂ ਲਿਆਉਣਾ ਚਾਹੀਦਾ ਹੈ ।

12.18 ਪੀ.ਐਮ. (ਇਸ ਸਮੇਂ ਸਰਦਾਰ ਲਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਇਸ ਤੋਂ ਇਲਾਵਾ ਤੁਸੀਂ ਵੇਖੋ 220 ਦੇ ਗਰਿਡ ਸੱਬ ਸਟੇਸ਼ਨ ਹਨ, ਉਹ ਵੀ ਭਾਖੜਾ ਮੈਨੇਜਮੈਂਟ ਦੇ ਕੰਟਰੋਲ ਵਿਚ ਹਨ, ਉਹ ਕਿਉਂ ਨਹੀਂ ਬਿਜਲੀ ਬੋਰਡ ਦੇ ਹਵਾਲੇ ਕੀਤੇ ਜਾਂਦੇ। ਉਸ ਬੋਰਡ ਵਿਚ ਸਾਰੇ ਸੈਂਟਰ ਦੀ ਸਰਕਾਰ ਦੇ ਨੁਮਾਇੰਦੇ ਹੁੰਦੇ ਹਨ ਅਤੇ ਉਹ ਆਪਣੀ ਮਰਜ਼ੀ ਨਾਲ ਫੈਸਲਾ ਕਰਦੇ ਹਨ। ਇਸ ਦਾ ਕੰਟਰੋਲ ਬਿਜਲੀ ਬੋਰਡ ਨੂੰ ਦਿੱਤਾ ਜਾਣਾ ਚਾਹੀਦਾ ਹੈ । ਜਿਹੜੀ ਬਿਜਲੀ ਹੈ ਉਹ ਖੇਤੀਬਾੜੀ ਲਈ ਨਹੀਂ ਮਿਲਦੀ, ਗਰੀਬਾਂ ਨੂੰ ਨਹੀਂ ਮਿਲਦੀ, ਇਹ ਆਪਣੇ ਚਹੇਤਿਆਂ ਨੂੰ ਦਿਤੀ ਜਾਂਦੀ ਹੈ। ਇਹ ਬਿਜਲੀ ਬੋਰਡ ਇਕ ਵ੍ਹਾਈਟ ਐਲੀਫੈਂਟ ਹੈ। ਤੁਸੀਂ ਵੇਖ ਲਵੋ, ਇਸ ਸਮੇਂ ਜਿਹੜਾ ਟੈਕਸ ਲਗਾਇਆ ਹੈ: ਇਸ ਨੇ ਗਰੀਬਾਂ ਨੂੰ ਅਸਰ ਅੰਦਾਜ਼ ਕੀਤਾ ਹੈ ਕਿਉਂਕਿ ਗਰੀਬ ਦੇ ਘਰ ਜਿਹੜੀ ਬਿਜਲੀ ਬਲਦੀ ਹੈ ਇਹ ਉਸ ਤੇ ਲਾਇਆ ਗਿਆ ਹੈ। ਬਿਜਲੀ ਵਾਲਿਆਂ ਦੀਆਂ ਕੋਠੀਆਂ ਵੇਖੋ ਕਿ ਉਥੇ ਕਿੰਨੀ ਬਿਜਲੀ ਬਲ ਰਹੀ ਹੈ ਪਰ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਬਿਜਲੀ ਪੂਰੀ ਨਹੀਂ ਮਿਲ ਰਹੀ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਵਾਈਟ ਐਲੀਫੈਂਟ ਬਣ ਗਿਆ ਹੈ। ਇਸ ਦੀ ਕੋਈ ਸੰਭਾਲ ਨਹੀਂ ਹੈ। ਟਰਾਂਸਮਿਸ਼ਨ ਲਾਈਨਾਂ ਵਿੱਚ ਨੁਕਸ ਹੈ। ਮੋਟਰਾਂ ਵਿੱਚ ਨੁਕਸ ਹੈ। ਇਥੇ ਬੜੇ ਸਕੈਂਡਲ ਹੋ ਰਹੇ ਹਨ। ਇਸ ਬੋਰਡ ਦੇ ਚੇਅਰਮੈਨ ਨੂੰ ਕੋਈ ਟਾਈਮ ਨਹੀਂ ਹੈ। ਉਹ ਦਿੱਲੀ ਬੈਠਾ ਹੀ ਕੰਟਰੋਲ ਕਰੀ ਜਾਂਦਾ ਹੈ। ਸਿਫਾਰਸ਼ ਨਾਲ ਲੱਗਿਆ ਹੈ। ਜਿਥੇ ਨੋਮੀਨੇਸ਼ਨਜ਼ ਨਾਲ ਬੰਦੇ ਲਗਣ ਤਾਂ ਕੀ ਕੰਮ ਚਲੇਗਾ । ਨਾਮੀਨੇਟਿਡ ਸਰਕਾਰ ਤਾਂ ਕੰਮ ਚਲਾ ਨਹੀਂ ਸਕਦੀ। ਫਿਰ ਇਸ ਸਰਕਾਰ ਕੋਲ ਪੈਸਾ ਹੀ ਕੋਈ ਨਹੀਂ। ਜੇ ਸੜਕਾਂ ਦੀ ਗੱਲ ਕਰੀਏ ਤਾਂ ਕਹਿੰਦੇ ਹਨ ਕਿ ਪੈਸਾ ਨਹੀਂ। ਜੇ ਬੇਰੁਜ਼ਗਾਰੀ ਨੂੰ ਦੂਰ ਕਰਨ ਦੀ ਗੱਲ ਕਰੀਏ ਤਾਂ ਪੈਸਾ ਨਹੀਂ । ਪੈਸੇ ਦੇ ਬਗੈਰ ਕੋਈ ਕੰਮ ਨਹੀਂ ਚਲ ਸਕਦਾ। ਫਿਰ ਭਾਈਚਾਰੇ ਦਾ ਅਤੇ ਗਰੀਬਾਂ ਦਾ ਕੰਮ ਕਿਵੇਂ ਚਲੇਗਾ। ਅੱਜ ਇਹ ਸਰਕਾਰ ਹਰ ਸੈਕਟਰ ਵਿੱਚ ਫੇਲ੍ਹ ਹੈ। ਕਿਸਾਨ ਇਸ ਸਰਕਾਰ ਤੋਂ ਦੁਖੀ ਹੈ। ਕਿਸਾਨਾਂ ਦੀਆਂ ਜ਼ਮੀਨਾਂ ਦੇ ਇੰਤਕਾਲ ਵਕਤ ਸਿਰ ਨਹੀਂ ਹੁੰਦੇ। ਸਰਦਾਰ ਗੁਰਦਰਸ਼ਨ ਸਿੰਘ ਬੈਠੇ ਨਹੀਂ। ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਡੀ.ਸੀ. ਪਟਿਆਲਾ ਨੇ 6, 7 ਮਾਰਚ ਨੂੰ ਦੋ ਵਜ਼ੀਰਾਂ ਨੂੰ ਖੁਸ਼ ਕਰਨ ਲਈ ਰੈਡਕਰਾਸ ਦੇ ਨਾਂ ਤੇ 100, 100 ਰੁਪਏ ਦੀਆਂ ਟਿਕਟਾਂ ਪੰਜ, ਪੰਜ ਹਜ਼ਾਰ ਰੁਪਏ ਦੀਆਂ ਬੀ.ਡੀ.ਓਜ਼., ਤਹਿਸੀਲਦਾਰਾਂ ਨੂੰ ਦੇ ਦਿੱਤੀਆਂ। ਹਜ਼ਾਰਾਂ ਰੁਪਏ ਦੀਆਂ ਉਗਰਾਹੀਆਂ ਉਨ੍ਹਾਂ ਦੇ ਜ਼ਿੰਮੇ ਲਾ ਦਿੱਤੀਆਂ। ਇੱਕ ਵਜ਼ੀਰ ਸਾਹਿਬ ਇਥੇ ਬੈਠੇ ਹਨ । ਸੇਠ ਭਗਵਾਨ ਦਾਸ ਵੀ ਉਥੇ ਗਏ ਹਨ। ਗੁਰਦਾਸ ਮਾਨ ਨੇ ਕਾਫੀ ਗਾਣੇ ਗਾਏ।

ਸ਼੍ਰੀ ਸਭਾਪਤੀ : ਰੈਜ਼ੋਲਿਊਸ਼ਨ ਤੇ ਬੋਲੋ ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਪਟਵਾਰੀ, ਤਹਿਸੀਲਦਾਰ, ਐਸ.ਡੀ.ਐਮ., ਬੀ.ਡੀ.ਓਜ਼, ਨੂੰ ਐਗਰੀਕਲਚਰਿਸਟਸ ਤੋਂ ਵਸੂਲੀ ਕਰਨ ਲਈ ਕਿਹਾ ਗਿਆ । ਡੀ.ਸੀ. ਰੈਵੇਨਿਊ ਅਫਸਰ ਹੈ, ਜ਼ਿਲ੍ਹੇ ਦਾ ਕੁਲੈਕਟਰ ਹੈ। ਉਸਨੂੰ ਕੋਈ ਐਸਾ ਰਾਈਟ ਨਹੀਂ। ਫਿਰ ਰਜਿਸਟਰੀਆਂ ਦੀ ਕੋਈ

Original with;
Punjab Vidhan Sabha
Digitized by;
Panjab Digital Library

ਮਿਆਦ ਨਹੀਂ। ਬੜਾ ਲੰਮਾ ਸਮਾਂ ਲਿਆ ਜਾਂਦਾ ਹੈ। ਪਹਿਲੀ ਵਾਰ ਇਸ ਸਰਕਾਰ ਨੇ ਰੈਡਕਰਾਸ ਦੇ ਮੇਲੇ ਅਤੇ ਕੁਸ਼ਤੀਆਂ ਦੇ ਨਾਂ ਤੇ ਟਿਕਟਾਂ ਵਿਕਵਾਈਆਂ। ਮੈਂ ਕਹਿੰਦਾ ਹਾਂ ਕਿ ਹੋਰ ਰਿਸੋਰਸਿਜ਼ ਪੈਦਾ ਕਰੋ। ਦਿੱਲੀ ਦੀ ਸਰਕਾਰ ਤੁਹਾਡੇ ਤੇ ਮੇਹਰਬਾਨ ਹੈ। ਅੱਗੇ ਇਹ ਸਰਕਾਰ 145 ਕਰੋੜ ਰੁਪਏ ਘਾਟੇ ਵਿੱਚ ਚਲ ਰਹੀ ਹੈ। ਪੰਜਾਬ ਦੀ ਜਿਤਨੀ ਆਮਦਨ ਹੈ ਉਹ ਸਾਰੀ ਉਪਰ ਜਾਂਦੀ ਹੈ। ਭਾਵੇਂ ਇਨਕਮ ਟੈਕਸ ਹੈ, ਵੈਲਥ ਟੈਕਸ ਹੈ ਜਾਂ ਰੇਲਵੇ ਹੈ, ਇਹ ਸਾਰੀ ਆਮਦਨ ਪੰਜਾਬ ਤੋਂ ਸੈਂਟਰ ਨੂੰ ਜਾਂਦੀ ਹੈ। ਸੀ.ਏ.ਜੀ. ਨੇ ਇਸ ਸਬੰਧ ਵਿੱਚ ਰਿਪੋਰਟਾਂ ਦਿੱਤੀਆਂ ਹਨ। ਉਨ੍ਹਾਂ ਤੋਂ ਪੈਸੇ ਵਸੂਲੇ ਜਾਣ। ਫਿਰ ਕੁਰੱਪਸ਼ਨ ਬੜੀ ਹੈ। ਟੈਕਸਿਜ਼ ਦੀ ਉਗਰਾਹੀ ਕਰੋ। ਨਵੇਂ ਟੈਕਸ ਲਾਉਣ ਦੀ ਲੋੜ ਨਹੀਂ। ਕਿਸਾਨਾਂ ਤੋਂ ਉਗਰਾਹੀ ਨਹੀਂ ਕਰਨੀ ਚਾਹੀਦੀ। ਇੰਡਸਟਰੀ ਨੂੰ ਕੋਈ ਨਵਾਂ ਪਰਮਿਟ ਨਹੀਂ ਦੇ ਰਹੇ। ਇਹ ਸਰਕਾਰ ਉਨ੍ਹਾਂ ਨੂੰ ਕੋਈ ਬਿਜਲੀ ਨਹੀਂ ਦੇ ਸਕਦੀ। ਜੇ ਕੋਈ ਆਪਣੇ ਜੈਨਰੇਟਰ ਲਗਾ ਕੇ ਇੰਤਜ਼ਾਮ ਕਰਨਾ ਚਾਹੁੰਦਾ ਹੈ ਤਾਂ ਕਰਨ ਦਿਓ। ਕਾਰਖਾਨੇਦਾਰ ਪਟਿਆਲੇ ਰਿਆਸਤ ਵਿੱਚ ਅੱਗੇ ਆਪਣਾ ਸਬ-ਸਟੇਸ਼ਨ ਲਾ ਕੇ ਕੰਮ ਕਰਦੇ ਸਨ। ਨੰਗਲ ਦੇ ਬਾਰੇ ਬੜਾ ਰੌਲਾ ਪੈ ਰਿਹਾ ਹੈ ਕਿ ਬੜੀ ਹੇਰਾ-ਫੇਰੀ ਹੋ ਗਈ ਹੈ। ਪੁਲ ਟੁੱਟ ਗਿਆ ਹੈ। ਬਹੁਤ ਘਟੀਆ ਮਾਲ ਵਰਤਿਆ ਗਿਆ। ਸਬੰਧਤ ਵਜ਼ੀਰ ਜਾਂ ਮੁੱਖ ਮੰਤਰੀ ਸਾਹਿਬ ਕਦੇ ਥੀਨ ਡੈਮ ਤੇ ਜਾਣ ਦਾ ਕਸ਼ਟ ਨਹੀਂ ਕਰ ਸਕਦੇ। ਦਿੱਲੀ ਤਾਂ ਆਏ ਤੀਜੇ, ਚੌਥੇ ਦਿਨ ਜਾਂਦੇ ਹਨ ਕਿਉਂਕਿ ਵਜ਼ੀਰੀ ਉਥੇ ਪੱਕੀ ਹੁੰਦੀ ਹੈ। ਢੋਲ ਬਾਹਾ ਡੈਮ ਅਤੇ ਥੀਨ ਡੈਮ ਤੇ ਕੋਈ ਨਹੀਂ ਜਾਂਦਾ। ਅਨੰਦਪੁਰ ਸਾਹਿਬ ਬਾਰੇ ਵੀ ਅਸੀਂ ਬੜਾ ਕਿਹਾ ਹੈ। ਜਿਹੜੇ ਲੋਕ ਕੋਇਲੇ ਵਿੱਚ ਹੇਰਾਫੇਰੀ ਕਰਦੇ ਹਨ, ਸ਼ਰਾਬ ਵਿੱਚ ਹੇਰਾਫੇਰੀ ਕਰਦੇ ਹਨ, ਉਨ੍ਹਾਂ ਤੋਂ ਪੈਸੇ ਲੈ ਕੇ ਲਗਾਓ ਪਰ ਕਿਸਾਨ ਨੂੰ ਨਾ ਮਾਰੋ। ਗੋਬਿੰਦਗੜ ਵਿੱਚ ਕੋਇਲੇ ਵਿੱਚ ਦੋ ਲੱਖ ਦੀ ਹੇਰਾਫੇਰੀ ਹੋਈ ਹੈ। ਪਿਛਲੇ ਸਾਲ ਉਨ੍ਹਾਂ ਨੂੰ ਕੋਈ ਕੋਇਲਾ ਨਹੀਂ ਦਿੱਤਾ। ਭੱਠਿਆਂ ਵਾਲਿਆਂ ਨੂੰ ਕੋਈ ਕੋਇਲਾ ਨਹੀਂ ਦਿੱਤਾ। ਫਿਰ ਇੰਡਸਟਰੀ ਕਿਵੇਂ ਚਲੇਗੀ ? ਪਰ ਦੂਜੇ ਪਾਸੇ ਉਗਰਾਹੀਆਂ ਬਹੁਤ ਹੁੰਦੀਆਂ ਹਨ। ਇਹ ਤਾਂ, ਚੇਅਰਮੈਨ ਸਾਹਿਬ, ਲੋਕ ਵੇਖਣਗੇ ਕਿ ਕੌਣ ਚੰਗਾ ਹੈ ਅਤੇ ਕੌਣ ਮਾੜਾ ਹੈ। ਬਠਿੰਡਾ ਥਰਮਲ ਪਲਾਂਟ ਬਿਲਕੁਲ ਫੇਲ੍ਹ ਹੈ। ਸਾਡੀ ਸਰਕਾਰ ਨੇ ਇਹ ਲਗਾ ਦਿੱਤਾ ਸੀ। ਉਥੇ ਪੂਰਾ ਕੋਇਲਾ ਮੁਹੱਈਆ ਨਹੀਂ ਕਰ ਸਕਦੇ। ਦੂਜੇ ਪਾਸੇ ਸਾਰੇ ਬਠਿੰਡੇ ਸ਼ਹਿਰ ਦੇ ਸਿਰ ਵਿਚ ਇਸ ਪਲਾਂਟ ਦੀ ਸੁਆਹ ਪਾਈ ਜਾ ਰਹੇ ਹਨ ਅਤੇ ਇਸ ਨਾਲ ਲੋਕਾਂ ਨੂੰ ਬਿਮਾਰੀਆਂ ਲੱਗ ਰਹੀਆਂ ਹਨ। ਇਸ ਦਾ ਕੋਈ ਇੰਤਜ਼ਾਮ ਸਰਕਾਰ ਨੇ ਨਹੀਂ ਕੀਤਾ। ਜੇ ਲੋਕਾਂ ਨੂੰ ਬਿਜਲੀ ਨਹੀਂ ਦੇਣੀ ਤਾਂ ਉਨ੍ਹਾਂ ਦੇ ਸਿਰ ਵਿੱਚ ਸੁਆਹ ਤਾਂ ਨਾ ਪਾਓ। ਉਨ੍ਹਾਂ ਨੂੰ ਟੀ.ਬੀ. ਦੀਆਂ ਬਿਮਾਰੀਆਂ ਲੱਗ ਰਹੀਆਂ ਹਨ। ਮੈਂ ਕਹਿੰਦਾ ਹਾਂ ਕਿ ਨੰਗਲ ਥਰਮਲ ਪਲਾਂਟ ਦੀ ਲੋੜ ਨਹੀਂ। ਅਟਾਮਿਕ ਐਨਰਜੀ ਦਾ ਪਲਾਂਟ ਲਗਾਓ। ਪਾਣੀ ਰਾਹੀਂ ਬਿਜਲੀ ਪੈਦਾ ਕਰੋ। ਚੇਅਰਮੈਨ ਸਾਹਿਬ, ਬਿਜਲੀ ਬੋਰਡ ਵਿੱਚ ਕੋਈ ਰਿਜ਼ਰਵੇਸ਼ਨ ਨਹੀਂ ਹੈ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਸਾਰੀਆਂ ਕਾਰਪੋਰੇਸ਼ਨਾਂ, ਮਿਊਂਸਪਲ ਕਮੇਟੀਆਂ ਵਿੱਚ ਰਿਜ਼ਰਵੇਸ਼ਨ ਐਕਟ ਲਾਗੂ ਕਰੋ। ਜਿਹੜੇ ਲੋਕ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਾਂ ਨਾਲ ਸਬੰਧ ਰਖਦੇ ਹਨ, ਉਨ੍ਹਾਂ ਨੂੰ ਰਿਜ਼ਰਵੇਸ਼ਨ ਐਕਟ ਬਣਾ ਕੇ ਸਰਵਿਸਿਜ਼ ਵਿੱਚ ਰਿਜ਼ਰਵੇਸ਼ਨ ਦਿਓ। ਮੈਂ ਬੇਨਤੀ ਕਰਾਂਗਾ ਕਿ ਇਹ ਰੈਜ਼ੋਲਿਊਸ਼ਨ ਕਾਂਗਰਸੀ ਮੈਂਬਰ ਨੇ ਲਿਆਂਦਾ ਹੈ। ਇਸ ਨੂੰ ਪਾਸ ਕੀਤਾ ਜਾਵੇ। ਪੱਤੇਬਾਜ਼ੀ ਨਾ ਕੀਤੀ ਜਾਵੇ। ਮੈਂਬਰ ਸਾਹਿਬ ਕਹਿਣ ਕਿ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਜਾਵੇ, ਤਾਂ ਕਿ ਅਗਲਾ ਰੈਜ਼ੋਲਿਊਸ਼ਨ ਆ ਜਾਵੇ। ਖੇਤੀਬਾੜੀ ਦੀ ਸੰਭਾਲ ਲਈ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਵਾਰੀ ਕਣਕ ਦੀ ਫਸਲ ਬਿਲਕੁਲ ਨਹੀਂ ਹੋਈ। ਲੋਕਾਂ ਨਾਲ ਬਹੁਤ ਜ਼ਿਆਦਤੀ ਹੋਈ ਹੈ। ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ।

Original with;
Punjab Vidhan Sabha
Digitized by
Panjab Digital Library

ਸਰਦਾਰ ਹਰਚਰਨ ਸਿੰਘ ਹੀਰੋ (ਜ਼ੀਰਾ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਇਹ ਜਿਹੜਾ ਰੈਜ਼ੋਲਿਊਸ਼ਨ, ਸ਼੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਲਿਆਂਦਾ ਹੈ ਕਿ ਇੰਡਸਟਰੀ ਨੂੰ ਬਿਜਲੀ ਦੀ ਰੈਗੂਲਰ ਸਪਲਾਈ ਦਿੱਤੀ ਜਾਵੇ, ਇਸ ਦੇ ਵਿੱਚ ਅਸੀਂ ਅਮੈਂਡਮੈਂਟ ਭੇਜੀ ਸੀ ਕਿ ਐਗਰੀਕਲਚਰਲ ਸੈਕਟਰ ਨੂੰ ਵੀ ਰੈਗੂਲਰ ਸਪਲਾਈ ਦਿੱਤੀ ਜਾਵੇ। ਚੇਅਰਮੈਨ ਸਾਹਿਬ, ਤੁਹਾਡੇ ਸਾਹਮਣੇ ਇਨ੍ਹਾਂ ਦੀ ਹਮਦਰਦੀ ਜੋ ਕਿਸਾਨ ਨਾਲ ਹੈ ਉਹ ਜ਼ਾਹਿਰ ਹੋ ਗਈ ਹੈ। ਇਨ੍ਹਾਂ ਨੇ ਕਾਨੂੰਨ ਦੀ ਕਿਤਾਬ ਕੱਢ ਕੇ ਕਿਹਾ ਕਿ ਅਮੈਂਡਮੈਂਟ ਮੂਵ ਨਹੀਂ ਹੋ ਸਕਦੀ। ਇਹ ਆਪਣੇ ਆਪ ਨੂੰ ਕਿਸਾਨਾਂ ਦਾ ਦਾਵੇਦਾਰ ਕਹਿੰਦੇ ਹਨ। ਇਨ੍ਹਾਂ ਦੀ ਕਰਤੂਤ ਦਾ ਸਭ ਨੂੰ ਪਤਾ ਲਗ ਗਿਆ ਹੈ। ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਇਸ ਲਈ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਰੈਜ਼ੋਲਿਊਸ਼ਨ ਦੇ ਆਉਣ ਤੋਂ ਪਹਿਲਾਂ ਹੀ ਬਿਜਲੀ ਲਈ ਬਹੁਤ ਧਿਆਨ ਦਿੱਤਾ ਹੈ ਅਤੇ ਤਕਰੀਬਨ ਸਟੇਟ ਦਾ ਅੱਧਾ ਬਜਟ ਪੰਜਾਬ ਵਿੱਚ ਬਿਜਲੀ ਦੇ ਉਤਪਾਦਨ ਲਈ ਰੱਖਿਆ ਹੈ। ਜਿਹੜੇ ਪ੍ਰਾਜੈਕਟ ਸੰਨ 1972 ਵਿੱਚ ਸ਼ੁਰੂ ਹੋਏ ਸਨ, ਜਿਵੇਂ ਆਨੰਦਪੁਰ ਸਾਹਿਬ ਹਾਈਡਲ, ਮੁਕੇਰੀਆਂ ਹਾਈਡਲ ਅਤੇ ਸ਼ਾਨਨ ਪ੍ਰਾਜੈਕਟ ਹਨ, ਉਨ੍ਹਾਂ ਦੀ ਇਨ੍ਹਾਂ ਦੀ ਹਕੂਮਤ ਵੇਲੇ ਬੁਰੀ ਹਾਲਤ ਹੋਈ। ਮੈਂ ਇਨ੍ਹਾਂ ਦਾ ਭੇਤੀ ਹਾਂ ਇਸ ਲਈ ਮੈਨੂੰ ਪਤਾ ਹੈ ਜੋ ਕੁਰੱਪਸ਼ਨ ਇਨ੍ਹਾਂ ਨੇ ਉਦੋਂ ਕੀਤੀ। ਮਸ਼ੀਨਰੀ ਖਰੀਦ ਖਰੀਦ ਕੇ ਰੱਖ ਦਿੱਤੀ ਪਰ ਕੰਮ ਕੋਈ ਨਹੀਂ ਹੋਇਆ। ਇਥੇ ਭੂੰਦੜ ਸਾਹਿਬ ਨੇ ਕਿਹਾ ਕਿ ਮਸ਼ੀਨਰੀ ਖੜ੍ਹੀ ਹੈ। ਮੈਂ ਕਹਿੰਦਾ ਹਾਂ ਕਿ ਇਹ ਵੇਖ ਲੈਣ ਕਿ ਉਹ ਮਸ਼ੀਨਰੀ ਕਿਸ ਜ਼ਮਾਨੇ ਦੀ ਖਰੀਦੀ ਹੋਈ ਹੈ। ਹੁਣ ਇਸ ਸਰਕਾਰ ਨੇ ਇਨ੍ਹਾਂ ਪ੍ਰਾਜੈਕਟਸ ਤੇ ਵਾਰ-ਫੁਟਿੰਗ ਨਾਲ ਕੰਮ ਸ਼ੁਰੂ ਕੀਤਾ ਹੈ। ਸਾਡੀ ਪਬਲਿਕ ਅੰਡਰਟੇਕਿੰਗਜ਼ ਦੀ ਕਮੇਟੀ ਉਥੇ ਗਈ ਸੀ। ਅਸੀਂ ਵੇਖ ਕੇ ਆਏ ਹਾਂ ਕਿ ਉਥੇ ਹੁਣ ਦਿਨ ਰਾਤ ਕੰਮ ਚਲਦਾ ਹੈ। ਇਸ ਗੱਲ ਦਾ ਕਰੈਡਿਟ ਸਰਦਾਰ ਦਰਬਾਰਾ ਸਿੰਘ ਨੂੰ ਜਾਂਦਾ ਹੈ। ਇਨ੍ਹਾਂ ਦੇ ਰਾਜ ਭਾਗ ਵਿੱਚ ਤਾਂ ਡੀਜ਼ਲ ਦੀਆਂ ਲਾਈਨਾਂ ਲੱਗੀਆਂ।

ਸ਼੍ਰੀ ਸਭਾਪਤੀ : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ ਅਤੇ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਹਰਚਰਨ ਸਿੰਘ ਹੀਰੋ : ਚੇਅਰਮੈਨ ਸਾਹਿਬ, ਅਸੀਂ ਜ਼ਿਮੀਂਦਾਰਾਂ ਦੇ ਹਮਦਰਦ ਹਾਂ। ਇਨ੍ਹਾਂ ਦਾ ਜਦੋਂ ਰਾਜ ਰਿਹਾ ਉਦੋਂ ਲੋਕੀਂ ਲੁੱਟੇ ਮਾਰੇ ਗਏ। ਪਰ ਇਨ੍ਹਾਂ ਨੇ ਜਦੋਂ ਇਥੇ ਬੋਲਣਾ ਹੈ ਉਦੋਂ ਇਹੀ ਕਹਿਣਾ ਹੈ ਕਿ ਅਸੀਂ ਲੁੱਟੇ ਗਏ, ਮਾਰੇ ਗਏ। ਉਦੋਂ ਇਥੇ ਬਿਜਲੀ ਪੂਰੀ ਨਹੀਂ ਮਿਲੀ। ਪਰ ਸਾਡੀ ਸਰਕਾਰ ਨੂੰ ਇਹ ਕਰੈਡਿਟ ਜਾਂਦਾ ਹੈ ਕਿ ਲਗਾਤਾਰ ਬਿਜਲੀ ਦੀ 12 ਘੰਟੇ ਦੀ ਸਪਲਾਈ ਝੋਨੇ ਦੀ ਫਸਲ ਨੂੰ ਦਿੱਤੀ ਅਤੇ ਰਿਕਾਰਡ ਤੋੜ ਫਸਲ ਝੋਨੇ ਦੀ ਇਸ ਸਾਲ ਇਥੇ ਹੋਈ ਹੈ। ਇਹ ਕੋਈ ਸੌਖੀ ਗਲ ਨਹੀਂ ਸੀ। ਜਿਥੇ ਇੰਡਸਟਰੀ ਨੂੰ ਬਿਜਲੀ ਮਿਲਣੀ ਚਾਹੀਦੀ ਹੈ, ਉਥੇ ਐਗਰੀਕਲਚਰਲ ਸੈਕਟਰ ਨੂੰ ਵੀ ਪਹਿਲ ਦੇਣੀ ਚਾਹੀਦੀ ਹੈ। ਮੈਂ ਇਸਦਾ ਕਾਰਨ ਦਸਦਾ ਹਾਂ।

ਜੇਕਰ ਐਗਰੀਕਲਚਰ ਸੈਕਟਰ ਵਿਚ ਬਿਜਲੀ ਨਹੀਂ ਜਾਵੇਗੀ ਤਾਂ ਕਾਰਖਾਨੇ ਵੀ ਕਿਸ ਤਰ੍ਹਾਂ ਚਲਣਗੇ, ਉਨ੍ਹਾਂ ਲਈ ਰਾਅ ਮੈਟੀਰੀਅਲ ਤਾਂ ਐਗਰੀਕਲਚਰਲ ਸੈਕਟਰ ਵਿਚੋਂ ਆਉਣਾ ਹੈ। ਇਸ ਲਈ ਮੈਂ ਕਹਾਂਗਾ ਕਿ ਕਾਰਖਾਨਿਆਂ ਨੂੰ ਬਿਜਲੀ ਐਗਰੀਕਲਚਰਲ ਸੈਕਟਰ ਦੀ ਕਾਸਟ ਤੇ ਨਾ ਦਿਓ। ਠੀਕ ਹੈ ਕਿ ਕਾਰਖਾਨਿਆਂ ਨੂੰ ਬਿਜਲੀ ਦੇਣੀ ਚਾਹੀਦੀ ਹੈ। ਪਰ ਕਿਉਂਕਿ ਸਾਡੀ ਐਗਰੀਕਲਚਰ ਤੇ 90% ਲੋਕ ਡਿਪੈਂਡ ਕਰਦੇ ਹਨ, ਇਸ ਲਈ ਐਗਰੀਕਲਚਰਲ ਸੈਕਟਰ ਨੂੰ ਬਿਜਲੀ ਮਿਲਣੀ ਚਾਹੀਦੀ ਹੈ। ਜੇਕਰ ਰੈਗੂਲਰ ਸਪਲਾਈ ਨਹੀਂ ਦੇ ਸਕਦੇ ਤਾਂ ਜਿਤਨੇ ਘੰਟੇ ਸਪਲਾਈ ਦੇਣੀ ਹੈ, ਉਹ ਰੈਗੂਲਰ ਹੋਣੀ ਚਾਹੀਦੀ ਹੈ। ਹੁਣ ਫਸਲਾਂ ਪੱਕਣ ਤੇ ਆਈਆਂ ਹੋਈਆਂ ਹਨ, ਇਸ ਲਈ ਜੇਕਰ

Original with;
Punjab Vidhan Sabha
Digitized by;
Panjab Digital Library

ਕਾਰਖਾਨਿਆਂ ਵੱਲੋਂ ਵੀ ਬਿਜਲੀ ਲੈ ਕੇ ਦਿੱਤੀ ਜਾਵੇ, ਤਾਂ ਵੀ ਦੇਣੀ ਚਾਹੀਦੀ ਹੈ। ਜਿਸ ਤਰ੍ਹਾਂ ਇੰਡਸਟਰੀ ਦੇ ਬਾਰੇ ਗੁਪਤਾ ਸਾਹਿਬ ਨੇ ਕਿਹਾ ਹੈ ਕਿ ਜੇਕਰ ਸਰਕਾਰ ਇੰਡਸਟਰੀ ਦੀ ਬਿਜਲੀ ਦਾ ਰੇਟ ਇਕ ਪੈਸਾ ਵਧਾ ਦੇਵੇ ਤਾਂ ਕੋਈ ਹਰਜ਼ ਨਹੀਂ ਹੈ। ਮੈਂ ਵੀ ਸਮਝਦਾ ਹਾਂ ਕਿ ਇਸ ਵਿਚ ਕੋਈ ਫਰਕ ਨਹੀਂ ਹੈ, ਇਕ ਪੈਸਾ ਵਧਣ ਨਾਲ ਉਨ੍ਹਾਂ ਇੰਡਸਟਰੀਅਲਿਸਟਾਂ ਤੇ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਹ ਅਮੀਰ ਆਦਮੀ ਹਨ। ਗਰੀਬ ਆਦਮੀ ਤਾਂ ਇੰਡਸਟਰੀ ਲਗਾ ਹੀ ਨਹੀਂ ਸਕਦਾ। ਪਰ ਜਿਹੜਾ ਰੇਟ ਪਿੰਡਾਂ ਦੇ ਗਰੀਬ ਲੋਕਾਂ ਤੇ ਵਧਿਆ ਹੈ ਉਸ ਨੂੰ ਘੱਟ ਕਰਨਾ ਚਾਹੀਦਾ ਹੈ। ਇਹ ਕੋਈ ਲਗਜ਼ਰੀ ਤਾਂ ਹੈ ਨਹੀਂ ਹੈ। ਇਸ ਲਈ ਕਾਰਖਾਨੇਦਾਰਾਂ ਤੇ ਭਾਵੇਂ ਰੇਟ ਵਧਾ ਦਿਓ ਪਰ ਘਰਾਂ ਦੀ ਬਿਜਲੀ ਦਾ ਰੇਟ ਘੱਟ ਕਰਨਾ ਚਾਹੀਦਾ ਹੈ। ਮੈਂ ਇਸ ਗੱਲ ਦੀ ਤਾਈਦ ਕਰਦਾ ਹਾਂ। ਇਹ ਗੱਲ ਗੁਪਤਾ ਸਾਹਿਬ ਨੇ ਕਹੀ ਸੀ। ਇਸ ਬਾਰੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਬੇਟ ਏਰੀਆ, ਬਾਰਡਰ ਏਰੀਆ ਅਤੇ ਕੱਲਰ ਏਰੀਆ ਨੂੰ ਕੁਨੈਕਸ਼ਨ ਦੇਣ ਵਿਚ ਪ੍ਰਾਇਰਟੀਜ਼ ਦੇਣ ਦਾ ਸਰਕਾਰ ਦਾ ਫੈਸਲਾ ਸੀ ਤਾਕਿ ਜਿਹੜੇ ਪੱਛੜੇ ਹੋਏ ਲੋਕ ਹਨ ਉਹ ਵੀ ਅੱਗੇ ਆ ਸਕਣ, ਜਿਨ੍ਹਾਂ ਦੀਆਂ ਜ਼ਮੀਨਾਂ ਵਿਚ ਕੱਲਰ ਹੈ, ਉਹ ਉਨ੍ਹਾਂ ਨੂੰ ਠੀਕ ਕਰ ਸਕਣ। ਉਸ ਸਕੀਮ ਨੂੰ ਸਖਤੀ ਨਾਲ ਲਾਗੂ ਕਰਾਉਣਾ ਚਾਹੀਦਾ ਹੈ ਤਾਂਕਿ ਬੇਟ, ਬਾਰਡਰ ਤੇ ਕੱਲਰ ਵਾਲੀਆਂ ਜ਼ਮੀਨਾਂ ਠੀਕ ਹੋ ਸਕਣ। ਅਤੇ ਦੇਸ਼ ਦੀ ਪੈਦਾਵਾਰ ਵੱਧ ਸਕੇ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਇੰਡਸਟਰੀ ਵਾਲਿਆਂ ਵਾਸਤੇ ਗੋਇੰਦਵਾਲ ਸਾਹਿਬ ਇੰਡਸਟਰੀਅਲ ਕੰਪਲੈਕਸ ਬਣਾਇਆ ਹੈ। ਇਨ੍ਹਾਂ ਅਕਾਲੀ ਭਰਾਵਾਂ ਨੇ ਤਾਂ ਉਥੇ ਬੋਰਡ ਹੀ ਲਗਾ ਦਿੱਤਾ ਸੀ ਕਿ 'ਗੋਇੰਦਵਾਲ ਸਾਹਿਬ ਸਿੱਖੀ ਦਾ ਧੁਰਾ'। ਪਰ ਸਿੱਖੀ ਇਹ ਨਹੀਂ ਹੁੰਦੀ। ਤੁਸੀਂ ਤਾਂ ਆਪਸ ਵਿਚ ਹੀ ਲੜਦੇ ਰਹੇ ਹੋ ਪਰ ਗੋਇੰਦਵਾਲ ਸਾਹਿਬ ਦੀ ਡਿਵੈਲਪਮੈਂਟ ਲਈ ਕੁਝ ਨਹੀਂ ਕੀਤਾ। ਸਰਦਾਰ ਦਰਬਾਰਾ ਸਿੰਘ ਜੀ ਸਿੱਖ ਹਨ ਜਿਸ ਨੇ ਕਿ ਗੋਇੰਦਵਾਲ ਸਾਹਿਬ ਨੂੰ ਇੰਡਸਟਰੀਅਲ ਕੰਪਲੈਕਸ ਬਣਾਇਆ ਹੈ। ਅਸਲ ਸਿੱਖੀ ਇਹ ਹੈ। ਉਨ੍ਹਾਂ ਨੇ ਇੰਡਸਟੀਅਲ ਕੰਪਲੈਕਸ ਗੋਇੰਦਵਾਲ ਸਾਹਿਬ ਬਣਾ ਕੇ ਇੰਡਸਟਰੀਅਲਿਸਟਾਂ ਨੂੰ ਸੱਦਿਆ ਹੈ ਕਿ ਆਓ ਇਥੇ ਆਪਣੀ ਇੰਡਸਟਰੀ ਲਗਾਓ, ਇਥੇ ਦਸ ਸਾਲ ਬਿਜਲੀ ਦੀ ਰੈਗੂਲਰ ਸਪਲਾਈ ਕਰਨੀ ਹੈ। ਸਰਦਾਰ ਦਰਬਾਰਾ ਸਿੰਘ ਜੀ ਅਸਲੀ ਸਿੱਖ ਹਨ। ਅਸੀਂ ਵੀ ਸਿੱਖ ਹਾਂ। ਇਹ ਸਿੱਖੀ ਦਾ ਕੰਮ ਹੈ ਕਿ ਦਸ ਸਾਲ ਲਗਾਤਾਰ ਬਿਜਲੀ ਮਿਲੇ। ਡਿਪਟੀ ਸਪੀਕਰ ਸਾਹਿਬ, ਇਹ ਸਿੱਖੀ ਦੇ ਦਾਅਵੇ ਕਰਦੇ ਹਨ ਪਰ ਇਨ੍ਹਾਂ ਨੇ ਕੀਤਾ ਕੁਝ ਨਹੀਂ ਹੈ। ਗਿਆਨੀ ਜ਼ੈਲ ਸਿੰਘ ਜਦੋਂ ਮੁੱਖ ਮੰਤਰੀ ਸਨ ਤਾਂ ਗੁਰੂ ਗੋਬਿੰਦ ਸਿੰਘ ਮਾਰਗ ਬਣਿਆ ਸੀ। ਕੀ ਇਹ ਐਡੀ ਲੰਬੀ ਸੜਕ ਬਨਾਉਣੀ ਘੱਟ ਕੰਮ ਸੀ ? ਸਿੱਖ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਡਿਵੈਲਪਮੈਂਟ ਦਾ ਕੰਮ ਕਰੇ। ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦੇ ਨੋਟਿਸ ਵਿਚ ਇਹ ਚੀਜ਼ ਲਿਆਉਣੀ ਚਾਹੁੰਦਾ ਹਾਂ ਕਿ ਬਿਜਲੀ ਦੇ ਮਾਮਲੇ ਵਿਚ ਥੋੜ੍ਹਾ ਜਿਹਾ ਸੁਧਾਰ ਲਿਆਉਣ ਦੀ ਲੋੜ ਹੈ, ਜਿਵੇਂ ਕਿ ਇਹ ਗੱਲ ਜ਼ਿਮੀਦਾਰਾਂ ਦੇ ਦਿਲਾਂ ਵਿਚ ਆਮ ਹੈ ਕਿ ਬਿਜਲੀ ਦੀ ਸਪਲਾਈ ਇੰਟਰੱਪਟ ਹੁੰਦੀ ਰਹਿੰਦੀ ਹੈ, ਇਹ ਠੀਕ ਨਹੀਂ ਹੈ। ਇਸ ਲਈ ਮੈਂ ਇਹ ਸੁਝਾਓ ਦਿੰਦਾ ਹਾਂ ਕਿ ਜਿਤਨੀ ਬਿਜਲੀ ਸਰਕਾਰ ਨੇ ਐਗਰੀਕਲਚਰਲ ਸੈਕਟਰ ਨੂੰ ਦੇਣੀ ਹੈ ਉਹ ਰੈਗੂਲਰ ਦੇਣੀ ਚਾਹੀਦੀ ਹੈ, ਉਸ ਦੀ ਸਪਲਾਈ ਰੈਗੂਲਰ ਹੋਵੇ। ਇਹ ਨਹੀਂ ਹੈ ਕਿ ਕਦੇ ਦੋ ਘੰਟੇ ਦੇ ਦਿੱਤੀ ਤੇ ਫਿਰ ਬੰਦ ਕਰ ਦਿੱਤੀ ਅਤੇ ਫਿਰ ਚਾਰ ਘੰਟੇ ਦੇ ਦਿੱਤੀ। ਦਿਨ ਰਾਤ ਵਿਚ ਜਿਤਨੇ ਟੋਟਲ ਘੰਟੇ ਸਪਲਾਈ ਦੇਣੀ ਹੈ ਉਹ ਲਗਾਤਾਰ ਦੇ ਦੇਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਡਿਪਟੀ ਸਪੀਕਰ ਸਾਹਿਬ, ਇਕ ਬਿਜਲੀ ਬੋਰਡ ਵਿਚ ਬੜਾ ਭਾਰੀ ਨੁਕਸ ਹੈ ਅੱਰ ਉਹ ਹੈ ਕੁਰੱਪਸ਼ਨ ਦਾ। ਕੋਈ ਜੱਟ ਐਸਾ ਨਹੀਂ ਹੈ ਜਿਸ ਨੂੰ ਕੁਨੈਕਸ਼ਨ ਦੇਣ ਤੇ ਬਿਜਲੀ ਵਾਲਿਆਂ ਨੇ ਪੈਸੇ ਨਾ ਲਏ ਹੋਣਗੇ। ਜੇਕਰ 3 ਪਾਵਰ ਦੀ ਮੋਟਰ ਹੈ ਤਾਂ ਤਿੰਨ ਸੌ ਰੁਪਿਆ ਲਿਆ ਜਾਂਦਾ ਹੈ ਅੱਰ ਜੇਕਰ 5 ਪਾਵਰ ਦੀ ਮੋਟਰ ਹੈ ਤਾਂ ਪੰਜ ਸੌ ਮੰਗ ਲਿਆ ਜਾਂਦਾ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਤਕੜੇ ਹੋ ਕੇ ਧਿਆਨ ਦੇਣਾ ਚਾਹੀਦਾ ਹੈ ਤਾਕਿ ਜੋ ਜ਼ਿਮੀਦਾਰਾਂ ਦਾ ਖੂਨ ਨਚੋੜਦੇ ਨੇ, ਉਨ੍ਹਾਂ ਨੂੰ ਸਿੱਧਾ ਕੀਤਾ ਜਾ ਸਕੇ ਅੱਰ ਜ਼ਿਮੀਦਾਰ ਨੂੰ ਪ੍ਰਾਇਰਟੀ ਤੇ ਕੁਨੈਕਸ਼ਨ ਮਿਲ ਸਕਣ।

ਇਕ ਗੱਲ ਹੋਰ ਮੈਂ ਜ਼ਿਮੀਂਦਾਰਾਂ ਵਾਸਤੇ ਕਹਿਣੀ ਹੈ ਕਿ ਜਦੋਂ ਜ਼ਿਮੀਂਦਾਰ ਬਿਜਲੀ ਦਾ ਬਿਲ ਤਾਰਨ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਤਕਲੀਫ ਹੁੰਦੀ ਹੈ, ਦੂਰ ਦੂਰ ਜਾਣਾ ਪੈਂਦਾ ਹੈ। ਇਸ ਲਈ ਮੇਰੀ ਸੁਜੈਸ਼ਨ ਹੈ ਕਿ ਥੋੜ੍ਹੇ ਥੋੜ੍ਹੇ ਫਾਸਲੇ ਤੇ ਜਾਂ ਜਿੱਥੇ ਫੋਕਲ ਪੁਆਇੰਟ ਬਣੇ ਹੋਏ ਹਨ, ਉਥੇ ਹੀ ਬਿਲ ਪੇਅ ਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਕਿ ਲੋਕ ਨੇੜੇ ਹੀ ਬਿਲ ਪੇਅ ਕਰ ਸਕਣ।

ਇਕ ਟਰਾਂਸਮਿਸ਼ਨ ਲਾਸਿਜ਼ ਬਿਜਲੀ ਬੋਰਡ ਦੇ ਬਹੁਤ ਜ਼ਿਆਦਾ ਹਨ .....

12.36 ਬਾਅਦ ਦੁਪਹਿਰ | (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸ਼੍ਰੀ ਸਪੀਕਰ : ਹੀਰੋ ਸਾਹਿਬ ਬੈਠੋ।

OBITUARY REFERENCES

Chief Minister (Sardar Darbara Singh) :— Sir, I have to perform a very unfortunate duty today.

ਅੱਜ ਨਹਾਇਤ ਹੀ ਦੁੱਖ ਨਾਲ ਇਹ ਖਬਰ ਮਿਲੀ ਹੈ ਕਿ ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ ਜੀ, ਜੋ ਸਾਡੇ ਅਕਾਲ ਤਖਤ ਦੇ ਹੈਡ ਪ੍ਰੀਸਟ ਸਨ, ਉਹ ਸਾਡੇ ਕੋਲੋਂ ਹਮੇਸ਼ਾਂ ਲਈ ਦੂਰ ਹੋ ਗਏ ਹਨ। ਜੱਥੇਦਾਰ ਅਜਨੋਹਾ ਜੀ ਆਪਣੀ ਬਹੁਤ ਛੋਟੀ ਉਮਰ ਤੋਂ ਹੀ ਬਹੁਤ ਧਾਰਮਿਕ ਖਿਆਲਾਂ ਦੇ ਸਨ। ਉਨ੍ਹਾਂ ਦਾ ਜੀਵਨ ਬਹੁਤ ਉੱਚਾ ਸੀ। ਉਨ੍ਹਾਂ ਨੇ ਕਈ ਪੁਜ਼ੀਸ਼ਨਾਂ ਵਿਚ ਧਰਮ ਦੇ ਕੰਮ ਕੀਤੇ ਸੀ। ਉਹ ਸ਼੍ਰੀ ਕੇਸਗੜ੍ਹ ਸਾਹਿਬ ਤਖਤ ਦੇ ਬੜੇ ਸਿੰਘ ਰਹੇ ਹਨ, ਜੱਥੇਦਾਰ ਰਹੇ ਹਨ ਅੱਰ ਅੱਜ ਕੱਲ੍ਹ ਉਹ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬ ਜੱਥੇਦਾਰ ਸਨ। ਉਹ ਸਾਡੇ ਨਾਲੋਂ ਅੱਜ ਜੁਦਾ ਹੋ ਗਏ ਹਨ। ਸਵੇਰੇ 7 ਵਜੇ ਉਨ੍ਹਾਂ ਦਾ ਦਿਹਾਂਤ ਹੋ ਗਿਆ ਹੈ। ਐਸੇ ਸੱਜਣਾਂ ਦੀ ਬੜੀ ਘਾਟ ਹੈ ਜਿਨ੍ਹਾਂ ਨੇ ਆਪਣਾ ਜੀਵਨ ਸਿਰਫ ਧਾਰਮਿਕ ਖਿਆਲਾਤ ਰੱਖ ਕੇ ਬਤੀਤ ਕੀਤਾ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਸੱਜਣਾਂ ਨੂੰ ਆਪਣੀ ਮਰਿਆਦਾ ਵਿਚ ਲਿਆ ਕੇ ਸਿੱਖੀ ਜੀਵਨ ਦਿੱਤਾ ਸੀ ਅੱਰ ਅੱਜ ਉਨ੍ਹਾਂ ਦੇ ਚਲੇ ਜਾਣ ਨਾਲ ਕਾਫੀ ਘਾਟਾ ਪਿਆ ਹੈ। ਉਨ੍ਹਾਂ ਦਾ ਅੱਜ ਸਵੇਰੇ ਆਪਣੇ ਘਰ ਵਿਚ ਅਜਨੋਹਾ ਵਿਚ ਦਿਹਾਂਤ ਹੋਇਆ ਹੈ। ਅਸੀਂ ਸਾਰੇ ਹਾਊਸ ਵਾਲੇ ਉਨ੍ਹਾਂ ਦੇ ਜਾਣ ਤੇ ਉਨ੍ਹਾਂ ਦੇ ਪਰਿਵਾਰ ਨਾਲ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੁੰਦੇ ਹਾਂ ਅੱਰ ਸਾਰੇ ਪੰਜਾਬ ਦੇ ਲੋਕਾਂ ਨੂੰ ਵੀ ਇਸ ਦਾ ਦੁੱਖ ਹੈ। ਮੈਂ ਆਪਣੇ ਹਾਊਸ ਵਲੋਂ ਇਹ ਬਹੁਤ ਦੁੱਖ ਨਾਲ ਚੀਜ਼ ਮਹਿਸੂਸ ਕੀਤੀ ਹੈ। ਮੈਂ ਕਹਾਂਗਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਸਾਡੇ ਵੱਲੋਂ ਸਾਰਿਆਂ ਦੀ ਹਮਦਰਦੀ ਭੇਜੀ ਜਾਵੇ ਅੱਰ ਸਾਡੇ ਵੱਲੋਂ ਉਸ ਵਾਹਿਗੁਰੂ ਪਾਸ ਅਰਦਾਸ ਹੈ ਕਿ ਉਹ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ। ਉਨ੍ਹਾਂ ਦੀ ਯਾਦ ਵਿਚ ਅੱਜ ਹਾਊਸ ਬਿਨਾ ਹੋਰ ਕੋਈ ਕਾਰਵਾਈ ਕੀਤੇ ਸਥਗਿਤ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿਦੜਬਾਹਾ) : ਸਪੀਕਰ ਸਾਹਿਬ, ਬਹੁਤ ਹੀ ਦੁੱਖ ਦੀ ਖਬਰ ਹੈ ਕਿ ਸਿੰਘ ਸਾਹਿਬ, ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ, ਜਿਹੜੇ ਕਿ ਅਕਾਲ ਤਖਤ ਦੇ ਜੱਥੇਦਾਰ ਸਨ, ਉਹ ਅਚਾਨਕ ਸੁਭਾ ਸਤ ਵਜੇ ਹਾਰਟ ਫੇਲ੍ਹ ਹੋਣ ਦੇ ਕਾਰਣ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਬੇ-ਵਕਤ ਮੌਤ ਦਾ ਦੁੱਖ ਸਾਰੇ ਦੇਸ਼ ਨੂੰ ਤੇ ਖਾਸ ਕਰਕੇ ਸਾਰੇ ਸੰਸਾਰ ਦੇ ਸਿੱਖ ਜਗਤ ਨੂੰ ਹੋਇਆ ਹੈ। ਇਹ ਘਾਟਾ ਪੂਰਾ ਹੋਣ ਵਾਲਾ ਨਹੀਂ ਹੈ । ਸਿੰਘ ਸਾਹਿਬ ਸ਼ੁਰੂ ਤੋਂ ਹੀ ਸੂਬੇ ਵਿਚ ਧਾਰਮਿਕ ਪਰਚਾਰ ਵਿਚ ਬਹੁਤ ਦਿਲਚਸਪੀ ਰਖਦੇ ਸਨ । ਸਮਾਜਿਕ ਭਲਾਈ ਵਿਚ ਉਨ੍ਹਾਂ ਦਾ ਬਹੁਤ ਵੱਡਾ ਰੋਲ ਹੈ ਅੌਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦੇ ਵੀ ਉਹ ਜੱਥੇਦਾਰ ਰਹੇ ਹਨ। ਉਨ੍ਹਾਂ ਦਾ ਸਾਰੇ ਸੰਸਾਰ ਵਿਚ ਬਹੁਤ ਵੱਡਾ ਮਾਣ ਸੀ ਅਤੇ ਅਚਾਨਕ ਜਦੋਂ ਇਹ ਖਬਰ ਸੁਣੀ ਤਾਂ ਦਿਲ ਨੂੰ ਬਹੁਤ ਵੱਡਾ ਦੁੱਖ ਹੋਇਆ। ਅਸੀਂ ਵਾਹਿਗੁਰੂ ਜੀ ਪਾਸ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਦੇ ਪਰਿਵਾਰ ਤੇ ਹੋਰ ਸਾਕ ਸਬੰਧੀਆਂ ਤੇ ਜੋ ਇਹ ਭਾਣਾ ਵਰਤਿਆ ਹੈ, ਉਸ ਲਈ ਸੱਚਾ ਪਾਤਸ਼ਾਹ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਇਸ ਦੇ ਨਾਲ ਹੀ ਮੈਂ ਇਹ ਅਪੀਲ ਕਰਦਾ ਹਾਂ ਕਿ ਇਹ ਹਾਊਸ ਉਨ੍ਹਾਂ ਦੀ ਰਿਸਪੈਕਟ ਵਿਚ, ਜਿਸ ਤਰ੍ਹਾਂ ਸੀ.ਐਮ. ਸਾਹਿਬ ਨੇ ਕਿਹਾ ਹੈ, ਅੱਜ ਐਡਜਰਨ ਕਰ ਦਿੱਤਾ ਜਾਵੇ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਮੁੱਖ ਮੰਤਰੀ ਸਾਹਿਬ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਜਿਹੜਾ ਦੁੱਖ ਦਾ ਇਜ਼ਹਾਰ ਕੀਤਾ ਹੈ, ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਜਜ਼ਬਾਤ ਨਾਲ ਸ਼ਾਮਲ ਹੁੰਦਾ ਹਾਂ। ਸਿੰਘ ਸਾਹਿਬ, ਪੰਜਾਬ ਵਿਚ ਇਕ ਅੰਸੀ ਸ਼ਖਸੀਅਤ ਸਨ, ਜਿਨ੍ਹਾਂ ਨੂੰ ਕੁਝ ਵਿਸ਼ੇਸ਼ ਪ੍ਰਸਥਤੀਆਂ ਦੇ ਵਿਚ ਆਪਣੇ ਆਪ ਨੂੰ ਇਕ ਐਸੇ ਢੰਗ ਨਾਲ ਜੋੜਿਆ ਜਿਸ ਤਰ੍ਹਾਂ ਕੋਈ ਅਮਨ ਪਸੰਦ ਆਪਣੇ ਆਪ ਨੂੰ ਦੇਸ਼ ਦੇ ਨਾਲ ਜੋੜਦਾ ਹੈ । ਇਸ ਵਕਤ ਜਦੋਂ ਉਹ ਆਪਣੀਆਂ ਕੋਸ਼ਿਸ਼ਾਂ ਦੇ ਨਾਲ ਪੰਜਾਬ ਦੇ ਅਮਨ ਨੂੰ ਕਾਇਮ ਰੱਖਣ ਲਈ ਲਗੇ ਹੋਏ ਸਨ, ਉਸ ਵਕਤ ਉਨ੍ਹਾਂ ਦਾ ਇਥੋਂ ਚਲੇ ਜਾਣਾ ਪੰਜਾਬ ਵਾਸਤੇ ਬੜਾ ਭਾਰੀ ਨੁਕਸਾਨ ਹੈ। ਮੈਂ ਸਮਝਦਾ ਹਾਂ ਕਿ ਇਹ ਨਾ ਪੂਰਾ ਹੋਣ ਵਾਲਾ ਨੁਕਸਾਨ ਹੈ। ਜੱਥੇਦਾਰ ਸਾਹਿਬ ਬੜੀ ਗੁਮਨਾਮ ਜ਼ਿੰਦਗੀ ਦੇ ਵਿਚ ਉਭਰੇ ਅੌਰ ਜਲਦੀ ਹੀ ਸਿੱਖ ਜਗਤ ਦੇ ਮੁੱਖੀ ਬਣ ਗਏ। ਉਨਾਂ ਦੀ ਸਿੱਖ ਧਰਮ ਦੇ ਮੁਤੱਲਕ ਬੜੀ ਵਡੀ ਅਪਰੋਚ ਸੀ ਅੌਰ ਇਸ ਨਾਲ ਮੈਂ ਸਮਝਦਾ ਹਾਂ ਕਿ ਸਿੱਖ ਜਗਤ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ। ਇਸ ਲਈ ਜੋ ਮਤਾ ਸੀ.ਐਮ. ਸਾਹਿਬ ਨੇ ਲਿਆਂਦਾ ਹੈ ਅਤੇ ਉਨ੍ਹਾਂ ਨੇ ਜੋ ਕਿਹਾ ਹੈ ਕਿ ਹਾਊਸ ਐਡਜਰਨ ਕੀਤਾ ਜਾਵੇ, ਇਹ ਠੀਕ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਹਾਊਸ ਦੇ ਇਹ ਜਜ਼ਬਾਤ ਉਨ੍ਹਾਂ ਦੇ ਪਰਿਵਾਰ ਨੂੰ ਭਿਜਵਾਏ ਜਾਣ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ, ਐਸ. ਸੀ) : ਸਪੀਕਰ ਸਾਹਿਬ, ਇਹ ਬੜੇ ਦੁੱਖ ਦੀ ਗਲ ਹੈ ਕਿ ਅੱਜ ਸਾਡੇ ਤੋਂ ਸਿੱਖ ਜਗਤ ਦੇ ਆਗੂ ਵਿਛੜ ਗਏ ਹਨ । ਉਨ੍ਹਾਂ ਦੀ ਇਸ ਵੇਲੇ ਪੰਜਾਬ ਦੇ ਲੋਕਾਂ ਨੂੰ ਬਹੁਤ ਲੋੜ ਸੀ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਦੇ ਸਾਰੇ ਲੋਕਾਂ ਨੂੰ ਬਹੁਤ ਦੁੱਖ ਹੈ । ਮੈਂ ਇਸ ਤੇ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਆਪਣੀ ਪਾਰਟੀ ਵਲਾਂ ਜਿਹੜਾ ਮਤਾ ਮੁੱਖ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਅੌਰ ਇਹ ਚਾਹੁੰਦਾ ਹਾਂ ਕਿ ਹਾਊਸ ਅੱਜ ਐਡਜਰਨ ਕਰ ਦਿੱਤਾ ਜਾਵੇ ਅੌਰ ਇਹ ਹਾਊਸ ਦੇ ਜਜ਼ਬਾਤ ਉਨ੍ਹਾਂ ਦੇ ਪਰਿਵਾਰ ਵਿਚ ਭਿਜਵਾ ਦਿੱਤੇ ਜਾਣ।

ਸ੍ਰੀ ਸਪੀਕਰ : ਜਿਹੜੇ ਗਮ ਦਾ ਇਜ਼ਹਾਰ ਇਸ ਹਾਊਸ ਵਿਚ ਕੀਤਾ ਗਿਆ ਹੈ, ਮੈਂ ਆਪਣੇ ਆਪ ਨੂੰ ਇਸ ਦੇ ਨਾਲ ਸ਼ਾਮਲ ਕਰਦਾ ਹਾਂ। ਮੈਂ ਇਹ ਚਾਹੁੰਦਾ ਹਾਂ ਕਿ ਇਸ ਵਿਲੰਬਤ ਆਤਮਾ

Original with;
Punjab Vidhan Sabha
Digitized by;
Panjab Digital Library

ਦੀ ਸ਼ਾਂਤੀ ਲਈ ਸਾਰੇ ਹਾਊਸ ਦੇ ਮੈਂਬਰਜ਼ ਸਾਹਿਬਾਨ ਦੋ ਮਿੰਟ ਲਈ ਆਪਣੀਆਂ ਸੀਟਾਂ ਤੇ ਮੌਨ ਖੜ੍ਹੇ ਹੋ ਜਾਣ।

(ਇਸ ਵਕਤ ਹਾਊਸ ਦੇ ਸਾਰੇ ਮਾਨਯੋਗ ਮੈਂਬਰਜ਼ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟਾਂ ਲਈ ਮੌਨ ਧਾਰਨ ਕੀਤਾ।)

ਸੰਸਦ ਦੀ ਕਾਰਵਾਈ ਬਾਕੀ ਦੇ ਦਿਨ ਲਈ ਉਨ੍ਹਾਂ ਦੇ ਸਨਮਾਨ ਵਿਚ ਐਡਜਰਨ ਕੀਤੀ ਜਾਂਦੀ ਹੈ।

Mr. Speaker : The House stands adjourned till 9.00 A.M. on Friday, the 19th March, 1982.

*12.45 p.m. (The Sabha then *adjourned till 9.00 A. M. on Friday, the 19th March, 1982).

5456 PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

(c) 1982

Published under the authority of the Punjab Vidhan Sabha and printed by Controller, Printing and Stationery (U.T.) Chd.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

Friday, the 19th March, 1982

Vol. IV—No. 15

OFFICIAL REPORT

CONTENTS

Friday, the 19th March, 1982

	Page
Starred Questions and Answers ..	(15)1
Written Answers to Starred Questions laid on the Table of the House under Rule 38 ..	(15)25
Walk-Outs ..	(15)28
Financial Business :	
Presentation of Excess Demands over Grants and Appropriations for the years, 1966-67 (Post Re-organisation period from 1st November, 1966 to 31st March, 1967) and 1972-73 ..	(15)29
General Discussion on the Budget Estimates for the year, 1982-83 (*Resumption*) ..	(15)30
Walk-Out ..	(15)31

Punjab Vidhan Sabha Secretariat, Chandigarh.

Price : Rs. 37.00

Original with;
Punjab Vidhan Sabha
Digitized by;
Panjab Digital Library

General Discussion on the Budget Estimates for the year, 1982-83 (*Resumption*) .. (15)31

Extension of Time of the Sitting .. (15)76

General Discussion on the Budget Estimates for the year, 1982-83 (*Resumption*) .. (15)77

Extension of Time of the Sitting .. (15)80

General Discussion on the Budget Estimates for the year, 1982-83 (*Resumption*) .. (15)80

Extension of Time of the Sitting .. (15)83

General Discussion on the Budget Estimates for the year, 1982-83 (*Resumption*) .. (15)84

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Friday, the 19th March, 1982

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Yellow Cards

*1378. (1) **Master Chand Singh**
(2) **Comrade Sarwan Singh Cheema** : Will the Minister for Finance be pleased to state —

(a) the blockwise number of applications received in the State for issuing Yellow Cards from the needy persons up to 20th February, 1982 ;

(b) the blockwise number of Yellow Cards prepared and issued up to date ;

(c) the number of members considered as a unit for a family for the purpose of annual income of Rs 3,600 fixed for the issuance of a yellow card ;

(d) whether every adult member of a family is considered as a separate unit ;

(e) whether the Government propose to enhance the limit of income up to Rs 8,000 per family for the purpose of issuing Yellow Cards keeping in view the steep rise in prices ?

Doctor Kewal Krishan : (a) Total number of applications received in all blocks for issuing Yellow Cards up to 20th February, 1982. — 3,94,932

(b) Total number of Yellow Cards prepared up to date : — 27,095

Total number of Yellow Cards issued up-to-date : — 14,366

} Out of the applications received.

(c) Blockwise break-up placed on the table of House ;

(c) Definition of a household/family was number of persons normally living together and taking meals from the same kitchen' for issuing Yellow Cards

(d) No.

(e) No.

Original with;
Punjab Vidhan Sabha
Digitized by;
Panjab Digital Library

[Finance Minister]

BLOCKWISE NUMBER OF APPLICATIONS RECEIVED, YELLOW CARDS PREPARED AND ISSUED

DISTRICT GURDASPUR

Name of the Block	Number of applications received up to 20th February, 1982	Number of Yellow Cards prepared up to date (out of these applications)	Number of Yellow Cards issued up to date
1. Gurdaspur ..	3,972	..	..
2. Dhariwal ..	6,074	..	..
3. Dina Nagar ..	1,755	300	300
4. Kahnuwan ..	4,567	..	..
5. Kalanaur ..	3,518	..	..
6. Pathankot ..	3,921	..	..
7. Dhar Kalan ..	3,065	..	..
8. Narot Jaimal Singh ..	1,500	153	153
9. Bamyal ..	2,230	..	..
10. Batala ..	1,826	..	..
11. Fatehgarh Churian ..	4,574	..	..
12. Dera Baba Nanak ..	4,571	..	..
13. Sri Hargobindpur ..	6,340	..	..
Total ..	47,913	453	453

DISTRICT AMRITSAR

Name of the Block	Number of applications received up to 20th February, 1982	Number of Yellow Cards prepared up to date (out of these applications)	Number of Yellow Cards issued up to-date
1. Verka ..	5,120	..	..
2. Majitha ..	5,859	..	..
3. Tarsikka ..	6,500	..	..
4. Jandiala ..	3,941	..	..
5. Rayya ..	6,587	..	..
6. Patti ..	3,216	..	..
7. Bhikhiwind ..	3,450	..	..
8. Valtoha ..	2,990	..	..
9. Gandiwind ..	11,775	..	..
10. Tarn Taran ..	2,988	..	..
11. Khadoor Sahib ..	4,445	..	..
12. Naushehra Pannuan ..	1,335	..	..
13. Chohla Sahib ..	2,450	..	..
14. Ajnala ..	13,367	..	..
15. Chogawan ..	6,020	..	..
Total ..	80,043	..	..

Original with;
Punjab Vidhan Sabha
Digitized by;
Panjab Digital Library

DISTRICT KAPURTHALA

Name of the Block	Number of applications received up-to-20th February, 1982	Number of Yellow Cards prepared up to date (out of these applications)	Number of Yellow Cards issued up to date
1. Kapurthala ..	977	..	..
2. Nadala ..	2,425	..	..
3. Phagwara ..	3,670	..	..
4. Sultanpur Lodhi ..	795	..	..
Total ..	7,867	..	..

DISTRICT JULLUNDUR

Name of the Block	Number of applications received up-to-20th February, 1982	Number of Yellow Cards prepared up-to-date (out of these applications)	Number of Yellow Cards issued up-to-date
1. Jullundur East ..	1,576	..	..
2. Maqsoodpur (Jullundur West) ..	5,100	..	..
3. Adampur ..	2,492	..	..
4. Bhogpur ..	615	..	..
5. Nawanshahar ..	1,766	..	..
6. Mukandpur (Aur) ..	1,007	..	..
7. Banga ..	1,500	..	..
8. Nakodar ..	2,590	..	..
9. Shahkot ..	4,135	..	..
10. Phillaur ..	1,561	..	..
11. Rurka Kalan ..	1,424	..	..
12. Noor Mahel ..	671	..	..
Total ..	24,437	..	..

Original with;
Punjab Vidhan Sabha
Digitized by;
Panjab Digital Library

[Finance Minister]

DISTRICT HOSHIARPUR

Name of the Block	Number of applications received up to 20th February, 1982	Number of Yellow Cards prepared up to date (out of these applications)	Number of Yellow Cards issued up to date
1. Hoshiarpur ..	2,350	..	..
2. Bajwara ..	1,225	..	..
3. Bhunga ..	1,206	..	..
4. Dasuya ..	3,000	..	..
5. Mukerian ..	1,643	..	..
6. Talwara ..	3,500	..	..
7. Tanda ..	2,269	..	..
8. Garshankar ..	3,200	500	500
9. Mahilpur ..	778	422	422
10. Balachaur ..	2,422	1,582	235
11. Saroya ..	676	485	375
Total ..	22,269	2,989	1,532

DISTRICT ROOPNAGAR

Name of the Block	Number of applications received up to 20th February, 1982	Number of Yellow Cards prepared up to date (out of these applications)	Number of Yellow Cards issued up to date
1. Roopnagar ..	2,000	150	..
2. Chamkaur Sahib ..	1,818	50	..
3. Kharar ..	4,662	100	..
4. Majri ..	3,500	50	..
5. Noorpur Bedi ..	300	100	..
6. Anandpur Sahib ..	2,510	..	..
Total ..	14,790	450	..

Original with;
Punjab Vidhan Sabha
Digitized by;
Panjab Digital Library

DISTRICT LUDHIANA

Name of the Block	Number of applications received up to 20th February, 1982	Number of Yellow Cards prepared upto-date (out of these applications)	Number of Yellow Cards issued up to date
1. Ludhiana-I ..	4,028	..	..
2. Mangat (Ludhiana-II) ..	4,369	..	..
3. Doraha ..	3,778	..	..
4. Dehlon ..	3,370	..	..
5. Pakhowal ..	3,482	..	..
6. Samrala ..	6,611	..	..
7. Machhiwara ..	5,211	..	..
8. Jagraon ..	6,521	..	..
9. Sidhwan Bet ..	4,083	..	..
10. Sudhar ..	1,236	..	..
Total ..	42,689	..	..

DISTRICT SANGRUR

Name of the Block	Number of applications received up to 20th February, 1982	Number of Yellow Cards prepared up to date (out of these applications)	Number of Yellow Cards issued up to date
1. Sangrur ..	1,564	..	..
2. Bhawanigarh ..	1,580	..	..
3. Barnala ..	3,118	..	..
4. Sehna ..	3,051	..	..
5. Mahelkalan ..	2,278	..	..
6. Malerkotla ..	3,951	400	..
7. Ahmedgarh ..	2,528	2,528	400
8. Dhuri ..	3,498	400	..
9. Sunam ..	3,381	1,850	..
10. Lehragaga ..	2,496	344	..
Total ..	27,445	5,522	400

Original with;
Punjab Vidhan Sabha
Digitized by;
Panjab Digital Library

[Finance Minister]

DISTRICT PATIALA

Name of the Block		Number of applications received upto 20th February, 1982	Number of Yellow Cards prepared upto-date (out of these applications)	Number of Yellow Cards issued upto date
1. Patiala	..	1,235	1,235	1,235
2. Bhunarheri	..	2,410	2,410	2,410
3. Bassi Pathanan	..	4,520	2,114	2,114
4. Sirhind	..	2,805	..	..
5. Nabha	..	4,142	309	309
6. Rajpura	..	2,237	1,221	1,221
7. Derabassi	..	3,440	1,180	1,180
8. Ghanaur	..	1,815	810	810
9. Samana	..	4,100	2,702	2,702
Total	..	26,704	[[11,981	11,981

DISTRICT FEROZEPUR

Name of the Block		Number of applications received up to 20th February, 1982	Number of Yellow Cards prepared up to date (out of these applications)	Number of Yellow Cards issued up to date
1. Ferozepur	..	3,500	..	..
2. Ghal Khurd	..	2,500	..	..
3. Guru Har Sahai	..	3,360	..	..
4. Fazilka	..	2,000	..	..
5. Jalalabad	..	2,538	..	..
6. Abohar	..	3,800	..	..
7. Khuian Sarwar	..	3,200	..	..
8. Zira	..	2,500	..	..
9. Dharamkot	..	2,500	..	..
Total	..	25,898	..	..

Original with;
Punjab Vidhan Sabha
Digitized by;
Panjab Digital Library

DISTRICT BHATINDA

Name of the Block		Number of applications received upto 20th February, 1982	Number of Yellow Cards prepared upto-date (out of these applications)	Number of Yellow Cards issued upto date
1. Bhatinda	..	3,607	600	..
2. Talwandi Sabo	..	3,037	600	..
3. Sangat	..	3,757	700	..
4. Nathana	..	1,301	600	..
5. Mansa	..	3,731	700	..
6. Budhlada	..	3,465	700	..
7. Jhunir	..	2,528	600	..
8. Rampura	..	2,278	600	..
9. Phul	..	2,909	600	..
Total	..	26,613	5,700	..

DISTRICT FARIDKOT

Name of the Block		Number of applications received upto 20th February, 1982	Number of Yellow Cards prepared upto date (out of these applications)	Number of Yellow Cards issued upto date
1. Faridkot	..	4,000	..	..
2. Kotkapura	..	7,433	..	..
3. Mukatsar	..	8,235	..	..
4. Moga-I	..	2,370	..	..
5. Moga-II	..	1,680	..	..
6. Malout	..	8,552	..	..
7. Baghapurana	..	4,500	..	..
8. Nihalsinghwala	..	6,000	..	..
9. Giddarbaha	..	387	..	..
10. Lambi	..	5,107	..	..
Total	..	48,264	..	..

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਈ ਬਲਾਕਾਂ ਵਿਚ ਦਰਖਾਸਤਾਂ ਲਈਆਂ ਗਈਆਂ ਪਰ ਉਨ੍ਹਾਂ ਨੂੰ ਪੀਲੇ ਕਾਰਡ ਇਸ਼ੂ ਨਹੀਂ ਕੀਤੇ ਗਏ। ਜਿਸ ਤਰ੍ਹਾਂ ਕਿ ਨੂਰਮਹਿਲ, ਘੁੜਕਾ ਕਲਾਂ, ਫਿਲੌਰ ਤੇ ਨਕੋਦਰ ਹੈ, ਰੁੜਕਾ ਜ਼ਿਲ੍ਹਾ ਜਲੰਧਰ ਦੇ ਸਾਰੇ ਬਲਾਕਾਂ ਵਿਚ ਕੋਈ ਪੀਲਾ ਕਾਰਡ ਜਾਰੀ ਨਹੀਂ ਕੀਤਾ ਗਿਆ ਪਰ ਗੜ੍ਹਸ਼ੰਕਰ, ਮਾਹਿਲਪੁਰ ਵਿਚ 700 ਦਰਖਾਸਤਾਂ ਆਈਆਂ ਅਤੇ ਉਥੇ ਰੂਲਿੰਗ ਪਾਰਟੀ ਨੇ 500 ਦੇ ਪੀਲੇ ਕਾਰਡ ਇਸ਼ੂ ਕਰਵਾ ਦਿੱਤੇ ਹਨ। ਪੰਜਾਬ ਵਿਚ ਇਕ ਦੂਜੇ ਬਲਾਕਾਂ ਵਿਚ ਵਿੱਤਕਰਾ ਕਿਉਂ ਕੀਤਾ ਜਾ ਰਿਹਾ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਪੰਜਾਬ ਦੇ ਹਰ ਬਲਾਕ ਵਿਚ ਪੀਲੇ ਕਾਰਡ ਜਾਰੀ ਕੀਤੇ ਗਏ ਹਨ। ਟੋਟਲ ਐਪਲੀਕੇਸ਼ਨਾਂ 3,94,932 ਆਈਆਂ ਸਨ ਅੱਤ 27,095 ਯੋਗ ਵਿਅਕਤੀਆਂ ਨੂੰ ਪੀਲੇ ਕਾਰਡ ਇਸ਼ੂ ਕੀਤੇ ਗਏ ਹਨ। ਅੱਜ ਕੱਲ੍ਹ ਪੀਲੇ ਕਾਰਡ ਹੋਲਡਰਾਂ ਨੂੰ ਕਾਫੀ ਰਿਆਇਤਾਂ ਮਿਲਦੀਆਂ ਹਨ, ਇਸ ਲਈ ਹਰ ਇਕ ਆਦਮੀ ਪੀਲੇ ਕਾਰਡ ਬਣਾਉਣਾ ਚਾਹੁੰਦਾ ਹੈ। ਯੋਗ ਵਿਅਕਤੀਆਂ ਨੂੰ 31 ਮਾਰਚ ਤੱਕ ਪੀਲੇ ਕਾਰਡ ਇਸ਼ੂ ਕਰ ਦਿੱਤੇ ਜਾਣਗੇ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਜੇਕਰ ਐਮ.ਐਲ.ਏਜ਼ ਪਿੰਡ ਦੀ ਪੰਚਾਇਤ ਨਾਲ ਜਾ ਕੇ ਬੀ.ਡੀ.ਓਜ਼/ਅਫਸਰ ਨੂੰ ਕਹਿ ਦੇਣ ਕਿ ਇਸ ਨੂੰ ਪੀਲਾ ਕਾਰਡ ਇਸ਼ੂ ਹੋਣਾ ਚਾਹੀਦਾ ਹੈ ਪਰ ਫੇਰ ਵੀ ਨਹੀਂ ਕੀਤਾ ਜਾਂਦਾ ਤਾਂ ਕੀ ਇਹ ਭਰੋਸਾ ਦੇਣਗੇ ਕਿ ਯੋਗ ਵਿਅੱਕਤੀਆਂ ਨੂੰ ਸਾਡੀ ਰਿਕੁਮੈਂਡੇਸ਼ਨ ਤੇ ਇਸ਼ੂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਂਦਾ ਹਾਂ ਕਿ ਹਰ ਯੋਗ ਵਿਅਕਤੀ ਨੂੰ ਅਸੀਂ ਪੀਲਾ ਕਾਰਡ ਇਸ਼ੂ ਕਰ ਦੇਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਸ਼ਡਿਊਲਡਕਾਸਟ/ਬੈਕਵਰਡ ਕਲਾਸਿਜ਼ ਦੇ ਲੋਕਾਂ ਲਈ ਬੜੀ ਪ੍ਰਾਬਲਮ ਹੈ ਕਿ ਸਰਕਾਰ ਨੇ ਪੀਲੇ ਕਾਰਡਾਂ ਲਈ 3,600 ਰੁਪਿਆ ਇਨਕਮ ਰੱਖੀ ਹੋਈ ਹੈ ਜਦ ਕਿ ਕਾਲਜਾਂ ਵਿਚ ਫ਼ੀਸ ਮੁਆਫੀ ਵਾਸਤੇ 9,000 ਰੁਪਏ ਦੀ ਇਨਕਮ ਰੱਖੀ ਹੋਈ ਹੈ, ਉਹ ਵੀ 12,000 ਰੁਪਏ ਤੱਕ ਕਰ ਦੇਣੀ ਚਾਹੀਦੀ ਹੈ, ਕੀ ਸਰਕਾਰ ਇਨ੍ਹਾਂ ਸ਼ਡਿਊਲਡ-ਕਾਸਟ ਬੈਕਵਰਡ ਕਲਾਸਿਜ਼ ਦੇ ਲੋਕਾਂ ਦੀ ਇਨਕਮ ਲਿਮਿਟ ਨੂੰ ਪੀਲੇ ਕਾਰਡਾਂ ਲਈ 9 ਹਜ਼ਾਰ, ਰੁਪਏ ਤੱਕ ਕਰਨ ਲਈ ਤਿਆਰ ਹੈ ਤਾਕਿ ਇਨ੍ਹਾਂ ਲੋਕਾਂ ਨੂੰ ਫਾਇਦਾ ਹੋ ਸਕੇ ਕਿਉਂਕਿ ਅੱਜ ਕੱਲ੍ਹ 5-6 ਮੈਂਬਰ ਹਰ ਇਕ ਫੈਮਿਲੀ ਦੇ ਹੁੰਦੇ ਹਨ ਅੱਤ ਇਹ ਇਨਕਮ ਦੀ ਲਿਮਿਟ ਬਹੁਤ ਥੋੜ੍ਹੀ ਹੈ ? ਇਸੇ ਤਰ੍ਹਾਂ ਕਲਾਸ ਫੋਰ ਮੁਲਾਜ਼ਮਾਂ ਦੀ ਤਨਖਾਹ ਰਜਿਸਟਰ ਵਿਚ ਲਿਖੀ ਹੁੰਦੀ ਹੈ। ਕੀ ਤੁਸੀਂ ਇਨ੍ਹਾਂ ਦੀ ਲਿਮਿਟ ਵਧਾਉਣ ਲਈ ਤਿਆਰ ਹੋ ਤਾਕਿ ਹਰ ਗਰੀਬ ਦੇ ਪੀਲੇ ਕਾਰਡ ਬਣ ਸਕਣ ?

ਮੰਤਰੀ : ਸਪੀਕਰ ਸਾਹਿਬ, ਇਹ ਸਰਵੇ ਪੀਲੇ ਕਾਰਡਾਂ ਦੇ ਲਈ ਬੀਲੋਅ ਪਾਵਰਟੀ ਲਾਈਨ ਦੇ ਲੋਕਾਂ ਲਈ ਕੀਤਾ ਸੀ ਤਾਕਿ ਉਨ੍ਹਾਂ ਨੂੰ ਸਮਾਜ ਵਿਚ ਉੱਚਾ ਚੁੱਕਿਆ ਜਾ ਸਕੇ। ਇਹ ਸੱਚ ਹੈ ਕਿ ਸ਼ਡਿਊਲਡ ਕਾਸਟਸ/ਬੈਕਵਰਡ ਕਲਾਸਿਜ਼ ਦੇ ਕੁਝ ਪ੍ਰਤੀਸ਼ਤ ਲੋਕਾਂ ਦੀ ਪੁਜ਼ੀਸ਼ਨ ਅੱਛੀ ਹੈ ਪਰ ਜਿਹੜੇ ਪਾਵਰਟੀ ਲਾਈਨ ਤੋਂ ਥੱਲੇ ਹਨ ਉਨ੍ਹਾਂ ਨੂੰ ਫੈਸਿਲਟੀਜ਼ ਦੇਣ ਲਈ ਇਹ ਪੀਲੇ ਕਾਰਡ ਜਾਰੀ ਕੀਤੇ ਗਏ ਹਨ ਅੱਤ ਇਸ ਦੇ ਵਿਚ ਕੋਈ ਵਿੱਤਕਰਾ ਨਹੀਂ ਹੋਵੇਗਾ। ਇਸ ਲਿਮਿਟ ਨੂੰ ਵਧਾਉਣ ਦਾ ਕੋਈ ਵਿਚਾਰ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਯੋਗ ਵਿਅਕਤੀਆਂ ਨੂੰ ਪੀਲੇ ਕਾਰਡ ਇਸ਼ੂ ਕਰਨ ਦੀ ਲਾਸਟ ਤਾਰੀਕ 31 ਮਾਰਚ ਹੈ। ਕੀ ਇਸ ਨੂੰ ਇਕ ਮਹੀਨਾ ਹੋਰ ਵਧਾਉਣ ਲਈ ਤਿਆਰ ਹਨ ਅੱਰ ਇਸ ਦੀ ਇਨਕਮ ਲਿਮਿਟ ਨੂੰ 8-9 ਹਜ਼ਾਰ ਰੁਪਏ ਤੱਕ ਜੇਕਰ ਨਹੀਂ ਤਾਂ ਕੀ ਇਹ 5 ਹਜ਼ਾਰ ਤੱਕ ਕਰਨ ਲਈ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤੱਕ ਤਾਰੀਕ ਵਧਾਉਣ ਦਾ ਸਵਾਲ ਹੈ ਇਹ ਤਾਂ 31 ਮਾਰਚ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ ਅੱਰ ਇਸ ਦੀ ਇਨਕਮ ਲਿਮਿਟ ਵਧਾਉਣਾ ਇਮਪਾਸੀਬਲ ਹੈ।

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੇ ਵਿਅਕਤੀ ਜਿਨ੍ਹਾਂ ਦੀ ਇਨਕਮ 3,600 ਰੁਪਏ ਤੋਂ ਉਪਰ ਸੀ ਉਨ੍ਹਾਂ ਨੇ ਹੇਰਾ ਫੇਰੀ ਕਰਕੇ ਪੀਲੇ ਕਾਰਡ ਬਣਾ ਲਏ ਸਨ। । ਕੀ ਸਰਕਾਰ ਨੇ ਇਸ ਦੀ ਪੜਤਾਲ ਕੀਤੀ ਸੀ ; ਜੇਕਰ ਕੀਤੀ ਸੀ ਤਾਂ ਫੇਰ ਕਿੰਨੇ ਪੀਲੇ ਕਾਰਡ ਕੈਂਸਲ ਕੀਤੇ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਇਸ ਦੀ ਪੜਤਾਲ ਕੀਤੀ ਗਈ ਸੀ ਅੱਰ ਅਸੀਂ 13,525 ਪੀਲੇ ਕਾਰਡ ਕੈਂਸਲ ਕੀਤੇ ਸਨ। ਇਨ੍ਹਾਂ ਵਿਚੋਂ 9,112 ਪੀਲੇ ਕਾਰਡ ਰੂਰਲ ਏਰੀਆ ਦੇ ਸਨ ਅਤੇ 4,413 ਪੀਲੇ ਕਾਰਡ ਅਰਬਨ ਏਰੀਆ ਦੇ ਸਨ। ਇਹ ਸਰਵੇ ਦਾ $1\frac{1}{2}\%$ ਬਣਦੇ ਹਨ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਜ਼ਿਲ੍ਹੇ ਵਿਚ 5,120 ਐਪਲੀਕੇਸ਼ਨਾਂ ਵੇਰਕਾ ਦੇ ਲੋਕਾਂ ਨੇ ਦਿੱਤੀਆਂ, ਮਜੀਠਾ ਵਿਚ 5,859, ਤਰਸਿੱਕਾ ਵਿਚ 6,500 ਐਪਲੀਕੇਸ਼ਨਾਂ ਦਿੱਤੀਆਂ ਸਨ ਪਰ ਹਾਲੇ ਤੱਕ ਕਿਸੇ ਦਾ ਕੋਈ ਪੀਲਾ ਕਾਰਡ ਨਹੀਂ ਬਣਿਆ। ਸਰਕਾਰ ਅੰਮ੍ਰਿਤਸਰ ਦੇ ਪਿੰਡਾਂ ਦੇ ਲੋਕਾਂ ਵੱਲ ਨਜ਼ਰਸਾਨੀ ਕਿਉਂ ਨਹੀਂ ਕਰ ਰਹੀ ?

ਮੰਤਰੀ : ਸਪੀਕਰ ਸਾਹਿਬ, 20 ਫਰਵਰੀ, 1982 ਤੱਕ ਦੀਆਂ ਐਪਲੀਕੇਸ਼ਨਾਂ ਲਈਆਂ ਗਈਆਂ ਸਨ ਅੱਰ 19 ਮਾਰਚ ਹੁਣ ਹੋ ਗਿਆ ਹੈ, ਜ਼ਰੂਰ ਕਾਰਡ ਹੁਣ ਜ਼ਾਰੀ ਕਰ ਦਿੱਤੇ ਗਏ ਹੋਣਗੇ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਮਿਉਂਨਿਸਪਲ ਕਾਰਪੋਰੇਸ਼ਨ ਕੋਲ ਸਾਡੇ 26 ਪਿੰਡ ਆ ਗਏ ਹਨ। ਇਨ੍ਹਾਂ ਪਿੰਡਾਂ ਵਾਲਿਆਂ ਦੇ ਲੋਕਾਂ ਦੇ ਪੀਲੇ ਕਾਰਡ ਨਾ ਕਾਰਪੋਰੇਸ਼ਨ ਵਾਲੇ ਬਣਾ ਕੇ ਦਿੰਦੇ ਹਨ ਅਤੇ ਨਾ ਪੰਚਾਇਤਾਂ ਬਣਾ ਕੇ ਦਿੰਦੀਆਂ ਹਨ। ਕੀ ਸਰਕਾਰ ਇਸ ਦਾ ਪ੍ਰਬੰਧ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ 26 ਪਿੰਡਾਂ ਲਈ ਕਾਰਪੋਰੇਸ਼ਨ ਦੀ ਜ਼ਿੰਮੇਵਾਰੀ ਹੈ ਕਿ ਉਹ ਪੀਲੇਕਾਰਡ ਇਸ਼ੂ ਕਰੇ। ਅਸੀਂ ਕਮਿਸ਼ਨਰ, ਮਿਉਂਨਿਸਪਲ ਕਾਰਪੋਰੇਸ਼ਨ, ਨੂੰ ਕਹਿ ਦੇਵਾਂਗੇ ਕਿ ਉਹ ਇਨ੍ਹਾਂ ਪਿੰਡਾਂ ਦੇ ਯੋਗ ਲੋਕਾਂ ਦੇ ਕਾਰਡ ਇਸ਼ੂ ਕਰ ਦੇਣ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਯੂ. ਪੀ., ਰਾਜਿਸਥਾਨ ਅਤੇ ਐਮ. ਪੀ. ਤੋਂ ਲੇਬਰ ਪੰਜਾਬ ਵਿਚ ਪਿਛਲੇ 3 ਸਾਲਾਂ ਤੋਂ ਰਹਿ ਰਹੀ ਹੈ ਅਤੇ ਕਈਆਂ ਨੂੰ 10-10 ਸਾਲ ਹੋ ਗਏ ਹਨ ਪਰ ਉਨ੍ਹਾਂ ਨੂੰ ਪੀਲੇ ਕਾਰਡ ਨਹੀਂ ਇਸ਼ੂ ਕੀਤੇ ਜਾ ਰਹੇ, ਕੀ ਇਹ ਉਨ੍ਹਾਂ ਨੂੰ ਇਸ਼ੂ ਕਰਨ ਲਈ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਪੀਲੇ ਕਾਰਡ ਬਣਾਉਣ ਲਈ ਸਰਕਾਰ ਨੇ ਸਰਵੇ ਕੀਤਾ ਸੀ ਅੱਰ 31 ਮਾਰਚ ਤੱਕ ਬਣਾਏ ਜਾ ਰਹੇ ਹਨ। ਯੋਗ ਵਿਅਕਤੀਆਂ ਨੂੰ ਕਾਰਡ ਇਸ਼ੂ ਕਰ ਦਿੱਤੇ ਜਾਣਗੇ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਪਿਛਲੀ ਵਾਰੀ ਵੀ ਪੰਡ ਦਰਖਾਸਤਾਂ ਦੀ ਮੁੱਖ ਮੰਤਰੀ ਸਾਹਿਬ ਨੂੰ ਦੇ ਕੇ ਬੇਨਤੀ ਕੀਤੀ ਸੀ ਕਿ ਇਨ੍ਹਾਂ ਦੇ ਪੀਲੇ ਕਾਰਡ ਬਣਨ ਤੋਂ ਰਹਿ ਗਏ ਹਨ, ਹੁਣ ਬਣਾ ਦਿੱਤੇ ਜਾਣ। ਵਿੱਤ ਮੰਤਰੀ ਸਾਹਿਬ ਨੇ ਹੁਣੇ ਦੱਸਿਆ ਹੈ ਕਿ ਦੋਬਾਰਾ ਸਰਵੇ ਕਰਵਾਇਆ ਗਿਆ ਹੈ ਅਤੇ ਬਹੁਤ ਸਾਰੇ ਆਦਮੀ ਹਨ ਜਿਨ੍ਹਾਂ ਦੇ ਪੀਲੇ ਕਾਰਡ ਨਹੀਂ ਬਣ ਸਕੇ। ਇਸ ਲਈ ਜਿਨ੍ਹਾਂ ਦੇ ਕਾਰਡ ਬਣਨ ਤੋਂ ਰਹਿ ਗਏ ਹਨ, ਕੀ ਸਰਕਾਰ ਉਨ੍ਹਾਂ ਦੇ ਕਾਰਡ ਦੁਬਾਰਾ ਬਣਾਉਣ ਲਈ ਤਿਆਰ ਹੈ ? ਜਿਨ੍ਹਾਂ ਦੇ ਗਲਤ ਕਾਰਡ ਬਣੇ ਹਨ, ਕੀ ਸਰਕਾਰ ਉਨ੍ਹਾਂ ਦੇ ਕਾਰਡ ਕੈਂਸਲ ਕਰਨ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਪੀਲੇ ਕਾਰਡ ਜਿਨ੍ਹਾਂ ਦੇ ਗਲਤ ਬਣਾਏ ਗਏ ਸਨ, ਉਨ੍ਹਾਂ ਦੀ ਪਿੱਛੇ ਕਈ ਆਨਰੇਬਲ ਮੈਂਬਰਾਂ ਨੇ ਸ਼ਿਕਾਇਤ ਕੀਤੀ ਸੀ। ਇਸ ਲਈ ਫਿਰ ਦੋਬਾਰਾ ਸਕਰੂਟਨੀ ਕੀਤੀ ਗਈ। 8 ਲੱਖ ਵਿਚੋਂ 13,000 ਕੈਂਸਲ ਕੀਤੇ ਗਏ ਹਨ। ਅਗਰ ਮੈਂਬਰ ਸਾਹਿਬਾਨ ਦੇ ਕੋਈ ਚੀਜ਼ ਨੋਟਿਸ ਵਿਚ ਹੈ ਤਾਂ ਉਹ ਦੱਸ ਦੇਣ, ਜ਼ਰੂਰ ਕਾਰਵਾਈ ਕੀਤੀ ਜਾਵੇਗੀ। ਸਪੀਕਰ ਸਾਹਿਬ, ਕਈ ਉਨ੍ਹਾਂ ਲੋਕਾਂ ਨੇ ਪੀਲੇ ਕਾਰਡ ਬਣਵਾਏ ਸਨ ਜਿਨ੍ਹਾਂ ਦੇ ਘਰਾਂ ਵਿਚ ਟੀ.ਵੀ. ਲੱਗੇ ਹੋਏ ਹਨ ਅਤੇ ਟਰੈਕਟਰਜ਼ ਵਗੈਰਾ ਉਨ੍ਹਾਂ ਕੋਲ ਹਨ। ਉਨ੍ਹਾਂ ਦੇ ਪੀਲੇ ਕਾਰਡ ਕੈਂਸਲ ਕੀਤੇ ਗਏ ਹਨ। (ਥੰਪਿੰਗ)

Bet Area Allowance to Government Employees

*1552. **Comrade Baldev Singh Loomba :** Will the Minister for Finance be pleased to state whether there are certain villages in block Samana, district Patiala where Bet Area Allowance is being given to the Government employees ; if so, the names of such villages ?

ਡਾਕਟਰ ਕੇਵਲ ਕ੍ਰਿਸ਼ਨ : ਹਾਂ ਜੀ ਲੋੜੀਂਦੀ ਸੂਚਨਾ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

List of Villages where Compensatory Allowance is being given

BLOCK SAMANA

DISTRICT PATIALA

(With effect from 1st March, 1977)

1. Marori.
2. Gulahar.
3. Nalwala
4. Badshahpur.
5. Rampur.
6. Karim Nagar.
7. Dawarkapur.
8. Arnetu.
9. Shadipur Momian.
10. Rasauli.
11. Shatrana.
12. Shagra.
13. Matauli.
14. Talpur.
15. Kangthala.

Original with;
Punjab Vidhan Sabha
Digitized by;
Panjab Digital Library

(With effect from 17th December, 1980)

1. Arno.
2. Gulabgarh.
3. Shergarh.
4. Dhobi Gujran.
5. Gulzarpur Narna.
6. Galoli (including Dera Verka)
7. Gurditpura (including Dera Jahangir).
8. Behar Jadbh.
9. Jogewala.

Total 24

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਖੁਸ਼ੀ ਦੀ ਗੱਲ ਹੈ ਕਿ 15 ਪਿੰਡਾਂ ਤੋਂ 24 ਪਿੰਡ ਕਰ ਦਿੱਤੇ ਗਏ ਹਨ ਅਤੇ ਇਸ ਤਰ੍ਹਾਂ 9 ਪਿੰਡ ਵਧਾਏ ਗਏ ਹਨ ਪਰ ਅਜੇ ਵੀ ਬਹੁਤ ਸਾਰੇ ਪਿੰਡ ਬੇਟ ਏਰੀਆ ਦੇ ਰਹਿ ਗਏ ਹਨ। ਇਸ ਲਈ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਜਿਹੜੇ ਪਿੰਡ ਰਹਿ ਗਏ ਹਨ, ਉਨ੍ਹਾਂ ਨੂੰ ਵੀ ਵਿਚ ਸ਼ਾਮਲ ਕਰ ਲਿਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਬੇਟ ਏਰੀਏ ਦੇ ਪੰਜ ਮੀਲ ਦੇ ਏਰੀਏ ਨੂੰ ਲਿਆ ਜਾਂਦਾ ਹੈ, ਪੰਜ ਮੀਲ ਇੱਕ ਪਾਸੇ ਅਤੇ ਪੰਜ ਮੀਲ ਦੂਸਰੇ ਪਾਸੇ ਦੇ ਪਿੰਡਾਂ ਨੂੰ ਲਿਆ ਜਾਂਦਾ ਹੈ । ਸਰਵੇ ਕਰਵਾਇਆ ਗਿਆ ਸੀ ਅੌਰ ਜਿਹੜੇ ਪਿੰਡ ਆਉਂਦੇ ਸਨ ਉਨ੍ਹਾਂ ਨੂੰ ਲੈ ਲਿਤਾ ਗਿਆ ਹੈ। ਪਰ ਫਿਰ ਵੀ ਜੇਕਰ ਕੋਈ ਪਿੰਡ ਰਹਿ ਗਿਆ ਹੈ ਤਾਂ ਆਨਰੇਬਲ ਮੈਂਬਰ ਸਾਹਿਬਾਨ ਲਿਸਟ ਦੇ ਦੇਣ ਤਾਂ ਉਸ ਤੇ ਵਿਚਾਰ ਕਰ ਲਵਾਂਗੇ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਕਲੀਅਰ ਕਰਾਉਣਾ ਚਾਹੁੰਦਾ ਹਾਂ ਕਿ ਇਹ ਏਰੀਆ ਪੰਜ ਮੀਲ ਦਾ ਹੈ ਜਾਂ ਪੰਜ ਕਿਲੋਮੀਟਰ ਦਾ ਹੈ ? ਇਹ ਵਿੱਤ ਮੰਤਰੀ ਸਾਹਿਬ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਇਹ ਏਰੀਆ 8 ਕਿਲੋਮੀਟਰ ਹੈ ਅਤੇ ਪੰਜ ਮੀਲ ਹੈ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿੰਡ ਝਨੇਰੀ, ਮਾਖੇਵਾਲਾ ਅਤੇ ਦੋ ਤਿੰਨ ਪਿੰਡ ਹੋਰ ਅਜੇ ਤੱਕ ਸ਼ਾਮਲ ਨਹੀਂ ਕੀਤੇ ਗਏ ਹਨ, ਕੀ ਉਨ੍ਹਾਂ ਨੂੰ ਮਨਿਸਟਰ ਸਾਹਿਬ, ਸ਼ਾਮਲ ਕਰਨ ਲਈ ਤਿਆਰ ਹਨ ? ਲਿਸਟ ਮਨਿਸਟਰ ਸਾਹਿਬ ਦੇ ਪੇਸ਼ ਕੀਤੀ ਗਈ ਸੀ।

ਮੰਤਰੀ : ਸਪੀਕਰ ਸਾਹਿਬ, ਜੇਕਰ ਇਹ ਪਿੰਡ ਬੇਟ ਏਰੀਆ ਵਿਚ ਆਉਂਦੇ ਹਨ ਤਾਂ ਇਸ ਬਾਰੇ ਮੈਂਬਰ ਸਾਹਿਬ ਲਿਖ ਕੇ ਦੇ ਦੇਣ ਤਾਂ ਅਸੀਂ ਘੋਖ ਕਰਾ ਲਵਾਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1462

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

Starred Question No. 1357*

Mr. Speaker : Extension has been asked for in respect of starred question No. 1357.

*For Starred Question No. 1357 and reply thereto please see Debate dated 25th March, 1982 (Morning Sitting).

Original with;
Punjab Vidhan Sabha
Digitized by;
Panjab Digital Library

Use of Cement in Shah Nehar Barrage Project

***1472. Comrade Raj Kumar :** Will the Minister for Agriculture and Irrigation be pleased to state whether he received a memorandum through a legislator regarding the use of cement, contrary to the specifications in the Shah Nehar Barrage Project, in the month of December, 1981 ; if so, the details thereof along with the action taken or proposed to be taken thereon ?

Chaudhri Kanshi Ram : Yes, Sir. A representation from Shri R.S. Sandhu, General Secretary Pong Dam Mazdoor Union, Talwara was received through Comrade Raj Kumar, M.L.A., in which it was alleged that excessive cement had been used over and above the approved specifications. On the basis of investigations carried out, no excess cement was found to have been used.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, 50 ਲੱਖ ਰੁਪਏ ਦੇ ਸੀਮਿੰਟ ਦਾ ਗ਼ਬਨ ਹੋਇਆ ਹੈ। ਠੇਕੇਦਾਰਾਂ ਨੇ ਮਿੱਟੀ ਵਿਚ ਵੀ ਹੇਰਾਫੇਰੀ ਕੀਤੀ ਹੈ। ਮੇਰੇ ਸਵਾਲ ਦੇ ਜਵਾਬ ਵਿਚ ਸਰਕਾਰ ਨੇ ਦੱਸਿਆ ਹੈ ਕਿ on the basis of investigations carried out, no excess cement was found to have been used. ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਰਿਪੋਰਟ ਹਾਊਸ ਦੇ ਸਾਹਮਣੇ ਰੱਖਣਗੇ ?

Minister : Sir, it is very much clear from the question. There is a word 'specification' and specifications are laid down to ascertain the strength of the mixture.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜੇ ਕਹੋ ਤਾਂ ਮੈਂ ਸਾਰੇ ਕਾਗਜ਼ ਹਾਊਸ ਦੀ ਟੇਬਲ ਤੇ ਰੱਖ ਸਕਦਾ ਹਾਂ। ਮੈਂ ਸਰਕਾਰ ਨੂੰ ਮੈਮੋਰੰਡਮ ਵੀ ਭੇਜਿਆ ਹੈ।

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ, ਜੇਕਰ ਆਪਣੇ ਸਵਾਲ ਅਤੇ ਜਵਾਬ ਨੂੰ ਚੰਗੀ ਤਰ੍ਹਾਂ ਪੜ੍ਹ ਲੈਂਦੇ ਤਾਂ ਉਨ੍ਹਾਂ ਨੂੰ ਸਾਰੀ ਪੋਜ਼ੀਸ਼ਨ ਕਲੀਅਰ ਹੋ ਜਾਂਦੀ । ਕਾਮਨ- ਸੈਂਸ ਵੀ ਇਸ ਗੱਲ ਨੂੰ ਨਹੀਂ ਮੰਨਦੀ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੇਸਿਜ਼ ਕੀ ਹਨ ? ਜਿਹੜੀ ਰਿਪੋਰਟ ਆਈ ਹੈ, ਉਹ ਰਿਪੋਰਟ ਹਾਊਸ ਦੇ ਸਾਹਮਣੇ ਰੱਖਣ ਅਤੇ ਮਨਿਸਟਰ ਸਾਹਿਬ ਦੱਸਣ ਕਿ ਰਿਪੋਰਟ ਕੀ ਆਈ ਹੈ ?

ਮੰਤਰੀ : ਸਪੀਕਰ ਸਾਹਿਬ ਬੇਸਿਜ਼ ਵਿਚ ਸਭ ਤੋਂ ਪਹਿਲੀ ਗੱਲ ਅਸੈਨਸ਼ੀਅਲ ਸਪੈਸੀਫਿਕੇਸ਼ਨ ਲਫਜ਼ ਹੈ specifications are laid down that this would be the quantity of Bajri, this would be the quantity of cement and this would be the quantity of sand for certain and desirable strength of mixture.

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸੀਮਿੰਟ ਠੀਕ ਨਹੀਂ ਲਗਾਇਆ ਗਿਆ। ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਦਾ ਹਾਂ ਕਿ ਇਹ ਸਪੈਸੀਫਿਕੇਸ਼ਨ ਮਿਕਸਚਰ ਦਾ ਜਿਹੜਾ ਹੈ, that corresponds to the mixture formula adopted on the Shah Nehar Project for the Mixture M-175.80 and M- 350.80. The quantity of cement proposed by Beas Project was 232 K.G. and 432 K.G. res-

Original with;
Punjab Vidhan Sabha
Digitized by;
Panjab Digital Library

pectively where as the quantity of cement used for Mixture on Shah Nehar Project was as under:—

Period	M—175.80
16-6-76 to 1-4-77	200 Kgs.
1-4-77 to 27-1-77	230 K.Gs.
27-1-79 onwards	212 K.Gs.

Sir, these figures very clearly show that no excess cement was used here.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇੱਕ ਤਾਂ ਕੇਸ ਸੀਮਿੰਟ ਬਾਰੇ ਹੈ। ਦੂਸਰਾ ਬਜਰੀ ਅਤੇ ਰੇਤ ਪਾ ਕੇ 28 ਕਿਲੋਮੀਟਰ ਦੇ ਪੈਸੇ ਚਾਰਜ ਕਰ ਲਏ ਗਏ ਹਨ।

Minister : Now I am forced to read the memorandum : Relevant portion reads :—

"To take up deficit vacum created due to inferior quality of sand and bajri supplied by the contractor. In this way cement of many lakh has been used resulted In heavy and unbearable loss to the State Exchequer. By this move the contractor has been benefitted alongwith officers at the helm of affairs."

ਕਾਮਰੇਡ ਰਾਜ ਕੁਮਾਰ : ਸਾਰਾ ਪੜ੍ਹ ਜੀ।

ਸ਼੍ਰੀ ਸਪੀਕਰ : ਇਹ ਕੁਐਸਚਨ ਆਵਰ ਹੈ।

ਮੰਤਰੀ : ਸਪੀਕਰ ਸਾਹਿਬ, ਸਿੰਪਲ ਗੱਲ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਐਕਸੈਸਿਵ ਸੀਮਿੰਟ ਇਸਤੇਮਾਲ ਹੋਇਆ ਹੈ ਤਾਕਿ ਬਜਰੀ ਔਰ ਸੈਂਡ ਬਾਰੇ ਠੇਕੇਦਾਰਾਂ ਨੂੰ ਫਾਇਦਾ ਪਹੁੰਚਾਇਆ ਜਾ ਸਕੇ।

Comrade Raj Kumar : Is the hon. Minister ready to have the matter enquired into by higher agency of the State.

Minister : He should come to my chamber and whatever he will say, I will look into it.

ਸ਼੍ਰੀ ਸਪੀਕਰ : ਰਾਜ ਕੁਮਾਰ ਜੀ, ਮਨਿਸਟਰ ਸਾਹਿਬ ਕਹਿੰਦੇ ਹਨ ਕਿ ਜੋ ਤੁਸੀਂ ਕਹਿੰਦੇ ਹੋ ਉਹ ਇਸ ਬਾਰੇ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ। ਤੁਸੀਂ ਇਨ੍ਹਾਂ ਨੂੰ ਇਨ੍ਹਾਂ ਦੇ ਦਫਤਰ ਵਿਚ ਮਿਲ ਲੈਣਾ।

ਕਾਮਰੇਡ ਰਾਜਕੁਮਾਰ : ਅੱਛਾ ਜੀ।

ਸਰਦਾਰ ਪ੍ਰਿਥੀਪਾਲ ਸਿੰਘ : ਜਿਹੜਾ ਸੀਮਿੰਟ, ਰੇਤ ਔਰ ਬਜਰੀ ਵਰਤੀ ਗਈ ਹੈ, ਉਸ ਬਾਰੇ ਸਰਕਾਰ ਵੱਲੋਂ ਜੋ ਸਪੈਸੀਫੀਕੇਸ਼ਨ ਅਪਰੂਵ ਕੀਤੀ ਹੋਈ ਹੈ, ਉਹ ਕੀ ਹੈ ?

Minister : Certain strength is to be attained by mixture and that is prescribed by the Director Investigation and Research.

Elections to the Municipal Committees/Corporations

***1539. Seth Khushhal Chand** : Will the Minister for Local Government be pleased to state—

(a) the names of the Municipal Committees and the Municipal Corporations in the State elections to which have not been held during the last five years/ten years ; and

Original with;
Punjab Vidhan Sabha
Digitized by;
Panjab Digital Library

[Seth ~~Khuchhal~~ Khushal Chand]

(b) whether the State Governme t intends to hold elections to the above mentioned Municipal Committees and Municipal Corporations; if so, by what time ?

Shri Sardari Lal Kapur : (a) There are five Municipal Committees, Rajpuia, Badaur, Malout, Phagwara and Jaitu and three Municipal Corporations Amritsar, Ludhiana and Jullundur in the State elections to which have not been held during the last five years. There is no Municipal Corporation or Municipal Committee, elections to which have not been held during the last ten years.

(b) Yes Sir, Government intends to hold elections to the above mentioned Municipal Committees and Municipal Corporations as early as possible after the Budget Session.

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਮਿਉਨਿਸਪਲ ਕਮੇਟੀਆਂ ਔਰ ਕਾਰਪੋਰੇਸ਼ਨਜ਼ ਦੇ ਇਲੈਕਸ਼ਨਜ਼ 5 ਸਾਲਾਂ ਤੋਂ ਲਮਕ ਰਹੇ ਹਨ। ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਲੈਕਸ਼ਨਜ਼ ਕਦੋਂ ਤੱਕ ਕਰਾ ਦਿੱਤੇ ਜਾਣਗੇ ? ਕੀ ਇਸ ਬਾਰੇ ਕੋਈ ਡੇਟ ਨਿਸ਼ਚਿਤ ਕਰਨ ਨੂੰ ਇਹ ਤਿਆਰ ਹਨ ?

ਸ਼੍ਰੀ ਸਪੀਕਰ : ਇਨ੍ਹਾਂ ਨੇ ਕਹਿ ਦਿੱਤਾ ਹੈ ਕਿ as early as possible.

ਸੇਠ ਖੁਸ਼ਹਾਲ ਚੰਦ : ਕੀ ਇਹ ਇੱਕ ਸਾਲ ਜਾਂ ਦੋ ਸਾਲਾਂ ਦੇ ਅੰਦਰ ਅੰਦਰ ਮਿਉਨਿਸਪਲ ਕਮੇਟੀਆਂ ਔਰ ਕਾਰਪੋਰੇਸ਼ਨਜ਼ ਦੇ ਇਲੈਕਸ਼ਨਜ਼ ਕਰਾ ਦੇਣਗੇ ?

(ਕੋਈ ਉੱਤਰ ਨਹੀਂ ਆਇਆ।)

ਪ੍ਰੋਫੈਸਰ ਬਲਵੰਤ ਸਿੰਘ : ਮਿਉਨਿਸਪਲ ਕਮੇਟੀਆਂ, ਕਾਰਪੋਰੇਸ਼ਨਜ਼, ਮਾਰਕਿਟ ਕਮੇਟੀਆਂ ਔਰ ਬਲਾਕ ਸਮਿਤੀਆਂ ਦੀਆਂ ਇਲੈਕਸ਼ਨਜ਼ ਡਿਊ ਹਨ। ਕੀ ਕੋਈ ਅਜਿਹੀ ਚੀਜ਼ ਤਾਂ ਨਹੀਂ ਕਿ ਸਰਕਾਰ ਆਪਣੀ ਹਾਰ ਤੋਂ ਡਰਦੀ ਮਾਰੀ ਇਹ ਚੋਣਾਂ ਨਹੀਂ ਕਰਾ ਰਹੀ ? ਕੀ ਸਰਕਾਰ ਇਹ ਚੋਣਾਂ ਜਲਦੀ ਤੋਂ ਜਲਦੀ ਕਰਾਉਣ ਨੂੰ ਤਿਆਰ ਹੈ ?

ਮੁੱਖ ਮੰਤਰੀ : ਸਰਕਾਰ ਤੁਹਾਡੀ ਹਾਰ ਤੋਂ ਡਰਦੀ ਉਥੇ ਇਲੈਕਸ਼ਨਜ਼ ਨਹੀਂ ਕਰਾ ਰਹੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਪ੍ਰੈਡੀਸੈਸਰ, ਡਾਕਟਰ ਸਾਹਿਬ ਨੇ ਵੀ ਐਲਾਨ ਕੀਤਾ ਸੀ ਕਿ ਫਲਾਣੀ ਤਾਰੀਖ ਤੱਕ ਕਾਰਪੋਰੇਸ਼ਨ ਦੇ ਇਲੈਕਸ਼ਨਜ਼ ਕਰਾ ਦਿਆਂਗੇ, ਉਹ ਤਾਰੀਕ ਲੰਘ ਗਈ ਹੈ। ਕੀ ਇਹ ਹੁਣ ਇਸ ਸਬੰਧੀ ਕੋਈ ਤਾਰੀਕ ਨਿਸ਼ਚਿਤ ਕਰਨਗੇ ਕਿ ਫਲਾਣੀ ਤਾਰੀਕ ਤੱਕ ਇਹ ਇਲੈਕਸ਼ਨਜ਼ ਕਰਾ ਦਿੱਤੀਆਂ ਜਾਣਗੀਆਂ ਤਾਕਿ ਜੋ ਦਸਖਤ ਕਰਨ ਦਾ ਬੋਝ ਐਮ. ਐਲ.ਏਜ਼ ਤੇ ਹੈ ਉਹ ਇਨ੍ਹਾਂ ਦੀਆਂ ਚੋਣਾਂ ਹੋਣ ਨਾਲ ਲੱਥ ਜਾਵੇ ?

ਸਥਾਨਕ ਸਰਕਾਰ ਮੰਤਰੀ : ਇਹ ਜੋ ਬੋਝ ਬਾਰੇ ਕਿਹਾ ਗਿਆ ਹੈ, ਇਸ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ। ਅਸੀਂ ਅੱਗੇ ਹੀ ਕਿਹਾ ਹੈ ਕਿ as early as possible ਇਹ ਕਰਾਵਾਂਗੇ। ਵੋਟਰਾਂ ਦੀਆਂ ਲਿਸਟਾਂ ਬਣ ਗਈਆਂ ਹਨ। As early as possible.

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਿਆਲ ਸੈਣੀ : ਸਾਢੇ ਤਿੰਨ ਸਾਲ ਜਨਤਾ ਸਰਕਾਰ ਨੇ ਲੰਘਾ ਦਿੱਤੇ ਅੱਧ ਪੌਣੇ ਦੋ ਸਾਲ ਸਾਨੂੰ ਵੀ ਹੋ ਗਏ ਹਨ। ਪਿਛਲੇ ਸੈਸ਼ਨ ਵਿਚ ਕਿਹਾ ਗਿਆ ਸੀ ਕਿ ਉਸ ਸੈਸ਼ਨ ਤੋਂ ਬਾਅਦ ਇਹ ਇਲੈਕਸ਼ਨਜ਼ ਕਰਾਵਾਂਗੇ। ਹੁਣ ਫਿਰ ਰਿਪੀਟ ਹੋ ਰਿਹਾ ਹੈ ਕਿ ਇਸ ਸੈਸ਼ਨ ਤੋਂ ਬਾਅਦ ਕਰਾਵਾਂਗੇ। ਡਰਨ ਵਾਲੀ ਕੋਈ ਗਲ ਨਹੀਂ। ਇਸ ਸਬੰਧੀ ਕੋਈ ਡੇਟ ਨਿਸਚਿਤ ਹੋਣੀ ਚਾਹੀਦੀ ਹੈ ਅੱਤ ਜਿੱਤ ਤਾਂ ਕਾਂਗਰਸ ਦੀ ਹੀ ਹੋਣੀ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਇਲੈਕਸ਼ਨਜ਼ ਜਦੋਂ ਮਰਜ਼ੀ ਕਰਾ ਦਿਓ ਪਰ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਵਿੱਤ ਮੰਤਰੀ ਜੀ ਤੋਂ ਫੰਡਜ਼ ਦੀ ਡੀਮਾਂਡ ਕਰਨੀ ਚਾਹੀਦੀ ਹੈ। ਸ਼ਹਿਰਾਂ ਦੀ ਡਿਵੈਲਪਮੈਂਟ ਕਾਫੀ ਪਿਛੇ ਰਹਿ ਗਈ ਹੈ। ਸਾਰਾ ਕੁਝ ਤਾਂ ਪਿੰਡਾਂ ਦੀ ਡਿਵੈਲਪਮੈਂਟ ਤੇ ਲਗ ਰਿਹਾ ਹੈ, ਇਸ ਲਈ ਸ਼ਹਿਰਾਂ ਵਿਚ ਰਹਿਣ ਵਾਲਿਆਂ ਵਾਸਤੇ ਵੀ ਸਹੂਲਤਾਂ ਪ੍ਰੋਵਾਈਡ ਕਰਨੀਆਂ ਚਾਹੀਦੀਆਂ ਹਨ।

ਮੰਤਰੀ : ਤੁਹਾਡਾ ਸੁਝਾਓ ਬੜਾ ਚੰਗਾ ਹੈ।

ਨਿਸ਼ਾਨ ਵਾਲਾ ਸਵਾਲ ਨੰ: 1466

(ਸਬੰਧਤ ਮਾਨਯੋਗ ਮੈਂਬਰ ਦੇ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

Widening of Bhikhi-Budhlada road

***1406. Comrade Buta Singh** : Will the Minister for Public Works be pleased to state whether any proposal to widen the Bhikhi Budhlada road is under the consideration of the Government, it so, the details thereof alongwith the action taken/proposed to be taken in the matter ?

ਸਰਦਾਰ ਬੇਅੰਤ ਸਿੰਘ : ਹਾਂ ਜੀ। ਸੜਕ 12' ਤੋਂ 18' ਕੀਤੀ ਜਾ ਰਹੀ ਹੈ। ਕੰਮ ਜਾਰੀ ਹੈ।

ਕਾਮਰੇਡ ਬੂਟਾ ਸਿੰਘ : ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਉਥੇ ਕੰਮ ਜਾਰੀ ਹੈ। ਸਪੀਕਰ ਸਾਹਿਬ, ਜੇਕਰ ਉਥੇ ਕੰਮ ਜਾਰੀ ਹੁੰਦਾ ਤਾਂ ਫਿਰ ਮੈਨੂੰ ਸਵਾਲ ਪੁੱਛਣ ਦੀ ਕੀ ਲੋੜ ਸੀ। ਉਥੇ ਕੋਈ ਕੰਮ ਨਹੀਂ ਹੋ ਰਿਹਾ। ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੰਮ ਬਾਰੇ ਪਿਛਲੇ ਸਾਲ ਕਿੰਨੇ ਪੈਸੇ ਖਰਚ ਕੀਤੇ ਗਏ ਸਨ ਅੱਤ ਇਸ ਸਾਲ ਕਿੰਨੇ ਪੈਸੇ ਰੱਖੇ ਗਏ ਹਨ ?

ਮੰਤਰੀ : ਉਥੇ ਕੰਮ ਚਲ ਰਿਹਾ ਹੈ। ਉਸ ਦੀ ਲੰਬਾਈ 14.40 ਕਿਲੋਮੀਟਰ ਹੈ ਜਿਸ ਵਿਚ ਬਜਰੀ ਆਦਿ ਪਾਈ ਜਾ ਚੁੱਕੀ ਹੈ। ਸਾਰੀ ਦੀ ਸਾਰੀ 13.60 ਕਿਲੋਮੀਟਰ ਐਸੀ ਹੈ ਜਿਸ ਵਿਚ ਪਹਿਲਾ ਕੋਟ ਵੀ ਕਰ ਦਿਤਾ ਗਿਆ ਹੈ। ਥੋੜ੍ਹੀ ਜਿਹੀ ਰਹਿੰਦੀ ਹੈ ਜਿਸ ਵਿਚ ਦੂਸਰਾ ਕੋਟ ਹੋ ਜਾਣਾ ਹੈ।

ਮਾਸਟਰ ਬਾਬੂ ਸਿੰਘ : ਰਾਮਪੁਰਾ ਫੂਲ ਤੋਂ ਫਰੀਦਕੋਟ ਸੜਕ ਤੇ ਟ੍ਰੈਫਿਕ ਬਹੁਤ ਜ਼ਿਆਦਾ ਹੈ। ਮਾਨਯੋਗ ਮੰਤਰੀ ਜੀ ਅੱਤ ਸਾਡੇ ਚੀਫ਼ ਮਨਿਸਟਰ ਸਾਹਿਬ ਵੀ ਉਥੇ ਜਾ ਆਏ ਹਨ। ਉਥੇ ਬਾਜਾ ਖਾਨਾ ਤੋਂ ਕੋਟਕਪੂਰਾ ਜੋ ਸੜਕ ਹੈ ਉਸ ਨੂੰ ਕੀ ਇਹ ਚੌੜੀ ਕਰਕੇ ਚੰਗੀ ਸੜਕ ਬਣਾਉਣਗੇ ? ਕੀ ਉਸ ਸੜਕ ਨੂੰ ਬਣਾਉਣ ਵਿਚ ਇਹ ਪ੍ਰਾਇਰਟੀ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਪ੍ਰਾਇਰਟੀ ਸਾਰੀਆਂ ਸੜਕਾਂ ਬਾਰੇ ਦੇਣੀ ਹੈ। ਜਿਹੜੀ ਸੜਕ ਬਾਰੇ ਇਨ੍ਹਾਂ ਨੇ ਦੱਸਿਆ ਹੈ, ਉਹ ਸੜਕ ਖਰਾਬ ਹੈ ਪਰ ਮੈਂ ਇਸ ਵੇਲੇ ਇਹ ਨਹੀਂ ਕਹਿ ਸਕਦਾ ਕਿ ਇਸ ਕੰਮ ਲਈ ਕਿੰਨੇ ਪੈਸੇ ਰੱਖੇ ਹਨ ਅੱਰ ਇਹ ਕਦੋਂ ਤੱਕ ਕੰਮ ਕਰਾ ਦਿੱਤਾ ਜਾਏਗਾ।

ਕਾਮਰੇਡ ਕੁਲਵੰਤ ਸਿੰਘ : ਇਹ ਸੜਕਾਂ ਬਾਰੇ ਸਵਾਲ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਇਸ ਸੜਕ ਲਈ ਕਿੰਨੇ ਪੈਸੇ ਰੱਖੇ ਗਏ ਸਨ ਅੱਰ ਇਸ ਸਾਲ ਕਿੰਨੇ ਰੱਖੇ ਜਾ ਰਹੇ ਹਨ ? ਇਸ ਬਾਰੇ ਇਨ੍ਹਾਂ ਨੇ ਜਵਾਬ ਨਹੀਂ ਦਿੱਤਾ। ਦੂਸਰਾ, ਸਰਕਾਰ ਨੇ 1980-81 ਵਿਚ ਐਲਾਨ ਕੀਤਾ ਸੀ ਕਿ ਸਾਰੇ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਜੋੜ ਦਿਤਾ ਜਾਵੇਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਫਸਟ ਲਿੰਕ ਪਿੰਡਾਂ ਦੇ ਰਹਿੰਦੇ ਹਨ, ਕੀ 31 ਮਾਰਚ ਤੱਕ ਇਹ ਕੰਮ ਕਰਾ ਦਿੱਤਾ ਜਾਏਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦਾ ਕਈ ਵਾਰ ਜਵਾਬ ਦਿੱਤਾ ਹੈ। ਠੀਕ ਹੈ, ਸੜਕਾਂ ਲਿੰਕ ਹੋਣੀਆਂ ਚਾਹੀਦੀਆਂ ਹਨ ਅਤੇ ਹੋਈਆਂ ਹਨ ਲੇਕਿਨ ਜਿਥੇ ਕੋਈ ਮਰਦਮਸ਼ੁਮਾਰੀ ਵਿਚ ਪਿੰਡ ਨਹੀਂ ਸੀ, ਉਹ ਰਹਿੰਦਾ ਹੈ ਅਤੇ ਇਸੇ ਤਰ੍ਹਾਂ ਜਿਥੇ ਪਹਾੜੀ ਇਲਾਕਾ ਹੈ ਉਥੇ ਕੰਮ ਹਾਲਾਂ ਨਹੀਂ ਕੀਤਾ ਜਾ ਸਕਿਆ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਦੇ ਇਲਾਕੇ ਵਿਚ ਹਾਲਾਂ ਬਹੁਤ ਸਾਰੇ ਪਿੰਡ ਸੜਕਾਂ ਨਾਲ ਲਿੰਕ ਨਹੀਂ ਹੋਏ। ਕੀ ਉਨ੍ਹਾਂ ਨੂੰ 31 ਮਾਰਚ ਤੱਕ ਲਿੰਕ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਇਹ ਸਵਾਲ ਹੀ ਇਸ ਤਰ੍ਹਾਂ ਦਾ ਕਰਦੇ ਹਨ ਕਿ ਪਤਾ ਨਹੀਂ ਲਗਦਾ ਕਿ ਇਹ ਮਾਰਚ, 1982 ਤੱਕ ਦੀ ਗੱਲ ਕਰਦੇ ਹਨ ਜਾਂ ਮਾਰਚ, 1983 ਤੱਕ ਦੀ ਗੱਲ ਕਰਦੇ ਹਨ। ਜੇ ਤਾਂ 1983 ਤੱਕ ਦੀ ਗੱਲ ਕਰਦੇ ਫਿਰ ਤਾਂ ਮੈਂ ਕਹਿ ਸਕਦਾ ਸੀ ਕਿ ਆਸੀਂ ਦੇਖ ਲਵਾਂਗੇ ਪਰ ਜੇ ਇਹ ਮਾਰਚ, 1982 ਤੱਕ ਦੀ ਗੱਲ ਕਰਦੇ ਹਨ ਤਾਂ ਇਹ ਕੋਈ ਜਾਦੂ ਥੋੜ੍ਹਾ ਹੈ ਜਿਹੜਾ ਐਡੀ ਛੇਤੀ ਹੋ ਜਾਵੇਗਾ। ਮੈਂ ਕਿਹਾ ਹੈ ਕਿ ਸੜਕਾਂ ਲਿੰਕ ਹੋਈਆਂ ਹਨ। ਇਨ੍ਹਾਂ ਨੇ ਕੰਡੀ ਏਰੀਏ ਦਾ ਜ਼ਿਕਰ ਕੀਤਾ ਹੈ। ਜੇ ਇਨ੍ਹਾਂ ਨੂੰ ਸ਼ੱਕ ਹੈ ਕਿ ਕੰਮ ਨਹੀਂ ਹੋਇਆ, ਇਹ ਹੋ ਸਕਦਾ ਹੈ ਕਿ ਕੰਮ ਹੋਇਆ ਹੋਵੇ ਪਰ ਬਾਰਿਸ਼ਾਂ ਨਾਲ ਉਹ ਸੜਕ ਟੁੱਟ ਗਈ ਹੋਵੇ, ਜੇ ਇਨ੍ਹਾਂ ਨੂੰ ਕੋਈ ਸ਼ੱਕ ਹੈ ਤਾਂ ਇਹ ਮੇਰੇ ਨਾਲ ਮੇਰੇ ਚੈਂਬਰ ਵਿਚ ਆ ਕੇ ਡਿਸਕਸ ਕਰ ਲੈਣ।

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ 1971 ਤੱਕ ਸਾਡੀ ਸਰਕਾਰ ਨੇ ਸ਼ਾਨਦਾਰ ਕੰਮ ਕੀਤਾ ਅਤੇ ਸੜਕਾਂ ਬਣੀਆਂ। ਢਾਈ ਸਾਲ ਅਕਾਲੀ-ਜਨਤਾ ਸਰਕਾਰ ਰਹੀ ਪਰ ਉਨ੍ਹਾਂ ਨੇ ਕੁਝ ਨਹੀਂ ਕੀਤਾ। ਬੱਜਰੀ ਅਤੇ ਲੁੱਕ ਦਾ ਤਾਂ ਪਤਾ ਨਹੀਂ ਕਿ ਉਹ ਕਿਥੇ ਗਈ। ਇਥੇ ਬਾਰ ਬਾਰ ਸੜਕਾਂ ਦਾ ਜ਼ਿਕਰ ਆ ਰਿਹਾ ਹੈ, ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੀ.ਡਬਲਿਊ.ਡੀ. ਦੇ ਜਿਹੜੇ ਚੀਫ਼ ਇੰਜੀਨੀਅਰ ਸਾਹਿਬ ਹਨ, ਜਿਨ੍ਹਾਂ ਨੇ ਕਸਮ ਖਾਧੀ ਹੋਈ ਹੈ ਕਿ ਪੰਜਾਬ ਵਿਚ ਸੜਕਾਂ ਦਾ ਕੰਮ ਨਹੀਂ ਕਰਨਾ, ਕੀ ਉਸ ਨੂੰ ਬਦਲ ਕੇ ਕੋਈ ਇਹ ਹੋਰ ਚੀਫ਼ ਇੰਜੀਨੀਅਰ ਲਾਉਣਗੇ ?

ਮੰਤਰੀ : ਸਪੀਕਰ ਸਾਹਿਬ, ਬਾਗੀ ਜੀ ਨੇ ਜਿਹੜਾ ਸਪਲੀਮੈਂਟਰੀ ਕੀਤਾ ਹੈ ਉਨ੍ਹਾਂ ਨੇ ਇਕ ਤਾਂ ਇਹ ਪੁੱਛਿਆ ਹੈ ਕਿ ਅਕਾਲੀ ਸਰਕਾਰ ਵੇਲੇ ਢਾਈ ਸਾਲਾਂ ਦੇ ਸਮੇਂ ਵਿਚ ਸੜਕਾਂ ਦਾ ਕੰਮ ਬਹੁਤ

Original with;
Punjab Vidhan Sabha
Digitized by;
Panjab Digital Library

ਪਿੱਛੇ ਰਿਹਾ। ਇਸ ਦਾ ਮੈਂ ਜਵਾਬ ਦੇਣ ਨੂੰ ਤਿਆਰ ਹਾਂ। ਜੋ ਕਰਤੂਤਾਂ ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਕੀਤੀਆਂ ਅਸੀਂ ਉਨ੍ਹਾਂ ਨੂੰ ਦਰੁੱਸਤ ਕਰ ਰਹੇ ਹਾਂ। ਬਾਕੀ ਜਿਹੜੀ ਬਾਗੀ ਜੀ ਨੇ ਚੀਫ਼ ਇੰਜੀਨੀਅਰ ਬਾਰੇ ਗੱਲ ਕੀਤੀ ਹੈ, ਮੈਨੂੰ ਲਗਦਾ ਹੈ ਕਿ ਇਨ੍ਹਾਂ ਦੀ ਉਨ੍ਹਾਂ ਨਾਲ ਮੁਹੱਬਤ ਹੈ। ਇਸ ਬਾਰੇ ਇਹ ਮੇਰੇ ਨਾਲ ਗੱਲ ਕਰ ਲੈਣ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ, ਨੇ ਕਰਤੂਤਾਂ ਦਾ ਲਫਜ਼ ਵਰਤਿਆ ਹੈ। ਸਾਨੂੰ ਵੀ ਇਨ੍ਹਾਂ ਦੀਆਂ ਕਰਤੂਤਾਂ ਦਾ ਪਤਾ ਹੈ। ਇਨ੍ਹਾਂ ਨੇ 29 ਸਾਲ ਰਾਜ ਕੀਤਾ। ਇਨ੍ਹਾਂ ਨੇ ਇਨ੍ਹਾਂ 29 ਸਾਲਾਂ ਵਿਚ ਜੋ ਕਰਤੂਤਾਂ ਕੀਤੀਆਂ, ਅਸੀਂ ਆਪਣੇ ਢਾਈ ਸਾਲਾਂ ਦੇ ਰਾਜ ਵਿਚ ਇਨ੍ਹਾਂ ਦੀਆਂ ਕਰਤੂਤਾਂ ਨੂੰ ਦਰੁੱਸਤ ਕੀਤਾ ਹੈ। ਹੁਣ ਸਾਨੂੰ ਟਾਈਮ ਦੇ ਦਿਓ, ਅਸੀਂ ਹੁਣ ਇਨ੍ਹਾਂ ਦੀਆਂ ਕਰਤੂਤਾਂ ਠੀਕ ਕਰ ਦਿਆਂਗੇ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਤਾਂ ਉਹ ਗੱਲ ਹੈ ਕਿ ਗੱਲੀਂ ਬਾਤੀ ਮੈਂ ਵੱਡੀ ਅਤੇ ਕਰਤੂਤੀਂ ਮੇਰੀ ਜਠਾਣੀ। ਅਸੀਂ ਇਨ੍ਹਾਂ ਦੀਆਂ ਕਰਤੂਤਾਂ ਠੀਕ ਕਰ ਰਹੇ ਹਾਂ।

ਸ਼੍ਰੀ ਸੰਤ ਰਾਮ ਸਿੰਗਲਾ : ਸਪੀਕਰ ਸਾਹਿਬ. ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਸੂਬੇ ਦੀਆਂ ਇਕ ਪਾਸੇ ਜੰਮੂ ਅਤੇ ਕਸ਼ਮੀਰ ਨਾਲ ਹੱਦਾਂ ਲਗਦੀਆਂ ਹਨ ਅਤੇ ਦੂਜੇ ਪਾਸੇ ਹਰਿਆਣਾ. ਯੂ.ਪੀ. ਅਤੇ ਰਾਜਿਸਥਾਨ ਨਾਲ ਹੱਦਾਂ ਲਗਦੀਆਂ ਹਨ। ਬਾਵਜੂਦ ਹਾਰਡਸ਼ਿਪ ਦੇ ਕੀ ਇਹ ਜਿਹੜੀਆਂ ਸਾਡੇ ਸੂਬੇ ਦੀਆਂ ਦੂਜੇ ਸੂਬਿਆਂ ਨਾਲ ਹੱਦਾਂ ਲਗਦੀਆਂ ਹਨ ਉਥੇ ਸੜਕਾਂ ਚੰਗੀਆਂ ਬਣਾਉਣਗੇ ਤਾਕਿ ਜਿਹੜਾ ਆਦਮੀ ਬਾਹਰੋਂ ਇਥੇ ਆਵੇ ਉਸ ਨੂੰ ਪੰਜਾਬ ਦੀ ਖੂਬਸੂਰਤੀ ਦਾ ਪਤਾ ਲਗ ਜਾਵੇ। ਕੀ ਇਹ ਇਸ ਪਾਸੇ ਧਿਆਨ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸੁਝਾਓ ਬੜਾ ਚੰਗਾ ਹੈ, ਇਸ ਉਤੇ ਵਿਚਾਰ ਕੀਤਾ ਜਾਵੇਗਾ।

ਸਰਦਾਰ ਨੱਥਾ ਸਿੰਘ ਦਾਲਮ : ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੂਨ. 1977 ਤੋਂ ਫਰਵਰੀ, 1980 ਤੱਕ ਪੰਜਾਬ ਵਿਚ ਕੁੱਲ ਕਿੰਨੇ ਕਿਲੋ ਮੀਟਰ ਸੜਕਾਂ ਬਣੀਆਂ ਅਤੇ ਇਸ ਪੌਣੇ ਦੋ ਸਾਲਾਂ ਦੇ ਤੁਹਾਡੇ ਰਾਜ ਵਿਚ ਕਿੰਨੇ ਕਿਲੋ ਮੀਟਰ ਲੰਬੀਆਂ ਸੜਕਾਂ ਬਣੀਆਂ ਹਨ ? ਦੂਜਾ, ਪੰਜਾਬ ਵਿਚ ਕੁਝ ਪਿੰਡ ਐਸੇ ਹਨ ਜਿਨ੍ਹਾਂ ਦੀ ਆਬਾਦੀ ਮੇਨ ਪਿੰਡਾਂ ਤੋਂ ਬਾਹਰ ਵਸ ਗਈ ਹੈ ਅਤੇ ਹੁਣ ਉਨ੍ਹਾਂ ਦੀ ਵਸੋਂ ਕਿਸੇ ਦੀ 300 ਦੀ ਹੋ ਗਈ ਹੈ ਅਤੇ ਕਿਸੇ ਦੀ 500 ਦੀ ਹੋ ਗਈ ਹੈ ਪਰ ਉਨ੍ਹਾਂ ਪਿੰਡਾਂ ਨੂੰ ਹਾਲਾਂ ਤੱਕ ਲਿੰਕ ਰੋਡਜ਼ ਨਹੀਂ ਮਿਲੀਆਂ. ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਮੇਨ ਪਿੰਡਾਂ ਤੋਂ ਬਾਹਰ ਵਸੋਂ ਚਲੀ ਗਈ ਹੈ ਉਨ੍ਹਾਂ ਪਿੰਡਾਂ ਨੂੰ 31 ਮਾਰਚ ਤੱਕ ਲਿੰਕ ਰੋਡਜ਼ ਪੱਕੀਆਂ ਦੇ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਇਸ ਦਾ ਮੈਂ ਦੋ ਵਾਰੀ ਜਵਾਬ ਦੇ ਚੁੱਕਾ ਹਾਂ। ਇਸ ਦੇ ਵੇਰਵੇ ਦੋ ਵਾਰ ਦਿੱਤੇ ਗਏ ਹਨ ਪਰ ਪਤਾ ਨਹੀਂ ਇਨ੍ਹਾਂ ਨੇ ਸੁਣੇ ਨਹੀਂ ਹਨ। ਹੁਣ ਉਹ ਵੇਰਵੇ ਮੇਰੇ ਕੋਲ ਨਹੀਂ ਹਨ। ਜੇ ਉਹ ਵੇਰਵੇ ਮੇਰੇ ਕੋਲ ਹੁੰਦੇ ਤਾਂ ਮੈਂ ਇਨ੍ਹਾਂ ਨੂੰ ਦੱਸ ਦਿੰਦਾ। ਇਹ ਮੇਰੇ ਕੋਲ ਆ ਜਾਣ ਅਤੇ ਉਹ ਅੰਕੜੇ ਇਹ ਮੇਰੇ ਕੋਲੋਂ ਲੈ ਲੈਣ। ਬਾਕੀ ਜਿਹੜਾ ਉਨ੍ਹਾ ਨੇ ਕਿਹਾ ਹੈ ਕਿ ਪਿਡ ਤੋਂ ਬਾਹਰ ਆਬਾਦੀ ਵਸ ਗਈ ਹੈ ਉਸ ਬਾਰੇ ਇਸ ਤਰ੍ਹਾਂ ਹੈ ਕਿ ਹੱਦਬਸਤ ਉਨ੍ਹਾਂ ਦੀ ਇਕ ਹੁੰਦੀ ਹੈ। ਉਸ ਬਾਰੇ ਸਾਨੂੰ ਇਹ ਪ੍ਰਾਬਲਮ ਹੁੰਦੀ ਹੈ ਕਿ

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਮੰਤਰੀ]

ਹੱਦਬਸਤ ਇਕ ਹੁੰਦੀ ਹੈ. ਭਾਵੇਂ ਉਨ੍ਹਾਂ ਦੀ ਆਬਾਦੀ ਬਾਹਰ ਹੋ ਗਈ ਪਰ ਉਨ੍ਹਾਂ ਦਾ ਨਾਮ ਪਿੰਡ ਦੀ ਹੱਦਬਸਤ ਵਿਚ ਲਿਖਿਆ ਹੁੰਦਾ ਹੈ। ਫਿਰ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਉਹ ਕਿਸੇ ਪਿੰਡ ਵਿਚ ਇੰਟਰੱਸਟਿਡ ਹਨ ਤਾਂ ਉਹ ਮੇਰੇ ਨਾਲ ਗੱਲ ਕਰ ਲੈਣ।

Widening of Mansa-Sirsa Road

*1407. **Comrade Buta Singh :** Will the Minister for Public Works be pleased to state whether any proposal to widen the Mansa-Sirsa Road is under the consideration of the Government, if so, the details thereof alongwith action taken/proposed to be taken in the matter ?

ਸਰਦਾਰ ਬੇਅੰਤ ਸਿੰਘ : ਹਾਂ ਜੀ। ਸੜਕ ਨੂੰ 12′ ਤੋਂ 18′ ਚੌੜਾ ਕੀਤਾ ਜਾ ਰਿਹਾ ਹੈ। ਕੰਮ ਜਾਰੀ ਹੈ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਹਾਂ ਜੀ, ਸੜਕ ਨੂੰ 12′ ਤੋਂ 18′ ਚੌੜਾ ਕੀਤਾ ਜਾ ਰਿਹਾ ਹੈ ਅਤੇ ਕੰਮ ਜਾਰੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਵਿਚ ਕਿੰਨਾ ਪੈਸਾ ਲੱਗਾ ਅਤੇ ਅੰਤਕੀਂ ਕਿੰਨਾ ਪੈਸਾ ਲਗਾ ਰਹੇ ਹਨ। ਬਿਨਾਂ ਪੈਸੇ ਤੋਂ ਕੰਮ ਕਿਸ ਤਰ੍ਹਾ ਚਲੇਗਾ ? ਇਸ ਬਾਰੇ ਇਹ ਕਿਉਂ ਨਹੀਂ ਦੱਸਦੇ ? ਇਸ ਸਾਲ ਕਿੰਨੀ ਰਕਮ ਰੱਖੀ ਗਈ ਹੈ ? ਇਸ ਬਾਰੇ ਇਹ ਜਵਾਬ ਦੇਣ।

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ। ਇਨ੍ਹਾਂ ਦਾ ਪਿਛਲਾ ਸਵਾਲ ਜੋ ਕਿ ਭਿੱਖੀ ਬੁਢਲਾਡਾ ਰੋਡ ਬਾਰੇ ਸੀ ਉਸ ਸਵਾਲ ਦੇ ਜਵਾਬ ਵਿਚ ਵੀ ਮੈਂ ਦੱਸਿਆ ਸੀ ਅਤੇ ਇਹ ਸਵਾਲ ਮਾਨਸਾ ਸਰਸਾ ਰੋਡ ਬਾਰੇ ਹੈ ਇਸ ਦੇ ਜਵਾਬ ਵਿਚ ਵੀ ਦੱਸਿਆ ਹੈ। ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ 48 ਕਿਲੋ ਮੀਟਰ ਸੜਕ ਸੀ ਅਤੇ ਉਸ ਦੀ ਇੰਟਾਇਰ ਸੜਕ ਤੇ ਸੋਲਿੰਗ ਪਾ ਦਿੱਤੀ ਗਈ ਹੈ। ਬੱਜਰੀ 38,96 ਕਿਲੋ ਮੀਟਰ ਸੜਕ ਤੇ ਪਾ ਦਿੱਤੀ ਹੈ। 27,95 ਕਿਲੋਮੀਟਰ ਤੇ ਕੋਲ ਕਰ ਦਿੱਤਾ ਹੈ। ਬਾਕੀ ਖਰਚੇ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ 27,48 ਲੱਖ ਰੁਪਿਆ ਇਸ ਤੇ ਖਰਚ ਕੀਤਾ ਹੈ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ. ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਹ ਮੁਕੰਮਲ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਐਗਜ਼ੈਕਟ ਨਹੀਂ ਕਿਹਾ ਜਾ ਸਕਦਾ ਕਿ ਕਿਸ ਡੇਟ ਤੱਕ ਮੁਕੰਮਲ ਕੀਤਾ ਜਾਵੇਗਾ। ਕਾਫੀ ਕੰਮ ਹੋ ਚੁੱਕਾ ਹੈ, ਇਸ ਨੂੰ ਜਲਦੀ ਤੋਂ ਜਲਦੀ ਖਤਮ ਕਰ ਦੇਵਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮਾਨਸਾ ਤੋਂ ਸਰਸਾ ਅਤੇ ਲੁਧਿਆਣਾ ਤੋਂ ਬਰਨਾਲਾ ਸੜਕ ਨੂੰ ਚੌੜਾ ਕੀਤਾ ਜਾ ਰਿਹਾ ਹੈ। ਲੁਧਿਆਣਾ ਤੇ ਸਰਸਾ ਹਵਾਈ ਅੱਡੇ ਹਨ ਅਤੇ ਇਸ ਨੂੰ ਡੀਫੈਂਸ ਦੇ ਪੱਖੋਂ ਵੀ ਜੋੜਨ ਲਈ ਇਸ ਸੜਕ ਨੂੰ ਚੌੜਾ ਕੀਤਾ ਜਾ ਰਿਹਾ ਹੈ। ਪਰ ਇਸ ਦੇ ਵਿੱਚ ਬਰਨਾਲਾ ਤੋਂ ਮਾਨਸਾ ਤੱਕ ਵਿਚਾਲੇ ਕੁਝ ਸੜਕ ਰਹਿ ਗਈ ਹੈ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਰਨਾਲਾ ਤੋਂ ਮਾਨਸਾ ਜੋ ਲੁਧਿਆਣਾ ਤੋਂ ਬਰਨਾਲਾ ਸੜਕ ਦੇ ਵਿਚਾਲੇ ਸੜਕ ਰਹਿ ਗਈ ਹੈ ਉਸ ਨੂੰ ਵੀ ਚੌੜਾ ਕਰਾਉਣਗੇ ਤਾਂਕਿ ਸਾਰੀ ਸੜਕ ਪੂਰੀ ਹੋ ਸਕੇ ?

Original with;
Punjab Vidhan Sabha
Digitized by;
Panjab Digital Library

ਦੂਸਰਾ, ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਪਹਿਲਾਂ ਬੇਚਿਰਾਗੇ ਸਨ ਅਤੇ ਹੁਣ 1975 ਤੋਂ ਉਨ੍ਹਾਂ ਵਿਚ ਬਿਜਲੀ ਦਲੀ ਗਈ ਹੈ। ਕੀ ਵਜ਼ੀਰ ਸਾਹਿਬ ਉਨ੍ਹਾਂ ਪਿੰਡਾਂ ਨੂੰ ਲਿੰਕ ਰੋਡਜ਼ ਦੇ ਕੇ ਲੋਕਾਂ ਨੂੰ ਸਹੂਲਤ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਬੜੀ ਚੰਗੀ ਗੱਲ ਹੈ ਕਿ ਮੈਂਬਰ ਸਾਹਿਬ ਆਪ ਹੀ ਮੰਨ ਗਏ ਹਨ ਕਿ ਮਾਨਸਾ ਤੋਂ ਸਰਸਾ ਤੱਕ ਅਤੇ ਲੁਧਿਆਣਾ ਤੋਂ ਬਰਨਾਲਾ ਤੱਕ ਸੜਕ ਨੂੰ ਚੌੜਾ ਕੀਤਾ ਜਾ ਰਿਹਾ ਹੈ, ਉਹ ਤਾਂ ਮੰਨਦੇ ਨਹੀਂ ਸਨ। ਵਿਚਾਲੇ ਪੋਰਸ਼ਨ ਜੋ ਰਹਿੰਦਾ ਹੈ ਜਿਸ ਦੇ ਬਾਰੇ ਮਾਨਯੋਗ ਮੈਂਬਰ ਸਾਹਿਬ ਨੇ ਦੱਸਿਆ ਉਹ ਮੈਂ ਐਗਜ਼ਾਮਿਨ ਕਰਵਾ ਲਵਾਂਗਾ।

ਜਿਥੋਂ ਤੱਕ ਇਸ ਗੱਲ ਦਾ ਤਾਲੁੱਕ ਹੈ ਕਿ ਕੁਝ ਪਿੰਡ ਨਵੇਂ ਵੱਸ ਗਏ ਹਨ ਅਤੇ ਪਹਿਲਾਂ ਉਹ ਬੇਚਿਰਾਗੇ ਸਨ ਅਤੇ ਹੁਣ ਉਥੇ ਚਿਰਾਗ ਜਲ ਗਿਆ ਹੈ, ਉਸ ਦੇ ਬਾਰੇ ਮੈਂ ਪਹਿਲਾਂ ਹੀ ਜਵਾਬ ਦੇ ਚੁੱਕਾ ਹਾਂ। ਉਨ੍ਹਾਂ ਪਿੰਡਾਂ ਨੂੰ ਸੜਕਾਂ ਦੇਣ ਲਈ ਸਾਨੂੰ ਨਵੀਂ ਪਾਲਿਸੀ ਬਣਾਉਣੀ ਪਵੇਗੀ ਕਿਉਂਕਿ ਪਹਿਲਾਂ ਤਾਂ ਉਥੇ ਚਿਰਾਗ ਨਹੀਂ ਸੀ ਜਲਦੇ ਹੁੱਣ ਚਿਰਾਗ ਜਲਣ ਲਗ ਪਏ ਹਨ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਸਰਕਾਰ ਨੇ ਉਨ੍ਹਾਂ ਨੂੰ ਪਿੰਡ ਦੇ ਤੌਰ ਤੇ ਬਿਜਲੀ ਦੇ ਦਿੱਤੀ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਇਹੀ ਅਰਜ਼ ਕਰ ਰਿਹਾ ਹਾਂ ਕਿ ਬਿਜਲੀ ਚਲੀ ਗਈ ਹੈ ਤਾਂ ਇਸ ਦਾ ਮਤਲਬ ਹੈ ਕਿ ਉਥੇ ਚਰਾਗ ਜਲਣ ਲਗ ਪਿਆ ਹੈ। ਉਨ੍ਹਾਂ ਦੇ ਲਈ ਇਕ ਖਾਸ ਸਮੱਸਿਆ ਹੈ। ਇਸ ਤਰ੍ਹਾਂ ਤਾਂ ਫਿਰ ਸਾਰਿਆਂ ਨੂੰ ਸੜਕ ਦੇਣੀ ਪਵੇਗੀ ਜਿਹੜੇ ਇਕ ਇਕ ਫਰਲਾਂਗ ਤੇ ਕਈ ਘਰ ਵੱਸ ਗਏ ਹਨ ਅਤੇ ਲੋਕੀਂ ਥੋੜੀ ਥੋੜੀ ਦੂਰ ਵੱਸਣ ਲਗ ਪੈਂਦੇ ਹਨ। ਇਸ ਲਈ ਇਸ ਦੇ ਲਈ ਖਾਸ ਸਮੱਸਿਆ ਆਵੇਗੀ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਉਨ੍ਹਾਂ ਦੀ ਹੱਦਬਸਤ ਅਲਾਹਿਦਾ ਹੈ ਉਨ੍ਹਾਂ ਦਾ ਸਾਰਾ ਕੁਝ ਅਲਾਹਿਦਾ ਹੈ।

ਮੰਤਰੀ : ਸਪੀਕਰ ਸਾਹਿਬ, ਜਿਥੇ ਚਿਰਾਗ ਜਲ ਗਿਆ ਹੈ ਅਤੇ ਹੱਦਬਸਤ ਅਲਾਹਿਦਾ ਹੈ. ਇਨ੍ਹਾਂ ਦਾ ਕੋਈ ਖਾਸ ਪਿੰਡ ਹੈ ਉਹ ਮੈਨੂੰ ਆ ਕੇ ਦੱਸ ਦੇਣ।

ਸਰਦਾਰ ਜਗਤ ਸਿੰਘ : ਸਪੀਕਰ ਸਾਹਿਬ. ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਅਤੇ ਹੁਣ ਫਿਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕ ਇਕ ਸਵਾਲ ਤੇ ਅੱਧਾ ਅੱਧਾ ਘੰਟਾ ਲਗ ਜਾਂਦਾ ਹੈ। ਜਾਂ ਤਾਂ ਸਵਾਲ ਹੀ ਤੁਸੀਂ ਇਤਨੇ ਐਡਮਿਟ ਕਰੋ ਜਿਤਨੇ ਇਕ ਘੰਟੇ ਵਿੱਚ ਆ ਜਾਣ ਨਹੀਂ ਤਾਂ ਜਿਨ੍ਹਾਂ ਦੇ ਸਵਾਲ ਲਗੇ ਹੋਣ ਕਮ-ਅਜ਼-ਕਮ ਉਨ੍ਹਾਂ ਸਾਰਿਆਂ ਨੂੰ ਟਾਈਮ ਮਿਲਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਠੀਕ ਹੈ, ਤੁਹਾਡੀ ਗੱਲ। ਅਗਲਾ ਸਵਾਲ।

Stipends for Scheduled Caste and Backward Class Students

***1434. 1. Sardar Sarwan Singh Phillaur**
2. Sardar Atma Singh : Will the Minister for Education be pleased to state the total amount provided for stipends for Scheduled Caste and Backward Class students during the year 1981-82 at College level, in the State and the total amount so far distributed for the purpose ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਅਜਨਾਲਾ : ਸਾਲ 1981-82 ਦੌਰਾਨ ਅਨੁਸੂਚਿਤ ਜਾਤੀਆ ਅਤੇ ਪਛੜੀਆ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵਜ਼ੀਫਿਆਂ ਲਈ ਉਪਲੱਭਧ ਰਕਮਾਂ।

ਉਪਬੰਧ	ਖਰਚਾ
ਰੁਪਏ 1,62,50,000.00	1,33,08,005.00

STARRED QUESTION NO. ~~1435.~~ 1485

ਸ਼੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ।

X-ray Plant in the Civil Hospital, Tarn Taran

***1356. Comrade Darshan Singh Jhabal :** Will the Minister for Health be pleased to state—

(a) whether there is any X-ray Plant in the Civil Hospital, Tarn Taran, District Amritsar, if so, whether it is in working order ;

(b) if the reply to part (a) above be in the affirmative, the yearwise number of X-rays taken by the said Plant during the year 1979-80, 1981-82 separately ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਸਿਵਲ ਹਸਪਤਾਲ, ਤਰਨ ਤਾਰਨ ਵਿਚ ਐਕਸਰੇ ਪਲਾਂਟ ਲੱਗਾ ਹੋਇਆ ਹੈ ਜਿਹੜਾ ਠੀਕ ਕੰਮ ਕਰ ਰਿਹਾ ਹੈ।

(ਅ)	1979-80 ਵਿੱਚ ਪਲਾਂਟ ਤੋਂ ਲਈਆਂ ਐਕਸਰੇ ਫਿਲਮਾਂ ਦੀ ਗਿਣਤੀ	902
	1981-82 ਵਿਚ ਪਲਾਂਟ ਤੋਂ ਲਈਆਂ ਐਕਸਰੇ ਫਿਲਮਾਂ ਦੀ ਗਿਣਤੀ	4-3-1982 ਤੋਂ ਔਸਤਨ 6 ਐਕਸਰੇ ਫਿਲਮਾਂ ਰੋਜ਼ ਲਈਆਂ ਜਾਂਦੀਆ ਹਨ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਸਵਾਲ ਵਿੱਚ ਪੁੱਛਿਆ ਸੀ ਕਿ ਕੀ ਐਕਸ-ਰੇ ਪਲਾਂਟ ਸਿਵਿਲ ਹਸਪਤਾਲ, ਤਰਨ ਤਾਰਨ ਵਿਚ ਕੰਮ ਰਿਹਾ ਹੈ, ਇਸ ਦਾ ਜਵਾਬ ਇਨ੍ਹਾਂ ਨੇ ਦਿਤਾ ਹੈ ਕਿ ਠੀਕ ਕੰਮ ਕਰ ਰਿਹਾ ਹੈ। ਮੇਰੀ ਇਨਫਰਮੇਸ਼ਨ ਮੁਤਾਬਿਕ ਇਨ੍ਹਾਂ ਨੂੰ ਮਹਿਕਮੇ ਨੇ ਗਲਤ ਜਵਾਬ ਦਿੱਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਗਰੀਵੈਂਸਿਜ਼ ਕਮੇਟੀ ਵਿੱਚ ਵੀ ਆਇਆ ਸੀ ਅਤੇ ਰੰਧਾਵਾ ਸਾਹਿਬ ਉਥੇ ਮੌਜੂਦ ਸਨ ਅੌਰ ਉਨ੍ਹਾਂ ਨੇ ਮੰਨਿਆ ਸੀ ਕਿ ਇਸ ਦੀ ਮਸ਼ੀਨ ਖਰਾਬ ਹੈ, ਠੀਕ ਕਰਨ ਵਾਸਤੇ ਘਲੀ ਹੋਈ ਹੈ। ਹੁਣ ਇਨ੍ਹਾਂ ਨੇ ਜਵਾਬ ਵਿੱਚ ਦੱਸਿਆ ਹੈ ਕਿ ਸਾਲ 1979-80 ਵਿਚ ਪਲਾਂਟ ਤੋਂ ਲਈਆਂ ਐਕਸਰੇ ਫਿਲਮਾਂ ਦੀ ਗਿਣਤੀ 902 ਹੈ ਅਤੇ ਸਾਲ 1981-82 ਵਿਚ ਪਲਾਂਟ ਤੋਂ ਲਈਆਂ ਫਿਲਮਾਂ ਦੀ ਗਿਣਤੀ ਬਾਰੇ ਇਨ੍ਹਾਂ ਨੇ ਦੱਸਿਆ ਹੈ ਕਿ 4 ਮਾਰਚ, 1982 ਤੋਂ ਔਸਤਨ 6 ਐਕਸਰੇ ਫਿਲਮਾਂ ਰੋਜ਼ ਲਈਆਂ ਜਾਂਦੀਆਂ ਹਨ। ਸਾਲ 1980-81 ਬਾਰੇ ਇਨ੍ਹਾਂ ਨੇ ਕੁਝ ਨਹੀਂ ਦੱਸਿਆ ਕਿ ਕਿੰਨੀਆਂ ਫਿਲਮਾਂ ਲਈਆਂ ਹਨ। ਇਨ੍ਹਾਂ ਨੇ ਜੋ ਜਵਾਬ ਦਿੱਤਾ ਹੈ, ਇਹ ਗਲਤ ਜਵਾਬ ਦਿੱਤਾ ਹੈ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ

For Starred Question No. 1485 and reply thereto please *see* Debate dated 25th March, 1982 (Morning Sitting)

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਇਹ ਐਕਸ-ਰੇ ਮਸ਼ੀਨ ਕਦੋਂ ਤੋਂ ਚਲੀ ਅਤੇ ਸਾਲ 1980-81 ਵਿਚ ਇਨ੍ਹਾਂ ਨੇ ਕਿੰਨੀਆਂ ਫਿਲਮਾਂ ਲਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਸਾਰਾ ਵੇਰਵਾ ਮੈਂ ਜਵਾਬ ਵਿਚ ਦਿੱਤਾ ਹੈ ਅੋਰ ਮੈਂ ਇਹ ਗੱਲ ਵੀ ਕਹੀ ਹੈ ਕਿ 4 ਮਾਰਚ, 1982 ਤੋਂ ਔਸਤਨ 6 ਫਿਲਮਾਂ ਰੋਜ਼ ਲਈਆਂ ਜਾਂਦੀਆਂ ਹਨ । ਜਿਹੜੀ ਗੱਲ ਇਹ ਕਹਿੰਦੇ ਹਨ ਇਹ ਇਨ੍ਹਾਂ ਦੀ ਪੁਰਾਣੇ ਦਿਨਾਂ ਦੀ ਰਿਪੋਰਟ ਹੈ ਕਿ ਮਸ਼ੀਨ ਖਰਾਬ ਸੀ ਅਤੇ ਰਿਪਲੇਸ ਜਾਂ ਮੁਰੰਮਤ ਹੋਣ ਵਾਸਤੇ ਗਈ ਹੈ । ਇਹ ਉਹੀ ਪੀਰੀਅਡ ਹੈ ਜੋ ਗਰੀਵੈਂਸਿਜ਼ ਕਮੇਟੀ ਵਿੱਚ ਜਦੋਂ ਕੰਪਲੇਂਟ ਕੀਤੀ ਸੀ ਕਿ ਮਸ਼ੀਨ ਖਰਾਬ ਹੈ। ਹੁਣ ਮੈਂ ਦੱਸਿਆ ਹੈ ਕਿ 4 ਮਾਰਚ, 1982 ਤੋਂ ਔਸਤਨ 6 ਐਕਸਰੇ ਫਿਲਮਾਂ ਰੋਜ਼ ਲਈਆਂ ਜਾਂਦੀਆਂ ਹਨ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਸਾਲ 1981 ਵਿਚ ਮਸ਼ੀਨ ਨਹੀਂ ਚਲੀ। ਇਨ੍ਹਾਂ ਨੇ ਆਪ ਦੱਸਿਆ ਹੈ ਕਿ 4 ਮਾਰਚ, 1982 ਤੋਂ ਮਸ਼ੀਨ ਚਲੀ ਹੈ ਪਰ ਉਪਰ 'ਓ' ਵਿੱਚ ਦੱਸਿਆ ਹੈ ਕਿ ਪਲਾਂਟ ਠੀਕ ਕੰਮ ਕਰ ਰਿਹਾ ਹੈ । ਜਿਨ੍ਹਾਂ ਨੇ ਇਹ ਗਲਤ ਜਵਾਬ ਦਿੱਤਾ ਹੈ ਕੀ ਵਜ਼ੀਰ ਸਾਹਿਬ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਜਵਾਬ ਗਲਤ ਨਹੀਂ ਹੈ । ਮੈਂਬਰ ਸਾਹਿਬ ਨੇ ਹੁਣ ਉਥੇ ਜਾਣਾ ਹੀ ਹੈ, ਉਥੇ ਜਾ ਕੇ ਦੇਖ ਲੈਣ 1 ਅਗਰ ਜਵਾਬ ਗਲਤ ਹੋਵੇਗਾ ਤਾਂ ਗਲਤ ਇਨਫਰਮੇਸ਼ਨ ਦੇਣ ਵਾਲੇ ਦੇ ਖਿਲਾਫ ਐਕਸ਼ਨ ਲਵਾਂਗੇ । (ਥੰਪਿੰਗ) ਐਸੀ ਗੱਲ ਨਹੀਂ ਹੋ ਸਕਦੀ ਕਿ ਮਾਨਯੋਗ ਮੈਂਬਰ ਨੂੰ ਗਲਤ ਜਵਾਬ ਦਿੱਤਾ ਜਾਵੇ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਇਹ ਦੱਸਣ ਕਿ ਸਾਲ 1980-81 ਵਿਚ ਕਿੰਨੇ ਐਕਸ-ਰੇ ਲਏ ਗਏ ਹਨ ?

ਸ਼੍ਰੀ ਸਪੀਕਰ : ਇਹ ਕਹਿੰਦੇ ਹਨ ਕਿ ਮਸ਼ੀਨ ਹੁਣ ਠੀਕ ਹੋ ਗਈ ਹੈ, ਪਹਿਲਾਂ ਖਰਾਬ ਹੋਈ ਹੋਵੇਗੀ ।

ਮਾਸਟਰ ਬਾਬੂ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਥੇ ਐਕਸ-ਰੇ ਪਲਾਂਟ ਲਗਿਆ ਹੁੰਦਾ ਹੈ ਉਨ੍ਹਾਂ ਨੂੰ ਪ੍ਰੋਟੈਕਸ਼ਨ ਵਾਲ ਨਹੀਂ ਪ੍ਰੋਵਾਈਡ ਕੀਤੀ ਜਾਦੀ ਜਿਸ ਕਰਕੇ ਜਿਹੜਾ ਵੀ ਐਕਸ-ਰੇ ਲੈਂਦਾ ਹੈ ਉਸ ਦੀ ਜਾਨ ਦਾ ਖਤਰਾ ਹੁੰਦਾ ਹੈ, ਉਸ ਦੀ ਜਾਨ ਖਤਰੇ ਵਿੱਚ ਹੁੰਦੀ ਹੈ ਅਤੇ ਉਨ੍ਹਾਂ ਨੂੰ ਸਕਿਨ ਡਿਸੀਈਜ਼ ਲਗਣ ਦਾ ਡਰ ਵੀ ਰਹਿੰਦਾ ਹੈ । ਬਰਨਾਲਾ ਵਿਚ ਕੋਈ ਪ੍ਰੋਟੈਕਸ਼ਨ ਵਾਲ ਨਹੀਂ ਪ੍ਰੋਵਾਈਡ ਕੀਤੀ ਗਈ, ਕੀ ਉਥੇ ਪ੍ਰੋਟੈਕਸ਼ਨ ਵਾਲ ਪ੍ਰੋਵਾਈਡ ਕਰਨਗੇ ? ਦੂਸਰੀ ਗੱਲ ਇਹ ਹੈ ਕਿ ਰਾਮਪੁਰਾ ਫੂਲ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਐਕਸ-ਰੇ ਪਲਾਂਟ ਲਗਿਆ ਹੈ ਅਤੇ ਈ. ਸੀ. ਜੀ. ਇਕਵਿਪਮੈਂਟ ਵੀ ਹੈ ਪਰ ਪਲਾਂਟ ਚਾਲੂ ਨਹੀਂ ਹੋਇਆ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਐਕਸ-ਰੇ ਪਲਾਂਟ ਲਗਿਆ ਹੋਇਆ ਹੈ, ਈ. ਸੀ. ਜੀ. ਇਕਵਿਪਮੈਂਟ ਵੀ ਹੈ, ਉਹ ਕਦੋਂ ਤੱਕ ਚਾਲੂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸੁਆਲ ਤਰਨ ਤਾਰਨ ਹਸਪਤਾਲ ਬਾਰੇ ਹੈ, ਇਸ ਲਈ ਇਸ ਵਿਚੋਂ ਕੋਈ ਹੋਰ ਸੁਆਲ ਨਹੀਂ ਉਠਦਾ । ਅਗਰ ਮੈਂਬਰ ਸਾਹਿਬ ਨੂੰ ਕਿਸੇ ਹੋਰ ਸਟੇਸ਼ਨ ਬਾਰੇ ਕੋਈ ਵਾਕਫੀਅਤ ਚਾਹੀਦੀ ਹੈ ਤਾਂ ਇਹ ਸੈਪਰੇਟ ਸੁਆਲ ਦੇ ਦੇਣ ਮੈਂ ਦੱਸ ਦਿਆਂਗਾ ।

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਔਸਤਨ 6 ਐਕਸਰੇ ਰੋਜ ਲਏ ਜਾਂਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਹ ਮਸ਼ੀਨ ਆਪਣੀ ਕਪੈਸਿਟੀ ਦੇ ਮੁਤਾਬਿਕ ਚਲ ਰਹੀ ਹੈ ਜਾਂ ਨਹੀਂ ; ਕਿਉਂ ਕਿ ਮੇਰੀ ਇਨਫਰਮੇਸ਼ਨ ਦੇ ਮੁਤਾਬਿਕ ਜ਼ਿਆਦਾ ਐਕਸਰੇ ਲਿਤੇ ਜਾ ਸਕਦੇ ਹਨ, ਜੇ ਕੋਈ ਖਰਾਬੀ ਹੈ ਤਾਂ ਕੀ ਇਸ ਨੂੰ ਠੀਕ ਕਰਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਮਸ਼ੀਨ ਠੀਕ ਕੰਮ ਕਰ ਰਹੀ ਹੈ । ਜਿੰਨੇ ਲੱਕ ਆਉਂਦੇ ਹਨ ਉਤਨਿਆਂ ਦੇ ਐਕਸ-ਰੇ ਹੁੰਦੇ ਹਨ । ਜੇ ਮੈਂਬਰ ਸਾਹਿਬ ਨੂੰ ਕੋਈ ਡਾਊਟ ਹੈ ਤਾਂ ਮੈਂ ਦੁਬਾਰਾ ਪਤਾ ਕਰ ਲਵਾਂਗਾ ਕਿ ਕਿਸੇ ਕਿਸਮ ਦੀ ਕੋਈ ਖਰਾਬੀ ਤਾਂ ਨਹੀਂ ?

ਮਾਸਟਰ ਬਾਬੂ ਸਿਘ ਨੇ ਕਿਹਾ ਸੀ ਕਿ ਕਿਸੇ ਦੀ ਜਾਨ ਨੂੰ ਖਤਰਾ ਹੁੰਦਾ ਹੈ । ਮੈਂ ਕਹਿੰਦਾ ਹਾਂ ਕਿ ਜਿਥੇ ਵੀ ਕੋਈ ਪ੍ਰੋਟੈਕਸ਼ਨ ਦੀ ਲੋੜ ਹੋਵੇਗੀ ਮੈਂ ਉਸ ਦਾ ਧਿਆਨ ਕਰ ਲਵਾਂਗਾ ।

Number of Buses in Ferozepur Depot of Punjab Roadways

***1447. Sardar Gurnaib Singh Brar :** Will the Minister of State for Transport be pleased to state—

(a) the total number of buses allocated to the Ferozepur Depot of Punjab Roadways ;

(b) whether the number of buses referred to part (a) above is sufficient to meet the requirements, if not, the time by which more buses are likely to be sanctioned for the said depot ?

ਸਰਦਾਰ ਅਵਤਾਰ ਸਿੰਘ ਗਟਵਾਲੀ : (ੳ) 178 ਬੱਸਾਂ

(ਅ) ਹਾਂ ਜੀ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ 178 ਬੱਸਾਂ ਹਨ ਪਰ ਮੇਰੇ ਖਿਆਲ ਦੇ ਮੁਤਾਬਿਕ ਇਹ ਇਨਫਰਮੇਸ਼ਨ ਦਰੁੱਸਤ ਨਹੀਂ ਹੈ ਕਿਉਂ ਕਿ ਬੱਸਾਂ ਦੀ ਸੈਂਕਸ਼ਨਡ ਸਟਰੈਂਗਥ 203 ਹੈ ; ਜੇ ਮੇਰੀ ਇਨਫਰਮੇਸ਼ਨ ਦਰੁਸਤ ਹੈ ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਨੰਬਰ ਕਦੋਂ ਤੱਕ ਪੂਰਾ ਕੀਤਾ ਜਾਏਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਇਥੇ ਸਾਡੀ ਐਲੋਕੇਸ਼ਨ 178 ਬੱਸਾਂ ਦੀ ਹੈ । ਇਨ੍ਹਾਂ ਨੂੰ ਸ਼ਾਇਦ ਕਿਸੇ ਅਨਆਥੋਰਾਈਜ਼ਡ ਸੋਰਸ ਤੋਂ ਪਤਾ ਲਗਾ ਹੋਣਾ ਹੈ । ਸਾਡਾ ਫਲੀਟ ਕਾਫੀ ਹੈ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਫਿਰੋਜ਼ਪੁਰ ਤੋਂ ਚੰਡੀਗੜ੍ਹ ਕੋਈ ਡੀਲੈਕਸ ਬੱਸ ਚਲਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸੁਆਲ ਦੇ ਨਾਲ ਇਸ ਦਾ ਕੋਈ ਸਬੰਧ ਨਹੀਂ । ਜੇ ਸਾਡੇ ਆਨਰੇਬਲ ਮੈਂਬਰ ਸਾਹਿਬਾਨ ਕਹਿਣਗੇ ਤਾਂ ਜ਼ਰੂਰ ਚਲਾ ਦਿਆਂਗੇ ।

Original with;
Punjab Vidhan Sabha
Digitized by;
Panjab Digital Library

Leasing out vacant lands of Rehabilitation Department

***1349. Chaudhri Jagjit Singh :** Will the Minister of State for Rehabilitation and Industries be pleased to state whether Government propoes to lease out the vacant lands belonging to the Scheduled Castes in an open auction ; if so, the approximate time by which that is likely to be done.

ਸਰਦਾਰ ਦਰਸ਼ਨ ਸਿੰਘ ਕੇ. ਪੀ. : ਨਹੀਂ ਜੀ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੀ ਰੀਹੈਬੀਲੀਟੇਸ਼ਨ ਡਿਪਾਰਟਮੈਂਟ ਦੀ ਜ਼ਮੀਨ ਹੈ ਇਸ ਨੂੰ ਹਰੀਜਨਾਂ ਵਿਚ ਓਪਨ ਆਕਸ਼ਨ ਵਿਚ ਨਹੀਂ ਵੇਚਿਆ। ਨੀਲਾਮੀ ਕੀਤੀ ਜਾਵੇਗੀ ; ਮੈਂ ਪੁੱਛਦਾ ਹਾਂ ਕਿ ਕੀ ਜ਼ਮੀਨ ਦਾ 25% ਭਾਗ ਜ਼ਮੀਨ ਹਰੀਜਨਾਂ ਵਿਚ ਦਿੱਤੀ ਜਾਏਗੀ ?

ਰਾਜ ਮੰਤਰੀ : ਇਹ ਜ਼ਮੀਨ ਪੈਕੇਜ ਡੀਲ ਦੀ ਹੈ, ਇਹ ਅਸੀਂ ਪੱਟੇ ਤੇ ਨਹੀਂ ਦਿੰਦੇ । ਮੁਜ਼ਾਰਿਆਂ ਨੂੰ ਪੱਕੇ ਤੌਰ ਤੇ ਦਿੰਦੇ ਹਾਂ । ਰੱਬੀ 1978 ਵਿਚ ਅਤੇ 15 ਅਪ੍ਰੈਲ, 1979 ਵਿਚ ਪ੍ਰੈਸ ਨੋਟ ਦਿੱਤਾ ਗਿਆ ਸੀ ਅਤੇ 17 ਫਰਵਰੀ, 1980 ਤੱਕ ਜਿਹੜੀਆਂ ਦਰਖਾਸਤਾਂ ਆਈਆਂ ਉਨ੍ਹਾਂ ਦੇ ਮੁਤਾਬਕ ਪੱਟੇ ਤੇ ਨਹੀਂ ਬਲਕਿ ਪੱਕੇ ਤੌਰ ਤੇ ਇਹ ਦਿੱਤੀਆਂ। ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਨਾਰਮ 5 ਸਟੈਂਡਰਡ ਏਕੜ ਹੈ ਅਤੇ 10 ਆਰਡੀਨਰੀ ਏਕੜ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਆਇਆ ਇਹ ਜ਼ਮੀਨ ਹਰੀਜਨਾਂ ਵਿਚ ਨੀਲਾਮ ਕੀਤੀ ਜਾਏਗੀ ? ਇਸ ਦਾ ਜਵਾਬ ਆਇਆ ਨਹੀਂ । ਮੈਂ ਇਹ ਪੁੱਛਿਆ ਹੈ ਕਿ ਕੀ 25% ਜ਼ਮੀਨ ਹਰੀਜਨਾਂ ਲਈ ਰਿਜ਼ਰਵ ਕੀਤੀ ਜਾਏਗੀ ? ਇਸ ਦਾ ਇਹ ਜਵਾਬ ਦੇਣ ।

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦਾ ਸੁਆਲ ਸੀ ਕਿ ਆਇਆ ਅਸੀਂ ਜ਼ਮੀਨ ਕਿਰਾਏ ਤੇ ਦਿੰਦੇ ਹਾਂ, ਅਸੀਂ ਜਿਹੜੀ ਜ਼ਮੀਨ ਹਰੀਜਨਾਂ ਨੂੰ ਦਿੰਦੇ ਹਾਂ ਉਹ ਕਬਜ਼ੇ ਦੇ ਅਧਾਰ ਤੇ ਦਿੰਦੇ ਹਾਂ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਹਰੀਜਨਾਂ ਨੂੰ ਗਿਰਦਾਵਰੀਆਂ ਦੇ ਆਧਾਰ ਤੇ ਕੁਝ ਜ਼ਮੀਨ ਮਿਲ ਚੁਕੀ ਹੈ ਅੱਰ ਉਹ ਉਸ ਦਾ ਚੌਥਾ ਹਿੱਸਾ ਰਕਮ ਜਮ੍ਹਾਂ ਕਰਵਾ ਚੁੱਕੇ ਹਨ । ਅਗਲੀ ਕਿਸ਼ਤ ਦੇ ਪੈਸੇ ਸਰਕਾਰ ਨਹੀਂ ਲੈ ਰਹੀ, ਕੀ ਬਾਕੀ ਕਿਸ਼ਤਾਂ ਜਮ੍ਹਾਂ ਕਰਵਾ ਕੇ ਜ਼ਮੀਨ ਪੱਕੇ ਤੌਰ ਤੇ ਉਨ੍ਹਾਂ ਦੇ ਨਾਂ ਕਰਨ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ : ਕਬਜ਼ੇ ਦੇ ਆਧਾਰ ਤੇ ਜਿਹੜੀਆਂ ਜ਼ਮੀਨਾਂ ਦਿੰਦੇ ਹਾਂ ਉਹ ਰਿਜ਼ਰਵ ਪ੍ਰਾਈਸ ਤੇ ਦਿੰਦੇ ਹਾਂ । ਜੇਕਰ ਉਨ੍ਹਾਂ ਦੀਆਂ ਕਿਸ਼ਤਾਂ ਟੁੱਟ ਗਈਆਂ ਹਨ ਤਾਂ ਉਹ ਅਪਲਾਈ ਕਰਨ, ਅਸੀਂ ਵੇਖ ਲਵਾਂਗੇ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਸੀ ਕਿ ਉਨ੍ਹਾਂ ਲੋਕਾਂ ਨੇ ਚੌਥਾ ਹਿੱਸਾ ਭਰ ਦਿੱਤਾ ਹੈ ਬਾਅਦ ਵਿਚ ਕਿਸ਼ਤ ਚਾਲੂ ਕਰਨੀ ਸੀ ਜਿਹੜੀ ਕਿ ਸਰਕਾਰ ਨੇ ਨਹੀਂ ਕੀਤੀ। ਕੀ ਹੁਣ ਚਾਲੂ ਕਰਨਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਦਰਖ਼ਾਸਤਾਂ ਦੇ ਦੇਣ ਅਸੀਂ ਵੇਖ ਲਵਾਂਗੇ।

Land belonging to the Rehabilitation Department

***1350. Chaudhri Jagjit Singh :** Will the Minister of State for Rehabilitation and Industries be pleased to state —

(a) the total area of land belonging to the Rehabilitation Department in the State ;

(b) the area of and out of that referred to in part (a) above which is under illegal possession at present

(c) the details of the steps taken by the Government to get the land referred to in part (b) vacated ;

(d) the number of cases in which illegal possession was got vacated during the year 1980-81 ?

ਸਰਦਾਰ ਦਰਸ਼ਨ ਸਿੰਘ ਕੇ. ਪੀ. : (ੳ) 1,33,398 ਏਕੜ ਪੇਂਡੂ ਨਿਕਾਸੀ ਭੋਂ 1,595 ਏਕੜ ਸ਼ਹਿਰੀ ਜ਼ਮੀਨ ।

(ਅ) 1,33,398 ਏਕੜ ਪੇਂਡੂ ਨਿਕਾਸੀ ਜ਼ਮੀਨ ਵਿਚੋਂ 59,891 ਏਕੜ ਰਕਬਾ ਕਾਸ਼ਤਾਂ ਹੈ ਤੇ ਇਹ ਅਨ-ਅਧਿਕਾਰਿਤ ਕਾਬਜ਼ਾਂ ਅਧੀਨ ਹੈ । ਇਸ ਤਰ੍ਹਾਂ 1,595 ਏਕੜ ਸ਼ਹਿਰੀ ਨਿਕਾਸੀ ਜ਼ਮੀਨ ਵਿਚੋਂ 1,392 ਏਕੜ ਰਕਬਾ ਅਨ-ਅਧਿਕਾਰਿਤ ਕਾਜ਼ਬਾ ਅਧੀਨ ਹੈ।

(ਇ) ਪਾਤਰ ਕਾਬਜ਼ਾਂ ਨੂੰ ਕਬਜ਼ੇ ਦੇ ਆਧਾਰ ਤੇ ਜ਼ਮੀਨ ਮੁਤਕਿਲ ਕਰਨ ਤੋਂ ਉਪਰੰਤ ਬਾਕੀ ਦਾ ਰਕਬਾ ਨਿਲਾਮੀ ਦੁਆਰਾ ਵੇਚਿਆ ਜਾਂਦਾ ਹੈ। ਸਫਲ ਖਰੀਦਾਰ ਨੂੰ ਨਿਲਾਮੀ ਵਿਚ ਖਰੀਦੀ ਹੋਈ ਜ਼ਮੀਨ ਦਾ ਕਬਜ਼ਾ ਦੇਣ ਸਮੇਂ ਅਨ-ਅਧਿਕਾਰਤ ਕਾਬਜ਼ਾਂ ਨੂੰ ਕਾਨੂੰਨ ਅਨੁਸਾਰ ਕਾਰਵਾਈ ਕਰਕੇ ਉਠਾ ਦਿੱਤਾ ਜਾਂਦਾ ਹੈ । ਜੇਕਰ ਕਿਸੇ ਅਨ-ਅਧਿਕਾਰਤ ਕਾਬਜ਼ ਨੇ ਕਿਸੇ ਸ਼ਹਿਰੀ ਨਿਕਾਸੀ ਜ਼ਮੀਨ ਤੇ, ਜਿਸ ਨੂੰ ਮੁਤਕਿਲ ਕਰਾਉਣ ਦਾ ਉਹ ਪਾਤਰ ਨਹੀਂ, ਤੇ ਉਸਾਰੀ ਕਰ ਲਈ ਹੋਵੇ, ਅਜਿਹੀ ਗ਼ੈਰ-ਕਾਨੂੰਨੀ ਉਸਾਰੀ ਤੇ ਨਜਾਇਜ਼ ਕਬਜ਼ੇ ਕਾਨੂੰਨ ਅਨੁਸਾਰ ਕਾਰਵਾਈ ਕਰਕੇ ਹਟਾ ਦਿੱਤੇ ਜਾਂਦੇ ਹਨ ।

(ਸ) ਸਾਲ 1980-81 ਵਿੱਚ 99 ਕੇਸਾਂ ਵਿਚ ਅਨ-ਅਧਿਕਾਰਤ ਕਬਜ਼ੇ ਹਟਾਏ ਗਏ ਹਨ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 1,33,398 ਏਕੜ ਜ਼ਮੀਨ ਰਿਹੈਬੀਲਿਟੇਸ਼ਨ ਡਿਪਾਰਟਮੈਂਟ ਦੀ ਪਿੰਡਾਂ ਵਿਚ ਹੈ ਅਤੇ ਉਸ ਵਿਚੋਂ 15,891 ਏਕੜ ਜ਼ਮੀਨ ਤੇ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ । ਇਥੇ ਤਰ੍ਹਾਂ 1,595 ਏਕੜ ਸ਼ਹਿਰੀ ਜ਼ਮੀਨ ਹੈ ਜਿਸ ਵਿਚੋਂ 1,392 ਏਕੜ ਜ਼ਮੀਨ ਤੇ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿੰਨੀ ਛੇਤੀ ਨਾਜਾਇਜ਼ ਕਬਜ਼ੇ ਵਾਲੀ ਜ਼ਮੀਨ ਲੈ ਕੇ ਇਹ ਵੇਚ ਦੇਣਗੇ ; ਇਸ ਨਾਲ ਕਰੋੜਾਂ ਰੁਪਏ ਸਰਕਾਰ ਦੇ ਖਜ਼ਾਨੇ ਵਿਚ ਆ ਸਕਦੇ ਹਨ ਅਤੇ ਪੰਜਾਬ ਦੀ ਡਿਵੈਲਪਮੈਂਟ ਤੇ ਉਹ ਪੈਸੇ ਖਰਚ ਕੀਤੇ ਜਾ ਸਕਦੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਚੌਧਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਬੜੀ ਤੇਜ਼ੀ ਨਾਲ ਲੱਗੀ ਹੋਈ ਹੈ । ਜਿਨ੍ਹਾਂ ਦੇ ਕਬਜ਼ੇ ਹਨ ਉਨ੍ਹਾਂ ਨੂੰ ਕਬਜ਼ੇ ਦੇ ਆਧਾਰ

Original with;
Punjab Vidhan Sabha
Digitized by;
Panjab Digital Library

ਤੇ ਜ਼ਮੀਨ ਦੇ ਦੇਣੀ ਹੈ ਅਤੇ ਜਿਨ੍ਹਾਂ ਦਾ ਨਜਾਇਜ਼ ਕਬਜ਼ਾ ਹੈ ਉਨ੍ਹਾਂ ਕੋਲੋਂ ਜ਼ਮੀਨ ਖਾਲੀ ਕਰਵਾ ਕੇ ਬੋਲੀ ਰਾਹੀਂ ਅਲਾਟਮੈਂਟ ਕਰਨ ਦਾ ਕੰਮ ਤੇਜ਼ੀ ਨਾਲ ਚਲ ਰਿਹਾ ਹੈ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Building of Nuclear Power Plant

***1538. Shri Khushal Chand :** Will the Chief Minister be pleased to state —

(a) whether the State Government has approached the Union Government for the building of a nuclear power plant in the State ;

(b) if the reply to part (a) above be in the affirmative whether a team of experts constituted by the Central Ministry for Atomic Energy is visiting the State ; if so, when ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ।

(ਅ) ਹਾਂ ਜੀ, ਨਿਕਟ ਭਵਿਖ ਵਿੱਚ।

Model Police Stations in the State

***1444. Sardar Basant Singh Khalsa :** Will the Chief Minister be pleased to state—

(a) the number of Police Stations in the State which are Model Police Stations ;

(b) the date when the Police Station Dakha, District Ludhiana was announced as a Model Police Station ;

(c) the details of the new proposals for the staff houses and duties for these Model Police Stations ?

ਸਰਦਾਰ ਦਰਬਾਰਾ ਸਿੰਘ : (ੲ) ਇਕ

(ਬੀ) ਪੁਲਿਸ ਥਾਣਾ ਦਾਖਾ ਸਾਲ 1969 (21-7-69) ਵਿਚ ਆਦਰਸ਼ ਪੁਲਿਸ ਥਾਣਾ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ।

(ਸੀ) ਸਟੇਟਮੈਂਟ ਨਾਲ ਨੱਥੀ ਹੈ ਅਤੇ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸਟੇਟਮੈਂਟ

(1) ਇਸ ਆਦਰਸ਼ ਪੁਲਿਸ ਥਾਣੇ ਵਾਸਤੇ ਸਟਾਫ ਦੀ ਮਨਜ਼ੂਰੀ ਬਾਕੀ ਦੇ ਪੁਲਿਸ ਥਾਣਿਆਂ ਨਾਲੋਂ ਵਖਰੀ ਹੈ। ਇਸ ਨੂੰ ਆਦਰਸ਼ ਪੁਲਿਸ ਥਾਣੇ ਦੇ ਵਿਚ ਬਦਲਣ ਸਮੇਂ ਰਾਜ ਸਰਕਾਰ ਨੇ ਵਾਧੂ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ]

ਨਫਰੀ, 1 ਇਨਸਪੈਕਟਰ, 1 ਸਹਾਇਕ ਸਬ ਇਨਸਪੈਕਟਰ, 5 ਹਵਾਲਦਾਰ, 18 ਸਿਪਾਹੀ ਇਕ ਸਿਪਾਹੀ ਡਰਾਈਵਰ ਅਤੇ 3 ਚੌਥੀ ਸ਼੍ਰੇਣੀ ਦੇ ਕਰਮਚਾਰੀਆਂ ਦੀ ਮਨਜ਼ੂਰੀ ਪਹਿਲੀ ਮਨਜ਼ੂਰ ਨਫਰੀ ਜੋ ਇਕ ਸਬ-ਇਨਸਪੈਕਟਰ, ਇਕ ਸਹਾਇਕ ਸਬ-ਇਨਸਪੈਕਟਰ, 1 ਹਵਾਲਦਾਰ ਅਤੇ 16 ਸਿਪਾਹੀਆਂ ਤੋਂ ਇਲਾਵਾ ਦਿੱਤੀ ਗਈ ਸੀ ।

(2) ਪੁਲਿਸ ਥਾਣੇ ਵਿਚ ਨਿਯੁਕਤ ਸਾਰੇ ਕਰਮਚਾਰੀਆਂ ਲਈ ਰਿਹਾਇਸ਼ ਯੋਗ ਰਾਸ਼ੀ ਉਪਲੱਬਧ ਨਾ ਹੋਣ ਕਾਰਨ ਮੁੱਹਈਆ ਨਹੀਂ ਕੀਤੀ ਜਾ ਸਕੀ ।

(3) ਇਸ ਠਾਣੇ ਦੇ ਸਟਾਫ ਦੀਆਂ ਕਾਰਜ ਡਿਊਟੀਆਂ ਇਸ ਪ੍ਰਕਾਰ ਹਨ :—

(ੳ) ਪੁਲਿਸ ਤੇ ਪਬਲਿਕ ਦੇ ਸਬੰਧਾਂ ਨੂੰ ਚੰਗੇਰੇ ਬਨਾਉਣਾ ਤੇ ਕੇਸਾਂ ਦੀ ਤਫਤੀਸ਼ ਨੂੰ ਤਫਤੀਸ਼ੀ ਅਫਸਰਾਂ ਦੀ ਮੰਡਲੀ ਰਾਹੀਂ ਸਯੋਗ ਢੰਗ ਨਾਲ ਕਰਾਉਣਾ ।

(ਅ) ਪਬਲਿਕ ਦੀਆਂ ਸ਼ਕਾਇਤਾਂ ਨੂੰ ਥੋੜ੍ਹੇ ਤੋਂ ਥੋੜ੍ਹੇ ਸਮੇਂ ਵਿਚ ਨਜਿੱਠਣਾ ਤੇ ਪਬਲਿਕ ਨੂੰ ਉਨ੍ਹਾਂ ਦੀਆਂ ਕਠਨਾਈਆਂ ਦੇ ਕਾਨੂੰਨੀ ਤੱਥਾਂ ਤੋਂ ਜਾਣੂ ਕਰਾਉਣਾ ਅਤੇ ਦੱਸਣਾ ਕਿ ਪੁਲਿਸ ਉਨ੍ਹਾਂ ਦੀ ਕਿਸ ਹੱਦ ਤੱਕ ਮਦਦ ਕਰ ਸਕਦੀ ਹੈ।

(ੲ) ਆਈ. ਓ. ਬੌਕਸ ਅਤੇ ਹੋਰ ਵਿਗਿਆਨਕ ਸਾਧਨਾਂ ਰਾਹੀਂ ਤਫਤੀਸ਼ ਨੂੰ ਵਿਗਿਆਨਕ ਢੰਗ ਨਾਲ ਨਸ਼ਿਠਣਾ ਆਈ. ਓ. ਬੌਕਸ ਤਫਤੀਸ਼ ਅਫਸਰ ਕੋਲ ਇਕ ਬੈਗ ਹੁੰਦਾ ਹੈ ਜਿਸ ਨੂੰ ਇਨਵੈਸਟੀਗੇਟਿੰਗ ਆਫੀਸਰ ਬੈਗ ਕਹਿੰਦੇ ਹਨ, ਜਿਸ ਦੇ ਵਿਚ ਨਿਮਨ ਲਿਖਤ ਚੀਜ਼ਾਂ ਹੁੰਦੀਆਂ ਹਨ :—

(1) ਭੂਰੇ ਪਾਊਡਰ ਦੀ ਇਕ ਬੋਤਲ
(2) ਇਕ ਬੈਟਰੀ
(3) ਊਠ ਦੇ ਵਾਲਾਂ ਦਾ ਇਕ ਬੁਰਸ਼
(4) ਇਕ ਚਾਕੂ
(5) ਇਕ ਕੈਂਚੀਆਂ ਦਾ ਜੋੜਾ
(6) ਇਕ ਮੈਗਨੀਫਾਈਂਗ ਗਲਾਸ
(7) ਇਕ ਫਿੰਗਰ ਪਰਿੰਟ ਇਮਪਰੈਸ਼ਨ ਪੈਡ ਅਤੇ ਰੋਲਰ
(8) ਫਿੰਗਰ ਪਰਿੰਟ ਸਿਆਹੀ
(9) ਗਰੇਫਾਈਡ ਪਾਊਡਰ ਦੀ ਇਕ ਬੋਤਲ ਆਦਿ ਆਦਿ।

(ਸ) ਅਤੇ ਪੁਲਿਸ ਸਟੇਸ਼ਨ ਨੂੰ ਦਿੱਤੀ ਗਈ ਜੀਪ ਦੀ ਸਹਾਇਤਾ ਦੇ ਨਾਲ ਲੋਕਾਂ ਦੀਆਂ ਕਠਨਾਈਆਂ ਨੂੰ ਛੇਤੀ ਤੋਂ ਛੇਤੀ ਮੌਕੇ ਤੇ ਜਾ ਕੇ ਨਜਿਠਣਾ ।

(4) ਜਦੋਂ ਦਾ ਪੁਲਿਸ ਥਾਣਾ ਦਾਖਾ ਆਦਰਸ਼ ਪੁਲਿਸ ਥਾਣੇ ਵਿਚ ਬਦਲਿਆ ਹੈ ਇਸ ਦੇ ਉਪਰੰਤ ਉਸ ਦੇ ਅਮਲੇ ਅਤੇ ਡਿਊਟੀਆਂ ਬਾਰੇ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।

(5) ਪੁਲਿਸ ਥਾਣਿਆਂ ਨੂੰ ਆਦਰਸ਼ ਪੁਲਿਸ ਥਾਣਿਆਂ ਵਿਚ ਬਦਲਣ ਬਾਰੇ ਅਤੇ ਅਮਲੇ ਨੂੰ ਮਕਾਨ ਆਦਿ ਦੇਣ ਸਬੰਧੀ ਹੋਰ ਕੋਈ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

Special grant to the Municipal Committee, Ferozepur

*1489. **Shri Balmukand Sharma** : Will the Minister for Local Government be pleased to state whether the Finance Minister announced any special grant of Rs. 5,00,000 to the Municipal Committee, Ferozepur in the year 1980, keeping in view the sanitation in the City; if so, the date by which the grant will be provided to the said Committee ?

ਸ਼੍ਰੀ ਸਰਦਾਰੀ ਲਾਲ ਕਪੂਰ : ਨਹੀਂ ਜੀ ।

Construction of a Bridge over the Choe at village Manauli, Block Kharar, District Ropar

*1441. **Sardar Jagat Singh** : Will the Minister for Public Works be pleased to state —

(a) whether any foundation stone has been laid to construct a bridge over the choe at Manauli village in Kharar block, District Ropar ;

(b) whether any memorandum/representation was received from the Gram Panchayat of village Manauli during the year 1981-82 (to-date) for the early construction of the said bridge, if so, the action taken thereon and the time by which it is likely to be completed ?

ਸਰਦਾਰ ਬੇਅੰਤ ਸਿੰਘ : (ੳ) ਹਾਂ ਜੀ ।

(ਅ) ਹਾਂ ਜੀ । ਜੇਕਰ ਇਹ ਪੁਲ ਬਣਾਇਆ ਜਾਵੇ ਤਾਂ ਕੇਵਲ ਇਕ ਪਿੰਡ ਜਿਸ ਦਾ ਨਾਮ ਸਿਓ ਹੈ ਨੂੰ ਇਸ ਦਾ ਲਾਭ ਹੋਵੇਗਾ । ਇਸ ਪੁਲ ਤੇ ਆਉਣ ਵਾਲੇ ਖਰਚੇ ਨੂੰ ਵੇਖਦੇ ਹੋਇਆਂ ਇਹ ਫੈਸਲਾ ਕੀਤਾ ਗਿਆ ਹੈ ਕਿ ਪੁਲ ਦੀ ਥਾਂ ਕਾਜ਼-ਵੇ ਬਣਾਇਆ ਜਾਵੇ। ਕਾਜ਼-ਵੇ ਦੀ ਉਸਾਰੀ ਦਾ ਕੰਮ ਛੇਤੀ ਹੀ ਹੱਥ ਵਿਚ ਲਿਆ ਜਾਵੇਗਾ ।

Technical Training Centres

*1458. **Sardar Jagat Singh** : Will the Minister for Public Works be Pleased to state —

(a) the total number of Technical Training Centres in Tehsil Kharar at present ;

(b) whether the Government proposes to open a new Technical Training Centre in Kharar Town ?

ਸਰਦਾਰ ਬੇਅੰਤ ਸਿੰਘ : (ੳ) ਕੋਈ ਨਹੀਂ ਜੀ ।

(ਅ) ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

WALK-OUTS

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਮਾਸਟਰ ਚੰਦ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ.....

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਇਸ ਨੂੰ ਐਡਮਿਟ ਕਰੋ।

ਸ਼੍ਰੀ ਸਪੀਕਰ : ਬਜਟ ਸਪੀਚ ਵੇਲੇ ਤੁਸੀਂ ਇਸ ਬਾਰੇ ਕਹਿ ਸਕਦੇ ਸੀ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਸੁਣਨ ਨੂੰ ਤਿਆਰ ਨਹੀਂ ਤਾਂ ਮੈਂ ਵਾਕ-ਆਉਟ ਕਰਦਾ ਹਾਂ।

(ਇਸ ਸਮੇਂ ਮਾਨ ਯੋਗ ਮੈਂਬਰ, ਸਰਦਾਰ ਗੁਰਦੇਵ ਸਿੰਘ ਬਾਦਲ ਸਦਨ ਵਿਚੋਂ ਵਾਕ-ਆਉਟ ਕਰ ਗਏ)।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ। ਕਿਸਾਨਾਂ ਕੋਲੋਂ ਕਰੋੜਾਂ ਰੁਪਏ ਲੁੱਟੇ ਜਾ ਰਹੇ ਹਨ। ਤੁਸੀਂ ਗੱਲ ਸੁਣਨ ਨੂੰ ਤਿਆਰ ਨਹੀਂ। ਇਸ ਲਈ ਅਸੀਂ ਸਾਰੇ ਵਾਕ-ਆਉਟ ਕਰਦੇ ਹਾਂ।

[ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਐਲ) ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ-ਆਉਟ ਕਰ ਗਏ]।

ਕਾਮਰੇਡ ਬਲਦੇਵ ਸਿੰਘ ਲੂੰਬਾ : ** ** **

Mr. Speaker : This is no Point of Order.

Comrade Baldev Singh Loomba : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਮੈਨੂੰ ਲਿਖ ਕੇ ਭੇਜ ਦੇਣਾ। ਮੈਂ ਸਰਕਾਰ ਨੂੰ ਅੱਗੇ ਭੇਜ ਦਿਆਂਗਾ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੁਰਿੰਦਰ ਕਪੂਰ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਬਜਟ ਸਪੀਚ ਵੇਲੇ ਤੁਹਾਨੂੰ ਕਈ ਮੌਕੇ ਮਿਲਦੇ ਹਨ। ਤੁਸੀਂ ਇਸ ਬਾਰੇ ਗਲ ਕਹਿ ਸਕਦੇ ਸੀ। ਬਾਕੀ ਤੁਸੀਂ ਮੇਰੇ ਚੈਂਬਰ ਵਿਚ ਆ ਕੇ ਗਲ ਕਰ ਲੈਣਾ ।

ਸ਼੍ਰੀ ਬਾਲ ਮੁਕੰਦ ਸ਼ਰਮਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਬਜਟ ਉਤੇ ਬੋਲਦਿਆਂ, ਵਿਰੋਧੀ ਪਾਰਟੀ ਦੇ ਨੇਤਾਵਾਂ, ਮਾਨਯੋਗ ਸਰਦਾਰ ਸੁਰਜੀਤ ਸਿੰਘ ਬਰਨਾਲਾ ਅਤੇ ਸਰਦਾਰ ਬਲਵੰਤ ਸਿੰਘ ਨੇ ਗਵਰਨਰ ਸਾਹਿਬ ਦੇ ਭਾਸ਼ਣ ਦੇ ..... (ਵਿਘਨ)

ਸ਼੍ਰੀ ਸਪੀਕਰ : ਤੁਸੀਂ ਬਜਟ ਤੇ ਬੋਲਣਾ ਹੈ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਹਾਂ ਜੀ ।

ਸ਼੍ਰੀ ਸਪੀਕਰ : ਇਸ ਤੋਂ ਪਹਿਲਾਂ ਹੋਰ ਬਿਜ਼ਨੈਸ ਕਰਨਾ ਹੈ । ਉਹ ਪਹਿਲਾਂ ਕਰ ਲਈਏ।

FINANCIAL BUSINESS

PRESENTATION OF EXCESS DEMANDS OVER GRANTS AND APPROPRIATION FOR THE YEARS 1966-67 (POST RE-ORGANISATION PERIOD FROM 1-11-1966 TO 31-3-1967) AND 1972-73

Finance Minister (Doctor Kewal Krisan) : Sir, I beg to present the Excess Demands over Grants and Appropriations for the years 1966-67 (Post Re-organisation period from 1-11-1966 to 31-3-1967) and 1972-73

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਰੂਲ 58 ਥੱਲੇ ਮੈਂ ਨੋ ਕਾਨਫੀਡੈਂਸ ਮੋਸ਼ਨ ਦਿੱਤੀ ਸੀ ਮਗਰ ਉਹ ਏਜੰਡੇ ਤੇ ਨਹੀਂ ਸੀ ਆਈ। ਮੈਂ ਨੂੰ ਉਸ ਦਾ ਪਤਾ ਨਹੀਂ ਸੀ ਲੱਗਾ..... (ਵਿਘਨ)

ਸ਼੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। ਤੁਹਾਨੂੰ ਪਤਾ ਸੀ ਕਿ ਉਹ ਮੋਸ਼ਨ ਟੇਕ ਅੱਪ ਹੋਣੀ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜਦੋਂ ਏਜੰਡੇ ਤੇ ਹੀ ਆਈਟਮ ਨਹੀਂ ਸੀ ਤਾਂ ਮੈਨੂੰ ਕਿੱਥੋਂ ਪਤਾ ਲਗ ਜਾਣਾ ਸੀ । ਤੁਸੀਂ ਮੈਨੂੰ ਮੇਰੇ ਹੱਕ ਤੋਂ ਮਹਿਰੂਮ ਰਖਿਆ ਹੈ । ਸਾਨੂੰ ਉਸ ਦਾ ਨੋਟਿਸ ਨਹੀਂ ਹੋਇਆ । ਤੁਸੀਂ ਇਹ ਗੈਰ-ਕਾਨੂੰਨੀ ਗੱਲ ਕੀਤੀ ਹੈ।

ਸ਼੍ਰੀ ਸਪੀਕਰ : ਕੋਈ ਗੈਰ ਕਾਨੂਨੀ ਗੱਲ ਨਹੀਂ ਕੀਤੀ । ਜਦੋਂ ਨੋ-ਕਾਨਫੀਡੈਂਸ ਮੋਸ਼ਨ ਡਿਸਕਸ ਹੋ ਰਹੀ ਸੀ ਤਾਂ ਤੁਸੀਂ ਵਾਕ ਆਉਟ ਕਰ ਗਏ ਸੀ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

Sardar Dalip Singh Pandhi : ** ** **

ਸ਼੍ਰੀ ਸਪੀਕਰ : ਤੁਸੀਂ ਮੇਰੇ ਨਾਲ ਚੈਂਬਰ ਵਿਚ ਆ ਕੇ ਗੱਲ ਕਰ ਲੈਣਾ । You are now speaking without my permission ; It should not be recorded.

GENERAL DISCUSSION ON THE BUDGET ESTIMATES FOR THE YEAR 1982-83 *(Resumption)*

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ. ਮੇਰੇ ਮਾਨਯੋਗ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਉਸ ਦਿਨ ਕਿਹਾ ਸੀ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ । ਉਨ੍ਹਾਂ ਨੇ ਕਿਹਾ ਸੀ ਕਿ ਸਿੱਖਾਂ ਨਾਲ ਕਾਂਗਰਸ ਰਾਜ ਵਿਚ ਵਿਤਕਰਾ ਹੁੰਦਾ ਆ ਰਿਹਾ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਇਕ ਅਹਿਮ ਮਸਲਾ ਹੈ. ਇਸ ਲਈ ਮੈਂ ਇਸ ਤੇ ਆਪਣੇ ਵਿਚਾਰ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ ਅੱਤੇ ਮੈਂ ਕੁੱਝ ਪਿਛਲਾ ਇਤਿਹਾਸ ਦੱਸਣਾ ਚਾਹੁੰਦਾ ਹਾਂ । ਸਪੀਕਰ ਸਾਹਿਬ. ਇਸ ਵਿਚ ਦੋ ਰਾਵਾਂ ਨਹੀਂ ਹਨ, ਇਸ ਨੂੰ ਇਤਿਹਾਸ ਮੰਨਦਾ ਹੈ, ਸੰਸਾਰ ਮੰਨਦਾ ਹੈ ਕਿ ਸਿੱਖ ਬੜੇ ਹੀ ਬਹਾਦਰ ਅੱਤੇ ਦਲੇਰ ਹਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਹਨ । .. ..

ਸਰਦਾਰ ਦਲੀਪ ਸਿੰਘ ਪਾਂਧੀ : ** ** * **

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਮੈਂ ਪਹਿਲਾਂ ਕਹਿ ਦਿੱਤਾ ਹੈ ਕਿ ਤੁਸੀਂ ਮੇਰੇ ਚੈਂਬਰ ਵਿਚ ਆਕੇ ਗੱਲ ਕਰ ਲਵੋ । ਤੁਸੀਂ ਮੇਰੀ ਪਰਮਿਸ਼ਨ ਤੋਂ ਬਗੈਰ ਬੋਲ ਰਹੇ ਹੋ ਅੱਤੇ ਇਹ ਰਿਕਾਰਡ ਨਹੀਂ ਹੋ ਰਿਹਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਸਾਰਿਆਂ ਦੇ ਸਾਹਮਣੇ ਹੀ ਗੱਲ ਕਰ ਲਵੋ ਜੀ ।

ਸ਼੍ਰੀ ਸਪੀਕਰ : ਨਹੀਂ ਜੀ, ਇਹ ਮੈਟਰ ਡਿਸਕਸ ਹੋ ਚੁੱਕਿਆ ਹੈ। I do not allow.

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਇਨ੍ਹਾਂ ਨੇ ਕਹੀਆਂ ਹਨ ਅੱਤੇ ਜਿਹੜਾ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਸੀ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ, ਉਨ੍ਹਾਂ ਦੀਆਂ ਇਹ ਗੱਲਾਂ ਤੱਥਾਂ ਤੇ ਆਧਾਰਿਤ ਨਹੀਂ ਹਨ, ਸਚਾਈ ਤੇ ਆਧਾਰਿਤ ਨਹੀਂ ਹਨ, ਇਹ ਬੇ-ਬੁਨਿਆਦ ਹਨ। ਇਹ ਗੱਲ ਮੈਂ ਪਿਛਲੀ ਦਫਾ ਬੋਲਦਿਆਂ ਵੀ ਕਹੀ ਸੀ। ਸਪੀਕਰ ਸਾਹਿਬ, ਮੈਂ ਪਿਛਲੇ ਇਤਿਹਾਸ ਨੂੰ ਦੱਸਦਾ ਹਾਂ । 18 ਮਾਰਚ, 1948 ਵਿਚ ਪੰਜਾਬ ਦੀ ਅਕਾਲੀ ਅਸੈਂਬਲੀ ਪਾਰਟੀ ਨੇ ਆਪਣੇ ਆਪ ਨੂੰ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ । ਜੇਕਰ ਇਹ ਗੱਲ ਹੁੰਦੀ ਕਿ ਕਿਸੇ ਕਿਸਮ ਦਾ ਕਾਂਗਰਸ ਪਾਰਟੀ ਸਿੱਖਾਂ ਦੇ ਨਾਲ ਵਿਤਕਰਾ ਕਰਦੀ ਸੀ ਤਾਂ ਅਕਾਲੀ ਪਾਰਟੀ ਦੇ ਉਸ ਵੇਲੇ ਦੇ ਨੇਤਾ ਕਦੇ ਵੀ ਇਸ ਗੱਲ ਦਾ ਐਲਾਨ ਨਾ ਕਰਦੇ । ਪਰ ਉਸ ਵੇਲੇ ਜੈਕਾਰਿਆਂ ਦੀ ਗੂੰਜ ਵਿਚ ਅਕਾਲੀ ਪਾਰਟੀ ਨੇ ਕਾਂਗਰਸ ਪਾਰਟੀ ਦੇ ਅੰਦਰ ਸ਼ਾਮਲ ਹੋਣ ਦਾ ਐਲਾਨ ਕੀਤਾ। (ਵਿਘਨ)

(ਇਸ ਸਮੇਂ ਅਕਾਲੀ ਪਾਰਟੀ ਦੇ ਕੁੱਝ ਮਾਨਯੋਗ ਮੈਂਬਰਜ਼ ਖੜ੍ਹੇ ਹੋ ਕੇ ਉੱਚੀ ਉੱਚੀ ਬੋਲਣ ਲੱਗ ਪਏ । ** ** **

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਮੈਂਬਰ ਸਾਹਿਬਾਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਉਹ ਜੱਸੋਵਾਲੀਆ ਸਾਹਿਬ ਨੂੰ ਇੰਟਰੱਪਟ ਨਾ ਕਰਨ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਸਰਦਾਰ ਹੁਕਮ ਸਿੰਘ ਅੌਰ ਸਰਦਾਰ ਭੂਪਿੰਦਰ ਸਿੰਘ ਮਾਨ ਕਾਂਸਟੀਚਿਊਐਂਟ ਅਸੈਂਬਲੀ ਦੇ ਅਕਾਲੀ ਪਾਰਟੀ ਵੱਲੋਂ ਮੈਂਬਰ ਸਨ—ਬਾਦਲ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਨੇ ਕਿਉਂਕਿ ਕਾਂਸਟੀਚਿਊਸ਼ਨ ਤੇ ਦਸਖਤ ਨਹੀਂ ਸਨ ਕੀਤੇ, ਇਸ ਕਰ ਕੇ ਇਹ ਕਾਂਸਟੀਚਿਊਸ਼ਨ ਸਿੱਖਾਂ ਨੂੰ ਪਰਵਾਨ ਨਹੀਂ ਹੈ।

ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗਿਆਤ ਲਈ ਇਹ ਦੱਸਣਾ ਚਾਹੁੰਦਾ ਹਾਂ, ਕਿ ਸਰਦਾਰ ਹੁਕਮ ਸਿੰਘ ਜੀ ਹਿੰਦੁਸਤਾਨ ਦੀ ਪਾਰਲੀਮੈਂਟ ਦੇ ਸਪੀਕਰ ਬਣੇ ।

WALK OUT

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਹੋ । ਇਸ ਲਈ ਮੈਂ ਵਾਕ ਆਊਟ ਕਰਦਾ ਹਾਂ ।

(ਇਸ ਸਮੇਂ ਮਾਨਯੋਗ ਮੈਂਬਰ, ਸਰਦਾਰ ਦਲੀਪ ਸਿੰਘ ਪਾਂਧੀ ਜੀ ਸਦਨ ਵਿਚੋਂ ਵਾਕ ਆਊਟ ਕਰ ਗਏ ।)

GENERAL DISCUSSION ON THE BUDGET ESTIMATES FOR THE YEAR 1982-83 (*Resumption*)

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ, ਸਰਦਾਰ ਭੂਪਿੰਦਰ ਸਿੰਘ ਮਾਨ, ਪੈਪਸੂ ਦੇ ਅੰਦਰ ਮਨਿਸਟਰ ਬਣੇ ਅੌਰ ਉਨ੍ਹਾਂ ਨੇ ਬਕਾਇਦਾ ਤੌਰ ਤੇ ਕਾਂਸਟੀਚਿਊਸ਼ਨ ਦੇ ਵਫ਼ਾਦਾਰ ਹੋਣ ਦੀ ਸੁਗੰਧ ਖਾਧੀ ਅਤੇ ਆਪਣੇ ਆਪ ਨੂੰ ਹਿੰਦੁਸਤਾਨ ਦੇ ਸ਼ਹਿਰੀ ਮੰਨਿਆ । ਸਪੀਕਰ ਸਾਹਿਬ, ਪਹਿਲਾਂ ਸੰਨ 1956 ਦੇ ਵਿਚ ਅਕਾਲੀ ਦਲ ਨੇ ਬਕਾਇਦਾ ਤੌਰ ਤੇ ਇਕ ਮਤਾ ਪਾਸ ਕੀਤਾ ਅੌਰ ਕਾਂਗਰਸ ਦੇ ਨਾਲ ਇਸ ਪਾਰਟੀ ਨੇ ਬਾਕਾਇਦਾ ਤੌਰ ਤੇ ਆਪਣੀ ਸ਼ਾਮੂਲੀਅਤ ਕੀਤੀ। ਇਹ ਗੱਲ 30 ਸਤੰਬਰ, 1956 ਦੀ ਹੈ। ਉਸ ਸਮੇਂ ਅਕਾਲੀ ਦਲ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਜਿਸ ਦੀ ਨਕਲ, ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਹਾਊਸ ਦੇ ਰਿਕਾਰਡ ਤੇ ਲਿਆਉਣਾ ਚਾਹੁੰਦਾ ਹਾਂ :--

> "Akali Dal would not have any separate poltical programme of its own that the Dal would concentrate on the protection and promotion of religious, educational, cultural, social and economic interests of the Panth and in the implementation of various plans for the development of the country."

(ਮਾਨਯੋਗ ਮੈਂਬਰ ਜੱਥੇਦਾਰ ਗੁਰਬਚਨ ਸਿੰਘ ਜੀ ਵੱਲੋਂ ਵਿਘਨ ।)

Mr. Speaker : **Please do not interrupt.**

ਸਰਦਾਰ ਜਗਦੇਵ ਸਿੰਘ ਜੱਸੋਵਾਲ : ਮਾਨਯੋਗ ਸਪੀਕਰ ਸਾਹਿਬ, ਜੇਕਰ ਇਹ ਗੱਲ ਠੀਕ ਹੈ ਤਾਂ ਫਿਰ ਅਕਾਲੀ ਪਾਰਟੀ ਆਪ ਇਹ ਮਤਾ ਪਾਸ ਕਰ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਕਿਉਂ ਹੁੰਦੀ ? ਇਸ ਦਾ ਭਾਵ ਇਹ ਹੈ ਕਿ ਜਿਹੜੀ ਇਹ ਵਿਤਕਰੇ ਵਾਲੀ ਗੱਲ ਕਰ ਰਹੇ ਹਨ ਉਹ ਬੇ-ਬੁਨਿਆਦ ਹੈ। ਸਪੀਕਰ ਸਾਹਿਬ, ਫਿਰ ਮੈਂ ਹੋਰ ਅੱਗੇ ਚਲਦਾ ਹਾਂ । ਸੰਨ 1957 ਵਿਚ ਸਰਦਾਰ ਪ੍ਰਕਾਸ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਸਿੰਘ ਬਾਦਲ ਜੋ ਹੁਣ ਅਕਾਲੀ ਪਾਰਟੀ ਦੇ ਵਿਰੋਧੀ ਧਿਰ ਦੇ ਨੇਤਾ ਹਨ, ਨੇ ਕਾਂਗਰਸ ਦੇ ਸਿੰਬਲ ਉਤੇ, ਕਾਂਗਰਸ ਦੇ ਮੈਨੀਫੈਸਟੋ ਤੇ ਕਾਂਗਰਸ ਪਾਰਟੀ ਵੱਲੋਂ ਚੋਣ ਲੜੀ। ਇਹ ਵੀ ਇਕ ਬੁਨਿਆਦੀ ਹਕੀਕਤ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ** ** **

ਸ਼੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਗੁਰਬਾਣੀ ਵਿਚ ਆਉਂਦਾ ਹੈ :- -

†† †† ††

ਸਪੀਕਰ ਸਾਹਿਬ, ਇਹ ਤਾਂ ਬੁਨਿਆਦੀ ਹਕੀਕਤਾਂ ਹਨ ਜੋ ਮੈਂ ਦੱਸ ਰਿਹਾ ਹਾਂ। ਸੰਨ 1957 ਵਿਚ ਕਾਂਗਰਸ ਮੈਨੀਫੈਸਟੋ ਤੇ ਸਮੁੱਚੀ ਅਕਾਲੀ ਪਾਰਟੀ ਦੇ ਨੇਤਾਵਾਂ ਨੇ ਚੋਣ ਲੜੀ ਸੀ। ਉਸ ਤੋਂ ਬਾਅਦ. ਸਪੀਕਰ ਸਾਹਿਬ, ਸੰਨ 1961 ਆਇਆ । ਰੌਲਾ ਪਾਇਆ ਗਿਆ ਸੀ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ, ਬੇਇਨਸਾਫੀ ਹੋ ਰਹੀ ਹੈ । ਫਿਰ, ਸਪੀਕਰ ਸਾਹਿਬ, ਗੋਰਮਿੰਟ ਆਫ ਇੰਡੀਆ ਨੇ ਇਹ ਸੋਚ ਕੇ ਕਿ ਸਿੱਖ ਬਹਾਦਰ ਕੌਮ ਹਨ, ਇਨ੍ਹਾਂ ਨਾਲ ਕਿਸੇ ਪਾਸਿਓਂ ਕੋਈ ਵਿਤਕਰਾ ਨਾ ਹੋਵੇ, ਇਕ ਹਾਈਪਾਵਰਡ ਕਮਿਸ਼ਨ ਬਣਾਇਆ। ਸ਼੍ਰੀ ਐਸ. ਕੇ. ਦਾਸ, ਜਿਹੜੇ ਕਿ ਹਿੰਦੁਸਤਾਨ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਰਹਿ ਚੁੱਕੇ ਸਨ ਉਨ੍ਹਾਂ ਨੂੰ ਉਸ ਕਮਿਸ਼ਨ ਦੇ ਪ੍ਰਧਾਨ ਵੱਜੋਂ ਨਿਯੁਕਤ ਕੀਤਾ । (ਇਸ ਸਮੇਂ ਅਕਾਲੀ ਪਾਰਟੀ ਦੇ ਕੁਝ ਮਾਨਯੋਗ ਮੈਂਬਰਜ਼ ਖੜ੍ਹੇ ਹੋ ਕੇ ਉਚੀ ਉਚੀ ਬੋਲਣ ਲੱਗ ਪਏ ।

** ** **)

ਸ਼੍ਰੀ ਸਪੀਕਰ : ਜੋ ਕੁਝ ਮੇਰੀ ਇਜਾਜ਼ਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। **Please sit down. Do not interrupt.**

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਇਨ੍ਹਾਂ ਦੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਹਾਥੀ ਦੇ ਚੰਦ ਹਨ ਜੋ ਕਿ ਖਾਣ ਦੇ ਹੋਰ ਹਨ ਔਰ ਦਿਖਾਉਣ ਦੇ ਹੋਰ ਹਨ । ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਗੱਲ ਚੰਗੀ ਤਰ੍ਹਾਂ ਨਾਲ ਸਿੱਧ ਹੁੰਦੀ ਆ ਰਹੀ ਹੈ ਕਿ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਹੁੰਦਾ ਰਿਹਾ । ਸਰਦਾਰ ਰਾਜਿੰਦਰ ਸਿੰਘ ਭਾਟੀਆ, ਐਡੀਟਰ, ਕੌਮੀ ਏਕਤਾ, ਜੋ ਕਿ ਇਸ ਸਮੇਂ ਅਕਾਲੀ ਦਲ (ਲੌਂਗੋਵਾਲ) ਦੇ ਜਨਰਲ ਸਕੱਤਰ ਹਨ, ਉਸ ਕਮਿਸ਼ਨ ਦੇ ਸਾਹਮਣੇ ਉਨ੍ਹਾਂ ਨੇ ਹਲਫੀਆ ਬਿਆਨ ਦਿੱਤਾ, ਉਨ੍ਹਾਂ ਨੇ ਹਲਫੀਆ ਬਿਆਨ ਤੇ ਦਸਖਤ ਕੀਤੇ ਤੇ ਕਿਹਾ ਕਿ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਹੋ ਰਿਹਾ । ਹੈਰਾਨੀ ਦੀ ਗੱਲ ਹੈ ਕਿ ਪਿਛਲੀ ਕਥਿਤ ਸੰਸਾਰ ਸਿੱਖ ਕਨਵੈਨਸ਼ਨ ਵਿਚ ਸਿੱਖਾਂ ਨਾਲ ਵਿਤਕਰੇ ਤੇ 45 ਮੰਗਾਂ ਦੇ ਵੇਰਵੇ ਦਾ ਬਹੁਤਾ ਰੌਲਾ ਸ: ਰਾਜਿੰਦਰ ਸਿੰਘ ਭਾਟੀਏ ਜੀ ਨੇ ਜੋ ਕਿ ਲੌਂਗੋਵਾਲ ਚਲ ਦੇ ਜਨਰਲ ਸਕੱਤਰ ਹਨ ਨੇ ਪਾਇਆ, ਇਹ ਕਿੰਨੀ ਕੰਟਰਾਡਿਕਸ਼ਨ ਹੈ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ. ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਸਪੀਕਰ ਸਾਹਿਬ, ਜੱਸੋਵਾਲ ਵੀ ਸਿੱਖ ਹਨ ਪਰ ਇਨ੍ਹਾਂ ਨੇ ਇਸ ਪਵਿੱਤਰ ਸਦਨ ਵਿਚ ਪਵਿੱਤਰ ਗੁਰਬਾਣੀ ਦਾ ਦੁਰ ਉਪਯੋਗ ਕੀਤਾ ਹੈ । ਗੁਰੂ ਸਾਹਿਬ ਨੇ ਉਹ ਲਫਜ਼ ਇਥੇ ਵਰਤਣ ਲਈ ਨਹੀਂ ਸਨ ਕਹੇ ਕਿ ** ** **

**Expunged/not recorded as ordered by the Chair.
††Expunged under the orders of the Speaker.

Original with;
Punjab Vidhan Sabha
Digitized by;
Panjab Digital Library

ਇਹ ਤਾਂ ਡਾਇਰੈਕਟ ਹੀ ਇਸ ਸਦਨ ਦੇ ਮਾਨ ਯੋਗ ਮੈਂਬਰ ਤੇ ਅਟੈਕਸ਼ਨ ਹੈ । ਇਸ ਲਈ ਇਹ ਲਫਜ਼ ਐਕਸ ਪੰਜ ਹੋਣੇ ਚਾਹੀਦੇ ਹਨ । ਗੁਰਬਾਣੀ ਦਾ ਇਥੇ ਦੁਰਉਪਯੋਗ ਨਹੀਂ ਹੋਣਾ ਚਾਹੀਦਾ ।

ਸ਼੍ਰੀ ਸਪੀਕਰ : ਮਾਨ ਸਾਹਿਬ, ਇਕ ਮਾਨ ਯੋਗ ਮੈਂਬਰ ਸਪੀਚ ਕਰ ਰਿਹਾ ਹੋਵੇ ਔਰ ਚਾਰ-ਚਾਰ, ਪੰਜ ਪੰਜ ਮੈਂਬਰ ਖੜ੍ਹੇ ਹੋ ਕੇ ਉਸ ਨੂੰ ਇੰਟਰੱਪਟ ਕਰਨ, ਇਹ ਕੋਈ ਗੱਲ ਨਹੀਂ ਬਣਦੀ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਜਾਂ ਤਾਂ ਇਨ੍ਹਾਂ ਤੋਂ ਵੀ ਇਸ ਗੱਲ ਦੀ ਗਰੰਟੀ ਲੈ ਲਵੋ ਕਿ ਇਹ ਵੀ ਆਪਣੀ ਸਪੀਚ ਵਿਚ ਗੁਰਬਾਣੀ ਦੀ ਵਰਤੋਂ ਨਾ ਕਰਨ, ਗੁਰਬਾਣੀ ਤੇ ਨਾ ਬੋਲਣ ।

ਸ਼੍ਰੀ ਸਪੀਕਰ : ਜਦੋਂ, ਮਾਨ ਸਾਹਿਬ, ਤੁਹਾਡੀ ਪਾਰਟੀ ਦੇ ਮੈਂਬਰ ਬੋਲਦੇ ਸਨ ਤਾਂ ਮੈਂ ਕਾਂਗਰਸੀ ਬੈਂਚਿਜ਼ ਵਾਲਿਆਂ ਨੂੰ ਇਨਟਰੱਪਟ ਨਹੀਂ ਸੀ ਕਰਨ ਦਿੱਤਾ ਔਰ ਹੁਣ ਕਾਂਗਰਸੀ ਬੈਂਚਿਜ਼ ਤੋਂ ਅਗਰ ਕੋਈ ਮੈਂਬਰ ਬੋਲਦਾ ਹੈ ਤਾਂ ਤੁਹਾਨੂੰ ਉਸ ਨੂੰ ਇਨਟਰੱਪਟ ਨਹੀਂ ਕਰਨਾ ਚਾਹੀਦਾ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਹਿਬ, ਗੁਰਬਾਣੀ ਇਕ ਪਵਿਤਰ ਚੀਜ਼ ਹੈ । Do they want to expunge them. No body has a right to expunge anything of Sri Guru Granth Sahib.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਅਪਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਅਸੀਂ ਬੋਲਦੇ ਹਾਂ ਤਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇੰਟਰਪਟ ਨਾ ਕਰਨ ਔਰ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਕੋਈ ਗਲਤ ਗੱਲਾਂ ਜਾਂ ਗਲਤ ਲਫਜ਼ ਸਪੀਚ ਵਿਚ ਇਸਤੇਮਾਲ ਨਾ ਕਰੀਏ। ਪਰ ਜਦੋਂ ਇਹ ਬੋਲਦੇ ਹਨ ਤਾਂ ਇਨ੍ਹਾਂ ਨੂੰ ਵੀ ਕਹੋ ਕਿ ਇਹ ਗਲਤ ਲਫਜ਼ ਇਸਤੇਮਾਲ ਨਾ ਕਰਨ। ਇਕ ਤਾਂ ਉਹ ਲਫਜ਼ ਐਕਸਪੰਜ ਕਰਾਓ ਦੂਜਾ ਇਨ੍ਹਾਂ ਨੂੰ ਕਹੋ ਕਿ ਇਹ ਗਲਤ ਨਾ ਬੋਲਣ।

ਸ਼੍ਰੀ ਸਪੀਕਰ : ਜੱਸੋਵਾਲ ਸਾਹਿਬ, ਤੁਸੀਂ ਸ਼ੁਰੂ ਕਰੋ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਇਹ ਗੁਰਬਾਣੀ ਨੂੰ ਕਿਸ ਤਰ੍ਹਾਂ ਐਕਸਪੰਜ ਕਰਵਾ ਸਕਦੇ ਹਨ । ਕਿਉਂਕਿ ਇਹ ਐਕਸਪੰਜ ਹੋ ਰਹੇ ਹਨ, ਇਸ ਕਰਕੇ ਇਹ ਰੌਲਾ ਪਾਉਂਦੇ ਹਨ । ਮੈਂਨੂੰ ਇਨ੍ਹਾਂ ਦੇ ਨਾਲ ਪੂਰੀ ਹਮਦਰਦੀ ਹੈ ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ... (ਵਿਘਨ)

Mr. Speaker : Please sit down. No interruption. No Point of Order.

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਇਹ ਐਕਸਪੰਜ ਹੁੰਦੇ ਹਨ ਇਸ ਕਰ ਕੇ ਇਹ ਬੋਲਦੇ ਹਨ । ਇਨ੍ਹਾਂ ਨੂੰ ਰੋਕੋ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ 1966 ਵਿਚ ਇਨ੍ਹਾਂ ਨੇ ਲੁਧਿਆਣਾ ਦੇ ਅੰਦਰ ਇਕ ਆਲ ਇੰਡੀਆ ਸਿੱਖ ਕਾਨਫਰੰਸ ਵਿਚ ਸਿੱਖ ਹੋਮ ਲੈਂਡ ਦੀ ਮੰਗ ਕੀਤੀ ਸੀ :

ਡਾਕਟਰ ਭਗਤ ਸਿਘ : ** ** **

Mr. Speaker : This is no Point of Order Jassowal Sahib, please continue.

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਜਗਦੇਵ ਸਿੰਘ ਜੱਸੋਵਾਲ : ਮੈਂ ਭੁਲੇਖੇ ਨਾਲ ਇਧਰ ਨਹੀਂ ਆਇਆ ਬਲਕਿ ਕਨਵਿਕਸ਼ਨ ਨਾਲ ਆਇਆ ਹਾਂ। ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਕ ਤਾਂ ਇਨ੍ਹਾਂ ਨੇ 1966 ਵਿਚ ਕਾਨਫਰੰਸ ਕੀਤੀ ਸੀ ਅੱਜ ਇਕ ਇਸ ਤੋਂ ਪਹਿਲਾਂ 1965 ਵਿਚ ਵੀ ਲੁਧਿਆਣਾ ਦੇ ਅੰਦਰ ਅਕਾਲੀ ਪਾਰਟੀ ਨੇ ਕਨਵੈਨਸ਼ਨ ਕੀਤੀ ਸੀ। ਉਸ ਕਨਵੈਨਸ਼ਨ ਵਿਚ ਇਨ੍ਹਾਂ ਨੇ ਸਿੱਖਾਂ ਨੂੰ ਆਤਮ ਨਿਰਣੇ ਦਾ ਅਧਿਕਾਰ ਦੇਣ ਦੀ ਮੰਗ ਕੀਤੀ ਸੀ (ਵਿਘਨ) ਸਪੀਕਰ ਸਾਹਿਬ, ਮੈਂ ਆਪਣੇ ਕੁਝ ਵਿਚਾਰ ਇਸ ਹਾਊਸ ਵਿਚ ਦੱਸਣਾ ਚਾਹੁੰਦਾ ਹਾਂ ਪਰ ਇਹ ਉਹ ਸੁਣਨਾ ਨਹੀਂ ਚਾਹੁੰਦੇ। ਮੈਂ ਇਨ੍ਹਾਂ ਨਾਲ ਕਿਸੇ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ, ਮੈਂ ਤਾਂ ਆਪਣੀ ਪਾਰਟੀ ਦੇ ਵਿਚਾਰ ਹੀ ਦੱਸਣੇ ਹਨ। (ਵਿਘਨ)

ਜੱਥੇਦਾਰ ਗੁਰਬਚਨ ਸਿੰਘ : ਤੁਸੀਂ ਉਹ ਲਫਜ਼ ਅੰਕਸਪੰਜ ਕਰਾਓ। ਉਹ ਕਿਉਂ ਨਹੀਂ ਕਰਾਉਂਦੇ ?

Mr. Speaker : I will have to name you. I cannot allow you to speak.

ਜਥੇਦਾਰ ਗੁਰਬਚਨ ਸਿੰਘ : ਜਾਂ ਤਾਂ ਉਹ ਲਫਜ਼ ਅੰਕਸਪੰਜ ਕਰਾਓ। [** ** **

Mr. Speaker : Please Sit down. I will have to name you.

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ** ** ** ਬਲ ਕਿ ਵਿਚਾਰਾਂ ਨਾਲ ਫੈਸਲੇ ਹੋਣਗੇ। ਅਸੀਂ ਬਲੀ ਵਿਚ ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।

Mr. Speaker: Sardar Gurbachan Singh, please sit down otherwise I will have to name you.

ਸਰਦਾਰ ਜਗਦੇਵ ਸਿੰਘ ਜੱਸੋਵਾਲ : ਫਿਰ ਸਪੀਕਰ ਸਾਹਿਬ, 1968 ਵਿਚ ਇਨ੍ਹਾਂ ਨੇ ਬਟਾਲਾ ਦੇ ਵਿਚ ਇਕ ਹੋਰ ਕਾਨਫਰੰਸ ਕੀਤੀ ਅੱਜ ਇਸ ਕਾਨਫਰੰਸ ਵਿਚ ਸੂਬੇ ਲਈ ਵੱਧ ਅਧਿਕਾਰਾਂ ਦੀ ਗੱਲ ਕੀਤੀ।

ਸਰਦਾਰ ਦਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਜਿਹੜੇ ਇਹ ਲਫਜ਼ ਅੰਕਸਪੰਜ ਕਰਨ ਲਈ ਬਾਰ ਬਾਰ ਕਹਿ ਰਹੇ ਹਨ, ਤੁਸੀਂ ਰਿਕਾਰਡ ਮੰਗਵਾ ਕੇ ਇਹ ਅੰਗਜ਼ਾਮਿਨ ਕਰਵਾ ਲਓ।

Mr. Speaker: I will examine this matter.

ਸਰਦਾਰ ਜਗਦੇਵ ਸਿੰਘ ਜੱਸੋਵਾਲ : ਫਿਰ ਸਪੀਕਰ ਸਾਹਿਬ, 1973 ਵਿੱਚ ਇਕ ਹੋਰ ਮਤਾ, ਜਿਸ ਦੀ ਚਰਚਾ ਇਸ ਹਾਊਸ ਦੇ ਅੰਦਰ ਅਤੇ ਬਾਹਰ ਵੀ ਬਹੁਤ ਕੀਤੀ ਗਈ ਹੈ, ਅਨੰਦਪੁਰ ਸਾਹਿਬ ਵਿਖੇ ਲਿਆਂਦਾ। ਅਕਾਲੀ ਦਲ ਨੇ ਪਾਸ ਕੀਤਾ। ਇਸ ਮਤੇ ਦਾ ਜ਼ਿਕਰ ਬਰਨਾਲਾ ਸਾਹਿਬ ਨੇ ਆਪਣੀ ਸਪੀਚ ਵਿਚ, ਸਾਰਾ ਮਤਾ ਨਹੀਂ ਬਲਕਿ ਉਸ ਦਾ ਕੁਝ ਅੰਸ਼, ਕੀਤਾ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਨੂੰ ਇਸ ਮੱਤੇ ਦਾ ਅੰਸ਼ ਨਹੀਂ ਬਲਕਿ ਇੰਨ ਬਿੰਨ ਉਹ ਮਤਾ ਪੜ੍ਹ ਕੇ ਸੁਣਾਉਣਾ ਚਾਹੀਦਾ ਸੀ। ਲੇਕਿਨ ਉਨ੍ਹਾਂ ਨੇ ਉਹ ਹਿੱਸਾ ਜਿਸ ਦਾ ਮੁਲਕ ਨਾਲ ਕਨਸਰਨ ਸੀ

**Expunged under the orders of the Speaker.

Original with;
Punjab Vidhan Sabha
Digitized by;
Panjab Digital Library

ਉਸ ਦਾ ਜ਼ਿਕਰ ਓਮਿਟ ਕਰ ਦਿੱਤਾ । ਇਹ ਤਾਂ ਉਹ ਗੱਲ ਸੀ ਕਿ ਕਿਸੇ ਮੁਸਲਮਾਨ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਤੂੰ ਨਮਾਜ਼ ਕਿਉਂ ਨਹੀਂ ਪੜ੍ਹਦਾ ਤਾਂ ਉਸ ਨੇ ਕਿਹਾ ਕਿ ਨਮਾਜ਼ ਪੜ੍ਹਨਾ ਮਨ੍ਹਾ ਹੈ। ਫਿਰ ਉਸ ਨੇ ਪੱਛਿਆ ਕਿ ਇਹ ਕਿਥੇ ਲਿਖਿਆ ਹੈ ਤਾਂ ਉਸ ਦਾ ਪੁੱਤਰ ਕਹਿਣ ਲਗਾ ਕਿ ਕੁਰਾਨ ਸ਼ਰੀਫ ਵਿਚ ਲਿਖਿਆ ਹੈ। ਉਸ ਨੇ ਕਿਹਾ ਕਿ ਮੈਨੂੰ ਉਹ ਲਿਖਿਆ ਹੋਇਆ ਵਿਖਾ। ਜਦੋਂ ਪੁੱਤਰ ਉਹ ਵਿਖਾਣ ਲੱਗਾ ਤਾਂ ਉਸ ਵਿਚ ਲਿਖਿਆ ਸੀ ਕਿ ਨਮਾਜ਼ ਪੜ੍ਹਨਾ ਮਨ੍ਹਾ ਹੈ । ਬਾਪ ਨੇ ਕਿਹਾ ਕਿ ਅੱਗੇ ਪੜ੍ਹ । ਜਦੋਂ ਉਸ ਨੇ ਅੱਗੇ ਪੜ੍ਹਿਆ ਤਾਂ ਉਥੇ ਲਿਖਿਆ ਸੀ ਕਿ ਜਦ ਤਕ ਵੁਜੂ ਨਾ ਕੀਆ ਹੋ ਅਰਥਾਤ ਇਸ਼ਨਾਨ ਨਾ ਕੀਤਾ ਹੋਵੇ । ਇਸ ਤੇ ਉਹ ਪੁੱਤਰ ਕਹਿਣ ਲੱਗਾ ਕਿ ਇਹ ਮੈਨੂੰ ਪੜ੍ਹਨ ਦੀ ਲੋੜ ਨਹੀਂ । ਸੋ ਉਹ ਗੱਲ ਇਨ੍ਹਾਂ ਨੇ ਇਸ ਮੱਤੇ ਦੀ ਕੀਤੀ ਹੈ । ਸਪੀਕਰ ਸਾਹਿਬ, ਕਹਿੰਦੇ ਹਨ ਕਿ ਕੋਈ ਗਲ ਦੀਵਾਰ ਤੇ ਅਗਰ ਲਿਖੀ ਹੋਵੇ ਤਾਂ ਉਹ ਦੀਵਾਰ ਟੁੱਟਣ ਨਾਲ ਮਿੱਟ ਸਕਦੀ ਹੈ ਪਰ ਜਿਹੜੇ ਲਫਜ਼ ਕਾਗਜ਼ ਤੇ ਲਿਖੇ ਗਏ ਉਹ ਹਿਸਟਰੀ ਬਣ ਜਾਂਦੇ ਹਨ, ਉਹ ਨਹੀਂ ਮਿੱਟ ਸਕਦੇ । ਇਸ ਲਈ ਜਿਹੜੇ ਲਫਜ਼ ਉਨ੍ਹਾਂ ਨੇ ਨਹੀਂ ਪੜ੍ਹੇ ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ । ਇਸ ਵਿਚ ਲਿਖਿਆ ਹੈ "ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਨਿਸਚੇ ਤੌਰ ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ "ਮਨ ਮੰਦਰਾਂ" ਵਿਚ ਉਭਰਿਆ ਚਲਿਆ ਆ ਰਿਹਾ ਹੈ । ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ ਬਾਲੇ ਹੈ ਇਸ ਤੋਂ ਅੱਗੇ ਲਿਖਿਆ ਹੈ----

> "ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿੜ੍ਹਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ । "

ਮਾਨਯੋਗ ਸਪੀਕਰ ਸਾਹਿਬ, ਭਾਰਤ ਵਿਚ ਸਾਡੇ ਧਰਮਾਂ ਦੇ ਨੌਜਵਾਨ ਲੋਕ ਸਮਾਨ ਹੋਣੇ ਚਾਹੀਦੇ ਹਨ ਜਿਹੜੇ ਕਿ ਇਸ ਵੇਲੇ ਹਨ ਪਰ ਇਹ ਚਾਹੁੰਦੇ ਹਨ ਕਿ ਸਿੱਖਾਂ ਦੀ ਸੁਪਰਮੇਸੀ ਹੋਵੇ । ਇਥੇ ਦੂਜੇ ਲੋਕਾਂ ਨੂੰ ਦੁਬੇਲ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਹੜਾ ਕਿ ਇਕੁਐਲਿਟੀ ਦੀ ਡੇਫੀਨੀਸ਼ਨ ਦੇ ਵਿਰੁੱਧ ਹੈ । ਇਸ ਵਿਚ ਅੱਗੇ ਜਾ ਕੇ ਲਿਖਿਆ ਹੈ ---

> "Redemarcate a new country and to form a new constitution and citizenship."

ਇਹ ਅਲਹਿਦਾ ਕਾਂਸਟੀਚਿਊਸ਼ਨ ਚਾਹੁੰਦੇ ਹਨ, ਅਲਿਹਦਾ ਸਿਟੀਜ਼ਨਸ਼ਿਪ ਚਾਹੁੰਦੇ ਹਨ, ਅਲਹਿਦਾ ਆਪਣਾ ਦੇਸ਼ ਚਾਹੁੰਦੇ ਹਨ ਅੰਰ ਵਧੇਰੇ ਅਧਿਕਾਰ ਮੰਗਦੇ ਹਨ । ਇਹ ਕਹਿੰਦੇ ਹਨ ਕਿ ਸਿਵਾਏ ਚਾਰ ਅਧਿਕਾਰਾਂ ਦੇ ਡਿਫੈਂਸ, ਕਰੰਸੀ, ਫੌਰਨ ਅਫੇਅਰਜ਼ ਅਤੇ ਕਮਿਊਨੀਕੇਸ਼ਨ ਦੇ ਹੋਰ ਕੋਈ ਅਧਿਕਾਰ ਸੈਂਟਰ ਕੋਲ ਨਹੀਂ ਹੋਣੇ ਚਾਹੀਦੇ। ਇਹ ਗੱਲਾਂ ਇਸ ਮਤੇ ਦੇ ਨਾਲ ਸਬੰਧਤ ਹਨ । ਜਦੋਂ ਇਹ ਮਤਾ ਪਾਸ ਕੀਤਾ ਸੀ ਤਾਂ ਉਸ ਦੇ ਚੇਅਰਮੈਨ ਬਰਨਾਲਾ ਸਾਹਿਬ ਸਨ । ਤਲਵੰਡੀ ਗਰੁਪ ਦੇ ਡਾਕਟਰ ਭਗਤ ਸਿੰਘ, ਸ੍ਰੀ ਪ੍ਰੇਮ ਸਿੰਘ ਲਾਲਪੁਰਾ, ਸਰਦਾਰ ਜਸਵਿੰਦਰ ਸਿਘ ਬਰਾੜ ਅਤੇ ਹੋਰ ਵੀ ਕਈ ਮੈਂਬਰ ਜਿਨ੍ਹਾਂ ਦੇ ਨਾਂ ਮੈਂ ਇਥੇ ਨਹੀਂ ਲੈਣਾ ਚਾਹੁੰਦਾ ਜਿਹੜੇ ਕਿ ਇਸ ਮਤੇ ਦੇ ਅੰਤਿਕ ਵਿਚ ਸ਼ਾਮਲ ਸਨ, ਇਹ ਸਾਰੇ ਇਸ ਮਤੇ ਨਾਲ ਸਹਿਮਤ ਸਨ । ਬਾਅਦ ਵਿਚ ਡਾਕਟਰ ਭਗਤ ਸਿੰਘ ਨੇ ਅਨੰਦ ਪੁਰ ਸਾਹਿਬ ਵਿਖੇ ਇਕ ਅਲਹਿਦਾ ਮਤਾ ਪਾਸ ਕੀਤਾ । ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਜਿਹੜੇ ਦਸਖਤ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਨੇ ਪਹਿਲੇ ਮਤੇ ਤੇ ਕੀਤੇ ਸਨ ਉਹ ਠੀਕ ਸਨ ਜਾਂ ਜਿਹੜੇ ਬਾਅਦ ਵਿਚ ਮਤੇ ਤੇ ਕੀਤੇ ਉਹ ਠੀਕ ਸਨ ?

ਡਾਕਟਰ ਭਗਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ; ਮੇਰੇ ਦਸਖਤ ਸਿਰਫ ਸ੍ਰੀ ਅਨੰਦਪੁਰ ਸਾਹਿਬ ਦੇ ਇਕੋ ਮਤੇ ਤੇ ਹਨ ਜੋ ਇਸ ਹਾਊਸ ਵਿਚ ਅਡਾਪਟ ਕੀਤਾ ਗਿਆ ਸੀ। ਬਾਕੀ ਗੱਲਾਂ ਉਸ ਮਤੇ ਦੀ ਪ੍ਰਾਪਤੀ ਤੋਂ ਬਾਅਦ ਬਣੀ ਹੋਈ ਦੇਸ਼ ਪੰਜਾਬ ਸਰਕਾਰ ਦੀ ਪਾਲਿਸੀ ਪ੍ਰੋਗਰਾਮ ਦੀਆਂ ਹਨ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਦੇ ਮਤੇ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਹੀ ਨਹੀਂ ਇਨ੍ਹਾਂ ਨੇ ਆਲ ਇੰਡੀਆ ਸਿੱਖ ਕਾਨਫਰੰਸ, 1978, ਲੁਧਿਆਣੇ ਵਿਖੇ ਕੀਤੀ ਅੱਰ ਇਹ ਬਹੁਤ ਵੱਡੀ ਕਾਨਫਰੰਸ ਸੀ । ਇਸ ਕਾਨਫਰੰਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਰਦਾਰ ਗੁਰਚਰਨ ਸਿੰਘ ਟੌਹੜਾ, ਨੇ ਇਸ ਮਤੇ ਦੀ ਵਿਆਖਿਆ ਕੀਤੀ ਅੱਰ ਅੱਕਸ ਸੀ. ਅੱਮ., ਬਾਦਲ ਸਾਹਿਬ, ਨੇ ਵੀ ਇਸ ਮਤੇ ਦੀ ਵਿਆਖਿਆ ਕੀਤੀ ਸੀ। ਮੈਂ ਦੱਸਦਾ ਹਾਂ ਕਿ ਇਸ ਤਰ੍ਹਾਂ ਦੇ ਮਤੇ ਕਾਨਫਰੰਸ ਦੇ ਵਿਚ ਪੜ੍ਹੇ ਗਏ ।

> "It is written in the 'Federal Policy' (The Question of Autonomy : Its Mearing, Necessity and Framework). Take for instance the case of the USSR. Under Article 76 of its Constitution (adopted at the seventh special Session of the Supreme Court on October 7, 1977) each constituent State of the Union, known as Union Republic, is not only autonomous but sovereign also, entitled to have its own Constitution and exercise of "independent authority" in specified spheres. Article 72 ensures for each constituent Union Republic "the right freely to secede from the USSR." Article 80 confers on the federating Union Republics "the right to enter into relations with other states, conclude treaties with them, exchange diplomatic and consular representatives and take part in the work of international organisations." Accordingly some federating Units (Union Republics) of the Soviet Union are member-countries of the U.N.O. in their own independent sovereign right.

ਇਹ ਦੇਸ਼ ਵਿਚ ਰਹਿ ਕੇ ਇੰਡੀਪੈਂਡੈਂਸ ਆਫ ਸਟੇਟ ਚਾਹੁੰਦੇ ਹਨ । ਇਨ੍ਹਾਂ ਨੇ ਕਿਹਾ ਕਿ ਸਾਨੂੰ ਕੰਪਲੀਟ ਇੰਡੀਪੈਂਡੈਂਟ ਸਟੇਟ ਮਿਲਣੀ ਚਾਹੀਦੀ ਹੈ ਅਤੇ ਪਿਛਲੀ ਐਸ. ਜੀ. ਪੀ. ਸੀ. ਦੀ ਮੀਟਿੰਗ ਵਿਚ ਮਤਾ ਸੰਤ ਲੌਂਗੋਵਾਲ ਨੇ ਲਿਆਂਦਾ ਅਤੇ ਕਿਹਾ ਕਿ ਸਿੱਖ ਇਕ ਅਲਹਿਦਾ ਨੇਸ਼ਨ ਹੈ ਅੱਰ Indian multinational States ਇਸ ਮਤੇ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਹਨ, ਜਿਹੜੇ ਵਿਚਾਰ ਸਾਨੂੰ ਸਾਡੇ ਪੁਲੀਟੀਕਲ ਫੌਰ ਫਾਦਰਜ਼ ਨੇ ਦਿੱਤੇ ਹਨ ਉਹੀ ਨੇਸ਼ਨੈਲੇਟੀ ਦੇ ਵਿਚਾਰ ਸਾਨੂੰ ਰੱਖਣੇ ਚਾਹੀਦੇ ਹਨ । ਇਨ੍ਹਾਂ ਨੇ ਮਤੇ ਵਿਚ ਸਾਵਰੈਂਟੀ ਦਾ ਲਫਜ਼ ਲਿਖਿਆ ਹੋਇਆ ਹੈ । ਇਕ ਪਾਸੇ ਇਹ ਕਹਿੰਦੇ ਹਨ ਕਿ ਅਸੀਂ ਦੇਸ਼ ਤੋਂ ਅਲਹਿਦਾ ਨਹੀਂ ਹੋਵਾਂਗੇ ਪਰ ਦੂਜੇ ਪਾਸੇ ਜਿਵੇਂ ਗੁਰਬਾਣੀ ਵਿਚ ਲਿਖਿਆ ਹੈ ਕਿ "ਆਪੇ ਬੀਜੇ, ਆਪੇ ਖਾਏ ਦਾ ਟੂ ਨੇਸ਼ਨ ਥਿਊਰੀ ਦੇ ਬੇਸ ਤੇ ਪਾਕਿਸਤਾਨ ਬਣਿਆ ਸੀ .....(ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਮੈਨੂੰ ਮੇਰੇ ਚੈਂਬਰ ਵਿਚ ਮਿਲ ਲੈਣਾ । ਤੁਹਾਡਾ ਇਹ ਪੁਆਇੰਟ ਆਫ ਆਰਡਰ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਪਾਕਿਸਤਾਨ ਬਣਿਆ ਔਰ ਫੇਰ ਪਾਕਿਸਤਾਨ ਦੇ ਦੋ ਟੁਕੜੇ ਹੋ ਗਏ ਅਤੇ ਇਕ ਨਹੀਂ ਰਹਿ ਸਕਿਆ । ਇਹ ਦੇਸ਼ ਦੇ ਟੁਕੜੇ ਕਰਨ ਵਿਚ ਸਿੱਖਾਂ ਦਾ ਇਨਟਰੈਸਟ ਸਮਝਦੇ ਹਨ । ਫੇਰ ਇਹ ਇਲਜ਼ਾਮ ਸਾਡੇ ਤੇ ਲਗਾਉਂਦੇ ਹਨ ਕਿ ਅਕਾਲੀ ਪਾਰਟੀ ਦੀਆਂ ਸਰਕਾਰਾਂ ਕਾਂਗਰਸ ਸਰਕਾਰ ਨੇ ਤੋੜੀਆਂ । ਮੈਂ ਦੱਸਦਾ ਹਾਂ ਕਿ ਪਹਿਲੇ 1967 ਵਿਚ ਗੁਰਨਾਮ ਸਿੰਘ ਦੀ ਸਰਕਾਰ ਬਣੀ ਔਰ ਉਸ ਨੂੰ ਪ੍ਰਕਾਸ਼ ਸਿੰਘ ਮਜੀਠਾ, ਨੱਥਾ ਸਿੰਘ ਦਾਲਮ, ਜੋ ਤੁਹਾਡੇ ਬੈਂਚਾਂ ਤੇ ਬੈਠੇ ਹਨ, ਅਤੇ ਲਛਮਣ ਸਿੰਘ ਗਿੱਲ ਵਰਗੇ ਮੈਂਬਰਾਂ ਨੇ ਤੁਹਾਡੀ ਸਰਕਾਰ ਤੋੜੀ । ਫਿਰ ਗੁਰਨਾਮ ਸਿੰਘ ਮਨਿਸਟਰੀ, ਬਾਦਲ, ਬਲਵੰਤ ਸਿੰਘ ਅਤੇ ਅਕਾਲੀ ਦਲ ਨੇ ਆਪ ਤੋੜੀ ਅਤੇ ਫਿਰ ਬਾਦਲ ਸਾਹਿਬ ਚੀਫ਼ ਮਨਿਸਟਰ ਬਣੇ ਔਰ ਇਨ੍ਹਾਂ ਦੇ ਖਿਲਾਫ਼ ਬਹੁਤ ਸਾਰੇ ਇਨ੍ਹਾਂ ਦੇ ਅਕਾਲੀ ਮੈਂਬਰ ਹੋ ਗਏ ਅਤੇ ਇਨ੍ਹਾਂ ਨੇ ਅਸਤੀਫਾ ਦੇ ਦਿੱਤਾ ਔਰ ਆਪਣੀ ਸਰਕਾਰ ਤੋੜ ਦਿੱਤੀ । 1980 ਵਿਚ ਸੁਖਜਿੰਦਰ ਸਿੰਘ, ਅਕਾਲੀ ਲੀਡਰ, ਪ੍ਰੇਮ ਸਿੰਘ ਲਾਇਲਪੁਰਾ, ਜਨਰਲ ਸਕੱਤਰ ਅਕਾਲੀ ਦਲ, ਵਰਗੇ ਅਕਾਲੀ ਮੈਂਬਰਾਂ ਨੇ ਬਾਦਲ ਸਰਕਾਰ ਦੇ ਖਿਲਾਫ ਗਵਰਨਰ ਸਾਹਿਬ ਨੂੰ ਮੈਮੋਰੰਡਮ ਦਿੱਤੇ ਅਤੇ ਕਿਹਾ ਕਿ ਉਹ ਕੁਰੱਪਟ ਸਰਕਾਰ ਨੂੰ ਤੋੜਨਾ ਆਪਣਾ ਧਰਮ ਸਮਝਦੇ ਸਨ ਔਰ ਸਿਖਾਂ ਦਾ ਇੰਟਰੈਸਟ ਸਮਝਦੇ ਸਨ ਔਰ ਉਹ ਬਾਦਲ ਸਾਹਿਬ ਦੀ ਸਰਕਾਰ ਤੋੜ ਦਿੱਤੀ । ਇਹ ਇਲਜ਼ਾਮ ਤੁਹਾਡੇ ਗਲਤ ਹਨ । 1977 ਵਿਚ ਤੁਹਾਡੀ ਪਾਰਟੀ ਕੋਲ ਪੰਜਾਬ ਅਸੈਂਬਲੀ ਵਿਚ ਮੈਜਾਰਟੀ ਸੀ ਅਤੇ ਪਾਰਲੀਮੈਂਟ ਵਿਚ ਵੀ ਜਨਤਾ ਸਰਕਾਰ ਦੇ ਤੁਸੀਂ ਭਾਈਵਾਲ ਸੀ ਪਰ ਤੁਸੀਂ ਵਾਧੂ ਅਧਿਕਾਰਾਂ ਬਾਰੇ ਸੰਵਿਧਾਨ ਵਿਚ ਅਮੈਂਡਮੈਂਟ ਉਸ ਵਕਤ ਕਿਉਂ ਨਹੀਂ ਲਿਆਂਦੀ ? ਮੈਂ ਇਹ ਗੱਲਾਂ ਹਾਊਸ ਦੇ ਰਿਕਾਰਡ ਵਿਚ ਲਿਆਉਣਾ ਚਾਹੁੰਦਾ ਹਾਂ ਤਾਕਿ ਤੁਹਾਨੂੰ ਪਤਾ ਲੱਗ ਸਕੇ । ਤੁਸੀਂ ਲੋਕਾਂ ਦੇ ਦਿਲਾਂ ਵਿਚ ਭਿੰਨ ਭਿੰਨ ਮਤੇ ਲਿਆ ਕੇ ਗਲਤ ਫਹਿਮੀਆਂ ਪੈਦਾ ਕੀਤੀਆਂ ਹੋਈਆਂ ਹਨ । ਇਸ ਹਾਊਸ ਵਿਚ ਅਤੇ ਬਾਹਰ ਇਨ੍ਹਾਂ ਗਲਤ ਫਹਿਮੀਆਂ ਨੂੰ ਮੈਂ ਦੂਰ ਕਰ ਦੇਣਾ ਚਾਹੁੰਦਾ ਹਾਂ ਤਾਕਿ ਲੋਕਾਂ ਨੂੰ ਤੁਹਾਡੇ ਰਾਮ ਰੌਲੇ ਦਾ ਪਤਾ ਚਲ ਸਕੇ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰ ਦਿਓ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, 1977 ਦੀਆਂ ਇਲੈਕਸ਼ਨਾਂ ਤੋਂ ਬਾਅਦ ਬਾਦਲ ਸਾਹਿਬ ਸੀ. ਐਮ. ਪੰਜਾਬ ਦੇ ਬਣੇ ਅਤੇ ਇਨ੍ਹਾਂ ਨੇ ਨਾਹਰਾ ਦਿੱਤਾ ਕਿ ਅਸੀਂ ਆਲ ਇੰਡੀਆ ਕਾਨਫਰੰਸ ਸੂਬਿਆਂ ਲਈ ਵਾਧੂ ਅਧਿਕਾਰਾਂ ਬਾਰੇ ਕਰਾਂਗੇ ਪਰ ਜਦੋਂ ਮੁਰਾਰਜੀ ਦੇਸਾਈ ਨੇ ਇਨ੍ਹਾਂ ਨੂੰ ਘੁਰਕੀ ਮਾਰੀ ਤਾਂ ਫੇਰ ਇਹ ਕਹਿਣ ਲਗੇ ਕਿ ਅਸੀਂ ਹੁਣ ਵੱਧ ਅਧਿਕਾਰਾਂ ਲਈ ਸੈਮੀਨਾਰ ਕਰਾਂਗੇ ਪਰ ਇਹ ਸੈਮੀਨਾਰ ਆਲ ਇੰਡੀਆ ਨਹੀਂ ਕਰ ਸਕੇ ਅਤੇ ਬਾਅਦ ਵਿਚ ਆ ਗਏ ਕਿ ਅਸੀਂ ਇਸ ਤੇ ਬੰਦ ਕਮਰੇ ਵਿੱਚ ਮੀਟਿੰਗ ਕਰਾਂਗੇ ਔਰ ਇਸ ਤੋਂ ਬਾਅਦ ਇਨ੍ਹਾਂ ਨੇ ਪ੍ਰੋਵਿੰਸ਼ੀਅਲ ਅਟਾਨੋਮੀ ਦੇ ਚੈਪਟਰ ਨੂੰ ਸਦਾ ਲਈ ਖਤਮ ਕਰ ਦਿਤਾ ਅਤੇ ਜਦੋਂ ਵੋਟਾਂ ਵਿਚ ਹਾਰ ਗਏ ਤਾਂ ਫਿਰ ਵੱਧ ਅਧਿਕਾਰਾਂ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਆਪਣੀ ਪਹਿਲੀ ਸਪੀਚ ਤੋਂ ਅੱਗੇ ਸ਼ੁਰੂ ਕਰਨਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਭੂੰਦੜ ਸਾਹਿਬ, ਤੁਹਾਡੀ ਪਾਰਟੀ ਦੇ 12 ਮਿੰਟ ਬਾਕੀ ਹਨ ਔਰ ਤੁਸੀ, 12 ਮਿੰਟਾਂ ਵਿਚ ਖਤਮ ਕਰ ਲੈਣਾ । (ਵਿਘਨ)

Original with;
Punjab Vidhan Sabha
Digitized by;
Panjab Digital Library

Shri Gopal Krishan Chatrath : Speaker Sahib, can you quote any precedent where a Member has already spoken and he has wound up his speech, can he be given a time again.

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਇਨ੍ਹਾਂ ਅਕਾਲੀ ਪਾਰਟੀ ਨੇ ਸੈਂਟਰਲ ਗੌਰਮਿੰਟ ਨੂੰ ਪਿੱਛੇ ਜਿਹੇ 45 ਡੀਮਾਂਡਾਂ ਦਾ ਮੈਮੋਰੰਡਮ ਦਿੱਤਾ। ਉਸ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਵਿਚ ਅਮੈਂਡਮੈਂਟ ਬਾਰੇ ਵੀ ਜ਼ਿਕਰ ਹੈ। ਇਸ ਆਲ ਇੰਡੀਆ ਗੁਰਦੁਆਰਾ ਡਰਾਫਟ ਦਾ ਖਰੜਾ ਕੇਂਦਰੀ ਸਰਕਾਰ ਨੂੰ ਇਨ੍ਹਾਂ ਨੇ ਦਿੱਤਾ। ਜੇਕਰ ਇਹ ਡਰਾਫਟ ਕਾਂਗਰਸ ਸਰਕਾਰ ਨੇ ਕੀਤਾ ਹੁੰਦਾ ਤਾਂ ਇਨ੍ਹਾਂ ਨੇ ਬਹੁਤ ਵੱਡੀ ਐਜੀਟੇਸ਼ਨ ਇਸ ਦੇ ਵਿੱਰੁਧ ਸ਼ੁਰੂ ਕਰ ਦੇਣੀ ਸੀ । ਇਨ੍ਹਾਂ ਨੇ ਡਰਾਫਟ ਵਿਚ ਲਿਖਿਆ ਹੈ ਕਿ ਅਕਾਲ ਤਖਤ ਦਾ ਹੈਡ ਗ੍ਰੰਥੀ ਬੀ. ਏ. ਪਾਸ ਹੋਵੇ । ਸਿੱਖਾਂ ਦੀ 1/3 ਵੋਟਾਂ ਨੂੰ ਕੱਟਿਆ ਗਿਆ, ਜਿਹੜੇ ਸਹਿਜ ਧਾਰੀ ਸਿੱਖ ਹਨ ਉਨ੍ਹਾਂ ਨੂੰ ਵੋਟਾਂ ਦਾ ਅਧਿਕਾਰ ਨਹੀਂ ਦਿੱਤਾ ਗਿਆ ਅੌਰ ਇਨ੍ਹਾਂ ਨੇ ਡਰਾਫਟ ਜਮਹੂਰੀਅਤ ਦੇ ਆਸ਼ੇ ਦੇ ਉਲਟ ਬਣਾ ਦਿੱਤਾ ਗੁਰਦੁਆਰਿਆਂ ਲਈ ਲੋਕਲ ਕਮੇਟੀਆਂ ਪੰਜਾਬ ਵਿਚ ਤੋੜ ਦਿੱਤੀਆਂ ਹਨ ।

ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਰਕਾਰ ਨੂੰ ਗੁਰਦੁਆਰਿਆਂ ਵਿਚ ਦਖਲ ਨਹੀਂ ਦੇਣਾ ਚਾਹੀਦਾ । ਗੁਰਦੁਆਰਿਆਂ ਵਿਚ ਦਖਲ ਕੌਣ ਦੇ ਰਿਹਾ ਹੈ ? ਗੁਰਦੁਆਰਿਆਂ ਦੀਆਂ ਵੋਟਾਂ ਕੌਣ ਬਣਾਉਂਦਾ ਹੈ ? ਟ੍ਰਿਬਿਊਨਲ ਕੌਣ ਬਣਾਉਂਦਾ ਹੈ ? ਇਹ ਸਾਰੇ ਅਧਿਕਾਰ ਅਕਾਲੀਆਂ ਨੇ ਹੀ ਗੌਰਮਿੰਟ ਨੂੰ ਦਿੱਤੇ ਹਨ । ਜਿਹੜਾ ਡਰਾਫਟ ਬਣਾਇਆ ਗਿਆ ਹੈ, ਸਪੀਕਰ ਸਾਹਿਬ, ਸੈਂਟਰ ਗੌਰਮਿੰਟ ਨੂੰ ਇਸ ਨੂੰ ਪਰਵਾਨ ਕਰਨ ਦੀ ਜਲਦੀ ਨਹੀਂ ਕਰਨੀ ਚਾਹੀਦੀ । ਇਹ ਡਰਾਫਟ ਸਿਖ ਸੰਗਤਾਂ ਦੀ ਓਪੀਨੀਅਨ ਲੈਣ ਲਈ ਪਬਲਿਕ ਨੂੰ ਭੇਜਣਾ ਚਾਹੀਦਾ ਹੈ। ਇਸ ਵਿਚ ਬਹੁਤ ਸਾਰੇ ਭੁਲੇਖੇ ਹਨ । ਇਹ ਭੁਲੇਖੇ ਦੂਰ ਹੋਣੇ ਚਾਹੀਦੇ ਹਨ । ਸਪੀਕਰ ਸਾਹਿਬ, ਜਿਵੇਂ ਅਸਮਾਨ ਦਾ ਰੰਗ ਨੀਲਾ ਹੁੰਦਾ ਹੈ ਅਤੇ ਸਮੁੰਦਰ ਦਾ ਰੰਗ ਵੀ ਨੀਲਾ ਹੁੰਦਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਸਿੱਖਾਂ ਨੂੰ ਬਾਣਾ ਦਿੱਤਾ ਹੈ, ਉਹ ਵੀ ਨੀਲਾ ਦਿੱਤਾ ਹੈ । ਤਾ ਕਿ ਸਿਖਾਂ ਦੀ ਸੋਚ ਅਸਮਾਨ ਵਰਗੀ ਵਿਸ਼ਾਲ ਹੋਣੀ ਚਾਹੀਦੀ ਹੈ ਅਤੇ ਸਮੁੰਦਰ ਵਾਂਗ ਡੂੰਘੀ ਹੋਣੀ ਚਾਹੀਦੀ ਹੈ । ਸਾਨੂੰ ਸਿਰਫ ਇਕ ਫਿਰਕੇ ਬਾਰੇ ਨਹੀਂ ਸੋਚਣਾ ਚਾਹੀਦਾ ਬਲ ਕਿ ਸਾਰੇ ਫਿਰਕਿਆਂ ਬਾਰੇ ਅਤੇ ਸਾਰੇ ਲੋਕਾ ਲਈ ਸੋਚਣਾ ਚਾਹੀਦਾ ਹੈ । ਸਾਡੀ ਸੋਚ ਸੀਮਤ ਨਹੀਂ ਹੋਣੀ ਚਾਹੀਦੀ। ਇਸ ਵਿਚ ਸਿਖ ਸੰਗਤਾਂ ਦਾ ਇੰਟਰੈਸਟ ਹੈ । ਸਪੀਕਰ ਸਾਹਿਬ, ਸਿਖ ਦੇਸ਼ ਦੇ ਮਜ਼ਬੂਤ ਅੰਗ ਹਨ । ਸਿਖ ਬੜੇ ਬਹਾਦਰ ਲੋਕ ਹਨ । ਜਿਹੜਾ ਸਾਡਾ ਧਰਮ ਹੈ, ਉਹ ਇੱਕ ਸੈਕੂਲਰ ਧਰਮ ਹੈ । ਪਹਿਲਾਂ ਅਕਾਲੀ ਪਾਰਟੀ ਹਿੰਦੁਸਤਾਨ ਵਿਚ ਕਾਂਗਰਸ ਦਾ ਸਾਥ ਦਿੰਦੀ ਰਹੀ ਹੈ । ਇਹ ਸਾਥੋਂ ਅਲਹਿਦਾ ਕਿਉਂ ਬੈਠੇ ਹਨ, ਸਾਨੂੰ ਸਮਝ ਨਹੀਂ ਆਉਂਦੀ । ਸਰਦਾਰ ਕਰਤਾਰ ਸਿੰਘ ਟੱਕਰ ਸਾਹਿਬ ਜੋ ਕਿ ਹਰਿਆਣਾ, ਅਕਾਲੀ ਦਲ (ਲੌਂਗੋਵਾਲ) ਦੇ ਜਨਰਲ ਸਕੱਤਰ ਹਨ, ਦਾ ਅੱਜ ਅਖਬਾਰ ਵਿਚ ਬਿਆਨ ਆਇਆ ਹੈਕਿ 99% ਸਿਖਾਂ ਦੀ ਪਾਪੂਲੇਸ਼ਨ ਕਾਂਗਰਸ ਦੇ ਨਾਲ ਸਮਝੌਤਾ ਕਰਨ ਦੇ ਹੱਕ ਵਿਚ ਹੈ । ਇਨ੍ਹਾਂ ਨੂੰ ਮੇਨ ਸਟਰੀਮ ਵਿਚ ਆਉਣਾ ਚਾਹੀਦਾ ਹੈ । ਬਰਨਾਲਾ ਸਾਹਿਬ ਕਹਿੰਦੇ ਹਨ ਕਿ ਸਿੱਖਾਂ ਨਾਲ ਧਰੋਹ ਹੋ ਰਿਹਾ ਹੈ । ਇਹ ਸੈਲਫ ਕੰਟਰਾਡਿਕਟਰੀ ਸਟੇਟਮੈਂਟ ਹੈ। ਇਸ ਕਿਸਮ ਦੀ ਇਨ੍ਹਾਂ ਨੂੰ ਅਪਰਚੁਨਿਸਟ ਪਾਲਿਸੀ ਅਡਾਪਟ ਨਹੀਂ ਕਰਨੀ ਚਾਹੀਦੀ । ਸਿਖਾਂ ਦੀ ਸ਼ਕਤੀ ਇਸ ਨਾਲ ਅਜਾਈਂ ਜਾ ਰਹੀ ਹੈ। ਸਪੀਕਰ ਸਾਹਿਬ, ਮੈਂ ਅਰਜ ਕਰਨੀ ਚਾਹੁੰਦਾ ਹਾਂ ਕਿ 1980 ਵਿਚ ਜਦੋਂ ਅਕਾਲੀ ਪਾਰਟੀ ਵਲੋਂ 45 ਮੰਗਾਂ ਦਾ ਚਾਰਟਰ ਪੇਸ਼ ਕੀਤਾ ਗਿਆ ਹੈ, ਜਦੋਂ ਉਨ੍ਹਾਂ ਦੀ ਹਕੂਮਤ ਸੀ ਤਾਂ ਉਸ ਵੇਲੇ ਇਹ ਮੰਗਾਂ ਅਕਾਲੀ ਵੀਰਾਂ ਨੇ ਅਲਮਾਰੀ ਵਿਚ ਬੰਦ ਕਿਉਂ ਰਖੀਆਂ ? ਉਸ ਵੇਲੇ ਸ਼੍ਰੀ ਮੁਰਾਰ ਜੀ ਡਿਸਾਈ ਕੋਲੋਂ ਇਹ ਇੱਕ ਵੀ ਮੰਗ ਨਹੀਂ ਸੀ ਮੰਨਵਾ ਸਕੇ । ਸਪੀਕਰ ਸਾਹਿਬ, ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਬੜੀਆਂ ਕੁਰਬਾਨੀਆਂ ਕੀਤੀਆਂ ਹਨ । ਸਿੱਖ ਸੰਗਤਾ

Original with;
Punjab Vidhan Sabha
Digitized by;
Panjab Digital Library

ਨੂੰ ਇਹ ਗੁੰਮਰਾਹ ਕਰ ਰਹੇ ਹਨ । ਧਰਮ ਅੱਰ ਰਾਜਨੀਤੀ ਨੂੰ ਆਪਣੇ ਇੰਟਰੈਸਟ ਮੁਤਾਬਿਕ ਕਦੇ ਅਲੱਗ ਅਲੱਗ ਕਰ ਲੈਂਦੇ ਹਨ ਅਤੇ ਕਦੇ ਇਕੱਠੇ ਕਰ ਲੈਂਦੇ ਹਨ । 1971 ਵਿਚ ਸਵਰਗ ਵਾਸੀ ਜੱਥੇਦਾਰ ਸੰਤੋਖ ਸਿੰਘ ਨੂੰ ਪਹਿਲਾਂ ਕਹਿੰਦੇ ਸਨ ਕਿ ਪ੍ਰਧਾਨਗੀ ਤੋਂ ਕਿਉਂ ਹਟਾਇਆ ਗਿਆ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਉਦੋਂ ਉਨ੍ਹਾਂ ਨੇ ਆਲ ਵਰਲਡ ਪੰਥਕ ਕਨਵੈਨਸ਼ਨ ਕਰਕੇ ਉਦੋਂ ਜੱਥੇਦਾਰ ਸੰਤੋਖ ਸਿੰਘ ਇਨ੍ਹਾਂ ਦੇ ਨਾਲ ਸਨ, ਮੋਰਚਾ ਲਾ ਦਿੱਤਾ । ਹੁਣ ਇਨ੍ਹਾਂ ਤੋਂ ਵੱਖਰੇ ਹੋ ਕੇ ਜਦੋਂ ਜਥੇਦਾਰ ਸੰਤੋਖ ਸਿੰਘ 1981 ਵਿਚ ਪ੍ਰਧਾਨ ਬਣ ਗਏ ਤਾਂ ਫਿਰ ਅਕਾਲੀ ਭਰਾ ਕਹਿਣ ਲਗੇ ਕਿ ਜਥੇਦਾਰ ਸੰਤੋਖ ਸਿੰਘ ਨੂੰ ਦਿੱਲੀ ਦਾ ਪ੍ਰਧਾਨ ਕਿਉਂ ਬਣਾ ਦਿੱਤਾ ਗਿਆ ਹੈ ? ਅਤੇ ਫਿਰ ਮੋਰਚੇ ਦਾ ਬਿਗਲ ਵਜਾ ਦਿਤਾ । ਇਸ ਤਰ੍ਹਾਂ ਅਕਾਲੀ ਪਾਰਟੀ ਵਾਲੇ ਸਿੱਖਾਂ ਦੀ ਸ਼ਕਤੀ ਜ਼ਾਇਆ ਕਰ ਰਹੇ ਹਨ । ਇਨ੍ਹਾਂ ਵਿਚ ਕੰਟਰਾਡਿਕਸ਼ਨ ਹੈ । ਸਿੱਖ ਧਰਮ ਦਾ ਨਿਸ਼ਾਨ ਖੰਡਾ ਹੈ । ਜੋ ਕਿ ਹਰ ਗੁਰਦੁਆਰਾ ਸਾਹਿਬ ਉਤੇ ਝੁਲਦਾ ਹੈ । ਅਕਾਲੀ ਭਰਾ ਤੱਕੜੀ ਧਰਮ ਦਾ ਨਿਸ਼ਾਨ ਕਹਿ ਕੇ ਵੋਟਾਂ ਲੈਂਦੇ ਹਨ । ਅਕਾਲੀ ਪਾਰਟੀ ਦਾ ਨਿਸ਼ਾਨ ਤੱਕੜੀ ਹੈ । ਅਕਾਲੀ ਪਾਰਟੀ ਵਾਲੇ ਕਿਸੇ ਗੁਰਦੁਆਰਾ ਸਾਹਿਬ ਵਿਚ ਖੰਡੇ ਦਾ ਨਿਸ਼ਾਨ ਉਤਾਰ ਕੇ ਤੱਕੜੀ ਦਾ ਨਿਸ਼ਾਨ ਝੁਲਵਾ ਕੇ ਵਿਖਾਉਂਦੇ ਤਾਂ ਫਿਰ ਦੇਖੋ ਕੀ ਹੁੰਦਾ ਹੈ ? ਸਪੀਕਰ ਸਾਹਿਬ, ਖਾਲਸਾ ਪੰਥ ਇਸ ਨੂੰ ਆਪੋ ਧਾਪ ਬਰਦਾਸ਼ਤ ਨਹੀਂ ਕਰ ਸਕਦਾ । ਜਿਹੜੇ ਰਸਤੇ ਤੇ ਇਹ ਅਕਾਲੀ ਭਰਾ ਚਲ ਰਹੇ ਹਨ, ਉਨ੍ਹਾਂ ਦੇ ਭਿਆਨਕ ਸਿੱਟੇ ਨਿਕਲਣਗੇ । ਇਸ ਨਾਲ ਦੇਸ਼ ਦੇ ਦੋ ਫਾੜ ਹੋ ਸਕਦੇ ਹਨ । ਮੈਂ, ਸਪੀਕਰ ਸਾਹਿਬ, ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਇਨ੍ਹਾਂ ਨੂੰ ਮੇਨ ਸਟਰੀਮ ਵਿਚ ਆਉਣਾ ਚਾਹੀਦਾ ਹੈ । ਪ੍ਰਸਿੱਧ ਸ਼ਾਇਰ ਆਲਮਾ ਇਕਬਾਲ ਨੇ ਠੀਕ ਕਿਹਾ ਹੈ ਕਿ---

"ਨਾ ਸਮਝੋਗੇ ਤੋ ਮਿਟ ਜਾਓਗੇ, ਐ ਹਿੰਦੁਸਤਾਨ ਵਾਲੋ,
ਤੁਮਾਰਾ ਜ਼ਿਕਰ ਤਕ ਨਾ ਹੋਗਾ ਦਾਸਤਾਨੋਂ ਮੇਂ ..

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ ** ** **

ਸ਼੍ਰੀ ਸਪੀਕਰ : ਸਾਰੇ ਮੈਂਬਰ ਸਾਹਿਬਾਨ ਬੈਠ ਜਾਓ । Please sit down ਇਹ ਜੋ ਕੁਝ ਬਗੈਰ ਇਜਾਜ਼ਤ ਤੋਂ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਜਦੋਂ ਮੈਂ ਪਹਿਲਾਂ ਬੋਲਿਆ ਸੀ ਤਾਂ ਉਸ ਦਿਨ ਸਾਡੇ 15 ਮਿੰਟ ਰਹਿੰਦੇ ਸੀ । ਇਸ ਲਈ ਮੈਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ। ਚੇਅਰ ਵੱਲੋਂ ਹੁਕਮ ਹੋਇਆ ਸੀ ਕਿ ਤੁਹਾਨੂੰ ਬੋਲਣ ਲਈ ਵਕਤ ਦਿੱਤਾ ਜਾਵੇਗਾ । ਇਹ ਵਾਇਦਾ ਕਰਨ ਕਰਕੇ ਸਪੀਕਰ ਸਾਹਿਬ, ਮੈਂ ਉਸ ਦਿਨ ਬੈਠ ਗਿਆ ਸੀ ।

Shri Gopal Krishan Chatrath : He was asked to wind up the speech on that day

Mr. Speaker : Rule 101(1) of the Rules of Procedure and Conduct of Business in Punjab Vidhan Sabha (Punjab Legisative Assembly) reads as under :—

"Except in the exercise of a right of reply or as otherwise provided by the Rules. no member shall speak more than once to any motion....."

This is very clear.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਚੇਅਰ ਵੱਲੋਂ ਵਾਇਦਾ ਕੀਤਾ ਗਿਆ ਸੀ, ਬੇਸ਼ਕ ਤੁਸੀਂ ਰਿਕਾਰਡ ਕਢਵਾ ਕੇ ਵੇਖ ਲਵੋ । ਇਸ ਲਈ ਸਪੀਕਰ ਸਾਹਿਬ, ਮੈਨੂੰ ਹੁਣ ਬੋਲਣ ਦੀ ਇਜਾਜ਼ਤ ਦਿੱਤੀ ਜਾਵੇ।

ਸ਼੍ਰੀ ਸਪੀਕਰ : ਤੁਸੀਂ ਪਹਿਲਾਂ ਬੋਲ ਚੁੱਕੇ ਹੋ। ਫਿਰ ਵੀ ਮੈਂ ਐਲਾਨ ਕਰ ਦਵਾਂਗਾ। ਸ਼੍ਰੀ ਯਸ਼ ਜੀ ਤੁਸੀਂ ਬੋਲੋ ।

श्री यश (जालन्धर केन्ट्री) : स्पीकर साहिब, बजट पर कई अटैक किये गए हैं उनमें से एक यह कि पंजाब की आर्थिकता को कोई दिशा नहीं मिलती है। डाईरैक्शन अथवा दिशा का क्या मतलब है ? डाईरैक्शन क्या है ? हमारी आर्थिकता हमें किस ओर ले जा रही है । पंजाब का भविष्य उज्जवल किस तरह बन सकता है ? उज्जवल भविष्य के लिए दो बातें होनी चाहिएं। एक बिजली, दूसरी सड़कें। जहां सड़कें और बिजली होगी वहां तरक्की अपने आप होगी। अकाली पार्टी का राज्य 1977 से लेकर 1980 के शुरू तक रहा है। इन्होंने पंजाब के भविष्य को उज्जवल बनाने की क्या कोशिश की थी ?

यह कांग्रेस पार्टी को क्रैडिट जाता है कि इस बारे में ठीक पग उठाएं। जब कांग्रेस पार्टी पावर में आई है, बिजली की किल्लत दूर करने की कोशिश की जा रही है। स्पीकर साहिब, बिजली न हो तो ट्यूबवैल नहीं चल सकते, कारखाने नहीं चल सकते। खेतों और कारखानों में ही पैदावार होती है। इस का क्रैडिट हमारी गवर्नमैन्ट को जाता है जिस ने बिजली की किल्लत को दूर करने की कोशिश की है। बिजली की किल्लत के बावजूद पंजाब में पैदावार कम नहीं हुई बल्कि ज्यादा हुई है।

पिछले वर्ष बिजली की बहुत किल्लत थी क्योंकि बारिश वक्त पर नहीं हुई थी। यह ख्याल था कि पैदावार में कमी रहेगी। पर धान की पैदावार ज्यादा हुई। इस से साबित होता है कि जैसी दिशा की जरूरत है वह दिशा दी गई। अगले वर्ष का प्लैन 285 करोड़ रुपए का है। 285 करोड़ में से 190 करोड़ बिजली की पैदावार बढ़ाने के लिए रखा गया है। इस से अधिक और क्या दिशा देनी हो सकती है स्पष्ट है कि कांग्रेस सरकार प्रदेश का भविष्य उज्जवल करने के लिए ठोस कदम उठा रही है। जो लोग यह कहना चाहते हैं, इनको रोका नहीं जा सकता। पर जिन लोगों ने इन्हें चुन कर भेजा है वह लोग जरूर महसूस करेंगे कि उन्होंने चुनाव गल्त किया है।

यह सरदार बलवन्त सिंह जी स्वयं फाईनैन्स मिनिस्टर रहे हैं इन्होंने यह गल्त कहा है कि 6 प्रतिशत से 7 प्रतिशत सेल्ज टैक्स बढ़ने से 13 करोड़ रुपये की नहीं 35 करोड़ की आमदन होगी। मालूम होता है कि हिसाब किताब में गल्ती लग गई है । इन्होंने कहा है कि 90 प्रतिशत आमदनी 6 प्रतिशत सेल्ज टैक्स से होती है। मैं बताना चाहता हूं कि बहुत सी चीजों पर 10 प्रतिशत टैक्स लगता है। ज्यादा आमदनी अनाज से होती है। पर इस पर तो सिर्फ 2 प्रतिशत या 3 प्रतिशत टैक्स ही है। सिर्फ जनरल सेल्ज टैक्स 6 प्रतिशत से बढ़ा कर 7 प्रतिशत किया है। मैं टैक्स बढ़ाने के हक में नहीं हूं। मेरी राय

Original with;
Punjab Vidhan Sabha
Digitized by;
Panjab Digital Library

में टैक्स का रेट बनाए बगैर ही काम चल सकता है। मालूम होता है कि सरदार बलवन्त सिंह ने लोगों को कन्फिऊज करने के लिए और उनको मिसलीड करने के लिए यह गल्त आंकड़े पेश किए हैं। अकाली दल किस तरह लोगों को कन्फिऊज कर रहा है। इस बारे में मैं दो तीन मिसालें देना चाहता हूं।

एक ओर तो यह कहते हैं कि यह आनन्दपुर साहब के प्रस्ताव को मानते हैं। लेकिन एक प्रस्ताव को एक अकाली दल मानता है और दूसरे प्रस्ताव को दूसरा अकाली दल मानता है। मैं नाम नहीं लेना चाहता। यह अंग्रेजी अखबार के ऐडीटर हैं। उन्होंने तीसरे अकाली लीडर को बुला कर पूछा कि दो प्रस्ताव हैं; एक प्रस्ताव एक अकाली दल का है और दूसरा प्रस्ताव दूसरे अकाली दल का है। मेहरबानी करके बताएं कि दोनों में से कौन सा प्रस्ताव असली है। तो उन्होंने कहा कि दोनों प्रस्ताव ही नकली हैं। असली प्रस्ताव मेरे पास है। यही फैसला नहीं हो सका कि कौन सा प्रस्ताव असली है और कौन सा नकली ? आनन्दपुर साहब प्रस्ताव की कोई सर्टीफाईड कापी नहीं है। इस की व्याख्या के बारे में हर अकाली अलग अलग बातें करता है। बलवन्त सिंह जी कहते हैं कि हम तो हिन्दुस्तान के विधान के अन्दर ही रहना चाहते हैं पर माली अख्तियार जरूर अधिक मिलने चाहिएं। हम फाईनांशल अटानोमी चाहते हैं। यह कहते हैं हमारे सूबे की अटानोमी पर कोई पाबन्दी न हो। यह शब्द अटानोमी इस्तेमाल करते हैं। यह देश पंजाब चाहते हैं। यह अलग कंट्री चाहते हैं। अगर यह प्रदेश चाहते हैं तो प्रदेश तो इस वक्त है ही। देश में एक कौम हो सकती है दो कौमें नहीं हो सकतीं। हम सब एक हैं और हम सब एक कौम हैं, हम ही देश में रहने वाले हैं। अगर कौम का मतलब जाति है तो यह दलेरी के साथ कहें। परन्तु, यह तो अपने समेत सभी को कन्फिऊज करना चाहते हैं।

ਸਰਦਾਰ ਬਲਵਿੰਦਰ ਸਿੰਘ ਭੁੰਦੜ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

श्री यश : वास्तव में अकालियों को स्वयं पता नहीं कि यह क्या चाहते हैं ? यह नारे लगाते हैं अलग कौम के पर कहते हैं कि हम सब इक्ट्ठे हैं। हिन्दू, मुसलमान और ईसाईयों ने कभी नहीं कहा कि हम अलग अलग कौमें हैं। या तो इनको स्वयं पता नहीं कि यह चाहते क्या हैं या फिर यह सियासी मक्कारी से काम ले रहे हैं (विघ्न)।

Doctor Bhagat Singh: ** ** **

Mr. Speaker : This is no Point of Order. I over rule it.

ਸਰਦਾਰ ਬਲਵਿੰਦਰ ਸਿੰਘ ਭੁੰਦੜ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਿਥੀਪਾਲ ਸਿੰਘ : ਯਸ਼ ਜੀ ਨੂੰ ਬੋਲਣ ਦੇਣਾ ਚਾਹੀਦਾ ਹੈ (ਵਿਘਨ) ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਅਸੀਂ ਗਾਲ੍ਹਾਂ ਨਹੀਂ ਸੁਣ ਸਕਦੇ, ਅਸੀਂ ਕੋਈ ਐਂਨੇ ਕਮਜ਼ੋਰ ਨਹੀਂ ਹਾਂ। ਇਸ ਕੌਮ ਨੇ ਦੁਸ਼ਮਣਾਂ ਦੇ ਦੰਦ ਖੱਟੇ ਕਰ ਦਿੱਤੇ ਹਨ। ਅਸੀਂ ਦੇਸ਼ ਵਾਸਤੇ ਮਰ ਮਿਟਣ ਨੂੰ ਤਿਆਰ ਹਾਂ (ਵਿਘਨ)। ਅਸੀਂ ਇਨ੍ਹਾਂ ਲੋਕਾਂ ਦੀਆਂ ਗਾਲ੍ਹਾਂ ਸੁਣ ਕੇ ਬਰਦਾਸ਼ਤ ਨਹੀਂ ਕਰਾਂਗੇ । ਇਸ ਤਰ੍ਹਾਂ ਨਾਲ ਅਸੀਂ ਹਾਊਸ ਨੂੰ ਚੱਲਣ ਨਹੀਂ ਦਿਆਂਗੇ । ਇਹ ਲਾਈਨ ਤੇ ਆ ਜਾਣ । ਮੈਂ ਕਦੇ ਗਲਤ ਨਹੀਂ ਬੋਲਿਆ ਅੱਗੇ ਨਾ ਬੋਲਾਂਗਾ ਲੇਕਿਨ ਗਾਲ੍ਹਾਂ ਨਹੀਂ ਸੁਣ ਸਕਦਾ । (ਸ਼ੋਰ) (ਵਿਘਨ)

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਗੱਲ ਕਲੀਅਰ ਕਰਨੀ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਬੈਠ ਜਾਓ । Please sit down.

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਇਹ ਗਲਤ ਗੱਲਾਂ ਨਾ ਕਰਨ ।

ਸ਼੍ਰੀ ਸਪੀਕਰ : ਜੱਸੋਵਾਲ ਜੀ ਜਿਸ ਵੇਲੇ ਬੋਲ ਰਹੇ ਸਨ ਤਾਂ ਉਸ ਵੇਲੇ 10 ਪੁਆਇੰਟਸ ਆਫ ਆਰਡਰ ਉਠਾਏ ਗਏ । ਸੋ ਇਸ ਤਰ੍ਹਾਂ ਇੰਟਰਪਟ ਕਰਨਾ ਠੀਕ ਨਹੀਂ ਹੈ । ਤੁਸੀਂ ਬੈਠ ਜਾਓ । I won't allow

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਤੁਸੀਂ ਮੇਰਾ ਪੁਆਇੰਟ ਆਫ ਆਰਡਰ ਤਾਂ ਸੁਣ ਲਵੋ ।

ਸ਼੍ਰੀ ਯਸ਼ : ਤੁਹਾਨੂੰ ਗਲਤ ਫਹਿਮੀ ਹੋ ਗਈ ਹੈ ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ ਉਹ ਰਿਕਾਰਡ ਤੇ ਹੈ। ਜੇ ਇਹ ਉਸ ਤੋਂ ਨਾਂਹ ਕਰ ਦੇਣ ਕਿ ਮੈਂ ਇਹ ਗੱਲ ਨਹੀਂ ਕਹੀ ਤਾਂ ਮੈਂ ਬੈਠ ਜਾਵਾਂਗਾ ।

ਸ਼੍ਰੀ ਸਪੀਕਰ : ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ, ਤੁਸੀਂ ਇਹ ਦੱਸੋ ?

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਹੰਬਲ ਰਿਕੁਐਸਟ ਕਰਦਾ ਹਾਂ । ਮੈਂ ਇਨ੍ਹਾਂ ਦੀ ਜ਼ਾਤ ਦੀ ਗੱਲ ਨਹੀਂ ਕਰਦਾ । ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਵਾਤਾਵਰਨ ਨੂੰ ਹਾਰਮੋਨੀਅਸ (harmonious) ਰਹਿਣ ਦਿਓ । ਇਨ੍ਹਾਂ ਨੇ ਕਿਹਾ ਹੈ ਕਿ ਸਿੱਖਾਂ ਨੇ ਸਿਆਸੀ ਮਕਾਰੀ ਕੀਤੀ ਹੈ । ਸਪੀਕਰ ਸਾਹਿਬ, ਇਹ ਲਫਜ਼ ਇਨ੍ਹਾਂ ਦੇ ਕਟਾਓ । ਇਹ ਲਫਜ਼ ਠੀਕ ਨਹੀਂ ਹਨ । ਉਨ੍ਹਾਂ ਨੇ ਬੜੀ ਗਲਤ ਗੱਲ ਕੀਤੀ ਹੈ । ਮੈਂ ਕਹਿੰਦਾ ਹਾਂ ਕਿ ਅਗਰ ਹਿੰਦੁਸਤਾਨ ਵਿਚ ਕਿਸੇ ਨੇ ਮਕਾਰੀ ਕੀਤੀ ਹੈ ਤਾਂ ਇਨ੍ਹਾਂ ਦੇ ਮਿਲਾਪ ਤੇ ਪਰਤਾਪ ਅਖਬਾਰ ਅਤੇ ਕਾਂਗਰਸੀ ਹਿੰਦੂ ਲੀਡਰਾਂ ਨੇ ਕੀਤੀ ਹੈ ਜਿਸ ਦੇ ਕਾਰਨ ਹਿੰਦੁਸਤਾਨ ਦੀਆਂ ਵੰਡਾਂ ਪਈਆਂ । ਸਪੀਕਰ ਸਾਹਿਬ, ਇਨ੍ਹਾਂ ਨੇ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ ਹਾਲਾਂਕਿ ਸਿੱਖ ਕੌਮ ਨੇ ਹਿੰਦੁਸਤਾਨ ਆਜ਼ਾਦ ਕਰਾਇਆ ਹੈ ।

ਸ਼੍ਰੀ ਸਪੀਕਰ : ਮੈਂ ਆਨਰੇਬਲ ਮੈਂਬਰਜ਼ ਨੂੰ ਅਨੁਰੋਧ ਕਰਦਾ ਹਾਂ ਕਿ ਜੋ ਸਪੀਚ ਹੋ ਰਹੀ ਹੈ ਉਸ ਦੇ ਵਿਚ ਗੱਲ ਸਿਰਫ ਐਨੀ ਹੈ ਕਿ ਪੁਲਿਟੀਕਲ ਐਲੀਮੈਂਟ ਹੈ । ਸਾਡਾ ਹਿੰਦੁਸਤਾਨ ਇਕ ਹੈ। ਇਸ ਵਿਚ ਕਿਸੇ ਵਿਅਕਤੀ ਨੂੰ ਹੱਕ ਨਹੀਂ ਕਿ ਉਹ ਕਿਸੇ ਵਿਅਕਤੀ ਜਾਂ ਕਿਸੇ ਸੰਪਰਦਾਇ ਤੇ

Original with;
Punjab Vidhan Sabha
Digitized by;
Panjab Digital Library

ਅਟੈਕ ਕਰ ਸਕੇ ਸਗੋਂ ਉਹ ਸਾਰਿਆਂ ਦਾ ਮਾਣ ਕਰਦਾ ਹੈ। ਇਹ ਹਿੰਦੁਸਤਾਨ ਦੀ ਪ੍ਰੰਪਰਾ ਹੈ। ਫਰਜ਼ ਕਰੋ ਕੋਈ ਅਕਾਲੀ ਪਾਰਟੀ ਦੀ ਗੱਲ ਕਰਦਾ ਹੈ ਤਾਂ ਉਹ ਸਮੁੱਚੀ ਪਾਰਟੀ ਦੀ ਗੱਲ ਕਰਦਾ ਹੈ। ਸਰਦਾਰ ਦਰਬਾਰਾ ਸਿੰਘ, ਬਾਦਲ ਸਾਹਿਬ ਦੀ ਆਪਣੀ ਆਪਣੀ ਵੱਖ ਵੱਖ ਪੁਲਿਟੀਕਲ ਸੋਚ ਹੈ। ਇਕ ਦੀ ਕਾਂਗਰਸ ਜਥੇਬੰਦੀ ਹੈ ਅਤੇ ਦੂਜੇ ਦੀ ਅਕਾਲੀ ਪਾਰਟੀ ਹੈ। ਇਸ ਲਈ ਜੇ ਕਾਂਗਰਸ ਪਾਰਟੀ ਵਾਲੇ ਅਕਾਲੀ ਪਾਰਟੀ ਨੂੰ ਕ੍ਰਿਟੇਸਾਈਜ਼ ਕਰਦੇ ਹਨ ਤਾਂ ਅਕਾਲੀ ਪਾਰਟੀ ਨੂੰ ਵੀ ਹੱਕ ਹੈ ਕਿ ਉਹ ਕਾਂਗਰਸ ਪਾਰਟੀ ਨੂੰ ਕ੍ਰਿਟੇਸਾਈਜ਼ ਕਰ ਸਕਦੇ ਹਨ। (ਥੰਪਿੰਗ)

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਉਨ੍ਹਾਂ ਨੇ ਸਿੱਖਾਂ ਦੇ ਖਿਲਾਫ ਗੱਲਾਂ ਕੀਤੀਆਂ ਹਨ।

ਸ਼੍ਰੀ ਸਪੀਕਰ : ਮੈਂ ਦੇਖ ਲਵਾਂਗਾ, ਅਗਰ ਕੋਈ ਐਸੀ ਗੱਲ ਹੋਈ ਤਾਂ ਮੈਂ ਐਕਸਪੰਜ ਕਰ ਦਿਆਂਗਾ।

ਡਾਕਟਰ ਭਗਤ ਸਿੰਘ : ਜੇ ਉਹ ਕਹਿ ਦੇਣ ਕਿ ਮੈਂ ਅਕਾਲੀ ਪਾਰਟੀ ਨੂੰ ਕਿਹਾ ਹੈ ਅਤੇ ਸਿੱਖਾਂ ਨੂੰ ਨਹੀਂ ਕਿਹਾ ਤਾਂ ਮੈਂ ਬੈਠਣ ਨੂੰ ਤਿਆਰ ਹਾਂ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਕਿਹਾ ਹੈ ਕਿ ਮੈਂ ਦੇਖ ਲਵਾਂਗਾ। (ਵਿਘਨ) ਡਾਕਟਰ ਸਾਹਿਬ, ਮੈਂ ਕਿਹਾ ਹੈ ਕਿ ਮੈਂ ਦੇਖ ਲਵਾਂਗਾ। ਅਗਰ ਕੋਈ ਐਸੀ ਗੱਲ ਹੋਈ ਤਾਂ ਮੈਂ ਉਹ ਐਕਸਪੰਜ ਕਰ ਦਿਆਂਗਾ।

ਡਾਕਟਰ ਭਗਤ ਸਿੰਘ : ਜੇ ਉਹ ਕਹਿ ਦੇਣ ਕਿ ਮੈਂ ਇਹ ਨਹੀਂ ਕਿਹਾ ਤਾਂ ਗੱਲ ਖਤਮ ਹੋ ਜਾਂਦੀ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ** ** **

ਸ਼੍ਰੀ ਰਾਮ ਲਾਲ ਚਿੱਟੀ : ਤੁਸੀਂ ਯਸ਼ ਜੀ ਨੂੰ ਤਾਂ ਸੁਣ ਲਵੋ, ਕਿਉਂ ਟਾਈਮ ਜ਼ਾਇਆ ਕਰ ਰਹੇ ਹੋ ?

ਸਰਦਾਰ ਬਲਵਿੰਦਰ ਸਿਘ ਭੁੰਦੜ : ** ** **

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਤੁਸੀਂ ਯਸ਼ ਜੀ ਨੂੰ ਤਾਂ ਸੁਣ ਲਵੋ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ** ** **

Mr. Speaker : This is no Point of Order.

श्री यश : स्पीकर साहिब, मैं आपका बड़ा मशकूर हूं कि आप ने इनकी गलत फहमी दूर कर दी है। मैंने सिखों के बारे में कुछ नहीं कहा, मैंने तो अकाली पार्टी के बारे में कहा था।

** Expunged as ordered by the chair.

Original with;
Punjab Vidhan Sabha
Digitized by;
Panjab Digital Library

[श्री यश]

प्राय: अकाली पार्टी वाले तो पक्के सिख भी नहीं हैं। ज्यादातर नकली सिख हैं। मैं अकाली पार्टी वालों के बारे में कहना चाहता हूं :--

हम आह भी भरते हैं
तो हो जाते हैं बदनाम ।

वोह कत्ल भी करते हैं
तो चर्चा नहीं होता ।

अकाली पार्टी केवल सियासी मक्कारी से ही काम नहीं करती अपितु यह बेहद बुज़दिल और कायर भी है। यह कहती कुछ और है और करती कुछ और है और इनके मन में कुछ और होता है। जब श्रीमती इन्दिरा गांधी से मिलते हैं तो कुछ और कहते हैं, मगर गुरुद्वारे में कुछ और ही बोली बोलते हैं। यह लुधियाना के चौक में कुछ और कहते हैं और दहेड़ू में कुछ और कहते हैं। यह स्वयं कान्फिऊज़ड हैं और दूसरों को भी कन्फिऊज़ करना चाहते हैं। अगर यह थोड़े से भी ईमानदार हों तो इन्हें स्यासी तौर पर से रिटायर हो जाना चाहिए। अकाली पार्टी एक बुज़दिल पार्टी है। अगर कोई कसूर करता है, जुल्म करता है तो उस को यह कसूरबार नहीं कहते। उन्हों में ऐसा करने की जुरत नहीं है। पंजाब में एक्सट्रीमिस्टस ने जो कुछ किया उसकी अकाली दल वालों ने निन्दा नहीं की। बुज़दिली देख कर यह उनकी हिमायत भी नहीं करते । यह कहते हैं कि जब उन पर मुक्कदमें चलेंगे, तो हम उनको डीफैंड करेंगे, हम उनके केस लड़ेंगे। केस कौन लड़ता है? केस या तो किसी के रिश्तेदार लड़ते हैं या उस के हमायती ही लड़ते हैं। इस लिए मैं कहना चाहता हूं कि यह एक कायर पार्टी है, यह बुज़दिल पार्टी है। जिन्होंने कत्ल किये हैं, यह कहते हैं कि हम उनके केस पलीड करेंगे ।

अमृतधारी का क्या मतलब है? अमृतधारी का मतलब है कि वह गुनाह न करे, पाप न करे । जो गुनाह नहीं करता, पाप नहीं करता वही अमृतधारी है।

ڈاکٹر بھگت سنگھ : سپیکر صاحب، یہ غلط بیانی کر رہے ہیں۔ ایک عاریہ سماجی اس کے بارے کیا کہہ سکتا ہے۔

श्री यश : तो, स्पीकर साहिब, मैं अर्ज़ कर रहा था कि जहां तक एक्सट्रीमिस्टस का सम्बन्ध है उस के बारे में अकाली दल ने कोई स्पष्ट स्टैन्ड नहीं लिया। दहेड़ू में कत्ल हुआ तो वहां इन्होंने कानफ्रैन्स कर ली। नरूड़ पाशटा में कत्ल हुआ तो वहां इन्होंने कानफ्रैन्स रख ली। जहां कहीं एक्सट्रीमिस्टस कत्ल करते हैं वहीं यह अपना दीवान सजा लेते हैं ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਇਹ ਗਲਤ ਬਿਆਨੀ ਕਰ ਰਹੇ ਹਨ, ਇਨ੍ਹਾਂ ਨੂੰ ਲੋਕੋ ਉਥੇ ਕਿਹੜਾ ਕਤਲ ਹੋਇਆ ਸੀ ?

Original with;
Punjab Vidhan Sabha
Digitized by;
Panjab Digital Library

ਡਾਕਟਰ ਭਗਤ ਸਿਘ : ਚੀਫ ਮਨਿਸਟਰ ਸਾਹਿਬ ਦੀ ਉਥੇ ਪੱਗ ਲੱਥੀ ਸੀ ਹੋਰ ਤਾਂ ਕੁਝ ਨਹੀਂ ਸੀ ਹੋਇਆ।'

श्री यश : महिन्द्रपाल का कत्ल हुआ था। इन को शायद इस बात का पता नहीं। जिस आदमी पर कत्ल करने का इलज़ाम लगा है वह वहीं का है। यह गुस्से में आ जाते हैं। मैंने तो कोई गलत बात नहीं की। अकाली दल वाले साफ तौर पर अपना कोई स्टैंड्र लें।

ਡਾਕਟਰ ਭਗਤ ਸਿੰਘ : ਤੁਸੀਂ ਫਿਰ ਮਦਦ ਕਰੋਗੇ।

ਸ਼੍ਰੀ ਯਸ਼ : ਮੈਂ ਤੁਹਾਨੂੰ ਕਾਂਗਰਸ ਦਾ ਮੈਂਬਰ ਬਣਾਇਆ ਸੀ, ਤੁਸੀਂ ਅਕਾਲੀ ਦੱਲ ਵਿਚ ਚਲੇ ਗਏ। ਮੈਂ ਤੁਹਾਡੀ ਕੀ ਮਦਦ ਕਰਾਂ।

ਡਾਕਟਰ ਭਗਤ ਸਿੰਘ : ਤੁਸੀਂ ਗਲਤ ਗੱਲ ਫਿਰ ਕਹਿ ਰਹੇ ਹੋ।

श्री यश : स्पीकर साहिब, अकाली नेताओं ने कुछ अलग अलग जगह पर अलग अलग स्टेटमैंटस दीं। मेरे पास कुछ कोटेशनज हैं जो मैं आप को बताना चाहता हूं मेरे पास कुछ कटिंगज़ हैं जिस से पता चलता है कि उन्होंने अपनी स्पीचिज़ में एक्सट्रीमिस्टस की मदद करने का ऐलान किया। कुछ लोगों पर कत्ल करने का इलजाम है, अकालियों ने इन की मदद करने का ऐलान किया है। कोई और उनकी मदद करने के लिये तैयार नहीं। संत लौंगोवाल ने यह भी कहा कि हम "किलर गैंग" की भी मदद करेंगे। स्पीकर साहिब, मुलजिम और मुजरिम में फर्क है। मुलजिम पर इलजाम लगता है लेकिन मुजरिम पर जुर्म साबित हो चुका होता है। इन्होंने "किलर गैंग" की मदद करने के लिये कहा। यह सारी कटिंगज पढ़ कर मैं हाऊस का अधिक समय नहीं लेना चाहता। वक्त थोड़ा है, इस लिये इन को मैं हाऊस की ठेबल पर रखता हूं, आप इन्हें मेरे भाषण में शामिल करने की इजाज़त देने की कृपा करें।

Mr. Speaker : Not allowed.

श्री यश : स्पीकर साहिब, सरकार ने बहुत अच्छा किया है कि बजट में बिजली के लिये काफी पैसा रखा है। बिजली की हमारे जहां बहुत कमी है। बिजली पूरी न होने की वजह से हमें बहुत नुक्सान होता है। आज हमें बिजली की बहुत जरूरत है। बिजली की खेतों के लिये, इंडस्ट्री के लिये, व्यापार के लिये और हर एक काम के लिये जरूरत है। बिजली के बगैर हमारा आज के जमाने में गुजारा ही नहीं है। इस लिये सरकार ने यह बहुत अच्छा किया है कि बिजली की उपज बढ़ाने के लिये बजट में भारी रकम रखी है। इस के लिये मैं इन को मुबारिकबाद देता हूं। लेकिन एक बात कहना चाहता हूं कि इतना रुपया खर्च करने के बाद भी हमें बिजली बोर्ड में घाटा है। बिजली के इतने रेट ज्यादा कर दिये हैं फिर भी घाटा पूरा नहीं होता। इतने बड़े बड़े हमारे काबिल इंजीनियरज़ हैं, जिन को यह काम सौंपा गया है लेकिन फिर भी घाटा पूरा नहीं होता और न ही हम बिजली की कमी पूरी कर पाये हैं। जाहिर है सारे ढांचे में कोई बुनियादी खराबी होगी। हमें इस बात पर ध्यान देना चाहिए। हमारे पास डैम हैं, थर्मल प्लांटस और प्रोजैक्टस हैं जिन से हमें इतनी बिजली मिलती है और हम आगे के लिये और काम कर भी रहे हैं, फिर भी हर

Original with;
Punjab Vidhan Sabha
Digitized by;
Panjab Digital Library

[श्री यश]

साल बिजली में कटौती बढ़ती जाती है। स्पीकर साहिब, अकेली बम्बई में जितनी बिजली की खपत होती है उतनी सारे पंजाब में नहीं होती। वहां एक ही थर्मल प्लांट से सारी बिजली पैदा होती है लेकिन वहां बिजली में कोई कटौती नहीं होती। इस की क्या वजह है? सरकार इतना पैसा इस के लिये खर्च करती है तो लोगों को यह पूरी बिजली क्यों नहीं मिलती? यह बड़ा बुनियादी स्वाल है जिस के बारे में हमें सोचना चाहिए।

स्पीकर साहिब, फिर बिजली का ही सवाल नहीं, ट्रांसपोर्ट का भी यही हाल है। हमारे वित्त मंत्री जी ने कहा था कि 43 प्रतिशत किराया बढ़ाने से 10–12 करोड़ की आमदनी हो जायेगी। इतना किराया बढ़ाने के बावजूद भी 10 करोड़ रुपये का घाटा बताया गया है। यह इतना घाटा क्यों है? क्या हमारी बसें खाली जाती हैं? ऐसा भी नहीं है। हम अकसर देखते हैं कि लोग बसों के ऊपर चढ़ कर बैठे हुए होते हैं। तो भी हमें ट्रांसपोर्ट में इतना घाटा क्यों होता है? एक स्वाल के जवाब में वित्त मन्त्री जी ने बताया था कि 25 हजार रुपया फी बस जो टोकन टैक्स का बनता है वह रोडवेज़ ने जमा नहीं करवाया। स्पीकर साहिब, 3,400 बसें पंजाब रोड़वेज़ और पैप्सू रोडवेज़ की चलती हैं तो इस हिसाब से $7\frac{1}{2}$ करोड़ रुपया टोकन टैक्स का बनता है जो पंजाब सरकार के पास नहीं आया। $7\frac{1}{2}$ करोड़ रुपया यह और 10 करोड़ रुपये का घाटा टोटल $17\frac{1}{2}$ करोड़ रुपये का घाटा पड़ा है। इतने घाटे के बावजूद अगर हम तसल्लीबखश सर्विस दे सकते तो भी कोई बात थी, लेकिन ऐसा नहीं है। आप भी जानते हैं कि बसें रास्ते में खराब हो जाती हैं, वक्त पे नहीं पहुंचतीं। मैं एक बस में जा रहा था, रास्ते में बस खराब हो गई। कहने लगे बस खराब हो गई है। मैंने कहा बस नहीं सवारियां खराब हो गई हैं।

Mr. Speaker : Please wind up now.

श्री यश : हमें इस बात का पता करना चाहिए कि नुक्स कहां है। ऐसा क्यों होता है?

स्पीकर साहिब, डेयरी डिवेलपमैन्ट का विभाग है। बेरका दूध, घी बेचा जाता है। बड़ी अजीब सी बात है कि प्राईवेट फर्में 28 रुपये किलो के हिसाब से घी बेचती हैं मगर बेरका का घी 36 रुपये या 38 रुपये किलो मिलता है। कहा यह जाता है कि क्वालिटी अच्छी है। हमीरा में एक प्राईवेट फर्म है वह 30 रुपये किलो घी बेचती है और इस बात को सभी मानते हैं कि वह घी बहुत अच्छा है। इस लिये मैं यह कहना चाहता हूं कि हमें बुनयादी तौर पर देखना चाहिए कि नुक्स कहां है?

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਪੰਜਾਬੀ ਵਿੱਚ ਬੋਲਣ। ਇਨ੍ਹਾਂ ਦੇ ਹੰਸ ਰਾਜ ਸ਼ਰਮਾ ਜੀ ਨੇ ਕਿਹਾ ਹੈ ਕਿ ਅਸੀਂ ਪੰਜਾਬ ਦੇ ਰਹਿਣ ਵਾਲੇ ਹਾਂ। ਜੇ ਇਹ ਪੰਜਾਬ ਦੇ ਰਹਿਣ ਵਾਲੇ ਹਨ ਤਾਂ ਪੰਜਾਬੀ ਵਿਚ ਬੋਲਣ। ਸਪੀਕਰ ਸਾਹਿਬ, ਕੀ ਇਨ੍ਹਾਂ ਨੂੰ ਪੰਜਾਬੀ ਨਹੀਂ ਆਉਂਦੀ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤਿੰਨਾਂ ਲੈਂਗੂਏਜਿਜ਼ ਵਿਚੋਂ ਜਿਸ ਲੈਂਗੂਏਜ ਵਿਚ ਮਰਜ਼ੀ ਆਏ ਕੋਈ ਬੋਲੇ, ਕੋਈ ਇਤਰਾਜ਼ ਵਾਲੀ ਗੱਲ ਨਹੀਂ ।

ਸ਼੍ਰੀ ਯਸ਼ : ਜਿਸ ਵੇਲੇ ਇਹ ਅੰਗਰੇਜ਼ੀ ਬੋਲਦੇ ਹਨ ਅਸੀਂ ਕਦੇ ਇਤਰਾਜ਼ ਨਹੀਂ ਕੀਤਾ। ਕੀ ਅੰਗਰੇਜ਼ੀ ਇਨ੍ਹਾਂ ਦੀ ਮਾਂ ਲਗਦੀ ਹੈ ?

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਦੱਸ ਦੇਣ, ਕੀ ਇਨ੍ਹਾਂ ਨੂੰ ਪੰਜਾਬੀ ਨਹੀਂ ਆਉਂਦੀ ?

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਜਿਹੜੀ ਯਸ਼ ਜੀ ਨੇ ਗੱਲ ਕੀਤੀ ਹੈ ਕਿ ਅੰਗਰੇਜ਼ੀ ਇਨ੍ਹਾਂ ਦੀ ਮਾਂ ਲਗਦੀ ਹੈ ਕੀ ਇਹ ਠੀਕ ਹੈ ?

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਕੀ ਪੰਜਾਬੀ ਇਨ੍ਹਾਂ ਦੀ ਸੁਤੇਲੀ ਮਾਂ ਹੈ ?

ਸ਼੍ਰੀ ਯਸ਼ : ਇਨ੍ਹਾਂ ਦੀ ਸੁਤੇਲੀ ਮਾਂ ਹੋਵੇਗੀ । ਇਨ੍ਹਾਂ ਦੀਆਂ ਦੋ ਦੋ ਬੀਵੀਆਂ ਹਨ, ਦੋ ਦੋ ਮਾਵਾਂ ਵੀ ਤਾਂ ਹੋ ਸਕਦੀਆਂ ਹਨ ।

बड़ी खुशी की बात है कि लोकल बाडीज़ का विभाग हमारे पुराने, फ्रीडम फाईटर श्री सरदारी लाल कपूर के पास है। इस विभाग में कुछ ऐसी बातें हो रही हैं जिनको दूर करना जरूरी है । तीन, चार बातों का मैं जिक्र करूंगा । एक तो सीवरेज का है जब अकालियों का राज्य था, जैसे यह हर बात को कन्फिऊज कर देते हैं, उस तरह यहां भी कर दिया कि जितना पानी का बिल आएगा, उतना सीवरेज का बिल लगा दिया जाए । इनको पता ही नहीं कि पानी तो सप्लाई किया जाता है और सीवरेज में डिसपोज़ल होती है। सप्लाई पर खर्च आता है और डिस्पोज़ल पर कोई खर्च नहीं । पता नहीं किस तरह कर गये । जिन कमेटियों में या कार्पोरेशन में सीवरेज था उन्होंने इसी हिसाब से चार्ज करना शुरू कर दिया। लोगों में बहुत रीजैन्टमैन्ट है । कांग्रेस पार्टी ने यह वायदा किया था कि अगर हम सत्ता में आ गये तो इन गलत फैसलों को बदल दिया जायेगा । और यह फैसला तो है ही गलत । अगर कोई अपना ट्यूबवैल लगा देता है या हैंड पम्प लगाता है उसका कोई पानी का बिल नहीं आएगा। इसी तरह हाऊस टैक्स का सवाल है। अकाली पार्टी ने गल्त फैसला किया । कांग्रेस गवर्नमैंट ने यह तय किया था कि सैल्फ अकूपाईड मकान पर किसी खास हद तक कोई टैक्स नहीं लगेगा। अगर उसमें से कोई कमरा किराये पर दिया हो तो उस किराये वाले कमरे पर ही हाऊस टैक्स लगेगा । अकाली-जनता सरकार ने फैसला कर दिया कि अगर कोई एक कमरा भी किराये पर दे तो सारे मकान पर टैक्स लगाया जाए । इन गलत फैसलों को बदलने के लिए कांग्रेस सरकार बचनबद्ध है। वायदा के मुताबिक लोकल टैक्स 1976 की सतह पर लाया जाए।

अब मैं स्कूलों के बारे में कहना चाहता हूं यह ठीक है कि बहुत स्कूल खुले हैं लेकिन अब भी पूरे नहीं हैं । कालजों में बृद्धि न की जाए तो कोई बात नहीं, वे बहुत हैं । लेकिन

Original with;
Punjab Vidhan Sabha
Digitized by;
Panjab Digital Library

[श्री यश]

मैट्रिक तक तालीम जरुरी है। उसमें हमारा फाईदा है जितने लोग पढ़ लिख जायेंगे वे अकालियों को छोड़ कर हमारे साथ आ मिलेंगे।

एक बात एक्सट्रीमिस्टस के बारे में कहना चाहता हूं और इस सम्बन्ध में मैं कम्यूनिस्ट भाईयों को मुबारकबाद देता हूं कि उन्होंने बड़ा अच्छा फ़िज़ा पैदा करने के लिए बड़ी बड़ी रैलियां की, लोगों के पास भी गये। (तालियां) अकाली दल वाले अगर कांग्रेसियों के खिलाफ हैं तो इनको भी रैलियां करनी चाहिए अगर यह ऐसा नहीं करते और लोग इनकी नीयत पर शक करें तो इनको एतराज़ नहीं करना चाहिए।

धन्यावाद ।

सरदार दिलबाग सिंघ (नवां शहिर): सपीकर साहिब, मैं बजट ते बहुत सारीआं चीज़ां बोलीआं सन लेकिन समां ना होण दे कारन मैं इक दो गलां करांगा। मैं अरज़ करदा हां कि टैकस लगाए बगैर कोई सटेट तरक्की नहीं कर सकदी, टैकस बहुत ज़रुरी हन, भावें इधरलिआं दी सरकार होवे ते भावें उधरलिआं दी। जेकर टैकस नहीं लगणगे तां सटेट दी डिवैलपमैंट नहीं हो सकदी, गरीबां नूं फाइदा नहीं पहुंचाइआ जा सकदा। इस लई टैकस ज़रुरी हन अंर टैकस लाए जाणे चाहीदे हन। लेकिन लगण उतने जिंने बरदाशत हो सकण अंर जिन्हां नाल इंडसटरी ना बैठ जाए। जिस तरां यश जी कहि रहे सन कि असीं टैकस बसां ते ढाई हज़ार रुपए पर महीना लगा दित्ता पर बस। इह रकम ना पंजाब रोडवेज़ वाले दे सकदे हन, ना पैपसू रोड ट्रांसपोरट कारपोरेशन, ना ही सिटी कारपोरेशन अते ना ही प्राईवेट कंपनीआं वाले दे सकदे हन। अरबां रुपए दी इंडसटरी लोकां वासते अते लोकां दे फ़ाइदे वासते होवे, पंजाब दे पेंडू लोकां दी इंडसटरी नूं खतम करन लई उस ते इन्हां टैकसां दा भार पाउणा, जिस नाल उह खतम हो जाए। इथे दे रहिण वाले लोकां नूं सरविस ना मुहैया करना मैं समझदा हां कि इह सरकार दा कोई वधीआ फैसला नहीं। मैं दसणा चाहुंदा हां साडे अंकड़े दसदे हन 1980-81 विच जिहड़े वहीकलज़ ते टैकसिज़, पेसंजर टैकस, गुडज़ टैकस अड़े अदर टैकसिज़ सन उह 63 करोड़ रुपए सन।

11.25 पूरव दुपहिर (इस समें श्री डिपटी सपीकर ने सदन दी कुरसी संभाली ।)

जदों साडी सरकार आई तां इस सरकार ने इस नूं सुधारिआ। इस दे नाल 82 करोड़ 61 लख 69 हज़ार रुपए यानी बाई करोड़ रुपए दे करीब ज़िआदा आए। जिंने वी मैंबर साहिबान, चाहे इधर दे बोले हन चाहे उधर दे हर मैंबर साहिब ने किहा है कि बसां होर चलाओ। जिहड़ी बस चलेगी सवारीआं दे किराइआ दा 35% सरकार नूं देणा है। अगर असीं सरविस नहीं दे सकदे लोक विचारे इंतज़ार करके टरक्कां ते, टांगिआं ते जां टैपूआं ते चले जांदे हन। इस दे नाल सारा साडी सरकार दा नुकसान हुंदा है। अगर तां इक साल विच 22, 23 करोड़ रुपिआ वधिआ है तां पूरी सरविस देण नाल घटों घट 50 करोड़ रुपए वध जावेगा। जिस तरां शराब दे ठेकिआं दा चंगा इंतज़ाम करके इक अरब रुपए तों डेढ अरब रुपिआ आइआ है, इस दा वी सुधार करके इस विच वी बहुत ज़िआदा टैकस आ सकदा है। किसे इंडसटरी नूं खतम करन लई उस ते टैकस ला

Original with;
Punjab Vidhan Sabha
Digitized by;
Panjab Digital Library

ਦੇਣਾ ਜਿਸ ਨਾਲ ਉਹ ਖਤਮ ਹੋ ਜਾਏ, ਕੋਈ ਸਰਕਾਰ ਦਾ ਚੰਗਾ ਫੈਸਲਾ ਨਹੀਂ। ਸੋ ਗਰੀਬ ਲੋਕਾਂ ਨੂੰ ਇਸ ਟੈਕਸ ਤੋਂ ਬਚਾਓ। ਟਰੱਕਾਂ ਤੇ ਗੁਡਜ਼ ਟੈਕਸ ਡੇਢ ਗੁਣਾ ਕਰ ਦਿੱਤਾ ਹੈ । ਠੀਕ ਹੈ, ਮੈਂ ਪਹਿਲਾਂ ਦਸਿਆ ਹੈ ਕਿ ਟੈਕਸ ਲਗਾਉਣਾ ਕੋਈ ਗੁਨਾਹ ਨਹੀਂ, ਲੇਕਿਨ ਟਰੱਕ ਵਾਲਿਆਂ ਦੀ ਬਦਕਿਸਮਤੀ ਹੈ ਕਿ ਪਹਿਲਾਂ ਪੰਜਾਬ ਵਿਚ ਇਹ ਇਕ ਟੈਕਸ ਚਿੰਦੇ ਸਨ ਜਿਸ ਵਿਚ ਹਰਿਆਣਾ, ਚੰਡੀਗੜ੍ਹ ਸ਼ਿਮਲਾ ਆ ਜਾਂਦੇ ਸਨ ਅੱਜ ਉਹ ਇੰਨੇ ਏਰੀਆ ਵਿਚ ਘੁੰਮਦੇ ਸਨ ਪਰ ਅੱਜ ਇਕ ਤੋਂ ਇਹ 4 ਬਣ ਗਏ ਹਨ ਅੱਜ ਇਹ ਚਾਰ ਗੁਣਾ ਟੈਕਸ ਦਿੰਦੇ ਹਨ। ਇਨ੍ਹਾਂ ਅਕਾਲੀਆਂ ਦੀ ਮਿਹਰਬਾਨੀ ਨਾਲ ਪੰਜਾਬ ਦੇ ਗਰੀਬ ਟਰੱਕ ਵਾਲਿਆਂ ਨੂੰ ਇਹ ਚੀਜ਼ ਮਿਲੀ ਹੈ। ਸਾਡੀ ਸਰਕਾਰ ਨੇ ਵੀ ਇਸ ਨੂੰ ਬਗੈਰ ਸੋਚੇ, ਬਗੈਰ ਸਮਝੇ ਇਸ ਟੈਕਸ ਨੂੰ ਡਿਉਢਾ ਕਰ ਦਿੱਤਾ। ਮੁਸ਼ਕਿਲ ਇਸ ਗਲ ਦੀ ਹੈ ਕਿ ਜਿਹੜੀਆਂ ਹੋਰ ਸਟੇਟਾਂ ਹਨ ਉਨ੍ਹਾਂ ਦੇ ਟਰੱਕ ਸਾਡੀ ਸਟੇਟ ਵਿਚ ਘੱਟ ਆਉਂਦੇ ਹਨ ਕਿਉਂਕਿ ਸਾਡਾ ਬਾਰਡਰ ਪਾਕਿਸਤਾਨ ਨਾਲ ਲਗਦਾ ਹੈ। ਜਦੋਂ ਸਾਡੇ ਟੈਕਸ ਲਗਦਾ ਹੈ ਉਹ ਤਾਂ ਅਸੀਂ ਦਿੰਦੇ ਹੀ ਹਾਂ ਪਰ ਨਾਲ ਦੀ ਸਟੇਟ ਦੇ ਟੈਕਸ ਵੀ ਅਸੀਂ ਦਿੰਦੇ ਹਾਂ ਤਦੇ ਅਸੀਂ ਬੰਬਈ ਕਲਕੱਤੇ ਵਗੈਰਾ ਜਾ ਸਕਦੇ ਹਾਂ, ਨਹੀਂ ਤਾਂ ਸਾਡਾ ਇਧਰ ਕੰਮ ਨਹੀਂ ਚਲਦਾ ਸਾਨੂੰ ਉਧਰ ਜਾਣਾ ਤਾਂ ਪੈਂਦਾ ਹੈ ਕਿਉਂਕਿ ਸਾਡੇ ਇਧਰ ਬਹੁਤੀ ਇੰਡਸਟਰੀ ਨਹੀਂ। ਅਸੀਂ ਦਿੱਲੀ ਅੰਰ ਬੰਬਈ ਵਗੈਰਾ ਸ਼ਹਿਰਾਂ ਨੂੰ ਆਪਣੇ ਟਰੱਕ ਭੇਜਦੇ ਹਾਂ, ਉਨ੍ਹਾਂ ਬਗੈਰ ਸਾਡਾ ਕੰਮ ਨਹੀਂ ਚਲ ਸਕਦਾ। 6 ਸਟੇਟਾਂ ਦਾ ਇਕ ਫਰੀ ਜ਼ੋਨ ਹੈ। ਇਨ੍ਹਾਂ ਵਿਚੋਂ ਇਕ ਸਟੇਟ ਹੈ ਜਿਨ੍ਹਾਂ ਦਾ 30, 35 ਰੁਪਏ ਟੈਕਸ ਸਾਡੇ ਨਾਲੋਂ ਜ਼ਿਆਦਾ ਹੈ ਬਾਕੀਆਂ ਵਿਚ ਘੱਟ ਹੈ। ਪੰਜਾਬ ਵਿਚ 262 ਰੁਪਏ 50 ਪੈਸੇ ਦਿੰਦੇ ਹਨ ਜਿਹੜਾ ਡਿਉਢਾ ਕੀਤਾ ਹੈ, ਹਰਿਆਣਾ ਵਿਚ 375 ਰੁਪਏ ਦਿੰਦੇ ਹਨ, ਹਿਮਾਚਲ ਪ੍ਰਦੇਸ਼ ਵਿਚ ਸਾਡੇ ਜਿੰਨਾ ਹੈ, ਦਿਲੀ ਵਿਚ ਕੋਈ ਟੈਕਸ ਨਹੀਂ ਜਿਨ੍ਹਾਂ ਦੇ ਨਾਲ ਅਸੀਂ ਮੁਕਾਬਲੇ ਤੇ ਚਲਦੇ ਹਾਂ, ਚੰਡੀਗੜ੍ਹ ਵਿਚ 100 ਰੁਪਿਆ ਹੈ, ਜੇ ਐਂਡ ਕੇ ਵਿਚ ਕੋਈ ਟੈਕਸ ਨਹੀਂ। ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਇਨ੍ਹਾਂ 6 ਸਟੇਟਾਂ ਦਾ ਇਕੋ ਜੋਨ ਹੈ ਜਿਸ ਵਿਚ ਸਾਡੇ ਟਰੱਕ ਉਨ੍ਹਾਂ ਵਲ ਜਾ ਸਕਦੇ ਹਨ ਅਤੇ ਉਨ੍ਹਾਂ ਦੇ ਸਾਡੇ ਵਲ ਆ ਸਕਦੇ ਹਨ ਤਾਂ ਸਾਨੂੰ ਤਾਂ ਟੈਕਸ ਦੇਣਾ ਪਵੇਗਾ ਪਰ ਉਨ੍ਹਾਂ ਦਾ ਗੁਜ਼ਾਰਾ ਹੋ ਸਕਦਾ ਹੈ। ਹਰਿਆਣਾ ਵਾਲੇ ਦਾ ਗੁਜ਼ਾਰਾ ਹੋ ਸਕਦਾ ਹੈ ਕਿਉਂਕਿ ਉਨ੍ਹਾਂ ਨੇ ਦਿੱਲੀ ਚਲੇ ਜਾਣਾ ਹੈ ਅੰਰ ਦਿੱਲੀ ਕੋਈ ਟੈਕਸ ਨਹੀਂ ਲੇਕਿਨ ਜਿਹੜਾ ਅੰਮ੍ਰਿਤਸਰ ਦਾ ਟਰੱਕ ਹੈ, ਇਸ ਨੇ ਅਗਰ ਦਿੱਲੀ ਜਾਣਾ ਹੈ, ਤਾਂ ਇਸ ਨੂੰ ਹਰਿਆਣਾ ਦਾ ਟੈਕਸ ਦੇਣਾ ਪਏਗਾ, ਚੰਡੀਗੜ੍ਹ ਦਾ ਟੈਕਸ ਦੇਣਾ ਪਏਗਾ ਅਤੇ ਦਿੱਲੀ ਦਾ ਟੈਕਸ ਦੇਣਾ ਪਏਗਾ ਤਾਂ ਜਾ ਕੇ ਉਥੇ ਪਹੁੰਚ ਸਕੇਗਾ। ਇਸ ਦੇ ਨਾਲ ਹੀ ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਸਾਡਾ ਜਿਹੜਾ ਪੰਜਾਬ ਦਾ ਏਰੀਆ ਹੈ ਇਸ ਨਾਲੋਂ ਹਰਿਆਣਾ ਥੋੜ੍ਹਾ ਜਿਹਾ ਛੋਟਾ ਹੈ, ਬਾਕੀ ਜਿੰਨੇ ਸੂਬੇ ਹਨ ਉਹ ਇਸ ਤੋਂ ਵੱਡੇ ਹਨ। ਯੂ. ਪੀ. ਦਾ ਏਰੀਆ ਇਸ ਤੋਂ ਛੇ ਗੁਣਾ ਵੱਧ ਹੈ, ਮੱਧ ਪ੍ਰਦੇਸ਼ ਦਾ ਇਸ ਤੋਂ 8½ ਗੁਣਾ ਵੱਧ ਹੈ। ਜੰਮੂ ਐਂਡ ਕਸ਼ਮੀਰ ਦਾ ਇਸ ਤੋਂ ਸਾਢੇ ਚਾਰ ਗੁਣਾ ਵੱਧ ਹੈ, ਜਿਥੇ ਕਿ ਕੋਈ ਟੈਕਸ ਨਹੀਂ। ਹਿਮਾਚਲ ਪ੍ਰਦੇਸ਼ ਦਾ ਇਸ ਤੋਂ 1/1/10 ਗੁਣਾ ਵੱਧ ਹੈ ਪਰ ਉਸ ਦੇ ਟੈਕਸ ਸਾਡੇ ਨਾਲੋਂ ਜ਼ਿਆਦਾ ਨਹੀਂ। ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਉਤੇ ਥੋੜ੍ਹਾ ਜਿਹਾ ਠੰਢੇ ਦਿਲ ਨਾਲ ਗੌਰ ਕਰਨ ਅਤੇ ਇਕ ਸਟੇਟ ਦੀਆਂ ਚਾਰ ਸਟੇਟਾਂ ਬਣਾ ਕੇ ਜਿਹੜੀ ਮੁਸੀਬਤ ਸਾਡੇ ਗਲ ਅਕਾਲੀ ਪਾ ਗਏ ਹਨ ਇਸ ਨੂੰ ਹੋਰ ਨਾ ਵਧਾਇਆ ਜਾਵੇ। ਗਰੀਬ ਲੋਕਾਂ ਨੂੰ ਇਸ ਟੈਕਸ ਤੋਂ ਬਚਾਓ ਅਤੇ ਇਹ ਟੈਕਸ ਵਾਪਸ ਲਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਐਡੀ ਵੱਡੀ ਇੰਡਸਟਰੀ ਹੈ। ਸਾਡੇ ਸੂਬੇ ਵਿੱਚ 25,000 ਟਰੱਕ ਹਨ । ਸਾਰੇ ਹਿੰਦੁਸਤਾਨ ਦੇ ਸੂਬਿਆਂ ਦਾ ਏਰੀਆ ਗਿਣਿਆ ਜਾਵੇ, ਬਿਜ਼ਨੈਸ ਗਿਣਿਆ ਜਾਵੇ, ਕਾਰਖਾਨੇ ਗਿਣੇ ਜਾਣ , ਅਸੀਂ ਹਰ ਲਿਹਾਜ਼ ਨਾਲ ਇਨ੍ਹਾਂ ਸੂਬਿਆਂ ਤੋਂ ਘੱਟ ਹੈ। ਸਾਡਾ ਏਰੀਆ ਘੱਟ ਹੈ ਪਰ ਨੰਬਰ ਆਫ ਟਰੱਕਸ ਹਿੰਦੁਸਤਾਨ ਦੇ ਦੂਜਿਆਂ ਸੂਬਿਆਂ ਨਾਲੋਂ ਜ਼ਿਆਦਾ ਹੈ। ਅਗਰ ਹੋਰ ਟੈਕਸ ਇਨ੍ਹਾਂ ਤੇ ਲਗਾ ਦਿਆਂਗੇ ਤਾਂ ਇਹ ਸਾਰੇ ਬਾਹਰ ਦੌੜ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਜਾਣਗੇ ਅਤੇ ਇਸ ਦਾ ਸਾਨੂੰ ਭਾਰੀ ਨੁਕਸਾਨ ਹੋਵੇਗਾ। ਅਗਰ ਕੋਈ ਨਵਾਂ ਟਰੱਕ ਲੈਂਦਾ ਹੈ ਤਾਂ 10% ਸੇਲਜ਼ ਟੈਕਸ ਦਿੰਦਾ ਹੈ ਜਿਹੜਾ ਕਿ 21, 22 ਹਜ਼ਾਰ ਰੁਪਏ ਬਣਦਾ ਹੈ। ਅਗਰ 100 ਟਰੱਕ ਬਾਹਰਲੇ ਸੂਬੇ ਵਿੱਚੋਂ ਲਏ ਜਾਣ ਤਾਂ ਸਾਡੀ ਸਟੇਟ ਨੂੰ 2 ਕਰੋੜ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਅੱਜ ਵੀ ਅਖਬਾਰਾਂ ਵਿੱਚ ਪੜ੍ਹਿਆ ਹੋਣਾ ਹੈ ਕਿ ਹਰ ਸ਼ਹਿਰ ਵਿੱਚ ਟਰੱਕਾਂ ਵਾਲਿਆਂ ਨੇ ਕਾਫੀ ਇਸ ਟੈਕਸ ਦੇ ਖਿਲਾਫ ਵਾਵੇਲਾ ਕੀਤਾ ਹੈ ਅਤੇ ਇਸ ਤੇ ਪ੍ਰੋਟੈਸਟ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਹ ਵੀ ਪਤਾ ਹੈ ਕਿ ਜਿਸ ਵੇਲੇ ਵੀ ਮੁਲਕ ਤੇ ਭੀੜ ਪਈ ਹੈ ਤਾਂ ਇਹ ਟਰੱਕਾਂ ਵਾਲੇ ਫੌਜੀਆਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਅੱਗੇ ਹੋ ਕੇ ਬਾਰਡਰ ਤਕ ਪਾਹੁੰਚਦੇ ਰਹੇ ਹਨ। ਜਿਹੜੀ ਇੰਡਸਟਰੀ ਪਿੰਡਾਂ ਨਾਲ ਤੁਅਲਕ ਰਖਦੀ ਹੋਵੇ ਸੂਬੇ ਦੇ ਲੋਕਾਂ ਅਤੇ ਸੂਬੇ ਦੇ ਵਿਕਾਸ ਵਾਸਤੇ ਕੰਮ ਕਰਦੀ ਹੋਵੇ ਬੇਰੁਜ਼ਗਾਰੀ ਦੂਰ ਕਰਨ ਵਿਚ ਸਹਾਇਤਾ ਕਰਦੀ ਹੋਵੇ, ਦੂਸਰਿਆਂ ਸੂਬਿਆਂ ਤੋਂ ਪੈਸਾ ਕਮਾ ਕੇ ਲਿਆਂਦੀ ਹੋਵੇ, ਮਿਲਟਰੀ ਨੂੰ ਜਿਸ ਵੇਲੇ ਜ਼ਰੂਰਤ ਪਏ ਕੰਮ ਆਵੇ ਅਤੇ ਮੁਲਕ ਵਿੱਚ ਕਿਤੇ ਵੀ ਕਿਸੇ ਤਰ੍ਹਾਂ ਦਾ ਭਾਰ ਪਏ ਉਸ ਵਿੱਚ ਵੀ ਪੂਰਾ ਹਿੱਸਾ ਪਾਵੇ ਉਸ ਇੰਡਸਟਰੀ ਨੂੰ ਇਸ ਤਰ੍ਹਾਂ ਦਾ ਟੈਕਸ ਦਾ ਭਾਰ ਪਾ ਕੇ ਖਤਮ ਕਰਨਾ, ਕੋਈ ਸਰਕਾਰ ਦਾ ਚੰਗਾ ਫੈਸਲਾ ਨਹੀਂ ਕਿਹਾ ਜਾ ਸਕਦਾ। ਸਰਕਾਰ ਇਸ ਤੇ ਗੌਰ ਕਰੇ। ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ ਥੋੜ੍ਹੀ ਜਿਹੀ ਬੇਨਤੀ ਹੋਰ ਕਰਨੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ ਮੈਨੂੰ ਤਾਂ ਇਹ ਕਿਹਾ ਗਿਆ ਸੀ ਕਿ ਤੁਸੀਂ ਜਿਤਨਾ ਮਰਜ਼ੀ ਹੈ ਬੋਲ ਲੈਣਾ ਪਰ ਤੁਸੀ ਤਾਂ ਘੰਟੀ ਵਜਾ ਦਿਤੀ। ਮੈਂ ਹੋਰ ਵੀ ਕੁਝ ਟਰੱਕਾਂ ਦੇ ਮੁਤਲਕ ਦੱਸਣਾ ਚਾਹੁੰਦਾ ਸੀ ਪਰ ਤੁਸੀਂ ਬਾਰ ਬਾਰ ਘੰਟੀ ਬਜਾਈ ਜਾਂਦੇ ਹੋ, ਇਸ ਵੇਲੇ ਬੰਦ ਕਰਦਾ ਹਾਂ ਅਤੇ ਬਾਕੀ ਫਿਰ, ਮੌਕਾ ਮਿਲੇਗਾ ਤੇ ਦਸਾਂਗਾ।

ਯਸ਼ ਜੀ ਹੁਣੇ ਇਥੇ ਬੋਲ ਰਹੇ ਸਨ। ਇਹ ਠੀਕ ਹੈ ਕਿ ਬਿਜਲੀ ਦੀ ਬੜੀ ਇਥੇ ਘਾਟ ਹੈ। ਬਿਜਲੀ ਤੇ ਸਾਡੀ ਸਰਕਾਰ ਕਾਫੀ ਪੈਸਾ ਖਰਚ ਕਰਕੇ ਛੋਤੀ ਤੋਂ ਛੋਤੀ ਪ੍ਰਾਜੈਕਟ ਲਾਉਣਾ ਚਾਹੁੰਦੀ ਹੈ ਤਾਂ ਕਿ ਬਿਜਲੀ ਪੈਦਾ ਹੋਵੇ ਅਤੇ ਲੋਕਾਂ ਦੀ ਤਕਲੀਫ ਘਟੇ। ਡਿਪਟੀ ਸਪੀਕਰ ਸਾਹਿਬ, ਬਰਨਾਲਾ ਜੀ ਬੜੇ ਸਿਆਣੇ ਮੈਂਬਰ ਹਨ। ਜਦੋਂ ਉਹ ਇਥੇ ਬੋਲ ਰਹੇ ਸਨ ਤਾਂ ਮੈਂ ਵੀ ਹਾਊਸ ਵਿੱਚ ਬੈਠਾ ਸੀ। ਉਨ੍ਹਾਂ ਨੇ ਬਜਟ ਤੇ ਹੋਰ ਕੋਈ ਇਤਰਾਜ਼ ਨਹੀਂ ਕੀਤਾ। ਬਿਜਲੀ ਵਾਲੀ ਗਲ ਤੇ ਬੜਾ ਇਤਰਾਜ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਜਿਹੜੀ ਬਜਟ ਸਪੀਚ ਹੈ ਇਸ ਦੇ ਵਿੱਚ ਬਿਜਲੀ ਤੇ ਖਰਚ ਦਾ ਮੁੜ ਮੁੜ ਕੇ ਜ਼ਿਕਰ ਆਇਆ ਹੈ ਕਿ ਇੰਤਨੇ ਪੈਸੇ ਬਿਜਲੀ ਨੂੰ ਦਿੱਤੇ ਹਨ। ਉਨ੍ਹਾਂ ਨੂੰ ਇਸ ਗਲ ਦਾ ਇਤਰਾਜ਼ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਜਿਸ ਚੀਜ਼ ਦੀ ਜ਼ਿਆਦਾ ਜ਼ਰੂਰਤ ਹੋਵੇ, ਅਗਰ ਸਰਕਾਰ ਆਪਣੇ ਅਫਸਰਾਂ ਅਤੇ ਆਪਣਾ ਧਿਆਨ ਉਸ ਪਾਸੇ ਵੱਲ ਜ਼ਿਆਦਾ ਦਿਵਾਉਣ ਲਈ ਬਜਟ ਸਪੀਚ ਵਿੱਚ ਜ਼ਿਆਦਾ ਵਾਰੀ ਇਸ ਦਾ ਜ਼ਿਕਰ ਕਰ ਦੇਵੇ ਤਾਂ ਇਸ ਵਿੱਚ ਕਿਹੜੀ ਨੁਕਸਾਨ ਵਾਲੀ ਗਲ ਹੈ। ਕਿਸੇ ਨੂੰ ਕੋਈ ਗਾਲ੍ਹ ਤਾਂ ਕੋਈ ਨਹੀਂ ਕੱਢੀ। ਹਰ ਸਫੇ ਤੇ ਇਹੀ ਕਿਹਾ ਹੈ ਕਿ ਇਸ ਤੇ ਅਸੀ ਬਹੁਤ ਜ਼ੋਰ ਪਾ ਰਹੇ ਹਾਂ। ਜਦੋਂ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ, ਇਥੋਂ ਨਿਕਲ ਕੇ ਕਿਸੇ ਵੀ ਸ਼ਹਿਰ ਵਿੱਚ ਜਾਂਦੇ ਹਨ ਤਾਂ ਉਹ ਥਰਮਲ ਪਲਾਂਟ ਤੋਂ ਹੋ ਕੇ ਜਾਂਦੇ ਹਨ ਅਤੇ ਘੰਟਾ ਦੋ ਘੰਟਾ ਉਥੇ ਲਾ ਕੇ ਜਾਂਦੇ ਹਨ। ਉਥੇ ਦੇ ਵਰਕਰਾਂ ਨੂੰ ਸ਼ਾਬਾਸ਼ ਦੇ ਕੇ ਅਤੇ ਇੰਜੀਨੀਅਰਜ਼ ਨੂੰ ਹੱਲਾ ਸ਼ੇਰੀ ਦਿੰਦੇ ਹਨ ਤਾਂ ਕਿ ਇਹ ਪ੍ਰਾਜੈਕਟ ਛੇਤੀ ਤਿਆਰ ਹੋ ਸਕਣ। ਇਸ ਗਲ ਦੀ ਨੁਕਤਾਚੀਨੀ ਕਰਨਾ ਮੈਂ ਸਮਝਦਾ ਹਾਂ ਕਿ ਸਟੇਟ ਦੇ ਹੱਕ ਵਿੱਚ ਨਹੀਂ ਹੈ। ਬਰਨਾਲਾ ਸਾਹਿਬ ਵਰਗਾ ਆਦਮੀ, ਜੋ ਕਿ ਚੰਗੇ ਆਦਮੀਆਂ ਵਿੱਚੋਂ ਹਨ, ਉਨ੍ਹਾਂ ਨੂੰ ਹੋਰ ਕੋਈ ਚੀਜ਼ ਨਹੀਂ ਲੱਭੀ। ਸਿਰਫ ਇਸ ਗਲ ਤੇ ਨੁਕਤਾਚੀਨੀ ਕੀਤੀ ਕਿ ਜ਼ਿਆਦਾ ਵਾਰੀ ਇਸ ਦਾ ਜ਼ਿਕਰ ਕਿਉਂ ਕੀਤਾ ਹੈ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅਪ ਕਰੋ ਜੀ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ : ਇੱਕ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਕਿਹਾ ਕਿ ਸਾਡੇ ਜਿਹੜੇ ਫਾਈਨਾਂਸ ਮਨਿਸਟਰ ਨੇ, ਉਨ੍ਹਾਂ ਨੇ ਸੰਤੋਖ ਸਿੰਘ ਭੰਧਾਵਾ ਦਾ ਜਿਹੜਾ ਬਜਟ ਸੀ ਡਿਵੈਲਪਮੈਂਟ ਦਾ ਉਹ ਘਟਾ ਕੇ ਉਸ ਨੂੰ ਵੀ ਠੱਕ ਦਿੱਤਾ ਹੈ। ਇਹ ਲਫਜ਼ ਉਨ੍ਹਾਂ ਨੇ ਕਹੇ। ਇਹ ਰਿਕਾਰਡ ਤੇ ਹਨ। ਠੀਕ ਹੈ ਠੱਕ ਦਿੱਤਾ ਹੋਵੇਗਾ ਲੇਕਨ ਮੈਂ ਇਸ ਦੇ ਉਲਟ ਸਮਝਦਾ ਹਾਂ। ਸਰਦਾਰ ਸੰਤੋਖ ਸਿੰਘ ਭੰਧਾਵਾ ਨੇ ਪੰਚਾਇਤਾਂ ਦੀਆਂ ਗਲੀਆਂ ਨਾਲੀਆਂ ਦਾ ਕੰਮ ਕਰਨਾ ਹੈ, ਇਸ ਦੇ ਨਾਲ ਹੀ ਸਕੂਲਾਂ ਦਾ ਕੰਮ ਵੀ ਉਨ੍ਹਾਂ ਕੋਲ ਆ ਗਿਆ ਹੈ, ਪੰਚਾਇਤ ਘਰ, ਪਿੰਡ ਦੀ ਚੁਣੀ ਹੋਈ ਪੰਚਾਇਤ ਦੇ ਬੈਠਣ ਵਾਸਤੇ ਬਣਾਉਣੇ ਹਨ, ਪਸ਼ੂ ਪਾਲਣ, ਡੇਅਰੀ ਵਿਕਾਸ, ਪੋਲਟਰੀ ਅਤੇ ਫਿਸ਼ਰੀਜ਼ ਦਾ ਕੰਮ ਹੈ। ਇਨ੍ਹਾਂ ਸਾਰਿਆਂ ਕੰਮਾਂ ਦੀ ਸਹੂਲਤ ਪਿੰਡਾਂ ਵਾਲਿਆਂ ਨੂੰ ਦੇ ਕੇ, ਅਕਾਲੀ ਪਾਰਟੀ ਵਾਲੇ ਜੋ ਕਿ ਪਿੰਡਾਂ ਦੀਆਂ ਗਲਾਂ ਕਰਦੇ ਸਨ, ਉਨ੍ਹਾਂ ਸਾਰਿਆਂ ਨੂੰ ਠੱਕ ਦਿੱਤਾ ਹੈ। ਇਹ ਠੱਕੇ ਆਪ ਗਏ ਹਨ। 'ਭੌਂਦੀ ਯਾਰਾਂ ਨੂੰ, ਲੈ ਲੈ ਨਾਂ ਭਰਾਵਾਂ ਦੇ'। ਇਹ ਅਸਲ ਵਿੱਚ ਆਪ ਠੱਕ ਗਏ ਹਨ। ਇਨ੍ਹਾਂ ਦਾ ਪਿੰਡਾਂ ਵਿੱਚ ਹੁਣ ਕੋਈ ਸਥਾਨ ਨਹੀਂ। ਡਿਪਟੀ ਸਪੀਕਰ ਸਾਹਿਬ ਮੇਰੇ ਸਾਥੀਆਂ ਨੇ ਕਿਹਾ ਸੀ (ਵਿਘਨ)

ਸ਼੍ਰੀ ਡਿਪਟੀ ਸਪੀਕਰ : ਹੋਰ ਵੀ ਸਪੀਕਰਜ਼ ਨੇ ਬੋਲਣਾ ਹੈ। ਹੁਣ ਧੰਨੋਵਾਲੀਆ ਜੀ ਤੁਸੀਂ ਸ਼ੁਰੂ ਕਰੋ।

ਸਰਦਾਰ ਦਿਲਬਾਗ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਸਾਥੀ ਤਾਂ ਕੁਝ ਨਹੀਂ ਕਹਿ ਰਿਹਾ।

ਸ਼੍ਰੀ ਡਿਪਟੀ ਸਪੀਕਰ : ਧੰਨੋਵਾਲੀਆ ਜੀ, ਹੁਣ ਤੁਸੀਂ ਵੱਲੋਂ।

ਸ਼੍ਰੀ ਪਿਆਰਾ ਰਾਮ ਧੰਨੋਵਾਲਿਆ ਫਗਵਾੜਾ, (ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਬਜਟ ਸਪੀਚ ਤੇ ਬੋਲਦੇ ਹੋਏ ਸਾਹਮਣੇ ਵਾਲੀ ਸਾਈਡ ਤੋਂ ਬੋਲਣ ਵਾਲੇ ਵੀਰਾਂ ਨੇ ਕਿਹਾ ਸੀ ਕਿ ਇਹ ਬਜਟ ਐਂਟੀ ਪੀਪਲ ਤੇ ਐਂਟੀ ਹਰੀਜਨ ਹੈ। ਮੈਂ ਤੁਹਾਨੂੰ ਦਸਾਂਗਾ ਕਿ ਇਹ ਐਂਟੀ ਪੀਪਲ ਅਤੇ ਐਂਟੀ ਹਰੀਜਨ ਨਹੀਂ ਸਗੋਂ ਇਹ ਤਾਂ ਆਉਣ ਵਾਲੇ ਦਿਨਾਂ ਵਿੱਚ ਗਰੀਬਾਂ ਦੀ ਤਰੱਕੀ ਕਰਨ ਵਾਲਾ ਬਜਟ ਹੈ। ਡਿਪਟੀ ਸਪੀਕਰ ਸਾਹਿਬ ਤੁਸੀਂ ਮੈਨੂੰ ਟਾਈਮ ਥੋੜ੍ਹਾ ਦਿੱਤਾ ਹੈ। ਮੈਂ ਗੱਲਾਂ ਤਾਂ ਬਹੁਤ ਸਾਰੀਆਂ ਕਰਨੀਆਂ ਸਨ। ਪਰ ਵਕਤ ਦੀ ਕਮੀ ਕਾਰਨ ਥੋੜ੍ਹਾ ਥੋੜ੍ਹਾ ਹੀ ਕਹਾਂਗਾ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਬਜਟ ਸਪੀਚ ਦੇ ਪੇਜ 12 ਤੇ ਡਾਕਟਰ ਸਾਹਿਬ ਨੇ ਨਵੇਂ 20 ਪੁਆਇੰਟ ਪ੍ਰੋਗਰਾਮਾਂ ਦਾ ਬੜੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ ਅਤੇ ਹਰੇਕ ਪੁਆਇੰਟ ਨੂੰ ਐਲੋਕੇਟ ਕੀਤਾ ਗਿਆ ਹੈ। 385 ਕਰੋੜ ਰੁਪਏ ਦਾ ਐਨੂਅਲ ਪਲਾਨ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ 20 ਪੁਆਇੰਟਾਂ ਵਿਚੋਂ 10 ਪੁਆਇੰਟ ਅਜਿਹੇ ਹਨ ਜਿਨ੍ਹਾਂ ਦਾ ਤੁਅਲਕ ਸ਼ਡਿਊਲਡ ਕਾਸਟਸ, ਵੀਕਰ ਸੈਕਸ਼ਨ ਦੇ ਲੋਕਾਂ, ਲੇਬਰਜ਼ ਅਤੇ ਜੋ ਪਿੰਡਾਂ ਦੀ ਪੀਜ਼ੈਂਟਰੀ ਹੈ ਉਸ ਦੇ ਨਾਲ ਹੈ। ਇਥੇ ਮੇਰੇ ਸਾਥੀਆਂ ਨੇ ਕਿਹਾ ਕਿ ਕਿਸਾਨ ਮਾਰ ਦਿੱਤੇ ਹਨ, ਕਿਸਾਨਾਂ ਤੇ ਬੜਾ ਬੋਝ ਪਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਪਹਿਲਾ ਪੁਆਇੰਟ ਹੀ ਕਿਸਾਨਾਂ ਦੇ ਮੁਤੱਲਕ ਹੈ।

To increase Irrigation Potential, develop and Disseminate Technologies and inputs for dry land Agriculture.

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਜੇ ਮੈਂ ਇਹ ਸਾਰੇ points ਪੜ੍ਹਾਂ ਤਾਂ ਤੁਸੀਂ ਮੈਨੂੰ ਵਕਤ ਨਹੀਂ ਦੇਣਾ। ਇਸੇ 20 ਪੁਆਇੰਟਾਂ ਚੋਂ ਇਕ ਪੁਆਇੰਟ ਨੰਬਰ ਚਾਰ ਤੇ ਹੈ। ਮੈਂ ਅਰਜ਼ ਕੀਤੀ ਸੀ ਕਿ ਇਹ ਆਂਟੀ ਪੀਪਲ ਨਹੀਂ, ਇਹ ਦਿਹਾਤੀ ਲੋਕਾਂ ਦੇ ਭਲੇ ਲਈ ਹੈ।

To Review and effectively enforce Minimum Wages for Agricultural Labour.

ਡਿਪਟੀ ਸਪੀਕਰ ਸਾਹਿਬ, ਕਾਰਖਾਨਿਆਂ ਵਿਚ ਜੋ ਲੇਬਰ ਕੰਮ ਕਰਦੀ ਸੀ, ਉਨ੍ਹਾਂ ਤੇ ਮਿਨੀਮਮ ਵੇਜਿਜ਼ ਐਕਟ ਲਾਗੂ ਸੀ। ਲਾਗੂ ਤਾਂ ਇਹ ਐਗਰੀਕਲਚਰ ਲੇਬਰ ਤੇ ਵੀ ਸੀ ਲੇਕਿਨ ਇਹ ਮਹਿਜ਼ ਕਾਗਜ਼ਾਂ ਵਿਚ ਹੀ ਸੀ। ਪਰ ਹੁਣ ਸਰਕਾਰ ਨੇ ਇਸ ਕੰਮ ਲਈ 4.60 ਲੱਖ ਰੁਪਿਆ ਰਖਿਆ ਹੈ। ਉਸ ਦੀਆਂ ਦੋ ਮਦਾਂ ਹਨ। ਕੁਝ ਤਾਂ ਇਫੈਕਟਿਵ ਮਸ਼ੀਨਰੀ ਬਣਾਉਣੀ ਹੈ ਅੱਜ ਕੁਝ ਲੇਬਰਰ ਦੀ ਬਿਹਤਰੀ ਲਈ ਹੈ। ਇਸ ਤਰ੍ਹਾਂ ਇਕ ਤੇ ਦੋ ਲੱਖ ਰੁਪਏ ਅੱਜ ਦੂਸਰੇ ਤੇ ਦੋ ਲੱਖ 60 ਹਜ਼ਾਰ ਰੁਪਏ ਖਰਚੇ ਲਈ ਰਖੇ ਹਨ। ਮੈਂ ਸਮਝਦਾ ਹਾਂ ਕਿ ਪਹਿਲੀ ਵਾਰੀ ਇਸ ਤਰ੍ਹਾਂ ਬਜਟ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ। ਇਹ ਅਕਾਲੀ ਵੀਰ ਕਹਿੰਦੇ ਹਨ ਕਿ ਇਹ ਬਜਟ ਆਂਟੀ ਪੀਪਲ ਹੈ, ਮੈਂ ਕਹਿੰਦਾ ਹਾਂ ਕਿ ਇਹ ਇਨ੍ਹਾਂ ਦੀ ਗੱਲਤ ਗੱਲ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਸਤਵਾਂ ਪੁਆਇੰਟ ਸ਼ਡਿਊਲਡ ਕਾਸਟਸ ਬਾਰੇ ਹੈ। ਇਸ ਵਿਚ ਲਿਖਿਆ ਹੋਇਆ ਹੈ

"Accelerate programme for the development of Scheduled Castes and Tribes."

ਡਿਪਟੀ ਸਪੀਕਰ ਸਾਹਿਬ, ਜੇਕਰ ਮੈਂ ਇਸ ਨੂੰ ਪੜ੍ਹਨ ਲੱਗਾਂ ਤਾਂ ਮੇਰਾ ਖਿਆਲ ਹੈ ਕਿ ਕਾਫੀ ਵਕਤ ਲੱਗੇਗਾ। ਮੇਰੇ ਮਿੱਤਰ ਸਾਥੀ ਜਗਜੀਤ ਸਿੰਘ ਜੀ ਨੇ ਉਨ੍ਹਾਂ ਸਕੀਮਾਂ ਬਾਰੇ ਸਾਰੀ ਵਿਸਥਾਰ ਨਾਲ ਗੱਲ ਦੱਸ ਦਿੱਤੀ ਸੀ। ਮੈਂ ਸਕੀਮਾਂ ਨੂੰ ਥੋੜ੍ਹਾ ਜਿਹਾ ਪੜ੍ਹ ਹੀ ਦਿੰਦਾ ਹਾਂ ਕਿ ਕਿਸ ਕਿਸ ਸਕੀਮ ਵਾਸਤੇ ਕਿਤਨਾਂ ਕਿਤਨਾਂ ਪੈਸਾ ਰੱਖਿਆ ਹੈ।

"Special Central Assistance for tree plantation to Scheduled Castes	..	10·00 lakhs
Scheme under special assistance for cross-breed, calf-rearing, poultry, piggery etc.	..	88·88 lakhs
Soil conservation measures on land holdings of Scheduled Castes		25·00 lakhs
Opning of Creches for the children of working mothers of sweepers, scavengers, etc.	..	4·55 lakhs
Grant for the purchase of stationery and books	..	45·00 lakhs
Grant for the purchase of medical, engineering and Law Books		8·75 lakhs

ਮੈਂ ਅਰਜ਼ ਕਰਾਂ ਕਿ ਇਹ ਪੈਸਾ ਘੱਟ ਹੈ। ਲਾਅ ਅੱਜ ਇੰਜਨੀਅਰਿੰਗ ਦੀਆਂ ਕਿਤਾਬਾਂ ਬਹੁਤ ਮਹਿੰਗੀਆਂ ਹਨ। ਇਸ ਲਈ ਇਸ ਵਾਸਤੇ ਹੋਰ ਪੈਸਾ ਰੱਖਿਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ

Training in Stenography	..	200 lakhs
Technical Training in industrial trades	..	15·00 lakhs
J.B.T. and B.Ed. training to Scheduled Caste students	..	5·00 lakhs

ਇਹ ਪੈਸਾ ਵੀ ਘੱਟ ਹੈ। ਇਸ ਵੇਲੇ ਜੇ. ਬੀ. ਟੀ. ਅੱਜ ਬੀ ਐਡ. ਸ਼ਡਿਊਲਡ ਕਾਸਟਸ ਟੀਚਰਾਂ ਦੀ ਬਹੁਤ ਘਾਟ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਜਿਸ ਤਰ੍ਹਾਂ ਸੰਨ 1977 ਵੇਲੇ ਗਿਆਨੀ ਜੈਲ ਸਿੰਘ ਜੀ ਦੀ ਸਰਕਾਰ ਵੇਲੇ ਸਡਿਊਲਡ ਕਾਸਟਸ ਦਾ ਬੈਕਲਾਕ ਪੂਰਾ ਕਰਨ ਲਈ ਜੇ. ਬੀ. ਟੀ. ਅਤੇ ਬੀ.ਐਡ. ਦੀਆਂ ਸਪੈਸਲ ਕਲਾਸਾਂ ਲਗਾਈਆਂ

Original with;
Punjab Vidhan Sabha
Digitized by;
Panjab Digital Library

ਜਾਂਦੀਆਂ ਸਨ, ਉਸ ਤਰ੍ਹਾਂ ਹੀ ਹੁਣ ਵੀ ਸਪੈਸ਼ਲ ਕਲਾਸਾਂ ਲਗਾ ਕੇ ਟਰੇਨਿਗ ਦੇਣੀ ਚਾਹੀਦੀ ਹੈ ਤਾਂਕਿ ਪਿਛਲਾ ਬੈਕਲਾਗ ਪੂਰਾ ਹੋ ਸਕੇ ਇਸੇ ਤਰ੍ਹਾਂ --

**Pre-examination Coaching Scheme (I.A.S. Coaching Centre, Patiala)	..	3,00 lakhs
Special grant to the Scheduled Caste studentstudying in Medical & Engg. colleges.		9.40 lakhs

ਮਾਸਟਰ ਬਾਬੂ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਪਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਡਿਪਟੀ ਸਪੀਕਰ ਸਾਹਿਬ, ਮੈਂ ਬਹੁਤੀਆਂ ਸਕੀਮਾਂ ਛੱਡ ਦਿੰਦਾ ਹਾਂ। ਜੇਕਰ ਸਾਰੀਆਂ ਸਕੀਮਾਂ ਦੀ ਰਕਮ ਦਾ ਸਾਰਾ ਟੋਟਲ ਲਗਾਈਏ ਤਾਂ ਇਹ ਕੋਈ 8 ਕਰੋੜ 48 ਲੱਖ ਤੇ 68 ਹਜ਼ਾਰ ਰੁਪਿਆ ਬਣਦਾ ਹੈ। ਸਪੈਸ਼ਲ ਕੰਪੋਨੈਂਟ ਪ੍ਰੋਗਰਾਮ ਦਾ ਜ਼ਿਕਰ ਸਫਾ ਨੰ: 16 ਤੇ ਦਿੱਤਾ ਗਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬਜਟ ਦਾ $\frac{1}{4}$ ਹਿੱਸਾ ਸ਼ਡਿਊਲਡ ਕਾਸਟਸ ਤੇ ਖਰਚ ਹੋਣਾ ਹੈ। ਉਸ ਦੇ ਤਹਿਤ ਸਫਾ 16 ਤੇ ਜ਼ਿਕਰ ਆਉਂਦਾ ਹੈ। ਇਸ ਵਿਚ ਜ਼ਿਕਰ ਹੈ ਕਿ ਸੰਨ 1981-82 ਵਿਚ 19.56 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਵੈਲਫੇਅਰ ਮਨਿਸਟਰ ਸਾਹਿਬ ਬੈਠੇ ਹਨ, ਸੰਨ 1980-81 ਵਿਚ ਇਸ ਮੱਦ ਹੇਠ 24.90 ਕਰੋੜ ਰੁਪਿਆ ਰੱਖਿਆ ਸੀ ਲੇਕਿਨ ਖਰਚੇ ਦਾ ਜ਼ਿਕਰ ਨਹੀਂ ਕੀਤਾ ਗਿਆ। ਇਸ ਸਾਲ ਬਾਰੇ ਕਹਿ ਦਿੱਤਾ ਹੈ ਕਿ 19.56 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ। ਇਸ ਲਈ ਇਹ ਇਸ ਗੱਲ ਦੀ ਪੜਤਾਲ ਕਰਨ ਕਿਉਂਕਿ ਇਸ ਦੀ ਡੀਟੇਲ ਨਹੀਂ ਹੈ। ਸੰਨ 1982-83 ਵਾਸਤੇ ਬਜਟ ਵਿਚ 21.63 ਕਰੋੜ ਰੁਪਿਆ ਰੱਖਿਆ ਹੈ। ਵੈਲਫੇਅਰ ਮਨਿਸਟਰ ਸਾਹਿਬ ਬੈਠੇ ਹਨ ਇਹ ਪੜਤਾਲ ਕਰਾਉਣ ਕਿ ਸਾਲ 1980-81 ਦਾ ਰੁਪਿਆ ਕਿੱਥੇ ਕਿੱਥੇ ਖਰਚ ਕੀਤਾ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਤਾਲੀਮ ਇਕ ਬਹੁਤ ਹੀ ਜ਼ਰੂਰੀ ਸ਼ੈ ਹੈ। ਖਾਸ ਤੌਰ ਤੇ ਸ਼ਡਿਊਲਡ ਕਾਸਟਸ ਅੌਰ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ। ਜਿਹੜੇ ਅਮੀਰ ਲੋਕ ਸਾਡੇ ਵੱਲ ਜਾਂ ਵਿਰੋਧੀ ਪਾਰਟੀ ਵੱਲ ਬੈਠੇ ਹਨ ਉਨ੍ਹਾਂ ਦੇ ਬੱਚੇ ਤਾਂ ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਹਨ ਪਰ ਜਿਹੜੇ ਗਰੀਬ ਆਦਮੀ ਹਨ ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। ਮੈਂ ਇਸ ਲਈ ਇਨ੍ਹਾਂ ਨੂੰ ਅੱਗੇ ਵੀ ਕਿਹਾ ਸੀ ਕਿ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣੀਆਂ ਚਾਹੀਦੀਆਂ ਹਨ ਅੌਰ ਬੱਚਿਆਂ ਲਈ ਮਾਡਲ ਸਕੂਲਾਂ ਵਾਲੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂਕਿ ਜਿਹੜਾ ਰੁਝਾਨ ਮਾਡਲ ਸਕੂਲਾਂ ਵੱਲ ਲੋਕਾਂ ਦਾ ਹੋ ਰਿਹਾ ਹੈ ਉਹ ਖਤਮ ਹੋ ਸਕੇ। ਅਸੀਂ ਬੜੀਆਂ ਵੱਡੀਆਂ ਯੂਨੀਵਰਸਿਟੀਆਂ ਖੜ੍ਹੀਆਂ ਕਰ ਰਹੇ ਹਾਂ, ਮੈਂ ਇਹ ਨਹੀਂ ਕਹਿੰਦਾ ਕਿ ਯੂਨੀਵਰਸਿਟੀਆਂ ਨਹੀਂ ਬਣਾਉਣੀਆਂ ਚਾਹੀਦੀਆਂ, ਪਰ ਮੈਂ ਇਹ ਕਹਿੰਦਾ ਹਾਂ ਕਿ ਕੁਝ ਨਾ ਕੁਝ ਰੁਪਿਆ ਉਸ ਪਾਸੇ ਵੱਲੋਂ ਵੀ ਰੱਖਕੇ ਪ੍ਰਾਇਮਰੀ ਸਕੂਲਾਂ ਤੇ ਖਰਚ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਫਿਰ ਰਿਜਰਵੇਸ਼ਨ ਪਾਲਿਸੀ ਦੀ ਗੱਲ ਹੈ। ਰਿਜਰਵੇਸ਼ਨ ਕਾਂਗਰਸ ਦੀ ਸਰਕਾਰ ਨੇ ਹੀ ਸ਼ਡਿਊਲਡ ਕਾਸਟਸ ਨੂੰ ਦਿੱਤੀ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਵੱਡੀਆਂ ਵੱਡੀਆਂ ਨੌਕਰੀਆਂ ਤੇ ਸ਼ਡਿਊਲਡ ਕਾਸਟਸ ਲੱਗੇ ਹੋਏ ਹਨ ਜਿੱਥੇ ਕਿ ਪਹਿਲਾਂ ਸ਼ਡਿਊਲਡ ਕਾਸਟ ਸਿਪਾਹੀ ਵੀ ਭਰਤੀ ਨਹੀਂ ਸੀ ਕੀਤਾ ਜਾਂਦਾ। ਪਰ ਡਿਪਟੀ ਸਪੀਕਰ ਸਾਹਿਬ ਸ਼ਡਿਊਲਡ

**Expunged as ordered by the Chair.

Original with;
Punjab Vidhan Sabha
Digit
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਕਾਸਟਾਂ ਦੀ ਭਰਤੀ ਵਿਚ ਬੜੀਆਂ ਦਿੱਕਤਾਂ ਵੀ ਆਉਂਦੀਆਂ ਹਨ। ਇਕ ਤਾਂ ਐਡਹਾਕ ਬੇਸਿਜ਼ ਤੇ ਬੰਦੇ ਰੱਖੇ ਜਾਂਦੇ ਹਨ, ਉਹ ਨਾਨ-ਸ਼ਡਿਊਲਡ ਕਾਸਟਸ ਹੁੰਦੇ ਹਨ ਅੱਰ ਬਾਅਦ ਵਿਚ ਉਨ੍ਹਾਂ ਨੂੰ ਪੱਕਿਆਂ ਕੀਤਾ ਜਾਂਦਾ ਹੈ, ਇਸ ਤਰ੍ਹਾਂ ਰਿਜ਼ਰਵੇਸ਼ਨ ਪਾਲਿਸੀ ਲਾਗੂ ਨਹੀਂ ਹੁੰਦੀ। ਲੋਕਾਂ ਨੂੰ ਇਨਸਾਫ ਨਹੀਂ ਮਿਲਦਾ ਜਿਸ ਕਰਕੇ ਸ਼ਡਿਊਲਡ ਕਾਸਟਸ ਲੋਕ ਹਾਈ ਕੋਰਟ ਤੇ ਸੁਪਰੀਮ ਕੋਰਟ ਵਿਚ ਜਾਂਦੇ ਹਨ। ਇਸ ਲਈ ਮੈਂ ਇਹ ਸੁਝਾਉ ਦਿੰਦਾ ਹਾਂ ਕਿ ਜਿਸ ਤਰ੍ਹਾਂ ਬੰਗਾਲ ਨੇ ਅੱਰ ਉੜੀਸਾ ਗੌਰਮਿੰਟ ਨੇ ਰਿਜਰਵੇਸ਼ਨ ਐਕਟ ਬਣਾਇਆ ਹੋਇਆ ਹੈ ਉਸੇ ਤਰ੍ਹਾਂ ਹੀ ਪੰਜਾਬ ਦੀ ਸਰਕਾਰ ਵੀ ਐਕਟ ਬਣਾਵੇ ਤਾਂਕਿ ਰਿਜਰਵੇਸ਼ਨ ਪਾਲਿਸੀ ਜੋ ਹੈ ਉਸ ਤੇ ਆਪਣੇ ਆਪ ਹੀ ਅਮਲ ਹੋ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਾਂਗਾ ਕਿ ਗੌਰਮਿੰਟ ਨੇ ਕੁਝ ਲੋਕਾਂ ਲਈ ਇਨਕਮ ਲਿਮਿਟ ਰੱਖੀ ਹੋਈ ਹੈ। ਸਰਕਾਰ ਨੇ 3600 ਰੁਪਏ ਤੋਂ ਘੱਟ ਆਮਦਨ ਵਾਲੇ ਸਾਰੇ ਲੋਕਾਂ ਨੂੰ ਭਾਵੇਂ ਉਹ ਕਿਸੇ ਵੀ ਜ਼ਾਤੀ ਦਾ ਹੋਵੇ, ਕਿਸੇ ਵੀ ਫਿਰਕੇ ਦਾ ਹੋਵੇ, ਉਸ ਨੂੰ ਸ਼ਡਿਊਲਡ ਕਾਸਟਸ ਅੱਰ ਬੈਕਵਰਡ ਕਲਾਸਿਜ਼ ਦੀ ਤੁਲਨਾ ਤੇ ਹੀ ਸਬਸੀਡਾਈਜ਼ਡ ਰੇਟਾਂ ਤੇ ਚੀਜ਼ਾਂ ਦੇਣ ਦਾ, ਕਰਜ਼ੇ ਦੇਣ ਦਾ ਤਹੱਈਆ ਕੀਤਾ ਹੈ। ਇਹ ਬੜੀ ਚੰਗੀ ਗੱਲ ਹੈ। ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੁਝ ਉਹ ਲੋਕ ਵੀ ਹਨ ਜਿਨ੍ਹਾਂ ਦੀ ਕੁਝ ਖਫ਼ਵੀਂ ਆਮਦਨ ਹੈ, ਜਿਸ ਤਰ੍ਹਾਂ ਕਿ ਕਲਾਸ ਫੋਰ ਦੇ ਆਦਮੀ ਹਨ, ਇਨ੍ਹਾਂ ਨੂੰ ਬਝਵੀਂ ਤਨਖਾਹ ਮਿਲਦੀ ਹੈ ਪਰ ਉਨ੍ਹਾਂ ਦੇ ਬੱਚਿਆਂ ਨੂੰ ਵਜ਼ੀਫਾ ਮਿਲਣਾ ਬੰਦ ਹੋ ਜਾਂਦਾ ਹੈ ਤੇ ਕਹਿ ਦਿੱਤਾ ਜਾਂਦਾ ਹੈ ਕਿ ਇਨਕਮ ਜ਼ਿਆਦਾ ਹੋ ਗਈ ਹੈ। ਇਨਕਮ ਦੀ ਲਿਮਿਟ 6,000 ਰੁਪਏ ਸਾਲਾਨਾ ਦੀ ਰੱਖੀ ਹੈ ਇਹ 12 ਹਜ਼ਾਰ ਰੁਪਏ ਸਾਲਾਨਾ ਹੋਣੀ ਚਾਹੀਦੀ ਹੈ ਤਾਂਕਿ ਉਨ੍ਹਾਂ ਗਰੀਬਾਂ ਨੂੰ ਵੀ ਫਾਇਦਾ ਹੋ ਸਕੇ, ਉਨ੍ਹਾਂ ਦੇ ਬੱਚੇ ਵੀ ਪੜ੍ਹ ਲਿਖ ਸਕਣ। ਜੇਕਰ ਉਸ ਤੋਂ ਜ਼ਿਆਦਾ ਆਮਦਨ ਵਾਲੇ ਸਾਡੇ ਆਦਮੀ ਹਨ ਤਾਂ ਠੀਕ ਹੈ ਉਨ੍ਹਾਂ ਦੇ ਬੱਚਿਆਂ ਨੂੰ ਵਜ਼ੀਫੇ ਦੇਣੇ ਬੰਦ ਕਰ ਦਿਓ, ਸਾਨੂੰ ਕੋਈ ਇਤਰਾਜ਼ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਫਿਰ ਪੁਲਿਸ ਦੀ ਭਰਤੀ ਦੀ ਗੱਲ ਹੈ। ਕਦੇ ਕਦੇ ਖਬਰਾਂ ਆਉਂਦੀਆਂ ਹਨ ... (ਘੰਟੀ) ਡਿਪਟੀ ਸਪੀਕਰ ਸਾਹਿਬ, ਇਕ ਮਿੰਟ ਮੈਨੂੰ ਕਨਕਲੂਡ ਕਰ ਲੈਣ ਦਿਓ। ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਚੰਗੀ ਗਲ ਹੈ ਕਿ ਕੁਝ ਹੱਦ ਤਕ ਛੁਤਛਾਤ ਖਤਮ ਕੀਤੀ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਜਿਹੜੇ ਮੇਰੇ ਵੀਰ ਇਥੇ ਰੌਲਾ ਪਾਉਂਦੇ ਹਨ ਅੱਰ ਜਿਹੜੇ ਹਾਲਾਤ ਇਨ੍ਹਾਂ ਨੇ ਪੰਜਾਬ ਵਿਚ ਪੈਦਾ ਕੀਤੇ ਮਾਰਧਾੜ, ਅੱਰ ਕਤਲ ਹੋਏ, ਉਸ ਵਿਚ ਪੁਲਿਸ ਨੇ ਲੋਕਾਂ ਦੀ ਬਹੁਤ ਮਦਦ ਕੀਤੀ ਹੈ। ਪੁਲਿਸ ਨੇ ਡੱਟ ਕੇ ਕਾਤਲਾਂ ਦਾ ਮੁਕਾਬਲਾ ਕੀਤਾ ਹੈ। ਇਸ ਲਈ ਮੇਰੀ ਸੁਜੈਸ਼ਨ ਹੈ ਕਿ ਜਿਥੇ ਪਹਿਲੇ ਪੁਲਿਸ ਵਿਚ ਸ਼ਡਿਊਲਡ ਕਾਸਟਾਂ ਦੀ 25% ਤਕ ਰਿਜ਼ਰਵੇਸ਼ਨ ਕੀਤੀ ਜਾਂਦੀ ਹੈ ਇਹ 50% ਤਕ ਰਿਜ਼ਰਵੇਸ਼ਨ ਕੀਤੀ ਜਾਣੀ ਚਾਹੀਦੀ ਹੈ। ਇਹ ਹੀ ਇਕ ਡਿਪਾਰਟਮੈਂਟ ਹੈ ਜਿਥੇ ਭਰਤੀ ਵੇਲੇ ਕੁਝ ਰਿਆਇਤ ਵੀ ਦਿੱਤੀ ਜਾ ਸਕਦੀ ਹੈ। ਮੈਂ ਇਹ ਵੀ ਸੁਝਾਓ ਦਿੰਦਾ ਹਾਂ ਕਿ ਪਹਿਲੇ ਜਿਸ ਤਰ੍ਹਾਂ ਇਨ੍ਹਾਂ ਲੋਕਾਂ ਨੂੰ ਇਕ ਇੰਚ ਦੀ ਛਾਤੀ ਵਿਚ ਅਤੇ ਇਕ ਇੰਚ ਦੀ ਲੰਬਾਈ ਵਿਚ ਰਿਆਇਤ ਦਿੱਤੀ ਹੋਈ ਸੀ ਉਸੇ ਤਰ੍ਹਾਂ ਉਹ ਰਿਆਇਤ ਹੁਣ ਫਿਰ ਦੇਣੀ ਚਾਹੀਦੀ ਹੈ ਤਾਂਕਿ ਉਹ 50% ਤਕ ਭਰਤੀ ਹੋ ਸਕਣ। ਇਸ ਦੇ ਨਾਲ ਇਹ ਵੀ ਮੈਂ ਕਹਾਂਗਾ ਕਿ ਜਿਹੜੀ ਇਨ੍ਹਾਂ ਦੀ ਕੁਆਲੀਫਿਕੇਸ਼ਨ ਮੈਟ੍ਰਿਕ ਦੀ ਹੈ ਇਹ ਵੀ ਪਹਿਲੇ ਦੀ ਤਰ੍ਹਾਂ ਮਿਡਲ ਕਰ ਦਿੱਤੀ ਜਾਵੇ। ਅਕਾਲੀਆਂ ਨੇ ਮੈਟ੍ਰਿਕ ਕਰ ਦਿੱਤੀ ਸੀ, ਇਸ ਲਈ ਮੈਂ ਸਮਝਦਾ ਹਾਂ ਕਿ ਜੇ ਇਹ ਰਿਜ਼ਰਵੇਸ਼ਨ ਪੂਰੀ ਕਰਨੀ ਹੈ ਤਾਂ ਕੁਆਲੀਫਿਕੇਸ਼ਨ ਵਿਚ ਵੀ ਉਨ੍ਹਾਂ ਨੂੰ ਰਿਆਇਤ ਜ਼ਰੂਰ ਦੇਣੀ ਚਾਹੀਦੀ ਹੈ ਅੱਰ ਮਿਡਲ ਤਕ ਹੀ ਸਿਪਾਹੀ ਰਖ ਲੈਣੇ ਚਾਹੀਦੇ ਹਨ। ਐਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਕੇ ਖਤਮ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਮ ਸਰੂਪ ਬਾਗੀ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਐਫ.ਐਮ. ਸਾਹਿਬ ਨੇ ਜੋ ਬਜਟ ਇਸ ਹਾਊਸ ਵਿਚ ਪੇਸ਼ ਕੀਤਾ ਹੈ ਅੱਰ ਜਿਸ ਢੰਗ ਨਾਲ ਪੇਸ਼ ਕੀਤਾ ਹੈ ਉਹ ਬਹੁਤ ਹੀ ਸਰਾਹਨੀਯ ਹੈ। ਉਨ੍ਹਾਂ ਨੇ ਸਾਰੇ ਵਰਗਾਂ ਦੇ ਲੋਕਾਂ ਨੂੰ ਧਿਆਨ ਵਿਚ ਰਖਿਆ ਹੈ ਅਤੇ ਜਿੰਨੇ ਵੀ ਅਦਾਰੇ ਹਨ ਜਾਂ ਡਿਪਾਰਟਮੈਂਟਸ ਹਨ ਉਨ੍ਹਾਂ ਲਈ ਵੱਧ ਤੋਂ ਵੱਧ ਪੈਸਾ ਰਖਿਆ ਹੈ। ਐਜੂਕੇਸ਼ਨ ਦੀ ਡਿਵੈਲਪਮੈਂਟ ਲਈ, ਰੂਰਲ ਡਿਵੈਲਪਮੈਂਟ ਲਈ ਪੈਸਾ ਰਖਿਆ ਹੈ ਅੱਰ ਕੋਈ ਐਸਾ ਅਦਾਰਾ ਨਹੀਂ ਰਿਹਾ ਜਿਸ ਦੀ ਡਿਵੈਲਪਮੈਂਟ ਲਈ ਪੈਸਾ ਨਾ ਰਖਿਆ ਹੋਵੇ। ਡਿਪਟੀ ਸਪੀਕਰ ਸਾਹਿਬ, ਇਹ ਖੁਸ਼ੀ ਦੀ ਗਲ ਹੈ ਕਿ ਸਾਡੇ ਸਾਹਮਣੇ ਬੈਠੇ ਸਜਣਾਂ ਨੇ ਵੀ ਇਸ ਬਜਟ ਦੀ ਤਾਈਦ ਕੀਤੀ ਹੈ ਕਿਉਂਕਿ ਜਦੋਂ ਬਰਨਾਲਾ ਜੀ ਜਿਹੜੇ ਆਪੋਜ਼ੀਸ਼ਨ ਦੇ ਬੜੇ ਉਘੇ ਲੀਡਰ ਹਨ ਅਤੇ ਭਾਰਤ ਸਰਕਾਰ ਵਿਚ ਮੰਤਰੀ ਵੀ ਰਹੇ ਹਨ, ਅਗਰ ਉਨ੍ਹਾਂ ਨੂੰ ਬਜਟ ਨਾਲ ਕੋਈ ਮਤਭੇਦ ਹੁੰਦਾ ਤਾਂ ਉਹ ਜ਼ਰੂਰ ਆਪਣੀ ਸਪੀਚ ਵਿਚ ਕੁਝ ਬਜਟ ਦੇ ਬਾਰੇ ਕਹਿੰਦੇ। ਪਰ ਇਨ੍ਹਾਂ ਨੇ ਤਾਂ ਇਕ ਲਫਜ਼ ਵੀ ਬਜਟ ਦੇ ਬਾਰੇ ਨਹੀਂ ਕਿਹਾ। ਉਨ੍ਹਾਂ ਦੇ ਭਾਸ਼ਣ ਨੇ ਸਿੱਧ ਕਰ ਦਿੱਤਾ ਕਿ ਇਹ ਬਜਟ ਬੜਾ ਅੱਛਾ ਹੈ, ਇਸ ਲਈ ਉਨ੍ਹਾਂ ਨੇ ਬਜਟ ਤੇ ਕੋਈ ਗਲ ਨਹੀਂ ਕੀਤੀ। ਉਹ ਤਾਂ ਸਿਰਫ ਅਨੰਦਪੁਰ ਸਾਹਿਬ ਦੇ ਮਤੇ ਤੇ ਹੀ ਬੋਲਦੇ ਰਹੇ ਅੱਰ ਉਸ ਤੇ ਹੀ ਸਾਰਾ ਟਾਈਮ ਲਾ ਦਿੱਤਾ। ਉਨ੍ਹਾਂ ਤੋਂ ਇਲਾਵਾ ਵੀ ਜਿਹੜੇ ਹੋਰ ਮੈਂਬਰ ਉਸ ਪਾਸੋਂ ਬੋਲੇ ਹਨ ਉਨ੍ਹਾਂ ਵਿਚੋਂ ਕਿਸੇ ਨੇ ਵੀ ਇਸ ਬਜਟ ਤੇ ਕੋਈ ਟੀਕਾ ਟਿਪਣੀ ਨਹੀਂ ਕੀਤੀ। ਇਸ ਲਈ ਮੈਂ ਸਮਝਦਾ ਹਾਂ ਕਿ ਸਾਡੇ ਖਜ਼ਾਨਾ ਮੰਤਰੀ ਸਾਹਿਬ ਵਧਾਈ ਦੇ ਪਾਤਰ ਹਨ। ਇਸ ਤੋਂ ਇਲਾਵਾ ਹੋਰ ਜਿਹੜੇ ਵੀ ਮੈਂਬਰ ਬੋਲੇ ਹਨ ਉਨ੍ਹਾਂ ਵਿਚੋਂ ਸਿਵਾਏ ਭੂੰਦੜ ਸਾਹਿਬ ਦੇ ਹੋਰ ਕਿਸੇ ਨੇ ਕੋਈ ਬਜਟ ਤੇ ਕੰਸਟ੍ਰਕੱਟਿਵ ਸੁਝਾਉ ਨਹੀਂ ਦਿੱਤਾ। ਭੂੰਦੜ ਸਾਹਿਬ ਨੇ ਜ਼ਰੂਰ ਕੁਝ ਕੰਸਟ੍ਰਕਟਿਵ ਸੁਝਾਓ ਦਿੱਤੇ ਸਨ। ਪਰ ਇਹ ਸੁਝਾਓ ਤਾਂ ਹੀ ਦਿੰਦੇ ਜੇ ਇਹ ਕੁਝ ਬਜਟ ਵਿਚ ਪੜ੍ਹਦੇ। ਇਨ੍ਹਾਂ ਨੇ ਸਾਰਾ ਬਜਟ ਤਾਂ ਕੀ ਪੜ੍ਹਨਾ ਸੀ ਬਜਟ ਸਪੀਚ ਦੇ 6ਵੇਂ ਪੇਜ ਤਕ ਵੀ ਨਹੀਂ ਪਹੁੰਚੇ। ਪਰ ਇਹ ਤਾਂ ਸਕੂਲ ਹੀ ਨਹੀਂ ਗਏ, ਇਨ੍ਹਾਂ ਨੇ ਬਜਟ ਸਪੀਚ ਕੀ ਪੜ੍ਹਨੀ ਸੀ। ਡਿਪਟੀ ਸਪੀਕਰ ਸਾਹਿਬ, ਬਜਟ ਸਪੀਚ ਦੇ ਪੇਜ਼ 6 ਤੇ ਇਹ ਲਿਖਿਆ ਹੈ ਕਿ ਗਰੀਬ ਵਰਗ ਦੇ ਲੋਕਾਂ ਨੂੰ 6500-6500 ਰੁਪਏ ਦਾ ਕਰਜ਼ਾ ਦੇਣਾ ਹੈ ਅੱਰ ਫਿਰ ਇਸ ਵਿਚੋਂ ਵਾਪਸ ਇਕ ਹਜ਼ਾਰ ਹੀ ਲੈਣਾ ਹੈ। ਬਾਕੀ 5500 ਰੁਪਿਆ ਉਨ੍ਹਾਂ ਨੂੰ ਸਬਸਿਡੀ ਦੇ ਤੌਰ ਤੇ ਦੇ ਦੇਣਾ ਹੈ। ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਹੋਰ ਗਰੀਬਾਂ ਲਈ ਇਹ ਸਰਕਾਰ ਕੀ ਕਰ ਸਕਦੀ ਸੀ। ਇਸ ਤੋਂ ਇਲਾਵਾ ਜਿਹੜੀ ਗਰੀਬਾਂ ਲਈ ਪੀਲੇ ਕਾਰਡਾਂ ਦੀ ਮੁਹਿੰਮ ਚਲਾਈ ਹੈ ਅੱਰ ਪੰਜਾਬ ਦੇ ਅੰਦਰ ਇਕਨੋਮਿਕ ਸਰਵੇ ਕੀਤਾ ... (ਵਿਘਨ)

ਸਰਦਾਰ ਮੇਜਰ ਸਿੰਘ ਉਬੋਕੇ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਨਹੀਂ ਜਿਹੜੇ ਪੈਸੇ ਬੈਂਕਾਂ ਵਾਲਿਆਂ ਨੇ ਗਰੀਬਾਂ ਨੂੰ ਦਿੱਤੇ ਉਸ ਵਿਚੋਂ ਅੱਧੇ ਪੈਸੇ ਤਾਂ ਬੈਂਕਾਂ ਵਾਲਿਆਂ ਨੇ ਕੱਟ ਲਏ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੈਠੋ।

ਸ਼੍ਰੀ ਰਾਮ ਸਰੂਪ ਬਾਗੀ : ਡਿਪਟੀ ਸਪੀਕਰ ਸਾਹਿਬ, ਇਹ ਬੜੀ ਅੱਛੀ ਗਲ ਹੈ ਕਿ ਗਰੀਬ ਵਰਗ ਲਈ ਪੀਲੇ ਕਾਰਡ ਬਣਾ ਕੇ ਦਿੱਤੇ। ਇਹ ਠੀਕ ਹੈ ਕਿ ਜਿਸ ਵੇਲੇ ਇਹ ਕਾਰਡ ਬਣਾਏ ਗਏ ਸਨ ਉਸ ਵੇਲੇ ਕੁਝ ਗਰੀਬ ਵਰਗ ਦੇ ਆਦਮੀ ਰਹਿ ਗਏ ਸਨ ਅਤੇ ਕੁਝ ਨਜਾਇਜ਼ ਆਦਮੀਆਂ ਨੇ ਉਹ ਕਾਰਡ ਬਣਵਾ ਲਏ ਸਨ। ਪਰ ਹੁਣ ਜਿਹੜਾ 31 ਮਾਰਚ ਤਕ ਸਰਵੇ ਹੋ ਰਿਹਾ ਹੈ ਮੈਂ ਸਮਝਦਾ ਹਾਂ ਕਿ ਜਿਹੜੇ ਆਦਮੀ ਪਹਿਲੇ ਇਨ੍ਹਾਂ ਕਾਰਡਾਂ ਤੋਂ ਰਹਿ ਗਏ ਸਨ ਉਨ੍ਹਾਂ ਦੇ ਵੀ ਬਣ ਜਾਣਗੇ ਅੱਰ ਜਿਨ੍ਹਾਂ ਦੇ ਨਜਾਇਜ਼ ਬਣੇ ਸਨ ਉਹ ਵੀ ਬੰਦ ਹੋ ਜਾਣਗੇ। ਅੱਜ ਘਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਸਰੂਪ ਬਾਗੀ]

ਘਰ ਜਾ ਕੇ ਡਿਪਾਰਟਮੈਂਟ ਦੇ ਬੰਦੇ ਸਰਵੇ ਕਰ ਰਹੇ ਹਨ ਅਤੇ ਪੀਲੇ ਕਾਰਡ ਬਣਾ ਰਹੇ ਹਨ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਪੀਲੇ ਕਾਰਡ ਪਿੱਛਲੇ 32 ਸਾਲਾਂ ਵਿਚ ਚਾਹੇ ਉਸ ਵਿਚੋਂ 28 ਸਾਲ ਕਾਂਗਰਸ ਦਾ ਰਾਜ ਵੀ ਰਿਹਾ ਹੈ ਉਨ੍ਹਾਂ ਨੇ ਵੀ ਇਹ ਸਿਸਟਮ ਨਹੀਂ ਬਣਾਇਆ ਸੀ ਜਿਹੜਾ ਕਿ ਇਸ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਬਣਾਇਆ ਹੈ। ਇਹ ਇਕ ਬਹੁਤ ਹੀ ਅੱਛਾ ਕਦਮ ਸਰਕਾਰ ਨੇ ਚੁੱਕਿਆ ਹੈ, ਜਿਸ ਲਈ ਇਹ ਵਧਾਈ ਦੇ ਪਾਤਰ ਹਨ। ਇਥੇ ਉਬੋਕੇ ਸਾਹਿਬ ਨੇ ਕਿਹਾ ਹੈ ਕਿ ਬੈਂਕਾਂ ਵਾਲਿਆਂ ਨੇ ਅੱਧੇ ਪੈਸੇ ਰਖ ਲਏ । ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਹ ਪੈਸੇ ਰੱਖ ਲੈਣ। ਇਹ ਆਪ ਉਨ੍ਹਾਂ ਦੇ ਨਾਲ ਬੈਂਕ ਵਿਚ ਜਾਂਦੇ ਅਤੇ ਉਨ੍ਹਾਂ ਨੂੰ ਪੈਸੇ ਦਿਵਾਉਂਦੇ।

ਹੁਣ ਮੈਂ ਟ੍ਰਾਂਸਪੋਰਟ ਦੇ ਬਾਰੇ ਅਰਜ਼ ਕਰਦਾ ਹਾਂ ਕਿ ਪਿਛਲੇ ਡੇਢ ਸਾਲ ਵਿਚ ਜਿੰਨੀ ਟਰਾਂਸਪੋਰਟ ਨੇ ਤਰੱਕੀ ਕੀਤੀ ਹੈ ਉਹ ਬਹੁਤ ਹੀ ਜ਼ਿਆਦਾ ਹੈ। ਇਹ ਜਿਹੜੇ ਟ੍ਰਾਂਸਪੋਰਟ ਦੇ ਨੌਜਵਾਨ ਮੰਤਰੀ ਆਏ ਹਨ ਇਨ੍ਹਾਂ ਨੇ ਆਉਂਦੇ ਹੀ ਜਿਹੜੀਆਂ ਪਿਛਲੀ ਸਰਕਾਰ ਦੀਆਂ 300 ਬਸਾਂ ਨਾਕਾਰਾ ਹੋ ਕੇ ਖੜ੍ਹੀਆਂ ਸਨ ਅਤੇ ਪੀਪਾ ਟ੍ਰਾਂਸਪੋਰਟ ਚਲ ਰਹੀ ਸੀ ਉਨ੍ਹਾਂ ਸਾਰੀਆਂ ਬਸਾਂ ਨੂੰ ਠੀਕ ਕਰਵਾ ਕੇ ਚਲਵਾਇਆ ਹੈ ਅਤੇ ਸੈਂਕੜੇ ਦੀ ਤਦਾਦ ਵਿਚ ਨਵੀਆਂ ਬਸਾਂ ਵੀ ਖਰੀਦੀਆਂ ਹਨ। ਇਸ ਦੇ ਨਾਲ ਹੀ ਇਨ੍ਹਾਂ ਨੇ ਹਰਿਆਣਾ, ਰਾਜਿਸਥਾਨ, ਹਿਮਾਚਲ ਪ੍ਰਦੇਸ਼ ਦੇ ਨਾਲ ਵੀ ਰੈਸੀਪਰੋਕਲ ਪਰਮਿਟ ਜਾਰੀ ਕੀਤੇ ਹਨ। ਇਸ ਤਰ੍ਹਾਂ ਨਾਲ ਅਸੀਂ ਕਹਿ ਸਕਦੇ ਹਾਂ ਕਿ ਜੋ ਅੱਜ ਤਰੱਕੀ ਟ੍ਰਾਂਸਪੋਰਟ ਨੇ ਕੀਤੀ ਹੈ ਉਹ ਬਹੁਤ ਹੀ ਜ਼ਿਆਦਾ ਹੈ। ਇਸ ਸਬੰਧ ਵਿਚ ਮੈਂ ਇਕ ਸੁਝਾਓ ਵੀ ਐਫ.ਐਮ. ਸਾਹਿਬ ਨੂੰ ਦੇਵਾਂਗਾ ਕਿ ਇਹ ਜਿਹੜਾ ਟ੍ਰਾਂਸਪੋਰਟ ਨੂੰ ਘਾਟਾ ਹੁੰਦਾ ਹੈ ਅਸਲ ਵਿਚ ਜਿਹੜਾ ਟੈਕਸ ਦਾ ਪੈਸਾ ਐਕਸਾਈਜ਼ ਵਾਲੇ ਲੈ ਜਾਂਦੇ ਹਨ ਜੇ ਇਹ ਸਾਰਾ ਪੈਸਾ ਪੰਜਾਬ ਰੋਡਵੇਜ਼ ਦੇ ਫੰਡ ਵਿਚ ਟੋਟਲ ਕੀਤਾ ਜਾਵੇ ਤਾਂ ਇਹ ਘਾਟਾ ਕਦੇ ਨਹੀਂ ਰਹੇਗਾ। ਦੂਜਾ, ਮੈਂ ਇਹ ਕਹਿੰਦਾ ਹਾਂ ਕਿ ਜਿਹੜਾ ਪੈਸੰਜਰ ਟੈਕਸ ਅੰਰ ਗੁਡਜ਼ ਟੈਕਸ ਲਿਆ ਜਾਂਦਾ ਹੈ ਜੇ ਇਹ ਦੋਨੋ ਟੈਕਸ ਇਕ ਡਿਪਾਰਟਮੈਂਟ ਕੁਲੈਕਟ ਕਰੇ ਤਾਂ ਇਹ ਜਿਹੜੀ ਟੈਕਸ ਦੀ ਚੋਰੀ ਹੁੰਦੀ ਹੈ ਇਹ ਵੀ ਕਾਫੀ ਹੱਦ ਤਕ ਖ਼ਤਮ ਹੋ ਸਕਦੀ ਹੈ। ਹੁਣ ਇਹ ਦੋਨੋਂ ਟੈਕਸ ਦੋ ਅਥਾਰਿਟੀਆਂ ਕੁਲੈਕਟ ਕਰਦੀਆਂ ਹਨ ਜਿਸ ਕਰਕੇ ਟੈਕਸ ਦੀ ਚੋਰੀ ਹੁੰਦੀ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਦੋਨੋਂ ਹੀ ਟ੍ਰਾਂਸਪੋਰਟ ਅਥਾਰਿਟੀ ਕੋਲ ਹੋਣੇ ਚਾਹੀਦੇ ਹਨ। ਇਸ ਨਾਲ ਇਹ ਹੋਵੇਗਾ ਕਿ ਜੇ ਕੋਈ ਆਪਣੀ ਗੱਡੀ ਵੇਚਣ ਲਗੇਗਾ ਤਾਂ ਉਸ ਨੂੰ ਕਿਹਾ ਜਾਵੇਗਾ ਕਿ ਪਹਿਲੇ ਆਪਣੇ ਗੁਡਜ਼ ਟੈਕਸ ਦੇ ਕਾਗਜ਼ ਵਿਖਾ। ਇਸ ਤਰ੍ਹਾਂ ਨਾਲ ਕਾਫੀ ਹੱਦ ਤਕ ਗੁਡਜ਼ ਟੈਕਸ ਦੀ ਚੋਰੀ ਰੁਕੇਗੀ । ਹੁਣ ਮੈਂ ਤੁਹਾਨੂੰ ਐਜੂਕੇਸ਼ਨ ਦੇ ਮੁਤਲਿਕ ਦੱਸਦਾ ਹਾਂ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਦਰਖੱਤਾਂ ਦੇ ਥੱਲੇ ਸਕੂਲ ਖੋਲ੍ਹ ਦਿੱਤੇ ਸਨ ਅਤੇ ਉਥੇ ਤੱਖਤੀਆਂ ਸਕੂਲ ਦੀਆਂ ਲਗਾ ਦਿੱਤੀਆਂ ਸਨ। ਮੇਰੇ ਧਾਰ ਬਲਾਕ ਵਿਚ ਦਰਖੱਤਾਂ ਦੇ ਥੱਲੇ ਸਕੂਲਾਂ ਦੀਆਂ ਫੱਟੀਆਂ ਲਗੀਆਂ ਹੋਈਆਂ ਸਨ। ਸਾਡੇ ਅਜਨਾਲਾ ਸਾਹਿਬ, ਵਿਦਿਆ ਮੰਤਰੀ ਜੀ, ਬੜੇ ਖੂਬਸੂਰਤ ਹਨ, ਖੁਸ਼-ਮਿਜਾਜ਼ ਵੀ ਹਨ, ਐਜੂਕੇਟਿੱਡ ਵੀ ਹਨ। ਇਨ੍ਹਾਂ ਨੇ ਵਿਦਿਆ ਦੇ ਖੇਤਰ ਵਿਚ ਡੇਢ ਸਾਲ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਮੇਰੇ ਧਾਰ ਬਲਾਕ ਵਿਚ ਬਹੁਤ ਸਾਰੇ ਸਕੂਲਾਂ ਨੂੰ ਅਪਗਰੇਡ ਕਰ ਦਿੱਤਾ ਹੈ। ਅਕਾਲੀ ਪਾਰਟੀ ਵਾਲੇ ਇਸ ਧਾਰ ਬਲਾਕ ਦੇ ਸਕੂਲਾਂ ਨੂੰ ਅਪਗਰੇਡ ਨਹੀਂ ਕਰਕੇ ਗਏ ਸਨ । ਮੈਂ ਐਫ.ਐਮ. ਸਾਹਿਬ ਨੂੰ ਸੁਜੈਸ਼ਨ ਦੇਵਾਂਗਾ ਕਿ ਪਿਛਲੇ ਸਾਲ ਉਨ੍ਹਾਂ ਨੇ 100 ਵੋਕੇਸ਼ਨਲ ਟਰੇਨਿੰਗ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਸੀ ਪਰ ਇਸ ਸਾਲ ਇਸ ਬਾਰੇ ਕੋਈ ਗੱਲ ਨਜ਼ਰ ਨਹੀਂ ਆ ਰਹੀ ਇਨ੍ਹਾਂ ਟਰੇਨਿੰਗ ਸਕੂਲਾਂ ਨੂੰ ਖੋਲ੍ਹਣ ਵੱਲ ਸਰਕਾਰ ਧਿਆਨ ਦੇਵੇ। ਇਸ ਸਾਲ ਵੀ ਤੁਸੀਂ 200—250 ਸਕੂਲਾਂ ਨੂੰ ਅਪਗਰੇਡ ਕਰਨ ਦਾ ਟੀਚਾ ਰੱਖੋ ਤਾਕਿ ਸੂਬੇ ਵਿਚੋਂ ਅਨਪੜ੍ਹਤਾ ਦੂਰ ਹੋ ਸਕੇ

Original with;
Punjab Vidhan Sabha
Digitized by;
Panjab Digital Library

(ਘੰਟੀ)। ਸਾਡੀ ਪ੍ਰਧਾਨ ਮੰਤਰੀ ਜੀ ਨੇ ਨਵਾਂ 20 ਪੁਆਇੰਟ ਪ੍ਰੋਗਰਾਮ ਦਿੱਤਾ ਹੈ, ਇਸ ਦੀ ਕਾਮਯਾਬੀ ਅਫ਼ਸਰਾਂ ਦੇ ਹੱਥਾਂ ਵਿਚੋਂ ਨਹੀਂ ਹੋ ਸਕਦੀ। ਜਿਸ ਤਰ੍ਹਾਂ ਪਿਛਲੀ ਵਾਰ ਬੀਅਰੋਕਰੇਸੀ ਨੇ 20 ਪੁਆਇੰਟ ਪ੍ਰੋਗਰਾਮ ਦਾ ਜੋ ਹਸ਼ਰ ਕੀਤਾ ਸੀ ਫੇਰ ਉਹੀ ਹਸ਼ਰ ਹੋਵੇਗਾ ਇਸ ਲਈ ਮੇਰੀ ਬੇਨਤੀ ਹੈ ਕਿ ਸਾਡੀ ਪਾਰਟੀ ਇਸ ਪ੍ਰੋਗਰਾਮ ਨੂੰ ਸਿਰੇ ਚੜ੍ਹਾਏ। ਆਪੋਜੀਸ਼ਨ ਪਾਰਟੀਆਂ ਦੇ ਲੀਡਰਾਂ ਨੇ 20 ਪੁਆਇੰਟ ਪ੍ਰੋਗਰਾਮ ਨੂੰ ਵੇਖਿਆ ਹੀ ਨਹੀਂ ਹੈ ਕਿ ਇਸ ਵਿਚ ਕੀ ਕੀ ਚੀਜ਼ਾਂ ਹਨ। ਇਸ ਵਿਚ ਗਰੀਬਾਂ ਲਈ ਬਹੁਤ ਸਹੂਲਤਾਂ ਦਿੱਤੀਆਂ ਗਈਆਂ ਹਨ ਅਤੇ ਐਜੂਕੇਸ਼ਨ ਤੇ ਜ਼ੋਰ ਦਿੱਤਾ ਗਿਆ ਹੈ। ਅੰਤ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰੀ ਅਦਾਰਿਆਂ ਵਿਚ, ਬੋਰਡਾਂ/ਕਾਰਪੋਰੇਸ਼ਨਾਂ ਵਿਚ ਅਫ਼ਸਰਾਂ ਦੀ ਥਾਂ ਪੁਲੀਟੀਕਲ ਬੰਦਿਆਂ ਨੂੰ ਲਗਾਇਆ ਜਾਵੇ ਤਾਂਕਿ ਉਹ 20 ਪੁਆਇੰਟ ਪ੍ਰੋਗਰਾਮ ਨੂੰ ਕਾਮਯਾਬ ਕਰ ਸਕਣ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਬਲਵਿੰਦਰ ਸਿੰਘ ਭੂੰਦੜ।

ਸਰਦਾਰ ਗੁਰਨੈਬ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸਵੇਰੇ ਸਪੀਕਰ ਸਾਹਿਬ ਨੇ ਭੂੰਦੜ ਸਾਹਿਬ ਨੂੰ ਟਾਈਮ ਦੇਣ ਤੋਂ ਨਾ ਕਰ ਦਿੱਤੀ ਸੀ ਪਰ ਤੁਸੀਂ ਹੁਣ ਫੇਰ ਟਾਈਮ ਦੇ ਰਹੇ ਹੋ। ਜਿਹੜਾ ਸਪੀਕਰ ਪਹਿਲੇ ਬੋਲ ਚੁੱਕਾ ਹੋਵੇ ਉਹ ਦੁਬਾਰਾ ਕਿਸ ਤਰ੍ਹਾਂ ਬੋਲ ਸਕਦਾ ਹੈ? ਉਸ ਨੂੰ ਦੁਬਾਰਾ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਸਾਡੀ ਪਾਰਟੀ ਦੇ 12 ਮਿੰਟ ਬਾਕੀ ਪਏ ਹਨ ਅੱਤੇ ਸਪੀਕਰ ਸਾਹਿਬ ਮੈਨੂੰ ਇਜਾਜ਼ਤ ਦੇ ਗਏ ਸਨ।

ਸ਼੍ਰੀ ਡਿਪਟੀ ਸਪੀਕਰ : ਠੀਕ ਹੈ, ਭੂੰਦੜ ਸਾਹਿਬ, ਤੁਹਾਡੀ ਪਾਰਟੀ ਦੇ 12 ਮਿੰਟ ਬਾਕੀ ਹਨ ਉਹ ਤੁਸੀਂ ਲੈ ਸਕਦੇ ਹੋ ਅਤੇ ਆਪਣੀ ਸਪੀਚ ਨੂੰ 12 ਮਿੰਟਾਂ ਦੇ ਵਿਚ ਹੀ ਖਤਮ ਕਰ ਦੇਣਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) : ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਪਿੱਛਲੀ ਸਪੀਚ ਨੂੰ ਫਿਰ ਲਿੰਕ ਅੱਪ ਕਰਨ ਦੀ ਕੋਸ਼ਿਸ਼ ਕਰਾਂਗਾ। ਇਸ ਦੇ ਲਈ ਮੈਨੂੰ ਥੋੜ੍ਹਾ ਜਿਹਾ ਪਿੱਛੇ ਨੂੰ ਜਾਣਾ ਪਵੇਗਾ। ਇਹ ਕਹਿੰਦੇ ਸਨ ਕਿ ਅਕਾਲੀਆਂ ਦੀ ਪਲੈਨਿੰਗ ਗਲਤ ਸੀ ਅੱਤੇ ਅਸੀਂ ਇਸ ਨੂੰ ਠੀਕ ਕੀਤਾ ਹੈ ਅਤੇ ਕਾਮਯਾਬੀ ਪ੍ਰਾਪਤ ਕੀਤੀ ਹੈ। ਮੈਂ ਅੱਜ ਵੀ ਇਹ ਚੈਲੰਜ ਕਰਦਾ ਹਾਂ ਕਿ ਤੁਹਾਡੀ ਪਲਾਨ 385 ਕਰੋੜ ਰੁਪਏ ਦੀ ਨਹੀਂ ਹੈ ਬਲਕਿ 252 ਕਰੋੜ ਰੁਪਏ ਦੀ ਹੈ। ਤੁਸੀਂ ਪਲਾਨ ਨੂੰ ਪਿਛਲੇ 30 ਸਾਲਾਂ ਦੇ ਆਪਣੇ ਰਾਜ ਵਿਚ ਠੀਕ ਨਹੀਂ ਕਰ ਸਕੇ ਅਤੇ ਤੁਸੀਂ ਪਲਾਨ ਵਿਚ ਪੰਜਾਬ ਦਾ ਫਿਊਚਰ ਨਹੀਂ ਬਣਾ ਸਕੇ। ਤੁਸੀਂ ਇਹ ਵੀ ਪਲਾਨ ਰਾਹੀਂ ਅੰਦਾਜ਼ਾ ਨਹੀਂ ਲਗਾਇਆ ਕਿ ਤੁਹਾਨੂੰ ਫਿਊਚਰ ਵਿੱਚ ਬਿਜਲੀ, ਪਾਣੀ ਦੀ ਕਿੰਨੀ ਲੋੜ ਪਵੇਗੀ। ਤੁਸੀਂ ਪਿਛਲੇ 20 ਸਾਲਾਂ ਤੋਂ ਪਾਣੀ ਅਤੇ ਬਿਜਲੀ ਦਿੱਲੀ ਅਤੇ ਰਾਜਿਸਥਾਨ ਨੂੰ ਕਿੰਨੀ ਹੀ ਦੇ ਚੁੱਕੇ ਹੋ। ਤੁਹਾਨੂੰ ਆਟੋਮਿਕ ਪਲਾਂਟ ਕੋਈ ਦਿੰਦਾ ਨਹੀਂ ਹੈ। ਤੁਸੀਂ ਆਪਣੇ ਰਿਸੋਰਸਿਜ਼ ਨੂੰ ਮੋਬੇਲਾਈਜ਼ ਕਰੋ ਤਾਂਕਿ ਸਟੇਟ ਦੀ ਡਿਵੈਲਪਮੈਂਟ ਹੋ ਸਕੇ।

ਡਰੇਨੇਜ਼ ਦਾ ਕੰਮ ਬਹੁਤ ਵੱਡਾ ਹੈ। ਇਸ ਦੇ ਲਈ ਰਕਮ ਜ਼ਿਆਦਾ ਚਾਹੀਦੀ ਹੈ ਲੇਕਿਨ ਇਸ ਦੇ ਲਈ ਰਕਮ ਬਹੁਤ ਥੋੜੀ ਹੈ। ਮੈਂ ਤੁਹਾਨੂੰ ਇਕਨੌਮਿਕ ਸਰਵੇ ਦੇ ਆਧਾਰ ਤੇ ਦੱਸਦਾ ਹਾਂ ਕਿ 30 ਲੱਖ ਏਕੜ ਜ਼ਮੀਨ ਡਰੇਨੇਜ਼ ਕਰਕੇ ਬਰਬਾਦ ਹੋ ਰਹੀ ਹੈ। ਇਸ ਡਰੇਨੇਜ਼ ਵਾਸਤੇ ਅਸੀਂ ਆਪਣੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੁੰਦੜ]

ਸਰਕਾਰ ਵੇਲੇ 11 ਕਰੋੜ ਰੁਪਿਆ ਰਖਿਆ ਸੀ ਪਰ ਇਨ੍ਹਾਂ ਨੇ ਆ ਕੇ 4 ਕਰੋੜ ਰੁਪਏ ਇਸ ਦੇ ਲਈ ਕਰ ਦਿੱਤਾ ਹੈ। ਇਸੇ ਤਰ੍ਹਾਂ ਸੜਕਾਂ ਅਤੇ ਬਿਜਲੀ ਬਾਰੇ ਯਸ਼ ਜੀ ਨੇ ਕਿਹਾ ਕਿ ਇਹ ਦੋ ਚੀਜ਼ਾਂ ਨਾਲ ਸਟੇਟ ਦੀ ਤਰੱਕੀ ਹੋ ਸਕਦੀ ਹੈ। ਇਸ ਦੀ ਤਰੱਕੀ ਵਾਸਤੇ ਸਰਕਾਰ ਨੇ ਕਿੰਨਾ ਪੈਸਾ 1982-83 ਵਿਚ ਰਖਿਆ ਹੈ ? 9 ਕਰੋੜ ਰੁਪਿਆ ਸਰਕਾਰ ਨੇ ਰਖਿਆ ਹੈ ਜਦ ਕਿ ਅਸੀਂ 1979-80 ਵਿਚ 15.31 ਕਰੋੜ ਰੁਪਿਆ ਰਖਿਆ ਸੀ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਇਹ ਕਿੰਨੀ ਤਰੱਕੀ ਕਰ ਰਹੇ ਹਨ । ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਨਇੰਪਲਾਇਮੈਂਟ ਵਿਚ ਕਿੰਨਾ ਵਾਧਾ ਹੋਇਆ ਹੈ। ਪਹਿਲਾਂ ਇਸ ਦੀਆਂ ਫਿਗਰਜ਼ ਦਸੰਬਰ, 1980 ਤੱਕ 4.53 ਲੱਖ ਸੀ ਅਤੇ ਇਕ ਸਾਲ ਬਾਅਦ ਇਹ ਫਿਗਰ 4.80 ਲੱਖ ਹੋ ਗਈ ਹੈ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਲਵੋ ਕਿ ਇਨ੍ਹਾਂ ਦੀ ਪਲੈਨਿੰਗ ਕਿੰਨੀ ਡਿਫੈਕਟਿਵ ਹੈ। ਅਗਰ ਅਨਪੜ੍ਹ ਲੋਕ ਬੇਕਾਰ ਹੋਣ ਤਾਂ ਅਸੀਂ ਸਮਝ ਸਕਦੇ ਸੀ ਪਰ 7.40% ਓਵਰਆਲ ਅਨਇੰਪਲਾਇਮੈਂਟ ਵੱਧੀ ਹੈ । ਟੈਕਨੀਕਲਜ਼ ਜਿਹਾ ਵਿਚ ਇੰਜੀਨੀਅਰਜ਼, ਡਾਕਟਰਜ਼, ਵੈਟਰਨਰੀ ਡਾਕਟਰਜ਼, ਆ ਜਾਂਦੇ ਹਨ ਉਹ ਹੁਣ ਬੇਕਾਰ ਹਨ ਅਤੇ ਇਨ੍ਹਾਂ ਦੀ ਪ੍ਰਸੈਂਟੇਜ 4.4% ਬਣਦੀ ਹੈ। ਇਹ ਵਾਧਾ ਵੱਧ ਰਿਹਾ ਹੈ। ਤੁਸੀਂ ਸੂਬੇ ਵਿਚ ਨੰਬਰ 1 ਤੇ ਗੱਲ, ਇਹ ਕਰੋ ਕਿ ਸੂਬੇ ਵਿਚੋਂ ਕੁਰੱਪਸ਼ਨ ਨੂੰ ਬੰਦ ਕਰੋ। ਸਾਡੀ ਬਦਕਿਸਮਤੀ ਇਹ ਹੈ ਕਿ ਅੱਜ ਕੱਲ ਕੋਈ ਵੀ ਆਦਮੀ ਕੰਮ ਕਰਨ ਵਾਸਤੇ ਤਿਆਰ ਨਹੀਂ ਹੈ, ਚਪੜਾਸੀ ਵੀ ਚਿੱਟਾ ਪਜਾਮਾ ਪਾ ਕੇ ਸਰਕਾਰੀ ਨੌਕਰੀ ਕਰਨਾ ਚਾਹੁੰਦਾ ਹੈ। ਉਹ ਨੌਕਰੀ ਕਰਕੇ 300 ਰੁਪਏ ਤਨਖਾਹ ਲੈਣ ਵਾਸਤੇ ਤਿਆਰ ਹੈ। ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

ਤੁਸੀਂ ਖੇਤੀਬਾੜੀ ਨੂੰ ਲਾਹੇਵੰਦ ਬਣਾਓ।

ਸਰਦਾਰ ਲਾਲ ਸਿੰਘ : ** ** **

Mr. Deputy Speaker: Not allowed.

ਸਰਦਾਰ ਬਲਵਿੰਦਰ ਸਿੰਘ ਭੁੰਦੜ: ਡਿਪਟੀ ਸਪੀਕਰ ਸਾਹਿਬ, ਦਿੱਲੀ ਦੇ ਟਾਪ ਪੇਪਰ ਰਿਸਰਚ ਐਂਡ ਸਟੱਡੀ ਵਿੱਚ ਕਿਹਾ ਗਿਆ ਹੈ ।

The small farmer is in a bad shape. The study says that—

"It is an irony that even in a very prosperous State like Punjab, all these farmers are unable to make out a proper living despite their best endeavours."

ਡਿਪਟੀ ਸਪੀਕਰ ਸਾਹਿਬ, ਸਮਾਲ ਸਕੇਲ ਇੰਡਸਟਰੀਜ਼ ਤੇ ਪੰਜਾਬ ਸਰਕਾਰ ਨੂੰ ਜ਼ੋਰ ਦੇਣਾ ਚਾਹੀਦਾ ਹੈ। ਮਾਰਕੀਟਿੰਗ ਦਾ ਅਰੇਂਜਮੈਂਟ ਠੀਕ ਕਰਨਾ ਚਾਹੀਦਾ ਹੈ। ਸਮੱਗਲਰਾਂ ਅਤੇ ਬਲੈਕਮਾਰਕੀਟੀਆਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਸਮੱਗਲਰਾਂ ਅਤੇ ਬਲੈਕਮਾਰਕੀਟੀਆਂ ਬਾਰੇ ਵੀ ਇਕਨਾਮਿਕ ਸਰਵੇ ਵਿਚ ਪੁਆਇੰਟ ਦਿੱਤੇ ਗਏ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਇੱਕ ਪੁਆਇੰਟ ਅਨਇੰਪਲਾਇਮੈਂਟ ਬਾਰੇ ਕਹਿਣਾ ਚਾਹੁੰਦਾ ਹਾਂ। ਐਸ.ਐਸ.ਐਸ. ਬੋਰਡ ਦੇ ਚੇਅਰਮੈਨ ਨੇ ਲੁਧਿਆਣੇ ਵਿਚ ਕਿਹਾ ਹੈ ਕਿ ਸਿਰਫ ਟੀਚਰਾਂ ਦੀਆਂ ਅਰਜ਼ੀਆਂ ਲਈ 90 ਬੋਰੀਆਂ ਭਰੀਆਂ ਪਈਆਂ ਹਨ। ਜੇਕਰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਪਲੈਨਿੰਗ ਠੀਕ ਹੁੰਦੀ ਤਾਂ ਇਸ ਤਰ੍ਹਾਂ ਬੇਰੁਜ਼ਗਾਰੀ ਨਾ ਵੱਧਦੀ। ਇਕ ਪੈਰਾ ਪਰਾਈਸਿਜ਼ ਨੂੰ ਕੰਟਰੋਲ ਕਰਨ ਬਾਰੇ ਲਿਖਿਆ ਗਿਆ ਹੈ । ਮੈਂ ਹੈਰਾਨ ਹਾਂ ਕਿ ਪੰਜਾਬ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਕਾਰ ਪਰਾਈਸਿਜ਼ ਨੂੰ ਕੰਟਰੋਲ ਬਿਲਕੁਲ ਨਹੀਂ ਕਰਦੀ। ਸਿਰਫ 17 ਆਦਮੀ 61 ਕਰੋੜ ਰੁਪਏ ਨੂੰ ਕੰਟਰੋਲ ਕਰਦੇ ਹਨ। ਉਨ੍ਹਾਂ ਆਦਮੀਆਂ ਨੂੰ ਇਹ ਫੜਦੇ ਨਹੀਂ ਹਨ। ਸਮੱਗਲਰਾਂ ਨੂੰ ਫੜਨ ਦੀ ਬਜਾਏ ਇਨ੍ਹਾਂ ਨੇ ਕਣਕ ਤੇ ਬੈਨ ਲਗਾ ਦਿਤਾ ਹੈ। ਡਿਪਟੀ ਸਪੀਕਰ ਸਾਹਿਬ ਇਕਨੌਮਿਕ ਸਰਵੇ ਵਿਚ ਲਿਖਿਆ

"The export of wheat from the State was banned and the licences of the traders who indulged in un-authorised export of wheat to the other states were suspended. To ensure a complete check on the mal-practices, barriers were reintroduced at key places adjoining other states."

ਸੀ. ਐਮ. ਸਾਹਿਬ ਕਹਿੰਦੇ ਹਨ ਕਿ ਅਸੀਂ ਕਣਕ ਤੇ ਬੈਨ ਨਹੀਂ ਲਗਾਇਆ ਇਨ੍ਹਾਂ ਨੇ ਕਣਕ ਤੇ ਬੈਨ ਲਗਾਕੇ ਕਿਸਾਨਾਂ ਦਾ ਨੁਕਸਾਨ ਕੀਤਾ ਹੈ। ਜਿਹੜੇ ਗਲਤ ਕੰਮ ਕਰਦੇ ਹਨ, ਉਨ੍ਹਾਂ ਨੂੰ ਇਹ ਪਕੜਦੇ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਸਮੱਗਲਰਾਂ ਅਤੇ ਬਲੈਕਮਾਰਕਿਟ ਕਰਨ ਵਾਲਿਆਂ ਨੂੰ ਇਹ ਪਕੜਦੇ ਨਹੀਂ ਹਨ।

ਹੁਣ ਮੈਂ ਇੰਡਸਟਰੀਜ਼ ਵੱਲ ਆਉਂਦਾ ਹਾਂ। ਡਿਪਟੀ ਸਪੀਕਰ ਸਾਹਿਬ, ਸਾਡੇ ਸੂਬੇ ਦੀ 15% ਕਾਟਨ ਅਤੇ 13% ਸ਼ੁਗਰ ਦੀ ਇੰਡਸਟਰੀ ਹੈ ਪਰ ਕੋਈ ਟੈਕਸਟਾਈਲ ਮਿੱਲ ਇਹ ਪੰਜਾਬ ਵਿਚ ਨਹੀਂ ਲਿਆਏ। ਜੇਕਰ ਕੋਈ ਟੈਕਸਟਾਈਲ ਮਿੱਲ ਪੰਜਾਬ ਵਿਚ ਲਿਆਉਂਦੇ ਤਾਂ ਅਸੀਂ ਇਨ੍ਹਾਂ ਦੀ ਤਾਰੀਫ ਕਰਦੇ। ਹੋਰ ਜ਼ਿਆਦਾ ਸ਼ੁਗਰ ਫੈਕਟਰੀਆਂ ਲਿਆਉਂਦੇ ਤਾਂ ਅਸੀਂ ਇਨ੍ਹਾਂ ਦੀ ਤਾਰੀਫ ਕਰਦੇ। ਪਰ ਡਿਪਟੀ ਸਪੀਕਰ ਸਾਹਿਬ ਹੋਇਆ ਕੀ ਕਿ ਹਰਿਆਣਾ ਨੂੰ ਤਿੰਨ, ਬਿਹਾਰ ਨੂੰ 28 ਅਤੇ ਮਹਾਰਾਸ਼ਟਰਾ ਨੂੰ 100 ਮਿੱਲਾਂ ਦਾ ਲਾਇਸੰਸ ਮਿਲਿਆ ਹੈ ਪਰ ਪੰਜਾਬ ਨੂੰ ਸਿਰਫ ਇੱਕ ਸ਼ੁਗਰ ਮਿੱਲ ਦਾ ਲਾਇਸੰਸ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੂੰ ਨਵੇਂ ਪਲਾਂਟਸ ਸੈਂਟਰ ਸਰਕਾਰ ਕੋਲੋਂ ਲਿਆਉਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਸਰਕਾਰ ਨੇ ਪਹਿਲੇ ਸਾਲ 27 ਕਰੋੜ ਰੁਪਏ ਦੇ ਟੈਕਸ ਲਾਏ ਸਨ, ਦੂਜੇ ਸਾਲ 65 ਕਰੋੜ ਰੁਪਏ ਦੇ ਟੈਕਸ ਲਗਾਏ, ਇਸ ਸਾਲ 40 ਕਰੋੜ ਰੁਪਏ ਦੇ ਟੈਕਸ ਲਗਾਏ ਹਨ ਅਤੇ ਆਉਣ ਵਾਲੇ ਸਾਲ ਵਿਚ 85 ਕਰੋੜ ਰੁਪਏ ਦੇ ਟੈਕਸ ਲਗਾਏ ਜਾ ਰਹੇ ਹਨ। ਇਹ ਟੈਕਸ ਤੇ ਟੈਕਸ ਲਗਾ ਕੇ ਕਿਸਾਨਾਂ ਅਤੇ ਗਰੀਬ ਲੋਕਾਂ ਉਤੇ ਭਾਰ ਪਾਈ ਜਾਂਦੇ ਹਨ। ਮੈਂ ਕੁਝ ਸੁਜੈਸ਼ਨਾਂ ਡਿਪਟੀ ਸਪੀਕਰ ਸਾਹਿਬ, ਪਹਿਲਾਂ ਵੀ ਦਿੱਤੀਆਂ ਹਨ ਅਤੇ ਕੁਝ ਸੁਜੈਸ਼ਨਾਂ ਮੈਂ ਹੁਣ ਦੇ ਰਿਹਾ ਹਾਂ। ਜੇਕਰ ਇਨ੍ਹਾਂ ਸੁਜੈਸ਼ਨਾਂ ਨੂੰ ਸਰਕਾਰ ਮੰਨ ਲਵੇ ਤਾਂ ਪੰਜਾਬ ਵਿਚ ਇੱਕ ਵੀ ਟੈਕਸ ਲਗਾਉਣ ਦੀ ਲੋੜ ਨਹੀਂ ਹੈ। ਡਿਪਟੀ ਸਪੀਕਰ ਸਾਹਿਬ ਇਕੱਲੇ ਬਿਜਲੀ ਬੋਰਡ ਵਿਚ 19.9 ਕਰੋੜ ਰੁਪਏ ਦੀ ਲੀਕੇਜ ਹੁੰਦੀ ਹੈ। ਇਹ ਬਜਟ ਦਾ ਪੰਜਵਾਂ ਹਿੱਸਾ ਹੈ। ਜੇਕਰ ਇਸ ਨੂੰ ਹੀ ਕੰਟਰੋਲ ਕਰ ਲਿਆ ਜਾਵੇ ਤਾਂ 40 ਕਰੋੜ ਰਪਏ ਦੇ ਟੈਕਸ ਲਗਾਉਣ ਦੀ ਲੋੜ ਨਹੀਂ ਪੈਂਦੀ। ਡਿਪਟੀ ਸਪੀਕਰ ਸਾਹਿਬ, ਫੁਟਵੀਅਰ ਕਾਰਪੋਰੇਸ਼ਨ, ਟੈਨਰੀਜ਼ ਕਾਰਪੋਰੇਸ਼ਨ, ਪੋਲਟਰੀ ਕਾਰਪੋਰੇਸ਼ਨ, ਪੀ.ਆਰ.ਟੀ.ਸੀ. ਅਤੇ ਹੋਰ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਹਨ ਜਿਨ੍ਹਾਂ ਦੇ ਸੱਤ ਸੱਤ ਸਾਲ ਦੇ ਅਕਾਊਂਟਸ ਠੀਕ ਨਹੀਂ ਹਨ। ਜੇਕਰ ਇਨ੍ਹਾਂ ਨੂੰ ਹੀ ਠੀਕ ਕਰ ਲਿਆ ਜਾਵੇ ਤਾਂ ਵੀ ਮੈਂ ਸਮਝਦਾ ਹਾਂ ਕਿ ਕੋਈ ਟੈਕਸ ਕਿਸਾਨਾਂ ਤੇ ਲਗਾਉਣ ਦੀ ਲੋੜ ਨਹੀਂ ਹੈ। ਜੋ, ਡਿਪਟੀ ਸਪੀਕਰ ਸਾਹਿਬ, ਬਕਾਇਆ ਪਏ ਹਨ, ਉਨ੍ਹਾਂ ਤੇ ਕੰਟਰੋਲ ਕਰ ਲੈਣ ਤਾਂ ਸਾਰਾ ਕੁਝ ਠੀਕ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਛੇਵੀਂ ਪੰਜ ਸਾਲਾ ਯੋਜਨਾ ਵਿੱਚ 51 ਮਿਲੀਅਨ ਦੇ ਟੈਕਸ ਲਗ ਰਹੇ ਹਨ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਹੁਣੇ ਹੀ, ਡਿਪਟੀ ਸਪੀਕਰ ਸਾਹਿਬ, ਵਾਈਂਡ ਅੱਪ ਕਰ ਦਿੰਦਾ ਹਾਂ। ਜੇਕਰ ਮੈਨੂੰ ਬੋਲਣ ਦਾ ਇਕੱਠਾ ਟਾਈਮ ਮਿਲ ਜਾਂਦਾ ਤਾਂ ਮੇਰੀ ਸਪੀਚ ਹੋਰ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਚੰਗੀ ਹੋਣੀ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਕੁਝ ਅਖ਼ਬਾਰਾਂ ਦੀਆਂ ਕਟਿੰਗਜ਼ ਦੇ ਬਾਰੇ ਦੱਸਦਾ ਹਾਂ। ਨਵੇਂ ਟੈਕਸ ਠੀਕ ਤਰ੍ਹਾਂ ਲਾਕੇ ਅੱਰ ਠੀਕ ਤਰ੍ਹਾਂ ਪੈਸਾ ਖਰਚ ਕਰਦੇ ਤਾਂ ਸਾਨੂੰ ਕੋਈ ਦੁੱਖ ਨਹੀਂ ਸੀ। ਡਿਪਾਰਟਮੈਂਟਾਂ ਦੇ ਕਈ ਅਫ਼ਸਰ ਚੰਗੇ ਵੀ ਹੁੰਦੇ ਹਨ ਅਤੇ ਕਈ ਅਫ਼ਸਰ ਮਾੜੇ ਵੀ ਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਖ਼ਬਾਰਾਂ ਵਿਚ ਆਇਆ ਹੈ ਕਿ —

'Attempt to kill Indira Gandhi.'
'Torture of S.D.O. by Police
'ਚਾਰ ਹਥਿਆਰ ਬੰਦ ਪੁਲਿਸ ਦਾ ਤਿੰਨ ਟਰੱਕਾਂ ਤੇ ਡਾਕਾ'।
'Boy comes home after three years.'

ਮੈਂ ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਵੱਲ ਨਹੀਂ ਗਿਆ। ਪੁਲਿਸ ਦੇ ਮਹਿਕਮੇ ਨੂੰ ਜੇ ਵਾਈਂਡ ਅੱਪ ਕਰ ਦਿੱਤਾ ਜਾਵੇ ਤਾਂ ਫਿਰ ਕੋਈ ਟੈਕਸ ਲਗਾਉਣ ਦੀ ਜ਼ਰੂਰਤ ਹੀ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰ ਸਮੱਗਲਰਾਂ ਨੂੰ ਨਹੀਂ ਫੜਦੀ। ਸਮੱਗਲਰਾਂ ਨੂੰ ਫੜਨ ਦੀ ਬਜਾਏ ਸਰਕਾਰ ਨੇ ਇਹ ਕਰ ਦਿੱਤਾ ਕਿ ਮੋਟਰ ਸਾਈਕਲ ਤੇ ਦੋ ਨਾ ਚੜ੍ਹੋ। ਸਮੱਗਲਰਾਂ ਨੂੰ ਘੇਰਾ ਪਾ ਲਓ ਅਤੇ ਪਸੇ ਲੈ ਕੇ ਛੱਡ ਦਿਓ, ਇਸ ਤਰ੍ਹਾਂ ਪੁਲਿਸ ਵਾਲਿਆਂ ਨੂੰ ਲਾਇਸੈਂਸ ਦੇ ਦਿੱਤਾ ਗਿਆ ਹੈ। ਸਮੱਗਲਰ ਇਨ੍ਹਾਂ ਕੋਲੋਂ ਸੂਤ ਨਹੀਂ ਹੋਏ। ਕਰਾਈਮਜ਼ ਨੂੰ ਰੋਕਣ ਲਈ ਸਰਕਾਰ ਨੇ ਕੁੱਝ ਨਹੀਂ ਕੀਤਾ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹਵਾਂਗਾ। ਕਿ ਸਰਕਾਰ ਨੂੰ ਰਿਸੋਰਸਿਜ਼ ਮੋਬੇਲਾਈਜ਼ ਕਰਨੇ ਚਾਹੀਦੇ ਹਨ। 40 ਕਰੋੜ ਰੁਪਏ ਦੇ ਜੋ ਟੈਕਸ ਕਿਸਾਨਾਂ ਤੇ ਲਗਾਏ ਹਨ, ਉਹ ਵਾਪਸ ਲੈਣੇ ਚਾਹੀਦੇ ਹਨ। (ਵਿਘਨ)

ਸ਼੍ਰੀ ਰਤਨ ਲਾਲ (ਗੁਰਦਾਸਪੁਰ):

ਐ ਮਜ਼ਦੂਰ ਤੇਰੇ ਬੇਦਾਰ ਰੋਨੇ ਸੇ ਖੁਦਾ ਖੁਸ਼ ਹੈ,
ਜ਼ਾਲਮ ਕੇ ਹੋਨੇ ਸੇ ਖੁਦਾ ਖੁਸ਼ ਹੈ।'

ਡਿਪਟੀ ਸਪੀਕਰ ਸਾਹਿਬ, ਬਜਟ ਬਾਰੇ ਰੂਲਿੰਗ ਪਾਰਟੀ ਵੱਲੋਂ ਅਤੇ ਦੂਸਰਿਆਂ ਮਾਨਯੋਗ ਮੈਂਬਰਾਂ ਵਲੋਂ ਕਾਫੀ ਲੈਕਚਰ ਹੋ ਚੁੱਕੇ ਹਨ। ਮੈਂ ਸਿਰਫ ਐਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਤੁਸੀਂ ਬੜੀਆਂ ਬਜਟਾਂ ਦੀਆਂ, ਟੈਕਸਾਂ ਦੀਆਂ, ਆਜ਼ਾਦੀ ਦੀਆਂ ਅਤੇ ਉਸਾਰੀ ਦੀਆਂ ਗੱਲਾਂ ਕਰਦੇ ਹੋ ਪਰ ਇਹ ਸਭ ਕੁਝ ਕਿਸ ਕਰਕੇ ਹੈ ਇਹ ਕਿਨ੍ਹਾਂ ਦੇ ਸਦਕੇ ਹੈ? 23 ਮਾਰਚ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਅੱਰ ਸੁਖਦੇਵ, ਰਾਜ ਗੁਰੂ ਦਾ ਸ਼ਹੀਦੀ ਦਿਨ ਹੈ ਜਿਨ੍ਹਾਂ ਦੇ ਸਦਕੇ ਅੱਜ ਅਸੀਂ ਆਜ਼ਾਦ ਹਾਂ ਅੱਰ ਅਸੈਂਬਲੀ ਵਿਚ ਇਧਰ ਉਧਰ ਦੀਆਂ ਗੱਲਾਂ ਕਰਦੇ ਹਾਂ ਅਤੇ ਡੀਂਗਾਂ ਮਾਰਦੇ ਹਾਂ। ਸਾਡੇ ਇਸ ਹਾਊਸ ਦੇ 117 ਮੈਂਬਰ ਹਨ। ਇਨ੍ਹਾਂ ਵਿਚੋਂ ਇੱਕ ਸਾਡੇ ਸਰਦਾਰ ਜੀ ਅਕਾਲ ਚਲਾਣਾ ਕਰ ਗਏ ਹਨ। ਸਾਡਾ ਸਾਰਿਆਂ ਦਾ ਇਹ ਸਮੱਚਾ ਫਰਜ਼ ਬਣਦਾ ਹੈ ਕਿ ਸਭ ਤੋਂ ਮੁੱਖ ਅਸੀਂ ਆਪਣੇ ਪੰਜਾਬ ਦੀ ਉਸਾਰੀ ਵੱਲ ਧਿਆਨ ਰਖੀਏ। ਇਸ ਦਾ ਮਤਲਬ ਇਹ ਨਹੀਂ ਕਿ ਬਜਟ ਪੜ੍ਹਨ ਵੇਲੇ ਉਸ ਨੂੰ ਪੜ੍ਹਨ ਨਾ ਦਿੱਤਾ ਜਾਏ ਅੱਰ ਕਿਸੇ ਦੇ ਖਿਲਾਫ ਅੱਰ ਕਿਸੇ ਦੇ ਹੱਕ ਵਿਚ ਤਕਰੀਰਾਂ,

Original with;
Punjab Vidhan Sabha
Digitized by;
Panjab Digital Library

ਕਰਨੀਆਂ ਸ਼ੁਰੂ ਕਰ ਦਿੱਤੀਆਂ ਜਾਣ। ਸਾਰੇ ਮਾਨਯੋਗ ਮੁੱਖ ਮੰਤਰੀ ਜੀ, ਸਰਦਾਰ ਦਰਬਾਰਾ ਸਿੰਘ ਜੀ ਨੇ ਆਪਣੇ ਤਜਰਬੇ ਦੀ ਬਿਨਾ ਤੇ ਇਥੇ ਇਸ ਤਰ੍ਹਾਂ ਦੀ ਹਕੂਮਤ ਚਲਾਈ ਹੈ ਕਿ ਸਦੀਆਂ ਤੋਂ ਲਿਤਾੜੇ ਹੋਏ ਜੋ ਪਿੰਡ ਸਨ ਜਿਨ੍ਹਾਂ ਵਿਚ ਕਦੇ ਕੋਈ ਇੱਟ ਤਕ ਨਹੀਂ ਸੀ ਉਥੇ ਇਨ੍ਹਾਂ ਨੇ ਉਸਾਰੀ ਦੇ ਕੰਮ ਵੱਲ ਧਿਆਨ ਦਿੱਤਾ ਹੈ। ਸਰਦਾਰ ਦਰਬਾਰਾ ਸਿੰਘ ਜੀ ਫਰੀਡਮ ਫਾਈਟਰ ਹਨ। ਇਨ੍ਹਾਂ ਨੇ ਸੋਚਿਆ ਕਿ ਮੈਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਨੂੰ ਇੱਕ ਕਰਨਾ ਹੈ। ਜਿਥੇ ਬਿਜਲੀ ਨਹੀਂ ਪਹੁੰਚੀ ਉਥੇ ਬਿਜਲੀ ਪਹੁੰਚਾਈ ਗਈ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਭਾਵੇਂ ਕੋਈ ਕਿਸੇ ਪਾਰਟੀ ਨਾਲ ਤੁਅੱਲਕ ਰੱਖਦਾ ਹੋਵੇ ਹਰ ਇੱਕ ਨੂੰ ਪੰਜਾਬ ਦੀ ਉਸਾਰੀ ਵੱਲ ਧਿਆਨ ਰੱਖਣਾ ਚਾਹੀਦਾ ਹੈ ਅੱਰ ਕ੍ਰਿਟੇਸਿਜ਼ਮ ਵੱਲ ਘੱਟ ਜਾਣਾ ਚਾਹੀਦਾ ਹੈ। ਸਾਡੀ ਕਾਂਗਰਸ (ਆਈ) ਪਾਰਟੀ ਵਿਚ 66 ਮੈਂਬਰ ਹਨ। ਇਸ ਵਿਚ 35 ਨਵੇਂ ਐਮ. ਐਲ. ਏ. ਹਨ। ਅਕਾਲੀ ਪਾਰਟੀ ਵਿਚ 31 ਵਿਚੋਂ 4 ਐਮ. ਐਲ. ਏ. ਨਵੇਂ ਹਨ। ਸਾਡੀ ਪਾਰਟੀ ਵਿਚ 66 ਵਿਚੋਂ 35 ਨਵੇਂ ਐਮ. ਐਲ. ਏ. ਹੋਣ ਨਾਲ ਪੁਰਾਣੇ ਐਮ. ਐਲ. ਏਜ਼. ਦੀ ਮਨਾਪਲੀ ਤੋੜੀ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੱਥੇਦਾਰ ਉਮਰਾਨੰਗਲ ਜੀ ਨੇ ਇੱਕ ਖੁੱਲ੍ਹੀ ਚਿੱਠੀ ਭਿੰਡਰਾਂਵਾਲੇ ਨੂੰ ਲਿਖੀ ਜਿਸ ਵਿਚ ਲਿਖਿਆ ਸੀ ਕਿ ਤੇਰੀ ਵਜ੍ਹਾ ਨਾਲ ਸਾਡੇ ਕੋਲੋਂ ਹਰੀਜਨ, ਬਾਜ਼ੀਗਰ ਅੱਰ ਪੱਛੜੀਆਂ ਸ਼੍ਰੇਣੀਆਂ ਆਦਿ ਦੇ ਲੋਕ ਚਲੇ ਗਏ ਹਨ। ਤੂੰ ਸਾਡੇ ਤੇ ਕ੍ਰਿਪਾ ਕਰ। ਇੱਕ ਵਾਰੀ ਹਜ਼ਰਤ ਮੁਹੰਮਦ ਸਾਹਿਬ ਬੈਠੇ ਸਨ ਤਾਂ ਉਨ੍ਹਾਂ ਦੇ ਇੱਕ ਦੋਸਤ ਨੇ ਪੁਛਿਆ ਕਿ ਬਹਿਸ਼ਤ ਅੱਰ ਦੋਜ਼ਖ ਕੀ ਹੈ। ਮੁਹੰਮਦ ਸਾਹਿਬ ਨੇ ਕਿਹਾ ਕਿ ਜੇਕਰ ਕਿਸੇ ਥਾਂ ਤੇ ਯੋਗ, ਚੰਗਾ ਬੰਦਾ ਲੱਗ ਜਾਏ ਤਾਂ ਉਥੇ ਬਹਿਸ਼ਤ ਬਣ ਜਾਂਦਾ ਹੈ ਅੱਰ ਜੇਕਰ ਕਿਸੇ ਥਾਂ ਤੇ ਕੋਈ ਅਨਯੋਗਯ, ਗਲਤ ਬੰਦਾ ਲਗ ਜਾਏ ਤਾਂ ਉਥੇ ਦੋਜ਼ਖ ਬਣ ਜਾਂਦਾ ਹੈ। ਸਾਡੇ ਲੀਡਰ ਚੰਗੇ ਹੋਣ ਕਰਕੇ ਅਸੀਂ ਟਰੈਜ਼ਰੀ ਬੈਂਚਿਜ਼ ਤੇ ਬੈਠੇ ਹਾਂ ਅੱਰ ਇਨ੍ਹਾਂ ਲੋਕਾਂ ਨੂੰ (ਵਿਰੋਧੀ ਧਿਰ ਵੱਲ ਇਸ਼ਾਰਾ) ਚੰਗੇ ਲੀਡਰ ਨਾ ਮਿਲਣ ਕਰਕੇ ਇਹ ਅੱਜ ਉਧਰ ਆਪੋਜ਼ੀਸ਼ਨ ਵਿਚ ਬੈਠੇ ਹਨ। ਦੇਸ਼ ਆਜ਼ਾਦ ਹੋਣ ਵੇਲੇ ਮੌਲਾਨਾ ਆਜ਼ਾਦ ਅੱਰ ਡਾਕਟਰ ਕਿਚਲੂ ਨੇ ਅੰਗਰੇਜ਼ਾਂ ਨੂੰ ਇਥੋਂ ਕੱਢਣ ਵਾਸਤੇ ਨਾਅਰੇ ਲਗਾਏ ਸਨ। ਇਹ ਅਪੋਜ਼ੀਸ਼ਨ ਵਾਲੇ ਲੋਕ ਪਬਲਿਕ ਨੂੰ ਐਕਸਪਲਾਇਟ ਕਰਦੇ ਹਨ ਅਤੇ ਲੋਕਾਂ ਨੂੰ ਐਕਸਪਲਾਇਟ ਕਰਕੇ ਇਥੇ ਲੋਕਾਂ ਵਿਚ ਫਿਰਕਾਪ੍ਰਸਤੀ ਦਾ ਜ਼ਹਿਰੀਲਾ ਬੀਜ ਬੋਂਦੇ ਹਨ। (ਘੰਟੀ) ਅੱਜ ਕੱਲ੍ਹ ਦੁਕਾਨਦਾਰ ਆਪਣੀਆਂ ਦੁਕਾਨਾਂ ਤੇ ਅੱਠ, ਦਸ, ਵੀਹ ਤਾਲੇ ਲਗਾਉਂਦੇ ਹਨ। ਉਹ ਇਸ ਕਰਕੇ ਨਹੀਂ ਲਗਾਉਂਦੇ ਕਿ ਉਨ੍ਹਾਂ ਦੇ ਮਾਲ ਨੂੰ ਸੱਪ, ਸ਼ੇਰ ਜਾਂ ਕਿਸੇ ਹੋਰ ਜਾਨਵਰ ਤੋਂ ਖਤਰਾ ਹੈ ਬਲਕਿ ਇਸ ਕਰਕੇ ਤਾਲੇ ਲਗਾਏ ਜਾਂਦੇ ਹਨ ਕਿ ਅੱਜ ਇਨਸਾਨ ਹੈਵਾਨ ਨਾਲੋਂ ਵੀ ਬਦਤਰ ਹੈ। ਉਸ ਤੋਂ ਡਰ ਕੇ ਤਾਲੇ ਲਗਾਏ ਜਾਂਦੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਉਸਾਰੀ ਵੱਲ ਹਰ ਇੱਕ ਨੂੰ ਸੋਚਣਾ ਚਾਹੀਦਾ ਹੈ। ਸਿੱਖਾਂ ਦੀ ਕੁਲ ਆਬਾਦੀ ਵਿਚੋਂ 40% ਪੰਜਾਬ ਵਿਚ ਰਹਿੰਦੇ ਹਨ ਅਤੇ ਬਾਕੀ ਦੀ 60% ਆਬਾਦੀ ਜੋ ਹੈ ਉਹ ਵਰਲਡ ਦੇ ਮੁਲਕਾਂ ਵਿਚ ਜਾਂ ਹਿੰਦੁਸਤਾਨ ਦੇ ਹੋਰ ਪਰਾਂਤਾਂ ਵਿਚ ਰਹਿੰਦੀ ਹੈ। ਸਿੱਖ ਹੋਣਾ ਇੱਕ ਹਿੰਦੁਸਤਾਨ ਦੀ ਕੌਮ ਦੀ ਸ਼ਾਨ ਹੈ। ਅਸੀਂ ਸਿੱਖਾਂ ਦੇ ਤੇ ਸਿੱਖ ਅਸਾਡੇ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਪੰਡਿਤ ਸਰਵਣ ਰਾਮ ਜੀ ਤੁਸੀਂ ਬੋਲੋ ਹੁਣ।

ਪੰਡਿਤ ਸਰਵਣ ਰਾਮ (ਗੜ੍ਹਸ਼ੰਕਰ) : ਡਿਪਟੀ ਸਪੀਕਰ ਸਾਹਿਬ, ਸਾਰੇ ਸੈਸ਼ਨ ਵਿਚ ਅੱਜ ਮੈਨੂੰ ਤੁਸੀਂ ਬੋਲਣ ਲਈ ਸਮਾਂ ਦਿੱਤਾ ਹੈ, ਇਸ ਕਰਕੇ ਮੈਂ ਤੁਹਾਡਾ ਬੜਾ ਧੰਨਵਾਦੀ ਹਾਂ। ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਬਜਟ ਦਾ ਤੁਅੱਲਕ ਹੈ ਇਸ ਦੇ ਮੁਤਅੱਲਕ ਦੋਹਾਂ ਪਾਸਿਆਂ ਤੋਂ ਬਲਕਿ ਕਮਿਊਨਿਸਟ ਭਰਾਵਾਂ ਵੱਲੋਂ ਵੀ ਆਪਣੀਆਂ ਆਪਣੀਆਂ ਰਾਵਾਂ ਦਿੱਤੀਆਂ ਗਈਆਂ ਹਨ। ਸਰਦਾਰ ਬਲਵੰਤ ਸਿੰਘ, ਬਾਦਲ ਸਾਹਿਬ ਅਤੇ ਹੋਰ ਅਕਾਲੀ ਭਾਈਆਂ ਵਲੋਂ ਬੜੀਆਂ ਪੁਰਜ਼ੋਰ ਗੱਲਾਂ ਕੀਤੀਆਂ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ]

ਗਈਆਂ ਹਨ। ਪਰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਵੇਲੇ ਬਜਟ ਜਿਹੜਾ ਕਿ 260 ਕਰੋੜ ਰੁਪਏ ਦਾ ਸੀ ਉਹ ਅੱਜ ਸਾਡੇ ਵਿੱਤ ਮੰਤਰੀ ਜੀ ਡਾਕਟਰ ਕੇਵਲ ਕ੍ਰਿਸ਼ਨ ਜੀ, ਨੇ ਬੜੀ ਸੂਝਬੂਝ ਨਾਲ 385 ਕਰੋੜ ਰੁਪਏ ਦਾ ਬਜਟ ਬਣਾਇਆ ਹੈ। ਇਨ੍ਹਾਂ ਦੇ ਵੇਲੇ ਜੋ 260 ਕਰੋੜ ਰੁਪਏ ਦਾ ਬਜਟ ਸੀ ਉਸ ਵਿਚੋਂ ਵੀ ਪੂਰਾ ਰੁਪਿਆ ਖਰਚਿਆ ਨਹੀਂ ਗਿਆ ਸੀ। 70 ਕਰੋੜ ਰੁਪਏ ਦਾ ਉਸ ਵੇਲੇ ਘਾਟਾ ਸੀ। ਪੰਜਾਬ ਵਿਚ ਇਨ੍ਹਾਂ ਵੇਲੇ (ਵਿਰੋਧੀ ਧਿਰ ਵੱਲ ਇਸ਼ਾਰਾ) ਉਸਾਰੀ ਦਾ ਕੋਈ ਚਿੰਨ੍ਹ ਨਜ਼ਰ ਤਕ ਨਹੀਂ ਆਉਂਦਾ ਸੀ। ਇਨ੍ਹਾਂ ਵੇਲੇ ਪੰਜਾਬ ਦੀ ਉਸਾਰੀ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ। ਇਨ੍ਹਾਂ ਵੇਲੇ ਗਰੀਬਾਂ ਦਾ ਗਲਾ ਘੁਟਿਆ ਗਿਆ, ਹਰੀਜਨਾਂ ਦਾ ਕਾਫੀਆਂ ਤੰਗ ਕਰਕੇ ਰਖ ਦਿੱਤਾ ਗਿਆ ਅੌਰ ਉਨ੍ਹਾਂ ਨੂੰ ਘਰੋਂ ਨਿਕਲਣ ਤਕ ਨਹੀਂ ਦਿੱਤਾ ਗਿਆ। ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਕ ਜਗ੍ਹਾ ਤੇ ਇਨ੍ਹਾਂ ਨੇ ਨਿਸ਼ਾਨ ਸਾਹਿਬ ਗੱਡ ਦਿੱਤਾ। ਜਦੋਂ ਇਨ੍ਹਾਂ ਨੂੰ ਕਿਹਾ ਗਿਆ ਕਿ ਗਰੀਬ ਲੋਕਾਂ ਦੀ ਜਗ੍ਹਾ ਹਥਿਆਉਣੀ ਨਹੀਂ ਚਾਹੀਦੀ ਤਾਂ ਫਿਰ ਇਹ ਕਹਿਣ ਲੱਗੇ ਕਿ ਜਿਥੇ ਸਾਡਾ ਝੰਡਾ ਗਡਿਆ ਜਾਏ ਉਥੋਂ ਫਿਰ ਪੁੱਟਿਆ ਨਹੀਂ ਜਾ ਸਕਦਾ। ਅਸੀਂ ਉਨ੍ਹਾਂ ਨੂੰ ਕਿਹਾ ਜੇਕਰ ਤੁਸੀਂ ਐਨੇ ਸੂਰਮੇ ਹੋ ਤਾਂ ਫਿਰ ਆਪਣਾ ਝੰਡਾ ਪਾਕਿਸਤਾਨ ਵਿਚ ਗੱਡੋ ਜਿਥੋਂ ਮੁੜ ਕੇ ਭਾਵੇਂ ਨਾ ਪੁਟੋ ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਏਗਾ। ਕਈ ਜਗ੍ਹਾ ਤੇ ਇਹ ਜ਼ਬਰਦਸਤੀ ਕਬਜ਼ਾ ਕਰਦੇ ਹਨ ਪਿੰਡਾਂ ਵਿਚ ਜਿਥੇ ਇਨ੍ਹਾਂ ਨੇ ਜ਼ਬਰਦਸਤੀ ਕਬਜ਼ਾ ਕਰਨਾ ਹੋਵੇ ਉਥੇ ਜਾ ਕੇ ਪੁੱਛਦੇ ਹਨ ਕਿ ਇਹ ਜ਼ਮੀਨ ਕਿਸ ਦੀ ਹੈ। ਉਹ ਕਹਿੰਦੇ ਹਨ ਕਿ ਇਹ ਜ਼ਮੀਨ ਸਾਡੀ ਹੈ। ਫਿਰ ਉਸ ਨੂੰ ਇਹ ਪੁੱਛਦੇ ਹਨ ਕਿ ਤੇਰੇ ਤੋਂ ਪਹਿਲਾਂ ਇਹ ਜ਼ਮੀਨ ਕਿਸ ਦੀ ਸੀ। ਉਹ ਕਹਿੰਦੇ ਹਨ ਕਿ ਇਹ ਮੇਰੇ ਬਾਪ ਦੀ ਸੀ। ਫਿਰ ਪੁੱਛਦੇ ਹਨ ਕਿ ਉਸ ਤੋਂ ਪਹਿਲਾਂ ਕਿਸ ਦੀ ਸੀ। ਉਹ ਕਹਿੰਦੇ ਹਨ ਕਿ ਮੇਰੇ ਬਾਬੇ ਦੀ ਸੀ ਅੌਰ ਉਸ ਤੋਂ ਪਹਿਲਾਂ ਮੇਰ ਪੜਦਾਦੇ ਦੀ ਸੀ। ਉਸ ਨੂੰ ਫਿਰ ਪੁੱਛਦੇ ਹਨ ਕਿ ਉਸ ਤੋਂ ਪਹਿਲਾਂ ਕਿਸ ਦੀ ਸੀ। ਉਹ ਜਵਾਬ ਦਿੰਦੇ ਹਨ ਕਿ ਉਸ ਤੋਂ ਪਹਿਲਾਂ ਦਾ ਸਾਨੂੰ ਪਤਾ ਨਹੀਂ ਹੈ। ਇਸ ਤੇ ਇਹ ਕਹਿਣ ਲਗਦੇ ਹਨ ਕਿ ਸਾਨੂੰ ਪਤਾ ਹੈ ਕਿ ਉਸ ਤੋਂ ਪਹਿਲਾਂ ਇਹ ਕਿਸ ਦੀ ਜ਼ਮੀਨ ਸੀ। ਇਥੇ ਸਾਡੇ ਗੁਰੂ ਮਹਾਰਾਜ ਦੇ ਘੋੜੇ ਚਰਿਆ ਕਰਦੇ ਸਨ। ਇਸ ਲਈ ਅਸੀਂ ਇਥੇ ਆਪਣਾ ਝੰਡਾ ਗੱਡ ਦਿੱਤਾ ਹੈ। ਇਕ ਬਾਗਿਆਂ ਵਿਖੇ ਸਰਦਾਰ ਦਿਲਬਾਗ ਸਿੰਘ ਦੇ ਇਲਾਕੇ ਵਿਚ ਜਗ੍ਹਾ ਹੈ। ਉਥੇ ਇਨ੍ਹਾਂ ਨੇ ਇਸੇ ਤਰ੍ਹਾਂ ਕੀਤਾ ਹੈ। ਉਥੇ ਹਾਹਾਕਾਰ ਮਚੀ ਹੋਈ ਹੈ। ਇਨ੍ਹਾਂ ਵੇਲੇ ਇਸ ਪਾਸੇ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ।

ਜਿਥੋਂ ਤਕ ਸਾਡੀ ਸਰਕਾਰ ਦਾ ਤੁਅੱਲਕ ਹੈ। ਇਸ ਸਾਡੀ ਸਰਕਾਰ ਨੂੰ ਆਏ ਹਾਲੇ ਪੌਣੇ ਦੋ ਸਾਲ ਹੀ ਹੋਏ ਹਨ। ਇਸ ਅਰਸੇ ਵਿਚ ਸਾਡੀ ਸਰਕਾਰ ਨੇ ਗਰੀਬਾਂ ਵਾਸਤੇ, ਹਰੀਜਨਾਂ ਵਾਸਤੇ ਬਹੁਤ ਕੰਮ ਕੀਤੇ ਹਨ। 50 ਕਰੋੜ ਰੁਪਏ ਦੇ ਕਰੀਬ ਬਗੈਰ ਸੂਦ ਦੇ ਕਰਜ਼ੇ ਇਨ੍ਹਾਂ ਨੂੰ ਦਿੱਤੇ ਹਨ ਜਿਸ ਨਾਲ ਇਨ੍ਹਾਂ ਲਈ ਘਰਾਂ ਵਿਚ ਕੰਮਾਂ ਦੀ ਭਰਮਾਰ ਲਗਾ ਦਿੱਤੀ ਹੈ। ਇਸ ਉਪਰੰਤ ਇਨ੍ਹਾਂ ਨੂੰ ਸਬਸਿਡੀ ਦਿੱਤੀ ਹੈ। ਇਹ ਜਿਹੜੇ ਸਾਡੇ ਸਾਥੀ ਹਨ ਇਨ੍ਹਾਂ ਨੇ ਜਦੋਂ ਵੋਟਾਂ ਲੈਣੀਆਂ ਹੁੰਦੀਆਂ ਹਨ ਤਾਂ ਉਸ ਵੇਲੇ ਤਾਂ ਉਨ੍ਹਾਂ ਨੂੰ ਆਪਣੇ ਬਜ਼ੁਰਗ ਬਣਾ ਲੈਂਦੇ ਹਨ ਪਰ ਜਦੋਂ ਉਨ੍ਹਾਂ ਤੋਂ ਵੋਟਾਂ ਲੈਣ ਦਾ ਵਕਤ ਨਿਕਲ ਜਾਂਦਾ ਹੈ ਤਾਂ ਫਿਰ ਉਨ੍ਹਾਂ ਗਰੀਬ ਹਰੀਜਨਾਂ ਨੂੰ ਇਹ ਤਬਾਹ ਕਰਨ ਤੇ ਤੁਲ ਜਾਂਦੇ ਹਨ। ਕਾਂਗਰਸ ਸਰਕਾਰ ਨੇ ਜਿਥੇ ਹਰੀਜਨਾਂ ਨੂੰ ਮਕਾਨ ਬਣਾਉਣ ਵਾਸਤੇ ਕਰਜ਼ੇ ਦਿੱਤੇ ਹਨ, ਕੰਮ ਕਰਨ ਵਾਸਤੇ ਉਨ੍ਹਾਂ ਨੂੰ ਲੋਨ ਦਿੱਤੇ ਹਨ ਉਥੇ ਉਨ੍ਹਾਂ ਨੂੰ ਬੈਠਣ ਵਾਸਤੇ ਜ਼ਮੀਨਾਂ ਵੀ ਅਲਾਟ ਕੀਤੀਆਂ ਹਨ। ਉਨ੍ਹਾਂ ਨੂੰ ਆਪਣੇ ਢੋਰ ਚੁੱਕਣ ਵਾਸਤੇ ਟੋਏ ਦਿੱਤੇ ਹਨ। ਸਾਡੀ ਸਰਕਾਰ ਵੇਲੇ ਹਰੀਜਨਾਂ ਵਾਸਤੇ ਐਨਾ ਕੰਮ ਕੀਤਾ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਜਿਥੋਂ ਤਕ ਹਰੀਜਨਾਂ ਦੇ ਬੱਚਿਆਂ ਦਾ ਸਵਾਲ ਹੈ, ਉਨ੍ਹਾਂ ਨੂੰ ਮੁਫਤ ਤਾਲੀਮ ਦੇਣ ਦੇ ਪੂਰੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਮੁਫਤ ਤਾਲੀਮ ਤੋਂ ਇਲਾਵਾ ਵਜ਼ੀਫਿਆਂ ਦਾ ਵੀ ਇੰਤਜ਼ਾਮ ਕੀਤਾ ਹੈ। ਹਰੀਜਨ ਲੜਕਿਆਂ ਨੂੰ ਉਚੇਰੀ ਵਿਦਿਆ ਦੇਣ ਵਾਸਤੇ ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਸੌ, ਸੌ ਰੁਪਏ ਮਹੀਨਾ ਵਜ਼ੀਫਾ ਦੇਣ ਦਾ ਪ੍ਰਬੰਧ ਕੀਤਾ ਹੈ। ਅਕਾਲੀ ਸਰਕਾਰ ਵੇਲੇ ਇਸ ਪਾਸੇ ਧਿਆਨ ਨਹੀਂ ਸੀ ਦਿੱਤਾ ਗਿਆ। ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਜਦੋਂ ਦੀ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੀ ਹੈ ਉਦੋਂ ਦਾ ਪੰਜਾਬ ਵਿਚ ਕੁੱਝ ਨਹੀਂ ਹੋਇਆ। ਮੈਂ ਕਹਿੰਦਾ ਹਾਂ ਕਿ ਪਤਾ ਨਹੀਂ ਇਨ੍ਹਾਂ ਦੀਆਂ ਅੱਖਾਂ ਵਿਚ ਹਨੇਰਾ ਆ ਗਿਆ ਹੈ ਜਿਹੜਾ ਇਨ੍ਹਾਂ ਨੂੰ ਕੁਝ ਨਹੀਂ ਦਿੱਸਦਾ। ਬਾਦਲ ਸਾਹਿਬ ਨੇ ਆਪਣੀ ਸਪੀਚ ਵਿਚ ਇਥੋਂ ਤਕ ਵੀ ਕਿਹਾ ਕਿ ਜੇ ਪੰਜਾਬ ਵਿਚ ਕਿਤੇ ਕੋਈ ਇੱਟ ਲੱਗੀ ਹੋਵੇ ਤਾਂ ਉਹ ਮੈਨੂੰ ਦੱਸ ਦਿਓ। ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਮਾਨ ਨਾਲ ਕਹਿ ਸਕਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਰਹਿਨੁਮਾਈ ਵਿਚ ਪੰਜਾਬ ਸਰਕਾਰ ਨੇ ਅਤੇ ਸਾਡੇ ਡਿਵੈਲਪਮੈਂਟ ਮਨਿਸਟਰ, ਸਰਦਾਰ ਰੰਧਾਵਾ ਸਾਹਿਬ, ਨੇ ਪੰਜਾਬ ਦੇ ਪਿੰਡਾਂ ਦੀ ਕਾਇਆ ਪਲਟ ਦਿੱਤੀ ਹੈ ਜਿਹੜੀ ਕਿ ਬੜੀ ਸ਼ਲਾਘਾਯੋਗ ਗੱਲ ਹੈ। (ਥੰਪਿੰਗ) ਜੇ ਬਾਦਲ ਸਾਹਿਬ ਨੇ ਦੇਖਣਾ ਹੋਵੇ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ਪੰਜਾਬ ਵਿਚ ਐਨੀ ਡਿਵੈਲਪਮੈਂਟ ਹੋਈ ਹੈ ਕਿ ਪੰਜਾਬ ਵਿਚ ਇੱਟਾਂ ਮਿਲਣੀਆਂ ਮੁਸ਼ਕਲ ਹੋ ਗਈਆਂ ਹਨ। ਮਜ਼ਦੂਰ ਨਹੀਂ ਮਿਲਦੇ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਹੁਣ ਦੋ ਤਿੰਨ ਮਿੰਟਾਂ ਵਿਚ ਵਾਈਂਡ ਅੱਪ ਕਰ ਦਿਓ।

ਪੰਡਿਤ ਸਰਵਣ ਰਾਮ: ਡਿਪਟੀ ਸਪੀਕਰ ਸਾਹਿਬ, ਮੈਨੂੰ ਮਸਾਂ ਜਿਹੇ ਟਾਈਮ ਮਿਲਿਆ ਹੈ, ਇਸ ਲਈ ਮੈਨੂੰ ਕੁਝ ਚਿਰ ਲਈ ਬੋਲ ਲੈਣ ਦਿਓ। ਮੈਂ ਹੁਣ ਬੋਲ ਕੇ ਹੀ ਹਟਾਂਗਾ।

22 ਸੌ ਪਿੰਡ ਪੱਕੇ ਹੋ ਚੁੱਕੇ ਹਨ। ਇਸ ਤੋਂ ਇਲਾਵਾ ਹਰੀਜਨ ਜੰਜ ਘਰ ਅਤੇ ਪੰਚਾਇਤ ਘਰ ਉਸਾਰੇ ਗਏ ਹਨ। ਪਿੰਡਾਂ ਦੀ ਹਾਲਤ ਸੁਧਾਰਨ ਵੱਲ ਅਤੇ ਖਾਸ ਤੌਰ ਤੇ ਕੰਡੀ ਏਰੀਆ ਵੱਲ ਸਰਕਾਰ ਨੇ ਖਾਸ ਤੌਰ ਤੇ ਧਿਆਨ ਦਿੱਤਾ ਹੈ। ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਕੰਡੀ ਦੇ ਇਲਾਕੇ, ਰੋਪੜ ਅਤੇ ਹੁਸ਼ਿਆਰਪੁਰ ਦੇ ਇਲਾਕਿਆਂ ਨੂੰ, ਪਹਿਲਾਂ ਕਿਸੇ ਵੀ ਸਰਕਾਰ ਨੇ ਇਤਨਾ ਨਹੀਂ ਸੀ ਪੁੱਛਿਆ ਜਿੰਨਾ ਇਸ ਸਰਕਾਰ ਨੇ ਪੁੱਛਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਕੰਡੀ ਦਾ ਇਲਾਕਾ ਪੰਜਾਬ ਦੇ ਬਾਕੀ ਇਲਾਕਿਆਂ ਦੇ ਬਰਾਬਰ ਆਉਣ ਵਿਚ ਥੋੜ੍ਹੀ ਕਸਰ ਰਹਿੰਦੀ ਹੈ। (ਥੰਪਿੰਗ) ਮੈਂ ਇਹ ਸਮਝਦਾ ਹਾਂ ਕਿ ਜੇ ਰੰਧਾਵਾ ਜੀ ਨੇ ਉਸ ਪਾਸੇ ਵੱਲ ਨਜ਼ਰ ਕਰ ਲਈ ਤਾਂ ਉਹ ਇਲਾਕਾ ਸਰਸਬਜ਼ ਹੋ ਜਾਵੇਗਾ। ਇਸ ਕਰਕੇ ਮੈਂ ਰੰਧਾਵਾ ਜੀ ਦਾ ਸ਼ੁਕਰੀਆ ਅਦਾ ਕੀਤੇ ਬਿਨਾ ਨਹੀਂ ਰਹਿ ਸਕਦਾ। ਡਿਪਟੀ ਸਪੀਕਰ ਸਾਹਿਬ, ਅਕਾਲੀ ਪਾਰਟੀ ਵਾਲੇ ਕਹਿੰਦੇ ਹਨ ਕਿ ਪੰਜਾਬ ਵਿਚ ਕੀ ਹੋਇਆ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਕੀ ਕੁਝ ਕੀਤਾ ਹੈ। ਕਿੰਨੇ ਹਸਪਤਾਲ ਖੁਲ੍ਹ ਗਏ ਹਨ। ਡੰਗਰਾਂ ਦੇ ਹਸਪਤਾਲ ਖੁਲ੍ਹ ਗਏ ਹਨ। ਇਸ ਤੋਂ ਇਲਾਵਾ ਮੈਂਟਲ ਹਸਪਤਾਲ ਜੇ ਪਾਂਧੀ ਵਾਸਤੇ ਲੋੜ ਪਵੇ ਤਾਂ ਖੋਲ੍ਹ ਦਿਆਂਗੇ। (ਹਾਸਾ) (ਵਿਘਨ) ਇਨ੍ਹਾਂ ਕੰਮਾਂ ਵਾਸਤੇ 85 ਕਰੋੜ ਰੁਪਿਆ ਪਿਛਲੇ ਸਾਲ ਵਿਚ ਪੰਜਾਬ ਸਰਕਾਰ ਨੇ ਖਰਚ ਕਰ ਦਿੱਤਾ ਹੈ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਵਾਈਂਡ ਅੱਪ ਕਰੋ।

ਪੰਡਿਤ ਸਰਵਣ ਰਾਮ: ਪੰਜਾਬ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਉਂਦਾ ਹੈ। ਉਹ ਇਸ ਕਰਕੇ ਕਿ ਇਥੇ ਕਿਸਾਨਾਂ ਦੀ ਖਾਦ ਦੀ ਖਪਤ ਸਭ ਤੋਂ ਜ਼ਿਆਦਾ ਹੈ। ਇਸ ਕਰਕੇ ਇਥੋਂ ਦੀ ਪੈਦਾਵਾਰ ਵੀ ਸਭ ਤੋਂ ਜ਼ਿਆਦਾ ਹੈ। ਸਿੰਚਾਈ ਦੀਆਂ ਸਹੂਲਤਾਂ ਪੂਰੀਆਂ ਦਿੱਤੀਆਂ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ]

ਜਾ ਰਹੀਆਂ ਹਨ। ਕੰਡੀ ਕੈਨਾਲ ਦੀ ਸਕੀਮ ਮੈਂ ਸਮਝਦਾ ਹਾਂ ਕਿ ਇਹ ਇਕ ਬੜੀ ਭਾਰੀ ਗਲ ਹੈ। ਇਹ ਇਤਿਹਾਸ ਵਿਚ ਲਿਖਣ ਵਾਲੀ ਗਲ ਹੋਵੇਗੀ।ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਕੰਡੀ ਦੇ ਇਲਾਕੇ ਨੂੰ ਪਾਣੀ ਲੱਗੇਗਾ ਤਾਂ ਇਸ ਦੇਸ਼ ਦੀ ਕਾਇਆਂ ਪਲਟ ਜਾਵੇਗੀ। ਇਸੇ ਤਰ੍ਹਾਂ ਹੀ ਮੁਕੇਰੀਆਂ ਹਾਈਡਲ ਪ੍ਰਾਜੈਕਟ ਹੈ, ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਹੈ। ਇਹ ਇਸ ਸਰਕਾਰ ਦੀਆਂ ਬਹੁਤ ਅੱਛੀਆਂ ਸਕੀਮਾਂ ਹਨ।ਇਸ ਸਰਕਾਰ ਨੇ ਡੀਪ ਟਿਊਬਵੈਲ ਲਗਾਕੇ, ਇਸ ਦੇਸ਼ ਦੀ ਕਾਇਆਂ ਪਲਟਣ ਦਾ ਯਤਨ ਕੀਤਾ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਖਤਮ ਕਰੋ। ਸ਼੍ਰੀ ਹਰੀ ਮਿੱਤਰ ਹੰਸ ਜੀ, ਤੁਸੀਂ ਸ਼ੁਰੂ ਕਰੋ।

ਪੰਡਿਤ ਸਰਵਣ ਰਾਮ : ਡਿਪਟੀ ਸਪੀਕਰ ਸਾਹਿਬ, ਮੈਨੂੰ 2 ਮਿੰਟ ਦੇ ਦਿਓ। ਮੈਂ ਜਲਦੀ ਖਤਮ ਕਰ ਦਿੰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇਕ ਮਿੰਟ ਵਿਚ ਖਤਮ ਕਰੋ।

ਪੰਡਿਤ ਸਰਵਣ ਰਾਮ : ਕੰਡੀ ਦੇ ਕੁਝ ਇਲਾਕਿਆਂ ਵਿਚ ਸਰਕਾਰੀ ਕਰਮਚਾਰੀਆਂ ਨੂੰ ਸੀ. ਏ. ਮਿਲਦਾ ਹੈ ਅਤੇ ਕੁਝ ਇਲਾਕਿਆਂ ਵਿਚ ਨਹੀਂ ਮਿਲਦਾ। ਉਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਫਿਰ ਗੁਰੂ ਬਿਸ਼ਨਪੁਰੀ ਵਿਖੇ ਹਾਈ ਸਕੂਲ ਹੈ। ਉਸ ਦੇ ਕੁਝ ਮੁਲਾਜ਼ਮ ਰੈਗੂਲਰ ਕਰ ਦਿੱਤੇ ਹਨ ਅਤੇ ਕੁਝ ਰਹਿੰਦੇ ਹਨ। ਜਿਹੜੇ ਰਹਿੰਦੇ ਹਨ ਉਨ੍ਹਾਂ ਨੂੰ ਰੈਗੂਲਰ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ। (ਘੰਟੀ)

ਗੌਰਮਿੰਟ ਨੇ ਮੁਲਾਜ਼ਮਾਂ ਨੂੰ ਭੱਤਾ ਦੇਣ ਵਾਸਤੇ ਜਿਹੜਾ ਐਲਾਨ ਕੀਤਾ ਹੈ ਉਸ ਮੁਤਾਬਿਕ ਜਿਥੇ 25 ਹਜ਼ਾਰ ਦੀ ਆਬਾਦੀ ਹੈ ਉਸ ਦੇ 8-9 ਮੀਲ ਦਾ ਏਰੀਆ ਜਿਹੜਾ ਨਾਲ ਲਗਦਾ ਹੈ ਉਸ ਏਰੀਏ ਨੂੰ ਵਿੱਚ ਲੈਣਾ ਹੈ...

ਸ਼੍ਰੀ ਡਿਪਟੀ ਸਪੀਕਰ : ਤੁਸੀਂ ਖਤਮ ਕਰੋ।

ਪੰਡਿਤ ਸਰਵਣ ਰਾਮ: ਇਹ ਭੱਤਾ ਨਵਾਂ ਸ਼ਹਿਰ ਨੂੰ ਮਿਲਦਾ ਹੈ ਪਰ ਮੇਰੇ ਇਲਾਕੇ ਵਿਚ ਨਹੀਂ ਮਿਲਦਾ। ਉਥੇ ਵੀ ਇਹ ਸਹੂਲਤ ਦੇਣੀ ਚਾਹੀਦੀ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਖਤਮ ਕਰੋ।

ਪੰਡਿਤ ਸਰਵਣ ਰਾਮ : ਸਾਡੇ ਨਾਲੀਆਂ ਅਤੇ ਗਲੀਆਂ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਹੋਰ ਟਾਈਮ ਨਹੀਂ ਦਿੰਦੇ, ਇਸ ਲਈ ਮੈਂ ਐਨਾ ਕੁਝ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹੋਇਆ ਬੈਠਦਾ ਹਾਂ।

ਸ਼੍ਰੀ ਹਰੀ ਮਿੱਤਰ ਹੰਸ (ਸ਼ਾਮ ਚੌਰਾਸੀ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਹ ਬਜਟ ਸ਼ਲਾਘਾਯੋਗ ਹੈ। ਇਸ ਬਜਟ ਨੂੰ ਮੁੱਖ ਰੱਖਦੇ ਹੋਏ ਐਫ. ਐਮ. ਸਾਹਿਬ ਨੇ ਵੀਕਰ ਸੈਕਸ਼ਨ ਵਾਸਤੇ ਜੋ ਕੰਮ ਕੀਤੇ ਹਨ, ਉਹ ਸ਼ਲਾਘਾ ਯੋਗ ਹਨ। ਐਫ. ਐਮ. ਸਾਹਿਬ ਦਾ ਇਹ ਬਜਟ ਸ਼੍ਰੀਮਤੀ ਇੰਦਰਾ ਗਾਂਧੀ ਜੀ ਦੇ 20-ਨੁਕਾਤੀ ਪ੍ਰੋਗਰਾਮ ਉਤੇ ਅਧਾਰਤ ਹੈ। ਇਸ ਬਜਟ ਵਿਚ ਵੀਕਰ ਸੈਕਸ਼ਨ ਵਾਸਤੇ ਹਾਊਸਿੰਗ

Original with;
Punjab Vidhan Sabha
Digitized by;
Panjab Digital Library

ਦੀ ਜਿਹੜੀ ਸਕੀਮ ਹੈ ਉਸ ਬਾਰੇ ਮੈਂ ਥੋੜ੍ਹੀ ਜਿਹੀ ਸੁਜੈਸ਼ਨ ਦੇਣੀ ਚਾਹੁੰਦਾ ਹਾਂ। ਟਾਇਮ ਥੋੜ੍ਹਾ ਹੈ ਇਸ ਲਈ ਮੈਂ ਥੋੜ੍ਹਾ ਹੀ ਕਹਾਂਗਾ ਪਰ ਜੇ ਮੈਨੂੰ 10 ਮਿੰਟ ਮਿਲ ਜਾਣ ਤਾਂ ਠੀਕ ਰਹੇਗਾ।

ਸ਼੍ਰੀ ਡਿਪਟੀ ਸਪੀਕਰ : ਤੁਸੀਂ 5 ਮਿੰਟਾਂ ਵਿਚ ਖਤਮ ਕਰੋ।

ਸ਼੍ਰੀ ਹਰੀ ਮਿੱਤਰ ਹੰਸ : ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਊਸਿੰਗ ਬੋਰਡ ਦੀਆਂ ਜਿਹੜੀਆਂ ਵੀਕਰ ਸੈਕਸ਼ਨ ਵਾਸਤੇ ਕਾਲੋਨੀਆਂ ਬਣਦੀਆਂ ਹਨ ਉਹ ਸੈਪਰੇਟ ਨਹੀਂ ਹੋਣੀਆਂ ਚਾਹੀਦੀਆਂ। ਦੂਜਾ ਇਹ ਕਿ ਉਥੇ ਪੂਰੀਆਂ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ। ਜੇ ਅਸੀਂ ਕਹਿੰਦੇ ਹਾਂ ਕਿ ਹਰੀਜਨ ਸਮਾਜ ਦਾ ਅੰਗ ਹੈ ਤਾਂ ਫਿਰ ਉਨ੍ਹਾਂ ਵਾਸਤੇ ਵੱਖਰੀਆਂ ਕਾਲੋਨੀਆਂ ਨਹੀਂ ਬਣਾਉਣੀਆਂ ਚਾਹੀਦੀਆਂ। ਜਦੋਂ ਪਹਿਲਾਂ ਕੋਈ ਪਿੰਡਾਂ ਵਿਚ ਜਾਂਦਾ ਸੀ ਅਤੇ ਕਿਸੇ ਨੂੰ ਪੁੱਛਦਾ ਸੀ ਕਿ ਹਰੀਜਨ ਕਿਥੇ ਰਹਿੰਦੇ ਹਨ ਤਾਂ ਕਹਿੰਦੇ ਹੁੰਦੇ ਸੀ ਕਿ ਪਿੰਡ ਦੇ ਲਹਿੰਦੇ ਪਾਸੇ। ਮੇਰਾ ਕਹਿਣ ਦਾ ਮਤਲਬ ਹੈ ਕਿ ਹਰੀਜਨਾਂ ਦੀਆਂ ਵੱਖਰੀਆਂ ਕਾਲੋਨੀਆਂ ਨਹੀਂ ਹੋਣੀਆਂ ਚਾਹੀਦੀਆਂ। ਕੰਬਾਈਨ ਕਾਲੋਨੀਆਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਸਾਰੇ ਲੋਕ ਉਥੇ ਇਕੱਠੇ ਰਹਿਣ। ਉਨ੍ਹਾਂ ਕਾਲੋਨੀਆਂ ਵਿਚ ਵਾਟਰ ਸਪਲਾਈ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ। ਉਥੇ ਫਲੱਸ਼ ਸਿਸਟਮ ਹੋਣਾ ਚਾਹੀਦਾ ਹੈ। ਅੱਜ ਕੱਲ੍ਹ ਸਫਾਈ ਦਾ ਕੋਈ ਹੱਥੀਂ ਕੰਮ ਕਰਨਾ ਪਸੰਦ ਨਹੀਂ ਕਰਦਾ। ਉਨ੍ਹਾਂ ਵਾਸਤੇ ਜਿਹੜੀ ਜਗ੍ਹਾ ਹੈ ਉਹ ਇਸ ਵੇਲੇ ਇਕ ਕਮਰਾ ਅਤੇ ਇਕ ਬਾਥਰੂਮ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਗ੍ਹਾ ਥੋੜ੍ਹੀ ਹੈ। ਦੋ ਕਮਰੇ ਹੋਣੇ ਚਾਹੀਦੇ ਹਨ, ਇਕ ਬਾਥ ਰੂਮ ਅਤੇ ਇਕ ਕਿਚਨ ਹੋਣੀ ਚਾਹੀਦੀ ਹੈ। ਇਕ ਸਟੋਰ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਕਾਲੋਨੀਆਂ ਵਿਚ ਪਲੇਅ ਗਰਾਊਂਡਜ਼ ਹੋਣੇ ਚਾਹੀਦੇ ਹਨ। ਜੰਜ ਘਰ ਹੋਣੇ ਚਾਹੀਦੇ ਹਨ।

ਹੁਣ ਮੈਂ ਪੀਲੇ ਕਾਰਡਾਂ ਦੀ ਗੱਲ ਕਰਦਾ ਹਾਂ। ਪੀਲੇ ਕਾਰਡਾਂ ਵਾਸਤੇ ਜਿਹੜੀ 3600 ਰੁਪਏ ਦੀ ਸਾਲਾਨਾ ਇਨਕਮ ਰੱਖੀ ਹੈ ਇਹ ਇਨਕਮ ਵਧਾਕੇ 6000 ਰੁਪਏ ਕਰ ਦੇਣੀ ਚਾਹੀਦੀ ਹੈ। ਮਹਿੰਗਾਈ ਬਹੁਤ ਹੈ। ਇਸ ਵਿਚ ਕਲਾਸ ਫੋਰ ਦੇ ਇੰਪਲਾਈਜ਼ ਨੂੰ ਵੀ ਐਡ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਪੰਜਾਬ ਸਰਕਾਰ ਨੇ ਇਹ ਜਿਹੜੇ ਪੀਲੇ ਕਾਰਡਾਂ ਵਾਲਿਆਂ ਵਾਸਤੇ ਕੱਪੜੇ ਦੀ ਸਹੂਲਤ, ਦਾਲਾਂ ਅਤੇ ਹੋਰ ਕਰਜ਼ਿਆਂ ਆਦਿ ਦੀ ਸਹੂਲਤ ਦਿੱਤੀ ਹੈ ਇਹ ਬੜਾ ਸ਼ਲਾਘਾ ਯੋਗ ਕੰਮ ਹੈ। ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਕੁਝ ਕਾਰਡ ਗਲਤ ਬਣੇ ਹਨ। ਉਨ੍ਹਾਂ ਦੀ ਇਨਕੁਆਰੀ ਕੀਤੀ ਜਾਵੇ। ਮੇਰੇ ਇਲਾਕੇ ਵਿਚ ਕਈ ਆਦਮੀਆਂ ਦੀ ਜਿਨ੍ਹਾਂ ਦੀ 20-20 ਏਕੜ ਜ਼ਮੀਨ ਹੈ ਅਤੇ ਕਈਆਂ ਦੀ 1-1 ਲੱਖ ਰੁਪਏ ਦੀ ਫਿਕਸਡ ਡਿਪਾਜ਼ਿਟ ਹੈ ਉਨ੍ਹਾਂ ਦੇ ਕਾਰਡ ਵੀ ਬਣੇ ਹਨ। ਇਨਕੁਆਇਰੀ ਕਰਕੇ ਉਨ੍ਹਾਂਦੇ ਕਾਰਡ ਖਤਮ ਕਰਨੇ ਚਾਹੀਦੇ ਹਨ। ਇਹ ਜਿਹੜੀ 3600 ਰੁਪਏ ਸਾਲਾਨਾ ਦੀ ਇਨਕਮ ਪੀਲੇ ਕਾਰਡਾਂ ਵਾਸਤੇ ਰਖੀ ਹੈ ਇਹ ਲਿਮਿਟ 6000 ਰੁਪਏ ਕਰ ਦੇਣੀ ਚਾਹੀਦੀ ਹੈ।

ਸਾਨੂੰ ਬਿਜਲੀ ਦੀ ਬੜੀ ਜ਼ਰੂਰਤ ਹੈ। ਸਰਕਾਰ ਨੇ ਸਮਾਲ ਸਕੇਲ ਇੰਡਸਟਰੀਅਲ ਕਾਰਪੋਰੇਸ਼ਨ ਬਣਾਈ ਹੈ। ਇੰਡਸਟਰੀ ਡਿਵੈਲਪ ਕਰਨੀ ਹੈ, ਇਸ ਲਈ ਬਿਜਲੀ ਦੀ ਬੜੀ ਜ਼ਰੂਰਤ ਹੋ ਗਈ ਹੈ। ਪੰਜਾਬ ਸਰਕਾਰ ਮੁਕੇਰੀਆਂ ਹਾਈਡਲ ਪ੍ਰੋਜੈਕਟ, ਬਠਿੰਡਾ ਥਰਮਲ ਪਲਾਂਟ ਅਤੇ ਆਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ ਵੱਲ ਧਿਆਨ ਦੇ ਰਹੀ ਹੈ। ਇਥੇ ਮੈਂ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ। ਬਿਜਲੀ ਦੀ ਪ੍ਰਾਈਵੇਟ ਤੌਰ ਤੇ ਇਜਾਜ਼ਤ ਹੋਣੀ ਚਾਹੀਦੀ ਹੈ, ਇਸ ਤਰ੍ਹਾਂ ਇਸ ਦੇ ਵਿਚ ਕੰਪੀਟੀਸ਼ਨ ਹੋਵੇਗਾ। ਹੁਸ਼ਿਆਰਪੁਰ ਵਿਚ ਪਹਿਲੇ ਪ੍ਰਾਈਵੇਟ ਜੈਨਰੇਟਰ ਲੱਗਿਆ ਸੀ। (ਵਿਘਨ) ਇਸ ਲਈ ਮੈਂ ਕਹਾਂਗਾ ਕਿ ਬਿਜਲੀ ਦਾ ਪ੍ਰਾਈਵੇਟ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕੰਪੀਟੀਸ਼ਨ ਹੋਵੇਗਾ ਅਤੇ ਬਿਜਲੀ ਅੱਛੀ ਮਿਲੇਗੀ ਅਤੇ ਲੋਕਾਂ ਦੀ ਕੰਪਲੇਂਟ ਦੀ ਸੁਣਵਾਈ ਵੀ ਛੇਤੀ ਹੋਵੇਗੀ। ਮੇਰੀ ਸੁਜੈਸ਼ਨ ਹੈ ਕਿ ਪ੍ਰਾਈਵੇਟ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਹਰੀ ਮਿੱਤਰ ਹੰਸ]

ਤੇਰ ਤੇ ਬਿਜਲੀ ਦੀ ਇਜਾਜ਼ਤ ਦਿੱਤੀ ਜਾਵੇ ਅੱਰ ਜਿਹੜੇ ਬਿਜਲੀ ਦੇ ਜੈਨਰੇਟਰ ਹਨ ਉਨ੍ਹਾਂ ਤੇ ਟੈਕਸ ਲੈ ਲਿਆ ਜਾਵੇ ਤਾਂ ਇਸ ਦੇ ਨਾਲ ਕਾਫੀ ਬਿਜਲੀ ਦਾ ਸੁਧਾਰ ਹੋ ਸਕਦਾ ਹੈ ਅਤੇ ਬਿਜਲੀ ਦੀ ਕਮੀ ਦੂਰ ਹੋ ਸਕਦੀ ਹੈ। ਇਹ ਠੀਕ ਹੈ ਕਿ ਸਰਕਾਰ ਨੇ ਥਰਮਲ ਪਲਾਂਟ ਬਠਿੰਡਾ ਵਿੱਚ, ਅੱਗੇ ਨਾਲੋਂ ਬਿਜਲੀ ਜ਼ਿਆਦਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਮੇਰੀ ਬੇਨਤੀ ਹੈ ਕਿ ਥਰਮਲ ਪਲਾਂਟਾਂ ਨਾਲੋਂ ਜੇ ਅਟਾਮਿਕ ਪਲਾਂਟ ਬਾਰੇ ਸੋਚਿਆ ਜਾਵੇ ਤਾਂ ਠੀਕ ਰਹੇਗਾ ਕਿਉਂਕਿ ਕੋਲਾ ਬਾਹਰੋਂ ਲਿਆਉਣਾ ਪੈਂਦਾ ਹੈ ਅਤੇ ਕਈ ਵਾਰੀ ਮਿਲਦਾ ਵੀ ਨਹੀਂ, ਇਸ ਲਈ ਥਰਮਲ ਪਲਾਂਟ ਕਾਸਟਲੀ ਪੈਂਦਾ ਹੈ ਪਰ ਇਸ ਦੇ ਮੁਕਾਲੇ ਵਿੱਚ ਅਟਾਮਿਕ ਪਲਾਂਟ ਕਾਸਟਲੀ ਨਹੀਂ ਪਵੇਗਾ। ਇਸ ਲਈ ਮੇਰੀ ਬੇਨਤੀ ਹੈ ਕਿ ਅਟਾਮਿਕ ਪਲਾਂਟ ਦੇ ਬਾਰੇ ਸੋਚਣਾ ਚਾਹੀਦਾ ਹੈ।

ਸ਼੍ਰੀ ਡਿਪਟੀ ਸਪੀਕਰ: ਹੁਣ ਵਾਈਂਡ ਅੱਪ ਕਰ ਦਿਓ।

ਸ਼੍ਰੀ ਹਰੀ ਮਿੱਤਰ ਹੰਸ: ਡਿਪਟੀ ਸਪੀਕਰ ਸਾਹਿਬ, ਮੈਂ ਰੰਧਾਵਾ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਗਲੀਆਂ ਅਤੇ ਨਾਲੀਆਂ ਬਸਤੀਆਂ ਦੀਆਂ ਪੱਕੀਆਂ ਕਰਨ ਵਾਸਤੇ ਕਾਫੀ ਪੈਸਾ ਦਿੱਤਾ ਹੈ। ਮੈਂ ਇਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਨਾਲੀਆਂ ਗਲੀਆਂ ਪੱਕੀਆਂ ਕਰਨ ਵੱਲ ਆਪਣਾ ਧਿਆਨ ਦਿੱਤਾ ਹੈ ਨਹੀਂ ਤਾਂ ਪਹਿਲੀ ਸਰਕਾਰ ਨੇ ਇਸ ਪਾਸੇ ਵੱਲ ਆਪਣਾ ਧਿਆਨ ਹੀ ਨਹੀਂ ਸੀ ਦਿੱਤਾ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਲਈ ਲੱਖਾਂ ਰੁਪਏ ਖਰਚ ਕੀਤੇ ਹਨ ਅਤੇ ਪਿੰਡਾਂ ਵਿੱਚ ਗਲੀਆਂ ਅਤੇ ਨਾਲੀਆਂ ਪੱਕੀਆਂ ਹੋ ਰਹੀਆਂ ਹਨ ਮੈਂ ਇਸ ਦੇ ਲਈ ਸਰਕਾਰ ਨੂੰ ਇਕ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਜਿਸ ਪਿੰਡ ਵਿੱਚ ਕੰਮ ਸ਼ੁਰੂ ਕੀਤਾ ਜਾਵੇ ਅਤੇ ਜਿਸ ਪਿੰਡ ਨੂੰ 50 ਜਾਂ 60 ਹਜ਼ਾਰ ਰੁਪਿਆ ਜਾਂ ਲੱਖ ਰੁਪਿਆ ਦਿੱਤਾ ਹੈ ਉਥੇ ਕੰਮ ਕੰਪਲੀਟ ਹੋ ਜਾਵੇ ਤਾਂ ਹੀ ਉਹ ਪਿੰਡ ਨੂੰ ਛੱਡਣਾ ਚਾਹੀਦਾ ਹੈ, ਕੰਮ ਵਿੱਚੇ ਹੀ ਨਹੀਂ ਛੱਡ ਦੇਣਾ ਚਾਹੀਦਾ। ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਉਹ ਇਸ ਪਾਸੇ ਵੀ ਆਪਣਾ ਧਿਆਨ ਦੇਵੇ ਕਿ ਜਿਥੇ ਕੰਮ ਸ਼ੁਰੂ ਹੈ ਉਹ ਕੰਪਲੀਟ ਜਰੂਰ ਹੋ ਜਾਵੇ। ਡਿਪਟੀ ਸਪੀਕਰ ਸਾਹਿਬ, ਇਕ ਮੈਂ ਬੇਨਤੀ ਇਹ ਵੀ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਦੇ ਟਾਈਮ ਵਿੱਚ ਸਕੀਮ ਬਣਾਈ ਗਈ ਸੀ ਕਿ ਪਿੰਡਾਂ ਵਿੱਚ ਹਰੀਜਨਾਂ ਅਤੇ ਵੀਕਰ ਸੈਕਸ਼ਨਜ਼ ਲਈ ਲੈਟਰੀਨਜ਼ ਬਣਾਉਣੀਆਂ ਹਨ। ਮੇਰੀ ਬੇਨਤੀ ਹੈ ਕਿ ਪਿੰਡਾਂ ਵਿੱਚ ਜਿੰਨੀਆਂ ਵੀ ਲੜਾਈਆਂ ਹੁੰਦੀਆਂ ਹਨ ਨਾਕਾ-ਬੰਦੀਆਂ ਹੁੰਦੀਆਂ ਹਨ। ਉਹ ਇਸ ਵਜ੍ਹਾ ਕਰਕੇ ਹੀ ਹੁੰਦੀਆਂ ਹਨ ਕਿ ਜਿਮੀਦਾਰ ਉਨ੍ਹਾਂ ਨੂੰ ਖੇਤਾਂ ਵਿੱਚ ਜਾਣ ਨਹੀਂ ਦਿੰਦੇ। ਮੇਰੀ ਸੁਜੈਸ਼ਨ ਹੈ ਕਿ ਪਿੰਡਾਂ ਵਿੱਚ ਹਰੀਜਨਾਂ ਲਈ, ਵੀਕਰ ਸੈਕਸ਼ਨ ਲਈ, ਫਲੱਸ਼ ਸਿਸਟਮ ਦੀਆਂ ਲੈਟਰੀਨਜ਼ ਬਣਾਈਆਂ ਜਾਣ ਤਾਂਕਿ ਲੋਕਾਂ ਨੂੰ ਤਕਲੀਫ ਨਾ ਹੋਵੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਮਾਤੂ ਰਾਮ (ਮਲੌਟ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਜੋ ਬਜਟ ਬਣਾਇਆ ਹੈ ਅਤੇ ਵਿੱਤ ਮੰਤਰੀ ਸਾਹਿਬ ਨੇ ਸਦਨ ਵਿੱਚ ਪੇਸ਼ ਕੀਤਾ ਹੈ ਉਹ ਬੜੀ ਸੂਝ ਬੂਝ ਨਾਲ ਬਣਾਇਆ ਗਿਆ ਹੈ। ਕਈ ਇਸ ਦੇ ਖਿਲਾਫ ਬੋਲੇ ਹਨ ਅਤੇ ਕਈ ਇਸ ਦੇ ਹੱਕ ਵਿਚ ਬੋਲੇ ਹਨ, ਮੈਂ ਇਨ੍ਹਾਂ ਗੱਲਾਂ ਵਿੱਚ ਨਹੀਂ ਜਾਣਾ ਚਾਹੁੰਦਾ। ਤੁਸੀਂ ਉਹ ਸਾਰੀਆਂ ਗੱਲਾਂ ਸੁਣ ਚੁੱਕੇ ਹੋ। ਮੈਂ ਤਾਂ ਇਹੀ ਕਹਿੰਦਾ ਹਾਂ ਕਿ ਬਜਟ ਜਿਹੜਾ ਬਣਾਇਆ ਹੈ ਉਹ ਨਿਹਾਇਤ ਸਿਆਣਪ ਤੇ ਸਮਝਦਾਰੀ ਨਾਲ ਬਣਾਇਆ ਗਿਆ ਹੈ। (ਥੰਪਿੰਗ) ਪੰਜਾਬ ਦੇ ਲੋਕਾਂ ਦੇ ਭਲੇ ਲਈ ਬਹੁਤ ਅੱਛੇ ਅੱਛੇ ਕਦਮ ਉਠਾਏ ਗਏ ਹਨ ਅਤੇ ਕਰੋੜਾਂ ਰੁਪਿਆ ਸਾਰੀਆਂ ਸਕੀਮਾਂ ਨੂੰ ਲਾਗੂ ਕਰਨ ਵਾਸਤੇ ਰੱਖਿਆ ਹੈ। ਮਿਸਾਲ ਦੇ ਤੌਰ ਤੇ ਮੈਂ ਦੱਸਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

ਹਾਂ ਕਿ ਮੇਰੇ ਹਰੀਜਨਾਂ ਭਰਾਵਾਂ ਦੇ ਬੱਚਿਆਂ ਨੂੰ ਪੜ੍ਹਾਉਣ ਦੇ ਲਈ, ਉਨ੍ਹਾਂ ਨੂੰ ਵਜ਼ੀਫਾ ਦੇਣ ਲਈ ਅਤੇ ਹੋਰ ਸਹੂਲਤਾਂ ਦੇਣ ਲਈ ਲੱਖਾਂ ਰੁਪਿਆ ਰੱਖਿਆ ਗਿਆ ਹੈ ਅਤੇ ਲੱਖਾਂ ਰੁਪਿਆ ਉਨ੍ਹਾਂ ਤੇ ਖਰਚ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਸਰਕਾਰ ਨੇ ਬੜਾ ਅੱਛਾ ਕੰਮ ਕੀਤਾ ਹੈ ਕਿ ਗਰੀਬ ਹਰੀਜਨਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਅਤੇ ਉਨ੍ਹਾਂ ਦੇ ਹੋਰ ਕੰਮਾਂ ਲਈ ਬਹੁਤ ਰੁਪਿਆ ਰਖਿਆ ਹੈ ਤਾਂਕਿ ਉਹ ਲੋਕ ਤਰੱਕੀ ਕਰ ਸਕਣ। ਸਰਕਾਰ ਦੀ ਮਨਸ਼ਾ ਹੈ ਕਿ ਉਨ੍ਹਾਂ ਲੋਕਾਂ ਦਾ ਭਲਾ ਹੋਵੇ ਪਰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕੱਲਾ ਸਰਕਾਰੀ ਮਸ਼ੀਨਰੀ ਤੇ ਨਾ ਛੱਡ ਦਿਓ, ਆਪ ਚੈਕ ਕਰਨਾ ਚਾਹੀਦਾ ਹੈ ਕਿ ਜੋ ਰੁਪਿਆ ਜਿਸ ਕੰਮ ਵਾਸਤੇ ਦਿੱਤਾ ਗਿਆ ਹੈ ਉਹ ਠੀਕ ਥਾਂ ਤੇ ਰੁਪਿਆ ਲੱਗ ਵੀ ਰਿਹਾ ਹੈ ਜਾਂ ਨਹੀਂ। ਫਰਜ਼ ਕੀਤਾ ਸਰਕਾਰ ਨੇ ਲੱਖਾਂ ਰੁਪਿਆ ਹਰੀਜਨਾਂ ਦੇ ਬਚਿਆਂ ਵਾਸਤੇ ਵਜ਼ੀਫਾ ਦੇਣ ਵਾਸਤੇ ਰਖਿਆ ਹੈ ਤਾਂ ਇਹ ਚੈਕ ਕਰਨਾ ਚਾਹੀਦਾ ਹੈ ਕਿ ਆਇਆ ਉਹ ਰੁਪਿਆ ਉਨ੍ਹਾਂ ਨੂੰ ਮਿਲ ਵੀ ਰਿਹਾ ਹੈ ਜਾਂ ਨਹੀਂ ਜਾਂ ਜੋ ਰੁਪਿਆ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਵਾਸਤੇ ਦਿੱਤਾ ਗਿਆ ਹੈ ਉਹ ਰੁਪਿਆ ਠੀਕ ਇਸਤੇਮਾਲ ਹੋ ਰਿਹਾ ਹੈ ਜਾਂ ਨਹੀਂ। ਇਹ ਵੀ ਦੇਖਣਾ ਚਾਹੀਦਾ ਹੈ ਕਿ ਹਰੀਜਨਾਂ ਦੇ ਬੱਚਿਆਂ ਨੂੰ ਵਜ਼ੀਫਾ ਦੇ ਕੇ, ਕਿਤਾਬਾਂ ਦੇ ਦੇ ਕੇ ਉਨ੍ਹਾਂ ਨੂੰ ਪੜ੍ਹਾਇਆ ਹੈ, ਮੈਟਰਿਕ ਪਾਸ ਕਰਵਾਈ ਹੈ, ਬੀ.ਏ. ਕਰਵਾਈ ਹੈ ਪਰ ਜੇ ਉਹ ਮੈਟਰਿਕ ਪਾਸ ਕਰਕੇ ਜਾਂ ਬੀ. ਏ. ਪਾਸ ਕਰਕੇ ਵੀ ਵਿਹਲਾ ਫਿਰਦਾ ਪਿਆ ਹੈ ਤਾਂ ਇਸ ਦੇ ਨਾਲ ਬੇਰੁਜ਼ਗਾਰੀ ਦੂਰ ਨਹੀਂ ਹੋਵੇਗੀ। ਸਾਡਾ ਮਤਲਬ ਹੈ ਕਿ ਬੇਰੋਜ਼ਗਾਰੀ ਵੀ ਦੂਰ ਕਰਨੀ ਹੈ। ਜਿਨ੍ਹਾਂ ਨੂੰ ਅਸੀਂ ਲੱਖਾਂ ਰੁਪਿਆ ਲਾ ਕੇ ਪੜ੍ਹਾਇਆ ਹੈ, ਉਨ੍ਹਾਂ ਨੂੰ ਰੁਜ਼ਗਾਰ ਦੇਣਾ ਹੈ। ਸਰਕਾਰ ਨੂੰ ਇਸ ਦੇ ਲਈ ਹੱਦ ਮੁਕੱਰਰ ਕਰਨੀ ਪਵੇਗੀ। ਇਕ ਬਾਪ ਦਾ ਤਕੜਾ ਬਿਜ਼ਨਸ ਹੈ, ਇਕ ਬਾਪ ਦੀ ਤਕੜੀ ਜ਼ਮੀਨ ਹੈ, ਤਕੜਾ ਕਾਰਖਾਨਾ ਹੈ ਅਤੇ ਦੂਸਰੇ ਬਾਪ ਦੀ ਇਹ ਪੋਜ਼ੀਸ਼ਨ ਹੈ ਕਿ ਉਹ ਹਰੀਜਨ ਹੈ, ਬੈਕਵਰਡ ਹੈ ਉਸ ਦੀ ਕੋਈ ਜ਼ਮੀਨ ਨਹੀਂ, ਬਿਜ਼ਨਸ ਨਹੀਂ, ਕੋਈ ਕਾਰਖਾਨਾ ਨਹੀਂ ਉਸ ਦਾ ਵੀ ਬੱਚਾ ਪੜ੍ਹਦਾ ਹੈ ਅਤੇ ਉਸ ਦਾ ਵੀ ਬੱਚਾ ਪੜ੍ਹਦਾ ਹੈ ਅਤੇ ਦੋਨਾਂ ਦੇ ਬਚੇ ਅਗਰ ਪੜ੍ਹ ਕੇ ਦੋਨੋਂ ਸੜਕਾਂ ਤੇ ਫਿਰਦੇ ਹਨ ਤਾਂ ਸਰਕਾਰ ਨੂੰ ਇਹ ਦੇਖਣਾ ਪਵੇਗਾ ਕਿ ਪਹਿਲਾਂ ਕਿਸ ਦਾ ਹੱਕ ਬਣਦਾ ਹੈ। ਜਿਸ ਗਰੀਬ ਬਾਪ ਨੇ ਮਿਹਨਤ ਕਰਕੇ, ਖੂਨ ਪਸੀਨੇ ਦੀ ਕਮਾਈ ਕਰਕੇ ਅਤੇ ਸਰਕਾਰ ਨੇ ਉਸ ਨੂੰ ਵਜ਼ੀਫੇ ਦੇ ਕੇ ਪੜ੍ਹਾਇਆ ਹੈ ਜੇ ਉਸ ਨੂੰ ਰੁਜ਼ਗਾਰ ਦੇਣ ਵੇਲੇ ਧਿਆਨ ਨਹੀਂ ਕਰਾਂਗੇ ਤਾਂ ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਬੇਰੁਜ਼ਗਾਰੀ ਨਹੀਂ ਹਟੇਗੀ ਅਤੇ ਜੋ ਰੁਪਿਆ ਉਸ ਤੇ ਖਰਚ ਕੀਤਾ ਹੈ ਉਹ ਜ਼ਾਇਆ ਕਰਨ ਵਾਲੀ ਗੱਲ ਹੈ। ਮੇਰੀ ਬੇਨਤੀ ਹੈ ਕਿ ਹਰੀਜਨ ਅਤੇ ਬੈਕਵਰਡ ਕਲਾਸ ਵਾਲੇ ਦੇ ਬੱਚੇ ਨੂੰ ਵੀਕਰ ਸੈਕਸ਼ਨ ਵਾਲੇ ਦੇ ਬੱਚੇ ਨੂੰ ਮੁਲਾਜ਼ਮਤ ਵਿੱਚ ਪਹਿਲ ਦੇਣੀ ਚਾਹੀਦੀ ਹੈ,। ਉਸ ਨੂੰ ਬੇਸ਼ਕ ਜੇ. ਬੀ. ਟੀ. ਲਾ ਦਿਓ, ਪੁਲਿਸ ਵਿੱਚ ਲਾ ਦਿਓ, ਦਫਤਰ ਵਿੱਚ ਲਾ ਦਿਓ, ਚੌਕੀਦਾਰ ਲਾ ਦਿਓ ਜਾਂ ਬੇਲਦਾਰ ਲਾ ਦਿਓ ਜਿਤਨਾ ਉਹ ਪੜ੍ਹਿਆ ਹੋਇਆ ਹੈ ਉਸ ਦੀ ਕੁਆਲੀਫੀਕੇਸ਼ਨ ਦੇ ਮੁਤਾਬਿਕ, ਉਸ ਦੇ ਸਟੈਂਡਰਡ ਦੇ ਮੁਤਾਬਿਕ ਜਿਥੇ ਕਿਧਰੇ ਤੁਸੀਂ ਮੁਨਾਸਿਬ ਸਮਝੋ ਨੌਕਰੀ ਦੇ ਦਿਓ। ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਅਤੇ ਸਰਕਾਰ ਪਾਸੋਂ ਮੰਗ ਕਰਦਾ ਹਾਂ ਕਿ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਗਰੀਬ ਬਾਪ ਦੇ ਬੱਚੇ ਹਨ, ਬੇਰੁਜ਼ਗਾਰ ਬਾਪ ਦੇ ਬੱਚੇ ਹਨ ਜਿਨ੍ਹਾਂ ਨੇ ਮਿਹਨਤ ਨਾਲ ਬੱਚਿਆਂ ਨੂੰ ਪੜ੍ਹਾਇਆ ਹੈ, ਸਰਕਾਰ ਨੇ ਮੱਦਦ ਦੇ ਕੇ ਪੜ੍ਹਾਇਆ ਹੈ ਉਨ੍ਹਾਂ ਨੂੰ ਬੇਰੁਜ਼ਗਾਰ ਰੱਖਣਾ ਠੀਕ ਨਹੀਂ ਹੈ ਸਾਰੇ ਮਨਿਸਟਰ ਸਾਹਿਬਾਨ ਬੈਠੇ ਹਨ ਉਨ੍ਹਾਂ ਨੂੰ ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਨਪੜ੍ਹ ਆਦਮੀਆਂ ਨੂੰ ਜਿਨ੍ਹਾਂ ਨੂੰ ਸਰਕਾਰ ਨੇ ਕਰਜ਼ਾ ਦਿੱਤਾ ਹੈ ਉਸ ਦੇ ਬਾਰੇ ਵੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਸਰਕਾਰ ਦੀ ਮਨਸ਼ਾ ਹੈ ਕਿ ਲੋਕ ਤਰੱਕੀ ਕਰਨ। ਮੇਰੀ ਬੇਨਤੀ ਹੈ ਕਿ ਕਰਜ਼ਾ ਉਸ ਆਦਮੀ ਨੂੰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਾਤੂ ਰਾਮ]

ਦਿੱਤਾ ਜਾਵੇ ਜਿਸ ਨੇ ਕੋਈ ਤਬੱਕੀ ਕਰਨੀ ਹੈ। ਇਸ ਕਿਸਮ ਦੀ ਕੋਈ ਐਜੂਕੇਸ਼ਨ ਦਿੱਤੀ ਜਾਵੇ, ਟਰੇਨਿੰਗ ਦਿੱਤੀ ਜਾਵੇ ਤਾਂਕਿ ਜਿਹੜਾ ਰੁਪਿਆ ਉਹ ਲਵੇ ਉਸ ਦਾ ਠੀਕ ਇਸਤੇਮਾਲ ਕਰ ਸਕੇ ਤਾਂ ਹੀ ਬੇਰੁਜ਼ਗਾਰੀ ਦੂਰ ਹੋਵੇਗੀ। ਐਵੇਂ ਰੁਪਿਆ ਦੇਣ ਦਾ ਕੋਈ ਮਤਲਬ ਨਹੀਂ ਨਿਕਲਦਾ।

ਸ਼੍ਰੀ ਡਿਪਟੀ ਸਪੀਕਰ : ਹੁਣ ਵਾਈਂਡ ਅੱਪ ਕਰ ਦਿਓ।

ਸ਼੍ਰੀ ਮਾਤੂ ਰਾਮ: ਮੇਰੇ ਕਹਿਣ ਦਾ ਮਤਲਬ ਹੈ ਕਿ ਜਿਹੜਾ ਰੁਪਿਆ ਕੋਈ ਕਿਸੇ ਕੰਮ ਵਾਸਤੇ ਦਿੱਤਾ ਜਾਵੇ ਉਸ ਦੀ ਦੇਖ ਭਾਲ ਕਰਨੀ ਚਾਹੀਦੀ ਹੈ ਉਸ ਨੂੰ ਦੇਖਣਾ ਚਾਹੀਦਾ ਹੈ ਕਿ ਉਹ ਰੁਪਿਆ ਠੀਕ ਲੱਗ ਰਿਹਾ ਹੈ ਜਾਂ ਨਹੀਂ। ਸਰਕਾਰ ਲੱਖਾਂ ਰੁਪਿਆ ਹਰੀਜਨਾਂ ਦੀਆਂ ਬਸਤੀਆਂ ਵਿੱਚ ਲਾ ਰਹੀ ਹੈ, ਉਥੇ ਨਾਲੀਆਂ ਅਤੇ ਗਲੀਆਂ ਪੱਕੀਆਂ ਕਰਨ ਵਾਸਤੇ ਰੁਪਿਆ ਦੇ ਰਹੀ ਹੈ. ਸਰਕਾਰ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਜਿਹੜਾ ਰੁਪਿਆ ਇਥੇ ਵਾਸਤੇ ਦਿੱਤਾ ਹੈ ਉਹ ਕਿਧਰੇ ਹੋਰ ਜਗ੍ਹਾ ਤਾਂ ਇਸਤੇਮਾਲ ਨਹੀਂ ਹੋ ਰਿਹਾ। ਜਿਥੇ ਨਾਲੀਆਂ ਗਲੀਆਂ ਪੱਕੀਆਂ ਕਰਨ ਵਾਸਤੇ ਰੁਪਿਆ ਹੈ ਉਥੇ ਹੀ ਨਾਲੀਆਂ, ਗਲੀਆਂ ਬਣੀ ਜਾ ਰਹੀਆਂ ਹਨ ਜਾਂ ਹੋਰ ਥਾਂ ਤੇ ਬਣ ਰਹੀਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੀ ਦੇਖ ਭਾਲ ਹੋਣੀ ਚਾਹੀਦੀ ਹੈ ਤਾਂਕਿ ਰੁਪਿਆ ਜੋ ਲਾਇਆ ਜਾ ਰਿਹਾ ਹੈ ਉਹ ਸਹੀ ਜਗ੍ਹਾ ਤੇ ਲੱਗੇ ਜਿਥੇ ਲਗਣ ਵਾਸਤੇ ਦਿੱਤਾ ਗਿਆ ਹੈ।

ਡਿਪਟੀ ਸਪੀਕਰ ਸਾਹਿਬ. ਬੇਘਰੇ ਲੋਕਾਂ ਨੂੰ ਜਿਥੋਂ ਤਕ ਘਰ ਦੇਣ ਦਾ ਸਵਾਲ ਹੈ ਉਸ ਦੇ ਬਾਰੇ ਮੇਰੀ ਬੇਨਤੀ ਹੈ ਕਿ ਹਰ ਇਕ ਪਿੰਡ ਵਿਚ 20-20. 30-30 ਆਦਮੀ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਪੈਰ ਰੱਖਣ ਦੀ ਜਗ੍ਹਾ ਵੀ ਨਹੀਂ ਹੁੰਦੀ। ਉਨ੍ਹਾਂ ਨੂੰ ਵਸਾਉਣ ਲਈ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ, ਇਨਚਾਰਜ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ। ਪਿੰਡਾਂ ਵਿਚ ਇਸ ਦਾ ਸਰਵੇ ਕਰਾਉਣਾ ਚਾਹੀਦਾ ਹੈ ਕਿ ਕਿੰਨੇ ਐਸੇ ਲੋਕ ਹਨ ਜਿਹੜੇ ਫਿਰਕਿਆਂ ਵਿੱਚ ਰਹਿੰਦੇ ਹਨ. ਜਿਨ੍ਹਾਂ ਪਾਸ ਘਰ ਨਹੀਂ, ਰਹਿਣ ਵਾਸਤੇ ਕੋਈ ਜਗ੍ਹਾ ਨਹੀਂ ਹੈ ਉਨਾਂ ਨੂੰ ਜਗ੍ਹਾ ਦੇਣੀ ਚਾਹੀਦੀ ਹੈ ਜ਼ਮੀਨ ਦੇਣੀ ਚਾਹੀਦੀ ਹੈ। ਜਦੋਂ ਤਕ ਉਨ੍ਹਾਂ ਵਿਚਾਰਿਆਂ ਨੂੰ ਕੋਈ ਰਹਿਣ ਵਾਸਤੇ ਜਗ੍ਹਾ ਨਹੀਂ ਮਿਲੇਗੀ. ਜ਼ਮੀਨ ਨਹੀਂ ਮਿਲੇਗੀ ਉਹ ਨਹੀਂ ਸਮਝਣਗੇ ਕਿ ਅਸੀਂ ਆਜ਼ਾਦ ਹੋਏ ਹਾਂ। (ਘੰਟੀ) ਡਿਪਟੀ ਸਪੀਕਰ ਸਾਹਿਬ. ਦਿਹਾਤਾਂ ਵਿੱਚ ਨਾਲੀਆਂ ਅਤੇ ਗਲੀਆਂ ਬਣ ਰਹੀਆਂ ਹਨ; ਰੰਧਾਵਾ ਸਾਹਿਬ ਮੇਰੇ ਹਲਕੇ ਵਿੱਚ ਗਏ ਸਨ. ਮੇਰੇ ਹਲਕੇ ਵਿਚ ਬੜਾ ਅੱਛਾ ਕੰਮ ਚੱਲ ਰਿਹਾ ਹੈ ਅਤੇ ਮੈਂ ਉਮੀਦ ਕਰਦਾ ਹਾ ਕਿ ਅਗੇ ਵਾਸਤੇ ਵੀ ਕੰਮ ਅੱਛਾ ਹੀ ਚਲੇਗਾ। ਇਕ ਮੇਰੀ ਬੇਨਤੀ ਬਸ ਇਤਨੀ ਹੈ ਕਿ ਸਰਕਾਰੀ ਮਸ਼ੀਨਰੀ ਦਾ ਸਰਕਾਰ ਨੂੰ ਪੂਰਾ ਧਿਆਨ ਰਖਣਾ ਚਾਹੀਦਾ ਹੈ ਅਤੇ ਦੇਖ ਭਾਲ ਕਰਨੀ ਚਾਹੀਦੀ ਹੈ ਕਿ ਜਿਹੜਾ ਰੁਪਿਆ ਜਿਸ ਕੰਮ ਵਾਸਤੇ ਦਿਤਾ ਗਿਆ ਹੈ ਉਹ ਠੀਕ ਖਰਚ ਹੋ ਰਿਹਾ ਹੈ ਜਾਂ ਨਹੀਂ। ਇਤਨਾ ਕਹਿੰਦਾ ਹੋਇਆ ਮੈਂ ਬੈਠਦਾ ਹਾਂ। ਬਹੁਤ ਬਹੁਤ ਸ਼ੁਕਰੀਆ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਡਿਪਟੀ ਸਪੀਕਰ ਸਾਹਿਬ, ਸ਼੍ਰੀਮਤੀ ਇੰਦਰਾ ਗਾਂਧੀ ਜੀ ਜਿਹੜੇ ਸਾਰੇ ਸੰਸਾਰ ਦੀ ਮਹਾਨ ਹਸਤੀ ਹਨ. ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਹਨ, ਉਨ੍ਹਾਂ ਦੀ ਅਸ਼ੀਰਵਾਦ ਨਾਲ ਅਤੇ ਸਰਦਾਰ ਦਰਬਾਰਾ ਸਿੰਘ ਜੀ ਜੋ ਸੁਤੰਤਰਤਾ ਸੰਗਰਾਮੀਏ ਹਨ ਉਨ੍ਹਾਂ ਦੀ ਅਗਵਾਈ ਥੱਲੇ ਇਹ ਪੰਜਾਬ ਸਰਕਾਰ ਬਣੀ ਹੈ। ਪਿਛਲੇ ਦੋ ਸਾਲਾਂ ਤੋਂ ਦੋ ਬਜਟ ਪੇਸ਼ ਹੋ ਚੁੱਕੇ ਹਨ ਅਤੇ ਇਹ ਤੀਸਰਾ ਬਜਟ 23 ਅਰਬ 5 ਕਰੋੜ 95 ਲੱਖ ਰੁਪਏ ਦਾ ਇਸ ਸਦਨ ਵਿਚ ਪੇਸ਼

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਹੈ। ਇਸ ਬਜਟ ਦੇ ਸਬੰਧ ਵਿਚ ਵਿਚਾਰ ਪ੍ਰਗਟ ਕੀਤੇ ਗਏ। ਮੈਨੂੰ ਖੁਸ਼ੀ ਹੈ ਕਿ ਕੁਝ ਮਾਨਯੋਗ ਮੈਂਬਰਾਂ ਨੇ ਇਸ ਦੀ ਸ਼ਲਾਘਾ ਕੀਤੀ ਹੈ, ਕੁਝ ਸੁਝਾਓ ਵੀ ਆਏ ਹਨ ਪਰ ਆਪੋਜੀਸ਼ਨ ਦੀ ਤਰਫੋਂ ਹਸਬਮਾਮੂਲ, ਡਿਪਟੀ ਸਪੀਕਰ ਸਾਹਿਬ, ਜਿਹੜੇ ਬਿਲਕੁਲ ਰੱਟੇ ਹੋਏ ਫਿਕਰੇ ਹੁੰਦੇ ਹਨ ਕਿ ਇਹ ਕਿਸਾਨ ਮਾਰੂ ਬਜਟ ਹੈ, ਇਹ ਪੰਜਾਬ ਮਾਰੂ ਬਜਟ ਹੈ, ਇਹ ਟਰੇਡਰ ਮਾਰੂ ਬਜਟ ਹੈ, ਇਹ ਕਰਮਚਾਰੀ ਮਾਰੂ ਬਜਟ ਹੈ. ਮਜ਼ਦੂਰ ਮਾਰੂ ਬਜਟ ਹੈ। ਇਹ ਇਕ ਗਰਦਾਨ ਹੈ ਜਿਹੜੀ ਲਗਾਤਾਰ ਪਿਛਲੇ ਦੋ ਸਾਲਾਂ ਤੋਂ ਇਥੇ ਚਲਦੀ ਤੁਰੀ ਆ ਰਹੀ ਹੈ। ਇਨ੍ਹਾਂ ਵਲੋਂ ਇਹ ਚੀਜ਼ ਬਾਰ ਬਾਰ ਆਉਂਦੀ ਹੀ ਰਹੀ ਹੈ ਕਿ ਇਹ ਬਜਟ ਸਾਰਾ ਸਤਿਆਨਾਸ ਕਰਨ ਵਾਲਾ ਹੈ, ਮਾਰਨ ਵਾਲਾ ਹੈ।

12,52 ਬਾਅਦ ਦੁਪਹਿਰ

(ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ. ਮੈਂ ਦੱਸਣਾ ਚਾਹਾਂਗਾ ਹਾਂ ਕਿ ਪੰਜਾਬ ਸਰਕਾਰ ਸਮਚੇ ਤੌਰ ਤੇ ਪੰਜਾਬ ਦੀ ਤਰੱਕੀ ਚਾਹੁੰਦੀ ਹੈ। ਪੰਜਾਬ ਸਰਕਾਰ ਸਮੁੱਚੇ ਤੌਰ ਤੇ ਪੰਜਾਬ ਦੇ ਲੋਕਾਂ ਦੀ ਭਲਾਈ ਚਾਹੁੰਦੀ ਹੈ ਅੌਰ ਇਸਦੇ ਮੁਤਾਬਿਕ ਹੀ ਪਿਛਲੇ ਦੋ ਸਾਲਾਂ ਦੇ ਬਜਟ ਪੇਸ਼ ਕੀਤੇ ਗਏ ਅੌਰ ਇਹ ਤੀਸਰਾ ਬਜਟ ਉਨ੍ਹਾਂ ਦੋ ਕੜੀਆਂ ਦੀ ਤੀਸਰੀ ਕੜੀ ਹੈ। ਮੈਨੂੰ ਖੁਸ਼ੀ ਹੈ ਕਿ ਅਜ ਦੇਸ਼ ਵਿਚ ਕਾਂਗਰਸ ਸਰਕਾਰ ਹੈ ਅੌਰ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਦੀ ਅਗਵਾਈ ਥੱਲੇ ਸਾਡੇ ਮੁੱਖ ਮੰਤਰੀ. ਸਰਦਾਰ ਦਰਬਾਰਾ ਸਿੰਘ, ਜਿਹੜੇ ਕਿ ਨੈਸ਼ਨਾਲਿਸ਼ਟ ਹਨ, ਸੈਕੂਲਰ ਹਨ ਜਿਨ੍ਹਾਂ ਨੇ ਲਗਾਤਾਰ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਜੰਗੇ ਆਜ਼ਾਦੀ ਅੌਰ ਆਜ਼ਾਦੀ ਤੋਂ ਬਾਅਦ ਦੇਸ਼ ਦੀ ਸੇਵਾ ਵਿਚ ਲਗਾਇਆ ਹੈ ਕਈ ਅੰਕੜਾਂ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਸਿਧਾਂਤ ਨੂੰ ਆਦਰਸ਼ ਨੂੰ ਕਦੇ ਪਿੱਛੇ ਨਹੀਂ ਹੋਣ ਦਿੱਤਾ। ਜੇ ਮੈਂ ਉਨ੍ਹਾਂ ਬਾਰੇ ਇਹ ਕਹਾਂ ਕਿ ਅੜਚਨਾਂ ਦੇ ਬਾਵਜੂਦ. ਤਕਲੀਫਾਂ ਦੇ ਬਾਵਜੂਦ. ਮੁਖਾਲਫਤ ਦੇ ਬਾਵਜੂਦ ਉਸ ਮਰਦੇ ਵਜਾਹਤ ਦੇ ਹੱਥ ਵਿਚ ਪੰਜਾਬ ਦੇ ਰਾਜ ਭਾਗ ਦੀ ਬਾਗ ਡੋਰ ਹੈ ਜਿਹੜਾ ਕਿ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਰਿਹਾ ਹੈ। ਸਪੀਕਰ ਸਾਹਿਬ. ਮੈਂ ਕਹਿਣਾ ਚਾਹਾਂਗਾ ਕਿ ਪੰਜਾਬ ਦਾ ਬਜਟ ਪਰੋ ਫਾਰਮਰ ਹੈ, ਕਿਸਾਨ ਦੀ ਭਲਾਈ ਵਾਸਤੇ ਅੌਰ ਕਿਸਾਨ ਦੀ ਤਰੱਕੀ ਵਾਸਤੇ ਹੈ। ਪਿਛਲੇ ਦੋ ਸਾਲਾਂ ਵਿਚ ਇਹ ਸ਼ਪੱਸ਼ਟ ਹੋ ਗਿਆ ਹੈ ਕਿ ਪੰਜਾਬ ਦਾ ਜਿਹੜਾ ਕਿਸਾਨ ਹੈ ਉਸਨੂੰ ਰਸਤਾ ਮਿਲਿਆ ਹੈ, ਉਸ ਨੂੰ ਬਿਜਲੀ, ਖਾਦ, ਬੀਜਾਂ ਆਦਿ ਵਾਸਤੇ ਸਾਰੀਆਂ ਸਹੂਲਤਾਂ ਪੰਜਾਬ ਸਰਕਾਰ ਨੇ ਪ੍ਰਾਪਤ ਕਰਵਾਈਆਂ ਹਨ। ਇਹੀ ਨਹੀਂ ਸਭ ਤੋਂ ਜ਼ਿਆਦਾ, ਸਪੀਕਰ ਸਾਹਿਬ, ਜ਼ਰੂਰਤ ਇਸ ਗੱਲ ਦੀ ਹੈ ਕਿ ਉਸ ਨੂੰ ਮੁਨਾਸਿਬ ਕੀਮਤ ਮਿਲੇ. ਰਿਉਮਨਰੇਟਿਵ ਪ੍ਰਾਈਸ ਮਿਲੇ। ਮੈਂ ਕਹਿ ਸਕਦਾ ਹਾਂ ਕਿ ਪਿਛਲੇ ਦੋ ਸਾਲਾਂ ਵਿਚ ਕਣਕ ਦਾ ਭਾਅ 1979-80 ਵਿਚ ਜਿਹੜਾ 115 ਰੁਪਏ ਕੁਇੰਟਲ ਸੀ। ਉਹ 1980-81 ਵਿਚ 130 ਰੁਪਏ ਕੁਇੰਟਲ ਮਿਲਿਆ। ਇਸੇ ਤਰ੍ਹਾਂ ਪੈਡੀ 95 ਰੁਪਏ ਤੋਂ 123 ਰੁਪਏ ਤਕ ਗਈ। ਕਾਟਨ ਦੀ 260 ਤੋਂ 450 ਅਤੇ 500 ਰੁਪਏ ਤਕ, ਸ਼ੂਗਰ ਕੇਨ ਦੀ 13 ਰੁਪਏ ਤੋਂ 25 ਅੌਰ 28 ਰੁਪਏ ਤਕ ਕੀਮਤ ਫਾਰਮਰ ਨੂੰ ਮਿਲੀ। ਜੇ ਮੈਂ ਇਹ ਕਹਾਂ ਕਿ ਬਾਵਜੂਦ ਇਨ੍ਹਾਂ ਕੀਮਤਾਂ ਵਧਾਉਣ ਦੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਫਾਰਮਰਜ਼ ਨੂੰ ਦਿੱਤੀਆਂ ਹਨ। ਕਿਸਾਨਾਂ ਨੂੰ ਪਿਛਲੇ ਸਾਲ ਵਿਚ ਪਿਛਲੀਆਂ ਕੀਮਤਾਂ ਤੋਂ 137 ਕਰੋੜ ਰੁਪਏ ਫਾਲਤੂ ਹਾਸਲ ਹੋਏ ਹਨ ਅੌਰ 1981-82 ਦੇ ਅੰਤ ਤਕ 155 ਕਰੋੜ ਰੁਪਏ ਹੋਰ ਹਾਸਲ ਹੋਏ ਹਨ ਤਾਂ ਇਹ ਚੀਜ਼ ਗਲਤ ਨਹੀਂ ਹੈ। ਇਹ ਅੰਕੜੇ ਦੱਸਦੇ ਹਨ ਅੌਰ ਜਿਨ੍ਹਾਂ ਨੇ ਹਿਸਾਬ ਕਿਤਾਬ ਕੀਤਾ ਹੈ ਉਨਾਂ ਨੇ ਇਹ ਫਤਵਾ ਦਿੱਤਾ ਹੈ ਕਿ ਇਹ ਮੁਨਾਸਿਬ ਕੀਮਤਾਂ ਮਿਲਣ ਕਾਰਨ ਕਿਸਾਨਾਂ ਨੂੰ ਇਹ ਰੁਪਏ ਮਿਲੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹਨ। ਕਿਸਾਨ ਮਾਰੂ ਤਾਂ ਉਹ ਬਜਟ ਸੀ ਜਿਸ ਬਜਟ ਦੇ ਦੌਰਾਨ, ਜਿਸ ਸਾਲ ਕਿਸਾਨ ਦੀ ਕਪਾਹ ਰੁਲਦੀ ਸੀ ਅਤੇ ਪੰਜਾਬ ਵਿਚ ਇਹ ਨਾਹਰਾ ਲਗਦਾ ਹੁੰਦਾ ਸੀ ਕਿ--

'ਉਪਰ ਜੱਟ ਥਲੇ ਜੱਟ ਨਰਮਾ ਵਿਕੇ ਦੋ ਸੌ ਸੱਠ'

ਕਿਸਾਨ ਉਸ ਵੇਲੇ ਮਰਦਾ ਸੀ, ਕਿਸਾਨ ਉਸ ਵੇਲੇ ਰੋਂਦਾ ਸੀ ਜਿਸ ਵੇਲੇ ਉਸ ਦੇ ਕਮਾਦ ਦੀ ਕੋਈ ਕੀਮਤ ਨਹੀਂ ਸੀ ਉਸ ਨੂੰ ਮਿਲਦੀ ਔਰ ਉਹ ਅੱਗ ਲਾਉਣ ਲਈ ਮਜ਼ਬੂਰ ਹੋ ਗਿਆ ਸੀ। 13 ਰੁਪਏ ਕਮਾਦ ਦਾ ਭਾਅ ਕੱਢ ਕੇ ਉਸ ਨੂੰ ਮਿਲਦੇ ਸੀ 6 ਰੁਪਏ ਜਾਂ 7 ਰੁਪਏ। ਫਿਰ ਤੁਸੀਂ ਦੇਖੋ ਕਿ ਪੰਜਾਬ ਦੇ ਕਿਸਾਨ ਦੇ ਆਲੂ ਰੁਲੇ। ਪੰਜਾਬ ਦਾ ਕਿਸਾਨ ਆਲੂਆਂ ਦੇ ਵੱਡੇ-ਵੱਡੇ ਢੇਰਾਂ ਦੀ ਰਾਖੀ ਇਸ ਕਰਕੇ ਨਹੀਂ ਸੀ ਕਰਦਾ ਕਿ ਕੋਈ ਚੁੱਕ ਕੇ ਨਾ ਲੈ ਜਾਏ ਬਲਕਿ ਇਸ ਲਈ ਰਾਖੀ ਕਰਦਾ ਸੀ ਕਿ ਕੋਈ ਹੋਰ ਨਾ ਸੁੱਟ ਜਾਏ। ਕਿਸਾਨ ਨੇ ਖੁਦਕਸ਼ੀਆਂ ਕੀਤੀਆਂ। ਪਿਛਲੀ ਸਰਕਾਰ ਨੇ 2 ਕਰੋੜ ਰੁਪਿਆ ਕਿਸਾਨਾਂ ਦੇ ਭਲੇ ਵਾਸਤੇ ਚਿੱਤਾ, ਮਾਰਕਫੈਡ ਨੂੰ ਖਰੀਦ ਵਾਸਤੇ ਪੈਸੇ ਦਿਤੇ ਪਰ ਸਪੀਕਰ ਸਾਹਿਬ, ਵੱਡੇ ਵੱਡੇ ਫਿਊਡਰਲ, ਧਨਾਢ ਲੋਕ ਜਿਹੜੇ ਪਹੁੰਚ ਵਾਲੇ ਸਨ ਉਹ ਪੈਸਾ ਲੈ ਗਏ। ਮਾਰਕਫੈਡ ਨੇ ਹਿਸਾਬ ਦਿਤਾ ਕਿ ਦੋ ਕਰੋੜ ਰੁਪਏ ਲੈ ਕੇ ਉਸ ਨੂੰ 3 ਕਰੋੜ ਰੁਪਏ ਦਾ ਘਾਟਾ ਪਿਆ ਹੈ। ਇਹ ਹਾਲਤ ਸੀ ਉਸ ਵੇਲੇ ਪੰਜਾਬ ਦੇ ਕਿਸਾਨ ਦੀ ਪੰਪਾਬ ਦਾ ਕਿਸਾਨ ਰੋਂਦਾ ਸੀ ਪੰਜਾਬ ਦਾ ਕਿਸਾਨ ਉਦੋਂ ਮਰਦਾ ਸੀ। ਉਹ ਬਜਟ ਸੀ ਜਿਸ ਨੇ ਪੰਜਾਬ ਦੇ ਕਿਸਾਨ ਨੂੰ ਉਸ ਵੇਲੇ ਮਾਰਿਆ। ਇਹ ਬਜਟ ਪਰੋ-ਕਿਸਾਨ ਹੈ, ਪਰੋ-ਫਾਰਮਰ ਹੈ। ਅਜ ਪੰਜਾਬ ਦਾ ਕਿਸਾਨ ਤਰੱਕੀ ਦੀ ਤਰਫ ਵੱਧ ਰਿਹਾ ਹੈ। ਡਰਾਊਟ ਆ ਗਿਆ, ਸੋਕਾ ਪੈ ਗਿਆ ਤਾਂ ਉਸ ਵੇਲੇ ਬਿਜਲੀ ਦੀ ਲੋੜ ਪਈ ਕਿਉਂਕਿ ਟਿਊਬਵੈਲਾਂ ਰਾਹੀਂ ਪਾਣੀ ਦੇਣਾ ਸੀ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਇੰਡਸਟਰੀਅਲ ਸਾਈਡ ਤੋਂ ਬਿਜਲੀ ਡਾਈਵਰਟ ਕਰਕੇ ਐਗਰੀਕਲਚਰ ਵਾਸਤੇ ਦਿੱਤੀ ਅਤੇ ਖਾਸ ਤੌਰ ਤੇ ਪੈਡੀ ਦੀ ਫਸਲ ਲਈ ਕਿਸਾਨ ਨੂੰ 12, 12 ਘੰਟੇ ਬਿਜਲੀ ਦਿੱਤੀ ਗਈ ਜਿਸ ਦੇ ਨਤੀਜੇ ਵਜੋਂ 43 ਲੱਖ ਟਨ ਦੀ ਬਜਾਏ 51 ਲੱਖ ਟਨ ਪੈਡੀ ਪ੍ਰੋਕਿਉਰ ਹੋਈ। ਇਹ ਰਿਕਾਰਡ ਦੀ ਚੀਜ਼ ਹੈ। ਅਸੀਂ ਕਿਸਾਨ ਦੀ ਬੇਹਤਰੀ ਵਾਸਤੇ ਹਰ ਸਾਧਨ ਜੁਟਾਏ, ਹਰ ਤਰੀਕੇ ਅਪਣਾਏ। ਇਹ ਬਜਟ ਕਿਸਾਨ ਦੇ ਹਿੱਤ ਵਿਚ ਹੈ, ਕਿਸਾਨ ਦੇ ਭਲੇ ਵਾਸਤੇ ਹੈ, ਪੰਜਾਬ ਦੀ ਤਰੱਕੀ ਵਾਸਤੇ ਹੈ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਇਹ ਕਿਸਾਨ ਮਾਰੂ ਬਜਟ ਏ, ਉਹ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਰਹਿੰਦੇ ਹਨ। ਇਹ ਤਾਂ ਦੀਵਾਰਾਂ ਤੇ ਲਿਖੀਆਂ ਗੱਲਾਂ ਹਨ।

ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਕਹਿੰਦੇ ਹਨ ਕਿ ਐਂਟੀ ਟਰੇਡਰ ਬਜਟ ਹੈ। ਖਾਸ ਤੌਰ ਤੇ 1% ਜਿਹੜਾ ਸੇਲਜ਼ ਟੈਕਸ ਵਧਾਇਆ ਹੈ ਉਸ ਨੂੰ ਇਹ ਜ਼ਿਆਦਾ ਕਹਿੰਦੇ ਹਨ। ਇਹ ਜਿਹੜਾ ਸੇਲਜ਼ ਟੈਕਸ ਵਧਿਆ ਹੈ ਇਸ ਦਾ ਬੋਝ ਸਾਰੇ ਲੋਕਾਂ ਤੇ, ਅਵਾਮ ਤੇ ਪੈਣਾ ਹੈ। ਇਹ ਉਨਾਂ ਉਨਾਂ ਪੈਣਾ ਹੈ ਜਿੰਨਾਂ ਜਿੰਨਾਂ ਕਿਸੇ ਦੀ ਖਰੀਦ ਸ਼ਕਤੀ ਹੈ। ਜੇਕਰ ਮਹੀਨੇ ਵਿਚ ਕਿਸੇ ਦੀ 300 ਰੁਪਏ ਦੀ ਆਮਦਨੀ ਹੈ ਜਿਸ ਵਿਚੋਂ ਉਹ 100 ਰੁਪਏ ਦੀ ਖਰੀਦ ਕਰਦਾ ਹੈ ਤਾਂ ਇਸ ਇਕ ਪਰਸੈਂਟ ਦੇ ਵਾਧੇ ਨਾਲ ਉਸ ਨੂੰ 100 ਰੁਪਏ ਪਿਛੇ 1 ਰੁਪਿਆ ਵੱਧ ਦੇਣਾ ਪਏਗਾ। ਜੇ ਸਰਦਾਰ ਬਲਵੰਤ ਸਿੰਘ, ਸਾਬਕਾ ਖਜ਼ਾਨਾ ਮੰਤਰੀ, ਨੇ 10 ਹਜ਼ਾਰ ਰੁਪਏ ਦੀ ਚੀਜ਼ ਖਰੀਦਣੀ ਹੈ ਤਾਂ ਉਨ੍ਹਾਂ ਤੇ ਜ਼ਰੂਰ ਇਸ ਚੀਜ਼ ਦਾ ਬੋਝ ਪੈਣਾ ਹੈ, ਇਸ ਲਈ ਇਨ੍ਹਾਂ ਨੂੰ ਬਹੁਤ ਤਕਲੀਫ ਹੋ ਰਹੀ ਹੈ। ਇਸ ਦੇ ਨਾਲ ਕੋਈ ਟਰੇਡ ਤੇ ਇਫੈਕਟ ਨਹੀਂ ਪੈਂਦਾ। ਟਰੇਡਰ ਨੇ ਤਾਂ ਇਸ ਦੇ ਮੁਤਾਬਕ ਤਿੰਨ ਮਹੀਨੇ ਟੈਕਸ ਇਕੱਠਾ ਕਰਕੇ ਰਿਟਰਨ ਭਰ ਕੇ ਸਰਕਾਰ ਦੇ ਖਜ਼ਾਨਾ ਵਿਚ ਜਮ੍ਹਾਂ ਕਰਾਉਣਾ ਹੈ। ਉਨ੍ਹਾਂ ਤੇ ਕੋਈ ਬੋਝ ਨਹੀਂ।

Original with;
Punjab Vidhan Sabha
Digitized by;
Panjab Digital Library

ਅਸੀਂ ਉਨ੍ਹਾਂ ਦਾ ਬੜਾ ਸਤਿਕਾਰ ਕਰਦੇ ਹਾਂ ਇਹ ਬਜਟ ਪਰੋ-ਟਰੇਡਰਜ਼ ਹੈ। ਅਸੀਂ ਉਨ੍ਹਾਂ ਦੇ ਵਾਸਤੇ ਵੀ ਕੁਝ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਟਰੇਡਰ ਕਮਿਊਨਿਟੀ ਪੰਜਾਬ ਦੇ ਹਰ ਵਰਗ ਵਾਂਗ ਸਤਿਕਾਰ ਯੋਗ ਹੈ ਬਲਕਿ ਉਹ ਤਾਂ ਸਰਕਾਰ ਵਾਸਤੇ ਪੈਸੇ ਇਕੱਠੇ ਕਰਕੇ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਕਰਾਉਂਦੀ ਹੈ। ਅਸੀਂ ਇਸ ਲਈ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਨਸਟਰੱਕਸ਼ਨਜ਼ ਜਾਰੀ ਕੀਤੀਆਂ ਹਨ ਕਿ ਜਿਹੜੇ ਟਰੇਡਰਜ਼ ਟੈਕਸ ਦੇਣ ਆਉਣ ਉਨ੍ਹਾਂ ਨਾਲ ਅਫ਼ਸਰ ਅਛਾ ਸਲੂਕ ਕਰਨ, ਛੇਤੀ ਕੰਮ ਕਰਕੇ ਦੇਣ। ਜੇਕਰ ਕੋਈ ਟਰੇਡਰ ਸਵੇਰੇ ਆਉਂਦਾ ਹੈ ਤਾਂ ਦੁਪਹਿਰ ਤਕ ਉਸ ਦਾ ਕੰਮ ਨਿਪਟਾਉਣਾ ਹੈ ਅੱਰ ਜੇਕਰ ਦੁਪਹਿਰ ਤੋਂ ਬਾਅਦ ਆਉਂਦਾ ਹੈ ਤਾਂ ਸ਼ਾਮ ਨੂੰ ਉਸ ਦਾ ਕੰਮ ਨਿਪਟਾ ਦੇਣਾ ਹੈ। ਮੈਂ ਹਾਊਸ ਵਿਚ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਜਿਹੜਾ ਅਫ਼ਸਰ ਇਨ੍ਹਾਂ ਇਨਸਟਰੱਕਸ਼ਨਜ਼ ਦੀ ਪਾਲਨਾ ਨਹੀਂ ਕਰੇਗਾ ਤਾਂ ਉਸ ਦੇ ਖਿਲਾਫ ਐਕਸ਼ਨ ਲਵਾਂਗੇ। ਅਸੀਂ ਇਨ੍ਹਾਂ ਨੂੰ ਜ਼ਰੂਰ ਇੰਪਲੀਮੈਂਟ ਕਰਵਾਂਗੇ। ਜ਼ਰੂਰੀ ਬਣ ਜਾਂਦਾ ਹੈ ਕਿ ਜਿਹੜੇ ਸਾਡੇ ਇਮਾਨਦਾਰ ਟੈਕਸ ਪੇਅਰਜ਼ ਹਨ ਉਨ੍ਹਾਂ ਨਾਲ ਅੱਛਾ ਸਲੂਕ ਕੀਤਾ ਜਾਏ। ਜਿਹੜੇ ਇਨਕਮ ਟੈਕਸ ਪੇਅ ਕਰਨ ਵਾਲੇ ਜੋ ਹਨ ਉਹ ਵੌਲੰਟੈਰੇਲੀ ਸੈਲਫ ਅਸੈਸਮੈਂਟ ਕਰਕੇ ਆਪਣੇ ਆਪ ਪੈਸੇ ਜਮ੍ਹਾਂ ਕਰਵਾ ਦਿੰਦਾ ਹੈ। ਇਹ ਸਹੂਲਤ ਅਸੀਂ ਦਿੱਤੀ ਹੈ। ਸਾਡੇ ਸਾਹਮਣੇ ਬੈਠੇ ਸਾਥੀ ਕਹਿ ਰਹੇ ਹਨ ਕਿ ਅਸੀਂ ਇਹ ਸਕੀਮ ਬਣਾਈ ਸੀ ਪਰ ਉਸ ਦਾ ਅਸਰ ਕੋਈ ਨਹੀਂ ਹੋਇਆ। ਅਸੀਂ ਉਸ ਨੂੰ ਸੈਲਫ-ਅਸੈਸਮੈਂਟ ਵਾਲੇਂਟੈਰੀਲੀ ਜਮ੍ਹਾਂ ਕਰਾਉਣ ਦੀ ਪੂਰੀ ਖੁਲ੍ਹ ਦੇ ਰਹੇ ਹਾਂ। ਸਪੀਕਰ ਸਾਹਿਬ, ਤੁਹਾਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਪੰਜਾਬ ਵਿੱਚ 96,809 ਰਜਿਸਟਰਡ ਸੇਲਜ਼ ਟੈਕਸ ਦੇ ਡੀਲਰ ਹਨ ਜਿਨ੍ਹਾਂ ਵਿਚੋਂ 47,266 ਟਰੇਡਰ ਉਹ ਹਨ ਜਿਨ੍ਹਾਂ ਦੀ ਸੇਲ 1 ਲੱਖ ਤੋਂ 2 ਲੱਖ ਰੁਪਏ ਤਕ ਹੈ। ਅਸੀਂ ਉਨ੍ਹਾਂ 47,266 ਟਰੇਡਰਜ਼ ਨੂੰ ਅਗਜ਼ੈਂਪਟ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਵਾਲੈਂਟੈਰੀਲੀ ਸੈਲਫ-ਅਸੈਸਮੈਂਟ ਕਰਕੇ ਪੈਸੇ ਜਮ੍ਹਾਂ ਕਰਾਉਣ ਦੀ ਇਜਾਜ਼ਤ ਦਿਤੀ ਹੈ। ਉਨ੍ਹਾਂ ਨੂੰ ਹੁਣ ਪੇਸ਼ੀਆਂ ਦਾ ਚੱਕਰ ਨਹੀਂ ਪਵੇਗਾ। ਮੈਨੂੰ ਇੱਕ ਟਰੇਡਰ ਨੇ ਦੱਸਿਆ ਕਿ ਉਸ ਦੀ 2 ਲੱਖ ਤੋਂ ਘਟ ਸਾਲ ਦੀ ਸੇਲ ਹੈ ਪਰ ਉਸ ਨੂੰ 40 ਪੇਸ਼ੀਆਂ ਪੈ ਚੁੱਕੀਆਂ ਹਨ। ਉਹ ਕਹਿੰਦਾ ਸੀ ਕਿ ਉਹ ਕਿਥੇ ਜਾਵੇ। ਇਕ ਗਰੀਬ ਦੁਕਾਨਦਾਰ ਅਗਰ ਇਕੱਲਾ ਕੰਮ ਕਰਦਾ ਹੈ, ਉਸ ਦੇ ਕੋਲ ਕੋਈ ਮੁਨੀਮ ਨਹੀਂ ਅਤੇ ਉਸ ਨੂੰ 40 ਵਾਰੀ ਪੇਸ਼ੀਆਂ ਪੈਣ ਤਾਂ ਉਸ ਨੂੰ ਪ੍ਰੇਸ਼ਾਨੀ ਹੋਵ, ਇਹ ਚੰਗੀ ਗੱਲ ਨਹੀਂ । ਪੰਜਾਬ ਸਰਕਾਰ ਨੇ ਉਨ੍ਹਾਂ ਟਰੇਡਰਜ਼ ਨੂੰ ਰਿਲੀਫ ਦਿੱਤਾ ਹੈ ਤਾਂਕਿ ਉਹ ਆਪਣੇ ਆਪ ਅਸੈਸਮੈਂਟ ਕਰਕੇ ਪੈਸੇ ਜਮ੍ਹਾਂ ਕਰਾਵੇ। ਅਸੀਂ ਉਨ੍ਹਾਂ ਇਮਾਨਦਾਰ ਟਰੇਡਰਜ਼ ਨੂੰ ਬਿਲਕੁਲ ਪ੍ਰੇਸ਼ਾਨ ਅੱਰ ਤਕਲੀਫ ਨਹੀਂ ਦੇਣੀ। ਇਹ ਟਰੇਡਰਜ਼ ਲਈ ਸ਼ਲਾਘਾਯੋਗ ਕਦਮ ਹੈ। ਅਸੀਂ ਕੋਈ ਅੰਟੀ-ਟਰੇਡਰ ਗੱਲ ਨਹੀਂ ਕੀਤੀ। ਇਹ ਕਹਿਣਾ ਕਿ ਇਹ ਬਜਟ ਐਂਟੀ ਟਰੇਡਰ ਹੈ ਇਹ ਇਨਸਾਫ ਵਾਲੀ ਗੱਲ ਨਹੀਂ। ਟਰੇਡਰ ਦੀ ਬਿਹਤਰੀ ਵਾਸਤੇ ਜ਼ਿਕਰ ਵੀ ਕੀਤਾ ਗਿਆ ਹੈ ਅਤੇ ਪ੍ਰਬੰਧ ਵੀ ਕੀਤਾ ਗਿਆ ਹੈ।

ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਆਪਣੇ ਜਜ਼ਬਾਤ ਰਾਹੀਂ ਬਹੁਤ ਕੁੱਝ ਕਿਹਾ ਹੈ। ਇਹ ਵੀ ਕਿਹਾ ਗਿਆ ਕਿ ਕਾਮਨਮੈਨ , ਗਰੀਬ ਆਦਮੀ ਲਈ ਕੁੱਝ ਨਹੀਂ ਕੀਤਾ ਗਿਆ। ਮੈਂ ਕਹਿੰਦਾ ਹਾਂ ਕਿ ਖਾਸ ਤੌਰ ਤੇ ਗਰੀਬ ਆਦਮੀ ਲਈ ਜੇ ਕਿਸੇ ਨੇ ਕੀਤਾ ਹੈ ਅੱਰ ਵਿਉਂਤਬੰਦ ਤਰੀਕੇ ਨਾਲ ਕੀਤਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਪੰਜਾਬ ਸਰਕਾਰ ਨੇ ਕੀਤਾ ਹੈ। ਇਸ ਤੋਂ ਪਹਿਲਾਂ ਕਿਸੀ ਸਰਕਾਰ ਨੇ ਨਹੀਂ ਕੀਤਾ। ਸਭ ਤੋਂ ਪਹਿਲਾਂ ਜ਼ਰੂਰਤ ਇਸ ਗੱਲ ਦੀ ਸੀ ਕਿ ਗਰੀਬ ਆਦਮੀ ਕੌਣ ਹੈ, ਇਸ ਦੀ ਪਹਿਚਾਣ ਕੀਤੀ ਜਾਵੇ। ਇਹ ਨਾ ਹੋਵੇ ਕਿ ਗਰੀਬ ਆਦਮੀ ਦੇ ਨਾਂ ਤੇ ਦੂਸਰੇ ਲੋਕ ਫਾਇਦਾ ਉਠਾਉਂਦੇ ਰਹਿਣ। ਉਨ੍ਹਾਂ ਨੂੰ ਆਈਡੈਂਟੀਫਾਈ ਕਰਨ ਦੀ ਲੋੜ ਸੀ। ਦਸੰਬਰ, 1980 ਤਕ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਹ ਕੰਮ ਪੂਰਾ ਕੀਤਾ ਗਿਆ ਅਤੇ ਉਸ ਸਰਵੇ ਦੇ ਮੁਤਾਬਿਕ ਅਸੀਂ ਉਨ੍ਹਾਂ ਗਰੀਬ ਲੋਕਾਂ ਨੂੰ ਪੀਲੇ ਰੰਗ ਦੇ ਕਾਰਡ ਦਿੱਤੇ ਤਾਂਕਿ ਉਨ੍ਹਾਂ ਨੂੰ ਸਹੂਲਤਾਂ ਮਿਲਣ। ਅਸੀਂ ਪਿਛਲੇ ਦੋ ਸਾਲਾਂ ਵਿੱਚ ਗਰੀਬਾਂ ਨੂੰ ਮਾਰਿਆ ਨਹੀਂ, ਖਿਆਲੀ ਪਲਾਓ ਨਹੀਂ ਬਣਾਏ, 50 ਕਰੋੜ ਰੁਪਏ ਤੋਂ ਜ਼ਿਆਦਾ ਉਨ੍ਹਾਂ ਨੂੰ ਇਟ-ਰੈਸਟ ਫਰੀ ਲੋਨ ਦੇ ਚੁੱਕੇ ਹਾਂ। ਇਸ ਦੇ ਨਾਲ 2 ਲੱਖ ਫੈਮਿਲੀਜ਼ ਨੂੰ ਫਾਇਦਾ ਪਹੁੰਚਿਆ ਹੈ। ਹਿੰਦੁਸਤਾਨ ਦੇ ਸਾਰੇ ਸੂਬਿਆਂ ਦੇ ਮੁਕਾਬਲੇ ਵਿਚ ਪੰਜਾਬ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਕੋਈ ਐਸਾ ਸੂਬਾ ਨਹੀਂ ਜਿਸ ਨੇ ਇੰਟਰੈਸਟ ਫਰੀ ਲੋਨ ਵੀ ਦਿੱਤਾ ਹੋਵੇ ਅਤੇ ਸਬਸਿਡੀ ਵੀ ਦਿੱਤੀ ਹੋਵੇ। ਇਹ ਦੋਵੇਂ ਚੀਜ਼ਾਂ ਕਿਸੇ ਵੀ ਸੂਬੇ ਵਿੱਚ ਨਹੀਂ। ਪੰਜਾਬ ਦੀ ਇਹ ਪਹਿਲੀ ਸਰਕਾਰ ਹੈ ਜਿਸ ਨੇ ਗਰੀਬਾਂ ਨੂੰ ਲੋਨ ਅਤੇ ਸਬਸਿਡੀ ਦੋਵੇਂ ਦਿੱਤੀਆਂ ਹਨ। ਅਗਰ ਛੇ ਹਜ਼ਾਰ ਦਾ ਉਹ ਕਰਜ਼ਾ ਲੈਂਦਾ ਹੈ ਤਾਂ 2,000 ਰੁਪਏ ਦੀ ਸਬਸਿਡੀ ਉਸ ਨੂੰ ਮਿਲਦੀ ਹੈ। ਬਾਕੀ ਜਿਹੜਾ ਚਾਰ ਹਜ਼ਾਰ ਰਹਿ ਜਾਂਦਾ ਹੈ ਉਹ ਇੰਟਰੈਸਟ-ਫਰੀ ਲੋਨ ਹੈ। ਇਹ ਇਨ੍ਹਾਂ ਲੋਕਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਅਸੀਂ ਉਪਰਾਲਾ ਕੀਤਾ ਹੈ। ਇਸ ਕੰਮ ਨੂੰ ਅਸੀਂ ਜਾਰੀ ਰਖਾਂਗੇ। ਇਸ ਦੇ ਨਾਲ ਕਾਮਨਮੈਨ ਨੂੰ ਇੰਪਲਾਇ-ਮੈਂਟ ਮਿਲੇਗੀ। ਇਹ ਕਹਿਣਾ ਕਿ ਇਹ ਬਜਟ ਆਮ ਆਦਮੀ ਦੇ ਖਿਲਾਫ ਹੈ, ਗਰੀਬ ਮਾਰੂ ਹੈ, ਇਹ ਗਲਤ ਗਲ ਹੈ। ਇਹ ਬਜਟ ਗਰੀਬਾਂ ਨੂੰ ਬਣਾਉਣ ਵਾਲਾ ਹੈ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਵਾਲਾ ਹੈ। ਉਸ ਨੂੰ ਤਾਕਤ ਦੇਣ ਵਾਲਾ ਬਜਟ ਹੈ। ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਡਾ ਇਹ ਪ੍ਰੋਗਰਾਮ ਬਾਕੀ 6 ਲੱਖ ਫੈਮਿਲੀਜ਼ ਲਈ ਜਾਰੀ ਰਹੇਗਾ ਅਤੇ ਆਉਣ ਵਾਲੇ ਸਾਲਾਂ ਵਿੱਚ ਅਸੀਂ ਘੱਟੋ ਘਟ 50% ਜਿਹੜੀਆਂ ਗਰੀਬੀ ਦੀ ਰੇਖਾ ਤੋਂ ਥਲੇ ਰਹਿੰਦੀਆਂ ਫੈਮਿਲੀਜ਼ ਹਨ; ਉਨ੍ਹਾਂ ਨੂੰ ਜ਼ਰੂਰ ਉਪਰ ਲਿਆਵਾਂਗੇ। ਇਹ ਸਾਡਾ ਪ੍ਰੋਗਰਾਮ ਹੈ। ਇਹ ਅਸੀਂ ਜਾਰੀ ਰਖਾਂਗੇ।

ਸਪੀਕਰ ਸਾਹਿਬ, ਇਥੇ ਇਹ ਵੀ ਕਿਹਾ ਗਿਆ ਹੈ ਕਿ ਇਹ ਬਜਟ ਐਂਟੀਇੰਪਲਾਈਜ਼ ਹੈ। ਸਪੀਕਰ ਸਾਹਿਬ, ਜੇ ਮੈਂ ਇਹ ਕਹਾਂ ਕਿ ਇਸ ਪੰਜਾਬ ਦੀ ਸਰਕਾਰ ਤੋਂ ਪਹਿਲਾਂ ਕਿਸੇ ਵੀ ਹੋਰ ਸਰਕਾਰ ਨੇ ਐਨੀਆਂ ਸਹੂਲਤਾਂ ਇੰਪਲਾਈਜ਼ ਨੂੰ ਨਹੀਂ ਦਿੱਤੀਆਂ ਜਿਤਨੀਆਂ ਕਿ ਇਨ੍ਹਾਂ ਦੋ ਸਾਲਾਂ ਵਿਚ ਦਿੱਤੀਆਂ ਗਈਆਂ ਹਨ, ਤਾਂ ਗਲਤ ਗੱਲ ਨਹੀਂ ਹੋਵੇਗੀ। ਇਹ ਆਪਣੇ ਆਪ ਵਿੱਚ ਇੱਕ ਰਿਕਾਰਡ ਹਨ। ਪੇ-ਕਮਿਸ਼ਨ ਅਤੇ ਏ.ਡੀ.ਏ. ਦੀ ਸ਼ਕਲ ਵਿਚ ਰੁਪਿਆ ਕਦੇ ਪਹਿਲਾਂ ਨਹੀਂ ਦਿੱਤਾ ਗਿਆ। ਮੈਂ ਆਪਣੇ ਸਾਹਮਣੇ ਬੈਠੇ ਦੋਸਤਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਪੇ-ਕਮਿਸ਼ਨ ਦੀਆਂ ਰਿਕਮੈਂਡੇਸ਼ਨਜ਼ ਇਨ੍ਹਾਂ ਦੇ ਵੇਲੇ ਆ ਗਈਆਂ ਸਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਪੈਸੇ ਦੀ ਲੋੜ ਸੀ ਲੇਕਿਨ ਪੈਸਾ ਨਹੀਂ ਦਿੱਤਾ। ਏ.ਡੀ.ਏ. ਦੀਆਂ ਕਿਸ਼ਤਾਂ ਦੇਣ ਦੀ ਜ਼ਰੂਰਤ ਆ ਗਈ, ਲੇਕਿਨ ਇਨ੍ਹਾਂ ਨੇ ਨਹੀਂ ਦਿੱਤੀਆਂ। ਸਪੀਕਰ ਸਾਹਿਬ, ਅਸੀਂ ਪੇ-ਕਮਿਸ਼ਨ ਦੀਆਂ ਰਿਕਮੈਂਡੇਸ਼ਨਜ਼ ਨੂੰ ਪੂਰਾ ਕਰਨ ਵਾਸਤੇ 40 ਕਰੋੜ ਰੁਪਏ ਆਪਣੇ ਇੰਪਲਾਈਜ਼ ਨੂੰ ਪਿਛਲੇ ਦੋ ਸਾਲਾਂ ਵਿਚ ਦਿੱਤੇ ਹਨ। (ਤਾੜੀਆਂ) ਅਸੀਂ 9 ਕਿਸ਼ਤਾਂ ਏ.ਡੀ.ਏ. ਦੀਆਂ ਦਿੱਤੀਆਂ ਹਨ ਜਿਸ ਦੇ ਨਾਲ 36 ਕਰੋੜ ਰੁਪਏ ਪੰਜਾਬ ਸਰਕਾਰ ਨੇ ਦਿੱਤੇ ਹਨ। ਪੇ-ਕਮਿਸ਼ਨ ਦੀਆਂ ਰਿਕਮੈਂਡਸ਼ਨ ਦੇ ਬਾਅਦ ਇੰਪਲਾਈਜ਼ ਵਾਸਤੇ ਪ੍ਰਾਬਲਮ ਆਉਂਦੀ ਹੈ ਕਿ ਉਨ੍ਹਾਂ ਦਾ ਸਕੇਲ ਇਸ ਤਰ੍ਹਾਂ ਹੋਣਾ ਚਾਹੀਦਾ ਹੈ, ਇਹ ਅਨਾਮਲੀ ਰਹਿ ਗਈ ਹੈ। ਮੈਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪਿਛਲੇ 2 ਸਾਲਾਂ ਵਿੱਚ ਪੰਜਾਬ ਸਰਕਾਰ ਦੇ ਜਿਹੜੇ ਟੋਟਲ 2,42,000 ਇੰਪਲਾਈਜ਼ ਹਨ ਉਨ੍ਹਾਂ ਵਿਚੋਂ 1,96,000 ਇੰਪਲਾਈਜ਼ ਦੀਆਂ, ਯਾਨੀ 80% ਕਰਮਚਾਰੀਆਂ ਦੀਆਂ, ਤਨਖਾਹਾਂ ਦੀਆਂ ਐਨਾਮਲੀਜ਼ ਦੂਰ ਕਰ ਦਿੱਤੀਆਂ ਹਨ ਅਤੇ ਇਸ ਸਾਲ 1 ਕਰੋੜ 10 ਲੱਖ ਰੁਪਏ ਦਾ ਰੈਕਰਿੰਗ ਭਾਰ ਪੰਜਾਬ ਸਰਕਾਰ ਨੇ ਆਪਣੇ ਜੁੰਮੇ ਲੈ ਲਿਆ ਹੈ ਅਤੇ 1982-83 ਵਿੱਚ ਬਾਕੀ ਦੇ ਜਿਹੜੇ 20% ਇੰਪਲਾਈਜ਼ ਹਨ ਉਨ੍ਹਾਂ ਦੀਆਂ ਐਨਾਮ-

Original with;
Punjab Vidhan Sabha
Digitized by;
Panjab Digital Library

ਲੀਜ਼ ਦੂਰ ਕਰਨ ਲਈ ਅਸੀਂ ਵਚਨ-ਬੱਧ ਹਾਂ। ਅਸੀਂ ਅਗਲੇ ਸਾਲ ਵਿੱਚ ਇਨ੍ਹਾਂ ਨੂੰ ਪੂਰਾ ਕਰਾਂਗੇ। ਇਸ ਲਈ ਇਹ ਕਹਿਣਾ ਕਿ ਇਹ ਬਜਟ ਐਂਟੀ ਇੰਪਲਾਈਜ਼ ਹੈ, ਇਹ ਗਲਤ ਹੈ। ਸਪੀਕਰ ਸਾਹਿਬ, ਇਪਲਾਈਜ਼ ਦੇ ਕੁਝ ਵਰਗ ਬੜੇ ਕਮਜ਼ੋਰ ਹਨ, ਗਰੀਬ ਹਨ, ਖਾਸ ਤੌਰ ਤੇ ਕਲਾਸ-ਫੋਰ ਇੰਪਲਾਈਜ਼, ਜੋ ਕਿ ਮੱਦਦ ਦੇ ਮੁਸਤਹਿਕ ਹਨ। ਪਹਿਲੀ ਵਾਰ ਇਸ ਸਰਕਾਰ ਨੇ ਉਨ੍ਹਾਂ ਇੰਪਲਾਈਜ਼ ਨੂੰ ਸਿਲੈਕਸ਼ਨ ਗਰੇਡ ਦਿੱਤਾ ਹੈ। (ਤਾੜੀਆਂ) ਚੌਕੀਦਾਰ ਲੋਅਸਟ ਪੇਡ ਇੰਪਲਾਈਜ਼ ਸਨ। ਉਨ੍ਹਾਂ ਦੀ ਤਨਖਾਹ 60 ਰੁਪਏ ਮਹੀਨਾ ਸੀ। ਉਸ ਦੀ ਤਨਖਾਹ 100 ਰੁਪਏ ਮਾਹਵਾਰ ਕਰ ਦਿੱਤੀ ਹੈ ਅਤੇ 1980 ਤੋਂ ਜਿਤਨਾ ਏਰੀਅਰ ਸੀ ਉਹ ਦੇ ਦਿੱਤਾ ਹੈ। ਇਸ ਲਈ ਐਂਟੀ-ਇੰਪਲਾਈਜ਼ ਬਜਟ ਕਹਿਣਾ ਨਾਮੁਨਾਸਿਬ ਗੱਲ ਹੈ। ਇਹ ਬਜਟ ਪਰੋ-ਇੰਪਲਾਈਜ਼ ਹੈ, ਇੰਪਲਾਈਜ਼ ਦੇ ਹੱਕ ਵਿੱਚ ਹੈ ਅਤੇ ਉਨ੍ਹਾਂ ਦੇ ਹਿੱਤਾਂ ਦੀ ਹਰ ਤਰ੍ਹਾਂ ਰੱਖਿਆ ਕਰਦਾ ਹੈ।

ਇੱਕ ਨਾਅਰਾ ਹੋਰ ਸਪੀਕਰ ਸਾਹਿਬ ਮਾਰ ਦਿੱਤਾ ਗਿਆ ਹੈ ਕਿ ਇਹ ਬਜਟ ਐਂਟੀ-ਪੰਜਾਬੀ ਹੈ। ਇਹ ਸਾਰੇ ਪੰਜਾਬੀਆਂ ਦੇ ਖਿਲਾਫ ਹੈ। ਸਪੀਕਰ ਸਾਹਿਬ, ਇਹ ਬਜਟ ਹੈ ਜਿਸ ਨੇ ਸਮੁੱਚੇ ਪੰਜਾਬ ਦੇ ਹਿੱਤ ਲਈ ਆਪਣਾ ਐਨੂਅਲ ਪਲਾਨ ਪ੍ਰੋਵੀਜ਼ਨ ਵਧਾਇਆ ਹੈ। ਸਪੀਕਰ ਸਾਹਿਬ, ਦੋ ਸੈਕਟਰ ਹਨ ਜ਼ਿਹੜੇ ਤਾਕਤ ਦਿੰਦੇ ਹਨ। ਇੱਕ ਸੈਕਟਰ ਐਸਾ ਹੈ ਜਿਹੜਾ ਅਸੀਂ ਸਮਝਦੇ ਹਾਂ ਕਿ ਸਮੁੱਚੇ ਪੰਜਾਬ ਨੂੰ ਤਾਕਤ ਦਿੰਦਾ ਹੈ। ਤਾਕਤ ਪ੍ਰੋਡਕਸ਼ਨ ਨਾਲ ਵੱਧਦੀ ਹੈ। ਪ੍ਰੋਡਕਸ਼ਨ ਇੰਡਸਟਰੀਅਲ ਅਤੇ ਐਗਰੀਕਲਚਰਲ ਸੈਕਟਰ ਵਿੱਚ ਹੁੰਦੀ ਹੈ। ਉਸ ਦੇ ਲਈ ਤੁਹਾਨੂੰ ਵੀ ਪਤਾ ਹੈ ਅਤੇ ਮਾਨਯੋਗ ਮੈਂਬਰਾਂ ਨੂੰ ਵੀ ਪਤਾ ਹੈ ਕਿ ਬਿਜਲੀ ਦੀ ਲੋੜ ਹੈ। ਬਿਜਲੀ ਪੰਜਾਬ ਵਿੱਚ ਬੜੀ ਹੈ ਪਰ ਇਸ ਦੀ ਹੋਰ ਜ਼ਰੂਰਤ ਹੈ। ਇਸ ਲਈ ਅਸੀਂ ਪ੍ਰਾਇਰਿਟੀ ਦਿੱਤੀ ਹੈ। ਅਸੀਂ ਪੰਜਾਬ ਨੂੰ ਤਾਕਤਵਰ ਬਣਾਉਣ ਵਾਸਤੇ ਬਿਜਲੀ ਦੇ ਸੈਕਟਰ ਲਈ 385 ਕਰੋੜ ਰੁਪਏ ਦੀ ਪਲਾਨ ਵਿੱਚੋਂ 189 ਕਰੋੜ ਰੁਪਿਆ ਜਿਹੜਾ ਕਿ ਲਗਭਗ 50 ਫੀ ਸਦੀ ਹੈ ਉਹ ਪ੍ਰੋਵਾਈਡ ਕੀਤਾ ਹੈ ਤਾਕਿ ਪੰਜਾਬ ਵਿੱਚ ਬਿਜਲੀ ਜ਼ਿਆਦਾ ਪੈਦਾ ਹੋਵੇ ਅਤੇ ਪੰਜਾਬ ਪਾਵਰਫੁੱਲ ਸਟੇਟ ਬਣੇ। ਇਸ ਕਰਕੇ ਅਸੀਂ ਇਸ ਦੇ ਲਈ ਸਭ ਤੋਂ ਜ਼ਿਆਦਾ ਪ੍ਰਾਇਰਿਟੀ ਦਿੱਤੀ ਹੈ। ਇਸ ਦੇ ਨਾਲ ਪੰਜਾਬੀਆਂ ਦਾ ਹਿੱਤ ਹੋਵੇਗਾ, ਪੰਜਾਬੀਆਂ ਦਾ ਭਲਾ ਹੋਵਗਾ ਲੇਕਿਨ ਇਸ ਤਰ੍ਹਾਂ ਮੈਂ ਪਹਿਲਾਂ ਦੱਸ ਚੁੱਕਾ ਹਾਂ, ਜਿਹੜਾ ਗਰੀਬ ਹੈ, ਕਮਜ਼ੋਰ ਹੈ, ਉਸਨੂੰ ਤਾਕਤ ਦਿੱਤੀ ਜਾਵੇ। ਉਸ ਦੇ ਲਈ ਅਸੀਂ ਉਪਰਾਲੇ ਕੀਤੇ ਹਨ ਅਤੇ ਮੈਨੂੰ ਖੁਸ਼ੀ ਹੈ ਕਿ ਇਸ ਦੇ ਨਤੀਜੇ ਠੀਕ ਨਿਕਲਣਗੇ।

ਮੈਂ, ਸਪੀਕਰ ਸਾਹਿਬ ਇਨ੍ਹਾਂ ਨੂੰ ਕਹਿਣਾ ਚਾਹਵਾਂਗਾ ਕਿ ਜੋ ਕ੍ਰਿਟੀਸਿਜਮ ਹੋਇਆ ਹੈ, ਉਸ ਦੇ ਬਾਰੇ ਖੁਸ਼ੀ ਦੀ ਗਲ ਹੈ ਕਿ ਸਾਡੇ ਸਾਬਕਾ ਫਾਇਨਾਂਸ ਮਨਿਸਟਰ, ਸਰਦਾਰ ਬਲਵੰਤ ਸਿੰਘ ਜੀ, ਤਸ਼ਰੀਫ ਲੈ ਆਏ ਹਨ, ਨਹੀਂ ਤਾਂ ਮੈਂ ਮਹਿਸੂਸ ਕਰਦਾ ਸੀ ਕਿ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਗੱਲ ਕਹਿਣ ਦਾ ਸ਼ਾਇਦ ਕੋਈ ਸਵਾਦ ਨਾ ਆਵੇ। ਜੇਕਰ ਨੁਕਤਾਚੀਨੀ ਕਰਨ ਵਾਲੇ ਸਾਹਮਣੇ ਬੈਠੇ ਹੋਣ ਤਾਂ ਗੱਲ ਚੰਗੀ ਹੋ ਸਕਦੀ ਹੈ। ਜਦੋਂ ਇਨ੍ਹਾਂ ਨੇ ਸਪੀਚ ਕੀਤੀ ਸੀ ਤਾਂ ਮੈਂ ਇਥੇ ਬੈਠ ਕੇ ਇਨ੍ਹਾਂ ਨੂੰ ਸੁਣਦਾ ਰਿਹਾ ਹਾਂ। ਇਨ੍ਹਾਂ ਨੇ ਸਾਰੀ ਸਪੀਚ ਵਿਚ ਇਕ ਗੱਲ ਤੇ ਜ਼ੋਰ ਦਿੱਤਾ ਹੈ ਅੌਰ ਉਸ ਗੱਲ ਤੇ ਬਹੁਤ ਜ਼ੋਰ ਦਿੱਤਾ ਹੈ ਕਿ ਬਜਟ ਪੇਸ਼ ਕਰਕੇ ਡਾਕਟਰ ਸਾਹਿਬ ਨੇ ਕਨਫਿਊਜ਼ਨ ਕਰੀਏਟ ਕਰ ਦਿੱਤਾ ਹੈ। ਇਸ ਨਾਲ ਸਾਰੇ ਮੈਂਬਰਜ਼ ਕਨਫਿਊਜ਼ਨ ਵਿਚ ਪੈ ਗਏ ਹਨ, ਪੰਜਾਬ ਦੇ ਲੋਕ ਕਨ-ਫਿਊਜ਼ਨ ਵਿਚ ਪੈ ਗਏ ਹਨ। ਸਪੀਕਰ ਸਾਹਿਬ, ਕਨਫਿਊਜ਼ਨ ਲਫਜ਼ ਅੰਗਰੇਜ਼ੀ ਦਾ ਲਫਜ਼ ਹੈ ਜਿਸ ਨੂੰ ਅਸੀਂ ਪੰਜਾਬੀ ਵਿਚ ਪ੍ਰੇਸ਼ਾਨੀ ਕਹਿ ਸਕਦੇ ਹਾਂ, ਬੇ-ਹਵਾਸ ਕਹਿ ਸਕਦੇ ਹਾਂ, ਬਦ-ਹੋਸ਼ ਕਹਿ ਸਕਦੇ ਹਾਂ, ਹੋਸ਼ੋ-ਹਵਾਸ ਕਹਿ ਸਕਦੇ ਹਾਂ। .....

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਪੰਜਾਬੀ ਵਿਚ ਭੰਬਲ ਭੂਸੇ ਵੀ ਕਿਹਾ ਜਾਂਦਾ ਹੈ ਜੀ।

ਵਿੱਤਮੰਤਰੀ : ਉਹ ਵੀ ਲਫਜ਼ ਠੀਕ ਹੈ। ਪੰਜਾਬੀ ਵਿਚ ਭੰਬਲ ਭੂਸੇ ਵੀ ਕਿਹਾ ਜਾਂਦਾ ਹੈ। ਮੈਂ ਕਾਮਰੇਡ ਸਾਹਿਬ ਦਾ ਮਸ਼ਕੂਰ ਹਾਂ।

ਸ਼੍ਰੀ ਸਪੀਕਰ : ਤੁਹਾਡਾ ਮਤਲਬ ਇਹ ਹੈ ਕਿ ਇਹ ਲਫਜ਼ ਇਨ੍ਹਾਂ ਨੂੰ ਉਸ ਵੇਲੇ ਕਹਿਣਾ ਚਾਹੀਦਾ ਸੀ ਜਿਸ ਵੇਲੇ ਸਰਦਾਰ ਬਲਵੰਤ ਸਿੰਘ ਜੀ ਸਪੀਚ ਕਰ ਰਹੇ ਸਨ। (ਹਾਸਾ)

ਸ਼੍ਰੀ ਗੁਰਦਿਆਲ ਸੈਣੀ : ਇਹ ਲਫਜ਼ ਬੜਾ ਖ਼ਤਰਨਾਕ ਹੈ ਜੀ, ਇਸ ਨੂੰ ਐਕਸਪੰਜ ਕਰ ਦਿਓ।

ਵਿੱਤ ਮੰਤਰੀ : ਸਪੀਕਰ ਸਾਹਿਬ, ਆਖਿਰ ਤਕ 125 ਕਰੋੜ ਰੁਪਏ ਦਾ ਡੈਫਿਸਿਟ ਹੋਵੇਗਾ। ਇਸ ਨੂੰ ਪੂਰਾ ਕਰਨ ਲਈ 65 ਕਰੋੜ ਰੁਪਏ ਦਾ ਓਵਰਡਰਾਫਟ ਕਰਨ ਲਈ ਸੈਂਟਰਲ ਗੌਰਮਿੰਟ ਨੇ ਸਾਨੂੰ ਇਜਾਜ਼ਤ ਦੇ ਦਿੱਤੀ ਹੈ। ਇਹ ਅਗਲੇ ਸਾਲ ਦੀ ਪੁਜ਼ੀਸ਼ਨ ਹੈ। ਸਾਡੇ ਮੁੱਖ ਮੰਤਰੀ ਜੀ ਨੇ ਐਨ.ਡੀ.ਸੀ. ਦੀ ਮੀਟਿੰਗ ਵਿਚ ਕਿਹਾ ਹੈ ਕਿ 65 ਕਰੋੜ ਰੁਪਿਆ ਜਿਹੜਾ ਹੈ ਸਾਨੂੰ ਲੋਨ ਨਾ ਦਿਓ, ਬਿਲਕੁਲ ਖਤਮ ਕਰ ਦਿਓ, ਗਰਾਂਟ ਦੇ ਦਿਓ, ਕਿਉਂਕਿ ਪੰਜਾਬ ਨੇਸ਼ਨ ਦੀ ਸੇਵਾ ਕਰਦਾ ਹੈ, ਪੰਜਾਬ ਨੈਸ਼ਨਲ ਪੂਲ ਵਿਚ 50% ਤੋਂ ਜ਼ਿਆਦਾ ਹਿੱਸਾ ਪਾਉਂਦਾ ਹੈ। ਇਸ ਕਰਕੇ ਸਾਨੂੰ ਐਗਜ਼ੰਪਟ ਕਰ ਦਿਓ, ਸਾਨੂੰ ਗਰਾਂਟ ਦੇ ਤੌਰ ਤੇ ਦੇ ਦਿਓ। ਸਾਡੇ ਮੁੱਖ ਮੰਤਰੀ ਜੀ ਨੇ ਇਹ ਗੱਲ ਕਹੀ ਹੈ। ਲੇਕਿਨ ਕੋਈ ਕਨਫਿਊਜ਼ਨ ਵਾਲੀ ਗੱਲ ਨਹੀਂ ਹੈ। ਬੜੀ ਕਲੀਅਰ ਪੁਜ਼ੀਸ਼ਨ ਕਿਤਾਬਾਂ ਵਿੱਚ ਦਿੱਤੀ ਹੋਈ ਹੈ। ਲੇਕਿਨ ਕਨਫਿਊਜ਼ਨ ਇਹ ਸੀ ਕਿ ਸਪੀਚ ਲੰਬੀ ਸੀ, ਬਾਰ ਬਾਰ ਉਸ ਨੂੰ ਪੜ੍ਹਨਾ ਪੈਂਦਾ ਹੈ। ਸਪੀਕਰ ਸਾਹਿਬ, ਮੈਨੂੰ ਇਸ ਸਬੰਧ ਵਿਚ ਕੁਝ ਤੱਥ ਰੱਖਣੇ ਪੈਣਗੇ। ਨਾ ਮਹਿਕਮੇ ਨੂੰ, ਨਾ ਪੰਜਾਬ ਦੇ ਲੋਕਾਂ ਨੂੰ, ਨਾ ਸਰਕਾਰ ਨੂੰ ਤੇ ਨਾ ਕਿਸੇ ਹੋਰ ਨੂੰ ਕਨਫਿਊਜ਼ਨ ਹੋਇਆ ਹੈ ਲੇਕਿਨ ਸਾਡੇ ਸਾਬਕਾ ਫਾਇਨਾਂਸ ਮਨਿਸਟਰ ਸਾਹਿਬ ਨੂੰ ਕਨਫਿਊਜ਼ਨ ਜ਼ਰੂਰ ਹੋ ਗਿਆ ਹੋਣਾ ਹੈ। ਇਨ੍ਹਾਂ ਨੇ ਬੜੀ ਕਨਫਿਊਜ਼ਡ ਸਪੀਚ ਕੀਤੀ ਸੀ ਅੰਤ ਕਿਹਾ ਸੀ ਕਿ ਹਰ ਪਾਸੇ ਪ੍ਰੇਸ਼ਾਨੀ ਹੀ ਪ੍ਰੇਸ਼ਾਨੀ ਹੈ, ਕਨਫਿਊਜ਼ਨ ਹੀ ਕਨਫਿਊਜ਼ਨ ਹੈ। ਸਪੀਕਰ ਸਾਹਿਬ, ਦੋ ਤਰ੍ਹਾਂ ਦੇ ਬੰਦੇ ਕਨਫਿਊਜ਼ਨ ਵਿਚ ਪੈ ਜਾਂਦੇ ਹਨ। ਇਕ ਤਾਂ ਉਹ ਜਿਹੜੇ ਕਿ ਘੱਟ ਪੜ੍ਹੇ ਲਿਖੇ ਹੋਏ ਹੋਣ, ਜਿਨ੍ਹਾਂ ਕੋਲ ਬੋਲਣ ਵਾਸਤੇ ਮੈਟੀਰੀਅਲ ਘੱਟ ਹੋਵੇ, ਦੂਰ-ਅੰਦੇਸ਼ ਨਾ ਹੋਣ। ਮੈਂ ਉਨ੍ਹਾਂ ਵਿਚੋਂ ਤਾਂ ਇਨ੍ਹਾਂ ਨੂੰ ਨਹੀਂ ਸਮਝਦਾ ਕਿਉਂਕਿ ਇਹ ਤਾਂ ਪੜ੍ਹੇ ਲਿਖੇ ਹਨ, ਇਕਾਨੋਮਿਸਟ ਹਨ ਅੰਤ ਵੱਡੇ ਇਕਾਨੋਮਿਸਟ ਆਪਣੇ ਆਪ ਨੂੰ ਇਹ ਮੰਨਦੇ ਹਨ। ਦੂਸਰੀ ਕਿਸਮ ਦੇ ਉਹ ਲੋਕ ਕਨਫਿਊਜ਼ ਹੁੰਦੇ ਹਨ ਜਿਨ੍ਹਾਂ ਦੀ ਕਾਬਲੀਅਤ ਓਵਰਫਲੋ ਕਰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਉਸ ਕੈਟੇਗਰੀ ਵਿਚ ਆਉਂਦੇ ਹਨ। ਇਕ ਗੱਲ ਇਨ੍ਹਾਂ ਨੇ ਹੋਰ ਹੈਰਾਨ-ਕੁਨ ਕਹੀ ਹੈ। ਸਪੀਕਰ ਸਾਹਿਬ, ਇਹ ਐਕਸਾਈਜ਼ ਐਂਡ ਟੈਕਸੇਸ਼ਨ ਮਨਿਸਟਰ ਵੀ ਰਹੇ ਹਨ, ਫਾਇਨਾਂਸ ਮਨਿਸਟਰ ਵੀ ਰਹੇ ਹਨ। ਇਨ੍ਹਾਂ ਕਿਹਾ ਹੈ ਕਿ 1% ਸਲਜ਼ ਟੈਕਸ ਵੱਧ ਗਿਆ ਹੈ ਜਿਸ ਨਾਲ 38 ਕਰੋੜ ਰੁਪਿਆ ਆਉਣਾ ਹੈ। ਇਨ੍ਹਾਂ ਨੇ ਬਜਟ ਦੀਆਂ ਕਿਤਾਬਾਂ ਵਿਚੋਂ ਫਿਗਰਜ਼ ਲਈਆਂ ਹਨ। ਇਸ ਵਿਚ ਸ਼ੱਕ ਨਹੀਂ ਹੈ ਕਿ ਇਹ ਫਿਗਰਜ਼ ਕਿਤਾਬਾਂ ਵਿਚ ਕਲੀਅਰ ਦਿੱਤੀਆਂ ਹੋਈਆਂ ਹਨ। ਸਪੀਕਰ ਸਾਹਿਬ, 245 ਕਰੋੜ ਰੁਪਿਆ ਸਾਰਾ ਇਸ ਮੱਦ ਵਿਚ ਰੱਖਿਆ ਹੈ। ਤੁਸੀਂ ਵੀ, ਸਪੀਕਰ ਸਾਹਿਬ, ਜਾਣਦੇ ਹੋ ਕਿ ਇਕ ਸੈਂਟਰਲ ਸੇਲਜ਼ ਟੈਕਸ ਹੈ, ਅੰਤ ਇਕ ਮੋਟਰ ਸਪਿਰਟ ਟੈਕਸ ਹੈ ਅੰਤ ਸੇਲਜ਼ ਟੈਕਸ ਬਾਕੀ ਰਹਿ ਜਾਂਦਾ ਹੈ। ਮੈਂ ਐਕਸ ਫਾਇਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ 9 ਕਿਸਮ ਦੇ ਸੇਲਜ਼ ਟੈਕਸ ਹਨ। ਸੈਂਟਰਲ ਸੇਲਜ਼ ਟੈਕਸ 70 ਕਰੋੜ ਰੁਪਿਆ ਹੈ ਅੰਤ ਬਾਕੀ

Original with;
Punjab Vidhan Sabha
Digitized by;
Panjab Digital Library

ਟੈਕਸ 175 ਕਰੋੜ ਰੁਪਏ ਦੇ ਕਰੀਬ ਹੈ। 175 ਕਰੋੜ ਰੁਪਏ ਵਿਚੋਂ 45% ਦੇ ਕਰੀਬ ਇਸ ਦਾ ਹਿੱਸਾ ਹੈ ਜਿਹੜਾ ਕਿ 6% ਸੇਲਜ਼ ਟੈਕਸ ਤੇ ਵਸੂਲਿਆ ਜਾਂਦਾ ਹੈ। ਉਹ ਕੋਈ 78 ਕਰੋੜ ਰੁਪਏ ਦੇ ਕਰੀਬ ਬਣਦਾ ਹੈ। ਇਸ ਦਾ ਛੇਵਾਂ ਹਿੱਸਾ 13 ਕਰੋੜ ਰੁਪਿਆ ਬਣਦਾ ਹੈ। ਮੈਂ ਚੈਲੰਜ ਕਰਦਾ ਹਾਂ ਕਿ ਇਹ ਸਾਨੂੰ 38 ਕਰੋੜ ਰੁਪਿਆ ਲਿਆ ਦੇਣ। ਜੇਕਰ ਇਹ 38 ਕਰੋੜ ਰੁਪਿਆ ਲਿਆ ਦੇਣ ਤਾਂ ਅਸੀਂ ਇਨ੍ਹਾਂ ਨੂੰ ਇਕ ਕਰੋੜ ਰੁਪਿਆ ਕਮਿਸ਼ਨ ਵਜੋਂ ਦੇ ਦੇਵਾਂਗੇ। (ਹਾਸਾ) (ਥੰਪਿੰਗ)

ਸ਼੍ਰੀ ਸਪੀਕਰ : ਕੀ ਇਕ ਕਰੋੜ ਰੁਪਿਆ ਤੁਸੀਂ ਇਨ੍ਹਾਂ ਨੂੰ ਇਨ੍ਹਾਂ ਦੀ ਫੀਸ ਦਾ ਦਿਓਗੇ ? (ਹਾਸਾ)

ਵਿੱਤ ਮੰਤਰੀ : ਨਹੀਂ, ਸਪੀਕਰ ਸਾਹਿਬ, ਇਹ ਇਸ ਤੋਂ ਵੱਧ ਹੀ ਨਹੀਂ ਸਕਦਾ। ਇਹ 13 ਕਰੋੜ ਰੁਪਿਆ ਹੀ ਆਉਣਾ ਹੈ, 38 ਕਰੋੜ ਨਹੀਂ ਆਉਣਾ। ਮੈਂ ਇਨ੍ਹਾਂ ਨੂੰ ਇਸ ਗਲ ਲਈ ਚੈਲੰਜ ਕੀਤਾ ਹੈ। ਇਹ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਕਨਫਿਊਜ਼ਨ ਵਿਚ ਕਿਹਾ ਹੈ। ਅਜੇ ਅੈਪਰੋਪਰੀਏਸ਼ਨ ਬਿਲ ਆਉਣਾ ਹੈ। ਉਸ ਵੇਲੇ ਇਹ ਦੱਸ ਦੇਣ ਕਿ 38 ਕਰੋੜ ਰੁਪਿਆ ਕਿਸ ਤਰ੍ਹਾਂ ਆਵੇਗਾ। ਸਪੀਕਰ ਸਾਹਿਬ, ਕਿੱਥੇ 13 ਕਰੋੜ ਰੁਪਿਆ ਅੌਰ ਕਿੱਥੇ 38 ਕਰੋੜ। ਮੈਂ ਸਮਝਦਾ ਹਾਂ ਕਿ ਇਹ ਚੀਜ਼ ਹੀ ਇਨ੍ਹਾਂ ਦੀ ਪ੍ਰੇਸ਼ਾਨੀ ਦਾ ਬਾਇਸ ਬਣ ਗਈ ਹੈ। ਇਹ ਇਸ ਕਨਫਿਊਜ਼ਨ ਵਿਚ ਪੈ ਗਏ ਹਨ।

ਸਪੀਕਰ ਸਾਹਿਬ, ਫਿਰ ਇਹ ਕਹਿੰਦੇ ਹਨ ਕਿ ਜਦੋਂ ਅਸੀਂ ਗੌਰਮਿੰਟ ਛੱਡ ਕੇ ਗਏ ਸੀ ਤਾਂ 22 ਕਰੋੜ ਰੁਪਿਆ ਖਜ਼ਾਨੇ ਵਿਚ ਅਸੀਂ ਛੱਡ ਕੇ ਗਏ ਸੀ। ਇਨ੍ਹਾਂ ਨੂੰ ਵੀ ਪਤਾ ਹੈ ਕਿ ਇਕ ਸ਼ਬਦ 'ਵੇਅਜ਼ ਅੈਂਡ ਮੀਨਜ਼' ਹੈ। ਸਾਡਾ ਰੋਜ਼ ਵਾਹੀ ਖਾਤੇ ਦਾ ਹਿਸਾਬ ਕਿਤਾਬ ਰੀਜ਼ਰਵ ਬੈਂਕ ਨਾਲ ਹੁੰਦਾ ਰਹਿੰਦਾ ਹੈ। ਕਦੇ 30 ਕਰੋੜ ਰੁਪਿਆ ਮਾਈਨਸ ਹੋ ਜਾਂਦਾ ਹੈ ਅੌਰ ਕਦੇ 40 ਕਰੋੜ ਰੁਪਿਆ, ਪਲੱਸ ਹੋ ਜਾਂਦਾ ਹੈ। ਸਾਡਾ ਸਿਸਟਮ ਰੀਜ਼ਰਵ ਬੈਂਕ ਨਾਲ ਜੁੜਿਆ ਹੋਇਆ ਹੈ ਅੌਰ ਉਸ ਨਾਲ-ਲੈਣ ਦੇਣ ਹੁੰਦਾ ਰਹਿੰਦਾ ਹੈ। ਇਨ੍ਹਾਂ ਦੀ ਇਹ ਗੱਲ ਠੀਕ ਨਹੀਂ ਹੈ ਜੋ ਇਹ ਕਹਿੰਦੇ ਹਨ ਕਿ ਜਦੋਂ ਅਸੀਂ ਗਏ ਤਾਂ 22 ਕਰੋੜ ਰੁਪਿਆ ਖਜ਼ਾਨੇ ਵਿਚ ਵਾਧੂ ਸੀ। ਇਹ ਤਾਂ ਵੇਅਜ਼ ਅੈਂਡ ਮੀਨਜ਼ ਦੀ ਗੱਲ ਸੀ। ਲੇਕਿਨ ਸਪੀਕਰ ਸਾਹਿਬ, ਜਦੋਂ ਅਸੀਂ 31 ਮਾਰਚ ਨੂੰ ਹਿਸਾਬ ਕਿਤਾਬ ਇਨ੍ਹਾਂ ਦੇ ਜਾਣ ਤੋਂ ਬਾਅਦ ਕੀਤਾ ਸੀ ਤਾਂ 27 ਕਰੋੜ ਰੁਪਿਆ ਮਾਈਨਸ ਸੀ। 27 ਕਰੋੜ ਰੁਪਏ ਦਾ ਘਾਟਾ ਉਹ ਸੀ ਅੌਰ ਫਿਰ ਪੇਅ ਕਮਿਸ਼ਨ ਦੀਆਂ ਜਿਹੜੀਆਂ ਰਿਕੁਮੈਂਨਡੇਸ਼ਨਜ਼ ਸਨ 27 ਕਰੋੜ ਉਹ ਸੀ, ਇਸ ਤਰ੍ਹਾਂ 54 ਕਰੋੜ ਰੁਪਏ ਦਾ ਘਾਟਾ ਇਹ ਛੱਡ ਕੇ ਗਏ ਸਨ। ਇਨ੍ਹਾਂ ਦੇ ਦਿਮਾਗ ਵਿਚ ਇਹੀ ਕਨਫਿਊਜ਼ਨ ਸੀ ਕਿ ਇਹ 22 ਕਰੋੜ ਰੁਪਿਆ ਪਲੱਸ ਛੱਡ ਕੇ ਗਏ ਸਨ, ਵਾਧੂ ਛੱਡ ਕੇ ਗਏ ਸਨ। ਮੈਨੂੰ ਇਨ੍ਹਾਂ ਦੀ ਪ੍ਰੇਸ਼ਾਨੀ ਦੀ ਹੋਰ ਕੋਈ ਗੱਲ ਨਹੀਂ ਲੱਭੀ।

ਫਿਰ ਸਪੀਕਰ ਸਾਹਿਬ, ਇਨ੍ਹਾਂ ਨੇ 20 ਪੁਆਇੰਟ ਪ੍ਰੋਗਰਾਮ ਦੀ ਕਿਤਾਬ ਲਈ ਅੌਰ ਉਸ ਦਾ 10 ਪੇਜ ਕੱਢਿਆ। ਇਨ੍ਹਾਂ ਨੇ ਕਿਹਾ ਕਿ ਸਾਡੇ ਹਰੀਜਨਾਂ ਲਈ ਮਕਾਨ ਬਣਾਉਣ ਦਾ ਬੜਾ ਜ਼ੋਰਦਾਰ ਪ੍ਰੋਗਰਾਮ ਹੈ। ਉਸ ਦੇ 10 ਨੰਬਰ ਤੇ ਇਹ ਆ ਗਏ। 10 ਨੰਬਰ ਨਾਲ ਇਨ੍ਹਾਂ ਨੂੰ ਬਹੁਤ ਪਿਆਰ ਹੈ। ਹਾਊਸਿੰਗ ਸਕੀਮ ਜਿਹੜੀ ਕਿ ਸੰਨ 1958 ਦੀ ਹੈ ਉਸ ਦਾ ਇਨ੍ਹਾਂ ਨੇ ਜ਼ਿਕਰ ਕਰ ਦਿਤਾ ਅੌਰ ਕਹਿ ਦਿੱਤਾ ਕਿ ਦੋ ਲੱਖ ਰੁਪਿਆ ਰੱਖਿਆ ਗਿਆ ਹੈ। ਇਨ੍ਹਾਂ ਨੇ 10 ਨੰਬਰ ਤਾਂ ਪੜ੍ਹ ਲਿਆ ਪਰ 9 ਨੰਬਰ ਇਹ ਛੱਡ ਗਏ। ਉਥੇ ਇਨ੍ਹਾਂ ਦੀ ਨਜ਼ਰ ਨਹੀਂ ਗਈ, ਵੈਸੇ ਤਾਂ ਇਨ੍ਹਾਂ ਦੀ ਨਜ਼ਰ ਬੜੀ ਤੇਜ਼ ਹੈ। ਉਸ ਵਿਚ ਲਿਖਿਆ ਹੋਇਆ ਹੈ :

Original with;
Punjab Vidhan Sabha
Digitized by;
Panjab Digital Library

[ਵਿੱਤ ਮਤਰੀ]

"Allot House sites to rural families who are without them, and expand programme for construction assistance to them."

ਸਪੀਕਰ ਸਾਹਿਬ, 2 ਕਰੋੜ 15 ਲੱਖ ਰੁਪਿਆ ਇਸ ਵਿਚ ਪਰੋਵਾਈਡ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਇਤਨੀ ਮਦਦ ਸਾਰੇ ਹਿੰਦੁਸਤਾਨ ਵਿਚ ਕਿਸੇ ਹੋਰ ਨੇ ਨਹੀਂ ਕੀਤੀ ਹੋਣੀ ਜਿਤਨੀ ਮਦਦ ਸਾਡੀ ਪੰਜਾਬ ਸਰਕਾਰ ਨੇ ਗਰੀਬ ਵਰਗ ਦੀ ਭਲਾਈ ਲਈ ਕੀਤੀ ਹੈ। 10 ਹਜ਼ਾਰ ਮਕਾਨ ਇਕ ਸਾਲ ਵਿਚ ਅਤੇ 10 ਹਜ਼ਾਰ ਮਕਾਨ ਦੂਜੇ ਸਾਲ ਵਿਚ ਬਣਾ ਕੇ ਦੇਣੇ, ਮਕਾਨ ਵੀ ਉਹ ਜਿਨ੍ਹਾਂ ਦੀ ਕੀਮਤ ਸਾਢੇ 6 ਹਜ਼ਾਰ ਰੁਪਿਆ ਹੋਵੇ, ਇਹ ਕੋਈ ਛੋਟੀ ਗਲ ਨਹੀਂ। ਫਿਰ ਇਥੇ ਹੀ ਬਸ ਨਹੀਂ। ਇਸ ਸਾਢੇ 6 ਹਜ਼ਾਰ ਰੁਪਏ ਦੇ ਵਿਚੋਂ ਸਾਢੇ 5 ਹਜ਼ਾਰ ਰੁਪਿਆ ਗੌਰਮਿੰਟ ਨੇ ਸਬਸਿਡੀ ਦੇਣੀ ਹੈ ਅੱਰ ਇਕ ਹਜ਼ਾਰ ਰੁਪਿਆ ਸਿਰਫ ਵਸੂਲਣਾ ਹੈ ! ਇਸ ਲਈ ਮੈਂ ਕਹਿੰਦਾ ਹਾਂ ਕਿ ਇਤਨੀ ਵਡੀ ਰਕਮ ਹੁਣ ਤਕ ਕਿਸੇ ਵੀ ਸਟੇਟ ਨੇ ਸਬਸਿਡੀ ਦੀ ਨਹੀਂ ਦਿੱਤੀ ਹੋਣੀ। ਹੁਣ ਇਹ 2 ਲੱਖ ਰੁਪਿਆ ਕਹਿ ਕਹਿ ਕੇ ਆਪਣੇ ਆਪ ਨੂੰ ਪਰੇਸ਼ਾਨ ਕਰ ਰਹੇ ਹਨ ਅਤੇ ਕਨਫਿਊਜ਼ ਹੋ ਰਹੇ ਹਨ। ਇਹ ਜਿਹੜੀਆਂ ਗੱਲਾਂ ਇਨ੍ਹਾਂ ਨੇ ਇਥੇ ਕੀਤੀਆਂ ਹਨ ਮੈਂ ਸਮਝਦਾ ਹਾਂ ਕਿ ਇਹ ਸਾਰੀਆਂ ਦਿਮਾਗ ਪਰੇਸ਼ਾਨੀ ਅੱਰ ਕਨਫਿਊਜ਼ਨ ਵਾਲੀਆਂ ਗੱਲਾਂ ਕੀਤੀਆਂ ਹਨ।

ਫਿਰ, ਸਪੀਕਰ ਸਾਹਿਬ, ਇਥੇ ਟੈਕਸ ਦੇ ਬਾਰੇ ਬੜੀਆਂ ਗਲਾਂ ਕੀਤੀਆਂ ਗਈਆਂ। ਮੈਂ ਹੁਣ ਇਨ੍ਹਾਂ ਨੂੰ ਦੱਸਦਾ ਹਾਂ ਕਿ ਸਾਡੇ ਪੰਜਾਬ ਵਿਚ ਪਰ ਕੈਪੀਟਾ ਟੈਕਸ ਕਿੰਨਾ ਲਗਿਆ ਹੈ ਅਤੇ ਹੋਰ ਸੂਬਿਆਂ ਦਾ ਕਿੰਨਾ ਹੈ। ਸਰਦਾਰ ਬਲਵੰਤ ਸਿੰਘ ਨੇ ਇਥੇ ਬੋਲਦੇ ਹੋਇਆਂ ਕਿਹਾ ਕਿ ਪਰ ਕੈਪੀਟਾ ਟੈਕਸ ਪੰਜਾਬ ਦੇ ਲੋਕਾਂ ਤੇ 344 ਰੁਪਏ ਅੱਗੇ ਹੈ ਅਤੇ 40 ਰੁਪਏ ਹੁਣ ਹੋਰ ਲਗਿਆ ਹੈ। ਇਸ ਤਰ੍ਹਾਂ 388 ਰੁਪਏ ਹੋ ਗਿਆ। ਅੱਗੇ 400 ਰੁਪਏ ਹੋਰ ਪੈ ਜਾਣਾ ਹੈ ਅੱਜ ਇਹ 800 ਰੁਪਏ ਹੋ ਜਾਣਾ ਹੈ। ਸਪੀਕਰ ਸਾਹਿਬ, ਇਹ ਨਹੀਂ ਦਸਿਆ ਕਿ ਇਹ 400 ਰੁਪਿਆ ਹੋਰ ਕਿਥੋਂ ਪੈ ਜਾਣਾ ਹੈ। ਪਤਾ ਨਹੀਂ ਇਹ ਫਿਗਰਜ਼ ਕਿਥੋਂ ਲੈ ਆਏ ਹਨ ? ਉਸ ਵੇਲੇ ਮੈਂ ਇਹ ਸੋਚ ਰਿਹਾ ਸੀ ਕਿ ਮੈਂ ਜਵਾਬ ਉਸ ਵੇਲੇ ਦੇਵਾਂਗਾ ਜਿਸ ਵੇਲੇ ਇਹ ਮੇਰੇ ਸਾਹਮਣੇ ਬੈਠੇ ਹੋਣਗੇ। ਸਪੀਕਰ ਸਾਹਿਬ, ਉਸ ਵੇਲੇ ਦਿਮਾਗ ਪਰੇਸ਼ਾਨੀ ਅੱਰ ਕਨਫਿਊਜ਼ਨ ਵਾਲੀਆਂ ਗਲਾਂ ਕੀਤੀਆਂ ਗਈਆਂ ਅੱਰ ਇਥੇ ਕਿਹਾ ਗਿਆ ਕਿ 800 ਰੁਪਏ ਦਾ ਬੋਝ ਪੈ ਜਾਣਾ ਹੈ। ਹੁਣ ਮੈਂ ਤੁਹਾਨੂੰ ਦੱਸਦਾ ਹਾਂ, ਇਨ੍ਹਾਂ ਨੇ ਸ਼ਾਇਦ ਪੜ੍ਹਿਆ ਨਹੀਂ ਕਿ ਇਸੇ ਹੀ ਕਿਤਾਬ ਦੇ ਪੇਜ 74 ਤੇ ਸਾਫ ਤੇ ਸਪੱਸ਼ਟ ਲਿਖਿਆ ਹੈ ਕਿ ਇਸ ਵਿਚ ਐਕਸਾਈਜ਼ ਡਿਊਟੀ ਦਾ ਸ਼ੇਅਰ ਇਨਕਲੂਡਿਡ ਹੈ। ਜਿਹੜਾ ਪੈਸਾ ਸੈਂਟਰਲ ਗੌਰਮਿੰਟ ਨੂੰ ਇਨਕਮ ਟੈਕਸ ਦਾ ਅੱਰ ਐਕਸਾਈਜ਼ ਡਿਊਟੀ ਦਾ ਦੇਣਾ ਹੈ ਉਹ ਇਸ ਦੇ ਵਿਚ ਸ਼ਾਮਲ ਹੈ। ਪਰ ਇਨ੍ਹਾਂ ਨੇ ਇਸ ਨੂੰ ਪੜ੍ਹਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਅੱਰ ਹਾਊਸ ਨੂੰ ਮਿਸਲੀਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੁਣ ਮੈਂ ਤੁਹਾਨੂੰ ਇਸ ਬਾਰੇ ਵਿਚ ਕੁਝ ਮਿਸਾਲਾਂ ਦੇ ਕੇ ਦੱਸਦਾ ਹਾਂ ਕਿ ਸਾਡੀ ਸਟੇਟ ਵਿੱਚ ਜੋ ਪਰ ਕੈਪੀਟਾ ਟੈਕਸ ਹੈ ਉਹ ਹੋਰ ਸੂਬਿਆਂ ਨਾਲੋਂ ਕਿਤਨਾ ਘੱਟ ਹੈ।

EXTENSION OF TIME OF THE SITTING

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਹੋਰ ਕਿੰਨਾਂ ਸਮਾਂ ਲਵੋਗੇ ?

ਡਾਕਟਰ ਕੇਵਲ ਕ੍ਰਿਸ਼ਨ : ਮੈਂ 15 ਮਿੰਟ ਤਾਂ ਹੋਰ ਲਵਾਂਗਾ ਜੀ।

Mr. Speaker : Is it the pleasure of the House that the time of the siting of the House be extended by 15 minutes?

Voices : Yes, yes.

Mr. Speaker : The time of the sitting of the House is extended up to 1.45 P.M.

Original with;
Punjab Vidhan Sabha
Digitized by;
Panjab Digital Library

GENERAL DISCUSSION ON THE BUDGET ESTIMATES FOR THE YEAR 1982-83 (*Resumption*)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਇਨ੍ਹਾਂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦੇ ਵਿਅਕਤੀ ਤੇ ਸਭ ਤੋਂ ਜ਼ਿਆਦਾ ਟੈਕਸ ਪੈ ਰਿਹਾ ਹੈ, ਪੰਜਾਬ ਦਾ ਵਿਅਕਤੀ ਟੈਕਸ ਦੇ ਬੋਝ ਨਾਲ ਮਰ ਰਿਹਾ ਹੈ। ਹੁਣ ਇਸ ਸਬੰਧ ਵਿਚ ਮੈਂ ਮਿਸਾਲ ਦੇਣੀ ਚਾਹੁੰਦਾ ਹਾਂ। ਇਹ ਰਿਜਰਵ ਬੈਂਕ ਆਫ ਇੰਡੀਆ ਬੁਲੇਟਿਨ ਸਟੇਟ ਫਾਈਨਾਂਸ ਦੀ ਕਿਤਾਬ ਮੇਰੇ ਕੋਲ ਹੈ ਇਸ ਦੇ ਪੇਜ 679 ਤੇ ਜੋ ਲਿਖਿਆ ਹੈ ਇਹ ਆਪ ਵੀ ਪੜ੍ਹ ਲੈਣਾ। ਮੈਂ ਦੱਸਦਾ ਹਾਂ ਕਿ ਇਸ ਦੇ ਮੁਤਾਬਿਕ ਪੰਜਾਬ ਵਿਚ ਪਰ ਕੈਪਟਾ ਟੈਕਸ ਜੋ ਹੈ ਉਹ ਇਸ ਤਰ੍ਹਾਂ ਹੈ ਕਿ ਜਿਹੜਾ ਵਿਅਕਤੀ ਇਕ ਰੁਪਿਆ ਕਮਾਉਂਦਾ ਹੈ ਉਸ ਨੂੰ ਇਕ ਰੁਪਏ ਪਿਛੇ 9.58 ਪੈਸੇ ਟੈਕਸ ਦੇਣਾ ਪੈਂਦਾ ਹੈ ਜਦ ਕਿ ਇਸ ਦੇ ਮੁਕਾਬਲੇ ਵਿੱਚ ਹੋਰ ਸੂਬਿਆਂ ਵਿਚ ਇਹ ਕਾਫੀ ਜ਼ਿਆਦਾ ਹੈ। ਤਾਮਿਲ ਨਾਡੂ ਵਿਚ ਇਕ ਰੁਪਏ ਪਿਛ 9.64 ਪੈਸੇ ਹੈ, ਆਂਧਰਾ ਪ੍ਰਦੇਸ਼ ਵਿਚ 10.08 ਪੈਸੇ ਹੈ, ਮਹਾਰਾਸ਼ਟਰਾ ਵਿਚ 10.54 ਪੈਸੇ ਹੈ, ਗੁਜਰਾਤ ਵਿਚ 10.68 ਪੈਸੇ ਹੈ, ਹਰਿਆਣਾ ਵਿਚ 11.29 ਪੈਸੇ ਹੈ, ਯੂ.ਪੀ. ਵਿਚ 11.59 ਪੈਸ ਹੈ, ਵਸਟ ਬੰਗਾਲ ਵਿਚ 13.97 ਪੈਸੇ ਹੈ ਅਤੇ ਰਾਜਿਸਥਾਨ ਵਿਚ 14.59 ਪੈਸੇ ਟੈਕਸ ਹੈ। ਹੁਣ ਤੁਸੀਂ ਆਪ ਹੀ ਵਖ ਲਓ ਕਿ ਪੰਜਾਬ ਦਾ ਨੰਬਰ ਇਨ੍ਹਾਂ ਸਭ ਸਟੇਟਾਂ ਤੋਂ ਬਾਅਦ ਆਉਂਦਾ ਹੈ, ਯਾਨੀ ਪੰਜਾਬ ਵਿਚ ਸਭ ਨਾਲੋਂ ਘੱਟ ਟੈਕਸ ਹੈ। ਇਸ ਤਰ੍ਹਾਂ ਤੁਸੀਂ ਵੇਖੋ ਕਿ ਜਿਹੜੀਆਂ ਇਨ੍ਹਾਂ ਨੇ ਗੱਲਾਂ ਕੀਤੀਆਂ ਹਨ ਉਹ ਕਨਫਿਊਜ਼ਨ ਵਾਲੀਆਂ ਨਹੀਂ ਸਨ ਤਾਂ ਹੋਰ ਕੀ ਸਨ ? ਸਪੀਕਰ ਸਾਹਿਬ, ਪੰਜਾਬ ਵਿਚ ਸਭ ਨਾਲੋਂ ਘੱਟ ਟੈਕਸ ਹੈ ਅੱਰ ਇਹ ਕਹਿੰਦੇ ਹਨ ਕਿ ਬਹੁਤ ਬੋਝ ਪੈ ਗਿਆ ਹੈ।

ਫਿਰ, ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪੰਜਾਬ ਦਾ ਕਿਸਾਨ ਮਰ ਗਿਆ ਹੈ, ਉਸ ਤੇ ਵੀ ਬੜਾ ਬੋਝ ਪੈ ਗਿਆ ਹੈ। ਇਹ ਠੀਕ ਹੈ ਕਿ ਪੰਜਾਬ ਦੇ ਕਿਸਾਨ ਨੂੰ ਕੁਝ ਕਸ਼ਟ ਹਨ ਅੱਰ ਉਹ ਅਸੀਂ ਦੂਰ ਕਰਨੇ ਹਨ ਪਰ ਇਹ ਕਹਿਣਾ ਕਿ ਪੰਜਾਬ ਦੇ ਕਿਸਾਨ ਤੇ ਪਰ ਕੈਪੀਟਾ ਟੈਕਸ ਬਾਕੀਆਂ ਸਟੇਟਾਂ ਨਾਲੋਂ ਜ਼ਿਆਦਾ ਹੈ, ਇਹ ਵੀ ਗਲਤ ਹੈ। ਇਹ ਵੀ ਮੈਂ ਮਿਸਾਲ ਦੇ ਕੇ ਦੱਸਦਾ ਹਾਂ ਕਿ ਆਂਧਰਾ ਪ੍ਰਦੇਸ਼ ਵਿਚ ਪਰ ਕੈਪੀਟਾ ਐਗਰੀਕਲਚਰਿਸਟ ਤੇ ਟੈਕਸ 6.65 ਰੁਪਏ, ਕੇਰਲਾ ਵਿਚ 6.10 ਹੈ, ਕਰਨਾਟਕਾ ਵਿਚ 6.99 ਹੈ, ਗੁਜਰਾਤ ਵਿਚ 4.44 ਹੈ, ਹਰਿਆਣਾ ਵਿਚ 4.36 ਹੈ, ਰਾਜਿਸਥਾਨ ਵਿਚ 3.72 ਹੈ, ਵੈਸਟ ਬੰਗਾਲ ਵਿਚ 3.47 ਹੈ, ਬਿਹਾਰ ਵਿੱਚ 2.42 ਹੈ ਅੱਰ ਪੰਜਾਬ ਵਿਚ ਸਿਰਫ 1.39 ਰੁਪਏ ਹੈ। ਸਾਰੇ ਹਿੰਦੁਸਤਾਨ ਵਿਚ ਪੰਜਾਬ ਵਿਚ ਸਭ ਤੋਂ ਘੱਟ ਐਗਰੀਕਲਚਰਿਸਟ ਤੇ ਟੈਕਸ ਲਗਦਾ ਹੈ। ਇਹ ਫਿਗਰਜ਼ ਵੀ ਮੈਂ ਆਪੇ ਨਹੀਂ ਦੱਸ ਰਿਹਾ ਬਲਕਿ ਰਿਜ਼ਰਵ ਬੈਂਕ ਆਫ ਇੰਡੀਆ ਬੁਲੇਟਿਨ ਦੇ ਪੇਜ 669 ਤੇ ਦਿਤੀਆਂ ਹੋਈਆਂ ਹਨ, ਇਹ ਆਪ ਵੇਖ ਲੈਣ।

ਹੁਣ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਟੇਟ ਦੀ ਇਕਾਨਮੀ ਲਈ ਜ਼ਰੂਰੀ ਹੈ ਕਿ ਰਿਸੋਰਸਿਜ਼ ਨੂੰ ਮੋਬੇਲਾਈਜ਼ ਕੀਤਾ ਜਾਵੇ। ਰਿਸੋਰਸਿਜ਼ ਮੋਬੇਲਾਈਜ਼ ਕਰਨ ਲਈ ਇਨ੍ਹਾਂ ਨੇ ਵੀ ਕੋਸ਼ਿਸ਼ ਕੀਤੀ ਸੀ ਪਰ ਜਿਨ੍ਹਾਂ ਦੇ ਦਿਮਾਗ ਵਿਚ ਕਨਫਿਊਜ਼ਨ ਹੁੰਦੀ ਹੈ ਉਹ ਕਾਮਯਾਬ ਨਹੀਂ ਹੋ ਸਕਦੇ। ਅਜ ਇਹ ਕਹਿੰਦੇ ਹਨ ਕਿ ਐਗਰੀਕਲਚਰਲ ਪਰੋਡਿਊਸ ਤੇ 2 ਤੋਂ 3% ਟੈਕਸ ਕਰ ਦਿੱਤਾ ਹੈ। ਇਹ ਇਨ੍ਹਾਂ ਨੇ ਵੀ ਕਰਨਾ ਸੀ ਪਰ ਇਹ ਉਸ ਵੇਲੇ ਕਰ ਨਹੀਂ ਸਕੇ, ਜਿਸ ਦਾ ਨਤੀਜਾ ਇਹ ਹੋਇਆ ਸੀ ਕਿ ਇਨ੍ਹਾਂ ਨੂੰ ਆਪਣਾ ਪਲਾਨ ਕੱਟ ਕਰਨਾ ਪਿਆ ਸੀ। ਇਸੇ ਤਰ੍ਹਾਂ ਹੀ ਸੇਲਜ਼ ਟੈਕਸ ਤੇ ਜਿਹੜਾ 6 ਤੋਂ 7% ਕੀਤਾ ਗਿਆ ਹੈ ਇਹ ਪ੍ਰਪੋਜ਼ਲ ਵੀ ਇਨ੍ਹਾਂ ਦੀ ਫਾਈਲਾਂ ਤੇ ਆਈ ਸੀ। ਮੈਂ ਉਹ ਕਾਗਜ਼ ਆਪ ਵੇਖੇ ਹਨ ਪਰ ਇਹ ਵੀ ਕਈ ਕਾਰਨਾਂ ਕਰਕੇ ਇਹ ਕਰ ਨਹੀਂ ਸਕੇ। ਸੋ,

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਥੋੜਾ ਟੈਕਸ ਲਗਣ ਨਾਲ ਜਿਹੜਾ ਸਾਡੇ ਖਜ਼ਾਨੇ ਵਿਚ ਪੈਸਾ ਆਵੇਗਾ ਉਹ ਸਟੇਟ ਦੀ ਭਲਾਈ ਲਈ ਖਰਚ ਕੀਤਾ ਜਾਣਾ ਹੈ। ਮੈਂ ਦੱਸ ਾ ਹਾਂ ਕਿ ਅਸੀਂ ਗੌਰਮਿੰਟ ਆਫ਼ ਇੰਡੀਆ ਦੀਆਂ ਇੰਸਟ੍ਰਕਸ਼ਨਜ਼ ਦੇ ਮੁਤਾਬਿਕ ਇੰਪਲਾਈਜ਼ ਲਈ ਇਨਸ਼ਿਓਰੈਂਸ ਦੀ ਸਕੀਮ ਚਲਾਈ ਹੈ ਜਿਸ ਨਾਲ ਸਟੇਟ ਗੌਰਮਿੰਟ ਦੇ ਇੰਪਲਾਈਜ਼ ਨੂੰ ਕਾਫੀ ਫ਼ਾਇਦਾ ਹੋਣਾ ਹੈ। ਇਸ ਨੂੰ ਸਾਰੇ ਮੈਂਬਰ ਸਾਹਿਬਾਨ ਨੇ ਵੈਲਕਮ ਕੀਤਾ ਹੈ। ਮੈਂ ਦਸਦਾ ਹਾਂ ਕਿ ਇਸ ਸਕੀਮ ਦੇ ਅਧੀਨ ਲਗਭਗ 4 ਕਰੋੜ ਰੁਪਿਆ ਆਵੇਗਾ। ਜਿਹੜਾ ਕਲਾਸ ਫੋਰ ਦਾ ਮੁਲਾਜ਼ਮ ਹੈ ਉਹ 10 ਰੁਪਏ ਮਹੀਨਾ ਦੇਵੇਗਾ ਅਤੇ ਉਸ ਦੀ 10 ਹਜ਼ਾਰ ਰੁਪਏ ਦੀ ਇਨਸ਼ਿਓਰੈਂਸ ਹੋਵੇਗੀ ਕਲਾਸ ਥਰੀ ਦਾ ਮੁਲਾਜ਼ਮ 20 ਰੁਪਏ ਮਹੀਨਾ ਦੇਵੇਗਾ ਅੱਰ ਉਸ ਦੀ ਇਨਸ਼ਿਓਰੈਂਸ 20 ਹਜ਼ਾਰ ਰੁਪਏ ਦੀ ਹੋਵੇਗੀ। ਕਲਾਸ ਟੂ ਦਾ ਮੁਲਾਜ਼ਮ 40 ਰੁਪਏ ਮਹੀਨਾ ਦੇਵੇਗਾ ਅੱਰ ਉਸ ਦੀ 40 ਹਜ਼ਾਰ ਰੁਪਏ ਦੀ ਇਨਸ਼ਿਓ-ਰੈਂਸ ਹੋਵੇਗੀ। ਇਸੇ ਤਰ੍ਹਾਂ ਕਲਾਸ ਵਨ ਦਾ ਮੁਲਾਜ਼ਮ 80 ਰੁਪਏ ਮਹੀਨਾ ਦੇਵੇਗਾ ਅੱਰ ਉਸ ਦੀ 80 ਹਜ਼ਾਰ ਰੁਪਏ ਦੀ ਇਨਸ਼ਿਓਰੈਂਸ ਹੋਵੇਗੀ। ਇਸ ਪੈਸੇ ਤੇ ਕੰਪਾਊਂਡ ਇੰਟਰੈਸਟ ਲਗੇਗਾ। ਇਹ ਬਹੁਤ ਹੀ ਜ਼ਰੂਰੀ ਸਕੀਮ ਸੀ ਜਿਹੜੀ ਕਿ ਪੰਜਾਬ ਸਰਕਾਰ ਨੇ ਲਾਗੂ ਕੀਤੀ ਹੈ।

ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਇਥੇ ਮਿਸਮੈਨੇਜਮੈਂਟ ਦੀ ਗਲ ਕੀਤੀ ਹੈ। ਇਹ ਕਿਹਾ ਗਿਆ ਹੈ ਕਿ ਮਿਸਮੈਨੇਜਮੈਂਟ ਫੇਲ ਗਈ ਹੈ, ਬੈਂਕਕਰੱਪਸੀ ਹੋ ਗਈ ਹੈ, ਸੂਬਾ ਲੁਟਿਆ ਗਿਆ ਹੈ, ਇਸ ਤਰ੍ਹਾਂ ਦੀਆਂ ਗਲਾਂ ਕਰਕੇ ਹਾਊਸ ਨੂੰ ਮਿਸਲੀਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਸਪੀਕਰ ਸਾਹਿਬ, ਅਸਲ ਗਲ ਇਹ ਹੈ ਕਿ ਮਿਸਮੈਨੇਜਮੈਂਟ ਨਹੀਂ ਹੋਈ ਬਲਕਿ ਅਸੀਂ ਤਾਂ ਮੈਨੇਜਮੈਂਟ ਕੀਤੀ ਹੈ। ਮੈਂ ਇਹ ਮਿਸਾਲ ਦੇ ਕੇ ਦੱਸਦਾ ਹਾਂ ਕਿ ਕਿਸੇ ਵੀ ਸਟੇਟ ਦੀ ਤਰੱਕੀ 2 ਚੀਜ਼ਾਂ ਤੇ ਡਿਪੈਂਡ ਕਰਦੀ ਹੈ, ਇਕ ਫਾਈਵ ਈਅਰ ਪਲਾਨ ਤੇ ਅਤੇ ਇਕ ਐਨੂਅਲ ਪਲਾਨ ਤੇ। ਫਾਈਵ ਈਅਰ ਪਲਾਨ ਨੂੰ ਵੇਖ ਕੇ ਐਨੂਅਲ ਪਲਾਨ ਬਣਾਈ ਜਾਂਦੀ ਹੈ। ਫਿਰ, ਸਪੀਕਰ ਸਾਹਿਬ, ਜਿਹੜਾ ਬਜਟ ਬਣਦਾ ਹੈ ਉਹ ਕੈਬਨਿਟ ਦੀ ਅੱਪਰੂਵਲ ਨਾਲ ਤਿਆਰ ਕੀਤਾ ਜਾਂਦਾ ਹੈ ਅੱਰ ਫਿਰ ਪੇਸ਼ ਕੀਤਾ ਜਾਂਦਾ ਹੈ। (ਵਿਘਨ) ਮਿਸਮੈਨੇਜਮੈਂਟ ਤਾਂ ਤੁਸੀਂ ਕਰਦੇ ਰਹੇ ਹੋ, ਅਸੀਂ ਤਾਂ ਆ ਕੇ ਇਸ ਨੂੰ ਠੀਕ ਤਰੀਕੇ ਨਾਲ ਮੈਨੇਜ ਕੀਤਾ ਹੈ। ਜਿਸ ਤਰ੍ਹਾਂ ਤੁਸੀਂ ਦੇਖੋ ਕਿ 1977-78 ਵਿਚ ਸਾਲਾਨਾ ਪਲਾਨ 257 ਕਰੋੜ ਰੁਪਏ ਦੀ ਸੀ ਪਰ ਤੁਸੀਂ ਇਸ ਵਿਚੋਂ 53 ਕਰੋੜ ਰੁਪਿਆ ਖਰਚ ਨਹੀਂ ਕਰ ਸਕੇ ਅਤੇ 204 ਕਰੋੜ ਰੁਪਿਆ ਹੀ ਖਰਚ ਕਰ ਸਕੇ ਸੀ। ਤੁਸੀਂ ਪਲਾਨ ਦੇ ਪੈਸੇ ਨੂੰ ਸੂਬੇ ਦੀ ਤਰੱਕੀ ਵਾਸਤੇ ਖਰਚ ਨਹੀਂ ਕਰ ਸਕੇ। ਇਸ ਤੋਂ ਬਾਦ ਤੁਸੀਂ ਪਲਾਨ ਬਣਾਈ 260 ਕਰੋੜ ਰੁਪਏ ਦੀ ਅੱਰ ਇਸ ਦੇ ਵਿਚੋਂ ਤੁਸੀਂ 40 ਕਰੋੜ ਰੁਪਏ ਖਰਚ ਨਹੀਂ ਕਰ ਸਕੇ ਯਾਨੀ 220 ਕਰੋੜ ਰੁਪਿਆ ਖਰਚ ਕੀਤਾ। ਇਸ ਤਰੀਕੇ ਨਾਲ 93 ਕਰੋੜ ਰੁਪਿਆ ਤੁਸੀਂ ਆਪਣੇ ਵਕ਼ਤ ਪਲਾਨ ਵਿਚੋਂ ਖਰਚ ਨਹੀਂ ਕਰ ਸਕੇ ਪਰ ਸਾਨੂੰ ਤੁਸੀਂ ਕਹਿੰਦੇ ਹੋ ਕਿ 125 ਕਰੋੜ ਰੁਪਏ ਡੈਫੀਸਿਟ ਹੈ ਅਤੇ ਤੁਸੀਂ ਓਵਰਡਰਾਫਟ ਕੀਤਾ ਹੈ। ਜੇਕਰ, ਸਪੀਕਰ ਸਾਹਿਬ, ਅਸੀਂ ਪੰਜਾਬ ਦੀ ਤਰੱਕੀ ਵਾਸਤੇ ਸੈਂਟਰਲ ਗੌਰਮਿੰਟ ਤੋਂ ਪੈਸਾ ਓਵਰ-ਡਰਾਫਟ ਕਹਦੇ ਹਾਂ ਤਾਂ ਸਾਨੂੰ ਕੋਈ ਇਸ ਦੇ ਵਿਚ ਸ਼ਰਮ ਵਾਲੀ ਗੱਲ ਨਹੀਂ ਹੈ ਸਗੋਂ ਖੁਸ਼ੀ ਦੀ ਗੱਲ ਮਹਿਸੂਸ ਹੁੰਦੀ ਹੈ ਕਿ ਅਸੀਂ ਪੰਜਾਬ ਦੇ ਗਰੀਬਾਂ ਦੀ ਤਰੱਕੀ ਲਈ, ਕਿਸਾਨਾਂ ਵਾਸਤੇ, ਆਪਣੀ ਸੈਂਟਰ ਦੀ ਸਰਕਾਰ ਤੋਂ ਪੈਸਾ ਲਈਏ। ਇਹ ਠੀਕ ਹੈ ਕਿ ਅਸੀਂ 100 ਕਰੋੜ ਰੁਪਏ ਦਾ ਓਵਰ-ਡਰਾਫਟ ਕੀਤਾ ਹੈ ਪਰ ਅਸੀਂ ਆਪਣੀ ਪਲਾਨ ਨੂੰ ਕੱਟਣ ਨਹੀਂ ਦਿਤਾ, ਅਸੀਂ ਆਪਣੀ ਪਲਾਨ ਨੂੰ ਪਿਛਲੇ ਸਾਲ 300 ਤੋਂ 340 ਕਰੋੜ ਰੁਪਏ ਤੱਕ ਲੈ ਗਏ ਹਾਂ ਅਤੇ 31 ਮਾਰਚ ਤੱਕ ਇਸ ਨੂੰ ਖਰਚ ਕਰਾਂਗੇ। ਪਲਾਨ ਨੂੰ ਕੱਟਣਾ ਸਾਡੇ ਲਈ ਗੁਨਾਹ ਹੈ, ਪਲਾਨ ਨੂੰ ਕੱਟਣਾ ਇਕ ਤਰ੍ਹਾਂ ਨਾਲ

Original with;
Punjab Vidhan Sabha
Digitized by;
Panjab Digital Library

ਮਿਸਮੈਨੇਜਮੈਂਟ ਹੈ। ਪਲਾਨ ਨੂੰ ਕੱਟਣ ਵਾਲਾ ਕਾਬਲ ਹੈ, ਉਹ ਮਿਸਮੈਨੇਜਰ ਹੈ, ਫਾਈਨਾਂਸ ਮਨਿਸਟਰ ਨਹੀਂ ਹੈ। ਸਾਡੇ ਸੀ.ਐਮ. ਸਾਹਿਬ 65 ਕਰੋੜ ਰੁਪਏ ਦੇ ਉੱਦਰ ਡਰਾਫਟ ਨੂੰ ਗ੍ਰਾਂਟ ਦੀ ਸ਼ਕਲ ਵਿਚ ਬਦਲਣ ਲਈ ਕਹਿ ਰਹੇ ਹਨ ਤਾਕਿ ਅਸੀਂ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਸਕੀਏ। ਇਸ ਦੇ ਨਾਲ ਪੰਜਾਬ ਦਾ ਗਰੀਬ ਕਿਸਾਨ, ਕਰਮਚਾਰੀ, ਵੀਕਰ ਸੈਕਸ਼ਨ ਖੁਸ਼ਹਾਲ ਹੋਵੇਗਾ ਅਤੇ ਸਰਦਾਰ ਦਰਬਾਰਾ ਸਿੰਘ ਜੀ ਦੀ ਰਹਿਨੁਮਾਈ ਵਿਚ ਪੰਜਾਬ ਤਰੱਕੀ ਕਰੇਗਾ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਸ਼ਰਾਬ ਦੀ ਪਾਲਿਸੀ ਬਾਰੇ ਵੀ ਦੱਸ ਦੇਣ ਜਿਸ ਵਿਚੋਂ ਇਹ ਰੁਪਿਆ ਖਾਈ ਜਾ ਰਹੇ ਹਨ ।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਐਫ.ਐਮ. ਸਾਹਿਬ ਨੂੰ ਇੰਟਰੱਪਟ ਨਾ ਕਰੋ। ਬੈਠ ਜਾਓ।

ਵਿੱਤ ਮੰਤਰੀ : ਸਪੀਕਰ ਸਾਹਿਬ, ਸ਼ਰਾਬ ਦੀ ਨਿਲਾਮੀ ਠੀਕ ਤਰੀਕੇ ਨਾਲ ਹੋ ਰਹੀ ਹੈ। ਇਨ੍ਹਾਂ ਨੇ ਸ਼ਰਾਬ ਦਾ ਠੇਕਾ ਲੈਣਾ ਹੈ ਤਾਂ ਇਹ ਬੋਲੀ ਦੇ ਕੇ ਲੈ ਸਕਦੇ ਹਨ । ਅਗਰ ਕਿਸੇ ਨੂੰ ਬੋਲੀ ਬਾਰੇ ਸ਼ਿਕਾਇਤ ਹੈ, ਉਸ ਨੂੰ ਮੈਂ ਸੁਣਨ ਲਈ ਤਿਆਰ ਹਾਂ। ਮੈਂ ਕਹਿ ਦਿੱਤਾ ਹੈ ਕਿ ਨਿਲਾਮੀ ਬਿਲਕੁਲ ਫੇਅਰ ਹੋਣੀ ਚਾਹੀਦੀ ਹੈ। ਪਾਂਧੀ ਸਾਹਿਬ ਨੂੰ ** ਕਰਨ ਦੀ ਆਦਤ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਸਪੀਚ ਵਿਚ ਬੋਲਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ** ਲਫਜ਼ ਐਕਸਪੰਜ ਕੀਤਾ ਜਾਵੇ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਐਫ.ਐਮ. ਸਾਹਿਬ ਨੇ ਬੋਲਦੇ ਹੋਏ ਪਾਂਧੀ ਸਾਹਿਬ ਲਈ ** ਦਾ ਲਫਜ਼ ਇਸਤੇਮਾਲ ਕਰ ਗਏ ਹਨ। ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਐਫ. ਐਮ. ਸਾਹਿਬ ਜਵਾਬ ਦੇ ਰਹੇ ਹਨ ਤਾਂ ਹਾਊਸ ਵਿਚ ਸਾਨੂੰ ਉਨ੍ਹਾਂ ਨੂੰ ਪੂਰੀ ਮਾਨਤਾ ਦੇਣੀ ਚਾਹੀਦੀ ਹੈ। ਮੈਂ 2—3 ਵਾਰ ਪਹਿਲੇ ਵੀ ਪਾਂਧੀ ਸਾਹਿਬ ਨੂੰ ਮਨਾਹ ਕਰ ਚੁੱਕਾ ਸੀ ਪਰ ਉਹ ਮੇਰੀ ਇਜਾਜ਼ਤ ਤੋਂ ਬਿਨਾਂ ਬੋਲ ਚਿੰਦੇ ਹਨ। ਇਸ ਦੇ ਨਾਲ ਹਾਊਸ ਦੀ ਮਰਯਾਦਾ ਭੰਗ ਹੁੰਦੀ ਹੈ। **ਲਫਜ਼ ਐਕਸਪੰਜ ਕਰ ਦਿੱਤਾ ਜਾਵੇ।

ਵਿੱਤ ਮੰਤਰੀ : ਸਪੀਕਰ ਸਾਹਿਬ, 20 ਪੁਆਇੰਟ ਪ੍ਰੋਗਰਾਮ ਦਾ ਇਸ ਬਜਟ ਸਪੀਚ ਵਿਚ ਵਿਸਤਾਰ ਨਾਲ ਜ਼ਿਕਰ ਕੀਤਾ ਗਿਆ ਹੈ ਪਰ ਕੁਝ ਮੈਂਬਰਾਂ ਨੇ ਕਿਹਾ ਹੈ ਕਿ 14 ਪੁਆਇੰਟ ਹੀ ਆਏ ਹਨ, ਪੂਰੇ ਪੁਆਇੰਟ ਕਿਉਂ ਨਹੀਂ ਆਏ। 20 ਪੁਆਇੰਟ ਪ੍ਰੋਗਰਾਮ ਲਈ ਇਕ ਵੱਖਰੀ ਕਿਤਾਬ ਛੱਪੀ ਹੋਈ ਹੈ ਜਿਸ ਦੇ ਵਿਚ ਡੀਟੇਲਜ਼ ਦਿੱਤੀਆਂ ਗਈਆਂ ਹਨ। ਇਹ ਪ੍ਰੋਗਰਾਮ ਸਾਡੇ ਸਨਮਾਨਯੋਗ ਪ੍ਰਧਾਨ ਮੰਤਰੀ ਸਾਹਿਬਾ ਨੇ ਕੌਮ ਨੂੰ ਦਿੱਤਾ ਹੈ ਅੌਰ ਅਸੀਂ ਇਸ ਤੇ ਅਮਲ ਕਰਨ ਲਈ ਵਚਨ-ਬੱਧ ਹਾਂ । ਇਹ ਸੋਅਸ਼ੋ ਇਕੋਨੋਮਿਕ ਪ੍ਰੋਗਰਾਮ ਸਾਰੇ ਦੇਸ਼ ਦੀ ਤਰੱਕੀ ਲਈ ਹੈ ਅੌਰ ਇਸ ਨੂੰ ਪਹਿਲ ਦਿੱਤੀ ਜਾ ਰਹੀ ਹੈ। ਸਾਨੂੰ ਖੁਸ਼ੀ ਹੈ ਕਿ ਅਸੀਂ ਬਜਟ ਦਾ 5ਵਾਂ ਹਿੱਸਾ 443 ਕਰੋੜ ਰੁਪਿਆ ਇਸ 20 ਪੁਆਇੰਟ ਪ੍ਰੋਗਰਾਮ ਤੇ ਰਖਿਆ ਹੈ ਅੌਰ ਅਸੀਂ ਇਸ ਸਾਲ ਸਾਲਾਨਾ ਪਲਾਨ ਵਿਚੋਂ 305 ਕਰੋੜ ਰੁਪਿਆ ਜ਼ਿਹੜਾ ਬਜਟ ਦਾ 80% ਬਣਦਾ ਹੈ ਇਹ 20 ਪੁਆਇੰਟ ਪ੍ਰੋਗਰਾਮ ਤੇ ਖਰਚਾ ਕਰਨ ਲਈ ਰਖਿਆ ਹੈ ਤਾਕਿ ਅਸੀਂ ਇਸ ਪ੍ਰੋਗਰਾਮ ਨੂੰ ਇੰਪਲੀਮੈਂਟ ਕਰ ਸਕੀਏ। ਬਰਨਾਲਾ ਸਾਹਿਬ, ਜੋ ਸੁਲਝੇ ਹੋਏ ਮੈਂਬਰ ਹਨ, ਨੇ ਕਿਹਾ ਸੀ ਕਿ 81 ਕਰੋੜ ਰੁਪਿਆ ਅਡੱਲਟ ਐਜੂਕੇਸ਼ਨ ਵਾਸਤੇ ਸਰਕਾਰ ਨੇ ਰਖਿਆ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digi

[ਵਿੱਤ ਮੰਤਰੀ]

ਉਹ ਕਹਿੰਦੇ ਸਨ ਕਿ ਸ਼ਾਇਦ ਪ੍ਰਿੰਟਿੰਗ ਵਿਚ ਕੋਈ ਗਲਤੀ ਹੈ ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪ੍ਰਿਟਿੰਗ ਵਿਚ ਗਲਤੀ ਨਹੀਂ ਹੈ ਬਲਕਿ ਇਨ੍ਹਾਂ ਨੇ ਪੂਰੇ ਪੈਰੇ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਿਆ। ਇਹ ਰੁਪਿਆ ਐਲੀਮੈਂਟਰੀ ਐਜੂਕੇਸ਼ਨ ਜਿਹੜੀ ਪ੍ਰਾਇਮਰੀ ਤੋਂ ਮਿਡਲ ਅਤੇ ਅਡੱਲਟ ਵਾਸਤੇ ਹੈ ਉਸ ਤੇ ਖਰਚ ਕੀਤਾ ਜਾਣਾ ਹੈ ਤਾਂ ਕਿ ਅਨਪੜ੍ਹਤਾ ਦੂਰ ਹੋ ਸਕੇ। ਔਰ ਇਹ ਪੈਸਾ 1982-83 ਲਈ ਬਾਫੀ ਹੈ।

ਇਕ, ਸਪੀਕਰ ਸਾਹਿਬ, ਇਨਫਲੇਸ਼ਨ ਦਾ ਜ਼ਿਕਰ ਕੀਤਾ ਗਿਆ ਸੀ ਕਿ 12.5% ਇਨਫਲੇਸ਼ਨ ਹੋ ਗਈ ਹੈ ਜਿਸ ਦੇ ਨਾਲ ਪਲਾਨ ਘੱਟ ਜਾਵੇਗੀ। ਇਕ ਪਾਸੇ ਇਹ ਕਹਿੰਦੇ ਹਨ ਕਿ ਰਿਸੋਰਸਿਜ਼ ਨੂੰ ਮੋਬੇਲਾਈਜ਼ ਕੀਤਾ ਜਾਵੇ। ਇਕਨੌਮਿਕ ਸਰਵੇ ਆਫ ਇੰਡੀਆ ਦੇ ਵਿਚ ਜ਼ਿਕਰ ਹੈ ਕਿ ਇਹ 12.5% ਤੋਂ ਘੱਟ ਕੇ 5.4% ਰਹਿ ਗਈ ਹੈ। ਸਪੀਕਰ ਸਾਹਿਬ, ਮੈਂ ਇਹ ਇਕਨੌਮਿਕ ਸਰਵੇ ਆਫ ਇੰਡੀਆ ਗਲਤੀ ਨਾਲ ਕਹਿ ਦਿੱਤਾ ਹੈ, ਇਹ ਕਰੰਟ ਬੈਂਕਿੰਗ ਸਟੈਟਿਸਟਿਕਸ ਵਿਚ ਦਿੱਤਾ ਹੋਇਆ ਹੈ । ਇਸ ਇਨਫਲੇਸ਼ਨ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ , ...

There is a news item in today's 'The Tribune' under the heading 'Prices Fall after Budget'. It is written therein :—

"The annual rate of inflation has come down to just 2 per cent this week

ਸਪੀਕਰ ਸਾਹਿਬ ਫਾਈਵ ਈਅਰ ਪਲੈਨਜ਼ ਦੇ ਮੁਤਾਬਿਕ ਅਸੀਂ ਠੀਕ ਹਾਂ । ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਨੇ ਇਹ ਕਿਹਾ ਕਿ ਇਹ ਰੁਟੀਨ ਦੇ ਮੁਤਾਬਿਕ ਹੀ ਕੀਤਾ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਪੜਦਾ ਫਾਸ਼ ਕਰਨਾ ਚਾਹੁੰਦਾ ਹਾਂ। ਜਿਸ ਵੇਲੇ ਇਨ੍ਹਾਂ ਦੀ ਹਕੂਮਤ ਸੀ ਤਾਂ ਫਾਈਵ ਈਅਰ ਪਲੈਨ 940 ਕਰੋੜ ਰੁਪਏ ਦੀ ਸੀ ਪਰ ਐਨੂਅਲ ਪਲੈਨ 260 ਕਰੋੜ ਰੁਪਏ ਦਾ ਸੀ ਜਿਸ ਵਿਚੋਂ 53 ਕਰੋੜ ਰੁਪਏ ਇਨ੍ਹਾਂ ਨੇ ਖਰਚ ਹੀ ਨਹੀਂ ਸੀ ਕੀਤੇ। ਸਾਡੀ ਸਪੀਕਰ ਸਾਹਿਬ, ਰੋਲਿੰਗ ਪਲੈਨ ਬਣਾਈ ਗਈ ਹੈ। ਛੇਵੀਂ ਪਲਾਨ ਵਿਚ ਅਸੀਂ 1,585 ਕਰੋੜ ਰੁਪਏ ਰਖੇ ਹਨ ਜੋ ਕਿ ਇਨ੍ਹਾਂ ਦਾ 940 ਕਰੋੜ ਰੁਪਏ ਦਾ ਫਾਈਵ ਈਅਰ ਪਲਾਨ ਸੀ ਅਤੇ ਸਿਰਫ 260 ਕਰੋੜ ਰੁਪਏ ਦਾ ਅਨੂਅਲ ਪਲਾਨ ਇਨ੍ਹਾਂ ਨੇ ਰਖਿਆ ਸੀ।

EXTENSION OF TIME OF THE SITTING

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਹੋਰ ਬੋਲਣ ਲਈ ਕਿਤਨਾ ਸਮਾਂ ਲਵੋਗੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ 15 ਮਿੰਟ ਹੋਰ ਲਵਾਂਗਾ ।

ਸ਼੍ਰੀ ਸਪੀਕਰ : ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ ਐਕਸਟੈਂਡ ਕਰ ਦਿੱਤਾ ਜਾਵੇ।

ਆਵਾਜ਼ਾਂ : ਠੀਕ ਹੈ ਜੀ, ਠੀਕ ਹੈ ਜੀ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 2.00 ਵਜੇ ਤਕ ਐਕਸਟੈਂਡ ਕੀਤਾ ਜਾਂਦਾ ਹੈ।

GENERAL DISCUSSION ON THE BUDGET ESTIMATES FOR THE YEAR 1982-83 (*Resumption*)

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸਾਡੀ ਪਲੈਨ ਸ਼ਾਨਦਾਰ ਸੀ ਔਰ ਤੁਹਾਡੀ ਪਲਾਨ ਸ਼ਾਨਦਾਰ ਨਹੀਂ ਹੈ, ਤੁਹਾਡੀ ਪਲਨ ਇਨਫਲੇਸ਼ਨ ਥਲੇ ਦਬੀ ਹੋਈ ਹੈ। ਹੋਰ

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ. ਇਹ ਇਨ੍ਹਾਂ ਨੂੰ ਭੁਲੇਖਾ ਹੈ ਕਿ ਸੈਂਟਰਲ ਗੌਰਮਿੰਟ ਸਟੇਟ ਨੂੰ ਪੁੱਛਦੀ ਨਹੀਂ ਹੈ। ਸੈਂਟਰਲ ਗੌਰਮਿੰਟ ਸਟੇਟ ਨੂੰ ਪੁੱਛਦੀ ਹੈ, ਸਟੇਟ ਦੇ ਰਿਸੋਰਸਿਜ਼ ਦੇਖੇ ਜਾਂਦੇ ਹਨ ਅਤੇ ਅੰਨੁਅਲ ਪਲਾਨ ਦੇ ਟਾਰਗੈਟ ਫਿਕਸ ਕੀਤੇ ਜਾਂਦੇ ਹਨ। ਸਪੀਕਰ ਸਾਹਿਬ, ਇਥੇ ਪਰ ਕੈਪਿਟਾ ਇਨਕਮ ਦਾ ਜ਼ਿਕਰ ਕੀਤਾ ਗਿਆ ਸੀ ਕਿ ਵਧਾਕੇ ਦਸੀ ਗਈ ਹੈ। ਸਪੀਕਰ ਸਾਹਿਬ. ਪਰ ਕੈਪਿਟਾ ਇਨਕਮ ਸਹੀ ਦਸੀ ਗਈ ਹੈ ਜਿਹੜੀ 2664 ਰੁਪਏ ਹੈ ਅਤੇ ਜੇਕਰ ਇਸ ਵਿਚ 12% ਪਾ ਦਿਤੇ ਜਾਣ ਤਾਂ ਤਕਰੀਬਨ 3,000 ਰੁਪਏ ਪਰ ਕੈਪਿਟਾ ਇਨਕਮ ਹੋਵੇਗੀ। ਇਹ ਗਲ ਇਨ੍ਹਾਂ ਨੂੰ ਸਮਝ ਵਿਚ ਆ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਕ ਕਰੰਟ ਪਰਾਈਸ ਹੁੰਦੀ ਹੈ ਅਤੇ ਇਕ ਕਾਂਸਟੈਂਟ ਪਰਾਈਸ ਹੁੰਦੀ ਹੈ। ਮੈਂ ਇਨ੍ਹਾਂ ਨੂੰ ਇਹ ਦਸ ਦੇਣਾ ਚਾਹੁੰਦਾ ਹਾਂ ਕਿ 1980-81 ਵਿਚ 1536 ਤੋਂ 1408 ਰੁਪਏ ਕਾਂਸਟੈਂਟ ਪਰਾਈਸ ਹੋਈ ਹੈ ਅੋਰ ਪਰ ਕੈਪਿਟਾ ਇਨਕਮ 72 ਰੁਪਏ ਵਧੀ ਹੈ।। (ਥੰਪਿੰਗ) ਸਾਡਾ ਪ੍ਰੋਡਕਸ਼ਨ ਦਾ ਈਅਰ ਹੈ। ਸਪੀਕਰ ਸਾਹਿਬ, ਆਪੋਜੀਸ਼ਨ ਵਾਲਿਆਂ ਨੇ ਇਕ ਮਿਸਾਲ ਦਿਤੀ ਸੀ ਕਿ ਪਿਛਲੇ ਸਾਲ 1100 ਬਸਾਂ ਐਡ ਕੀਤੀਆਂ ਗਈਆਂ ਹਨ ਅੋਰ ਇਸ ਸਾਲ ਵੀ 1100 ਬਸਾਂ ਹੋਰ ਐਡ ਕੀਤੀਆਂ ਜਾਣ। ਸਪੀਕਰ ਸਾਹਿਬ, ਸਾਡੀ ਸਰਕਾਰ ਵੇਲੇ ਮੁੱਖ ਮੰਤਰੀ. ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ ਇੰਡਸਟਰੀ ਦੀ ਪ੍ਰੋਡਕਸ਼ਨ ਵਧੀ ਹੈ ਅਤੇ ਅੰਗਰੀ-ਕਲਚਰ ਦੀ ਪਰੋਡਕਸ਼ਨ ਵਧੀ ਹੈ। ਬਿਜਲੀ ਦੀ ਤਰਫ ਸਾਨੂੰ ਜ਼ਿਆਦਾ ਧਿਆਨ ਦੇਣਾ ਪਿਆ ਹੈ। ਪਲਾਨ ਦਾ 50% ਹਿੱਸਾ ਅਸੀਂ ਬਿਜਲੀ ਵਾਸਤੇ ਮਾਰਕ ਕੀਤਾ ਹੈ।

ਸਪੀਕਰ ਸਾਹਿਬ, ਇਥੇ ਹਾਊਸ ਵਿਚ ਬੜਾ ਕਿਹਾ ਗਿਆ ਹੈ ਕਿ ਸਕੂਲਾਂ ਵੱਲ ਜ਼ਿਆਦਾ ਧਿਆਨ ਨਹੀਂ ਦਿਤਾ ਗਿਆ। ਸਪੀਕਰ ਸਾਹਿਬ, ਪੰਜਾਬ ਦੇ ਹਰੇਕ ਪਿੰਡ ਵਿਚ ਪ੍ਰਾਇਮਰੀ ਸਕੂਲ ਹੈ। ਤਿੰਨ ਕਿਲੋਮੀਟਰ ਤਕ ਮਿਡਲ ਅਤੇ ਪੰਜ ਕਿਲੋਮੀਟਰ ਤਕ ਹਾਈ ਸਕੂਲ ਹੈ। ਜੇਕਰ ਸਕੂਲਾਂ ਦੀ ਹੋਰ ਕਮੀ ਹੋਈ ਤਾਂ ਉਹ ਵੀ ਜ਼ਰੂਰਤ ਦੇ ਮੁਤਾਬਿਕ ਸਕੂਲ ਅਗਲੇ ਤਿੰਨ ਸਾਲਾਂ ਵਿਚ ਅਪਗ੍ਰੇਡ ਕਰਾਂਗੇ। (ਥੰਪਿੰਗ) ਸਪੀਕਰ ਸਾਹਿਬ, ਅਸੀਂ ਐਜੂਕੇਸ਼ਨ ਦੇ ਪੱਖ ਵਲੋਂ ਅਵੇਸਲੇ ਨਹੀਂ ਹਾਂ। ਪੰਜਾਬ ਸਰਕਾਰ ਦਾ ਐਜੂਕੇਸ਼ਨ ਵੱਲ ਪੂਰਾ ਧਿਆਨ ਹੈ। ਸਪੀਕਰ ਸਾਹਿਬ, ਡਿਵੈਲਪ-ਮੈਂਟ ਦੇ ਬਾਰੇ ਅਸੀਂ ਕੋਈ ਕਸਰ ਨਹੀਂ ਛੱਡੀ। ਅੰਗਰੀਕਲਚਰ, ਇਰੀਗੇਸ਼ਨ ਐਂਡ ਪਾਵਰ ਅਤੇ ਇੰਡਸਟਰੀਜ਼ ਲਈ ਅਸੀਂ ਪਲਾਨ ਦਾ 74% ਪੈਸਾ ਰਖਿਆ ਹੈ। ਇਸ ਨਾਲ ਇੰਡਸਟਰੀ ਵਧੇਗੀ ਅੰਗਰੀਕਲਚਰ ਦੀ ਪਰੋਡਕਸ਼ਨ ਵਧੇਗੀ। ਸਪੀਕਰ ਸਾਹਿਬ, ਫੂਡ ਗਰੇਨਜ਼ ਦੀ 2700 ਕਰੋੜ ਰੁਪਏ। ਅਤੇ ਇੰਡਸਟਰੀਜ਼ ਵਿੱਚ 2500 ਕਰੋੜ ਰੁਪਏ ਦੀ ਪਰੋਡਕਸ਼ਨ ਹੋਵੇਗੀ। ਅਗਲੇ ਸਾਲ ਜਿਨਸ ਦੀ ਉਪਜ 3,000 ਕਰੋੜ ਰੁਪਏ ਦੀ ਹੋਵੇਗੀ। (ਥੰਪਿੰਗ)

ਸਪੀਕਰ ਸਾਹਿਬ, ਇਥੇ ਹਾਊਸ ਵਿਚ ਬੀਨ ਡੈਮ ਦਾ ਜ਼ਿਕਰ ਕੀਤਾ ਗਿਆ ਹੈ ਕਿ ਬੀਨ ਡੈਮ ਲਈ ਪੈਸੇ ਨਹੀਂ ਰਖੇ ਗਏ। ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਜਦੋਂ ਪਿਛਲੀ ਅਕਾਲੀ ਸਰਕਾਰ ਦਾ ਰਾਜ ਸੀ ਤਾਂ ਉਸ ਵੇਲੇ ਉਨ੍ਹਾਂ ਨੇ ਕਿਹਾ ਸੀ ਕਿ ਬੀਨ ਡੈਮ ਦਾ ਫੈਸਲਾ (***) ਚਾਹ ਦੀ ਅੱਧੀ ਪਿਆਲੀ ਪੀਣ ਨਾਲ ਹੀ ਹੋ ਗਿਆ ਸੀ। ਸਪੀਕਰ ਸਾਹਿਬ. ਮੈਂ ਤੁਹਾਨੂੰ ਅਸਲੀਅਤ ਦੱਸਦਾ ਹਾਂ ਕਿ ਅਸੀਂ ਬੀਨ ਡੈਮ ਤੇ ਦੋ ਸਾਲਾਂ ਲਈ 56 ਕਰੋੜ ਰੁਪਏ ਖਰਚ ਕੀਤੇ ਹਨ ਅਤੇ ਅਕਾਲੀ ਸਰਕਾਰ ਨੇ ਤਿੰਨ ਸਾਲਾਂ ਵਿਚ ਸਿਰਫ 20 ਕਰੋੜ ਰੁਪਏ ਖਰਚ ਕੀਤੇ ਸਨ। ਅਸੀਂ ਸਪੀਕਰ ਸਾਹਿਬ, ਬੀਨ ਡੈਮ ਲਈ ਅਵੇਸਲੇ ਨਹੀਂ ਹਾਂ। ਸਪੀਕਰ ਸਾਹਿਬ, ਇਹ ਠੀਕ ਹੈ ਕਿ ਬੀਨ ਡੈਮ ਤੇ ਕੁਲ 475 ਕਰੋੜ ਰੁਪਏ ਖਰਚ ਹੋਣਗੇ। ਅਸੀਂ ਬਾਹਰਲੇ ਮੁਲਕਾਂ ਦੇ ਨਾਲ ਤਾਲ ਮੇਲ ਕਰ ਰਹੇ ਹਾਂ। ਸੈਂਟਰਲ ਗੌਰਮਿੰਟ ਤੋਂ ਅਤੇ ਵਰਲਡ ਬੈਂਕ ਤੋਂ

**Expunged as ordered by the Chair.

Original with;
Punjab Vidhan Sabha
Digitized by:
Panjab Digital Library

[ਵਿੱਤ ਮੰਤਰੀ]

ਅਤੇ ਦੂਸਰੇ ਹੋਰ ਫਾਈਨਾਂਨਸ਼ੀਅਲ ਇੰਸਟੀਚਿਊਸ਼ਨਜ਼ ਤੋਂ ਅਸੀਂ ਪੈਸਾ ਵਧਾ ਰਹੇ ਹਾਂ। ਥੀਨ ਡੈਮ ਵਾਸਤੇ ਅਸੀਂ ਸਪੀਕਰ ਸਾਹਿਬ. ਪੈਸਾ ਰਖਿਆ ਹੈ। ਅਸੀਂ ਬਿਜਲੀ ਦੀ ਲੋੜ ਨੂੰ ਮੁੱਖ ਰਖਦੇ ਹੋਏ ਅਨੰਦਪੁਰ ਸਾਹਿਬ, ਮੁਕੇਰੀਆਂ ਹਾਈਡਲ ਪ੍ਰਾਜੈਕਟ ਅਤੇ ਰੋਪੜ ਥਰਮਲ ਪਲਾਂਟ ਵੱਲ ਜ਼ਿਆਦਾ ਧਿਆਨ ਦਿੱਤਾ ਹੈ। ਮੁਕੇਰੀਆਂ ਹਾਈਡਲ ਪਰੋਜੈਕਟ ਤੋਂ ਸਾਨੂੰ 207 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਇਸ ਦੇ ਲਈ ਅਕਾਲੀ ਸਰਕਾਰ ਨੇ 7.59 ਕਰੋੜ ਰੁਪਏ ਰੱਖੇ ਹਨ ਪਰ ਅਸੀਂ. ਸਪੀਕਰ ਸਾਹਿਬ, 56.17 ਕਰੋੜ ਰੁਪਏ ਰੱਖੇ ਹਨ। ਸਪੀਕਰ ਸਾਹਿਬ, 1982 ਵਿਚ ਅਸੀਂ ਇਕ ਪਾਵਰ ਸਟੇਸ਼ਨ ਚਾਲੂ ਕਰ ਦੇਵਾਂਗੇ। ਇਸ ਸਾਲ ਵਿਚ 174 ਮੈਗਾਵਾਟ ਬਿਜਲੀ ਹੋਰ ਅੱਡ ਕਰਾਂਗੇ। 1982-83 ਵਿਚ ਅਨੰਦਪੁਰ ਸਾਹਿਬ ਪ੍ਰਾਜੈਕਟ ਲਈ 66.95 ਕਰੋੜ ਰੁਪਿਆ ਅਤੇ ਰੋਪੜ ਥਰਮਲ ਪਲਾਂਟ ਲਈ 112.72 ਕਰੋੜ ਰੁਪਏ ਖਰਚ ਕਰਨੇ ਹਨ। ਅਸੀਂ ਕੋਈ ਅਵੇਸਲੇ ਨਹੀਂ ਹਾਂ। (ਥੰਪਿੰਗ)

ਸਪੀਕਰ ਸਾਹਿਬ, ਰਾਵੀ ਬਿਆਸ ਦੇ ਪਾਣੀ ਦਾ ਜ਼ਿਕਰ ਵੀ ਇਥੇ ਹਾਊਸ ਵਿਚ ਆਇਆ ਹੈ। ਇਕ ਗਲ ਮੈਂ ਸਪੀਕਰ ਸਾਹਿਬ, ਕਹਿਣੀ ਚਾਹਵਾਂਗਾ ਕਿ ਸਰਦਾਰ ਦਰਬਾਰਾ ਸਿੰਘ ਮੁਖ ਮੰਤਰੀ, ਜੀ ਦੀ ਅਗਵਾਈ ਹੇਠ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਰਾਵੀ ਬਿਆਸ ਦੇ ਪਾਣੀ ਦਾ ਫੈਸਲਾ ਕੀਤਾ ਹੈ। ਇਸ ਨਾਲ 4.82 ਕਿਊਸਿਕ ਜ਼ਿਆਦਾ ਪਾਣੀ ਪੰਜਾਬ ਨੂੰ ਮਿਲੇਗਾ। ਅਸੀਂ ਰਾਜਸਥਾਨ ਤੋਂ ਵੀ ਪਿਛਲੇ ਸਾਲ ਨਾਲੋਂ ਜ਼ਿਆਦਾ ਪਾਣੀ ਲਵਾਂਗੇ। ਦੂਸਰੀ ਗੱਲ, ਸਪੀਕਰ ਸਾਹਿਬ, ਮੈਂ ਕਹਿ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਤੌਖਲਾ ਹੈ ਕਿ ਜ਼ਮੀਨ ਬੰਜਰ ਹੋ ਜਾਏਗੀ ਅੱਤੇ ਪਾਣੀ ਘੱਟ ਜਾਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਕਤਰਾ ਵੀ ਪਾਣੀ ਦਾ ਜੋ ਪੰਜਾਬ ਨੂੰ ਮਿਲ ਰਿਹਾ ਹੈ ਉਸ ਵਿਚੋਂ ਨਹੀਂ ਘਟੇਗਾ। ਇੱਕ ਇੰਚ ਜ਼ਮੀਨ ਵੀ ਪੰਜਾਬ ਦੀ ਬੰਜਰ ਨਹੀਂ ਹੋਵੇਗੀ। ਕੰਡੀ ਕੈਨਾਲ ਵਾਸਤੇ 34 ਕਰੋੜ ਰੁਪਏ ਖਰਚ ਕਰਕੇ 7,400 ਹੈਕਟੇਅਰ ਜ਼ਮੀਨ ਨੂੰ ਪਾਣੀ ਲਗੇਗਾ ਜਿਸ ਨਾਲ ਇਰੀਗੇਸ਼ਨ ਹੋਰ ਜ਼ਿਆਦਾ ਹੋਵੇਗੀ। ਮੈਂ ਥੋਰ ਜਿਹੜਾ ਸਮਾਂ ਹੋਰ ਲਵਾਂਗਾ ਆਖਿਰ ਵਿਚ ਇਨ੍ਹਾਂ ਨੇ (ਵਿਰੋਧੀ ਧਿਰ ਵੱਲ ਇਸ਼ਾਰਾ) ਜ਼ਿਕਰ ਕੀਤਾ ਸੀ ਕਿ ਐਜੂਕੇਸ਼ਨ ਇੰਨਸਟੀਚਿਊਸ਼ਨਜ਼ ਵਿਚ ਵਿੱਤਕਰਾ ਹੋ ਰਿਹਾ ਹੈ। ਇਨ੍ਹਾਂ ਵਲੋਂ ਕੁਝ ਕਾਲਜਾਂ ਬਾਰੇ ਕੋਟ ਕਰਕੇ ਜ਼ਿਕਰ ਵੀ ਕੀਤਾ ਗਿਆ ਸੀ। ਸਪੀਕਰ ਸਾਹਿਬ, 95% ਗਰਾਂਟ ਪ੍ਰਾਈਵੇਟ ਕਾਲਜਾਂ ਨੂੰ ਡੈਫੀਸਿਟ ਦਾ ਦੇਣ ਦਾ ਅਸੂਲੀ ਤੌਰ ਤੇ ਫੈਸਲਾ ਹੋ ਚੁੱਕਾ ਹੈ। ਚਾਹੇ ਡੀ. ਏ. ਵੀ. ਕਾਲਜ ਹੋਣ ਚਾਹੇ ਖਾਲਸਾ ਕਾਲਜ ਹੋਣ ਜਾਂ ਕੋਈ ਹੋਰ ਹੋਣ, ਸਭ ਲਈ ਇੱਕੋ ਹੀ ਰੂਲ ਹੈ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਸੈਕੂਲਰ ਸਰਕਾਰ ਹੈ। ਕੋਈ ਕਮਿਊਨਲ ਚੀਜ਼ ਕਿਸੇ ਹੋਰ ਦੇ ਦਿਮਾਗ ਵਿਚ ਹੋ ਸਕਦੀ ਹੈ ਪਰ ਕਾਂਗਰਸ ਸਰਕਾਰ ਦੇ ਦਿਮਾਗ ਵਿਚ ਇਹ ਗਲ ਨਹੀਂ ਆ ਸਕਦੀ। ਖਾਲਸਾ ਕਾਲਜ, ਅੰਮ੍ਰਿਤਸਰ ਨੂੰ 25.20 ਲੱਖ ਦੀ ਗਰਾਂਟ ਮਿਲੀ ਹੈ। ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਨੂੰ 6.2 ਲੱਖ ਦੀ ਗਰਾਂਟ ਮਿਲੀ ਹੈ। ਖਾਲਸਾ ਕਾਲਜ. ਪਟਿਆਲਾ ਨੂੰ 6.2 ਲੱਖ ਦੀ ਗਰਾਂਟ ਮਿਲੀ ਹੈ। ਅਕਾਲ ਡਿਗਰੀ ਕਾਲਜ ਨੂੰ 4.47 ਲਖ ਬਤੌਰ ਗਰਾਂਟ ਮਿਲੀ ਹੈ। ਇਹ ਜੋ ਕਾਲਜਾਂ ਦਾ ਜ਼ਿਕਰ ਕੀਤਾ ਗਿਆ ਹੈ ਇਨ੍ਹਾਂ ਨੂੰ ਗਰਾਂਟ ਉਸ ਮੁਤਾਬਿਕ ਮਿਲੀ ਹੈ ਜੋ ਇਨ੍ਹਾਂ ਦਾ ਸ਼ੇਅਰ 95% ਦਾ ਬਣਦਾ ਹੈ। ਮੈਂ ਚੈਲੰਜ ਕਰਕੇ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਵੀ ਕਾਲਜ ਨਾਲ ਉਸਦੀ ਸਟਰੈਂਥ ਦੇ ਮੁਤਾਬਿਕ ਕੋਈ ਵਿੱਤਕਰਾ ਕਿਸੇ ਕਿਸਮ ਦਾ ਨਾ ਕਰਦੇ ਹਾਂ. ਨਾ ਕਰਾਂਗੇ ਅੱਤੇ ਨਾ ਹੀ ਇਸ ਬਾਰੇ ਕੋਈ ਖਿਆਲ ਵਿਚ ਆਉਂਦਾ ਹੈ। ਆਖਿਰ ਵਿਚ ਮੈਂ ਸਪੀਕਰ ਸਾਹਿਬ, 5 ਮਿੰਟ ਹੋਰ ਲੈਣਾ ਚਾਹੁੰਦਾ ਹਾਂ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਅਨੰਦਪੁਰ ਸਾਹਿਬ ਰੈਜੋਲਿਊਸ਼ਨ ਦੇ ਈਸ਼ੂ ਤੇ ਕਹਿਣਾ ਚਾਹਾਂਗਾ । ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਤੇ ਬੜੇ ਪਲੈਂਡ ਤਰੀਕੇ ਨਾਲ ਹਰ ਇੱਕ ਬੋਲਣ ਵਾਲੇ ਸਾਡੇ ਅਕਾਲੀ ਵੀਰ ਨੇ ਐਮ, ਐਲ, ਏ, ਨੇ ਬੜਾ ਜ਼ਿਕਰ ਕੀਤਾ ਅਤੇ ਪਰਗਟਾਵਾ ਕੀਤਾ ਹੈ ਕਿ ਇਹ ਬਹੁਤ ਸ਼ਾਨਦਾਰ ਚੀਜ਼ ਹੈ ਅੱਰ ਇਹ ਬੜੀ ਪੰਜਾਬ ਦੇ ਹਿੱਤ ਵਿਚ ਹੈ। ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਕਿਸੇ ਇਕ ਰਿਲੀਜਸ ਪਾਰਟੀ ਨੂੰ ਆਪਣਾ ਰਾਜਸੀ ਮਨੋਰਥ ਬਣਾਕੇ ਨਹੀਂ ਬਣਾਉਣਾ ਚਾਹੀਦਾ। ਅਕਾਲੀ ਪਾਰਟੀ 1967 ਵਿਚ, 1969 ਵਿਚ ਅੱਰ ਫਿਰ 1977 ਵਿਚ ਤਾਕਤ ਵਿਚ ਰਹੀ। ਇਹ ਬੀ. ਜੇ. ਪੀ. ਅਤੇ ਹੋਰ ਆਪਣੀਆਂ ਦੂਸਰੀਆਂ ਸਿਆਸੀ ਪਾਰਟੀਆਂ ਨਾਲ, ਜਿਨ੍ਹਾਂ ਨਾਲ ਮਿਲਕੇ ਇਨ੍ਹਾਂ ਵੋਟਾਂ ਲਿੱਤੀਆਂ ਸਨ, ਉਨ੍ਹਾਂ ਨਾਲ ਰਲ ਕੇ ਸਲਾਹ ਕਰਦੇ। ਜੇਕਰ ਸਾਰਿਆਂ ਨਾਲ ਸਲਾਹ ਕਰਕੇ ਇਹ ਰੈਜ਼ੋਲਿਊਸ਼ਨ ਲਿਆਉਂਦੇ ਤਾਂ ਹੋਰ ਗਲ ਸੀ। ਬਰਨਾਲਾ ਸਾਹਿਬ ਨੇ ਬਹੁਤ ਅੱਛੇ ਸ਼ਬਦਾਂ ਵਿਚ ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਦਾ ਜ਼ਿਕਰ ਕੀਤਾ ਹੈ। ਅਨੰਦਪੁਰ ਸਾਹਿਬ ਵਾਸਤੇ ਸਤਿਕਾਰ ਨਾਲ ਮੇਰਾ ਸਿਰ ਝੁਕਦਾ ਹੈ। ਸਾਰੇ ਪੰਜਾਬ ਦਾ ਅੱਰ ਸਾਰੇ ਹਿੰਦੁਸਤਾਨ ਦਾ ਬਲਕਿ ਮੈਂ ਤਾਂ ਕਹਾਂਗਾ ਕਿ ਸਾਰੇ ਸੰਸਾਰ ਦਾ ਇਸ ਅੱਗੇ ਸਤਕਾਰ ਲਈ ਸਿਰ ਝੁਕਦਾ ਹੈ ਕਿਉਂਕਿ ਉਥੋਂ ਜ਼ੁਲਮਾਂ ਦੇ ਖਿਲਾਫ ਲੜਾਈ ਲਈ ਤਾਕਤ ਮਿਲੀ। ਅਨੰਦਪੁਰ ਸਾਹਿਬ ਦੀ ਫਿਲਾਸਫੀ ਹੈ ਕੀ ? ਉਥੇ ਐਸੇ ਪਵਿੱਤਰ ਇਤਿਹਾਸਕ ਵਾਕਿਆਤ ਹੋਏ ਜਿਨ੍ਹਾਂ ਦਾ ਜ਼ਿਕਰ ਮੈਂ ਕਰਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਿਹਾ ਕਿ ਤੁਹਾਡੇ ਨਾਲੋਂ ਹੋਰ ਕੌਣ ਮਹਾਂਪੁਰਸ਼ ਹੋ ਸਕਦਾ ਹੈ ਜੋ ਕਿ ਜ਼ੁਲਮਾਂ ਦਾ ਟਾਕਰਾ ਕਰ ਸਕਦਾ ਹੋਵੇ। ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦ ਦੀ ਚਾਦਰ ਕਹਿੰਦੇ ਹਨ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਿਹਾ ਕਿ ਜ਼ੁਲਮਾਂ ਦੇ ਖਿਲਾਫ ਤੁਸੀਂ ਆਪਣੀ ਕੁਰਬਾਨੀ ਦਿਓ ਇਸ ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਸੀਸ ਵਾਰਿਆ ਅੱਰ ਸ਼ਹੀਦ ਹੋਏ। ਉਨ੍ਹਾਂ ਦੇ ਦਿਮਾਗ ਵਿਚ ਸਾਰੇ ਹਿੰਦੁਸਤਾਨ ਵਾਸਤੇ ਕੁਰਬਾਨੀ ਦੇਣ ਬਾਰੇ ਸੀ। ਸਾਰੇ ਹਿੰਦੁਸਤਾਨ ਦੀ ਰਕਸ਼ਾ ਕਰਨ ਵਾਸਤੇ ਉਨ੍ਹਾਂ ਨੇ ਆਪਣੀ ਕੁਰਬਾਨੀ ਦਿਤੀ ਸੀ। ਦੂਸਰਾ ਵਿਸਾਖੀ ਵਾਲੇ ਦਿਨ 1699 ਵਿਚ ਅਨੰਦਪੁਰ ਸਾਹਿਬ ਖਾਲਸਾ ਜੀ ਦੀ ਸਿਰਜਨਾ ਕੀਤੀ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਜ਼ੁਲਮਾਂ ਦਾ ਟਾਕਰਾ ਕਰਨ ਲਈ ਪੰਜ ਪਿਆਰੇ ਬਨਾਉਣੇ ਹਨ ਜੋ ਕਿ ਕੁਰਬਾਨੀ ਦੇ ਸਕਣ ਜੋ ਉਸ ਵੇਲੇ ਇਹ ਪੰਜ ਪਿਆਰੇ ਬਣਾਏ ਗਏ ਉਨ੍ਹਾਂ ਵਿਚੋਂ ਇਕ ਵੀ ਇਸ ਪੰਜਾਬੀ ਸੂਬੇ ਵਿਚੋਂ ਨਹੀਂ ਸੀ। ਉਹ ਸਨ ਦਯਾ ਨੰਦ ਖੱਤਰੀ. ਲਾਹੌਰ ਤੋਂ. ਧਰਮ ਦਾਸ. ਦਿੱਲੀ ਤੋਂ. ਮੋਹਕਮ ਚਦ. ਦਵਾਰਕਾ ਤੋਂ. ਹਿੰਮਤ ਰਾਏ, ਜਗਨਨਾਥ ਪੁਰੀ ਤੋਂ ਅੱਦ ਸਾਹਿਬ ਸਿੰਘ ਆਂਧਰਾ ਪ੍ਰਦੇਸ਼ ਤੋਂ। ਇਹ ਪੰਜ ਪਿਆਰੇ ਜੋ ਬਣਾਏ ਗਏ ਇਨ੍ਹਾਂ ਵਿਚੋਂ ਇਕ ਵੀ ਪੰਜਾਬੀ ਸੂਬੇ ਵਿਚੋਂ ਨਹੀਂ ਸੀ। ਉਨ੍ਹਾਂ ਨੇ ਕਿਹਾ ਕਿ ਕਿਉਂਕਿ ਸਾਰੇ ਹਿੰਦੁਸਤਾਨ ਦੀ ਰਕਸ਼ਾ ਦਾ ਸਵਾਲ ਹੈ ਇਸ ਲਈ ਇਹ ਪਜ ਪਿਆਰੇ ਸਾਰੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚੋਂ ਲੈਣੇ ਚਾਹੀਦੇ ਹਨ । ਉਨ੍ਹਾਂ ਦੇ ਸਾਹਮਣੇ ਇਕੱਲੇ ਪੰਜਾਬ ਦੀ ਰਕਸ਼ਾ ਕਰਨ ਦਾ ਸਵਾਲ ਨਹੀਂ ਸੀ ਬਲਿਕ ਹਿੰਦੁਸਤਾਨ ਦੀ ਰਖਸ਼ਾ ਕਰਨ ਦਾ ਸਵਾਲ ਸੀ ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਕੋਈ ਬੰਦਾ ਦੇਸ਼ ਦੇ ਪੂਰਬ ਤੋਂ ਲਿਆ, ਕੋਈ ਦੱਖਣ ਤੋਂ ਲਿਆ ਅੱਰ ਕੋਈ ਮੱਧ ਤੋਂ ਲਿਆ। ਇਸ ਤਰ੍ਹਾਂ ਕਰਕੇ ਖਾਲਸਾ ਜੀ ਦੀ ਸਿਰਜਨਾ ਸਾਰੇ ਹਿੰਦੁਸਤਾਨ ਦੀ ਰਖਸ਼ਾ ਵਾਸਤੇ ਕੀਤੀ ਗਈ। ਸਰਦਾਰ ਭਗਤ ਸਿੰਘ ਨੇ ਸ਼ਹੀਦੀ ਦਿੱਤੀ ਜਾਂ ਫਿਰ ਸਰਦਾਰ ਉਧਮ ਸਿੰਘ ਨੇ ਸ਼ਹੀਦੀ ਦਿੱਤੀ. ਇਹ ਇਸ ਕਰਕੇ ਨਹੀਂ ਦਿਤੀ ਕਿ ਕਿਸੇ ਇਕ ਬੰਦੇ ਵਾਸਤੇ ਦਿਤੀ ਹੋਵੇ, ਇਹ ਉਨ੍ਹਾਂ ਨੇ ਸ਼ਹੀਦੀ ਸਮੁੱਚੇ ਭਾਰਤਵਰਸ਼ ਵਾਸਤੇ ਦਿਤੀ।

EXTENSION OF TIME OF THE SITTING

ਸ੍ਰੀ ਸਪੀਕਰ: ਹਾਊਸ ਦੀ ਮਰਜ਼ੀ ਨਾਲ ਕੀ ਹਾਊਸ ਦਾ ਸਮਾਂ 15 ਮਿੰਟਾਂ ਵਾਸਤੇ ਵਧਾ ਲਿਆ ਜਾਵੇ ?

Original with;
Punjab Vidhan Sabha
Digitized by;
Panjab Digital Library

ਆਵਾਜ਼ਾਂ : ਹਾਂ ਜੀ. ਹਾਂ ਜੀ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟਾਂ ਵਾਸਤੇ ਵਧਾਇਆ ਜਾਂਦਾ ਹੈ।

GENERAL DISCUSSION ON THE BUDGET ESTIMATES FOR THE YEAR 1982-83—(*Resumption*)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਖਾਲਸਾ ਜੀ ਦੀ ਸਿਰਜਣਾ ਸਾਰੇ ਹਿੰਦੁਸਤਾਨ ਨੂੰ ਜ਼ੁਲਮਾਂ ਤੋਂ ਬਚਾਉਣ ਵਾਸਤੇ ਸੀ ਅੱਰ ਉਸ ਲਈ ਸੈਕੂਲਰ ਅਤੇ ਨੈਸ਼ਨਲ ਆਊਟਲੁਕ ਸੀ। ਇਹ ਨਹੀਂ ਸੀ ਕਿਹਾ ਜਾਂਦਾ ਕਿ ਖਾਲਸੇ ਦਾ ਬੋਲ ਬਾਲਾ ਹੋਏ। ਜੇਕਰ ਇਨ੍ਹਾਂ ਦਾ ਸੈਕੂਲਰ ਅਤੇ ਨੈਸ਼ਨਲ ਆਊਟਲੁਕ ਹੈ ਤਾਂ ਫਿਰ ਇਹ ਹਿੰਦੁਸਤਾਨ ਦਾ ਬੋਲ ਬਾਲਾ ਕਿਉਂ ਨਹੀ, ਕਹਿੰਦੇ। ਇਥੇ ਜੈਨੀ, ਹਿੰਦੂ, ਮੁਸਲਮਾਨ ਅੱਰ ਇਸਾਈ ਸਭ ਇਕੱਠੇ ਰਹਿੰਦੇ ਹਨ। ਸਾਨੂੰ ਖੁਸ਼ੀ ਹੈ ਕਿ ਖਾਲਸਾ ਜੀ ਦਾ ਧਾਰਮਿਕ ਤੌਰ ਤੇ ਬੋਲ ਬਾਲਾ ਹੋਣਾ ਚਾਹੀਦਾ ਹੈ। ਜੇਕਰ ਖਾਲਸੇ ਦਾ ਮਤਲਬ ਨੇਕ ਆਦਮੀ ਅੱਰ ਦਿਆਨਤ ਦਾਰ ਆਦਮੀ ਹੈ ਤਾਂ ਅਸੀਂ ਇਸ ਨਾਲ ਸਹਿਮਤ ਹਾਂ। ਜੇਕਰ ਖਾਲਸੇ ਦਾ ਮਤਲਬ ਕਿਸੇ ਅਲਗ ਕੌਮ ਦਾ ਹੈ ਤਾਂ ਫਿਰ ਇਹ ਹਿੰਦੁਸਤਾਨ ਦੇ ਹਿੱਤ ਵਿਚ ਨਹੀਂ ਹੋਵੇਗਾ। ਇਹ ਫਿਰਕਾਪ੍ਰਸਤੀ ਦੀ ਜ਼ਹਿਰ ਹੈ ਅੱਰ ਇਹ ਇੱਕ ਅਜਿਹੀ ਸ਼ੁਗਰ ਕੋਟਿਡ ਗੋਲੀ ਹੈ ਜਿਸ ਨਾਲ ਫਿਰਕਾਪ੍ਰਸਤੀ ਫੈਲ ਜਾਏਗੀ। ਜੇਕਰ ਇਨ੍ਹਾਂ ਦੇ ਮਨਾਂ ਵਿਚ ਜ਼ਰਾ ਵੀ ਸਚਾਈ ਹੈ ਅੱਰ ਦੇਸ਼ ਨਾਲ ਇਨ੍ਹਾਂ ਨੂੰ ਪਿਆਰ ਹੈ ਤਾਂ ਫਿਰ ਇਸ ਰੈਜ਼ੋਲਿਊਸ਼ਨ ਨੂੰ ਲਿਆਉਣ ਵਾਸਤੇ ਪਹਿਲਾਂ ਉਨ੍ਹਾਂ ਪਾਰਟੀਆਂ ਨਾਲ ਵੀ ਗਲ ਬਾਤ ਕਰ ਲੈਣੀ ਚਾਹੀਦੀ ਹੈ ਜਿਨ੍ਹਾਂ ਨਾਲ ਮਿਲ ਕੇ ਇਹ ਚੋਣਾਂ ਵਿਚ ਵੋਟਾਂ ਲੈਂਦੇ ਹਨ ਅੱਰ ਕਈ ਵਾਰੀ ਤਾਕਤ ਵਿਚ ਵੀ ਆਏ ਹਨ। ਇਸ ਨੂੰ ਧਾਰਮਿਕ ਸਿਧਾਂਤ ਤੋਂ ਵੱਖਰਾ ਕਰ ਲੈਣਾ ਚਾਹੀਦਾ ਹੈ। ਸਿਰਫ 10% ਹੀ ਅਕਾਲੀ ਭਰਾ ਸਿੱਖਾਂ ਦੇ ਨੁਮਾਇੰਦੇ ਹਨ। ਸਰਦਾਰ ਦਰਬਾਰਾ ਸਿੰਘ ਜੀ ਵੀ ਸਿੱਖਾਂ ਦੇ ਨੁਮਾਇੰਦੇ ਹਨ ਅਤੇ ਹੋਰ ਜੋ ਇਧਰ ਬੈਠੇ ਕਈ ਵਜ਼ੀਰ ਸਾਹਿਬਾਨ ਹਨ ਇਹ ਵੀ ਇਨ੍ਹਾਂ ਦੇ ਨੁਮਾਇੰਦੇ ਹਨ, ਇਨ੍ਹਾਂ ਨਾਲ ਵੀ ਸਲਾਹ ਕਰ ਲੈਣੀ ਚਾਹੀਦੀ ਹੈ। ਹਿੰਦੁਸਤਾਨ ਨੂੰ ਸੈਕੂਲਰ ਤਰੀਕੇ ਨਾਲ ਚਲਾਕੇ ਮਜ਼ਬੂਤ ਬਣਾਉਣ ਦੀ ਲੋੜ ਹੈ। ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਮੁਲਕ ਕਈ ਹਿੱਸਿਆਂ ਵਿਚ ਬਟ ਜਾਏਗਾ ਅੱਰ ਗੁਲਾਮ ਹੋ ਜਾਏਗਾ। ਜੋ ਸਿਆਸੀ ਤੌਰ ਤੇ ਸੋਚਦਾ ਹੈ ਉਹ ਦੇਸ਼ ਭਗਤ ਨਹੀਂ ਹੈ। ਕੀ ਉਦੋਂ ਪੜਦਾ ਫਾਸ਼ ਨਹੀਂ ਹੋਇਆ ਜਦੋਂ ਲਹੱਥਿਆਂ ਤੇ ਗੋਲੀਆਂ ਚਲਾਈਆਂ ਗਈਆਂ ਅੱਰ ਮਾਸੂਮਾਂ ਨੂੰ ਮਾਰਿਆ ਗਿਆ ? ਉਸ ਵੇਲੇ ਇਸ ਪਾਰਟੀ ਨੇ, ਜੋ ਇਹ ਰੈਜੋਲਿਊਸ਼ਨ ਲੈ ਕੇ ਆਈ ਹੈ, ਕਿਉਂ ਨਹੀਂ ਕਿਹਾ ਕਿ ਇਸ ਨੂੰ ਅਸੀਂ ਕੰਡੈਮ ਕਹਦੇ ਹਾਂ। ਅਗਰ ਅਸੀਂ ਆਪਣੇ ਆਪ ਨੂੰ ਇਸ ਦੇਸ਼ ਦੇ ਰਹਿਣ ਵਾਲੇ ਸਮਝਦੇ ਹਾਂ ਤਾਂ ਕਿਉਂ ਨਹੀਂ ਉਸ ਵੇਲੇ ਜਦੋਂ ਇਥੋਂ ਹਵਾਈ ਜਹਾਜ਼ ਹਾਈ ਜੈਕ ਹੋ ਕੇ ਲਾਹੌਰ ਲਿਜਾਇਆ ਗਿਆ ਤਾਂ ਹਾਈ ਜੈਕ ਕਰਨ ਵਾਲਿਆਂ ਨੂੰ ਇਨ੍ਹਾਂ ਨੇ ਕੰਡੈਮ ਕੀਤਾ ? ਉਨ੍ਹਾਂ ਨੂੰ ਕੰਡੈਮ ਕਰਨ ਦੀ ਬਜਾਏ ਉਨ੍ਹਾਂ ਨੂੰ ਸਰੋਪੇ ਦਿੱਤੇ ਗਏ। ਕੀ ਅਨੰਦ ਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਇਹ ਚਾਹੁੰਦਾ ਹੈ ? ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :—

'ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ :—
'ਮਾਣਸ ਕੀ ਜਾਤ ਸਭ ਏਕ ਹੀ ਪਹਿਚਾਣਯੋਗ ।'

Original with;
Punjab Vidhan Sabha
Digitized by;—
Panjab Digital Library

ਅਗਰ ਇਹ ਇਹੀ ਚੀਜ਼ ਸਮਝਦੇ ਹਨ ਅਤੇ ਉਨ੍ਹਾਂ ਵਿਚ ਵਿਸ਼ਵਾਸ ਕਰਦੇ ਹਨ ਤਾਂ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਸ ਅੱਗ ਵਿਚ ਖੇਲਣਾ ਬੰਦ ਕਰ ਦਿਓ । ਇਹ ਨਾ ਪੰਜਾਬ ਦੇ ਹਿੱਤ ਵਿਚ ਹੈ ਅਤੇ ਨਾ ਹੀ ਹਿੰਦੁਸਤਾਨ ਦੇ ਹਿੱਤ ਵਿਚ ਹੈ। ਇਹ ਬੱਜਟ ਪੰਜਾਬ ਦੀ ਸ਼ਾਨਦਾਰ ਪ੍ਰਗਤੀ ਦੀ ਤਸਵੀਰ ਹੈ। ਮੈਂ ਸਦਨ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਬੱਜਟ ਪੰਜਾਬ ਨੂੰ ਅੱਗੇ ਲੈ ਜਾਵੇਗਾ । ਅਗਰ ਕਿਸੇ ਸੈਕਸ਼ਨ ਵਿਚ ਪੈਸੇ ਦੀ ਕਮੀ ਰਹਿ ਗਈ ਹੈ ਅਤੇ ਉਸ ਪਾਸੇ ਲੋੜ ਪਵੇ ਤਾਂ ਅਸੀਂ ਉਹ ਕਮੀ ਪੂਰੀ ਕਰਾਂਗੇ । (ਬੰਪਿੰਗ) ਮਾਨ ਯੋਗ ਮੈਂਬਰਾਂ ਨੇ ਜਿਹੜੇ ਤੌਖਲੇ ਜ਼ਾਹਿਰ ਕੀਤੇ ਹਨ ਉਹ ਅਸੀਂ ਨੋਟ ਕੀਤੇ ਹਨ । ਅਸੀਂ ਉਨ੍ਹਾਂ ਸਾਰਿਆਂ ਉਤੇ ਵਿਚਾਰ ਕਰਾਂਗੇ । (ਬੰਪਿੰਗ) ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਫਾਈਨਾਂਸ ਮਨਿਸਟਰ ਸਾਹਿਬ ਨੇ ਕਾਫੀ ਕੰਫਿਊਜ਼ਨ ਦੂਰ ਕਰਨ ਦੀ ਕੋਸ਼ਸ਼ ਕੀਤੀ ਹੈ ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਕੰਫਿਊਜ਼ਨ ਹੋਰ ਨੂੰ ਧੁੰਦਲਾ ਕਰ ਦਿਤਾ ਹੈ । ਮੈਂ ਤੁਹਾਡੇ ਰਾਹੀਂ ਐਫ. ਐਮ ਸਾਹਿਬ ਤੋਂ ਕੁਝ ਪੁਆਇੰਟਸ ਤੇ ਕਲੀਅਰ ਕੱਟ ਜਵਾਬ ਲੈਣਾ ਚਾਹੁੰਦਾ ਹਾਂ । ਪਹਿਲਾ ਇਹ ਕਿ ਜਿਹੜਾ ਐਗਰੀਕਲਚਰਲ ਪਰੋਡਿਊਸ ਤੇ 1% ਸੈਸ ਲਾਇਆ ਹੈ ਕੀ ਇਹ ਫਾਰਮਰ ਉਤੇ ਪਵੇਗਾ ਜਾਂ ਖਪਤਕਾਰ ਉਤੇ ਪਵੇਗਾ ? ਇਸ ਦਾ ਉਹ ਕਲੀਅਰ ਜਵਾਬ ਦੇਣ । ਦੂਜਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਇੰਸਟੀਚਿਊਸ਼ਨਲ ਫਾਈਨਾਂਸਿਜ਼ ਬਹੁਤ ਇਸਤੇਮਾਲ ਕੀਤਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਇਨ੍ਹਾਂ ਨੇ ਇੰਸਟੀਚਿਊਸ਼ਨਲ ਫਾਈਨਾਂਸਿਜ਼ ਬਹੁਤ ਇਸਤੇਮਾਲ ਕੀਤੀ ਹੈ ਤਾਂ ਪੰਜਾਬ ਦੀ ਕਰੈਡਿਟ ਡਿਪਾਜ਼ਿਟ ਰੇਸ਼ੋ 37% ਕਿਉਂ ਹੈ ਜਦ ਕਿ ਇਹ ਰੇਸ਼ੋ ਮਹਾਰਾਸ਼ਟਰ ਅਤੇ ਤਾਮਿਲ ਨਾਡੂ ਦੀ 70-80% ਦੇ ਲਾਗੇ ਹੈ ? ਇਸ ਦਾ ਇਹ ਜਵਾਬ ਦੇਣ । ਤੀਜਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਰੀਜਰਵ ਬੈਂਕ ਦੀ ਕੋਈ ਚਿੱਠੀ ਕੱਢ ਕੇ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਵਿਚ ਟੈਕਸ ਘੱਟ ਹਨ। ਮੈਂ ਇਨ੍ਹਾਂ ਕੋਲੋਂ ਕਲੀਅਰ ਜਵਾਬ ' Yes ' ਜਾਂ ' No ' ਵਿਚ ਲੈਣਾ ਚਾਹੁੰਦਾ ਹਾਂ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ । ਕੀ ਪੰਜਾਬ ਵਿਚ ਪਰ ਕੈਪੀਟਾ ਇਨਕਮ ਟੈਕਸ ਹਾਈਐਸਟ ਹੈ ਜਾਂ ਨਹੀਂ ? ਇਸ ਬਾਰੇ ਇਹ ' Yes ' ਜਾਂ ' No ' ਵਿਚ ਜਵਾਬ ਦੇਣ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਫ. ਐਮ. ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਥੇ ਹਰ ਰੋਜ਼ ਕੁਰੱਪਸ਼ਨ ਦੀ ਗਲ ਚਲਦੀ ਹੈ । ਮਨਿਸਟਰਾਂ, ਐਮ. ਐਲ. ਏਜ਼ ਅਤੇ ਅਫਸਰਾਂ ਵਿਚ ਕੁਰੱਪਸ਼ਨ ਦੀ ਗਲ ਹਰ ਰੋਜ਼ ਚਲਦੀ ਹੈ । ਉਸ ਬਾਰੇ ਮੈਂ ਮੰਗ ਕੀਤੀ ਸੀ ਕਿ ਇਕ ਹਾਈ ਪਾਵਰਡ ਕਮਿਸ਼ਨ ਬਣਾਓ ਤਾਂ ਕਿ ਜਿਸ ਦੇ ਖਿਲਾਫ ਇਹ ਐਲੀਗੇਸ਼ਨ ਹੋਵੇ ਉਸ ਦੀ ਇਨਕੁਆਇਰੀ ਹੋ ਜਾਵੇ । ਉਸ ਬਾਰੇ ਐਫ. ਐਮ. ਸਾਹਿਬ ਅਤੇ ਇਹ ਸਰਕਾਰ ਬਿਲ ਕੁਲ ਚੁਪ ਹੈ।

ਦੂਜਾ ਸਵਾਲ ਮੇਰਾ ਓਵਰ ਡਰਾਫਟਿੰਗ ਬਾਰੇ ਹੈ । ਸਾਨੂੰ ਬੜਾ ਦੁੱਖ ਹੁੰਦਾ ਹੈ ਕਿ ਅੰਨੀ ਓਵਰ ਡਰਾਫਟਿੰਗ ਹੋ ਰਹੀ ਹੈ । ਇਹ ਕਹਿੰਦੇ ਹਨ ਕਿ ਸੈਂਟਰ ਵਾਲਿਆਂ ਨੇ ਸਾਨੂੰ 3 ਸਾਲ ਵਾਸਤੇ ਕੈਰੀ ਫਾਰਵਰਡ ਕਰਨ ਵਾਸਤੇ ਮਨਜ਼ੂਰੀ ਦੇ ਦਿਤੀ ਹੈ । ਇਕ ਪਾਸੇ ਤਾਂ ਸੈਂਟਰ ਵਾਲੇ ਇਨ੍ਹਾਂ ਨੂੰ ਘੂਰ ਕੇ ਦੇਖਦੇ ਹਨ ਤੇ ਦੂਜੇ ਪਾਸੇ ਇਹ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ । ਇਸ ਦੇ ਬਾਰੇ ਇਹ ਕਲੀਅਰ ਕਰ ਦੇਣ ।

ਪ੍ਰੋਫੈਸਰ ਬਲਵੰਤ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਰਕ ਚਾਰਜ ਮੁਲਾਜਮ ਹਨ ਉਹ ਕਈ ਸਾਲਾਂ ਤੋਂ ਲਗੇ ਹੋਏ ਹਨ ਅਤੇ ਉਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ । ਕੀ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[~~ਪ੍ਰੋਫੈਸਰ~~ ਬਲਵੰਤ ਸਿੰਘ]

ਪੱਕਿਆਂ ਕਰ ਦੇਣਗੇ ? ਨਾਲ ਹੀ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਡੀ. ਏ. ਦੀਆਂ ਜਿਹੜੀਆਂ ਕਿਸ਼ਤਾਂ ਸੈਂਟਰ ਨੇ ਦਿੱਤੀਆਂ ਹਨ ਉਹ ਕਿਸ਼ਤਾਂ ਮੁਲਾਜਮਾਂ ਨੂੰ ਇਹ ਕਦੋਂ ਤਕ ਦੇ ਦੇਣਗੇ ? ਦੂਜਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅਖਬਾਰਾਂ ਵਿਚ ਆਇਆ ਕਿ ਇਥੇ ਦੇ ਕੁਝ ਵਜ਼ੀਰਾਂ ਦੀ ਜਾਇਦਾਦ ਅਰਬਾਂ ਰੁਪਏ ਵਿਚ ਹੋ ਗਈ ਹੈ । ਕੀ ਇਸ ਬਾਰੇ ਇਹ ਹਾਊਸ ਵਿਚ ਵੇਰਵੇ ਦੱਸਣਗੇ ਤਾ ਕਿ ਪਤਾ ਲਗ ਸਕੇ ਉਹ ਕਿਹੜੇ ਵਜ਼ੀਰ ਹਨ, ਜਿਨ੍ਹਾਂ ਨੇ ਐਨੀ ਅਰਬਾਂ ਰੁਪਏ ਦੀ ਜਾਇਦਾਦ ਬਣਾ ਲਈ ਹੈ ?

ਸਰਦਾਰ ਬਲਵਿੰਦਰ ਸਿੰਘ ਭੁੰਦੜ : ਮੈਂ ਐਫ. ਐਮ. ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ, ਜਿਵੇਂ ਉਨ੍ਹਾਂ ਨੇ ਕਿਹਾ ਹੈ ਕਿ ਇਨਫਲੇਸ਼ਨ 2% ਘੱਟ ਗਈ ਹੈ, ਇਸ ਲਈ ਕੀ ਉਹ ਦੱਸਣਗੇ ਕਿ ਜੇ ਇਨਫਲੇਸ਼ਨ ਘਟ ਗਈ ਹੈ ਤਾਂ ਇਟਾਂ ਜਿਹੜੀਆਂ 125 ਰੁਪਏ ਵਿਚ ਮਿਲਦੀਆਂ ਸਨ ਉਹ 250 ਜਾਂ 300 ਰੁਪਏ ਵਿਚ ਕਿਉਂ ਮਿਲਦੀਆਂ ਹਨ ? ਸੀਮਿੰਟ ਕਿਉਂ 28 ਰੁਪਏ ਤੋਂ 70 ਰੁਪਏ ਹੋ ਗਿਆ ਹੈ ? ਤੇਲ ਕਿਉਂ ਐਨਾ ਮਹਿੰਗਾ ਹੋ ਗਿਆ ਹੈ ? ਖਾਦ ਕਿਉਂ ਐਨੀ ਮਹਿੰਗੀ ਹੋ ਗਈ ਹੈ? ਇਨ੍ਹਾਂ ਚੀਜ਼ਾਂ ਦਾ ਡਿਵੈਲਪਮੈਂਟ ਨਾਲ ਲਿੰਕ ਹੈ। ਇਸ ਲਈ ਇਹ ਜਵਾਬ ਦੇਣ ਕਿ ਕੀ ਇਨਫਲੇਸ਼ਨ ਵਧੀ ਹੈ ਜਾਂ ਘੱਟੀ ਹੈ ?

ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਇਨਫਲੇਸ਼ਨ ਘੱਟ ਗਈ ਹੈ । ਜੇ ਇਨ੍ਹਾਂ ਦੇ ਮੁਤਾਬਿਕ ਇਨਫਲੇਸ਼ਨ ਘੱਟ ਗਈ ਹੈ ਤਾਂ ਮੈਂ ਪੁਛਣਾ ਚਾਹੁੰਦਾ ਹਾਂ ਕਿ ਬੀਨ ਡੈਮ ਦੀ 1962 ਵਿਚ ਜਿਹੜੀ ਕਾਸਟ 67 ਕਰੋੜ ਰੁਪਏ ਸੀ ਉਹ 1985-86 ਤੱਕ 714 ਕਰੋੜ ਰੁਪਏ ਹੋ ਜਾਣੀ ਹੈ । ਕੀ ਇਹ ਇਨਫਲੇਸ਼ਨ ਨਹੀਂ ਹੈ ?

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ ਦੋ ਪੁਆਇੰਟ ਪੁਛਣਾ ਚਾਹੁੰਦਾ ਹਾਂ। ਇਕ ਤਾਂ ਇਹ ਕਿ ਮੁਲਜ਼ਮਾਂ ਨੂੰ 4 ਕਿਸ਼ਤਾਂ ਦੇਣ ਨਾਲ ਸਰਕਾਰ ਨੂੰ ਕਿੰਨਾ ਘਾਟਾ ਪਵੇਗਾ ? ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ਼ਰਾਬ ਦੀ ਬੋਤਲ ਜਿਹੜੀ 21 ਰੁਪਏ ਵਿਚ ਵਿਕਦੀ ਸੀ ਉਹ ਹੁਣ 28 ਰੁਪਏ ਵਿਚ ਵਿਕਦੀ ਹੈ । ਇਸ ਬਾਰੇ ਇਹ ਦੱਸਣ ਇਸ ਦਾ ਕੀ ਕਾਰਨ ਹੈ ? ਨਵੀਂ ਸ਼ਰਾਬ ਦੀ ਪਾਲਿਸੀ ਬਾਰੇ ਲੋਕਾਂ ਨੂੰ ਬੜੇ ਸ਼ੰਕੇ ਹਨ ਕਿ ਸ਼ਰਾਬ ਠੀਕ ਨਹੀਂ ਮਿਲੇਗੀ, ਉਸ ਵਿਚ ਮਿਲਾਵਟ ਹੋਵੇਗੀ । ਇਸ ਬਾਰੇ ਇਹ ਦੱਸਣ ? ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਨੂੰ ਰਿਜਰਵੇਸ਼ਨ ਪੂਰੀ ਨਹੀਂ ਮਿਲਦੀ, ਕੀ ਇਸ ਬਾਰੇ ਇਹ ਰਿਜਰਵੇਸ਼ਨ ਅਕਟ ਬਣਾਉਣਗੇ ?

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਇਹ ਘਾਟੇ ਦਾ ਬਜਟ ਹੈ। ਇਸ ਲਈ ਮਨਿਸਟਰ ਸਾਹਿਬ ਜਵਾਬ ਦੇਣ ਕਿ ਉਹ ਆਉਣ ਵਾਲੇ ਸਮੇਂ ਵਿਚ ਕਿੰਨੇ ਟੈਕਸ ਲਾਉਣਗੇ ਉਸ ਬਾਰੇ ਇਹ ਦੱਸ ਦੇਣ, ਜੇ ਨਹੀਂ ਲਾਉਣਗੇ ਤਾਂ ਵੀ ਉਹ ਇਸ ਬਾਰ ਦੱਸ ਦੇਣ ?

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਸਵਾਲ ਕਾਫੀ ਕੀਤੇ ਗਏ ਹਨ ਮੈਂ ਉਨ੍ਹਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਮੈਂ ਟੈਕਸਾਂ ਬਾਰੇ ਲੈਂਦਾ ਹਾਂ। ਟੈਕਸ ਪ੍ਰੋਪੋਜ਼ਲ ਕੰਪਲੀਟ ਹੈ ਅੱਰ ਮੈਂ ਬਜਟ ਵਿਚ ਕਿਹਾ ਹੈ ਕਿ 16 ਕਰੋੜ ਰੁਪਏ ਦਾ ਘਾਟਾ ਜਿਹੜਾ ਹੈ ਉਹ ਅਸੀਂ ਇਕੌਨਮੀ ਡਰਾਈਵ ਕਰ ਕੇ, ਕੁਝ ਐਕਸਾਈਜ਼ ਪਾਲਿਸੀ ਨਾਲ ਪੈਸੇ ਆਉਣਗੇ ਅਤੇ ਕੁਝ ਬਚਤ ਤੋਂ ਆਉਣਗੇ, ਉਸ ਦੇ ਨਾਲ ਸਾਡੀ ਕਮੀ ਪੂਰੀ ਹੋ ਜਾਵੇਗੀ ।

Original with;
Punjab Vidhan Sabha
Digitized by;
Panjab Digital Library

ਦੂਜੀ ਗਲ ਇਨ੍ਹਾਂ ਨੇ ਏ. ਡੀ. ਏ. ਦੀਆਂ ਕਿਸ਼ਤਾਂ ਬਾਰੇ ਕੀਤੀ ਹੈ । ਠੀਕ ਹੈ ਕਿ 4 ਕਿਸ਼ਤ ਦੇਣ ਨਾਲ 16 ਕਰੋੜ ਰੁਪਏ ਦਾ ਬੋਝ ਪੁਜ਼ਾਨੇ ਤੇ ਪੈਂਦਾ ਹੈ ।

ਸ਼ਰਾਬ ਦੇ ਬਾਰੇ ਪਾਂਧੀ ਜੀ ਬੜੇ ਇੰਟਰਸਟਿਡ ਹਨ। ਮੈਂ ਪਹਿਲਾਂ ਵੀ ਹਾਊਸ ਵਿਚ ਕਿਹਾ ਸੀ ਕਿ ਸ਼ਰਾਬ ਅਸੈਸ਼ੀਅਲ ਕੋਮੋਡਿਟੀ ਨਹੀਂ ਹੈ । ਪਿਛਲੇ ਸਾਲ ਇਸ ਦੀ ਕੀਮਤ 21 ਰੁਪਏ ਫਿਕਸ ਕੀਤੀ ਸੀ। ਹੁਣ ਜਿਹੜਾ ਇਹ ਕਹਿੰਦੇ ਹਨ ਕਿ 27 ਜਾਂ 28 ਰੁਪਏ ਵਿਚ ਵੇਚਦੇ ਹਨ ਅਸੀਂ ਉਨ੍ਹਾਂ ਦੇ ਚਲਾਨ ਕਰਾਂਗੇ । ਜਿਥੇ 27 ਰੁਪਏ ਜਾਂ 28 ਰੁਪਏ ਵਿਚ ਵਿਕਦੀ ਹੈ ਉਸ ਬਾਰੇ ਇਹ ਦੱਸ ਦੇਣ । ਇਨ੍ਹਾਂ ਨੂੰ ਜ਼ਿਆਦਾ ਪਤਾ ਹੋਣਾ ਹੈ, ਅਸੀਂ ਆਪਣੇ ਤੌਰ ਤੇ ਪਤਾ ਕਰਵਾ ਲਵਾਂਗੇ । ਜਿਥੇ ਕਿਤੇ ਮਹਿੰਗੀ ਮਿਲਦੀ ਹੈ ਉਨ੍ਹਾਂ ਦੇ ਚਲਾਨ ਕਰਾਂਗੇ ਤਾਂ ਕਿ ਸੱਸਤੀ ਮਿਲੇ ।

ਜਿਥੋਂ ਤਕ ਮਹਿੰਗਾਈ ਬਾਰੇ ਕਿਹਾ ਗਿਆ ਹੈ, ਇਸ ਦੇ ਨਾਲ ਇਨਫਲੇਸ਼ਨ ਦਾ ਕੋਈ ਤੁਅੱਲਕ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨਫਲੇਸ਼ਨ ਵਧਦੀ ਵੀ ਰਹਿੰਦੀ ਹੈ ਅਤੇ ਘਟਦੀ ਵੀ ਰਹਿੰਦੀ ਹੈ । ਸੋ ਕਿਹੜੀ ਕਿਹੜੀ ਚੀਜ਼ ਨੂੰ ਮਈਅਰ ਕੀਤਾ ਜਾਵੇ । ਸੈਂਟਰਲ ਗੌਰਮਿੰਟ ਅਤੇ ਰੀਜ਼ਰਵ ਬੈਂਕ ਦਾ ਫਾਰਮੂਲਾ ਹੈ, ਉਹ ਡਾਇਰੈਕਸ਼ਨ ਦਿੰਦੇ ਹਨ । ਮੈਂ ਜੋ ਕੋਟ ਕੀਤਾ ਸੀ ਉਹ ਕਿਤਾਬਾਂ ਵਿਚੋਂ ਕੋਟ ਕੀਤਾ ਸੀ । ਅਖੀਰਲਾ ਮੈਂ ਟਰੀਬਿਊਨ ਵਿਚੋਂ ਕੋਟ ਕੀਤਾ ਹੈ।

ਸਪਲਾਈ ਅਤੇ ਡਿਸਟਰੀਬਿਊਸ਼ਨ ਨਾਲ ਮਹਿੰਗਾਈ ਦਾ ਤੁਅੱਲਕ ਹੈ। ਜੇ ਸਪਲਾਈ ਘੱਟ ਹੋਵੇ ਅਤੇ ਖਰੀਦਣ ਵਾਲੇ ਜ਼ਿਆਦਾ ਹੋਣ ਤਾਂ ਉਸ ਨਾਲ ਇਨਫਲੇਸ਼ਨ ਤੇ ਅਸਰ ਪੈਂਦਾ ਹੈ । (ਵਿਘਨ) ਇਹ ਚੀਜ਼ਾਂ ਟੈਂਪੋਰੇਰੀ ਹੁੰਦੀਆਂ ਹਨ । ਸੈਂਟਰਲ ਗੌਰਮਿੰਟ ਨੇ ਅਤੇ ਅਸੀਂ ਜੋ ਉਪਰਾਲੇ ਕੀਤੇ ਹਨ ਉਸ ਨਾਲ ਇਨਫਲੇਸ਼ਨ ਘਟੀ ਹੈ । ਕਈ ਵਾਰੀ ਕਈ ਚੀਜ਼ਾਂ ਮਹਿੰਗੀਆਂ ਹੋ ਜਾਂਦੀਆਂ ਹਨ ਅਤੇ ਕਈ ਚੀਜ਼ਾਂ ਸਸਤੀਆਂ ਹੋ ਜਾਂਦੀਆਂ ਹਨ । ਜੇ ਪਰੋਡਕਸ਼ਨ ਜ਼ਿਆਦਾ ਹੋਵੇਗੀ ਤਾਂ ਉਸ ਦੇ ਨਾਲ ਇਨਫਲੇਸ਼ਨ ਘਟੇਗੀ ।

ਇਥੇ ਮਨਿਸਟਰਜ਼ ਬਾਰੇ ਜ਼ਿਕਰ ਕੀਤਾ ਗਿਆ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮਨਿਸਟਰਜ਼ 31 ਮਾਰਚ ਤੋਂ ਪਹਿਲਾਂ ਪਹਿਲਾਂ ਆਪਣੀ ਪ੍ਰਾਪਰਟੀ ਦਾ ਇਮਮੂਵੇਬਲ ਅਤੇ ਮੂਵੇਬਲ ਪ੍ਰਾਪਰਟੀ ਦੀ ਸਟੇਟਮੈਂਟ ਦਿੰਦੇ ਹਨ ।

ਵਰਕ ਚਾਰਜ ਇੰਪਲਾਈਜ਼ ਨੂੰ ਰੈਗੂਲਰ ਕਰਨ ਬਾਰੇ ਪੰਜਾਬ ਸਰਕਾਰ ਦਾ ਫੈਸਲਾ ਹੋ ਚੁਕਾ ਹੈ। ਉਸ ਫੈਸਲੇ ਦੇ ਮੁਤਾਬਿਕ ਅਸੀਂ ਵਰਕ ਚਾਰਜ ਇੰਪਲਾਈਜ਼ ਨੂੰ ਰੈਗੂਲਰ ਅਤੇ ਕਨਫਰਮ ਕੀਤਾ ਹੈ। ਉਸ ਦੇ ਮੁਤਾਬਿਕ ਪ੍ਰੋਗਰਾਮ ਚਲ ਰਿਹਾ ਹੈ । ਜਿਹੜੇ ਰਹਿ ਗਏ ਹਨ ਉਹ ਵੀ ਉਸ ਪਰੋਸੈਸ ਦੇ ਮੁਤਾਬਿਕ ਕਰਾਂਗੇ ।

ਜਿਥੋਂ ਤਕ, ਸਪੀਕਰ ਸਾਹਿਬ, ਓਵਰ ਡਰਾਫਟਿੰਗ ਦੀ ਗਲ ਹੈ ਜਿਸ ਦੇ ਬਾਰੇ ਮਾਸਟਰ ਬਾਬੂ ਸਿੰਘ ਨੇ ਕਿਹਾ ਸੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਵਿੱਚ ਜਿਹੜੀ ਗਲ ਕੀਤੀ ਜਾਂਦੀ ਹੈ ਉਹ ਜ਼ਿਮੇਵਾਰੀ ਨਾਲ ਕੀਤੀ ਜਾਂਦੀ ਹੈ । ਚੀਫ਼ ਮਨਿਸਟਰ ਸਾਹਿਬ ਦੀ ਮੀਟਿੰਗ ਪਲੈਨਿੰਗ ਮਨਿਸਟਰ ਸਾਹਿਬ ਜਿਹੜੇ ਪਲੈਨਿੰਗ ਕਮਿਸ਼ਨ ਦੇ ਡਿਪਟੀ ਚੇਅਰਮੈਨ ਹਨ ਉਨ੍ਹਾਂ ਨਾਲ ਹੋ ਚੁੱਕੀ ਹੈ। ਜਿਸ ਵੇਲੇ ਅਸੀਂ ਐਨੂਅਲ ਪਲਾਨ ਮਨਜ਼ੂਰ ਕਰਾਉਣ ਵਾਸਤੇ ਗਏ ਸੀ ਉਨ੍ਹਾਂ ਨੇ ਕਿਹਾ ਕਿ 60 ਕਰੋੜ ਰੁਪਏ ਦੇ ਆਪਣੇ ਰਿਸੋਰਸਿਜ਼ ਮੋਬਲਾਈਜ਼ ਕਰੋ ਅੱਰ 65 ਕਰੋੜ ਰੁਪਏ ਓਵਰ ਡਰਾਫਟਿੰਗ ਕੈਰੀ ਓਵਰ ਕਰ ਲਓ ।

Original with;
Punjab Vidhan Sabha
Digitized by;
Panjab Digital Library

[ਵਿਤ ਮੰਤਰੀ]

ਆਉਣ ਵਾਲੇ ਤਿੰਨ ਸਾਲਾਂ ਵਿੱਚ ਓਵਰ ਡਰਾਫਟਿੰਗ ਖ਼ਤਮ ਕਰਨ ਦੀ ਕੋਸ਼ਿਸ ਕਰੋ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਬਾਰੇ ਸੈਂਟਰਲ ਗੌਰਮਿੰਟ ਦੇ ਪੱਧਰ ਤੇ ਫੈਸਲਾ ਹੋ ਚੁੱਕਾ ਹੈ। ਇਸ ਦੇ ਵਿੱਚ ਕੋਈ ਸ਼ਕ ਸੁਭੇ ਵਾਲੀ ਗਲ ਨਹੀਂ ਹੈ ਅੰਰ ਸਾਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਹੈ।

ਜਿਥੋਂ ਤਕ, ਸਪੀਕਰ ਸਾਹਿਬ, ਕੁਰੱਪਸ਼ਨ ਦਾ ਤੁਅੱਲਕ ਹੈ ਇਸ ਦੇ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ, ਪੰਜਾਬ ਸਰਕਾਰ ਨੇ ਕੁਰੱਪਸ਼ਨ ਨੂੰ ਜੜ੍ਹੋਂ ਉਖੇੜਣ ਦਾ ਫੈਸਲਾ ਕੀਤਾ ਹੋਇਆ ਹੈ ਅੰਰ ਇਸ ਨੂੰ ਖ਼ਤਮ ਕਰਨ ਲਈ ਚਾਲਾਨ ਵੀ ਹੋ ਰਹੇ ਹਨ, ਮਨਿਸਟਰ ਸਾਹਿਬਾਨ ਵੀ ਇਸ ਨੂੰ ਦੂਰ ਕਰਨ ਦੇ ਲਈ ਕੰਮ ਕਰ ਰਹੇ ਹਨ । ਇਸ ਲਈ ਕੋਈ ਜ਼ਰੂਰੀ ਨਹੀਂ ਕਿ ਇਸ ਦੇ ਲਈ ਕੋਈ ਕਮਿਸ਼ਨ ਬਣਾਇਆ ਜਾਵੇ । ਕੁਰੱਪਸ਼ਨ ਦਾ ਕੋਈ ਵੀ ਕੇਸ ਸਾਡੇ ਨੋਟਿਸ ਵਿੱਚ ਲਿਆਉਣ, ਸਾਡੇ ਧਿਆਨ ਵਿੱਚ ਲਿਆਉਣ ਅਸੀਂ ਕੁਰਪਸ਼ਨ ਨੂੰ ਜੜ੍ਹੋਂ ਉਖਾੜਾਂਗੇ ਅਤੇ ਕੁਰੱਪਟ ਅਫਸਰ ਨੂੰ ਬਿਲਕੁਲ ਮੁਆਫ ਨਹੀਂ ਕਰਾਂਗੇ ।

ਸਪੀਕਰ ਸਾਹਿਬ, ਡਿਪਾਜ਼ਿਟ ਰੇਸ਼ੋ ਦੇ ਬਾਰੇ ਸਰਦਾਰ ਬਲਵੰਤ ਸਿੰਘ ਜੀ ਨੇ ਜ਼ਿਕਰ ਕੀਤਾ ਹੈ। ਮੈਨੂੰ ਅਫਸੋਸ ਹੈ ਕਿ ਉਹ ਗੱਲ ਮੈਂ ਛੱਡ ਗਿਆ ਸੀ। ਇਨ੍ਹਾਂ ਨੇ 37% ਦੀ ਗਲ ਕੀਤੀ ਹੈ। ਇਸ ਵੇਲੇ ਇਹ ਪੋਜ਼ੀਸ਼ਨ ਹੈ ਨਹੀਂ, ਇਹ ਉਨ੍ਹਾਂ ਨੇ ਆਪਣੇ ਵੇਲੇ ਦੀ ਦੱਸੀ ਹੋਵੇਗੀ । ਹੁਣ, ਸਪੀਕਰ ਸਾਹਿਬ, ਇਹ 43.3 ਹੋ ਗਈ ਹੈ, ਅਗੇ ਨਾਲੋਂ ਵੱਧ ਗਈ ਹੈ। ਅਸੀਂ ਸੈਂਟਰਲ ਗੌਰਮਿੰਟ ਨਾਲ, ਐਨ. ਡੀ. ਸੀ. ਨਾਲ ਗਲ ਕਰ ਕੇ ਆਏ ਹਾਂ ਕਿ ਸਾਨੂੰ ਜ਼ਿਆਦਾ ਪੈਸੇ ਦਿਓ ਅਤੇ ਬਾਕੀ ਦੀਆਂ ਸਟੇਟਾਂ ਦੇ ਮੁਕਾਬਲੇ ਵਿੱਚ ਸਾਡਾ ਇਹ ਅਗੇ ਲਿਆਓ । ਸੋ ਸਾਡੇ ਵੇਲੇ ਇਹ ਵੱਧੀ ਹੈ, ਇਨ੍ਹਾਂ ਦੇ ਜ਼ਮਾਨੇ ਘੱਟ ਹੋਵੇਗੀ ਜਿਸ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੇਰੇ ਦੋ ਸਵਾਲਾਂ ਦਾ ਜਵਾਬ ਨਹੀਂ ਆਇਆ ।

ਸ਼੍ਰੀ ਸਪੀਕਰ : ਸਰਦਾਰ ਬਲ ਵੰਤ ਸਿੰਘ ਜੀ ਨੇ ਪਰ ਕੈਪੀਟਾ ਟੈਕਸ ਦੇ ਮੁਤੱਲਕ ਇਕ ਸਵਾਲ ਕੀਤਾ ਸੀ ।

ਸਰਦਾਰ ਬਲਵੰਤ ਸਿੰਘ : ਦੂਸਰਾ ਐਗਰੀਕਲਚਰਲ ਸੈਸ ਦੇ ਬਾਰੇ ਕੀਤਾ ਸੀ । ਦੋਨਾਂ ਦਾ ਜਵਾਬ ਨਹੀਂ ਆਇਆ ।

ਵਿੱਤ ਮੰਤਰੀ : ਸਪੀਕਰ ਸਾਹਿਬ, ਜ਼ਰੂਰੀ ਨਹੀਂ ਕਿ ਹੁਣੇ ਸਾਰੀਆਂ ਗਲਾਂ ਦਾ ਜਵਾਬ ਦੇਣਾ ਹੈ। ਅਜੇ ਐਪਰੋਪ੍ਰੀਏਸ਼ਨ ਬਿਲ ਪਾਸ ਹੋਣਾ ਹੈ । ਮੈਂ ਉਸ ਵੇਲੇ ਜਵਾਬ ਦੇ ਦੇਵਾਂਗਾ ।

Mr. Speaker : The House stands adjourned till 2.00 P.M. on Monday, the 22nd March, 1982.

*2.13 PM.

(The Sabha then adjourned *till 2.00 P.M. on Monday, the 22nd March, 1982).

5473/PVS—Govt. Press, Chd.

Original with;
Punjab Vidhan Sabha
Digitized by;
Panjab Digital Library

Originally with:
Punjab Vidhan Sabha
Digitized by:
Panjab Digital Library

©1982

Published under the authority of the Punjab Vidhan Sabha and printed by Government Press, U.T., Chandigarh.



Original with;
Punjab Vidhan Sabha
Digitized by;
Panjab Digital Library

PUNJAB VIDHAN SABHA

DEBATES

22nd March, 1982

Vol. IV—No. 16

OFFICIAL REPORT

CONTENTS

Monday, the 22nd March, 1982

	PAGE
Obituary References	(16) 1

Punjab Vidhan Sabha Secretariat, Chandigarh

Price: Rs. 5.20

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Monday, the 22nd March, 1982

[The Vidhan Sabha met in the Punjab Vidhan Sabha Hall, Vidhan Bhavan, Chandigarh, at 2-00 P.M. of the Clock. Mr. Speaker (Shri Brij Bhushan Mehra) in the Chair.]

OBITUARY REFERENCES

Chief Minister (Sardar Darbara Singh) : With deep regret and sorrow I inform the House that Miss Sarla Parasher, a sitting M.L.A., died in a road accident near Bharatgarh this morning.

She was daughter of Pandit Amar Nath Parasher, a leading revolutionary. She got her education in Bihar and Punjab. She was unmarried.

Miss Sarla Parasher was elected to the Punjab Vidhan Sabha for the first time in 1967. She was again elected M.L.A. in 1972 from the Nangal Constituency. She was elected for the third time to the Punjab Vidhan Sabha in 1980. She worked as Deputy Minister of Education, Minister of State for Social Welfare and Director, Women Voluntary Services. She started her political career at the age of 7 as a leader of Banersena (Children's Liberation Army) in Nawabganj, district Unao (U.P.). She imbibed the spirit of social service from her mother, participated in 1942 Movement and courted arrest at Hoshiarpur. She organised women Resistance Movement for the Liberation of the country. She did Constructive Work for Sarvodaya and Bhoodan Movements, Khadi Board and Village industry. She belonged to a family which has rendered untold sacrifice to the nation continuously for two generations. Her father while escaping to Japan donated his entire landed property to Arya Samaj and Kanya Pathshala in Hoshiarpur. Having passed through fires and storms of the wrath of the British empire and afterwards working for the reconstruction of the nation, this once the wealthiest landed Brahim aristocratic family was put to very hard days in wordly terms but the family still carries on a dedicated missionary life. She remained President of the Punjab Pradesh Congress Committee (I) for a few months.

Acharya J.B. Kripalani, former M.P., and a great freedom-fighter died at Ahmedabad on the 19th March, 1982.

He was born in Hydrabad Sind in 1888. Completing his early education in Hyderabad, he went to Karachi. He, however, did not stay there long. He went to Bombay to join Wilson College. He did his post-graduation in History and Economics from Bombay University.

Original with;
Punjab Vidhan Sabha
Digitized by;
Panjab Digital Library

[Chief Minister]

In 1912 he was appointed Professor of History in Muzaffarpur College in Bihar and remained there till 1917.

Kripalani's marked abilities attracted the attention of Pandit Madan Mohan Malvia, whom he served as Private Secretary and at whose instance he took up the post of Professor of Politics in Benaras Hindu University in 1919.

He resigned his University job in response to non co-operation call given by Mahatma Gandhi in 1920.

In 1936 Kripalani married Professor Sucheta Mazumdar. He remained the General Secretary of the Indian National Congress from 1934 to 1946. In November, 1946, he was elected Congress President but he resigned in November, 1947 to prevent disharmony in the party as there were differences with other leaders.

Though he remained a Member of the Constituent Assembly he gradualy drifted away from his old comrades until he resigned from the Congress party in 1951. He then started a weekly called 'Vigil' and a new political party called 'Krishak Mazdoor Praja Party'. In 1954 he resigned from the PSP too and became an Independent for the rest of his parliamentary life, which ended in 1971, as no party wanted to support him during elections.

As a member of Parliament he never hesitated to raise his voice against injustice or when he found the Government policy running counter to what he believed was right.

Kripalani with Jayparkash Narayan and Mrs. Vijyalakshami Pandit was a non-contesting campaigner for the Janata Party in 1977 elections. He was 94.

Jathedar Man Singh Hamboo, an Akali leader and a former Member of Legislative Assembly of United Punjab died at Karnal on the 19th March, 1982.

He was 108.

Sir, after this, the House may adjurn and the business fixed for today should be taken up the day after tomorrow.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਸਪੀਕਰ ਸਾਹਿਬ, ਅੱਜ ਦਾ ਦਿਨ ਸਮੁੱਚੇ ਤੇਰ ਤੇ ਪੰਜਾਬੀਆਂ ਵਾਸਤੇ ਤੇ ਖਾਸ ਕਰਕੇ ਹਾਊਸ ਦੇ ਸਾਰੇ ਮੈਂਬਰਾਂ ਵਾਸਤੇ ਬੜਾ ਅਫਸੋਸ ਦਾ ਅਤੇ ਦੁੱਖ ਦਾ ਦਿਨ ਹੈ ਕਿਉਂਕਿ ਸਾਡੇ ਹਾਊਸ ਦੇ ਸਿਟਿੰਗ ਮੈਂਬਰ ਮਿਸ ਸਰਲਾ ਪ੍ਰਾਸ਼ਰ ਅਜ ਸੁਭਾ ਕਾਰ ਹਾਦਸੇ ਵਿਚ ਸਾਥੋਂ ਹਮੇਸ਼ਾਂ ਲਈ ਵਿਛੜ ਗਏ ਹਨ। ਸਪੀਕਰ ਸਾਹਿਬ, ਇਹ ਐਡਾ ਵੱਡਾ ਦੁੱਖ ਅਤੇ ਅਫਸੋਸ ਹੈ ਜਿਹੜਾ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਮਿਸ ਸਰਲਾ ਪ੍ਰਾਸ਼ਰ ਇਕ ਬਹੁਤ ਹੀ ਰੈਵੋਲਿਊਸ਼ਨਰੀ ਖਾਨਦਾਨ ਨਾਲ ਤੁਅੱਲਕ ਰਖਦੇ ਸਨ। ਉਨ੍ਹਾਂ ਦੇ ਪਿਤਾ ਨੇ ਦੇਸ਼ ਦੀ ਆਜ਼ਾਦੀ ਲਈ ਬਹੁਤ ਵਡੀਆਂ ਘਾਲਨਾਂ ਘਾਲੀਆਂ। ਉਹ ਪੰਜਾਬ ਵਿਚ

Original with;
Punjab Vidhan Sabha
Digitized by;
Panjab Digital Library

3 दफ़ा इस हाउस के मैंबर रहे; इक दफ़ा 1967 विच, फिर उस तों बाअद 1972 विच अते फिर 1980 विच। उह डिपटी मनिसटर अते मनिसटर आफ़ सटेट वी रहे। जिथे इन्हां ने पारलीआमैंटरी विंग विच अते ऐडमनिसटरेशन विच कंम कीता उथे कैनसटरकटिव वरक फार सरवडिदे अते भूदान मूवमैंट, खादी ऐरड अते विलेज इंडसटरी विच उन्हां दा कंम बहुत ज़िआदा है। उह पंजाब प्रदेश कांगरस कमेटी दे प्रधान वी रहे। उन्हां दा अैवकत अकाल चलाणा करन नाल सानूं बहुत वड्डा घाटा पिआ है

सपीकर साहिब, वडे दिन होए साडे इस देश दे बहुत ही मुमताज़ हसती आचारीआ क्रिपलानी जी साथों जुदा हो गए हन। उन्हां दी उमर 94 साल दी सी। उन्हां दा जनम 1888 विच हैदराबाद सिंध विच होइआ। उन्हां ने पोसट गरैजूएशन हिसटरी अते इकनामिकस विच बंबई यूनीवरसिटी तों कीती। उह बनारस यूनीवरसिटी विच प्रोफैसर रहे, पर जदों महातमां गांधी जी ने नान-कोआपरेशन दी कालु दिती तां उन्हां ने प्रोफैसरशिप छड्ड के महातमा गांधी जी दा साथ दिता अैर उस मूवमैंट विच शामल होए। सारी ज़िंदगी महातमा गांधी जी नाल लाइल रहे। उन्हां ने प्रिंसीपलज़ ते कदे वी कैपटेमाईज़ नहीं कीता। मैं कहि सकदा हां कि उन्हां नूं पबलिक आफिस, पोज़ीशन जां पावर ने अैसपाइर नहीं सी कीता। जिहड़े पुराने संगरामीए हन जिन्हां ने देश दी आज़ादी विच हिस्सा लिआ, उन्हां विचों इह इक सन इन्हां दा देश दी आज़ादी लैण विच बहुत हिस्सा सी। उह जनरल सैकटरी, आल। इंडीआ कांगरस पारटी 1934 तों 1946 तक रहे अते फिर प्रैज़ीडैंट वी रहे। उन्हां ने 1951 विच प्रधानगी पद तों असतीफा दे दिता। उन्हां ने क्रिशक मज़दूर प्रजा पारटी आरगेनाईज़ कीती। उह पारलीआमैंट दे मैंबर रहे अैर उन्हां ने श्री जै प्रकाश नरायिण नाल जनता पारटी दे जिहड़े यूनिटस सन उन्हां नूं इकॅठा करन वासते मेजर रोल अदा कीता। जदों साडे देश विच इलैकशनां होईआं तां उन्हां ने कांगरस पारटी नूं देश विदों आउसट करन वासते बहुत वड्डे जतन कीते।

हुण वी जदों जनता पारटी दे यूनिटस टुटे हन तां उन्हां नूं इस गल दा बहुत ही जिआदा दुख होइआ। उन्हां दी इह वी इक इॅछा रही कि देश विच कोई मज़बूत आलटरनेटिव पारटी होवे जिहड़ी कि रूलिंग पारटी दे मुकाबले ते कदे कदे देश दी वागडोर संभाल सके।

जथेदार मान सिंघ होरां इक बहुत ही पुराने अकाली नेता अते लीडर सन। उह असैंबली दे मैंबर वी रहे। उन्हां ने आपणे वकत विच बहुत ही घालणा घालीआं। पंजाबी सूबा मोरचे विच बहुत लंमे अरसे लई उह जेल विच रहे। उन्हां दी सेवा महान है। 19 मारच, 1982 नूं उह अकाल चलाणा कर गए। जदों उह सानूं छड्ड के चले गए उदों उन्हां दी उमर 108 साल दी सी।

जो लीडर आफ दी हाउस ने इह मंक दा मता लिआंदा है, मैं उस नाल आपणी सहिमती प्रगट करदा हां।

Original with;
Punjab Vidhan Sabha
Digitized by;
Panjab Digital Library

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪਕਿਰ ਸਾਹਿਬ, ਮਿਸ ਸਰਲਾ ਪ੍ਰਾਸ਼ਰ ਦੀ ਅਚਾਨਕ ਮੌਤ ਦੀ ਖਬਰ ਦੁੱਖ ਭਰੇ ਹਿਰਦੇ ਨਾਲ ਮੈਂ ਉਸ ਵਕਤ ਸੁਣੀ ਜਦੋਂ ਮੈਂ ਬਨਾਰਸ ਜਾਣ ਵਾਸਤੇ ਤਿਆਰ ਹੋ ਰਿਹਾ ਸੀ। ਕੋਈ ਉਮੀਦ ਨਹੀਂ ਸੀ ਕਰ ਸਕਦਾ ਕਿ ਐਸਾ ਵਾਕਿਆ ਵੀ ਹੋ ਸਕਦਾ ਹੈ। ਜਿਥੋਂ ਤਕ ਉਨ੍ਹਾਂ ਦੀ ਜਾਤ ਦਾ ਤੁਅੱਲਕ ਹੈ ਉਸ ਦੇ ਬਾਰੇ, ਉਨ੍ਹਾਂ ਦੇ ਜੀਵਨ ਦੇ ਸਬੰਧ ਵਿਚ ਚੀਫ ਮਨਿਸਟਰ ਸਾਹਿਬ ਨੇ ਕੁਝ ਦਸਿਆ ਹੈ। ਮੈਂ ਸਮਝਦਾ ਹਾਂ ਕਿ ਉਹ ਇਕ ਅਜਿਹੀ ਕਾਬਲੇ-ਅਹਿਤਰਾਮ ਔਰਤ ਸੀ, ਜਿਸ ਨੇ ਬਤੌਰ ਇਕ ਸੋਸ਼ਲ ਵਰਕਰ ਵੀ ਅੌਰ ਬਤੌਰ ਮਨਿਸਟਰ ਦੇ ਵੀ ਔਰਤ ਜਾਤੀ ਦੀ ਮੁਸ਼ਕਲਾਤ ਅਤੇ ਉਨ੍ਹਾਂ ਦੀਆਂ ਸਮਸਿਆਵਾਂ ਦੇ ਵਾਸਤੇ ਜੋ ਕੁਝ ਕੀਤਾ ਜਾ ਸਕਦਾ ਹੈ, ਉਹ ਕੀਤਾ। ਇਹ ਕਰਨ ਲਈ ਉਹ ਹਰ ਵਕਤ ਯਤਨਸ਼ੀਲ ਰਹੇ। ਚੀਫ ਮਨਿਸਟਰ ਸਾਹਿਬ ਨੇ ਇਹ ਬਿਲਕੁਲ ਬਜਾ ਕਿਹਾ ਹੈ ਕਿ ਮਿਸ ਸਰਲਾ ਪ੍ਰਾਸ਼ਰ ਇਕ ਰੈਵੋਨਿਊ ਔਫੀਸਰ ਬਾਪ ਦੀ ਬੇਟੀ ਸੀ, ਜਿਸ ਬਾਪ ਨੇ ਇਸ ਮੁਲਕ ਦੀ ਖਾਤਰ ਆਪਣੀ ਸਾਰੀ ਜਾਇਦਾਦ, ਆਪਣਾ ਸਾਰਾ ਅਸਾਸਾ ਕੌਮ ਦੇ ਲਈ ਲਗਾ ਦਿਤਾ ਸੀ ਅੌਰ ਖੁਦ ਇਕ ਪੈਨੀਲੈਸ ਸ਼ਖਸ ਬਣ ਗਏ ਸੀ। ਮਿਸ ਸਰਲਾ ਪ੍ਰਾਸ਼ਰ ਨੇ ਜਦੋਂ ਸੋਸ਼ਲ ਵੈਲਫੇਅਰ ਮਨਿਸਟਰ ਦੇ ਤੌਰ ਤੇ ਚਾਰਜ ਸੰਭਾਲਿਆ ਤਾਂ ਬੁਢਾਪਾ ਪੈਨਸ਼ਨ ਅਤੇ ਵਿਡੋ ਪੈਨਸ਼ਨ ਦੀ ਜੋ ਸਕੀਮ ਸੀ, ਜਿਹੜੀ ਕਿ ਪਹਿਲਾ ਮਹਿਦੂਦ ਸੀ, ਉਸ ਨੂੰ ਲੋਕਾਂ ਤਕ ਪਹੁੰਚਾਉਣ ਵਾਸਤੇ ਉਦੇਚੇ ਕਦਮ ਚੁੱਕੇ ਸਨ। ਆਪਣੇ ਆਖਰੀ ਦਿਨਾਂ ਵਿਚ ਇਕ ਵਡੀ ਵੱਡੀ ਬਦਕੀ ਤੋਂ ਵਧੇ ਹੋਏ ਅੌਰ ਕਾਫੀ ਚਿੰਤਾਤੁਰ ਉਨ੍ਹਾਂ ਨੂੰ ਅਸੀਂ ਵੇਖਦੇ ਰਹੇ ਹਾਂ। ਵਰਤਾਲ ਉਨ੍ਹਾਂ ਦੀ ਸ਼ਖਸੀਅਤ ਜਦੋਂ ਵੀ ਸਾਹਮਣੇ ਆਉਂਦੀ ਹੈ, ਤਾਂ ਇਕ ਐਸੀ ਵਿਰਤ ਸਾਹਮਣੇ ਉਭਰਦੀ ਹੈ ਜਿਹੜੀ ਕਿ ਬਹੁਤ ਕੁਝ ਪ੍ਰਾਪਤ ਕਰਨ ਵਾਸਤੇ ਯਤਨਸ਼ੀਲ ਸੀ ਅਤੇ ਬੇਚੈਨ ਨਜ਼ਰ ਆਉਂਦੀ ਸੀ ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਯਕੀਨਨ ਬਹੁਤ ਭਾਰੀ ਨੁਕਸਾਨ ਹੋਇਆ ਹੈ ਜਿਹੜਾ ਕਿ ਕਾਂਗਰਸ ਪਾਰਟੀ ਨੂੰ ਵੀ ਹੈ ਅਤੇ ਸਮੁੱਚੇ ਪ੍ਰਾਂਤ ਨੂੰ ਵੀ ਹੈ। ਮੈਂ ਕਾਂਗਰਸ ਪ੍ਰਧਾਨ, ਮੁੱਖ ਮੰਤਰੀ ਅਤੇ ਕਾਂਗਰਸ ਪਾਰਟੀ ਨਾਲ ਅਤੇ ਉਨ੍ਹਾਂ ਦੇ ਪ੍ਰੀਵਾਰ ਨਾਲ ਆਪਣੀ ਪਾਰਟੀ ਦੀ ਤਰਫੋਂ ਅੌਰ ਆਪਣੀ ਜ਼ਾਤ ਦੀ ਤਰਫੋਂ ਉਨ੍ਹਾਂ ਜਜ਼ਬਾਤ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਜਿਹੜੇ ਕਿ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸੱਜਣਾ ਨੇ ਇਸ ਹਾਊਸ ਵਿਚ ਕਹੇ ਹਨ।

ਅਚਾਰੀਆ ਕ੍ਰਿਪਲਾਨੀ ਇਕ ਅਜਿਹੇ ਸਿਆਸਤਦਾਨ ਸਨ ਜਿਨ੍ਹਾਂ ਨੇ ਆਪਣਾ ਅਕੈਡੈਮਿਕ ਕੈਰੀਅਰ ਪ੍ਰੋਫੈਸਰ ਦੇ ਤੌਰ ਤੇ ਉਸ ਵਕਤ ਸਟਾਰਟ ਕੀਤਾ ਸੀ ਜਦੋਂ ਮਹਾਤਮਾ ਗਾਂਧੀ ਨੇ ਚੰਪਾਰਨ ਦੇ ਸਤਿਆਗ੍ਰਹਿ ਲਈ ਕਿਹਾ ਸੀ। ਅਚਾਰੀਆ ਕ੍ਰਿਪਲਾਨੀ ਉਸ ਅਹਿਮ ਦੌਰ ਵਿਚ ਕਾਂਗਰਸ ਦੇ ਜਨਰਲ ਸੈਕਟਰੀ ਸਨ ਜਦੋਂ ਕ੍ਰਿਪਸ ਕਮਿਸ਼ਨ ਨਾਲ ਕਾਂਗਰਸ ਦੀਆਂ ਪਾਰਲੇਜ਼ ਹੋਈਆਂ ਅੌਰ ਉਨ੍ਹਾਂ ਦੇ ਵਿਚ ਜੋ ਉਨ੍ਹਾਂ ਦਾ ਹਿੱਸਾ ਸੀ ਉਹ ਉਨ੍ਹਾਂ ਦੀ ਹਿੰਦਸਤਾਨ ਨੂੰ ਇਕ ਬਹੁਤ ਵੱਡੀ ਕੰਟਰੀਬਿਊਸ਼ਨ ਹੈ। ਜਦੋਂ ਅਜ਼ਾਦੀ ਦੀਆਂ ਟਰਮਜ਼ ਤਹਿ ਹੋਈਆਂ ਸਨ ਉਹ ਪਹਿਲੇ ਕਾਂਗਰਸ ਦੇ ਵੱਡੇ ਲੀਡਰਾਂ ਵਿਚੋਂ ਸਨ ਜਿਨ੍ਹਾਂ ਨੇ ਕਾਂਗਰਸ ਨੂੰ ਛੱਡਿਆ ਅਤੇ ਕਿਸਾਨ ਮਜ਼ਦੂਰ ਪਰਜਾ ਪਾਰਟੀ ਅਤੇ ਪਰਜਾ ਸੋਸ਼ਲਿਸਟ ਪਾਰਟੀ ਬਣਾਈ। ਕਾਂਗਰਸ ਦੀਆਂ ਉਨ੍ਹਾਂ ਪਰੰਪਰਾਵਾਂ ਨੂੰ, ਜਿਨ੍ਹਾਂ ਲਈ ਉਨ੍ਹਾਂ ਨੇ ਘਾਲਣਾ ਕੀਤੀ ਸੀ, ਉਨ੍ਹਾਂ ਨੂੰ ਕਾਂਗਰਸ ਦੇ ਅੰਦਰ ਬਹਾਲ ਕਰਨ ਵਾਸਤੇ ਉਹ ਯਤਨਸ਼ੀਲ ਰਹੇ। ਇਨ੍ਹਾਂ ਲਈ ਉਹ ਕਾਂਗਰਸ ਵਿਚੋਂ ਬਾਹਰ ਨਿਕਲ ਕੇ ਵੀ ਯਤਨ ਕਰਦੇ ਰਹੇ। ਉਨ੍ਹਾਂ ਦੀ ਆਖੀਰਲੇ ਦਿਨ ਤਕ ਇਹ ਕੋਸ਼ਿਸ਼ ਸੀ ਕਿ ਕਾਂਗਰਸਮੈਨ ਜ਼ਾਤੀ ਤੌਰ ਤੇ ਉਨ੍ਹਾਂ ਕਿਰਦਾਰਾਂ ਦੀ ਬੁਲੰਦੀ ਵਾਲੇ ਪਾਸੇ ਮੁੜਨ ਜਿਹੜੇ ਮਹਾਤਮਾ ਗਾਂਧੀ ਜੀ ਨੇ ਦੱਸੇ ਸਨ। ਉਹ ਮਥਨ ਦੇ ਇਨ ਤਕ ਆਊਟ ਐਂਡ ਆਊਟ ਗਾਂਧੀਅਨ ਸਨ। ਲੇਕਿਨ ਜੋ ਉਨ੍ਹਾਂ ਨੈ ਸੇਵਾ ਇਸ ਮੁਲਕ ਦੇ ਅੰਦਰ ਪਾਰਲੀਮੈਂਟਰੀ ਜਮਹੂਰੀਅਤ ਨੂੰ ਵੱਧ ਰਹੇ ਖਤਰੇ ਦੇ ਵਿਰੁਧ ਲਹਿਰ ਦੀ

Original with;
Punjab Vidhan Sabha
Digitized by;
Panjab Digital Library

ਅਗਵਾਈ ਕਰਕੇ ਕੀਤੀ, ਉਹ ਆਉਣ ਵਾਲੇ ਵਕਤ ਤਕ ਲੰਕ ਯਾਦ ਕਰਣਗੇ। ਇਕ ਗਲ ਜਿਹੜੀ ਕਿ ਸਾਨੂੰ ਅਜ ਵੀ ਚੇਤੇ ਰਖਣੀ ਚਾਹੀਦੀ ਹੈ, ਉਹ ਉਨ੍ਹਾਂ ਦਾ ਯਕੀਨ ਆਪਣੇ ਆਪ ਤੇ ਨੁਕਤਾਚੀਨੀ ਕਰਨ ਦਾ, ਸਵੈ-ਆਲੋਚਨਾ ਕਰਨ ਦਾ ਸੀ। ਉਹ ਦੂਜੇ ਲੋਕਾਂ ਦੀ ਆਲੋਚਨਾ ਕਰਨ ਵਿਚ ਵਿਸ਼ਵਾਸ ਨਹੀਂ ਰਖਦੇ ਸਨ। ਉਹ ਬੜੇ ਵਡੇ ਸਮਾਲੋਚਕ ਵੀ ਸਨ। ਜਿਸ ਗਲ ਦੀ ਉਨ੍ਹਾਂ ਨੇ ਕਾਂਗਰਸਮੈਨ ਨੂੰ ਚੇਤਾਵਨੀ ਦਿਤੀ ਸੀ, ਉਹ ਸੀ ਸ਼ਖਸੀਅਤ ਪ੍ਰਸਤੀ ਤੋਂ ਬਚਣਾ। ਮੈਂ ਸਮਝਦਾ ਹਾਂ ਕਿ ਅਜ ਜਦੋਂ ਹਿੰਦੁਸਤਾਨ ਵਿਚ ਪਾਰਲੀਮੈਂਟਰੀ ਡੈਮੋਕਰੇਸੀ ਨੂੰ ਵੱਖ ਵੱਖ ਤਰਫੋਂ ਖਤਰਾ ਹੈ ਉਸ ਵਕਤ ਅਜਿਹੇ ਮਹਾਨ ਵਿਅਕਤੀ ਦਾ ਸਾਨੂੰ ਛਡ ਕੇ ਚਲੇ ਜਾਣਾ ਬਹੁਤ ਵੱਡਾ ਨੁਕਸਾਨ ਹੈ। ਜਿਹੜਾ ਕਿ ਥੋੜ੍ਹਿਆਂ ਕੀਤੇ ਪੂਰਾ ਹੋਣ ਵਾਲਾ ਨਹੀਂ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਜਥੇਦਾਰ ਮਾਨ ਸਿੰਘ ਹੁੰਬੇ, ਜੋ 108 ਸਾਲ ਦੀ ਉਮਰ ਵਿਚ ਸਵਰਗਵਾਸ ਹੋ ਗਏ ਹਨ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ। ਮੈਂ ਮੁੱਖ ਮੰਤਰੀ ਜੀ ਵਲੋਂ ਪੇਸ਼ ਕੀਤੇ ਸ਼ੋਕ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ। ਜਿਹੜੇ ਸਾਡੇ ਮੈਸੇਜਿਜ਼ ਨੇ, ਜੋ ਕੁਝ ਇਥੇ ਕਿਹਾ ਜਾ ਰਿਹਾ ਹੈ, ਇਹ ਉਨ੍ਹਾਂ ਦੀਆਂ ਫੈਮੀਲੀਜ਼ ਨੂੰ ਜ਼ਰੂਰ ਪਹੁੰਚਾ ਦਿਤਾ ਜਾਵੇ। ਅਸੀਂ ਹਮੇਸ਼ਾਂ ਇਹ ਕਹਿੰਦੇ ਰਹੇ ਹਾਂ। ਮੈਂ ਉਮੀਦ ਕਰਦਾ ਹਾਂ ਕਿ ਇਹ ਜ਼ਰੂਰ ਉਨ੍ਹਾਂ ਦੇ ਪਰਵਾਰਾਂ ਨੂੰ ਪਹੁੰਚਾਏ ਜਾਣਗੇ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ) : ਸਪੀਕਰ ਸਾਹਿਬ, ਅਜ ਬੜਾ ਹੀ ਮੰਦਭਾਗਾ ਦਿਨ ਹੈ ਕਿਉਂਕਿ ਅਜ ਸਾਡੇ ਨਾਲੋਂ ਇਕ ਐਸੀ ਸ਼ਖਸੀਅਤ, ਜਿਸ ਨੇ ਇਸਤਰੀ ਜਗਤ ਵਾਸਤੇ, ਪੰਜਾਬੀਆਂ ਵਾਸਤੇ ਅਤੇ ਪੰਜਾਬ ਦੀ ਤਰੱਕੀ ਵਾਸਤੇ ਆਪਣੀ ਜ਼ਿੰਦਗੀ ਦੇ ਬੇਹਤਰੀਨ ਪਹਿਲੂ ਲਾਏ ਸਨ ਅਤੇ ਹੁਣ ਵੀ ਇਨ੍ਹਾਂ ਚੀਜ਼ਾਂ ਲਈ ਉਹ ਆਪਣਾ ਵਕਤ ਲਾ ਰਹੇ ਸਨ, ਵਿਛੜ ਗਏ ਹਨ। ਸਪੀਕਰ ਸਾਹਿਬ, ਜਦੋਂ ਬਸ ਵਿਚ ਬੈਠੇ ਅਸੀਂ ਆ ਰਹੇ ਸਾਂ ਤਾਂ ਟ੍ਰਿਬਿਊਨ ਦੇ ਬਾਹਰ ਲਿਖੀ ਹੋਈ ਇਹ ਅਣਹੋਣੀ ਖਬਰ ਪੜ੍ਹ ਕੇ ਮਨ ਤੇ ਬਹੁਤ ਹੀ ਪ੍ਰਭਾਵ ਪਿਆ। ਮਿਸ ਸਰਲਾ ਪ੍ਰਾਸ਼ਰ ਦੇ ਅਕਾਲ ਚਲਾਣਾ ਕਰਨ ਨਾਲ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਇਕਲੀ ਕਾਂਗਰਸ ਪਾਰਟੀ ਨੂੰ ਇਸ ਦਾ ਨੁਕਸਾਨ ਨਹੀਂ ਹੋਇਆ ਸਗੋਂ ਸਮੁੱਚੇ ਪੰਜਾਬ ਨੂੰ ਅਤੇ ਖਾਸ ਕਰਕੇ ਸਾਨੂੰ ਸਾਰਿਆਂ ਨੂੰ ਹੋਇਆ ਹੈ। ਜੋ ਉਨ੍ਹਾਂ ਦੇ ਵਿਛੜ ਜਾਣ ਨਾਲ ਦੁਖਦਾਈ ਘਾਟਾ ਹੋਇਆ ਹੈ, ਉਹ ਆਉਣ ਵਾਲੇ ਸਮੇਂ ਵਿਚ ਬਹੁਤ ਔਖਾ ਪੂਰਾ ਹੋਵੇਗਾ। ਸਪੀਕਰ ਸਾਹਿਬ, ਇਹ ਪਤਾ ਲਗਿਆ ਹੈ ਕਿ ਜਿਸ ਵੇਲੇ ਐਕਸੀਡੈਂਟ ਹੋਇਆ ਤਾਂ ਉਸਦਾ ਕਿਸੇ ਨੂੰ ਪਤਾ ਨਾ ਲਗ ਸਕਿਆ ਅਤੇ ਕਾਰ ਦਾ ਹਾਰਨ ਵਜਦਾ ਹੀ ਰਿਹਾ, ਰੇਲਵੇ ਦਾ ਕੋਈ ਕਰਮਚਾਰੀ ਸੀ ਉਸ ਨੇ ਵੇਖਿਆ ਕਿ ਹਾਰਨ ਕਿਉਂ ਵਜ ਰਿਹਾ ਹੈ, ਉਹ ਭੱਜ ਕੇ ਗਿਆ। ਪਰ ਉਦੋਂ ਤਕ ਭਾਣਾ ਵਰਤ ਚੁੱਕਾ ਸੀ। ਇਹ ਬੜੀ ਦਰਦਨਾਕ ਘਟਨਾ ਵਾਪਰੀ ਹੈ।

ਸਪੀਕਰ ਸਾਹਿਬ, ਸਾਡੇ ਦੇਸ਼ ਦੀ ਇਕ ਹੋਰ ਬਹੁਤ ਹੀ ਮਹਾਨ ਸ਼ਖਸੀਅਤ ਜਿਨ੍ਹਾਂ ਦੇ ਪਾਰਲੀਮੈਂਟਰੀ ਢਾਂਚੇ ਵਾਸਤੇ ਅਤੇ ਦੇਸ਼ ਦੀ ਜਮਹੂਰੀਅਤ ਵਾਸਤੇ ਵਿਚਾਰ ਬੜੇ ਸਥਾਪਤ ਹੋਏ ਸਨ ਉਹ ਵੀ ਸਾਡੇ ਨਾਲੋਂ ਵਿਛੜ ਗਏ ਹਨ। ਅਜ ਜਦੋਂ ਕਿ ਦੇਸ਼ ਦੇ ਅੰਦਰ ਤਾਨਾਸ਼ਾਹੀ ਵਧ ਰਹੀ ਹੈ ਅਤੇ ਪਾਰਲੀਮੈਂਟਰੀ ਡੈਮੋਕਰੇਸੀ ਨੂੰ ਖਤਰਾ ਹੈ ਤਾਂ ਐਸੀ ਸ਼ਖਸੀਅਤ ਦੀ ਬੜੀ ਲੋੜ ਸੀ। ਐਮਰਜੈਂਸੀ ਦੇ ਦੌਰਾਨ ਜੈਸਾ ਰੋਲ ਉਨ੍ਹਾਂ ਨੇ ਅਦਾ ਕੀਤਾ ਸੀ, ਉਹ ਸਭ ਨੂੰ ਪਤਾ ਹੈ। ਅਜ ਤਾਨਾਸ਼ਾਹੀ ਰੁਝਾਨ ਦਾ ਖਤਰਾ ਹੈ।

Original with;
Punjab Vidhan Sabha
Digitized by;
Panjab Digital Library

[ਪ੍ਰੋ: ਬਲਵੰਤ ਸਿੰਘ]

ਪਰ ਉਹ ਸਾਡੇ ਤੋਂ ਇਸ ਬੇਮੌਕੇ ਵਿਛੜ ਗਏ ਹਨ । ਆਚਾਰੀਆ ਕ੍ਰਿਪਲਾਨੀ ਜੀ ਦੀ ਮੈਂ ਸਮਝਦਾ ਹਾਂ ਕਿ ਇਸ ਭਾਰਤ ਦੀ ਔਖੀ ਘੜੀ ਵਿਚ ਬਹੁਤ ਲੋੜ ਸੀ । ਇਸ ਤਰਾਂ ਹੀ ਜੱਥੇਦਾਰ ਹੰਬੋ ਜੀ ਦੀ ਭਾਵੇਂ 103 ਵਰ੍ਹਿਆਂ ਦੀ ਉਮਰ ਸੀ, ਪਰ ਮੈਂ ਸਮਝਦਾ ਹਾਂ ਕਿ ਚੰਗੇ ਬੰਦਿਆਂ ਦੀ ਸਦਾ ਹੀ ਲੋੜ ਹੁੰਦੀ ਹੈ ਤਾਕਿ ਆਉਣ ਵਾਲੀਆਂ ਪੀੜੀਆਂ ਉਨ੍ਹਾਂ ਤੋਂ ਉਨ੍ਹਾਂ ਦੇ ਚੰਗੇ ਜੀਵਨ ਤੋਂ ਸਿਖਿਆ ਲੈਂਦੀਆਂ ਰਹਿਣ ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਮਾੜਾ ਦਿਨ ਹੈ ਜਦੋਂ ਕਿ ਸਰਲਾ ਪ੍ਰਾਸ਼ਰ ਜੀ ਸਾਡੇ ਤੋਂ ਵਿਛੜ ਗਏ ਹਨ। ਅਜੇ ਕੁਝ ਹੀ ਦਿਨ ਹੋਏ ਹਨ ਕਿ ਜਥੇਦਾਰ ਸਾਹਿਬ ਅੌਰ ਅਚਾਰੀਆ ਕ੍ਰਿਪਲਾਨੀ ਜੀ ਸਾਡੇ ਤੋਂ ਵਿਛੜ ਗਏ ਸਨ। ਇਸ ਸ਼ੋਕ ਮਤੇ ਦੀ ਕਾਪੀ ਮਿਰਤਕਾਂ ਦੇ ਪਰਵਾਰਾਂ ਨੂੰ ਭੇਜ ਦਿਤੀ ਜਾਵੇ। ਮੈਂ ਸਮਝਦਾ ਹਾਂ ਕਿ ਇਸ ਵਿਚ ਸਾਰੀਆਂ ਪਾਰਟੀਆਂ ਨੂੰ ਸ਼ਰੀਕ ਹੋਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ (ਤਰਨ ਤਾਰਨ) : ਸਪੀਕਰ ਸਾਹਿਬ, ਸਰਲਾ ਪ੍ਰਾਸ਼ਰ ਜੀ ਜੋ ਇਸ ਹਾਊਸ ਦੇ ਪਹਿਲਾਂ ਵੀ ਮੈਂਬਰ ਰਹੇ ਅੌਰ ਦੁਣ ਵੀ ਉਹ ਸਿਟਿੰਗ ਮੈਂਬਰ ਸਨ, ਉਨ੍ਹਾਂ ਦੀ ਦੁਖਦਾਈ ਮੌਤ ਜੋ ਲੀਡਰ ਆਫ ਦੀ ਹਾਊਸ ਨੇ ਸੁਨਾਈ ਹੈ, ਉਸ ਨੂੰ ਸੁਣ ਕੇ ਬਹੁਤ ਹੀ ਸਦਮਾ ਹੋਇਆ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ।

ਸਪੀਕਰ ਸਾਹਿਬ, ਆਚਾਰੀਆ ਕ੍ਰਿਪਲਾਨੀ ਜੀ ਇਸ ਹਿੰਦੁਸਤਾਨ ਦੇ ਮਹਾਨ ਆਜ਼ਾਦੀ ਸੰਗਰਾਮੀਏ ਸਨ, ਜਿਨ੍ਹਾਂ ਨੇ ਹਿੰਦੁਸਤਾਨ ਦੀ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਕੁਰਬਾਨੀਆਂ ਕੀਤੀਆਂ। ਇਹ ਉਨ੍ਹਾਂ ਦੀ ਬਹਾਦਰੀ ਅੌਰ ਦਲੇਰੀ ਦਾ ਸਦਕਾ ਹੈ ਕਿ ਅਜ ਹਿੰਦੁਸਤਾਨ ਵਿਚ ਡੈਮੋਕ੍ਰੇਸੀ ਆਈ ਅੌਰ ਹਿੰਦੁਸਤਾਨ ਆਜ਼ਾਦ ਹੋਇਆ। ਉਨ੍ਹਾਂ ਦੀਆਂ ਮਹਾਨ ਸਿਖਿਆਵਾਂ ਦੇਸ਼ ਦੇ ਲੋਕਾਂ ਲਈ ਰੋਸ਼ਨ ਮੁਨਾਰਾ ਹਨ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਕੰਮਾਂ ਨੂੰ, ਉਨ੍ਹਾਂ ਦੇ ਪ੍ਰੋਗਰਾਮਾਂ ਨੂੰ, ਉਨ੍ਹਾਂ ਦੀ ਜ਼ਿੰਦਗੀ ਤੋਂ ਸਿਖਿਆ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਸਿਆਸਤ ਵਿਚ ਰਹਿ ਕੇ, ਸਾਦੀ, ਕੁਰੱਪਸ਼ਨ ਤੋਂ ਦੂਰ, ਸੱਚੀ ਤੇ ਸੁੱਚੀ ਜ਼ਿੰਦਗੀ ਬਤੀਤ ਕੀਤੀ ਅੌਰ ਸਾਡੇ ਸਾਹਮਣੇ ਇਕ ਮਿਸਾਲ ਪੇਸ਼ ਕੀਤੀ।

ਸਪੀਕਰ ਸਾਹਿਬ, ਜਥੇਦਾਰ ਮਾਨ ਸਿੰਘ ਹੰਬੋ, ਸਾਬਕਾ ਐਮ.ਐਲ.ਏ., ਇਕ ਵੱਡੇ ਆਜ਼ਾਦੀ ਦੇ ਘੁਲਾਟੀਏ ਸਨ। ਅੰਗਰੇਜ਼ਾਂ ਦੇ ਖਿਲਾਫ ਜੋ ਵੀ ਲਹਿਰ ਚਲੀ ਜਾਂ ਜੋ ਵੀ ਗੁਰਦਵਾਰਾ ਲਹਿਰ ਚੱਲੀ ਇਨ੍ਹਾਂ ਨੇ ਉਨ੍ਹਾਂ ਲਹਿਰਾਂ ਵਿਚ ਬਹੁਤ ਹੀ ਉੱਘਾ ਹਿੱਸਾ ਪਾਇਆ। ਇਨ੍ਹਾਂ ਨੇ ਉਨ੍ਹਾਂ ਲਹਿਰਾਂ ਵਿਚ ਮਹਾਨ ਕੁਰਬਾਨੀਆਂ ਕੀਤੀਆਂ। ਜਦੋਂ ਫਿਰ ਸੂਬਿਆਂ ਦੀ ਦੁਬਾਰਾ ਹੱਦਬੰਦੀ ਹੋ ਰਹੀ ਸੀ ਤਾਂ ਉਸ ਵਿਚ ਵੀ ਉਨ੍ਹਾਂ ਨੇ ਭਾਰੀ ਹਿੱਸਾ ਪਾਇਆ ਅੌਰ ਫਿਰ ਪੰਜਾਬੀ ਸੂਬਾ ਹੋਂਦ ਵਿਚ ਆਇਆ। ਉਨਾਂ ਦੇ ਨਾਲ ਕੁਝ ਸਮਾਂ ਜੇਲ੍ਹ ਵਿਚ ਵੀ ਰਹਿਣ ਦਾ ਮੌਕਾ ਮਿਲਿਆ ਹੈ, ਉਨ੍ਹਾਂ ਦੇ ਖਿਆਲਾਤ ਸੁਣਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੇ ਅੰਦਰ ਜੋ ਕੁਰਬਾਨੀ ਅੌਰ ਦਲੇਰੀ ਦੇ ਜਜ਼ਬਾਤ ਸਨ, ਉਹ ਕੂੱਟ ਕੂੱਟ ਕੇ ਭਰੇ ਹੋਏ ਸਨ। ਜੋ ਪ੍ਰਸਤਾਵ ਇਨ੍ਹਾਂ ਤਿੰਨਾਂ ਸ਼ਖਸੀਅਤਾਂ ਬਾਰੇ ਲੀਡਰ ਆਫ ਦੀ ਹਾਊਸ ਨੇ ਪੇਸ਼ ਕੀਤਾ ਹੈ ਮੈਂ ਅੌਰ ਮੇਰੀ ਪਾਰਟੀ ਉਸ ਵਿਚ ਪੂਰੀ ਤਰ੍ਹਾਂ ਸ਼ਾਮਲ ਹੁੰਦੀ ਹੈ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਬਲਦੇਵ ਸਿੰਘ ਲੂੰਬਾ (ਸੂਤਰਾਨਾ, ਐਸ.ਸੀ.) : ਸਪੀਕਰ ਸਾਹਿਬ, ਸਰਲਾ ਪ੍ਰਾਸ਼ਰ ਜੀ ਇਕ ਇਨਕਲਾਬੀ ਸਖਸ਼ੀਅਤ ਸਨ। ਉਹ ਇਸ ਹਾਊਸ ਦੀ ਤਿੰਨ ਵਾਰੀ ਲੋਕਾਂ ਦੀ ਚੁਣੀ ਹੋਈ ਸ਼ਖਸੀਅਤ ਸੀ। ਜੇਕਰ ਇਹ ਕਹੀਏ ਕਿ ਉਹ ਖਾਸ ਤੌਰ ਤੇ ਔਰਤ ਜਾਤੀ ਦੇ ਲੀਡਰ ਸਨ ਤਾਂ ਇਹ ਗੱਲ ਵੀ ਠੀਕ ਹੈ, ਉਹ ਮਹਾਨ ਸ਼ਖਸੀਅਤ ਅਜ ਵਿਛੜ ਚੁੱਕੀ ਹੈ। ਇਸ ਨਾਲ ਮੈਂ ਸਮਝਦਾ ਹਾਂ ਕਿ ਇਕਲਾ ਕਾਂਗਰਸ ਪਾਰਟੀ ਨੂੰ ਹੀ ਨਹੀਂ ਬਲਕੇ ਸਾਰੇ ਪੰਜਾਬ ਨੂੰ ਔਰ ਖਾਸ ਤੌਰ ਤੇ ਇਸਤਰੀ ਜਾਤੀ ਨੂੰ ਹੀ ਘਾਟਾ ਪਿਆ ਹੈ ਜੋ ਕਿ ਪੂਰਾ ਹੋਣਾ ਮੁਸ਼ਕਲ ਹੈ। ਉਨ੍ਹਾਂ ਦੀ ਬੇਵਕਤੀ ਮੌਤ ਪੰਜਾਬ ਲਈ ਔਰ ਇਸ ਹਾਊਸ ਲਈ ਬਹੁਤ ਦੁਖਦਾਈ ਹੈ। ਇਸ ਲਈ ਮੈਂ ਔਰ ਮੇਰੀ ਪਾਰਟੀ ਉਨ੍ਹਾਂ ਦੇ ਪ੍ਰਤੀ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦੇ ਹਾਂ ਔਰ ਇਹ ਬੇਨਤੀ ਕਰਦੇ ਹਾਂ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਇਹ ਸ਼ੋਕ ਸੰਦੇਸ਼ ਭੇਜਣਾ ਚਾਹੀਦਾ ਹੈ।

ਸਪੀਕਰ ਸਾਹਿਬ, ਆਚਾਰੀਆ ਕ੍ਰਿਪਲਾਨੀ ਜੀ ਆਜ਼ਾਦੀ ਦੇ ਘੁਲਾਟੀਏ ਔਰ ਲਗਾਤਾਰ ਆਪਣੇ ਇਰਾਦੇ ਦੇ ਪੱਕੇ ਇਨਸਾਨ ਵੀ ਅਜ ਚਲੇ ਗਏ ਹਨ ਮੈਂ ਇਹ ਨਹੀਂ ਕਹਿੰਦਾ ਕਿ ਉਹ ਕਿਸ ਜਮਾਤ ਦੀ ਸੇਵਾ ਕਰਦੇ ਸਨ, ਉਹ ਭਾਵੇਂ ਕਿਸੇ ਵੀ ਜਮਾਤ ਦੀ ਸੇਵਾ ਕਰਦੇ ਸਨ ਪਰ ਇਕ ਗਲ ਉਨ੍ਹਾਂ ਦੀ ਦਰਿੜ੍ਹ ਸੀ ਕਿ ਉਹ ਬੜੀ ਦ੍ਰਿੜ੍ਹਤਾ ਨਾਲ, ਪੱਕੇ ਇਰਾਦੇ ਨਾਲ ਜਮਾਤ ਦੀ ਸੇਵਾ ਕਰਦੇ ਸਨ ਔਰ ਇਸ ਸੇਵਾ ਵਿਚ ਕੋਈ ਕਸਰ ਨਹੀਂ ਸਨ ਛਡਦੇ। ਉਨ੍ਹਾਂ ਦੀ ਚਾਹ ਸੀ ਕਿ ਮੈਂ ਮੁੜ ਕੇ ਉਸ ਜਮਾਤ ਨੂੰ ਇਕੱਠੀ ਕਰ ਸਕਾਂ ਲੇਕਿਨ ਉਹ ਵਿਛੜ ਗਏ ਹਨ। ਜਥੇਦਾਰ ਜੀ ਨੇ ਗੁਰਦਵਾਰਾ ਲਹਿਰ ਵਿਚ ਔਰ ਹੋਰ ਲਹਿਰਾਂ ਵਿਚ ਬੜਾ ਹਿੱਸਾ ਪਾਇਆ। ਉਨ੍ਹਾਂ ਨੇ ਆਪਣੀ ਉਮਰ 108 ਸਾਲਾਂ ਦੀ ਪਾਈ। 103 ਸਾਲ ਨਹੀਂ ਬਲਕਿ ਮੈਂ ਸਮਝਦਾ ਹਾਂ ਕਿ ਉਹ ਹੋਰ ਵੀ ਸਮਾਂ ਜੀਵਨ ਜੀਉਂਦੇ ਤਾਕਿ ਉਹਨਾਂ ਦਾ ਚੰਗਾ ਜੀਵਨ ਲੋਕ ਹੋਰ ਵੇਖ ਸਕਦੇ ਔਰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਦੇ ਪਰ, ਸਪੀਕਰ ਸਾਹਿਬ, ਇਨਸਾਨ ਭਾਣੇ ਨੂੰ ਮੋੜ ਨਹੀਂ ਸਕਦਾ। ਇਸ ਲਈ ਮੈਂ ਆਪਣੀ ਪਾਰਟੀ ਵਲੋਂ ਔਰ ਆਪਣੇ ਵਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਅਰਪਨ ਕਰਦਾ ਹਾਂ ਔਰ ਲੀਡਰ ਆਫ ਦੀ ਹਾਊਸ ਦੇ ਮਤੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ।

ਸ਼੍ਰੀ ਸਪੀਕਰ : ਸਾਰਾ ਸਦਨ ਇਸ ਸ਼ੋਕ ਪ੍ਰਸਤਾਵ ਤੇ ਬੜਾ ਸੰਗੀਨ ਹੈ। ਤਿੰਨ ਮਹਾਨ ਸ਼ਕਸ਼ੀਅਤਾਂ ਅਚਾਨਕ ਸਾਨੂੰ ਛੱਡ ਕੇ ਚਲੀਆਂ ਗਈਆਂ ਹਨ। ਜੋ ਖਿਆਲਾਤ ਉਨ੍ਹਾਂ ਦੇ ਬਾਰੇ ਜ਼ਾਹਿਰ ਕੀਤੇ ਗਏ ਹਨ, ਮੈਂ ਉਨ੍ਹਾਂ ਵਿਚ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ। ਮੈਂ ਮਾਨਯੋਗ ਮੈਂਬਰਾਂ ਅਗੇ ਪ੍ਰਾਰਥਨਾ ਕਰਾਂਗਾ ਕਿ ਉਹ ਵਿਛੜੀਆਂ ਆਤਮਾਵਾਂ ਦੇ ਸਨਮਾਨ ਵਾਸਤੇ ਦੋ ਮਿੰਟ ਖੜੇ ਹੋ ਜਾਣ।

(ਇਸ ਸਮੇਂ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰਾਂ ਨੇ ਖੜੇ ਹੋ ਕੇ ਦੋ ਮਿੰਟ ਮੌਨ ਧਾਰਨ ਕੀਤਾ।)


ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਨੇ ਪ੍ਰਪੋਜ਼ ਕੀਤਾ ਹੈ, ਵਿਦ ਦੀ ਪਲੈਜ਼ਰ ਆਫ ਦੀ ਹਾਊਸ ਅੱਜ ਦਾ ਜਿਹੜਾ ਬਿਜ਼ਨੈਸ ਹੈ, ਉਹ ਪਰਸੋਂ ਤਕ ਸਥੱਗਤ ਕੀਤਾ ਜਾਂਦਾ ਹੈ।

Mr. Speaker : The House stands adjourned till 2.00 P.M. on Wednesday, 24th March, 1982.

*2.30 P.M. | *(The Sabha then *adjourned till 2.00 P.M. on Wednesday, the 24th March, 1982).*

42-4-5-82-325 Copies Pb. Govt. Press, Patiala.

Original with;
Punjab Vidhan Sabha
Digitized by;
Panjab Digital Library



Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

©

1982

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

24th March, 1982

Vol. IV—No. 17

OFFICIAL REPORT

CONTENTS

Wednesday, the 24th March, 1982

		Page
Starred Questions and Answers	..	(17)1
Written Answers to Starred Questions laid on the Table of the House under Rule 38	..	(17)28
Announcement by the Speaker	..	(17)33
Call Attention Notices under Rule 66	..	(17)34
Walk-Out	..	(17)37
Call Attention Notices under Rule 66 (*Resumption*)	..	(17)38
FINANCIAL BUSINESS:—		
Voting of Excess Demands over Grants and Appropriation, for the years1966-67 (Post-Reorganisation period from1st November, 1966 to 31st March, 1967) and 1972-73	..	(17)40
LEGISLATIVE BUSINESS:—		
The Punjab Appropriation (No. 2) Bill, 1982	..	(17)45
Discussion and Voting of Demands for Grants for the year 1982-83		(17)46

Punjab Vidhan Sabha Secretariat, Chandigarh.

Price : Rs. 41.00

Original with;
Punjab Vidhan Sabha
Digitized by;
Panjab Digital Library

	Page
Third Report of the Business Advisory Committee ..	(17)76
Discussion and Voting of Demands for Grants for the year 1982-83 (*Resumption*)	(17)77
Extension of Time of the Sitting ..	(17)83
Discussion and Voting of Demands for Grants for the year 1982-83 (*Resumption*)	(17)83
Extension of time of the Sitting ..	(17)88
Discussion and Voting of Demands for Grants for the year, 1982-83 (*Resumption*) ..	(17)88

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 24th March, 1982.

The Vidhan Sabha met in the Punjab Vidhan Sabha Hall, Vidhan Bhawan, Chandigarh, at 2-00 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Grant to the Panchayat of Village Burj Hamira, Tehsil Moga

*1527. (i) **Sardar Surjit Singh Barnala**
(ii) **Jathedar Ujagar Singh Sekhwan** } : Will the Minister for Development be pleased to state—

(a) whether any grant was given to the Panchayat of village Burj Hamira, Tehsil Moga in the year 1978 for the construction of a Panchayat Ghar;

(b) if the reply to part (a) above be in the affirmative, whether the amount of the said grant was spent;

(c) whether any representation regarding misappropriation of Rs. 7,637 by the previous Panchayat was made to the Government by the present Sarpanch of village Burj Hamira; if so, the action taken thereon ?

ਸਰਦਾਰ ਹਰਚਰਨ ਸਿੰਘ ਅਜਨਾਲਾ (ਸਿਖਿਆ ਮੰਤਰੀ) : (ੳ) ਹਾਂ ਜੀ ।

(ਅ) ਨਹੀਂ ਜੀ!

(ਏ) ਹਾਂ ਜੀ । ਸਾਬਕਾ ਸਰਪੰਚ ਦੇ ਖਿਲਾਫ ਪੜਤਾਲ ਅਰੰਭੀ ਜਾ ਚੁੱਕੀ ਹੈ ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਜਿਹੜਾ ਜਵਾਬ ਮੇਰੇ ਕੋਲ ਆਇਆ ਹੈ ਉਸ ਵਿੱਚ ਲਿਖਿਆ ਹੈ ਕਿ ਸਰਪੰਚ ਦੇ ਖਿਲਾਫ ਪੜਤਾਲ ਕੀਤੀ ਜਾ ਚੁੱਕੀ ਹੈ, ਹੁਣ ਇਹ ਕਹਿੰਦੇ ਹਨ ਕਿ ਪੜਤਾਲ ਅਰੰਭੀ ਜਾ ਚੁੱਕੀ ਹੈ। ਤੁਸੀਂ ਵੇਖ ਲਓ । ਜੇ ਇਹ ਪੜਤਾਲ ਕੀਤੀ ਜਾ ਚੁੱਕੀ ਹੈ ਤਾਂ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਸ ਪੜਤਾਲ ਦੇ ਸਿੱਟੇ ਕੀ ਨਿਕਲੇ ਹਨ ?

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਬੜਾ ਕਲੀਅਰ ਦਿੱਤਾ ਹੈ ਕਿ ਪੜਤਾਲ ਅਰੰਭੀ ਜਾ ਚੁੱਕੀ ਹੈ, ਜਿਸ ਦਾ ਮਤਲਬ ਹੈ ਸ਼ੁਰੂ ਕੀਤੀ ਜਾ ਚੁੱਕੀ ਹੈ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਮੇਰੇ ਕੋਲ ਤਾਂ ਜਿਹੜਾ ਜਵਾਬ ਆਇਆ ਹੈ ਇਸ ਵਿਚ ਤਾਂ ਲਿਖਿਆ ਹੈ ਕਿ ਕੰਮ ਕੀਤਾ ਜਾ ਚੁੱਕਾ ਹੈ ਪਰ ਹੁਣ ਇਹ ਕਹਿ ਰਹੇ ਹਨ ਕਿ ਅਰੰਭਿਆ ਜਾ ਚੁੱਕਾ ਹੈ। ਜੇ ਅਰੰਭਿਆ ਜਾ ਚੁੱਕਾ ਹੈ ਤਾਂ ਇਸ ਕਾਰਵਾਈ ਦੇ ਮੁਕੰਮਲ ਹੋਣ ਲਈ ਅਸੀਂ ਕਦੋਂ ਤਕ ਆਸ ਰਖ ਸਕਦੇ ਹਾਂ ? ਕਦੋਂ ਤਕ ਇਹ ਮੁਕੰਮਲ ਕਰ ਲੈਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮਾਨਯੋਗ ਮੈਂਬਰ ਸਾਹਿਬ ਸਾਡੇ ਸਫੇਦਰੀਸ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਸਰਪੰਚ ਨੂੰ ਸੰਮਨ ਵਗੈਰਾ ਜਾਰੀ ਹੋ ਚੁੱਕੇ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਲਦੀ ਹੀ ਪੜਤਾਲ ਪੂਰੀ ਕਰ ਲਈ ਜਾਵੇ।

ਸਰਦਾਰ ਆਤਮਾ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੜਤਾਲ ਕਦੋਂ ਅਰੰਭ ਕੀਤੀ ਗਈ ਸੀ ?

ਮੰਤਰੀ : ਸਪੀਕਰ ਸਾਹਿਬ, ਸਵਾਲ ਦੇ ਦੂਜੇ ਤੀਸਰੇ ਪਾਰਟ ਵਿੱਚ ਮੈਂ ਦੱਸ ਚੁੱਕਾ ਹਾਂ ਕਿ ਇਸ ਸਬੰਧ ਵਿਚ ਇਕ ਮੈਮੋਰੰਡਮ ਆਇਆ ਸੀ। ਜੁਲਾਈ, 1981 ਵਿੱਚ ਜਦੋਂ ਇਹ ਮੈਮੋਰੰਡਮ ਮਿਲਿਆ ਤਾਂ ਸਰਪੰਚ ਦੇ ਖਿਲਾਫ ਪੜਤਾਲ ਕਰਨ ਲਈ ਸੈਕਸ਼ਨ 105 ਦੇ ਥਲੇ ਮਹਿਕਮੇ ਨੂੰ ਭੇਜ ਦਿੱਤਾ ਗਿਆ ਸੀ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਹ ਮੈਮੋਰੰਡਮ ਮਹਿਕਮੇ ਨੂੰ ਘਲਿਆ ਗਿਆ ਸੀ। 1978 ਦਾ ਕੇਸ ਹੈ, 1981 ਵਿਚ ਇਨ੍ਹਾਂ ਨੇ ਇਹ ਕਾਗਜ਼ ਥੱਲੇ ਕਾਰਵਾਈ ਲਈ ਭੇਜੇ। ਕੀ ਇਹ ਦੱਸਣਗੇ ਕਿ ਇਹ ਕਾਰਵਾਈ ਹੁਣ ਤਕ ਕਿਉਂ ਨਹੀਂ ਹੋਈ ? ਡੀਲੇਅ ਕਿਉਂ ਹੋਈ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਦਿੱਤਾ ਹੈ ਕਿ ਜੁਲਾਈ, 1981, ਵਿੱਚ ਮੈਮੋਰੰਡਮ ਮਿਲਿਆ ਤਾਂ ਪੜਤਾਲ ਲਈ ਥੱਲੇ ਭੇਜ ਦਿੱਤਾ ਗਿਆ ਸੀ। ਇਸ ਵਿੱਚ ਇਕ ਦੋ ਮਹੀਨੇ ਦੀ ਡੀਲੇਅ ਹੋਈ ਹੈ ਕਿਉਂਕਿ ਉਸ ਵੇਲੇ ਉਥੇ ਬਲਾਕ ਡਿਵੈਲਪਮੈਂਟ ਅਫ਼ਸਰ ਕੋਈ ਨਹੀਂ ਸੀ। ਬਾਕੀ ਹੁਣ ਅਸੀਂ ਕੋਸ਼ਿਸ਼ ਕਰਾਂਗੇ ਕਿ ਜਲਦੀ ਤੋਂ ਜਲਦੀ ਕਾਰਵਾਈ ਮੁਕੰਮਲ ਕੀਤੀ ਜਾਵੇ।

Construction of Spurs

***1546. Sardar Lakha Singh**: Will the Minister for Agriculture and Irrigation be pleased to state the time by which the construction work of spurs on the river Beas from Kot Mehtab to Verowal in district Amritsar is likely to be started ?

ਚੌਧਰੀ ਕਾਂਸ਼ੀ ਰਾਮ : ਇਸ ਕੰਮ ਲਈ ਕੋਈ ਸਮਾਂ ਮਿਥਿਆ ਨਹੀਂ ਜਾ ਸਕਦਾ ਜੋ ਕਿ ਫੰਡਜ਼ ਦੇ ਉਪਲਭਧ ਹੋਣ ਉਪਰੰਤ ਚਾਲੂ ਕੀਤਾ ਜਾ ਸਕਦਾ ਹੈ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੱਪਰ ਦਰਿਆ ਬਿਆਸ ਤੇ ਕੋਟ ਮਹਿਤਾਬ ਤੋਂ ਲੈ ਕੇ ਵੈਰੋਵਾਲ ਤਕ ਨਾ ਬਣਨ ਨਾਲ ਲੋਕਾਂ ਨੂੰ ਕਾਫੀ ਮੁਸ਼ਕਲ ਆਉਂਦੀ ਹੈ। ਹੁਣ ਇਸ ਕੰਮ ਨੂੰ ਕਦੋਂ ਤਕ ਸ਼ੁਰੂ ਕਰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਕੰਮ ਹੈ ਇਹ ਕੋਟ ਮਹਿਤਾਬ ਤੋਂ ਲੈ ਕੇ ਚਿਰਾਗਵਾਲ ਤਕ ਲੋਕਲ ਪਰੋਟੈਕਸ਼ਨ ਬੰਧ ਦਾ ਕੰਮ ਹੈ। ਇਸ ਲਈ ਇਸ ਵੇਲੇ ਇਸ ਦਾ ਟਾਈਮ ਨਹੀਂ ਦਸਿਆ ਜਾ ਸਕਦਾ।

(ਇਸ ਵੇਲੇ ਮਾਨਯੋਗ ਮੈਂਬਰ, ਸਰਦਾਰ ਦਲੀਪ ਸਿੰਘ ਪਾਂਧੀ, ਨੇ ਇਕ ਫੋਟੋ ਆਪਣੇ ਮਾਈਕ ਦੇ ਨਾਲ ਲਾ ਦਿੱਤੀ।)

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਆਪਣੇ ਮਾਈਕ ਦੇ ਨਾਲ ਏਰੀਅਲ ਕਿਹੜਾ ਲਾ ਦਿੱਤਾ ਹੈ ? ਪਹਿਲੇ ਇਹ ਵੇਖ ਲਓ।

ਸ਼੍ਰੀ ਸਪੀਕਰ : ਇਹ ਕੀ ਹੈ ?

ਵਿੱਤ ਮੰਤਰੀ: ਇਹ ਤੁਸੀਂ ਵੇਖ ਲਓ। The Hon. Member cannot display a photo. This should be removed.

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਹ ਫੋਟੋ (ਫੋਟੋ ਉਤਾਰ ਕੇ ਦਿਖਾਂਦੇ ਹੋਏ) ਓਬਜੈਕਸ਼ਨੇਬਲ ਨਹੀਂ ਬਲਕਿ ਇਹ ਬੰਦੇ ਹੀ ਓਬਜੈਕਸ਼ਨੇਬਲ ਹਨ। ਇਨ੍ਹਾਂ ਨੂੰ ਰੀਮੂਵ ਕਰੋ।

ਸ਼੍ਰੀ ਸਪੀਕਰ : ਤੁਸੀਂ ਕੁਐਸਚਨ ਆਵਰ ਦਾ ਸਮਾਂ ਕਿਉਂ ਜ਼ਾਇਆ ਕਰਦੇ ਹੋ । Please sit down.

ਖੇਤੀਬਾੜੀ ਤੇ ਸਿੰਚਾਈ ਮੰਤਰੀ : ਤੋ, ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਇਹ ਲੋਕਲ ਪਰੋਟੈਕਸ਼ਨ ਬੰਧ ਦਾ ਕੰਮ ਹੈ। ਪੈਸੇ ਉਪਲਬਧ ਹੋਣ ਤੇ ਕੰਮ ਕੀਤਾ ਜਾ ਸਕਦਾ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਮਾਂ ਨਹੀਂ ਦਸਿਆ ਜਾ ਸਕਦਾ। ਇਨ੍ਹਾਂ ਨੂੰ ਸ਼ਾਇਦ ਲੋਕਾਂ ਦੀ ਤਕਲੀਫ ਦਾ ਨਹੀਂ ਪਤਾ, ਜਦੋਂ ਹੜ੍ਹ ਆਉਂਦੇ ਹਨ ਤਾਂ ਜਿਹੜੇ ਘਰ ਉਜੜਦੇ ਹਨ ਉਨ੍ਹਾਂ ਦੀ ਹਾਲਤ ਵੇਖੀ ਨਹੀਂ ਜਾ ਸਕਦੀ। ਦਰਿਆ ਸਤਲੁਜ ਤੇ ਮੇਰੇ ਹਲਕੇ ਵਿਚ 2-3 ਵਾਰੀ ਸਪੱਰ ਬਣਿਆ ਹੈ ਪਰ ਟੁਟਦਾ ਰਿਹਾ ਹੈ ਲੇਕਿਨ ਜਿਸ ਅਫਸਰ ਦੀ ਅਣਗਹਿਲੀ ਸੀ ਉਸ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਲੋਕ ਉਥੋਂ ਦੇ ਬਹੁਤ ਦੁਖੀ ਹਨ। ਕੀ ਮਨਿਸਟਰ ਸਾਹਿਬ, ਅਸ਼ੋਅਰ ਕਰਨਗੇ ਕਿ ਮੇਰੇ ਹਲਕੇ ਵਿਚ ਫਲੱਡ ਆਉਣ ਤੋਂ ਪਹਿਲਾਂ ਪਹਿਲਾਂ ਇਸ ਸਤਲੁਜ ਦਰਿਆ ਤੇ ਸਪੱਰ ਬਣਾ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਖਾਲਸਾ ਜੀ ਨੇ ਜਿਹੜਾ ਸਵਾਲ ਕੀਤਾ ਹੈ ਇਹ ਕਿਸੇ ਹੋਰ ਨੋਈਅਤ ਦਾ ਹੈ। ਇਸ ਸਬੰਧ ਵਿਚ ਇਹ ਸੈਪਰੇਟ ਕੁਐਸਚਨ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ ਜਾਂ ਇਹ ਮੇਰੇ ਕੋਲ ਆ ਜਾਣ, ਮੈਂ ਅਫਸਰ ਕਨਸਰੰਡ ਨੂੰ ਬੁਲਾ ਕੇ ਇਨ੍ਹਾਂ ਦੀ ਤਸੱਲੀ ਕਰਵਾ ਦੇਵਾਂਗਾ।

ਸਰਦਾਰ ਹਰਚੰਦ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਸੋਹਨਰੜ੍ਹ ਅਤੇ ਫਾਜ਼ੀਵਾਲੇਰੜ੍ਹ ਵਿਚ ਪੁੱਲ ਬਣਦਾ ਬਣਦਾ ਰੁੱਕ ਗਿਆ ਹੈ। ਇਹ ਦੱਸਣ ਕਿ ਉਹ ਕੰਮ ਕਿਉਂ ਰੁੱਕ ਗਿਆ ਹੈ ?

ਸ਼੍ਰੀ ਸਪੀਕਰ : ਇਸ ਸਪਲੀਮੈਂਟਰੀ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ।

ਸਰਦਾਰ ਹਰਚੰਦ ਸਿੰਘ ਬਰਾੜ : ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਸਵਾਲ ਹੈ। ਲੋਕ ਬਾਹਰ ਆਏ ਬੈਠੇ ਹਨ, ਅਸੀਂ ਉਨ੍ਹਾਂ ਨੂੰ ਕੀ ਜਵਾਬ ਦੇਈਏ।

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ ਲੇਕਿਨ ਜੋ ਇਹ ਕਹਿੰਦੇ ਹਨ ਕਿ ਪੁੱਲ ਬਣਦਾ ਬਣਦਾ ਰੁੱਕ ਗਿਆ

Original with;
Punjab Vidhan Sabha
Digitized by
Panjab Digital Library

[ਖੇਤੀਬਾੜੀ ਮੰਤਰੀ]

ਹੈ, ਇਸ ਬਾਰੇ ਇਹ ਸਾਡੇ ਨੋਟਿਸ ਵਿੱਚ ਬਾਅਦ ਵਿੱਚ ਲੈ ਆਉਣ, ਅਸੀਂ ਵੇਖ ਲਵਾਂਗੇ। ਜੇ ਉਹ ਪੁੱਲ ਬਣਦਾ ਬਣਦਾ ਰੁੱਕ ਗਿਆ ਹੈ ਤਾਂ ਵੇਖ ਲਵਾਂਗੇ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਇਹ ਸਵਾਲ ਕੀਤਾ ਸੀ ਕਿ the time by which the construction work of spurs on the River Beas from Kot Methab to Verowal in district Amritsar is likely to be started ? ਇਸ ਤੇ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਲੋਕਲ ਪਰੋਟੈਕਸ਼ਨ ਬੰਧ ਦਾ ਕੰਮ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕੋਈ ਤਾਰੀਖ ਮੁਕਰੱਰ ਨਹੀਂ ਕੀਤੀ ਜਾ ਸਕਦੀ ?

ਉਥੇ ਹੜ੍ਹ ਆ ਗਏ ਹਨ, ਜਿਨ੍ਹਾਂ ਦੇ ਨੀਵੇਂ ਥਾਂ ਹਨ ਉਥੇ ਬਾਰਸ਼ਾਂ ਕਰਕੇ ਪਾਣੀ ਖੜ੍ਹਾ ਹੈ। ਉਥੇ ਸਪੱਰ ਨਾ ਹੋਣ ਕਰਕੇ ਨੁਕਸਾਨ ਹੋ ਰਿਹਾ ਹੈ। ਕੀ ਮਨਿਸਟਰ ਸਾਹਿਬ, ਜਲਦੀ ਤੋਂ ਜਲਦੀ ਪੈਸੇ ਦਾ ਪ੍ਰਬੰਧ ਕਰਕੇ ਬੰਧ ਬਣਵਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਸੁਜੈਸ਼ਨ ਜਲਦੀ ਤੋਂ ਜਲਦੀ ਕਰਵਾਉਣ ਦੀ ਦਿੱਤੀ ਹੈ ਇਸ ਤੋਂ ਇਹ ਸੈਟਿਸਫਾਈ ਨਹੀਂ ਹੋਣਗੇ। ਮੈਂ ਅੱਗੇ ਹੀ ਕਹਿ ਚੁੱਕਾ ਹਾਂ ਕਿ ਇਥੇ ਲੋਕਲ ਪਰੋਟੈਕਸ਼ਨ ਬੰਧ ਦਾ ਕੰਮ ਹੈ।

Dhussi Bund

*1547. **Sardar Lakha Singh**: Will the Minister for Agriclture and Irrigation be pleased to state the time by which the Dhussi Bund is likely to be constructed on the bank of river-Beas-from Goindwal to Verowal?

Chaudhri Kanshi Ram : The matter regarding construction of Dhussi Bund from Verowal to Goindwal is under the consideration of the Government.

ਸਰਦਾਰ ਲੱਖਾ ਸਿੰਘ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਗੋਇੰਦਵਾਲ ਸਾਹਿਬ ਗੁਰਦੁਆਰੇ ਜਾਕੇ ਮੱਥਾ ਟੇਕ ਕੇ ਆਉਣ ਅਤੇ ਦੇਖ ਕੇ ਵੀ ਆ ਜਾਣ ਕਿ ਉਥੇ 8 ਪਿੰਡ ਬਿਲਕੁਲ ਪਾਣੀ ਨਾਲ ਡੁੱਬੇ ਪਏ ਹਨ ਅੋਰ ਪਾਣੀ ਦੇ ਨਿਕਲਣ ਦਾ ਕੋਈ ਰਸਤਾ ਨਹੀਂ ਹੈ। ਇਸ ਦਾ ਪ੍ਰਬੰਧ ਮਨਿਸਟਰ ਸਾਹਿਬ ਕਦੋਂ ਤੱਕ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਜਵਾਬ ਦਿੱਤਾ ਹੈ ਕਿ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਹ ਮੈਂਟਰ ਟੈਕਨੀਕਲ ਐਡਵਾਈਜ਼ਰੀ ਕਮੇਟੀ ਕੋਲ 10 ਦਸੰਬਰ, 1981 ਨੂੰ ਆਇਆ ਸੀ ਅਤੇ ਇਸ ਦੀ ਅਪਰੂਵਲ ਹੋ ਚੁੱਕੀ ਹੈ। ਹੁਣ ਇਹ ਫਲੱਡ ਕੰਟਰੋਲ ਬੋਰਡ ਦੀ ਮੀਟਿੰਗ ਵਿੱਚ ਜਾਵੇਗਾ ਅਤੇ ਉਹ ਉਸ ਦੀ ਅਪਰੂਵਲ ਦੇਣਗੇ। ਫਿਰ ਲੈਂਡ ਐਕੁਇਜ਼ੀਸ਼ਨ ਵਾਸਤੇ ਆਰਡਰ ਹੋਣਗੇ। ਆਫਟਰ ਆਲ ਇਨ੍ਹਾਂ ਸਾਰੀਆਂ ਫਾਰਮੈਲਿਟਿਜ਼ ਨੂੰ ਪੂਰਾ ਕਰਨ ਲਈ ਟਾਈਮ ਤਾਂ ਲਗੇਗਾ।

ਸਰਦਾਰ ਲੱਖਾ ਸਿੰਘ: ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਸੀ.ਐਮ. ਸਾਹਿਬ ਗਏ ਸਨ ਅਤੇ ਮੈਂ ਉਨ੍ਹਾਂ ਨੂੰ 5 ਪਿੰਡ ਕਾਮੇ, ਪਿੰਡੀਆਂ, ਮਾਰੇਵਾਲ, ਗੋਇੰਦਵਾਲ ਅਤੇ ਮਾਰੋਵਾਲ ਦੇ ਐਸੇ ਵਿਖਾਏ ਸਨ ਜਿਹੜੇ ਪਾਣੀ ਨਾਲ ਡੁੱਬੇ ਪਏ ਸਨ। ਉਥੇ ਧੁਸੀ ਬੰਧ ਦੀ ਬੜੀ ਲੋੜ ਹੈ। ਉਥੇ ਕਦੋਂ ਤੱਕ ਬੰਧ ਬਣਾ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲੇ ਹੀ ਇਹ ਗੱਲ ਮੰਨ ਲਈ ਹੈ ਕਿ ਇਨ੍ਹਾਂ ਦੀ ਗੁਡ ਐਫਰਟਸ ਨਾਲ ਟੈਕਨੀਕਲ ਐਡਵਾਈਜ਼ਰੀ ਕਮੇਟੀ ਦੀ ਅਪਰੂਵਲ ਹੋ ਚੁੱਕੀ ਹੈ ਅਤੇ ਅਗਲੀ ਅਪਰੂਵਲ ਲਈ ਮਾਮਲਾ ਜਾ ਰਿਹਾ ਹੈ। ਫਾਰਮੈਲਿਟੀਜ਼ ਪੂਰੀਆਂ ਹੋਣ ਤੋਂ ਬਾਅਦ ਕੰਮ ਸ਼ੁਰੂ ਕਰ ਦੇਵਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਇਹ ਮਾਮਲਾ ਬੜਾ ਸੀਰੀਅਸ ਹੈ ਕਿ ਧੁੱਸੀ ਬੰਧ ਨਾ ਹੋਣ ਕਰਕੇ ਪਿੰਡਾਂ ਦੇ ਵਿਚ ਲੋਕਾਂ ਦਾ ਬੜਾ ਨੁਕਸਾਨ ਹੋ ਰਿਹਾ ਹੈ। ਐਤਕੀ ਬਾਰਸ਼ਾਂ ਬਹੁਤ ਪਈਆਂ ਹਨ। ਸਰਕਾਰ ਪੈਸੇ ਦਾ ਪ੍ਰਬੰਧ ਕਰਕੇ ਇਨ੍ਹਾਂ ਤੇ ਕਦੋਂ ਤੱਕ ਬੰਧ ਬਣਾ ਦੇਵੇਗੀ ?

ਮੰਤਰੀ: ਸਪੀਕਰ ਸਾਹਿਬ, ਗੱਲ ਤਾਂ ਬੜੀ ਛੋਟੀ ਜਿਹੀ ਹੈ ਪਰ ਪਾਂਧੀ ਸਾਹਿਬ ਨੇ ਸਾਰੇ ਪੰਜਾਬ ਦੀ ਗਲ ਲੈ ਲਈ ਹੈ। ਪੈਸੇ ਦਾ ਪ੍ਰਬੰਧ ਵਿੱਤ ਮੰਤਰੀ ਸਾਹਿਬ ਨੇ ਕਰਨਾ ਹੈ ਔਰ ਉਹ ਇਸ ਪਾਸੇ ਲਗੇ ਹੋਏ ਹਨ।

Arrears of House Tax of Residential Buildings

***1428. Shri Gopal Krishan Chatrath** : Will the Minister for Local Government be pleased to state—

(a) the amount of arrears of the House Tax in respect of residential buildings in the areas of the Municipal Corporations of Amritsar, Jullundur and Ludhiana recoverable as on 1st January, 1982; Corporation wise;

(b) the names of the persons in the areas referred to in part (a) above from whom arrears of house-tax amounting to Rs 10,000 or more are recoverable, Corporation-wise;

(c) the steps taken or proposed to be taken to revcover the arrears referred to in part (a) above ?

Shri Sardari Lal Kapoor: (a) The amounts of arrears of house tax in respect of residential buildings in the three corporations, as on 1st January, 1982, is given below:—

		Rs
(i) Ludhiana	..	38,89,000·00
(ii) Jullundur	..	10,49,097·00
(iii) Amritsar	..	28,28,103·00

(b) Nil.

(c) Action is being taken under section 137 and 138 of the Punjab Municipal Corporation Act, 1976.

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ: ਸਪੀਕਰ ਸਾਹਿਬ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣੇ ਵਿੱਚ 77 ਲੱਖ ਰੁਪਏ ਦੇ ਏਰੀਅਰਜ਼ ਹਾਊਸ ਟੈਕਸ ਦੇ ਰੈਜ਼ੀਡੈਂਸ਼ੀਅਲ ਹਾਊਸਿਜ਼ ਦੇ ਪਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀਆਂ ਐਸੀਆਂ ਵੱਡੀਆਂ ਪਾਰਟੀਆਂ ਹਨ ਜਿਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਗਿਆ ਹੈ। ਕੀ ਉਨ੍ਹਾਂ ਕੋਲੋਂ ਹਾਊਸ ਟੈਕਸ ਦੇ ਪੈਸੇ ਉਗਰਾਏ ਗਏ ਹਨ; ਜੇਕਰ ਨਹੀਂ ਤਾਂ ਕਦੋਂ ਤੱਕ ਉਗਰਾ ਲੈਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਲੁਧਿਆਣੇ ਦੀ ਵਸੂਲੀ 50.49 ਲੱਖ ਰੁਪਏ ਦੀ ਸੀ ਜਿਸ ਵਿਚੋਂ 12 ਲੱਖ ਰੁਪਏ ਦੀ ਵਸੂਲੀ ਕਰ ਲਈ ਹੈ ਅਤੇ ਇਹ ਵਸੂਲੀ ਵੀ ਪਿਛਲੇ 9 ਮਹੀਨਿਆਂ ਦੇ ਵਿੱਚ ਹੀ ਕੀਤੀ ਗਈ ਹੈ। ਹੁਣ 38 ਲੱਖ ਰੁਪਿਆ ਉਥੇ ਵਸੂਲਣਾ ਰਹਿ ਗਿਆ ਹੈ। ਇਸੇ ਤਰ੍ਹਾਂ ਅਸੀਂ ਦੂਜੇ ਸ਼ਹਿਰਾਂ ਵਿੱਚ ਵੀ ਕੋਸ਼ਿਸ਼ ਕਰ ਰਹੇ ਹਾਂ ਤਾਕਿ ਹਾਊਸ ਟੈਕਸ ਦੀ ਵਸੂਲੀ ਕਰ ਸਕੀਏ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਪਿਛੇ ਸਰਕਾਰ ਦੀ ਇਕ ਪਾਲਿਸੀ ਮਿਉਂਸਪਲ ਕਮੇਟੀ ਵੇਲੇ ਹੁੰਦੀ ਸੀ ਕਿ ਜਿਹੜਾ 200 ਗਜ਼ ਦੇ ਛੋਟੇ ਮਕਾਨ ਦਾ ਮਾਲਕ ਹੈ ਉਸ ਨੂੰ ਹਾਊਸ ਟੈਕਸ ਦੀ ਛੋਟ ਹੁੰਦੀ ਸੀ, ਇਸੇ ਤਰ੍ਹਾਂ ਵਿਡੋਜ਼ ਨੂੰ ਜਿਨ੍ਹਾਂ ਦੇ ਮਕਾਨਾਂ ਵਿੱਚ 1-2 ਕਿਰਾਏਦਾਰ ਹੁੰਦੇ ਸਨ ਉਨ੍ਹਾਂ ਨੂੰ ਇਹ ਹਾਊਸ ਟੈਕਸ ਨਹੀਂ ਸੀ ਲਗਦਾ ਪਰ ਜਦੋਂ ਦੀ ਕਾਰਪੋਰੇਸ਼ਨ ਬਣੀ ਹੈ ਇਨ੍ਹਾਂ ਨੇ ਸਾਰਿਆਂ ਤੇ ਹੀ ਹਾਊਸ ਟੈਕਸ ਲਗਾ ਦਿੱਤਾ ਹੈ। ਕੀ ਮਨਿਸਟਰ ਸਾਹਿਬ ਇਸ ਪਾਲਿਸੀ ਨੂੰ ਰੀਵਾਈਵ ਕਰਨਗੇ ?

ਸ਼੍ਰੀ ਸਪੀਕਰ : ਇਹ ਰੈਲੇਵੈਂਟ ਨਹੀਂ ਹੈ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੇਰਾ ਵੀ ਇਹੀ ਸਵਾਲ ਸੀ ਕਿ ਕੀ ਇਹ ਪਹਿਲੀ ਪਾਲਿਸੀ ਨੂੰ ਰਿਵਾਈਵ ਕਰਨ ਲਈ ਤਿਆਰ ਹਨ ?

ਸ਼੍ਰੀ ਸਪੀਕਰ : ਕੀ ਵਜ਼ੀਰ ਸਾਹਿਬ ਇਸ ਦਾ ਜਵਾਬ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਤੁਸੀਂ ਕਹਿ ਹੀ ਦਿੱਤਾ ਹੈ ਕਿ ਇਹ ਸਪਲੀਮੈਂਟਰੀ ਰੈਲੇਵੈਂਟ ਨਹੀਂ ਹੈ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਕੀ ਇਸ ਵਸੂਲੀ ਵਿੱਚ ਰਾਜਸੀ ਇਨਟਰਫੀਅਰੈਂਸ ਵੀ ਹੁੰਦੀ ਹੈ ? ਜਿਵੇਂ ਰਾਮਪੁਰਾਫੂਲ ਦੇ ਐਕਸ ਐਮ. ਐਲ. ਏ. ਕੋਲੋਂ ਹਜ਼ਾਰਾਂ ਰੁਪਏ ਹਾਊਸ ਟੈਕਸ ਦੀ ਵਸੂਲੀ ਕਰਨੀ ਹੈ ਪਰ ਉਹ ਪੈਸੇ ਨਹੀਂ ਦੇ ਰਿਹਾ। ਕੀ ਸਰਕਾਰ ਇਸ ਬਾਰੇ ਕੋਈ ਕਾਰਵਾਈ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਕੇਸ ਮੇਰੇ ਨੋਟਿਸ ਵਿੱਚ ਨਹੀਂ ਹੈ। ਇਹ ਮੈਨੂੰ ਲਿਖ ਕੇ ਦੇ ਦੇਣ, ਮੈਂ ਇਸ ਦੀ ਪੜਤਾਲ ਕਰਵਾ ਲਵਾਂਗਾ। ਜਿਨ੍ਹਾਂ ਕੋਲੋਂ ਵਸੂਲੀ ਕਰਨੀ ਹੈ ਉਨ੍ਹਾਂ ਕੋਲੋਂ ਵਸੂਲੀ ਲਾਜ਼ਮੀ ਤੌਰ ਤੇ ਕੀਤੀ ਜਾਵੇਗੀ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਇਨ੍ਹਾਂ ਏਰੀਅਰਜ਼ ਦੇ ਮਾਮਲੇ ਵਿਚ ਜ਼ਰੂਰ ਵੱਡੀਆਂ ਵੱਡੀਆਂ ਫੈਮਿਲੀਜ਼ ਹੋਣਗੀਆਂ ਜਿਨ੍ਹਾਂ ਕੋਲੋਂ ਟੈਕਸ ਦੀ ਵਸੂਲੀ ਹੋਣੀ ਹੈ ਪਰ ਉਹ ਯਤਨਾਂ ਦੇ ਬਾਵਜੂਦ ਵੀ ਵਸੂਲੀ ਨਹੀਂ ਹੋਣ ਦਿੰਦੇ। ਕੀ ਜਿਸ ਕੋਲ ਇਕ ਮਕਾਨ ਹੈ ਉਸ ਨੂੰ ਇਸ ਹਾਊਸ ਟੈਕਸ ਦੀ ਛੋਟ ਦੇਣਗੇ ? ਇਸ ਦੇ ਨਾਲ ਏਰੀਅਰ ਵੀ ਘੱਟੇਗਾ ਅਤੇ ਤੁਹਾਨੂੰ ਯਤਨ ਵੀ ਘੱਟ ਕਰਨੇ ਪੈਣਗੇ।

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਐਮੀਆਂ ਪਾਰਟੀਆਂ ਹੋਣਗੀਆਂ ਜਿਹੜੀਆਂ ਟੈਕਸ ਨਹੀਂ ਦੇ ਸਕਦੀਆਂ ਅਤੇ ਉਨ੍ਹਾਂ ਨੇ ਕੁਝ ਨਹੀਂ ਛੁਪਾਇਆ, ਉਨ੍ਹਾਂ ਵੱਲ ਅਸੀਂ ਧਿਆਨ ਦੇਵਾਂਗੇ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਜੀ.ਟੀ. ਰੋਡ ਸੈਂਟਰਲ ਗੌਰਮਿੰਟ ਦੀ ਮਲਕੀਅਤ ਹੈ। ਉਥੇ ਲੋਕਾਂ ਨੇ ਖੋਖੇ ਲਗਾਏ ਹੋਏ ਹਨ ਪਰ ਸਟੇਟ ਗੌਰਮਿੰਟ ਉਨ੍ਹਾਂ ਨੂੰ ਬੈਠਣ

Original with;
Punjab Vidhan Sabha
Digitized by;
Panjab Digital Library

ਨਹੀਂ ਦਿੰਦੀ ਅਤੇ ਤੰਗ ਕਰਦੀ ਹੈ ਪੰਜਾਬ ਸਰਕਾਰ ਉਨ੍ਹਾਂ ਕੋਲੋਂ ਫਿਰ ਟੈਕਸ ਵੀ ਉਗਰਾਉਂਦੀ ਹੈ ਜਿਸ ਉਤੇ ਸਟੇਟ ਗੌਰਮਿੰਟ ਦਾ ਹੱਕ ਨਹੀਂ ਹੈ। ਕੀ ਸਰਕਾਰ ਇਹ ਟੈਕਸ ਲੈਣਾ ਬੰਦ ਕਰੇਗੀ ?

ਸ਼੍ਰੀ ਸਪੀਕਰ : ਇਸ ਸਵਾਲ ਨਾਲ ਇਸ ਦੀ ਕੋਈ ਰੈਲੇਵੈਂਸੀ ਨਹੀਂ ਹੈ।

Employees in the Municipal Corporation, Ludhiana

***1510. Sardar Dalip Singh Pandhi**: Will the Minister for Local Government be pleased to state—

(a) the total number of employees, category-wise, in the Municipal Corporation, Ludhiana, as on 31st December, 1981;

(b) the percentage of scheduled castes and backward classes in each category referred to in part (a) above;

(c) the steps taken to fill up the backlog, if any?

ਸ਼੍ਰੀ ਸਰਦਾਰੀ ਲਾਲ ਕਪੂਰ : (ਏ. ਤੇ ਬੀ.) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਜਦੋਂ ਦੀ ਨਗਰ ਨਿਗਮ ਬਣੀ ਹੈ ਉਸ ਵੇਲੇ ਤੋਂ ਰੋਸਟਰ ਰਜਿਸਟਰ ਰਖੇ ਜਾ ਰਹੇ ਹਨ।

(ਸੀ). ਜਦੋਂ ਵੀ ਆਸਾਮੀਆਂ ਖਾਲੀ ਹੁੰਦੀਆਂ ਹਨ ਤਾਂ ਉਹ ਸਰਕਾਰ ਦੀਆਂ ਰਿਜ਼ਰਵੇਸ਼ਨ ਸਬੰਧੀ ਹਦਾਇਤਾਂ ਅਨੁਸਾਰ ਇਕ ਸਾਲ ਵਿਚ ਵੱਧ ਤੋਂ ਵੱਧ 50% ਤਕ ਰਿਜ਼ਰਵੇਸ਼ਨ ਦੇ ਕੇ ਭਰੀਆਂ ਜਾਂਦੀਆਂ ਹਨ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

Statement of total strength of staff categorywise of Municipal Corporation, Ludhiana as on 31st December, 1981

Serial No.	Name of the Post	Total No. of employees	General Category	Scheduled Castes		Percentage of Scheduled Castes		Backward Class		Percentage of Backward Class	
				Direct	Promotion	Direct	Promotion	Direct	Promotion	Direct	Promotion
1.	Commissioner										
2.	Assistant Commissioners			On deputation							
3.	Executive Officer										
4.	Secretary ..	1	1	..	..	..	..	..	..	..	..
5.	Superintdendents ..	2	2	..	..	..	..	..	..	..	..
6.	Assistant Superintendents	13	11	..	2	..	15%	..	..	..	..
7.	HC/Inspector/Assistants	82	67	1	11	1%	14%	3	..	4%	..
8.	Clerks ..	282	219	42	4	15%	1·5%	15	2	5%	1%
9.	Peons ..	184	115	48	5	26%	3%	14	2	8%	1%
10.	Stenographers ..	2	1	..	..	..	..	..	1	..	100%
11.	Steno-typists ..	12	9	1	..	8%	..	1	1	8%	8%
12.	Drivers ..	93	39	18	32	19%	34%	2	2	2%	2%
13.	Daftri ..	2	2	..	..	..	..	..	..	..	..
14.	Superintending Engineer	1	1	..	..	..	..	..	..	..	..
15.	XENs ..	4	3	..	..	..	..	..	1	..	25%
16.	Assistant Engineer ..	9	9	..	..	..	..	..	..	..	..
	Total ..	687	..	..	..	..	..	..			

Original with: Punjab Vidhan Sabha
Digitized by: Panjab Digital Library

17.	Sectional Officer	..	26	25	..	..	..	..	1	..	4%	..
18.	Head Draftsman	..	3	3	..	..	..	..	..	..	..	..
19.	Draftsman	..	8	7	..	..	..	..	..	1	..	12%
20.	Tracers	..	8	8	..	..	..	..	..	..	..	..
21.	Surveyer		5	4	..	..	..	..	..	1	..	20%
22.	Ferro Khlasi	..	1	..	1	..	100%	..	..	..	..	..
23.	Kanungo	..	2	..	..	..	..	..	2	..	100%	..
24.	Patwari	..	2	1	..	..	..	..	1	..	50%	..
25.	Work Supervisor	..	1	..	1	..	100%	..	..	..	..	..
26.	Road Inspector	..	1	..	1	..	100%	..	..	..	..	..
27.	Assistant Road Inspector		1	..	1	..	100%	..	..	..	..	..
28.	Work Mistri	..	3	2	..	..	..	..	1	..	33%	..
29.	Horticultural Supervisor		1	..	..	..	..	..	1	..	100%	..
30.	L.S.O.	..	1	..	..	..	..	..	1	..	100%	..
31.	Artist Masson	..	1	..	1	..	100%	..	..	..	..	..
32.	Masson	..	13	5	2	..	15	..	6	..	46%	..
33.	Beldars		253	63	101	..	40%		89	..	35%	..
34.	Sewerman		103	..	103	..	100%	..	..	..	..	..
35.	Mate	..	11	..	..	5	..	45%	1	5	9%	45%
36.	Librarian	..	1	1	..	..	..	..	..	..	..	..
37.	Junior Librarian	..	2	2	..	..	..	..	..	..	..	..

Serial No.	Name of the post	Total Employees	General Category	Scheduled Castes		%age of Schedule/ Castes		Backward Classes		%age of Backward Class	
				Direct	Promotion	Direct	Promotion	Direct	Promotion	Direct	Promotion
38.	Restorers ..	16	14	2	..	12%	..	..	..	..	..
39.	A.D.F.O. ..	1	1	..	..	..	..	..	..	..	..
40.	F.S.O. ..	5	5	..	..	..	..	..	..	..	..
41.	Leading Fireman ..	10	8	..	1	..	10%	..	1	..	10%
42.	Fireman ..	76	62	10	..	13%	..	3	1	4%	1%
43.	M.O.H. ..	1	1	..	..	..	..	..	..	..	..
44.	Chief Sanitary Inspectors	6	5	..	1	..	16%	..	..	..	..
45.	Sanitary Inspector ..	17	17	..	..	..	..	..	..	..	..
46.	Technician ..	4	4	..	..	..	..	..	..	..	..
47.	Superintendent Vaccination	1	1	..	..	..	..	..	..	..	..
48.	Inspector Vaccination ..	1	1	..	..	..	..	..	..	..	..
49.	Vaccinator ..	25	2	3	..	12%	..	..	..	..	..
50.	Pharmacists ..	5	4	1	..	30%	..	..	..	..	..
51.	Lady Health Visitor ..	4	4	..	..	..	..	..	..	..	..
52.	Auxilary Nurse Mid-wife	1	..	1	..	100%	..	..	..	..	..
53.	Cleaners ..	16	3	11	2	69%	13%	..	..	..	..

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:
Panjab Digital Library

54.	Fitter/Mechanic	..	19	10	6	..	32%	..	3	..	16%	..
55.	Sanitary Supervisors	..	44	2	2	40	5%	30%	..	..	..	..
56.	Welder/Hammermant	..	4	4	..	..	..	..	..	..	..	..
57.	Chowkidar	..	35	13	18	..	50%	..	5	..	14%	..
58.	Foreman	..	1	1	..	..	..	..	..	..	..	..
59.	Safai Sewaks	..	1,557	..	1,557	..	100%	..	..	..	..	..
60.	Plumber	..	1	..	1	..	100%	..	..	..	..	..
61.	Keyman	..	3	1	..	..	33%	..	1	..	33%	..
62.	Supervisor	..	4	2	..	1	..	25%	..	1	..	25%
63.	Oilman	..	28	10	12	..	43%	..	6	..	21%	..
64.	Tubewell Driver	..	122	88	19	3	16%	2%	12	..	4%	..
65.	Accounts Officer	..	1	1	..	..	..	..	..	..	..	..
66.	Accountant	..	1	1	..	..	..	..	..	..	..	..
67.	P. A. to Commissioner		1	1	..	..	..	..	..	..	..	..
68.	Head Cashier	..	1	1	..	..	..	..	..	..	..	..
			840									

Serial No.	Name of Post	Total employee	General Category	Scheduled Castes		Percentage of Scheduled Castes		Backward Class		Percentage of Backward Class	
				Direct	Promotion	Direct	Promotion	Direct	Promotion	Direct	Promotion
69.	Jamadar Ardali ..	1	1	..	..	..	..	..	..	..	..
70.	Telephone Attendant ..	1	1	..	..	..	..	..	..	..	..
71.	Labour Welfare Officer	1	1	..	..	..	..	..	..	..	..
22.	Process Server ..	6	3	2	..	33%	..	1	..	16%	..
73.	Veterinary Dispenser ..	6	3	2	..	33%	..	1	..	16%	..
74.	Light Patroller ..	22	12	10	..	45%	..	..	..	..	..
75.	Electrician ..	2	1	1	..	50%	..	..	..	..	..
76.	Electrical Supervisor ..	1	1	..	..	..	..	..	..	..	..
77.	Helper ..	4	4	..	..	..	..	..	..	..	..
78.	Head Mali ..	1	..	..	1	..	100%	..	..	..	..
79.	Mali Mate ..	6	..	5	..	83%	..	1	..	17%	..
80.	Mali Beldar ..	176	5	155	..	88%	..	16	..	9%	..

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:

Statement of total strength of staff category-wise of Municipal Corporation, Ludhiana as on 31st December, 1981 (Transport Wing)

Serial No.	Name of the post		General Category	Scheduled Caste Category	Backward Class Category		Porcentage of S.C.	Percentage of B.C.	Remarks
81.	General Manager	..	1	..	..		Nil	Nil	On deputation
82.	Chief Inspector	..	1	..	..		Nil	Nil	
83.	Inspectors	..	8	3	3		21%	21%	
84.	Conductors	..	87	28	7		23%	6%	
85.	Drivers	..	78	35	20		26%	15%	
86.	Workshop staff	..	31	20	15		30%	23%	
87.	Ministerial staff	..	13	5	..		28%	Nil	
88.	Peons	..	2	1	..		33%	Nil	
	Total	..	221	+ 92	+ 45	=	358		
	Grand Total	..	3,373	+ 358	= 3,731				

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਲਈ ਰਿਜ਼ਰਵੇਸ਼ਨ ਕਲਰਕਾਂ ਲਈ ਕੇਵਲ 15% ਡਾਇਰੈਕਟ ਰਿਕਰੂਟਮੈਂਟ ਵਿੱਚ ਹੈ ਅਤੇ 1.5% ਪਰਮੋਸ਼ਨ ਵਿੱਚ ਹੈ। ਮੇਰਾ ਸਵਾਲ ਸੀ ਕਿ ਬੈਕਲਾਗ ਨੂੰ ਫਿਲ-ਅੱਪ ਕਰਨ ਲਈ ਕੀ ਸਟੈਪਸ ਲਏ ਗਏ ਹਨ ? ਉਸ ਬਾਰੇ ਮਨਿਸਟਰ ਸਾਹਿਬ ਨੇ ਕੁਝ ਨਹੀਂ ਦਸਿਆ । ਕਲਾਸ ਫੋਰ ਜਿਹੜੇ ਮੈਟ੍ਰਿਕੁਲੇਟਸ ਹਨ, ਉਨ੍ਹਾਂ ਨੂੰ ਪਰਮੋਟ ਕਰਕੇ ਕਲਰਕ ਕਦੋਂ ਬਣਾਇਆ ਜਾਵੇਗਾ ? ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦਾ ਜਿਹੜਾ ਘਾਟਾ ਹੈ, ਉਹ ਕਦੋਂ ਤਕ ਪੂਰਾ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਘਾਟਾ ਪੂਰਾ ਕਰਨ ਬਾਰੇ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ ਕਿ ਘਾਟਾ ਪੂਰਾ ਕਰ ਦਿੱਤਾ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ ਸਪੈਸੇਫਿਕ ਤੌਰ ਤੇ ਪੁਛਿਆ ਹੈ ਕਿ ਕਲਾਸ ਫੋਰ ਜਿਹੜੇ ਮੈਟਰਿਕ ਹਨ, ਉਨ੍ਹਾਂ ਨੂੰ ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਿਕ ਕਲਰਕ ਬਣਾਇਆ ਜਾ ਸਕਦਾ ਹੈ, ਉਨ੍ਹਾਂ ਸ਼ਡਿਊਲਡ ਕਾਸਟਸ ਨੂੰ ਕਦੋਂ ਤਕ ਕਲਰਕ ਬਣਾ ਦਿੱਤਾ ਜਾਵੇਗਾ ? ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਬੈਕਲਾਗ ਨੂੰ ਪੂਰਾ ਕਰਨ ਲਈ 50% ਤਕ ਰਿਜ਼ਰਵੇਸ਼ਨ ਕਰ ਸਕਦੇ ਹਾਂ। ਮੈਂ ਮਨਿਸਟਰ ਸਾਹਿਬ ਤੋਂ ਪੁਛਦਾ ਹਾਂ ਕਿ ਇਹ ਬੈਕਲਾਗ ਕਦੋਂ ਤਕ ਪੂਰਾ ਕਰ ਦਿੱਤਾ ਜਾਵੇਗਾ ਅਤੇ ਇਸ ਸਬੰਧੀ ਕੀ ਇਹ ਕੋਈ ਡੇਟ ਨਿਸਚਿਤ ਕਰਨਗੇ ? ਇਮਪਲਾਇਮੈਂਟ ਐਕਸਚੇਂਜ ਵਿੱਚ ਇਨ੍ਹਾਂ ਦੀ ਕੁਆਲੀਫੀਕੇਸ਼ਨ ਦੀਆਂ ਸ਼ਰਤਾਂ ਨੂੰ ਹਟਾ ਦੇਣਾ ਚਾਹੀਦਾ ਹੈ।

ਮੰਤਰੀ: ਸਪੀਕਰ ਸਾਹਿਬ, ਇਮਪਲਾਇਮੈਂਟ ਐਕਸਚੇਂਜ ਨੂੰ ਇਹ ਨਹੀਂ ਕਿਹਾ ਜਾ ਸਕਦਾ ਕਿ ਸ਼ਰਤਾਂ ਉਡਾ ਦਿਓ। ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸ ਆਦਮੀ ਦੀ ਜਿਹੜੀ ਕੁਆਲੀਫਿਕੇਸ਼ਨ ਹੋਵੇਗੀ, ਉਸ ਦੇ ਮੁਤਾਬਿਕ ਹੀ ਭਰਤੀ ਅਤੇ ਪਰਮੋਸ਼ਨ ਕੀਤੀ ਜਾ ਸਕਦੀ ਹੈ। ਸਪੀਕਰ ਸਾਹਿਬ, ਸਾਰੀਆਂ ਕਾਰਪੋਰੇਸ਼ਨਾਂ ਨੂੰ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ ਕਿ ਸ਼ਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਪੂਰੀ ਕੀਤੀ ਜਾਵੇ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਤਿੰਨ ਚਾਰ ਕਾਰਪੋਰੇਸ਼ਨਾਂ ਹਨ ਅਤੇ ਖਾਸ ਤੌਰ ਤੇ ਲੁਧਿਆਣਾ ਦੀ ਜਿਹੜੀ ਕਾਰਪੋਰੇਸ਼ਨ ਹੈ, ਉਸ ਨੂੰ ਵਿਧਾਨ ਸਭਾ ਦੀ ਕਮੇਟੀ ਨੇ ਅੰਗਜ਼ਾਮਿਨ ਕੀਤਾ ਹੈ ਜੋ ਕਿ , ਸਪੀਕਰ ਸਾਹਿਬ, ਤੁਹਾਡੇ ਵਲੋਂ ਬਣਾਈ ਗਈ ਸੀ। ਸਾਨੂੰ ਕਾਰਪੋਰੇਸ਼ਨ ਵਲੋਂ ਅਸ਼ੋਰੈਂਸ ਦਿੱਤੀ ਗਈ ਸੀ ਕਿ ਰਿਜ਼ਰਵੇਸ਼ਨ ਪੂਰੀ ਕੀਤੀ ਜਾਵੇਗੀ, ਸਾਰਾ ਬੈਕ ਲਾਗ ਪੂਰਾ ਕਰ ਦਿਤਾ ਜਾਵੇਗਾ। ਸਪੀਕਰ ਸਾਹਿਬ, ਮੈਨੂੰ ਆਪਣੇ ਜ਼ਿਲ੍ਹੇ ਦਾ ਪਤਾ ਹੈ ਕਿ ਉਥੇ ਪੂਰੀ ਰਿਜ਼ਰਵੇਸ਼ਨ ਸ਼ਡਿਊਲਡ ਕਾਸਟਸ ਨੂੰ ਨਹੀਂ ਦਿੱਤੀ ਜਾ ਰਹੀ। ਤੁਹਾਡੇ ਹੁਕਮ ਬਿਲਕੁਲ ਹੀ ਨਹੀਂ ਮੰਨੇ ਜਾ ਰਹੇ ਹਨ। ਇਸ ਲਈ ਤੁਸੀਂ ਆਪ ਜਾ ਕੇ ਅੰਗਜ਼ਾਮਿਨ ਕਰੋ ਅਤੇ ਦੇਖੋ ਕਿ ਰਿਜ਼ਰਵੇਸ਼ਨ ਪੂਰੀ ਹੈ ਜਾਂ ਨਹੀਂ ? ਮਨਿਸਟਰ ਸਾਹਿਬ ਜਵਾਬ ਦੇਣ ਕਿ ਰਿਜ਼ਰਵੇਸ਼ਨ ਪੂਰੀ ਕਰਨ ਲਈ ਕੀ ਸਟੈਪਸ ਲਏ ਗਏ ਹਨ ?

ਮੰਤਰੀ: ਸਪੀਕਰ ਸਾਹਿਬ, ਸਰਦਾਰ ਬਸੰਤ ਸਿੰਘ ਖਾਲਸਾ ਜੀ ਆਪ ਆ ਕੇ ਮੈਨੂੰ ਦੱਸਣ ਕਿ ਕਿਥੇ ਰਿਜ਼ਰਵੇਸ਼ਨ ਪੂਰੀ ਨਹੀਂ ਹੋਈ ਤਾਂ ਮੈਂ ਦੇਖ ਲਵਾਂਗਾ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਜਦੋਂ ਕੋਈ ਗੱਲ ਕਰੋ ਤਾਂ ਮੰਤਰੀ ਜੀ ਕਹਿੰਦੇ ਹਨ ਕਿ ਸਾਡੇ ਨਾਲ ਆ ਕੇ ਗੱਲ ਕਰੋ ਅਤੇ ਦਸੋ ਪਰ ਮੈਂ ਕਹਿੰਦਾ ਹਾਂ ਕਿ ਸਭ ਨੂੰ ਪਤਾ

Original with;
Punjab Vidhan Sabha
Digitized by;
Panjab Digital Library

ਹੈ ਅੌਰ ਮੰਤਰੀ ਜੀ ਨੂੰ ਵੀ ਪਤਾ ਹੈ। ਮੈਂ ਕਿਹੜੀ ਗੱਲ ਇਨ੍ਹਾਂ ਨੂੰ ਜਾ ਕੇ ਦਸਾਂ। ਸਪੀਕਰ ਸਾਹਿਬ, ਤੁਸੀਂ ਹੀ ਸਾਨੂੰ ਦਸੋ।

ਸ਼੍ਰੀ ਸਪੀਕਰ : ਮੰਤਰੀ ਜੀ ਨੇ ਜਵਾਬ ਦੇ ਦਿੱਤਾ ਹੈ ਕਿ ਇੰਸਟਰਕਸ਼ਨਾਂ ਇਸ਼ੂ ਕਰ ਦਿੱਤੀਆਂ ਗਈਆਂ ਹਨ।

ਮੰਤਰੀ: ਸਪੀਕਰ ਸਾਹਿਬ, ਮੈਂ ਜਿਹੜਾ ਜਵਾਬ ਹਾਊਸ ਵਿਚ ਦਿੱਤਾ ਹੈ, ਉਹ ਬੜੀ ਤਫਸੀਲ ਨਾਲ ਜਵਾਬ ਦਿੱਤਾ ਹੈ । ਮੇਰਾ ਖਿਅਲ ਹੈ ਕਿ ਜੇਕਰ ਆਨਰੇਬਲ ਮੈਂਬਰ ਸਾਹਿਬਾਨ ਇਸ ਸਵਾਲ ਦੇ ਜਵਾਬ ਨੂੰ ਪੜ੍ਹ ਲੈਂਦੇ ਤਾਂ ਉਨਾਂ ਨੂੰ ਕੁਐਸਚੇਨ ਕਰਨ ਦੀ ਲੋੜ ਹੀ ਨਾ ਪੈਂਦੀ। ਮੈਂ ਪਹਿਲਾਂ ਹੀ ਕਹਿ ਚਕਾ ਹਾਂ ਕਿ ਘਾਟਾ ਪੂਰਾ ਕਰ ਦਿੱਤਾ ਜਾਵੇਗਾ। ਅਗਰ ਫਿਰ ਵੀ ਕੋਈ ਸ਼ਿਕਾਇਤ ਹੋਵੇ ਤਾਂ ਉਸ ਨੂੰ ਵੀ ਠੀਕ ਕਰ ਦਿਆਂਗੇ। (ਥੰਪਿੰਗ)

Widening of Jullundur-Kapurthala-Sultanpur-Makhu Road

***1476. Sardar Atma Singh**: Will the Public Works Minister be pleased to state—

(a) the amount sanctioned for widening Jullundur-Kapurthala-Sultanpur Lodhi-Makhu road together with target date fixed for the completion of the said work ;

(b) the portion of the road referred to part (a) above which has since been widened together with the time by which remaining portion is likely to be completed?

ਸਰਦਾਰ ਬੇਅੰਤ ਸਿੰਘ : (ੳ) ਇਸ ਸੜਕ ਨੂੰ ਚੌੜਾ ਕਰਨ ਵਾਸਤੇ ਸਾਲ 1981-82 ਦੇ ਬਜਟ ਵਿਚ 1 ਲੱਖ ਰਪਏ ਦਾ ਉਪਬੰਧ ਕੀਤਾ ਗਿਆ ਹੈ । ਇਸ ਤੋਂ ਇਲਾਵਾ ਸੁਲਤਾਨਪੁਰ ਲੋਹੀਆਂ ਸੜਕ ਨੂੰ ਚੌੜਾ ਕਰਣ ਵਾਸਤੇ 6.40 ਲੱਖ ਰੁਪਏ ਰੱਖੇ ਗਏ ਹਨ। ਇਨ੍ਹਾਂ ਕੰਮਾਂ ਨੂੰ ਮੁਕੰਮਲ ਕਰਨ ਲਈ ਕੋਈ ਪੱਕੀ ਮਿਤੀ ਨਿਸਚਿਤ ਨਹੀਂ ਕੀਤੀ ਗਈ ।

(ਅ) ਇਸ ਸੜਕ ਵਿਚ ਆਉਂਦੇ ਹਿੱਸਿਆਂ ਨੂੰ ਹੁਣ ਤਕ ਜਿੰਨਾਂ ਚੌੜਾ ਕੀਤਾ ਗਿਆ ਉਸ ਦੀ ਸਥਿਤੀ ਇਸ ਪ੍ਰਕਾਰ ਹੈ:—

1. ਜਲੰਧਰ-ਕਪੂਰਥਲਾ 22′ ਚੌੜੀ ਕੀਤੀ ਜਾ ਚੁਕੀ ਹੈ।
2. ਡੁਡਵੰਡੀ ਤੋਂ ਸੁਲਤਾਨਪੁਰ 17′ ਚੌੜੀ ਹੋ ਚੁਕੀ ਹੈ ।
3. ਸੁਲਤਾਨਪੁਰ ਲੋਹੀਆਂ ਸੜਕ ਦਾ 2.40 ਕਿਲੋਮੀਟਰ ਹਿੱਸਾ 22′ ਚੌੜਾ ਚੋ ਚੁਕਾ ਹੈ । 3 ਕਿਲੋਮੀਟਰ ਨੂੰ 18′ ਚੌੜਾ ਕੀਤਾ ਜਾ ਰਿਹਾ ਹੈ। ਇਸ ਤੇ ਲੁਕ ਪਾਉਣੀ ਬਾਕੀ ਹੈ ।
4. ਲੋਹੀਆਂ ਤੋਂ ਗਿੱਦੜ ਪਿੰਡੀ ਸੜਕ ਦਾ 3.10 ਕਿਲੋਮੀਟਰ ਹਿੱਸਾ 17′ ਚੌੜਾ ਕੀਤਾ ਜਾ ਚੁਕਾ ਹੈ।

ਇਸ ਸੜਕ ਦੇ ਬਾਕੀ ਰਹਿੰਦੇ ਹਿੱਸੇ ਨੂੰ ਚੌੜਾ ਕਰਨ ਸਬੰਧੀ ਕੋਈ ਪੱਕੀ ਮਿਤੀ ਨਿਸਚਿਤ ਨਹੀਂ ਕੀਤੀ ਗਈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਲੰਧਰ-ਕਪੂਰਥਲਾ-ਸੁਲਤਾਨਪੁਰ ਲੋਧੀ-ਮੱਖੂ ਰੋਡ ਨੂੰ ਚੌੜਾ ਕਰਨਾ ਹੈ। ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਡਡਵਿੰਡੀ ਤੋਂ ਸੁਲਤਾਨਪੁਰ ਰੋਡ 17' ਚੌੜੀ ਹੋ ਚੁੱਕੀ ਹੈ ਅਤੇ ਜਲੰਧਰ ਤੋਂ ਕਪੂਰਥਲਾ ਰੋਡ 22' ਚੌੜੀ ਕੀਤੀ ਜਾ ਚੁੱਕੀ ਹੈ ਸੁਲਤਾਨਪੁਰ ਲੋਹੀਆਂ ਸੜਕ ਦਾ 2.40 ਕਿਲੋਮੀਟਰ ਹਿੱਸਾ 22' ਚੌੜਾ ਹੋ ਚੁਕਾ ਹੈ। 3 ਕਿਲੋਮੀਟਰ ਨੂੰ 18' ਚੌੜਾ ਕੀਤਾ ਜਾ ਰਿਹਾ ਹੈ। ਇਸ ਲਈ ਮਨਿਸਟਰ ਸਾਹਿਬ ਜਵਾਬ ਦੇਣ ਕਿ ਸੜਕ ਦੀ ਲੈਂਥ ਕਿਤਨੀ ਹੈ ਅਤੇ ਇਸ ਸੜਕ ਨੂੰ ਕਦੋਂ ਤਕ ਕੰਪਲੀਟ ਕਰ ਦਿੱਤਾ ਜਾਵੇਗਾ ? ਦੂਜਾ ਕਪੂਰਥਲਾ ਤੋਂ ਡਡਵਿੰਡੀ ਵਾਲੀ ਸੜਕ ਤੇ ਚਾਰ ਪੰਜ ਰਾਈਸ ਸ਼ੈਲਰ ਲਗ ਗਏ ਹਨ ਅਤੇ ਇੱਕ ਰਾਈਸ ਬਰਾਨ ਮਿਲ ਬਣ ਗਈ ਹੈ। ਉਸ ਸੜਕ ਤੇ, ਸਪੀਕਰ ਸਾਹਿਬ, ਟਰੈਫਿਕ ਬਹੁਤ ਵੱਧ ਗਈ ਹੈ। 100 ਬਸਾਂ ਰੋਜ਼ ਆਉਂਦੀਆਂ ਜਾਂਦੀਆਂ ਹਨ। ਇਸ ਸਾਰੀ ਗੱਲ ਨੂੰ ਮੁੱਖ ਰਖਦਿਆਂ ਹੋਇਆਂ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਸੜਕ ਨੂੰ ਕਦੋਂ ਤਕ ਚੌੜਾ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਥੋਂ ਇੱਕ ਸੜਕ ਗੋਇੰਦਵਾਲ ਨੂੰ ਜਾਂਦੀ ਹੈ, ਉਸ ਸੜਕ ਨੂੰ ਪਹਿਲਾਂ ਇੰਪਾਰਟੈਂਸ ਦਿੱਤੀ ਗਈ ਹੈ। ਸਪੀਕਰ ਸਾਹਿਬ, ਪਹਿਲਾਂ ਕੁਝ ਉਸ ਸੜਕ ਨੂੰ ਚੌੜਾ ਕੀਤਾ ਗਿਆ ਹੈ। ਸਰਦਾਰ ਆਤਮਾ ਸਿੰਘ ਜੀ ਨੇ ਠੀਕ ਫਰਮਾਇਆ ਹੈ ਕਿ ਉਸ ਸੜਕ ਤੇ ਟਰੈਫਿਕ ਕਾਫੀ ਹੈ, ਉਸ ਸੜਕ ਦੀ ਕਾਫੀ ਇੰਪਾਰਟੈਂਸ ਹੈ। ਅਸੀਂ ਉਸ ਕੰਮ ਨੂੰ ਆਪਣੇ ਹੱਥ ਵਿਚ ਲਿਆ ਹੈ, ਜਿਉਂ ਜਿਉਂ ਪੈਸੇ ਮਿਲਦੇ ਗਏ, ਉਸ ਸੜਕ ਨੂੰ ਵੀ ਚੌੜਾ ਕੀਤਾ ਜਾਵੇਗਾ। ਸਪੀਕਰ ਸਾਹਿਬ, ਇਸ ਬਾਰੇ ਮਿਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਸਰਕਾਰ ਦੀ ਪਾਲਿਸੀ ਹੈ ਕਿ ਜਿਹੜੇ ਬੈਕਵਰਡ ਔਰ ਬੇਟ ਦੇ ਏਰੀਆਜ਼ ਹਨ ਉਨ੍ਹਾਂ ਦੀ ਡਿਵੈਲਪਮੈਂਟ ਲਈ ਸਰਕਾਰ ਪਰਾਇਰਟੀ ਬੇਸਿਜ਼ ਤੇ ਫੰਡਜ਼ ਪ੍ਰੋਵਾਈਡ ਕਰਦੀ ਹੈ। ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਇਸ ਸੜਕ ਦੇ ਜੋ ਟੱਚਬੈਕਵਰਡ ਏਰੀਆਜ਼ ਵਿਚੋਂ ਲੰਘਦੇ ਹਨ, ਸਰਕਾਰ ਦੀ ਪਾਲਿਸੀ ਅਨੁਸਾਰ ਕਿ ਬੈਕ-ਵਰਡ ਏਰੀਆਜ਼ ਨੂੰ ਪਰਾਇਰਟੀ ਦੇਣੀ ਹੈ, ਕੀ ਉਸ ਲਈ ਫੰਡਜ਼ ਔਰ ਉਹ ਕੰਮ ਜਲਦੀ ਕੰਪਲੀਟ ਕਰਾਉਣਗੇ ?

ਮੰਤਰੀ: ਇਸ ਵਿੱਚ ਬੈਕਵਰਡ ਏਰੀਆ ਦਾ ਸਵਾਲ ਪੈਦਾ ਨਹੀਂ ਹੁੰਦਾ। ਇਸ ਦੀ ਇੰਪਾਰ-ਟੈਂਸ ਵੱਧੀ ਹੈ ਕਿਉਂਕਿ ਟਰੈਫਿਕ ਜ਼ਿਆਦਾ ਹੋ ਗਿਆ ਹੈ। ਇਸ ਦੇ ਕੁਝ ਟੱਚੇ ਚੌੜੇ ਕੀਤੇ ਗਏ ਹਨ ਔਰ ਬਾਕੀ ਦੇ ਟੱਚੇ ਚੌੜੇ ਕਰਨੇ ਹਨ।

Construction of link road from Village Nighi to Village Tundewal

***1225. Master Dalip Chand** : Will the Minister for Public Works be pleased to state whether the Government propose to construct a link road from village Nighi to village Tundewal, Tehsil Balachaur, District Hoshiarpur; if so, the time by which it is likely to be constructed ?

ਸਰਦਾਰ ਬੇਅੰਤ ਸਿੰਘ: ਨਹੀਂ ਜੀ।

Original with;
Punjab Vidhan Sabha
Digitized by;
Panjab Digital Library

ਮਾਸਟਰ ਦਲੀਪ ਚੰਦ: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਨਿੱਘੀ ਤੋਂ ਪਿੰਡ ਟੁੰਡੇਵਾਲ ਦਾ ਸਿਰਫ ਇੱਕ ਕਿੱਲੋਮੀਟਰ ਦਾ ਫਾਸਲਾ ਹੈ ਪਰ ਉਥੇ ਸੜਕ ਨਾ ਹੋਣ ਕਾਰਨ ਲੋਕਾਂ ਨੂੰ ਟੁੰਡੇਵਾਲ-ਬਾਗੋਵਾਲ-ਮਾਲੈਵਾਲ ਜਾਣ ਵਾਸਤੇ ਦਸ ਬਾਰਾਂ ਕਿੱਲੋਮੀਟਰ ਘੁੰਮ ਕੇ ਆਉਣਾ ਪੈਂਦਾ ਹੈ। ਕੀ ਮਨਿਸਟਰ ਸਾਹਿਬ ਇਸ ਗਲ ਨੂੰ ਮੁੱਖ ਰਖਦੇ ਹੋਏ ਲੋਕਾਂ ਵਾਸਤੇ ਇੱਕ ਕਿਲੋ ਮੀਟਰ ਸੜਕ ਬਣਾਕੇ 10-12 ਕਿਲੋਮੀਟਰ ਘੁੰਮ ਕੇ ਆਉਣ ਤੋਂ ਉਨ੍ਹਾਂ ਨੂੰ ਬੱਚਾਉਣਗੇ ? ਕੀ ਇਸ ਸੜਕ ਦੇ ਬਣਾਉਣ ਵੱਲ ਇਹ ਧਿਆਨ ਦੇਣਗੇ ?

ਮੰਤਰੀ: ਪਿੰਡ ਨਿੱਘੀ ਤੋਂ ਪਿੰਡ ਟੁੰਡੇਵਾਲ ਤਕ ਸੜਕ ਬਣ ਚੁੱਕੀ ਹੈ। ਜੋ ਹੁਣ ਇਹ ਮੰਗ ਕਰ ਰਹੇ ਹਨ ਇਹ ਤਾਂ ਹੀ ਬਣ ਸਕਦੀ ਹੈ ਜੇਕਰ ਉਸ ਦੀ ਇੰਪਾਰਟੈਂਸ ਕਾਫੀ ਜ਼ਿਆਦਾ ਹੋਵੇ। ਇਹ ਮੇਰੇ ਨਾਲ ਗਲ ਕਰ ਲੈਣ ਜੇਕਰ ਇਸ ਦੀ ਇੰਪਾਰਟੈਂਸ ਜ਼ਿਆਦਾ ਹੋਈ ਤਾਂ ਇਸ ਤੇ ਵਿਚਾਰ ਕਰ ਲਵਾਂਗੇ।

New Buildings constructed for Primary Schools in District Jullundur

***1524. Comrade Kulwant Singh** : Will the Minister for Education be pleased to state the number of new buildings constructed for Primary Schools in Jullundur District in the years, 1980-81 and 1981-82 ?

ਸਰਦਾਰ ਹਰਚਰਨ ਸਿੰਘ ਅਜਨਾਲਾ : 1980-81 21

1981-82 ਨਿੱਲ

ਕਾਮਰੇਡ ਕੁਲਵੰਤ ਸਿੰਘ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਜ਼ਿਲ੍ਹਾ ਜਲੰਧਰ ਦੇ ਸਾਰੇ ਸਕੂਲਾਂ ਦੀਆਂ ਬਿਲਡਿੰਗਾਂ ਬਣ ਗਈਆਂ ਹਨ; ਜੇਕਰ ਨਹੀਂ ਬਣੀਆਂ ਤਾਂ ਕੀ ਇਹ ਹੁਣ ਇਸ ਵਿੱਤੀ ਸਾਲ ਵਿੱਚ ਬਣਾ ਦੇਣਗੇ ? ਦੂਸਰੀ ਗਲ ਇਹ ਹੈ ਕਿ 1981-82 ਵਿਚ ਇਕ ਸਕੂਲ ਦੀ ਮਨਜ਼ੂਰੀ ਨਹੀਂ ਦਿਤੀ, ਉਸ ਦੇ ਕੀ ਕਾਰਨ ਹਨ ।

ਮੰਤਰੀ : ਸਪੀਕਰ ਸਾਹਿਬ, ਇਹ ਆਪਣੇ ਆਪ ਹੀ ਅੰਦਾਜ਼ਾ ਲਗਾ ਲੈਂਦੇ ਹਨ । ਇਨ੍ਹਾਂ ਨੇ ਮੇਰੇ ਨਾਲ ਗੱਲ ਨਹੀਂ ਕੀਤੀ । ਮੈਂ ਸਿਰਫ ਉਨ੍ਹਾਂ ਬਿਲਡਿੰਗਾਂ ਦਾ ਵੇਰਵਾ ਦਿੱਤਾ ਹੈ ਜਿਹੜੀਆਂ ਹਰ ਪੱਖੋਂ ਕੰਪਲੀਟ ਹੋ ਗਈਆਂ ਹਨ ਅੌਰ ਸਕੂਲਾਂ ਦੇ ਇਸਤੇਮਾਲ ਵਿਚ ਆ ਰਹੀਆਂ ਹਨ। ਜਿਹੜੀਆਂ ਅੰਡਰ ਕੰਸਟ੍ਰਕਸ਼ਨ ਹਨ ਅੌਰ ਕੁਝ ਰਹਿੰਦੀਆਂ ਹਨ ਉਨ੍ਹਾਂ ਦਾ ਮੈਂ ਜ਼ਿਕਰ ਨਹੀਂ ਕੀਤਾ । ਇਨ੍ਹਾਂ ਨੂੰ ਪਤਾ ਨਹੀਂ ਕਿਵੇਂ ਖਿਆਲ ਆ ਗਿਆ ਕਿ ਇਹ ਬਿਲਡਿੰਗਾਂ ਨਹੀਂ ਬਣੀਆਂ। ਪੁਜ਼ੀਸ਼ਨ ਇਹ ਹੈ ਕਿ ਇਹ ਸਾਰੇ 137 ਸ਼ਕੂਲ ਹਨ ਜਿਨ੍ਹਾਂ ਦੀਆਂ ਬਿਲਡਿੰਗਾਂ ਬਣੀਆਂ ਹਨ । ਇਨ੍ਹਾਂ ਵਿਚੋਂ ਪਹਿਲੇ ਸਾਲ 37 ਬਿਲਡਿੰਗਾਂ ਬਨਾਉਣੀਆਂ ਸਰਕਾਰ ਨੇ 1980-81 ਸਾਲ ਲਈ ਮਨਜ਼ੂਰ ਕੀਤੀਆਂ । ਇਨ੍ਹਾਂ ਵਿਚੋਂ 21 ਬਣ ਚੁਕੀਆਂ ਹਨ ਅੌਰ 17 ਅੰਡਰ ਕੰਸਟ੍ਰਕਸ਼ਨ ਹਨ । ਦੂਸਰੇ ਸਾਲ ਲਈ 47 ਬਿਲਡਿੰਗਾਂ ਬਨਾਉਣੀਆਂ ਮਨਜ਼ੂਰ ਹੋਈਆਂ ਜਿਨ੍ਹਾਂ ਵਿਚੋ 44 ਸਕੂਲ ਬਿਲਡਿੰਗਾਂ ਲਈ ਜ਼ਮੀਨ ਮਿਲ ਚੁਕੀ ਹੈ ਅਤੇ ਉਨ੍ਹਾਂ ਲਈ ਕੰਸਟਰਕਸ਼ਨ ਦਾ ਕੰਮ ਟੇਕ ਅੱਪ ਕੀਤਾ ਜਾ ਰਿਹਾ ਹੈ । ਇਹ ਵੀ ਫੈਸਲਾ ਹੋ ਗਿਆ ਹੈ ਕਿ ਜਿਹੜੇ ਹੋਮਲੈਸ ਪ੍ਰਾਇਮਰੀ ਸਕੂਲ ਹਨ ਉਨ੍ਹਾਂ ਸਾਰਿਆਂ ਦੀਆਂ ਬਿਲਡਿੰਗਾਂ ਫੇਸਡ ਮੈਨਰ ਵਿਚ ਸਬਜੈਕਟ ਟੂ ਅਵੇਲੇਬਿਲਿਟੀ ਆਫ ਫੰਡਜ਼ ਬਣਾਵਾਂਗੇ ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ : ਪਿਛਲੇ ਸਾਲ ਸੈਸ਼ਨ ਵਿਚ ਕਿਹਾ ਗਿਆ ਸੀ ਕਿ 400 ਬਿਲਡਿੰਗਾਂ ਸਕੂਲਾਂ ਦੀਆਂ ਇਸ ਸਾਲ ਵਿਚ ਬਣਾਵਾਂਗੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ 400 ਵਿਚੋਂ ਕੰਪਲੀਟ ਕਿੰਨੀਆਂ ਹੋ ਗਈਆਂ ਹਨ ?

ਮੰਤਰੀ : ਇਹ ਸੈਪਰੇਟ ਸਵਾਲ ਦੇ ਦੇਣ । ਇਸ ਦਾ ਜਲੰਧਰ ਜ਼ਿਲ੍ਹੇ ਨਾਲ ਕੋਈ ਤੁਅਲਕ ਨਹੀਂ ਹੈ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਈ ਦਫਾ ਕਿਹਾ ਹੈ ਕਿ 2,400 ਸਕੂਲ ਬਗੈਰ ਬਿਲਡਿੰਗਾਂ ਦੇ ਹਨ ਇਹ ਇਨ੍ਹਾਂ ਦੀ ਹੁਣ ਦੀ ਹੀ ਸਟੇਟਮੈਂਟ ਹੈ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ 2,400 ਸਕੂਲਾਂ ਦੀਆਂ ਬਿਲਡਿੰਗਾਂ ਜਿਥੇ ਕਿ ਬੱਚੇ ਬਗੈਰ ਛੱਤ ਤੋਂ ਬੈਠਦੇ ਹਨ ਇਨ੍ਹਾਂ ਲਈ ਫੰਡਜ਼ ਪ੍ਰੋਵਾਈਡ ਕਰਨ ਵਾਸਤੇ ਇਨ੍ਹਾਂ ਨੇ ਕਿਹੜੇ ਕਿਹੜੇ ਸਟੈਪਸ ਚੁੱਕੇ ਹਨ ? ਕੀ ਇਹ ਫੰਡਜ਼ ਐਤਕੀ ਪ੍ਰੋਵਾਈਡ ਕਰ ਦਿਤੇ ਜਾਣਗੇ ?

ਮੰਤਰੀ : ਆਨਰੇਬਲ ਮੈਂਬਰ ਸਾਹਿਬ ਨੇ ਸ਼ਾਇਦ ਬਜਟ ਪ੍ਰਪੋਜ਼ਲਜ਼ ਪੜ੍ਹੀਆਂ ਨਹੀਂ ਹਨ। 1980-81 ਸਾਲ ਵਿਚ ਇਸ ਕੰਮ ਲਈ 1.10 ਕਰੋੜ ਰੁਪਏ ਰਖੇ ਗਏ ਸਨ । ਦੂਜੇ ਸਾਲ ਵਿਚ 1 ਕਰੋੜ ਫਿਰ ਰਖਿਆ ਗਿਆ ਅੱਤ ਐਤਕੀਂ 1 ਕਰੋੜ ਹੋਰ ਰਖਿਆ ਗਿਆ ਹੈ।

ਮਾਸਟਰ ਬਾਬੂ ਸਿੰਘ : 2,400 ਸਕੂਲ ਬਗੈਰ ਬਿਲਡਿੰਗਜ਼ ਸਕੂਲ ਹਨ, ਇਨ੍ਹਾਂ ਬਾਰੇ ਦੱਸਿਆ ਜਾਏ ।

(ਕੋਈ ਉੱਤਰ ਨਹੀਂ ਦਿੱਤਾ ਗਿਆ) ।

ਸਰਦਾਰ ਬੀਰਦਵਿੰਦਰ ਸਿੰਘ : ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਫਤਹਿ ਗੜ੍ਹ ਦੀ ਇਮਾਰਤ ਸਰਕਾਰ ਨੇ ਬਣਾਈ ਸੀ ਅਤੇ ਉਸ ਦਾ ਕੁਝ ਹਿੱਸਾ ਕੰਪਲੀਟ ਹੋ ਗਿਆ ਹੈ, ਬਾਕੀ ਹਿਸਾ ਬਿਲਡਿੰਗ ਦਾ, ਕਲਾਸ ਰੂਮਜ਼ ਤੋਂ ਇਲਾਵਾ ਸਾਇੰਸ ਲਿਬਾਰੇਟਰੀਜ਼ ਰਹਿੰਦੀਆਂ ਹਨ। ਕੀ ਇਸ ਸਾਲ ਵਿਚ ਜੋ ਫਾਈਨਾਂਸ਼ਿਅਲ ਈਅਰ ਸ਼ੁਰੂ ਹੋਣਾ ਹੈ ਉਥੇ ਘਟੋ ਘਟ ਲਿਬਾਰੇਟਰੀਜ਼ ਕੰਪਲੀਟ ਕਰਾਉਣ ਦਾ ਇਹ ਭਰੋਸਾ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਸਵਾਲ ਜਿਹੜਾ ਸੀ ਉਹ ਪਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਾਰੇ ਸੀ ਜਿਸ ਬਾਰੇ ਮੈਂ ਪਹਿਲਾਂ ਹੀ ਜ਼ਿਕਰ ਕਰ ਚੁੱਕਾ ਹਾਂ। ਜਿਹੜੀਆਂ ਅਲੋਕੇਸ਼ਨਜ਼ ਹੋਈਆਂ ਹਨ ਉਹ ਮੈਂ ਆਪ ਦੇ ਸਾਹਮਣੇ ਪਹਿਲਾਂ ਹੀ ਰਖ ਚੁੱਕਾ ਹਾਂ । 400 ਸਕੂਲ ਪਹਿਲੇ ਸਾਲ ਮਨਜ਼ੂਰ ਹੋਏ, 400 ਦੂਸਰੇ ਸਾਲ ਮਨਜ਼ੂਰ ਹੋਏ ਅੱਤ ਇਸ ਸਾਲ ਫਿਰ 400 ਮਨਜ਼ੂਰ ਕਰਾਂਗੇ । ਆਨਰੇਬਲ ਮੈਂਬਰ ਸਾਹਿਬ ਨੇ ਹਾਇਰ ਸੈਕੰਡਰੀ ਸਕੂਲ ਲਈ ਪੁਛਿਆ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਹ ਮੇਰੇ ਚੈਂਬਰ ਵਿਚ ਆ ਜਾਣ ਇਨ੍ਹਾਂ ਨੂੰ ਗਰਮ ਗਰਮ ਚਾਹ ਦੀ ਪਿਆਲੀ ਪਿਲਾਵਾਂਗੇ ਅੱਤ ਇਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਾਂਗੇ ।

Glucose Plant in Guru Nanak Dev Hospital, Amritsar

***1504. Professor Darbari Lal**: Will the Minister for Health be pleased to state whether there is a proposal under the consideration of the Government to install a Glucose Plant in Guru Nanak Dev Hospital, Amritsar; if so, the time by which it is likely to be installed ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਜੋਗਿੰਦਰ ਪਾਲ ਪਾਂਡੇ (ਸਿਹਤ ਮੰਤਰੀ) : ਹਾਂ ਜੀ । ਸਰਕਾਰ ਨੇ ਸ਼੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਲਈ ਗੁਲੂਕੋਜ਼ ਸੈਲਾਈਨ ਬਣਾਉਣ ਵਾਲੇ ਪਲਾਂਟ ਦੀ ਮਨਜ਼ੂਰੀ ਦੇ ਦਿਤੀ ਹੈ। ਕੁਝ ਮਸ਼ੀਨਰੀ ਅਤੇ ਸਮਾਨ ਖਰੀਦਣ ਲਈ ਆਰਡਰ ਦੇ ਦਿਤੇ ਹਨ। ਮਸ਼ੀਨਰੀ ਅਤੇ ਸਾਮਾਨ ਚਾਲੂ ਮਾਲੀ ਸਾਲ ਵਿਚ ਹੀ ਖਰੀਦਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ । 1982-83 ਵਿਚ ਹੀ ਮਸ਼ੀਨਰੀ ਲਗਣ ਦੀ ਸੰਭਾਵਨਾ ਹੈ।

ਪ੍ਰੋਫੈਸਰ ਦਰਬਾਰੀ ਲਾਲ : ਇਹ ਗੁਲੂਕੋਸ ਸੈਲਾਈਨ ਪਲਾਂਟ ਲਗਾਉਣ ਬਾਰੇ ਇਨ੍ਹਾਂ ਨੇ ਸੈਕੰਡ ਸੈਸ਼ਨ ਵਿਚ ਕਿਹਾ ਸੀ ਜਿਸ ਨੂੰ ਕਿ ਡੇਢ ਸਾਲ ਗੁਜ਼ਰ ਗਿਆ ਹੈ ਪਰ ਨਾ ਕੋਈ ਉਥੇ ਮਸ਼ੀਨਰੀ ਲਗਾਈ ਗਈ ਹੈ ਔਰ ਨਾ ਹੀ ਕੋਈ ਅਜਿਹਾ ਇੰਤਜ਼ਾਮ ਕੀਤਾ ਗਿਆ ਹੈ। ਗਰਮੀਆਂ ਫਿਰ ਆਉਣ ਵਾਲੀਆਂ ਹਨ ਜਿਸ ਨਾਲ ਡੀ-ਹਾਈਡਰੇਸ਼ਨ ਹੋ ਜਾਂਦੀ ਹੈ ਔਰ ਗੁਲੂਕੋਸ ਦੀ ਦਸ ਦੱਸ, ਪੰਦਰਾਂ-ਪੰਦਰਾਂ ਰੁਪਏ ਛੀ ਬੋਤਲ ਮਿਲਦੀ ਹੈ। ਕੀ ਉਥੇ ਇਹ ਪਲਾਂਟ ਜਲਦੀ ਤੋਂ ਜਲਦੀ ਲਗਾ ਦਿਤਾ ਜਾਏਗਾ ਤਾਂ ਕਿ ਲੋਕਾਂ ਨੂੰ ਗੁਲੂਕੋਸ ਦੀ ਸੱਸਤੀ ਬੋਤਲ ਮਿਲ ਸਕੇ ?

ਮੰਤਰੀ : ਬਹੁਤ ਸਾਰੀ ਮਸ਼ੀਨਰੀ ਲਈ ਆਰਡਰ ਦਿੱਤੇ ਗਏ ਹਨ । ਕੁਝ ਮਸ਼ੀਨਰੀ ਅਪ ਟੂ ਦੀ ਮਾਰਕ ਨਹੀਂ ਸੀ ਮਿਲੀ, ਇਸ ਲਈ ਦੁਬਾਰਾ ਟੈਂਡਰ ਹੋ ਰਹੇ ਹਨ । ਇਹ ਪਲਾਂਟ ਫਾਈ-ਨਾਂਸ਼ਿਅਲ ਈਅਰ 1982-83 ਵਿੱਚ ਲਗ ਜਾਏਗਾ ਔਰ ਮੇਰਾ ਵਿਸ਼ਵਾਸ ਹੈ ਕਿ 1982 ਵਿਚ ਹੀ ਇਹ ਕੰਪਲੀਟ ਹੋ ਜਾਏਗਾ ।

Supersession of Cooperative Agriculture Society, Village Gajiane, Tehsil Moga

*1528. (1) **Sardar Surjit Singh Barnala**
(2) **Sardar Basant Singh Khalsa** } :Will the Minister for State for Co-operation be pleased to state—

(a) whether the Co-operative Agricultural Service Society, Village Gajiane, Tehsil Moga has been superseded ;

(b) if the reply to part (a) above be in the affirmative whether the Secretary and the members of the said Society have handed over the charge;

(c) whether any case has been registered in this behalf at the Police Station Nihal Singhwala, If so, the result thereof ?

ਸਰਦਾਰ ਬੀਰਪਾਲ ਸਿੰਘ : (ੳ) ਹਾਂ ਜੀ।

(ਅ) ਨਹੀਂ ਜੀ ।

(ੲ) ਹਾਂ ਜੀ । ਕੇਸ ਧਾਰਾ 406/408 ਆਈ. ਪੀ. ਸੀ. ਅਧੀਨ ਸਕੱਤਰ, ਖਜ਼ਾਨਚੀ ਅਤੇ ਸੇਲਜ਼ਮੈਨ ਵਿਰੁੱਧ ਪੁਲਿਸ ਸਟੇਸ਼ਨ ਨਿਹਾਲ ਸਿੰਘ ਵਾਲਾ ਵਿਖੇ ਮਿਤੀ 18 ਜੂਨ, 1981 ਨੂੰ ਦਰਜ ਕਰਾਇਆ ਗਿਆ ਸ । ਪੁਲਿਸ ਨੇ 4 ਜਨਵਰੀ, 1982 ਨੂੰ ਰਿਪੋਰਟ ਦਿਤੀ ਹੈ ਕਿ ਰਿਕਾਰਡ, ਸ਼੍ਰੀ ਰੂਪ ਸਿੰਘ, ਕਮੇਟੀ ਦੇ ਮੈਂਬਰ ਦੇ ਕਬਜ਼ੇ ਵਿਚ ਹੈ । ਸ਼੍ਰੀ ਰੂਪ ਸਿੰਘ ਨੂੰ ਰਿਕਾਰਡ ਵਾਪਸ ਕਰਨ ਲਈ ਨੋਟਿਸ ਜਾਰੀ ਕਰ ਦਿਤਾ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਦੱਸਿਆ ਗਿਆ ਹੈ ਕਿ ਕੋਆਪ੍ਰੇਟਿਵ ਸੁਸਾਇਟੀ ਸੁਪਰਸੀਡ ਕਰ ਦਿੱਤੀ ਗਈ ਹੈ ਅੱਤੇ ਸੈਕਟਰੀ ਨੇ ਚਾਰਜ ਨਹੀਂ ਦਿਤਾ । ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਲ ਕੋਈ ਐਸੀ ਤਾਕਤ ਹੈ ਕਿ ਸੈਕਟਰੀ, ਕੋਆਪਰੇਟਿਵ ਸੁਸਾਇਟੀ ਤੋਂ ਚਾਰਜ ਲੈ ਸਕੇ ? ਜੇਕਰ ਐਸੀ ਤਾਕਤ ਹੈ ਤਾਂ ਹੁਣ ਤਕ ਉਸ ਤੋਂ ਚਾਰਜ ਕਿਉਂ ਨਹੀਂ ਲੈ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸੈਕਟਰੀ ਜਾਂ ਸੇਲਜ਼ਮੈਨ ਸੀ ਉਹ ਸਟਰਾਈਕ ਤੇ ਚਲਾ ਗਿਆ ਸੀ। ਰੂਪ ਸਿੰਘ ਕੋਲ ਰਿਕਾਰਡ ਸੀ। ਏ. ਆਰ. ਨੂੰ ਹਦਾਇਤ ਦਿਤੀ ਗਈ ਕਿ ਉਸ ਨੂੰ ਨੋਟਿਸ ਜਾਰੀ ਕੀਤਾ ਜਾਵੇ। ਉਸ ਨੂੰ ਨੋਟਿਸ ਜਾਰੀ ਕੀਤਾ ਗਿਆ ਪਰ ਉਹ ਅਨ-ਸਰਵਡ ਵਾਪਿਸ ਆ ਗਿਆ । ਹੁਣ ਏ. ਆਰ. ਨੂੰ ਕਿਹਾ ਹੈ ਕਿ ਤੁਸੀਂ ਅੰਡਰ ਸੈਕਸ਼ਨ 28 ਆਫ਼ ਕੋਆਪਰੇਟਿਵ ਸੋਸਾਇਟੀਜ਼ ਐਕਟ ਲੋਕਲ ਮੈਜਿਸਟਰੇਟ ਨੂੰ ਅਪਲਾਈ ਕਰੋ ਤਾਂ ਕਿ ਕਾਨੂੰਨੀ ਕਾਰਵਾਈ ਕੀਤੀ ਜਾਵੇ ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਇਨ੍ਹਾਂ ਨੇ ਪਾਰਟ 'ਸੀ' ਵਿੱਚ ਜਵਾਬ ਦਿੱਤਾ ਹੈ ਕਿ ਮੁਕੱਦਮਾ ਧਾਰਾ 406/408 ਆਈ. ਪੀ. ਸੀ. ਅਧੀਨ ਸਕੱਤਰ, ਖਜ਼ਾਨਚੀ ਅਤੇ ਸੇਲਜ਼-ਮੈਨ ਵਿਰੁਧ ਦਰਜ ਹੋਇਆ । ਮੁਕਦਮਾ ਜੂਨ, 1981 ਵਿਚ ਦਰਜ਼ ਹੋਇਆ ਅਤੇ ਪੁਲਿਸ ਨੇ ਜਨਵਰੀ, 1982 ਵਿਚ 6 ਮਹੀਨੇ ਬਾਅਦ ਰਿਪੋਰਟ ਕੀਤੀ ਕਿ ਰਿਕਾਰਡ ਰੂਪ ਸਿੰਘ ਪਾਸ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਕੋਲ ਜਾਂ ਪੁਲਿਸ ਕੋਲ ਕੋਈ ਅਖਤਿਆਰ ਨਹੀਂ ਕਿ ਰੂਪ ਸਿੰਘ ਕੋਲੋਂ ਰਿਕਾਰਡ ਲੈ ਲੈਣ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਅੰਡਰ ਸੈਕਸ਼ਨ 30 ਉਸ ਨੂੰ ਨੋਟਿਸ ਜਾਰੀ ਕੀਤਾ ਗਿਆ ਪਰ ਉਸ ਨੇ ਨਹੀਂ ਲਿਆ ਅਤੇ ਅਨ-ਸਰਵਡ ਵਾਪਿਸ ਆ ਗਿਆ। ਜਿਸ ਤਰ੍ਹਾਂ ਮੈਂ ਪਹਿਲਾਂ ਦੱਸ ਚੁਕਾ ਹਾਂ ਹੁਣ ਅਸੀਂ ਏ. ਆਰ. ਨੂੰ ਹਦਾਇਤ ਕੀਤੀ ਹੈ ਕਿ ਤੁਸੀਂ ਲੋਕਲ ਮੈਜਿਸਟਰੇਟ ਪਾਸ ਜਾਓ ਤਾਂ ਕਿ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਬਰਨਾਲਾ ਸਾਹਿਬ ਨੇ 2 ਸਵਾਲ ਕੀਤੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਪਰਾਬਲਮ ਹੈ ਇਸ ਦੀ ਨੌਈਅਤ ਨੂੰ ਸਮਝਿਆ ਜਾਵੇ । ਸੋਸਾਇਟੀ ਕਿਸਾਨਾਂ ਦੇ ਹਿਤਾਂ ਵਾਸਤੇ ਸੀ ਪਰ ਤੁਸੀਂ ਉਸ ਨੂੰ ਸੁਪਰਸੀਡ ਕਰ ਦਿੱਤਾ ਹੈ । ਦੱਸਿਆ ਗਿਆ ਹੈ ਕਿ ਰੂਪ ਸਿੰਘ ਰਜਿਸਟਰ ਨਹੀਂ ਦਿੰਦਾ । ਪੁਲਿਸ ਕੋਲ ਕੇਸ ਦਰਜ ਕਰਾਉਣ ਤੋਂ ਬਾਅਦ ਪੁਲਿਸ ਨੇ 6 ਮਹੀਨੇ ਬਾਅਦ ਰਿਪੋਰਟ ਕੀਤੀ । ਤੁਸੀਂ ਕਹਿਦੇ ਹੋ ਕਿ ਪੁਲਿਸ ਕੋਲ ਕੋਈ ਅਖਤਿਆਰ ਨਹੀਂ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਖ੍ਰਾਬੀ ਹੈ ਇਸ ਦੀ ਨੌਈਅਤ ਨੂੰ ਸਮਝਿਆ ਜਾਵੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤਕ ਰੂਪ ਸਿੰਘ ਕੋਲੋਂ ਰਜਿਸਟਰ ਲੈ ਕੇ ਇਸ ਮਸਲੇ ਨੂੰ ਹੱਲ ਕਰ ਦੇਣਗੇ ਤਾਂ ਕਿ ਇਹ ਮਸਲਾ ਛੇਤੀ ਹੱਲ ਹੋ ਜਾਵੇ ਅਤੇ ਕਿਸਾਨਾਂ ਦਾ ਫਾਇਦਾ ਹੋਵੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਅੱਗੇ ਹੀ ਬੇਨਤੀ ਕਰ ਚੁੱਕਾ ਹਾਂ ਕਿ ਏ. ਆਰ. ਨੂੰ ਹਦਾਇਤ ਕੀਤੀ ਗਈ ਹੈ ਕਿ ਜਿਹੜੇ ਆਦਮੀਆਂ ਨੇ ਅਣ-ਗਹਿਲੀ ਕੀਤੀ ਹੈ ਉਸ ਬਾਰੇ ਉਹ ਅੰਡਰ ਸੈਕਸ਼ਨ 28 ਲੋਕਲ ਮੈਜਿਸਟਰੇਟ ਕੋਲ ਜਾਵੇ ਤਾਂ ਕਿ ਕਾਨੂੰਨੀ ਕਾਰਵਾਈ ਕੀਤੀ ਜਾਵੇ । ਅਸੀਂ ਸਖਤ ਕਾਰਵਾਈ ਕਰਨ ਲਈ ਤਿਆਰ ਹਾਂ ।

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੋਆਪਰੇਟਿਵ ਸੋਸਾਇਟੀਆਂ ਵਿਚ ਪਿਛਲੇ ਸਮੇਂ ਵਿਚ ਸੈਕਟਰੀ ਜਾਂ ਸੇਲਜ਼ਮੈਨ ਕੰਮ ਕਰਦੇ ਸਨ, ਉਨ੍ਹਾਂ ਨੂੰ ਸਰਕਾਰ ਨੇ ਹੜਤਾਲ ਕਰਨ ਕਾਰਨ ਕੱਢ ਦਿੱਤਾ ਸੀ ਪਰ ਕਈ ਸੋਸਾਇਟੀਆਂ ਉਨ੍ਹਾਂ ਨੂੰ ਦੁਬਾਰਾ ਰੱਖਣਾ ਚਾਹੁੰਦੀਆਂ ਸਨ । ਉਨ੍ਹਾਂ ਨੇ ਰੈਜ਼ੋਲਿਊਸ਼ਨ ਕੀਤਾ । ਇਹ ਹਾਲਾਂ ਕਹਿੰਦੇ ਹਨ ਕਿ ਇਹ ਸੋਸਾਇਟੀਆਂ ਅਟਾਨੋਮਸ ਬਾਡੀਜ਼ ਹਨ ਪਰ ਫਿਰ ਵੀ ਇਹ ਕਹਿੰਦੇ ਹਨ ਕਿ ਤੁਸੀਂ ਦੁਬਾਰਾ ਉਨ੍ਹਾਂ ਨੂੰ ਕਿਉਂ ਰੱਖਿਆ ਹੈ ? ਇਸ ਕਰ ਕੇ ਉਨ੍ਹਾਂ ਨੂੰ ਤੋੜਿਆ ਗਿਆ । ਇਸ ਦਾ ਕੀ ਕਾਰਨ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਦੀ ਕੋਈ ਰੈਲੇਵੈਂਸੀ ਨਹੀਂ ਹੈ । ਇਸ ਸਵਾਲ ਵਿਚ ਗਾਜੀਆਨੇ ਦੀ ਸੋਸਾਇਟੀ ਬਾਰੇ ਪੁੱਛਿਆ ਗਿਆ ਸੀ । ਇਹ ਜਿਹੜਾ ਪੁੱਛਣਾ ਚਾਹੁੰਦੇ ਹਨ, ਇਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਉਸ ਦਾ ਜਵਾਬ ਦੇ ਦਿਆਂਗਾ ।

Boards of the Central Co-operative Banks

*1369. **Sardar Parkash Singh Majitha**: Will the Minister of State for Co-operation be pleased to state :—

(a) the total number of elected Boards of the Central Co-operative Banks at the District level in the State which have completed their terms;

(b) the time by which the election of the members to the Boards mentioned in part (a) above is likely to be held?

ਸਰਦਾਰ ਬੀਰਪਾਲ ਸਿੰਘ : (ੳ) 13 ਕੇਂਦਰੀ ਸਹਿਕਾਰੀ ਬੈਂਕਾਂ ਦੇ ਚੁਣੇ ਹੋਏ ਬੋਰਡ ਆਫ਼ ਡਾਇਰੈਕਟਰਜ਼ ਨੇ ਆਪਣੀ ਮਿਆਦ ਪੂਰੀ ਕਰ ਲਈ ਹੈ ।

(ਅ) 13 ਕੇਂਦਰੀ ਸਹਿਕਾਰੀ ਬੈਂਕਾਂ ਦੇ ਪ੍ਰਸ਼ਾਸਕਾਂ ਨੂੰ ਆਪਣੇ ਆਪਣੇ ਬੈਂਕ ਦੀ ਚੋਣ ਕਰਾਉਣ ਵਾਸਤੇ ਪਹਿਲੋਂ ਹੀ ਬੇਨਤੀ ਕੀਤੀ ਜਾ ਚੁੱਕੀ ਹੈ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਪੰਜਾਬ ਵਿਚ ਤਕਰੀਬਨ ਸਾਰੀਆਂ ਸੈਂਟਰਲ ਕੋਆਪ੍ਰੇਟਿਵ ਬੈਂਕਸ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਅਤੇ ਕਾਫ਼ੀ ਸਮੇਂ ਤੋਂ ਇਨ੍ਹਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਚੋਣ ਨਹੀਂ ਹੋਈ । ਇਹ ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਹੈ ਇਸ ਤੋਂ ਲਗਦਾ ਹੈ ਕਿ ਇਹ ਚੋਣ ਜ਼ਰੂਰ ਕਰਾਉਣਗੇ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਬੋਰਡ ਆਫ਼ ਡਾਇਰੈਕਟਰਜ਼ ਦੀ ਨਾਮੀਨੇਸ਼ਨ ਤਾਂ ਨਹੀਂ ਕਰਨਗੇ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ, ਜਿਵੇਂ ਇਨ੍ਹਾਂ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ 13 ਕੇਂਦਰੀ ਸਹਿਕਾਰੀ ਬੈਂਕਾਂ ਦੇ ਪ੍ਰਸ਼ਾਸਕਾਂ ਨੂੰ ਆਪਣੇ ਆਪਣੇ ਬੈਂਕ ਦੀ ਚੋਣ ਕਰਾਉਣ ਵਾਸਤੇ ਪਹਿਲੋਂ ਹੀ ਬੇਨਤੀ ਕੀਤੀ ਜਾ ਚੁੱਕੀ ਹੈ, ਇਹ ਬੇਨਤੀ ਕਿਉਂ ਕਰਦੇ ਹਨ, ਹੁਕਮ ਕਿਉਂ ਨਹੀਂ ਕਰਦੇ ? ਇਹ ਅੰਸ਼ੋਰੈਂਸ ਦੇਣ ਕਿ ਕਦੋਂ ਤਕ ਚੋਣਾਂ ਹੋ ਜਾਣਗੀਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਸਾਰਾ ਥੱਲੇ ਅਰੇਂਜਮੈਂਟ ਹੋ ਜਾਵੇਗਾ ਤਾਂ ਜੋ ਹਦਾਇਤ ਦਿਤੀ ਗਈ ਹੈ ਉਸ ਦੇ ਮੁਤਾਬਿਕ ਅਸੀਂ ਜਲਦੀ ਚੋਣਾਂ ਕਰਵਾ ਦਿਆਂਗੇ ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਇਹ ਟਾਈਮ ਬਾਊਂਡ ਦੱਸਣ ਕਿ ਐਨੇ ਸਮੇਂ ਵਿਚ ਕਰ ਦਿਆਂਗੇ । ਇਹ ਉਨ੍ਹਾਂ ਨੂੰ ਬੇਨਤੀ ਕਰਦੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਨੂੰ ਹੁਕਮ ਕਿਉਂ ਨਹੀਂ ਕਰਦੇ ? ਬਾਕੀ ਇਹ ਟਾਈਮ ਬਾਊਂਡ ਦੱਸਣ ਕਿ ਅਸੀਂ ਐਨੇ ਸਮੇਂ ਵਿਚ ਚੋਣਾਂ ਕਰਵਾ ਦਿਆਂਗੇ । ਇਹ ਯਕੀਨ ਦਿਵਾਉਣ ਕਿ ਨਾਮੀਨੇਸ਼ਨ ਨਹੀਂ ਕਰਾਂਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਨਾਮੀਨੇਸ਼ਨ ਵਾਲੀ ਗਲ ਨਹੀਂ ਹੈ। ਬਾਕੀ ਮੈਂ ਇਹ ਦੱਸਿਆ ਹੈ ਕਿ ਜਦੋਂ ਥੱਲੇ ਅਰੇਂਜਮੈਂਟ ਹੋ ਗਿਆ ਤਾਂ ਅਸੀਂ ਚੋਣਾਂ ਕਰਵਾ ਦਿਆਂਗੇ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਤੁਸੀਂ ਇਹ ਦੱਸੋ ਕਿ ਸਾਲ, ਦੋ ਸਾਲ ਜਾਂ ਤਿੰਨ ਸਾਲਾਂ ਵਿੱਚ ਅਰਥਾਤ ਕਦੋਂ ਤਕ ਤੁਸੀਂ ਇਲੈਕਸ਼ਨ ਕਰਵਾ ਦਿਉਗੇ ? ਇਸ ਬਾਰੇ ਤੁਸੀਂ ਐਸ਼ੋਰੈਂਸ ਦਿਓ ?

ਸ਼੍ਰੀ ਸਪੀਕਰ : ਵਜ਼ੀਰ ਸਾਹਿਬ, ਤੁਸੀਂ ਦੱਸ ਦਿਓ ਕਿ ਕਦੋਂ ਤਕ ਤੁਹਾਡਾ ਇੰਤਜ਼ਾਮ ਕੰਪਲੀਟ ਹੋ ਜਾਵੇਗਾ ?

ਰਾਜ ਮੰਤਰੀ : ਇੰਤਜ਼ਾਮ ਥੱਲੇ ਤੋਂ ਕੰਪਲੀਟ ਹੋ ਕੇ ਆ ਜਾਣ ਦਿਓ, ਅਸੀਂ ਉਦੋਂ ਕਰਵਾ ਦਿਆਂਗੇ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਤੁਸੀਂ ਇਹ ਦੱਸੋ ਕਿ ਸਾਲ, ਦੋ ਸਾਲ ਜਾਂ ਤਿੰਨ ਸਾਲਾਂ ਵਿੱਚ ਯਾਨੀ ਕਦੋਂ ਤਕ ਕਰਵਾ ਦਿਉਗੇ ? ਸਪੀਕਰ ਸਾਹਿਬ, ਸਾਨੂੰ ਜਵਾਬ ਲੈ ਕੇ ਦਿਓ ।

ਸ਼੍ਰੀ ਸਪੀਕਰ : ਮੈਂ ਉਨਾਂ ਨੂੰ ਫੋਰਸ ਨਹੀਂ ਕਰ ਸਕਦਾ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਤੁਸੀਂ ਸਾਨੂੰ ਪ੍ਰੋਟੈਕਟ ਕਰੋ ਅਤੇ ਉਨ੍ਹਾਂ ਨੂੰ ਕਹੋ ਕਿ ਜਵਾਬ ਦੇਣ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਸਾਲ, ਦੋ ਸਾਲ ਜਾਂ ਤਿੰਨ ਸਾਲ ਦੀ ਗੱਲ ਨਹੀਂ ਹੈ। ਥੱਲੇ ਤੋਂ ਹੋ ਕੇ ਆ ਜਾਣ ਦਿਓ ਅਸੀਂ ਜਲਦੀ ਕਰਵਾ ਦਿਆਂਗੇ । ਤੁਸੀਂ ਮੇਰੇ ਤੇ ਵਿਸ਼ਵਾਸ ਰਖੋ । ਥੱਲੇ ਤੋਂ ਹੋ ਕੇ ਮੇਰੇ ਕੋਲ ਆ ਲੈਣ ਦਿਓ, ਅਸੀਂ ਜਲਦੀ ਕਰਵਾ ਦਿਆਂਗੇ ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਟਿਕਾਰਯੋਗ ਮਨਿਸਟਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਉਨ੍ਹਾਂ ਨੇ ਜਵਾਬ ਦਿੱਤਾ ਹੈ, ਇਹ ਦਰੁਸਤ ਨਹੀਂ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ (ਵਿਰੋਧੀ ਧਿਰ ਵੱਲ ਇਸ਼ਾਰਾ) ਦੋ ਢਾਈ ਸਾਲ ਕੁਝ ਨਹੀਂ ਕੀਤਾ ਤਾਂ ਘੱਟੋ ਘੱਟ ਇਨ੍ਹਾਂ ਦੀ ਨਕਲ ਨਾ ਕਰੋ, ਇਨ੍ਹਾਂ ਵਾਲੀ ਰਵਾਇਤ ਨਾ ਪਾਓ । ਇਸ ਲਈ ਕੀ ਇਹ ਬੜੀ ਜਲਦੀ ਕਰਾਉਣ ਦਾ ਵਾਇਦਾ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਮੈਂ ਪਹਿਲਾਂ ਹੀ ਦੋ ਤਿੰਨ ਵਾਰੀ ਜਵਾਬ ਦੇ ਚੁੱਕਾ ਹਾਂ ।

Original with;
Punjab Vidhan Sabha
Digitized by;
Panjab Digital Library

Complaint against the Traders of Districts Bhatinda, Faridkot and Ferozepur regarding Unauthorised Export of Wheat

*1477. **Sardar Atma Singh:** Will the Minister of state for Food and Supplies be pleased to state :—

(a) whether the Government received any complaints during 1980-81, 1981-82 against any trader or traders belonging to Bhatinda, Faridkot and Ferozepur districts that he or they had exported wheat from the State against the bogus names of farmers by rail or trucks; if so, a list showing the names of such traders and bogus names of farmers togetherwith the quantity of wheat exported in each case during the said period yearwise be laid on the Table of the House ;

(b) whether the Government got any enquiry conducted into the said complaint through any Government agency; if so, when;

(c) the details of the enquiry report togetherwith the action taken thereon ?

Shri Bhagwan Dass : (a) Yes. One anonymous complaint was received in October, 1981 alleging that M/s Hans Raj, Kanshi Ram Arhtias of Rampuraphool had sent 250 bags of wheat to Bombay in the name of Shri Sukhdev Singh, a farmer of village Khudiwala.

(b) Yes. On 25th October, 1981.

(c) 232 bags of wheat despatched belonged to the farmer who despatched it. The allegations were, therefore, proved to be baseless.

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 232 ਬੋਰੀਆਂ ਭੇਜੀਆਂ ਗਈਆਂ ਅਤੇ ਉਹ ਸੁਖਦੇਵ ਸਿੰਘ ਜ਼ਿਮੀਂਦਾਰ ਦੇ ਨਾਮ ਤੇ ਗਈਆਂ। ਇਨ੍ਹਾਂ ਦੇ ਇਸ ਜਵਾਬ ਨਾਲ ਮੇਰੀ ਤਸੱਲੀ ਨਹੀਂ ਹੋਈ। ਮੈਂ ਅਖਬਾਰਾਂ ਵਿਚ ਪੜ੍ਹਿਆ ਹੈ ਅਤੇ ਇਕ ਚੀਜ਼ ਇਨ੍ਹਾਂ ਨੇ ਵੀ ਮੰਨ ਲਈ ਹੈ ਕਿ 232 ਬੋਰੀਆਂ ਰਾਮਪੁਰਾ ਫੂਲ ਤੋਂ ਬੰਬਈ ਗਈਆਂ। ਮੈਂ, ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਗੱਲ ਦੀ ਪੜਤਾਲ ਕਰ ਲੈਣਗੇ ਕਿ ਜਦੋਂ ਰਾਮਪੁਰਾ ਫੂਲ ਤੋਂ ਬਿਲਟੀ ਕੀਤੀ ਤਾਂ ਬਿਲਟੀ/ਫਾਰਮ ਤੇ ਸਾਈਨ ਆੜਤੀਏ ਕਾਂਸ਼ੀ ਰਾਮ ਨੇ ਕੀਤੇ ਜਾਂ ਸੁਖਦੇਵ ਸਿੰਘ ਨੇ ਕੀਤੇ ? ਦੂਸਰਾ, ਇਹ ਕਿ ਜਦੋਂ ਉਹ ਬਿਲਟੀ ਬੰਬਈ ਪਹੁੰਚੀ ਤਾਂ ਉਸ ਦੀ ਪੇਮੈਂਟ ਸੁਖਦੇਵ ਸਿੰਘ ਨੇ ਵਸੂਲ ਕੀਤੀ ਜਾਂ ਆੜਤੀਏ ਕਾਂਸ਼ੀ ਰਾਮ ਨੇ ਵਸੂਲ ਕੀਤੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਕਾਇਦਾ ਤੌਰ ਤੇ ਇਕ ਕਮੇਟੀ ਬਣਾ ਕੇ ਇਸ ਦੀ ਇਨਕੁਆਇਰੀ ਕੀਤੀ ਗਈ ਹੈ, ਇਸ ਦੀ ਤਫਤੀਸ਼ ਕੀਤੀ ਗਈ ਹੈ। ਸੁਖਦੇਵ ਸਿੰਘ ਨੇ ਕਿਹਾ ਹੈ ਕਿ ਇਹ ਮੇਰੀ ਕਣਕ ਹੈ ਅਤੇ ਮੈਂ ਆਪ ਭੇਜੀ ਹੈ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਣਕ ਜਿਹੜੀ ਬੰਬਈ ਗਈ ਉਸ ਦੀ ਇਥੇ ਬਿਲਟੀ ਬਣੀ ਹੈ, ਉਸ ਬਿਲਟੀ ਦਾ ਫਾਰਮ ਕਿਸ ਨੇ ਭਰਿਆ ਅਤੇ ਬੰਬਈ ਪਹੁੰਚਣ ਤੋਂ ਬਾਅਦ ਪੇਮੈਂਟ ਕਿਸ ਨੇ ਲਈ ? ਇਸ ਦਾ ਜਵਾਬ ਮਨਿਸਟਰ ਸਾਹਿਬ ਦੇ ਦੇਣ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਾਰਮ ਭਰਨ ਦੀ ਕੋਈ ਗੱਲ ਨਹੀਂ ਹੁੰਦੀ। ਬਿਲਟੀ ਸ਼੍ਰੀ ਸੁਖਦੇਵ ਸਿੰਘ ਦੇ ਨਾਮ ਤੇ ਭੇਜੀ ਹੈ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮੰਤਰੀ ਦੇ ਅਹੁਦੇ ਤੇ ਸਹੁੰ ਚੁਕਣ ਤੋਂ ਬਾਅਦ, ਮੈਂ ਅਖਬਾਰਾਂ ਵਿਚ ਪੜ੍ਹਿਆ ਹੈ, ਜੈਤੋਂ ਛਾਪਾ ਮਾਰਿਆ ਅਤੇ ਦੇਖਿਆ ਕਿ ਕਣਕ ਦੀਆਂ ਬੇਨਾਮੀ ਨਾਮ ਤੇ ਬਿਲਟੀਆਂ ਗਈਆਂ ਸਨ। ਮੈਂ ਸਵਾਲ ਵਿੱਚ ਬਠਿੰਡਾ, ਫਰੀਦਕੋਟ ਅਤੇ ਫੀਰੋਜ਼ਪੁਰ ਜ਼ਿਲ੍ਹਿਆਂ ਬਾਰੇ ਪੁੱਛਿਆ ਹੈ, ਇਨ੍ਹਾਂ ਨੇ ਕੇਵਲ ਰਾਮਪੁਰਾ ਫੂਲ ਦਾ ਜ਼ਿਕਰ ਕੀਤਾ ਹੈ। ਬਾਕੀਆਂ ਜ਼ਿਲ੍ਹਿਆਂ ਵਿੱਚ ਤੇ ਜੈਤੋਂ ਵਿਚ ਜੋ ਕਣਕ ਦੀਆਂ ਬੋਰੀਆਂ ਬੇਨਾਮੀ ਨਾਮਾਂ ਤੇ ਭੇਜੀਆਂ ਗਈਆਂ ਹਨ, ਕੀ ਉਹ ਵਜ਼ੀਰ ਸਾਹਿਬ ਦੇ ਨੋਟਿਸ ਵਿੱਚ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜੋ ਸਵਾਲ ਕੀਤਾ ਹੈ ਉਸ ਦਾ ਜਵਾਬ ਮੈਂ ਬਾਕਾਇਦਾ ਦੇ ਦਿੱਤਾ ਹੈ। ਇਸ ਤੋਂ ਵੱਧ ਹੋਰ ਕੋਈ ਇਨਫਰਮੇਸ਼ਨ ਦੀ ਇਨ੍ਹਾਂ ਨੂੰ ਲੋੜ ਹੈ ਤਾਂ ਇਹ ਲਿਖ ਕੇ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ ।

Mr. Speaker . Next Question.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਬੜਾ ਇਮਪਾਰਟੈਂਟ ਸਵਾਲ ਹੈ। ਅਸੀਂ ਇਸ ਤੇ ਸਪਲੀਮੈਂਟਰੀ ਕਰਨਾ ਚਾਹੁੰਦੇ ਹਾਂ ਪਰ ਤੁਸੀਂ ਨੈਕਸਟ ਕੁਐਸਚਨ ਵਾਸਤੇ ਕਹਿ ਦਿਤਾ ਹੈ ਮੈਨੂੰ ਸਪਲੀਮੈਂਟਰੀ ਅਲਾਓ ਕਰੋ ।

Number of Ration Card Holders in Ludhiana

***1509. Shri Om Parkash Gupta :** Will the Minister of state for Food and Supplies be pleased to state :—

(a) the total number of ration card holders in District Ludhiana and the number of ration depots in the District at present;

(b) the maximum and minimum number of ration cards registered with a depot holder in the said district and the items available in the depots to the ration card holders ;

(c) the number of depots in the said district which were cancelled or suspended for irregularities during the years 1980 and 1981 ?

ਸ਼੍ਰੀ ਭਗਵਾਨ ਦਾਸ ; (ੳ) 3,10,293 ਕਾਰਡ ਅਤੇ 1,123 ਡਿਪੂ।

(ਅ) 727 ਅਤੇ 33 ਖੰਡ, ਹੋਲਮੀਲ ਕਣਕ ਦਾ ਆਟਾ, ਸ਼ਾਬਤ ਮੂੰਗੀ, ਸਾਬਤ ਮਾਂਹ, ਆਰ. ਬੀ. ਬੀ. ਡੀ. ਪਾਮ ਤੇਲ, ਮਿੱਟੀ ਦਾ ਤੇਲ, ਕੰਟਰੋਲ ਦਾ ਕਪੜਾ ਅਤੇ ਚਾਵਲ ਇਨ੍ਹਾਂ ਡਿਪੂਆਂ ਰਾਹੀਂ ਵੰਡੇ ਜਾਂਦੇ ਹਨ।

(ਏ) 1980 ਵਿਚ 1 ਡਿਪੂ ਅਤੇ 1981 ਵਿਚ 3 ਡਿਪੂ ਰੱਦ ਕੀਤੇ ਗਏ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 1,123 ਡਿਪੂ ਹਨ ਅਤੇ ਇਕ ਡਿਪੂ ਤੇ ਜ਼ਿਆਦਾ ਤੋਂ ਜ਼ਿਆਦਾ 727 ਅਤੇ ਘੱਟ ਤੋਂ ਘੱਟ 33 ਕਾਰਡ ਹਨ। ਮੈਂ ਵਜ਼ੀਰ

Original with;
Punjab Vidhan Sabha
Digitized by;
Panjab Digital Library

ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ, ਸਰਕਾਰ ਨੇ ਇਕ ਪਾਲਿਸੀ ਅਨਾਊਂਸ ਕੀਤੀ ਸੀ ਕਿ ਇਕ ਡਿਪੂ ਤੇ ਜ਼ਿਆਦਾ ਤੋਂ ਜ਼ਿਆਦਾ 500 ਕਾਰਡ ਹੋਣਗੇ, ਕੀ ਹੁਣ ਕੋਈ ਖਾਸ ਪਾਲਿਸੀ ਚਲ ਰਹੀ ਹੈ ਜਾਂ ਉਹੀ ਪਾਲਿਸੀ ਚਲ ਰਹੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਲੋਕਾਂ ਦੀ ਸਹੂਲਤ ਵਾਸਤੇ 500 ਤੋਂ ਘੱਟ ਕਾਰਡ ਅਤੇ ਹੋਰ ਵੀ ਜ਼ਿਆਦਾ ਡਿਪੂ ਖੋਲ੍ਹਣ ਦਾ ਪ੍ਰਬੰਧ ਕੀਤਾ ਹੈ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਰਾਸ਼ਨ ਲੈਣ ਲਈ ਤਕਲੀਫ ਨਾ ਹੋਵੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਇਨ੍ਹਾਂ ਡਿਪੂਆਂ ਦੇ ਰਾਹੀਂ ਸ਼ੂਗਰ, ਹੱਲ ਮੀਲ ਕਣਕ ਦਾ ਆਟਾ, ਸਾਬਤ ਮੂੰਗੀ, ਸਾਬਤ ਮਾਂਹ, ਮਿੱਟੀ ਦਾ ਤੇਲ, ਕੰਟਰੋਲ ਦਾ ਕੱਪੜਾ, ਆਰ. ਬੀ. ਡੀ. ਪਾਮ ਤੇਲ ਅਤੇ ਚਾਵਲ ਵੰਡੇ ਜਾਂਦੇ ਹਨ ਪਰ ਜੋ ਮੇਰੀ ਇਤਲਾਹ ਹੈ ਉਹ ਇਹ ਹੈ ਕਿ ਸਿਰਫ ਸ਼ੂਗਰ, ਆਟਾ, ਚਾਵਲ ਤੇ ਕੈਰੋਸੀਨ ਆਇਲ ਹੀ ਇਨ੍ਹਾਂ ਡਿਪੂਆਂ ਰਾਹੀਂ ਵੰਡਿਆ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਇਨ੍ਹਾਂ ਨੇ ਸਾਬਤ ਮੂੰਗੀ, ਮਾਂਹ ਅਤੇ ਕਪੜਾ ਵਗੈਰਾ ਜੋ ਦੱਸਿਆ ਹੈ ਉਹ ਨਹੀਂ ਦਿੱਤਾ ਜਾਂਦਾ ? ਦੂਸਰਾ, ਇਨ੍ਹਾਂ ਨੇ ਦੱਸਿਆ ਹੈ ਕਿ 1980 ਵਿਚ ਇਕ ਡਿਪੂ ਅਤੇ 1981 ਵਿੱਚ 3 ਡਿਪੂ ਕੈਂਸਲ ਕੀਤੇ ਗਏ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਟਾਫ ਨੇ 2 ਸਾਲਾਂ ਵਿੱਚ ਕਿੰਨੇ ਡਿਪੂ ਚੈਕ ਕੀਤੇ ਹਨ ਅਤੇ ਉਸ ਦੇ ਵਿਚ ਕੀ ਕੀ ਇਰਰੈਗੂਲੇਰਿਟੀਜ਼ ਪਾਈਆਂ ਗਈਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜੋ ਪਹਿਲੀ ਗੱਲ ਕਹੀ ਹੈ ਉਸ ਦਾ ਜਵਾਬ ਇਹ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਜੋ ਯੈਲੋ ਕਾਰਡ ਬਣਾਏ ਹਨ ਉਨ੍ਹਾਂ ਕਾਰਡਾਂ ਤੇ ਜੋ ਡਿਪੂ ਮੈਂ ਦੱਸੇ ਹਨ ਉਨ੍ਹਾਂ ਸਾਰਿਆਂ ਤੇ ਉਹੀ ਚੀਜ਼ਾਂ ਮਿਲਦੀਆਂ ਹਨ ਜੋ ਮੈਂ ਦੱਸੀਆਂ ਹਨ ਅਤੇ ਬਾਕੀ ਦੇ ਰਾਸ਼ਨ ਕਾਰਡਾਂ ਤੇ ਡਿਪੂਆਂ ਤੇ ਉਹੀ ਚਾਰ ਚੀਜ਼ਾਂ ਮਿਲਦੀਆਂ ਹਨ ਜੋ ਗੁਪਤਾ ਸਾਹਿਬ ਨੇ ਦੱਸੀਆਂ ਹਨ।

ਦੂਸਰਾ, ਜੋ ਇਨ੍ਹਾਂ ਨੇ ਚੈਕਿੰਗ ਦੀ ਗੱਲ ਕੀਤੀ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਡਿਸਟ੍ਰਿਕਟ ਅਫਸਰ ਸਾਹਿਬਾਨ ਜੋ ਹਨ ਉਹ ਬੜੇ ਅੱਛੇ ਢੰਗ ਨਾਲ ਪੜਤਾਲ ਕਰਦੇ ਹਨ ਅਤੇ ਜਿਵੇਂ ਮੈਂ ਜਵਾਬ ਵਿਚ ਦੱਸਿਆ ਹੈ ਕਿ ਸਾਲ 1980 ਵਿਚ 1 ਡਿਪੂ ਅਤੇ ਸਾਲ 1981 ਵਿਚ 3 ਡਿਪੂ ਬਾਕਾਇਦਾ ਇਨਕੁਆਇਰੀ ਕਰਨ ਤੋਂ ਬਾਅਦ ਕੈਂਸਲ ਕੀਤੇ ਗਏ ਹਨ ।

Mr. Speaker : Next Question.

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਨੂੰ ਇਕ ਸਪਲੀਮੈਂਟਰੀ ਅਲਾਓ ਕਰ ਦਿਓ, ਮੈਂ ਕਾਰਡ ਵੀ ਨਾਲ ਲੈ ਕੇ ਆਇਆ ਹਾਂ, ਮੈਂ ਬੜੀ ਜ਼ਰੂਰੀ ਗਲ ਕਰਨੀ ਸੀ । (ਵਿਘਨ)

Cut on Electricity Supply to Domestic Consumers

***1427. Shri Gopal Krishan Chatrath:** Will the Chief Minister be pleased to state whether there is any proposal under the consideration of the Government not to impose any cuts on electric supply to domestic consumers in the towns of the state keeping in view very low percentage consumed by them; if so, the details thereof ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਨਹੀਂ ਜੀ । ਸਵਾਲ ਹੀ ਪੈਦਾ ਨਹੀਂ ਹੁੰਦਾ ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਜਿਹੜਾ ਡੋਮੈਸਟਿਕ ਕੰਜ਼ਿਊਮਰ ਹੈ ਉਸ ਦੀ ਬਿਜਲੀ ਦੀ ਖਪਤ ਜਿਹੜੀ ਹੈ ਉਹ ਸਾਰੀ ਬਿਜਲੀ ਦੀ ਖਪਤ ਦਾ 11% ਹੈ । ਹੋਚ ਜਿਥੇ ਮਰਜ਼ੀ ਬਾਕੀਆਂ ਤੇ ਕੱਟ ਲਾ ਦਿਓ ਪਰ ਇਨ੍ਹਾਂ ਤੇ ਕੱਟ ਕਿਉਂ ਲਾਉਂਦੇ ਹੋ। ਮੈਂ ਇਹ ਪੁੱਛਿਆ ਸੀ ਕਿ ਡੋਮੈਸਟਿਕ ਕੰਜ਼ਿਊਮਰ ਜੋ ਹਨ ਜਿਹੜੇ ਬਹੁਤ ਥੋੜ੍ਹੀ ਬਿਜਲੀ ਕੰਜ਼ਿਊਮ ਕਰਦੇ ਹਨ ਕੀ ਉਨ੍ਹਾਂ ਨੂੰ ਤੁਸੀਂ ਸਪੇਅਰ ਕਰ ਸਕਦੇ ਹੋ ਤਾਂ ਇਸ ਦਾ ਜਵਾਬ ਇਨ੍ਹਾਂ ਨੇ ਦਿੱਤਾ ਹੈ 'ਨਹੀਂ ਜੀ। ਸਵਾਲ ਹੀ ਪੈਦਾ ਨਹੀਂ ਹੁੰਦਾ ।' ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਚੀਫ਼ ਮਨਿਸਟਰ ਸਾਹਿਬ ਇਸ ਚੀਜ਼ ਦੇ ਬਾਰੇ ਸਾਰਾ ਡਾਟਾ ਇਕੱਠਾ ਕਰ ਕੇ, ਐਗਜ਼ਾਮਿਨ ਕਰਕੇ ਮੁੜ ਕੇ ਵਿਚਾਰ ਕਰਨ ਲਈ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਕਿਉਂ ਨਹੀਂ ਜਲਦੀ ਹੋ ਸਕਦਾ। ਉਸ ਦੇ ਵਾਸਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਡੋਮੈਸਟਿਕ ਕੰਜ਼ਿਊਮਰ ਹਨ ਉਨ੍ਹਾਂ ਨੂੰ ਜੋ ਬਿਜਲੀ ਫੀਡ ਕਰਦੇ ਹਨ ਉਹ ਫੀਡਰ ਕਿਉਂ ਕਿ ਸਾਂਝੇ ਹਨ ਅਤੇ ਉਨ੍ਹਾਂ ਨੂੰ ਅਲਾਹਿਦਾ ਅਲਾਹਿਦਾ ਲਿਜਾਣ ਲਈ ਕਾਫੀ ਮੁਸ਼ਕਲ ਹੈ ਅਤੇ ਬਹੁਤ ਐਕਸਪੈਨਸਿਵ ਹੈ । ਮੈਂ ਨਹੀਂ ਕਹਿੰਦਾ ਕਿ ਇਸ ਦਾ ਕੋਈ ਸੈਲਿਊਸ਼ਨ ਨਹੀਂ ਹੋ ਸਕਦਾ। ਇਸ ਦੇ ਬਾਰੇ ਡਾਟਾ ਵੀ ਇਕੱਠਾ ਕਰਾਂਗੇ । ਮੈਂਬਰ ਸਾਹਿਬ ਨੂੰ ਵੀ ਲਿਖ ਕੇ ਭੇਜ ਦੇਵਾਂਗੇ ਕਿ ਇਹ ਇਹ ਤਕਲੀਫਾਂ ਹਨ ਸਾਡੇ ਰਸਤੇ ਵਿਚ ਜਿਸ ਕਰਕੇ ਸਾਰੀ ਚੀਜ਼ ਫੌਰੀ ਤੌਰ ਤੇ ਨਹੀਂ ਹੋ ਸਕਦੀ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੂੰ ਮੈਂ ਇਤਨੀ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਵੀ ਡਿਫੀਕਲਟੀਜ਼ ਹਨ, ਉਹ ਮਾਨਯੋਗ ਮੁੱਖ ਮੰਤਰੀ ਸਾਹਿਬ ਹਨ, ਉਹ ਆਪ ਹੀ ਦੇਖ ਲੈਣ। ਮੈਂ ਤਾਂ ਇਸ ਨਾਤੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਕੁਮਿਟਿਡ ਹੈ ਕਿ ਅਸੀਂ ਪੂਅਰਮੈਨ ਨੂੰ ਰਿਲੀਫ ਦੇਣਾ ਹੈ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਕ ਦਮ ਨਹੀਂ ਹੋ ਸਕਦਾ ਤਾਂ ਜਿਥੇ ਜਿਥੇ ਪਾਸੀਬਲ ਹੈ ਉਥੇ ਉਥੇ ਕੰਮ ਸ਼ੁਰੂ ਕਰਵਾ ਦੇਣ ਅਤੇ ਹੌਲੀ ਹੌਲੀ ਜਦੋਂ ਇਹ ਸਾਰਾ ਕੰਮ ਕੰਪਲੀਟ ਹੋ ਸਕੇ ਉਦੋਂ ਕੰਮਪਲੀਟ ਕਰਵਾ ਦੇਣ ।

ਮੁੱਖ ਮੰਤਰੀ : ਅਸੀਂ ਇਹ ਸਿਸਟਮ ਦੇਖ ਲਵਾਂਗੇ ਅਤੇ ਜਿਥੇ ਵੀ ਪਾਸੀਬਲ ਹਨ ਇਸ ਵੇਲੇ ਟੇਕ ਅੱਪ ਕਰ ਲਵਾਂਗੇ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਘਰੇਲੂ ਖਪਤਕਾਰਾਂ ਨੂੰ 25 ਯੂਨਿਟ ਤਕ ਛੋਟ ਦਿਤੀ ਗਈ ਹੈ ਪਰ ਉਨ੍ਹਾਂ ਦੇ ਮੀਟਰ ਦੀ ਰੀਡਿੰਗ ਦੋ ਦੋ ਮਹੀਨੇ ਦੀ ਇਕੱਠੀ ਕਰ ਲੈਂਦੇ ਹਨ ਜਿਸ ਦੇ ਨਾਲ 25 ਯੂਨਿਟ ਤੋਂ ਵੱਧ ਬਿਜਲੀ ਬਣ ਜਾਂਦੀ ਹੈ, ਕੀ ਚੀਫ਼ ਮਨਿਸਟਰ ਸਾਹਿਬ ਕ੍ਰਿਪਾ ਕਰਨਗੇ ਕਿ 2 ਮਹੀਨੇ ਦੀ ਇਕੱਠੀ ਮੀਟਰ ਦੀ ਰੀਡਿੰਗ ਨਾ ਕੀਤੀ ਜਾਵੇ ?

ਮੁੱਖ ਮੰਤਰੀ : 2 ਮਹੀਨੇ ਦੀ ਇਕੱਠੀ ਰੀਡਿੰਗ ਅਗਰ 50 ਯੂਨਿਟ ਹੋਵੇ ਤਾਂ ਠੀਕ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਇਹ ਗਲ ਠੀਕ ਹੈ ਕਿ ਦੋ ਮਹੀਨੇ ਵਿਚ ਅਗਰ 50 ਯੂਨਿਟ ਹੋ ਜਾਵੇ ਤਾਂ ਠੀਕ ਹੈ ਪਰ ਮੇਰੀ ਬੇਨਤੀ ਹੈ ਕਿ ਅਗਰ 25 ਯੂਨਿਟ ਤੋਂ ਵੱਧਾ ਕੇ ਇਹ ਲਿਮਿਟ ਅਗਰ 40 ਯੂਨਿਟ ਕਰ ਲਓ ਤਾ ਕਿ ਦਰਮਿਆਨੇ ਤਬਕੇ ਦੇ ਲੋਕ ਵੀ ਇਸ ਦੇ ਵਿਚ ਆ ਜਾਣ ਤਾਂ ਬੜੀ ਮਿਹਰਬਾਨੀ ਹੋਵੇਗੀ । ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਤੇ ਦੁਬਾਰਾ ਵਿਚਾਰ ਕਰਨਗੇ ਅਤੇ ਹਾਊਸ ਨੂੰ ਇਸ ਗਲ ਦਾ ਵਿਸ਼ਵਾਸ ਦਿਵਾਉਣਗੇ ਕਿ 25 ਯੂਨਿਟ ਤੋਂ 40 ਯੂਨਿਟ ਕਰ ਦੇਵਾਂਗੇ ਤਾਕਿ ਮਿਡਲ ਕਲਾਸ ਵੀ ਇਸ ਦੇ ਵਿਚ ਆ ਸਕੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਅਰਜ਼ ਇਹ ਹੈ ਕਿ ਇਹ ਇਸ ਸੁਆਲ ਵਿਚ ਨਹੀਂ ਆਉਂਦਾ, ਲੇਕਿਨ ਥੋੜ੍ਹਾ ਬਹੁਤ ਇਧਰ ਉਧਰ ਕੀਤਾ ਜਾਏ ਇਹ ਜ਼ਰੂਰ ਵਿਚਾਰ ਗੋਚਰੇ ਹੈ।

Detection of Bogus Units

*1507. **Sardar Dalip Singh Pandhi :** Will the Chief Minister be pleased to state whether any Industrial Units registered with the Industries Department were detected as bogus during the last one year; if so, the details thereof?

Sardar Darbara Singh : During the period from January, 1981 to February, 1982, the Department of Industries detected that 1304 units which were either non-existent or non-functional or had misutilised the raw materials allotted to them. District-wise number of the units so detected by the Department is given in the annexure.

ANNEXURE

Dictrict-wise detail in respect of Bogus Units

Serial No.	Name of the District	No. of Industrial Units detected by the Department to be either non-existent/non-functional or had misutilised raw materials allotted
1.	Amritsar	104
2.	Bhatinda	..
3.	Faridkot	..
4.	Ferozepur	41
5.	Hoshiarpur	3
6.	Gurdaspur	39
7.	Jullundur	244
8.	Kapurthala	36
9.	Ludhiana	717
10.	Patiala	78
11.	Ropar	19
12.	Sangrur	23
	Total	1,304

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਸਰ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਦੁਰਵਰਤੋਂ ਕੀਤੀ ਹੈ, ਜਿਹੜੇ ਅਫਸਰਾਂ ਨੇ ਬੋਗਸ ਯੂਨਿਟਸ ਰਜਿਸਟਰ ਕੀਤੇ ਹਨ ਅਤੇ ਜਿਹੜੇ ਉਦਯੋਗਪਤੀਆਂ ਨੇ ਇਸ ਤਰ੍ਹਾਂ ਕੀਤਾ ਹੈ ਕੀ ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਕੀਤੀ ਗਈ ਹੈ ?

ਮੁੱਖ ਮੰਤਰੀ : ਜੀ ਹਾਂ।

ਸਰਦਾਰ ਦਲੀਪ ਸਿੰਘ ਪਾਂਧੀ : ਉਨ੍ਹਾਂ ਦੇ ਖਿਲਾਫ਼ ਹੁਣ ਤਕ ਕੀ ਸਟੈਪਸ ਲਏ ਗਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, 2 ਗਜ਼ਟਿਡ ਅਫਸਰਾਂ ਅਤੇ 10 ਨਾਨ-ਗਜ਼ਟਿਡ ਅਫਸਰ ਜਿਹੜੇ ਹਨ they have been placed under suspension and the proceedings against the Department are going on.

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

Compensatory allowance to Government Employees in Amritsar

***1501. Professor Darbari Lal :** Will the Minister for Finance be pleased to state whether there is any proposal under the consideration of Government to grant Compensatory Allowance to Government employees in Amritsar City, being a border city; if so, the details thereof ?

ਡਾਕਟਰ ਕੇਵਲ ਕ੍ਰਿਸ਼ਨ : ਨਹੀਂ ਜੀ ।

Construction of Bridge on Muridke Drain

***1535. Sardar Mohinder Singh Sarupwali :** Will the Minister for Agriculture and Irrigation be pleased to state whether there is any proposal under the consideration of the Government to construct a bridge on Muridke drain between the village Thatha and Fatehgarh Churian in Tehsil Batala, District Gurdaspur; if so, the time by which the said bridge is likely to be constructed ?

ਚੌਧਰੀ ਕਾਂਸ਼ੀ ਰਾਮ : ਹਾਂ ਜੀ, ਭਾਰਤ ਸਰਕਾਰ ਪਾਸੋਂ ਇਸ ਪੁੱਲ ਨੂੰ ਬਣਾਉਣ ਦੀ ਮਨਜ਼ੂਰੀ ਆ ਜਾਣ ਤੇ ।

Completion of Digging work of drain from Mehendipur Syphon of Bist Doab Canal

***1212. Master Dalip Chand :** Will the Minister for Agriculture and Irrigation be pleased to state the time by which the digging work of drain from Mehendipur Syphon of Bist Doab Canal to River Sutlej is likely to be completed ?

Original with;
Punjab Vidhan Sabha
Digitized by;
Panjab Digital Library

ਚੌਧਰੀ ਕਾਂਸ਼ੀ ਰਾਮ : ਇਸ ਵੇਲੇ ਇਹੋ ਜਹੀ ਸਕੀਮ ਨਹੀਂ ਹੈ ਤੇ ਇਸ ਸਕੀਮ ਦੇ ਪੂਰਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

Market Committees in the State

***1370. Sardar Parkash Singh Majitha :** Will the Minister for Agriculture and Irrigation be pleased to state :—

(a) the total number of Market Committees in the State at present;

(b) the district-wise number of the market Committees, out of those mentioned in part (a) above wherein Administrative officers are working ;

(c) the reasons for delay in holding the elections to the Committees referred to in part (a) above ?

ਚੌਧਰੀ ਕਾਂਸ਼ੀ ਰਾਮ : (ੳ) ਇਸ ਵੇਲੇ ਰਾਜ ਵਿਚ 120 ਮਾਰਕਿਟ ਕਮੇਟੀਆਂ ਹਨ ।

(ਅ) ਜ਼ਿਲ੍ਹੇਵਾਰ ਮਾਰਕਿਟ ਕਮੇਟੀਆਂ ਦੀ ਗਿਣਤੀ, ਜਿਥੇ ਪ੍ਰਬੰਧਕ ਕੰਮ ਕਰ ਰਹੇ ਹਨ, ਹੇਠ ਦਿੱਤੀ ਜਾਂਦੀ ਹੈ :

ਜ਼ਿਲ੍ਹਾ	ਮਾਰਕਿਟ ਕਮੇਟੀਆਂ ਦੀ ਗਿਣਤੀ
ਅੰਮ੍ਰਿਤਸਰ	13
ਬਠਿੰਡਾ	10
ਫਰੀਦਕੋਟ	10
ਫਿਰੋਜ਼ਪੁਰ	10
ਗੁਰਦਾਸਪੁਰ	9
ਹੁਸ਼ਿਆਰਪੁਰ	6
ਜਲੰਧਰ	10
ਕਪੂਰਥਲਾ	4
ਲੁਧਿਆਣਾ	11
ਪਟਿਆਲਾ	10
ਰੋਪੜ	5
ਸੰਗਰੂਰ	10
ਕੁੱਲ	108

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਮੰਤਰੀ]

(ਏ) ਰਾਜ ਸਰਕਾਰ ਨੇ ਮਾਰਕਿਟ ਕਮੇਟੀਆਂ ਨਾਮਜ਼ਦਗੀ ਰਾਹੀਂ ਸਥਾਪਤ ਕਰਨ ਦਾ ਫੈਸਲਾ ਕਰ ਦਿੱਤਾ ਹੈ ।

Construction of Bridge on Kasur Drain

*1536. **Sardar Mohinder Singh Sarupwali :** Will the Minister for Agriculture and Irrigation be pleased to state whether there is any proposal under the consideration of the Government to construct a bridge on Kasur drain between the villages Hassanpur Khurd and Hassanpur Kalan in Tehsil Batala, district Gurdaspur; if so, the time by which the same is likely to be constructed ?

ਚੌਧਰੀ ਕਾਸ਼ੀ ਰਾਮ : ਹਾਂ ਜੀ, ਭਾਰਤ ਸਰਕਾਰ ਦੀ ਪ੍ਰਵਾਨਗੀ ਮਿਲਣ ਉਪਰੰਤ ਪੁਲ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਮਾਸਟਰ ਚੰਦ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਅੱਜ ਡਿਮਾਂਡਜ਼ ਤੇ ਡਿਸਕਸ਼ਨ ਹੋਣੀ ਹੈ, ਤੁਸੀਂ ਉਸ ਤੇ ਬੋਲ ਲੈਣਾ ।

ਮਾਸਟਰ ਬਾਬੂ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸ਼੍ਰੀ ਰਾਮ ਲਾਲ ਚਿੱਟੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਕਾਮਰੇਡ ਸੋਹਣ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਆਤਮਾ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

Sardar Ravi Inder Singh : ** ** **

Mr. Speaker : I do not allow you.

Sardar Ravi Inder Singh : ** ** **

Mr. Speaker : I will not allow you. Please sit down.

Sardar Ravi Inder Singh : ** ** **

Mr. Speaker : I do not allow you.

Sardar Ravi Inder Singh : ** ** **

Mr. Speaker : Please sit down. Mr. Ravi Inder Singh, I have not allowed you to speak. Comrade Kulwant Singh.

Sardar Ravi Inder Singh : ** ** **

Mr. Speaker : I have not allowed you to speak.

Sardar Ravi Inder Singh : ** ** **

Mr. Speaker : Please sit down.

Sardar Ravi Inder Singh : ** ** **

Mr. Speaker : Nothing to be recorded. Comrade Kulwant Singh.

Sardar Ravi Inder Singh : ** ** **

Mr. Speaker : You are interrupting the proceedings.

Finance Minister (Doctor Kewal Krishan) : I want to draw the attention to Rule 50(2) of the Rules of Procedure. It reads as under :—

> "A member wishing to raise such a matter shall give notice in writing to the Secretary one day in advance of the day on which the matter is desired to be raised,...."

Such notice has not been received by your Secretariat. You have rightly disallowed.

Mr. Speaker : Comrade Kulwant Singh.

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਤੁਹਾਡੀ ਬੜੀ ਮੇਹਰਬਾਨੀ ਹੈ ਕਿ ਤੁਸੀਂ ਮੈਨੂੰ ਅਲਾਓ ਕੀਤਾ ਹੈ । ਬੜੀ ਅਹਿਮ ਗਲ ਪੰਜਾਬ ਵਿੱਚ ਹੋਈ ਹੈ । ਥੋੜ੍ਹੀ ਜਿਹੀ ਗਲ ਪਿੱਛੇ, ਕਿ ਸਰਕਾਰ ਕੋਈ ਬਿਆਨ ਦੇ ਕੇ ਆਪਣੀ ਪਾਲਿਸੀ ਕਲੀਅਰ ਕਰੇ, ਸਾਰੇ ਸਟੇਟ ਦੇ ਕਾਲਜਾਂ ਦੇ ਪ੍ਰੋਫੈਸਰ ਅਤੇ ਸਾਰੇ ਡਾਕਟਰ ਆਪਣਾ ਕੰਮ ਛੱਡ ਕੇ ਐਜੀਟੇਸ਼ਨ ਕਰ ਰਹੇ ਹਨ। ਇਸ ਤਰ੍ਹਾਂ ਨਾਲ ਕਿਤਨਾ ਵੱਡਾ ਨੁਕਸਾਨ ਹੋਣਾ ਹੈ । ਸਰਕਾਰ ਆਪਣਾ ਬਿਆਨ ਦੇ ਕੇ ਉਨ੍ਹਾਂ ਲੋਕਾਂ ਦੀ ਤਸੱਲੀ ਕਰਾਵੇ ਕਿ ਉਨ੍ਹਾਂ ਦੇ ਮਸਲਿਆਂ ਨੂੰ ਵਿਚਾਰਿਆ ਜਾਵੇਗਾ । ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਾਂਗਾ ਕਿ ਇਹ ਨੌਬਤ ਨਾ ਆਵੇ ਕਿ ਸਾਰੀ ਸਟੇਟ ਦੇ ਲੋਕ ਐਜੀਟੇਸ਼ਨ ਕਰ ਕੇ, ਕਰੋੜਾਂ ਰੁਪਏ ਦਾ ਤੇਲ ਬਾਲ ਕੇ, ਇਥੇ ਚੰਡੀਗੜ੍ਹ ਵਿੱਚ ਪਹੁੰਚਣ ਦੀ ਕੋਸ਼ਿਸ਼ ਕਰਨ । ਚੀਫ ਮਨਿਸਟਰ ਸਾਹਿਬ, ਡਾਕਟਰਜ਼ ਅਤੇ ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਦੇ ਮਸਲਿਆਂ ਬਾਰੇ ਇੰਟਰਵੀਨ ਕਰਨ ਅਤੇ ਆਪਣੀ ਸਟੇਟ ਮੈਂਟ ਦੇਣ ਤਾਂ ਕਿ ਇਹ ਐਜੀਟੇਸ਼ਨ ਟੱਲ ਸਕੇ ।

Finance Minister : Is it a Point of Order ?

Mr. Speaker : Please sit down, Mr. Ravi Inder Singh.

Sardar Ravi Inder Singh : Sir, I am on a Point of Order. I want to refer to Rule 105 of the Rules of Procedure. It says :—

"(1) A point of order shall relate to the interpretation or enforcement of these Rules" etc. etc.

ਸਰਦਾਰ ਆਤਮਾ ਸਿੰਘ ਹੋਰਾਂ ਨੇ ਖੜ੍ਹੇ ਹੋ ਕੇ ਰੂਲ 50 ਤੁਹਾਡੇ ਸਾਹਮਣੇ ਪੜ੍ਹ ਕੇ, ਉਸ ਦਾ ਹਵਾਲਾ ਦੇ ਕੇ ਗਲ ਕੀਤੀ ਸੀ । ਤੁਸੀਂ ਇਸ ਤੇ ਹਾਫ-ਐਨ-ਆਵਰ ਡਿਸਕਸ਼ਨ ਅਲਾਓ ਕਰੋ ਜਾਂ ਨਾ ਕਰੋ, ਇਹ ਤੁਹਾਡੇ ਅਖਤਿਆਰ ਵਿੱਚ ਆਉਂਦਾ ਹੈ । ਲੇਕਿਨ ਤੁਸੀਂ ਇਹ ਨਹੀਂ ਕਹਿ ਸਕਦੇ ਸੀ ਕਿ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। But you have said that 'It is no Point of Order'. When you say that it is 'No Point of Order' the Member's point is completely removed. Therefore, Sir, before you give a decision even on a matter such as this you must exercise your own power very judiciously. ਜੇ ਤੁਸੀਂ ਇਹ ਗਲ ਕਰਨ ਲਗੇ, ਜੇ ਅਸੀਂ ਰੂਲਜ਼ ਆਫ ਪ੍ਰੋਸੀਜ਼ਰ ਦੇ ਮੁਤਾਬਿਕ ਤੁਹਾਡੀ ਅਟੈਨਸ਼ਨ ਵੀ ਨਹੀਂ ਦਿਵਾ ਸਕਦੇ ਫਿਰ ਮੈਨੂੰ ਦੱਸੋ ਕਿ ਇਸ ਰੂਲਜ਼ ਆਫ ਪ੍ਰੋਸੀਜ਼ਰ ਦਾ ਕੀ ਲਾਭ ਹੈ ? Then it will be free for all. You should give your decision by remaining within the purview of the Rules. You cannot go out of the purview of the Rules. Therefore, my request is that the words "No Point of Order" said by you in response to Sardar Atma Singh's point of order should be expunged.

Mr. Speaker : Please sit down.

Sardar Ravi Inder Singh : I want an answer.

ਸ੍ਰੀ ਸਪੀਕਰ : ਮੈਂ ਆਪਣੇ ਪ੍ਰੈਡੀਸੈਸਰ ਸਰਦਾਰ ਰਵੀਇੰਦਰ ਸਿੰਘ ਨੂੰ ਕਾਫੀ ਦੇਰ ਕਹਿੰਦਾ ਰਿਹਾ ਹਾਂ ਕਿ ਮੈਂ ਕਾਮਰੇਡ ਕੁਲਵੰਤ ਸਿੰਘ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਹੈ, ਤੁਸੀਂ ਨਾ ਬੋਲੋ, ਲੇਕਿਨ ਫਿਰ ਵੀ ਇਹ ਬੋਲਦੇ ਰਹੇ, ਉਨ੍ਹਾਂ ਨੇ ਰੂਲ 50 ਦਾ ਹਵਾਲਾ ਦਿੱਤਾ । ਮੈਂ ਉਨ੍ਹਾਂ ਦੇ ਪੁਆਇੰਟ ਨੂੰ 'ਨੋ

Original with;
Punjab Vidhan Sabha
Digitized by;
Panjab Digital Library

ਪੁਆਇੰਟ ਆਫ ਆਰਡਰ' ਡਿਕਲੇਅਰ ਕੀਤਾ ਸੀ। ਸਰਦਾਰ ਆਤਮਾ ਸਿੰਘ ਡਿਸਕਸ਼ਨ ਚਾਹੁੰਦੇ ਸਨ। ਡਿਸਕਸ਼ਨ ਇਸ ਪੁਆਇੰਟ ਤੇ ਰੇਜ਼ ਕਰਨਾ ਚਾਹੁੰਦੇ ਸਨ ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮਾਮਲਾ ਰੇਜ਼ ਕੀਤਾ ਸੀ ਕਿ ਟੀਚਰਜ਼ ਬਾਹਰ ਧਰਨਾ ਮਾਰੀ ਬੈਠੇ ਹਨ। ਰੂਲ 50 ਬੜਾ ਕਲੀਅਰ ਹੈ, ਸਪੱਸ਼ਟ ਹੈ।

It reads as under :

"(1) The Speaker may allot half-an-hour for raising discussion on a matter of sufficient public importance which has been the subject of a recent question, oral or written..... "

Where is the Question ?

Sardar Ravi Inder Singh : You can disallow, but you can not say 'No Point of Order'.

Mr. Speaker ; I still maintain that it was no point of order. Please sit down.

Sardar Ravi Inder Singh : You can disallow, but you can not say 'No Point of Order'.

Mr. Speaker : No discussion. Professor Balwant Singh.

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਦੇ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਪ੍ਰੋਫੈਸਰ ਬਲਵੰਤ ਸਿੰਘ।

ਪ੍ਰੋਫੈਸਰ ਬਲਵੰਤ ਸਿੰਘ : ** **

Mr Speaker : This is No Point of Order, Nothing to be recorded.

ANNOUNCEMENT BY THE SPEAKER

Mr. Speaker : I have received D.O. letter dated the 19th March, 1982 from Shri Aminuddin Ahmed, Governor of Punjab, which reads as under :—

Thank you very much for your letter No. 20-LA-82/5702 dated the 5th March 1982 enclosing therewith a copy of the Motion of Thanks passed by the Punjab Vidhan Sabha on 3rd March 1982 for my Address delivered to the House on 24th February 1982, under Article 176(1) of the Constitution of India. Kindly convey my grateful thanks to the Members for passing the Motion of Thanks for my Address. I am also thankful to you for conveying the same to me.

ਸਰਦਾਰ ਦਲੀਪ ਸਿੰਘ ਪਾਂਧੀ : ** ** **

Mr Speaker : Please sit down. Do not interrupt the House. Whatever he is saying, it should not be recorded.

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਇਨ੍ਹਾਂ ਨੂੰ ਦੋ ਮਿੰਟ ਸੁਣ ਲਵੋ ਜੀ।

ਸ਼੍ਰੀ ਸਪੀਕਰ : ਬੜੀ ਇੰਪਾਰਟੈਂਟ ਕਾਲ ਅਟੈਨ ਸ਼ਨ ਮੋਸ਼ਨ ਹੈ । Please sit down.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਅਲਾਓ ਨਹੀਂ ਕਰ ਰਹੇ। ਮੈਂ ਇਹ ਪੇਪਰ ਟੇਬਲ ਤੇ ਲੇਅ ਕਰਦਾ ਹਾਂ । ਪੁਲਿਸ ਜ਼ਿਆਦਤੀ ਕਰ ਰਹੀ ਹੈ।

Mr Speaker : Not permitted. Please do not interrupt. I am appealing you to please sit down. ਤੁਸੀਂ ਬਗੈਰ ਇਜਾਜ਼ਤ ਬੋਲ ਰਹੇ ਹੋ । You can come to my Chamber. Please sit down, otherwise, I will name you.

ਸਰਦਾਰ ਦਲੀਪ ਸਿੰਘ ਪਾਂਧੀ : ਜਨਾਬ ਦੇ ਘਰ ਉਹ ਜ਼ਨਾਨੀ ਆਵੇਗੀ ।

ਸ਼੍ਰੀ ਸਪੀਕਰ : ਤੁਸੀਂ ਮੇਰੇ ਨਾਲ ਗੱਲ ਕਰ ਲੈਣਾ। You can come to my Chamber.

CALL ATTENTION NOTICES UNDER RULE 66

(Serial No. 124)

1. **Shri Sewa Ram**
2. **Shri Om Parkash Gupta** :Sir, I beg to draw the attention of the Government towards a matter of urgent public importance, namely, that there has been irregularities in the purchase of medicines at Amritsar by the Health Authorities of Amritsar, which has come to notice during last month. There prevails great resentment among the public over this issue. We would request the Health Minister, Punjab to make a statement in the matter.

Health and Family Welfare Minister (Shri Joginder Pal Pandey) : On receipt of confidential information to the effect that gross irregularities were being committed in the purchase of medicines in Sri Guru Teg Bahadur Hospital, Amritsar, I sent Deputy Director, Research and Medical Education, Punjab to Amritsar on 17th February, 1982 to make an on the spot check. Thereafter, the Deputy Secretary, Health and Director, Research and Medical Education were also sent on 18th February, 1982 to look into the matter. On checking, it was found that the Medical Superintendent and the Dispensary Superintendent had committed gross irregularities in the purchase of medicines in collusion with some local firms and other unapproved sources. Some of the irregularities committed were like these—

(i) The Medical Superintedent is competent to order purchase upto Rs 50,000/- of medicines from approved sources but he split up purchase orders in order to keep them within his competency.

(ii) The competency to purchase medicines at the level of Medical Superintendent is upto Rs 3,000/- from non-approved sources by calling quotations. The Medical Superintendent in this

Original with;
Punjab Vidhan Sabha
Digitized by;
Panjab Digital Library

case did not call quotations and further split up orders to bring them within his competency.

(iii) For local purchases the competency of the Medical Superintendent is upto Rs 500 per item and the total amount admissible per year is limited to Rs 10,000 but the medical Superintendent made local purchases to the extent of Rs 40,000/-.

(iv) Rates paid by the Medical Superintendent were higher than those fixed for the same drugs by the approved sources.

(v) The Purchase Committee consisting of Heads of Departments had submitted the requirements as per generic names. The Medical Superintendent did not follow the list given by the Committee.

(vi) Majority of purchase orders were collected by the representatives of the firms personally, which showed collusion with the firms.

(vii) Some expensive medicines had been purchased instead of cheaper substitutes.

(viii) Fancy and small packings of medicines were purchased at much higher rates, which Government would have had to pay less in case the purchases were made in bulk packings.

(ix) The purchase orders were prepared by the firms themselves and the Medical Superintendent kept on signing them without taking into confidence any of his staff.

(x) Orders which had already been given to approved sources were cancelled and placed with unapproved sources.

2. On the basis of the enquiry, Government came to the conclusion that the Medical Superintendent Dr. M.L. Malhotra and the Dispensary Superintedent Shri S.K. Salwan, had made irregular purchases. It was also found that the Senior Auditor, Shri Kuldip Rai Sharma, who was supposed to have audited the purchases had not made any such Internal audit and was thus guilty of negligence in the performance of his duties. It was further found that Dr. K.S. Sachdeva, Principal, Medical College, Amritsar had not exercised proper supervision over the Medical Superintendent. Accordingly, Dr. M.L. Malhotra, Medical Superintendent and Shri S.K. Salwan Dispensary Superintendent, S.G.T.B. Hospital Amritsar were placed under suspension and are being charge-sheeted under rule 8 of the Punjab Civil Services Punishment and Appeal Rules 1970 for major punishments. The Senior Auditor is being chargesheeted under rule 10 of Punjab Civil Services Punishment and Appeal Rules, 1970 for minor punishments. Explanation of Dr. K. S. Sachdeva, Principal, Medical College, Amritsar, has also been called.

3. Samples of some medicines were taken from Amritsar, which have been sent for chemical analysis. Legal action will be taken against the firms, whose samples are found sub-standard. The question of filing criminal cases and blacklisting of the firms whose collusion with the Medical Superintendent will be established, is under consideration of the Government.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਫਰਮਾਂ ਦੇ ਨਾਉਂ ਕੀ ਹਨ ਜਿਨ੍ਹਾਂ ਤੋਂ ਦਵਾਈਆਂ ਖਰੀਦੀਆਂ ਗਈਆਂ ਹਨ ? ਦੂਸਰਾ, ਮੰਤਰੀ ਜੀ ਨੇ ਇਹ ਗੱਲ ਕਹੀ ਹੈ ਕਿ ਉਸ ਮੈਡੀਕਲ ਸੁਪਰਡੰਟ, ਮਲਹੋਤਰਾ, ਨੂੰ ਸੱਸਪੈਂਡ ਕਰ ਦਿੱਤਾ ਗਿਆ ਹਾਲਾਂ ਕਿ ਹਕੀਕਤ ਇਹ ਹੈ ਕਿ ਜਿਸ ਦਿਨ ਉਸ ਨੂੰ ਨੋਟਿਸ ਸਰਵ ਕਰਨਾ ਸੀ ਉਸ ਦਿਨ ਉਸ ਨੂੰ ਰਿਟਾਇਰ ਕਰ ਦਿੱਤਾ ਗਿਆ। ਕੀ ਮੰਤਰੀ ਜੀ ਦੱਸਣਗੇ ਕਿ ਉਸ ਨੂੰ ਰਿਟਾਇਰ ਕਿਉਂ ਕੀਤਾ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਪਤਾ ਨਹੀਂ ਇਹ ਇਨਫਰਮੇਸ਼ਨ ਕਿਥੋਂ ਲੈ ਆਏ ਹਨ। ਮੈਂ ਤਾਂ ਹਾਊਸ ਵਿੱਚ ਇਹ ਗਲ ਨਹੀ ਹੈ ਕਿ ਉਸ ਨੂੰ ਸਸਪੈਂਡ ਕਰ ਦਿਤਾ ਗਿਆ ਸੀ।

ਸ਼੍ਰੀ ਸੇਵਾ ਰਾਮ : ਦੂਸਰਾ ਸਵਾਲ ਮੈਂ ਪੁਛਿਆ ਸੀ ਕਿ ਉਨ੍ਹਾਂ ਫਰਮਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਤੋਂ ਮੈਡੀਸਨਜ਼ ਪਰਚੇਜ਼ ਕੀਤੀਆਂ ਸਨ ?

ਮੰਤਰੀ : ਉਹ ਵੀ ਮੈਂ ਦੱਸ ਦਿੰਦਾ ਹਾਂ। ਉਹ ਨਾਂ ਇਹ ਹਨ :—

1. M/s. Bikram Pharma Pvt. Ltd., Khaba Rajputan, Mehta Chowk, Amritsar.
2. M/s. Medicine Traders, Katra Baghian, Amritsar.
3. M/s. Medicine Pharmaceutical Processer, Rani Ka Bagh, Amritsar.
4. M/s. B.K.Agencies, opposite Mental Hospital, Amritsar.
5. M/s. R.K. Poonam, opposite Mental Hospital, Amritsar.
6. M/s. G.S. Medicine Centre, Katra Khanian, Amritsar.
7. M/s. Namco National Medicine, Katra Bhai Sant Singh, Amritsar.
8. M/s. Macmillion, Katra Sher Singh, Amritsar.
9. M/s. Medicare Agencies, Katra Sher Singh, Amritsar.
10. M/s. Vikas Chemque, Katra Sher Singh, Amritsar.
11. M/s. Ashoka Medical Store, opposite V.J. Hospital, Amritsar.
12. M/s. Mehra Pharmaceuticals Distributor, Katra Sher Singh, Amritsar.
13. M/s Osler's Pharmaceuticals, Katra Sher Singh, Amrttsar.
14. M/s. Sudhir & Company, Queens Road, Amritsar.
15. M/s Union Produce Corporatton, Amritsar.
16. M/s Punjab Chemicals, Hall Bazar, Amritsar.
17. M/s Ultrachem Laboratories, Panipat.
18. M/s Franklin Laboratory, Maharana Road, Ludhiana.
19. M/s Indochem Laboratories, Meerut.
20. M/s Laxmi Medical Store, Ambala Cantt.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸਵਾਲ ਅਤੇ ਉਸ ਦੇ ਜਵਾਬ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਹ ਬਹੁਤ ਵਡਾ ਸਕੈਂਡਲ ਹੈ ਜਿਹੜਾ ਕਿ ਮੈਡੀਸਨਜ਼ ਪਰਚੇਜ਼ ਕਰਨ ਵਿੱਚ ਹੋਇਆ ਹੈ। ਸਾਡੀ ਸਰਕਾਰ ਨੇ ਪ੍ਰਣ ਕੀਤਾ ਹੈ ਕਿ ਕੁਰੱਪਸ਼ਨ ਨੂੰ ਦੂਰ ਕਰਨਾ ਹੈ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ

Original with;
Punjab Vidhan Sabha
Digitized by;
Panjab Digital Library

ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਐਗਰੀ ਕਰਦੇ ਹਨ ਕਿ ਇਸ ਦੀ ਪੜਤਾਲ ਵਾਸਤੇ ਕਿਸੇ ਹਾਈ ਅਫਸਰਾਂ ਦੀ ਡਿਊਟੀ ਲਾ ਕੇ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਜਾਵੇਗੀ ਕਿਉਂਕਿ ਇਸ ਵਿਚ ਕਈ ਹਾਈਅਪਸ ਦਾ ਵੀ ਹੱਥ ਹੈ ਅੱਰ ਉਸ ਤੋਂ ਬਾਅਦ ਹਾਊਸ ਵਿਚ ਦੱਸਣਗੇ ਕਿ ਉਸ ਪੜਤਾਲ ਦਾ ਕੀ ਰਿਜ਼ਲਟ ਹੈ ?

(ਇਸ ਵੇਲੇ ਹੈਲਥ ਮਨਿਸਟਰ ਸਾਹਿਬ ਜਵਾਬ ਦੇਣ ਲਈ ਖੜ੍ਹੇ ਹੋਏ।)

ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁਛਿਆ ਹੈ।

ਸ਼੍ਰੀ ਸਪੀਕਰ : ਇਹ ਸਵਾਲ ਇਨ੍ਹਾਂ ਨੂੰ ਰਿਲੇਟ ਕਰਦਾ ਹੈ।

ਮੰਤਰੀ : ਸਪੀਕਰ ਸਾਹਿਬ, ਹਾਊਸ ਨੂੰ ਅੱਰ ਮੋਹਤਰਮ ਮੈਂਬਰ ਸਾਹਿਬ ਨੂੰ ਇਸ ਗੱਲ ਲਈ ਖੁਸ਼ ਹੋਣਾ ਚਾਹੀਦਾ ਹੈ ਕਿ ਜਦੋਂ ਇਹ ਰਿਪੋਰਟ ਸਰਕਾਰ ਕੋਲ ਆਈ ਤਾਂ ਸਰਕਾਰ ਨੇ ਇਸ ਤੇ ਫੌਰੀ ਐਕਟ ਕੀਤਾ ਅੱਰ ਜਿਹੜੀਆਂ ਇਰਰੈਗੂਲੇਰਿਟੀਜ਼ ਪਾਈਆਂ ਗਈਆਂ ਉਸ ਦੇ ਮੁਤਾਬਿਕ ਵੱਡੇ ਤੋਂ ਵੱਡੇ ਅਫ਼ਸਰ ਦੇ ਖਿਲਾਫ਼ ਵੀ ਐਕਸ਼ਨ ਲਿਆ ਗਿਆ ਅੱਰ ਸਰਕਾਰ ਇਸ ਗਲ ਤੇ ਵੀ ਵਿਚਾਰ ਕਰ ਰਹੀ ਹੈ ਕਿ ਜਿਹੜੀਆਂ ਫਰਮਾਂ ਦੀ ਕਨਾਈਵੈਂਸ ਨਾਲ ਇਹ ਇਰਰੈਗੂਲੇਰਿਟੀਜ਼ ਹੋਈਆਂ ਹਨ ਉਨ੍ਹਾਂ ਨੂੰ ਬਲੈਕ ਲਿਸਟ ਕੀਤਾ ਜਾਵੇ। ਇਸ ਤਰ੍ਹਾਂ ਕੁਰੱਪਸ਼ਨ ਨੂੰ ਦੂਰ ਕਰਨ ਲਈ ਸਰਕਾਰ ਨੇ ਬਹੁਤ ਵਡਾ ਕੰਮ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਇਸ ਗਲ ਤੇ ਖੁਸ਼ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਗਰ ਕਿਸੇ ਹੋਰ ਵੀ ਮੈਂਬਰ ਸਾਹਿਬ ਕੋਲ ਕੋਈ ਅਜਿਹੀ ਇਤਲਾਹ ਹੈ ਤਾਂ ਉਹ ਸਾਡੇ ਨੋਟਿਸ ਵਿਚ ਲੈ ਆਉਣ, ਸਰਕਾਰ ਫੌਰੀ ਐਕਸ਼ਨ ਲਵੇਗੀ ।

Mr. Speaker : Next call Attention Notice No. 130.

(ਕ੍ਰਮ ਨੰ: 130)

1. **ਸਰਦਾਰ ਹਰਦਿਪਿੰਦਰ ਸਿੰਘ**
2. **ਸਰਦਾਰ ਬਲਦੇਵ ਸਿੰਘ ਮਾਨ**
3. **ਸਰਦਾਰ ਰਘਬੀਰ ਸਿੰਘ**

} : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਸਤਲੁਜ-ਜਮਨਾ ਲਿੰਕ ਨਹਿਰ ਦੀ ਅਲਾਈਨਮੈਂਟ ਬਾਰੇ ਦਿਵਾਉਣਾ ਚਾਹੁੰਦਾ ਹਾਂ ਜਿਥੋਂ ਦੀ ਇਹ ਨਹਿਰ ਕੱਢਣ ਦੀ ਤਜਵੀਜ਼ ਹੈ ਉਸ ਨਾਲ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਬਰਬਾਦ ਹੋ ਜਾਵੇਗੀ ਤੇ ਉਹ ਲੋਕ ਮੰਗ ਕਰ ਰਹੇ ਹਨ ਕਿ ਸਿਵਾਲਿਕ ਹਿਲ ਦੇ ਨਾਲ ਇਸ ਦੀ ਅਲਾਈਨਮੈਂਟ ਕੀਤੀ ਜਾਵੇ ਕਿਉਂ ਕਿ ਪ੍ਰਧਾਨ ਮੰਤਰੀ ਜੀ ਇਸ ਨਹਿਰ ਦੀ ਪੁਟਾਈ ਤੇ ਕੰਮ ਦਾ ਉਦਘਾਟਨ ਕਰਨ ਆ ਰਹੇ ਹਨ ਜਿਸ ਕਾਰਣ ਉਨ੍ਹਾਂ ਲੋਕਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਇਸ ਲਈ ਸਬੰਧਤ ਮਤਰੀ ਜੀ ਬਿਆਨ ਸਦਨ ਵਿਚ ਦੇਣ ।

WALK OUT

ਕਾਮਰੇਡ ਬਲਦੇਵ ਸਿੰਘ ਲੂੰਬਾ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਰਿਕਾਰਡ ਨਹੀਂ ਕਰਨਾ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਬਲਦੇਵ ਸਿੰਘ ਲੁੰਬਾ : ਤੁਸੀਂ ਮੈਨੂੰ ਬੋਲਣ ਦਾ ਸਮਾਂ ਨਹੀਂ ਦਿੰਦੇ। ਕਾਲਜਾਂ ਦੇ ਲੈਕਚਰਾਰਾਂ ਦੀਆਂ ਗ੍ਰਿਫਤਾਰੀਆਂ ਸਬੰਧੀ ਸਰਕਾਰ ਨੂੰ ਬਿਆਨ ਦੇਣ ਲਈ ਨਹੀਂ ਕਹਿੰਦੇ। ਮੈਂ ਇਸ ਤੇ ਵਾਕ ਆਊਟ ਕਰਦਾ ਹਾਂ।

(ਇਸ ਸਮੇਂ, ਆਲ ਇੰਡੀਆ ਕਮਿਉਨਿਸਟ ਪਾਰਟੀ ਦੇ ਮਾਨਯੋਗ ਮੈਂਬਰ, ਕਾਮਰੇਡ ਬਲਦੇਵ ਸਿੰਘ ਲੁੰਬਾ, ਹਾਊਸ ਵਿਚੋਂ ਵਾਕ-ਆਊਟ ਕਰ ਗਏ ।)

CALL ATTENTION NOTICES UNDER RULE 66
(Resumption)

Agriculture and Irrigation Minister (Chaudhri Kanshi Ram): The alignment of Sutlej Yamuna Link Canal has not yet been finalised. While finalising it all relevant factors will be taken into consideration.

ਸਰਦਾਰ ਹਰਦਿਪਿੰਦਰ ਸਿੰਘ : ਮੈਂ ਮਾਨਯੋਗ ਮਨਿਸਟਰ ਸਾਹਿਬ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਜੀ ਤਾਂ ਇਸ ਤੇ ਟੱਕ ਲਾਉਣ ਲਈ ਆ ਰਹੇ ਹਨ ਪਰ ਇਹ ਕਹਿ ਰਹੇ ਹਨ ਕਿ ਹਾਲੇ ਅਲਾਈਨਮੈਂਟ ਦਾ ਫੈਸਲਾ ਨਹੀਂ ਹੋਇਆ । ਇਸ ਵਿਚੋਂ ਕਿਹੜੀ ਗੱਲ ਠੀਕ ਹੈ ਅਤੇ ਕਿਹੜੀ ਗਲਤ ਹੈ ?

ਮੰਤਰੀ . ਸਪੀਕਰ ਸਾਹਿਬ, ਮੈਂ ਹਾਊਸ ਦੇ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ whatever I said, I said it with authority. I stick to it and I owe it.

(ਰੂਮ ਨੰ: 132)

1. ਸਰਦਾਰ ਬਲਦੇਵ ਸਿੰਘ ਖਿਆਲਾ
2. ਸਰਦਾਰ ਬਲਦੇਵ ਸਿੰਘ ਮਾਨ
3. ਸਰਦਾਰ ਮੇਜਰ ਸਿੰਘ ਉਬੋਕੇ

} : ਮੈਂ ਸਰਕਾਰ ਦਾ ਧਿਆਨ ਲੰਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰਾਜ ਵਿਚ ਇੱਟਾਂ ਦੀ ਭਾਰੀ ਥੁੜ ਤੇ ਭੱਠਾ ਮਾਲਕਾਂ ਵਲੋਂ ਵਸੂਲੇ ਜਾ ਰਹੇ ਵਾਧੂ ਤੇ ਅਯੋਗ ਮੁੱਲ ਵਲ ਦਿਵਾਉਣਾ ਚਾਹੁੰਦਾ ਹਾਂ। ਸਾਰੇ ਰਾਜ ਵਿਚ ਇੱਟਾਂ ਦੇ ਮੁਲ ਤੇ ਕੰਟਰੋਲ ਨਾ ਹੋਣ ਕਾਰਣ ਇੱਟਾਂ 300 ਰੁਪਏ ਪ੍ਰਤੀ ਹਜ਼ਾਰ ਤੋਂ ਵੀ ਵਧ ਵਿਕ ਰਹੀਆਂ ਹਨ। ਪਰ ਪਿੰਡਾਂ ਵਿਚ ਗਲੀਆਂ ਨਾਲੀਆਂ ਪੱਕੀਆਂ ਕਰਨ ਲਈ ਪੰਚਾਇਤਾਂ 245 ਰੁਪਏ ਪ੍ਰਤੀ ਹਜ਼ਾਰ ਤੋਂ ਵੱਧ ਮੁੱਲ ਤੇ ਇੱਟਾਂ ਖਰੀਦ ਨਹੀਂ ਸਕਦੀਆਂ ਜਿਸ ਕਾਰਣ ਜਾਂ ਤਾਂ ਕੰਮ ਬੰਦ ਹੋ ਰਹੇ ਹਨ ਜਾਂ ਸੜੀਆਂ ਇੱਟਾਂ ਲਗ ਰਹੀਆਂ ਹਨ, ਜਿਸ ਕਾਰਣ ਲੋਕਾ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਸਬੰਧਤ ਮੰਤਰੀ ਇਸ ਸਬੰਧੀ ਸਦਨ ਵਿਚ ਬਿਆਨ ਦੇਣ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼ (ਸ਼੍ਰੀ ਭਗਵਾਨਦਾਸ) : ਸਾਲ 1978 ਤੋਂ ਸਪਾਂਸਰਡ ਸਲੈਕ ਕੋਲਾ ਸਰਕਾਰ ਦੀ ਪੱਧਰ ਤੇ ਪੂਰੀ ਕੋਸ਼ਿਸ਼ ਕਰਨ ਤੇ ਵੀ ਰੇਲਵੇ ਵੈਗਨ ਨਾ ਮਿਲਣ ਕਾਰਨ ਸਥਿੱਤੀ ਵਿਚ ਸੁਧਾਰ ਨਹੀਂ ਹੋਇਆ ਕਿਉਂਕਿ ਭੱਠਿਆਂ ਵਾਸਤੇ ਕੋਲੇ ਦੀ ਟ੍ਰਾਂਸਪੋਰਟ ਕਰਨ ਵਾਸਤੇ ਰੇਲਵੇ ਬਹੁਤ ਲੰਅ ਪ੍ਰਾਇਰਿਟੀ ਦਿੰਦੀ ਹੈ।

Original with;
Punjab Vidhan Sabha
Digitized by;
Panjab Digital Library

2. ਕੋਲੇ ਦੀ ਆਮਦ ਨੂੰ ਸੁਧਾਰਣ ਲਈ ਮਈ, 1978 ਵਿਚ ਭੱਠੇ ਵਾਲਿਆਂ ਨੂੰ ਨਿੱਜੀ ਤੌਰ ਤੇ ਇੱਟਾਂ ਬਣਾਉਣ ਵਾਸਤੇ ਨਾਨ-ਸਪਾਂਸਰਡ ਕੋਲਾ ਲਿਆਉਣ ਦੀ ਆਗਿਆ ਦੇ ਦਿੱਤੀ। ਇੱਟਾਂ ਦੇ ਉਤਪਾਦਨ ਨੂੰ ਵਧਾਉਣ ਹਿੱਤ ਸਾਲ 1979 ਵਿਚ ਇਸ ਤਰ੍ਹਾਂ ਪ੍ਰਾਪਤ ਹੋਏ ਕੋਲੇ ਤੋਂ ਬਣੀਆਂ ਹੋਈਆਂ ਇੱਟਾਂ ਤੋਂ ਕੀਮਤ ਅਤੇ ਵੰਡ ਦਾ ਕੰਟਰੋਲ ਖਤਮ ਕਰਨਾ ਪਿਆ ਅਤੇ ਇਹ ਇਸ ਲਈ ਕਰਨਾ ਪਿਆ ਕਿਉਂ ਜੋ ਇੱਟਾਂ ਬਣਾਉਣ ਲਈ ਵਰਤੀਆਂ ਜਾਣ ਵਾਲੀਆਂ ਮੱਦਾਂ ਤੇ ਕੰਟਰੋਲ ਨ ਹੋਣ ਕਾਰਨ ਇੱਟਾਂ ਦੀ ਕੀਮਤ ਅਤੇ ਵੰਡਣ ਤੇ ਕੰਟਰੋਲ ਰੱਖਣਾ ਉਚਿੱਤ ਨਹੀਂ ਸੀ।

3. ਵਿਕਾਸ ਦੇ ਸਰਕਾਰੀ ਕੰਮਾਂ ਲਈ ਇੱਟਾਂ ਖਰੀਦਣ ਵਾਸਤੇ 1979 ਵਿਚ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਮਾਰਕਿਟ ਵਿਚੋਂ ਟੈਂਡਰ ਬੁਲਾ ਕੇ ਇੱਟਾਂ ਖਰੀਦਣ ਲਈ ਕਮੇਟੀਆਂ ਬਣਾਈਆਂ ਗਈਆਂ। ਇੱਟਾਂ ਦੀ ਮੰਗ ਜ਼ਿਆਦਾ ਹੋਣ ਕਰਕੇ ਇਨ੍ਹਾਂ ਦਾ ਰੇਟ ਮਾਰਕਿਟ ਵਿਚ ਵਧ ਗਿਆ। ਲਗ ਭਗ 2 ਮਹੀਨਿਆਂ ਤੋਂ ਮੌਸਮ ਦੀ ਖਰਾਬੀ ਕਾਰਨ ਕੱਚੀਆਂ ਇੱਟਾਂ ਖਰਾਬ ਹੋ ਗਈਆਂ ਹਨ ਅਤੇ ਮਾਰਕਿਟ ਵਿਚ ਇੱਟਾਂ ਦੀ ਉਪਲੱਬਧੀ ਘੱਟ ਗਈ ਹੈ ਜਿਸ ਨਾਲ ਰੇਟ ਥੋੜ੍ਹੇ ਹੋਰ ਉਪਰ ਚਲੇ ਗਏ ਹਨ। ਮੌਸਮ ਠੀਕ ਹੋਣ ਉਪਰੰਤ ਇੱਟਾਂ ਦੀ ਉਪਲਬਧੀ ਵਿਚ ਵਾਧਾ ਹੋਵੇਗਾ ਅਤੇ ਕੀਮਤ ਵਿੱਚ ਵੀ ਫਰਕ ਪੈਣ ਦੀ ਆਸ ਹੈ ਕਿਉਂਕਿ ਮੌਸਮ ਦੀ ਖਰਾਬੀ ਕਾਰਨ ਰਾਜ ਵਿੱਚ ਇੱਟਾਂ ਇਸ ਸਮੇਂ ਕਾਫੀ ਘੱਟ ਹਨ।

4. ਜਿਥੋਂ ਤਕ ਪੰਚਾਇਤਾਂ ਦੇ ਕੰਮਾਂ ਵਾਸਤੇ ਇੱਟਾਂ ਖਰੀਦਣ ਦਾ ਸਵਾਲ ਹੈ, ਪੰਚਾਇਤ ਵਿਭਾਗ ਨੇ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਵਾਸਤੇ ਕੋਈ ਦਰ ਨਿਸਚਿਤ ਨਹੀਂ ਕੀਤੀ ਅਤੇ ਨਾ ਹੀ ਇਸ ਬਾਰੇ ਕੋਈ ਅਜਿਹੀ ਹਦਾਇਤ ਹੀ ਕੀਤੀ ਹੈ ਕਿ ਪੰਚਾਇਤਾਂ 245 ਰੁਪਏ ਪ੍ਰਤੀ ਹਜ਼ਾਰ ਤੋਂ ਵੱਧ ਰੇਟ ਤੇ ਇੱਟਾਂ ਨਹੀਂ ਖਰੀਦ ਸਕਦੀਆਂ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜਾਣਨਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਪਬਲਿਕ ਵਰਕਸ ਦੇ ਕੰਮਾਂ ਲਈ ਇੱਟਾਂ ਦੀ ਕਿੰਨੀ ਡਿਮਾਂਡ ਸੀ ਅਤੇ ਉਸ ਵਿਚੋਂ ਕਿੰਨੇ ਪਰਸੈਂਟ ਕੰਟਰੋਲ ਰੇਟ ਤੇ ਦਿੱਤੀਆਂ ਗਈਆਂ ਸਨ। ਇਸੇ ਤਰ੍ਹਾਂ ਹੁਣ ਕਿੰਨੀ ਡਿਮਾਂਡ ਹੈ ਅਤੇ ਕਿੰਨੀਆਂ ਇੱਟਾਂ ਦਿੱਤੀਆਂ ਜਾਣਗੀਆਂ।

ਰਾਜ ਮੰਤਰੀ : ਇਹ ਸਵਾਲ ਇਸ ਨਾਲ ਰਿਲੇਟ ਨਹੀਂ ਕਰਦਾ। ਜੇ ਮੈਂਬਰ ਸਾਹਿਬ ਕੋਈ ਹੋਰ ਇਨਫਰਮੇਸ਼ਨ ਚਾਹੁੰਦੇ ਹਨ ਤਾਂ ਹੋਰ ਸਵਾਲ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਕਿੰਨੀਆਂ ਇੱਟਾਂ ਪਿਛਲੇ ਸਾਲ ਪਬਲਿਕ ਵਰਕਸ ਦੇ ਕੰਮਾਂ ਵਾਸਤੇ ਦਿੱਤੀਆਂ ਗਈਆਂ ਸਨ ?

ਸ਼੍ਰੀ ਸਪੀਕਰ : ਖਿਆਲਾ ਜੀ, ਇਕ ਕਾਲ ਅਟੈਨਸ਼ਨ ਮੋਸ਼ਨ ਤੇ ਇਕ ਸਵਾਲ ਕੀਤਾ ਜਾ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

FINANCIAL BUSINESS

VOTING OF EXCESS DEMANDS OVER GRANTS AND APPROPRIATIONS FOR THE YEARS 1966-67 (POST RE-ORGANISATION PERIOD FROM 1ST NOVEMBER, 1966 TO 31ST MARCH, 1967) AND 1972-73.

Mr. Speaker: There are 17 Excess Demands over Grants for the year, 1966-67 (Post Re-organisation Period) and 1972-73 as follows:—

1966-67 (Post Re-organisation period from 1st November 1966 to 31st March, 1967)	..	6
1972-73	..	11

If the hon. Members agree, all these Excess Demands over Grants may be deemed to have been read and moved and may be discussed together.

Voices: (Yes, Yes.)

The hon. Members, while speaking, may indicate the Excess Demand Number and year on which they would like to raise the discussion.

Excess Demands over grants and Appropriations for the year, 1966-67 (Post Re-organisation period).

Demand No. 1

That an excess sum not exceeding Rs 28,443 be granted to the Governor to defray the charges that had come in course of payment for the year ending 31st March, 1967 in respect of Taxes on Vchicles.

Demand No. 2

That an excess sum not exceeding Rs 22,67,528 be granted to the Governor to defray the charges that had come in course of payment for the year ending 31st March, 1967 in respect of Irrigation, Navigation, Establishment and Drainage Work.

Demand No. 3

That an excess sum not exceeding Rs 75,84,012 be granted to the Governor to defray the charges that had come in course of payment for the year ending 31st March, 1967 in respect of Public Works.

Demand No. 4

That an excess sum not exceeding Rs. 4,211 be granted to the Governor to defray the charges that had come in course of payment for the year ending 31st March, 1967, in respect of Privy Purses and Allowances of Indian Rulers.'

Demand No. 5

That an excess sum not exceeding Rs. 70,30,307 be granted to the Governor to defray the charges that had come in course of payment for the year ending 31st March, 1967, in respect of Capital Outlay on Multipurpose Schemes.

Demand No. 6

That an excess sum not exceeding Rs. 3,90,68,079 be granted to the Governor to defray the charges that had come in course of payment for the year ending 31st March, 1967, in respect of Loans to Local Funds, Private Parties, etc.

Original with;
Punjab Vidhan Sabha
Digitized by;
Panjab Digital Library

Excess Demands over Grants and Appropriations 1972-73

Demand No. 1

That an excess sum not exceeding Rs. 4,02,256 be granted to the Governor to defray the charges that had come in course of payment for the year, ending 31st March, 1973 in respect of 'Land Revenue'.

Demand No. 2

That an excess sum not exceeding Rs. 6,12,331 be granted to the Governor to defray the charges that had come in course of payment for the year ending 31st March, 1973, in respect of Stamps.

Demand No. 3

That an excess sum not exceeding Rs 312 be granted to the Governor to defray the charges that had come in course of payment for the year ending 31st March, 1973 in respect of Supplies and Disposal.

Demand No. 4

That an excess sum not exceeding Rs. 5,25,544 be granted to the Governor to defray the charges that had come in course of payment for the year ending 31st March, 1973 in respect of Medical.

Demand No. 5

That an excess sum not exceeding Rs. 6,14,559 be granted to the Governor to defray the charges that had come in course of payment for the year ending 31st March, 1973, in respect of Public Health.

Demand No. 6

That an excess sum not exceeding Rs. 10,74,080 be granted to the Governor to defray the charges that had come in course of payment for the year, ending 31st March, 1973, in respect of Family Planning.

Demand No. 7

That an excess sum not exceeding Rs. 40,67,016 be granted to the Governor to defray the charges that had come in course of payment for the year, ending 31st March, 1973 in respect of Irrigation, Navigation, Embankment and Drainage Works (Commercial and Non-commercial).

Demand No. 8

That an excess sum not exceeding Rs 8,00 94,000 be granted to the Governor to defray the charges that had come in course of payment for the year ending 31st March, 1973, in respect of Public Works.

Demand No. 9

That an excess sum not exceeding Rs. 87,28,201 be granted to the Governor to defray the charges that had come in course of payment for the year ending 31st March, 1973, in respect of Pensions and other Retirement Benefits.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 10

That an excess sum not exceeding Rs. 2,48,30,442 be granted to the Governor to defray the charges that had come in course of payment for the year, ending 31st March, 1973, in repect of Capital Outlay on Multipurpose River Schemes

Demand No. 11

That an excess sum not exceeding Rs. 2,18,003 be granted to the Governor to defray the charges that had come in course of payment for the year ending 31st March, 1973 in respect of payments of Commuted Value of Pensions.

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਇਸ ਨੂੰ ਪਾਸ ਕਰਨ ਦੀ ਕੰਸਟੀਚਿਊਸ਼ਨਲ ਰਿਕੁਆਇਰਮੈਂਟ ਹੈ ਕਿਉਂਕਿ ਜੋ ਆਡਿਟਰ ਜਨਰਲ ਆਪਣੀ ਆਡਿਟ ਰਿਪੋਰਟ ਦਿੰਦਾ ਹੈ ਉਸ ਨੂੰ ਵਿਧਾਨ ਸਭਾ ਦੀ ਪੀ.ਏ.ਸੀ. ਐਗਜ਼ਾਮਿਨ ਕਰਦੀ ਹੈ ਅਤੇ ਪੀ.ਏ.ਸੀ. ਦੀ ਰਿਪੋਰਟ ਤੋਂ ਬਾਦ ਜੋ ਐਕਸੈਸਿਜ਼ ਹੁੰਦੀਆਂ ਹਨ ਉਸ ਨੂੰ ਵਿਧਾਨ ਸਭਾ ਲਿਖ ਦਿੰਦੀ ਹੈ। ਇਨ੍ਹਾਂ ਨੂੰ ਰੈਗੂਲੇਰਾਈਜ਼ ਕਰਨਾ ਹੈ। ਸਪੀਕਰ ਸਾਹਿਬ, ਇਹ ਇਕ ਟੈਕਨੀਕਲ ਰਿਕੁਆਇਰਮੈਂਟ ਹੈ ਔਰ ਇਸ ਤੇ ਡਿਸਕਸ਼ਨ ਦੀ ਲੋੜ ਨਹੀਂ ਹੈ। ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬਾਨ ਨੂੰ ਇਸ ਤੇ ਇਤਰਾਜ਼ ਨਹੀਂ ਹੋਵੇਗਾ।

(ਕੋਈ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

Mr. Speaker: Now, I will put the Excess Demands over Grants and Appropriations for the years 1966-67 (Post -Re-organisation period from 1st November, 1966 to 31st March, 1967) and 1972-73 to the vote of the House.

Excess Demands over Grants and Appropriations for the year, 1966-67 (Post Re-organisation period)

Demand No. 1

Mr. Speaker : Question is—

That an excess sum not exceeding Rs. 28,443 be granted to the Governor to defray the charges that had come in course of payment for the year ending 31st March, 1967 in in respect of Taxes on Vehicles.

The motion was carried.

Demand No. 2

Mr. Speaker: Question is—

That an excess sum not exceeding Rs 22,67,528 be granted to the Governor to defray the charges that had come in course of payment for the year ending 31st Mrch, 1967 in respect of Irrigation Navigation Establishment and Drainage Work.

The motion was carried.

Demand No. 3

Mr. Speaker : Question is—

That an excess sum not exceeding Rs 75,84,012 be granted to the Governor to defray the charges that had come in course of payment for the year ending 31st March, 1967 in respect of Public Works.

The motion was carried.

Original with;
Punjab Vidhan Sabha
Digitized by;
Panjab Digital Library

Demand No. 4

Mr. Speaker : Question is —

That an excess sum not exceeding Rs. 4,211 be granted to the Governor to defray the charges that had come in course of payment for the year, ending 31st March, 1967 in respect of Privy Purses and Alowances of Indian Rulers.

The motion was carried.

Demand No. 5

Mr. Speaker : Question is—

That an excess sum not exceeding Rs 70,303,07 be granted to the Governor to defray the charges that had come in course of payment for the year ending 31st March, 1967, in respect of Capital Outlay on Multipurpose Schemes

The motion was carried.

Demand No. 6

Mr. Speaker : Question is—

That an excess sum not exceeding Rs. 3,90,68,079 be granted to the Governor to defray the charges that had come in course of payment for the year ending, 31st March, 1967, in respect of Loans to Local Funds, Private Parties, etc.

The motion was carried .

Excess Demands over Grants and Appropriations 1972-73.

Demand No. 1

Mr. Speaker : Question is—

That an excess sum not exceeding Rs. 4,02,256 be granted to the Governor to defray the charges that had come in course of payment for the year ending 31st March, 1973, in respect of 'Land Revenue.'

The motion was carried.

Demand No. 2

Mr. Speaker : Question is—

That an excess sum not exceeding Rs. 6,12,331 be granted to the Governor to defray the charges that had come in course of payment for the year, ending, 31st March, 1973, in respect of Stamps.

The motion was carried.

Demand No. 3

Mr. Speaker : Question is—

That an excess sum not exceeding Rs. 312 be granted to the Governor to defray the charges that had come in course of payment for the year, ending 31st March, 1973, in respect of Supplies and Disposal.

The motion was carried.

Original with;
Punjab Vidhan Sabha
Digitized by;
Panjab Digital Library

Demand No. 4

Mr. Speaker : Question is—

That an excess sum not exceeding Rs. 5,25,544 be granted to the Governor to defray the charges that had come in course of payment for the year ending 31st March, 1973, in respect of Medical.

The motion was carried.

Demand No. 5

Mr. Speaker : Question is—

That an excess sum not exceeding Rs 6,14,559 be granted to the Governor to defray the charges that had come in course of payment for the year ending 31st March, 1973, in respect of Public Health.

The motion was carried.

Demand No. 6

Mr. Speaker : Question is—

That an excess sum not exceeding Rs. 10,74,080 be granted to the Governor to defray the charges that had come in course of payment for the year ending 31st March, 1973 in respect of Family Planning.

The motion was carried.

Demand No. 7

Mr. Speaker : Question is—

That an excess sum not exceeding Rs. 40,67,016 be granted to the Governor to defray the charges that had come in course of payment for the year ending 31st March, 1973 in respect of Irrigation, Navigation, Embankment and Drainage Works (Commercial and Non-commercial).

The motion was carried.

Demand No. 8

Mr. Speaker: Question is—

That an excess sum not exceeding Rs, 8,00,94,000 be granted to the Governor to defray the charges that had come in course of payment for the year ending 31st March, 1973 in respect of Public Works.

The motion was carried.

Demand No. 9

Mr. Speaker : Question is—

That an excess sum not exceeding Rs, 87,28,201 be granted to the Governor to defray the charges that had come in course of payment for the year ending 31st March, 1973 in respect of Pensions and other Retirement Benefits.

The motion was carried.

Original with;
Punjab Vidhan Sabha
Digitized by;
Panjab Digital Library

Demand No. 10

Mr. Speaker : Question is—

That an excess sum not exceeding Rs. 2,48,30,442 be granted to the Governor to defray the charges that had come in course of payment for the year ending 31st March, 1973 in respect of Capital Outlay on Multipurpose River Schemes.

The motion was carried.

Demand No. 11

Mr. Speaker : Question is—

That an excess sum not exceeding Rs, 2,18,003 be granted to the Governor to defray the charges that had come in course of payment for the year ending 31st March, 1973 in respect of payments of Commuted Value of Pensions

The motion was carried.

LEGISLATIVE BUSINESS

The Punjab Appropriation (No. 2) Bill, 1982

Finance Minister (Doctor Kewal Krishan): Sir, I beg to introduce the Punjab Appropriation (No. 2) Bill.

Sir, I also beg to move—

That the Punjab Appropriation (No. 2) Bill be taken into consideration at once.

Mr. Speaker : Motion moved—

That the Punjab Appropriation (No. 2) Bill be taken into consideration at once.

ਸਰਦਾਰ ਬਲਦੇਵ ਸਿੰਘ ਮਾਨ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਹਾਊਸ ਦਾ ਲਿਸਟ ਆਫ ਬਿਜ਼ਨੈਸ ਆਮ ਤੌਰ ਤੇ ਇਕ ਦਿਨ ਪਹਿਲਾਂ ਮਿਲ ਜਾਂਦਾ ਹੈ ਪਰ ਅੱਜ ਦਾ ਬਿਜ਼ਨੈਸ ਮੈਨੂੰ ਹੁਣੇ ਹੀ ਮਿਲਿਆ ਹੈ। ਮੇਰੇ ਦੋ ਕਾਲ ਅਟੈਂਨਸ਼ਨ ਨੋਟਿਸਜ਼ ਲਗੇ ਹੋਏ ਸਨ ਜਿਨ੍ਹਾਂ ਦੀ ਮੈਨੂੰ ਕੋਈ ਇਤਲਾਹ ਨਹੀਂ ਹੈ।

ਸ਼੍ਰੀ ਸਪੀਕਰ : ਮਾਨ ਸਾਹਿਬ, ਇਹ ਪਰਸੋਂ ਦਾ ਬਿਜ਼ਨੈਸ ਅੱਜ ਟਰਾਂਸਫਰ ਹੋਇਆ ਹੈ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਇਸ ਐਪਰੋਪਰੀਏਸ਼ਨ ਬਿਲ ਤੇ ਡਿਸਕਸ਼ਨ ਦੀ ਲੋੜ ਨਹੀਂ ਹੈ ਕਿਉਂਕਿ ਇਹ ਕੰਸੀਟੀਚਿਊਸ਼ਨਲੀ ਟੈਕਨੀਕਲ ਰਿਕੁਆਇਰਮੈਂਟ ਹੈ ਇਸ ਲਈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

Mr. Speaker ; Question is—

That the Punjab Appropriation (No. 2) Bill be taken into consideration at once.

The motion was carried.

Original with;
Punjab Vidhan Sabha
Digitized by;
Panjab Digital Library

Mr. Speaker: Now the House will proceed to consider the Bill Clause by Clause.

Clause 2

Mr. Speaker ; Question is—

That Clause 2 stand part of the Bill.

The motion was carried.

Clause 3

Mr. Speaker : Question is—

That Clause 3 stand part of the Bill.

The motion was carried.

Schedule I and Schedule II

Mr. Speaker : Question is—

That Schedule I and Schedule II stand part of the Bill.

The motion was carried

Clause 1

Mr. Speaker : Question is—

That Clause 1 stand part of the Bill.

The motion was carried

Title

Mr. Speaker : Question is—

That Title be the Title of the Bill.

The motion was carried.

Finance Minister (Doctor Kewal Krishan): Sir, I beg to move—

That the Punjab Appropriation (No. 2) Bill be passed.

Mr. Speaker : Motion moved—

That the Punjab Appropriation (No. 2) Bill be passed.

Mr. Speaker : Question is—

That the Punjab Appropriation (No. 2) Bill be passed.

The motion was carried.

DISCUSSION AND VOTING OF DEMANDS FOR GRANTS FOR THE YEAR 1982-83

Mr. Speaker: There are three demands for grants which are to be discussed and voted upon today. If the Hon'ble Members agree, these demands may be deemed to have been read and moved and may be discussed together.

(Voices :yes, yes).

Original with;
Punjab Vidhan Sabha
Digitized by;
Panjab Digital Library

Some cut motions to these demands have also been received from some Hon. Members. If the House agrees, these may also be deemed to have been read and moved.

(Voicees: yes, yes.)

The Hon. Members while speaking, may indicate the Demand number on which they would like to raise discussion. At the end, I shall put the Demands and Cut Motions thereto one by one to the vote of the House.

DEMAND NO. 9

That a sum not exceeding Rs. 3,87,13,000 on Revenue Account be granted to the Governor to defray the charges that will come in course of payment for the year 1982-83 in respect of Civil Secretariat.

DEMAND NO. 10

That a sum not exceeding Rs. 5,58,09,000 on Revenue Account be granted to the Governor to defray the charges that will come in course of payment for the year, 1982-83 in respect of District Administration.

DEMAND NO. 11

That a sum not exceeding Rs. 37,51, 70,000 on Revenue Account be granted to the Governor to defray charges that will come in course of payment for the year, 1982-83 in respect of Police.

DEMAND No. 9
(Civil Secretariat)

Sardar Dalip Singh Pandhi: That the demand be reduced by Re. 1/-.

DEMAND No. 10

(District Adminstration)

Sardar Dalip Singh Pandhi: That the demand be reduced by Re. 1/-.

DEMAND No. 11
(Police)

Sardar Dalip Singh Pandhi :That the demand be reduced by Rs. 1.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਵੈਸੇ ਅਸੂਲ ਤਾਂ ਇਹ ਹੈ ਕਿ ਤੁਸੀਂ ਸਾਨੂੰ ਆਪਣੇ ਖਿਆਲਾਤ ਦਾ ਇਜ਼ਹਾਰ ਕਰਨ ਦੀ ਇਜਾਜ਼ਤ ਦਿੰਦੇ। ਤੁਸੀਂ ਹਾਊਸ ਦੇ ਮਾਲਕ ਹੋ ਲੇਕਿਨ, ਸਪੀਕਰ ਸਾਹਿਬ, ਸਾਨੂੰ ਕ੍ਰਿਟੇਸਾਈਜ਼ ਕਰਨ ਦਾ ਪੂਰਾ ਹੱਕ ਹੈ। ਸਟੇਟ ਵਿਚ ਕੋਈ ਕੂਲ ਆਫ਼ ਲਾਅ ਨਹੀਂ ਹੈ।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਜਿਤਨਾ ਮਰਜ਼ੀ ਕ੍ਰਿਟੇਸਾਈਜ਼ ਕਰੋ ਅੰਦਰ ਖੁਲ੍ਹੇ ਦਿਲ ਨਾਲ ਜੋ ਗੱਲ ਕਹਿਣੀ ਹੈ, ਉਹ ਕਹੋ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪੰਜਾਬ ਦੇ ਹਾਲਾਤ ਬੜੇ ਹੀ ਗੰਭੀਰ ਹਨ। ਕੋਈ ਵੀ ਅੱਜ ਮਹਿਫੂਜ਼ ਨਹੀਂ ਹੈ। ਸਪੀਕਰ ਸਾਹਿਬ, 17 ਤਾਰੀਖ ਨੂੰ ਮੰਡੀ ਗੋਬਿੰਦਗੜ੍ਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਦੀ ਪੁਲਿਸ ਨੇ ਸੁਰਜੀਤ ਕੌਰ ਵਿਡੋ ਨੂੰ ਥਾਣੇ ਵਿਚ ਬੁਲਾਇਆ, ਕੁੱਟਿਆ ਤੇ ਗੰਦੀਆਂ ਗਾਲ੍ਹਾਂ ਕੱਢੀਆਂ। (ਵਿਘਨ)

*3.53 ਬਾਅਦ ਦੁਪਹਿਰ। (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਲੜਕੇ ਨੂੰ 10 ਦਿਨਾਂ ਦੇ ਅੰਦਰ ਪੇਸ਼ ਕਰਨ ਲਈ ਕਿਹਾ। ਸੁਭਾਸ਼ ਲੜਕੇ ਨੂੰ ਕੁਟਿਆ ਪਰ ਉਸ ਦੀ ਕਿਸੇ ਨੇ ਕੋਈ ਗੱਲ ਤਕ ਨਹੀਂ ਸੁਣੀ। ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਹਾਊਸ ਵਿਚ ਐਡਜਰਨਮੈਂਟ ਮੋਸ਼ਨ ਵੀ ਦਿੱਤੀ ਸੀ। ਇਸੇ ਤਰ੍ਹਾਂ ਹੀ ਸ਼ੰਕਰ ਦਾ ਮਾਮਲਾ ਹੈ। ਸੀ.ਐਮ. ਸਾਹਿਬ ਦੇ ਆਪਣੇ ਹਲਕੇ ਦੀ ਗੱਲ ਹੈ। ਉਸ ਨੂੰ ਪੁਲਿਸ ਨੇ ਆਪਣੀ ਹਿਰਾਸਤ ਵਿਚ ਰਖਿਆ ਹੈ। ਉਸ ਦੀ ਮਦਦ ਲਈ ਜਿਹੜੇ ਲੋਕ ਉਥੇ ਆਏ ਸਨ ਤਾਂ ਉਨ੍ਹਾਂ ਨੂੰ ਵੀ ਕੁਟਿਆ ਮਾਰਿਆ ਗਿਆ ਅਤੇ ਕਿਹਾ ਗਿਆ ਕਿ ਤੁਸੀਂ ਉਸ ਦੀ ਮਦਦ ਲਈ ਕਿਉਂ ਇਥੇ ਥਾਣੇ ਵਿਚ ਆਏ ਹੋ ? ਇੱਕ ਡਿਪਟੀ ਸਪੀਕਰ ਸਾਹਿਬ, ਕਮਲੇਸ਼ ਲੜਕੀ ਹੈ ਜੋ ਕਿ ਨੰਗਲ ਦੀ ਹੈ, ਉਸ ਲੜਕੀ ਦਾ ਰੇਪ ਕੀਤਾ ਗਿਆ। ਪਹਿਲਾਂ ਤਾਂ ਰਿਪੋਰਟ ਨਹੀਂ ਲਿਖੀ ਗਈ ਔਰ ਰਿਪੋਰਟ ਨਾ ਲਿਖਣ ਕਰਕੇ ਉਥੋਂ ਦੇ ਥਾਣੇਦਾਰ ਨੂੰ ਬਦਲ ਦਿੱਤਾ ਗਿਆ ਹੈ ਪਰ ਜਦੋਂ ਰਿਪੋਰਟ ਲਿਖੀ ਗਈ ਤਾਂ ਠੀਕ ਰਿਪੋਰਟ ਨਹੀਂ ਲਿਖੀ ਗਈ।

ਚੌਧਰੀ ਸੱਜਨ ਕੁਮਾਰ ਜਾਖੜ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਇਹ ਲੜਕੀ ਖੁਸ਼ੀ ਰਾਮ ਚਪੜਾਸੀ ਦੀ ਹੈ। ਲੜਕੀਆਂ ਦੇ ਨਾਲ ਰੇਪ ਹੋ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਲੜਕੀਆਂ ਨੂੰ ਜ਼ੁਲਮ ਤੋਂ ਬਚਾਓ। ਪੰਜਾਬ ਦੀ ਐਡਮਨਿਸਟਰੇਸ਼ਨ ਤੇ ਕਾਬੂ ਪਾਇਆ ਜਾਣਾ ਚਾਹੀਦਾ ਹੈ। ਸਟੇਟ ਵਿਚ ਕੋਈ ਰੂਲ ਆਫ ਲਾਅ ਨਹੀਂ ਹੈ। ਕੋਈ ਸੜਕ ਤੇ ਮਹਿਫੂਜ਼ ਨਹੀਂ ਹੈ। ਇਸ ਹਾਊਸ ਦੀ ਸਾਡੀ ਇੱਕ ਲੇਡੀ ਮੈਂਬਰ ਸੜਕ ਦੇ ਹਾਦਸੇ ਵਿਚ ਸਾਥੋਂ ਜੁਦਾ ਹੋ ਗਈ। ਸੜਕਾਂ ਦੀ ਠੀਕ ਮੁਰੰਮਤ ਨਹੀਂ ਹੋ ਰਹੀ ਹੈ। ਸੜਕਾਂ ਟੁੱਟੀਆਂ ਹੋਈਆਂ ਹਨ। ਐਫ.ਐਮ. ਸਾਹਿਬ ਬੋਲਦੇ ਹੋਏ ਆਪਣੀ ਸਪੀਚ ਵਿਚ ਕਹਿੰਦੇ ਹਨ ਕਿ ਸੈਂਟਰ ਤੋਂ ਅਸੀਂ ਪੈਸਾ ਬਹੁਤ ਲਿਆਂਦਾ ਹੈ। ਜਦੋਂ ਹੋਰ ਮੰਤਰੀ ਕਿਸੇ ਸਵਾਲ ਦਾ ਜਵਾਬ ਦਿੰਦਾ ਹੈ ਤਾਂ ਕਹਿੰਦਾ ਹੈ ਕਿ ਜਦੋਂ ਪੈਸੇ ਦਾ ਉਪਬੰਧ ਹੋ ਜਾਵੇਗਾ ਤਾਂ ਕੰਮ ਹੋ ਜਾਵੇਗਾ। ਪੰਜਾਬ ਵਿਚ ਸੜਕਾਂ ਨਹੀਂ ਹਨ। ਸੜਕਾਂ ਤੇ ਮਿੱਟੀ ਪਾਉਂਦੇ ਹਨ ਤਾਕਿ ਮਿੱਟੀ ਦੇ ਨਾਲ ਅੰਨ੍ਹੇ ਹੋ ਜਾਵੋ ਅਤੇ ਫਿਰ ਐਕਸੀਡੈਂਟ ਹੋ ਜਾਂਦੇ ਹਨ। ਬੰਦੇ ਮਰ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਠੀਕ ਨਹੀਂ ਹੈ। ਹਾਲਾਤ ਪੰਜਾਬ ਦੇ ਬੜੇ ਹੀ ਗੰਭੀਰ ਹਨ। ਇੱਕ ਲੜਕੀ ਹੈਡ ਕੰਸਟੇਬਲ ਦੇ ਘਰੋਂ ਮਿਲੀ। ਇੱਕ ਲੜਕਾ ਗੁਆਚ ਗਿਆ। ਮੈਂ ਕਹਿੰਦਾ ਹਾਂ ਕਿ ਇੱਕ ਲੜਕਾ ਨਹੀਂ ਗੁਆਚਿਆ ਸਗੋਂ ਬਹੁਤ ਸਾਰੇ ਲੜਕੇ ਗੁਆਚ ਗਏ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਖਤਰਨਾਕ ਪੱਤਰ ਆਉਂਦੇ ਹਨ ਕਿ ਜੇਕਰ ਤੁਸੀਂ ਆਪਣਾ ਲੜਕਾ ਵਾਪਸ ਲੈਣਾ ਹੈ ਤਾਂ ਇਤਨੇ ਪੈਸੇ ਫਲਾਣੀ ਜਗ੍ਹਾ ਰੱਖ ਦਿਓ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਗੁਰੂ ਨਾਨਕ ਦੇਵ ਜੀ ਨੇ ਠੀਕ ਕਿਹਾ ਹੈ ਕਿ --

'ਰਾਜੇ ਸ਼ੀਂਹ ਮੁਕੱਦਮ ਕੁਤੇ .....'

ਜੇਕਰ ਡਿਪਟੀ ਸਪੀਕਰ ਸਾਹਿਬ, ਇਹੋ ਜਿਹੇ ਹਾਲਾਤ ਪੰਜਾਬ ਵਿਚ ਹੋ ਜਾਣ ਤਾਂ ਕੰਮ ਕਿਵੇਂ ਚਲੇਗਾ ? ਨੰਗਲ ਦੀ ਇੱਕ ਲੜਕੀ ਦੀ ਰਿਪੋਰਟ ਦਰਜ ਨਹੀਂ ਹੋਈ। ਉਪਰੋਂ ਹੁਕਮ ਹੋਇਆ ਕਿ ਰਿਪੋਰਟ ਦਰਜ ਨਾ ਕੀਤੀ ਜਾਵੇ ਤਾਕਿ ਸਹੀ ਪੁਜ਼ੀਸ਼ਨ ਲੋਕਾਂ ਦੇ ਸਾਹਮਣੇ ਨਾ ਆ ਜਾਵੇ। ਇਹ, ਡਿਪਟੀ ਸਪੀਕਰ ਸਾਹਿਬ, ਸ਼ਰਮਨਾਕ ਗੱਲ ਹੈ। ਅੰਮ੍ਰਿਤਸਰ ਦੀ ਔਰਤ ਨਾਲ ਦੁਰਦਸ਼ਾ ਕੀਤੀ ਗਈ ਅਤੇ ਉਸ ਦੀ ਕਿਸੇ ਨੇ ਨਹੀਂ ਸੁਣੀ। ਡਿਪਟੀ ਸਪੀਕਰ ਸਾਹਿਬ, ਲੁਧਿਆਣੇ ਦੀ ਇੱਕ ਲੜਕੀ ਨੇ ਹਾਊਸ ਵਿਚ ਵੀ ਰੌਲਾ ਪਾਇਆ ਪਰ ਉਸ ਦੀ ਇਥੇ ਕੋਈ ਸੁਣਵਾਈ ਨਹੀਂ ਹੋਈ। ਉਸ ਤੋਂ ਬਾਅਦ ਉਹ ਲੜਕੀ ਰਾਜ ਸਭਾ ਵਿਚ ਗਈ ਪਰ ਕੋਈ ਸੁਣਵਾਈ ਨਹੀਂ ਹੋਈ। ਡਿਪਟੀ ਸਪੀਕਰ ਸਾਹਿਬ, ਹਾਈ ਕੋਰਟ ਵਿੱਚ ਰਿੱਟ ਕੀਤੀ ਗਈ। (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸਰਦਾਰ ਦਲੀਪ ਸਿੰਘ ਪਾਂਧੀ ਜੀ ਜੋ ਬੋਲ ਰਹੇ ਹਨ, ਤੁਸੀਂ ਬੇਸ਼ਕ ਰਿਕਾਰਡ ਕਰਵਾਕੇ ਵੇਖ ਲਵੋ, ਉਨ੍ਹਾਂ ਨੇ ਇੱਕ ਲਫਜ਼ ਵੀ ਕਿਸੇ ਡਿਮਾਂਡ ਤੇ ਨਹੀਂ ਕਿਹਾ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਹਾਈ ਕੋਰਟ ਨੇ ਕਿਹਾ ਕਿ ਤੁਸੀਂ ਉਸ ਬੰਦੇ ਨੂੰ ਫੜ ਨਹੀਂ ਸਕਦੇ। ਇਹ ਵਕੀਲ ਸਾਹਿਬਾਨ ਹਨ (ਵਿਘਨ) ਇਹ ਮਾਮੇ ਦੀ ਕਮਾਈ ਖਾ ਲੈਂਦਾ ਹੈ। ਇਨ੍ਹਾਂ ਨੂੰ ਉਪਰੋਂ ਕਮਾਈ ਬਹੁਤ ਹੁੰਦੀ ਹੈ। ਚਿੱਟ ਫੰਡ ਕੰਪਨੀ ਹੈ (ਵਿਘਨ) ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਸੂਲ ਦੀ ਸਰਕਾਰ ਚਲਾਉਣੀ ਚਾਹੀਦੀ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਜਿਸ ਨੂੰ ਮਰਜ਼ੀ ਪੁਲਿਸ ਅੰਦਰ ਕਰ ਦੇਵੇ ਔਰ ਪੁੱਛਣ ਵਾਲਾ ਹੀ ਕੋਈ ਨਾ ਹੋਵੇ ਸੀ.ਆਰ. ਪੀ. ਸੀ. ਦੀ ਸੈਕਸ਼ਨ 145 ਹੈ, ਇਹ ਜਿਸ ਤੇ ਮਰਜ਼ੀ ਹੈ ਲਗਾ ਦਿਤੀ ਜਾਂਦੀ ਹੈ। ਇਹ ਨਹੀਂ ਹੋਣਾ ਚਾਹੀਦਾ। ਗੋਬਿੰਦਗੜ੍ਹ ਇਲਾਕੇ ਵਿਚ ਸ਼ਾਹਪੁਰ ਪਿੰਡ ਹੈ। ਇਥੇ ਸੈਕਸ਼ਨ 145 ਸੈਸ਼ਨ ਜੱਜ ਨੇ ਕੁਐਸ਼ ਕਰ ਦਿੱਤੀ। ਜਗੀਰ ਸਿੰਘ ਦਾ ਮਾਮਲਾ ਸੀ। ਸੀ. ਐਮ. ਸਾਹਿਬ ਗੋਬਿੰਦਗੜ੍ਹ ਗਏ ਔਰ ਇਹ ਮਾਮਲਾ ਇਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਗਿਆ। ਸੈਕਸ਼ਨ 145 ਆਫ ਸੀ. ਆਰ. ਪੀ. ਸੀ. ਜਦੋਂ ਸੈਸ਼ਨ ਜੱਜ ਨੇ ਕੁਐਸ਼ ਕਰ ਦਿਤੀ ਤਾਂ ਫਿਰ ਵੀ ਪੁਲਿਸ ਵਾਲੇ ਆਪਣੀ ਮਰਜ਼ੀ ਨਾਲ ਕੰਮ ਕਰਦੇ ਹਨ। ਸ਼ਾਹਪੁਰ ਦੇ ਮਾਮਲੇ ਵਿਚ ਹਾਲਾਂ ਕਿ ਸੈਸ਼ਨ ਜੱਜ ਨੇ ਸੈਕਸ਼ਨ 145 ਕੁਐਸ਼ ਕਰ ਦਿਤੀ ਹੈ ਪਰ ਫਿਰ ਵੀ ਐਸ. ਡੀ. ਐਮ. ਨਾਭਾ ਨੇ ਆਰਡਰਜ਼ ਲਾਗੂ ਨਹੀਂ ਕੀਤੇ। ਔਰ ਆਪਣਾ ਫੈਸਲਾ ਨਹੀਂ ਸੁਣਾਇਆ। ਸੀ. ਐਮ. ਸਾਹਿਬ ਬੜੇ ਤਜਰਬਾਕਾਰ ਆਦਮੀ ਹਨ। ਇਨ੍ਹਾਂ ਨੂੰ ਆਪਣੇ ਅਫ਼ਸਰਾਂ ਤੇ ਐਨਾ ਡਿਪੈਂਡ ਨਹੀਂ ਕਰਨਾ ਚਾਹੀਦਾ। ਇਨ੍ਹਾਂ ਨੂੰ ਆਪਣੀ ਰਿਪੋਰਟ ਮਗਾ ਲੈਣੀ ਚਾਹੀਦੀ ਹੈ ਔਰ ਫਿਰ ਉਸ ਅਨੁਸਾਰ ਕਾਰਵਾਈ ਕਰਨੀ ਚਾਹੀਦੀ ਹੈ। ਅਜ ਕਲ੍ਹ ਅਫਸਰਸ਼ਾਹੀ ਦਾ ਬੋਲ ਬਾਲਾ ਹੈ। ਬੱਸੀ ਪਠਾਣਾਂ ਵਿਖੇ ਮਕਰਨੇਪੁਰ ਪਿੰਡ ਵਿੱਚ ਸ਼੍ਰੀਮਤੀ ਸੀਤਾ ਦੇਵੀ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਉਸ ਤੇ ਸੈਕਸ਼ਨ 145 ਲਗਾ ਦਿਤੀ ਗਈ। ਸੈਕਸ਼ਨ 145 ਅਧੀਨ ਸਾਬਤ ਕਰਨਾ ਹੁੰਦਾ ਹੈ ਕਿ ਕਬਜ਼ਾ ਕਿਸ ਦਾ ਹੈ ? ਇਸ ਤਰ੍ਹਾਂ ਨਾਲ ਜਿਹੜੀ ਕਾਨੂੰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਦੀ ਦੁਰਵਰਤੋਂ ਹੋ ਰਹੀ ਹੈ, ਇਸ ਵਲ ਇਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ। ਹਾਈ ਕੋਰਟ ਆਪਣੀ ਰੂਲਿੰਗ ਦੇ ਦਿੰਦੀ ਹੈ ਪਰ ਅੱਗੋਂ ਉਸ ਨੂੰ ਅੰਗਜ਼ੈਕਟਿਵ ਮੈਜਿਸਟਰੇਟ ਨਹੀਂ ਮੰਨਦਾ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਸ ਵਲ ਤਵੱਜੋ ਦੇਣੀ ਚਾਹੀਦੀ ਹੈ।

ਬੱਸੀ ਦਾ ਮਾਮਲਾ ਹੈ। ਜੀਤ ਸਿੰਘ ਦਾ ਮਾਮਲਾ ਹੈ (ਵਿਘਨ) ਸੀ. ਐਮ. ਸਾਹਿਬ. ਆਪ ਉਥੇ ਗਏ ਸਨ। ਇੱਕ ਬੰਦਾ ਹਵਾਲਾਤ ਵਿਚ ਹੋਵੇ, ਫਿਰ ਕਿਥੋਂ ਤੇਲ ਆ ਗਿਆ ? (ਵਿਘਨ) ਚਾਰ ਮੌਤਾਂ ਹੋਰ ਹੋਈਆਂ। ਕਿਸੇ ਨੇ ਖੁਦਕਸ਼ੀ ਕਰ ਲਈ ਜਾਂ ਨੱਠ ਗਿਆ ਜਾਂ ਟਰੱਕ ਤੇ ਚੜ੍ਹ ਗਿਆ। ਜਦੋਂ ਬੰਦਾ ਪੁਲਿਸ ਦੇ ਕਬਜ਼ੇ ਵਿਚ ਹੈ ਹਥਕੜੀਆਂ ਉਸ ਨੂੰ ਲੱਗੀਆਂ ਹੋਈਆਂ ਹਨ ਤਾਂ ਫਿਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਪੁਲਿਸ ਨੂੰ ਇਹ ਇਜਾਜ਼ਤ ਨਹੀਂ ਹੋਣੀ ਚਾਹੀਦੀ ਕਿ ਜਿਸ ਨੂੰ ਮਰਜ਼ੀ ਉਹ ਮਾਰ ਦੇਵੇ। ਜੀਤ ਸਿੰਘ ਦੇ ਬਾਰੇ ਉਨ੍ਹਾਂ ਦੇ ਖਿਲਾਫ 302 ਦਾ ਪਰਚਾ ਦਰਜ ਕਰੋ। ਸਰਕਾਰ ਨੂੰ ਆਪਣੇ ਵੱਕਾਰ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ। ਜੋ ਅਫਸਰ ਆਪਣੇ ਤੌਰ ਤੇ ਗਲਤੀ ਕਰਦਾ ਹੈ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ। ਜੋ ਕਿਸਾਨ ਰੈਲੀ ਵਿਚ ਹੋਇਆ ਉਹ ਸਰਕਾਰ ਆਪ ਕਹਿ ਕੇ ਕਰਾਉਂਦੀ ਹੈ। ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਮੁਤੱਲਕ ਸੁਣਿਆ ਸੀ ਕਿ ਜਿਥੇ ਉਨ੍ਹਾਂ ਦੀ ਸਰਕਾਰ ਕਿਸੇ ਅਫਸਰ ਤੋਂ ਕਹਿ ਕੇ ਕੁਝ ਕਰਾਉਂਦੀ ਸੀ ਤਾਂ ਉਥੇ ਉਹ ਸਟੈਂਡ ਲੈਂਦੇ ਸਨ। ਲੇਕਿਨ ਚੀਫ ਮਨਿਸਟਰ ਸਾਹਿਬ, ਹੁਣ ਜੋ ਵੀਕਰ ਸੈਕਸ਼ਨ ਤੇ ਜ਼ਿਆਦਤੀ ਹੋ ਰਹੀ ਹੈ, ਉਸ ਬਾਰੇ ਕੋਈ ਨੋਟਿਸ ਨਹੀਂ ਲਿਆ ਜਾਂਦਾ। ਨਕੋਦਰ ਇਨ੍ਹਾਂ ਦੇ ਆਪਣੇ ਹਲਕੇ ਵਿਚ ਪੁਲਿਸ ਅਫਸਰ ਮਨ-ਮਾਨੀ ਕਰ ਰਹੇ ਹਨ ਪਰ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। (ਵਿਘਨ) ਸਾਡਾ ਕੋਈ ਸਵਾਲ ਇਥੇ ਐਡਮਿਟ ਨਹੀਂ ਹੁੰਦਾ। ਕਾਲ ਅਟੈਨਸ਼ਨ ਨੋਟਿਸ ਦਿੱਤਾ ਜਾਂਦਾ ਹੈ ਪਰ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਬਾਰਾ ਭਾਦਸੋਂ ਜੀਦਸਪੁਰ ਪਿੰਡ ਦਾ ਕੇਸ ਹੈ। ਸਿਵਲ ਕੋਰਟ ਵਿਚ ਐਸ. ਐਸ. ਪੀ. ਦੇ ਅਗੈਂਸਟ ਕੰਟੈਂਪਟ ਕੇਸ ਕੀਤਾ ਗਿਆ। ਉਹ ਸਟੇਅ ਕਰਾ ਲਿਆਇਆ। ਗੋਬਿੰਦਗੜ੍ਹ ਵਿਖੇ ਖਨੌਰਾ ਪਿੰਡ ਵਿਚ ਹੰਮਰ ਮਾਜਰੇ ਵਿਖੇ ਜ਼ਨਾਨੀਆਂ ਨੂੰ ਕੁਟਿਆ ਗਿਆ। ਇਹ ਕਹਿੰਦੇ ਹਨ ਕਿ ਹਰੀਜਨਾਂ ਨੂੰ ਲੋਨ ਦਿੱਤੇ ਜਾਂਦੇ ਹਨ। ਪਰ ਹਰੀਜਨਾਂ ਨੂੰ ਕਾਰਪੋਰੇਸ਼ਨ ਤੋਂ ਕੋਈ ਲੋਨ ਨਹੀਂ ਮਿਲਦੇ ਹਨ। ਉਹ ਵਿਚਾਰੇ ਭੁੱਖ ਨੰਗ ਨਾਲ ਮਰ ਰਹੇ ਹਨ। ਮੈਂ ਗਵਰਨਰ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਨੂੰ ਪ੍ਰਾਈਵੇਟ ਬਿਲ ਲਿਆਉਣ ਦੀ ਇਜਾਜ਼ਤ ਦਿਓ ਪਰ ਉਹ ਨਹੀਂ ਦਿਤੀ ਗਈ। ਫਿਰ ਜਦੋਂ ਮੈਂ ਰਾਸ਼ਟਰਪਤੀ ਜੀ ਨੂੰ ਇਸ ਬਾਰੇ ਲਿਖਿਆ ਤਾਂ ਉਥੋਂ ਇਜਾਜ਼ਤ ਮਿਲੀ। ਸਰਪਲੱਸ ਜ਼ਮੀਨ ਕਿਸੇ ਨੂੰ ਨਹੀਂ ਮਿਲ ਰਹੀ। ਸਰਮਾਏਦਾਰ ਆਦਮੀ ਜ਼ਮੀਨਾਂ ਆਪਣੇ ਕੋਲ ਰਖੀ ਬੈਠੇ ਹਨ। ਗੋਬਿੰਦਗੜ੍ਹ ਵਿਖੇ 26 ਫਰਵਰੀ, ਨੂੰ ਡਾਕਾ ਪਿਆ ਪਰ 8.30 ਵਜੇ ਤਕ ਕੋਈ ਪਰਚਾ ਦਰਜ ਨਹੀਂ ਕੀਤਾ ਗਿਆ ਉਸ ਲਈ 900 ਰੁਪਏ ਸਰਹਿੰਦ ਦੀ ਪੁਲਿਸ ਨੂੰ ਦਿੱਤੇ ਗਏ। 500 ਰੁਪਏ ਐਸ. ਐਚ. ਓ. ਨੂੰ ਦਿੱਤੇ ਗਏ, 200 ਰੁਪਏ ਏ. ਐਸ. ਆਈ. ਨੂੰ ਦਿੱਤੇ ਗਏ ਔਰ 200 ਰੁਪਏ ਸਿਪਾਹੀਆਂ ਨੂੰ ਦਿੱਤੇ ਗਏ। ਪੁਲਿਸ ਨੂੰ ਕਾਬੂ ਵਿਚ ਰਖਣਾ ਚਾਹੀਦਾ ਹੈ। ਡੀ. ਸੀ. ਪਟਿਆਲਾ ਨੇ ਪਿਛੇ ਜਿਹੇ 6, 7 ਫਰਵਰੀ, ਨੂੰ ਰੈਡ ਕਰਾਸ ਮੇਲਾ ਲਗਵਾਇਆ। ਉਥੇ ਉਗਰਾਹੀ ਸ਼ੁਰੂ ਕਰ ਦਿੱਤੀ ਗਈ ਔਰ 100 ਰੁਪਏ ਦੀਆਂ ਟਿਕਟਾਂ ਵੇਚੀਆਂ ਗਈਆਂ। ਇਹ ਕਹਿੰਦੇ ਹਨ ਕਿ ਪੁਲਿਸ ਅਫਸਰਾਂ ਦੀਆਂ ਕੋਠੀਆਂ ਔਰ ਕਾਰਾਂ ਦਾ ਹੋਰ ਤਰ੍ਹਾਂ ਦਾ ਕਲਰ ਕਰਨਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਦੇ ਦਿਮਾਗ ਚੇਂਜ ਕਰੋ। ਇਸ ਤਰ੍ਹਾਂ ਦੇ ਆਰਗੇਨਾਈਜ਼ਡ ਗੈਂਗਜ਼ ਨਹੀਂ ਬਨਾਉਣੇ ਚਾਹੀਦੇ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਘਘਰਾਨੀਪੁਰ ਵਿਖੇ ਸੁਖਦੇਵ ਕੌਰ ਦਾ ਰੇਪ ਹੋਇਆ। ਇਹ ਪੁਲਿਸ ਵਾਲੇ ਆਪ

Original with;
Punjab Vidhan Sabha
Digitized by;
Panjab Digital Library

ਕਰਾਉਂਦੇ ਹਨ। ਸੌ ਸੌ ਰੁਪਏ ਦੀਆਂ ਪੁਲਿਸ ਵਾਲਿਆਂ ਨੇ ਟਿਕਟਾਂ ਆਪ ਵੇਚੀਆਂ ਹਨ। ਸਾਰੇ ਪੰਜਾਬ ਵਿਚ ਕੋਆਪ੍ਰੇਸ਼ਨ ਦਾ ਹਫਤਾ ਮਨਾਇਆ ਗਿਆ ਹੈ। ਇਹ ਲੋਕਾਂ ਨੂੰ ਕਹਿੰਦੇ ਹਨ ਕਿ ਸਾਨੂੰ ਸਹਿਯੋਗ ਦਿਓ। ਸਹਿਯੋਗ ਤਾਂ ਲੋਕ ਇਨ੍ਹਾਂ ਨੂੰ ਦਿੰਦੇ ਹਨ ਪਰ ਪੁਲਿਸ ਵਾਲੇ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰਦੇ ਹਨ। ਕਾਨੂੰਨਾਂ ਨੂੰ ਸਹੀ ਢੰਗ ਨਾਲ ਨਹੀਂ ਵਰਤਿਆ ਜਾਂਦਾ। ਥਾਣਿਆਂ ਵਿਚ ਰਿਪੋਰਟਾਂ ਨਹੀਂ ਲਿਖੀਆਂ ਜਾਂਦੀਆਂ। ਐਫ. ਆਈ. ਆਰ. ਦਰਜ ਨਹੀਂ ਕੀਤੇ ਜਾਂਦੇ। ਟਰਾਂਸਪੋਰਟ ਦਾ ਮਹਿਕਮਾ ਲੈ ਲਵੋ। ਇਹ ਇਸ ਬਾਰੇ ਵੀਕ ਮਨਾ ਰਹੇ ਹਨ। ਪਿਛੇ ਜਿਹੇ ਮੋਟਰ ਸਾਈਕਲਾਂ ਤੇ ਤਿੰਨ ਸਵਾਰੀਆਂ ਨਹੀਂ ਬੈਠਣ ਦਿੰਦੇ ਸਨ। ਜਿਥੇ ਤਿੰਨ ਬੈਠੇ ਹੁੰਦੇ ਸਨ ਉਨ੍ਹਾਂ ਨੂੰ ਖੜ੍ਹਾ ਕਰ ਲਿਆ ਜਾਂਦਾ ਸੀ ਅਤੇ ਤੰਗ ਕੀਤਾ ਜਾਂਦਾ ਸੀ। ਕਾਰਬਾਈਨ ਆਪਣੀ ਪਾਰਟੀ ਦੇ ਬੰਦਿਆਂ ਨੂੰ ਇਹ ਦਿੰਦੇ ਹਨ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਕਿਸੇ ਨੂੰ ਕਾਰਬਾਈਨ ਦੇ ਲਾਇਸੰਸ ਨਹੀਂ ਦਿੱਤੇ ਜਾਂਦੇ। ਇਹ ਕਹਿੰਦੇ ਹਨ ਕਿ ਸਾਰੇ ਗੁੰਡੇ ਪਕੜ ਲਏ ਗਏ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਸਾਰੇ ਗੁੰਡੇ ਪਕੜ ਲਏ ਗਏ ਹਨ ਤਾਂ ਫਿਰ ਹੁਣ ਅੰਨੀ ਗੁੰਡਾ ਗਰਦੀ ਕੌਣ ਕਰਦਾ ਹੈ। ਇਹ ਗੁੰਡਾ ਗਰਦੀ ਇਨ੍ਹਾਂ ਦੇ ਬੰਦੇ ਕਰਦੇ ਹਨ ਜਾਂ ਫਿਰ ਉਹ ਲੋਕ ਕਰਦੇ ਹਨ ਜਿਨ੍ਹਾਂ ਨੂੰ ਦਿੱਲੀ ਦੀ ਸਰਕਾਰ ਵਲੋਂ ਪ੍ਰੋਟੈਕਸ਼ਨ ਹੈ। ਨਵੇਂ ਲਾਈਸੈਂਸ ਕਿਸੇ ਨੂੰ ਲੈਣ ਦੀ ਇਜਾਜ਼ਤ ਨਹੀਂ ਹੈ ਪਰ ਇਨ੍ਹਾਂ ਦੇ ਬੰਦਿਆਂ ਕੋਲ ਬੰਦੂਕਾਂ ਹਨ। ਸਾਡਾ ਵਰਕਰ ਮੰਗਲ ਸਿੰਘ, ਫਿਰੋਜ਼ਪੁਰ ਹਲਕੇ ਵਿਚ ਮਾਲਾਵਾਲੇ ਥਾਣੇ ਵਿਚ ਗਿਆ ਉਥੇ ਉਹ ਬੰਦੂਕਾਂ ਬਾਰੇ ਰਿਪੋਰਟ ਕਰਨ ਗਿਆ ਪਰ ਉਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

Mr. Deputy Speaker : Please wind up.

ਸਰਦਾਰ ਦਲੀਪ ਸਿੰਘ ਪਾਂਧੀ : ਇਥੇ ਰੂਲ ਆਫ ਲਾਅ ਨਹੀਂ ਹੈ, ਇਸ ਚੀਜ਼ ਨੂੰ ਬੰਦ ਕਰੋ। ਠੀਕ ਬੰਦਿਆ; ਦੀ ਮੱਦਦ ਕਰੋ। ਹੁਣ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਟਰੈਫਿਕ ਰੂਲ ਦੇ ਬੱਲੇ ਲੋਕਾਂ ਦਾ ਸਹਿਯੋਗ ਲੈ ਰਹੇ ਹਾਂ। ਅੱਗੇ ਹੀ ਇਨ੍ਹਾਂ ਨੇ ਸਕੂਟਰਾਂ ਅਤੇ ਮੋਟਰ ਸਾਈਕਲਾਂ ਆਦਿ ਵਾਲੇ ਲੁਟੇ ਹਨ। ਉਨ੍ਹਾਂ ਨੂੰ ਮਾਰਿਆ ਕੁਟਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਪੁਲਿਸ ਵਾਲੇ ਰਿਕਸ਼ਾ ਵਾਲਿਆਂ ਨੂੰ ਕਵਰ ਨਹੀਂ ਲਾਉਣ ਦਿੰਦੇ। ਭਾਵੇਂ ਮੀਂਹ ਹੋਵੇ ਜਾਂ ਧੁੱਪ ਹੋਵੇ ਪਰ ਪੁਲਿਸ ਵਾਲੇ ਰਿਕਸ਼ਾ ਵਾਲਿਆਂ ਨੂੰ ਕਵਰ ਨਹੀਂ ਲਾਉਣ ਦਿੰਦੇ। ਉਹ ਕਹਿੰਦੇ ਹਨ ਕਿ ਇਹ ਲਾਅ ਐਂਡ ਆਰਡਰ ਦੀ ਗੱਲ ਹੈ। ਪਰ ਜਿਹੜੇ ਕਾਂਗਰਸੀ ਵਰਕਰ ਹਨ ਉਹ ਜੋ ਮਰਜ਼ੀ ਪਏ ਕਰਨ। ਉਹ ਭਾਵੇਂ ਕੋਈ ਰੇਪ ਕਰਨ, ਕੋਈ ਪੁਛਣ ਵਾਲਾ ਨਹੀਂ ਹੈ। ਭਾਵੇਂ ਕੋਈ ਪੂਰਣਿਮਾ ਕਾਂਡ ਕਰੇ ਜਾਂ ਗਰਚਾ ਬਣ ਜਾਵੇ, ਉਨ੍ਹਾਂ ਨੂੰ ਕੋਈ ਪੁਛਣ ਵਾਲਾ ਨਹੀਂ ਹੈ। ਕਾਨੂੰਨ ਸਾਰਿਆਂ ਵਾਸਤੇ ਇਕ ਹੋਣਾ ਚਾਹੀਦਾ ਹੈ। (ਵਿਘਨ) ਕੋਈ ਪਰਚਾ ਦਰਜ ਨਹੀਂ ਹੁੰਦਾ। ਜੇ ਕੋਈ ਕਾਂਗਰਸੀ ਜ਼ੁਲਮ ਕਰ ਲਵੇ ਤਾਂ ਉਸ ਨੂੰ ਸਭ ਕੁਝ ਮੁਆਫ ਹੈ। ਉਹ ਜੋ ਮਰਜ਼ੀ ਹੋਵੇ ਜ਼ੁਲਮ ਕਰ ਲਵੇ।

Mr. Deputy Speaker : Please wind up.

ਸਰਦਾਰ ਦਲੀਪ ਸਿੰਘ ਪਾਂਧੀ : ਕੁਝ ਤਾਂ ਵੀਕਰ ਸੈਕਸ਼ਨ ਦੇ ਲੋਕਾਂ ਦਾ ਫਾਇਦਾ ਸੋਚੋ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਇਲੈਕਸ਼ਨ ਮੈਨੀਫੈਸਟੋ ਕੁਐਸ਼ ਹੋ ਗਿਆ ਹੈ। (ਵਿਘਨ) (ਘੰਟੀ) ਤੁਸੀਂ ਐਡਮਨਿਸਟ੍ਰੇਸ਼ਨ ਨੂੰ ਕਾਬੂ ਕਰੋ ਇਸ ਸਰਕਾਰ ਨੂੰ ਠੀਕ ਚਲਾਓ। ਲੋਕ ਤੁਹਾਡੇ ਖਿਲਾਫ ਹਨ। ਥਾਣਿਆਂ ਅਤੇ ਤਹਿਸੀਲਾਂ ਵਿਚ ਲੁਟ ਮਚੀ ਹੋਈ ਹੈ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਦਵਿੰਦਰ ਸਿੰਘ (ਸਰਹਿੰਦ): ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 9, 10 ਅਤੇ 11 ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ ਮੈਂ ਪੁਲਿਸ ਦੀ ਡਿਮਾਂਡ ਤੇ ਆਪਣੇ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ। ਮੇਰੇ ਤੋਂ ਪਹਿਲਾਂ ਆਨਰੇਬਲ ਮੈਂਬਰ ਪਾਂਧੀ ਜੀ ਨੇ ਬੜੀ ਕਾਹਲੀ ਕਾਹਲੀ ਅਤੇ ਅਗੜ ਦੁਗੜ ਤਰੀਕੇ ਨਾਲ ਬਹੁਤ ਸਾਰੀਆਂ ਗੱਲਾਂ ਬਹੁਤ ਥੋੜੇ ਸਮੇਂ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਸ ਨੂੰ ਦੂਸਰੇ ਪੱਖ ਤੋਂ ਲੈਂਦਾ ਹਾਂ। ਜੋ ਕੁਝ ਕਦਮ ਸਰਕਾਰ ਨੇ ਪੁਲਿਸ ਦੀ ਵੈਲਫੇਅਰ ਵਾਸਤੇ ਚੁਕੇ ਹਨ ਅਤੇ ਜੋ ਕੁਝ ਕਦਮ ਹਾਲਾਂ ਚੁਕਣੇ ਲੱਤੀਂਦੇ ਹਨ ਉਨ੍ਹਾਂ ਬਾਰੇ ਮੈਂ ਦੱਸਾਂਗਾ। ਠੀਕ ਹੈ ਪੁਲਿਸ ਫੋਰਸ ਵਿਚ ਬਿਹਤਰੀ ਲਿਆਉਣ ਵਾਸਤੇ ਸਰਕਾਰ ਨੇ ਕਦਮ ਚੁਕੇ ਹਨ। ਇਹ ਵੀ ਠੀਕ ਹੈ ਕਿ ਪੁਲਿਸ ਜਿਸ ਤਰੀਕੇ ਨਾਲ ਪੰਜਾਬ ਵਿਚ ਜਾਂ ਸਾਰੇ ਦੇਸ਼ ਵਿਚ ਵਿਚਰ ਰਹੀ ਹੈ ਉਸ ਵਿੱਚ ਥੱਲੇ ਪੱਧਰ ਤੇ, ਥਾਣਾ ਪੱਧਰ ਤੇ ਜਿਸ ਤਰੀਕੇ ਨਾਲ ਉਹ ਕੰਮ ਕਰਦੇ ਹਨ ਉਹ ਹਾਲਾਂ ਤਰੀਕਾ ਉਹੀ ਹੈ ਜੋ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਸੀ। ਆਈ. ਪੀ. ਐਸ. ਅਫਸਰਾਂ ਵਿਚ ਕੁਝ ਸੁਧਾਰ ਆਇਆ ਹੈ ਲੇਕਿਨ ਥਾਣਾ ਪੱਧਰ ਤੇ ਹਾਲਾਂ ਬਹੁਤ ਜ਼ਿਆਦਾ ਤਬਦੀਲੀ ਨਹੀਂ ਹੋਈ। ਮੈਂ ਮਹਿਸੂਸ ਕਰਦਾ ਹਾਂ ਕਿ ਜਦ ਤਕ ਪੁਲਿਸ ਦੇ ਐਟੀਚਿਊਡ ਵਿੱਚ ਬੁਨਿਆਦੀ ਤੌਰ ਤੇ ਤਬਦੀਲੀ ਨਹੀਂ ਕੀਤੀ ਜਾਂਦੀ ਉਦੋਂ ਤਕ ਪੁਲਿਸ ਰਾਜ ਸਰਕਾਰ ਦੀ ਬਦਨਾਮੀ ਦਾ ਕਾਰਨ ਬਣੀ ਰਹੇਗੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਇਹ ਵੇਖਿਆ ਹੋਵੇਗਾ ਕਿ ਪੁਲਿਸ ਟਰੇਨਿੰਗ ਸਕੂਲ, ਫਿਲੌਰ ਵਿੱਚ ਹੈ ਅਤੇ ਜਦੋਂ ਪੁਲਿਸ ਵਾਲੇ ਉਥੇ ਟਰੇਨਿੰਗ ਹਾਸਲ ਕਰਨ ਲਈ ਜਾਂਦੇ ਹਨ ਤਾਂ ਉਦੋਂ ਉਹ ਬਹੁਤ ਜ਼ਿਆਦਾ ਡਿਸਿਪਲਨਡ ਹੁੰਦੇ ਹਨ ਪਰ ਜਦੋਂ ਉਹ ਟਰੇਨਿੰਗ ਸਕੂਲ ਤੋਂ ਬਾਹਰ ਨਿਕਲਦੇ ਹਨ ਅਤੇ ਭਾਵੇਂ ਉਨ੍ਹਾਂ ਨੂੰ ਫਿਲੌਰ ਦੇ ਥਾਣੇ ਵਿਚ ਹੀ ਲਾ ਦਿੱਤਾ ਜਾਵੇ ਤਾਂ ਫਿਰ ਉਨ੍ਹਾਂ ਦਾ ਨਜ਼ਰੀਆ ਬਦਲ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਵਿਚ ਨਿਰਾ ਪੁਰਾ ਪੁਲਿਸ ਵਾਲਿਆਂ ਦਾ ਕਸੂਰ ਨਹੀਂ ਹੁੰਦਾ ਸਗੋਂ ਜਿਸ ਇਨਵਾਇਰਨਮੈਂਟ ਵਿਚੋਂ ਜਾਂ ਜਿਸ ਆਲੇ ਦੁਆਲੇ ਵਿਚੋਂ ਪੁਲਿਸ ਵਾਲੇ ਵਿਚਰ ਰਹੇ ਹਨ ਉਸ ਇਨਵਾਇਰਨਮੈਂਟ ਜਾਂ ਆਲੇ ਦੁਆਲੇ ਦਾ ਵੀ ਇਸ ਵਿਚ ਕਸੂਰ ਹੈ। 1979 ਵਿੱਚ ਇਕ ਬਹੁਤ ਵੱਡੀ ਪੁਲਿਸ ਐਜੀਟੇਸ਼ਨ ਪੰਜਾਬ ਵਿਚ ਹੋਈ ਸੀ। ਉਸ ਦੇ ਬਾਅਦ ਸਮੁਚੇ ਦੇਸ਼ ਵਿਚ ਪੁਲਿਸ ਵਲੋਂ ਅੰਦਰ ਆਰਮਡ ਕੰਸਟੇਬੂਲਰੀ ਵਲੋਂ ਐਜੀਟੇਸ਼ਨਾਂ ਹੋਈਆਂ। ਮੈਂ ਇਹ ਸਮਝਦਾ ਹਾਂ ਕਿ ਉਸ ਵੇਲੇ ਦੀ ਇਹ ਪੁਲਿਸ ਐਜੀਟੇਸ਼ਨ ਉਸ ਵੇਲੇ ਦੀ ਪੁਲੀਟੀਕਲ ਮੁਦਾਖਲਤ ਦੇ ਸਿੱਟੇ ਵਜੋਂ ਸੀ। ਉਸ ਦੇ ਜੋ ਭਿਆਨਕ ਸਿਟੇ ਨਿਕਲੇ ਹਨ ਉਹ ਹੁਣ ਤਕ ਸਾਨੂੰ ਭੁਗਤਣੇ ਪੈ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਕੁਝ ਜ਼ਰੂਰੀ ਕਦਮ ਜੋ ਮੌਜੂਦਾ ਪੰਜਾਬ ਸਰਕਾਰ ਵਲੋਂ ਜਿਸਦੀ ਅਗਵਾਈ ਸਰਦਾਰ ਦਰਬਾਰਾ ਸਿੰਘ ਜੀ ਕਰ ਰਹੇ ਹਨ, ਚੁਕੇ ਗਏ ਹਨ, ਉਹ ਮੈਂ ਦੱਸਣਾ ਚਾਹੁੰਦਾ ਹਾਂ। ਮੈਂ ਇਹ ਗਲ ਕਹਿਣ ਤੋਂ ਸੰਕੋਚ ਨਹੀਂ ਕਰਾਂਗਾ ਕਿ ਪੰਜਾਬ ਸਰਕਾਰ ਨੇ ਕੁਝ ਐਸੇ ਕੌੜੇ ਫੈਸਲੇ ਕੀਤੇ ਜੋ ਮੇਰੇ ਸਾਹਮਣੇ ਬੈਠੇ ਵੀਰ ਨਹੀਂ ਕਰ ਸਕੇ। ਕੁਝ ਬਿਟਰ ਫੈਸਲੇ ਕੌੜੇ ਫੈਸਲੇ ਪੰਜਾਬ ਸਰਕਾਰ ਨੂੰ ਲੈਣੇ ਪਏ ਅਤੇ ਜਿਨ੍ਹਾਂ ਨੂੰ ਪੁਲਿਸ ਦੇ ਰਾਹੀਂ ਲਾਗੂ ਕਰਨਾ ਪਿਆ ਉਦੋਂ ਕੁਝ ਐਜੀਟੇਸ਼ਨਾਂ ਪੰਜਾਬ ਵਿਚ ਹੋਈਆਂ। ਇਕ ਤਾਂ ਡਿਪਟੀ ਸਪੀਕਰ ਸਾਹਿਬ, ਅਫਸੋਸ ਦੀ ਗਲ ਇਹ ਹੈ ਕਿ ਕੋਈ ਨਿਕੀ ਜਿਹੀ ਘਟਨਾ ਵਾਪਰ ਜਾਵੇ ਤਾਂ ਆਪੋਜੀਸ਼ਨ ਵਾਲੇ ਕੋਸ਼ਿਸ਼ ਕਰਦੇ ਹਨ ਕਿ ਉਸਦਾ ਅਫਸਾਨਾ ਪੇਸ਼ ਕਰ ਦਿੱਤਾ ਜਾਵੇ। ਪਾਂਧੀ ਜੀ ਮੇਰੇ ਗਵਾਂਢੀ ਹਨ, ਇਨ੍ਹਾਂ ਦੀ ਪਤਾ ਨਹੀਂ ਕੀ ਆਦਤ ਹੈ। ਜਿਵੇਂ ਮੱਖੀ ਹੁੰਦੀ ਹੈ, ਉਹ ਸਾਰਾ ਸ਼ਰੀਰ ਛੱਡ ਕੇ ਜਿਥੇ ਕੋਈ ਸੱਟ ਵੱਜੀ ਹੋਵੇ, ਜਖਮ ਹੋਵੇ, ਕੋਈ ਫੋੜਾ ਹੋਵੇ ਤਾਂ ਉਥੇ ਉਹ ਮੱਖੀ ਭਿਣ ਭਿਣ ਕਰਦੀ ਰਹਿੰਦੀ ਹੈ। ਇਸੇ ਤਰ੍ਹਾਂ ਹੀ ਪਾਂਧੀ ਸਾਹਿਬ ਦੀ ਆਦਤ ਬਣ ਚੁਕੀ ਹੈ। (ਹਾਸਾ) ਕਿਤੇ ਕੋਈ ਨਿੱਕੀ ਜਿਹੀ ਘਟਨਾ ਵਾਪਰ ਜਾਵੇ ਤਾਂ ਉਸ ਨੂੰ ਇਹ ਅਫਸਾਨਾ ਬਣਾ ਲੈਂਦੇ ਹਨ। ਉਹ ਇਹ ਨਹੀਂ ਦੇਖਦੇ ਕਿ

Original with;
Punjab Vidhan Sabha
Digitized by;
Panjab Digital Library

ਇਸ ਮਸਲੇ ਨੂੰ ਕੱਟ ਕਰਦੇ ਹੋਏ ਜਿਹੜਾ ਮਾੜਾ ਅਨਸਰ ਹੈ ਉਸ ਉਤੇ ਕੋਈ ਇਸ ਦਾ ਮਾੜਾ ਅਸਰ ਨਾ ਪੈ ਜਾਵੇ। ਉਨ੍ਹਾਂ ਨੇ ਜੀਤ ਸਿੰਘ ਕਾਂਡ ਦਾ ਜ਼ਿਕਰ ਕੀਤਾ। ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਹਲਕੇ ਦੀ ਘਟਨਾ ਹੈ। ਇਸ ਬਾਰੇ ਸੀ. ਐਮ. ਸਾਹਿਬ ਨੇ ਬਿਆਨ ਦਿੱਤਾ ਸੀ ਕਿ ਉਸ ਦਾ ਨਾਮ 10 ਨੰਬਰ ਵਿਚ ਦਰਜ ਸੀ ਅਤੇ ਇਸ ਬਾਰੇ ਥਾਣੇ ਵਿਚ ਰਿਕਾਰਡ ਮੌਜੂਦ ਹੈ। ਇਨ੍ਹਾਂ ਦੇ ਕਹਿਣ ਤੋਂ ਬਾਅਦ ਫਿਰ ਇਸ ਚੀਜ਼ ਨੂੰ ਵੈਰੀਫਾਈ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਉਸ ਆਦਮੀ ਦਾ ਕੰਮ ਸੀ ਸਕੂਲ ਜਾਣ ਵਾਲੀਆਂ ਲੜਕੀਆਂ ਨੂੰ ਰਸਤੇ ਵਿਚ ਘੇਰਨਾ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਠੀਕ ਗਲ ਕਰਨ। ਕੀ ਪੁਲਿਸ ਨੂੰ ਮਾਰਨ ਦਾ ਰਾਈਟ ਹੈ ?

ਸ਼੍ਰੀ ਡਿਪਟੀ ਸਪੀਕਰ: ਪਾਂਧੀ ਜੀ, ਸੁਣਨ ਦੀ ਆਦਤ ਪਾਓ।

ਸਰਦਾਰ ਬੀਰਦਵਿੰਦਰ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਉਸ ਦਾ ਕੰਮ ਸੀ ਕਿ ਸਕੂਲ ਜਾਣ ਵਾਲੀਆਂ ਲੜਕੀਆਂ ਨੂੰ ਰਸਤੇ ਵਿਚ ਘੇਰ ਕੇ ਉਨ੍ਹਾਂ ਨੂੰ ਤੰਗ ਕਰਨਾ ਅਤੇ ਉਨ੍ਹਾਂ ਦੇ ਸਾਈਕਲ ਖੋਹਣੇ। ਪੁਲਿਸ ਨੇ ਉਸਨੂੰ ਕਿਸੇ ਕੇਸ ਵਿਚ ਇੰਟੈਰੋਗੇਸ਼ਨ ਵਾਸਤੇ ਲਿਆਂਦਾ। ਉਸ ਨੇ ਆਪਣੇ ਕੱਪੜਿਆਂ ਤੇ ਮਿੱਟੀ ਦਾ ਤੇਲ ਪਾ ਕੇ ਆਪਣੇ ਆਪ ਨੂੰ ਅੱਗ ਲਾ ਲਈ। ਇਨ੍ਹਾਂ ਨੇ ਉਸ ਬਾਤ ਦਾ ਅਫਸਾਨਾ ਬਣਾ ਲਿਆ। ਇਨ੍ਹਾਂ ਨੇ ਕਿਹਾ ਕਿ ਲੋਕਾਂ ਨੇ ਉਥੇ ਧਰਨਾ ਲਗਾਇਆ। ਮੈਂ ਸੋਚਿਆ ਕਿ ਚਲੋ ਚਲ ਕੇ ਦੇਖੀਏ ਕਿ ਗਲ ਕੀ ਹੈ ਅਤੇ ਧਰਨਾ ਕਿਉਂ ਲਗਾਇਆ ਹੈ। ਜਦ ਮੈਂ ਉਥੇ ਜਾ ਕੇ ਦੇਖਿਆ ਤਾਂ ਪਾਂਧੀ ਜੀ ਇਕੱਲੇ ਹੀ ਉਥੇ ਖੜ੍ਹੇ ਸਨ। ਮੈਂ ਇਨ੍ਹਾਂ ਨੂੰ ਪੁੱਛਿਆ ਕਿ ਸੇਵਾ ਦੱਸੋ। ਇਹ ਬਾਦਲ ਸਾਹਿਬ ਨੂੰ ਵੀ ਉਥੇ ਲੈ ਗਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਮਸਲੇ ਨੂੰ ਲੋਕਲ ਲੋਕਾਂ ਦੀ ਸਪੋਰਟ ਨਾ ਹੋਵੇ ਤਾਂ ਉਹ ਮਸਲਾ ਨਹੀਂ ਹੈ। ਇਨ੍ਹਾਂ ਨੇ ਹਰ ਥਾਂ ਤੇ ਜਾ ਕੇ ਉਸ ਮਾਮਲੇ ਨੂੰ ਅਫਸਾਨਾ ਬਣਾ ਲਿਆ। (ਵਿਘਨ) ਡਿਪਟੀ ਸਪੀਕਰ ਸਾਹਿਬ, ਪੁਲਿਸ ਵਿਚ ਸੁਧਾਰ ਲਿਆਉਣ ਲਈ ਇਹ ਵੀ ਕਾਫੀ ਦੇਰ ਲਗੇ ਰਹੇ। ਇਨ੍ਹਾਂ ਨੇ ਜੋ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ, ਉਸ ਬਾਰੇ ਮੈਂ ਦੱਸਦਾ ਹਾਂ। ਸਿਪਾਹੀ ਡਿਊਟੀ ਤੇ ਖੜ੍ਹਾ ਸੀ, ਉਸ ਦੇ ਇਨ੍ਹਾਂ ਨੇ ਚਪੇੜ ਮਾਰੀ ਜਿਸ ਦੇ ਨਤੀਜੇ ਵਜੋਂ ਸਾਰੇ ਪੰਜਾਬ ਵਿਚ ਐਜੀਟੇਸ਼ਨ ਸ਼ੁਰੂ ਹੋ ਗਈ।

ਸਰਦਾਰ ਦਲੀਪ ਸਿੰਘ ਪਾਂਧੀ: ਆਨ ਏ ਪੁਆਇੰਟ ਆਫ ਕਲੈਰੀਫਿਕੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਮੇਰਾ ਨਾਮ ਲੈ ਕੇ ਗਲ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਸਦਨ ਵਿਚ ਤੁਹਾਨੂੰ ਅਧਿਕਾਰ ਦਿੰਦਾ ਹਾਂ, ਤੁਸੀਂ ਇਸ ਮਾਮਲੇ ਉਤੇ ਪੜਤਾਲ ਕਰਾ ਲਓ। ਇਹ ਝੂਠ ਨਾ ਬੋਲਣ। ਤੁਸੀਂ ਪੜਤਾਲ ਕਰਵਾ ਲਓ ਜੇ ਮੈਂ ਗਲਤੀ ਤੇ ਹੋਵਾਂ ਤਾਂ ਹਾਊਸ ਜੋ ਮੈਨੂੰ ਸਜ਼ਾ ਦੇਵੇਗਾ ਉਹ ਮੈਂ ਭੁਗਤਣ ਲਈ ਤਿਆਰ ਹਾਂ। (ਥੰਪਿੰਗ) ਇਹ ਝੂਠ ਨਾ ਬੋਲਣ। ਜੇ ਸਾਰੇ ਹਿੰਦੁਸਤਾਨ ਵਿਚ ਲਫੇੜ ਮਾਰਨ ਨਾਲ, ਜਿਸ ਤਰ੍ਹਾਂ ਇਹ ਕਹਿੰਦੇ ਹਨ, ਪੁਲਿਸ ਵਿੱਚ ਸੁਧਾਰ ਹੋਇਆ ਹੈ ਤਾਂ ਵੀ ਮੈਨੂੰ ਕਰੈਡਿਟ ਹੈ।

ਸਰਦਾਰ ਬੀਰਦਵਿੰਦਰ ਸਿੰਘ: ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜੋ ਪੁਲਿਸ ਵੈਲਫੇਅਰ ਲਈ ਕੰਮ ਕੀਤੇ ਹਨ ਉਹ ਕੁਝ ਨੁਕਤੇ ਮੈਂ ਆਪ ਨੂੰ ਦੱਸਣਾ ਚਾਹੁੰਦਾ ਹਾਂ। ਪਿਛਲੇ ਦਿਨਾਂ ਵਿਚ ਕੁਝ ਘਟਨਾਵਾਂ ਪੰਜਾਬ ਵਿਚ ਹੋਈਆਂ ਅਤੇ ਮੋਟਰ ਸਾਈਕਲਾਂ ਤੇ ਸਵਾਰ ਨਿਹੱਥੇ ਲੋਕਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਨੂੰ ਬਜ਼ਾਰਾਂ ਵਿਚ ਮਾਰਨ ਦੀ ਕੋਸ਼ਿਸ਼ ਕੀਤੀ ਗਈ ਉਸ ਦੇ ਲਈ ਇਹ ਮਹਿਸੂਸ ਕੀਤਾ ਗਿਆ ਕਿ ਮੋਟਰ ਸਾਈਕਲਾਂ ਤੇ ਜੋ ਕਰਾਈਮ ਹੋ ਰਹੇ ਹਨ ਉਨ੍ਹਾਂ ਨੂੰ ਡਿਟੈਕਟ ਕਰਨ ਵਾਸਤੇ ਉਸੇ ਕਿਸਮ ਦੀ ਮਸ਼ੀਨਰੀ ਹੋਵੇ ਜਿਸ ਤਰੀਕੇ ਨਾਲ ਕਰਾਈਮਜ਼ ਕੀਤੇ ਗਏ ਹਨ। ਮੈਨੂੰ ਡਿਪਟੀ ਸਪੀਕਰ ਸਾਹਿਬ, ਇਸ ਗਲ ਦੀ ਖੁਸ਼ੀ ਹੈ ਕਿ 115 ਮੋਟਰ ਸਾਈਕਲਜ਼ ਪੰਜਾਬ ਸਰਕਾਰ ਨੇ ਖਰੀਦੇ ਅੋਰ ਵੱਡੇ ਵੱਡੇ ਸ਼ਹਿਰਾਂ ਵਿਚ ਦਿੱਤੇ ਗਏ । ਤਾਂਕਿ ਇਸ ਕਿਸਮ ਦੇ ਕਰਾਈਮਜ਼ ਤੇ ਕਾਬੂ ਕੀਤਾ ਜਾ ਸਕੇ। ਅੋਰ ਇਸ ਵੇਲੇ ਪੰਜਾਬ ਦਾ ਕੋਈ ਪੁਲਿਸ ਸਟੇਸ਼ਨ ਨਹੀਂ ਹੈ ਜਿਥੇ ਵਾਇਰਲੈਸ ਸੈਟ ਨਹੀਂ ਹੈ। ਹਰ ਥਾਣੇ ਵਿਚ ਵਾਇਰਲੈਸ ਸੈਟ ਹੈ ਅਤੇ ਹਰ ਥਾਣੇ ਵਿਚ ਜੀਪ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਗੁਨਾਹ ਕਰਨ ਵਾਲੇ ਕੋਲ ਵਸੀਲੇ ਕਈ ਵਾਰੀ ਪੁਲਿਸ ਨਾਲੋਂ ਜ਼ਿਆਦਾ ਹੁੰਦੇ ਹਨ ਉਸ ਨੂੰ ਚੈਕ ਕਰਨ ਵਾਸਤੇ ਉਸੇ ਕਿਸਮ ਦੇ ਵਸੀਲੇ ਪੁਲਿਸ ਨੂੰ ਵੀ ਦੇਣੇ ਜ਼ਰੂਰੀ ਹਨ। ਵੱਡੇ ਵੱਡੇ ਸ਼ਹਿਰਾਂ ਵਿਚ ਜੋ ਥਾਣੇ ਹਨ ਉਥੇ ਪਹਿਲਾਂ ਸਬ-ਇੰਨਸਪੈਕਟਰ ਨੂੰ ਐਸ. ਅੱਚ. ਓ. ਲਾਇਆ ਜਾਂਦਾ ਸੀ ਹੁਣ ਲਾਅ ਐਂਡ ਆਰਡਰ ਨੂੰ ਮੱਦੇ ਨਜ਼ਰ ਰਖਦੇ ਹੋਏ ਵਡੇ ਵਡੇ ਸ਼ਹਿਰਾਂ ਵਿਚ ਥਾਣਿਆਂ ਵਿੱਚ ਇਲਚਾਰਜ ਇੰਨਸਪੈਕਟਰਜ਼ ਲਾਏ ਗਏ ਹਨ । ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਜੋ ਪੁਲਿਸ ਅਫਸਰ ਨਾਨ-ਗਜ਼ਟਿਡ ਹਨ ਜਿਨ੍ਹਾਂ ਨੂੰ ਗਜ਼ਟਿਡ ਛੁਟੀਆਂ ਵਿਚ ਡਿਊਟੀ ਦੇਣੀ ਪੈਂਦੀ ਹੈ ਉਨ੍ਹਾਂ ਦੇ ਲਈ ਇਹ ਪਹਿਲੀ ਵਾਰੀ ਇਹ ਸਰਕਾਰ ਨੇ ਕੀਤਾ ਹੈ ਕਿ ਉਨ੍ਹਾਂ ਨੂੰ ਇਕ ਮਹੀਨੇ ਦੀ ਹੋਰ ਤਨਖਾਹ ਦਿਤੀ ਹੈ ਯਾਨੀ 13 ਮਹੀਨਿਆਂ ਦੀ ਤਨਖਾਹ ਜੋ ਨਾਨ-ਗਜ਼ਟਿਡ ਪੁਲਿਸ ਕਰਮਚਾਰੀ ਹਨ ਜੋ ਛੁੱਟੀ ਵਾਲੇ ਦਿਨ ਕੰਮ ਕਰਦੇ ਹਨ ਉਸ ਦੇ ਬਦਲੇ ਉਨ੍ਹਾਂ ਨੂੰ ਦਿਤੀ ਗਈ ਹੈ। ਰੈਂਟ ਫਰੀ ਅਕਾਮੋਡੇਸ਼ਨ ਡੀ. ਐਸ. ਪੀ. ਨੂੰ ਸਬ-ਡਿਵੀਜ਼ਨ ਵਿੱਚ ਦਿੱਤੀ ਗਈ ਹੈ । (ਘੰਟੀ) ਲੇਕਿਨ, ਡਿਪਟੀ ਸਪੀਕਰ ਸਾਹਿਬ, ਮੈ ਇਹ ਗਲ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਨਵੇਂ ਸਬ-ਡਵੀਜ਼ਨ ਬਣੇ ਹਨ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਐਸੀਆਂ ਜਗ੍ਹਾ ਹਨ, ਐਸੇ ਸਟੇਸ਼ਨ ਹਨ ਜਿਥੇ ਡੀ. ਐਸ. ਪੀ. ਲਈ ਕੋਈ ਅਕਾਮੋਡੇਸ਼ਨ ਨਹੀਂ ਹੈ ਅਤੇ ਨਾ ਘਰਾਂ ਵਿਚ ਟੈਲੀਫੋਨ ਹੈ। ਮਿਸਾਲ ਦੇ ਤੌਰ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਮਰਾਲਾ ਸਬ-ਡਿਵੀਜ਼ਨ ਵਿੱਚ ਨਾ ਡੀ. ਐਸ. ਪੀ. ਦੇ ਲਈ ਰੈਜ਼ੀਡੈਂਸ ਹੈ ਅਤੇ ਨਾ ਰੈਜ਼ੀਡੈਂਸ ਤੇ ਟੈਲੀਫੋਨ ਹੈ। ਪੁਲਿਸ ਵੈਲਫੇਅਰ ਲਈ, ਡਿਪਟੀ ਸਪੀਕਰ ਸਾਹਿਬ, 5 ਲੱਖ 45 ਹਜ਼ਾਰ ਰੁਪਿਆ ਸਰਕਾਰ ਨੇ ਇਸ ਦਫਾ ਦਿੱਤਾ ਹੈ। ਇਸ ਤੋਂ ਇਲਾਵਾ 5 ਲੱਖ ਰੁਪਿਆ ਹੋਰ ਪੁਲਿਸ ਵੈਲਫੇਅਰ ਲਈ ਦਿਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰੀ ਕਰਮਚਾਰੀ, ਪੁਲਿਸ ਕਰਮਚਾਰੀ ਜੋ ਡਿਊਟੀ ਉਪਰ ਸੁਵਰਗਵਾਸ ਹੋ ਜਾਂਦਾ ਸੀ ਪਹਿਲਾਂ ਉਸ ਨੂੰ ਪੈਨਸ਼ਨ ਦਿਤੀ ਜਾਂਦੀ ਸੀ ਅਤੇ ਉਹ ਵੀ ਨਾਮੀਨਲ ਜਿਹੀ। ਹੁਣ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਸ ਕਰਮਚਾਰੀ ਦੀ ਜਿੰਨੀ ਬਕਾਇਆ ਸਰਵਿਸ ਰਹਿਦੀ ਸੀ ਉਸ ਤਾਰੀਖ ਤਕ ਉਸ ਨੂੰ ਪੂਰੀ ਤਨਖਾਹ ਅਤੇ ਉਸ ਤੋਂ ਬਾਅਦ ਜੋ ਉਸ ਦੀ ਪੈਨਸ਼ਨ ਬਣਦੀ ਹੈ ਉਹ ਦਿਤੀ ਜਾਂਦੀ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਕਦਮਾਂ ਦੇ ਨਾਲ ਜੋ ਪੰਜਾਬ ਸਰਕਾਰ ਨੇ ਕਦਮ ਉਠਾਏ ਹਨ ਪੁਲਿਸ ਅਫਸਰ ਅੋਰ ਪੁਲਿਸ ਕਰਮਚਾਰੀ ਹੋਰ ਜ਼ਿਆਦਾ ਭਰੋਸੇ ਦੇ ਨਾਲ ਸੂਬੇ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਹੋਰ ਬਿਹਤਰ ਬਣਾਉਣ ਲਈ ਕੰਮ ਕਰ ਸਕਣਗੇ । ਪਰ ਡਿਪਟੀ ਸਪੀਕਰ ਸਾਹਿਬ, ਦੋ ਤਿੰਨ ਚੀਜ਼ਾਂ ਜੋ ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਉਹ ਇਹ ਹਨ ਕਿ ਹਾਲੀਂ ਵੀ ਇਹੋ ਜ਼ਰੂਰਤ ਹੈ ਕਿ ਜੋ ਸਾਡੀ ਰਿਕਰੂਟਮੈਂਟ ਪਾਲਿਸੀ ਹੈ ਉਸ ਦੇ ਵਿਚ ਡਰਾਸਟਿਕ ਚੇਂਜਿਜ਼ ਲਿਆਂਦੀਆਂ ਜਾਣ । ਰਿਕਰੂਟਮੈਂਟ ਪਾਲਿਸੀ ਅੋਰ ਪੁਲਿਸ ਦੀ ਟਰੇਨਿੰਗ ਦਾ ਜੈਨਰਲ ਰੈਵਿਊ ਕੀਤਾ ਜਾਵੇ ਭਾਵੇਂ ਉਸ ਦੇ ਵਿੱਚ ਕੋਈ ਕਮੇਟੀ ਬਣਾ ਕੇ ਲੈਜਿਸਲੇਟਰਜ਼ ਵੀ ਇਨਵਾਲਵ ਕੀਤੇ ਜਾਣ ਤਾਂ ਕਿ ਪੁਲਿਸ ਟਰੇਨਿੰਗ ਜੋ

Original with;
Punjab Vidhan Sabha
Digitized by;
Panjab Digital Library

ਹੈ ਅਤੇ ਰਿਕਰੂਟਮੈਂਟ ਪਾਲਿਸੀ ਜੋ ਹੈ ਉਸ ਦੇ ਵਿਚ ਰਿਵਿਊ ਕੀਤਾ ਜਾਵੇ। ਮੈਂ ਇਸ ਦੇ ਨਾਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਪੁਲਿਸ ਕਾਂਨਫਰੈਂਸਿਜ਼ ਹੋਣ ਜਿਸ ਦੇ ਵਿਚ ਪੁਲਿਸ ਦੇ ਐਟੀਚਿਊਡ ਨੂੰ ਧਿਆਨ ਵਿਚ ਰਖਿਆ ਜਾਵੇ ਅਤੇ ਇਸ ਦੇ ਵਿਚ ਸੁਧਾਰ ਲਿਆਂਦਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਸਰਕਾਰ ਕੁਝ ਹਫਤੇ ਮਨਾਉਂਦੀ ਹੈ, ਵੀਕਸ ਮਨਾਉਂਦੀ ਹੈ ਉਸ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਕਦੇ ਐਕਸਾਈਜ਼ ਵੀਕ ਮਨਾਇਆ ਜਾਂਦਾ ਹੈ ਕਦੇ ਇਲੀਸਿਟ ਆਰਮਜ਼ ਨੂੰ ਫੜਨ ਲਈ ਵੀਕ ਮਨਾਇਆ ਜਾਂਦਾ ਹੈ ਅੱਤ ਇਹ ਜਿਹੜੇ ਵੀਕਸ ਇਸ ਤਰ੍ਹਾਂ ਦੇ ਮਨਾਏ ਜਾਂਦੇ ਹਨ ਉਸ ਦੇ ਲਈ ਟੀਚੇ ਦਿੱਤੇ ਜਾਂਦੇ ਹਨ ਕਿ ਇਤਨੇ ਕੇਸਿਜ਼ ਐਕਸਾਈਜ਼ ਦੇ ਫੜਨੇ ਹਨ, ਇਤਨੇ ਹਥਿਆਰ ਬਰਾਮਦ ਕਰਨੇ ਹਨ। ਉਸ ਦੇ ਨਾਲ ਕਈ ਦਫਾ ਐਸਾ ਹੁੰਦਾ ਹੈ ਕਿ ਜਿਹੜੇ ਬੰਦੇ ਮੰਦਾ ਕੰਮ ਛਡ ਚੁਕੇ ਹਨ ਤਾਂ ਪੁਲਿਸ ਵਾਲੇ ਧੱਕੇ ਨਾਲ ਉਸ ਤੇ ਵੀ ਕੇਸ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਅਫਸਰ ਕੋਸ਼ਿਸ਼ ਕਰਦੇ ਹਨ ਕਿ ਜੋ ਟੀਚਾ ਦਿੱਤਾ ਗਿਆ ਹੈ ਉਸ ਨੂੰ ਉਹ ਪੂਰਾ ਕਰ ਸਕਣ। ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਇਕ ਤਾਂ ਰੈਗੂਲਰਲੀ ਹਰ ਸਾਲ ਵਿਚ ਜੋ ਵੀਕਸ ਮਨਾਏ ਜਾਂਦੇ ਹਨ ਇਹ ਬੰਦ ਕੀਤੇ ਜਾਣ, ਇਸ ਦੇ ਨਾਲ ਲੋਕਾਂ ਨਾਲ ਉਨ੍ਹਾਂ ਨੂੰ ਹੋਰ ਧੱਕਾ ਕਰਨ ਦਾ ਮੌਕਾ ਮਿਲਦਾ ਹੈ ਅੱਤ ਦੂਸਰਾ ਮੈਂ ਇਹ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਪੁਲਿਸ ਮਹਿਕਮੇਂ ਵਿੱਚ ਕੁਝ ਇਨਕੁਆਇਰੀਜ਼ ਐਸੀਆਂ ਹਨ ਜਿਹੜੀਆਂ ਡਿਪਟੀ ਕਮਿਸ਼ਨਰ ਦੇ ਰਾਹੀਂ ਪ੍ਰੋਸੈਸ ਹੁੰਦੀਆਂ ਹਨ ਅੱਤ ਡਿਪਟੀ ਕਮਿਸ਼ਨਰ ਫਰਦਰ ਐਸ. ਡੀ. ਐਮ. ਦੇ ਰਾਹੀਂ ਇਨਕੁਆਇਰੀਜ਼ ਕਰਾਉਂਦੇ ਹਨ। ਡੀਪਾਰਟਮੈਂਟਲ ਇਨਕੁਆਇਰੀ ਵੀ ਡਿਪਟੀ ਕਮਿਸ਼ਨਰ ਦੀ ਇਜਾਜ਼ਤ ਨਾਲ ਸ਼ੁਰੂ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਕਿਉਂਕਿ ਇਹ ਸੈਪਰੇਟ ਮਹਿਕਮਾ ਹੈ ਇਸ ਲਈ ਇਸ ਦੀ ਇਨਕੁਆਇਰੀ ਦਾ ਅਧਿਕਾਰ ਐਸ. ਐਸ. ਪੀ. ਨੂੰ ਹੀ ਹੋਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਡਿਸਟ੍ਰਿਕਟ ਮੈਜਿਸਟਰੇਟ ਹੋਣ ਦੀ ਹੈਸੀਅਤ ਵਿੱਚ ਸਾਰੇ ਜ਼ਿਲ੍ਹੇ ਵਿਚ ਅਮਨ ਕਾਨੂੰਨ ਦਾ ਰਾਖਾ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਇਨਕੁਆਇਰੀਜ਼ ਕਰਨ ਦਾ ਅਧਿਕਾਰ ਐਸ. ਐਸ. ਪੀ ਨੂੰ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਇਨਕੁਆਇਰੀ ਛੇਤੀ ਵੀ ਹੋ ਸਕਦੀ ਹੈ। ਅੱਤ ਮੌਕੇ ਤੇ ਤਾਇਨਾਤ ਪੁਲਿਸ ਅਫਸਰ ਦੀ ਜੋ ਉਨ੍ਹਾਂ ਦੇ ਮਤਹਿਤ ਕੰਮ ਕਰ ਰਿਹਾ ਹੈ ਉਸ ਦੇ ਕੰਮ ਕਰਨ ਬਾਰੇ ਠੀਕ ਤਰੀਕੇ ਨਾਲ ਉਹ ਰਿਪੋਰਟ ਵੀ ਦੇ ਸਕਦਾ ਹੈ।

ਇਕ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਮਹੀਨਿਆਂ ਵਿੱਚ ਕੁਝ ਘਟਨਾਵਾਂ ਪੰਜਾਬ ਦੇ ਵਿਚ ਵਾਪਰੀਆਂ, ਕੁਝ ਲੋਕ ਕਤਲ ਕਰਕੇ ਫਰਾਰ ਹੋਏ, ਕੁਝ ਗ੍ਰਿਫਤਾਰ ਹੋਏ ਅਤੇ ਕੁਝ ਇਕ ਨੂੰ ਗਿਫਤਾਰ ਕਰਨ ਲਈ ਯਤਨ ਜਾਰੀ ਹਨ। ਮੈਨੂੰ ਡਿਪਟੀ ਸਪੀਕਰ ਸਾਹਿਬ, ਇਸ ਗਲ ਦੀ ਖੁਸ਼ੀ ਹੁੰਦੀ ਜੇ ਸੂਬੇ ਵਿਚ ਅਮਨ ਕਾਨੂੰਨ ਨੂੰ ਬਹਾਲ ਕਰਨ ਵਾਸਤੇ ਸਾਹਮਣੇ ਬੈਠੇ ਭਰਾ ਵੀ ਹੁੰਗਾਰਾ ਦਿੰਦੇ ਪਰ ਮੈਨੂੰ ਅਫਸੋਸ ਹੈ ਕਿ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਬਹਾਲ ਕਰਨ ਵਾਸਤੇ ਇਨ੍ਹਾਂ ਵਲੋਂ ਹੁੰਗਾਰਾ ਤਾਂ ਕੀ ਮਿਲਣਾ ਸੀ ਜੋ ਵਾਰਦਾਤਾਂ ਹੋਈਆਂ, ਕਿਸੇ ਇਕ ਵੀ ਵਾਰਦਾਤ ਨੂੰ ਜੋ ਪੰਜਾਬ ਵਿਚ ਹੋਈਆਂ, ਉਸ ਨੂੰ ਕੰਡੇਮ ਨਹੀਂ ਕੀਤਾ ਅਤੇ ਨਾ ਹੀ ਕਿਸੇ ਕਤਲ ਨੂੰ ਕੰਡੇਮ ਕੀਤਾ ਹੈ। ਮਾਸੂਮ ਲੋਕ ਜੋ ਗਲੀਆਂ, ਬਜ਼ਾਰਾਂ ਵਿਚ ਮਾਰੇ ਗਏ, ਕਤਲ ਕੀਤੇ ਗਏ, ਉਨ੍ਹਾਂ ਨੂੰ ਕੰਡੇਮ ਨਹੀਂ ਕੀਤਾ ਸਗੋਂ ਕਾਤਲਾਂ ਬਾਰੇ ਐਲਾਨ ਕੀਤਾ ਗਿਆ ਕਿ ਮਾਰ ਦਿਓ ਜਿੰਨੇ ਮਾਰਨੇ ਹਨ ਅਸੀਂ ਤੁਹਾਡੀ ਅਗਵਾਈ ਕਰਾਂਗੇ, ਅਸੀਂ ਤੁਹਾਡੇ ਮੁਕੱਦਮੇ ਲੜਾਂਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ: ਤੁਸੀਂ ਕਹਿ ਦਿਤਾ ਹੈ ਕਿ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ਪਰ ਜੋ ਉਨ੍ਹਾਂ ਨੇ ਕਿਹਾ ਹੈ ਉਹ ਵੀ ਤੁਸੀਂ ਕਟਾਓ। ਇਸ ਦੇ ਮਾੜੇ ਸਿੱਟੇ ਨਿਕਲਣਗੇ। ਤੁਸੀਂ ਉਹ ਲਫਜ਼ ਉਨ੍ਹਾਂ ਦੇ ਵੀ ਕਟਵਾਓ।

ਸਰਦਾਰ ਨੱਥਾ ਸਿੰਘ ਦਾਲਮ: ਫਿਰ ਅਸੀਂ ਵੀ ਜੋ ਮਰਜ਼ੀ ਕਹਾਂਗੇ ; ਤੁਸੀਂ ਸਾਡੀ ਗੱਲ ਵੀ ਨਾ ਕਟਾਉਣਾ ਫਿਰ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਜਾਂ ਮੇਰੀ ਗਲ ਵੀ ਰਿਕਾਰਡ ਤੇ ਰਹਿਣ ਦਿਓ ਜਾਂ ਉਨ੍ਹਾਂ ਦੇ ਲਫਜ਼ ਵੀ ਕਟਾਓ।

ਸ਼੍ਰੀ ਡਿਪਟੀ ਸਪੀਕਰ: ਉਨ੍ਹਾਂ ਨੇ ਕੋਈ ਸਪੈਸ਼ਲ ਗੱਲ ਨਹੀਂ ਕਹੀ।

Sardar Birdevinder Singh: The Hon'ble Deputy Speaker has already given his ruling. Your Point of Order was declared, as 'No Point of Order'.

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਅਸੀਂ ਬਹੁਤ ਵੱਡੇ ਆਦਮੀਆਂ ਦੇ ਨਾਂ ਲਵਾਂਗੇ, ਇਹ ਕਿਉਂ ਛੇੜਖਾਨੀ ਕਰਦੇ ਹਨ। ਸਾਡੇ ਕੋਲ ਇਨ੍ਹਾਂ ਬਾਰੇ ਬਹੁਤ ਵੱਡੇ ਪਰੂਫ ਹਨ। ਉਨ੍ਹਾਂ ਦੇ ਵੀ ਇਹ ਲਫਜ਼ ਕਟਾਓ।

ਸਰਦਾਰ ਬੀਰਦਵਿੰਦਰ ਸਿੰਘ: ਡਿਪਟੀ ਸਪੀਕਰ ਸਾਹਿਬ, ਜੇ ਮੈਂ ਇਨ੍ਹਾਂ ਬਾਰੇ ਨਹੀਂ ਕਿਹਾ...

ਸਰਦਾਰ ਸੁਖਦੇਵ ਸਿੰਘ ਢੀਂਡਸਾ: ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੇ ਬਾਰੇ ਰੂਲਿੰਗ ਦਿਓ।

Sardar Bir Devinder Singh : The Hon. Deputy Speaker cannot repeat his ruling. He has already given his ruling that your Point of Order was 'No' Point of Order'.

ਸਰਦਾਰ ਸੁਖਦੇਵ ਸਿਘ ਢੀਂਡਸਾ: ਮੈਂ ਉਨ੍ਹਾਂ ਤੋਂ ਪੁੱਛ ਰਿਹਾ ਹਾਂ ਕਿ ਆਇਆ ਉਹ ਲਫਜ਼ ਕਟਾਏ ਹਨ ਜਾਂ ਨਹੀਂ ?

ਸਰਦਾਰ ਨਥਾ ਸਿੰਘ ਦਾਲਮ: ਡਿਪਟੀ ਸਪੀਕਰ ਸਾਹਿਬ, ਇਹ ਠੀਕ ਨਹੀਂ ਹੈ, ਇਸ ਲਈ ਉਹ ਲਫਜ਼ ਕਟਾਓ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਡਿਪਟੀ ਸਪੀਕਰ ਸਾਹਿਬ, ਕੀ ਉਹ ਲਫਜ਼ ਕਟਾ ਦਿੱਤੇ ਹਨ ?

ਸਰਦਾਰ ਬੀਰਦਵਿੰਦਰ ਸਿੰਘ: ਦੇਖੋ ਜੀ ਇਹ ਸੰਜੀਦਗੀ ਨਾਲ ਗੱਲ ਨਹੀਂ ਕਰ ਰਹੇ।

ਪ੍ਰੋਫੈਸਰ ਬਲਵੰਤ ਸਿੰਘ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬੀਰ ਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਬੜੀ ਜ਼ਿੰਮੇਵਾਰੀ ਨਾਲ ਅਰਜ਼ ਕੀਤੀ ਸੀ ਕਿ ਜਿੰਨੇ ਪਿੰਡਾਂ ਦੇ ਕਾਤਲ ਹਨ ਉਨ੍ਹਾਂ ਪਿੰਡਾਂ ਵਿਚ ਪੁਲੀਟੀਕਲ ਪਾਰਟੀ ਨੇ ਕਾਨਫਰੰਸ ਕਰ ਕੇ ਇਹ ਐਲਾਨ ਕੀਤਾ ਹੈ ਕਿ ਤੁਹਾਡੇ ਮੁਕਦਮੇ ਸਾਡੀ ਪਾਰਟੀ ਲੜੇਗੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਹੀ ਪੁੱਛਣਾ ਚਾਹੁੰਦਾ ਹਾਂ ਕਿ, ਜੇਕਰ ਕਾਤਲ ਦੇ ਘਰ ਵਿਚ ਜਾ ਕੇ, ਮਾਸੂਮ ਲੋਕਾਂ ਦੇ ਕਤਲ ਤੋਂ ਬਾਦ, ਇਕ ਪੁਲੀਟੀਕਲ ਪਾਰਟੀ ਮੁੱਨਜ਼ਮ ਢੰਗ ਨਾਲ ਪਿੰਡਾਂ ਵਿਚ ਹਜ਼ਾਰਾਂ ਆਦਮੀਆਂ ਦੀ ਹਾਜ਼ਰੀ ਵਿਚ ਇਹ ਐਲਾਨ ਕਰੇ ਤਾਂ ਇਸ ਦਾ ਮਤਲਬ ਕੀ ਇਹ ਨਹੀਂ ਨਿਕਲਦਾ ਕਿ ਜੋ ਮਰਜ਼ੀ ਆਏ ਕਰੋ। ਇਸ ਵਾਸਤੇ, ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਐਸੇ ਹਾਲਾਤ ਵਿਚ ਜੋ ਐਡਾ ਵੱਡਾ ਚੈਲੰਜ ਪੁਲੀਸ ਫੋਰਸ ਤੇ ਸਾਡੀ ਐਡਮਨਿਸਟਰੇਸ਼ਨ ਤੇ ਥਰੋ ਕੀਤਾ ਗਿਆ ਹੈ ਉਸ ਚਲੰਜ ਨੂੰ ਮੀਟ ਕਰਨ ਵਾਸਤੇ ਕੁਝ ਇਨਕਲਾਬੀ ਕਦਮ ਪੁਟਣ ਦੀ ਲੋੜ ਸੀ ਜੋ ਸਰਕਾਰ ਨੇ ਪੁਟੇ ਹਨ। ਮੈਂ ਇਸ ਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਪੁਲੀਸ ਦੀ ਜੋ ਡਿਮਾਂਡ ਨੰਬਰ 9 ਹੈ ਉਸ ਦੇ ਉਤੇ ਆਪਣੇ ਵਿਚਾਰ ਪੇਸ਼ ਕੀਤੇ ਹਨ।

ਹੁਣ ਇਕ ਦੋ ਗਲਾਂ ਮੈਂ ਜਨਰਲ ਐਡਮਨਿਸਟਰੇਸ਼ਨ ਅਤੇ ਸਕੱਤਰੇਤ ਦੀ ਐਡਮਨਿਸਟਰੇਸ਼ਨ ਬਾਰੇ ਕਰਲੀਆਂ ਹਨ। ਡਿਪਟੀ ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਆਇਆ ਹੈ ਕਿ ਪੰਜਾਬ ਸਰਕਾਰ ਵਲੋਂ ਕੁਝ ਅਫਸਰਾਂ ਨੂੰ ਬਾਹਰ ਟਰੇਨਿੰਗ ਵਾਸਤੇ ਭੇਜਿਆ ਗਿਆ। ਉਨ੍ਹਾਂ ਅਫਸਰ ਸਾਹਿਬਾਨ ਦੀ ਟਰੇਨਿੰਗ ਵਾਸਤੇ ਲੱਖਾਂ ਰੁਪਏ ਖਰਚ ਆਏ। ਜਦੋਂ ਉਹ ਟਰੇਨਿੰਗ ਲੈ ਕੇ ਵਾਪਸ ਆਏ ਫਿਰ ਉਨ੍ਹਾਂ ਦੀ ਡਿਊਟੀ ਕਿਸੇ ਹੋਰ ਥਾਂ ਤੇ ਲਾ ਦਿਤੀ। ਕੋਈ ਟਰੇਨਿੰਗ ਲੈ ਕੇ ਆਇਆ ਟਰੈਫਿਕ ਅਤੇ ਟਰਾਂਸਪੋਰਟ ਦੀ ਤਾਂ ਲਗਾ ਦਿਤਾ ਲੋਕਲ ਬਾਡੀ ਵਿਚ। ਟਰੇਨਿੰਗ ਐਗਰੀਕਲਚਰ ਵਾਸਤੇ ਲੈ ਕੇ ਆਇਆ ਤੇ ਲਗਾ ਦਿੱਤਾ ਰੈਵੇਨਿਊ ਤੇ। ਮੈਂ ਸਮਝਦਾ ਹਾਂ ਕਿ ਕੋਈ ਐਸਾ ਅਫਸਰ ਨਹੀਂ ਹੋਵੇਗਾ ਜਿਸ ਨੇ ਵਿਦੇਸ਼ ਤੋਂ ਟਰੇਨਿੰਗ ਹਾਸਲ ਕੀਤੀ ਹੋਵੇ ਅਤੇ ਉਸ ਦੇ ਵਾਪਸ ਆਉਣ ਤੋਂ ਬਾਅਦ ਰਾਜ ਸਰਕਾਰ ਨੇ ਰਾਜ ਦੇ ਹਿਤ ਅਨੁਸਾਰ ਉਸ ਅਫਸਰ ਦੀ ਟਰੇਨਿੰਗ ਤੋਂ ਕੋਈ ਫਾਇਦਾ ਉਠਾਇਆ ਹੋਵੇ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹੁਣ ਤਕ ਜਿੰਨੇ ਵੀ ਅਫਸਰ ਵੱਖਰੀ ਵੱਖਰੀ ਵਜ਼ਾਰਤ ਦੇ ਤਹਿਤ ਬਾਹਰਲੇ ਦੇਸ਼ਾਂ ਵਿਚ ਭੇਜੇ ਗਏ ਉਨ੍ਹਾਂ ਨੂੰ ਕਿਹਾ ਜਾਣਾ ਚਾਹੀਦਾ ਹੈ ਕਿ ਜੋ ਵੀ ਟਰੇਨਿੰਗ ਹਾਸਲ ਕੀਤੀ ਹੈ ਉਸ ਦੇ ਸਬੰਧ ਵਿਚ ਸਨੋਪਸਿਜ਼ ਬਣਾ ਕੇ ਦੇਣ ਕਿ ਉਸ ਨੇ ਇਹ ਟਰੇਨਿੰਗ ਕੀਤੀ ਹੈ। ਦੂਸਰੇ, ਡਿਪਟੀ ਸਪੀਕਰ ਸਾਹਿਬ, ਬੜੀਆਂ ਫਰੀਕੁਐਂਟਲੀ ਟਰਾਂਸਫਰਜ਼ ਹੁੰਦੀਆਂ ਹਨ। ਕਿਸੇ ਅਫਸਰ ਨੇ ਕਿਸੇ ਟਰੇਡ ਵਿੱਚ ਸਪੈਸਲਾਈਜ਼ੇਸ਼ਨ ਕੀਤੀ ਹੈ।

They are being transferred frequently. My suggestion is that in the interest of administration, they should not be transferred very frequently They should be given atleast three years time and not more than three years time to serve in a particular Department.

ਇਕ ਮੇਰੀ ਇਹ ਗੁਜ਼ਾਰਿਸ਼ ਹੈ ਕਿ ਜੋ ਸਾਡੀਆਂ ਕਾਰਪੋਰੇਸ਼ਨਜ਼ ਹਨ ਉਨ੍ਹਾਂ ਦੇ ਚੇਅਰਮੈਨ ਇਸ ਵੇਲੇ ਤਕਰੀਬਨ ਸਾਰੀਆਂ ਕਾਰਪੋਰੇਸ਼ਨਾਂ ਵਿੱਚ, ਸਿਵਾਏ ਇਕ ਜਾਂ ਦੋ ਦੇ, ਆਈ. ਏ. ਐਸ. ਅਫਸਰ ਲਗੇ ਹੋਏ ਹਨ। ਮੈਂ ਸਮਝਦਾ ਹਾਂ ਕਿ ਚੇਅਰਮੈਨ ਜਿਹੜੇ ਹਨ ਉਹ ਨਾਨ-ਅਫੀਸ਼ਲ ਲਾਉਣੇ ਚਾਹੀਦੇ ਹਨ। ਮੈਨੇਜਿੰਗ ਅਫਸਰ ਜਿਨ੍ਹਾਂ ਦੀ ਆਊਟ ਲੁਕ ਕਮਰਸ਼ਲ ਹੋਵੇ ਉਨ੍ਹਾਂ ਨੂੰ ਕਾਰਪੋਰੇਸ਼ਨਾਂ ਦੇ ਮੈਨੇਜਿੰਗ ਡਾਇਰੈਕਟਰ ਲਗਾਉਣਾ ਚਾਹੀਦਾ ਹੈ। ਇਹ ਵੀ ਕੋਸ਼ਿਸ਼ ਕੀਤੀ ਜਾਏ ਕਿ ਕਾਰਪੋਰੇਸ਼ਨ ਦੇ ਐਮ. ਡੀ. ਛੇਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਟਰਾਂਸਫਰ ਨਾ ਕੀਤੇ ਜਾਣ ਅੌਰ ਇਨਾਂ ਲੰਮਾ ਸਮਾਂ ਵੀ ਕਿਸੇ ਅਫਸਰ ਨੂੰ ਇਕ ਥਾਂ ਤੇ ਨਾ ਬਿਠਾਇਆ ਜਾਏ ਕਿ ਉਹ ਸਭ ਕੁਝ ਬਣ ਕੇ ਬੈਠ ਜਾਏ । ਦੂਸਰੇ, ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਇਕ ਹਨ ਅਤੇ ਉਨ੍ਹਾਂ ਨੂੰ 4, 4 ਸੈਕਟਰੀਜ਼ ਨਾਲ ਡੀਲ ਕਰਨਾ ਪੈਂਦਾ ਹੈ ਅਤੇ ਇਸੇ ਤਰ੍ਹਾਂ ਇਕ ਇਕ ਸੈਕਟਰੀ ਨੂੰ 4, 4 ਜਾਂ 5, 5 ਵਜ਼ੀਰ ਸਾਹਿਬਾਨ ਨਾਲ ਡੀਲ ਕਰਨਾ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਕਾਫੀ ਡਿਫੀਕਲਟੀ ਮਨਿਸਟਰ ਸਾਹਿਬਾਨ ਨੂੰ ਵੀ ਆਉਂਦੀ ਹੋਵੇਗੀ ਅਤੇ ਸੈਕਟਰੀਜ਼ ਸਾਹਿਬਾਨ ਨੂੰ ਵੀ ਆਉਂਦੀ ਹੋਵੇਗੀ। ਮੇਰੀ ਇਹ ਸੁਜੈਸ਼ਨ ਹੈ ਕਿ ਕੋਸ਼ਿਸ਼ ਕੀਤੀ ਜਾਏ ਕਿ ਇਕ ਸੈਕਟਰੀ ਇਕ ਮਨਿਸਟਰ ਨਾਲ ਹੀ ਡਿਪਿਊਟ ਹੋਵੇ ਤਾਂ ਕਿ ਉਸ ਮਹਿਕਮੇਂ ਦਾ ਕੰਮ ਚੰਗੇ ਤਰੀਕੇ ਨਾਲ ਵੇਖਿਆ ਜਾ ਸਕੇ । ਬਾਕੀ, ਡਿਪਟੀ ਸਪੀਕਰ ਸਾਹਿਬ, ਸੈਕਰੀਟੇਰੀਏਟ ਵਿਚ ਸਰਕਾਰ ਨੇ ਜਿਹੜੇ ਰੂਲਜ਼ ਬਣਾਏ ਹਨ ਕਿ ਹਰ 7 ਸਾਲਾਂ ਦੀ ਸਰਵਿਸ ਦੇ ਬਾਅਦ ਹਰ ਸੁਪਰਡੰਟ ਨੂੰ ਅੰਡਰ ਸੈਕਟਰੀ ਪਰਮੋਟ ਕਰ ਕੇ ਬਣਾ ਦਿਤਾ ਜਾਏ, ਇਹ ਅੱਛੀ ਗਲ ਹੈ ਲੇਕਿਨ ਇਸ ਕਿਸਮ ਦੇ ਰੂਲਜ਼ ਜੋ ਪ੍ਰਾਈਵੇਟ ਸੈਕਟਰੀਜ਼ ਹਨ ਉਨ੍ਹਾਂ ਵਾਸਤੇ ਲਾਗੂ ਨਹੀਂ। ਉਨ੍ਹਾਂ ਨੂੰ 13, 13 ਜਾਂ 14, 14 ਸਾਲ ਲਾਉਣ ਤੋਂ ਬਾਦ ਵੀ ਪਰਮੋਸ਼ਨ ਦਾ ਕੋਈ ਐਵੇਨਿਊ ਨਹੀਂ ਹੈ। ਮੇਰੀ ਇਹ ਸੁਜੈਸ਼ਨ ਹੈ ਕਿ ਇਸ ਕਿਸਮ ਦਾ ਦਸਤੂਰ ਇਨ੍ਹਾਂ ਸੈਕਟਰੀਜ਼ ਵਾਸਤੇ ਵੀ ਲਾਗੂ ਕੀਤਾ ਜਾਵੇ ।

ਦੂਸਰੇ, ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਟਰੇਨਿੰਗ ਇੰਸਟੀਚਿਊਟ ਖੋਲ੍ਹੇ ਹਨ ਜਿਨ੍ਹਾਂ ਵਿਚ ਅਫਸਰਾਂ ਨੂੰ ਵੱਖ ਵੱਖ ਟਰੇਨਿੰਗ ਦਿਤੀ ਜਾਂਦੀ ਹੈ । ਮੈਨੂੰ ਇਸ ਗਲ ਦੀ ਵੀ ਖੁਸ਼ੀ ਹੈ ਕਿਜੋ ਫਾਈਲ ਤੇ ਨੋਟਿੰਗ ਸਿਸਟਮ ਪਹਿਲਾਂ ਸੀ ਕਿ ਮਨਿਸਟਰ ਸਾਹਿਬ ਤਕ ਫਾਈਲ ਪਹੁੰਚਣ ਤਕ 8, 8/10, 10 ਅਧਿਕਾਰੀਆਂ ਵਲੋਂ ਨੋਟਿੰਗ ਕੀਤੀ ਜਾਂਦੀ ਸੀ। ਹੁਣ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਵਜ਼ੀਰ ਸਾਹਿਬਾਨ ਤਕ ਫਾਈਲ ਪਹੁੰਚਣ ਤਕ ਵੱਧ ਤੋਂ ਵੱਧ 3 ਨੋਟਿੰਗ ਫਾਈਲ ਤੇ ਹੋਣ। ਇਸ ਦੇ ਨਾਲ ਕੰਮ ਕਾਰ ਨਿਪਟਾਉਣ ਵਿਚ ਹੋਰ ਜ਼ਿਆਦਾ ਤੇਜ਼ੀ ਆਏਗੀ। ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਫੈਸਲਿਆਂ ਨੂੰ ਸਪੀਡੀ ਅਤੇ ਪਰਾਪਰ ਇੰਪਲੀਮੈਂਟੇਸ਼ਨ ਵਾਸਤੇ ਇਕ ਟਾਸਕ ਫੋਰਸ ਤਿਆਰ ਕੀਤੀ ਹੈ ਅਤੇ ਉਹ ਕੰਮ ਕਾਰ ਦਾ ਨਿਰੀਖਣ ਵੀ ਕਰੇਗੀ । ਸਮੇਂ ਸਮੇਂ ਤੇ ਵੱਖ ਵੱਖ ਵਿਭਾਗਾਂ ਦੇ ਸਬੰਧ ਵਿਚ ਸਰਕਾਰ ਨੂੰ ਜਾਣਕਾਰੀ ਦੇਵੇਗੀ ਕਿ ਕਿਸੇ ਮਹਿਕਮੇਂ ਵਿਚ ਜੋ ਕਰਮਚਾਰੀ ਹਨ ਉਨ੍ਹਾਂ ਕੋਲ ਕਿੰਨਾ ਵਰਕ ਲੋਡ ਹੈ ਅੌਰ ਆਇਆ ਕਰਮਚਾਰੀ ਵਧਾਉਣੇ ਹਨ ਜਾਂ ਘਟਾਉਣੇ ਹਨ। ਇਸ ਕਿਸਮ ਦੇ ਸਟੈਪਸ ਸਾਡੀ ਸਰਕਾਰ ਨੇ ਚੁੱਕੇ ਹਨ। ਸਰਕਾਰ ਨੇ ਬਰਡਨ ਘਟਾਉਣ ਵਾਸਤੇ ਜੁਆਇੰਟ ਸੈਕਟਰੀਆਂ ਨੂੰ ਕਾਫੀ ਅਧਿਕਾਰ ਦਿਤੇ ਹਨ ਤਾਂ ਕਿ ਸਰਕਾਰ ਦੇ ਪੱਧਰ ਤੇ ਉਹ ਵੀ ਫੈਸਲੇ ਕਰ ਸਕਣ।

ਇਸੇ ਤਰ੍ਹਾਂ ਮੈਂ ਹੁਣ ਡਿਸਟ੍ਰਿਕਟ ਐਡਮਨਿਸਟਰੇਸ਼ਨ ਬਾਰੇ ਇਕ ਦੋ ਬੇਨਤੀਆਂ ਕਰਨੀਆਂ ਹਨ। ਡਿਸਟ੍ਰਿਕਟ ਐਡਮਨਿਸਟਰੇਸ਼ਨ ਵਿਚ ਇਹ ਠੀਕ ਹੈ ਕਿ ਸਰਕਾਰ ਦਾ ਸਮੁਚੇ ਤੌਰ ਤੇ ਵਿਸ਼ਵਾਸ ਹੈ ਕਿ ਪ੍ਰਸ਼ਾਸਨ ਦੇ ਕੰਮ ਵਿਚ ਤੇਜ਼ੀ ਲਿਆਉਣ ਵਾਸਤੇ ਤਾਕਤ ਦਾ ਵਿਕੇਂਦਰੀ ਕਰਨ ਕੀਤਾ ਜਾਏ। ਬਹੁਤ ਸਾਰੇ ਮਸਲੇ ਜੋ ਪਹਿਲਾਂ ਰਾਜ ਪੱਧਰ ਤੇ ਨਿਪਟਾਏ ਜਾਂਦੇ ਸਨ ਹੁਣ ਜ਼ਿਲ੍ਹਾ ਪਧਰ ਤੇ ਨਿਪਟਾਏ ਜਾਂਦੇ ਹਨ। ਜਿਸ ਤਰ੍ਹਾਂ ਵਿਧਵਾ ਤੇ ਬੁਢਾਪਾ ਪੈਨਸ਼ਨਾਂ ਵਾਸਤੇ ਕੀਤਾ ਹੈ ਪਹਿਲਾਂ ਇਹ ਕੇਸ ਰਾਜ ਪੱਧਰ ਤੇ ਹੁੰਦੇ ਸੀ ਪਰ ਹੁਣ ਇਨ੍ਹਾਂ ਦਾ ਨਿਪਟਾਰਾ ਜ਼ਿਲ੍ਹਾ ਪਧਰ ਤੇ ਹੀ ਹੋ ਜਾਂਦਾ ਹੈ । ਲੇਕਿਨ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਹਾਲੇ ਵੀ ਬਹੁਤ ਸਾਰੇ ਫੈਸਲੇ ਜਿਹੜੇ ਕਿ ਨਿੱਕੇ ਨਿੱਕੇ ਹਨ ਰਾਜ ਪਧਰ ਤੇ ਨਿਪਟਾਰੇ ਲਈ ਆ ਜਾਂਦੇ ਹਨ

Original with;
Punjab Vidhan Sabha
Digitized by;
Panjab Digital Library

ਜਿਵੇਂ ਪੈਂਨਸ਼ਨ ਵਾਸਤੇ ਤਾਂ ਉਥੇ ਨਿਪਟਾਰਾ ਨਹੀਂ ਹੋ ਸਕਦਾ ਹੈ ਲੇਕਿਨ ਹਰੀਜਨਾਂ ਦੀ ਧਰਮਸ਼ਾਲਾ ਵਾਸਤੇ, ਉਨ੍ਹਾਂ ਦੀ ਧਰਮਸ਼ਾਲਾ ਦੀ ਮੁਰੰਮਤ ਵਾਸਤੇ ਕੇਸ ਹਾਲੇ ਵੀ ਰਾਜ ਪੱਧਰ ਤੇ ਜਾ ਕੇ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਇਸ ਪਾਸੇ ਵੀ ਸਾਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਕੁਝ ਜ਼ਿਲ੍ਹਾ ਹੈਡਕੁਆਟਰਜ਼ ਤੇ ਮਿਨੀ ਸਕੱਤਰੇਤ ਬਣ ਗਏ ਹਨ ਅਤੇ ਮਿਨੀ ਸਕੱਤਰੇਤ ਦੇ ਬਣਨ ਨਾਲ ਸਾਰੇ ਮਹਿਕਮੇਂ ਇਕ ਥਾਂ ਹੋਣ ਦੇ ਨਾਲ ਲੋਕਾਂ ਨੂੰ ਸਹੂਲਤ ਹੋਈ ਹੈ। ਪਰ ਕੁਝ ਜ਼ਿਲ੍ਹਾ ਹੈਡਕੁਆਟਰ ਐਸੇ ਹਨ, ਜਿਥੇ ਮਿਨੀ ਸਕੱਤਰੇਤ ਨਹੀਂ ਹਨ। ਮੈਂ ਸਮਝਦਾ ਹਾਂ ਕਿ ਪਟਿਆਲਾ ਜ਼ਿਲ੍ਹਾ ਵੀ ਉਨ੍ਹਾਂ ਵਿਚੋਂ ਇਕ ਹੈ। ਉਥੇ ਵੀ ਮਿਨੀ ਸਕੱਤਰੇਤ ਦੀ ਜ਼ਰੂਰਤ ਹੈ। ਉਥੇ ਦੇ ਸਾਰੇ ਦਫਤਰ ਦੂਰ ਦੁਰਾਡੇ ਤਕ ਖਿਲਰੇ ਹੋਏ ਹਨ। ਕੁਝ ਦਫਤਰ ਤਾਂ ਐਸੀਆਂ ਥਾਵਾਂ ਤੇ ਹਨ ਕਿ ਆਮ ਸਾਧਾਰਣ ਵਿਅਕਤੀ ਨੂੰ ਜੇ ਲਭਣੇ ਹੋਣ ਤਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ ਅਤੇ ਉਹ ਘੁੰਮ ਘੁੰਮਾ ਕੇ ਮੁੜ ਆਉਂਦੇ ਹਨ ਉਨ੍ਹਾਂ ਦੇ ਸਾਹਮਣੇ ਕੋਈ ਫੱਟਾ, ਐਗਜ਼ੀਬਿਟ ਸਾਈਨ ਬੋਰਡ ਨਹੀਂ ਹਨ ਜਿਸ ਤੋਂ ਪਤਾ ਲਗ ਸਕੇ ਕਿ ਇਹ ਦਫਤਰ ਇਥੇ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਸਰਕਾਰ ਐਸਾ ਪ੍ਰਬੰਧ ਕਰੇ ਕਿ ਜਿਨ੍ਹਾਂ ਜ਼ਿਲ੍ਹਿਆਂ ਵਿਚ ਮਿਨੀ ਸਕੱਤਰੇਤ ਨਹੀਂ ਬਣੇ ਉਥੇ ਸਾਨੂੰ ਇਹ ਕਾਇਮ ਕਰਨੇ ਚਾਹੀਦੇ ਹਨ। ਬਲਕਿ ਸਬ-ਡਿਵੀਜ਼ਨਲ ਲੈਵਲ ਤੇ ਵੀ ਸਾਨੂੰ ਅਜਿਹੇ ਸਕੱਤਰੇਤ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਕਿ ਸਾਰੇ ਦਫਤਰ ਇਕ ਥਾਂ ਹੋ ਜਾਣ ਅਤੇ ਲੋਕਾਂ ਨੂੰ ਕੰਮ ਕਰਨ ਵਿਚ ਸਹੂਲਤ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਆਮ ਵੇਖਣ ਵਿਚ ਆਉਂਦਾ ਹੈ ਕਿ ਥੋੜ੍ਹੇ ਜਿਹੇ ਆਈ. ਏ. ਐਸ. ਅਤੇ ਥੋੜੇ ਜਿਹੇ ਆਈ. ਪੀ. ਐਸ. ਅਫ਼ਸਰ ਐਸੇ ਹਨ ਜਿਨ੍ਹਾਂ ਬਾਰੇ ਵਿਸ਼ਵਾਸ ਹੈ।

As if they have specialised to be Deputy Commissioners and to be S.S.Ps. Whichever the Government may be, they continue to be the S.S.Ps. and continue to be the Deputy Commissioners. ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜਿਨ੍ਹਾਂ ਅਫ਼ਸਰਾਂ ਦਾ ਕੋਈ ਸਹਾਰਾ ਨਹੀਂ ਹੈ, ਜਿਨ੍ਹਾਂ ਨੂੰ ਗੁਠੇ ਲਾਇਆ ਹੋਇਆ ਹੈ, ਉਨ੍ਹਾਂ ਨੂੰ ਵੀ ਫੀਲਡ ਵਿਚ ਕੰਮ ਕਰਨ ਦਾ ਮੌਕਾ ਮਿਲੇ। ਇਹ ਵੀ ਹੋ ਸਕਦਾ ਹੈ ਕਿ ਜਿਨ੍ਹਾਂ ਨੂੰ ਅਜੇ ਤਕ ਕੰਮ ਕਰਨ ਦਾ ਮੌਕਾ ਨਹੀਂ ਮਿਲਿਆ ਜੇ ਉਨ੍ਹਾਂ ਨੂੰ ਮੌਕਾ ਮਿਲੇ ਤਾਂ ਉਹ ਬੇਹਤਰ ਸੇਵਾ ਕਰ ਸਕਣ। ਜਿਹੜੇ ਬੰਦੇ ਨਾਅਹਿਲ ਸਾਬਤ ਹੋਏ ਹਨ, ਭਾਵੇਂ ਉਨ੍ਹਾਂ ਨੂੰ ਕਿਸੇ ਕਿਸਮ ਦੀ ਪੁਲੀਟੀਕਲ ਸਪੋਰਟ ਹੋਵੇ, ਉਨ੍ਹਾਂ ਨੂੰ ਫੌਰੀ ਤੌਰ ਤੇ ਉਥੋਂ ਬਦਲ ਦੇਣਾ ਚਾਹੀਦਾ ਹੈ। ਇਕ, ਡਿਪਟੀ ਸਪੀਕਰ ਸਾਹਿਬ, ਨਵੀਂ ਡਾਕਟਰਿਨ ਕਮ-ਅਪ ਹੋ ਰਹੀ ਹੈ। ਸਾਡੀ ਰਾਜ ਸਰਕਾਰ ਵਿਚ ਕੁਝ ਅਫ਼ਸਰ ਅਜਿਹੇ ਹਨ ਜੋ ਆਪਣੀ ਨਾਅਹਿਲੀਅਤ ਨੂੰ ਛੁਪਾਉਣ ਵਾਸਤੇ ਪੁਲੀਟੀਕਲ ਪਾਰਟੀਆਂ ਨਾਲ ਆਪਣੀ ਐਫੀਲਿਏਸ਼ਨ ਬਣਾ ਲੈਂਦੇ ਹਨ। ਸਰਕਾਰ ਬਣਨ ਤੋਂ ਬਾਅਦ ਵੀ ਉਹ ਆਪਣੀ ਐਫੀਲੀਏਸ਼ਨ ਨਹੀਂ ਛੱਡਦੇ। ਨਤੀਜਾ ਇਹ ਹੁੰਦਾ ਹੈ ਕਿ ਰਾਜ ਸਰਕਾਰ ਦੀ ਜੋ ਨੀਤੀ ਹੈ ਉਸ ਨੂੰ ਇਫੈਕਟਿਵ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ। ਮੈਂ ਤੁਹਾਡੇ ਰਾਹੀਂ ਆਪਣੇ ਸਾਹਮਣੇ ਬੈਠੇ ਭਰਾਵਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਐਡਮਨਿਸਟਰੇਸ਼ਨ ਦੇ ਹਿੱਤ ਵਿੱਚ ਹੋਵੇਗਾ ਕਿ ਕਿਸੇ ਵੀ ਅਫ਼ਸਰ ਨੂੰ ਕਿਸੇ ਪਾਰਟੀ ਨਾਲ ਪੁਲੀਟੀਕਲ ਐਫੀਲਿਏਸ਼ਨ ਨਾ ਹੋਵੇ। ਨਾ ਸਾਡੇ ਨਾਲ ਹੋਵੇ ਅਤੇ ਨਾ ਹੀ ਸਾਡੇ ਸਾਹਮਣੇ ਬੈਠੇ ਵੀਰਾਂ ਨਾਲ ਹੋਵੇ। ਅਫ਼ਸਰਾਂ ਦੀ ਕਮਿਟਮੈਂਟ ਸਰਕਾਰ ਨਾਲ ਹੋਵੇ। ਜੋ ਸਮੇਂ ਦੀ ਸਰਕਾਰ ਸੂਬੇ ਦੇ ਲੋਕਾਂ ਵਾਸਤੇ, ਦੇਸ਼ ਦੇ ਲੋਕਾਂ ਵਾਸਤੇ ਨੀਤੀ ਬਣਾਉਂਦੀ ਹੈ ਉਸ ਦੀ ਇੰਪਲੀਮੈਂਟੇਸ਼ਨ ਵਾਸਤੇ ਅਫ਼ਸਰ ਕੰਮ ਕਰਨ। ਲੇਕਿਨ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੇਖਿਆ ਹੈ ਕਿ ਹਾਊਸ ਵਿਚ ਤਕਰੀਰਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਹੁੰਦੀਆਂ ਹਨ । ਇਧਰੋਂ ਵੀ ਬੜੀਆਂ ਅੱਛੀਆਂ ਤਕਰੀਰਾਂ ਹੁੰਦੀਆਂ ਹਨ ਅਤੇ ਉਧਰੋਂ ਵੀ ਬੜੀਆਂ ਅੱਛੀਆਂ ਤਕਰੀਰਾਂ ਹੁੰਦੀਆਂ ਹਨ । ਕਈ ਅਫ਼ਸਰ ਦੋਨੋਂ ਪਾਸੇ ਤਿਆਰੀ ਕਰਵਾ ਦਿੰਦੇ ਹਨ ਅਤੇ ਦੋਨਾਂ ਨੂੰ ਵਧਾਈ ਦਿੰਦੇ ਹਨ । ਜੇ ਕੋਈ ਇਧਰੋਂ ਬੋਲੇ ਤਾਂ ਉਸ ਨੂੰ ਕਹਿ ਦਿੰਦੇ ਹਨ ਕਿ ਕਮਾਲ ਦੀ ਐਲੋਕੁਐਂਸ ਹੈ, ਤੁਸੀਂ ਬੜਾ ਅੱਛਾ ਬੋਲੇ ਹੋ। ਜੇ ਉਧਰਲੇ ਪਾਸਿਉਂ ਕੋਈ ਬੋਲੇ ਤਾਂ ਉਸ ਨੂੰ ਕਹਿ ਦਿੰਦੇ ਹਨ ਕਿ **you carried the day** ਮੇਰੀ ਬੇਨਤੀ ਹੈ ਕਿ ਐਸੇ ਅਫ਼ਸਰਾਂ ਤੇ ਨਿਗਾਹ ਰਖਣੀ ਚਾਹੀਦੀ ਹੈ ਜਿਹੜੇ ਦੋਨਾਂ ਪਾਸਿਆਂ ਨੂੰ ਕਹਿ ਦਿੰਦੇ ਹਨ **you carried the day** । ਮੈਨੂੰ ਪਤਾ ਨਹੀਂ ਕਿ ਉਨ੍ਹਾਂ ਦੀ ਕੁਮਿਟਮੈਂਟ ਕਿਥੇ ਹੈ । ਉਨ੍ਹਾਂ ਦੀ ਕੁਮਿਟਮੈਂਟ ਆਪੋਜ਼ੀਸ਼ਨ ਦੇ ਨਾਲ ਹੈ ਜਾਂ ਸਰਕਾਰ ਦੇ ਨਾਲ ਹੈ । ਮੈਂ ਸਮਝਦਾ ਹਾਂ ਕਿ ਐਸੇ ਬੰਦਿਆਂ ਦੀ ਕੁਮਿਟਮੈਂਟ ਆਪਣੇ ਆਪ ਨਾਲ ਵੀ ਨਹੀਂ ਹੁੰਦੀ।

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਇਹ ਚੰਦ ਬੇਨਤੀਆਂ ਡਿਮਾਂਡ ਨੰਬਰ 9, 10 ਅਤੇ 11 ਦੇ ਸਬੰਧ ਵਿਚ ਕੀਤੀਆਂ ਹਨ। ਮੇਰੀ ਇਹ ਗੁਜ਼ਾਰਿਸ਼ ਹੈ ਕਿ ਇਨ੍ਹਾਂ ਮੰਗਾਂ ਨੂੰ ਪਾਸ ਕੀਤਾ ਜਾਵੇ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਨਵਾਦੀ ਹਾਂ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ । ਮੈਂ ਡਿਮਾਂਡ ਨੰਬਰ 9, 10 ਅਤੇ 11 ਬਾਰੇ ਕੁਝ ਗਲਾਂ ਕਰਨੀਆਂ ਚਾਹਾਂਗਾ । ਪਹਿਲੀ ਗਲ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇਹੋ ਜਿਹੀ ਪੁਜ਼ੀਸ਼ਨ ਬਣ ਗਈ ਹੈ, ਇੰਜ ਲਗਦਾ ਹੈ ਜਿਵੇਂ ਕੋਈ ਜਮਹੂਰੀ ਰਾਜ ਹੀ ਨਹੀਂ ਹੁੰਦਾ, ਪੁਲਿਸ ਰਾਜ ਹੁੰਦਾ ਹੈ। ਜਦੋਂ 17 ਸੈਕਟਰ ਵਿੱਚ, ਜਨਰਲ ਬੱਸ ਸਟੈਂਡ ਤੇ ਉਤਰ ਕੇ ਇਧਰ ਨੂੰ ਮੂੰਹ ਕਰਦੇ ਹਾਂ ਤਾਂ ਸਾਰਾ ਇਲਾਕਾ ਪੁਲਿਸ ਨਾਲ ਭਰਿਆ ਹੋਇਆ ਨਜ਼ਰ ਆਉਂਦਾ ਹੈ । ਦੋਨਾਂ ਪਾਸਿਆਂ ਤੇ ਕਈ ਤਰ੍ਹਾਂ ਦੀ ਪੁਲਿਸ ਖੜ੍ਹੀ ਹੁੰਦੀ ਹੈ । ਡਰ ਲਗਦਾ ਹੈ ਕਿ ਪਤਾ ਨਹੀਂ ਕਿਧਰ ਪੁਲਿਸ ਨੇ ਖੜ੍ਹਾ ਲੈਣਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਕੱਲ ਖਟਕਲ ਕਲਾਂ ਗਿਆ ਸੀ । ਬਹੁਤ ਵੱਡੀ ਹਾਜ਼ਰੀ ਸੀ । ਸਾਰੀਆਂ ਪੁਲੀਟੀਕਲ ਪਾਰਟੀਆਂ ਦੀਆਂ ਕਾਨਫਰਸਾਂ ਸਨ। ਮੇਰਾ ਖਿਆਲ ਹੈ ਕਿ ਜਿਤਨੇ ਉਥੇ ਲੋਕ ਸਨ ਉਸ ਦੇ ਨਾਲੋਂ ਕਿਤੇ ਵੱਧ ਪੁਲਿਸ ਸੀ । ਬੰਗੇ ਤੋਂ ਲੈ ਕੇ ਨਵਾਂ ਸ਼ਹਿਰ ਤਕ ਸਾਰੀ ਸੜਕ ਉਤੇ ਇਰਦ ਗਿਰਦ ਸਾਰੀ ਦੀ ਸਾਰੀ ਪੁਲਿਸ ਹੀ ਖੜ੍ਹੀ ਹੋਈ ਸੀ। ਇਹ ਹਾਲਤ ਸਾਰੇ ਪੰਜਾਬ ਵਿਚ ਪੁਲਿਸ ਦੀ ਹੈ। ਐਨੇ ਅਧਿਕਾਰ ਉਨ੍ਹਾਂ ਨੂੰ ਦੇ ਦਿਤੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਅਖਬਾਰਾਂ ਪੜ੍ਹਦੇ ਹੋ, ਅਸੀਂ ਵੀ ਅਖਬਾਰਾਂ ਪੜ੍ਹਦੇ ਹਾਂ। ਸਾਰੇ ਲੋਕ ਵੀ ਸੁਣਦੇ ਹਨ ਕਿ ਕਦੇ ਕਿਸੀ ਥਾਣੇ ਵਿਚ ਪੁਲਿਸ ਨੇ ਕੁਟ ਕੁਟ ਕੇ ਕਿਸੇ ਨੂੰ ਮਾਰ ਦਿਤਾ ਅਤੇ ਕਦੇ ਕਿਸੇ ਥਾਣੇ ਵਿਚ ਮਾਰ ਦਿਤਾ, ਕਿਸੇ ਬੰਦੇ ਦੇ ਪਜਾਮੇ ਦੇ ਨਾਲੇ ਨੂੰ ਕੱਢ ਕੇ ਉਸ ਨਾਲ ਉਸ ਨੂੰ ਟੰਗ ਦਿਤਾ ਜਾਂਦਾ ਹੈ ਅਤੇ ਮੁੜ ਕੇ ਕਹਿ ਦਿਤਾ ਜਾਂਦਾ ਹੈ ਕਿ ਉਸ ਨੇ ਫਾਹਾ ਲੈ ਲਿਆ। ਬਸੀ ਪਠਾਣਾ ਦੀ ਗਲ ਬਾਰੇ, ਜੀਤ ਸਿੰਘ ਬਾਰੇ, ਬੀਰਦਵਿੰਦਰ ਸਿੰਘ ਨੇ ਕਿਹਾ ਕਿ ਉਹ ਆਪੇ ਮਰ ਗਿਆ ਹੈ। ਮੈਂ ਕਹਿੰਦਾ ਹਾਂ ਕਿ ਉਹ ਤੇਲ ਕਿਥੋਂ ਲੈ ਕੇ ਆਇਆ ਸੀ। ਜੇ ਉਸ ਨੇ ਆਪ ਮਰਨਾ ਹੀ ਸੀ ਤਾਂ ਉਸ ਨੂੰ ਆਪਣੇ ਘਰ ਜਗ੍ਹਾ ਨਹੀਂ ਸੀ, ਉਸ ਨੇ ਥਾਣੇ ਜਾ ਕੇ ਹੀ ਮਰਨਾ ਸੀ ।। ਚਾਹੇ ਅਸੀਂ ਕਿਸੇ ਵੀ ਪਾਸੇ ਹਾਊਸ ਵਿਚ ਬੈਠੇ ਹੋਈਏ ਪਰ ਸੱਚ ਨੂੰ ਸੱਚ ਕਹਿਣਾ ਚਾਹੀਦਾ ਹੈ । ਗਲਤ ਗਲ ਨੂੰ ਬਿਲਕੁਲ ਨਿੰਦਣਾ ਚਾਹੀਦਾ ਹੈ, ਨਹੀਂ ਤਾਂ ਪੁਲਿਸ ਦੇ ਹੌਸਲੇ ਐਨੇ ਵੱਧ ਜਾਣਗੇ ਕਿ ਜੇ ਇਸ ਨੂੰ ਲਗਾਮ ਨਾ ਪਾਈ ਗਈ ਤਾਂ ਮੁਸ਼ਕਿਲ ਆਵੇਗੀ। ਮੈਂ ਨਕੋਦਰ, ਜਿਥੋਂ ਕਿ ਮੁੱਖ ਮੰਤਰੀ ਸਾਹਿਬ ਜਿਤ ਕੇ ਆਏ ਹਨ, ਦੀ ਮਿਸਾਲ ਦੇਣਾ ਚਾਹੁੰਦਾ ਹਾਂ । ਤੁਸੀਂ ਪਰਸੋਂ ਦੀਆਂ ਅਖਬਾਰਾਂ ਪੜ੍ਹੀਆਂ ਹੋਣੀਆਂ ਹਨ। ਉਥੋਂ ਦਾ ਇਕ ਝਿਉਰ, ਜਿਸ ਦਾ ਨਾਂ ਸ਼ਾਇਦ

Original with;
Punjab Vidhan Sabha
Digitized by;
Panjab Digital Library

ਹਰੀ ਰਾਮ ਹੈ, ਉਸ ਦੇ ਬਾਰੇ ਪਿੰਡ ਦੀ ਪੰਚਾਇਤ ਨੂੰ ਸ਼ੱਕ ਪੈ ਗਿਆ ਕਿ ਉਸ ਨੂੰ ਥਾਣੇ ਵਾਲੇ ਫੜ ਕੇ ਲੈ ਗਏ ਸਨ, ਸ਼ਾਇਦ ਉਸ ਦੀ ਥਾਣੇ ਵਿੱਚ ਮੌਤ ਹੋ ਗਈ ਹੈ। ਸ਼ੰਕਰ ਪਿੰਡ ਬਹੁਤ ਵੱਡਾ ਪਿੰਡ ਹੈ ਨਕੋਦਰ ਦੇ ਲਾਗੇ। ਸਰਦਾਰ ਸਵਰਨ ਸਿੰਘ ਹੋਰਾਂ ਦਾ ਪਿੰਡ ਹੈ। ਇਥੇ ਪਾਂਡੇ ਜੀ ਵੀ ਬੈਠੇ ਹਨ, ਉਨ੍ਹਾਂ ਦਾ ਵੀ ਉਥੇ ਹੀ ਘਰ ਹੈ। ਪੰਚਾਇਤ ਅਤੇ 32 ਆਦਮੀ ਹੋਰ ਥਾਣੇ ਵਿਚ ਉਸ ਦਾ ਕਫਨ ਲੈ ਕੇ ਆਏ। ਜਦੋਂ ਉਹ ਥਾਣੇ ਵੜਨ ਲੱਗੇ ਤਾਂ ਉਨ੍ਹਾਂ ਨੇ ਕਿਹਾ ਕਿ ਚਾਰ ਪੰਜ ਆਦਮੀ ਜਾ ਕੇ ਥਾਣੇ ਅੰਦਰ ਪਤਾ ਕਰ ਆਉਣ ਕਿ ਆਇਆ ਉਸ ਦੀ ਮੌਤ ਹੋ ਗਈ ਹੈ, ਕਿਤੇ ਐਵੇਂ ਕੁਪੱਤ ਨਾ ਹੋਵੇ। ਜਦੋਂ ਚਾਰ ਪੰਜ ਆਦਮੀ ਥਾਣੇ ਦੇ ਅੰਦਰ ਗਏ ਅਤੇ ਪੁਛਣ ਲਗੇ ਕਿ ਕੀ ਹਰੀ ਰਾਮ ਦੀ ਥਾਣੇ ਵਿਚ ਮੌਤ ਹੋ ਗਈ ਹੈ। ਪੁਲਿਸ ਵਾਲਿਆਂ ਨੇ ਕਿਹਾ ਕਿ ਜੇ ਉਸ ਦੀ ਮੌਤ ਦਾ ਪਤਾ ਕਰਨਾ ਹੈ ਤਾਂ ਥਾਣੇ ਦੇ ਅੰਦਰ ਆ ਜਾਓ। ਸਾਰੀ ਪੰਚਾਇਤ ਅਤੇ ਹੋਰਨਾਂ ਬੰਦਿਆਂ ਨੂੰ ਥਾਣੇ ਦੇ ਅੰਦਰ ਬੜੇ ਸਤਿਕਾਰ ਨਾਲ ਲੈ ਗਏ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਇਕ ਦੂਜੇ ਵੱਲ ਲੱਤਾਂ ਕਰ ਕੇ 32 ਦੇ 32 ਆਦਮੀ ਲੰਮੇ ਪੈ ਜਾਓ। ਇਸ ਤਰ੍ਹਾਂ ਉਨ੍ਹਾਂ ਨੂੰ ਲੰਮੇ ਪਾ ਕੇ ਉਨ੍ਹਾਂ ਤੇ ਤਿੰਨ ਚਾਰ ਘੰਟੇ ਬਹੁਤ ਡੰਡਾ ਫੇਰਿਆ ਗਿਆ। ਸਾਰੇ ਜਲੰਧਰ ਵਿਚ ਹਾਹਾਕਾਰ ਮੱਚੀ ਪਈ ਹੈ। ਉਸ ਪਿੰਡ ਦੇ 32, 34 ਆਦਮੀਆਂ ਦੀ ਇਸ ਤਰ੍ਹਾਂ ਬੇਇਜ਼ਤੀ ਕੀਤੀ ਗਈ। ਜਦੋਂ ਤਿੰਨ ਚਾਰ ਘੰਟੇ ਉਨ੍ਹਾਂ ਨੂੰ ਕੁਟ ਲਿਆ, ਫਿਰ ਕਹਿਣ ਲੱਗੇ ਕਿ ਤੁਹਾਨੂੰ ਹਰੀ ਰਾਮ ਵਿਖਾਈਏ। ਤੁਸੀਂ ਉਸ ਦਾ ਕਫਨ ਲਿਆਏ ਸੀ, ਉਹ ਮਰਿਆ ਨਹੀਂ ਹੈ। ਤੁਸੀਂ ਜੀਉਂਦੇ ਦਾ ਕਫਨ ਕਿਉਂ ਲੈ ਕੇ ਆਏ ਹੋ ? ਉਸ ਦੇ ਬਾਰੇ ਪਤਾ ਕਰਨ ਦੀ ਤੁਹਾਡੀ ਜੁਰਤ ਕਿਵੇਂ ਪਈ ? (ਵਿਘਨ)

ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਪਤਾ ਹੀ ਹੈ ਕਿ ਉਹ ਆਦਮੀ ਜ਼ਿੰਦਾ ਹੈ ਜਾਂ ਨਹੀਂ ਹੈ। ਇਸ ਲਈ ਵਜ਼ੀਰ ਸਾਹਿਬ ਨੂੰ ਜਾਣਕਾਰੀ ਮੇਰੇ ਤੋਂ ਲੈਣ ਦੀ ਲੋੜ ਨਹੀਂ ਹੈ। ਜੇਕਰ ਹੋਰ ਕੋਈ ਲੈਣਾ ਚਾਹਵੇ ਤਾਂ ਮੈਂ ਦੱਸ ਸਕਦਾ ਹਾਂ। ** ** **

** **

ਪੰਡਿਤ ਸਰਵਣ ਰਾਮ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਕਾਮਰੇਡ ਸਰਵਣ ਸਿੰਘ ਚੀਮਾ : ** ** **

ਸਰਦਾਰ ਜਗਦੇਵ ਸਿੰਘ ਜੱਸੋਵਾਲ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰੇ ਮੋਹਤਰਮ ਮਿੱਤਰ, ਮੈਂਬਰ ਸਾਹਿਬ, ਕਾਮਰੇਡ ਸਰਵਣ ਸਿੰਘ ਜੀ ਨੇ ਜਿਸ ਕੇਸ ਦਾ ਹਵਾਲਾ ਦਿਤਾ ਹੈ ਉਹ ਕੇਸ ਸਬ ਜੂਡਿਸ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਦਾ ਜ਼ਿਕਰ ਨਾ ਕਰਨ। ਤੁਹਾਡੇ ਪਾਸ ਇਹ ਬੇਨਤੀ ਕਰਾਂਗਾ ਕਿ ਇਸ ਕੇਸ ਦਾ ਅਦਾਲਤ ਨੇ ਫੈਸਲਾ ਕਰਨਾ ਹੈ ਇਸ ਲਈ ਇਸ ਸਬੰਧੀ ਸਾਰੀ ਕਾਰਵਾਈ ਨੂੰ ਐਕਸਪੰਜ ਕਰਵਾ ਦਿੱਤਾ ਜਾਵੇ।

ਸ਼੍ਰੀ ਡਿਪਟੀ ਸਪੀਕਰ : ਇਹ ਸਬਜੂਡਿਸ ਮੈਟਰ ਹੈ। Do not discuss it ਇਹ ਐਕਸਪੰਜ ਕਰ ਦਿਓ।

**Expunged as ordered by the Chair.

Original with;
Punjab Vidhan Sabha
Digitized by;
Panjab Digitization Project

ਕਾਮਰੇਡ ਸਰਵਣ ਸਿੰਘ ਚੀਮਾ : ** ** ** ਡਿਪਟੀ ਸਪੀਕਰ ਸਾਹਿਬ, ਇਕ ਪਿੰਡ ਜੋ ਮੇਰੇ ਹਲਕੇ ਵਿਚ ਹੈ, ਉਹ ਇਕ ਇਤਹਾਸਿਕ ਨਗਰ ਹੈ, ਉਸ ਪਿੰਡ ਦੇ ਸਰਪੰਚ ਦਾ ਟਰੈਕਟਰ ਪਿਛਲੇ ਸਾਲ ਕੋਈ ਚੋਰੀ ਕਰਕੇ ਲੈ ਗਿਆ । (ਘੰਟੀ) ਮੇਰਾ ਖਿਆਲ ਹੈ ਕਿ 8/10 ਮੀਟਿੰਗਾਂ ਵਿੱਚ ਜਿਹੜੀਆਂ ਕਿ ਡਿਸਟ੍ਰਿਕਟ ਗਰੀਵੈਂਸਿਜ਼ ਕਮੇਟੀ ਦੀਆਂ ਹੋਈਆਂ, ਉਨ੍ਹਾਂ ਵਿਚ ਮੈਂ ਅੌਰ ਕਾਮਰੇਡ ਕੁਲਵੰਤ ਸਿੰਘ ਨੇ ਵੀ ਇਹ ਚੀਜ਼ ਪੁਆਇੰਟ ਆਊਟ ਕੀਤੀ ਹੈ ਕਿ ਉਸ ਗਰੀਬ ਸਰਪੰਚ ਦਾ ਟਰੈਕਟਰ ਚੋਰੀ ਹੋਇਆ ਹੈ, ਉਹ ਆਦਮੀਆਂ ਦਾ ਨਾਮ ਵੀ ਲੈਂਦਾ ਹੈ। ਉਨ੍ਹਾਂ ਆਦਮੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ। ਇਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ, ਡਿਪਟੀ ਸਪੀਕਰ ਸਾਹਿਬ, ਨਾ ਟਰੈਕਟਰ ਲਭਾ ਹੈ ਅੌਰ ਨਾ ਹੀ ਕੋਈ ਗ੍ਰਿਫਤਾਰੀ ਕੀਤੀ ਗਈ ਹੈ। ਜਿਨ੍ਹਾਂ ਆਦਮੀਆਂ ਦਾ ਸਰਪੰਚ ਨਾਮ ਲੈਂਦਾ ਹੈ ਅੌਰ ਦੱਸਦਾ ਹੈ ਕਿ ਉਹ ਮੇਰੀ ਅੌਰਤ ਨੂੰ ਕੁਟ ਕੇ ਗਏ ਹਨ, ਮੈਂ ਉਨ੍ਹਾਂ ਦੇ ਨਾਮ ਦੱਸਦਾ ਹਾਂ, ਪਰ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ। ਡਿਮਾਂਡਜ਼ ਵਿੱਚ ਇਹ ਕਿਹਾ ਹੈ ਕਿ ਪੁਲਿਸ ਵਾਸਤੇ ਮੋਟਰ ਸਾਈਕਲ ਲੈ ਕੇ ਦਿੱਤੇ, ਜੀਪਾਂ ਲੈ ਕੇ ਦਿੱਤੀਆਂ ਹਨ। ਡਿਪਟੀ ਸਪੀਕਰ ਸਾਹਿਬ, ਠੀਕ ਹੈ ਜੇਕਰ ਉਨ੍ਹਾਂ ਪਾਸ ਸਾਧਨ ਅਜੇ ਵੀ ਘੱਟ ਹਨ ਤਾਂ ਹੋਰ ਪ੍ਰੋਵਾਈਡ ਕਰੋ, ਮੈਂ ਇਸ ਗੱਲ ਦਾ ਵਿਰੋਧੀ ਨਹੀਂ ਹਾਂ। ਪਰ ਮੈਂ ਕਹਿੰਦਾ ਹਾਂ ਕਿ ਉਹ ਸਾਧਨ ਵਰਤੇ ਕਿਥੇ ਜਾ ਰਹੇ ਹਨ ? ਇਹ ਤਾਂ ਪਤਾ ਕਰ ਲਵੋ ? ਇਕ ਸਰਪੰਚ ਦਾ ਟਰੈਕਟਰ ਲੱਭਾ ਨਹੀਂ ਹੈ, ਜਿਹੜੇ ਬੰਦਿਆਂ ਦਾ ਉਹ ਸਰਪੰਚ ਨਾਮ ਲੈਂਦਾ ਹੈ ਉਹ ਗ੍ਰਿਫਤਾਰ ਨਹੀਂ ਕੀਤੇ ਜਾਂਦੇ, ਫਿਰ ਇਹ ਜੀਪਾਂ ਤੇ ਮੋਟਰ ਸਾਈਕਲ ਕਾਹਦੇ ਲਈ ਵਰਤੇ ਜਾਂਦੇ ਹਨ ? ਜੇਕਰ ਉਨ੍ਹਾਂ ਨੂੰ, ਪੁਲਿਸ ਵਾਲਿਆਂ ਨੂੰ ਜੀਪਾਂ ਦੇਣੀਆਂ ਹਨ ਤਾਂ ਜੀ ਸਦਕੇ ਦਿਓ ਪਰ ਉਨ੍ਹਾਂ ਨੂੰ ਇਹ ਜ਼ਰੂਰ ਬੇਨਤੀ ਕਰ ਦਿਓ, ਜੇਕਰ ਹੁਕਮ ਨਹੀਂ ਕਰ ਸਕਦੇ, ਜੇਕਰ ਹੁਕਮ ਕਰ ਸਕਦੇ ਹੋ ਤਾਂ ਚੰਗੀ ਗੱਲ ਹੈ ਨਹੀਂ ਤਾਂ ਇਹ ਬੇਨਤੀ ਕਰ ਦਿਓ, ਕਿ ਜਿਹੜਾ ਆਦਮੀ ਉਨ ਪਾਸ ਥਾਣੇ ਰਪਟ ਲਿਖਵਾਉਣ ਆਵੇ, ਜਿਹੜੇ ਆਦਮੀ ਦਰਖਾਸਤ ਲੈ ਕੇ ਥਾਣੇ ਆਉਂਦੇ ਹਨ ਉਨ੍ਹਾਂ ਦਾ ਚੰਮ ਨਾ ਉਧੇੜਿਆ ਕਰਨ। ਹੁਣ ਤਾਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਕੋਈ ਲੁਕਾ ਛੁਪਾ ਵਾਲੀ ਗੱਲ ਨਹੀਂ ਰਹੀ ਕਿ ਪੁਲਿਸ ਵਾਲੇ ਪੈਸੇ ਲੈਂਦੇ ਹਨ। ਹੁਣ ਤਾਂ ਪੈਸੇ ਮੰਗੇ ਜਾਂਦੇ ਹਨ। ਪਹਿਲਾਂ ਨਕਦ ਪੈਸੇ ਮੰਗੇ ਜਾਂਦੇ ਹਨ। ਫਿਰ ਜੇਕਰ ਕਿਸੇ ਪਿੰਡ ਜਾਣਾ ਹੋਵੇ ਤਾਂ ਪੁਲਿਸ ਵੱਲੋਂ ਕਿਹਾ ਜਾਂਦਾ ਹੈ ਕਿ ਕੋਈ ਮਿੱਨੀ ਬੱਸ ਜਾਂ ਕਾਰ ਲੈ ਆਓ ਅਸੀਂ ਪਿੰਡ ਚਲਦੇ ਹਾਂ। ਗਰੀਬ ਜਿਹੜਾ ਰਪਟ ਦਰਜ ਕਰਾਉਂਦਾ ਹੈ ਉਹ ਵਿਚਾਰਾ ਪੈਸੇ ਦੇ ਨਹੀਂ ਸਕਦਾ।

ਸ਼੍ਰੀ ਡਿਪਟੀ ਸਪੀਕਰ : ਚੀਮਾ ਸਾਹਿਬ, ਵਾਈਂਡ ਅੱਪ ਕਰੋ ਜੀ ।

ਕਾਮਰੇਡ ਸਰਵਣ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਜੀ ਚਲੇ ਗਏ ਹਨ ਮੈਂ ਉਨ੍ਹਾਂ ਦੀ ਹਾਜ਼ਰੀ ਵਿੱਚ ਹੀ ਗੱਲ ਕਹਿਣੀ ਸੀ। ਡਿਪਟੀ ਸਪੀਕਰ ਸਾਹਿਬ, ਜਲੰਧਰ ਵਿਚ ਮਿੱਨੀ ਸਕੱਤਰੇਤ ਨਹੀਂ ਹੈ, ਇਕ ਦਫਤਰ ਉਰਲੇ ਪਾਸੇ ਨਵੀਆਂ ਕਚਹਿਰੀਆਂ ਦਾ ਹੈ ਅੌਰ ਇਕ ਪਰੇ ਜਾ ਕੇ ਪੁਰਾਣੀਆਂ ਕਚਹਿਰੀਆਂ ਹਨ। ਉਥੇ ਹੋਰ ਵੀ ਕਈ ਦਫਤਰ ਹਨ। ਜਿਹੜਾ ਬੰਦਾ ਨੂਰਮਹਿਲ ਵੱਲੋਂ ਜਾਂਦਾ ਹੈ ਉਹ ਦੋ ਢਾਈ ਜਾਂ ਤਿੰਨ ਰੁਪਏ ਖਰਚ ਕਰਕੇ ਉਥੇ ਪਹੁੰਚਦਾ ਹੈ। ਫਿਰ ਕਿੱਥੇ ਨਵੀਆਂ ਕਚਹਿਰੀਆਂ ਹਨ ਤੇ ਕਿੱਥੇ ਪੁਰਾਣੀਆਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਚਹਿਰੀਆਂ ਹਨ। ਇਸ ਤਰ੍ਹਾਂ ਹੀ ਉਸ ਜਾਣ ਵਾਲੇ ਗਰੀਬ ਆਦਮੀ ਦਾ ਕਾਫੀ ਖਰਚਾ ਹੋ ਜਾਂਦਾ ਹੈ। ਇਸ ਲਈ ਮੇਰਾ ਇਹ ਸੁਝਾਓ ਹੈ ਕਿ ਜੇਕਰ ਲੁਧਿਆਣੇ ਵਿਚ ਮਿੱਨੀ ਸਕੱਤਰੇਤ ਬਣ ਸਕਦਾ ਹੈ ਤਾਂ ਫਿਰ ਜਲੰਧਰ ਵਿਚ ਕਿਉਂ ਨਹੀਂ ਮਿੱਨੀ ਸਕੱਤਰੇਤ ਬਣ ਸਕਦਾ ? ਇਸ ਲਈ ਉਥੇ ਵੀ ਮਿੱਨੀ ਸਕੱਤਰੇਤ ਬਣਾਇਆ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਵਾਕਿਆ ਦੱਸਦਾ ਹਾਂ । ਪਟਿਆਲੇ ਕਿਸਾਨ ਸਭਾ ਦਾ ਕੋਈ ਪ੍ਰੈਜ਼ੀਡੈਂਟ ਹੈ। ਉਸ ਨੂੰ ਐਸ. ਐਸ. ਪੀ. ਸਾਹਿਬ ਨੇ ਹੁਕਮ ਕੀਤਾ ਹੈ ਕਿ ਜਿਹੜੀ ਤੇਰੇ ਪਾਸ ਲਾਈਸੈਂਸੀ ਰਾਈਫਲ ਹੈ ਉਹ ਜਮ੍ਹਾਂ ਕਰਵਾ ਦੇ। ਡਿਪਟੀ ਸਪੀਕਰ ਸਾਹਿਬ, ਉਸ ਵਿਚਾਰੇ ਨੇ ਜਵਾਬ ਦਿੱਤਾ ਕਿ ਮੈਨੂੰ ਇਹ ਦੱਸ ਦਿਓ ਕਿ ਮੈਂ ਰਾਈਫਲ ਕਿੱਥੋਂ ਖਰੀਦੀ ਹੈ, ਮੈਨੂੰ ਤੁਸੀਂ ਲਾਈਸੈਂਸ ਕਦੋਂ ਦਿੱਤਾ ਹੈ। ਮੈਂ ਤਾਂ ਜ਼ਿੰਦਗੀ ਵਿੱਚ ਕਦੇ ਰਾਈਫਲ ਨਾ ਖਰੀਦੀ ਹੈ ਤੇ ਨਾ ਹੀ ਲਾਈਸੈਂਸ ਲਿਆ ਹੈ। ਇਹ ਤਾਂ ਪੁਲਿਸ ਦਾ ਹਾਲ ਬਣਿਆ ਹੋਇਆ ਹੈ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਕਾਮਰੇਡ ਸਰਵਣ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸਾਨਾਂ ਦਾ ਗੰਨਾ ਖੇਤਾਂ ਵਿਚ ਪਿਆ ਹੈ। ਮਿੱਲਾਂ ਘੱਟ ਹਨ। ਇਸ ਲਈ ਹੋਰ ਮਿੱਲਾਂ ਲਗਾਈਆਂ ਜਾਣ ਪਰ ਇਸ ਵਾਸਤੇ ਗੌਰਮਿੰਟ ਕੋਸ਼ਿਸ਼ ਨਹੀਂ ਕਰ ਰਹੀ। ਜੇਕਰ ਕਰ ਰਹੀ ਹੈ ਤਾਂ ਇਨ੍ਹਾਂ ਨੂੰ ਕੋਸ਼ਿਸ਼ ਕਰਕੇ ਲਗਾਉਣੀਆਂ ਚਾਹੀਦੀਆਂ ਹਨ। ਅੱਜ ਕਿਸਾਨਾਂ ਦਾ ਗੰਨਾ ਖੇਤਾਂ ਵਿਚ ਖੜ੍ਹਾ ਹੈ। ਜਿਹੜਾ ਗੰਨਾ ਬਾਂਡ ਕੀਤਾ ਹੈ ਪਹਿਲਾਂ ਤਾਂ ਉਹ ਵੀ ਨਹੀਂ ਸੀ ਚੁਕਿਆ ਜਾਂਦਾ, ਮਿੱਲਾਂ ਵਾਲੇ ਆਪਣੀ ਮਰਜ਼ੀ ਨਾਲ ਬਾਹਰੋਂ ਗੰਨਾ ਲੈਂਦੇ ਸਨ ਫਿਰ ਜਦੋਂ ਲੋਕਾਂ ਨੇ ਰੌਲਾ ਪਾਇਆ ਅੰਦਰ ਕਿਹਾ ਕਿ ਬਾਂਡ ਕੀਤਾ ਗਿਆ ਗੰਨਾ ਲਿਆ ਜਾਵੇ ਫਿਰ ਭਾਵੇਂ ਬਾਹਰੋਂ ਲੈ ਲਿਆ ਜਾਵੇ ਤਾਂ ਜਾ ਕੇ ਬਾਂਡ ਕੀਤਾ ਹੋਇਆ ਗੰਨਾ ਪੀੜਿਆ ਜਾਣ ਲੱਗਾ ਹੈ । ਪਰ ਹੁਣ ਇਸ ਵਿਚ ਵੀ ਰਿਸ਼ਵਤ ਚਲਣ ਲੱਗੀ ਹੋਈ ਹੈ । ਚਾਹੇ ਭੋਗ ਪੁਰ ਦੀ ਮਿੱਲ ਹੈ, ਚਾਹੇ ਫਗਵਾੜੇ ਦੀ ਮਿੱਲ ਹੈ ਜਾਂ ਧੂਰੀ ਦੀ ਮਿੱਲ ਹੈ ਤੇ ਜਾਂ ਹੋਰ ਹੈ, ਉਨ੍ਹਾਂ ਮਿੱਲਾਂ ਵਿਚ ਕੁਰੱਪਸ਼ਨ ਹੋ ਰਹੀ ਹੈ। ਜਿਹੜਾ ਪਰਚੀਆਂ ਦਾ ਸਿਸਟਮ ਹੈ ਉਸ ਦੀ ਇਨਕੁਆਇਰੀ ਸਾਰੇ ਦੀ ਸਾਰੀ ਕਰਵਾਉਣੀ ਚਾਹੀਦੀ ਹੈ ਅੰਦਰ ਲੋਕਾਂ ਨੂੰ ਭਰੋਸਾ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਸਾਰੇ ਦਾ ਸਾਰਾ ਗੰਨਾ ਪੀੜਿਆ ਜਾਵੇਗਾ। ਮੈਂ ਸਿਰਫ ਇਤਨੀ ਗਲ ਕਹਿ ਕੇ ਕਿ ਜਿਹੜਾ ਕਿਸਾਨਾਂ ਦਾ ਬਾਂਡਿਡ ਗੰਨਾ ਹੈ ਉਹ ਤਾਂ ਸਰਕਾਰ ਨੂੰ, ਉਨ੍ਹਾਂ ਮਿਲਾਂ ਵਾਲਿਆਂ ਨੂੰ ਜ਼ਰੂਰ ਚੁਕਣਾ ਚਾਹੀਦਾ ਹੈ, ਬੈਠਦਾ ਹਾਂ।

ਸ਼੍ਰੀ ਸੇਵਾ ਰਾਮ (ਅੰਮ੍ਰਿਤਸਰ ਪੱਛਮੀ) : ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਮੰਗਾਂ 9, 10 ਅਤੇ 11 ਹਾਊਸ ਦੇ ਸਾਹਮਣੇ ਪੇਸ਼ ਕੀਤੀਆਂ ਗਈਆਂ ਹਨ ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਮੈਂ ਪੁਲਿਸ ਦੀ ਡਿਮਾਂਡ ਤੇ ਬੋਲਣਾ ਚਾਹੁੰਦਾ ਹਾਂ। ਇਕ ਵੈਲਫੇਅਰ ਸਟੇਟ ਦੇ ਅੰਦਰ ਪੁਲਿਸ ਦਾ ਇਕ ਬੜਾ ਰੋਲ ਹੁੰਦਾ ਹੈ ਅੰਦਰ ਉਸ ਤੇ ਲਾਅ ਐਂਡ ਆਰਡਰ ਬਹਾਲ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ। ਜਿਸ ਤਰ੍ਹਾਂ ਰਾਜਨੀਤੀ ਵਿੱਚ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਉਸੇ ਤਰ੍ਹਾਂ ਇਥੇ ਆਪੋਜ਼ੀਸ਼ਨ ਵੀਰਾਂ ਦੀ ਵੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਰਕਾਰ ਨੂੰ ਤਾਮੀਰੀ ਕੰਮਾਂ ਵਿੱਚ, ਲਾਅ ਐਂਡ ਆਰਡਰ ਕਾਇਮ ਰੱਖਣ ਵਿੱਚ, ਸਰਕਾਰ ਦੇ ਤਰੱਕੀ ਦੇ ਕੰਮਾਂ ਵਿੱਚ ਪੂਰਾ ਤੁਆਵਨ ਦੇਣ। ਲੇਕਿਨ ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਵਿੱਚ ਸਭ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੇਵਾ ਰਾਮ]

ਤੋਂ ਵੱਡੀ ਪਾਰਟੀ, ਅਕਾਲੀ ਪਾਰਟੀ ਆਪੋਜ਼ੀਸ਼ਨ ਦੇ ਤੌਰ ਤੇ ਇਥੇ ਕੰਮ ਕਰਦੀ ਹੈ ਅਤੇ ਇਹ ਅਕਾਲੀ ਵੀਰ ਧਰਮ ਅਤੇ ਸਿਆਸਤ ਇਕ ਮੰਨਦੇ ਹਨ। ਲੇਕਿਨ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਧਰਮ ਇਹ ਸਿਖਾਉਂਦਾ ਹੈ ਕਿ ਕੁਰੱਪਟ ਅੋਰ ਭ੍ਰਿਸ਼ਟਾਚਾਰ ਮੁਲਾਜ਼ਮਾਂ ਨੂੰ ਤੁਆਵਨ ਚਿੱਤਾ ਜਾਵੇ। ਜਿਸ ਗੁਰੂ ਗਰੰਥ ਸਾਹਿਬ ਨੂੰ ਅਸੀਂ ਸਾਰੇ ਮੱਥਾ ਟੇਕਦੇ ਹਾਂ, ਸਾਰੀ ਦੁਨੀਆਂ ਮੰਨਦੀ ਹੈ ਕੀ ਅਕਾਲੀ ਵੀਰ ਉਸ ਤੋਂ ਇਹ ਸਬਕ ਸਿਖਦੇ ਹਨ ਕਿ ਮਰਯਾਦਾ ਤੇ ਨਾ ਚਲਿਆ ਜਾਵੇ ਅੋਰ ਭ੍ਰਿਸ਼ਟਾਚਾਰ ਫੈਲਾਇਆ ਜਾਵੇ। ਜਿਸ ਤਰ੍ਹਾਂ ਨਾਲ ਇਨ੍ਹਾਂ ਨੇ ਇਥੇ ਤਕਰੀਰਾਂ ਕੀਤੀਆਂ ਉਹ ਸੁਣ ਕੇ ਮੈਨੂੰ ਬੜਾ ਦੁਖ ਹੋਇਆ ਹੈ। ਕੌਣ ਕਹਿੰਦਾ ਹੈ ਕਿ ਸਿੱਖਾਂ ਨੇ ਜੰਗੇ ਆਜ਼ਾਦੀ ਵਿੱਚ ਹਿੱਸਾ ਨਹੀਂ ਪਾਇਆ ? ਸਾਡੇ ਗੁਰੂ ਸਾਹਿਬਾਨ ਨੇ ਇਸ ਦੇਸ਼ ਲਈ ਕਿੰਨੀਆਂ ਕੁਰਬਾਨੀਆਂ ਕੀਤੀਆਂ । ਪਰ ਅੱਜ ਇਹ ਅਕਾਲੀ ਵੀਰ ਉਨ੍ਹਾਂ ਗੁਨਾਹਗਾਰਾਂ ਨੂੰ ਜਿਨ੍ਹਾਂ ਨੇ ਇਸ ਪੰਜਾਬ ਦੇ ਅੰਦਰ ਭਿਸ਼ਟਾਚਾਰ ਦਾ ਵਾਤਾਵਰਣ ਫੈਲਾਇਆ, ਜਿਨ੍ਹਾਂ ਨੇ ਕਤਲ ਕੀਤੇ ਉਨ੍ਹਾਂ ਨੂੰ ਇਨ੍ਹਾਂ ਨੇ ਗੁਰਦੁਵਾਰਿਆਂ ਵਿਚ ਪਨਾਹ ਦਿੱਤੀ ਹੈ ਅੋਰ ਫਿਰ ਕਹਿੰਦੇ ਹਨ ਕਿ ਸਾਡੇ ਨਾਲ ਵਿੱਤਕਰਾ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਅਗਰ ਇਨ੍ਹਾਂ ਨੂੰ ਪਤਾ ਹੁੰਦਾ ਕਿ ਇਸ ਮੁਲਕ ਦੇ ਲਈ ਕਿਸ ਕਿਸ ਕੌਮ ਨੇ ਕਿੰਨਾ ਕਿੰਨਾ ਹਿੱਸਾ ਪਾਇਆ ਹੈ ਅੋਰ ਕਿਸ ਤਰਾਂ ਕੁਰਬਾਨੀਆਂ ਦਿੱਤੀਆਂ ਹਨ ਅੋਰ ਗੁਰੂ ਸਾਹਿਬਾਨ ਨੇ ਗੁਰੂ ਗਰੰਥ ਸਾਹਿਬ ਵਿੱਚ ਕੀ ਲਿਖਿਆ ਹੈ ਤਾਂ ਅੱਜ ਇਹ ਉਨ੍ਹਾਂ ਗੁਨਾਹਗਾਰਾਂ ਨੂੰ ਗੁਰਦੁਆਰਿਆਂ ਵਿਚ ਪਨਾਹ ਨਾ ਦਿੰਦੇ। ਗੁਨਾਹਗਾਰਾਂ ਦੇ ਹੱਕ ਵਿਚ ਇਹ ਸਫਾਈ ਨਾ ਦਿੰਦੇ। ਹਮੇਸ਼ਾ ਜਿਹੜਾ ਮੁਲਜ਼ਮ ਹੁੰਦਾ ਹੈ ਉਹ ਆਪਣੇ ਹੱਕ ਵਿਚ ਸਫਾਈ ਦਿੰਦਾ ਹੈ ਪਰ ਇਨ੍ਹਾਂ ਨੇ ਉਨ੍ਹਾਂ ਗੁਨਾਹਗਾਰਾਂ ਦੇ ਹੱਕ ਵਿਚ, ਜਿਨ੍ਹਾਂ ਨੇ ਪੰਜਾਬ ਅੰਦਰ ਸ਼ਾਂਤੀ ਦਾ ਵਾਤਾਰਵਰਣ ਖਤਮ ਕੀਤਾ, ਜਿਨ੍ਹਾਂ ਨੇ ਕਤਲ ਕੀਤੇ, ਜਿਨ੍ਹਾਂ ਨੇ ਭ੍ਰਿਸ਼ਟਾਚਾਰ ਫੈਲਾਇਆ ਉਨ੍ਹਾਂ ਨੂੰ ਗੁਰਦੁਆਰਿਆਂ ਅੰਦਰ ਪਨਾਹ ਦਿੱਤੀ । ਮੈਂ ਪੁਛਦਾ ਹਾਂ ਕਿ ਕੀ ਇਹ ਗੁਰੂ ਗਰੰਥ ਸਾਹਿਬ ਸਿਖਾਉਂਦਾ ਹੈ ? ਗੁਰੂ ਗਰੰਥ ਸਾਹਿਬ ਤਾਂ ਕਹਿੰਦਾ ਹੈ 'ਤੇਰੇ ਭਾਣੇ ਸਰਬਤ ਦਾ ਭਲਾ', 'ਏਕ' ਨੂਰ ਤੇ ਸਭ ਜਗ ਉਪਜਿਆ, 'ਨਾ ਕੋਈ ਵੈਰੀ ਨਾਹਿ ਬੇਗਾਨਾ' ਪਰ ਇਨ੍ਹਾਂ ਨੇ ਉਨ੍ਹਾਂ ਗੁਰਦੁਆਰਿਆਂ ਦੇ ਅੰਦਰ ਜਿਥੇ ਸਾਰੀ ਦੁਨੀਆਂ ਜਾ ਕੇ ਮੱਥਾ ਟੇਕਦੀ ਹੈ ਉਥੇ ਇਨ੍ਹਾਂ ਨੇ ਬੰਬ ਸੁੱਟੇ, ਬਦਅਮਨੀ ਦਾ ਵਾਤਾਵਰਣ ਪੈਦਾ ਕੀਤਾ । ਕੀ ਇਹ ਇਨ੍ਹਾਂ ਨੂੰ ਗੁਰੂ ਗਰੰਥ ਸਾਹਿਬ ਨੇ ਸਿਖਾਇਆ ਹੈ ? ਜਿਨ੍ਹਾਂ ਗੁਰੂ ਸਾਹਿਬਾਨ ਨੇ ਲੋਕਾਂ ਲਈ ਅੈਨੀਆਂ ਕੁਰਬਾਨੀਆਂ ਕੀਤੀਆਂ, ਗੁਰੂ ਗੋਬਿੰਦ ਸਿੰਘ ਜਿਨ੍ਹਾਂ ਨੇ ਆਪਣੇ ਸਾਹਿਬਜ਼ਾਦੇ ਦੀਵਾਰਾਂ ਵਿਚ ਚਿਣਵਾ ਦਿੱਤੇ, ਉਨ੍ਹਾਂ ਗੁਰੂ ਸਾਹਿਬਾਨ ਦੇ ਗੁਰਦੁਆਰਿਆਂ ਵਿਚ ਇਨ੍ਹਾਂ ਨੇ ਬੰਬ ਸੁੱਟੇ। ਫਿਰ ਇਸ ਤੋਂ ਵੀ ਵੱਧ ਕੇ ਉਨ੍ਹਾਂ ਨੇ ਅਕਾਲ ਤਖਤ ਦੇ ਅੰਦਰ ਕਾਨਫਰੰਸ ਕੀਤੀ ਅੋਰ ਇਹ ਫੈਸਲੇ ਕੀਤੇ ਕਿ ਜਿਹੜੇ ਗੁਨਾਹਗਾਰ ਹਨ ਉਨ੍ਹਾਂ ਨੂੰ ਪਨਾਹ ਦਿੱਤੀ ਜਾਵੇ ਅੋਰ ਉਨ੍ਹਾਂ ਨੂੰ ਸਰੰਪੇ ਦਿੱਤੇ ਜਾਣ। ਕੀ ਇਸ ਤਰ੍ਹਾਂ ਨਾਲ ਇਹ ਧਰਮ ਦਾ ਪਰਚਾਰ ਕਰ ਰਹੇ ਹਨ ? ਜਿਹੜੇ ਸਾਡੇ ਦੇਸ਼ ਦਾ ਹਵਾਈ ਜਹਾਜ਼ ਹਾਈਜੈਕ ਕਰਕੇ ਪਾਕਿਸਤਾਨ ਲੈ ਗਏ ਉਸ ਲਈ ਇਨ੍ਹਾਂ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਸਰੰਪੇ ਦਿਆਂਗੇ। ਜਿਨ੍ਹਾਂ ਨੇ ਪੰਜਾਬ ਵਿਚ ਕਤਲ ਕੀਤੇ, ਜਿਨ੍ਹਾਂ ਨੇ ਤਸ਼ੱਦਦ ਦਾ ਵਾਤਾਵਰਣ ਪੈਦਾ ਕੀਤਾ, ਉਨ੍ਹਾਂ ਦੇ ਵਾਸਤੇ ਕਾਨਫਰੰਸ ਵਿੱਚ ਇਹ ਕਿਹਾ ਕਿ ਉਨ੍ਹਾਂ ਮੁਲਜ਼ਮਾਂ ਦੇ ਵਾਸਤੇ ਅਸੀਂ ਲੜਾਂਗੇ। ਤੁਸੀਂ ਵੇਖੋ ਕਿ ਕੀ ਇਹ ਚੰਗੀ ਗੱਲ ਹੈ ? ਅੈਸੀਆਂ ਗਲਾਂ ਜਿਹੜੀਆਂ ਇਹ ਕਰਦੇ ਹਨ (ਇਸ ਵੇਲੇ ਸਰਦਾਰ ਗੁਰਦੇਵ ਸਿੰਘ ਬਾਦਲ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜ੍ਹੇ ਹੋਏ।)

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਤੁਸੀਂ ਪਹਿਲੇ ਇਨ੍ਹਾਂ ਨੂੰ ਸੁਣ ਲਓ । ਫਿਰ ਤੁਹਾਨੂੰ ਬੋਲਣ ਸਮਾਂ ਦੇ ਦੇਵਾਂਗੇ, ਉਸ ਵੇਲੇ ਆਪਣੀ ਗਲ ਕਹਿ ਲੈਣਾ।

ਸਰਦਾਰ ਗੁਰਦੇਵ ਸਿੰਘ ਬਾਦਲ : ** ** **

Mr. Deputy Speaker : This is no Point of Order.

ਸ਼੍ਰੀ ਸੇਵਾ ਰਾਮ : ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਮੁਲਜ਼ਮਾਂ ਦੇ ਨਾਂ ਅਖਬਾਰਾਂ ਵਿਚ ਛੱਪੇ, ਉਨ੍ਹਾਂ ਨੇ ਪਾਕਿਸਤਾਨ ਦੇ ਕਈ ਲੀਡਰਾਂ ਨਾਲ ਮੁਲਾਕਾਤ ਕੀਤੀ ਪਰ ਉਨ੍ਹਾਂ ਦੇ ਸਬੰਧ ਵਿੱਚ ਇਨ੍ਹਾਂ ਅਕਾਲੀ ਵੀਰਾਂ ਵਲੋਂ ਕੋਈ ਜ਼ਿਕਰ ਨਹੀਂ ਆਇਆ ਕਿਉਂਕਿ ਇਨ੍ਹਾਂ ਦੇ ਦਿਲ ਅੰਦਰ ਦਿਮਾਗ ਸਾਫ ਨਹੀਂ ਸਨ। ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜੇ ਕੋਈ ਇਨ੍ਹਾਂ ਦੀ ਜਾਇਜ਼ ਗਲ ਹੈ ਤਾਂ ਉਸ ਨੂੰ ਮੰਨਵਾਉਣ ਲਈ ਹੋਰ ਵੀ ਕਈ ਤਰੀਕੇ ਹੋ ਸਕਦੇ ਹਨ, ਲੇਕਿਨ ਆਪਣੀ ਮੰਗ ਮੰਨਵਾਉਣ ਲਈ, ਪੁਲਿਸ ਨੂੰ ਧਮਕੀਆਂ ਦੇਣਾ, ਇਹ ਕਹਿਣਾ ਕਿ ਫਲਾਣੇ ਨੂੰ ਛੁਰਾ ਘੋਪ ਦਿਆਂਗੇ ਜਾਂ ਫਲਾਣੇ ਦੀ ਸਾਰੀ ਫੈਮਿਲੀ ਹੀ ਖਤਮ ਕਰ ਦਿਆਂਗੇ, ਇਸ ਤਰ੍ਹਾਂ ਦੀਆਂ ਗਲਾਂ ਕਰਕੇ ਤਸ਼ੱਦਦ ਦਾ ਵਾਤਾਵਰਣ ਫੈਲਾਉਣਾ ਬਿਲਕੁਲ ਠੀਕ ਨਹੀਂ । ਅਗਰ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਤੇ ਭਰੋਸਾ ਹੁੰਦਾ ਤਾਂ ਇਹ ਇਸ ਤਰ੍ਹਾਂ ਦੀਆਂ ਗਲਾਂ ਬਿਲਕੁਲ ਨਾ ਕਰਦੇ ਜਿਸ ਨਾਲ ਪੰਜਾਬ ਦੇ ਅੰਦਰ ਸ਼ਾਂਤੀ ਭੰਗ ਹੁੰਦੀ ਜਾਂ ਪੰਜਾਬ ਵਿਚ ਦੂਸ਼ਿਤ ਵਾਤਾਵਰਣ ਫੈਲਦਾ ।

ਫਿਰ ਕੁਝ ਦੋਸਤ ਇਧਰ ਬੈਠੇ ਹਨ ਜਿਹੜੇ ਕਿ ਆਪਣੇ ਆਪ ਨੂੰ ਮਜ਼ਦੂਰਾਂ ਦਾ ਹਮਦਰਦ ਕਹਾਉਂਦੇ ਹਨ ਪਰ ਅਸਲ ਵਿਚ ਇਨ੍ਹਾਂ ਨੂੰ ਮਜ਼ਦੂਰਾਂ ਨਾਲ ਬਿਲਕੁਲ ਹਮਦਰਦੀ ਨਹੀਂ। ਇਹ ਮਜ਼ਦੂਰਾਂ ਨੂੰ ਭੜਕਾ ਕੇ ਪੁਲਿਸ ਨਾਲ ਲਗਾਉਂਦੇ ਹਨ। ਪਰ ਮੈਂ ਇਨ੍ਹਾਂ ਨੂੰ ਇਹ ਵੀ ਕਹਿੰਦਾ ਹਾਂ ਕਿ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਕਾਮਯਾਬ ਨਹੀਂ ਹੋ ਸਕਦੇ । ਇਨ੍ਹਾਂ ਨੂੰ ਦੇਸ਼ ਨਾਲ ਪਿਆਰ ਨਹੀਂ, ਤਸ਼ੱਦਦ ਨਾਲ ਪਿਆਰ ਹੈ। ਮੈਂ ਕਹਿੰਦਾ ਹਾਂ ਕਿ ਅਗਰ ਕੋਈ ਪਾਰਟੀ ਇਸ ਤਰੀਕੇ ਨਾਲ ਤਸ਼ੱਦਦ ਦਾ ਵਾਤਾਵਰਣ ਪੈਦਾ ਕਰਕੇ ਇਹ ਸਮਝੇ ਕਿ ਉਹ ਦੇਸ਼ ਦੀ ਤਰੱਕੀ ਵਿਚ ਰੁਕਾਵਟ ਪਾ ਲੈਣਗੇ ਤਾਂ ਇਹ ਉਨ੍ਹਾਂ ਦੀ ਬਹੁਤ ਵੱਡੀ ਭੁਲ ਹੈ । ਅਕਾਲੀ ਵੀਰਾਂ ਨੇ ਜਿਹੜਾ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਕਰਕੇ ਗੱਲਾਂ ਕੀਤੀਆਂ ਇਸ ਦੀ ਬਜਾਏ ਜੇ ਇਹ ਉਸ ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਵਿੱਚ ਇਹ ਪਾਸ ਕਰਦੇ ਕਿ ਜੋ ਕੁਝ ਪੰਜਾਬ ਵਿਚ ਹੋਇਆ ਹੈ ਉਸ ਦਾ ਅਸੀਂ ਪਛਤਾਵਾ ਕਰਦੇ ਹਾਂ ਤਾਂ ਇਹ ਚੰਗਾ ਹੁੰਦਾ । ਪਰ ਇਨ੍ਹਾਂ ਅਕਾਲੀ ਵੀਰਾਂ ਨੇ, ਜਿਹੜੇ ਅੱਜ ਚੁਪ ਬੈਠੇ ਹਨ, ਜਿਨ੍ਹਾਂ ਨੇ ਪੰਜਾਬ ਵਿਚ ਤਸ਼ੱਦਦ ਦਾ ਵਾਤਾਵਰਣ ਪੈਦਾ ਕੀਤਾ ਉਨ੍ਹਾਂ ਨੂੰ ਸਰੋਪੇ ਦਿੱਤੇ ਅੰਦਰ ਜੋ ਸਾਡੀ ਗੁਰਦੁਆਰਿਆਂ ਵਿਚ ਸ਼ਰਧਾ ਹੈ, ਵਿਸ਼ਵਾਸ ਹੈ ਉਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ । ਤੁਹਾਨੂੰ ਇਤਨਾ ਯਾਦ ਹੋਵੇਗਾ ਕਿ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਨਾਲ ਮੱਕੇ ਗਿਆ ਸੀ ਅਤੇ ਉਨ੍ਹਾਂ ਨੇ ਦੇਸ਼ ਨੂੰ ਅੱਗੇ ਲਿਆਂਦਾ ਸੀ। ਕੀ ਤੁਸੀਂ ਇਸ ਦੇਸ਼ ਨੂੰ ਪਿਛੇ ਲਿਆਉਣਾ ਚਾਹੁੰਦੇ ਹੋ ? ਤੁਸੀਂ (ਵਿਰੋਧੀ ਧਿਰ ਵਲ ਇਸ਼ਾਰਾ) ਸਾਰੇ ਇਹ ਕਹਿੰਦੇ ਹੋ ਕਿ ਸਿੱਖਾਂ ਨਾਲ ਵਿੱਤਕਰਾ ਹੋ ਰਿਹਾ ਹੈ । ਤੁਸੀਂ ਅਕਾਲੀ ਪਾਰਟੀ ਵਾਲੇ ਮੁਲਜ਼ਮਾਂ ਨੂੰ ਪਨਾਹ ਦੇ ਰਹੇ ਹੋ ਅਤੇ ਹਮਾਇਤ ਕਰਦੇ ਹੋ। ਪਬਲਿਕ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੇਵਾ ਰਾਮ]

ਦਾ ਕਲੰਕ ਤੁਹਾਡੇ ਤੇ ਲਗਾ ਹੈ ਅੱਜ ਇਸ ਨੂੰ ਧੋਣ ਲਈ ਤੁਸੀਂ ਕਹਿ ਦਿੰਦੇ ਹੋ ਕਿ ਸਿੱਖਾਂ ਨਾਲ ਸਰਕਾਰ ਵਿੱਤਕਰਾ ਕਰ ਰਹੀ ਹੈ। ਮੈਨੂੰ ਮਾਣ ਹੈ ਕਿ ਅਸੀਂ ਪੰਜਾਬੀ ਹਾਂ ਅਤੇ ਪੰਜਾਬ ਵਿਚ ਜਿਸ ਤਰੀਕੇ ਨਾਲ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਅਤੇ ਪੁਲਿਸ ਐਡਮਨਿਸਟਰੇਸ਼ਨ ਗੁਰਦੁਆਰਿਆਂ ਵਿੱਚ ਬੈਠੇ ਮੁਲਜ਼ਮਾਂ ਨੂੰ ਫੜਣ ਲਈ ਅੰਦਰ ਨਹੀਂ ਗਈ, ਗੁਰਦੁਆਰਿਆਂ ਵਿੱਚ ਬੰਬ ਫਟੇ ਅਤੇ ਗੁਰਦੁਆਰਿਆਂ ਵਿੱਚ ਕਤਲ ਕਰਨ ਦੀਆਂ ਸਾਜਿਸ਼ਾਂ ਬਣਾਈਆਂ ਗਈਆਂ ਪਰ ਇਸ ਦੇ ਬਾਵਜੂਦ ਸਰਕਾਰ ਨੇ ਬੜੀ ਸੰਜੀਦਗੀ ਨਾਲ, ਟੈਕਟਫੁਲ ਤਰੀਕੇ ਨਾਲ, ਇਮਾਨਦਾਰੀ ਨਾਲ ਪੰਜਾਬ ਦੇ ਮਾਹੌਲ ਨੂੰ ਸਵਾਰਿਆ ਹੈ। ਪੁਲਿਸ ਨੇ ਅਕਲਮੰਦੀ ਨਾਲ ਅੰਕਟ ਕੀਤਾ ਹੈ ਅਤੇ ਪੰਜਾਬ ਨੂੰ ਤਸ਼ੱਦਦ ਤੋਂ ਬਚਾਇਆ ਹੈ ਵਰਨਾ ਤੁਹਾਡੇ ਵਲੋਂ ਪੰਜਾਬ ਦੇ ਹਾਲਾਤ ਨੂੰ ਖਰਾਬ ਕਰਨ ਵਿੱਚ ਕੋਈ ਕਸਰ ਨਹੀਂ ਸੀ। ਤੁਹਾਡੇ (ਵਿਰੋਧੀ ਧਿਰ ਵਲ ਇਸ਼ਾਰਾ) ਵਕਤ ਪੁਲਿਸ ਨੇ ਹੜਤਾਲ ਕੀਤੀ ਸੀ ਅਤੇ ਲਾਠੀ ਚਾਰਜ ਕਰਦੀ ਸੀ । ਠੀਕ ਹੈ ਉਨ੍ਹਾਂ ਦੀਆਂ ਕੁਝ ਮਜਬੂਰੀਆਂ ਸਨ। ਸਰਕਾਰ ਨੇ ਉਨ੍ਹਾਂ ਨੂੰ ਰਿਆਇਤਾਂ ਦਿੱਤੀਆਂ ਹਨ । ਇੱਕਾ ਦੁਕਾ ਕੇਸ ਵਿੱਚ ਕਿਸੇ ਨਾਲ ਜ਼ਿਆਦਤੀ ਹੋ ਸਕਦੀ ਹੈ ਅਤੇ ਇਸ ਨੂੰ ਖਤਮ ਕਰਨ ਲਈ ਜਾਂਚ ਕੀਤੀ ਜਾ ਸਕਦੀ ਹੈ। ਲੇਕਿਨ ਇਨ੍ਹਾਂ ਨੇ ਅੰਮ੍ਰਿਤਸਰ ਵਿੱਚ ਮਾਸ ਅਤੇ ਸਿਗਰਟ ਦੀਆਂ ਦੁਕਾਨਾਂ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਅਤੇ ਦੁਕਾਨਾਂ ਬੰਦ ਕਰਵਾ ਦਿੱਤੀਆਂ ਤਾਕਿ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਹੋ ਜਾਵੇ। ਅਗਰ ਤੁਸੀਂ ਇਸ ਨੂੰ ਆਪਣਾ ਪੰਜਾਬ ਸਮਝਦੇ ਅਤੇ ਦੇਸ਼ ਸਮਝਦੇ ਤਾਂ ਫਿਰ ਤੁਸੀਂ ਇਸ ਨੂੰ ਇਸ ਤਰ੍ਹਾਂ ਤਬਾਹ ਨਾ ਕਰਦੇ। ਬਾਬਾ ਖੜਕ ਸਿੰਘ ਦਾ ਅਕਾਲੀ ਦੱਲ ਸੀ ਜਿਸ ਨੇ ਦੇਸ਼ ਦੀ ਜੰਗੇ ਆਜ਼ਾਦੀ ਵਿਚ ਲੜਾਈ ਕੀਤੀ ਪਰ ਤੁਹਾਡਾ ਅਕਾਲੀ ਦਲ ਕਹਿੰਦਾ ਹੈ ਕਿ ਜਿਹੜਾ ਨਿਰੰਕਾਰੀ ਚੀਫ ਦਾ ਸਿਰ ਵੱਡ ਕੇ ਲਿਆਵੇਗਾ ਉਸ ਨੂੰ ਸਨਮਾਨਿਆ ਜਾਵੇਗਾ। ਤੁਹਾਡੇ ਲੀਡਰ ਪਾਕਿਸਤਾਨੀ ਸਫੀਰਜ਼ ਨੂੰ ਪਾਕਿਸਤਾਨ ਜਾ ਕੇ ਮਿਲਦੇ ਰਹੇ ਹਨ। ਮੈਂ ਕਿਸੇ ਅਕਾਲੀ ਲੀਡਰ ਦਾ ਨਾਂ ਨਹੀਂ ਲੈਣਾ ਚਾਹੁੰਦਾ। ਤੁਸੀਂ ਮੁਲਜ਼ਮਾਂ ਨੂੰ ਪਨਾਹ ਕਿਉਂ ਦਿੰਦੇ ਹੋ ? ਤੁਸੀਂ ਆਪਣੇ ਆਪ ਨੂੰ ਮੁਲਜ਼ਮਾਂ ਦੇ ਕਟਹਰੇ ਵਿੱਚ ਖੁਦ ਖੜ੍ਹਾ ਕਰ ਲਿਆ ਹੈ ਅਤੇ ਹੁਣ ਤੁਸੀਂ ਪਛਤਾ ਰਹੇ ਹੋ।

ਡਿਪਟੀ ਸਪੀਕਰ ਸਾਹਿਬ, ਪੁਲਿਸ ਐਡਮਨਿਸਟਰੇਸ਼ਨ ਵਿੱਚ ਕੁਝ ਮੁਸ਼ਕਲਾਤਾਂ ਹਨ । ਇਕ ਤਾਂ ਥਾਣੇ ਬਹੁਤ ਛੋਟੇ ਹਨ। ਇਨ੍ਹਾਂ ਵਿੱਚ ਪਬਲਿਕ ਲਈ ਬੈਠਣ ਵਾਸਤੇ ਥਾਂ ਨਹੀਂ ਹੈ ਅਤੇ ਨਾ ਹੀ ਪੁਲਿਸ ਦੇ ਰਹਿਣ ਵਾਸਤੇ ਥਾਂ ਹੈ। ਇਸ ਲਈ ਤੁਸੀਂ ਇਨ੍ਹਾਂ ਥਾਣਿਆਂ ਨੂੰ ਮਾਡਰੇਨਾਈਜ਼ ਕਰੋ ਤਾਕਿ ਪਬਲਿਕ ਨੂੰ ਸਹੂਲਤ ਮਿਲ ਸਕੇ । ਦੂਜਾ, ਪੁਲਿਸ ਲਈ ਥਾਣਿਆਂ ਵਿੱਚ ਸਟੇਸ਼ਨਰੀ, ਪੈਨਸਿਲਾਂ 1926 ਦੇ ਵਕਤ ਦੀਆਂ ਹੀ ਚਲੀਆਂ ਆ ਰਹੀਆਂ ਹਨ। ਇਸ ਦੇ ਬਜਟ ਨੂੰ ਵਧਾ ਦੇਣਾ ਚਾਹੀਦਾ ਹੈ। ਜਦੋਂ ਪੁਲਿਸ ਵਾਲੇ ਕਿਸੇ ਮੁਲਜ਼ਮ ਦੇ ਘਰ ਰੇਡ ਕਰਦੇ ਹਨ ਅਤੇ ਉਸ ਪੁਲਿਸ ਅਫ਼ਸਰ ਦੇ ਖਿਲਾਫ ਇਸਤਗਾਸਾ ਬਣ ਜਾਵੇ ਤਾਂ ਉਹ ਨੂੰ ਆਪਣਾ ਕੇਸ ਆਪ ਲੜਨਾ ਪੈਂਦਾ ਹੈ ਜਦ ਕਿ ਇਸ ਤਰ੍ਹਾਂ ਦੇ ਕੇਸ ਸਰਕਾਰ ਨੂੰ ਖੁਦ ਲੜਨਾ ਚਾਹੀਦਾ ਹੈ। ਜੇਕਰ ਕਿਸੇ ਪੁਲਿਸ ਅਫ਼ਸਰ ਦੇ ਖਿਲਾਫ ਕੇਸ ਬਣਾਉਣ ਦੇ ਦੋਸ਼ ਵਿੱਚ ਕੋਰਟ ਕੋਈ ਸਟਰਿਕਚਰ ਪਾਸ ਕਰ ਦੇਵੇ ਅਤੇ ਇਲਜ਼ਾਮ ਸਾਬਤ ਹੋ ਜਾਵੇ ਤਾਂ ਉਸ ਕੇਸ ਵਿੱਚ ਉਸ ਪੁਲਿਸ ਅਫ਼ਸਰ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਜਦੋਂ ਕੋਈ ਸਿਪਾਹੀ ਲਾਈਨਜ਼ ਵਿਚ ਤਬਦੀਲ ਹੋ ਜਾਂਦਾ ਹੈ ਤਾਂ ਉਸ ਦਾ ਸਾਈਕਲ ਅਲਾਊਂਸ ਬੰਦ ਹੋ ਜਾਂਦਾ ਹੈ, ਇਸ ਅਲਾਊਂਸ ਨੂੰ ਬੰਦ ਨਹੀਂ ਕਰਨਾ ਚਾਹੀਦਾ। ਆਮ ਤੌਰ ਤੇ ਇਕ ਰਵਾਇਤ ਬਣਦੀ

Original with;
Punjab Vidhan Sabha
Digitized by;
Panjab Digital Library

ਜਾ ਰਹੀ ਹੈ ਕਿ ਪੁਲਿਸ ਅਫ਼ਸਰ 10--15 ਸਾਲ ਤਕ ਇਕ ਹੀ ਸਟੇਸ਼ਨ ਤੇ ਰਹਿਣਾ ਪਸੰਦ ਕਰਦੇ ਹਨ। ਇਸ ਦੇ ਨਾਲ ਕੁਰੱਪਸ਼ਨ ਨੂੰ ਬੜ੍ਹਾਵਾ ਮਿਲਦਾ ਹੈ। ਇਸ ਲਈ ਕਿਸੇ ਵੀ ਪੁਲਿਸ ਅਫ਼ਸਰ ਨੂੰ 3 ਸਾਲ ਤੋਂ ਵੱਧ ਇਕ ਸਟੇਸ਼ਨ ਤੇ ਨਹੀਂ ਰਹਿਣ ਦੇਣਾ ਚਾਹੀਦਾ। ਕੁਝ ਅਫ਼ਸਰ ਮੈਂ ਦੇਖਦਾ ਹਾਂ ਕਿ ਅੰਮ੍ਰਿਤਸਰ ਵਿੱਚ ਲਗੇ ਅਤੇ ਉਥੇ ਹੀ ਰਿਟਾਇਰ ਹੋ ਰਹੇ ਹਨ। ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ। ਇਮਾਨਦਾਰ ਪੁਲਿਸ ਅਫ਼ਸਰ ਨੂੰ ਬੇਸ਼ਕ ਸਟੇਅ ਇਕ ਥਾਂ ਜ਼ਿਆਦਾ ਹੋ ਜਾਵੇ ਪਰ ਕਿਸੇ ਹੋਰ ਅਫ਼ਸਰ ਨੂੰ ਇਕ ਸੀਟ ਤੇ ਵੱਧ ਸਮਾਂ ਨਹੀਂ ਰਹਿਣ ਦੇਣਾ ਚਾਹੀਦਾ ਅਤੇ ਇਕ ਦੂਜੇ ਨਾਲ ਸੀਟਾਂ ਇੰਟਰਚੇਂਜ ਕਰ ਦੇਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਕੁਰੱਪਸ਼ਨ ਰੁਕੇਗੀ। ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

ਜਨਰਲ ਐਡਮਨਿਸਟ੍ਰੇਸ਼ਨ ਵਿਚ ਇਕਾਨੋਮੀ ਦੀ ਲੋੜ ਹੈ ਪਰ ਕੁਝ ਅਫ਼ਸਰ ਮੈਂ ਦੇਖਿਆ ਹੈ ਕਿ ਉਹ ਆਪਣੇ ਦਫ਼ਤਰਾਂ ਨੂੰ ਬੜੀ ਖੂਬਸੂਰਤੀ ਨਾਲ ਅਤੇ ਸਜਾਵਟ ਵਾਲੇ ਬਣਾਉਂਦੇ ਹਨ ਅਤੇ ਮਹਿੰਗੇ ਮਹਿੰਗੇ ਬਗੀਚੇ, ਪਰਦੇ ਆਦਿ ਲਗਾਏ ਜਾਂਦੇ ਹਨ ਜਦ ਕਿ ਇਹ ਪੈਸਾ ਇਕੋਨੋਮੀ ਕਰਕੇ ਅਸੀਂ ਥੀਨ ਡੈਮ, ਪਾਵਰ ਪਲਾਂਟ ਤੇ ਲਗਾ ਸਕਦੇ ਹਾਂ। ਸਰਕਾਰ ਨੂੰ ਇਨ੍ਹਾਂ ਫਜ਼ੂਲ ਖਰਚੀਆਂ ਤੇ ਚੈਕ ਰੱਖਣਾ ਚਾਹੀਦਾ ਹੈ,। ਆਮ ਤੌਰ ਤੇ ਪਬਲਿਕ ਸੈਕਟਰ ਦੀਆਂ ਕਾਰਪੋਰੇਸ਼ਨਾਂ ਵਿੱਚ ਇਹ ਖਰਚ ਹੋ ਰਿਹਾ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਅਕਾਲੀ ਪਾਰਟੀ ਨੂੰ ਬੇਨਤੀ ਕਰਾਂਗਾ ਕਿ ਉਹ ਗੁਰੂ ਸਾਹਿਬਾਨ ਦੀ ਤਾਲੀਮ ਤੇ, ਪਰਚਾਰ ਤੇ ਅਮਲ ਕਰਨ ਅਤੇ ਲੋਕਾਂ ਤੇ ਤਸ਼ੱਦਦ ਕਰਨ ਵਾਲੀ ਗੱਲ ਨੂੰ ਛੱਡ ਦੇਣ ਅਤੇ ਮੁਲਜ਼ਮਾਂ ਨੂੰ ਪਨਾਹ ਨਾ ਦੇਣ। ਇਸ ਦੇ ਨਾਲ ਹੀ ਮੇਰੀ ਬੇਨਤੀ ਹੈ ਕਿ ਇਨ੍ਹਾਂ ਡੀਮਾਂਡਜ਼ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

ਸਰਦਾਰ ਮੇਜਰ ਸਿੰਘ ਉਬੋਕੇ (ਵਲਟੋਹਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਤਿੰਨ ਡੀਮਾਂਡਾਂ ਤੇ ਬੋਲਣ ਲਈ ਵਕਤ ਦਿੱਤਾ ਹੈ। ਇਨ੍ਹਾਂ ਮੰਗਾਂ ਤੇ ਅੱਜ ਤੋਂ 6 ਸਾਲ ਪਹਿਲਾਂ ਯਾਨੀ 1975-76 ਵਿੱਚ ਖਰਚ 20 ਕਰੋੜ ਰੁਪਿਆ ਹੋਇਆ ਕਰਦਾ ਸੀ ਪਰ ਹੁਣ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਇਸ ਤੇ 47 ਕਰੋੜ ਰੁਪਿਆ ਹੋ ਗਿਆ ਹੈ ਯਾਨੀ ਪਬਲਿਕ ਦਾ ਪੈਸਾ ਇਸ ਤੇ ਢਾਈ ਗੁਣਾ ਵਧਾ ਦਿੱਤਾ ਹੈ। ਇਹ ਡੀਮਾਂਡਜ਼ ਪੁਲਿਸ, ਜਨਰਲ ਐਡਮਨਿਸਟਰੇਸ਼ਨ ਅਤੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਦੀਆਂ ਹਨ। ਇਹ ਢਾਈ ਗੁਣਾ ਖਰਚਾ ਲੋਕਾਂ ਤੇ ਟੈਕਸ ਲਗਾ ਕੇ ਵਧਾਇਆ ਗਿਆ ਹੈ। ਇਹ ਟੈਕਸ ਮਜ਼ਦੂਰਾਂ, ਖੱਖਾਂ ਦੀਆਂ ਸਿਰੀਆਂ ਨੱਪਣ ਵਾਲਿਆਂ ਤੇ ਲੱਗਾ ਹੈ। ਇਸ ਰੁਪਏ ਨਾਲ ਛੋਟੇ ਵੱਡੇ ਪੁਲਿਸ ਅਫ਼ਸਰਾਂ ਦੇ ਝੋਂਡ ਭਰਨਗੇ। ਡਿਪਟੀ ਸਪੀਕਰ ਸਾਹਿਬ, ਸਿਵਿਲ ਸੈਕਰੇਟੇਰੀਏਟ ਵਿੱਚ ਵੱਧ ਖਰਚ ਹੋ ਰਿਹਾ ਹੈ। ਚੀਫ ਸੈਕਟਰੀ ਅਤੇ ਕਿਤਨੇ ਹੀ ਫਾਈਨਾਂਸ਼ਲ ਕਮਿਸ਼ਨਰ ਅਤੇ ਸੈਕਟਰੀਜ਼ ਹਨ। ਵਾਧੂ ਪੋਸਟਾਂ ਕਰੀਏਟ ਕੀਤੀਆਂ ਹੋਈਆਂ ਹਨ। ਇਸ ਦਾ ਸਾਰਾ ਭਾਰ ਗਰੀਬ ਲੋਕਾਂ ਤੇ ਪੈਂਦਾ ਹੈ। ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੀਆਂ ਨਵੀਆਂ ਪੋਸਟਾਂ ਕਰੀਏਟ ਕੀਤੀਆਂ ਗਈਆਂ ਹਨ। ਬਹੁਤ ਸਾਰੇ ਅਫ਼ਸਰ ਦਿੱਲੀ ਟੂਰ ਤੇ ਜਾਂਦੇ ਹਨ ਅਤੇ ਕਾਰਾਂ ਵਿੱਚ ਸਰਕਾਰ ਦਾ ਪੈਟਰੋਲ ਦਾ ਬੜਾ ਖਰਚ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਦੇਸ਼ ਨੂੰ ਅਰਬਾਂ ਰੁਪਏ ਦਾ ਤੇਲ ਬਾਹਰੋਂ ਖਰੀਦਣਾ ਪੈਂਦਾ ਹੈ। ਸਰਕਾਰੀ ਅਫ਼ਸਰ ਪੈਟਰੋਲ ਤੇ ਬਹੁਤ ਜ਼ਿਆਦਾ ਨਾਜਾਇਜ਼ ਪੈਸਾ ਖਰਚ ਕਰ ਰਹੇ ਹਨ। ਫੌਜ ਵਿੱਚ ਵੀ ਪੈਟਰੋਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੇਸਰ ਸਿੰਘ ਉਬੋਕੇ]

ਦੀ ਰਾਸ਼ਨਿੰਗ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਸਿਵਿਲ ਸਕੱਤਰੇਤ ਦੇ ਅਫ਼ਸਰ ਕਾਰਾਂ ਵਿੱਚ ਪੈਟਰੋਲ ਨਹੀਂ ਫੂਕਦੇ ਬਲਕਿ ਗਰੀਬਾਂ ਦਾ ਖੂਨ ਪੀਂਦੇ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਅਫ਼ਸਰਾਂ ਤੇ ਕੰਟਰੋਲ ਕਰਨ ਅਤੇ ਤੇਲ ਦੀ ਬੱਚਤ ਕਰਨ। ਜੋ ਵਾਧੂ ਪੋਸਟਾਂ ਸਿਵਿਲ ਸਕੱਤਰੇਤ ਵਿੱਚ ਕਰੀਏਟ ਕੀਤੀਆਂ ਗਈਆਂ ਹਨ, ਉਸ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਦਾ ਫਜ਼ੂਲ ਖਰਚਾ ਹੋ ਰਿਹਾ ਹੈ। ਜਿਹੜੇ ਅਫ਼ਸਰ ਸਰਦੀ ਔਰ ਗਰਮੀ ਨਹੀਂ ਸਹਾਰ ਸਕਦੇ ਉਨ੍ਹਾਂ ਅਫ਼ਸਰਾਂ ਦੀ ਕੋਈ ਲੋੜ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਅਫ਼ਸਰ ਆਪਣੀ ਇੱਕ ਅਲੱਗ ਕਲਾਸ ਪੈਦਾ ਕਰ ਰਹੇ ਹਨ। ਉਨ੍ਹਾਂ ਅਫ਼ਸਰਾਂ ਨੂੰ ਗਰਮੀਆਂ ਵਿੱਚ ਕੂਲਰ ਚਾਹੀਦੇ ਹਨ ਅਤੇ ਸਰਦੀਆਂ ਵਿਚ ਹੀਟਰ ਚਾਹੀਦੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਉਨ੍ਹਾਂ ਅਫ਼ਸਰਾਂ ਨੂੰ ਖੇਤਾਂ ਵਿੱਚ ਕੰਮ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ ਤਾਕਿ ਉਨ੍ਹਾਂ ਨੂੰ ਪਤਾ ਲਗ ਸਕੇ ਕਿ ਗਰੀਬ ਕਿਸਾਨ ਕਿਸ ਤਰ੍ਹਾਂ ਖੇਤਾਂ ਵਿਚ ਕੰਮ ਕਰਦੇ ਹਨ ਅਤੇ ਪਿੰਡਾਂ ਵਿਚ ਗਰੀਬ ਲੋਕ ਕਿਸ ਤਰ੍ਹਾਂ ਗਰਮੀ ਸਰਦੀ ਦੀ ਪਰਵਾਹ ਨਾ ਕਰਦੇ ਹੋਏ, ਕੰਮ ਕਰਦੇ ਹਨ। ਜੇਕਰ ਉਹ ਅਫ਼ਸਰ ਪਿੰਡਾਂ ਵਿਚ ਜਾ ਕੇ ਕੰਮ ਕਰਨਗੇ ਤਾਂ ਉਹ ਮਜ਼ਬੂਤ ਹੋਣਗੇ। ਸੀ.ਐਮ. ਸਾਹਿਬ ਸਾਹਮਣੇ ਬੈਠੇ ਹਨ। ਮੈਂ ਉਨ੍ਹਾਂ ਨੂੰ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਾਂਗਾ ਕਿ ਅਫ਼ਸਰਾਂ ਨੂੰ ਬਸਾਂ ਵਿੱਚ ਡਿਸਟ੍ਰਿਕਟ ਵਿੱਚ ਜਾਣਾ ਚਾਹੀਦਾ ਹੈ। ਡਿਸਟ੍ਰਿਕਟਸ ਵਿਚ ਜਾ ਕੇ ਬੇਸ਼ਕ ਅਗੇ ਤੁਹਨ ਫਿਰਨ ਲਈ ਜੀਪਾਂ ਉਥੋਂ ਡਿਸਟ੍ਰਿਕਟਸ ਵਿਚੋਂ ਲੈ ਲੈਣ। ਸਾਨੂੰ, ਡਿਪਟੀ ਸਪੀਕਰ ਸਾਹਿਬ, ਪਿਛਲੇ ਜ਼ਮਾਨੇ ਦੇ ਮੁਤਾਬਿਕ ਚਲਣਾ ਚਾਹੀਦਾ ਹੈ। ਜਿਸ ਤਰ੍ਹਾਂ ਪਹਿਲਾਂ ਅਫ਼ਸਰ ਭੇਸ ਬਦਲ ਕੇ ਡਿਸਟ੍ਰਿਕਟਸ ਵਿੱਚ ਅਤੇ ਹੋਰ ਥਾਵਾਂ ਤੇ ਛਾਪਾ ਮਾਰਿਆ ਕਰਦੇ ਸਨ, ਉਸੇ ਤਰ੍ਹਾਂ ਹੀ ਹੁਣ ਵੀ ਅਫ਼ਸਰਾਂ ਨੂੰ ਭੇਸ ਬਦਲ ਕੇ ਹੇਠਾਂ ਫੀਲਡ ਵਿੱਚ ਛਾਪਾ ਮਾਰਨਾ ਚਾਹੀਦਾ ਹੈ ਤਾਕਿ ਐਡਮਿਨਿਸਟਰੇਸ਼ਨ ਵਿੱਚ ਕੁਝ ਸੁਧਾਰ ਆ ਸਕੇ। ਡਿਪਟੀ ਸਪੀਕਰ ਸਾਹਿਬ, ਅਫ਼ਸਰਾਂ ਨੇ ਅਰਿਸਟੋਕਰੇਸੀ ਪੈਦਾ ਕੀਤੀ ਹੋਈ ਹੈ। ਪੰਜਾਬ ਸਰਕਾਰ ਦਾ ਅਫ਼ਸਰਾਂ ਤੇ ਨਾਜਾਇਜ਼ ਖਰਚਾ ਹੋ ਰਿਹਾ ਹੈ ਔਰ ਇਹ ਸਾਰਾ ਬੋਝ ਗਰੀਬਾਂ ਤੇ ਪੈਂਦਾ ਹੈ। ਗਰੀਬਾਂ ਤੇ ਟੈਕਸ ਲਗ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਗਰੀਬ ਆਦਮੀ ਵਜ਼ੀਰ ਸਾਹਿਬ ਕੋਲ ਤਾਂ ਆ ਕੇ ਆਪਣੀ ਗੱਲ ਦਸ ਸਕਦਾ ਹੈ ਪਰ ਗਰੀਬ ਆਦਮੀ ਦੀ ਕਿਸੇ ਅਫ਼ਸਰ ਕੋਲ ਜਾ ਕੇ ਦੱਸਣ ਦੀ ਜੁਰਤ ਨਹੀਂ ਪੈਂਦੀ। ਗਰੀਬ ਆਦਮੀ ਕਿਸੇ ਅਫ਼ਸਰ ਕੋਲ ਜਾ ਕੇ ਆਪਣਾ ਦੁੱਖ ਨਹੀਂ ਦੱਸ ਸਕਦਾ। ਡਿਪਟੀ ਸਪੀਕਰ ਸਾਹਿਬ, ਅਫ਼ਸਰਾਂ ਨੂੰ ਗਰੀਬਾਂ ਨਾਲ ਬਿਲਕੁਲ ਹਮਦਰਦੀ ਨਹੀਂ ਹੈ। ਮੈਂ ਸੀ.ਐਮ. ਸਾਹਿਬ ਨੂੰ ਮਿਸਾਲ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਅਸੀਂ ਕੱਲ ਦੇਸ਼ ਭਗਤੀ ਦਾ, ਸ਼ਹੀਦੀ ਦਾ ਦਿਨ ਮੰਨਾਇਆ। ਕੱਲ ਅਸੀਂ ਸ਼ਹੀਦਾਂ ਨੂੰ, ਜਿਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਅਤੇ ਫਾਂਸੀ ਤੇ ਚੜ੍ਹੇ, ਪਰਣਾਮ ਕੀਤਾ। ਡਿਪਟੀ ਸਪੀਕਰ ਸਾਹਿਬ, ਮੇਰੇ ਜ਼ਿਲੇ ਦੇ ਚਾਰ ਸ਼ਹੀਦਾਂ ਦੇ ਕੇਸ ਹਨ। ਪਹਿਲਾ, ਸਰਦਾਰ ਚੰਨਣ ਸਿੰਘ ਪੁੱਤਰ ਬਹਾਲ ਸਿੰਘ, ਪਿੰਡ ਬੂੜਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਨੂੰ ਲਾਹੌਰ ਵਿੱਚ 1916 ਵਿਚ ਫਾਂਸੀ ਤੇ ਚੜ੍ਹਾਇਆ ਗਿਆ ਅਤੇ ਉਸ ਦੀ ਜਾਇਦਾਦ ਜ਼ਬਤ ਕੀਤੀ ਗਈ। ਦੂਜਾ, ਸ੍ਰੀ ਕਾਲਾ ਸਿੰਘ, ਪੁੱਤਰ ਸਰਮੁਖ ਸਿੰਘ, ਪਿੰਡ ਜਗਤਪੁਰਾ , ਤਹਿਸੀਲ ਤਰਨਤਾਰਨ, ਨੂੰ ਫਾਂਸੀ ਤੇ ਚੜ੍ਹਾਇਆ ਗਿਆ ਅਤੇ ਉਸ ਦੀ ਜਾਇਦਾਦ ਨਿਲਾਮ ਕੀਤੀ ਗਈ। ਡਿਪਟੀ ਸਪੀਕਰ ਸਾਹਿਬ, ਲਾਹੌਰ ਸਾਜਿਸ਼ ਕੇਸ ਵਿੱਚ ਸ੍ਰੀ ਖੁਸ਼ਹਾਲ ਸਿੰਘ, ਪੁੱਤਰ ਸੁਚੇਤ ਸਿੰਘ, ਪਿੰਡ ਪੱਧਰੀਕਲਾਂ, ਤਹਿਸੀਲ ਤਰਨਤਾਰਨ

Original with;
Punjab Vidhan Sabha
Digitized by;
Panjab Digital Library

ਨੂੰ ਉਮਰ ਕੈਦ ਕੀਤਾ ਗਿਆ ਅਤੇ ਉਸ ਦੀ ਜਾਇਦਾਦ ਜ਼ਬਤ ਕੀਤੀ ਗਈ। ਡਿਪਟੀ ਸਪੀਕਰ ਸਾਹਿਬ, ਸਰਦਾਰ ਬਖਸ਼ੀਸ਼ ਸਿੰਘ, ਪਿੰਡ ਮਿਲਵਾਲੀ, ਤਹਿਸੀਲ ਅੰਮ੍ਰਿਤਸਰ, ਨੂੰ ਫਾਂਸੀ ਤੇ ਚੜ੍ਹਾਇਆ ਗਿਆ ਤੇ ਉਸ ਦੀ ਜਾਇਦਾਦ ਜ਼ਬਤ ਕੀਤੀ ਗਈ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਅਕਾਲੀ ਪਾਰਟੀ ਅਤੇ ਕਾਂਗਰਸ ਪਾਰਟੀ ਨੇ ਇਕੱਠਿਆ ਹੀ ਕੰਮ ਕੀਤਾ ਕਿਉਂਕਿ ਸਾਰਿਆਂ ਦਾ ਮਕਸਦ ਇਕੋ ਸੀ ਕਿ ਇਥੋਂ ਅੰਗਰੇਜ਼ਾਂ ਨੂੰ ਕੱਢਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਸਿੱਖਾਂ ਨੇ ਆਜ਼ਾਦੀ ਲੈਣ ਵਿੱਚ ਬਹੁਤ ਜ਼ਿਆਦਾ ਹਿੱਸਾ ਪਾਇਆ।

ਮਾਸਟਰ ਚੰਦ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਮੇਜਰ ਸਿੰਘ ਉਬੋਕੇ : ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੀਆਂ ਦਰਖਾਸਤਾਂ 1952 ਤੋਂ ਸਕੱਤਰੇਤ ਵਿਚ ਰੁਲ ਰਹੀਆਂ ਹਨ। ਉਨਾਂ ਦਰਖਾਸਤਾਂ ਦੀ ਕੋਈ ਪੁੱਛ-ਪੜਤਾਲ ਨਹੀਂ ਹੋ ਰਹੀ। ਅਗਰ ਕੋਈ ਕਿਸੇ ਕੇਸ ਵਿਚ ਜਵਾਬ ਦਿੱਤਾ ਗਿਆ ਹੈ ਤਾਂ ਉਰ ਵੀ ਅੰਗਰੇਜ਼ੀ ਵਿੱਚ ਪਿੰਡ ਵਾਲਿਆਂ ਨੂੰ ਜਵਾਬ ਦਿੱਤਾ ਗਿਆ ਹੈ। ਪਿੰਡ ਵਾਲੇ ਅੰਗਰੇਜ਼ੀ ਪੜ੍ਹ ਨਹੀਂ ਸਕਦੇ। ਡਿਪਟੀ ਸਪੀਕਰ ਸਾਹਿਬ, ਕਾਂਸ਼ੀ ਰਾਮ ਰੋਪੜ ਜ਼ਿਲ੍ਹੇ ਦਾ ਹੈ। ਉਸ ਦੀ ਜ਼ਮੀਨ ਜ਼ਬਤ ਕੀਤੀ ਗਈ ਹੈ, ਕਾਂਸ਼ੀ ਰਾਮ ਬੜਾ ਮਸ਼ਹੂਰ ਹੈ। ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਸਰਕਾਰ ਨੇ ਉਸਦੀ ਜ਼ਮੀਨ ਵਾਪਿਸ ਨਹੀਂ ਕੀਤੀ ਅਤੇ ਨਾ ਹੀ ਪੈਨਸ਼ਨਾਂ ਲਗੀਆਂ ਹਨ। ਡਿਪਟੀ ਸਪੀਕਰ ਸਾਹਿਬ, ਉਨਾਂ ਦੇ ਕਾਗਜ਼ ਸਕੱਤਰੇਤ ਵਿਚ ਰੁਲ ਰਹੇ ਹਨ। ਜਿਹੜੇ ਫਾਂਸੀ ਦੇ ਤਖਤੇ ਤੇ ਚੜ੍ਹੇ ਹਨ, ਉਨ੍ਹਾਂ ਦੇ ਪਰਿਵਾਰਾਂ ਦੀ ਬੁਰੀ ਹਾਲਤ ਹੈ। ਉਨ੍ਹਾਂ ਨੂੰ ਸਰਕਾਰ ਨੇ ਪੈਨਸ਼ਨ ਤਾਂ ਕੀ ਦੇਣੀ ਹੈ ਸਗੋਂ ਉਨ੍ਹਾਂ ਦੀਆਂ ਜ਼ਮੀਨਾਂ ਕੁਰਕ ਕੀਤੀਆਂ ਗਈਆਂ ਹਨ। ਉਨ੍ਹਾਂ ਦੀਆਂ ਜਾਇਦਾਦਾਂ ਨਿਲਾਮ ਕੀਤੀਆਂ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਪਿੰਡ ਦਾਉਕੇ ਗਿਆ ਸੀ। ਉਥੇ ਕੀ ਹੋਇਆ ਹੈ? ਉਸ ਬਾਰੇ ਅਜੇ ਮੈਂ ਨਹੀਂ ਦੱਸਦਾ ਕਿਉਂਕਿ ਅਜੇ ਸਾਡੇ ਸਾਥੀਆਂ ਨੇ ਬੈਠ ਕੇ ਰਿਪੋਰਟ ਤਿਆਰ ਕਰਨੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਸਕੱਤਰੇਤ ਵਲੋਂ ਅੰਗਰੇਜ਼ੀ ਵਿਚ ਜਵਾਬ ਆਉਂਦਾ ਹੈ। ਉਹ ਪਿੰਡ ਵਾਲਿਆਂ ਨੂੰ ਜਾਂ ਡਿਸਟ੍ਰਿਕਟ ਵਿੱਚ ਪੰਜਾਬੀ ਵਿੱਚ ਜਵਾਬ ਨਹੀਂ ਦਿੰਦੇ। ਡਿਪਟੀ ਸਪੀਕਰ ਸਾਹਿਬ, ਹਾਲਾਂ ਕਿ 1967 ਤੋਂ ਪੰਜਾਬ ਵਿਚ ਪੰਜਾਬੀ ਲਾਗੂ ਹੋ ਗਈ ਸੀ। ਪੰਜਾਬੀ ਲਾਗੂ ਹੋਏ ਨੂੰ ਅੱਜ ਕਿਤਨੇ ਸਾਲ ਹੋ ਗਏ ਹਨ ਪਰ ਇਹ ਅੰਗਰੇਜ਼ੀ ਵਿਚ ਹੀ ਜਵਾਬ ਦਿੰਦੇ ਹਨ। ਹਿੰਦੁਸਤਾਨ ਦੀ ਗੌਰਮਿਟ ਨੂੰ ਬੇਸ਼ਕ ਅੰਗਰੇਜ਼ੀ ਵਿਚ ਚਿੱਠੀ ਪੱਤਰ ਲਿਖ ਦਿਆ ਕਰਨ ਪਰ ਪਿੰਡ ਵਾਲਿਆਂ ਨੂੰ ਅਤੇ ਡਿਸਟ੍ਰਿਕਟ ਵਾਲਿਆਂ ਨੂੰ ਚਿੱਠੀ ਪੰਜਾਬੀ ਵਿਚ ਸਕੱਤਰੇਤ ਵਲੋਂ ਲਿਖਣੀ ਚਾਹੀਦੀ ਹੈ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਹ ਹਦਾਇਤ ਕਰਨ ਕਿ ਸਾਰਾ ਕੰਮ ਪੰਜਾਬੀ ਵਿਚ ਕਰਿਆ ਕਰਨ ਅਤੇ ਹੇਠਲੇ ਪੱਧਰ ਤੇ ਪਿੰਡਾਂ ਵਿਚ ਪੰਜਾਬੀ ਵਿੱਚ ਚਿੱਠੀ ਪੱਤਰ ਲਿਖਿਆ ਕਰਨ ਤਾਕਿ ਪਿੰਡ ਵਾਲਿਆਂ ਨੂੰ ਸਮਝ ਆ ਸਕੇ ਅਤੇ ਉਹ ਚਿੱਠੀ ਦਾ ਜਵਾਬ ਦੇ ਸਕਣ।

Sardar Jagdev Singh Jassowal : Charity begins at home. ਇਨ੍ਹਾਂ ਨੂੰ ਕਹੋ ਕਿ ਵਿਧਾਨ ਸਭਾ ਵਿਚ ਆਉਣ ਤੋਂ ਪਹਿਲਾਂ ਰਜਿਸਟਰ ਵਿਚ ਦਸਖਤ ਪੰਜਾਬੀ ਵਿੱਚ ਕਰਿਆ ਕਰਨ। (ਥੰਪਿੰਗ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਮੇਜਰ ਸਿੰਘ ਉਬੋਕੇ : ਮੇਰੇ ਦਸਖਤ ਪੰਜਾਬੀ ਵਿਚ ਹੀ ਹਨ। (ਵਿਘਨ) ਪਿੰਡਾਂ ਦੇ ਲੋਕਾਂ ਨੂੰ ਅੰਗਰੇਜ਼ੀ ਵਿਚ ਚਿੱਠੀਆਂ ਜਾਂਦੀਆਂ ਹਨ। ਰਾਜ ਭਾਗ ਤੁਹਾਡਾ ਹੈ। ਜੇਕਰ ਤੁਹਾਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਤਾਂ ਤੁਹਾਡੀ ਮਰਜ਼ੀ ਹੈ। ਸੀ. ਐਮ. ਸਾਹਿਬ ਬੈਠੇ ਹਨ, ਅਗਰ ਪਿੰਡਾਂ ਦੇ ਅਨਪੜ੍ਹ ਲੋਕਾਂ ਨੂੰ ਅੰਗਰੇਜ਼ੀ ਵਿਚ ਚਿੱਠੀਆਂ ਜਾਣੀਆਂ ਹਨ ਤਾ ਫਿਰ ਇਹ ਉਨ੍ਹਾਂ ਦੀ ਤਕਲੀਫ ਨੂੰ ਆਪ ਹੀ ਮਹਿਸੂਸ ਕਰ ਲੈਣ। ਜੋ ਚਿੱਠੀਆਂ ਅੰਗਰੇਜ਼ੀ ਵਿਚ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਜਾਂਦੀਆਂ ਹਨ ਉਹ ਮੇਰੇ ਕੋਲ ਹਨ, ਅਗਰ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਇਨ੍ਹਾਂ ਨੂੰ ਦਿਖਾ ਸਕਦਾ ਹਾਂ। ਉਨ੍ਹਾਂ ਦੇਸ਼ ਭਗਤਾਂ ਨਾਲ ਸਕੱਤਰੇਤ ਪੱਧਰ ਤੋਂ ਇਸ ਕਿਸਮ ਦਾ ਵਿਹਾਰ ਹੋ ਰਿਹਾ ਹੈ। ਇੱਕ ਅਮਰ ਸਿੰਘ ਕਾਦੀਆਂ ਇਥੇ ਆਏ ਸੀ। ਉਨ੍ਹਾਂ ਨੇ ਕਿਹਾ ਕਿ ਤਾਮਰ ਪੱਤਰ ਮੇਰੇ ਕੋਲ ਹੈ। ਪਰ ਉਨ੍ਹਾਂ ਨੂੰ ਕਿਸੇ ਨੇ ਉਪਰ ਨਹੀਂ ਚੜ੍ਹਨ ਦਿਤਾ। (ਵਿਘਨ)

ਸ਼੍ਰੀ ਰਾਮ ਸਰੂਪ ਬਾਗੀ : ਆਨ ਏ ਪੁਆਇੰਟ ਆਫ ਆਰਡਰ ਸਰ। ਇਨ੍ਹਾਂ ਦੇ ਕੁਝ ਬੰਦਿਆਂ ਨੂੰ ਤਾਮਰ ਪੱਤਰ ਮਿਲੇ ਹਨ ਜਿਨ੍ਹਾਂ ਨੇ ਕੋਈ ਜੇਲ ਨਹੀਂ ਕੱਟੀ ਔਰ ਲੋਕਾਂ ਦੀਆਂ ਜੇਬਾਂ ਕੱਟੀਆਂ ਹਨ। (ਵਿਘਨ)

ਸਰਦਾਰ ਮੇਜਰ ਸਿੰਘ ਉਬੋਕੇ : ਇਨ੍ਹਾਂ ਨੂੰ ਪਤਾ ਹੈ ਜਿਨ੍ਹਾਂ ਨੂੰ ਤਾਮਰ ਪੱਤਰ ਦਿੱਤੇ ਗਏ ਹਨ।

5.30 ਸ਼ਾਮ (ਇਸ ਸਮੇਂ ਸ਼੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਸ਼੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ਜੀ। ਸੀ. ਐਮ. ਸਾਹਿਬ ਨੇ ਜਵਾਬ ਦੇਣਾ ਹੈ।

ਸਰਦਾਰ ਮੇਜਰ ਸਿੰਘ ਉਬੋਕੇ : ਮੈਂ ਕੋਈ ਪਾਰਟੀਬਾਜ਼ੀ ਦੀ ਗੱਲ ਨਹੀਂ ਕਰਨੀ। ਜੋ ਲੋਕਾਂ ਦੀਆਂ ਜਾਇਜ਼ ਤਕਲੀਫਾਂ ਹਨ ਉਹ ਹੀ ਇਨ੍ਹਾਂ ਦੇ ਨੋਟਿਸ ਵਿਚ ਲਿਆਉਣੀਆਂ ਹਨ। ਮੈਂ ਸਵਾਲ ਇਨ੍ਹਾਂ ਨੂੰ ਕੀਤਾ ਸੀ ਕਿ ਇਹ ਚਾਰ ਆਦਮੀ ਹਨ। ਕੀ ਇਨ੍ਹਾਂ ਦੀਆਂ ਜਾਇਦਾਦਾਂ 1915-16 ਵਿੱਚ ਸਰਕਾਰ ਨੇ ਕੁਰਕ ਕੀਤੀਆਂ ਸਨ? ਕੀ ਇਹ ਆਜ਼ਾਦੀ ਦੀ ਲਹਿਰ ਵਿਚ ਸ਼ਹੀਦ ਹੋਏ ਸਨ? ਇਨ੍ਹਾਂ ਬਾਰੇ ਸਰਕਾਰ ਕੀ ਕਰ ਰਹੀ ਹੈ? ਬੜੇ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਦਾ ਜਵਾਬ ਆਇਆ ਕਿ ਇਹ 1915-16 ਦੀ ਪੁਰਾਣੀ ਗੱਲ ਹੈ, ਇਸ ਤੇ ਹੋਰ ਵਿਚਾਰ ਨਹੀਂ ਕੀਤਾ ਜਾ ਸਕਦਾ। ਸਪੀਕਰ ਸਾਹਿਬ, ਉਹਨਾਂ ਵਿਚਾਰਿਆਂ ਨੇ ਜਿਨ੍ਹਾਂ ਨੇ ਫਾਂਸੀ ਦੇ ਰੱਸੇ ਚੁੰਮੇ ਉਨ੍ਹਾਂ ਲਈ ਇਹ ਜਵਾਬ ਦਿੱਤਾ ਜਾਂਦਾ ਹੈ ਕਿ ਇਹ ਪੁਰਾਣੀ ਗੱਲ ਹੈ। ਇਸ ਬਾਰੇ ਸਵਾਲ ਵੀ ਐਡਮਿਟ ਨਹੀਂ ਕੀਤਾ ਜਾਂਦਾ। ਇਹ ਜਵਾਬ ਮੇਰੇ ਕੋਲ ਹੈ ਔਰ ਮੈਂ ਤੁਹਾਨੂੰ ਇਹ ਦਿਖਾ ਸਕਦਾ ਹਾਂ। ਕੱਲ ਅਸੀਂ ਉਨ੍ਹਾਂ ਸ਼ਹੀਦਾਂ ਦਾ ਦਿਨ ਮਨਾਇਆ ਹੈ। ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਿਹੜਾ ਪੁਲੀਟੀਕਲ ਫਰੀਡਮ ਫਾਈਟਰ ਹੈ, ਉਸ ਲਈ ਸਮਾਂ ਇਕ ਸਾਲ ਤੋਂ ਛੇ ਮਹੀਨੇ ਕੀਤਾ ਹੈ। ਇਹ ਅੱਛੀ ਗੱਲ ਕੀਤੀ ਗਈ ਹੈ।ਅੰਮ੍ਰਿਤਸਰ ਵਿਚ ਚਾਰ ਬੰਦੇ ਹਨ, ਹੋਰ ਵੀ ਸੂਬੇ ਵਿਚ ਕਈ ਅਜਿਹੇ ਬੰਦੇ ਹੋਣਗੇ ਜਿਨ੍ਹਾਂ ਨੇ ਅਜ਼ਾਦੀ ਲਈ ਫਾਂਸੀ ਦੇ ਰੱਸੇ ਚੁੰਮੇ ਹੋਣਗੇ ਅਤੇ ਉਨ੍ਹਾਂ ਦੀ ਸਕੱਤਰੇਤ ਪੱਧਰ ਦੇ ਦਫਤਰ ਵਲੋਂ ਕੋਈ ਪਰਵਾਹ ਨਹੀਂ ਕੀਤੀ ਜਾਂਦੀ,ਇਹ ਕੋਈ ਚੰਗੀ ਗਲ ਨਹੀਂ ਹੈ। ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਹੋਰ ਵੀ ਕਈ ਇਨ੍ਹਾਂ ਦੀਆਂ ਅਣਗਹਿਲੀਆਂ ਹਨ, ਉਨ੍ਹਾਂ ਬਾਰੇ ਵੀ ਤੁਸੀਂ ਸੁਣ ਲਓ। 1971 ਦੀ ਹਿੰਦ-ਪਾਕਿਸਤਾਨ ਲੜਾਈ ਵੇਲੇ ਬਾਰਡਰ ਤੇ ਉਜੜਨ ਵਾਲੇ ਲੋਕਾਂ ਨੂੰ ਬੇਘਰ ਹੋਏ ਲੋਕਾਂ ਨੂੰ ਪਾਕਿਸਤਾਨ ਦੇ ਪੈਟਨ ਟੈਂਕਾਂ ਨਾਲ ਬਹੁਤ ਸਾਰੇ ਪਿੰਡ ਜੋ ਉਸ ਵੇਲੇ ਉੱਜੜ ਗਏ ਸਨ ਉਸ ਦੇ ਲਈ ਹਿੰਦੁਸਤਾਨ ਦੀ ਸਰਕਾਰ ਨੇ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

ਮੁਆਵਜ਼ਾ ਦਿੱਤਾ। ਉਹ ਮੁਆਵਜ਼ਾ ਪੰਜਾਬ ਸਰਕਾਰ ਨੇ ਵੰਡਣਾ ਸੀ।ਇਨ੍ਹਾਂ ਨੇ ਕਿਹਾ ਹੈ ਕਿ ਜੂਨ ਤੱਕ ਉਨ੍ਹਾਂ ਨੂੰ ਮੁਆਵਜ਼ਾ ਵੰਡ ਦਿਆਂਗੇ। ਬਹੁਤ ਸਾਰੇ ਹਰੀਜਨ ਗਰੀਬ ਲੋਕ ਲੜਾਈ ਵੇਲੇ ਪਿੰਡਾਂ ਨੂੰ ਛੱਡ ਕੇ ਬਾਹਰ ਕਿਤੇ ਹੋਰ ਚਲੇ ਗਏ,ਉਨ੍ਹਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਕਿਸਾਨ ਤਾਂ ਵਾਪਸ ਆਪਣੀ ਜ਼ਮੀਨ ਤੇ ਆ ਗਏ, ਪਰ ਉਹ ਜਿਹੜੇ ਵਿਚਾਰੇ ਆਪਣੇ ਘਰ ਬਾਰ ਛੱਡ ਕੇ ਉਥੋਂ ਚਲੇ ਗਏ ਉਨ੍ਹਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ। ਤੁਹਾਡੀ ਪਾਰਟੀ ਦਾ ਟਾਈਮ ਖ਼ਤਮ ਹੋ ਗਿਆ ਹੈ। ਪਾਂਧੀ ਸਾਹਿਬ ਬੋਲ ਚੁੱਕੇ ਹਨ। (ਵਿਘਨ) ਹੁਣ ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਹੋਰ ਵੀ ਕਈ ਪੁਆਇੰਟਸ ਹਨ। ਇਹ ਸਕੱਤਰੇਤ ਵਾਲੇ ਚੀਫ਼ ਮਨਿਸਟਰ ਸਾਹਿਬ ਦਾ ਹੁਕਮ ਨਹੀਂ ਮੰਨਦੇ। ਚੀਫ ਮਨਿਸਟਰ ਸਾਹਿਬ ਨੇ ਹੁਕਮ ਕੀਤਾ ਸੀ ਕਿ ਸ਼੍ਰੀ ਗੁਰੂ ਰਾਮ ਦਾਸ ਹਸਪਤਾਲ ਸੇਲਜ਼ ਟੈਕਸ ਤੋਂ ਮੁਆਫ਼ ਕਰਾਂਗੇ। ਇਸੇ ਤਰ੍ਹਾਂ ਇਹ ਵੀ ਹੁਕਮ ਕੀਤਾ ਗਿਆ ਸੀ ਕਿ ਰਾਧਾ ਸੁਵਾਮੀ ਹਸਪਤਾਲ ਤੇ ਸੇਲਜ਼ ਟੈਕਸ ਮੁਆਫ਼ ਹੋਏਗਾ। ਪਰ ਉਨ੍ਹਾਂ ਦੇ ਹੁਕਮਾਂ ਦੇ ਬਾਵਜੂਦ ਫਾਈਲ ਤੇ ਹੁਕਮ ਉਸ ਪ੍ਰਕਾਰ ਥਲਿਓਂ ਨਹੀਂ ਜਾਰੀ ਹੋ ਸਕੇ। ਇਥੋਂ ਤੱਕ ਕਿ ਇਨ੍ਹਾਂ ਨੇ ਐਲਾਨ ਕੀਤਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਤੇ ਮੈਂ ਰਾਮ ਤੀਰਥ ਅਤੇ ਹੋਰ ਧਾਰਮਿਕ ਸਥਾਨਾਂ ਤੇ ਕਰੋੜਾਂ ਰੁਪਏ ਖਰਚ ਕਰਾਂਗਾ। ਮੁੱਖ ਮੰਤਰੀ ਜੀ ਨੇ ਇਹ ਵੀ ਕਿਹਾ ਸੀ ਕਿ ਸ਼੍ਰੀ ਦਰਬਾਰ ਸਾਹਿਬ ਲਈ ਵੀ ਕੁਝ ਕਰਾਂਗੇ। ਜਦੋਂ ਚੀਫ ਮਨਿਸਟਰ ਸਾਹਿਬ ਕਹਿ ਦੇਣ ਕਿ ਇਹ ਕਰਾਂਗੇ ਉਦੋਂ ਹੀ ਸਰਕਾਰ ਨੂੰ ਉਥੇ ਕੰਮ-ਕਾਜ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਤੁਸੀਂ ਦੋ ਮਿੰਟਾਂ ਵਿਚ ਵਾਈਂਡ ਅੱਪ ਕਰ ਲਓ ਜੀ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਮੈਂ ਹਾਲੇ ਕਾਫੀ ਕੁਝ ਕਹਿਣਾ ਹੈ। ਸਾਨੂੰ ਪਹਿਲਾਂ ਦਸਿਆ ਕਰੋ ਤਾਂ ਕਿ ਅਸੀਂ ਉਸ ਹਿਸਾਬ ਨਾਲ ਬੋਲਿਆ ਕਰੀਏ। ਸਪੀਕਰ ਸਹਿਬ, ਜ਼ਿਲ੍ਹਾ ਐਡਮਨਿਸਟਰੇਸ਼ਨ ਤੇ ਵੀ ਕਾਫੀ ਜ਼ਿਆਦਾ ਖਰਚ ਹੋ ਰਿਹਾ ਹੈ। ਪੁਲਿਸ ਵਿਚ ਵੀ ਕਾਫੀ ਵਾਧਾ ਕੀਤਾ ਗਿਆ ਹੈ। ਬਹੁਤ ਸਾਰੇ ਨਵੇਂ ਥਾਣੇ ਕਰੀਏਟ ਕੀਤੇ ਗਏ ਹਨ। ਇਨ੍ਹਾਂ ਨੇ ਰੀ-ਆਰਗੇਨਾਈਜੇਸ਼ਨ ਕਮੇਟੀ ਬਣਾਈ ਸੀ ਜਿਸ ਨੇ ਨਵੇਂ ਜ਼ਿਲ੍ਹੇ ਬਣਾਉਣ ਬਾਰੇ ਰਿਪੋਰਟ ਦੇਣੀ ਸੀ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤਹਿਸੀਲਾਂ ਅਤੇ ਬਲਾਕਾਂ ਨੂੰ ਵੀ ਰੀ-ਆਰਗੇਨਾਈਜ਼ ਕਰਨਾ ਚਾਹੀਦਾ ਹੈ। ਪੱਟੀ ਦੇ ਇਕ ਮੀਲ ਤੇ ਤਰਨ ਤਾਰਨ ਤਹਿਸੀਲ ਹੈ। ਉਥੇ 13 ਥਾਣੇ ਹੁਣ ਵਧੇ ਹਨ ਅੌਰ 15 ਥਾਣੇ ਪਿਛਲੇ ਸਾਲ ਵਧੇ ਸੀ। ਮੇਰੇ ਇਲਾਕੇ ਵਿਚ ਖੇਮਕਰਨ ਵਿਚ 15 ਥਾਣੇ ਹਨ ਅੌਰ ਇਸੇ ਤਰ੍ਹਾਂ ਹੀ ਹਰੀਕੇ ਵਿਚ ਥਾਣੇ ਬਣੇ ਹਨ। ਇਹ ਜ਼ਰੂਰੀ ਨਹੀਂ ਹੋਣਾ ਚਾਹੀਦਾ ਕਿ ਲਾਗਲੇ ਪਿੰਡ ਉਸ ਨਾਲ ਜੋੜੇ ਜਾਣ। ਜਿਹੜੀ ਰੀਆਰਗੇਨਾਈਜੇਸ਼ਨ ਕਮੇਟੀ ਬਣੀ ਸੀ ਉਸ ਨੂੰ ਆਪਣਾ ਕੰਮ ਚਾਲੂ ਰਖਣਾ ਚਾਹੀਦਾ ਹੈ ਅੌਰ ਜ਼ਿਲ੍ਹਿਆਂ ਦੇ ਨਾਲ ਨਾਲ ਤਹਿਸੀਲਾਂ ਅੌਰ ਬਲਾਕਾਂ ਨੂੰ ਵੀ ਰੀਆਰਗੇਨਾਈਜ਼ ਕਰਨਾ ਚਾਹੀਦਾ ਹੈ।

ਪੁਲਿਸ ਤੇ ਥੋੜੇ ਸਾਲਾਂ ਵਿਚ ਜੋ ਖਰਚ ਹੋਇਆ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। 1976 ਵਿਚ ਇਹ ਖਰਚ 15 ਕਰੋੜ 96 ਲੱਖ ਰੁਪਏ ਸੀ ਉਹ ਇਸ ਵੇਲੇ ਖਰਚ 37 ਕਰੋੜ 51 ਲੱਖ ਰੁਪਏ ਹੋ ਗਿਆ ਹੈ। ਤੁਸੀਂ ਅੰਦਾਜ਼ਾ ਲਗਾ ਲਓ ਕਿ ਕਿੰਨਾ ਖਰਚ ਇਸ ਪਾਸੇ ਵਧ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੇਜਰ ਸਿੰਘ ਉਬੋਕੇ]

ਰਿਹਾ ਹੈ। ਫਿਰ ਇਹ ਕਹਿੰਦੇ ਹਨ ਕਿ ਪੁਲਿਸ ਤੇ ਖਰਚ ਇਸ ਕਰਕੇ ਵਧਿਆ ਹੈ ਕਿਉਂਕਿ ਉਨ੍ਹਾਂ ਨੂੰ ਚਾਰ ਕਿਸ਼ਤਾਂ ਦਿੱਤੀਆਂ ਹਨ। ਉਨ੍ਹਾਂ ਦੀ ਗਿਣਤੀ ਵਧਾਈ ਗਈ ਹੈ। ਪੀ. ਏ. ਪੀ. ਦੀਆਂ ਹੋਰ ਬਟਾਲੀਅਨਾਂ ਖੜ੍ਹੀਆਂ ਕੀਤੀਆਂ ਗਈਆਂ ਹਨ। ਫਿਰ ਕਹਿੰਦੇ ਹਨ ਕਿ ਮੋਟਰ ਸਾਈਕਲ ਅਤੇ ਗੱਡੀਆਂ ਲੈਣੀਆਂ ਪਈਆਂ, ਫਿਰ ਅਮਨ ਅਮਾਨ ਕਾਇਮ ਰਖਣ ਵਾਸਤੇ ਖਰਚ ਕੀਤਾ ਗਿਆ ਹੈ। ਇਸ ਕਿਸਮ ਦੀਆਂ ਇਨ੍ਹਾਂ ਨੇ ਗੱਲਾਂ ਦੱਸੀਆਂ ਹਨ। ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਗਏ ਸਨ ਕਿ ਖਰਚਾ ਜ਼ਿਆਦਾ ਕਰਨਾ ਪਿਆ। ਫਿਰ, ਸਪੀਕਰ ਸਾਹਿਬ, ਪੈਟਰੋਲ ਤੇ 26 ਲੱਖ 14 ਹਜ਼ਾਰ ਰੁਪਿਆ ਹੋਰ ਵੱਧ ਖਰਚ ਕੀਤਾ।

ਸ਼੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਕੁਝ ਪੰਜਾਬ ਦੇ ਅਖ਼ਬਾਰ ਫਿਰਕੇਦਾਰਾਨਾ ਫਸਾਦ ਪੈਦਾ ਕਰ ਰਹੇ ਹਨ। ਉਹ ਅਖਬਾਰ ਪੰਜਾਬ ਵਿਚ ਬਦਅਮਨੀ ਪੈਦਾ ਕਰ ਰਹੇ ਹਨ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਹਾਂਗਾ ਕਿ ਉਨ੍ਹਾਂ ਅਖਬਾਰਾਂ ਨੂੰ ਤੁਸੀਂ ਚੰਦੇ ਦੇਣੇ ਅਤੇ ਇਸ਼ਤਿਹਾਰ ਦੇਣੇ ਬੰਦ ਕਰੋ। ਪੰਜਾਬ ਦੇ ਦੋ ਤਿੰਨ ਅਖਬਾਰ ਬਦਅਮਨੀ ਪੈਦਾ ਕਰ ਰਹੇ ਹਨ। ਉਹ ਪੰਜਾਬ ਵਿਚ ਹਿੰਦੂ ਸਿੱਖਾਂ ਵਿਚ ਤਨਾਓ ਪੈਦਾ ਕਰ ਰਹੇ ਹਨ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਭਾਵੇਂ ਤੁਸੀਂ ਉਨ੍ਹਾਂ ਨਾਲ ਪਿਆਰ ਨਾਲ ਗੱਲ ਕਰੋ ਜਾਂ ਕਾਨੂੰਨ ਨਾਲ ਗੱਲ ਕਰੋ, ਤੁਸੀਂ ਉਨ੍ਹਾਂ ਨੂੰ ਸਮਝਾਓ। (ਵਿਘਨ)

ਸ਼੍ਰੀ ਸਪੀਕਰ : ਉਬੋਕੇ ਸਾਹਿਬ, ਤੁਸੀਂ ਹੁਣ ਬੈਠ ਜਾਓ। ਸ਼੍ਰੀ ਸੁਰਿੰਦਰ ਕਪੂਰ ਜੀ।

ਸ਼੍ਰੀ ਸੁਰਿੰਦਰ ਕਪੂਰ (ਬਠਿੰਡਾ): ਸਪੀਕਰ ਸਾਹਿਬ, ਮੈਂ ਇਨ੍ਹਾਂ ਡੀਮਾਂਡਜ਼ ਤੇ ਬੋਲਣਾ ਚਾਹੁੰਦਾ ਹਾਂ। ਕੁਝ ਮਾਨਯੋਗ ਮੈਂਬਰਾਂ ਨੇ ਬੋਲਦੇ ਹੋਏ ਪੁਲਿਸ ਦੇ ਕੰਮ-ਕਾਜ ਬਾਰੇ ਚਾਨਣਾ ਪਾਇਆ ਹੈ ਅਤੇ ਦੱਸਿਆ ਹੈ ਕਿ ਪੁਲਿਸ ਦਾ ਕੰਮ-ਕਾਜ ਕੁਝ ਠੀਕ ਨਹੀਂ ਚਲ ਰਿਹਾ। ਠੀਕ ਹੈ, ਪੁਲਿਸ ਦਾ ਕੰਮ-ਕਾਜ ਕੁਝ ਠੀਕ ਨਹੀਂ ਚਲ ਰਿਹਾ। ਪੁਲਿਸ ਦਾ ਕੰਮ ਹੈ ਲੋਕਾਂ ਦੀ ਹਿਫਾਜ਼ਤ ਕਰਨਾ, ਲਾਅ ਐਂਡ ਆਰਡਰ ਨੂੰ ਕੰਟਰੋਲ ਕਰਨਾ। ਪੁਲਿਸ ਕਿਥੋਂ ਤੱਕ ਇਸ ਕੰਮ ਨੂੰ ਸੰਭਾਲਦੀ ਹੈ, ਪੁਲਿਸ ਦਾ ਰਵੱਈਆ ਲੋਕਾਂ ਵਿੱਚ ਕਿਸ ਤਰ੍ਹਾਂ ਦਾ ਹੈ, ਇਸ ਚੀਜ਼ ਨੂੰ ਦੇਖਣ ਦੀ ਲੋੜ ਹੈ। ਪੁਲਿਸ ਨੂੰ ਹੋਰ ਚੰਗਾ ਕਿਸ ਤਰ੍ਹਾਂ ਬਣਾਇਆ ਜਾ ਸਕਦਾ ਹੈ। ਪੁਲਿਸ ਵਿੱਚ ਸੁਧਾਰ ਆਦਿ ਲਿਆਉਣ ਵਾਸਤੇ ਇਸ ਡਿਮਾਂਡ ਵਿੱਚ ਜਾਂ ਇਸ ਬੱਜਟ ਵਿੱਚ ਜੇ ਹੋਰ ਵੀ ਵਧ ਪੈਸਾ ਲਿਆਂਦਾ ਜਾਂਦਾ ਤਾਂ ਠੀਕ ਸੀ। ਪੁਲਿਸ ਦੇ ਸੁਧਾਰ ਵਾਸਤੇ ਕਦਮ ਚੁੱਕੇ ਗਏ ਹਨ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਕੋਈ ਵੀ ਵਿੰਗ ਹੋਵੇ ਜੇ ਉਸ ਦੀ ਵੈਲਫੇਅਰ ਵਾਸਤੇ ਕੁਝ ਨਾ ਕੀਤਾ ਜਾਵੇ, ਉਸ ਦੇ ਇਨਸੈਂਟਿਵ ਵਾਸਤੇ ਕੁਝ ਨਾ ਕੀਤਾ ਜਾਵੇ, ਉਸ ਦੇ ਹੌਸਲੇ ਵਾਸਤੇ ਕੁਝ ਨਾ ਕੀਤਾ ਜਾਵੇ ਤਾਂ ਉਹ ਵਿੰਗ ਠੀਕ ਤਰ੍ਹਾਂ ਨਹੀਂ ਚਲ ਸਕੇਗਾ। ਸਪੀਕਰ ਸਾਹਿਬ, ਮੈਂ ਪਿਛਲੀਆਂ ਕੁਝ ਗਲਾਂ ਦੱਸਣੀਆਂ ਚਾਹੁੰਦਾ ਹਾਂ। ਥਾਣਿਆਂ ਵਿਚ ਪੁਲਿਸ ਦਾ ਇਮੇਜ ਲੋਕਾਂ ਵਿੱਚ ਚੰਗਾ ਨਹੀਂ ਹੈ। ਜਿਸ ਵੇਲੇ ਕੋਈ ਐਫ. ਆਈ. ਆਰ. ਦਰਜ ਹੁੰਦੀ ਹੈ ਤਾਂ ਉਥੇ ਦਾ ਜਿਹੜਾ ਇੰਚਾਰਜ ਹੁੰਦਾ ਹੈ ਉਹ ਲੋਕਾਂ ਨਾਲ ਠੀਕ ਵਰਤਾਓ ਨਹੀਂ ਕਰਦਾ। ਇਕ ਗੱਲ ਲੋਕਾਂ ਦੇ ਮਨਾਂ ਵਿੱਚ ਆਮ ਬੈਠੀ ਹੋਈ ਹੈ ਕਿ ਭਾਵੇਂ ਕੋਈ ਆਦਮੀ ਪੜ੍ਹਿਆ ਲਿਖਿਆ ਹੈ ਜਾਂ ਅਨਪੜ੍ਹ ਹੈ, ਉਹ ਇਹੀ ਮਹਿਸੂਸ ਕਰਦਾ ਹੈ ਕਿ ਜਦ ਉਹ ਪੁਲਿਸ ਥਾਣਿਆਂ ਵਿੱਚ ਜਾਂਦੇ ਹਨ ਤਾਂ ਉਥੇ ਦਾ ਜਿਹੜਾ ਥਾਣੇ ਦਾ ਇੰਚਾਰਜ ਹੁੰਦਾ ਹੈ ਉਸ ਦਾ ਉਨ੍ਹਾਂ ਪ੍ਰਤੀ ਵਰਤਾਓ ਠੀਕ ਨਹੀਂ ਹੁੰਦਾ। ਉਹ ਉਨ੍ਹਾਂ ਨਾਲ ਭੈੜਾ ਵਰਤਾਓ ਕਰਦੇ ਹਨ ।

Original with;
Punjab Vidhan Sabha
Digitized by;
Panjab Digital Library

ਉਹ ਗੱਲ ਨੂੰ ਮੈਰਿਟ ਨਾਲ ਨਹੀਂ ਦੇਖਦੇ। ਉਹ ਸੁਣਦੇ ਨਹੀਂ ਹਨ। ਕਦੇ ਇਥੋਂ ਤੱਕ ਵੀ ਹੁੰਦਾ ਹੈ ਕਿ ਉਹ ਗਾਲਾਂ ਤਕ ਕੱਢਦੇ ਹਨ ਜਿਹੜੀਆਂ ਕਿ ਮੈਂ ਹਾਊਸ ਦੇ ਸਾਹਮਣੇ ਬਿਆਨ ਨਹੀਂ ਕਰਨਾ ਚਾਹੁੰਦਾ। ਪੁਲਿਸ ਥਾਣਿਆਂ ਵਿੱਚ ਲੋਕਾਂ ਨਾਲ ਚੰਗਾ ਵਰਤਾਓ ਹੋਣਾ ਚਾਹੀਦਾ ਹੈ। ਪੁਲਿਸ ਦਾ ਲੋਕਾਂ ਵਿਚ ਚੰਗਾ ਇਮੇਜ ਹੋਣਾ ਚਾਹੀਦਾ ਹੈ। ਜਿਹੜੇ ਬਦਮਾਸ਼ ਲੋਕ ਹਨ, ਜਾਂ ਜਿਹੜੇ ਲੋਕ ਗੁੰਡਾ ਗਰਦੀ ਕਰਦੇ ਹਨ ਜਾਂ ਜਿਹੜੇ ਮਿਸਕਰੀਐਂਟਸ ਹਨ ਉਨ੍ਹਾਂ ਨਾਲ ਬੇਸ਼ੱਕ ਪੁਲਿਸ ਸ਼ੈਤਾਨੀ ਨਾਲ ਪੇਸ਼ ਆਵੇ ਪਰ ਜਿਹੜੇ ਚੰਗੇ ਲੋਕ ਹਨ ਉਨ੍ਹਾਂ ਪ੍ਰਤੀ ਪੁਲਿਸ ਦਿਆਲੂ ਹੋਣੀ ਚਾਹੀਦੀ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦਾ ਮਾੜਾ ਇਮੇਜ ਜੋ ਲੋਕਾਂ ਦੇ ਮਨਾਂ ਵਿਚ ਬੈਠਾ ਹੋਇਆ ਹੈ ਇਸ ਨੂੰ ਠੀਕ ਕਰਨ ਦੀ ਲੋੜ ਹੈ। ਥਾਣਿਆਂ ਵਿਚ ਘੋਖਣ ਦੀ ਲੋੜ ਹੈ। ਉਚ ਅਫ਼ਸਰਾਂ ਨੂੰ ਥਾਣਿਆਂ ਵਿੱਚ ਜਾ ਕੇ ਦੇਖਣਾ ਚਾਹੀਦਾ ਹੈ ਕਿ ਉਹ ਪਬਲਿਕ ਨਾਲ ਵਰਤਾਓ ਕਿਸ ਤਰ੍ਹਾਂ ਦਾ ਕਰਦੇ ਹਨ।

ਸਪੀਕਰ ਸਾਹਿਬ, ਪੁਲਿਸ ਵਾਸਤੇ ਕੁਝ ਨਵੇਂ ਹੋਰ ਟੀਅਰ ਗੈਸ ਸ਼ੈਲ ਬਣਾਏ ਜਾ ਰਹੇ ਹਨ, ਇਸ ਵਾਸਤੇ ਵੀ ਪੈਸੇ ਦੀ ਮੰਗ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਕੁਝ ਵਿਰੋਧੀ ਤਾਕਤਾਂ ਜਾਂ ਕੁਝ ਅਜਿਹੇ ਲੋਕ ਜਾਣ ਬੁਝ ਕੇ ਅਜਿਹੀਆਂ ਸ਼ਰਾਰਤਾਂ ਕਰਦੇ ਹਨ ਜਿਸ ਨਾਲ ਸੂਬੇ ਦੀ ਲਾਅ ਅੰਡ ਆਰਡਰ ਦੀ ਹਾਲਤ ਖ਼ਰਾਬ ਹੋਵੇ। ਉਥੇ ਪੁਲਿਸ ਨੂੰ ਕੰਟਰੋਲ ਕਰਨ ਵਾਸਤੇ ਬਹੁਤ ਜ਼ਰੂਰੀ ਹੁੰਦਾ ਹੈ। ਕੁਝ ਲੋਕ, ਮਿਸਕਰੀਐਂਟਸ ਦੰਗਾ ਫਸਾਦ ਕਰਨ ਅਤੇ ਕਰਾਉਣ ਵਿੱਚ ਵਿਸ਼ਵਾਸ ਰੱਖਦੇ ਹਨ। ਜਿਵੇਂ ਸੀ. ਪੀ. ਆਈ. ਵਾਲੇ ਹਨ, ਉਹ ਦੰਗਾ ਫਸਾਦ ਕਰਾਉਣ ਲਈ ਮਜ਼ਦੂਰਾਂ ਨੂੰ ਵਰਤਦੇ ਹਨ। ਸੀ. ਪੀ. ਆਈ. ਵਾਲੇ ਚੰਗੇ ਭਲੇ ਚਲ ਰਹੇ ਕੰਮ ਵਿੱਚ ਜਾ ਕੇ ਵਿਘਨ ਪਾਉਂਦੇ ਹਨ ਅਤੇ ਉਥੇ ਦੰਗਾ ਫਸਾਦ ਕਰਾਉਂਦੇ ਹਨ। ਸਾਡੇ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਜੀ ਕਹਿੰਦੇ ਹਨ 'ਸੱਤਯਾ ਮੇਵਜਯਤੇ' 'ਸਰਮੇਵ ਜਯਤੇ' ਪਰ ਸੀ. ਪੀ. ਆਈ. ਵਾਲੇ ਕਹਿੰਦੇ ਹਨ ਦੰਗਾ ਫਸਾਦ ਜਯਤੇ, ਫੁਲਕਾ ਪਾਣੀ ਜਯਤੇ। ਇਹ ਦੰਗਾ ਫਸਾਦ ਕਰਾਉਂਦੇ ਰਹਿੰਦੇ ਹਨ ਤਾਂ ਕਿ ਇਨ੍ਹਾਂ ਦਾ ਫੁਲਕਾ ਪਾਣੀ ਚਲਦਾ ਰਹੇ। ਪੁਲਿਸ ਨੇ ਵੀ ਆਪਣੀ ਡਿਊਟੀ ਨਿਭਾਉਣੀ ਹੁੰਦੀ ਹੈ।

ਕਾਮਰੇਡ ਸੱਘੜ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਕਿਹੜੀ ਡਿਮਾਂਡ ਤੇ ਬੋਲ ਰਹੇ ਹਨ? ਇਹ ਸੀ. ਪੀ. ਆਈ. ਬਾਰੇ ਗੱਲਾਂ ਕਰ ਰਹੇ ਹਨ। ਇਨ੍ਹਾਂ ਨੂੰ ਰੋਕੋ।

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਕਪੂਰ ਜੀ ਗਲਤ ਗੱਲਾਂ ਕਰ ਰਹੇ ਹਨ। ਉਨ੍ਹਾਂ ਨੂੰ ਤੁਸੀਂ ਬੰਦ ਕਰਾਓ।

ਸ਼੍ਰੀ ਸੁਰਿੰਦਰ ਕਪੂਰ : ਤੁਸੀਂ ਫੁਲਕੇ ਪਾਣੀ ਦੀ ਗਲ ਤੋਂ ਤੰਗ ਆ ਗਏ ਹੋ। ਤੁਸੀਂ ਜਾਣ ਬੁਝ ਕੇ ਦੰਗੇ ਫਸਾਦ ਕਰਾਉਂਦੇ ਹੋ। ਸਪੀਕਰ ਸਾਹਿਬ, ਜਿੰਨੇ ਦੰਗੇ ਫਸਾਦ ਹੁੰਦੇ ਹਨ ਅਤੇ ਪ੍ਰਾਪਰਟੀ ਦਾ ਨੁਕਸਾਨ ਹੁੰਦਾ ਹੈ ਇਹ ਸਭ ਇਨ੍ਹਾਂ ਕਾਰਨ ਹੀ ਹੁੰਦਾ ਹੈ। ਇਸ ਦੇ ਜ਼ਿੰਮੇਵਾਰ ਇਹ ਲੋਕ ਹਨ।

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ਼੍ਰੀ ਸਪੀਕਰ : ਮਾਸਟਰ ਜੀ, ਪਹਿਲਾਂ ਤੁਹਾਡੇ ਨਾਲ ਜਿਹੜੇ ਮਾਨਯੋਗ ਮੈਂਬਰ ਬੈਠੇ ਹਨ ਉਨ੍ਹਾਂ ਨੂੰ ਕਹੋ ਕਿ ਇਸ ਤਰ੍ਹਾਂ ਨਾ ਕਰਿਆ ਕਰਨ।

ਮਾਸਟਰ ਚੰਦ ਸਿੰਘ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : This is no point of order.

ਸ਼੍ਰੀ ਸੁਰਿੰਦਰ ਕਪੂਰ : ਮੈਂ ਦੱਸਣਾ ਚਾਹੁੰਦਾ ਕਿ ਬਠਿੰਡੇ ਵਿਚ ਸਪਿੰਨਿੰਗ ਮਿੱਲ ਵਿਚੋਂ ਇਨ੍ਹਾਂ ਨੇ ਪੈਸਾ ਲਿਆ ਜਾਂ ਨਹੀਂ ਲਿਆ? (ਸ਼ੋਰ, ਸ਼ੋਰ) ਇਨ੍ਹਾਂ ਨੇ ਉਥੋਂ ਪੈਸਾ ਲਿਆ ਹੈ। ਇਨ੍ਹਾਂ ਨੇ ਕਿਸ ਜਗ੍ਹਾ ਤੋਂ ਪੈਸਾ ਨਹੀਂ ਲਿਆ? ਇਨ੍ਹਾਂ ਨੇ ਭਿਵਾਨੀ ਮਿੱਲ ਤੋਂ ਪੈਸਾ ਲਿਆ ਹੈ। (ਵਿਘਨ) ਇਹ ਚਾਹੁੰਦੇ ਹਨ ਕਿ ਇਸ ਤਰ੍ਹਾਂ ਦਾ ਮਾਹੌਲ ਪੈਦਾ ਕੀਤਾ ਜਾਵੇ ਜਿਸ ਨਾਲ ਦੰਗਾ ਫਸਾਦ ਪੈਦਾ ਹੋਵੇ ਅਤੇ ਲੋਕਾਂ ਦਾ ਨੁਕਸਾਨ ਕੀਤਾ ਜਾਵੇ।

ਸ਼੍ਰੀ ਸਪੀਕਰ : ਤੁਸੀਂ ਪਰਸਨਲ ਨਾ ਹੋਵੋ। ਹੁਣ ਤੁਸੀਂ ਵਾਈਂਡ ਅੱਪ ਕਰੋ।

ਸ਼੍ਰੀ ਸੁਰਿੰਦਰ ਕਪੂਰ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੁਝ ਥਾਣਿਆਂ ਵਿਚ ਚੰਗੇ ਆਦਮੀਆਂ ਨੂੰ ਤੰਗ ਕੀਤਾ ਜਾ ਰਿਹਾ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਮੈਂ ਡਿਸਟ੍ਰਿਕਟ ਐਡਮਨਿਸਟਰੇਸ਼ਨ ਦੀ ਗਲ ਕਰਦਾ ਹਾਂ। ਮੈਂ ਸਾਰਿਆਂ ਬਾਰੇ ਤਾਂ ਨਹੀਂ ਕਹਿੰਦਾ ਪਰ ਕੁਝ ਅਜਿਹੇ ਅਫ਼ਸਰ ਉਥੇ ਕੰਮ ਕਰਦੇ ਹਨ ਜੋ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਕੰਮ-ਕਾਰ ਦਾ ਢੰਗ ਜਿਹੜਾ ਹੈ ਉਹ ਅਜਿਹਾ ਢੰਗ ਹੈ ਜਿਸ ਦੇ ਬਾਰੇ ਕਈ ਵਾਰੀ ਲੋਕ ਦੱਸਦੇ ਹਨ ਕਿ ਬਰਤਾਨੀਆਂ ਸਰਕਾਰ ਦੇ ਵੇਲੇ ਅਜਿਹੇ ਅਫ਼ਸਰ ਹੁੰਦੇ ਸਨ। ਮੇਰੀ ਬੇਨਤੀ ਹੈ ਕਿ ਅਜਿਹੇ ਅਫ਼ਸਰਾਂ ਨੂੰ ਪੜਤਾਲਣ ਦੀ ਲੋੜ ਹੈ, ਉਨ੍ਹਾਂ ਵਿੱਚ ਸੁਧਾਰ ਲਿਆਉਣ ਦੀ ਜ਼ਰੂਰਤ ਹੈ ਤਾਂ ਕਿ ਗਰੀਬ ਲੋਕ ਜੋ ਦਫ਼ਤਰਾਂ ਵਿੱਚ ਕੰਮ ਕਰਾਉਣ ਲਈ ਜਾਂਦੇ ਹਨ ਉਨ੍ਹਾਂ ਦੇ ਕੰਮ ਛੇਤੀ ਹੋ ਸਕਣ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਜੇ ਉਨ੍ਹਾਂ ਨੇ ਕੋਈ ਆਪਣਾ ਕੰਮ ਕਰਾਉਣਾ ਹੋਵੇ ਤਾਂ ਕਹਿ ਦਿੰਦੇ ਹਨ ਕਿ ਇਹ ਠੀਕ ਹੈ ਪਰ ਜੇ ਕੰਮ ਨਾ ਕਰਨ ਦੀ ਨੀਅਤ ਹੋਵੇ ਤਾਂ ਕਹਿ ਦਿੰਦੇ ਹਨ ਕਿ ਇਹ ਗਲ ਠੀਕ ਨਹੀਂ ਹੈ। ਅਜਿਹੇ ਅਫ਼ਸਰਾਂ ਤੋਂ ਵੀ ਸਾਵਧਾਨ ਹੋਣ ਦੀ ਜ਼ਰੂਰਤ ਹੈ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਹੁਣ।

ਸ਼੍ਰੀ ਸੁਰਿੰਦਰ ਕਪੂਰ : ਬਸ ਜੀ, ਮੈਂ ਹੁਣੇ ਵਾਈਂਡ ਅੱਪ ਕਰ ਦਿੰਦਾ ਹਾਂ।

ਸਪੀਕਰ ਸਾਹਿਬ, ਬਠਿੰਡਾ ਬਹੁਤ ਵੱਡਾ ਸ਼ਹਿਰ ਬਣਨ ਵਾਲਾ ਹੈ ਅਤੇ ਉਸ ਦੀ ਡਿਵੈਲਪਮੈਂਟ ਬੜੀ ਤੇਜ਼ੀ ਨਾਲ ਹੋ ਰਹੀ ਹੈ। ਪਰ ਉਥੇ ਦਫ਼ਤਰ ਬੜੇ ਸਕੈਟਰਡ ਹਨ। ਐਜੂਕੇਸ਼ਨ ਦਾ ਦਫ਼ਤਰ ਕਿਧਰੇ ਹੈ, ਐਗਰੀਕਲਚਰ ਦਾ ਦਫ਼ਤਰ ਕਿਧਰੇ ਹੈ, ਕੋਈ ਦਫ਼ਤਰ ਕਿਥੇ ਹੈ ਅਤੇ ਕੋਈ ਦਫ਼ਤਰ ਕਿਥੇ ਹੈ। ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਦਫ਼ਤਰਾਂ ਨੂੰ ਇਕੋ ਜਗ੍ਹਾ ਇਕੱਠਾ ਕੀਤਾ ਜਾਵੇ ਤਾਂ ਕਿ ਲੋਕ ਜੋ ਕੰਮ ਕਰਾਉਣ ਵਾਸਤੇ ਆਉਂਦੇ ਹਨ ਉਹ ਇਕੋ ਜਗ੍ਹਾ ਤੇ ਆ ਕੇ ਸਾਰੇ ਕੰਮ ਕਰਵਾ ਜਾਣ। (ਘੰਟੀ)

ਸਪੀਕਰ ਸਾਹਿਬ, ਪ੍ਰਸਰਾਮ ਨਗਰ ਅਤੇ ਸੰਗਵਾਨ ਦੀ ਆਬਾਦੀ ਬਹੁਤ ਜ਼ਿਆਦਾ ਹੋ ਗਈ ਹੈ। ਉਥੇ ਕੋਈ ਪੁਲਿਸ ਚੌਕੀ ਨਹੀਂ ਹੈ। ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਥਾਵਾਂ ਤੇ ਪੁਲਿਸ ਚੌਕੀ ਖੋਲ੍ਹ ਦਿੱਤੀ ਜਾਵੇ ਤਾਂ ਕਿ ਲੋਕਾਂ ਨੂੰ ਸਹੂਲਤ ਮਿਲ ਸਕੇ। ਇਤਨਾ ਕਹਿੰਦਾ ਹੋਇਆ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਬੂਟਾ ਸਿੰਘ : (ਮਾਨਸਾ): ਸਪੀਕਰ ਸਾਹਿਬ, ਮੈਂ ਸਿਵਿਲ ਸਕੱਤਰੇਤ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਕੱਤਰੇਤ ਦੇ ਬਾਰੇ ਮੇਰੇ ਤੋਂ ਪਹਿਲਾਂ ਸਾਡੇ ਇਕ ਮਾਨਯੋਗ ਮੈਂਬਰ ਨੇ ਇਹ ਗਲ

Original with;
Punjab Vidhan Sabha
Digitized by:
Panjab Digital Library

ਆਖੀ ਸੀ ਕਿ ਸਾਡੇ ਸਿਵਿਲ ਸਕੱਤਰੇਤ ਦੇ ਅਫਸਰ ਇਹੋ ਜਿਹੇ ਕਰੜੇ ਹੋਣੇ ਚਾਹੀਦੇ ਹਨ ਜਿਹੜੇ ਗਰਮੀਆਂ, ਸਰਦੀਆਂ ਵਿੱਚ ਕੰਮ ਕਰ ਸਕਣ। ਮੈਂ ਕਹਿੰਦਾ ਹਾਂ ਕਿ ਜੇ ਉਹ ਗਰਮੀਆਂ ਵਿੱਚ ਠੰਡਿਆਂ ਕਮਰਿਆਂ ਵਿੱਚ ਬੈਠ ਕੇ ਅਤੇ ਸਰਦੀਆਂ ਵਿੱਚ ਗਰਮ ਕਮਰਿਆਂ ਵਿੱਚ ਰਹਿ ਕੇ ਵੀ ਆਪਣੇ ਫਰਜ਼ ਦੀ ਪਾਲਣਾ ਕਰਨ ਤਾਂ ਵੀ ਬਹੁਤ ਅੱਛਾ ਹੈ। ਮੈਂ ਇਸ ਦੇ ਬਾਰੇ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਜੇ ਸਾਡੇ ਇਨ੍ਹਾਂ ਅਫਸਰਾਂ ਨੇ ਆਪਣੇ ਫਰਜ਼ਾਂ ਦੀ ਪਾਲਣਾ ਕੀਤੀ ਹੁੰਦੀ ਤਾਂ ਫਿਰ ਅੱਜ ਸਾਰੇ ਪੰਜਾਬ ਵਿੱਚ ਹੱਲਾ ਗੁੱਲਾ ਨਾ ਮਚਦਾ। ਚੁਤਾਨੂੰ, ਸਪੀਕਰ ਸਾਹਿਬ, ਪਤਾ ਹੈ ਕਿ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਲੋਕ ਮੁਜ਼ਾਹਰੇ ਕਰ ਰਹੇ ਹਨ ਕਿ ਪੱਕੇ ਖਾਲਾਂ ਦਾ ਖਰਚਾ ਸਰਕਾਰ ਆਪ ਬਰਦਾਸ਼ਤ ਕਰੇ। ਜੇ ਇਨ੍ਹਾਂ ਅਫਸਰਾਂ ਨੇ ਅੱਜ ਤੋਂ 10-15 ਸਾਲ ਪਹਿਲਾਂ ਪਲੈਨਿੰਗ ਕਮਿਸ਼ਨ ਨੂੰ ਸਕੀਮ ਬਣਾ ਕੇ ਦੱਸੀ ਹੁੰਦੀ ਕਿ ਭਈ ਹਿੰਦੁਸਤਾਨ ਵਿੱਚ ਪੰਜਾਬ ਸਾਰੇ ਦੇਸ਼ ਨੂੰ ਅਨਾਜ ਦੇਣ ਵਾਲਾ ਸੂਬਾ ਹੈ ਅੇਰ ਉਸ ਦੇ ਲਈ ਕਿਸਾਨਾਂ ਦੀ ਮਦਦ ਲਈ, ਕਿਸਾਨਾਂ ਦੀ ਸਹੂਲਤ ਲਈ ਪੰਜਾਬ ਦੇ ਵਿੱਚ ਪੱਕੇ ਖਾਲਾਂ ਦੀ ਸਕੀਮ ਨੂੰ ਇਸ ਤਰ੍ਹਾਂ ਤਰਕੀਬ ਦਿੱਤੀ ਜਾਵੇ ਤਾਂ ਜਿਥੇ ਹੋਰ ਕੰਮਾਂ ਵਾਸਤੇ ਸਰਕਾਰ ਅਰਬਾਂ ਰੁਪਿਆ ਖਰਚ ਕਰ ਰਹੀ ਹੈ ਉਥੇ ਜੇ ਸਾਡੇ ਅਫਸਰਾਂ ਨੇ ਗਰਮੀਆਂ ਵਿੱਚ ਠੰਡੇ ਕਮਰਿਆਂ ਵਿੱਚ ਬੈਠ ਕੇ ਅਤੇ ਸਰਦੀਆਂ ਵਿੱਚ ਗਰਮ ਕਮਰਿਆਂ ਵਿੱਚ ਬੈਠ ਕੇ ਆਪਣੇ ਫਰਜ਼ ਦੀ ਪਾਲਣਾ ਕੀਤੀ ਹੁੰਦੀ ਤਾਂ ਅੱਜ ਇਹ ਹਾਲਤ ਨਾ ਹੁੰਦੀ ਅਤੇ ਸਰਕਾਰ ਇਸ ਦੇ ਲਈ ਵੀ ਆਪ ਖਰਚਾ ਕਰਦੀ ਅਤੇ ਸਰਕਾਰ ਨੂੰ ਜਿਹੜਾ ਕਰੋੜਾਂ ਰੁਪਿਆ ਖਾਲਾਂ ਪੱਕੇ ਕਰਨ ਵਾਸਤੇ ਵਸੂਲੀ ਕਰਨ ਵਾਸਤੇ ਲੋਕਾਂ ਦੀ ਜੋ ਗ੍ਰਿਫਤਾਰੀ ਕਰਨੀ ਪੈ ਰਹੀ ਹੈ, ਇਹ ਗ੍ਰਿਫਤਾਰੀ ਨਾ ਕਰਨੀ ਪੈਂਦੀ ।

ਸਪੀਕਰ ਸਾਹਿਬ, ਡਰੇਨਾਂ ਦੀ ਗਲ ਲੈ ਲਓ। ਕਿੰਨੇ ਲੱਖਾਂ ਏਕੜ ਜ਼ਮੀਨ ਬੇਕਾਰ ਪਈ ਹੈ। ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਤਹਿਸੀਲ ਮਾਨਸਾ ਵਿੱਚ 3-4 ਡਰੇਨਾਂ ਅੈਸੀ ਜਗ੍ਹਾ ਹਨ, 3-4 ਜਗ੍ਹਾ ਅੈਸੀਆਂ ਹਨ ਜਿਥੇ ਡਰੇਨਾਂ ਨਾ ਹੋਣ ਕਾਰਨ ਹਜ਼ਾਰਾਂ ਏਕੜ ਜ਼ਮੀਨ ਉਥੇ ਬੇਕਾਰ ਪਈ ਹੈ। ਪ੍ਰਧਾਨ ਮੰਤਰੀ ਜੀ ਦੇ 20 ਨੁਕਾਤੀ ਪ੍ਰੋਗਰਾਮ ਦਾ ਬੜਾ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਨ੍ਹਾਂ 20 ਨੁਕਤਿਆਂ ਵਿੱਚੋਂ ਸਭ ਤੋਂ ਪਹਿਲਾ ਨੁਕਤਾ ਕਿਹੜਾ ਹੈ। ਸਭ ਤੋਂ ਪਹਿਲਾ ਨੁਕਤਾ ਜੋ ਹੈ ਉਸ ਦੇ ਵਿੱਚ ਇਹ ਕਹੀ ਗਈ ਹੈ ਕਿ ਸਿੰਚਾਈ ਸਕੀਮਾਂ ਦੇ ਉਤੇ ਜ਼ੋਰ ਦੇਣਾ ਹੈ ਪਰ ਇਨ੍ਹਾਂ ਨੂੰ ਪੁਛੋ ਕਿ ਤੁਸੀਂ ਉਸ ਤੇ ਕੋਈ ਅਮਲ ਵੀ ਕਰ ਰਹੇ ਹੋ। ਅੱਜ ਪੰਜਾਬ ਦੇ ਅੰਦਰ ਛੋਟੀ ਛੋਟੀ ਡਰੇਨਾਂ ਨਾ ਪੁੱਟਣ ਕਰਕੇ ਲੱਖਾਂ ਏਕੜ ਜ਼ਮੀਨ ਬੇਕਾਰ ਪਈ ਹੈ। ਮੇਰੇ ਆਪਣੇ ਹਲਕੇ ਦੀ ਗਲ ਹੈ । ਇਕ ਛੋਟੀ ਜਿਹੀ ਡਰੇਨ ਹੈ, ਜਿਸ ਤੇ 4 ਲੱਖ ਰੁਪਏ ਦਾ ਖਰਚਾ ਹੈ ਉਸ ਦੇ ਲਈ ਅਨੇਕਾਂ ਵਾਰੀ ਰੌਲਾ ਪਾਇਆ ਹੈ ਪਰ ਕੋਈ ਧਿਆਨ ਨਹੀਂ ਦਿਤਾ ਗਿਆ। ਡਰੇਨਾ ਨਾ ਪੁੱਟਣ ਕਰਕੇ ਕਈ ਹਜਾਰਾਂ ਏਕੜ ਜ਼ਮੀਨ ਬਰਬਾਦ ਪਈ ਹੈ। ਇਕ ਸਾਲ ਦੇ ਵਿਚ 50 ਲੱਖ ਰੁਪਿਆ ਨੁਕਸਾਨ ਹੁੰਦਾ ਹੈ। ਫਿਰ ਉਸ ਦੇ ਨਾਲ ਕਿੰਨਾ ਆਬਿਆਨਾ ਆਉਣਾ ਹੈ, ਕਿੰਨੀ ਮਾਰਕਿਟ ਫੀਸ ਆਉਣੀ ਹੈ, ਇਸ ਗਲ ਦਾ ਕੋਈ ਅੰਦਾਜ਼ਾ ਨਹੀਂ ਹੈ। ਇਸ ਤਰ੍ਹਾਂ, ਸਪੀਕਰ ਸਾਹਿਬ, ਪੰਜਾਬ ਵਿਚ ਲੱਖਾਂ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਜੇ ਸਾਡੇ ਸਿਵਲ ਸਕੱਤਰੇਤ ਦੇ ਅਫਸਰ ਅੱਛੀਆਂ ਤਨਖਾਹਾਂ ਲੈ ਕੇ ਵੀ ਜ਼ਰਾ ਆਪਣੇ ਫਰਜ਼ ਦੀ ਪਾਲਣਾ ਕਰਨ ਤਾਂ ਪੰਜਾਬ ਵਿੱਚ ਜੋ ਅੱਜ ਮੁਸ਼ਕਲਾਂ ਹਨ ਉਹ ਪੈਦਾ ਨਾ ਹੁੰਦੀਆਂ। ਉਨ੍ਹਾਂ ਨੇ ਇਧਰ ਕੋਈ ਧਿਆਨ ਹੀ ਨਹੀਂ ਦਿਤਾ। ਇਸ ਦੇ ਕਾਰਨ ਕੀ ਹਨ ? ਇਸ ਦੇ ਵਿਚ ਮੈਂ ਇਸ ਵੇਲੇ ਨਹੀਂ ਜਾ ਸਕਦਾ ਕਿਉਂਕਿ ਮੇਰੇ ਪਾਸ ਇਤਨਾ ਸਮਾਂ ਨਹੀਂ ਹੈ।

ਸਪੀਕਰ ਸਾਹਿਬ, ਜਦੋਂ ਮੁੱਖ ਮੰਤਰੀ ਸਾਹਿਬ ਨੇ ਤਿੰਨ ਤਿੰਨ ਜ਼ਿਲ੍ਹਿਆਂ ਵਿਚ ਅੇਮ. ਅੇਲ. ਏਜ਼. ਨੂੰ ਬੁਲਾ ਕੇ ਮੀਟਿੰਗਾਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਮੈਨੂੰ ਇਹ ਗਲ ਬੜੀ ਚੰਗੀ ਲਗੀ ਸੀ । ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬੂਟਾ ਸਿੰਘ]

ਨੇ ਉਨ੍ਹਾਂ ਮੀਟਿੰਗਾਂ ਵਿੱਚ ਹਰ ਇਕ ਐਮ. ਐਲ. ਏ. ਨੂੰ 5-5, 10-10 ਮਿੰਟ ਬੋਲਣ ਦਾ ਟਾਈਮ ਦਿੱਤਾ ਅਤੇ ਆਪਣੇ ਆਪਣੇ ਹਲਕੇ ਦੀਆਂ ਗੱਲਾਂ ਕੀਤੀਆਂ ਗਈਆਂ ਪਰ ਮੈਨੂੰ ਅਫਸੋਸ ਹੈ ਕਿ ਜਿਹੜੀਆਂ ਵੀ ਗੱਲਾਂ ਉਨ੍ਹਾਂ ਮੀਟਿੰਗ ਵਿਚ ਕੀਤੀਆਂ ਗਈਆਂ ਉਨਾਂ ਵਿਚੋਂ 1% ਤੇ ਵੀ ਅਮਲ ਨਹੀਂ ਹੋਇਆ। ਗੱਲ ਬੜੀ ਚੰਗੀ ਸੀ ਜੋ ਉਨ੍ਹਾਂ ਨੇ ਮੀਟਿੰਗਾਂ ਸ਼ੁਰੂ ਕੀਤੀਆਂ ਸਨ ਅਤੇ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਜੋ ਗੱਲਾਂ ਲਿਆਂਦੀਆਂ ਸਨ ਜੇ ਉਨ੍ਹਾਂ ਤੇ ਅਮਲ ਨਹੀਂ ਸੀ ਹੋਣਾ ਤਾਂ ਇਸ ਤਰ੍ਹਾਂ ਵਕਤ ਜ਼ਾਇਆ ਕਰਨ ਦਾ ਕੀ ਫਾਇਦਾ ਸੀ। ਗੱਲ ਤਾਂ ਅੱਛੀ ਸੀ ਪਰ ਹੈ ਇਕ ਡਰਾਮਾ ਹੀ ਸੀ।

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਜ਼ਿਲ੍ਹਿਆਂ ਵਿਚ ਜਿਹੜੀਆਂ ਮੀਟਿੰਗਾਂ ਹੁੰਦੀਆਂ ਹਨ, ਦਫਤਰਾਂ ਵਿਚ ਇਹ ਹਾਲ ਹੈ ਕਿ ਕੋਈ ਕੰਮ ਪੰਜਾਬੀ ਵਿਚ ਨਹੀਂ ਹੋ ਰਿਹਾ, ਇਸ ਤਰ੍ਹਾਂ ਲਗਦਾ ਹੈ ਕਿ ਉਹ ਮੀਟਿੰਗਾਂ ਪੰਜਾਬ ਵਿਚ ਨਹੀਂ ਸਗੋਂ ਦੱਖਣ ਦੇ ਕਿਸੇ ਹਿੱਸੇ ਵਿਚ ਹੋ ਰਹੀਆਂ ਹਨ। ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਖਤੀ ਨਾਲ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਉਹ ਸਾਰਾ ਕੰਮ ਪੰਜਾਬੀ ਵਿਚ ਕਰਨ।

ਫਿਰ ਸਪੀਕਰ ਸਾਹਿਬ, ਨਵਿਆਂ ਜ਼ਿਲ੍ਹਿਆਂ ਦੀ ਗਲ ਚਲ ਰਹੀ ਹੈ। ਕੁਝ ਤਵੱਕੋ ਕੀਤੀ ਜਾਂਦੀ ਹੈ ਕਿ ਨਵੇਂ ਜ਼ਿਲ੍ਹੇ ਬਣਨੇ ਹਨ। ਮੈਂ ਸਰਕਾਰ ਨੂੰ ਜ਼ਿਲ੍ਹਾ ਬਠਿੰਡਾ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਉਹ ਜ਼ਿਲ੍ਹਾ ਇਤਨਾ ਫੈਲਿਆ ਹੋਇਆ ਹੈ ਕਿ ਬਠਿੰਡੇ ਵਿੱਚ ਜੇ ਕਿਸੇ ਨੇ ਤਾਰੀਖ ਵਾਸਤੇ ਆਉਣਾ ਹੋਵੇ ਤਾਂ ਉਸ ਨੂੰ ਇਕ ਦਿਨ ਪਹਿਲਾਂ ਆਪਣੇ ਪਿੰਡ ਤੋਂ ਜਾਣਾ ਪੈਂਦਾ ਹੈ। ਕੁਝ ਇਲਾਕਾ ਹਰਿਆਣੇ ਦੇ ਨਾਲ ਲਗਦਾ ਹੈ ਅਤੇ ਕੁਝ ਦੂਸਰੀ ਤਰਫ ਲਗਦਾ ਹੈ। ਜੇ ਕਿਸੇ ਨੇ ਪੇਸ਼ੀ ਤੇ ਵੀ ਆਉਣਾ ਹੋਵੇ ਤਾਂ ਇਕ ਦਿਨ ਪਹਿਲਾਂ ਉਸ ਨੂੰ ਚਲਣਾ ਪੈਂਦਾ ਹੈ। ਨਵੇਂ ਜ਼ਿਲ੍ਹੇ ਜੋ ਬਣ ਰਹੇ ਹਨ ਉਸ ਦੇ ਬਾਰੇ ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਅਤੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਵੀ ਫੈਸਲੇ ਕਰਨੇ ਹਨ ਉਹ ਠੋਸ ਤੱਥਾਂ ਦੇ ਅਧਾਰ ਤੇ ਫੈਸਲੇ ਕੀਤੇ ਜਾਣ। ਮਾਨਸਾ ਸਬ-ਡਿਵੀਜ਼ਨ ਵਿਚ 5 ਲੱਖ ਤੋਂ ਉਪਰ ਆਬਾਦੀ ਹੈ ਅਤੇ ਇਸ ਦੇ ਵਿਚ ਕੋਈ ਢਾਈ ਸੌ ਦੇ ਕਰੀਬ ਪਿੰਡ ਹਨ। ਕਈ ਸਾਲਾਂ ਤੋਂ ਮਾਨਸਾ ਵਿਚ ਮਿਨੀ ਸਕੱਤਰੇਤ ਦਾ ਨੀਂਹ ਪੱਥਰ ਰਖਿਆ ਹੋਇਆ ਹੈ ਪਰ ਉਥੇ ਕੰਮ ਦੀ ਰਫਤਾਰ ਇਤਨੀ ਸੁਸਤ ਹੈ ਜਿਸ ਦੇ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਮੇਰੀ ਬੇਨਤੀ ਹੈ ਕਿ ਉਥੇ ਕੰਮ ਛੇਤੀ ਤੋਂ ਛੇਤੀ ਕੀਤਾ ਜਾਵੇ ਤਾਂਕਿ ਜਿੰਨਾ ਚਿਰ ਜ਼ਿਲ੍ਹਾ ਨਹੀਂ ਬਣਦਾ ਉਹ ਲੋਕਾਂ ਨੂੰ ਕਚਿਹਰੀਆਂ ਵਿੱਚ ਜਾਂ ਹੋਰ ਕੰਮਾਂ ਲਈ ਜਾਣ ਦਾ ਜੋ ਭੀੜ ਭੜੱਕਾ ਹੈ, ਉਹ ਘਟ ਸਕੇ।

THIRD REPORT OF THE BUSINESS ADVISORY COMMITTEE

Mr. Speaker : I have to present to the House the Third Report of the Business Advisory Committee. The report reads as under:—

After some discussion, it was recommended that the following business be transacted at the sittings of the Punjab Vidhan Sabha from 25th March, 1982 to 31st March, 1982:—

Thursday, the 25th March (i) (9·00 A.M. to 1·30 P.M.) (Morning Sitting)	Discussion and voting on Demands for Grants in respect of Excise and Taxation and Education.

Original with;
Punjab Vidhan Sabha
Digitized by;
Panjab Digital Library

(ii) (2·30 P.M. to 7·00 P.M.) (Afternoon Sitting)	Non-official Business.
Friday, the 26th March, (9·00 A.M.)	Discussion and Voting on demands for Grants in respect of Agriculture and Industry. As regards the remaining Demands relating to the Budget Estimates for the year, 1982-83, guillotine will be applied.
Saturday, the 27th March ..	Off day.
Sunday, the 28 March ..	Holiday.
Monday,the 29th March (9·00 A.M.)	Appropriation Bill in respect of Budget Estimates for the year, 1982-83.
Tuesday, the 30th March (9·00 A.M.)	All the Legislative Business (Time to be extended, if necessary).
Wednesday, the31st March (9·00 A.M.)	Motion under Rule 77 given notice of by Sardar Parkash Singh Badal, Leader of the Opposition and Sardar Natha Singh Dalam, MLA, to the following effect:— "That the situation arising out of the agreement regarding the distribution of waters of Ravi-Beas signed on 31st December, 1981 be discussed."

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

Finance Minister (Doctor Kewal Krishan) : Sir, I beg to move—

That this House agrees with the recommendations contained in the Third Report of the Business Advisory Committee.

Mr. Speaker : Motion moved—

That this House agrees with the recommendations contained in the Third Report of the Business Advisory Committee.

Mr. Speaker : Question is—

That this House agrees with the recommendations contained in the Third Report of the Business Advisory Committee.

The motion was carried, unanimously.

DISCUSSION AND VOTING OF DEMANDS FOR GRANTS FOR THE YEAR 1982-83

(*Resumption*)

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਮੈਂ ਸੰਖੇਪ ਰੂਪ ਵਿਚ ਇਸ ਸਾਰੀ ਬਹਿਸ ਦਾ ਜਵਾਬ ਦੇਣਾ ਚਾਹੁੰਦਾ ਹਾਂ (ਥੰਪਿੰਗ) ਜੋ ਇਧਰ ਅੱਤੇ ਉਧਰ ਦੇ ਮੈਂਬਰ ਸਾਹਿਬਾਨ ਵਲੋਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸੁਆਲ ਉਠਾਏ ਗਏ ਹਨ। ਸਭ ਤੋਂ ਪਹਿਲਾਂ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਬਾਰੇ ਇਥੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 1981 ਦੀ ਜੋ ਕੇਂਦਰ ਸਰਕਾਰ ਨੇ ਰਿਪੋਰਟ ਦਿਤੀ ਹੈ ਉਸ ਵਿਚ ਬਿਲਕੁਲ ਵਾਜ਼ਿਆਂ ਤੌਰ ਤੇ ਲਿਖਿਆ ਗਿਆ ਹੈ ਕਿ ਅਗਰ ਕਿਸੇ ਸੂਬੇ ਵਿਚ ਘਟ ਤੋਂ ਘੱਟ ਹੀਨੀਅਸ ਕ੍ਰਾਈਮ, ਜਿਨ੍ਹਾਂ ਵਿਚ ਕੁਝ ਮਰੇ ਵੀ ਹਨ, ਹੋਏ ਹਨ ਉਹ ਹੈ ਪੰਜਾਬ। (ਥੰਪਿੰਗ) ਇਹ ਮੈਂ ਜਨਰਲ ਤੌਰ ਤੇ ਅਰਜ਼ ਕੀਤੀ ਹੈ ਅੰਕੜੇ ਪਿਛਲੇ ਜੋ ਪੰਜ ਸਾਲ ਹਨ ਉਸ ਨੂੰ ਵੀ ਅਗਰ ਵੇਖਿਆ ਜਾਵੇ ਤਾਂ ਸਭ ਤੋਂ ਘੱਟ ਕਰਾਈਮਜ਼ ਹੁਣ ਹੋਏ ਹਨ। ਪਰ ਇੰਨੀ ਤਫਤੀਸ਼ਨਾਕ ਹਾਲਤ ਦੱਸੀ ਗਈ ਹੈ ਜਿਵੇਂ ਇਥੇ ਕੋਈ ਲਾਅ ਐਂਡ ਆਰਡਰ ਹੈ ਹੀ ਨਹੀਂ। ਮੈਂ ਨਹੀਂ ਸੀ ਦੱਸਣਾ ਚਾਹੁੰਦਾ ਕਿ ਪਿਛਲੇ ਤਿੰਨ ਸਾਲਾਂ ਵਿਚ ਜਦੋਂ ਦੂਸਰੀ ਸਰਕਾਰ ਸੀ ਉਨ੍ਹਾਂ ਨਾਲ ਅਗਰ ਮੁਕਾਬਲਾ ਕੀਤਾ ਜਾਵੇ ਤਾਂ ਸਾਡੇ ਸਮੇਂ ਵਿਚ ਉਸ ਤੋਂ ਵੀ ਘੱਟ ਕਰਾਈਮਜ਼ ਹੋਏ ਹਨ। ਮੈਂ ਇਸ ਤੇ ਵਿਚਾਰ ਨਹੀਂ ਕਰਨਾ ਚਾਹੁੰਦਾ ਮੈਂ ਤਾਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਤੋਂ ਇਲਾਵਾ ਜੋ ਗੱਲਾਂ ਕਹੀਆਂ ਗਈਆਂ ਹਨ, ਮੈਂ ਉਨ੍ਹਾਂ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਜਿਵੇਂ ਜਿਵੇਂ ਵਕਤ ਗੁਜ਼ਰਦਾ ਜਾਂਦਾ ਹੈ ਤਿਵੇਂ ਤਿਵੇਂ ਸਾਡੀ ਪਾਪੂਲੇਸ਼ਨ ਜਿਹੜੀ ਹੈ ਉਹ ਜ਼ਿਆਦਾ ਵਧਦੀ ਜਾਂਦੀ ਹੈ । ਇਸ ਲਈ ਜਿਸ ਹਿਸਾਬ ਨਾਲ ਸਾਡੀ ਪਾਪੂਲੇਸ਼ਨ ਵੱਧ ਰਹੀ ਹੈ ਉਸ ਦੇ ਅਸਰਾਤ ਜਿਹੜੇ ਹਨ ਉਹ ਐਡਮਨਿਸਟਰੇਸ਼ਨ ਵਿੰਗ ਤੇ ਜ਼ਰੂਰ ਪੈਂਦੇ ਹਨ ਅਤੇ ਪੁਲਿਸ ਨੂੰ ਉਸ ਦੇ ਮੁਤਾਬਿਕ ਇੰਤਜ਼ਾਮ ਕਰਨੇ ਪੈਂਦੇ ਹਨ। ਇਹ ਜੋ ਪਾਪੂਲੇਸ਼ਨ ਜੋ ਪੰਜਾਬ ਵਿਚ ਵਧੀ ਹੈ ਇਹ ਛਾਲਾਂ ਮਾਰ ਕੇ ਵੱਧ ਰਹੀ ਹੈ। ਹਿੰਦੁਸਤਾਨ ਵਿਚ ਹਰ ਸਾਲ ਇਕ ਆਸਟਰੇਲੀਆ ਬਣ ਜਾਂਦਾ ਹੈ । ਐਸੀ ਤਫਤੀਸ਼ਨਾਕ ਗੱਲ ਹੈ ਜਿਸ ਬਾਰੇ ਸਾਨੂੰ ਸਾਰਿਆਂ ਨੂੰ ਸੋਚਣਾ ਪਏਗਾ। ਜਿੰਨੀ ਦੇਰ ਤੱਕ ਪਾਪੂਲੇਸ਼ਨ ਦਾ ਕੰਟਰੋਲ ਨਹੀਂ ਹੁੰਦਾ ਉਤਨੀ ਦੇਰ ਤੱਕ ਅਸੀਂ ਕੁਝ ਨਹੀਂ ਕਹਿ ਸਕਦੇ ਕਿਉਂਕਿ ਕਈ ਚੀਜ਼ਾਂ ਐਸੀਆਂ ਹਨ ਜਿਨ੍ਹਾਂ ਦਾ ਅਸਰ ਐਡਮਨਿਸਟਰੇਸ਼ਨ ਤੇ ਪੈਂਦਾ ਹੈ । ਮੈਂ, ਸਪੀਕਰ ਸਾਹਿਬ, ਤੁਹਾਨੂੰ ਇਸ ਪਾਸੇ ਨਹੀਂ ਲਿਜਾਣਾ ਚਾਹੁੰਦਾ ਪਰ ਆਦਮੀਆਂ ਦੀ ਖੁਰਾਕ ਤੇ ਇਹ ਅਸਰਾਤ ਵੀ ਹੁੰਦੇ ਹਨ। ਮੈਨੂੰ ਖੁਸ਼ੀ ਹੈ ਕਿ ਇਧਰੋਂ ਵੀ ਅਤੇ ਆਪੋਜ਼ੀਸ਼ਨ ਦੇ ਇਕ ਦੋ ਮੈਂਬਰਾਂ ਵਲੋਂ ਵੀ ਇਕ ਦੋ ਗੱਲਾਂ ਚੰਗੀਆਂ ਕਹੀਆਂ ਗਈਆਂ ਹਨ। ਸਰਦਾਰ ਬੀਰਦਵਿੰਦਰ ਸਿੰਘ ਜੀ ਅਤੇ ਸ਼੍ਰੀ ਸੇਵਾ ਰਾਮ ਜੀ ਬੋਲੇ ਹਨ; ਉਨ੍ਹਾਂ ਨੇ ਸਿਆਣਪ ਨਾਲ ਅਤੇ ਬੈਲੈਂਸਡ ਤਰੀਕੇ ਨਾਲ ਗੱਲਾਂ ਕਹੀਆਂ ਹਨ। ਉਨ੍ਹਾਂ ਨੇ ਕੋਈ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਹੀਆਂ ਜਿਨ੍ਹਾਂ ਨਾਲ ਕਿ ਸਿਰਫ ਡਿਫੈਂਸ ਕਰਨਾ ਹੋਵੇ । ਉਨ੍ਹਾਂ ਦੇ ਜੋ ਸਭ ਤੋਂ ਪਿਛੇ ਸਪੀਕਰ ਬੋਲੇ ਹਨ ਮੈਂ ਉਨ੍ਹਾਂ ਦੀ ਦਾਦ ਦਿੰਦਾ ਹਾ । ਉਨ੍ਹਾਂ ਨੇ ਕੁਝ ਸੁਆਲ ਉਠਾਏ ਹਨ ਉਨਾਂ ਤੇ ਵਿਚਾਰ ਹੋਵੇਗਾ। ਸਪੀਕਰ ਸਾਹਿਬ, ਸਭ ਨੂੰ ਪਤਾ ਹੈ ਕਿ ਬਹੁਤ ਸਾਰੇ ਲੋਕਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਲੜਾਈਆਂ ਲੜੀਆਂ ਹਨ ਅਤੇ ਸਾਨੂੰ ਆਜ਼ਾਦੀ ਲੈ ਕੇ ਦਿਤੀ ਹੈ । ਇਥੇ ਇਕ ਵਾਰੀ ਇਕ ਮੈਂਬਰ ਸਾਹਿਬ ਨੇ ਕਿਹਾ ਸੀ ਕਿ ਦਰਬਾਰਾ ਸਿਘ ਨੇ ਕੋਈ ਸਜ਼ਾ ਨਹੀਂ ਕੱਟੀ। ਕਿਉਂਕਿ ਉਸਨੇ ਆਪ ਕੋਈ ਸਜ਼ਾ ਨਹੀਂ ਕੱਟੀ ਇਸ ਕਰਕੇ ਦੂਸਰਿਆਂ ਨੂੰ ਕਹਿੰਦੇ ਹਨ ਕਿ ਸਜ਼ਾ ਨਹੀਂ ਕੱਟੀ। ਅਸੀਂ ਜੇਲਾਂ ਕੱਟੀਆਂ ਹਨ। ਸਾਨੂੰ ਪਤਾ ਹੈ ਕਿ ਕੁਰਬਾਨੀ ਕੀ ਹੁੰਦੀ ਹੈ। (ਥੰਪਿੰਗ) ਇਹ ਸਾਡਾ ਫਰਜ਼ ਸੀ ਔਰ ਅਸੀਂ ਅੰਗਰੇਜ਼ਾਂ ਦੇ ਖਿਲਾਫ ਲੜਦੇ ਸੀ ਇਕ ਪਾਰਟੀ ਨਹੀਂ, ਸਾਰੀਆਂ ਪਾਰਟੀਆਂ ਅੰਗਰੇਜ਼ਾਂ ਦੇ ਖਿਲਾਫ ਲੜਦੀਆਂ ਰਹੀਆਂ। ਉਸ ਵੇਲੇ ਕਾਂਗਰਸ ਨਾਲ ਸਾਰੇ ਸਹਿਮਤ ਸਨ ਔਰ ਇਸ ਵਾਸਤੇ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਜ਼ਿਆਦਾ ਕੁਰਬਾਨੀਆਂ ਕਰਕੇ ਦੇਸ਼ ਨੂੰ ਆਜ਼ਾਦ ਕਰਾਇਆ। ਅੱਜ ਵੀ ਅਸੀਂ ਇਸ ਬਜਟ ਵਿੱਚ ਫੈਸਲਾ ਕਰ ਦਿੱਤਾ ਹੈ ਕਿ ਉਸ ਵੇਲੇ 6 ਮਹੀਨੇ, ਜਿਵੇਂ ਕਿ ਸੈਂਟਰਲ ਗੌਰਮਿੰਟ ਨੇ ਵੀ ਫੈਸਲਾ

Original with;
Punjab Vidhan Sabha
Digitized by;
Panjab Digital Library

ਕੀਤਾ ਹੈ, ਜਿਸ ਨੇ ਸਜ਼ਾ ਕੱਟੀ ਹੈ ਅਸੀਂ ਉਸ ਨੂੰ ਪੰਜਾਬ ਸਰਕਾਰ ਵਲੋਂ ਪੈਨਸ਼ਨ ਦਿਆਂਗੇ। ਇਹ ਹੀ ਨਹੀਂ ਸੀ ਅਸੀਂ ਇਹ ਵੀ ਫੈਸਲਾ ਕੀਤਾ ਹੈ ਕਿ ਕੋਈ ਬੀਮਾਰ ਬੰਦਾ ਹੈ ਜਿਸ ਨੇ ਆਜ਼ਾਦੀ ਦੀ ਲੜਾਈ ਲੜੀ ਸੀ, ਅੰਗਰੇਜ਼ਾਂ ਦੇ ਖਿਲਾਫ ਉਸ ਦੇ ਇਲਾਜ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੈ। ਇਸਦੇ ਨਾਲ ਨਾਲ ਅਸੀਂ, ਉਨ੍ਹਾਂ ਲੋਕਾਂ ਦੇ ਜੋ ਬੱਚੇ ਹਨ ਉਨ੍ਹਾਂ ਨੂੰ ਪਰੈਫਰੈਂਸ ਦੇ ਤੌਰ ਤੇ ਅਗਰ ਕੋਈ ਜਗ੍ਹਾ ਮਿਲ ਸਕਦੀ ਹੈ ਤਾਂ ਪ੍ਰਾਇਰਿਟੀ ਬੇਸਿਜ਼ ਤੇ ਜਗ੍ਹਾ ਦੇਣ ਵਾਸਤੇ ਰਾਖਵੀਂ ਰਖਾਂਗੇ। ਅੱਜ ਹੀ ਪੁਲੀਟੀਕਲ ਸਫ਼ਰਰਜ਼ ਦੀ, ਜਿਸ ਵਿੱਚ ਕਿਸੇ ਇਕ ਪਾਰਟੀ ਦੇ ਨਹੀਂ ਸਾਰੀਆਂ ਪਾਰਟੀਆਂ ਦੇ ਬੰਦੇ ਸਨ, ਮੈਂ ਮੀਟਿੰਗ ਅਟੈਂਡ ਕਰਕੇ ਆਇਆ ਹਾਂ। ਮੈਂ ਕਿਹਾ ਹੈ ਕਿ ਜਿਹੜੀਆਂ ਚੀਜ਼ਾਂ ਉਹ ਚਾਹੁੰਦੇ ਹਨ ਉਹ ਲਿਖਤੀ ਰੂਪ ਵਿੱਚ ਦੇਣ, ਅਸੀਂ ਜ਼ਰੂਰ ਵੇਖਾਂਗੇ। ਉਹ ਸਾਡੇ ਸਜਣ ਹਨ, ਅਸੀਂ ਉਨ੍ਹਾਂ ਦੀ ਇੱਜ਼ਤ ਕਰਦੇ ਹਾਂ ਜਿਹੜੇ ਜੇਲ੍ਹਾਂ ਵਿਚ ਫਾਂਸੀ ਦੇ ਤਖਤਿਆਂ ਤੇ ਚੜ੍ਹ ਗਏ ਜਾਂ ਕਿਤੇ ਸ਼ਹੀਦ ਹੋ ਗਏ। 1947 ਤੋਂ ਪਹਿਲਾਂ ਦਾ ਕੋਈ ਸਜਣ ਜਿਹੜਾ ਹੈ ਚਾਹੇ ਉਹ ਕਿਸੇ ਵੀ ਪਾਰਟੀ ਵਿੱਚ ਚਲਾ ਗਿਆ ਹੋਵੇ ਅਸੀਂ ਸਹਿਮਤ ਹਾਂ ਕਿ ਉਨ੍ਹਾਂ ਦੇ ਪਰੀਵਾਰ ਨਾਲ ਪੂਰੀ ਹਮਦਰਦੀ ਕੀਤੀ ਜਾਏ, ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮੱਦਦ ਕੀਤੀ ਜਾਏ। ਸਰਦਾਰ ਮੇਜਰ ਸਿੰਘ ਨੇ ਕਿਹਾ ਹੈ ਕਿ ਕੁਝ ਕੇਸਿਜ਼ 1952 ਤੋਂ ਪਏ ਹਨ। ਮੈਂ ਕਹਿੰਦਾ ਹਾਂ ਕਿ ਅਗਰ ਕੋਈ ਐਸੀ ਗੱਲ ਹੈ ਤਾਂ ਮੈਂ ਆਪਣੀ ਪਹਿਲੀ ਫੁਰਸਤ ਵਿੱਚ ਉਨ੍ਹਾਂ ਕੇਸਿਜ਼ ਨੂੰ ਵੇਖਾਂਗਾ, ਜੋ ਮਦਦ ਹੋ ਸਕੇਗੀ ਕਰਾਂਗਾ। (ਥੰਪਿੰਗ) ਮੈਂ ਇਸ ਕਰਕੇ ਕਹਿੰਦਾ ਹਾਂ ਸਾਨੂੰ ਪਤਾ ਹੈ ਕਿ ਉਸ ਵੇਲੇ ਬਹੁਤ ਸਾਰੇ ਅਕਾਲੀ ਸਨ ਜਿਨ੍ਹਾਂ ਨੇ ਸਾਡਾ ਸਾਥ ਦਿੱਤਾ ਸੀ। ਉਨ੍ਹਾਂ ਨੇ ਬੜੀਆਂ ਭਾਰੀਆਂ ਕੁਰਬਾਨੀਆਂ ਕੀਤੀਆਂ ਸਨ। ਇਸੇ ਤਰ੍ਹਾਂ ਕਮਿਉਨਿਸਟ ਪਾਰਟੀ ਨੇ ਵੀ ਕੁਰਬਾਨੀਆਂ ਕੀਤੀਆਂ ਸਨ। ਉਸ ਵੇਲੇ ਪਾਰਟੀਆਂ ਦੇ ਬੰਦਿਆਂ ਵਿੱਚ ਜਾਨ ਸੀ ਅਤੇ ਉਨ੍ਹਾਂ ਨੇ ਕੁਰਬਾਨੀਆਂ ਕੀਤੀਆਂ, ਉਹ ਬੇਜਾਨ ਔਰ ਮੁਰਦੇ ਨਹੀਂ ਸਨ, ਉਨ੍ਹਾਂ ਨਾਲ ਜਿੰਨਾ ਸਹਿਯੋਗ ਕੀਤਾ ਜਾਵੇ ਥੋੜ੍ਹਾ ਹੈ। ਜੇਕਰ ਕੋਈ ਅਣਗਹਿਲੀ ਪਹਿਲਾਂ ਹੋਈ ਹੈ, ਹੁਣ ਨਹੀਂ ਹੋਵੇਗੀ। ਜੋ ਚੀਜ਼ ਨੋਟਿਸ ਵਿੱਚ ਲਿਆਂਦੀ ਹੈ ਉਹ ਅਨ-ਨੋਟਿਸਡ ਨਹੀਂ ਜਾਏਗੀ। ਜਿਥੋਂ ਤੱਕ ਉਨ੍ਹਾਂ ਦੀ ਪੈਨਸ਼ਨਜ਼ ਦਾ ਤੁਅੱਲਕ ਹੈ ਜਾਂ ਉਨ੍ਹਾਂ ਦੀ ਕਿਸੇ ਤਕਲੀਫ ਨੂੰ ਦੂਰ ਕਰਨ ਦਾ ਤੁਅੱਲਕ ਹੈ ਇਹ ਸਰਕਾਰ ਇਸ ਗਲ ਲਈ ਖੜੋਤੀ ਹੈ, ਮੈਂ ਇਸ ਗੱਲ ਨੂੰ ਮਹਿਸੂਸ ਕਰਦਾ ਹਾਂ ਔਰ ਮੇਰੀ ਸਭ ਤੋਂ ਜ਼ਿਆਦਾ ਡਿਊਟੀ ਹੈ ਜਿਸ ਨੇ ਉਨ੍ਹਾਂ ਨਾਲ ਜੇਲ੍ਹਾਂ ਕੱਟੀਆਂ ਹਨ ਉਹ ਅੱਜ ਚੀਫ਼ ਮਨਿਸਟਰ ਹੈ। ਇਸ ਲਈ ਮੇਰੀ ਜ਼ਿੰਮੇਵਾਰੀ ਜ਼ਿਆਦਾ ਹੈ, ਸ਼ਾਇਦ ਪਹਿਲਾਂ ਕਿਸੇ ਦੀ ਨਾ ਹੋਈ ਹੋਵੇ ਜਾਂ ਨਾ ਰਹੀ ਹੋਵੇ ਕਿਉਂਕਿ ਪਹਿਲੇ ਸ਼ਾਇਦ ਬੜੇ ਬੜੇ ਲੋਕਾਂ ਨੂੰ ਪਤਾ ਨਾ ਹੋਵੇ ਕਿ ਉਹ ਤਕਲੀਫ਼ ਕੀ ਹੁੰਦੀ ਹੈ ਜਿਹੜੀ ਜੇਲ ਵਿੱਚ ਸਜ਼ਨ ਦੀ ਹੈ ਅਤੇ ਉਨ੍ਹਾਂ ਦੇ ਪਿਛੇ ਰਹਿਣ ਵਾਲੇ ਬੱਚੇ ਕਿਸ ਹਾਲਾਤ ਵਿੱਚ ਗੁਜ਼ਰਦੇ ਹਨ ਕਿਸੇ ਨੇ ਧਿਆਨ ਨਹੀਂ ਦਿੱਤਾ। ਉਸ ਵੇਲੇ ਜਿਸ ਵੇਲੇ ਸਰਦਾਰ ਪ੍ਰਤਾਪ ਸਿੰਘ ਚੀਫ਼ ਮਨਿਸਟਰ ਸੀ ਅਤੇ ਮੈਂ ਪ੍ਰੈਜ਼ੀਡੈਂਟ ਸੀ ਅਸੀਂ ਦੋਹਾਂ ਨੇ ਉਨ੍ਹਾਂ ਲੋਕਾਂ ਨੂੰ ਪੈਨਸ਼ਨਾਂ ਦਿੱਤੀਆਂ ਜਿਨ੍ਹਾਂ ਨੇ 1947 ਤੋਂ ਪਹਿਲਾਂ ਜੇਲ੍ਹਾਂ ਕੱਟੀਆਂ। ਅਸੀਂ ਜੋ ਕੁਝ ਕਰ ਸਕੇ ਸੀ ਕੀਤਾ ਸੀ, ਹੁਣ ਵੀ ਅਸੀਂ ਬਹੁਤ ਕੁਝ ਕੀਤਾ ਹੈ। ਜਿਨ੍ਹਾਂ ਨੇ ਹਰਸਾ-ਛੀਨਾ ਦੇ ਮੋਰਚੇ ਵਿੱਚ ਕੁਰਬਾਨੀ ਦਿੱਤੀ ਸੀ, ਉਨ੍ਹਾਂ ਦਾ ਕੇਸ ਵੀ ਪਿਆ ਰਿਹਾ। ਅਸੀਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਵੀ ਉਤਨੀ ਹੀ ਹੈ ਜਿਤਨੀ ਦੂਜਿਆਂ ਦੀ ਹੈ। ਇਸ ਵਿੱਚ ਇਹ ਖਿਆਲ ਨਹੀਂ ਕੀਤਾ ਜਾਂਦਾ ਕਿ ਕੋਈ ਕਿਸ ਪਾਰਟੀ ਨਾਲ ਤੁਅੱਲਕ ਰਖਦਾ ਹੈ। ਅਸੀਂ ਤਾਂ ਇਸ ਗੱਲ ਨਾਲ ਤੁਅਲਕ ਰਖਦੇ ਹਾਂ ਕਿ ਅਗਰੇਜ਼ਾਂ ਦੇ ਖਿਲਾਫ ਕੌਣ ਲੜਿਆ ਹੈ। ਜੋ ਅੰਗਰੇਜ਼ਾਂ ਦੇ ਖਿਲਾਫ ਲੜਿਆ ਹੈ ਸਾਡਾ ਉਸ ਦੇ ਸਾਹਮਣੇ ਸਿਰ ਝੁੱਕ ਜਾਂਦਾ ਹੈ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਥੇ ਇੱਕ ਮੈਂਬਰ ਨੇ ਬੜੇ ਸਵਾਲ ਉਠਾਏ ਹਨ ਕਿ ਫਲਾਣੀ ਥਾਂ ਇਹ ਹੋ ਗਿਆ, ਫਲਾਣੀ ਥਾਂ ਉਹ ਹੋ ਗਿਆ। ਪਤਾ ਨਹੀਂ ਅੰਨਾ ਚੇਤਾ ਕਿਵੇਂ ਰਖਦੇ ਹਨ। ਫਿਰ ਗਲ ਵੀ ਐਸੇ ਖੂਬਸੂਰਤ ਲਫਜ਼ਾਂ ਵਿੱਚ ਬਣਾ ਲੈਂਦੇ ਹਨ ਕਿ ਪੁੱਛੋ ਨਾ। ਜਿਸ ਦੀ ਕਿਤੇ ਐਗਜ਼ਿਸਟੈਂਸ ਨਹੀਂ ਹੁੰਦੀ, ਉਹ ਗੱਲ ਵੀ ਬਣਾ ਲੈਂਦੇ ਹਨ। ਅਗਰ ਮੈਂ ਇਹ ਸਾਰੇ ਕੇਸਾਂ ਬਾਰੇ ਦੱਸਣ ਲੱਗਾਂ ਤਾਂ ਬਹੁਤ ਵਕਤ ਲਗੇਗਾ। ਦੋ ਮੈਂਬਰਾਂ ਨੇ ਨਕੋਦਰ ਦੇ ਬਾਰੇ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਚੀਫ ਮਨਿਸਟਰ ਦੀ ਕੰਸਟੀਚੂਐਂਸੀ ਹੈ। ਭਾਵੇਂ ਜੋ ਕੁਝ ਹੋਇਆ ਹੈ, ਅਸੀਂ ਫੌਰੀ ਤੌਰ ਤੇ ਉਸ ਐਸ.ਐਚ.ਓ. ਨੂੰ ਉਥੋਂ ਚਲਦਾ ਕੀਤਾ। ਲੜਕੀ ਉਧਾਲੀ ਗਈ ਸੀ, ਬਰਾਮਦ ਹੋ ਗਈ। ਇਹ ਤਾਂ ਪਤਾ ਕਰਨਾ ਹੀ ਸੀ ਕਿ ਕੌਣ ਸਾਹਿਬ ਹਨ, ਬਾਰਸੂਖ ਆਦਮੀ ਕੌਣ ਹਨ ਜਿਨ੍ਹਾਂ ਦਾ ਇਸ ਵਿੱਚ ਹੱਥ ਹੈ। ਉਨ੍ਹਾਂ ਨੂੰ ਬਿਠਾ ਕੇ ਪੁੱਛਿਆ ਗਿਆ। ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਆਦਮੀ ਤੁਹਾਡੇ ਸਾਹਮਣੇ ਬੈਠਾ ਹੈ। ਉਨ੍ਹਾਂ ਆਦਮੀਆਂ ਨੇ ਕਿਹਾ ਕਿ ਇਸ ਨੂੰ ਕਿਉਂ ਬਿਠਾਇਆ ਹੈ। ਪੁਲਿਸ ਵਾਲਿਆਂ ਨੇ ਕਿਹਾ ਕਿ ਇਸ ਨੇ ਲੜਕੀ ਕੱਢ ਕੇ ਲਿਆਂਦੀ ਹੈ। ਜਿਹੜੀ ਲੜਕੀ ਕੱਢੀ ਗਈ ਸੀ ਉਸ ਦੇ ਨਾਲ ਇਨ੍ਹਾਂ ਦੀ ਕੋਈ ਹਮਦਰਦੀ ਨਹੀਂ ਸੀ। ਹਮਦਰਦੀ ਉਸ ਆਦਮੀ ਨਾਲ ਸੀ ਜੋ ਕਿ ਲੜਕੀ ਨੂੰ ਕੱਢ ਕੇ ਲੈ ਗਿਆ ਸੀ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

ਮਾਸਟਰ ਚੰਦ ਸਿੰਘ : ਉਸ ਨੂੰ ਇਸ ਤਰ੍ਹਾਂ ਬਿਠਾਇਆ ਸੀ ਜਿਵੇਂ ਥਾਣੇਦਾਰ ਦੀ ਰਿਸ਼ਤੇਦਾਰ ਹੋਵੇ।

ਮੁੱਖ ਮੰਤਰੀ : ਇਸ ਕੇਸ ਦੀ ਇਨਕੁਆਇਰੀ ਜਾਰੀ ਹੈ। ਅਗਰ ਕੋਈ ਐਸਾ ਸਬੂਤ ਦੇਵੇ ਕਿ ਕਿਸੇ ਨੂੰ ਨਾਵਾਜਬ ਤੌਰ ਤੇ ਮਾਰਿਆ ਗਿਆ ਹੈ ਤਾ ਉਸ ਦੀ ਜ਼ਰੂਰੀ ਇਨਕੁਆਇਰੀ ਕਰਾਂਗੇ। ਮੈਂ ਆਪ ਇਨਕੁਆਇਰੀ ਕਰਵਾ ਲਵਾਂਗਾ। ਮੁਕਤਸਰ ਵਿੱਚ ਫਤਣਵਾਲੇ ਦਾ ਜ਼ਿਕਰ ਆਇਆ ਹੈ। ਬੱਚੇ ਗੁੱਲੀ ਡੰਡਾ ਖੇਲਦੇ ਸਨ। ਗੁੱਲੀ ਕਿਸੇ ਦੇ ਖੇਤ ਵਿੱਚ ਚਲੀ ਗਈ। ਜਿਸ ਦੇ ਖੇਤ ਵਿੱਚ ਗੁੱਲੀ ਗਈ ਸੀ ਉਸ ਨੇ ਗੁੱਲੀ ਚੁਕਣ ਵਾਲੇ ਮੁੰਡੇ ਨੂੰ ਥੱਪੜ ਮਾਰ ਦਿੱਤਾ। ਆਪਸ ਵਿੱਚ ਝਗੜਾ ਹੋ ਗਿਆ। ਬਾਅਦ ਵਿੱਚ ਉਨ੍ਹਾਂ ਦੀ ਸੁਲਾਹ ਹੋ ਗਈ। ਪਰ ਇਥੇ ਇਸ ਗੱਲ ਨੂੰ ਉਛਾਲ ਕੇ ਕਿਹਾ ਗਿਆ। ਬਦੋਸ਼ੀ ਦਾ ਜ਼ਿਲ੍ਹਾ ਪਟਿਆਲਾ ਦਾ ਕੇਸ ਸੀ। ਉਥੇ ਰਸਤਾ ਇਧਰ ਜਾਣਾ ਚਾਹੀਦਾ ਹੈ ਜਾਂ ਉਧਰ ਜਾਣਾ ਚਾਹੀਦਾ ਹੈ, ਇਸ ਦਾ ਝਗੜਾ ਸੀ। ਪਹੀ ਕਾਇਮ ਹੈ। ਰੌਲਾ ਉਥੇ ਖ਼ਤਮ ਹੋ ਚੁੱਕਾ ਹੈ। ਲੇਕਿਨ ਇਥੇ ਰੌਲਾ ਆ ਗਿਆ ਹੈ। ਮੈਂ ਕਹਿੰਦਾ ਹਾਂ ਕਿ ਉਸ ਰੌਲੇ ਨੂੰ ਉਥੇ ਹੀ ਖ਼ਤਮ ਰਹਿਣ ਦਿਓ। ਫਿਰ ਕਮਲੇਸ਼ ਦੇਵੀ ਦੇ ਬਾਰੇ ਪਾਂਧੀ ਜੀ ਨੇ ਕਿਹਾ ਹੈ ਕਿ ਭੋਪ ਦਾ ਕੇਸ ਸੀ, ਉਸ ਨੂੰ ਮੈਜਿਸਟ੍ਰੇਟ ਪਾਸ ਪੇਸ਼ ਕੀਤਾ ਗਿਆ। ਉਸ ਨੇ ਕੋਈ ਐਸੀ ਸਟੇਟਮੈਂਟ ਨਹੀਂ ਦਿੱਤੀ ਜਿਸ ਤੋਂ ਇਹ ਜ਼ਾਹਿਰ ਹੋਵੇ ਕਿ ਉਸ ਦੇ ਨਾਲ ਜ਼ਿਆਦਤੀ ਹੋਈ ਹੈ। ਇਸੇ ਤਰ੍ਹਾਂ ਰਾਮਪੁਰ ਪਾਇਲ ਦਾ ਕੇਸ ਦਸਿਆ ਗਿਆ ਹੈ। ਲੜਕੇ ਇਮਤਿਹਾਨ ਤੋਂ ਡਰਦੇ ਘਰੋਂ ਚਲੇ ਗਏ ਅੰਰ ਵਾਪਸ ਆ ਗਏ। ਉਹ ਦੋ ਪਰਚੇ ਦੇ ਕੇ ਭੱਜ ਗਏ ਅਤੇ ਜਦੋਂ ਇਮਤਿਹਾਨ ਖਤਮ ਹੋ ਗਏ ਤਾਂ ਵਾਪਸ ਆ ਗਏ ਕਿਉਂਕਿ ਹੁਣ ਇਮਤਿਹਾਨ ਵਿੱਚ ਨਹੀ ਬੈਠਣਾ ਪੈਣਾ ਸੀ। ਇਸੇ ਤਰ੍ਹਾਂ ਅਜੈ ਕੁਮਾਰ ਖੰਨੇ ਦਾ ਹੈ। ਇਹ ਕਿਹਾ ਗਿਆ ਕਿ ਪਤਾ ਨਹੀਂ ਘਰੋਂ ਕਿਧਰ ਚਲਾ ਗਿਆ ਹੈ। ਉਹ ਘਰ ਬੈਠਾ ਹੈ। ਇਸ ਤਰ੍ਹਾਂ ਦੇ ਕੇਸ ਵਾਪਰਦੇ ਹਨ। ਮੈਂ, ਸਪੀਕਰ ਸਾਹਿਬ, ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਪਾਪੂਲੇਸ਼ਨ ਦੀ ਇਨਕਰੀਜ਼ ਨਾਲ ਟਰੈਫਿਕ ਤੇ ਵੀ ਅਸਰ ਪੈਂਦਾ ਹੈ। ਪਾਪੂਲੇਸ਼ਨ ਇਨਕਰੀਜ਼ ਜ਼ਿੰਦਗੀ ਦੇ ਹਰ ਸ਼ੋਭੇ ਵਿੱਚ, ਸੋਸ਼ਿਓ-ਇਕਾਨਮਿਕ ਡਿਫੀਕਲਟੀਜ਼ ਵਿੱਚ ਐਡੀਸ਼ਨ ਕਰਦੀ ਹੈ। ਇਸ ਕਰਕੇ ਅਸੀਂ ਕਿਹਾ ਹੈ ਅਤੇ ਇਥੇ ਮੈਂਬਰਾਂ ਨੇ ਬਹੁਤ ਸੂਝ ਨਾਲ ਕਿਹਾ ਹੈ ਕਿ

Original with;
Punjab Vidhan Sabha
Digitized by;
Panjab Digital Library

ਨਵੇਂ ਥਾਣੇ ਉਨ੍ਹਾਂ ਥਾਵਾਂ ਤੇ ਜਾਣ ਜਿਥੇ ਨਹੀਂ ਹਨ ਜਾਂ ਜਿਥੇ ਪਿੰਡ ਜ਼ਿਆਦਾ ਹੋ ਗਏ ਹਨ, ਉਨ੍ਹਾਂ ਨੂੰ ਲੋਕੇਟ ਕਰਕੇ, ਥੋੜੇ ਪਿੰਡ ਉਸ ਥਾਣੇ ਨੂੰ ਦਿੱਤੇ ਜਾਣ। ਇਹ ਠੀਕ ਹੈ ਕਿ ਹਰ ਥਾਣੇ ਨਾਲ 10, 15 ਪਿੰਡ ਹੋਣੇ ਚਾਹੀਦੇ ਹਨ ਅਤੇ ਉਹ ਨਜ਼ਦੀਕ ਦੇ ਥਾਣੇ ਨਾਲ ਲਾ ਦਿੱਤੇ ਜਾਣ। ਇਥੇ ਦੋ ਤਕਲੀਫਾਂ ਦੱਸੀਆਂ ਗਈਆਂ ਹਨ। ਇਹ ਗਲਤ ਗਲ ਹੈ ਕਿ ਐਫ.ਆਈ.ਆਰ. ਨਹੀਂ ਲਿਖੀ ਜਾਂਦੀ। ਐਫ.ਆਈ.ਆਰ. ਤਾਂ ਪੁਲਿਸ ਵਾਲਿਆਂ ਦੇ ਖਿਲਾਫ ਵੀ ਲਿਖੀ ਗਈ ਹੈ ਅਤੇ ਉਨ੍ਹਾਂ ਨੂੰ ਸੱਸਪੈਂਡ ਵੀ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਖਿਲਾਫ ਕੇਸਿਜ਼ ਵੀ ਕੋਰਟ ਵਿੱਚ ਚਲ ਰਹੇ ਹਨ। ਹੋਰ ਕਿਸ ਗਲ ਤੋਂ ਇਸ ਚੀਜ਼ ਦਾ ਸਬੂਤ ਮਿਲ ਸਕਦਾ ਹੈ ਕਿ ਅਸੀਂ ਸਾਰੇ ਕੇਸ ਦਰਜ ਕਰਦੇ ਹਾਂ। ਵੂਮੈਨ ਲਈ ਲੇਡੀ ਐਸ.ਪੀ. ਅਤੇ ਹਰੀਜਨਜ਼ ਲਈ ਐਸ.ਪੀ. ਲਾਏ ਹਨ ਤਾਂ ਕਿ ਉਨ੍ਹਾਂ ਦੀ ਪ੍ਰੋਟੈਕਸ਼ਨ ਉਹ ਕਰ ਸਕਣ। ਅਗਰ ਕੋਈ ਐਸੇ ਕੇਸ ਉਨ੍ਹਾਂ ਦੇ ਨੋਟਿਸ ਵਿੱਚ ਆਉਣ ਤਾਂ ਉਨ੍ਹਾਂ ਦੇ ਸਪੁਰਦ ਕੀਤਾ ਜਾਵੇ ਤਾਂਕਿ ਉਸ ਦੀ ਘੋਖ ਕਰਕੇ, ਪੜਤਾਲ ਕਰਕੇ ਕਸੂਰਵਾਰ ਨੂੰ ਸਜ਼ਾ ਦਿੱਤੀ ਜਾਵੇ।

ਸਪੀਕਰ ਸਾਹਿਬ, ਮੈਂ ਐਕਸਟਰੀਮਿਸਟਸ ਦੀ ਗੱਲ ਕਰਨੀ ਚਾਹੁੰਦਾ ਹਾਂ। ਇਥੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਉਹ ਰਿਪੀਟ ਨਹੀ ਕਰਨਾ ਚਾਹੁੰਦਾ। ਲਾਅ ਐਂਡ ਆਰਡਰ ਦੇ ਬਾਰੇ ਮੈਂ ਪਹਿਲਾਂ ਵੀ ਕਿਹਾ ਸੀ ਕਿ ਇਥੇ ਕ੍ਰਾਈਮ ਰੇਟ ਲੋਐਸਟ ਹੈ। ਪਰ ਬਦਕਿਸਮਤੀ ਨਾਲ ਕੁਝ ਕੇਸਿਜ਼ ਵਿੱਚ ਪੁਲੀਟੀਕਲ ਮਰਡਰਜ਼ ਕੀਤੇ ਗਏ ਹਨ। ਕਾਤਲ ਜਿਹੜਾ ਹੈ, ਉਹ ਭਾਵੇਂ ਕਿਸੇ ਮਜ਼ਹਬ ਨਾਲ, ਕਿਸੇ ਸੈਕਸ਼ਨ ਨਾਲ, ਕਿਸੇ ਪਾਰਟੀ ਨਾਲ ਤੁਅੱਲਕ ਰਖਦਾ ਹੋਵੇ, ਕਾਤਲ ਕਾਤਲ ਹੈ। ਉਹ ਕਦੇ ਸੰਤ ਨਹੀਂ ਬਣ ਸਕਦਾ। ਇਸ ਲਈ ਅਸੀਂ ਉਨ੍ਹਾਂ ਨੂੰ ਫੜਦੇ ਹਾਂ। ਜੇ ਉਨ੍ਹਾਂ ਨੂੰ ਫੜੀਏ ਤਾਂ ਫਿਰ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਿਉਂ ਫੜਦੇ ਹੋ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਸਾਧੂ 20 ਸਾਲ ਤੱਕ ਸਾਧਨਾ ਕਰਦਾ ਰਹੇ ਪਰ ਜੇ ਉਹ 21ਵੇਂ ਸਾਲ ਵਿੱਚ ਕਤਲ ਕਰ ਦਿੰਦਾ ਹੈ ਤਾਂ ਉਸ ਨੂੰ ਲੋਕ ਸਾਧ ਨਹੀਂ ਕਹਿਣਗੇ, ਉਸ ਨੂੰ ਕਾਤਲ ਕਹਿਣਗੇ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਸ ਨੇ ਕਰਾਈਮ ਕੀਤਾ ਹੈ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਜਿਨ੍ਹਾਂ ਨੇ ਜ਼ੁਰਮ ਨਹੀਂ ਕੀਤਾ ਉਹ ਕੋਰਟ ਵਿੱਚ ਬਰੀ ਹੋ ਜਾਣਗੇ। ਕਤਲ ਉਹ ਆਦਮੀ ਕੀਤੇ ਗਏ ਹਨ ਜਿਹੜੇ ਉਨ੍ਹਾਂ ਨਾਲ ਸਹਿਮਤ ਨਹੀਂ ਸੀ ਜਾਂ ਉਨ੍ਹਾਂ ਦੇ ਧਰਮ ਦੇ ਨਹੀਂ ਸਨ ਜਾਂ ਉਨ੍ਹਾਂ ਨੂੰ ਉਹ ਡਾਮੀਨੇਟ ਕਰਨਾ ਚਾਹੁੰਦੇ ਸਨ। ਇਕ ਫਿਰਕੇ ਵਿੱਚੋਂ ਕਈ ਆਦਮੀ ਐਸੇ ਨਿਕਲੇ ਹਨ ਜਿਨ੍ਹਾਂ ਨੇ ਇਹ ਕੰਮ ਕੀਤਾ ਹੈ। ਫਿਰ ਉਸ ਫਿਰਕੇ ਦੇ ਸਮਝਦਾਰ ਅਤੇ ਸੁਚੱਜੇ ਆਦਮੀਆਂ ਨੂੰ ਐਸੀ ਗੱਲ ਪਿੱਛੇ ਨਹੀਂ ਪੈਣਾ ਚਾਹੀਦਾ। ਜੇ ਉਨ੍ਹਾਂ ਨੇ ਜ਼ੁਰਮ ਨਹੀਂ ਕੀਤਾ ਤਾਂ ਅਸੀਂ ਉਨ੍ਹਾਂ ਦੀ ਮਦਦ ਕਰਾਂਗੇ। ਜੇ ਕਾਤਲ ਨਹੀਂ ਤਾਂ ਕੋਰਟ ਵਿੱਚ ਖੜ੍ਹੇ ਹੋ ਕੇ ਕਹਿਣ ਕਿ ਅਸੀਂ ਕਤਲ ਨਹੀਂ ਕੀਤਾ। ਅਗਰ ਉਨ੍ਹਾਂ ਨੇ ਕਤਲ ਕੀਤਾ ਹੈ ਤਾਂ ਉਨ੍ਹਾਂ ਨੂੰ ਜ਼ਰੂਰ ਕੋਰਟ ਸਜ਼ਾ ਦੇਵੇਗੀ। ਦੂਜੀ ਗੱਲ ਇਹ ਹੈ ਕਿ ਜਿਹੜੇ ਮੁਜ਼ਰਮ ਦੀ ਮਦਦ ਕਰਦੇ ਹਨ ਉਹ ਗੁਨਾਹਗਾਰ ਹਨ। ਮੇਰਾ ਕੰਮ ਦੂਸ਼ਣ ਲਾਉਣਾ ਨਹੀਂ। ਮੈਂ ਰਿਫਾਰਮਿਸਟ ਪਾਲਿਸੀ ਦਾ ਹਾਂ। ਸਾਰੇ ਮੈਂਬਰ ਭਾਵੇਂ ਇਧਰ ਬੈਠੇ ਹਨ ਅਤੇ ਭਾਵੇਂ ਉਧਰ ਬੈਠੇ ਹਨ, ਉਹ ਵੀ ਸਮੇਝਦਾਰ ਹਨ। ਉਨ੍ਹਾਂ ਨੂੰ ਐਸੀ ਗੱਲ ਵਿੱਚ ਨਹੀਂ ਪੈਣਾ ਚਾਹੀਦਾ ਕਿ ਮੁਜ਼ਰਮਾਂ ਦੀ ਪ੍ਰੋਟੈਕਸ਼ਨ ਹੋਵੇ ਕਿਸੇ ਵੀ ਵਿੰਗੇ ਜਾਂ ਟੇਡੇ ਤਰੀਕੇ ਨਾਲ, ਜਿਨ੍ਹਾਂ ਨੇ ਜੁਰਮ ਕੀਤਾ ਹੈ, ਜਿਨ੍ਹਾਂ ਨੇ ਬੰਦੇ ਮਾਰੇ ਹਨ, ਉਨ੍ਹਾਂ ਦੀ ਮਦਦ ਨਹੀਂ ਕਰਨੀ ਚਾਹੀਦੀ। ਅਸੀਂ ਕਹਿੰਦੇ ਹਾਂ ਕਿ ਜਿਨ੍ਹਾਂ ਲੋਕਾਂ ਨੇ ਬੰਦੇ ਮਾਰੇ ਹਨ, ਉਨ੍ਹਾਂ ਨੂੰ 302 ਦੇ ਕੇਸ ਦੇ ਅੰਦਰ ਬੰਦ ਰੱਖਣਾ ਚਾਹੀਦਾ ਹੈ। ਜਿਨ੍ਹਾਂ ਨੇ ਪੁਲੀਟੀਕਲ ਮਰਡਰ ਕੀਤਾ ਹੈ ਉਨ੍ਹਾਂ ਨੂੰ ਕੀ ਅਸੀਂ ਸੁਵਿਧਾ ਦੇਈਏ ਕਿ ਆਇਆ ਉਨ੍ਹਾਂ ਨੇ ਅਕਾਲੀ ਲਹਿਰ ਵਿੱਚ ਕੰਮ ਕੀਤਾ ਹੈ ਜਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

1947 ਵਿੱਚ ਅੰਗਰੇਜ਼ਾਂ ਦੇ ਖਿਲਾਫ ਗੋਲੀ ਚਲਾਈ ਹੈ ਜਾਂ ਉਹ ਫਾਂਸੀ ਦੇ ਤਖਤੇ ਤੇ ਇਸ ਕਰਕੇ ਚੜ੍ਹ ਗਏ ਸਨ ਤਾਂ ਕਿ ਹਿੰਦੁਸਤਾਨ ਦਾ ਭਵਿਖ ਬਣੇ। ਗੱਲ ਤਾਂ ਐਨੀ ਹੈ ਕਿ ਉਨ੍ਹਾਂ ਲੋਕਾਂ ਨੂੰ ਕਿਸੇ ਵਿੰਗੇ ਜਾਂ ਟੇਡੇ ਤਰੀਕੇ ਨਾਲ, ਜਿਨ੍ਹਾਂ ਨੇ ਜ਼ੁਰਮ ਕੀਤਾ ਹੈ, ਪ੍ਰੋਟੈਕਟ ਨਹੀਂ ਕਰਨਾ ਚਾਹੀਦਾ। ਟੇਡੇ ਤਰੀਕੇ ਦਾ ਮੈਨੂੰ ਪਤਾ ਹੈ। ਮੈਂ ਇਸ ਕਰਕੇ ਹੀ ਘੱਟ ਬੋਲਦਾ ਹਾਂ। ਕਿਹਾ ਇਹ ਜਾਂਦਾ ਹੈ ਕਿ ਸ਼ਾਇਦ ਸਾਡੀ ਗਲਬਾਤ ਵਿੱਚ ਰੁਕਾਵਟ ਹੋਵੇਗੀ, ਬੇਰੁੱਖੀ ਹੋਵੇਗੀ। ਮੈਂ ਆਨੈਸਟੀ ਨਾਲ ਕਹਿੰਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਨਹੀਂ ਜਿਹੜੇ ਗਲਤ ਗੱਲ ਦਸਣ ਵਾਲੇ ਹੋਣ। ਐਸੀ ਗੱਲ ਮੈਂ ਕਤਅਨ ਨਹੀਂ ਕਰਦਾ ਹੁੰਦਾ ਜਿਹੜੀ ਕਿ ਰੁਕਾਵਟ ਪਾਉਣ ਵਾਲੀ ਹੋਵੇ। ਜਿਹੜੀ ਗੱਲ ਮੈਂ ਇਥੇ ਕਹਿ ਸਕਦਾ ਹਾਂ, ਉਹ ਮੈਂ ਉਥੇ ਵੀ ਕਹਿ ਸਕਦਾ ਹਾਂ।...

ਵੈਦ ਕਰਤਾਰ ਸਿੰਘ : ਜਿਹੜੇ ਕਾਤਲ ਹਨ ਉਹ ਕਹਿੰਦੇ ਹਨ ਕਿ ਅਸੀਂ ਕਾਤਲ ਨਹੀਂ ਹਾਂ। ਇਸ ਲਈ ਤੁਸੀਂ ਉਨ੍ਹਾਂ ਨੂੰ ਉਤਨਾ ਚਿਰ ਕਾਤਲ ਨਹੀਂ ਕਹਿ ਸਕਦੇ ਜਦ ਤੱਕ ਉਹ ਅਦਾਲਤ ਵਿਚ ਕਾਤਲ ਨਹੀਂ ਕਰਾਰ ਦਿਤੇ ਜਾਂਦੇ। ਤੁਸੀਂ ਉਨ੍ਹਾਂ ਨੂੰ ਮੁਲਜ਼ਮ ਕਹਿ ਸਕਦੇ ਹੋ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਉਨ੍ਹਾਂ ਦੇ ਵਕੀਲ ਬਣ ਜਾਣ। ਸੋ, ਮੈਂ ਅਰਜ਼ ਕਰ ਰਿਹਾ ਸੀ, ਮੈਂ ਸਾਰੇ ਕੇਸਿਜ਼ ਦੇ ਬਾਰੇ ਨਹੀਂ ਕਹਿੰਦਾ, ਲੇਕਿਨ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਰੁਕਾਵਟ ਇਸ ਕਰਕੇ ਵੀ ਨਹੀਂ ਪਾਉਂਦੇ ਕਿ ਉਹ ਸਾਡਾ ਲੀਡਰ ਹੈ, ਸਾਡਾ ਪਾਰਟੀ ਡਿਸਿਪਲਿਨ ਹੈ, ਪਰ ਅਸੀਂ ਵੈਸੇ ਵੀ ਚਾਹੁੰਦੇ ਹਾਂ ਕਿ ਅਗਰ ਪੰਜਾਬ ਦੀ ਕੋਈ ਪ੍ਰਾਬਲਮ ਕਿਸੇ ਢੰਗ ਨਾਲ, ਚਾਹੇ ਰੀਲੀਜੀਅਸ ਪੁਆਇੰਟਸ ਆਫ ਵਿਊ ਨਾਲ ਹੱਲ ਹੁੰਦੀ ਹੈ ਤਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ। ਅਸੀਂ ਇਸ ਗੱਲ ਦੇ ਖਿਲਾਫ ਨਹੀਂ ਹਾਂ ਪਰ ਜੇਕਰ ਕੋਈ ਪੁਲੀਟੀਕਲ ਪਾਰਟੀ ਆਪਣੀ ਲੀਡਰੀ ਦੀ ਗੱਲ ਕਹੇ ਤਾਂ ਫਿਰ ਸਾਨੂੰ ਵੀ ਆਪਣੀ ਗੱਲ ਕਹਿਣ ਦਾ ਹੱਕ ਹੈ। ਅਸੀਂ ਆਪਣੇ ਲੀਡਰ ਦਾ ਕਿਹਾ ਮੰਨਣ ਵਾਲੇ ਹਾਂ ਅੱਤ ਪਿਛਲੇ 40 ਸਾਲਾਂ ਤੋਂ ਹਮੇਸ਼ਾਂ ਮੰਨਦੇ ਆਏ ਹਾਂ, ਕਦੇ ਫਲੈਟਰ ਨਹੀਂ ਕੀਤਾ। (ਥੰਪਿੰਗ) ਇਸ ਕਰਕੇ ਪੰਜਾਬ ਦੀ ਕੋਈ ਵੀ ਪ੍ਰਾਬਲਮ ਹੋਵੇ ਅਗਰ ਤੁਸੀਂ ਉਸ ਬਾਰੇ ਸਾਡੇ ਲੀਡਰ ਨਾਲ ਗੱਲ ਕਰਦੇ ਹੋ ਤਾਂ ਜ਼ਰੂਰ ਕਰੋ, ਸਾਨੂੰ ਉਸ ਵਿਚ ਕੋਈ ਇਤਰਾਜ਼ ਨਹੀਂ ਹੈ। ਮੈਂ ਕੋਈ ਔਖੀ ਗੱਲ ਨਹੀਂ ਕਹਿਣਾ ਚਾਹੁੰਦਾ। ਮੈਂ ਇਸ ਕਰਕੇ ਨਹੀਂ ਕਹਿਣਾ ਚਾਹੁੰਦਾ ਕਿ ਮੈਂ ਕੋਈ ਵਾਧਾ ਨਹੀਂ ਵਧਾਉਣਾ ਚਾਹੁੰਦਾ। ਤੁਸੀਂ ਬਹੁਤ ਸਾਰੀਆਂ ਹੋਰ ਵੀ ਗੱਲਾਂ ਕਹੀਆਂ ਹਨ। ਸਰਦਾਰ ਮੇਜਰ ਸਿੰਘ ਜੀ ਨੇ ਕੁਝ ਗੱਲਾਂ ਕਹੀਆਂ ਹਨ। ਮੈਂ ਉਨ੍ਹਾਂ ਨੂੰ ਪਹਿਲੀ ਵਾਰੀ ਸੁਣਿਆ ਹੈ। ਉਨ੍ਹਾਂ ਨੇ ਕੋਈ ਕੰਸਟਰੱਕਟਿਵ ਗੱਲ ਪਹਿਲਾਂ ਕੀਤੀ ਹੋਵੇ ਤਾਂ ਮੈਨੂੰ ਨਹੀਂ ਪਤਾ ਕਿਉਂਕਿ ਮੈਂ ਉਨ੍ਹਾਂ ਨੂੰ ਪਹਿਲੀ ਵਾਰੀ ਹੀ ਸੁਣਿਆ ਹੈ।

ਸਰਦਾਰ ਮੇਜਰ ਸਿੰਘ ਉੱਕੋਕੇ : ਮੈਂ ਬੋਲਿਆ ਹੀ ਪਹਿਲੀ ਵਾਰੀ ਹਾਂ ਜੀ।

ਮੁੱਖ ਮੰਤਰੀ : ਫਿਰ ਤਾਂ ਬਹੁਤ ਚੰਗਾ ਕੀਤਾ ਹੈ, (ਹਾਸਾ) ਸਪੀਕਰ ਸਾਹਿਬ, ਮੈਂ ਬਾਰਡਰ ਦੀ ਗੱਲ ਇਸ ਕਰਕੇ ਕਰਨੀ ਚਾਹੁੰਦਾ ਹਾਂ ਕਿ ਕੋਈ ਇਸ ਦੇ ਬਾਰੇ ਭੁਲੇਖਾ ਨਾ ਰਹਿ ਜਾਵੇ। ਇਥੇ ਬਾਰਡਰ ਦੀ ਗੱਲ ਕੀਤੀ ਗਈ। ਮੇਜਰ ਸਿੰਘ ਹੋਰਾਂ ਨੇ ਕਿਹਾ ਕਿ ਬਾਰਡਰ ਵਾਲਿਆਂ ਨੂੰ ਪੈਸੇ ਨਹੀਂ ਦਿੱਤੇ ਗਏ। ਇਹ ਰਿਲੀਫ ਜੇ.ਡੀ. ਭਸੀਠ ... (ਵਿਘਨ)

Original with;
Punjab Vidhan Sabha
Digitized by;
Panjab Digital Library

EXTENSION OF TIME OF THE SITTING

ਸ਼੍ਰੀ ਸਪੀਕਰ : ਸੀ.ਐਮ. ਸਾਹਿਬ, ਜ਼ਰਾ ਕੁ ਠਹਿਰਨਾ। ਜੇਕਰ ਹਾਊਸ ਦੀ ਪਲੀਯਰ ਹੋਵੇ ਤਾਂ ਹਾਊਸ ਦਾ ਟਾਈਮ ਐਕਸਟੈਂਡ ਕਰ ਦਿੱਤਾ ਜਾਵੇ।

ਅਵਾਜ਼ਾਂ : ਕਰ ਦਿਓ ਜੀ।

ਵਿਰੋਧੀ ਧਿਰ ਵਲੋਂ ਆਵਾਜ਼ਾਂ : ਅਸੀਂ ਤਾਂ ਜੀ ਡੀਮਾਂਡਾਂ ਨੂੰ ਪਾਸ ਕਰਦੇ ਹਾਂ।

ਸ਼੍ਰੀ ਸਪੀਕਰ : ਵਿਦ ਦੀ ਪਲੀਯਰ ਆਫ ਦੀ ਹਾਊਸ, ਹਾਊਸ ਦਾ ਟਾਈਮ ਪੰਦਰਾਂ ਮਿੰਟਾਂ ਲਈ ਐਕਸਟੈਂਡ ਕੀਤਾ ਜਾਂਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਅੱਧਾ ਘੰਟਾ ਐਕਸਟੈਂਡ ਕਰ ਦਿਓ ਕਿਉਂਕਿ ਅਸੀਂ ਸੀ.ਐਮ. ਸਾਹਿਬ ਤੋਂ ਕਲੈਰੀਫਿਕੇਸ਼ਨ ਵੀ ਲੈਣੀ ਹੈ ਜੀ।

ਸ਼੍ਰੀ ਸਪੀਕਰ : ਜੇਕਰ ਲੋੜ ਹੋਵੇਗੀ ਤਾਂ ਫਿਰ ਹੋਰ ਐਕਸਟੈਂਡ ਕਰ ਲਵਾਂਗੇ।

DISCUSSION AND VOTING OF DEMANDS FOR GRANTS FOR THE YEAR 1982-83 (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਸੰਨ 1965 ਔਰ ਸੰਨ 1971 ਵਿਚ ਜੋ ਪਾਕਿਸਤਾਨ ਨਾਲ ਜੰਗ ਹੋਈ ਸੀ ਉਸ ਦਾ ਰਿਲੀਫ ਦਿਤਾ ਗਿਆ ਹੈ। ਇੰਡੋ-ਪਾਕਿਸਤਾਨ ਵਾਰ 1965 ਔਰ 1971 ਵਿੱਚ ਜੋ ਹੋਈ ਸੀ ਉਸ ਦਾ 20 ਕਰੋੜ ਰੁਪਿਆ ਰਿਲੀਫ ਦਿਤਾ ਗਿਆ ਹੈ। ਇਹ ਫਿਗਰਜ਼ ਜਿਹੜੇ ਹਨ ਇਹ ਉਸ ਵੇਲੇ ਦੇ ਰਿਕਾਰਡ ਦੇ ਮੁਤਾਬਿਕ ਹਨ। ਇਹ ਕਹਿਣਾ ਕਿ ਲੋਕਾਂ ਨੂੰ ਇਵਜ਼ਾਨੇ ਵਾਸਤੇ ਪੈਸਾ ਨਹੀਂ ਦਿਤਾ ਗਿਆ, ਇਹ ਠੀਕ ਨਹੀਂ ਲਗਦਾ। ਪੈਸਾ ਦਿਤਾ ਗਿਆ ਹੈ। ਹਾਂ, ਜਿੰਨਾਂ ਕਿਸੇ ਦਾ ਨੁਕਸਾਨ ਹੁੰਦਾ ਹੈ ਉਤਨਾਂ ਤਾਂ ਪੰਜਾਬ ਸਰਕਾਰ ਹੀ ਨਹੀਂ ਸ਼ਾਇਦ ਸੰਸਾਰ ਵਿਚ ਕੋਈ ਵੀ ਸਰਕਾਰ ਨਹੀਂ ਹੋਵੇਗੀ ਜਿਹੜੀ ਕਿ ਸਾਰੇ ਦਾ ਸਾਰਾ ਨੁਕਸਾਨ ਪੂਰਾ ਕਰ ਸਕਦੀ ਹੋਵੇ। ਇਸ ਤਰ੍ਹਾਂ ਪਾਕਿਸਤਾਨ ਵਿਚੋਂ ਜੋ ਲੋਕ ਇਧਰ ਆਏ ਉਨ੍ਹਾਂ ਦਾ ਨੁਕਸਾਨ ਹੋਇਆ ਪਰ ਜਿਤਨਾ ਕੁਝ ਉਹ ਛੱਡ ਕੇ ਆਏ ਸਨ ਉਤਨਾ ਕੁਝ ਨਹੀਂ ਸੀ ਦਿਤਾ ਜਾ ਸਕਦਾ। ਜੇਕਰ ਜਿਤਨੀਆਂ ਜ਼ਮੀਨਾਂ ਉਹ ਛੱਡ ਕੇ ਆਏ ਸਨ, ਉਤਨੀਆਂ ਹੀ ਇਧਰ ਦੇ ਦਿਤੀਆਂ ਜਾਂਦੀਆਂ ਤਾਂ ਇਥੇ ਹੋਰ ਕੋਈ ਨਹੀਂ ਸੀ ਵੱਸ ਸਕਦਾ। ਸਪੀਕਰ ਸਾਹਿਬ, ਹੁਣ ਤਾਂ ਜ਼ਿਲ੍ਹਿਆਂ ਦੀ ਵੀ ਇਹ ਪੁਜ਼ੀਸ਼ਨ ਹੋ ਗਈ ਹੈ ਕਿ ਜੇਕਰ ਹੱਥ ਫੈਲਾਅ ਦਿਤਾ ਜਾਵੇ ਤਾਂ ਪੰਜੇ ਉਂਗਲਾਂ ਇਕ ਦੂਜੇ ਨਾਲ ਲਗਦੀਆਂ ਹਨ, ਇਤਨੀ ਸੰਘਣੀ ਆਬਾਦੀ ਇਥੇ ਹੈ। ਅਸੀਂ ਇਸ ਆਬਾਦੀ ਨੂੰ ਐਡਮਨਿਸਟ੍ਰੇਟਿਵਲੀ ਕੰਟਰੋਲ ਕਰਨਾ ਚਾਹੁੰਦੇ ਹਾਂ।

ਇਥੇ ਕਿਹਾ ਗਿਆ ਹੈ ਕਿ ਅਫਸਰ ਟੂਰ ਘੱਟ ਕਰਨ ਜਿਸ ਨਾਲ ਕਿ ਇਕਾਨੋਮੀ ਹੋ ਸਕੇ। ਇਹ ਅੱਛੀ ਤਜਵੀਜ਼ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਅਗਰ ਕੋਈ ਤਜਵੀਜ਼ਾਂ ਆਈਆਂ ਹੋਣਗੀਆਂ ਤਾਂ ਅਸੀਂ ਉਨ੍ਹਾਂ ਨੂੰ ਲਾਗੂ ਕਰਾਂਗੇ ਜਿਨ੍ਹਾਂ ਨਾਲ ਅਸੀਂ ਜ਼ਿਆਦਾ ਤੋਂ ਜ਼ਿਆਦਾ ਇਕਾਨੋਮੀ ਕਰ ਸਕੀਏ, ਪੈਟਰੋਲ ਦਾ ਖਰਚਾ ਘੱਟ ਕਰ ਸਕੀਏ ਔਰ ਕੰਮ ਵੀ ਐਫੀਸ਼ੈਂਟਲੀ ਕਰ ਸਕੀਏ। ਠੀਕ ਹੈ ਕਿ ਪੈਟਰੋਲ ਦੀ ਕੀਮਤ ਵਧੀ ਹੈ ਔਰ ਉਹ ਕੀਮਤ ਹੋਰਨਾ ਤੇ ਵੀ ਅਸਰ ਅੰਦਾਜ਼ ਹੁੰਦੀ ਹੈ। ਪੈਟਰੋਲ ਦੀ ਵੱਧੀ ਕੀਮਤ ਨਾਲ, ਜੋ ਪੈਡਲਰ ਹੈ, ਬਾਈ ਸਾਈਕਲ ਤੇ ਜਾਂਦਾ ਹੈ, ਉਸ ਤੇ ਵੀ ਅਸਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪਿਆ ਹੈ । ਜੋ ਰਿਕਸ਼ਾ ਚਲਾਉਂਦਾ ਹੈ, ਉਹ ਜ਼ਿਆਦਾ ਪੈਸੇ ਮੰਗਦਾ ਹੈ ਅੌਰ ਉਹ ਇਸ ਕਰ ਕੇ ਮੰਗਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪੈਟਰੋਲ ਦੀ ਕੀਮਤ ਵੱਧ ਗਈ ਹੈ ਅੌਰ ਇਸ ਦਾ ਅਸਰ ਮੇਰੇ ਟਾਇਰਾਂ ਅਤੇ ਹੋਰ ਚੀਜ਼ਾਂ ਤੇ ਵੀ ਪੈਣਾ ਹੈ । ਜੋ ਇਸ ਵਿੱਚ ਲੂਪ ਹੋਲਜ਼ ਹੋਣਗੇ ਅਸੀਂ ਤਾਂ ਉਹ ਵੀ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ । ਮੈਂ ਟਾਈਮ ਥੋੜ੍ਹਾ ਹੋਣ ਕਰ ਕੇ ਤੁਹਾਡੀਆਂ ਸਾਰੀਆਂ ਚੀਜ਼ਾਂ ਦਾ ਜਵਾਬ ਨਹੀਂ ਦੇ ਸਕਦਾ, ਮੈਂ ਇਤਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਮਨਿਸਟਰਜ਼ ਇਥੇ ਹੁੰਦੇ ਹਨ, ਜਿਹੜੀ ਕੋਈ ਅੈਪਲੀਕੇਸ਼ਨ ਹੁੰਦੀ ਹੈ, ਇਹ ਤਾਂ ਵੇਖਦੇ ਹੀ ਹਨ ਪਰ ਮੈਂ ਇਹ ਜ਼ਰੂਰ ਕਹਿ ਦੇਵਾਂਗਾ ਕਿ ਜੇਕਰ ਕੋਈ ਅਫਸਰ ਪੰਜਾਬੀ ਵਿਚ ਜਵਾਬ ਨਹੀਂ ਦਿੰਦਾ ਤਾਂ ਜਿਹੜੀ ਉਸ ਪਾਸ ਅਰਜ਼ੀ ਆਉਂਦੀ ਹੈ, ਭਾਵੇਂ ਉਹ ਅੰਗਰੇਜ਼ੀ ਵਿਚ ਹੋਵੇ, ਉਸ ਦਾ ਜਵਾਬ ਪੰਜਾਬੀ ਵਿਚ ਹੀ ਦਿਤਾ ਜਾਵੇ । (ਥੰਪਿੰਗ) ਕਿਉਂਕਿ ਅਸੀਂ ਪੰਜਾਬੀ ਵਿਚ ਜਵਾਬ ਦੇਣਾ ਚਾਹੁੰਦੇ ਹਾਂ । ਬਾਕੀ ਕੇਂਦਰ ਨਾਲ ਜਾਂ ਬਾਹਰਲਿਆਂ ਸੂਬਿਆਂ ਨਾਲ ਗੱਲ ਬਾਤ ਕਰਨ ਵਾਸਤੇ, ਜਿਤਨੀ ਦੇਰ ਹਿੰਦੀ ਨਹੀਂ ਚਲਦੀ, ਅੰਗਰੇਜ਼ੀ ਵਿਚ ਜਵਾਬ ਦੇਣਾ ਚਾਹੁੰਦੇ ਹਾਂ । ਨਾਲ ਹੀ ਮੈਂ ਇਹ ਜ਼ਰੂਰ ਕਹਾਂਗਾ ਕਿ ਤੁਸੀਂ ਵੀ (ਵਿਰੋਧੀ ਧਿਰ ਵੱਲ ਇਸ਼ਾਰਾ) ਸਿਹਾਰੀਆਂ ਬਿਹਾਰੀਆਂ ਦਾ ਖਿਆਲ ਰੱਖਿਆ ਕਰੋ । ਕਈ ਵਾਰੀ ਸਿੰਘਾਂ ਦੀਆਂ ਅਰਜ਼ੀਆਂ ਆਉਂਦੀਆਂ ਹਨ, ਤਾਂ ਸਿਹਾਰੀ ਦੀ ਜਗ੍ਹਾ ਬਿਹਾਰੀ ਲੱਗੀ ਹੁੰਦੀ ਹੈ (ਹਾਸਾ) ਜਾਂ ਤਾਂ ਅਸੀਂ ਆਪ ਹੀ ਅਰਜ਼ੀ ਲਿਖਾ ਦੇਈਏ ।

ਮਾਸਟਰ ਬਾਬੂ ਸਿੰਘ : ਤੁਹਾਡੇ ਵਜ਼ੀਰਾਂ ਨੂੰ ਤਾਂ ਦਸਖਤ ਕਰਨੇ ਨਹੀਂ ਆਉਂਦੇ । (ਹਾਸਾ)

ਮੁੱਖ ਮੰਤਰੀ : ਤੁਸੀਂ ਮਾਸਟਰ ਹੋ, ਉਨ੍ਹਾਂ ਨੂੰ ਸਿਖਾ ਦਿਓ । (ਬਹੁਤ ਹਾਸਾ) (ਥੰਪਿੰਗ)

ਸਪੀਕਰ ਸਾਹਿਬ, ਜਿਥੋਂ ਤੱਕ ਰੀ-ਆਰਗੇਨਾਈਜ਼ੇਸ਼ਨ ਦੇ ਬਾਰੇ ਕਿਹਾ ਗਿਆ ਹੈ ਕਿ ਕੁਝ ਦਰੁੱਸਤੀ ਕੀਤੀ ਜਾਵੇ, ਅਸੀਂ ਉਸ ਨੂੰ ਵੇਖ ਰਹੇ ਹਾਂ, ਕੋਈ ਪੁਲੀਟੀਕਲ ਗੱਲ ਨਹੀਂ ਹੈ । ਉਨ੍ਹਾਂ ਦੀ ਵਾਇਬਿਲਿਟੀ, ਨੀਅਰਨੈਸ ਤੇ ਕੰਪੈਕਟਨੈਸ ਦਾ ਧਿਆਨ ਰਖਿਆ ਜਾਵੇਗਾ ਨਾ ਕਿ ਪੁਲੀਟੀਕਲ ਤੌਰ ਤੇ ਫੈਸਲਾ ਕਰਨਾ ਹੈ । ਜਿਹੜੇ ਪੁਰਾਣੇ ਫੈਸਲੇ ਹੋਏ ਹਨ ਉਨ੍ਹਾਂ ਨੂੰ ਛੇੜਨਾ ਨਹੀਂ ਹੈ ਭਾਵੇਂ ਪੁਲੀਟੀਕਲ ਤੌਰ ਤੇ ਹੀ ਹੋਏ ਹੋਣ । ਅਸੀਂ ਅੈਡਮਨਿਸਟ੍ਰੇਟਿਵਲੀ ਵੇਖਾਂਗੇ ਕਿ ਕਿੱਥੇ ਦਰੁੱਸਤੀ ਹੋਣ ਵਾਲੀ ਹੈ ।

ਫਿਰ ਇਹ ਕਿਹਾ ਗਿਆ ਹੈ ਕਿ ਫਿਰਕਾ ਦਾਰਾਨਾ ਅਖਬਾਰਾਂ ਨੂੰ ਇਸ਼ਤਿਹਾਰ ਦੇਣੇ ਬੰਦ ਕੀਤੇ ਜਾਣ । ਪਰ ਤੁਸੀਂ (ਅਕਾਲੀ ਪਾਰਟੀ ਵੱਲ ਇਸ਼ਾਰਾ) ਜ਼ਰਾ ਝਾਤ ਮਾਰ ਕੇ ਵੇਖ ਲਵੋ ਕਿ ਅਖਬਾਰ ਫਿਰਕਾਪ੍ਰਸਤੀ ਵਾਸਤੇ ਕੀ ਕੀ ਕਰ ਰਹੇ ਹਨ । ਜਿਨ੍ਹਾਂ ਅਖਬਾਰਾਂ ਦਾ ਤੁਸੀਂ ਜ਼ਿਕਰ ਕੀਤਾ ਹੈ ਉਹ ਗੱਲ ਤੁਸੀਂ ਆਪਣੀਆਂ ਅਖਬਾਰਾਂ ਲਈ ਵੀ ਧਿਆਨ ਮਾਰ ਕੇ ਵੇਖ ਲਵੋ । ਸਪੀਕਰ ਸਾਹਿਬ, ਮੈਂ ਉਨ੍ਹਾਂ ਲੋਕਾਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕੋਸ਼ਿਸ਼ ਕਰ ਕੇ ਫਿਰਕਾਦਾਰਾਨਾ ਫਸਾਦ ਹੋਣ ਨਹੀਂ ਦਿੱਤੇ, ਨਹੀਂ ਤਾਂ ਕਸਰ ਕੋਈ ਨਹੀਂ ਸੀ ਛੱਡੀ । (ਥੰਪਿੰਗ) ਗੌਰਮਿੰਟ ਨੇ ਅੌਰ ਲੋਕਾਂ ਨੇ ਕੋਸ਼ਿਸ਼ ਕੀਤੀ ਹੈ ਕਿ ਇਹ ਚੀਜ਼ ਨਾ ਵਾਪਰੇ ਕਿਉਂਕਿ ਪੰਜਾਬ ਦੇ ਹਿੰਦੂ ਅੌਰ ਸਿੱਖ ਪਿਆਰ ਨਾਲ ਰਹਿਣਾ ਚਾਹੁੰਦੇ ਹਨ । ਉਨ੍ਹਾਂ ਦੇ ਪਿਆਰ ਦੀਆਂ ਗੰਢਾਂ ਇਸ ਤਰ੍ਹਾਂ ਬੱਝੀਆਂ ਹੋਈਆਂ ਹਨ ਕਿ ਉਹ ਕੱਟ ਕੇ ਤਾਂ ਤੋੜ ਸਕਦੇ ਹੋ ਵੈਸੇ ਉਹ ਟੁੱਟ ਨਹੀਂ ਸਕਦੀਆਂ । ਸਪੀਕਰ ਸਾਹਿਬ, ਪੁਲਿਸ ਨੂੰ ਮਾਡਰੇਨਾਈਜ਼ ਕਰਨ ਵਾਸਤੇ ਪੈਸਾ ਖਰਚ ਕੀਤਾ ਹੈ । ਇਹ ਕਿਹਾ ਗਿਆ ਹੈ ਕਿ ਮੋਟਰ ਸਾਈਕਲਾਂ ਤੇ ਪੈਸਾ ਖਰਚ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਹੈ । ਮੋਟਰ ਸਾਈਕਲਾਂ ਤੇ ਪੁਲਿਸ ਥਾਣਿਆਂ ਵਿਚੋਂ ਪਿੰਡਾਂ ਵਿਚ ਜਾ ਕੇ ਲੋਕਾਂ ਦੀ ਫੌਰੀ ਤੌਰ ਤੇ ਖਬਰ ਲੈ ਸਕਦੀ ਹੈ, ਕਿਸੇ ਕੇਸ ਦੀ ਪੜਤਾਲ ਕਰਨੀ ਹੋਵੇ ਤਾਂ ਜਾ ਕੇ ਕਰ ਸਕਦੀ ਹੈ, ਕੋਈ ਐਕਸੀਡੈਂਟ ਹੋ ਜਾਂਦਾ ਹੈ ਜਾਂ ਹੋਰ ਕੋਈ ਐਮਰਜੈਂਸੀ ਆ ਜਾਂਦੀ ਹੈ ਤਾਂ ਮੋਟਰ ਸਾਈਕਲ ਪੁਲਿਸ ਪਾਸ ਹੋਣਾ ਜ਼ਰੂਰੀ ਹੋ ਗਿਆ ਹੈ ਤਾਕਿ ਪੁਲਿਸ ਫੌਰੀ ਤੌਰ ਤੇ ਐਕਸੀਡੈਂਟ ਵਾਲੀ ਥਾਂ ਤੇ ਜਾ ਕੇ ਪਤਾ ਕਰੇ ।

ਵਾਇਰਲੈਸ ਸਿਸਟਮ ਜਿਹੜਾ ਹੈ ਮੈਂ ਸਮਝਦਾ ਹਾਂ ਕਿ ਉਸ ਨੂੰ ਵੀ ਇਮਪਰੂਵ ਕਰਨ ਦੀ ਲੋੜ ਹੈ । ਮੇਰੇ ਖਿਆਲ ਮੁਤਾਬਿਕ ਦੋ, ਦੋ, ਤਿੰਨ, ਤਿੰਨ ਵਾਇਰਲੈਸ ਸੈਟ ਥਾਣਿਆਂ ਵਿਚ ਦਿਤੇ ਜਾਣ । ਜਿੱਥੇ ਸਿਪਾਹੀ ਵੇਖਦਾ ਹੈ ਕਿ ਇਥੇ ਫਲਾਣੀ ਥਾਂ ਤੇ ਪੁਲਿਸ ਫੋਰਸ ਹੋਰ ਚਾਹੀਦੀ ਹੈ, ਉਥੇ ਇਕ ਮਿੰਟ ਵਿਚ ਪੁਲਿਸ ਆਵੇ ਤਾਕਿ ਕੋਈ ਮਾੜੇ ਵਾਕਿਆਤ ਨਾ ਹੋਣ । ਇਸ ਤਰ੍ਹਾਂ ਨਾਲ ਅਗਰ ਸਾਰੀਆਂ ਚੀਜ਼ਾਂ ਪੁਲਿਸ ਪਾਸ ਹੋਣਗੀਆਂ ਤਾਂ ਉਹ ਲੋਕਾਂ ਦੀ ਜ਼ਿਆਦਾ ਐਫੀਸ਼ੈਂਟਲੀ ਸੇਵਾ ਕਰ ਸਕੇਗੀ । ਦੂਸਰੇ, ਇੰਪਲਾਈਜ਼ ਨੂੰ ਡੀ. ਏ. ਦੀਆਂ ਕਿਸ਼ਤਾਂ ਜਿਹੜੀਆਂ ਹਨ ਉਹ ਦਿਤੀਆਂ ਹਨ, ਇਸ ਲਈ ਪੁਲਿਸ ਵਾਲਿਆਂ ਦਾ ਵੀ ਧਿਆਨ ਰੱਖਣਾ ਪੈਂਦਾ ਹੈ । ਬਾਕੀ ਮੈਂਬਰ ਸਾਹਿਬਾਨ ਨੇ ਜੋ ਚੰਗੇ ਸੁਝਾਓ ਦਿਤੇ ਹਨ ਅਸੀਂ ਉਨ੍ਹਾਂ ਦਾ ਵੀ ਧਿਆਨ ਕਰਾਂਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਅਰਜ਼ ਕਰਾਂਗਾ ਕਿ ਇਸ ਨੂੰ ਟੇਕ ਅੱਪ ਕੀਤਾ ਜਾਵੇ ।

ਗਿਆਨੀ ਕੁੰਦਨ ਸਿੰਘ ਪਤੰਗ : ਮੈਂ 1933 ਵਿਚ ਪਰਜਾ ਮੰਡਲ ਲਹਿਰ ਵਿਚ ਹਿੱਸਾ ਲਿਆ ਸੀ ਅਤੇ ਅਟਕ ਤੇ ਲਾਹੌਰ ਜੇਲ੍ਹ ਵਿੱਚ ਰਿਹਾ ਸੀ। ਉਥੇ ਰੋੜੀ ਕੁੱਟੀ, ਵਾਣ ਵੱਟਿਆ ਤੇ ਟੋਕਰੀ ਵੀ ਢੋਈ ਪਰ ਇਹ ਜਿਹੜੇ ਜੇਲ੍ਹ ਜਾਣ ਵਾਲਿਆਂ ਨੂੰ ਸਰਟੀਫਿਕੇਟ ਦਿਤੇ ਗਏ ਹਨ ਉਹ ਮੈਨੂੰ ਨਹੀਂ ਦਿਤਾ ਗਿਆ ਜਦ ਕਿ ਮੈਂ 3 ਮਹੀਨੇ ਜੇਲ੍ਹ ਵਿਚ ਰਿਹਾ ਹਾਂ ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਮੈਂ ਅਗੇ ਵੀ ਬੇਨਤੀ ਕੀਤੀ ਸੀ ਕਿ ਗੁਰੂ ਰਾਮ ਦਾਸ ਹਸਪਤਾਲ ਜਿਹੜਾ ਬਣ ਰਿਹਾ ਹੈ ਉਸ ਨੂੰ ਸੇਲਜ਼ ਟੈਕਸ ਤੋਂ ਮੁਆਫ਼ ਕੀਤਾ ਜਾਵੇ ਪਰ ਇਸ ਬਾਰੇ ਕੋਈ ਜਵਾਬ ਨਹੀਂ ਆਇਆ । ਦੂਜਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੰਡੇਮਾਨ ਵਿਖੇ ਜਿਹੜਾ ਨੈਸ਼ਨਲ ਮਿਊਜ਼ੀਅਮ ਬਣ ਰਿਹਾ ਹੈ ਉਥੇ ਸਾਡੇ ਪੰਜਾਬ ਦੇ ਦੇਸ਼ ਭਗਤਾਂ ਦੀਆਂ ਫੋਟੋਆਂ ਲਗਣੀਆਂ ਚਾਹੀਦੀਆਂ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਕ ਤਾਂ ਮੈਂ ਇਹ ਪੁਛੱਣਾ ਚਾਹੁੰਦਾ ਹਾਂ ਕਿ ਦਾਉਕੇ ਪਿੰਡ ਵਿਚ ਜਿਹੜਾ ਵਾਕਿਆ ਹੋਇਆ ਸੀ ਉਸ ਦੀ ਰਿਪੋਰਟ ਮੈਂਬਰਜ਼ ਸਾਹਿਬਾਨ ਨੇ ਦੇ ਦਿੱਤੀ ਹੈ, ਉਹ ਰਿਪੋਰਟ ਹਾਊਸ ਦੀ ਟੇਬਲ ਤੇ ਲੇਅ ਹੋਣੀ ਚਾਹੀਦੀ ਹੈ । ਦੂਜਾ, ਬੱਸੀ ਵਿਚ ਜਿਹੜਾ ਕਤਲ ਹੋਇਆ ਸੀ ਉਸ ਦੀ ਬਾਅਦ ਵਿਚ ਇਨਕੁਆਇਰੀ ਵੀ ਹੋਈ ਸੀ ਅੱਰ ਇਹ ਪਤਾ ਲਗਾ ਸੀ ਕਿ ਪੁਲਿਸ ਨੇ ਉਹ ਬੰਦਾ ਮਰਵਾਇਆ ਹੈ, ਉਸ ਬਾਰੇ ਇਹ ਦਸਣ ਕਿ ਕੀ ਐਕਸ਼ਨ ਲਿਆ ਹੈ ? ਤੀਜਾ, ਮੈਂ ਇਹ ਪੁੱਛਦਾ ਹਾਂ ਕਿ ਗੋਬਿੰਦ ਗੜ੍ਹ ਥਾਣਾ ਦੀ ਹੱਦ ਜੀ. ਟੀ. ਰੋਡ ਸਰਹਿੰਦ ਦੀ ਤਰਫ ਫਲੋਟਿੰਗ ਰੈਸਟੋਰੈਂਟ ਤੱਕ ਵਧਾਉਣ ਦਾ ਫੈਸਲਾ ਸਾਡੀ ਸਰਕਾਰ ਸਮੇਂ ਹੋਇਆ ਸੀ ਉਸ ਬਾਰੇ ਕੀ ਕੀਤਾ ਹੈ ? ਇਸ ਦੇ ਨਾਲ ਇਹ ਵੀ ਦੱਸਣ ਕਿ ਅੰਮ੍ਰਿਤਸਰ ਵਿਚ ਜਿਹੜੇ ਸ਼ਾਹੀ ਸਮੱਗਲਰ ਹਨ ਉਨ੍ਹਾਂ ਦਾ ਇਲਾਜ ਕੀ ਕੀਤਾ ਹੈ ?

(ਇਸ ਸਮੇਂ ਪ੍ਰੋਫੈਸਰ ਬਲਵੰਤ ਸਿੰਘ ਬਾਰ ਬਾਰ ਪੁਆਇੰਟ ਆਫ਼ ਇਨਫਰਮੇਸ਼ਨ ਲੇਜ਼ ਕਰਨ ਦੀ ਮੰਗ ਕਰ ਰਹੇ ਸਨ ।)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ, ਮੈਨੂੰ ਤੁਹਾਡਾ ਧਿਆਨ ਹੈ ।

ਪ੍ਰੋਫੈਸਰ ਬਲਵੰਤ ਸਿੰਘ : ਕੀ ਧਿਆਨ ਹੈ ਤੁਹਾਨੂੰ ਮੇਰਾ ?

Agriculture Minister (Chaudhri Kanshi Ram): Mr. Speaker, firstly, I request you to request the Member to behave in a proper language. He should talk in a proper way.

ਸ਼੍ਰੀ ਸਪੀਕਰ : ਠੀਕ ਹੈ ।

ਮਾਸਟਰ ਬਾਬੂ ਸਿੰਘ : ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪੈਟਰੋਲ ਮਹਿੰਗਾ ਹੋ ਗਿਆ ਹੈ ਇਸ ਲਈ ਘੋੜਿਆਂ ਤੇ ਪੈਟਰੋਲਿੰਗ ਕੀਤੀ ਜਾਵੇਗੀ । ਪਿਛੇ ਜਿਹੇ ਚੀਫ ਮਨਿਸਟਰ ਸਾਹਿਬ ਦਾ ਬਿਆਨ ਆਇਆ ਸੀ ਕਿ ਘੋੜਿਆਂ ਤੇ ਪੈਟ੍ਰੋਲਿੰਗ ਕੀਤੀ ਜਾਵੇਗੀ । ਮੈਂ ਸਮਝਦਾ ਹਾਂ ਕਿ ਇਸ ਨਾਲ ਇਕਾਨੋਮੀ ਨਹੀਂ ਹੋਣੀ ਬਲਕਿ ਘੋੜਿਆਂ ਦਾ ਖਰਚ ਵੀ ਕਾਫੀ ਹੋ ਜਾਣਾ ਹੈ।

ਦੂਜਾ, ਮੈਂ ਇਹ ਪੁੱਛਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਹਰ ਥਾਣੇ ਵਿਚ ਵਾਇਰਲੈਸ ਸੈੱਟ ਦੇਣੇ ਹਨ । ਮੈਂ ਇਹ ਕਹਿੰਦਾ ਹਾਂ ਕਿ ਹਰ ਥਾਣੇ ਵਿਚ ਟੈਲੀਫੂਨ ਤਾਂ ਲਗੇ ਨਹੀਂ, ਇਹ ਟੈਲੀਫੂਨ ਹਰ ਥਾਣੇ ਵਿਚ ਕਦੋਂ ਤੱਕ ਪ੍ਰੋਵਾਈਡ ਕਰ ਦੇਣਗੇ ?

ਪ੍ਰੋਫੈਸਰ ਬਲਵੰਤ ਸਿੰਘ : ਇਕ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਘਨੌਰ ਵਿਚ ਜਿਹੜਾ ਬੰਦਾ ਮਰਵਾਇਆ ਸੀ ਉਸ ਬਾਰੇ ਮੈਜਿਸਟਰੇਟ ਨੇ ਇਨਕੁਆਇਰੀ ਕੀਤੀ ਸੀ ਅੱਰ ਇਹ ਰਿਪੋਰਟ ਵੀ ਆਈ ਸੀ। ਉਹ ਬੰਦਾ ਥਾਣੇਦਾਰ ਨੇ ਮਰਵਾਇਆ ਹੈ ਪਰ ਇਨ੍ਹਾਂ ਨੇ ਉਸ ਥਾਣੇਦਾਰ ਤੇ ਕੋਈ ਐਕਸ਼ਨ ਲੈਣ ਦੇ ਬਜਾਏ ਉਸ ਨੂੰ ਇਨਸਪੈਕਟਰ ਬਣਾ ਦਿੱਤਾ । ਕੀ ਇਹ ਐਕਸ਼ਨ ਹੋਇਆ ਹੈ ?

ਦੂਜਾ, ਜਿਹੜਾ ਇਹ ਨਵੇਂ ਡਿਸਟ੍ਰਿਕਟ ਬਣਾਉਣ ਦੀ ਗੱਲ ਕਰ ਰਹੇ ਹਨ, ਅੱਗੇ ਹੀ ਇਥੇ ਟਾਪ ਹੈਵੀ ਐਡਮਨਿਸਟਰੇਸ਼ਨ ਹੈ, ਇਸ ਲਈ ਇਸ ਟਾਪ ਹੈਵੀ ਐਡਮਨਿਸਟਰੇਸ਼ਨ ਨੂੰ ਰੋਕਣ ਲਈ ਕੋਈ ਵਿਚਾਰ ਕਰਨਾ ਚਾਹੀਦਾ ਹੈ ।

ਤੀਜੀ ਗੱਲ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਵਾਲਿਆਂ ਕੋਲ ਰਹਿਣ ਲਈ ਕੋਈ ਕੁਆਰਟਰਜ਼ ਨਹੀਂ ਤਾਂ ਉਹ ਕਿਸ ਤਰ੍ਹਾਂ ਲੋਕਾਂ ਦੀ ਮਦਦ ਕਰ ਸਕਦੇ ਹਨ ?ਇਸ ਬਾਰੇ ਜ਼ਰੂਰ ਵਿਚਾਰ ਕਰਨ ।

ਸ਼੍ਰੀ ਯਸ਼ : ਮੈਂ ਚੀਫ ਮਨਿਸਟਰ ਸਾਹਿਬ ਦਾ ਮਸ਼ਕੂਰ ਹਾਂ ਕਿ ਫਰੀਡਮ ਫਾਈਟਰਜ਼ ਨੂੰ 50 ਰੁਪਏ ਦੇ ਬਜਾਏ 100 ਰੁਪਏ ਦੇਣੇ ਕੀਤੇ ਹਨ ਅਤੇ ਸਾਲ ਦੇ ਬਜਾਏ 6 ਮਹੀਨੇ ਦਾ ਸਮਾਂ ਕਰ ਦਿੱਤਾ ਹੈ । ਮੈਂ ਇਹ ਪੁੱਛਦਾ ਹਾਂ ਕਿ ਜਿਹੜੇ ਇਹ 100 ਰੁਪਏ ਮਿਲਣਗੇ ਕੀ ਇਹ ਸੈਂਟਰ ਵਾਲੇ ਜਿਹੜੇ ਫਰੀਡਮ ਫਾਈਟਰ ਨੂੰ 300 ਰੁਪਏ ਦਿੰਦੇ ਹਨ ਉਸ ਤੋਂ ਇਲਾਵਾ ਹੋਣਗੇ ਜਾਂ ਵਿਚੇ ਹੋਣਗੇ ?

ਦੂਜਾ, ਫਰੀਡਮ ਫਾਈਟਰਜ਼ ਲਈ ਜਿਹੜੀ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ ਉਹ ਉਹੀ ਸਿਟਿੰਗ ਐਮ. ਪੀ. ਜਾਂ ਸਿਟਿੰਗ ਐਮ.ਐਲ. ਏ. ਹੀ ਕਰ ਸਕਦਾ ਹੈ ਜਿਸ ਦੇ ਨਾਲ ਉਹ ਜੇਲ੍ਹ ਵਿੱਚ ਰਿਹਾ ਹੋਵੇ । ਮੈਂ ਸਮਝਦਾ ਹਾਂ ਕਿ ਇਸ ਨਾਲ ਕਈ ਫਰੀਡਮ ਫਾਈਟਰਜ਼ ਨੂੰ ਕਾਫੀ ਮੁਸ਼ਕਲ ਆਉਂਦੀ ਹੈ । ਇਸ ਲਈ ਇਹ ਜਿਹੜਾ ਵੈਰੀਫਿਕੇਸ਼ਨ ਦਾ ਸਿਸਟਮ ਹੈ ਇਸ ਨੂੰ ਬਦਲਣ ਤੇ ਜ਼ਰੂਰ ਵਿਚਾਰ ਕਰ ਲੈਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਦਵਿੰਦਰ ਸਿੰਘ : ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਪੈਟ੍ਰੋਲਿੰਗ ਘੋੜਿਆਂ ਤੇ ਕੀਤੀ ਜਾਣੀ ਹੈ ਇਹ ਬਹੁਤ ਚੰਗਾ ਕੰਮ ਹੈ । ਇਸ ਨਾਲ ਪੈਟ੍ਰੋਲ ਦੀ ਵੀ ਬੱਚਤ ਹੋਵੇਗੀ ਅਤੇ ਇਹ ਵੀ ਫਾਇਦਾ ਹੋਵੇਗਾ ਕਿ ਜਿਹੜੇ ਪੁਲਿਸ ਦੇ ਕਰਮਚਾਰੀ ਪੈਟ੍ਰੋਲਿੰਗ ਕਰਦੇ ਹੋਏ ਬੀੜੀ, ਸਿਗਰੇਟ ਜਾਂ ਚਾਹ ਆਦਿ ਪੀਣ ਲਈ ਖੜ੍ਹੇ ਹੋ ਜਾਂਦੇ ਹਨ, ਉਹ ਵੀ ਹੁਣ ਬਕਾਇਦਾ ਘੋੜਿਆਂ ਤੇ ਚੜ੍ਹੇ ਨਜ਼ਰ ਆਉਣਗੇ ਅਤੇ ਲੋਕਾਂ ਨੂੰ ਦੂਰ ਤੋਂ ਪਤਾ ਚਲੇਗਾ ਕਿ ਪੁਲਿਸ ਪੈਟ੍ਰੋਲਿੰਗ ਕਰ ਰਹੀ ਹੈ। ਇਸ ਤੋਂ ਇਲਾਵਾ ਕਰਾਊਡ ਨੂੰ ਕੰਟਰੋਲ ਕਰਨ ਵਾਸਤੇ ਵੀ ਜਿਥੇ 200 ਪੁਲਿਸ ਕਰਮਚਾਰੀਆਂ ਦੀ ਲੋੜ ਹੁੰਦੀ ਹੈ ਉਥੇ 10 ਘੋੜੇ ਉਸ ਕਰਾਊਡ ਨੂੰ ਕੰਟਰੋਲ ਕਰ ਸਕਦੇ ਹਨ। ਇਸ ਲਈ ਜੇ ਇਹ ਇੰਤਜ਼ਾਮ ਕਰ ਦਿਤਾ ਜਾਵੇ ਤਾਂ ਚੰਗਾ ਰਹੇਗਾ ।

ਕਾਮਰੇਡ ਕੁਲਵੰਤ ਸਿੰਘ : ਇਕ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਫਰੀਡਮ ਫਾਈਟਰਜ਼ ਨੂੰ ਪੈਨਸ਼ਨਾਂ ਮਿਲਣੀਆਂ ' ਹਨ, ਉਸ ਵਿਚ ਕਈ ਇਹੋ ਜਿਹੇ ਆਦਮੀਆਂ ਦੇ ਨਾਂ ਆ ਗਏ ਹਨ ਜਿਨ੍ਹਾਂ ਨੇ ਕਦੇ ਆਜ਼ਾਦੀ ਹਾਸਲ ਕਰਨ ਲਈ ਇਕ ਦਿਨ ਵੀ ਸਜ਼ਾ ਨਹੀਂ ਕੱਟੀ ਸਗੋਂ ਅੰਗਰੇਜ਼ ਦੇ ਸਮੇਂ ਚੋਰੀਆਂ ਵਿੱਚ ਕੈਦ ਕੱਟੀ ਹੈ । ਇਸ ਲਈ ਕੀ ਮੁੱਖ ਮੰਤਰੀ ਸਾਹਿਬ ਉਨ੍ਹਾਂ ਦੀ ਇਨਕੁਆਇਰੀ ਕਰ ਕੇ ਜਿਨ੍ਹਾਂ ਨੂੰ ਗਲਤ ਪੈਨਸ਼ਨਾਂ ਲਗੀਆਂ ਹਨ ਉਹ ਬੰਦ ਕਰਨਗੇ ਅਤੇ ਦਿਤਾ ਰੁਪਿਆ ਵਾਪਸ ਕਰਾਉਣਗੇ?

ਅਗਲਾ ਪੁਆਇੰਟ ਇਹ ਹੈ ਕਿ ਪਿਛੇ ਜਿਹੜੀਆਂ3-3 ਡਿਸਟ੍ਰਿਕਟਸ ਦੇ ਐਮ. ਐਲ. ਏਜ਼ ਦੀ ਮੀਟਿੰਗ ਬੁਲਾ ਕੇ ਤਕਲੀਫਾਂ ਸੁਣੀਆਂ ਸਨ ਉਸ ਬਾਰੇ ਕਿਹਾ ਗਿਆ ਸੀ ਕੰਮ ਪੂਰਾ ਹੋਣ ਤੇ ਰਿਪੋਰਟ ਐਮ. ਐਲ. ਏਜ਼ ਨੂੰ ਘੱਲੀ ਜਾਵੇਗੀ ਪਰ ਉਸ ਬਾਰੇ ਕੁਝ ਨਹੀਂ ਹੋਇਆ । ਇਹ ਵੀ ਦੱਸ ਦਿਤਾ ਜਾਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਪਤੰਗ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ ਕਿ ਉਨ੍ਹਾਂ ਨੂੰ ਸਰਟੀਫਿਕੇਟ ਨਹੀਂ ਮਿਲਿਆ । ਜੇ ਉਹ ਜੇਲ੍ਹ ਵਿਚ ਰਹੇ ਹਨ ਤਾਂ ਸਰਟੀਫਿਕੇਟ ਜ਼ਰੂਰ ਦਿਆਂਗੇ ਪਰ ਜਿੰਨਾਂ ਚਿਰ ਕੋਈ ਐਮ. ਐਲ. ਏ. ਹੈ ਉਸ ਨੂੰ ਪੈਨਸ਼ਨ ਨਹੀਂ ਮਿਲ ਸਕਦੀ ।

ਪਾਂਧੀ ਸਾਹਿਬ ਨੇ ਜਿਹੜਾ ਦਾਉਕੇ ਪਿੰਡ ਦੀ ਰਿਪੋਰਟ ਬਾਰੇ ਕਿਹਾ ਹੈ । ਉਸ ਦੀ ਇਨਕੁਆਇਰੀ ਲਈ 3-4 ਬੰਦੇ ਭੇਜੇ ਸਨ । ਉਨ੍ਹਾਂ ਦੀ ਰਿਪੋਰਟ ਸਾਡੇ ਕੋਲ ਨਹੀਂ ਆਈ, ਜਦੋਂ ਰਿਪੋਰਟ ਆਵੇਗੀ ਤਾਂ ਸੋਚ ਲਵਾਂਗੇ ।

ਇੱਕ ਇਥੇ ਇਹ ਕਿਹਾ ਗਿਆ ਹੈ ਕਿ ਗੁਰੂ ਰਾਮ ਦਾਸ ਹਸਪਤਾਲ ਨੂੰ ਸੇਲਜ਼ ਟੈਕਸ ਤੋਂ ਛੋਟ ਦਿੱਤੀ ਜਾਵੇ । ਸ਼ਾਇਦ ਇਨ੍ਹਾਂ ਨੇ ਅਖਬਾਰ ਵਿਚ ਨਹੀਂ ਪੜ੍ਹਿਆ ਕਿ ਇਹ ਤਾਂ ਰਿਲੀਫ ਉਨ੍ਹਾਂ ਨੂੰ ਦੇ ਦਿਤਾ ਗਿਆ ਹੈ । ਇਸ ਦੇ ਨਾਲ ਨਾਲ, ਮਾਸਟਰ ਬਾਬੂ ਸਿੰਘ ਜੀ ਨੇ ਕਿਹਾ ਸੀ ਕਿ ਘੋੜੇ ਨਹੀਂ ਚਾਹੀਦੇ, ਇਨ੍ਹਾਂ ਦੇ ਖਿਆਲ ਵਿਚ ਸ਼ਾਇਦ ਖਰਚ ਜ਼ਿਆਦਾ ਹੋਵੇਗਾ । ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਹੋਰਨਾਂ ਸ਼ਹਿਰਾਂ ਵਿੱਚ ਜਿਹੜਾ ਕੰਮ ਘੋੜ ਸਵਾਰ ਪੁਲਿਸ ਨੇ ਕੀਤਾ ਅੱਜ ਅਨਡਿਜ਼ਾਇਰੇਬਲ ਐਲੀਮੈਂਟ ਨੂੰ ਰੋਕਿਆ ਉਹ ਤੁਹਾਡੇ ਸਾਹਮਣੇ ਹੈ। ਇਹ ਐਲੀਮੈਂਟ ਉਨ੍ਹਾਂ ਨੂੰ ਵੇਖ ਕੇ ਸਹਿਮਿਆ ਫਿਰਦਾ ਸੀ ਅਤੇ ਉਨ੍ਹਾਂ ਨੂੰ ਦੂਰੋਂ ਨਜ਼ਰ ਆ ਜਾਂਦਾ ਸੀ ਕਿ ਪੁਲਿਸ ਆ ਰਹੀ ਹੈ । ਜੇਕਰ ਤੁਸੀਂ ਇਸ ਨੂੰ ਨਹੀਂ ਚਾਹੁੰਦੇ ਤਾਂ ਅਸੀਂ ਇਹ ਕੰਮ ਮੋਟਰ ਸਾਈਕਲਾਂ ਤੇ ਕਰ ਲਵਾਂਗੇ । ਇਸ ਬਾਰੇ ਤੁਸੀਂ 'India to day' ਵਿੱਚ ਪੜ੍ਹਿਆ ਹੋਣਾ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਯਸ਼ ਜੀ ਨੇ ਕਿਹਾ ਸੀ ਕਿ 100 ਰੁਪਏ ਪੈਨਸ਼ਨ ਦਾ ਕਿਸ ਨੇ ਦੇਣਾ ਹੈ ? ਇਹ ਪੰਜਾਬ ਸਰਕਾਰ ਨੇ ਦੇਣਾ ਹੈ., ਸਾਨੂੰ ਭਾਵੇਂ ਸੈਂਟਰਲ ਗੌਰਮਿੰਟ ਦੇਵੇ ਜਾਂ ਨਾ ਦੇਵੇ । ਫਰੀਡਮ ਫਾਈਟਰਜ਼ ਨੂੰ ਵੇਰੀ-ਫਾਈ 25-30 ਸਾਲਾਂ ਦਾ ਆਦਮੀ ਤਾਂ ਨਹੀਂ ਕਰ ਸਕਦਾ ਇਸ ਨੂੰ ਯਸ਼ ਜੀ ਵਰਗੇ ਬਜ਼ੁਰਗ ਹੀ ਕਰ ਸਕਦੇ ਹਨ ਕਿਉਂ ਕਿ ਉਹ ਹੀ ਦੱਸ ਸਕਦੇ ਹਨ ਕਿ ਉਹ ਫਰੀਡਮ ਫਾਈਟਰ ਰਿਹਾ ਹੈ । ਜਿਹੜਾ ਤੁਸੀਂ ਬੰਦਾ ਕਹੋਗੇ ਅਸੀਂ ਉਸ ਨੂੰ ਅੈਪੁਆਇੰਟਮੈਂਟ ਕਰ ਦੇਵਾਂਗੇ । ਕਾਮਰੇਡ ਕੁਲਵੰਤ ਸਿੰਘ ਜੀ ਨੇ ਕਿਹਾ ਸੀ ਕਿ ਜਿਨ੍ਹਾਂ ਨੇ ਚੋਰੀਆਂ ਕਰ ਕੇ ਜੇਲਾਂ ਕੱਟੀਆਂ ਸਨ ਉਹ ਵੀ ਪੈਨਸ਼ਨਾਂ ਲੈ ਰਹੇ ਹਨ । ਜਿਨ੍ਹਾਂ ਦਾ ਨਾਮ ਗਲਤ ਰਿਕੁਮੈਂਡ ਕੀਤਾ ਗਿਆ ਹੈ, ਮੈਨੂੰ ਕੋਈ ਇਤਰਾਜ਼ ਨਹੀਂ ਹੈ ਅਗਰ ਕੋਈ ਫਰੀਡਮ ਫਾਈਟਰਜ਼ ਦੀ ਇਕ ਕਮੇਟੀ ਬਣਾ ਦਿਤੀ ਜਾਵੇ ਜਿਹੜੀ ਇਸ ਗੱਲ ਦੀ ਇਨਕੁਆਇਰੀ ਕਰੇ ਕਿ ਕਿਸੇ ਨੂੰ ਗਲਤ ਪੈਨਸ਼ਨ ਤਾਂ ਨਹੀਂ ਮਿਲ ਰਹੀ।

EXTENSION OF TIME OF THE SITTING

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 10 ਮਿੰਟ ਲਈ ਹੋਰ ਅੈਕਸਟੈਂਡ ਕੀਤਾ ਜਾਵੇ। ਕੀ ਇਸ ਨਾਲ ਹਾਊਸ ਸਹਿਮਤ ਹੈ ?

ਆਵਾਜ਼ਾਂ : ਹਾਂ ਜੀ, ਹਾਂ ਜੀ ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 10 ਮਿੰਟ ਹੋਰ ਅੈਕਸਟੈਂਡ ਕੀਤਾ ਜਾਂਦਾ ਹੈ।

DISCUSSION AND VOTING OF DEMANDS FOR GRANTS FOR THE YEAR 1982-83 (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਗਲਤ ਪੈਨਸ਼ਨ ਲੈਣ ਵਾਲੇ ਤੋਂ ਰਿਕਵਰੀਜ਼ ਵੀ ਕਰਾਂਗੇ ।

ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਵੀ ਘੋੜਿਆਂ ਤੇ ਪੈਟਰੋਲਿੰਗ ਬਾਰੇ ਕਿਹਾ ਸੀ ਅੌਰ ਉਨ੍ਹਾਂ ਨੇ ਘੋੜਿਆਂ ਦੀ ਠੀਕ ਯੂਟਿਲਟੀ ਦੱਸੀ ਹੈ । ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ । ਜਿਹੜਾ 27-28 ਮਾਰਚ ਨੂੰ ਹੌਰਸ ਸ਼ੋਅ ਹੋ ਰਿਹਾ ਹੈ, ਉਹ ਇਸ ਕਰਕੇ ਹੋ ਰਿਹਾ ਹੈ ਕਿਉਂ ਕਿ ਘੋੜਿਆਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ ਅਤੇ ਇਸ ਦੀ ਲੋੜ ਫੌਜ ਅਤੇ ਪੁਲਿਸ ਵਿਚ ਬਹੁਤ ਰਹਿੰਦੀ ਹੈ । ਜੇਕਰ ਇਹ ਇਕਨੌਮੀਕਲੀ ਫਿੱਟ ਆਉਂਦਾ ਹੈ ਤਾਂ ਇਨ੍ਹਾਂ ਦੇ ਲਈ ਅਸਤਬਲ ਬਣਾ ਦਿਤਾ ਜਾਵੇਗਾ । ਸਾਡੇ ਮੈਂਬਰਜ਼ ਇਥੇ ਸਰਕਾਰ ਨੂੰ ਅੈਪਰੀਸ਼ੀਏਟ ਕਰਨਗੇ ਕਿ ਅਸੀਂ ਇਸ ਵਾਰ ਅੱਧਾ ਬਜਟ ਯਾਨੀ 190 ਕਰੋੜ ਰੁਪਿਆ ਪ੍ਰੋਜੈਕਟਾਂ ਨੂੰ ਕੰਪਲੀਟ ਕਰਨ ਲਈ ਹੱਥਿਆ ਹੈ ਤਾ ਕਿ ਇਹ ਆਪਣੇ ਟੀਚੇ ਦੇ ਮੁਤਾਬਿਕ ਕੰਪਲੀਟ ਹੋ ਸਕਣ ਅੌਰ ਬਾਕੀ ਦਾ ਪੈਸਾ ਮੁਖਤਲਿਫ ਮਹਿਕਮਿਆਂ ਦੇ ਵਿਚ ਵੰਡਿਆ ਗਿਆ ਹੈ ਤਾਕਿ ਪੰਜਾਬ ਵਿਚ ਵੱਧ ਤੋਂ ਵੱਧ ਕੰਮ-ਕਾਜ ਹੋ ਸਕੇ । ਅਗਰ ਅਸੀਂ 385 ਕਰੋੜ ਰੁਪਿਆ ਵੀ ਇਸ ਪਾਵਰਜ਼ ਤੇ ਖਰਚ ਕਰ ਦਿੰਦੇ ਤਾਂ ਵੀ ਇਤਨਾ ਫਾਇਦਾ ਸਟੇਟ ਨੂੰ ਨਹੀਂ ਸੀ ਹੋਣਾ ਜਿੰਨਾ ਅਸੀਂ 190 ਕਰੋੜ ਰੁਪਿਆ ਇਸ ਸਾਲ ਖਰਚ ਕਰ ਕੇ ਆਪਣੇ ਟੀਚੇ ਪੂਰੇ ਕਰ ਰਹੇ ਹਾਂ। ਇਸ ਕਰਕੇ ਨਿਸਚਿਤ ਟਾਈਮ ਵਿਚ ਕੰਮ ਮੁਕੰਮਲ ਹੋ ਜਾਣਾ ਹੈ। ਇਸ ਤਰ੍ਹਾਂ ਦਾ ਇਸ ਦਾ ਫਾਇਦਾ ਸਾਨੂੰ ਇਕ ਸਾਲ ਵਿਚ ਹੀ ਹੋ ਜਾਣਾ ਹੈ ਜਿਹੜਾ ਸਾਨੂੰ ਅਗਲੇ 7 ਸਾਲਾਂ ਵਿਚ ਨਹੀਂ ਸੀ

Original with;
Punjab Vidhan Sabha
Digitized by;
Panjab Digital Library

ਹੋਣਾ। ਇਸ ਪਾਵਰ ਨਾਲ ਕਿਸਾਨ ਨੂੰ ਫਾਇਦਾ ਹੋਵੇਗਾ। ਅਸੀਂ ਪਿਛੇ ਜਿਹੇ 12 ਘੰਟੇ ਕਾਰਖਾਨੇਦਾਰ ਤੇ ਬਿਜਲੀ ਦੀ ਕੱਟ ਲਗਾ ਕੇ ਕਿਸਾਨਾਂ ਨੂੰ ਪੈਡੀ ਵਾਸਤੇ ਬਿਜਲੀ ਦਿਤੀ ਹੈ ਤਾਕਿ ਉਹ ਪੈਦਾਵਾਰ ਕਰ ਸਕੇ। ਲੇਕਿਨ ਅਸੀਂ ਚਾਹੁੰਦੇ ਹਾਂ ਕਿ ਕਾਰਖਾਨੇਦਾਰ ਨੂੰ ਕੰਪਨਸੇਟ ਕਰੀਏ। 62 ਮੈਗਾਵਾਟ ਬਿਜਲੀ ਮਿਲ ਰਹੀ ਹੈ ਔਰ ਇਕ ਸਾਲ ਵਿਚ ਸਾਨੂੰ ਹੋਰ 100 ਤੋਂ ਜ਼ਿਆਦਾ ਮੈਗਾਵਾਟ ਬਿਜਲੀ ਮਿਲ ਜਾਵੇਗੀ। ਸਾਨੂੰ ਮੁਕੇਰੀਆਂ ਅਤੇ ਆਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ ਤੋਂ ਇਹ ਬਿਜਲੀ ਮਿਲੇਗੀ ਅਤੇ ਉਹ ਆਸੀਂ ਸਟੇਟ ਵਿੱਚ ਡਿਸਟਰੀਬਿਊਟ ਕਰਾਂਗੇ।

ਜੇਕਰ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੋਵੇ ਇਹ ਇਥੇ ਪੁਆਇੰਟ ਆਉਟ ਕਰ ਦੇਣ। ਮਾਸਟਰ ਬਾਬੂ ਸਿੰਘ ਜੀ ਨੇ ਕਿਹਾ ਸੀ ਕਿ ਕਈ ਥਾਣਿਆਂ ਵਿਚ ਟੈਲੀਫੂਨ ਨਹੀਂ ਹਨ। ਮੇਰਾ ਖਿਆਲ ਹੈ ਕਿ ਕੁਝ ਚੌਕੀਆਂ ਵਿਚ ਨਹੀਂ ਹੋਣਗੇ। ਇਨ੍ਹਾਂ ਚੌਕੀਆਂ ਨੇ ਆਪਣੇ ਥਾਣਿਆਂ ਵਿਚ ਕਨਵੇ ਕਰਨਾ ਹੁੰਦਾ ਹੈ ਅਤੇ ਵਾਕਫੀਅਤ ਦੇਣੀ ਹੁੰਦੀ ਹੈ। ਕਈ ਸੱਜਣਾਂ ਨੇ ਕਿਹਾ ਹੈ ਕਿ ਪੁਲਿਸ ਤੇ ਬਹੁਤ ਖਰਚ ਵੱਧਾ ਦਿਤਾ ਹੈ। ਜਿੰਨੀਆਂ ਪਹਿਲੇ ਅਮਿਨਿਟੀਜ਼ ਦਿੱਤੀਆਂ ਗਈਆਂ ਹਨ ਉਹ ਅਸੀਂ ਦੇਵਾਂਗੇ, ਕੋਸ਼ਿਸ਼ ਕਰਕੇ ਇਨ੍ਹਾਂ ਪੁਲਿਸ ਥਾਣਿਆਂ ਨੂੰ ਜ਼ਰੂਰੀ ਅਮਿਨਿਟੀਜ਼ ਦੇਣਾ ਚਾਹੁੰਦੇ ਹਾਂ, ਤਾਂਕਿ ਉਹ ਛੋਟੀਆਂ ਛੋਟੀਆਂ ਥਾਵਾਂ ਤੇ ਵੀ ਆਪਣੀ ਕਾਰਵਾਈ ਕਰ ਸਕਣ ਅਤੇ ਪੂਰੀ ਤਰ੍ਹਾਂ ਕਾਰਵਾਈ ਕਰ ਸਕਣ। ਕਈਆਂ ਨੇ ਸ਼ਿਕਾਇਤ ਕੀਤੀ ਹੈ ਕਿ ਪੁਲਿਸ ਐਫ. ਆਈ. ਆਰ ਦਰਜ ਨਹੀਂ ਕਰਦੀ। ਅਸੀਂ ਇਨ੍ਹਾਂ ਗੱਲਾਂ ਨੂੰ ਦੇਖਾਂਗੇ ।

DEMAND NO. 9

Mr. Speaker: Now, I put the Cut Motion to Demand No. 9 by Sardar Dalip Singh Pandhi to the vote of the House.

Mr. Speaker: Question is—

That the demand be reduced by Re. 1/-.

The motion was lost.

Mr. Speaker: Question is—

That a sum not exceeding Rs. 3,87,13,000 on Revenue Account be granted to the Governor to defray the charges that will come in course of payment for the year, 1982-83 in respect of Civil Secretariat.

The motion was carried.

DEMAND NO. 10

Mr. Speaker: Now, I put the Cut Motion to Demand No. 10 by Sardar Dalip Singh Pandhi to the vote of the House.

Mr. Speaker: Question is—

That the demand be reduced by Re. 1/-.

The motion was lost.

Original with;
Punjab Vidhan Sabha
Digitized by;
Panj... Digital Library

Mr. Speaker : Question is—

That a sum not exceeding Rs. 5,58,09,000 on Revenue account be granted to the Governor to defray the charges that will come in course of payment for the year, 1982-83 in respect of District Adminisration.

The motion was carried.

DEMAND NO.11

Mr. Speaker : Now, I put the cut Motion to Demand No. 11 by Sardar Dalip Singh Pandhi to the vote of the House.

Mr. Speaker: Question is—

That the demand be reduced by Re. 1.

The motion was lost.

Mr. Speaker: Question is—

That a sum not exceeding Rs. 37,51,70,000 on Revenue Account be granted to the Governor to defray the charges that will come in course of payment for year, 1982-83 in respect of Police.

The motion was carried.

Mr. Speaker : The House stands adjourned till 9·00 A.M. on Thursday, the 25th March, 1982.

[*6·50 P.M.] (The Sabha then adjourned *till 9·00 A.M. on Thursday, the 25th March, 1982).

5467 PVS— Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the Authority of the Punjab Vidhan Sabha and Printed by the Controller, Printing and Stationery, Deptt. U.T. Chd.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

25th March, 1982

(Forenoon Sitting)

Vol. IV- No. 18

OFFICIAL REPORT

CONTENTS

Thursday, the 25th March, 1982

(Forenoon Sitting)

		Page
Postponed Starred Questions and Answers	..	(18)1
Walk-out	..	(18)3
Postponed Starred Questions and Answers (*Resumption*)	..	(18)3
Starred Questions and Answers	..	(18)9
Written Answers to Starred Questions laid on the Table of the House under Rule 38	..	(18)20
Unstarred Questions and Answers	..	(18)26
Points of order *re.* disallowing of questions	..	(18)28
Call Attention Notices under Rule 66	..	(18)31
Points of order *re.* issuance of instructions for showing due courtesy to Members by Officers of Government	..	(18)32
Call Attention Notices under Rule 66 (*Resumption*)	..	(18)37

PUNJAB VIDHAN SABHA SECRETARIAT, CHANDIGARH.

Price Rs. Rs. 37.00 Paise

Original with;
Punjab Vidhan Sabha
Digitized by;
Panjab Digital Library

Presentation of reports—		*Page*
(i) Committee on Public Accounts	..	(18)39
(ii) Committee on Papers laid/to be laid on the Table	..	(18)40
Discussion and Voting of Demands for Grants for the year 1982-83	..	(18)40
Extension of time of the Sitting	..	(18)75
Discussion and Voting of Demands for Grants for the year 1982-83 (*Resumption*)	..	(18)76
Extension of time of the Sitting	..	(18)80
Discussion and Voting of Demands for Grants for the year 1982-83 (*Resumption*)	..	(18)80
Extension of time of the Sitting	..	(18)82
Discussion and Voting of Demands for Grants for the year 1982-83 (*Resumption*)		(18)83
Extension of time of the Sitting	..	(18)84
Discussion and Voting of Demands for Grants for the year 1982-83 (*Resumption*)	..	(18)84

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Thursday, the 25th March, 1982

(Forenoon Sitting)

The Vidhan Sabha met in the Punjab Vidhan Sabha Hall, Vidhan Bhavan Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

POSTPONED STARRED QUESTIONS AND ANSWERS

Common land of village Sagran district Jullundur transferred to the Punjab Wakf Board

*1307. **Master Chand Singh :** Will the Minister for Revenue be pleased to state—

(a) whether it is a fact that the village common land of village Sangran, tehsil and district Jullundur was transferred in the name of the Punjab Wakf Board during the month of August, 1978 ;

(b) if the reply to part (a) above be in the affirmative, the name of the authority responsible for the transfer of the said land together with the reasons therefor ?

ਸਰਦਾਰ ਗੁਰਦਰਸ਼ਨ ਸਿੰਘ : (ੳ) ਜੀ ਹਾਂ।

(ਅ) ਸਾਲ 1956-57 ਦੀ ਜਮਾਂਬੰਦੀ ਵਿੱਚ ਇਸ ਜ਼ਮੀਨ ਦਾ ਇੰਦਰਾਜ਼ ਮਲਕੀਅਤ ਪੰਚਾਇਤ ਮਕਬੂਜ਼ਾ ਅਹਿਲੇ-ਇਸਲਾਮ ਗੈਰ-ਮਜ਼ਰੂਆ ਕਬਰਸਤਾਨ ਸੀ। ਕਿਉਂ ਜੋ ਇਸ ਕਿਸਮ ਦੀਆਂ ਜ਼ਮੀਨਾਂ ਆਮ ਤੌਰ ਤੇ ਵਕਫ ਜਾਇਦਾਦ ਹੁੰਦੀਆਂ ਹਨ, ਡਿਪਟੀ ਕਮਿਸ਼ਨਰ ਦੇ ਕਹਿਣ ਤੇ ਇਸ ਜ਼ਮੀਨ ਦਾ ਵਕਫ ਬੋਰਡ ਦੇ ਨਾਂ 28 ਦਸੰਬਰ, 1976 ਨੂੰ ਇੰਤਕਾਲ ਦਰਜ ਕੀਤਾ ਗਿਆ ਸੀ ਇਸ ਦੀ ਮਨਜ਼ੂਰੀ ਅਸਿਸਟੈਂਟ ਕੁਲੈਕਟਰ ਗ੍ਰੇਡ-II ਨੇ 14 ਫਰਵਰੀ, 1978 ਨੂੰ ਦੇ ਦਿਤੀ ਸੀ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਜਿਹੜੀ ਜ਼ਮੀਨ ਵਕਫ ਬੋਰਡ ਨੂੰ ਦਿੱਤੀ ਸੀ, ਉਹ ਮੁਰਦੇ ਫੂਕਣ ਵਾਸਤੇ ਜਗ੍ਹਾ ਸੀ। ਜਮਾਬੰਦੀ ਵਿਚ ਵੀ ਇਸ ਦਾ ਇੰਦਰਾਜ਼ ਹੈ । ਇਹ ਜ਼ਮੀਨ ਲੀਜ਼ ਤੇ ਨਹੀਂ ਸੀ ਦਿੱਤੀ ਜਾ ਸਕਦੀ ਪਰ ਇਹ ਅਫਸਰਾਂ ਨੇ ਧਕੇ ਦੇ ਨਾਲ ਉਹ ਜ਼ਮੀਨ ਲੀਜ਼ ਤੇ ਟਰਾਂਸਫਰ ਕਰ ਲਈ ਹੈ। ਇਸ ਲਈ ਮਨਿਸਟਰ ਸਾਹਿਬ, ਪਿੰਡ ਸਾਂਗਰਾਂ ਦੀ ਉਹ ਜ਼ਮੀਨ ਮੁੜ ਖਾਲ੍ਹੀ ਕਰਕੇ ਕਦੋਂ ਗਰੀਬ ਲੋਕਾਂ ਨੂੰ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, 1956-57 ਵਿਚ ਇਹ ਕਬਰਸਤਾਨ ਸੀ। 1973--75 ਵਿਚ ਡਿਵੈਲਪਮੈਂਟ ਡਿਪਾਟਰਮੈਂਟ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਚਿਠੀ ਲਿੱਖੀ ਸੀ ਕਿ ਇਹੋ ਜਿਹੀ ਜ਼ਮੀਨ ਨੂੰ ਪੰਚਾਇਤਾਂ ਕਬਜ਼ੇ ਵਿਚ ਇਲਲੀਗਲੀ ਨਾ ਕਰਨ । ਇਸ ਲਈ 1976 ਵਿਚ ਇਹ ਜ਼ਮੀਨ ਵਕਫ ਬੋਰਡ ਦੇ ਨਾਂ ਕਰ ਦਿਤੀ ਸੀ। ਅਸਿਸਟੈਂਟ ਕੁਲੈਕਟਰ ਗਰੇਡ-II ਨੇ ਇਹ ਸੈਂਕਸ਼ਨ ਦਿੱਤੀ ਸੀ। ਬਾਕੀ, ਸਪੀਕਰ ਸਾਹਿਬ, ਜੋ ਕਿਹਾ ਗਿਆ ਹੈ ਕਿ ਅਫਸਰਾਂ ਨੇ ਇਹ ਜ਼ਮੀਨ ਦਬ ਲਈ ਹੈ, ਉਹ ਕਾਰਵਾਈ ਚਲ ਰਹੀ ਹੈ; ਜੇ ਵੀ ਗਿਲਟੀ ਸਾਬਤ ਹੋਇਆ ਤਾਂ ਉਸ ਖਿਲਾਫ ਐਕਸ਼ਨ ਲਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਦਾ ਸਪਲੀਮੈਂਟਰੀ ਹੈ ਕਿ ਜਿਹੜੀ ਜ਼ਮੀਨ ਵਕਫ ਬੋਰਡ ਨੂੰ ਦਿੱਤੀ ਗਈ ਹੈ, ਉਹ ਦੁਬਾਰਾ ਪ੍ਰਾਈਵੇਟ ਯੂਜ਼ ਵਿਚ ਆ ਗਈ ਹੈ, ਤੁਸੀਂ ਇਸ ਚੀਜ਼ ਨੂੰ ਦੇਖ ਲਓ ?

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰੇ ਕੋਲ ਖਸਰਾ ਅਤੇ ਗਰਦਾਵਰੀ ਦੀ ਸਾਰੀ ਡੀਟੇਲ ਹੈ। ਹਾੜੀ ਅਤੇ ਸੌਣੀ ਦੀ ਫਸਲ ਉਥੇ ਹੋਣੀ ਨਾ ਮੁਮਕਿਨ ਹੈ। ਸਪੀਕਰ ਸਾਹਿਬ, ਗੁਰਦਾਸ ਸਿੰਘ ਪੁੱਤਰ ਨੱਥਾ ਸਿੰਘ, ਜਿਹੜਾ ਆਈ.ਏ.ਐਸ. ਅਫਸਰ ਦਾ ਇੱਕ ਪਿਓ ਹੈ, ਉਸ ਨੇ ਧੱਕੇ ਨਾਲ ਇਹ ਜ਼ਮੀਨ ਦੱਬੀ ਹੋਈ ਹੈ। ਉਥੇ ਗਰੀਬਾਂ ਕੋਲ ਮੁਰਦੇ ਜਲਾਉਣ ਲਈ ਜਗ੍ਹਾ ਨਹੀਂ ਹੈ। ਜਿਸ ਨੇ ਗਲਤ ਇੰਦਰਾਜ਼ ਕੀਤਾ ਹੈ, ਉਸ ਦੀ ਇਨਕੁਆਇਰੀ ਕਰਵਾਕੇ ਮਨਿਸਟਰ ਸਾਹਿਬ ਕਦੋਂ ਤਕ ਉਸ ਦੇ ਖਿਲਾਫ ਐਕਸ਼ਨ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਉਥੇ ਕੁਝ ਬੰਦਿਆਂ ਨੇ ਤਾਰ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਕੁਝ ਝਗੜਾ ਉਥੇ ਹੋ ਗਿਆ ਸੀ। ਇਸ ਲਈ ਉਥੇ 145 ਸੈਕਸ਼ਨ ਅਧੀਨ ਪ੍ਰੋਸੀਡਿੰਗਜ਼ ਸ਼ੁਰੂ ਕੀਤੀਆਂ ਗਈਆਂ ਹਨ। ਐਗਜ਼ੈਕਟਿਵ ਮੈਜਿਸਟਰੇਟ ਕੋਲੋਂ ਜਦੋਂ ਇਸ ਚੀਜ਼ ਦਾ ਫੈਸਲਾ ਹੋ ਜਾਵੇਗਾ ਤਾਂ ਜਿਸ ਅਫਸਰ ਨੇ ਗਲਤੀ ਕੀਤੀ ਹੈ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਇਹ ਫੈਸਲਾ ਕਦੋਂ ਤਕ ਹੋ ਜਾਵੇਗਾ ?

ਸ਼੍ਰੀ ਸਪੀਕਰ : ਮੰਤਰੀ ਜੀ ਨੇ ਕਹਿ ਦਿਤਾ ਹੈ ਕਿ 145 ਸੈਕਸ਼ਨ ਅਧੀਨ ਪ੍ਰੋਸੀਡਿੰਗਜ਼ ਸ਼ੁਰੂ ਹੋ ਗਈਆਂ ਹਨ।

Old Age and Widow Pension

***1339. Sardar Sarwan Singh Phillaur:** Will the Minister for Welfare and Labour be pleased to state the names of persons in Phillaur and Nawan Shehar Sub-Divisions to whom old age and widow pensions are being given regularly ?

ਚੌਧਰੀ ਜਗਤ ਰਾਮ : ਲੋੜੀਂਦੀ ਸੂਚਨਾ* ਕ੍ਰਮਵਾਰ ਅਨੁਲੱਗ 'ਓ' ਅਤੇ ਅਨੁਲੱਗ 'ਅ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸਰਦਾਰ ਸਰਵਣ ਸਿੰਘ ਫਿਲੌਰ: ਸਪੀਕਰ ਸਾਹਿਬ, ਇਹ ਸਵਾਲ ਪਹਿਲਾਂ ਵੀ ਪੋਸਟਪੋਨ ਹੋ ਗਿਆ ਸੀ। ਇਸ ਸਵਾਲ ਦਾ ਜਵਾਬ ਮੈਨੂੰ 15 ਮਿੰਟ ਪਹਿਲਾਂ ਹੀ ਦਿੱਤਾ ਗਿਆ ਹੈ। ਇਹ ਬੜੀ ਲੰਬੀ ਚੌੜੀ ਲਿਸਟ ਹੈ। ਜੇਕਰ ਕੱਲ ਰਾਤ ਨੂੰ ਜਵਾਬ ਮਿਲ ਜਾਂਦਾ ਤਾਂ ਮੈਂ ਸਾਰਾ ਜਵਾਬ ਪੜ੍ਹ ਸਕਦਾ ਸੀ। ਹੁਣ 15 ਮਿੰਟ ਵਿਚ ਮੈਂ ਸਾਰਾ ਜਵਾਬ ਇਤਨਾ ਲੰਬਾ ਚੌੜਾ ਨਹੀਂ ਪੜ੍ਹ ਸਕਦਾ ਸੀ। ਮਨਿਸਟਰ ਸਾਹਿਬ ਨੇ ਤਾਂ ਸਾਰਾ ਸਵਾਲ ਦਾ ਜਵਾਬ ਪੜ੍ਹਿਆ ਹੋਵੇਗਾ। ਮੈਂ ਇਥੇ ਨਾਂ ਪੜ੍ਹ ਦਿੰਦਾ ਹਾਂ। ਗੁਰਮੀਤ ਕੌਰ ਵਾਈਫ ਆਫ ਦਿਵਾਨ ਸਿੰਘ, ਕੇਸਰ ਕੌਰ, ਪ੍ਰੀਤੂ, ਧਾਂਤੀ, ਦੇਵੀ ਚੰਦ, ਔਰ ਮਨਿਸਟਰ ਸਾਹਿਬ ਦੱਸ ਦੇਣ ਕਿ ਇਨ੍ਹਾਂ ਬੰਦਿਆਂ ਨੂੰ ਪੈਨਸ਼ਨ ਮਿਲਦੀ ਹੈ ਜਾਂ ਨਹੀਂ ਮਿਲਦੀ ?

ਸ਼੍ਰੀ ਸਪੀਕਰ : ਤੁਸੀਂ ਮੰਤਰੀ ਜੀ ਨੂੰ ਇਹ ਲਿਸਟ ਲਿਖ ਕੇ ਭੇਜ ਸਕਦੇ ਹੋ। ਇੱਕ ਸਵਾਲ ਨੂੰ ਤਿੰਨ ਮਿੰਟ ਮਿਲਦੇ ਹਨ। ਮੈਂ ਤੁਹਾਨੂੰ ਅਲਾਓ ਨਹੀਂ ਕਰਦਾ।

---

*Placed in the Library.

Original with;
Punjab Vidhan Sabha
Digitized by;
Panjab Digital Library

WALK-OUT

ਸਰਦਾਰ ਸਰਵਣ ਸਿੰਘ ਫਿਲੌਰ : ਸਪੀਕਰ ਸਾਹਿਬ, ਮੈਂ ਹਾਊਸ ਵਿਚ ਮਨਿਸਟਰ ਸਾਹਿਬ ਤੋਂ ਅਸ਼ੋਰੈਂਸ ਚਾਹੁੰਦਾ ਹਾਂ। ਉਹ ਦੱਸਣ ਕਿ ਇਨ੍ਹਾਂ ਬੰਦਿਆਂ ਨੂੰ ਪੈਨਸ਼ਨ ਮਿਲਦੀ ਹੈ ਜਾਂ ਨਹੀਂ ? (ਵਿਘਨ) ਜੇਕਰ, ਸਪੀਕਰ ਸਾਹਿਬ, ਤੁਸੀ ਮੈਨੂੰ ਲਿਸਟ ਵਿਚੋਂ ਨਾਂ ਬੋਲਣ ਲਈ ਅਲਾਓ ਨਹੀਂ ਕਰਦੇ ਤਾਂ ਮੈਂ ਪਰੋਟੈਸਟ ਦੇ ਤੌਰ ਤੇ ਵਾਕ-ਆਊਟ ਕਰਦਾ ਹਾਂ।

(ਇਸ ਵੇਲੇ ਸਰਦਾਰ ਸਰਵਣ ਸਿੰਘ ਫਿਲੌਰ ਸਦਨ ਵਿਚੋਂ ਵਾਕ-ਆਊਟ ਕਰ ਗਏ।)

POSTPONED STARRED QUESTIONS AND ANSWERS (*Resumption*)

ਸ਼੍ਰੀ ਸਪੀਕਰ: ਜੇਕਰ ਮੈਂਬਰ ਸਾਹਿਬਾਨ ਇਸ ਤਰ੍ਹਾਂ ਸਾਰੀ ਲਿਸਟ ਪੜ੍ਹਨ ਲਗਣਗੇ ਤਾਂ ਦੂਜਿਆਂ ਦਾ ਹੱਕ ਮਾਰਿਆ ਜਾਂਦਾ ਹੈ। ਇਹ ਹਿਉਮਨਲੀ ਇੰਪਾਸੀਬਲ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਿਲਕੁਲ ਜਾਇਜ਼ ਗਲ ਮਨਿਸਟਰ ਸਾਹਿਬ ਤੋਂ ਪੁੱਛੀ ਸੀ ਕਿ ਇਨ੍ਹਾਂ ਬੰਦਿਆਂ ਨੂੰ ਪੈਨਸ਼ਨ ਮਿਲਦੀ ਹੈ ਜਾਂ ਨਹੀਂ ਅੌਰ ਮਨਿਸਟਰ ਸਾਹਿਬ ਨੇ ਜਵਾਬ ਸਿਰਫ 'ਹਾਂ' ਜਾਂ 'ਨਾਂ' ਵਿਚ ਹੀ ਦੇਣਾ ਸੀ। ਛੋਟੀ ਜਿਹੀ ਗੱਲ ਸੀ ਅੌਰ ਇਹ ਬਹੁਤ ਮਾੜੀ ਗੱਲ ਹੋਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਬੁਢੇਪਾ ਪੈਨਸ਼ਨ ਦੇ ਕਾਗਜ਼ ਲੈ ਕੇ ਸਾਡੇ ਕੋਲ ਆਉਂਦੇ ਸਨ ਉਨ੍ਹਾਂ ਬਾਰੇ ਸਾਡੇ ਜ਼ਿਲੇ ਦੇ ਅਫਸਰਾਂ ਨੇ ਦੱਸਿਆ ਹੈ ਕਿ ਤੁਸੀਂ ਆਪਣੇ ਹਲਕੇ ਦੇ ਬੰਦਿਆਂ ਦੇ ਕੇਸਿਜ਼ ਹੀ ਤਸਦੀਕ ਕਰ ਸਕਦੇ ਹੋ ਅੌਰ ਬਾਕੀ ਦੇ ਨਹੀਂ ਤਸਦੀਕ ਕਰ ਸਕਦੇ। ਕੀ ਅਜਿਹੀਆਂ ਕੋਈ ਹਦਾਇਤਾਂ ਇਨ੍ਹਾਂ ਵਲੋਂ ਗਈਆਂ ਹਨ ਜਾਂ ਕਿ ਉਹ ਅਫਸਰ ਆਪਣੇ ਆਪ ਹੀ ਇਸ ਤਰ੍ਹਾਂ ਕਰਦੇ ਹਨ ?

ਮੰਤਰੀ : ਇਸ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ। ਇਹ ਮੇਰੇ ਕੋਲ ਮੇਰੇ ਚੈਂਬਰ ਵਿਚ ਆ ਕੇ ਗਲ ਕਰ ਲੈਣ, ਮੈਂ ਇਨਾਂ ਨੂੰ ਦੱਸ ਦਿਆਂਗਾ।

ਸਰਦਾਰ ਗੁਰਦੇਵ ਸਿੰਘ ਬਾਦਲ : ਮੇਰੇ ਸਵਾਲ ਦਾ ਜਵਾਬ ਦਿਵਾਓ ਜੀ। ਅਸੀਂ ਆਪਣੇ ਏਰੀਆ ਤੋਂ ਬਾਹਰ ਦੇ ਸਵਾਲ ਵੀ ਪੁੱਛ ਸਕਦੇ ਹਾਂ। ਇਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ। ਮੈਂਬਰ ਸਾਹਿਬ ਨੇ ਵਜ਼ੀਰ ਸਾਹਿਬ ਨੂੰ ਇਹ ਪੁਛਿਆ ਸੀ ਕਿ ਕੀ ਕੋਈ ਐਸੀਆਂ ਹਦਾਇਤਾਂ ਇਨ੍ਹਾਂ ਵਲੋਂ ਜਾਰੀ ਕੀਤੀਆਂ ਗਈਆਂ ਹਨ ਜਿਸ ਅਨੁਸਾਰ ਮੈਂਬਰ ਸਾਹਿਬਾਨ ਸਿਰਫ ਆਪਣੀ ਕਾਂਸਟੀਚਿਉਐਂਸੀ ਬਾਰੇ ਹੀ ਤਸਦੀਕ ਕਰ ਸਕਦੇ ਹਨ ਅੌਰ ਬਾਕੀ ਦੇ ਨਹੀਂ ਕਰ ਸਕਦੇ ?

ਮੰਤਰੀ : ਮੈਂ ਕੋਈ ਐਸੀ ਹਦਾਇਤ ਨਹੀਂ ਕੀਤੀ।

ਸਰਦਾਰ ਬਸੰਤ ਸਿੰਘ ਖਾਲਸਾ : ਅਸਲ ਗੱਲ ਇਹ ਹੈ ਕਿ ਜਦੋਂ ਦੇ ਇਹ ਵਜ਼ੀਰ ਬਣੇ ਹਨ, ਸਾਡੇ ਸਵਾਲਾਂ ਦੇ ਜਵਾਬ ਟਾਲੀ ਜਾ ਰਹੇ ਹਨ। ਗਰੀਬਾਂ ਵਾਸਤੇ ਕੁਝ ਨਹੀਂ ਕੀਤਾ ਜਾ ਰਿਹਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿ ਬੁਢੇਪਾ ਪੈਨਸ਼ਨ ਅੌਰ ਵਿਡੋ ਪੈਨਸ਼ਨ ਵਾਸਤੇ ਜੋ ਇਨਕਮ ਵਾਲੀ ਗੱਲ ਹੈ, ਉਹ ਹਟਾਉਣੀ ਚਾਹੀਦੀ ਹੈ। ਜਿਹੜੀ ਪੈਨਸ਼ਨ ਇਨ੍ਹਾਂ ਨੂੰ ਦਿੱਤੀ ਜਾਂਦੀ ਹੈ ਉਸ ਦੀ ਦਰ ਵੀ ਵਧਾਉਣੀ ਚਾਹੀਦੀ ਹੈ। ਇਨ੍ਹਾਂ ਦੋਨਾਂ ਗਲਾਂ ਬਾਰੇ ਦੱਸਿਆ ਜਾਏ ਕਿ ਸਰਕਾਰ ਕੀ ਕਰ ਰਹੀ ਹੈ ?

ਮੰਤਰੀ : ਇਸ ਤੇ ਵਿਚਾਰ ਕਰ ਰਹੇ ਹਾਂ ਅੌਰ ਜ਼ਰੂਰ ਕਰਾਂਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਜਿਸ ਦੀ 10 ਰੁਪਏ ਮਹੀਨਾਂ ਆਮਦਨੀ ਹੈ, ਇਹ ਬਹੁਤ ਪੁਰਾਣੀ ਗੱਲ ਹੈ ਅੱਜ ਇਹ ਉਸ ਨੂੰ ਹੀ ਫਾਲੋ ਕਰੀ ਜਾਂਦੇ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਆਮਦਨੀ ਦੀ ਦਰ ਨੂੰ ਵਧਾਉਣ ਨੂੰ ਤਿਆਰ ਹਨ ?

ਵਿੱਤ **ਮੰਤਰੀ** : ਜ਼ਰੂਰ ਕਰਾਂਗੇ !

ਨਿਸ਼ਾਨ ਵਾਲਾ ਪ੍ਰਸ਼ਨ ਨੰ: 1424

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

Allotment of House Sites to the Unskilled Labourers of Village Wadala Guru, Disrtrict Amritsar

*1359. **Comrade Raj Kumar (Put by Master Babu Singh)** : Will the Minister for Welfare and Labour be pleased to state —

(a) whether any unskilled labourers of village Wadala Guru, block Verka, tehsil and district Amritsar were allotted plots (house sites) free of charge under a Government scheme some years ago ; if so, the number thereof ;

(b) whether towards the end of 1981 or the beginning of 1982, an Ex-MLA represented to the D.C., Amritsar that the only passage to the allotted plots had been encroached upon by some influential persons and that same should be got vacated from them ;

(c) if the reply to part (b) above be in the affirmative the details of the action taken in the matter ?

ਸਰਦਾਰਨੀ ਰਾਜਿੰਦਰ ਕੌਰ ਭੱਠਲ (ਰਾਜ ਮੰਤਰੀ, ਹਾਊਸਿੰਗ ਅਤੇ ਟੂਰਿਜ਼ਮ) : (ੳ) ਹਾਂ ਜੀ ।ਅਲਾਟ ਕੀਤੇ ਪਲਾਟਾਂ ਦੀ ਗਿਣਤੀ 70 ਹੈ।

(ਅ) ਹਾਂ ਜੀ।

(ਏ) ਮੌਕੇ ਤੇ ਸੜਕਾਂ ਦੀ ਨਿਸ਼ਾਨਦੇਹੀ ਇੱਟਾਂ ਅਤੇ ਆਰ. ਸੀ. ਸੀ. ਦੇ ਪਿਲੱਰ ਲਗਾ ਕੇ ਕੀਤੀ ਜਾ ਚੁੱਕੀ ਹੈ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਵੀ ਪਲਾਟ ਹਨ ਕੀ ਉਹ ਸੰਭਾਲੇ ਜਾਣਗੇ ?

ਰਾਜ ਮੰਤਰੀ : ਇਨ੍ਹਾਂ ਦਾ ਸਵਾਲ ਸੀ ਕਿ ਕੀ ਕਾਲੋਨੀ ਵਿਚ ਪਲਾਟ ਅਲਾਟ ਕੀਤੇ ਗਏ ਸਨ ? ਇਸ ਬਾਰੇ ਮੈਂ ਦਸਣਾ ਚਾਹੁੰਦੀ ਹਾਂ ਕਿ ਰਸਤਾ ਦਿਵਾਉਣ ਵਾਸਤੇ ਕਾਰਵਾਈ ਕੀਤੀ ਗਈ ਹੈ। ਉਥੇ ਪਿਲਰ ਰਖ ਦਿੱਤੇ ਗਏ ਹਨ ਅੱਤੇ ਮਿੱਟੀ ਪਾ ਦਿੱਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

Purchase of Bins for Storing Wheat

*1357. **Comrade Darshan Singh Jhahal :** Will the Minister for Agriculture and Irrigation be pleased to state—

(a) whether the Market Committee, Amritsar, purchased bins for stroring wheat for supplying the same to the farmers at subsidized rates during the year, 1977 ;

(b) if the reply to part (a) above be in the affirmative, the amount paid by the said Market Committee for the bins referred to in part (a) above ?

Chaudhri Kanshi Ram : (a) Yes.

(b) Rs. 5,98,000

ਕਾਮਰੇਡ ਦਰਸ਼ਨ ਸਿੰਘ ਝਬਾਲ: ਇਨ੍ਹਾਂ ਨੇ ਰਕਮ ਦਸੀ ਹੈ 5.98 ਲਖ ਰੁਪਏ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੁੱਲ ਢੋਲ ਕਿੰਨੇ ਸਨ ਅੌਰ ਕੁੱਲ ਰਕਮ ਮਾਰਕਿਟ ਕਮੇਟੀ ਨੂੰ ਕਿੰਨੀ ਦਿਤੀ ਗਈ ਹੈ ?

ਮੰਤਰੀ: ਸਪੀਕਰ ਸਾਹਿਬ, ਰਕਮ 5.98 ਲੱਖ ਰੁਪਏ ਹੈ। ਜਿਥੋਂ ਤਕ ਢੋਲਾਂ ਦਾ ਸਵਾਲ ਹੈ ਉਹ 1685 ਹਨ। 348 ਬਿਨਜ਼ 10 ਕੁਇੰਟਲ ਅੌਰ 5 ਕੁਇੰਟਲ ਦੇ ਬਣਵਾਏ ਸਨ from National Saving Agency, Amritsar and General Traders Suppliers, Amritsar.

ਕਾਮਰੇਡ ਦਰਸ਼ਨ ਸਿੰਘ ਝਬਾਲ: ਢੋਲ ਜਿਹੜੇ ਕਮੇਟੀ ਨੇ ਬਣਾਏ ਹਨ ਉਹ ਹਨ 2215 ਅੌਰ ਕੈਸ਼ ਬੁੱਕ ਵਿਚ 2082 ਹਨ। ਜਿਹੜੇ ਵੰਡੇ ਗਏ ਹਨ ਉਹ 2033 ਹਨ। 51,000 ਰੁਪਏ ਦੀ ਰਕਮ ਰਹਿੰਦੀ ਸੀ। ਜਿਹੜੀ ਫਰਮ ਅਦਾਲਤ ਵਿਚ ਗਈ ਸੀ ਉਸ ਦੀ ਡਿਗਰੀ ਹੋਈ ਹੈ 97,000 ਰੁਪਏ ਦੀ। 133 ਡਰੱਮਾਂ ਦਾ ਗੋਲ ਮਾਲ ਕੀਤਾ ਗਿਆ ਹੈ। ਕੀ ਇਹ ਇਸ ਲਈ ਵਿਜੀਲੈਂਸ ਡਿਪਾਰਟਮੈਂਟ ਤੋਂ ਇਨਕੁਆਇਰੀ ਕਰਾਉਣਗੇ ? ਪੇਮੈਂਟ ਕੀਤੀ ਗਈ 6.95 ਲਖ ਰੁਪਏ ਦੀ ਜਦੋਂ ਕਿ ਖਰਚਾ ਹੋਇਆ 5.98 ਲਖ ਰੁਪਏ ਦਾ। ਕੀ ਇਸ ਬਾਰੇ ਵੀ ਵਿਜੀਲੈਂਸ ਡਿਪਾਰਟਮੈਂਟ ਤੋਂ ਇਨਕੁਆਇਰੀ ਕਰਾਉਣਗੇ ?

ਮੰਤਰੀ: ਹੁਣ ਕਾਮਰੇਡ ਜੀ ਠੀਕ ਸਪਲੀਮੈਂਟਰੀ ਤੇ ਆ ਗਏ ਹਨ। ਸਪੀਕਰ ਸਾਹਿਬ, ਇਹ ਐਕਸਟਰਾ ਪ੍ਰੋਵੀਜ਼ਨ ਕੀਤਾ ਗਿਆ ਸੀ। 50,000 ਰੁਪਏ ਦੇ ਆਰਡਰਜ਼ ਪਲੇਸ ਕੀਤੇ ਗਏ ਸਨ। ਉਥੇ ਕੋਈ ਬਿਨਜ਼ ਨਾ ਲਏ ਗਏ। ਪਰ ਸਟੋਰ ਕੀਪਰ ਨੇ ਰਸੀਦ ਦੇ ਦਿੱਤੀ। ਸਪਲਾਇਰ ਸੈਸ਼ਨਜ਼ ਕੋਰਟ ਵਿਚ ਚਲਾ ਗਿਆ। 97,256 ਰੁਪਏ ਦੀ ਡਿਗਰੀ ਹੋ ਗਈ ਜਿਸ ਦੀ ਸਿੱਧੀ ਮਾਰਕਿਟ ਕਮੇਟੀ ਦੇ ਖਾਤੇ ਤੋਂ ਪੇਮੈਂਟ ਹੋ ਗਈ। ਇਹ ਇਨ੍ਹਾਂ ਨੇ ਬਿਲਕੁਲ ਦਰੁਸਤ ਫਰਮਾਇਆ ਹੈ। ਇਸ ਗਲ ਦੀ ਉਥੇ ਦਾ ਅੈਸ.ਡੀ.ਅੈਮ. ਇਨਕੁਆਇਰੀ ਕਰ ਰਿਹਾ ਹੈ ਕਿ How it occured, how it happened and how it was embezzled.

ਸਰਦਾਰ ਪ੍ਰਿਥੀਪਾਲ ਸਿੰਘ: ਇਹ ਢੋਲਾਂ ਦੇ ਮਾਮਲੇ ਵਿਚ ਬੜੀ ਗੜਬੜ ਹੋਈ ਸੀ। ਮਾਰਕਿਟ ਕਮੇਟੀ, ਅੰਮ੍ਰਿਤਸਰ ਦੇ ਮੈਂਬਰਜ਼ ਨੇ ਢੋਲਾਂ ਦੇ ਪੈਸੇ ਆਪ ਖਾ ਲਏ ਸਨ। ਕੀ ਇਸ ਸਿਲਸਿਲੇ ਵਿਚ ਕੋਈ ਇਨਕੁਆਇਰੀ ਕਰਾਉਣਗੇ ? ਮਾਰਕਿਟ ਕਮੇਟੀ, ਅੰਮ੍ਰਿਤਸਰ ਵਿਚ 1 ਲੱਖ ਦਾ ਫਰਨੀਚਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਆਇਆ ਦਿਖਾਇਆ ਗਿਆ ਜਦੋਂ ਕਿ ਐਕਚੁਅਲੀ ਆਇਆ ਸਿਰਫ 20,000 ਰੁਪਏ ਦਾ । ਕੀ ਇਸ ਗਲ ਲਈ ਵੀ ਇਹ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਪਤਾ ਨਹੀਂ ਸਰਦਾਰ ਪ੍ਰਿਥੀਪਾਲ ਸਿੰਘ ਜੀ ਕੀ ਗੱਲ ਕਹਿ ਗਏ ਹਨ। ਇਹ ਸਰਦਾਰ ਸਾਹਿਬ 1972-77 ਤਕ ਐਮ. ਐਲ. ਏ. ਰਹੇ ਹਨ ਅੱਜ ਹੁਣ ਵੀ ਐਮ. ਐਲ. ਏ. ਹਨ। ਇਨਾਂ 7-8 ਸਾਲਾਂ ਵਿਚ ਜੇਕਰ ਇਨ੍ਹਾਂ ਨੇ ਇਹ ਗਲ ਮੇਰੇ ਨੋਟਿਸ ਵਿਚ ਜਾਂ ਸਰਕਾਰ ਦੇ ਕਿਸੇ ਅਧਿਕਾਰੀ ਦੇ ਨੋਟਿਸ ਵਿਚ ਜਾਂ ਮਾਰਕਿਟ ਕਮੇਟੀ ਦੇ ਨੋਟਿਸ ਵਿਚ ਲਿਆਂਦੀ ਹੋਏਗੀ ਤਾਂ ਮੈਂ ਇਨਕੁਆਇਰੀ ਕਰਾਵਾਂਗਾ ।

ਸਰਦਾਰ ਮੇਜਰ ਸਿੰਘ ਉਬੋਕੇ : ਇੱਕ ਅਰਜ਼ੀ ਨਹੀਂ ਬਲਕਿ ਹਜ਼ਾਰਾਂ ਅਰਜ਼ੀਆਂ ਇਸ ਸਿਲਸਿਲੇ ਵਿਚ ਤੁਹਾਡੇ ਕੋਲ ਗਈਆਂ ਹਨ। ਕੀ ਤੁਸੀਂ ਇਨਕੁਆਇਰੀ ਕਰਾਉਣ ਨੂੰ ਤਿਆਰ ਹੋ ?

(ਕੋਈ ਉੱਤਰ ਨਹੀਂ ਆਇਆ।)

ਸ਼੍ਰੀ ਓਮ ਪ੍ਰਕਾਸ਼ ਗੁਪਤਾ : 1977, 1978 ਅਤੇ 1979 ਇਨ੍ਹਾਂ ਤਿੰਨਾਂ ਸਾਲਾਂ ਵਿਚ ਢੱਲਾਂ ਦਾ ਬੜਾ ਰੌਲਾ ਪਿਆ। ਮਾਰਕਿਟ ਕਮੇਟੀ ਵਿਚ ਇਨਕੁਆਇਰੀ ਸ਼ੁਰੂ ਹੋਈ ਸੀ, ਉਹ ਸਰਕਾਰ ਵਲੋਂ ਕੀਤੀ ਗਈ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਇਨਕੁਆਇਰੀ ਹੋ ਰਹੀ ਹੈ ਜਾਂ ਨਹੀਂ ਹੋ ਰਹੀ ? ਜੇਕਰ ਨਹੀਂ ਹੋ ਰਹੀ, ਤਾਂ ਕੀ ਇਹ ਉਥੇ ਇਨਕੁਆਇਰੀ ਕਰਾਉਣਗੇ ਤਾਕਿ ਪਤਾ ਲਗ ਸਕੇ ਕਿ ਕਿੰਨਾ ਸਕੈਂਡਲ ਸੀ ?

ਮੰਤਰੀ : ਸਪੀਕਰ ਸਾਹਿਬ, ਸਵਾਲ ਤਾਂ ਅੰਮ੍ਰਿਤਸਰ ਮਾਰਕਿਟ ਕਮੇਟੀ ਵਿਚ ਢੱਲਾਂ ਬਾਰੇ ਸੀ ਪਰ ਇਹ ਹੋਰ ਪਾਸੇ ਚਲੇ ਗਏ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਐਸ.ਡੀ.ਐਮ. ਦੀ ਇਨਕੁਆਇਰੀ ਦੀ ਗੱਲ ਕਰਦੇ ਹਨ। ਸੈਸ਼ਨ ਕੋਰਟ ਵਿਚ ਗਲ ਸਾਬਤ ਹੋ ਗਈ ਹੈ ਅਤੇ ਪੈਸੇ ਵਸੂਲੇ ਗਏ ਹਨ। ਕੀ ਉਸ ਕਰਮਚਾਰੀ ਦੇ ਖਿਲਾਫ ਜਾਂ ਜਿਸ ਮੁਲਾਜ਼ਮ ਨੇ ਇਹ ਕੰਮ ਕੀਤਾ, ਉਸ ਦੇ ਖਿਲਾਫ ਕੇਸ ਦਰਜ ਕਰਾਉਣਗੇ ? ਇਹ ਪਰਚਾ ਦਰਜ ਕਿਉਂ ਨਹੀਂ ਕਰਾਉਂਦੇ ? ਐਸ.ਡੀ.ਐਮ. ਇਨਕੁਆਇਰੀ ਨਹੀਂ ਕਰ ਰਿਹਾ। ਐਸ.ਡੀ.ਐਮ. ਤਾਂ ਉਸ ਦਾ ਐਡਮਨਿਸਟਰੇਟਰ ਹੈ ਉਹ ਆਪਣੇ ਮਹਿਕਮੇ ਦੇ ਖਿਲਾਫ ਕਿਸ ਤਰ੍ਹਾਂ ਇਨਕੁਆਇਰੀ ਕਰੇਗਾ ।

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਕਹਿੰਦੇ ਹਨ ਇਸ ਬਾਰੇ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਸ ਫੈਸਲੇ ਦੇ ਖਿਲਾਫ ਮਾਰਕੀਟਿੰਗ ਬੋਰਡ ਨੇ ਹਾਈ ਕੋਰਟ ਵਿਚ ਅਪੀਲ ਵੀ ਕੀਤੀ ਹੈ। ਜਿਸ ਬੰਦੇ ਨੇ ਗਵਾਹੀ ਦਿੱਤੀ ਉਸ ਨੂੰ ਸ਼ੋ ਕਾਜ਼ ਨੋਟਿਸ ਦਿੱਤਾ ਹੈ। ਐਸ.ਡੀ.ਐਮ. ਇਨਕੁਆਇਰੀ ਕਰ ਰਿਹਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਐਸ.ਡੀ.ਐਮ. ਇਨਕੁਆਇਰੀ ਕਰ ਰਿਹਾ ਹੈ ਪਰ ਦੂਜੇ ਪਾਸੇ ਹਾਈ ਕੋਰਟ ਦੀ ਗੱਲ ਕਰਦੇ ਹਨ ।

Original with;
Punjab Vidhan Sabha
Digitized by;
Panjab Digital Library

B.A., B.T./B.Ed. Clerks/Assistants appointed as S.S. Masters

***1485. Comrade Raj Kumar :** Will the Minister for Education be pleased to state —

(a) whether any B.A., B.T./B.Ed. Clerks and Assistants of the Subordinate Offices of the Punjab Education Department were appointed as S.S. Masters at any time in 1975 ; if so, their names and the places of their appointment ;

(b) whether their services have been regularised as S.S. Masters; if not, the reasons therefor ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਹਾਂ ਜੀ। ਨਿਰੋਲ ਤਦ-ਅਰਥ ਅਧਾਰ ਤੇ। ਲੋੜੀਂਦੀ ਸੂਚਨਾ ਸਬੰਧੀ ਲਿਸਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਨਹੀਂ। ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਸੂਚਨਾਂ

ਕਲਰਕ/ਸਹਾਇਕ ਜਿਨਾਂ ਨੂੰ ਬਤੌਰ ਸੋਸ਼ਲ ਸਟੱਡੀਜ਼ ਮਾਸਟਰ/ਮਿਸਟ੍ਰੈਸਿਜ਼ 1975 ਵਿਚ ਨਿਯੁਕਤ ਕੀਤਾ ਗਿਆ :

ਲੜੀ ਨੰ:	ਨਾਮ	ਜਿੱਥੇ ਨਿਯੁਕਤ ਕੀਤਾ ਗਿਆ
1.	ਅਵਤਾਰ ਸਿੰਘ	... ਸ.ਹ. ਸਕੂਲ, ਜਸਪਾਲ ਬਾਂਗਰ (ਲੁਧਿਆਣਾ)
2.	ਸੁਰੈਣ ਸਿੰਘ	... ਸ.ਹ. ਸਕੂਲ, ਜਸੋਵਾਲ ਕੁਲਾਰ (ਲੁਧਿਆਣਾ)
3.	ਰਵਿੰਦਰ ਸਿੰਘ	... ਸ.ਹ.ਸ., ਮਾਨੂਕੇ (ਲੁਧਿਆਣਾ)
4.	ਕ੍ਰਿਸ਼ਨ ਕੁਮਾਰ	... ਸ.ਹ.ਸ., ਕੋਟ ਫਤਾ (ਬਠਿੰਡਾ)
5.	ਰਾਜਿੰਦਰ ਸਿੰਘ	... ਸ.ਹ.ਸ., ਅਥੋਲਾ (ਜਲੰਧਰ)
6.	ਹਿੰਮਤ ਸਿੰਘ	... ਸ.ਹ.ਸ., ਨਾਗਰ (ਜਲੰਧਰ)
7.	ਅਵਤਾਰ ਸਿੰਘ	... ਸ.ਹ.ਸ., ਸਰਹਲਾ ਮੁੰਡੀਆਂ (ਹੁਸ਼ਿਆਰਪੁਰ)
8.	ਬਲਦੇਵ ਰਾਜ	... ਸ. ਮਿ. ਸ., ਖਨੌਰਾ (ਹੁਸ਼ਿਆਰਪੁਰ)
9.	ਦਲੀਪ ਸਿੰਘ	... ਸ.ਹ.ਸ., ਜਿੰਦਰ (ਗੁਰਦਾਸਪੁਰ)
10.	ਜਗੀਰ ਸਿੰਘ	... ਸ.ਹ.ਸ., ਗਜਨੀਪੁਰ (ਗੁਰਦਾਸਪੁਰ)

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਲੜੀ ਨੰ:	ਨਾਮ		ਜਿੱਥੇ ਨਿਯੁਕਤ ਕੀਤਾ ਗਿਆ
11.	ਖਰੈਤੀ ਲਾਲ	...	ਸ.ਹ.ਸ., ਹਰਪਾਲਪੁਰ (ਪਟਿਆਲਾ)
12.	ਪਿਆਰਾ ਲਾਲ	...	ਸ.ਹ.ਸ., ਲਚਕਾਨੀ (ਪਟਿਆਲਾ) (ਹੁਣ ਬਤੌਰ ਸੁਪਰਡੰਟ ਗਰੇਡ 4 ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ।)
13.	ਸੁਰਜੀਤ ਸਿੰਘ	...	ਗੌ. ਹ. ਸ., ਰਾਜ ਰਾਜਿੰਦਰਗੜ (ਪਟਿਆਲਾ)
14.	ਤੇਜਿੰਦਰ ਸਿੰਘ	...	ਗੌ. ਹ.ਸ., ਲਾਲੜੂ (ਪਟਿਆਲਾ)
15.	ਬਸੰਤ ਸਿੰਘ	...	ਗੌ. ਹ. ਸ., ਚੰਬਾ ਕਲਾਂ (ਅੰਮ੍ਰਿਤਸਰ)
16.	ਸੰਤੋਖ ਸਿੰਘ	...	ਗੌ. ਹ. ਸ., ਸੁਰ ਸਿੰਘ (ਅੰਮ੍ਰਿਤਸਰ)
17.	ਜੁਗਿੰਦਰ ਸਿੰਘ	...	ਗੌ. ਹ. ਸ., ਇਬਨ ਕਲਾਂ (ਅੰਮ੍ਰਿਤਸਰ)
18.	ਸਾਵਨ ਮਲ	...	ਸ.ਹ. ਸ., ਕੋਹਾਲੀ (ਅੰਮ੍ਰਿਤਸਰ)
19.	ਨਰੰਜਣ ਸਿੰਘ	...	ਸ.ਹ.ਸ., ਸੋਰੀਆਂ (ਅੰਮ੍ਰਿਤਸਰ)
20.	ਕੇਵਲ ਕ੍ਰਿਸ਼ਨ	...	ਸ.ਹ.ਸ., ਅਜੀਤ ਵਾਲ (ਫਰੀਦਕੋਟ)
21.	ਫਕੀਰ ਚੰਦ	...	ਸ.ਹ.ਸ., ਚੁਗਾਵਾਂ (ਫਰੀਦਕੋਟ)
22.	ਸ਼੍ਰੀਮਤੀ ਰੇਸ਼ਮਾ ਟੀਨਾ	...	ਸ.ਹ.ਸ., ਘਨੌਲੀ (ਰੋਪੜ)

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ 1975 ਵਿਚ ਬੀ.ਏ., ਬੀ.ਟੀ./ਬੀ.ਐਡ. ਕਲਰਕਾਂ ਅਤੇ ਸਹਾਇਕਾਂ ਨੂੰ ਸੋਸ਼ਲ ਸਟੱਡੀ ਮਾਸਟਰ ਲਗਾ-ਇਆ ਸੀ ਲੇਕਿਨ ਉਨ੍ਹਾਂ ਨੂੰ 89 ਦਿਨਾਂ ਵਾਸਤੇ ਰੱਖਿਆ ਸੀ। ਇਸ ਦੇ ਭਾਗ 'ਬੀ' ਵਿਚ ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਰੈਗੂਲਰ ਕਰਨ ਵਾਸਤੇ ਇਨ੍ਹਾਂ ਨੇ ਕੀ ਸਟੈਪ ਚੁੱਕੇ ਹਨ ਤਾਕਿ ਉਨ੍ਹਾਂ ਦੀ ਹਾਰਟ ਬਰਨਿੰਗ ਦੂਰ ਹੋ ਜਾਵੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਰੈਗੂਲੇਰਾਈਜ਼ੇਸ਼ਨ ਦਾ ਤੁਅੱਲਕ ਹੈ, ਕਲਰਕ ਅਤੇ ਅਸਿਸਟੈਂਟ ਦਾ ਜਿਹੜਾ ਨਾਰਮਲ ਪਰਮੋਸ਼ਨਲ ਚੈਨਲ ਹੈ ਉਹ ਉਨ੍ਹਾਂ ਦੀ ਐਪੁਆਇੰਟਮੈਂਟ ਐਜ਼ ਮਾਸਟਰ ਨਹੀਂ ਹੈ ਉਹ ਆਪਣੀ ਡਾਇਰੈਕਟ ਲਾਈਨ ਦੇ ਵਿਚ ਜਿਸ ਤਰਾਂ ਕਲਰਕ ਤੋਂ ਅਸਿਸਟੈਂਟ ਅਤੇ ਫਿਰ ਸੁਪਰਡੈਂਟ ਬਣ ਸਕਦੇ ਹਨ। ਕੁਝ ਆਦਮੀਆਂ ਨੇ ਬੀ.ਏ. ਬੀ.ਟੀ./ਬੀ.ਐਡ. ਕੀਤੀ ਉਨ੍ਹਾਂ ਨੂੰ ਟੈਂਪੋਰੇਰੀ/ਐਡਹਾਕ ਬੇਸਿਜ਼ ਤੇ ਟੀਚਰ ਰੱਖਿਆ ਸੀ। ਜਿਥੋਂ ਤਕ ਉਨ੍ਹਾਂ ਦੀ ਰੈਗੂਲੇਰਾਈਜ਼ੇਸ਼ਨ ਦਾ

Original with;
Punjab Vidhan Sabha
Digitized by;
Panjab Digital Library

ਮਸਲਾ ਹੈ, ਇਸ ਬਾਰੇ ਪਰਸਾਨਲ ਡਿਪਾਰਟਮੈਂਟ ਨਾਲ ਟੇਕ ਅੱਪ ਕਰਨਾ ਪੈਂਦਾ ਹੈ। ਜਦੋਂ ਉਨ੍ਹਾਂ ਨੂੰ ਲਾਇਆ ਗਿਆ ਸੀ ਤਾਂ ਉਨ੍ਹਾਂ ਨੂੰ ਇੰਪਲਾਇਮੈਂਟ ਐਕਸਚੇਂਜ ਦੇ ਰਾਹੀਂ ਨਹੀਂ ਸੀ ਲਗਾਇਆ ਗਿਆ। ਇਸ ਵਾਸਤੇ ਇਹ ਸਾਰੀਆਂ ਚੀਜ਼ਾਂ ਵਿਚਾਰੀਆਂ ਜਾਣ ਵਾਲੀਆਂ ਹਨ ਅਤੇ ਇਹ ਮਾਮਲਾ ਵਿਚਾਰ ਅਧੀਨ ਹੈ।

ਮਾਸਟਰ ਬਾਬੂ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਲਰਕ ਫੀਲਡ ਵਿਚ ਕੰਮ ਕਰਦੇ ਹਨ ਅਤੇ ਉਨ੍ਹਾਂ ਨੇ ਕੁਆਲੀਫੀਕੇਸ਼ਨ ਇੰਪਰੂਵ ਕਰ ਲਈ ਹੈ, ਕਈਆਂ ਨੇ ਐਮ.ਏ. ਆਦਿ ਤਕ ਕਰ ਲਈ ਹੈ, ਉਨ੍ਹਾਂ ਨੇ ਡਿਪਾਰਟਮੈਂਟ ਐਗਜ਼ਾਮੀਨੇਸ਼ਨ ਵੀ ਕਲੀਅਰ ਕਰ ਲਿਆ ਹੈ ਪਰ ਉਨ੍ਹਾਂ ਨੂੰ ਹਾਲਾਂ ਤਕ ਪਰਮੋਸ਼ਨ ਨਹੀਂ ਦਿੱਤੀ ਗਈ। ਦੂਜੇ ਪਾਸੇ ਜਿਨ੍ਹਾਂ ਨੇ ਬੀ.ਟੀ./ਬੀ.ਐਡ ਕਰ ਲਈ ਉਨ੍ਹਾਂ ਨੂੰ 89 ਡੇਜ਼ ਵਾਸਤੇ ਐਡਜਸਟ ਕੀਤਾ ਗਿਆ ਸੀ ਪਰ ਉਹ ਰੈਗੂਲਰ ਨਹੀਂ ਹੋ ਰਹੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਕਲਰਕਾਂ ਨੇ ਕੁਆਲੀਫੀਕੇਸ਼ਨ ਇੰਪਰੂਵ ਕਰ ਲਈ ਉਨ੍ਹਾਂ ਨੂੰ ਪਰਮੋਸ਼ਨ ਨਹੀਂ ਦਿੱਤੀ ਗਈ, ਇਸ ਦਾ ਕੀ ਕਾਰਨ ਹੈ ? ਦੂਜਾ ਇਹ ਕਿ ਜਿਨ੍ਹਾਂ ਨੇ ਬੀ.ਟੀ./ਬੀ.ਐਡ. ਕਰ ਲਈ ਉਨ੍ਹਾਂ ਨੂੰ ਪਹਿਲਾਂ 89 ਡੇਜ਼ ਵਾਸਤੇ ਲਾਇਆ ਗਿਆ ਪਰ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਜਾਂਦਾ, ਇਸ ਦਾ ਕੀ ਕਾਰਨ ਹੈ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਦੋ ਸਵਾਲ ਪੁੱਛੇ ਹਨ। ਪਹਿਲਾ ਜਿਹੜਾ ਉਨ੍ਹਾਂ ਦਾ ਸਵਾਲ ਹੈ ਕਿ ਕਲਰਕਾਂ ਨੂੰ ਪਰਮੋਸ਼ਨ ਕਿਉਂ ਨਹੀਂ ਦਿੱਤੀ ਜਾਂਦੀ, ਇਹ ਇਕ ਸੈਪਰੇਟ ਸਵਾਲ ਹੈ। ਇਸ ਬਾਰੇ ਇਹ ਸਵਾਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ। ਜਿੱਥੋਂ ਤਕ ਉਨ੍ਹਾਂ ਸਵਾਲ ਕੀਤਾ ਹੈ ਕਿ ਜਿਹੜੇ ਬੀ.ਐਡ. ਟੈਂਪੋਰੇਰੀ ਬੇਸਿਜ਼ ਤੇ ਲਾਏ ਸੀ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਜਾਂਦਾ, ਉਸ ਦੇ ਬਾਰੇ ਮੈਂ ਪਹਿਲਾਂ ਵੀ ਦੱਸਿਆ ਹੈ। ਉਸ ਦੇ ਬਾਰੇ ਡਿਪਾਰਟਮੈਂਟ ਦੀਆਂ ਲਿਮੀਟੇਸ਼ਨਜ਼ ਹਨ, ਸਰਵਿਸ ਰੂਲਜ਼ ਹਨ। ਉਨ੍ਹਾਂ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਨਾ ਤਾਂ ਅਸੀਂ ਉਹ ਇੰਪਲਾਇਮੈਂਟ ਐਕਸਚੇਂਜ ਦੇ ਰਾਹੀਂ ਲਏ ਸੀ। ਇਸ ਕਰਕੇ ਸਾਨੂੰ ਉਨ੍ਹਾਂ ਨੂੰ ਕਨਸਲਟ ਕਰਨਾ ਉਸ ਵੇਲੇ ਜ਼ਰੂਰੀ ਸੀ। ਇਸ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ। ਉਨ੍ਹਾਂ ਨੂੰ ਟੈਂਪੋਰੇਰੀ ਬੇਸਿਜ਼ ਤੇ ਲਾਇਆ ਸੀ। So far as their regularisation is concerned, it is already under the consideration of the Personnel Department. As soon as the decision is taken we will be able to take a view.

STARRED QUESTIONS AND ANSWERS

Bridge on Drain passing between villages Rajjoke and Pallo, tehsil Patti

*1454. **Sardar Major Singh Ubboke** : Will the Minister for Agriculture and Irrigation be pleased to state —

(a) whether the Drainage Department constructed a temporary bridge on the drain passing between village Rajjoke and Pallo, tehsil Patti, district Amritsar;

(b) the steps, if any, being taken by the Drainage Department for making the said bridge pucca ?

Chaudhri Kanshi Ram : (a) No, Sir ;

(b) Question does not arise.

Original with;
Punjab Vidhan Sabha
Digitized by;
Panjab Digital Library

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਵਾਲ ਪੈਦਾ ਨਹੀਂ ਹੁੰਦਾ ਅੱਤੇ ਇਨ੍ਹਾਂ ਨੇ ਕੁਝ ਨਹੀਂ ਬਣਾਉਣਾ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਦੋ ਹਫਤੇ ਹੋਏ ਹਨ ਸਰਦਾਰ ਉਜਾਗਰ ਸਿੰਘ, ਡਿਪਟੀ ਮਨਿਸਟਰ ਪਿੰਡ ਰਾਜੋਕੇ ਗਏ ਸੀ। ਉਥੇ ਮੈਂ ਵੀ ਗਿਆ ਸੀ। ਉਥੇ ਪਿੰਡਾਂ ਦੇ ਲੋਕਾਂ ਨੇ ਉਨ੍ਹਾਂ ਨੂੰ ਪੁਲ ਵਿਖਾਉਣ ਦਾ ਯਤਨ ਕੀਤਾ ਸੀ ਜਿਹੜਾ ਪੁਲ ਕੁਝ ਸਮਾਂ ਪਹਿਲਾਂ ਡਰੇਨੇਜ ਡਿਪਾਰਟਮੈਂਟ ਨੇ ਪੋਰੇ ਰਖ ਕੇ ਬਣਾਇਆ ਸੀ ਪਰ ਬਾਰਿਸ਼ਾਂ ਨਾਲ ਉਹ ਪੋਰੇ ਜ਼ਮੀਨ ਵਿਚ ਧੱਸ ਗਏ ਅਤੇ ਪੁਲ ਹੇਠਾਂ ਬੈਠ ਗਿਆ। ਉਥੋਂ ਦੇ ਕਿਸਾਨਾਂ ਦੀ ਭਾਰਤ ਅਤੇ ਪਾਕਿਸਤਾਨ ਦੇ ਬਾਰਡਰ ਨਾਲ ਉਸ ਡਰੇਨ ਦੇ ਪਾਰ ਜ਼ਮੀਨ ਹੈ। ਉਨ੍ਹਾਂ ਨੂੰ ਉਥੇ ਜਾਣਾ ਬੜਾ ਮੁਸ਼ਕਲ ਹੈ। ਇਕ ਪਾਸੇ ਤਾਂ ਤੁਸੀਂ ਕਹਿੰਦੇ ਹੋ ਕਿ ਅਸੀਂ ਬਾਰਡਰ ਤੇ ਬੈਠੇ ਲੋਕਾਂ ਦੀ ਡੀਵੈਲਪਮੈਂਟ ਕਰਨੀ ਹੈ। ਉਥੇ ਲੋਕਾਂ ਦੀ ਜ਼ਮੀਨ ਉਸ ਡਰੇਨ ਦੇ ਪਾਰ ਪਾਕਿਸਤਾਨ ਦੇ ਬਾਰਡਰ ਨਾਲ ਲਗਦੀ ਹੈ। ਉਥੇ ਲੋਕਾਂ ਨੂੰ ਲੰਘ ਕੇ ਜਾਣਾ ਮੁਸ਼ਕਲ ਹੈ। ਜਿਹੜਾ ਇਨ੍ਹਾਂ ਨੇ ਪੋਰੇ ਰਖਕੇ ਪੁਲ ਬਣਾਇਆ ਸੀ ਉਹ ਪੋਰੇ ਜ਼ਮੀਨ ਵਿਚ ਧੱਸ ਗਏ ਹਨ। ਇਸ ਬਾਰੇ ਇਹ ਜਵਾਬ ਦੇਣ ? ਕੀ ਉਸ ਪੁਲ ਨੂੰ ਇਹ ਪੱਕਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਜੋ ਕਿਹਾ ਹੈ ਕਿ ਉਥੇ ਇਕ ਪੁਲ ਹੈ ਅਤੇ ਉਹ ਪੁਲ ਟੈਂਪੋਰੇਰੀ ਸੀ। ਇਸ ਬਾਰੇ ਮੈਂ 'ਨਾਂਹ' ਵਿਚ ਪਹਿਲਾਂ ਹੀ ਜਵਾਬ ਦਿਤਾ ਹੈ। ਇਨ੍ਹਾਂ ਨੇ ਆਪਣੇ ਸਵਾਲ ਵਿਚ ਇਹ ਵੀ ਪੁੱਛਿਆ ਸੀ ਕਿ ਕੀ ਉਸ ਨੂੰ ਪੱਕਾ ਕਰਨ ਦੀ ਪਰਪੋਜ਼ਲ ਹੈ, ਮੈਂ ਉਸ ਦਾ 'ਨਹੀਂ ਜੀ' ਜਵਾਬ ਦਿੱਤਾ ਹੈ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਉਥੇ ਡਿਪਟੀ ਮਨਿਸਟਰ ਦੇਖ ਕੇ ਆਏ ਹਨ। ਉਨ੍ਹਾਂ ਨੂੰ ਉਥੇ ਦੇ ਲੋਕਾਂ ਨੇ ਟੈਂਪੋਰੇਰੀ ਪੁਲ ਦਿਖਾਇਆ ਸੀ। ਉਹ ਪੋਰੇ ਜ਼ਮੀਨ ਵਿਚ ਧੱਸ ਗਏ ਹਨ। ਡਰੇਨ ਦਾ ਪਾਣੀ ਉਪਰ ਦੀ ਵਗਦਾ ਹੈ। ਇਹ ਡਰੇਨੇਜ ਡਿਪਾਰਟਮੈਂਟ ਨੂੰ ਕਹਿ ਦੇਣ ਕਿ ਉਹ ਪੋਰੇ ਉਪਰ ਕਰ ਦੇਣ ਤਾਕਿ ਲੋਕ ਆਪਣੇ ਗੱਡੇ ਆਦਿ ਉਥੋਂ ਦੀ ਲੰਘਾ ਸਕਣ ਅਤੇ ਆਪਣੀਆਂ ਫਸਲਾਂ ਤਕ ਜਾ ਸਕਣ। ਸਕੇਪਾਂ ਦਾ ਪਾਣੀ ਡਰੇਨ ਵਿਚ ਦੀ ਲੰਘਦਾ ਹੈ। ਇਹ ਉਥੇ ਆਰਜ਼ੀ ਪੁਲ ਬਣਾ ਦੇਣ।

ਮੰਤਰੀ : ਸਪੀਕਰ ਸਾਹਿਬ, ਬਾਰਡਰ ਦੇ ਲਾਗੇ ਪੁਲ ਬਣਾਉਣ ਦਾ ਜਿਥੋਂ ਤਕ ਸਵਾਲ ਹੈ, ਇਹ ਡੀਫੈਂਸ ਨਾਲ ਤੁਅੱਲਕ ਰੱਖਦਾ ਹੈ। ਇਸ ਬਾਰੇ ਪਹਿਲਾਂ ਸਾਨੂੰ ਡੀਫੈਂਸ ਮਨਿਸਟਰੀ ਨਾਲ ਗੱਲ ਕਰਨੀ ਪੈਂਦੀ ਹੈ। ਉਸ ਦੀ ਵਾਇਬਿਲਟੀ, ਉਸ ਦੀ ਅਸੈਂਸ਼ੀਐਲਿਟੀ ਅਤੇ ਨੈਸ਼ਨ ਇੰਟਰੈਸਟ ਨੂੰ ਮੁੱਖ ਰੱਖਣਾ ਪੈਂਦਾ ਹੈ। ਇਸ ਬਾਰੇ ਅਸੀਂ ਜਲਦੀ ਤੋਂ ਜਲਦੀ ਟੇਕ ਅੱਪ ਕਰ ਲਵਾਂਗੇ ਤਾਕਿ ਉਨ੍ਹਾਂ ਲੋਕਾਂ ਦੀ ਹਾਰਡਸ਼ਿਪ ਦੂਰ ਹੋਏ।

Construction of Bridges on Drains

*1545. 1. **Jathedar Naranjan Singh Patti**
2. **Sardar Major Singh Ubboke** } : Will the Minister for Agriculture and Irrigation be pleased to state whether the Government propose to construct bridges on the following drains at the places given against each ; if so, when :

(1) Khem Karan Ditch RD/6000 (Kalia Sankta).

(2) Khem Karan Ditch RD/40500 (Khem Karan-Kalas).

Original with;
Punjab Vidhan Sabha
Digitized by;
Panjab Digital Library

(3) Khem Karan Ditch RD/86100 (Gazal).

(4) Kala Pani Drain RD/32000 (Dhana-Narli) ?

ਚੌਧਰੀ ਕਾਂਸ਼ੀ ਰਾਮ : ਭਾਰਤ ਸਰਕਾਰ ਨੂੰ ਲੜੀ ਨੰ: 1, 2 ਅਤੇ 3 ਵਾਲੇ ਪੁਲਾਂ ਨੂੰ ਬਣਾਉਣ ਵਾਸਤੇ, ਪੈਸਾ ਦੇਣ ਲਈ ਬੇਨਤੀ ਕੀਤੀ ਗਈ ਹੈ। ਲੜੀ ਨੰ: 4 ਤੇ ਦਿੱਤੇ ਗਏ ਪੁਲ ਨੂੰ ਬਣਾਉਣ ਦੀ ਕੋਈ ਤਜਵੀਜ਼ ਨਹੀਂ।

ਜੱਥੇਦਾਰ ਨਰੰਜਨ ਸਿੰਘ ਪੱਟੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਕੋਲੋਂ ਐਸ਼ੋਰੈਂਸ ਲੈਣਾ ਚਾਹੁੰਦਾ ਹਾਂ, ਕੀ ਇਨ੍ਹਾਂ ਨੂੰ ਬਾਰਡਰ ਦੇ ਲੋਕਾਂ ਨਾਲ ਕੋਈ ਹਮਦਰਦੀ ਹੈ, ਕੀ ਉਹ ਇਨ੍ਹਾਂ ਨੂੰ ਬਣਾਉਣ ਦਾ ਪ੍ਰਬੰਧ ਕਰਨਗੇ ਤਾਂਕਿ ਲੋਕਾਂ ਨੂੰ ਤਕਲੀਫ ਨਾ ਹੋਵੇ ? ਰਾਜੋਕੇ ਵਿਚ ਮਨਿਸਟਰ ਸਾਹਿਬ ਆਪ ਦੇਖ ਵੀ ਆਏ ਸੀ ਕਿ ਲੋਕਾਂ ਨੂੰ ਕਾਫੀ ਤਕਲੀਫ ਹੈ। ਇਥੋਂ ਤਕ ਕਿ ਰੋਟੀ ਲੈ ਕੇ ਜਾਂਦੀਆਂ ਸਾਡੀਆਂ ** ** ** ਡਰੇਨ ਤੋਂ ਪਾਰ ਲੰਘਣਾ ਪੈਂਦਾ ਹੈ। ਕੀ ਇਨ੍ਹਾਂ ਨੂੰ ਉਨ੍ਹਾਂ ਲੋਕਾਂ ਨਾਲ ਕੋਈ ਹਮਦਰਦੀ ਹੈ ਅਤੇ ਕੀ ਇਹ ਇਸ ਗਲ ਦੀ ਐਸ਼ੋਰੈਸ ਦੇਣਗੇ ਕਿ ਜਲਦੀ ਤੋਂ ਜਲਦੀ ਪ੍ਰਬੰਧ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਸਪਸ਼ਟ ਤੌਰ ਤੇ ਆਖਿਆ ਹੈ ਕਿ ਨੰਬਰ 1, 2 ਅਤੇ 3 ਤੇ ਜੋ ਇਨ੍ਹਾਂ ਨੇ ਪੁੱਲ ਲਿਖੇ ਹਨ ਉਨ੍ਹਾਂ ਦੇ ਬਾਰੇ ਅਸੀਂ ਮਨਿਸਟਰੀ ਆਫ ਡੀਫੈਂਸ ਨਾਲ ਗਲ ਕੀਤੀ ਹੈ ਅਤੇ ਉਨ੍ਹਾਂ ਨਾਲ ਅਫਿਰਮੇਟਿਵ ਵਿਚ ਗਲ ਹੋ ਚੁੱਕੀ ਹੈ। ਉਨ੍ਹਾਂ ਨੇ ਜਿਹੜਾ ਸੀਰੀਅਲ ਨੰਬਰ 4 ਤੇ ਪੁਲ ਦਾ ਜ਼ਿਕਰ ਕੀਤਾ ਹੈ ਉਸ ਬਾਰੇ ਉਹ ਨਹੀਂ ਮੰਨੇ। ਜਿਥੋਂ ਤਕ, ਸਪੀਕਰ ਸਾਹਿਬ, ਫੰਡਜ਼ ਦੀ ਐਲੋਕੇਸ਼ਨ ਦਾ ਸਬੰਧ ਹੈ, ਉਹ ਜਲਦੀ ਤੋਂ ਜਲਦੀ ਅਸੀਂ ਭਾਰਤ ਸਰਕਾਰ ਤੋਂ ਕਰਵਾ ਰਹੇ ਹਾਂ ਅੌਰ ਇਹ ਪੁੱਲ ਅਸੀਂ ਜਲਦੀ ਤੋਂ ਜਲਦੀ ਟੇਕ ਅਪ ਕਰਾਂਗੇ।

ਸਰਦਾਰਨੀ ਸਤਵੰਤ ਕੌਰ ਸੰਧੂ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਕੁਐਸ਼ਚਨ ਕੀਤਾ ਹੈ ਉਸ ਵਿਚ ਕਿਹਾ ਹੈ ਕਿ ਜਿਸ ਵੇਲੇ ** ** ਡਰੇਨ ਲੰਘਣੀ ਪੈਂਦੀ ਹੈ ਤਾਂ ** ਲੰਘਣਾ ਪੈਂਦਾ ਹੈ। ਇਹ ਸ਼ਬਦ ਅੈਕਸਪੰਜ ਕਰਨੇ ਚਾਹੀਦੇ ਹਨ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਅਸੀਂ ਚਿਠੀ ਲਿਖੀ ਹੈ ਸੈਂਟਰਲ ਗੌਰਮਿੰਟ ਨੂੰ ਕਿ ਉਹ ਪੈਸੇ ਦੇਣ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੇ ਪੁਲ ਹਨ ਉਨ੍ਹਾਂ ਬਾਰੇ ਬਾਦਲ ਸਾਹਿਬ ਦੀ ਸਟਕਾਰ ਨੇ ਮਨਿਸਟਰੀ ਆਫ ਡੀਫੈਂਸ ਨੂੰ ਅਪਰੋਚ ਕੀਤਾ ਸੀ, ਲੋਕਾਂ ਦੀਆਂ ਤਕਲੀਫਾਂ ਨੂੰ ਮੁੱਖ ਰਖਦੇ ਹੋਏ ਮਨਿਸਟਰੀ ਆਫ ਡੀਫੈਂਸ ਨੂੰ ਉਸ ਸਰਕਾਰ ਨੇ ਕਿਹਾ ਸੀ ਕਿ ਇਹ ਪੁੱਲ ਬਣਨੇ ਬੜੇ ਜ਼ਰੂਰੀ ਹਨ ਅੌਰ ਉਨ੍ਹਾਂ ਨੇ ਇਨ੍ਹਾਂ ਦੀ ਕਲੀ-ਅਰੈਂਸ ਦੇ ਦਿਤੀ ਸੀ। ਰਾਜੋਕੇ ਦੇ ਪੁਲ ਬਾਰੇ ਵੀ ਬਾਦਲ ਸਾਹਿਬ ਦੀ ਸਰਕਾਰ ਨੇ ਕਿਹਾ ਸੀ । ਮਨਿਸਟਰੀ ਆਫ ਡੀਫੈਂਸ ਨੇ ਇਸ ਦੀ ਕਲੀਅਰੈਂਸ ਦੇ ਦਿਤੀ ਹੈ ਪਰ ਇਹ ਹੁਣ ਪੁਲ ਬਣਾਉਣ ਨੂੰ ਉਥੇ ਤਿਆਰ ਨਹੀਂ ਹਨ। ਜਦੋਂ ਇਸ ਬਾਰੇ ਐਸਟੀਮੇਟਸ ਲਗਿਆ ਸੀ ਤਾਂ ਬਾਦਲ ਸਾਹਿਬ ਦੀ ਸਰਕਾਰ ਨੇ ਕਿਹਾ ਸੀ ਅਤੇ ਉਸ ਨੇ ਚਿਠੀ ਲਿਖੀ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੁਣ ਪੰਜਾਬ ਸਰਕਾਰ ਇਸ ਨੂੰ ਬਣਾਏਗੀ ? ਦੂਸਰੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜੋ ਇਹ ਕਹਿੰਦੇ ਹਨ ਕਿ ਚਿਠੀ ਲਿਖੀ ਹੈ ਮੈਨੂੰ ਤਾਂ ਉਹ ਵੀ ਫਰਾਡ ਜਾਪਦਾ ਹੈ। ਜੇ ਇਨ੍ਹਾਂ ਨੇ ਚਿਠੀ ਲਿਖੀ ਹੈ ਤਾਂ ਉਸ ਦਾ ਕੋਈ ਨੰਬਰ ਅਤੇ ਡੇਟ ਵਗੈਰਾ ਦਸਣ ਤਾਂਕਿ ਪਰਸੂ ਕਰਕੇ ਕੋਈ ਕਾਰਵਾਈ ਕਰਵਾ ਸਕੀਏ ?

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਨੂੰ ਮਾਨਯੋਗ ਮੈਂਬਰ ਸਾਹਿਬ ਦੀ ਗਲ ਤੇ ਕੁਝ ਹਾਸਾ ਵੀ ਆਉਂਦਾ ਹੈ ਅਤੇ ਕੁਝ ਅਫਸੋਸ ਵੀ ਆਉਂਦਾ ਹਾਂ। ਜਿਹੜੀ ਬਾਦਲ ਸਾਹਿਬ ਦੀ ਸਟਕਾਰ ਵੇਲੇ ਚਿਠੀ ਲਿਖੀ ਗਈ ਹੈ ਉਹ ਤਾਂ ਇਨ੍ਹਾਂ ਨੂੰ ਸਚ ਲਗਦੀ ਹੈ ਪਰ ਜਿਹੜੀ ਮੈਂ ਕਿਹਾ ਹੈ ਕਿ ਚਿੱਠੀ ਲਿਖੀ ਹੈ ਉਹ ਇਨ੍ਹਾਂ ਨੂੰ ਫਰਾਡ ਲਗਦਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ। ਸਰਕਾਰ ਇਕ ਕਟੀਨਿਉਸ ਪ੍ਰੋਸੈਸ ਹੈ। ਮੈਂ ਆਪਣੇ ਜਵਾਬ ਵਿਚ ਕਲੀਅਰ ਕਿਹਾ ਹੈ ਕਿ ਅਸੀਂ ਸੈਂਟਰਲ ਗੌਵਰਮਿੰਟ ਨੂੰ ਸੀਰੀਅਲ ਨੰਬਰ 1, 2 ਅਤੇ 3 ਪੁਲਾਂ ਨੂੰ ਬਣਾਉਣ ਵਾਸਤੇ ਪੈਸਾ ਦੇਣ ਲਈ ਬੇਨਤੀ ਕੀਤੀ ਹੈ। ਇਨ੍ਹਾਂ ਦੀ ਇਸ ਦੇ ਬਾਰੇ ਡੀਮਾਂਡ ਜੈਨੁਅਨ ਹੈ ਔਰ ਅਸੀਂ ਇਸ ਨੂੰ ਜਲਦੀ ਤੋਂ ਜਲਦੀ ਟੇਕ ਅੱਪ ਕਰ ਲਵਾਂਗੇ।

Grants sanctioned to the Municipal Committee, Zira

***1259. Sardar Harcharan Singh Hero** : Will the Minister for Local Government be pleased to state the details of grants sanctioned to the Municipal Committee Zira during the financial years 1980-81 and 1981-82 (to-date) separately ?

ਸ਼੍ਰੀ ਸਰਦਾਰੀ ਲਾਲ ਕਪੂਰ : ਵਿੱਤੀ ਸਾਲ ਵਿਚ 1980-81 ਅਤੇ 1981-82 ਦੌਰਾਨ ਨਗਰਪਾਲਕਾ ਜ਼ੀਰਾ ਨੂੰ ਕੋਈ ਅਨੁਦਾਨ (ਗਰਾਂਟ) ਮਨਜ਼ੂਰ ਨਹੀਂ ਕੀਤਾ ਗਿਆ ਸੀ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਸਾਲ 1980-81 ਅਤੇ 1981-82 ਵਿਚ ਮਿਉਂਸਪਲ ਕਮੇਟੀ, ਜ਼ੀਰਾ ਨੂੰ ਕੋਈ ਗਰਾਂਟ ਨਹੀਂ ਦਿਤੀ ਗਈ। ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜ਼ੀਰਾ ਬੈਕਵਰਡ ਏਰੀਆ ਦੀ ਮਿਉਂਸਪਲ ਕਮੇਟੀ ਹੈ ਅਤੇ ਉਸ ਦੀ ਕੋਈ ਆਮਦਨੀ ਵੀ ਇਤਨੀ ਨਹੀਂ ਹੈ। ਕੀ ਮਨਿਸਟਰ ਸਾਹਿਬ ਇਸ ਗਲ ਦੀ ਐਸ਼ੋਰੈਂਸ ਦੇਣਗੇ ਕਿਉਂਕਿ ਪਹਿਲਾਂ ਵੀ ਇਸ ਮਿਉਂਸਪਲ ਕਮੇਟੀ ਨੂੰ ਕੋਈ ਗਰਾਂਟ ਨਹੀਂ ਦਿਤੀ ਗਈ : ਹੁਣ ਇਸ ਨੂੰ ਕੋਈ ਗਰਾਂਟ ਦੇਣਗੇ ਤਾਂਕਿ ਉਹ ਆਪਣੀ ਹਾਲਤ ਸੁਧਾਰ ਸਕੇ ?

ਮੰਤਰੀ : ਸਪੀਕਰ ਸਾਹਿਬ, ਜ਼ੀਰਾ ਦੀ ਮਿਉਂਸਪਲ ਕਮੇਟੀ ਚੰਗੀ ਹਾਲਤ ਵਿਚ ਹੈ ਮਗਰ ਫਿਰ ਵੀ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੀਵਰੇਜ ਦੇ ਸਿਸਟਮ ਦੇ ਮੁਤਾਬਿਕ 7 ਲਖ 69 ਹਜ਼ਾਰ ਰੁਪਏ ਦਾ ਐਸਟੀਮੇਟ ਬਣਿਆ ਸੀ ਜਿਸ ਵਿਚ 33% ਮਿਉਂਸਪਲ ਕਮੇਟੀ ਨੇ ਦੇਣਾ ਸੀ ਔਰ 67% ਐਲ.ਆਈ.ਸੀ ਨੇ ਦੇਣਾ ਸੀ। ਇਸ ਮੁਤਾਬਿਕ ਸਕੀਮ ਚਲ ਰਹੀ ਹੈ ਔਰ ਜਿਹੜੀ ਮੱਦ ਦੀ ਲੋੜ ਸੀ ਉਹ ਮਦ ਕਰ ਦਿਤੀ ਗਈ ਹੈ। ਲੇਕਿਨ ਜਿਹੜੀ ਗਲ ਤੁਸੀਂ ਕਹੀ ਹੈ, ਉਸ ਤੇ ਵੀ ਵਿਚਾਰ ਕਰ ਲਵਾਂਗੇ।

Draining out of Sullage Water

***1572. Master Chand Singh** : Will the Minister for Local Government be pleased to state —

(a) whether the Government received any representation from the residents of Basti Jiwan Nagar, Barnala to drain out sullage water of a pond situated on the Jandanwala road, Barnala during the last three years ; and

Original with;
Punjab Vidhan Sabha
Digitized by;
Panjab Digital Library

(b) if the reply to part (a) above be in the affirmative, the action if any,being taken on the said representations together with the time by which the arrangements to drain out the sullage water are likely to be made ?

Shri Sardari Lal Kapoor : (a) Yes Sir.

(b) Steps to reduce in-flow of water into this pond have been taken in hand. However, permanent solution will take some time.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਐਲਾਨ ਕੀਤਾ ਸੀ ਕਿ ਜਵਾਬ ਪੰਜਾਬੀ ਵਿਚ ਦਿੱਤੇ ਜਾਇਆ ਕਰਨਗੇ। ਇਥੇ ਹੀ ਸਰਕਾਰ ਦਾ ਫੈਸਲਾ ਲਾਗੂ ਨਹੀਂ ਹੁੰਦਾ ਤਾਂ ਹੋਰ ਕਿਥੇ ਹੋਵੇਗਾ ?

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਸਤੀ ਜੀਵਨ ਨਗਰ, ਬਰਨਾਲਾ ਵਿੱਚ ਜੰਡਾਵਾਲਾ ਰੋਡ, ਬਰਨਾਲਾ, ਤੇ ਇਕ ਟੋਬਾ ਹੈ ਜਿਥੇ ਪਾਣੀ ਬੜਾ ਗੰਦਾ ਹੈ। ਉਥੇ ਵਸਦੇ ਵੀ ਗਰੀਬ ਹਨ ਔਰ ਖਾਸ ਤੌਰ ਤੇ ਹਰੀਜਨ ਰਹਿੰਦੇ ਹਨ। ਗੰਦੇ ਪਾਣੀ ਨਾਲ ਬਸਤੀਆਂ ਵੀ ਗੰਦੀਆਂ ਹੁੰਦੀਆਂ ਹਨ ਅਤੇ ਸੜਕਾਂ ਵੀ ਟੁੱਟਦੀਆਂ ਹਨ। ਇਸ ਕਰਕੇ ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਦਮ ਉਠਾਏ ਗਏ ਹਨ ਅਤੇ ਕੀ ਜੰਗੀ ਪੱਧਰ ਤੇ ਕਦਮ ਚੁਕਣਗੇ ?

ਮੰਤਰੀ : ਜਿਸ ਜਗ੍ਹਾ ਦਾ ਜ਼ਿਕਰ ਕੀਤਾ ਹੈ ਵਾਕਈ ਉਹ ਜਗ੍ਹਾ ਗੰਦੀ ਹੈ। ਉਸ ਦੇ ਮੁਤੱਅਲਕ ਕੋਸ਼ਿਸ਼ ਕੀਤੀ ਗਈ ਹੈ । ਜਿਹੜਾ ਪੌਂਡ ਹੈ ਉਸ ਦਾ ਪਤਾ ਨਹੀਂ ਲਗਦਾ ਕਿ ਉਹ ਕਿਸ ਦੀ ਪ੍ਰਾਪਰਟੀ ਹੈ। ਅਸੀਂ ਲੋਕਾਂ ਦੀ ਭਲਾਈ ਵਾਸਤੇ ਚਾਰ ਹਜ਼ਾਰ ਰੁਪਿਆ ਲਗਾ ਕੇ 5 ਹਾਰਸ ਪਾਵਰ ਦਾ ਪੰਪ ਲਾ ਕੇ ਉਸ ਦੇ ਜ਼ਰੀਏ ਪਾਣੀ ਕਢਿਆ ਹੈ, ਪਰ ਇਹ ਕੋਈ ਪਰਮਾਨੈਂਟ ਇੰਤਜ਼ਾਮ ਨਹੀਂ । ਗਲੀਆਂ ਬਾਰੇ ਅੈਸਟੀਮੇਟ ਬਣਾਇਆ ਗਿਆ ਹੈ ਜਿਹੜਾ ਕਿ 18,800 ਰੁਪਏ ਦਾ ਹੈ। ਹੌਲੀ ਹੌਲੀ ਕੰਮ ਸ਼ੁਰੂ ਕਰਾਂਗੇ। ਅਗਰ ਕਚੀਆਂ ਨਾਲੀਆਂ ਦਾ ਪਾਣੀ ਸੀਵਰੇਜ ਵਿਚ ਪਾਇਆ ਜਾਏ ਤਾਂ ਸੀਵਰੇਜ ਬਰਬਾਦ ਹੋ ਜਾਏਗਾ। ਨਾਲੀਆਂ ਗਲੀਆਂ ਪਕੀਆਂ ਕਰਕੇ ਪਾਣੀ ਸੀਵਰੇਜ ਵਿਚ ਪਾਇਆ ਜਾਏਗਾ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਨਾਲੀਆਂ ਗਲੀਆਂ ਪਕੀਆਂ ਬਣਾ ਦਿਆਂਗੇ। ਉਨ੍ਹਾਂ ਦਾ ਧੰਨਵਾਦ, ਪਰ ਇਹ ਜਿਹੜਾ 18 ਹਜ਼ਾਰ ਰੁਪਿਆ ਰਖਿਆ ਹੈ, ਇਹ ਰਕਮ ਬਹੁਤ ਥੋੜ੍ਹੀ ਹੈ ਨਾਲੀਆਂ ਗਲੀਆਂ ਪਕੀਆਂ ਬਣਾਉਣ ਲਈ ਹੋਰ ਪੈਸਾ ਚਾਹੀਦਾ ਹੈ। ਉਹ ਬਾਕੀ ਰਕਮ ਕਦੋਂ ਤਕ ਦੇ ਦੇਣਗੇ ?

ਮੰਤਰੀ : ਹਾਲੇ ਪਰਮਾਨੈਂਟ ਹੱਲ ਨਹੀਂ ਹੋ ਸਕੇਗਾ, ਪਰ ਇਸ ਦੇ ਲਈ ਜਲਦੀ ਤੋਂ ਜਲਦੀ ਕੋਸ਼ਿਸ਼ ਕੀਤੀ ਜਾਏਗੀ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਗੜ੍ਹਸ਼ੰਕਰ ਵਿਚ ਗੰਦਾ ਨਾਲਾ ਹੈ ਕੀ ਉਸ ਨੂੰ ਵੀ ਅਗੇ ਵਧਾ ਦਿਤਾ ਜਾਏਗਾ ਕਿਉਂਕਿ ਉਸ ਦੇ ਪਾਣੀ ਦੀ ਬਦਬੂ ਨਾਲ ਸ਼ਹਿਰ ਵਿਚ ਬੀਮਾਰੀ ਫੈਲਣ ਦਾ ਅੰਦੇਸ਼ਾ ਹੈ ਅਤੇ ਸ਼ਹਿਰ ਇਸ ਤੋਂ ਬੱਚ ਜਾਏਗਾ ਜਾਂ ਕੀ ਇਹ ਮਿਉਂਸਪੈਲਿਟੀ ਦੇ ਅਧੀਨ ਦੇ ਦੇਣਗੇ ?

ਮੰਤਰੀ : ਪੰਡਿਤ ਜੀ ਨੇ ਜਿਹੜਾ ਸੁਆਲ ਕੀਤਾ ਹੈ ਉਹ ਇਸ ਨਾਲ ਸਬੰਧ ਨਹੀਂ ਰਖਦਾ। ਇਹ ਲਿਖ ਕੇ ਭੇਜ ਦੇਣ, ਵਿਚਾਰ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਰਵਣ ਸਿੰਘ ਧਰਮਕੋਟ : ਸਪੀਕਰ ਸਾਹਿਬ, ਧਰਮਕੋਟ ਮਿਉਂਸਪਲ ਕਮੇਟੀ ਬਹੁਤ ਪੁਰਾਣੀ ਹੈ। ਜ਼ੀਰਾ ਅਤੇ ਮੋਗਾ ਕਮੇਟੀਆਂ ਤਾਂ ਬਾਦ ਵਿਚ ਬਣੀਆਂ ਹਨ। ਉਥੇ ਇਕ ਟੋਬਾ ਸੀ ਜਿਸ ਵਿਚ ਹਰੀਜਨਾਂ ਦੇ ਘਰਾਂ ਦਾ ਪਾਣੀ ਪੈਂਦਾ ਸੀ। ਹੁਣ ਉਹ ਟੋਬਾ ਬੰਦ ਕਰ ਦਿੱਤਾ ਹੈ ਅਤੇ ਉਥੇ ਸੜਕ ਬਣ ਗਈ ਹੈ। ਜਿਹੜਾ ਲੋਕਾਂ ਦੇ ਘਰਾਂ ਦਾ ਪਾਣੀ ਹੈ ਉਹ ਉਨ੍ਹਾਂ ਦੇ ਘਰਾਂ ਵਿਚ ਫਿਰਦਾ ਹੈ ਅਤੇ ਉਸ ਨਾਲ ਬੀਮਾਰੀ ਫੈਲ ਰਹੀ ਹੈ । ਕੀ ਮੰਤਰੀ ਜੀ ਉਹ ਪਾਣੀ ਕਢਾਉਣ ਦਾ ਛੇਤੀ ਤੋਂ ਛੇਤੀ ਪ੍ਰਬੰਧ ਕਰਨਗੇ ?

ਮੰਤਰੀ : ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਤੁਅੱਲਕ ਨਹੀਂ ਹੈ। ਇਹ ਲਿਖ ਕੇ ਭੇਜ ਦੇਣ, ਵੇਖ ਲਵਾਂਗੇ ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਸ਼ਹਿਰਾਂ ਵਿਚ ਨਵੀਆਂ ਆਬਾਦੀਆਂ ਬਣੀਆਂ ਹਨ, ਉਥੇ ਪਾਣੀ ਦੇ ਨਿਕਾਸ ਦੀ ਬੜੀ ਪ੍ਰਾਬਲਮ ਹੈ, ਖਾਸ ਤੌਰ ਤੇ ਜਲੰਧਰ ਕੈਂਟੋਨਮੈਂਟ ਵਿਚ ਅੱਧਾ ਕਿਲੋਮੀਟਰ ਤਕ ਪਾਣੀ ਫੈਲਿਆ ਹੋਇਆ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਦੁਰਿਆਨਾ ਮੰਦਰ ਦੀ ਇਕ ਤੇ ਕੋਈ 2 ਕਿਲੋਮੀਟਰ ਤਕ ਪਾਣੀ ਖੜਾ ਹੈ। ਕੀ ਇਸ ਪਾਣੀ ਦੇ ਨਿਕਾਸ ਦਾ ਕੋਈ ਇੰਤਜ਼ਾਮ ਕਰਨਗੇ ?

ਮੰਤਰੀ : ਜਿਹੜਾ ਮੈਂਬਰ ਸਾਹਿਬ ਨੇ ਸੁਆਲ ਕੀਤਾ ਹੈ ਉਸ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ, ਪਰ ਫਿਰ ਵੀ ਮੈਂ ਦੱਸਦਾ ਹਾਂ ਕਿ ਜਿਹੜੀਆਂ ਇਹੋ ਜਿਹੀਆਂ ਚੀਜ਼ਾਂ ਹਨ, ਉਨ੍ਹਾਂ ਨੂੰ ਹੌਲੀ ਹੌਲੀ ਦੂਰ ਕਰ ਦਿਆਂਗੇ ।

Mr. Speaker : Next question, please.

ਸਰਦਾਰ ਜਗਤ ਸਿੰਘ : ਸਪੀਕਰ ਸਾਹਿਬ, ਸਾਡੇ ਸੁਆਲ ਬਹੁਤ ਪਿਛੇ ਰਖੇ ਜਾਂਦੇ ਹਨ ਅਤੇ ਛੇਤੀ ਛੇਤੀ ਨੰਬਰ ਨਹੀਂ ਆਉਂਦਾ ; ਇਸ ਤਰ੍ਹਾਂ ਸਾਡੇ ਨਾਲ ਵਿਤਕਰਾ ਕੀਤਾ ਜਾਂਦਾ ਹੈ।

Opening of New Government Schools

***1540. Seth Khushhal Chand:** Will the Minister for Education be pleased to state —

(a) the number of new Primary, Middle and High Schools opened by the State Government during the years 1980-81 and 1981-82 (to-date) ;

(b) the category-wise number of the schools out of those referred to in part (a) above which have been provided with the sanctioned staff ;

(c) the category-wise number of the Schools out of those referred to in part (a) above which have been provided with buildings?

ਸਰਦਾਰ ਹਰਚਰਨ ਸਿੰਘ ਅਜਨਾਲਾ : (ਉ)

ਸਾਲ 1980–81	ਪ੍ਰਾਇਮਰੀ ਸਕੂਲ	10
ਸਾਲ 1981–82	ਪ੍ਰਾਇਮਰੀ ਸਕੂਲ	ਨਿੱਲ

Original with;
Punjab Vidhan Sabha
Digitized by;
Panjab Digital Library

ਮਿਡਲ ਅਤੇ ਹਾਈ ਕੋਈ ਨਵਾਂ ਸਕੂਲ ਨਹੀਂ ਖੋਲ੍ਹਿਆ ਗਿਆ ਪਰ ਪ੍ਰਾਇਮਰੀ/ਮਿਡਲ ਤੋਂ ਸਕੂਲ ਅੱਪ-ਗਰੇਡ ਕਰਕੇ ਮਿਡਲ ਅਤੇ ਹਾਈ ਬਣਾਏ ਗਏ ਉਨ੍ਹਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਅਤੇ (ਏ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Information

(a) No. of schools upgraded to Middle level—

1980-81		..	96
1981-82		..	66

No. of schools upgraded to High level—

1980-81		..	174
1981-82		..	84

(b) No. of schools with adequate staff—

1980-81	Primary	..	10
	Middle	..	96
	High	..	174
1981-82	Primary	..	Nil
	Middle	..	48
	High	..	58

(c) No. of schools which have their own buildings—

1980-81	Primary	..	8
	Middle	..	96
	High	..	174
1981-82	Primary	..	Nil
	Middle	..	66
	High	..	84

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲਾਂ ਦੀਆਂ ਬਿਲਡਿੰਗਾਂ ਪੂਰੀਆਂ ਨਹੀਂ ਹੋਈਆਂ, ਉਹ ਕਦੋਂ ਤਕ ਪੂਰੀਆਂ ਕਰ ਦੇਣਗੇ ? ਦੂਸਰੇ ਜਿਥੇ ਸਟਾਫ਼ ਪੂਰਾ ਨਹੀਂ, ਉਹ ਕਦੋਂ ਤਕ ਪੂਰਾ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਸਕੂਲ ਨਵੇਂ ਖੋਲ੍ਹੇ ਜਾਂਦੇ ਹਨ ਉਹ ਗੌਰਮਿੰਟ ਦੀ ਪਾਲਿਸੀ ਦੇ ਮੁਤਾਬਿਕ ਬਿਲਡਿੰਗ ਬੈਨੀਫਿਸ਼ਰੀਜ਼ ਦਿੰਦੇ ਹਨ। ਇਹ ਕਿਸੇ ਖਾਸ ਸਕੂਲ ਦੀ ਗਲ ਕਰਨ, ਮੈਂ ਜਵਾਬ ਦੇ ਦਿਆਂਗਾ। ਪਰ ਜਨਰਲ ਪਾਲਿਸੀ ਤਾਂ ਇਹ ਹੈ ਕਿ ਜੇ ਅਸੀਂ ਸਕੂਲ ਅੱਪਗਰੇਡ ਕਰੀਏ ਤਾਂ .....

We expect building from the beneficiaries. In the same way when we open a School, we expect building from the beneficiaries.

Original with;
Punjab Vidhan Sabha
Digitized by;
Panjab Digital Library

ਸੇਠ ਖੁਸਹਾਲ ਚੰਦ : ਸਪੀਕਰ ਸਾਹਿਬ, ਸਟਾਫ਼ ਦੇ ਮੁਤੱਲਕ ਦੱਸ ਦੇਣ ਕੀ ਪ੍ਰੋਗਰਾਮ ਹੈ, ਕਦੋਂ ਤਕ ਪੂਰਾ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਸਟਾਫ਼ ਦੇ ਮੁਤੱਲਕ ਤਾਂ ਭਾਗ 'ਬੀ' ਵਿਚ ਜਵਾਬ ਦਿਤਾ ਜਾ ਚੁਕਾ ਹੈ। ਅਗਰ ਇਹ ਉਹ ਪੋਰਸ਼ਨ ਪੜ੍ਹ ਲੈਂਦੇ ਤਾਂ ਸ਼ਾਇਦ ਸਤਿਕਾਰ ਯੋਗ ਮੈਂਬਰ ਨੂੰ ਸਪਲੀ-ਮੈਂਟਰੀ ਕਰਨ ਦੀ ਲੋੜ ਨਾ ਪੈਂਦੀ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਸ਼੍ਰੀ ਖੁਸ਼ਹਾਲ ਚੰਦ ਨੇ ਸਮੁੱਚੇ ਪੰਜਾਬ ਦਾ ਸੁਆਲ ਕਰ ਦਿਤਾ ਹੈ, ਚੰਗੀ ਗਲ ਹੈ। ਇਨ੍ਹਾਂ ਨੇ 1200 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਸਨ, ਉਨ੍ਹਾਂ ਵਿਚੋਂ ਐਸੇ ਸਕੂਲ ਵੀ ਹਨ ਜਿਨ੍ਹਾਂ ਕੋਲ ਕੋਈ ਬਿਲਡਿੰਗ ਨਹੀਂ। ਬੱਚੇ ਪਿੱਪਲ ਦੇ ਥੱਲੇ ਬੈਠਦੇ ਹਨ। ਮੇਰੇ ਹਲਕੇ ਵਿਚ ਪਿੰਡ ਜੰਗਪੁਰ ਹੈ, ਉਸ ਵਿਚ ਮੋਸਟਲੀ ਹਰੀਜਨਾਂ ਦੇ ਬੱਚੇ ਹਨ ਕਿਉਂਕਿ ਉਹ ਸਕੂਲ ਹਰੀਜਨ ਆਬਾਦੀ ਵਿਚ ਹੈ। ਉਥੇ ਦੇ ਬੱਚੇ ਪਿੱਪਲ ਥਲੇ ਬੈਠਦੇ ਹਨ ਔਰ ਜੇ ਬਾਰਸ਼ ਹੋ ਜਾਏ ਤਾਂ ਉਨ੍ਹਾਂ ਨੂੰ ਛੁੱਟੀ ਕਰ ਦਿੱਤੀ ਜਾਂਦੀ ਹੈ। ਉਹ ਮੈਂ ਇਨ੍ਹਾਂ ਨੂੰ ਵਿਖਾਇਆ ਸੀ ਅਤੇ ਉਸ ਬਾਰੇ ਕਿਹਾ ਵੀ ਸੀ; ਕੀ ਇਹ ਉਥੇ ਬਿਲਡਿੰਗ ਬਣਾਉਣਗੇ ?

ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਨੇ ਗੁੱਸੇ ਵਿਚ ਆ ਕੇ ਗਲਤ ਬਿਆਨੀ ਕਰ ਦਿੱਤੀ ਹੈ ਕਿਉਂਕਿ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਮੈਨੂੰ ਸਕੂਲ ਵਿਖਾਇਆ ਹੈ ਉਹ ਮੈਂ ਨਹੀਂ ਵੇਖਿਆ। ਇਹ ਗਲ ਤਾਂ ਉਨ੍ਹਾਂ ਦੀ ਬੇਬੁਨਿਆਦ ਹੋ ਗਈ। ਬਾਕੀ ਬਿਲਡਿੰਗ ਬਾਰੇ ਵਿਚਾਰ ਕਰ ਲਵਾਂਗੇ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੇ ਹਲਕੇ ਪੰਜਗਰਾਈਂ ਬਲਾਕ ਬਾਘਾ ਪੁਰਾਣਾ ਵਿਚ ਮੋੜਨੋਂਵਾਲ ਪਿੰਡ ਵਿਚ ਨਵਾਂ ਸਕੂਲ ਖੋਲ੍ਹਿਆ ਹੈ। ਇਕ ਸਾਲ ਹੋ ਗਿਆ ਹੈ ਉਥੇ ਦੇ ਮਾਸਟਰਾਂ ਨੂੰ ਪੈ ਤਕ ਨਹੀਂ ਮਿਲੀ। ਕੀ ਉਹ ਆਪਣੇ ਜਵਾਕ ਗੁਰਦੁਆਰੇ ਵਿਚ ਛੱਡ ਆਉਣ। ਇਸੇ ਤਰ੍ਹਾਂ ਪਿੰਡ ਖੋਟੇ ਹੈ ਅਤੇ ਹੋਰ ਵੀ ਬਹੁਤ ਸਾਰੇ ਸਕੂਲ ਹਨ ਜਿਨ੍ਹਾਂ ਵਿਚ ਮਾਸਟਰਾਂ ਨੂੰ ਇਕ ਇਕ ਸਾਲ ਤੋਂ ਤਨਖਾਹਾਂ ਨਹੀਂ ਮਿਲੀਆਂ। ਕਿਰਪਾ ਕਰਕੇ ਇਹ ਸਕੂਲ ਖੋਲ੍ਹਣ, ਲੋਕਾਂ ਨਾਲ ** ਨਾ ਕਰਨ।

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਇਹ ਜਿਹੜਾ ** ਲਫ਼ਜ਼ ਕਿਹਾ ਹੈ ਇਹ ਅਨ-ਪਾਰਲੀਮੈਂਟਰੀ ਹੈ, ਇਹ ਵਿਦਡਰਾਅ ਕਰਨ।

ਸ਼੍ਰੀ ਸਪੀਕਰ : ** ਲਫਜ਼ ਐਕਸਪੰਜ ਕੀਤਾ ਜਾਂਦਾ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੀਆਂ ਤਨਖਾਹਾਂ ਰਿਲੀਜ਼ ਹੋ ਚੁਕੀਆਂ ਹਨ।

ਸਰਦਾਰ ਜਗਤ ਸਿੰਘ : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਮੁਹਾਲੀ ਕਾਲਜ ਖੋਲ੍ਹਣ ਦੀ ਅਨਾਊਂਸਮੈਂਟ ਹੋਈ ਸੀ ਜਿਸ ਵਿਚ ਮੰਤਰੀ ਜੀ ਔਰ ਸੀ.ਐਮ. ਸਾਹਿਬ ਨੇ ਮੰਨਿਆ ਸੀ ਕਿ ਅਸੀਂ ਕਾਲਜ ਖੋਲ੍ਹਾਂਗੇ। ਇਹ ਚੀਜ਼ ਪੇਪਰਾਂ ਵਿਚ ਆ ਗਈ, ਅਖਬਾਰਾਂ ਵਿਚ ਆ ਗਈ। ਇਹ ਵੀ ਕਿਹਾ ਸੀ ਕਿ ਕਲਾਸਾਂ ਲਾ ਰਹੇ ਹਾਂ। ਕਿਰਪਾ ਕਰਕੇ ਦੱਸਣ ਕਿ ਉਸ ਦੇ ਲਈ ਕੋਈ ਜਗ੍ਹਾ ਨਿਯਤ ਕੀਤੀ ਹੈ ਜਿਥੇ ਕਲਾਸਾਂ ਖੁੱਲ੍ਹੀਆਂ ਜਾਣੀਆਂ ਹਨ ?

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦਾ ਤੁਅੱਲਕ ਤਾਂ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਨਾਲ ਹੈ। ਕਾਲਜਾਂ ਦੇ ਬਾਰੇ ਇਹ ਸਵਾਲ ਨਹੀਂ ਹੈ। ਪਰ ਆਨਰੇਬਲ ਮੈਂਬਰ ਜਿਹੜੇ ਕਿ ਬੜੇ ਚੰਗੇ ਮੈਂਬਰ ਹਨ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਮਾਮਲਾ ਵਿਚਾਰ ਅਧੀਨ ਹੈ।

Type Shorthand in the Government High School, Sunam

***1573. Jathedar Gurbachan Singh Lakhmirwala** : Will the Minister for Education be pleased to state :—

(a) whether it is a fact that vocational scheme is being introduced in 100 High Schools in the State in this year ;

(b) if the reply to part (a) above be in the affirmative, whether there is any proposal under the consideration of the Government to introduce the trade of Type and Shorthand in the Government High School, Sunam ; if so, the time by which it is likely to be introduced ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਅਜੇ ਨਹੀਂ।

(ਅ) ਸਰਕਾਰੀ ਹਾਈ ਸਕੂਲ ਸੁਨਾਮ ਵਿਚ ਵੋਕੇਸ਼ਨੇਲਾਈਜੇਸ਼ਨ ਪਹਿਲਾਂ ਤੋਂ ਹੀ ਲਾਗੂ ਕੀਤੀ ਜਾ ਚੁੱਕੀ ਹੈ। (i) ਟੈਲੀਵੀਜ਼ਨ (ii) ਸਕੂਟਰ/ਮੋਟਰ ਸਾਈਕਲ ਮੁਰੰਮਤ ਕਰਨਾ ਅਤੇ (iii) ਫਰਨੀਚਰ ਬਨਾਉਣ ਦੇ ਟਰੇਡ ਇਸ ਨੂੰ ਅਲਾਟ ਕੀਤੇ ਗਏ ਹਨ। ਟਾਈਪ ਅਤੇ ਸ਼ਾਰਟਹੈਂਡ ਦਾ ਟਰੇਡ ਇਸ ਸਕੂਲ ਵਿਚ ਲਾਗੂ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸੁਨਾਮ ਪਹਿਲਾਂ ਮਹਾਰਾਜਾ ਭੁਪਿੰਦਰ ਸਿੰਘ ਦੇ ਵਕਤ ਜ਼ਿਲ੍ਹਾ ਰਿਹਾ ਹੈ ਅਤੇ ਹੁਣ ਇਹ ਸਬ-ਡਿਵੀਜ਼ਨ ਹੈ। ਇਹ ਪੁਰਾਣਾ ਸ਼ਹਿਰ ਹੈ ਅਤੇ ਸ਼ਹੀਦ ਊਧਮ ਸਿੰਘ ਦਾ ਸ਼ਹਿਰ ਹੈ। ਇਸ ਲਈ ਇਨ੍ਹਾਂ ਦੋ ਮੰਗਾਂ ਤੋਂ ਇਸ ਸਕੂਲ ਨੂੰ ਵਾਂਝਿਆ ਨਾ ਰਖਿਆ ਜਾਵੇ।

ਮੰਤਰੀ : ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਜੱਥੇਦਾਰ ਜੀ ਨੇ ਜਿਹੜਾ ਸਪਲੀਮੈਂਟਰੀ ਦੇ ਤੌਰ ਤੇ ਸਵਾਲ ਕੀਤਾ ਹੈ, ਇਨ੍ਹਾਂ ਨੂੰ ਤਾਂ ਬਹੁਤ ਖੁਸ਼ ਹੋਣਾ ਚਾਹੀਦਾ ਹੈ ਕਿਉਂਕਿ ਜੋ ਚੀਜ਼ ਇਹ ਆਪਣੇ ਵੇਲੇ ਨਹੀਂ ਕਰ ਸਕੇ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਸੁਨਾਮ ਦੇ ਸਕੂਲ ਨੂੰ ਵੋਕੇਸ਼ਨੇਲਾਈਜ਼ ਵੀ ਕਰ ਦਿੱਤਾ ਅਤੇ ਤਿੰਨ ਟਰੇਡਾਂ ਵੀ ਦੇ ਦਿੱਤੀਆਂ।

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਮੈਨੂੰ ਬਹੁਤ ਖੁਸ਼ ਹੋਣਾ ਚਾਹੀਦਾ ਹੈ ਸਪੀਕਰ ਸਾਹਿਬ, ਮੈਂ ਇਸ ਕਰਕੇ ਖੁਸ਼ ਨਹੀਂ ਹਾਂ ਕਿਉਂਕਿ 100 ਸਕੂਲ ਇਨ੍ਹਾਂ ਨੇ ਵੋਕੇਸ਼ਨੇਲਾਈਜ਼ ਕੀਤੇ ਹਨ। ਸਾਡੇ ਦੋ ਸਕੂਲ ਬਣਦੇ ਹਨ। ਹਿਸਾਬ ਮੁਤਾਬਿਕ ਵੀ ਇਹ ਹੋਣਾ ਚਾਹੀਦਾ ਸੀ। ਦੂਜਾ ਇਹ ਸ਼ਹੀਦ ਊਧਮ ਸਿੰਘ ਦਾ ਸ਼ਹਿਰ ਹੈ, ਇਸ ਲਿਹਾਜ਼ ਨਾਲ ਵੀ ਆਉਣਾ ਚਾਹੀਦਾ ਹੈ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਬਿਲਕੁਲ ਔਰਮਟੈਂਡਏਬਲ ਨਹੀਂ ਹੈ। ਮੈਂ ਇਸ ਦਾ ਇਸ ਤਰ੍ਹਾਂ ਜਵਾਬ ਦੇਵਾਂਗਾ ਕਿ ਇਨ੍ਹਾਂ ਨੇ ਕਿਹਾ ਹੈ ਕਿ ਰਿਪਰਜ਼ੈਂਟੇਸ਼ਨ ਦੇ ਮੁਤਾਬਿਕ 2 ਮਿਲਣੇ ਚਾਹੀਦੇ ਸਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਜੱਥੇਦਾਰ ਜੀ ਨੂੰ ਕਿ ਜਿਸ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਵੇਲੇ ਇਨ੍ਹਾਂ ਦਾ ਰਾਜ ਭਾਗ ਸੀ ਤਾਂ ਇਹ ਕਿਸੇ ਪਾਸੇ ਨਹੀਂ ਸਨ ਵੇਖਦੇ, ਆਪਣੇ ਪਾਸੇ ਹੀ ਵੇਖਦੇ ਸਨ। ਕੋਈ ਸੱਜੇ ਖੱਬੇ ਨਹੀਂ ਸਨ ਵੇਖਦੇ। ਇਹ ਪਹਿਲੀ ਸਰਕਾਰ ਹੈ ਜਿਸ ਨੇ ਮੈਰਿਟ ਤੇ ਫੈਸਲਾ ਕੀਤਾ ਹੈ ਅਤੇ ਸੁਨਾਮ ਦਾ ਸਕੂਲ ਵੋਕੇਸ਼ਨੇਲਾਈਜ਼ ਕੀਤਾ ਹੈ। ਇਹ ਸਕੂਲ ਡਿਜ਼ਰਵ ਕਰਦਾ ਸੀ। ਇਸ ਸਕੂਲ ਨੂੰ ਤਿੰਨ ਟਰੇਡਾਂ ਸੈਂਕਸ਼ਨ ਕੀਤੀਆਂ ਹਨ। ਇਹ ਹਰ ਵੋਕੇਸ਼ਨੇਲਾਈਜ਼ਡ ਸਕੂਲ ਵਿਚ ਦਿੱਤੀਆਂ ਹਨ। ਇਹ ਫੈਨੀਫੀਸ਼ੀਅਲ ਟਰੇਡਜ਼ ਹਨ। ਮੋਟਰ ਸਾਈਕਲ ਰਿਪੇਅਰ, ਟੈਲੀਵੀਜ਼ਨ ਰਿਪੇਅਰ ਅਤੇ ਇਕ ਹੋਰ ਟਰੇਡ ਦਿੱਤੀ ਹੈ।

Opening of 25-Bed Hospital at Guruharsahai and Jalalabad

***1541. Seth Khushhal Chand** : Will the Minister for Health be pleased to state whether the Government has under active consideration any proposal to open 25-bed hospitals at Guru Har Sahai and Jalalabad, district Ferozepur ; if so, the time by which these are likely to be opened ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਗੁਰੂ ਹਰਸਹਾਏ ਵਿਖੇ ਇਕ ਪ੍ਰਾਇਮਰੀ ਹੈਲਥ ਸੈਂਟਰ ਅਤੇ ਇਕ ਡਿਸਪੈਂਸਰੀ ਹੈ। ਜਲਾਲਾਬਾਦ ਵਿਖੇ ਭੀ ਇਕ ਹਸਪਤਾਲ ਹੈ। ਇਨ੍ਹਾਂ ਥਾਵਾਂ ਤੇ ਨਵੇਂ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ।

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਕਾਂਗਰਸ ਗੌਰਮਿੰਟ ਦੀ ਪਾਲਿਸੀ ਹੈ ਕਿ ਹਰੇਕ ਬਲਾਕ ਵਿੱਚ ਇੱਕ 25–ਬੈਡਜ਼ ਵਾਲਾ ਹਸਪਤਾਲ ਖੋਲ੍ਹਣਾ ਹੈ। ਜਲਾਲਾਬਾਦ ਅਤੇ ਗੁਰੂ ਹਰ ਸਹਾਏ ਵਿਖੇ ਕੋਈ 25 ਬੈਡਜ਼ ਵਾਲਾ ਹਸਪਤਾਲ ਨਹੀਂ ਹੈ। ਇਹ ਬੜਾ ਵਿਤਕਰਾ ਹੈ। ਮੈਂ ਤੁਹਾਡੇ ਰਾਹੀਂ ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਵਿਤਕਰਾ ਦੂਰ ਕਰਨਗੇ ਅਤੇ ਉਨ੍ਹਾਂ ਦੋਨਾਂ ਥਾਵਾਂ ਤੇ ਹਸਪਾਤਾਲ 25–ਬੈਡਜ਼ ਵਾਲੇ ਖੋਲ੍ਹਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਗੁਰੂਹਰਸਹਾਏ ਵਿਚ ਪ੍ਰਾਇਮਰੀ ਹੈਲਥ ਸੈਂਟਰ ਹੈ ਅਤੇ ਇਕ ਡਿਸਪੈਂਸਰੀ ਵੀ ਹੈ। ਜਲਾਲਾਬਾਦ ਵਿਖੇ ਵੀ ਇਕ ਹਸਪਤਾਲ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਉਥੇ ਹੋਰ ਹਸਪਤਾਲ ਖੋਲ੍ਹਣ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ। ਜਿਥੋਂ ਤਕ ਗੁਰੂ ਹਰ ਸਹਾਏ ਦਾ ਤੁਅੱਲਕ ਹੈ, ਉਥੇ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਬਕਾਇਦਾ ਸਟਾਫ ਵੀ ਤਾਇਨਾਤ ਕੀਤਾ ਗਿਆ ਹੈ ਅਤੇ ਕੰਮ ਵੀ ਹੋ ਰਿਹਾ ਹੈ।

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਸੀ ਕਿ ਹਰ ਬਲਾਕ ਵਿੱਚ 25–ਬੈਡਜ਼ ਵਾਲਾ ਹਸਪਤਾਲ ਬਣਾਉਣ ਦੀ ਸਰਕਾਰ ਦੀ ਪਾਲਿਸੀ ਹੈ ; ਇਸ ਨੂੰ ਮੁੱਖ ਰਖਦੇ ਹੋਏ ਕੀ ਇਹ ਵਿਤਕਰਾ ਦੂਰ ਕਰਨਗੇ ?

ਸ਼੍ਰੀ ਸਪੀਕਰ : ਇਨ੍ਹਾਂ ਬਲਾਕਾਂ ਵਿਚ 25–ਬੈਡਜ਼ ਵਾਲਾ ਹਸਪਤਾਲ ਖੋਲ੍ਹਣ ਦੀ ਗਲ ਕੀਤੀ ਹੈ।

ਮੰਤਰੀ : ਗੌਰਮਿੰਟ ਦੀ ਪਾਲਿਸੀ ਦੇ ਮੁਤਾਬਿਕ ਅਸੀਂ 25 ਬੈਡਜ਼ ਦਾ ਹਸਪਤਾਲ ਹਰ ਬਲਾਕ ਵਿਚ ਖੋਲ੍ਹ ਰਹੇ ਹਾਂ। ਪ੍ਰਾਇਮਰੀ ਹੈਲਥ ਸੈਂਟਰ, ਜੰਡਿਆਲਾ ਅੱਪਗਰੇਡ ਕਰ ਦਿੱਤਾ ਗਿਆ ਹੈ। ਉਥੇ ਸਟਾਫ ਵੀ ਆ ਗਿਆ ਹੈ। ਜਲਾਲਾਬਾਦ ਵਿੱਚ ਹੈਲਥ ਸੈਂਟਰ ਆਲਰੈਡੀ ਹੈ। ਹੋਰ ਕੀ ਇਹ ਚਾਹੁੰਦੇ ਹਨ ?

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਰਾਜਪੁਰਾ ਸ਼ਹਿਰ ਦੀ ਆਬਾਦੀ 51,000 ਹੋ ਗਈ ਹੈ। ਉਥੇ ਦਾ ਹਸਪਤਾਲ ਬਹੁਤ ਪੁਰਾਣਾ ਹੈ ਅਤੇ ਬਹੁਤ ਥੋੜ੍ਹੇ ਬਿਸਤਰੇ ਹਨ । ਈ.ਐਸ.ਆਈ. ਦਾ ਵੀ ਕੋਈ ਹਸਪਤਾਲ ਨਹੀਂ ਬਣਿਆ। ਉਥੇ ਮਜ਼ਦੂਰਾਂ ਦੀ ਗਿਣਤੀ ਵੀ ਬਹੁਤ ਹੈ। ਕੀ ਕਿਰਪਾ ਕਰਕੇ ਉਥੇ ਬਿਸਤਰਿਆਂ ਦੀ ਗਿਣਤੀ ਹੋਰ ਵਧਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਦੋ ਸਪੈਸੀਫਿਕ ਸਟੇਸ਼ਨਾਂ ਬਾਰੇ ਸੀ। ਅਗਰ ਪ੍ਰੋਫੈਸਰ ਸਾਹਿਬ ਕਿਸੇ ਹੋਰ ਸੈਂਟਰ ਬਾਰੇ ਵਾਕਫੀਅਤ ਹਾਸਲ ਕਰਨਾ ਚਾਹੁੰਦੇ ਹਨ ਤਾਂ ਸੈਪਰੇਟ ਕੁਐਸਚਨ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਪਿੰਡ ਛਾਪਾ ਵਿੱਚ 25 ਬੈਡਜ਼ ਦਾ ਹਸਪਤਾਲ ਏਨ ਦਿਹਾ ਹੈ। ਉਹ ਨਾਲ ਦੀ ਨਾਲ ਬਣੀ ਜਾਂਦਾ ਹੈ ਅਤੇ ਨਾਲ ਦੀ ਨਾਲ ਢਹੀ ਜਾਂਦਾ ਹੈ। ਕੀ ਵਜ਼ੀਰ ਸਾਹਿਬ ਉਸ ਤੇ ਨਿਗਰਾਨੀ ਕਰਕੇ ਮੁਕੰਮਲ ਕਰਾਉਣਗੇ ? ਦੂਸਰਾ ਮੇਰੇ ਹਲਕੇ ਵਿੱਚ ਢਿਲਵਾਂ ਪਿੰਡ ਹੈ। ਉਥੇ 25 ਬੈਡਜ਼ ਦਾ ਹਸਪਤਾਲ ਕਦੋਂ ਤਕ ਸਿਰੇ ਚੜ੍ਹਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਤੁਸੀਂ ਆਪ ਦੱਸ ਦਿਓ ਕਿ ਇਸ ਦਾ ਜਵਾਬ ਮੈਂ ਕਿਸ ਤਰ੍ਹਾਂ ਦੇ ਸਕਦਾ ਹਾਂ। ਸਪੀਕਰ ਸਾਹਿਬ, ਢਾਹੁਣ ਦਾ ਕੰਮ ਤਾਂ ਇਨ੍ਹਾਂ ਦੇ ਜ਼ਿਮੇਂ ਲੱਗਾ ਹੈ, ਸਾਡੇ ਜ਼ਿਮੇਂ ਤਾਂ ਬਣਾਉਣ ਦਾ ਕੰਮ ਹੈ।

ਸਰਦਾਰ ਜਗਰੂਪ ਸਿੰਘ : ਸਪੀਕਰ ਸਾਹਿਬ ਜਗਰਾਉਂ ਸਬ-ਡਿਵੀਜ਼ਨ ਵਿਚ 25-ਬਿਸਤਰਿਆਂ ਦਾ ਇਕ ਬਹੁਤ ਪੁਰਾਣਾ ਹਸਪਤਾਲ ਹੈ। ਮੈਂ ਮੰਗ ਕੀਤੀ ਸੀ ਕਿ 50-ਬਿਸਤਰਿਆਂ ਵਾਲਾ ਹਸਪਤਾਲ ਬਣਾਇਆ ਜਾਵੇ। ਦੋ ਵਾਰੀ ਕਪੂਰ ਸਾਹਿਬ ਉਥੇ ਅਨਾਊਂਸ ਕਰਕੇ ਆਏ। ਇਕ ਵਾਰੀ ਡਾਕਟਰ ਸਾਹਿਬ ਕਰਕੇ ਆਏ ਹਨ, ਪਰ ਹੁਣ ਤਕ ਇਹ ਨਹੀਂ ਬਣਿਆ। ਉਥੇ 50 ਹਜ਼ਾਰ ਦੀ ਆਬਾਦੀ ਹੈ ਅਤੇ ਹਸਪਤਾਲ ਦੀ ਹਾਲਤ ਬੜੀ ਖਸਤਾ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਚਾਲੂ ਸਾਲ ਵਿੱਚ ਇਸ ਨੂੰ 50-ਬਿਸਤਰਿਆਂ ਦਾ ਹਸਪਤਾਲ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੋਹਤਰਮ ਮੈਂਬਰ ਨੇ ਜੋ ਸਵਾਲ ਪੁਛਿਆ ਹੈ, ਇਹ ਮੇਰੇ ਕੋਲ ਹੁਣ ਆ ਗਿਆ ਹੈ। ਮੈਂ ਇਸ ਤੇ ਵਿਚਾਰ ਕਰਾਂਗਾ ਕਿ ਆਇਆ ਇਸ ਸਬੰਧੀ ਪਿਛੇ ਕੋਈ ਅਨਾਊਂਸ ਮੈਂਟ ਹੋਈ ਹੈ ਜਾਂ ਨਹੀਂ ।

25-Bed Hospital in village Bhinder Kalan, block Isse Khan District Ferozepur

***1581. 1. Comrade Sarwan Singh Cheema**
2. Comrade Kulwant Singh
3. Comrade Sohan Singh } : Will the Minister for Health be pleased to state whether the Governernment sanctioned a 25-bed hospital in village Bhinder Kalan, Block Isse Khan, District Ferozepur ; if so, the time by which the building of the hospital is likely to be completed ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਪੰਜਾਬ ਸਰਕਾਰ ਨੇ ਸਾਲ 1978-79 ਦੇ ਦੌਰਾਨ ਪਿੰਡ ਭਿੰਡਰ ਕਲਾਂ ਜਿਲ੍ਹਾ ਫਿਰੋਜ਼ਪੁਰ ਭਾਰਤ ਸਰਕਾਰ ਦੀ 1/3 ਸਕੀਮ ਅਧੀਨ 25 ਬਿਸਤਰਿਆਂ ਦਾ ਹਸਪਤਾਲ

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

ਸਥਾਪਤ ਕਰਨ ਲਈ ਅਪਰੂਵ ਕੀਤਾ। ਹਸਪਤਾਲ ਦੀ ਬਿਲਡਿੰਗ ਜਲਦੀ ਮੁਕੰਮਲ ਹੋਣ ਦੀ ਆਸ ਹੈ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਭਿੰਡਰ ਕਲਾਂ ਵਿਚ ਹਸਪਤਾਲ ਹੈ। ਉਸ ਦੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਨੀਂਹ ਰੱਖੀ ਸੀ ਹੋਰ ਸਰਦਾਰ ਸੋਹਣ ਸਿੰਘ ਬਾਸੀ ਨੇ ਪੰਜ ਕਿੱਲੇ ਜ਼ਮੀਨ ਅਤੇ ਪੰਜ ਲੱਖ ਰੁਪਿਆ ਦਿੱਤਾ ਸੀ । ਉਹ ਪੰਜ ਲੱਖ ਰੁਪਿਆ ਬਿਲਡਿੰਗ ਤੇ ਲੱਗ ਗਿਆ ਹੈ, ਬਾਕੀ ਸਰਕਾਰ ਨੇ ਹੁਣ ਤਕ ਕੋਈ ਪੈਸਾ ਨਹੀਂ ਲਗਾਇਆ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਪੈਸੇ ਲਗਾ ਕੇ ਉਹ ਕਦੋਂ ਤਕ ਉਸ ਹਸਪਤਾਲ ਨੂੰ ਚਾਲੂ ਕਰ ਦੇਣਗੇ ਅਤੇ ਛੇਤੀ ਤੋਂ ਛੇਤੀ ਕਦੋਂ ਤਕ ਉਥੇ ਸਟਾਫ ਭੇਜ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਹਸਪਤਾਲ ਗੌਰਮਿੰਟ ਆਫ ਇੰਡੀਆ ਦੀ ਸਕੀਮ ਥਲੇ ਬਣ ਰਿਹਾ ਹੈ। ਇਸ ਨੂੰ ਵੰਨ ਥਰਡ ਸਕੀਮ ਕਹਿੰਦੇ ਹਾਂ। ਇਸ ਵਿਚ ਪੰਜਾਬ ਸਰਕਾਰ ਨੇ, ਗੌਰਮਿੰਟ ਆਫ ਇੰਡੀਆ ਨੇ ਔਰ ਵਾਲੰਟਰੀ ਆਰਗੇਨਾਈਜ਼ੇਸ਼ਨਜ਼ ਨੇ ਹਿੱਸਾ ਪਾਉਣਾ ਹੁੰਦਾ ਹੈ । ਅਸੀਂ ਗੌਰਮਿੰਟ ਆਫ ਇੰਡੀਆ ਨੂੰ ਕੇਸ ਮੂਵ ਕੀਤਾ ਹੋਇਆ ਹੈ। ਜਦੋਂ ਉਥੋਂ ਕਲੀਅਰੈਂਸ ਆ ਗਈ ਉਥੇ ਬਾਕੀ ਪੈਸਾ ਲਗਾ ਕੇ, ਉਸ ਨੂੰ ਕੰਪਲੀਟ ਕਰ ਦੇਵਾਂਗੇ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਇਹ ਕਿਤਨੇ ਸਾਲਾਂ ਦਾ ਪੁਰਾਣਾ ਕੇਸ ਹੈ। ਇਤਨੇ ਸਾਲ ਅੱਗੇ ਹੋ ਗਏ ਹਨ, ਕੀ ਵਜ਼ੀਰ ਸਾਹਿਬ ਬਿਲਡਿੰਗ ਨੂੰ ਛੇ ਮਹੀਨਿਆਂ ਵਿਚ ਮੁਕੰਮਲ ਕਰਕੇ ਉਥੇ ਹਸਪਤਾਲ ਖੋਲ੍ਹ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੁਕੰਮਲ ਤੌਰ ਤੇ ਪੱਕੀ ਡੇਟ ਬਾਰੇ ਤਾਂ ਮੈਂ ਅਜੇ ਨਹੀਂ ਕਹਿ ਸਕਦਾ। ਬਾਕੀ ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਅਸੀਂ ਗੌਰਮਿੰਟ ਆਫ ਇੰਡੀਆ ਤੋਂ ਇਸ ਦੀ ਜਲਦੀ ਕਲੀਅਰੈਂਸ ਲੈ ਲਈਏ ਔਰ ਜੋ ਪੰਜਾਬ ਸਰਕਾਰ ਨੇ ਪੈਸਾ ਲਗਾਉਣਾ ਹੈ, ਗੌਰਮਿੰਟ ਆਫ ਇੰਡੀਆ ਨੇ ਲਗਾਉਣਾ ਹੈ, ਉਹ ਲਗਾ ਕੇ ਹਸਪਤਾਲ ਨੂੰ ਕੰਪਲੀਟ ਕਰ ਦਿੱਤਾ ਜਾਵੇ ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly) .

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Tehsil Complex at Baba Bakala

***1534. Jathedar Jiwan Singh Umranangal** : Will the Minister for Revenue be pleased to state —

(a) the total amount sanctioned for the construction of Tehsil Complex at Baba Bakala in the year 1980-81 and the amount out of that which has been spent so far ;

(b) the total estimated cost for the construction of the said Tehsil Complex and the quarters for the Government employees ;

Original with;
Punjab Vidhan Sabha
Digitized by;
Panjab Digital Library

(c) the time by which the said complex is expected to be completed.

ਸਰਦਾਰ ਗੁਰਦਰਸ਼ਨ ਸਿੰਘ : (ੳ) ਤਹਿਸੀਲ ਕੰਪਲੈਕਸ, ਬਾਬਾ ਬਕਾਲਾ ਦੀ ਉਸਾਰੀ ਲਈ ਸਾਲ 1980-81 ਵਿਚ 4.86 ਲੱਖ ਰੁਪਏ ਮਨਜ਼ੂਰ ਕੀਤੇ ਗਏ ਸਨ। ਇਸ ਵਿਚੋਂ ਸਾਲ 1980-81 ਵਿਚ 4.58 ਲੱਖ ਰੁਪਏ ਖਰਚ ਕੀਤੇ ਗਏ ।

(ਅ) ਉਕਤ ਤਹਿਸੀਲ ਕੰਪਲੈਕਸ ਅਤੇ ਸਰਕਾਰੀ ਕਰਮਚਾਰੀਆਂ ਲਈ ਕੁਆਟਰਾਂ ਦੀ ਉਸਾਰੀ ਲਈ 46.12 ਲੱਖ ਰੁਪਏ ਦੀ ਲਾਗਤ ਦਾ ਅਨੁਮਾਨ ਹੈ।

(ਏ) ਉਕਤ ਕੰਪਲੈਕਸ ਦੀ ਛੇਵੀਂ ਪੰਜ-ਸਾਲਾ ਯੋਜਨਾ ਦੇ ਦੌਰਾਨ ਮੁਕੰਮਲ ਹੋਣ ਦੀ ਸੰਭਾਵਨਾ ਹੈ।

Construction of a New Building of Bus Stand at Tarn Taran

***1453. Sardar Major Singh Ubboke** : Will the Minister of State for Transport be pleased to state whether there is any proposal under the consideration of the Government to construct a new building of bus stand at Tarn Taran ; if so, steps so far taken for its construction together with the time by which it is likely to be completed ?

ਸਰਦਾਰ ਅਵਤਾਰ ਸਿੰਘ ਗਟਵਾਲੀ : ਨਹੀਂ ਜੀ।

Shifting of Rehabilitation Department

***1567. Vaid Kartar Singh** : Will the Minister of State for Rehabilitation and Industries be pleased to state whether Government proposes to shift the office of the Deputy Secretary to Government, Punjab, Rehabilitation Department, Jullundur to Chandigarh ; it so, the reasons therefor ?

ਸਰਦਾਰ ਦਰਸ਼ਨ ਸਿੰਘ ਕੇ.ਪੀ. : ਹਾਂ ਜੀ। ਇਹ ਫੈਸਲਾ ਪ੍ਰਬੰਧਕੀ ਜਰੂਰਤਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ।

Distribution of Cement

***1596.** 1. **Comrade Sarwan Singh Cheema**
2. **Comrade Kulwant Singh** } : Will the Minister
3. **Comrade Sohan Singh**

of State for Food and Supplies be pleased to state —

(a) the details of the new policy of the Government for the distribution of cement in the State ;

(b) whether the cement is proposed to be distributed to the villagers against ration cards at the control rate ?

Shri Bhagwan Dass : (a) and (b) Copy of letter No. CC/CO/6(2)/82/2041, dated 1st March, 1982 containing the broad outlines of the new cement policy received from the Government of India is laid on the Table of the House. Follow up action is being taken.

Original with;
Punjab Vidhan Sabha
Digitized by;
Panjab Digital Library

[Minister of State for Food and Supplies]

COPY

No, CC/CO/6(2)/82/2041

OFFICE OF THE CEMENT CONTROLLER,

DEPARTMENT OF INDUSTRIAL DEVELOPMENT

7, Rajindra Place, New Delhi

March 1, 1982

The Secretary,
Food and Civil Supplies Department/
Commerce and Industries Department/
Government of India

Sir,

As you may be aware, the Government of India have announced partial decontrol of cement effective from 28th February, 1982. Under the new system of cement distribution, the cement factories will be required to make available to the Government, for sale at controlled price, a part of their production as levy cement while the production in excess of the quantity of levy cement will be sold by them in the open market without any price and distibution control. The mini-cement plants will not contribute towards levy cement and their entire production will be outside price and distribution control.

2. The quantum of levy system during the remaining part of the year, 1982, will be proportionate to a total levy of around 17 million tonnes for the whole year. This cement will be utilised for meeting the requirement of priority sector and weaker sections, etc. The States will continue to get bulk quarterly allocations as heretofore and these will be utilised for meeting the requirementsof the under mentioned category of consumers. Allocation of cement for meeting the requirements of Irrigation and Power Projects will be made in addition :

(i) Government Departments, Public Sector Undertakings/Corporations and local bodies.

(ii) Small Scale Industries, for construction of factory buildings only.

(iii) Socially oriented schemes like rural housing, housing for slum dwellers, harijans, adivasis and other poorer sections of Society rural water supply schemes and other items included in the new 20 point programme.

(iv) Construction of dwelling units having plinth area upto 80 sq. metres. It may be ensured by State Government that this facility is not misused by those who may be wanting to build smaller houses upto 80 sq. metres in the first instance on plots of big sizes with a view to obtaining cement at controlled price, and

(v) Small quantities for repairs to residential houses. State Governments may prescribe the limit of cement to be released for this purpose and the procedure to be followed to check genuineness of demand.

3. No cement will be released for construction of cinema houses, hotels, restaurants, banks, multi-storeyed and commercial buildings on residential buildings with plinth area exceeding 80 sq. metres. No cement will also be released to processing industries which use cement as raw material. Such users will obtain their requirements from the open market from the non-levy production of the cement factories.

4. Cement producers have been advised to ensure that adequate quantities of cement are made available in all areas of the country including all the deficit areas like, N. E. Region, Eastern U.P., Bihar and J&K etc. for meeting the requirement of the general public

Original with;
Punjab Vidhan Sabha
Digitized by;
Panjab Digital Library

5. It is requested that the above procedure may be implemented immediately. A copy of the telegram issued to cement producers regarding regulating the despatches of cement in the remaining period of current quarter, is enclosed.

Yours faithfully,

(Sd.) SURENDRA SINGH,
Cement Controller to Government of India.

Copy to all Regional Cement Controllers and ARCC (Ahmedabad).

Copy to Ministry of Industry (Cement Section).

STATE TELEGRAM EXPRESS

ALL CEMENT PRODUCERS :

Effective twenty-eighth February, 1982 F.O.R. Price of ordinary Portland Cement and Portland Slag Cement revised as rupees four hundred and forty per Metric Tonne (.) F.O.R. Price of Portland Pozzolana Cement revised as rupees four hundred and twenty-five per Metric Tonne from the same date (.).

There is partial decontrol of Cement from Twenty-eighth February, 1982 (.). Under this Scheme sixty-six point six per cent of production of Cement with reference to installed capacity will be made available by you as Levy Cement and production in excess of sixty-six point six per cent of installed capacity will be free from price and distribution control (.) You are directed pending receipt of detailed instructions to regulate your despatches against the levy quota of Cement as follows (.) Despatches to rate contract category Government as well as Public Sector Undertakings Corporations both Central and State including Irrigation and Power Sector will continue as before (.) For other than rate contract parties despatches will be stopped with effect from Twenty-eighth February, 1982 to Industrial Units using Cement as Raw Material, as well as to others for construction of Hotels, Restaurants, Cinema Houses and Multi-storeyed and Commercial Buildings (.) Despatches under Public Sale Category in remaining period of quarter January—March, 1982 will be limited to one tenth of the quantity released under this category for the particular state for the whole quarter January—March, 1982 (.) Please ensure despatches accordingly (.) Detailed Instructions follow cemcontrol.

NTT

(Sd.) S. S. MIGLANI,

7, RAJINDRA PLACE,
NEW DELHI-11008.

Joint Cement Controller,
Office of Cement Controller,
Ministry of Industry,
Department of I.D., New Delhi.

No. CC/CO/6(2)/82, dated 28th February, 1982.

Copy by post, in confirmation to :—

A-11 Cement Producers.

Copy also to :—

(1) All State Governments ;
(2) All Central Government Departments,
(3) All R.C.Cs. and A.R.C.C., Ahmedabad ;
(4) D.G.S. & D., New Delhi.
(5) Ministry of Industry (Cement Section).

(Sd.) S. S. MIGLANI,

Joint Cement Controller.

Original with;
Punjab Vidhan Sabha
Digitized by;
Panjab Digital Library

Setting-up an Industrial Focal Point at Zira

*1260. **Sardar Harcharan Singh Hero :** Will the Chief Minister be pleased to state whether there is any proposal under the consideration of the Government for setting-up an Industrial Focal Point at Zira, if so, the time by which it is likely to be set-up ?

ਸਰਦਾਰ ਦਰਬਾਰਾ ਸਿੰਘ : (1) ਨਹੀਂ ਜੀ।

(2) ਸਵਾਲ ਹੀ ਪੈਦਾ ਨਹੀਂ ਹੁੰਦਾ ।

Police Stations in the State

*1418. **Sardar Shamsher Singh :** Will the Chief Minister be pleased to state —

(a) the total number of Police Stations in the State ;

(b) the number out of that referred to in part (a) above where persons belonging to Scheduled Castes and Backward Classes are posted as Station House Officers ?

ਸਰਦਾਰ ਦਰਬਾਰਾ ਸਿੰਘ : (ੳ) ਪੰਜਾਬ ਵਿਚ ਕੁੱਲ 210 ਪੁਲਿਸ ਸਟੇਸ਼ਨ ਹਨ।

(ਅ) ਉਪਰੋਕਤ ਭਾਗ (ੳ) ਵਿਚ ਦਿੱਤੇ 210 ਪੁਲਿਸ ਸਟੇਸ਼ਨਾਂ ਵਿਚੋਂ 40 ਥਾਨਿਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਮੁੱਖ ਅਫਸਰ ਵਜੋਂ ਨਿਯੁਕਤ ਕੀਤਾ ਗਿਆ ਹੈ ।

Implementation of recommendations of the Second Pay Commission

*1558. **Comrade Baldev Singh Loomba :** Will the Minister for Finance be pleased to state —

(a) whether the Government have implemented the recommendations relating to the Punjab Government Pensioners contained in the Report of the Second Pay Commission ; if so, the details thereof ;

(b) if the reply to part (a) above be in the negative, the time by which those are likely to be implemented ?

ਡਾਕਟਰ ਕੇਵਲ ਕ੍ਰਿਸ਼ਨ : (ਏ) ਦੂਜੇ ਤਨਖਾਹ ਕਮਿਸ਼ਨ ਦੀ ਪੈਨਸ਼ਨ ਸਬੰਧੀ ਲਾਭਾਂ ਬਾਰੇ ਰਿਪੋਰਟ ਵਿਚ ਕੀਤੀਆਂ ਗਈਆਂ 40 ਸਿਫਾਰਸ਼ਾਂ ਵਿਚੋਂ 20 ਮੁੱਖ ਸਿਫਾਰਸ਼ਾਂ ਬਾਰੇ ਫੈਸਲਾ ਕੀਤਾ ਜਾ ਚੁੱਕਿਆ ਹੈ। ਇਹ ਨਵੇਂ ਪੈਨਸ਼ਨ ਫਾਰਮੂਲੇ ਪਰਵਾਰਿਕ ਪੈਨਸ਼ਨ ਫਾਰਮੂਲੇ, ਪਰਵਾਰਿਕ ਪੈਨਸ਼ਨ/

Original with;
Punjab Vidhan Sabha
Digitized by;
Panjab Digital Library

ਪੈਨਸ਼ਨ ਦੀ ਘੱਟੋ ਘੱਟ ਸੀਮਾ ਵਿਚ ਵਾਧੇ ਅਤੇ ਪੈਨਸ਼ਨਰਾਂ ਨੂੰ ਰਾਹਤ ਆਦਿ ਦੇਣ ਬਾਰੇ ਸਨ। ਲੋੜੀਂਦੇ ਹੁਕਮ ਦਸੰਬਰ, 1980 ਅਤੇ ਮਾਰਚ, 1981 ਵਿਚ ਜਾਰੀ ਕੀਤੇ ਗਏ ਸਨ।

(ਬੀ) ਬਾਕੀ ਦੀਆਂ 20 ਸਿਫਾਰਸ਼ਾਂ ਬਾਰੇ ਪ੍ਰਸ਼ਾਸਕੀ ਵਿਭਾਗਾਂ ਨਾਲ ਲਿਖਾ ਪੜ੍ਹੀ ਕੀਤੀ ਜਾ ਰਹੀ ਹੈ ਅਤੇ ਉਸ ਤੋਂ ਬਾਅਦ ਜਲਦੀ ਹੀ ਫੈਸਲਾ ਕੀਤਾ ਜਾਵੇਗਾ ।

Brick Lining of Phirnis in tehsil Kharar

***1459. Sardar Jagat Singh :** Will the Minister for Development be pleased to state whether there is any proposal under the consideration of the Government to link line the 'Phirnis' of the villages of tehsil Kharar, if so, the names of such villages together with the time by which it is likely to materialise ?

ਸਰਦਾਰ ਸੰਤੋਖ ਸਿੰਘ ਰੰਧਾਵਾ : ਨਹੀਂ ਜੀ।

Brick Lining of Water Courses

***1562. (1) Jathedar Naranjan Singh Patti**
(2) Sardar Major Singh Ubboke } : Will the Minister for Agriculture and Irrigation be pleased to state—

(a) the names of the districts of the State where the Punjab Government State Tubewell Corporation has undertaken the work of brick lining the water courses.

(b) whether the Government propose to brick-line the water courses of Rasulpur, Basorke and Khem Karan Distributaries of the Upper Bari Doab Canal Irrigating the areas of Patti and Tarn Taran Sub-Division ?

ਚੌਧਰੀ ਕਾਂਸ਼ੀ ਰਾਮ : (ੳ) (i) ਫਿਰੋਜ਼ਪੁਰ
(ii) ਫਰੀਦਕੋਟ
(iii) ਸੰਗਰੂਰ
(iv) ਬਠਿੰਡਾ
(v) ਅੰਮ੍ਰਿਤਸਰ ਦੇ ਜ਼ਿਲ੍ਹੇ ਦੇ ਕੁਝ ਹਿੱਸਿਆਂ ਵਿਚ।

(ਅ) ਹਾਂ ਜੀ, ਰਸੂਲਪੁਰ ਤੇ ਖੇਮਕਰਨ ਡਿਸਟਰੀ ਬਿਊਟਰੀਆਂ ਦੇ ਖਾਲਿਆਂ ਦੀ ਲਾਇਨਿੰਗ ਸ਼ੁਰੂ ਕੀਤੀ ਜਾ ਰਹੀ ਹੈ। ਬਾਸਰਕੇ ਡਿਸਟਰੀਬਿਊਟਰੀ ਦੇ ਖਾਲਿਆਂ ਦੀ ਲਾਇਨਿੰਗ 1984-85 ਤੋਂ ਬਾਅਦ ਸ਼ੁਰੂ ਹੋਣ ਵਾਲੀ ਦੂਸਰੀ ਫੇਜ਼ ਵਿਚ ਕੀਤੀ ਜਾਵੇਗੀ।

Supply of Water to the Farmers of village Chhina Bidhi Chand, district Amritsar

***1363. Comrade Darshan Singh Jhabal :** Will the Minister for Agriculture and Irrigation be pleased to state —

(a) whether it is a fact that the farmers of village Chhina Bidhi Chand, district Amritsar, were being supplied water from

Original with;
Punjab Vidhan Sabha
Digitized by;
Panjab Digital Library

[Comrade Darshan Singh Jhabal]

Gilpan Minor by constructing a water course crossing over Mari Megha Drain R.D. 6174 ;

(b) whether it is also a fact that the said water course has since collapsed ; if so, since when and the reasons therefor ?

ਚੌਧਰੀ ਕਾਂਸ਼ੀ ਰਾਮ : ਹਾਂ ਜੀ ।

(ਅ) ਹਾਂ ਜੀ, ਸਾਲ 1974–75 ਵਿਚ ਡਰੇਨ ਦੇ ਆਸੇ ਪਾਸੇ ਦੀਆਂ ਢਿੱਗਾਂ ਢਹਿ ਜਾਣ ਕਾਰਨ ।

Gazetted Status for the Heads of Government High Schools

***1364. Comrade Darshan Singh Jhabal :** Will the Minister for Education be pleased to state whether there is any proposal under the consideration of the Government to give Gazetted Status to all the Heads of Government High Schools ; if so, the time by which it is likely to materialise?

ਸਰਦਾਰ ਹਰਚਰਨ ਸਿੰਘ ਅਜਨਾਲਾ : ਮਾਮਲਾ ਵਿਚਾਰ ਅਧੀਨ ਹੈ।

Reservation of Posts for Disabled Persons

***1589. Jathedar Gurbachan Singh Lakhmirwala :** Will the Chief Minister be pleased to state—

(a) whether any posts have been reserved in various categories of services for the disabled persons ; if so, the percentage thereof ;

(b) whether any instructions have been issued to the Heads of the concerned departments in this regard ?

ਚੌਧਰੀ ਜਗਤ ਰਾਮ (ਭਲਾਈ ਤੇ ਕਿਰਤ ਮੰਤਰੀ) : (ਓ) ਨਹੀਂ ਜੀ।

(ਅ) ਸਵਾਲ ਨਹੀਂ ਉਠਦਾ।

UNSTARRED QUESTIONS AND ANSWERS

Power Consumer at Patiala

222. Sardar Dalip Singh Pandhi : Will the Chief Minister be pleased to state whether any domestic or industrial consumer at Patiala has been authorised/assured 24 hours power service by the Punjab State Electricity Board ; if so, the reasons therefor ?

Sardar Darbara Singh : The information is laid on the Table of the House. However, it is stated that there is no power cut/restriction on industrial, domestic and commercial consumers from the 1st March, 1982.

Original with;
Punjab Vidhan Sabha
Digitized by;
Panjab Digital Library

INFORMATION

Particulars of Domestic, Industrial and Commercial Consumers at Patiala who have been authorised/assured twenty-four hours Supply.

(A) Domestic Supply Consumers

Only one room of a house belonging to Shri Karam Singh, near Tuberculosis Hospital, Patiala through separate metre, because of dialysis need of the patient.

(B) Industrial Supply Consumers

(i) Indian Oil Depots.

(ii) Government Printing Press.

(iii) Ranjit Press.

(iv) Chardhi Kalan Press.

(C) Commercial Supply Consumers

(i) Government Medical College

(ii) Rajindra Hospital

iii) .Government Tuberculosis Hospital.

(iv) Mata Kaushlya Hospital.

(v) Thapar Engineering College.

(vi) Punjabi University.

(B) and (C) have been treated as essential industries/essential services. Hence they have been assured twenty-four hours power supply.

Maintenance/Completion of Roads/Bridges/Missing Links

225. Sardar Dalip Singh Pandhi : Will the Minister for Public Works be pleased to state —

(a) whether he held any meetings with the legislators of each district during the last two months for the better maintenance/completion of road/bridge/missing links in the State :

(b) whether the proceedings of the meeting mentioned in part (a) above were recorded in writing ; if so, the details of action ; if any, taken thereon ?

ਸਰਦਾਰ ਬੇਅੰਤ ਸਿੰਘ: (ੳ) ਹਾਂ ਜੀ ।

(ਅ) ਹਾਂ ਜੀ। ਮਾਨਯੋਗ ਮੈਂਬਰਾਂ ਵਲੋਂ ਦਿੱਤੇ ਗਏ ਵਿਚਾਰਾਂ ਨੂੰ 1982–83 ਦਾ ਪ੍ਰੋਗਰਾਮ ਬਨਾਉਣ ਵੇਲੇ ਧਿਆਨ ਵਿਚ ਰਖਿਆ ਜਾਵੇਗਾ ।

Amount of octroi due to the Municipal Committee, Bhatinda

223. Shri Surinder Kapur : Will the Minister for Local Government be pleased to state —

(a) whether any amount of octroi is due to the Municipal Committee, Bhatinda from the National Fertilizer Ltd., Bhatinda,

Original with;
Punjab Vidhan Sabha
Digitized by;
Panjab Digital Library

[Shri Surinder Kapur]

(b) if the reply to part (a) above is in the affirmative, the reasons for not recovering the said amount and the time by which the same is expected to be recovered ?

ਸ਼੍ਰੀ ਸਰਦਾਰੀ ਲਾਲ ਕਪੂਰ : (ਏ) ਹਾਂ ਜੀ।

(ਬੀ) ਅਦਾਲਤ ਨੇ ਚੁੰਗੀ ਦੀ ਵਸੂਲੀ ਬੰਦ ਕੀਤੀ ਹੋਈ ਹੈ ਜੇਕਰ ਅਦਾਲਤ ਨੇ ਨਗਰ-ਪਾਲਕਾ ਦੇ ਹੱਕ ਵਿਚ ਫੈਸਲਾ ਕਰ ਦਿੱਤਾ ਤਾਂ ਵਸੂਲੀ ਕਰ ਲਈ ਜਾਵੇਗੀ।

Construction of Railway Over Bridge at Bhatinda

224. Shri Surinder Kapur : Will the Minister for Public Works be pleased to state the total amount spent so far on the construction of Railway Over-bridge Bhatinda and the time by which the same is expected to be completed together with the present stage thereof ?

ਸਰਦਾਰ ਬੇਅੰਤ ਸਿੰਘ : : 5,18,296 ਰੁ ਜ਼ਮੀਨ ਪਰਾਪਤ ਕਰਨ ਲਈ ਲੈਂਡ ਐਕੁਜ਼ੇਸ਼ਨ ਐਕਟ, 1894 ਦੀ ਧਾਰਾ 4 ਅਤੇ 6 ਅਧੀਨ ਲੋੜੀਂਦੇ ਨੋਟੀਫਿਕੇਸ਼ਨ ਛਪਵਾ ਕੇ ਦਿੱਤੇ ਹਨ। ਪਰੰਤੂ ਪੈਸੇ ਨਾ ਹੋਣ ਕਾਰਣ ਅਵਾਰਡ ਨਹੀਂ ਸੁਣਾਇਆ ਗਿਆ। ਇਸ ਕੰਮ ਨੂੰ ਮੁਕੰਮਲ ਕਰਨ ਦੀ ਮਿਤੀ ਨਹੀਂ ਦੱਸੀ ਜਾ ਸਕਦੀ।

POINTS OF ORDER RE-DISALLOWING OF QUESTIONS

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੇਰੀ ਗੱਲ ਬੜੇ ਧਿਆਨ ਨਾਲ, ਪ੍ਰੇਮ ਨਾਲ, ਪਿਆਰ ਨਾਲ ਸੁਣ ਲਵੋ। ਤੁਸੀਂ ਇਹ ਮੰਨਦੇ ਹੋ ਕਿ ਸਾਨੂੰ ਇਥੇ ਲੋਕਾਂ ਨੇ ਚੁਣ ਕੇ ਭੇਜਿਆ ਹੈ। ਇਹ ਵੀ ਤੁਸੀਂ ਮੰਨਦੇ ਹੋ ਕਿ ਇਸ ਹਾਊਸ ਵਿਚ ਸਵਾਲ ਦੇ ਕੇ, ਮੋਸ਼ਨ ਦੇ ਕੇ, ਸਪੀਚਿਜ਼ ਦੇ ਕੇ, ਲੋਕਾਂ ਦੇ ਦੁੱਖ ਤਕਲੀਫ ਬਿਆਨ ਕਰਨੇ ਇਹ ਸਾਡੀ ਡਿਊਟੀ ਹੈ। ਮੈਨੂੰ ਇਹ ਵੀ ਪਤਾ ਹੈ ਕਿ ਤੁਸੀਂ ਮੈਨੂੰ ਕਹਿ ਦੇਣਾ ਹੈ ਕਿ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। ਸਪੀਕਰ ਸਾਹਿਬ, ਜੋ ਦੁੱਖ ਮੈਨੂੰ ਹੈ, ਉਹ ਮੇਰੇ ਸਾਰੇ ਭਰਾਵਾਂ ਦਾ ਕਾਮਨ ਹੈ। ਅਸੀਂ ਮਿਹਨਤ ਨਾਲ ਸਵਾਲ ਤਿਆਰ ਕਰਦੇ ਹਾਂ ਅੌਰ ਉਹ ਅਸੀਂ ਤੁਹਾਨੂੰ ਭੇਜਦੇ ਹਾਂ। ਸਵਾਲ ਭੇਜਣ ਦਾ ਮਤਲਬ ਇਹ ਹੁੰਦਾ ਹੈ ਕਿ ਲੋਕਾਂ ਦੇ ਜੋ ਕੰਮ ਰੁਕੇ ਹੋਏ ਹੁੰਦੇ ਹਨ, ਉਨ੍ਹਾਂ ਸਬੰਧੀ ਫਾਈਲਾਂ ਅਗੇ ਤੁਰ ਪੈਣ। ਲੋਕ ਕਹਿੰਦੇ ਹਨ ਕਿ ਜਦੋਂ ਤਕ ਚਾਂਦੀ ਦੇ ਪਹੀਏ ਨਾ ਲਗਣ-ਫਾਈਲ ਨਹੀਂ ਤੁਰਦੀ ਪਰ ਮੈਂ ਇਹ ਬੀਲੀਵ ਨਹੀਂ ਕਰਦਾ। ਮੈਂ ਸਮਝਦਾ ਹਾਂ ਕਿ ਅਗਰ ਕੋਈ ਮੈਂਬਰ ਮਿਹਨਤ ਕਰਦਾ ਹੈ ਤਾਂ ਉਸ ਦਾ ਕੁਐਸਚਨ ਜਿਹੜਾ ਹੁੰਦਾ ਹੈ ਉਹ ਫਾਈਲਾਂ ਅਗੇ ਤੋਰਦਾ ਹੈ। ਤੁਸੀਂ ਵੇਖਿਆ ਹੋਵੇਗਾ ਕਿ ਬਹੁਤ ਸਾਰੇ ਕੁਐਸਚਨ ਐਸੇ ਆਏ ਹਨ ਜਿਨ੍ਹਾਂ ਦਾ ਜਵਾਬ ਦੇਣ ਤੋਂ ਪਹਿਲਾਂ ਮਨਿਸਟਰ ਸਾਹਿਬ ਨੇ ਉਸ ਕੰਮ ਦੇ ਬਾਰੇ ਆਰਡਰ ਕੀਤੇ ਹਨ। ਕਈ ਵਾਰੀ ਮੰਤਰੀ ਜੀ ਵੱਲੋਂ 'ਯੈਸ' ਕਿਹਾ ਜਾਂਦਾ ਹੈ ਅੌਰ ਫਾਈਲ ਚਲ ਪੈਂਦੀ ਹੈ। ਇਹ ਮੇਰੇ ਪਾਸ ਥੱਬਾ ਸਵਾਲਾਂ ਦਾ ਹੈ ਜੋ ਮੈਨੂੰ ਵਾਪਿਸ ਮਿਲਿਆ ਹੈ। ਇਹ ਫਜ਼ੂਲ ਬਹਾਨੇ ਬਣਾਕੇ ਡਿਸਅਲਾਓ ਕੀਤੇ ਗਏ ਹਨ। ਮੈਂ ਤੁਹਾਡੀ ਸੇਵਾ ਵਿਚ ਇਹ ਥੱਦਾ ਫਿਰ ਵਾਪਿਸ ਭੇਜ ਰਿਹਾ ਹਾਂ। ਕਿਰਪਾ ਕਰਕੇ, ਵਿਚਾਰ ਕਰਕੇ, ਮੇਰੇ ਸਵਾਲ ਅਲਾਓ ਕੀਤੇ ਜਾਣ ਤਾਕਿ ਲੋਕ ਹਿੱਤਾਂ ਨੂੰ ਮੁੱਖ ਰਖ ਕੇ ਜੋ ਸਵਾਲ ਪੁੱਛੇ ਹਨ ਉਨ੍ਹਾਂ ਦਾ ਜਵਾਬ ਦਿੱਤਾ ਜਾਵੇ ਅੌਰ ਫਾਈਲਾਂ ਤੁਰ ਪੈਣ। ਉਹ ਗੱਲ ਜੋ ਕਹੀ ਜਾਂਦੀ ਹੈ ਕਿ ਚਾਂਦੀ ਦੇ ਪਹੀਆਂ ਦਾ ਨਾਲ ਫਾਈਲਾਂ ਤੁਰਦੀਆਂ ਹਨ, ਇਹ ਸਵਾਲਾਂ ਦਾ ਜਵਾਬ

Original with;
Punjab Vidhan Sabha
Digitized by;
Panjab Digital Library

ਦੇ ਕੇ ਇਹ ਸਾਬਤ ਕਰਨ ਕਿ ਸਵਾਲਾਂ ਦੇ ਪਹੀਆਂ ਨਾਲ ਫਾਈਲ ਤੁਰਦੀ ਹੈ। ਸਵਾਲ ਦੇਣ ਦਾ ਮੈਨੂੰ ਪ੍ਰਿਵਿਲਿਜ ਹੈ। ਪਰ ਆਫਿਸ ਦੀ ਨੀਤੀ ਹੈ ਕਿ ਸਵਾਲ ਦਾ ਝਟਕਾ ਕਰਨਾ ਹੈ ਅੌਰ ਸਰਕਾਰ ਨੂੰ ਜਵਾਬ ਨਹੀਂ ਦੇਣ ਦਿੰਦੇ। ਇਸ ਲਈ ਇਸ ਨੂੰ ਵਿਚਾਰ ਕੇ, ਸੋਧ ਕਰਕੇ, ਮੇਰੇ ਸਵਾਲ ਮਨਜ਼ੂਰ ਕੀਤੇ ਜਾਣ।

ਵਿੱਤ ਮੰਤਰੀ : ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਨੇ ਕੁਐਸਚਨਾਂ ਦੇ ਬਾਰੇ ਕਿਹਾ ਹੈ ਕਿ ਤੁਸੀਂ ਉਨਾਂ ਦੇ ਕੁਐਸਚਨ ਡਿਸਅਲਾਓ ਕੀਤੇ ਹਨ। ਸਪੀਕਰ ਸਾਹਿਬ, ਰੂਲਜ਼ ਆਫ ਪ੍ਰੋਸੀਜਰ ਐਂਡ ਕਾਂਡਕਟ ਆਫ ਬਿਜ਼ਨੈਸ ਦੇ ਮੁਤਾਬਿਕ ਸਵਾਲ ਐਡਮਿੱਟ ਕਰਨਾ ਜਾਂ ਨਾ ਐਡਮਿੱਟ ਕਰਨਾ, ਇਹ ਤੁਹਾਡਾ ਕੰਮ ਹੈ। ਤੁਸੀਂ ਹਾਊਸ ਦੇ ਕਸਟੋਡੀਆਨ ਹੋ। ਪਰ ਮਾਨਯੋਗ ਮੈਂਬਰ ਵੱਲੋਂ ਇਹ ਕਹਿਣਾ ਕਿ ਸਵਾਲਾਂ ਦਾ ਝਟਕਾ ਕਰ ਦਿੰਦੇ ਹੋ ਇਹ ਚੇਅਰ ਤੇ ਐਸਪਰਸ਼ਨ ਹੈ। ਮੈਂ ਸਮਝਦਾ ਹਾਂ ਕਿ ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ। ਝਟਕੇ ਵਾਲੀ ਕੋਈ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਤੁਹਾਡੇ ਵੱਲੋਂ ਬਾਕਾਇਦਾ ਸਵਾਲ ਨੂੰ ਅੈਗਜ਼ਾਮਿਨ ਕੀਤਾ ਜਾਂਦਾ ਹੈ। ਇਹ ਤੁਹਾਡੀ ਜ਼ਿਮੇਵਾਰੀ ਹੈ, ਗੌਰਮਿੰਟ ਦੀ ਜ਼ਿਮੇਵਾਰੀ ਨਹੀਂ ਹੈ। ਇਸ ਕਰਕੇ ਜੋ ਕੁਝ ਸਰਦਾਰ ਆਤਮਾ ਸਿੰਘ ਜੀ ਨੇ ਕਿਹਾ ਹੈ ਇਹ ਚੇਅਰ ਤੇ ਐਸਪਰਸ਼ਨ ਹੈ, ਇਸ ਨੂੰ ਐਕਸਪੰਜ ਕਰ ਦਿਓ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ ਜੀ ਖੜੇ ਹੋਏ)

Mr. Speaker : Please sit down ਮੈਂ ਜਵਾਬ ਦਿੰਦਾ ਹਾਂ। ਸਰਦਾਰ ਆਤਮਾ ਸਿੰਘ ਜੀ ਬੜੇ ਸਤਿਕਾਰਯੋਗ, ਮਾਨਯੋਗ ਮੈਂਬਰ ਹਨ। ਮੈਨੂੰ ਉਨ੍ਹਾਂ ਤੇ ਪੂਰਾ ਮਾਣ ਹੈ। ਜਿਹੜਾ ਇਨ੍ਹਾਂ ਨੇ ਪੁਆਇੰਟ ਰੇਜ਼ ਕੀਤਾ ਹੈ, ਮੈਂ ਉਸ ਦਾ ਜਵਾਬ ਦੇਣਾ ਮੁਨਾਸਿਬ ਸਮਝਿਆ ਹੈ ਅੌਰ ਮੈਂ ਇਨ੍ਹਾਂ ਦੀ ਤਸੱਲੀ ਜ਼ਰੂਰ ਕਰਵਾਵਾਂਗਾ। ਮੈਂ ਲਿਸਟ ਮੰਗ ਰਿਹਾ ਹਾਂ ਕਿ ਐਡਮਿਟਿਡ ਕੁਐਸਚਨਜ਼ ਕਿਤਨੇ ਬੈਲੈਂਸ ਹਨ ਜਿਹੜੇ ਕਿ ਹਾਊਸ ਵਿਚ ਅਜੇ ਆਉਣੇ ਹਨ। ਹਾਊਸ ਵਿਚ 20 ਸਟਾਰਡ ਕੁਐਸਚਨਜ਼ ਇਕ ਸਿਟਿੰਗ ਵਿਚ ਆ ਸਕਦੇ ਹਨ। ਜਿਤਨੀਆਂ ਹਾਊਸ ਦੀਆਂ ਸਿਟਿੰਗਜ਼ ਰਹਿਦੀਆਂ ਹਨ ਉਨ੍ਹਾਂ ਨੂੰ ਵੇਖਦਿਆਂ ਮੇਰਾ ਅੰਦਾਜ਼ਾ ਹੈ ਕਿ ਦੋ ਤਿੰਨ ਸੌ ਐਡਮਿੱਟਿਡ ਸਟਾਰਡ ਕੁਐਸਚਨਜ਼ ਬਚ ਜਾਣਗੇ ਜਿਹੜੇ ਕਿ ਅਨਸਟਾਰਡ ਕੁਐਸਚਨਜ਼ ਕਰਾਂਗੇ। ਮੈਂ ਕੋਸ਼ਿਸ਼ ਕਰਦਾ ਹਾਂ ਕਿ ਜਿਤਨੀਆਂ ਇਸ ਸੈਸ਼ਨ ਦੀਆਂ ਸਿਟਿੰਗਜ਼ ਹੁੰਦੀਆਂ ਹਨ ਉਨ੍ਹਾਂ ਲਈ ਵੱਧ ਤੋਂ ਵੱਧ ਸਵਾਲ ਐਡਮਿੱਟ ਕੀਤੇ ਜਾਣ। ਇਹ ਮੇਰੀ ਡਿਸ-ਕ੍ਰੀਸ਼ਨ ਹੈ ਇਹ ਵੇਖਣਾ ਕਿ ਕਿਹੜਾ ਪਬਲਿਕ ਇੰਪੋਰਟੈਂਸ ਦਾ ਸਵਾਲ ਹੈ। ਸੱਤ ਅੱਠ ਸੌ ਸਵਾਲ ਐਡਮਿੱਟ ਕੀਤੇ ਹੋਣਗੇ। ਜੇਕਰ ਸਾਰੇ ਸਵਾਲ ਐਡਮਿੱਟ ਕਰ ਲਵਾਂਗਾ ਤਾਂ ਉਹ ਅਨਸਟਾਰਡ ਸਵਾਲ ਹੀ ਰਹਿਣਗੇ। ਜਿਹੜੇ ਪਬਲਿਕ ਇੰਪੋਰਟੈਂਸ ਦੇ ਸਵਾਲ ਹਨ ਉਹ ਮੈਂ ਐਡਮਿੱਟ ਕਰ ਲਏ ਹਨ।

ਮਾਸਟਰ ਬਾਬੂ ਸਿੰਘ : ** ** **

ਸ਼੍ਰੀ ਸਪੀਕਰ : ਇਹ ਇੰਡੀਵਿਜੁਅਲ ਨੇਚਰ ਦਾ ਸਵਾਲ ਹੈ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਰਵਣ ਸਿੰਘ ਚੀਮਾ : ਪੀਕਰਸ ਸਾਹਿਬ, ਮੇਰੇ ਕੋਈ 18, 19 ਸਵਾਲ ਡਿਸਅਲਾਓ ਕਰਕੇ ਭੇਜ ਦਿੱਤੇ ਹਨ । ਜੇਕਰ ਕਹੋ ਤਾਂ ਮੈਂ ਤੁਹਾਡੇ ਚੈਂਬਰ ਵਿਚ ਇਹ ਸਵਾਲ ਲੈ ਆਉਂਦਾ ਹਾਂ ਫਿਰ ਤੁਸੀਂ ਜੋ ਹੁਕਮ ਕਰੋਗੇ ਠੀਕ ਹੈ। ਇਜਾਜ਼ਤ ਹੋਵੇ ਤਾਂ ਮੈਂ ਤੁਹਾਡੇ ਚੈਂਬਰ ਵਿਚ ਆ ਜਾਵਾਂ ?

ਸ਼੍ਰੀ ਸਪੀਕਰ : ਠੀਕ ਹੈ, ਤੁਸੀਂ ਚੈਂਬਰ ਵਿਚ ਆ ਜਾਣਾ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ : ਤੁਸੀਂ ਕਹਿ ਦਿੱਤਾ ਹੈ this is no point of order ਹਾਲਾਂ ਕਿ ਇਹ ਪੁਆਇੰਟ ਆਫ਼ ਆਰਡਰ ਹੈ । ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਲੋਕਾਂ ਦੀ ਜ਼ਿੰਦਗੀ ਦਾ ਸਵਾਲ ਹੈ, ਜੇ ਇਸ ਵਲ ਧਿਆਨ ਨਾ ਦਿੱਤਾ ਗਿਆ ਤਾਂ ਲੋਕ ਮਰ ਜਾਣਗੇ ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਬੜਾ ਇੰਪਾਰਟੈਂਟ ਮਸਲਾ ਕੁਐਸਚਨਜ਼ ਦੇ ਬਾਰੇ ਉਠਾਇਆ ਗਿਆ ਹੈ। ਜਿਹੜੇ ਕੁਐਸਚਨਜ਼ ਰਿਪਲਾਈ ਇਥੇ ਨਹੀਂ ਹੋ ਸਕਦੇ ਉਹ ਅਨਸਟਾਰਡ ਬਣ ਜਾਂਦੇ ਹਨ ਔਰ ਤੁਸੀਂ ਡਿਪਾਰਟਮੈਂਟ ਨੂੰ ਲਿਖ ਦਿੰਦੇ ਹੋ ਕਿ ਜਵਾਬ ਦੇ ਦਿੱਤਾ ਜਾਵੇ, ਪਰ ਜਵਾਬ ਨਹੀਂ ਆਉਂਦਾ । ਫਿਰ ਜਦੋਂ ਅਸੀਂ ਦੁਬਾਰਾ ਅਗਲੇ ਸੈਸ਼ਨ ਵਿਚ ਉਹ ਕੁਐਸਚਨ ਦਿੰਦੇ ਹਾਂ ਤਾਂ ਤੁਹਾਡੇ ਵਲੋਂ ਇਹ ਜਵਾਬ ਆ ਜਾਂਦਾ ਹੈ ਕਿ this question has already been admitted and has been referred to the Department. ਹੋਣਾ ਇਹ ਚਾਹੀਦਾ ਹੈ ਕਿ ਅਗਰ ਪਿਛਲੇ ਸੈਸ਼ਨ ਦੇ ਕਿਸੇ ਕੁਐਸਚਨ ਦਾ ਜਵਾਬ ਅਗਲੇ ਆਉਣ ਵਾਲੇ ਸੈਸ਼ਨ ਤਕ ਨਹੀਂ ਆਉਂਦਾ ਤਾਂ ਉਹ ਕੁਐਸਚਨ ਉਸ ਸੈਸ਼ਨ ਵਿਚ ਜ਼ਰੂਰ ਆ ਜਾਣਾ ਚਾਹੀਦਾ ਹੈ। ਇਸ ਲਈ ਇਸ ਦਾ ਇਸ ਢੰਗ ਨਾਲ ਤਰੀਕਾ ਬਣਾਉਣਾ ਚਾਹੀਦਾ ਹੈ ਕਿ ਪਿਛਲੇ ਸੈਸ਼ਨ ਦੇ ਸਵਾਲਾਂ ਦਾ ਅਗਲੇ ਸੈਸ਼ਨ ਤਕ ਜਵਾਬ ਆ ਜਾਵੇ, ਜੇ ਜਵਾਬ ਨਹੀਂ ਆਉਂਦਾ ਤਾਂ ਉਨ੍ਹਾਂ ਨੂੰ ਮੁੜ ਕੇ ਅਗਲੇ ਸੈਸ਼ਨ ਵਿਚ ਸਟਾਰਡ ਕੁਐਸਚਨ ਬਣਾਕੇ ਜਵਾਬ ਦਿੱਤਾ ਜਾਵੇ।

ਸ਼੍ਰੀ ਸਪੀਕਰ : ਇਹ ਮਾਮਲਾ ਮੈਂ ਸਰਕਾਰ ਨਾਲ ਟੇਕ ਅੱਪ ਕੀਤਾ ਹੋਇਆ ਹੈ ਔਰ 2—4 ਰੀਮਾਈਂਡਰਜ਼ ਵੀ ਦਿੱਤੇ ਹਨ । ਹੁਣ ਮੈਂ ਇਹ ਪੁਆਇੰਟ ਨੋਟ ਕਰ ਲਿਆ ਹੈ। ਰੂਲਜ਼ ਕਮੇਟੀ ਵਿਚ ਇਸਨੂੰ ਵੇਖ ਲਵਾਂਗੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਮਨਿਸਟਰ ਸਾਹਿਬ ਨੇ ਕਹਿ ਦਿਤਾ ਸੀ ਕਿ ਸਸਪੈਂਡ ਕੀਤਾ ਹੈ ।

ਵੈਦ ਕਰਤਾਰ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਕਾਲ ਅਟੈਨਸ਼ਨ ਮੋਸ਼ਨ ਚੇ ਦਿਓ।

ਵੈਦ ਕਰਤਾਰ ਸਿੰਘ : ** ** **

ਸ਼੍ਰੀ ਸਪੀਕਰ : ਤੁਸੀਂ ਬੈਠੋ। ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਸੁਰਿੰਦਰ ਕਪੂਰ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਚੰਦ ਸਿੰਘ: ** ** **

Mr. Speaker : It is no point of order.

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਾਹਿਬ, ਜ਼ੀਰੋ ਆਵਰ ਵਿਚ ਕੋਈ ਮਸਲਾ ਉਠਾਇਆ ਜਾਂਦਾ ਹੈ ਤਾਂ ਤੁਸੀਂ no point of order ਕਹਿ ਦਿੰਦੇ ਹੋ। ਮੇਰੀ ਬੇਨਤੀ ਹੈ ਕਿ ਪਹਿਲੇ ਸੁਣ ਲਿਆ ਕਰੋ ਫਿਰ ਕਿਹਾ ਕਰੋ। ਮੈਂ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ ਕਿ ਪੰਜਾਬ ਲੁੱਟਿਆ ਜਾ ਰਿਹਾ ਹੈ। ਇਕ ਪਾਸੇ ਤਾਂ ਸੀਮਿੰਟ ਦੀ ਪਾਲਿਸੀ ਡਿਕਲੇਅਰ ਨਹੀਂ ਕੀਤੀ ਜਾ ਰਹੀ ਅਤੇ ਦੂਜੇ ਪਾਸੇ ਸੀਮਿੰਟ ਖੁਲੀ ਮੰਡੀ ਵਿਚ 70 ਰੁਪਏ ਬੋਰਾ ਵਿਕ ਰਿਹਾ ਹੈ। ਕੰਟਰੋਲ ਰੇਟ ਤੇ ਸੀਮਿੰਟ ਜਿਹੜਾ ਦੇਣਾ ਹੈ ਉਸ ਦੀ ਕੀਮਤ ਦੀ ਲਿਸਟ ਕੋਈ ਨਹੀਂ ਦਿੱਤੀ। ਜਿਸ ਨਾਲ ਪੰਜਾਬ ਦਾ ਗਰੀਬ ਲੁੱਟਿਆ ਜਾ ਰਿਹਾ ਹੈ। ਇਸ ਲਈ ਸੀਮਿੰਟ ਦੇ ਡੀਲਰਾਂ ਦੀ ਚਾਂਦੀ ਬਣ ਰਹੀ ਹੈ। ਕੰਟਰੋਲ ਦੀ ਕੀਮਤ ਦੀ ਲਿਸਟ ਛੇਤੀ ਦਿੱਤੀ ਜਾਵੇ ਇਸ ਬਾਰੇ ਪੰਜਾਬ ਸਰਕਾਰ ਜ਼ਰੂਰ ਕੋਈ ਬਿਆਨ ਦੇਵੇ।

CALL ATTENTION NOTICES UNDER RULE 66

(*Serial No.* 140)

1. Comrade Saghar Singh
2. Comrade Buta Singh } : Sir, I beg to draw the attention of the Government towards a matter of urgent public importance, namely, large-scale discontinuation of the services of Masters/Teachers in the Sangrur District who have completed 89 days service very recently i.e. March, 1982.

This generates great discontent and resentment among those affected and will further affect the studies in the respective schools.

Keeping obvious importance of the matter in view the Minister-in-charge should make a statement in the House about the steps Government proposed to take to set the matter right.

ਸਰਦਾਰ ਦਲੀਪ ਸਿੰਘ ਪਾਂਧੀ: ** ** **

Mr. Speaker : Nothing to be recorded ਹਾਂ ਜੀ, ਮਨਿਸਟਰ ਸਾਹਿਬ ਜਵਾਬ ਦੇਣਗੇ।

ਵਿਦਿਆ ਮੰਤਰੀ: ਪਹਿਲੇ ਪਾਂਧੀ ਜੀ ਨੂੰ ਚੁੱਪ ਕਰਾਓ ਜੀ।

Mr. Speaker: Pandhi Sahib, please sit down.

** Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

ਵਿਦਿਆ ਮੰਤਰੀ: ਸਪੀਕਰ ਸਾਹਿਬ, ਤੁਸੀਂ ਪਾਂਧੀ ਸਾਹਿਬ ਨੂੰ ਚੁੱਪ ਕਰਾਓ। ਮੈਂ ਇਸ ਦਾ ਜਵਾਬ ਦੇ ਦਿੰਦਾ ਹਾਂ।

(ਇਸ ਸਮੇਂ ਵਿਦਿਆ ਮੰਤਰੀ ਨੇ ਜਵਾਬ ਪੜ੍ਹਨਾ ਸ਼ੁਰੂ ਕੀਤਾ) (ਵਿਘਨ) (ਸ਼ੋਰ)

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਤੁਹਾਨੂੰ ਕਪੂਰਥਲਾ ਹਾਊਸ ਵਿਚ ਕਮਰਾ ਨਹੀਂ ਲੈਣ ਦਿੱਤਾ ਗਿਆ। ਇਹ ਇਕ ਲੇਡੀ ਮੈਂਬਰ ਨੇ ਤੁਹਾਡੇ ਨਾਲ ਕੀਤਾ ਸੀ ਅਤੇ ਤੁਹਾਨੂੰ ਪੰਜਾਬ ਭਵਨ ਵਿਚ ਕਮਰਾ ਨਹੀਂ ਮਿਲਿਆ ਸੀ, ਤੇ ਤੁਸੀਂ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਵਾਈ ਸੀ।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਇੰਟਰਪਟ ਕਰ ਰਹੇ ਹੋ।

ਕਾਮਰੇਡ ਸੱਘੜ ਸਿੰਘ: ਸਪੀਕਰ ਸਾਹਿਬ, ਮਿਨਿਸਟਰ ਸਾਹਿਬ ਨੇ ਜੋ ਕੁਝ ਕਿਹਾ ਹੈ ਮੈਨੂੰ ਕੁਝ ਨਹੀਂ ਸੁਣਾਈ ਦੇ ਰਿਹਾ। ਤੁਸੀਂ ਪਾਂਧੀ ਸਾਹਿਬ ਨੂੰ ਚੁੱਪ ਕਰਾਓ ਅਤੇ ਇਨ੍ਹਾਂ ਦੀ ਗੱਲ ਸੁਣ ਲਵੋ। ਮੈਂ ਜਵਾਬ ਸੁਣ ਕੇ ਹੀ ਸਪਲੀਮੈਂਟਰੀ ਕਰ ਸਕਦਾ ਹਾਂ।

POINTS OF ORDER RE. ISSUANCE OF INSTRUCTIONS FOR SHOWING DUE COURTESY TO MEMBERS BY OFFICERS OF GOVERNMENT.

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਪਟਿਆਲੇ ਦੇ ਐਸ.ਐਸ.ਪੀ. ਨੇ ਮੇਰਾ ਰੈਸਟ ਹਾਊਸ ਵਿਚੋਂ ਸਾਮਾਨ ਬਾਹਰ ਸੁਟ ਦਿੱਤਾ। ਮੈਂ ਇਸ ਮੁਤੱਲਕ ਪ੍ਰਿਵਿਲਿਜ ਮੋਸ਼ਨ ਦਿੱਤੀ ਸੀ। ਉਸਨੂੰ ਤੁਸੀਂ ਪ੍ਰਿਵਿਲਿਜ ਕਮੇਟੀ ਨੂੰ ਰੈਫਰ ਕਰ ਦਿਓ। ਮੈਨੂੰ ਲਗਦਾ ਹੈ ਕਿ ਤੁਸੀਂ ਪੁਲਿਸ ਨਾਲ ਮਿਲੇ ਹੋਏ ਹੋ। ਤੁਸੀਂ ਮੇਰੇ ਰਾਈਟ ਨੂੰ ਪ੍ਰੋਟੈਕਟ ਕਰੋ।

Mr. Speaker : Mr. Pandhi, you are interrupting the business of the House. I do not allow you. (*Interruption*) (*Noise*).

Finance Minister : He (Sardar Dalip Singh Pandhi) is interrupting the proceedings of the House. He should be named.

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਰੂਲ ਕੋਟ ਕਰਕੇ ਆਪਣੀ ਪ੍ਰਿਵਿਲਿਜ ਮੋਸ਼ਨ ਦਿੱਤੀ ਸੀ ਜਿਸ ਨੂੰ ਤੁਸੀਂ ਰਿਜੈਕਟ ਕਰ ਦਿੱਤਾ ਹੈ। ਮੇਰੀ ਬੇਨਤੀ ਹੈ ਕਿ ਤੁਸੀਂ ਮੈਂਬਰਜ਼ ਦੇ ਰਾਈਟ ਨੂੰ ਪ੍ਰੋਟੈਕਟ ਕਰਨਾ ਹੈ। ਇਹ ਮਾਮਲਾ ਬੜਾ ਗੰਭੀਰ ਹੈ। ਇਸ ਮੈਟਰ ਨੂੰ ਤੁਸੀਂ ਪ੍ਰਿਵਿਲਿਜ ਕਮੇਟੀ ਨੂੰ ਰੈਫਰ ਕਰ ਦਿਓ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਹਾਊਸ ਵਿਚ ਡਾਕਟਰ ਸਾਹਿਬ ਤੁਹਾਨੂੰ ਹੇਠਾਂ ਬੈਠੇ ਡਾਇਰੈਕਸ਼ਨਾਂ ਦੇਈ ਜਾ ਰਹੇ ਹਨ ਕਿ ਪਾਂਧੀ ਸਾਹਿਬ ਨੂੰ ਨੇਮ ਕੀਤਾ ਜਾਵੇ। ਡਾਕਟਰ ਸਾਹਿਬ ਕੌਣ ਹੁੰਦੇ ਹਨ ਇਸ ਤਰ੍ਹਾਂ ਡਾਇਰੈਕਸ਼ਨਾਂ ਦੇਣ ਵਾਲੇ ?

ਸ਼੍ਰੀ ਸਪੀਕਰ: ਡਾਕਟਰ ਸਾਹਿਬ ਦੀ ਆਪਣੀ ਰਾਏ ਹੋ ਸਕਦੀ ਹੈ। ਮੈਂ ਕੋਈ ਪਾਂਧੀ ਸਾਹਿਬ ਨੂੰ ਨੇਮ ਤਾਂ ਨਹੀਂ ਕਰ ਦਿੱਤਾ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ: ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ ਇਕ ਮੈਂਬਰ ਇਸ ਹਾਊਸ ਦਾ ਇਕ ਲੱਖ ਤੋਂ ਵੱਧ ਲੋਕਾਂ ਨੂੰ ਰੀਪਰੀਜ਼ੈਂਟ ਕਰਦਾ ਹੈ ਅੱਗੇ ਲੋਕਾਂ ਨੇ ਚੁਣ ਕੇ ਉਸ ਨੂੰ ਇਥੇ ਭੇਜਿਆ ਹੈ। ਪਾਂਧੀ ਸਾਹਿਬ ਦੀ ਪ੍ਰਿਵਿਲਿਜ ਦਾ ਸਵਾਲ ਹੈ, ਉਨਾਂ ਨੂੰ ਇਹ

Original with;
Punjab Vidhan Sabha
Digitized by;
Panjab Digital Library

ਰਾਈਟ ਮਿਲਣਾ ਚਾਹੀਦਾ ਹੈ। ਹਰ ਮੈਂਬਰ, ਚਾਹੇ ਉਹ ਰੂਲਿੰਗ ਪਾਰਟੀ ਦਾ ਹੋਵੇ ਜਾਂ ਆਪੋਜ਼ੀਸ਼ਨ ਪਾਰਟੀ ਵਿਚ ਹੋਵੇ, ਉਸ ਨੂੰ ਉਸ ਦਾ ਪ੍ਰਿਵਿਲਿਜ ਦਾ ਰਾਈਟ ਮਿਲਣਾ ਚਾਹੀਦਾ ਹੈ । ਪਾਂਧੀ ਸਾਹਿਬ ਨੇ ਆਪਣੀ ਪ੍ਰਿਵਿਲਿਜ ਮੋਸ਼ਨ ਵਿਚ ਕਿਹਾ ਹੈ ਕਿ ਉਨ੍ਹਾਂ ਦਾ ਸਾਮਾਨ ਪਟਿਆਲੇ ਦੇ ਐਸ.ਐਸ.ਪੀ. ਨੇ ਰੈਸਟ ਹਾਊਸ ਵਿਚੋਂ ਉਠਾ ਕੇ ਬਾਹਰ ਸੁਟ ਦਿੱਤਾ। ਇਹ ਬੜਾ ਗੰਭੀਰ ਮਸਲਾ ਹੈ, ਇਸ ਨੂੰ ਪ੍ਰਿਵਿਲਿਜ ਕਮੇਟੀ ਨੂੰ ਰੈਫਰ ਕਰ ਦੇਣਾ ਚਾਹੀਦਾ ਹੈ। ਪਾਂਧੀ ਸਾਹਿਬ ਨੂੰ ਤੁਹਾਡੇ ਵਲੋਂ ਕੋਈ ਜਵਾਬ ਨਹੀਂ ਗਿਆ। ਤੁਸੀਂ ਇਸ ਦਾ ਜਵਾਬ ਦੇ ਦਿਓ ।

ਸ਼੍ਰੀ ਸਪੀਕਰ: ਮੈਂ ਫਾਈਲ ਮੰਗਵਾ ਕੇ ਦੇਖ ਲਵਾਂਗਾ ਅੌਰ ਜਵਾਬ ਦੇ ਦੇਵਾਂਗਾ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਤੁਸੀਂ ਸਾਰੇ ਮੈਂਬਰਜ਼ ਨੂੰ ਬੋਲਣ ਦ ਇਜਾਜ਼ਤ ਦਿੱਤੀ ਹੈ ਪਰ ਮੈਨੂੰ ਇਜਾਜ਼ਤ ਨਹੀਂ ਦਿੰਦੇ। ਤੁਸੀਂ ਮੇਰੇ ਨਾਲ ਵਿਤਕਰਾ ਕਰ ਰਹੇ ਹੋ। ਮੈਨੂੰ ਐਸ.ਐਸ.ਪੀ. ਨੇ ਬੇਦਖਲ ਕਰ ਦਿੱਤਾ ਹੈ। ਇਸੇ ਤਰ੍ਹਾਂ ਦਾ ਇਕ ਕੇਸ ਲੋਕ ਸਭਾ ਵਿਚ ਆਇਆ ਸੀ ਕਿ ਇਕ ਐਮ.ਪੀ. ਦੀ ਐਸ.ਪੀ. ਨੇ ਇਜੈਕਟਮੈਂਟ ਕੀਤੀ ਸੀ ਅੌਰ ਉਸ ਐਸ.ਪੀ. ਨੂੰ ਸਰਕਾਰ ਨੇ ਡਿਸਮਿਸ ਕਰ ਦਿੱਤਾ ਸੀ। ਤੁਸੀਂ ਸਾਡੇ ਸਾਂਝੇ ਸਪੀਕਰ ਹੋ। ਮੈਨੂੰ ਡਰ ਹੈ, ਤੁਸੀਂ ਮੈਨੂੰ ਪ੍ਰੋਟੈਕਟ ਕਰੋ। ਐਸ.ਐਸ.ਪੀ. ਚੀਫ ਮਨਿਸਟਰ ਦਾ ਮੁਤੱਬਨਾ ਬਣਿਆ ਹੋਇਆ ਹੈ। ....

ਸ਼੍ਰੀ ਸਪੀਕਰ: ਪਾਂਧੀ ਸਾਹਿਬ, ਤੁਹਾਡੀ ਹਵਾ ਵੱਲ ਕੋਈ ਨਹੀਂ ਤੱਕ ਸਕਦਾ । (ਵਿਘਨ) ਮੈਂ ਤੁਹਾਨੂੰ ਦੱਸ ਦੇਵਾਂਗਾ।

ਸਰਦਾਰ ਸ਼ਮਸ਼ੇਰ ਸਿੰਘ: ਸਪੀਕਰ ਸਾਹਿਬ, ਆਮ ਤੌਰ ਤੇ ਦਿੱਲੀ ਵਿਚ ਪੰਜਾਬ ਭਵਨ ਵਿਚ, ਮੈਂਬਰਜ਼ ਨੂੰ ਪਰੈਫਰੈਂਸ ਨਹੀਂ ਦਿੱਤੀ ਜਾਂਦੀ, ਕਮਰੇ ਨਹੀਂ ਦਿੱਤੇ ਜਾਂਦੇ ਅਤੇ ਅਫਸਰਾਂ ਨੂੰ ਪਰੈਫਰੈਂਸ ਦਿਤੀ ਜਾਂਦੀ ਹੈ। ਇਸੇ ਤਰ੍ਹਾਂ ਦੂਜੇ ਰੈਸਟ ਹਾਊਸਿਜ਼ ਵਿਚ ਐਮ. ਐਲ. ਏਜ਼ ਨੂੰ ਪਰੈਫਰੈਂਸ ਮਿਲਣੀ ਚਾਹੀਦੀ ਹੈ ਜਿਸ ਤਰ੍ਹਾਂ ਪਹਿਲੇ ਪਰੈਫਰੈਂਸ ਮਿਲਦੀ ਸੀ। ਤੁਸੀਂ ਇਸ ਮਾਮਲੇ ਨੂੰ ਸੀਰੀਅਸਲੀ ਟੇਕ ਅੱਪ ਕਰੋ ਅਤੇ ਆਪਣੀਆਂ ਹਦਾਇਤਾਂ ਜਾਰੀ ਕਰੋ ਕਿ ਚਾਹੇ ਪੰਜਾਬ ਭਵਨ ਹੋਵੇ ਜਾਂ ਰੈਸਟ ਹਾਊਸ ਹੋਵੇ, ਖਾਲੀ ਅਕਾਮੋਡੇਸ਼ਨ ਦੀ ਮੈਂਬਰਜ਼ ਨੂੰ ਪਰੈਫਰੈਂਸ ਮਿਲਣੀ ਚਾਹੀਦੀ ਹੈ।

ਸ਼੍ਰੀ ਸਪੀਕਰ: ਇਸ ਮਾਮਲੇ ਨੂੰ ਮੈਂ ਸਰਕਾਰ ਨਾਲ ਟੇਕ ਅਪ ਕੀਤਾ ਹੋਇਆ ਹੈ।

ਕਾਮਰੇਡ ਸੱਘੜ ਸਿੰਘ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦਾ ਜਵਾਬ ਰੌਲੇ ਵਿਚ ਸੁਣਿਆ ਨਹੀਂ ਹੈ। ਉਹ ਦੁਬਾਰਾ ਪੜ੍ਹ ਦੇਣ, ਮੈਂ ਸਪਲੀਮੈਂਟਰੀ ਕਰਨੀ ਹੈ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ: ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਤੁਹਾਡੇ ਸਪੀਕਰ ਬਣਨ ਤੋਂ ਬਾਅਦ ਇਕ ਗੌਰਮਿੰਟ ਵਲੋਂ ਚਿਠੀ ਇਸ਼ੂ ਹੋਈ ਹੈ ਜੋ ਕਿ ਹਰ ਇਕ ਐਮ.ਐਲ.ਏ. ਦੇ ਘਰ ਉਹ ਚਿਠੀ ਗਈ ਹੈ । ਉਹ ਚਿਠੀ ਅੰਗਰੇਜ਼ੀ ਵਿਚ ਲਿਖੀ ਗਈ ਹੈ ਅਤੇ ਪੰਜਾਬੀ ਵਿਚ ਨਹੀਂ ਲਿਖੀ ਗਈ। ਮੈਂ ਅੰਗਰੇਜ਼ੀ ਨਹੀਂ ਜਾਣਦਾ ਅੌਰ ਇਸ ਵਿਚ ਮੈਨੂੰ ਕੋਈ ਸ਼ਰਮ ਨਹੀਂ ਹੈ। ਮੈਂ ਉਹ ਅੰਗਰੇਜ਼ੀ ਦੀ ਚਿਠੀ ਕਿਸੇ ਕੋਲੋਂ ਪੜ੍ਹਾਈ ਹੈ । ਮੈਨੂੰ ਪਤਾ ਲਗਾ ਹੈ ਕਿ ਉਸ ਚਿੱਠੀ ਵਿਚ ਐਮ. ਐਲ. ਏ. ਨੂੰ ਬਹੁਤ ਉਚੀ ਥਾਂ ਦਿਤੀ ਗਈ ਹੈ। ਜੇਕਰ ਕੋਈ ਫੰਕਸ਼ਨ ਗੌਰਮਿੰਟ ਵਲੋਂ ਹੋਵੇਗਾ ਤਾਂ ਐਮ. ਐਲ. ਏ. ਨੂੰ ਲੈਫਟੀਨੈਂਟ ਜਨਰਲ ਦੇ ਬਰਾਬਰ ਕੁਰਸੀ ਦਿਤੀ ਜਾਵੇਗੀ। ਅਗਰ

Original with;
Punjab Vidhan Sabha
Digitized by;
Panjab Digital Library

[ਜ਼ੱਥੇਦਾਰ ਉਜਾਗਰ ਸਿੰਘ ਸੇਖਵਾਂ]

ਐਮ. ਐਲ. ਏ. ਅਫਸਰ ਨੂੰ ਕਿਸੇ ਦਫਤਰ ਵਿਚ ਮਿਲਣ ਲਈ ਜਾਂਦਾ ਹੈ ਤਾਂ ਅਫਸਰ ਆਪਣੀ ਸੀਟ ਤੋਂ ਉਠਕੇ ਦਰਵਾਜ਼ੇ ਤੇ ਆਕੇ ਐਮ. ਐਲ. ਏ. ਦਾ ਸਵਾਗਤ ਕਰੇਗਾ ਅਤੇ ਅੰਦਰ ਲਿਜਾਕੇ ਬਿਠਾਵੇਗਾ। ਉਸ ਤੋਂ ਬਾਅਦ ਅਫਸਰ ਉਸ ਐਮ. ਐਲ. ਏ. ਦੀ ਗਲ ਸੁਣੇਗਾ। ਇਸ ਤਰ੍ਹਾਂ ਦੀਆਂ ਤਕਰੀਬਨ , ਸਪੀਕਰ ਸਾਹਿਬ, 20 ਦੇ ਕਰੀਬ ਹਦਾਇਤਾਂ ਹਨ। ਇਸ ਲਈ ਤੁਸੀਂ ਇਨ੍ਹਾਂ ਹਦਾਇਤਾਂ ਤੇ ਆਪਣੀ ਨਿਗਾਹ ਤਾਂ ਜ਼ਰੂਰ ਇਕ ਵਾਰ ਮਾਰੋ; ਕਿਉਂਕਿ ਇਹ ਐਮ. ਐਲ. ਏ. ਦੀ ਇਜ਼ਤ ਦਾ ਸਵਾਲ ਹੈ। ਸੀ.ਐਮ. ਸਾਹਿਬ ਤਾਂ ਇਸ ਗਲ ਵਲ ਘਟ ਧਿਆਨ ਦੇਣਗੇ ਕਿਉਂਕਿ ਅਸੀਂ ਉਨ੍ਹਾਂ ਦੀ ਕੁਰਸੀ ਖੋਹਣਾ ਚਾਹੁੰਦੇ ਹਾਂ ਅੰਰ ਅਸੀਂ ਵੀ ਵਜ਼ੀਰ ਬਣਨਾ ਚਾਹੁੰਦੇ ਹਾਂ। ਇਸ ਲਈ, ਸਪੀਕਰ ਸਾਹਿਬ, ਤੁਸੀਂ ਹਾਊਸ ਦੀ ਸਰਪ੍ਰਸਤੀ ਕਰਨੀ ਹੈ। ਤੁਸੀ ਹਾਊਸ ਦੇ ਸਾਰੇ ਮੈਂਬਰਾਂ ਦਾ ਖਿਆਲ ਰਖਣਾ ਹੈ। ਮੈਂ, ਸਪੀਕਰ ਸਾਹਿਬ, ਤੁਹਾਨੂੰ ਰਿਕੁਐਸਟ ਕਰਦਾ ਹਾਂ ਕਿ ਤੁਸੀਂ ਇਨ੍ਹਾਂ ਇੰਸਟਰਕਸ਼ਨਜ਼ ਨੂੰ ਜ਼ਰੂਰ ਲਭਕੇ ਪੜ੍ਹੋ ਅਤੇ ਸਰਵੇ ਕਰਾਓ ਕਿ ਕੀ ਸਾਰੇ ਦਫਤਰਾਂ ਵਿਚ ਇਨ੍ਹਾਂ ਤੇ ਅਮਲ ਹੁੰਦਾ ਹੈ ਜਾਂ ਨਹੀਂ।

ਸਰਦਾਰ ਗੁਰਨੈਬ ਸਿੰਘ ਬਰਾੜ: ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਜੋ ਮਾਨਯੋਗ ਮੈਂਬਰ ਨੇ ਇਥੇ ਹਾਊਸ ਵਿਚ ਮਸਲਾ ਉਠਾਇਆ ਹੈ ਇਸ ਬਾਰੇ ਮੇਰੀ ਅਰਜ਼ ਹੈ ਕਿ ਪਾਰਲੀਮੈਂਟ ਵਿਚ ਇਕ ਸੈਮੀਨਾਰ ਹੋਇਆ ਸੀ ਅੰਰ ਮੈਨੂੰ ਉਥੇ ਜਾਣ ਦਾ ਮੌਕਾ ਵੀ ਮਿਲਿਆ ਸੀ। ਉਸ ਵੇਲੇ ਮੈਂ ਪ੍ਰਿਵਿਲਜ਼ ਕਮੇਟੀ ਦਾ ਮੈਂਬਰ ਸੀ । ਉਹ ਇੰਸਟਰਕਸ਼ਨਜ਼ ਉਥੋਂ ਲਿਆ ਕੇ ਇਸ ਕਮੇਟੀ ਵਿਚ ਪੇਸ਼ ਕੀਤੀਆਂ ਗਈਆਂ ਸਨ। ਇੰਸਟਰਕਸ਼ਨਜ਼ ਦਾ ਸਬਜੈਕਟ ਸੀ Privileges of the Legislators ਸਪੀਕਰ ਸਾਹਿਬ, ਉਹ ਸਾਰੀਆਂ ਇੰਸਟਰਕਸ਼ਨਜ਼ ਸਟਕੂਲੇਟ ਹੋ ਗਈਆਂ ਹਨ। ਉਨ੍ਹਾਂ ਇੰਸਟਰਕਸ਼ਨਜ਼ ਦੀ ਇੰਪਲੀਮੈਂਟੇਸ਼ਨ ਬਿਲਕੁਲ ਨਹੀਂ ਹੋ ਰਹੀ । ਉਨ੍ਹਾਂ ਇੰਸਟਰਕਸ਼ਨਜ਼ ਵਿਚ ਡਿਫਾਈਨ ਕੀਤਾ ਹੈ ਕਿ ਐਮ.ਐਲ.ਏ. ਨਾਲ ਕਿਸ ਤਰ੍ਹਾਂ ਬੀਹੇਵ ਕਰਨਾ ਹੈ । ਅਗਰ ਕੋਈ ਐਮ. ਐਲ. ਏ. ਕਿਸੇ ਅਫਸਰ ਕੋਲ ਜਾਂਦਾ ਹੈ ਤਾਂ ਅਫਸਰ ਉਸ ਦਾ ਸਵਾਗਤ ਗੇਟ ਤੇ ਆਕੇ ਕਰੇਗਾ। ਉਸ ਤੋਂ ਬਅਦ ਅਫਸਰ ਐਮ.ਐਲ.ਏ. ਦੀ ਗਲ ਸੁਣਨ ਤੋਂ ਬਅਦ ਗੇਟ ਤਕ ਛਡਣ ਆਵੇਗਾ । ਸਬੰਧਤ ਅਫਸਰ ਉਨ੍ਹਾਂ ਦਾ ਆਦਰਮਾਨ ਕਰੇਗਾ। ਉਨ੍ਹਾਂ ਇੰਸਟਰਕਸ਼ਨਜ਼ ਤੇ ਅਮਲ ਤਾਂ, ਸਪੀਕਰ ਸਾਹਿਬ, ਕੀ ਹੋਣਾ ਸੀ ਬਲਕਿ ਜਦੋਂ ਐਮ. ਐਲ. ਏ. ਕਿਸੇ ਅਫਸਰ ਕੋਲ ਜਾਂਦਾ ਹੈ ਤਾਂ ਐਮ. ਐਲ.ਏ. ਖੁਦ ਸਤਿਸ੍ਰੀ ਅਕਾਲ ਆਖਦਾ ਹੈ ਅਤੇ ਅਫਸਰ ਉਸ ਨੂੰ ਪਰਾਪਰਲੀ ਅਟੈਂਡ ਨਹੀਂ ਕਰਦਾ। ਇਹ ਬਹੁਤ ਹੀ ਮਾੜੀ ਗਲ ਹੈ। ਐਮ. ਐਲ. ਏ. ਦੇ ਨਾਲ ਪਬਲਿਕ ਹੁੰਦੀ ਹੈ ਅਤੇ ਇਸ ਤਰ੍ਹਾਂ ਐਮ.ਐਲ.ਏ. ਦੀ ਹਾਲਤ ਮਾੜੀ ਹੋ ਜਾਂਦੀ ਹੈ। ਅਫਸਰ ਟੈਲੀਫੂਨ ਤੇ ਵੀ ਪ੍ਰਾਪਰਲੀ ਐਮ. ਐਲ. ਏ. ਨੂੰ ਅਟੈਂਡ ਨਹੀਂ ਕਰਦੇ। You are the custodian of this House. You are the custodian of our rights and privileges. It is your duty that all the Members of the House are adequately treated. (Thumping).

ਸ਼੍ਰੀ ਸਪੀਕਰ: ਇਹ ਮਾਮਲਾ ਮੈਂ ਸਰਕਾਰ ਨਾਲ ਟੇਕ ਅੱਪ ਕਰਾਂਗਾ ।

ਪੰਡਿਤ ਸਰਵਣ ਰਾਮ: ** ** **

ਸ਼੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਥੇ ਹਾਊਸ ਵਿਚ ਬਹੁਤ ਸਾਰੀਆਂ ਗੱਲਾਂ ਹੋ ਚੁੱਕੀਆਂ ਹਨ ਕਿ ਐਮ. ਐਲ. ਏ. ਦੀ ਕੋਈ ਰਿਸਪੈਕਟ ਨਹੀਂ ਹੈ। ਸਪੀਕਰ ਸਾਹਿਬ, ਮੈਂ ਸ਼ਿਮਲੇ ਪਬਲਿਕ ਅ ਡਰਟੇਕਿੰਗਜ਼ ਕਮੇਟੀ ਨਾਲ ਗਿਆ ਸੀ, ਹੀਰੋ ਸਾਹਿਬ ਵੀ ਸਾਡੇ ਨਾਲ ਸਨ ਅਤੇ ਕਾਮਰੇਡ ਰਾਜ ਕੁਮਾਰ ਜੀ ਵੀ ਸਾਡੇ ਨਾਲ ਸਨ। ਉਥੇ ਜਾ ਕੇ ਸਾਨੂੰ ਸਿਰਫ ਇਕ ਕਮਰਾ ਮਿਲਿਆ ਅਤੇ ਅਸੀਂ ਦੋ-ਦੋ ਅਤੇ ਤਿੰਨ-ਤਿੰਨ ਐਮ. ਐਲ. ਏਜ਼, ਇਕੋ ਕਮਰੇ ਵਿਚ ਠਹਿਰੇ ਅਤੇ ਸਾਨੂੰ ਦੱਸਿਆ ਗਿਆ ਕਿ ਦੂਸਰੇ ਕਮਰਿਆਂ ਵਿਚ ਅਫਸਰ ਆਏ ਹੋਏ ਹਨ । ਦੂਸਰੇ ਕਮਰੇ ਅਫਸਰਾਂ ਨੂੰ ਅਲਾਟ ਹੋਏ ਹੋਏ ਹਨ । ਸਪੀਕਰ ਸਾਹਿਬ, ਜਦੋਂ ਅਸੀਂ ਪਤਾ ਕੀਤਾ ਤਾਂ ਪਤਾ ਲਗਾ ਕਿ ਉਥੇ ਕੋਈ ਅਫਸਰ ਨਹੀਂ ਆਇਆ ਹੋਇਆ ਸੀ ਬਲਕਿ ਅਫਸਰਾਂ ਦੇ ਰਿਸ਼ਤੇਦਾਰ ਕਈ ਕਈ ਦਿਨਾਂ ਤੋਂ ਉਥੇ ਬੈਠੇ ਸਨ। ਐਮ. ਐਲ. ਏ. ਸਾਹਿਬਾਨ ਤੋਂ ਤਾਂ ਦਸਤਖਤ ਕਰਵਾਏ ਜਾਂਦੇ ਹਨ ਪਰ ਅਫਸਰਾਂ ਦੇ ਰਿਸ਼ਤੇਦਾਰਾਂ ਤੋਂ ਕੋਈ ਦਸਤਖਤ ਨਹੀਂ ਕਰਵਾਏ ਜਾਂਦੇ ਅੋਰ ਕਿਸੇ ਦੀ ਉਨ੍ਹਾਂ ਨੂੰ ਕੁਝ ਕਹਿਣ ਦੀ ਜੁਰੱਅਤ ਤਕ ਨਹੀਂ ਪੈਂਦੀ। ਸਪੀਕਰ ਸਾਹਿਬ, ਐਮ. ਐਲ. ਏਜ਼. ਨਾਲ ਬਹੁਤ ਭੈੜਾ ਸਲੂਕ ਹੋ ਰਿਹਾ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਰਵੀ ਇੰਦਰ ਸਿੰਘ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਹ ਮਸਲਾ ਬੜਾ ਹੀ ਅਹਿਮ ਹੈ। ਐਮ. ਐਨ. ਏ. ਦੀ ਇੱਜ਼ਤ ਅਤੇ ਰਾਈਟਸ ਦਾ ਸਵਾਲ ਹੈ । ਤਕਰੀਬਨ ਸਾਰੇ ਹਾਊਸ ਦੇ ਮੈਂਬਰਾਂ ਦੇ ਮਨ ਵਿਚ ਇਹ ਚੀਜ਼ ਆਈ ਹੈ । ਤੁਸੀਂ ਹਰ ਇਕ ਸੈਕਸ਼ਨ ਦੀ ਓਪੀਨੀਅਨ ਸੁਣੀ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਨੂੰ ਗੁਜ਼ਾਰਿਸ਼ ਕਰਾਂਗਾ ਕਿ ਤੁਸੀਂ ਗੌਰਮਿੰਟ ਨੂੰ ਡਾਇਰੈਕਸ਼ਨ ਦਿਓ ਕਿ ਉਹ ਸਦਨ ਵਿਚ ਇਸ ਮਸਲੇ ਦਾ ਜਵਾਬ ਦੇਵੇ ਅਤੇ ਗੌਰਮਿੰਟ ਦਾ ਜਵਾਬ ਆਉਣ ਤੋਂ ਬਾਅਦ ਤੁਸੀਂ ਬਾਅਦ ਵਿਚ ਵਿਚਾਰ ਕਰ ਸਕਦੇ ਹੋ । ਤੁਸੀਂ ਜੋ ਮੁਨਾਸਿਬ ਸਮਝੋ, ਉਹ ਕਰਨਾ। ਬੇਸ਼ੱਕ ਤੁਸੀਂ ਹਾਊਸ ਦੇ ਮੈਂਬਰਾਂ ਦੀ ਇੱਕ ਕਮੇਟੀ ਬਣਾ ਦਿਓ ਜਿਹੜੀ ਇਸ ਗੱਲ ਦੀ ਪੜਤਾਲ ਕਰੇ It is incumbent upon the Government to answer about it.

Mr. Speaker : I am seized of this matter.

Finance Minister : Sir, I want to intervene. ਸਪੀਕਰ ਸਾਹਿਬ, ਇਸ ਸਦਨ ਵਿਚ ਮਾਨਯੋਗ ਮੈਂਬਰਾਂ ਨੇ ਸਵਾਲ ਉਠਾਇਆ ਹੈ ਕਿ ਇੱਕ ਲੈਟਰ ਤੁਹਾਡੇ ਵਲੋਂ ਇਸ਼ੂ ਹੋਇਆ ਹੈ ਪਰ ਉਸ ਵਿਚ ਜੋ ਹਦਾਇਤਾਂ ਹਨ, ਉਨ੍ਹਾਂ ਦੀ ਇੰਪਲੀ-ਮੈਂਟੇਸ਼ਨ ਨਹੀਂ ਹੋ ਰਹੀ। ਸਦਨ ਨੂੰ ਸਾਰੇ ਮੈਂਬਰਾਂ ਦਾ ਪੂਰਾ ਸਤਿਕਾਰ ਹੈ । ਐਮ. ਐਲ. ਏ. ਦਾ ਦਰਜਾ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਇਹ ਗੱਲ ਮੈਂ, ਸਪੀਕਰ ਸਾਹਿਬ, ਮੰਨਦਾ ਹਾਂ ਕਿ ਮੈਂਬਰਾਂ ਦਾ ਪੂਰਾ ਆਦਰ ਮਾਣ ਹੋਣਾ ਚਾਹੀਦਾ ਹੈ। ਮੈਂ, ਸਪੀਕਰ ਸਾਹਿਬ, ਇਹ ਵੀ ਮੰਨਦਾ ਹਾਂ ਕਿ ਕਿਤੇ ਕਿਤੇ ਅਫਸਰ ਵਲੋਂ ਲੈਟ ਡਾਊਨ ਕੀਤਾ ਗਿਆ ਹੋਵੇ । ਪਰ, ਸਪੀਕਰ ਸਾਹਿਬ, ਗੌਰਮਿੰਟ ਇਸ ਸਾਰੇ ਮਾਮਲੇ ਦੀ ਘੋਖ ਕਰੇਗੀ। ਅੰਦ ਮੈਂਬਰਾਂ ਦਾ ਮਾਣ, ਸਤਿਆਦਾ ਹਮੇਸ਼ਾਂ ਕਾਇਮ ਰਹੇਗਾ । ਜੋ ਉਨ੍ਹਾਂ ਦਾ ਪ੍ਰਟੋਕੋਲ ਹੈ ਉਹ ਕਦੇ ਵੀ ਨੀਵਾਂ ਨਹੀਂ ਹੋਣ ਦਿੱਤਾ ਜਾਏਗਾ । ਅਸੀਂ ਗੌਰਮਿੰਟ ਵਲੋਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[Finance Minister]

ਤੁਹਾਡੇ ਨਾਲ ਬੈਠ ਕੇ ਘੱਖ ਕਰਾਂਗੇ ਅੱਰ ਅੱਗੇ ਵਾਸਤੇ ਯਕੀਨ ਦਿਵਾਉਂਦਾ ਹਾਂ ਕਿ ਮੈਂਬਰਾਂ ਨੂੰ ਕੋਈ ਐਸੀ ਡਿਫੀਕਲਟੀ ਨਹੀਂ ਆਏਗੀ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਆਨ ਏ ਪੁਆਇੰਟ ਆਫ ਆਰਡਰ, ਸਰ ।

Mr. Speaker: No Point of Order. ਤੁਸੀਂ ਬੈਠੋ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਮੈਂ ਅੱਗੇ ਵੀ ਤੁਹਾਡੇ ਨੋਟਿਸ ਵਿਚ ਲਿਆਂਦਾ ਸੀ ਕਿ ਪਹਿਲਾਂ ਬੇਗਮ ਸਾਹਿਬਾ ਨੂੰ ਗੇਟ ਤੇ ਰੋਕਿਆ ਗਿਆ ਸੀ ਅੱਰ ਅੱਜ ਮਾਨਯੋਗ ਐਮ.ਪੀ. ਸ਼੍ਰੀ ਮਿੱਤਲ ਜੀ ਨੂੰ, ਜਿਨਾਂ ਨੇ 29 ਤਾਰੀਖ ਨੂੰ ਫਿਰ ਐਮ.ਪੀ. ਚੁਣਿਆ ਜਾਣਾ ਹੈ, ਵੀ ਰੋਕਿਆ ਗਿਆ ਹੈ (ਵਿਘਨ) ਅੱਗੇ ਤੁਸੀਂ ਇੱਕ ਚਿੱਠੀ ਲਿਖੀ ਸੀ ਕਿ ਮੈਂਬਰਾਂ ਨੂੰ ਨਾ ਰੋਕਿਆ ਜਾਵੇ। ਮੈਂ ਤੁਹਾਡਾ ਇਨ੍ਹਾਂ ਗਲਾਂ ਵਲ ਫਿਰ ਧਿਆਨ ਦਿਵਾਉਣਾ ਚਾਹੁੰਦਾ ਹਾਂ ।

ਸ਼੍ਰੀ ਸੰਤ ਰਾਮ ਸਿੰਗਲਾ : ਸਪੀਕਰ ਸਾਹਿਬ, ਮਿੱਤਲ ਸਾਹਿਬ ਤਾਂ ਹੁਣ ਵੀ ਐਮ. ਪੀ. ਹਨ । (ਵਿਘਨ)

ਸ਼੍ਰੀ ਸੁਰਿੰਦਰ ਕਪੂਰ : ਮੈਨੂੰ ਖੁਦ ਰੋਕਿਆ ਗਿਆ ਹੈ । (ਵਿਘਨ) ਅਸੀਂ ਐਮ. ਐਲ. ਏ. ਹਾਂ ਸਾਨੂੰ ਕਿਉਂ ਰੋਕਿਆ ਜਾਂਦਾ ਹੈ ।

ਸ਼੍ਰੀ ਸਪੀਕਰ : ਮੈਂ ਪਤਾ ਕਰ ਲਵਾਂਗਾ ।

ਸ਼੍ਰੀ ਸੰਤ ਰਾਮ ਸਿੰਗਲਾ: ** ** **

ਸ਼੍ਰੀ ਸਪੀਕਰ : ਮੈਂ ਤੁਹਾਨੂੰ ਅਲਾਓ ਨਹੀਂ ਕੀਤਾ। (ਵਿਘਨ)

ਸ਼੍ਰੀ ਸੰਤ ਰਾਮ ਸਿੰਗਲਾ : ** ** **

ਸ਼੍ਰੀ ਸਪੀਕਰ : ਮੈਂ ਤੁਹਾਨੂੰ ਅਲਾਓ ਨਹੀਂ ਕੀਤਾ।

ਵਿਦਿਆ ਮੰਤਰੀ: ਮੈਨੂੰ ਅਫਸੋਸ ਹੈ ਮੈਂ ਤੁਹਾਡੇ ਹੁਕਮ ਦੇ ਮੁਤਾਬਿਕ 15 ਦਫਾ ਉਠਿਆ ਹਾਂ ਅੱਰ 15 ਦਫਾ ਬੈਠਿਆ ਹਾਂ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਹਰਿਆਣਾ ਦਾ ਮੈਂਬਰ ਬਾਹਰ ਬੈਠਾ ਹੈ, ਉਸ ਦੀ ਪੜਤਾਲ ਕਰਨੀ ਚਾਹੀਦੀ ਹੈ । ਉਸ ਦੇ ਮੂਹ ਤੇ ਪੱਟੀ ਬੰਨ੍ਹੀ ਹੋਈ ਹੈ। (ਵਿਘਨ)

ਵਿਦਿਆ ਮੰਤਰੀ: ਬੜੀ ਬਾਤ ਹੈ ਅੱਰ ਛੋਟਾ ਮੂੰਹ ਹੈ। 15 ਦਫਾ ਮੈਂ ਉਠਿਆ ਹਾਂ ਅੱਰ 15 ਦਫਾ ਮੈਂ ਬੈਠਿਆ ਹਾਂ (ਵਿਘਨ)

ਸਰਦਾਰ ਆਤਮਾ ਸਿੰਘ: ਹਰਿਆਣਾ ਵਿਧਾਨ ਸਭਾ ਦਾ ਮੈਂਬਰ ਨੰਗਾ ਖੜਾ ਹੈ, ਜੇਕਰ ਸਰਦੀ ਨਾਲ ਉਹ ਮਰ ਗਿਆ ਤਾਂ ਸਾਡੇ ਸਿਰ ਤੇ ਉਸ ਦਾ ਖੂਨ ਪੈ ਜਾਣਾ ਹੈ । ਉਸ ਨੂੰ ਗਰਮ ਕਪੜੇ ਦਿਓ । (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

CALL ATTENTION NOTICES UNDER RULE 66 (*Resumption*)

ਸ਼੍ਰੀ ਸਪੀਕਰ : ਅਜਨਾਲਾ ਸਾਹਿਬ, ਤੁਸੀਂ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਪੜ੍ਹ ਦਿਓ।

ਵਿਦਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜਨਾਲਾ) : ਪੰਜਾਬ ਸਰਕਾਰ (ਮੁੱਖ ਸਕਤਰ, ਪੰਜਾਬ ਸਰਕਾਰ, ਪਰਸੋਨਲ ਪਾਲਿਸੀ ਸ਼ਾਖਾ) ਵਲੋਂ ਮਿਤੀ 7 ਅਕਤੂਬਰ, 1980 ਨੂੰ ਅਗਲੇਰੇ ਹੁਕਮਾਂ ਦੇ ਜਾਰੀ ਹੋਣ ਤਕ, ਖੁਲ੍ਹੇ ਆਮ ਰੋਜ਼ਗਾਰ ਦਫਤਰਾਂ ਅਤੇ ਕਿਸੇ ਹੋਰ ਵਿਧੀ ਨਾਲ ਤਦ-ਅਰਥ ਅਧਾਰ ਤੇ ਨਿਯੁਕਤੀ ਕਰਨ ਸਬੰਧੀ ਪਾਬੰਦੀ/ਰੋਕ ਲਗਾਈ ਗਈ ਸੀ। ਪਰੰਤੂ ਸਰਕਾਰ ਨੇ ਅਕਤੂਬਰ, 1981 ਵਿਚ ਫੈਸਲਾ ਕੀਤਾ ਕਿ ਵਿਦਿਅਕ ਸੈਸ਼ਨ ਦੇ ਸਿਖਰ ਤੇ ਹੋਣ ਕਾਰਨ, ਰਾਜ ਵਿਚ ਕੋਈ ਵੀ ਸਕੂਲ ਲੋੜੀਂਦੇ ਟੀਚਰਾਂ ਦੀ ਗਿਣਤੀ ਤੋਂ ਬਗੈਰ ਨਾ ਹੋਵੇ। ਇਸ ਤਰ੍ਹਾਂ ਟੀਚਰਾਂ ਦੀਆਂ ਖਾਲੀ ਆਸਾਮੀਆਂ ਨਿਰੋਲ ਤਦ-ਅਰਥ ਅਧਾਰ ਤੇ 89 ਦਿਨਾਂ ਲਈ ਭਰੀਆਂ ਗਈਆਂ ਸਨ । ਫਰਵਰੀ/ਮਾਰਚ, 1982 ਦੌਰਾਨ ਅਜਿਹੇ ਤਦ-ਅਰਥ ਅਸਾਮੀਆਂ ਤੇ 89 ਦਿਨਾਂ ਲਈ ਨਿਯੁਕਤ ਕੀਤੇ ਗਏ ਟੀਚਰਾਂ ਨੂੰ ਸੇਵਾ ਮੁਕਤ ਕਰਨਾ ਸ਼ੁਰੂ ਕਰ ਦਿੱਤਾ ਗਿਆ ਸੀ। ਜ਼ਿਲ੍ਹਾ ਸੰਗਰੂਰ ਵਿਚ ਵਧੇਰੇ ਗਿਣਤੀ ਵਿਚ ਟੀਚਰਾਂ ਦੀਆਂ ਸੇਵਾਵਾਂ ਸਮਾਪਤ ਨਹੀਂ ਕੀਤੀਆਂ ਗਈਆਂ ਸਨ ਕਿਉਂਜੋ ਕੇਵਲ 46 ਤਦ-ਅਰਥ ਆਧਾਰ ਤੇ ਲਗੇ ਟੀਚਰਾਂ, ਜਿਨ੍ਹਾਂ ਨੇ ਆਪਣੀ ਟਰਮ ਪੂਰੀ ਕਰ ਲਈ ਸੀ, ਨੂੰ ਹੀ ਸੇਵਾ ਮੁਕਤ ਕੀਤਾ ਗਿਆ ਸੀ, ਵਿਦਿਆਰਥੀਆਂ ਦੇ ਹਿੱਤ ਨੂੰ ਮੱਦੇਨਜ਼ਰ ਰਖਦੇ ਹੋਏ ਇਹ ਉਚਿਤ ਸਮਝਿਆ ਗਿਆ ਕਿ ਅਜਿਹੇ ਟੀਚਰਾਂ ਦੀਆਂ ਸੇਵਾਵਾਂ ਮਿਤੀ 31 ਮਾਰਚ, 1982 ਤਕ ਜਾਰੀ ਰਖੀਆਂ ਜਾਣ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਹੁਣ ਮਿਤੀ 5 ਮਾਰਚ, 1982 ਨੂੰ ਅਜਿਹੇ ਸਾਰੇ ਟੀਚਰਾਂ ਨੂੰ ਜਿਨ੍ਹਾਂ ਨੂੰ 89 ਦਿਨਾਂ ਦੀ ਟਰਮ ਪੂਰੀ ਕਰਨ ਉਪਰੰਤ ਫਰਵਰੀ/ਮਾਰਚ, 1982 ਵਿਚ ਸੇਵਾ ਮੁਕਤ ਕੀਤਾ ਗਿਆ ਸੀ, ਨੂੰ ਮਿਤੀ 31 ਮਾਰਚ, 1982 ਤਕ ਦੁਬਾਰਾ ਨਿਯੁਕਤ ਕਰਨ ਦੀ ਆਗਿਆ ਵੀ ਦਿੱਤੀ ਜਾ ਚੁਕੀ ਹੈ। ਸੰਗਰੂਰ ਜ਼ਿਲ੍ਹੇ ਵਿਚ ਸਭ ਵਰਗਾਂ ਦੇ ਤਦ-ਅਰਥ ਅਧਾਰ ਤੇ ਕੰਮ ਕਰ ਰਹੇ ਅਧਿਆਪਕਾਂ ਦੀ ਗਿਣਤੀ ਕੇਵਲ 169 ਹੈ।

1 ਅਕਤੂਬਰ, 1980 ਅਤੇ ਇਸ ਤੋਂ ਬਾਅਦ ਉਪਲਬਧ ਹੋਣ ਵਾਲੀਆਂ ਅਧਿਆਪਕਾਂ ਦੇ ਵੱਖ ਵੱਖ ਵਰਗਾਂ ਦੀਆਂ ਆਸਾਮੀਆਂ ਅਧੀਨ ਸੇਵਾਵਾਂ ਚੋਣ ਬੋਰਡ ਰਾਹੀਂ ਭਰੀਆਂ ਜਾਣੀਆਂ ਹਨ । ਬੋਰਡ ਨੂੰ ਅਸਾਮੀਆਂ ਪਹਿਲਾਂ ਹੀ ਅਧਿਸੂਚਤ ਕੀਤੀਆਂ ਜਾ ਚੁੱਕੀਆਂ ਹਨ ਅਤੇ ਇਹ ਘਟ ਤੋਂ ਘਟ ਸੰਭਵ ਸਮੇਂ ਵਿਚ ਯੋਗ ਉਪਲਬਧ ਉਮੀਦਵਾਰਾਂ ਦੀਆਂ ਸਿਫਾਰਸ਼ਾਂ ਕਰਨ ਲਈ ਖਾਸ ਤੌਰ ਤੇ ਬੇਨਤੀ ਕੀਤੀ ਜਾ ਚੁਕੀ ਹੈ। ਇਸ ਤਰਾਂ ਸਰਕਾਰ ਇਹ ਯੋਗ ਨਹੀਂ ਸਮਝਦੀ ਕਿ ਤਦ-ਅਰਥ ਆਧਾਰ ਤੇ ਕੀਤਾ ਪਰਬੰਧ ਮਿਤੀ 1 ਅਪ੍ਰੈਲ, 1982 ਤੋਂ ਅਗੇ ਵਧਾਇਆ ਜਾਵੇ, ਕਿਉਂ ਕਿ ਸਾਰੀਆਂ ਅਸਾਮੀਆਂ ਨਿਯਮਤ ਤੌਰ ਤੇ ਛੇਤੀ ਤੋਂ ਛੇਤੀ ਭਰ ਦਿਤੀਆਂ ਜਾਣਗੀਆਂ ।

ਕਾਮਰੇਡ ਸੱਘੜ ਸਿੰਘ : ਹੁਣ ਗੱਲ ਕੁਝ ਸਾਫ ਹੋਈ ਹੈ। ਜਿਵੇਂ ਮਨਿਸਟਰ ਸਾਹਿਬ ਨੇ ਦੱਸਿਆ ਹੈ, ਉਨਾਂ ਟੀਚਰਾਂ ਨੂੰ ਚਿੱਠੀਆਂ ਜਾ ਚੁਕੀਆਂ ਹਨ ਕਿ 31 ਮਾਰਚ, 1982 ਨੂੰ ਉਹ ਰਲੀਵ ਹੋ ਜਾਣਗੇ ਅੌਰ ਉਨਾਂ ਦਾ ਗੌਰਮਿੰਟ ਨਾਲ ਕੋਈ ਤੁਅਲਕ ਨਹੀਂ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਤਕ ਐਸ. ਐਸ. ਐਸ. ਬੋਰਡ ਵਲੋਂ ਇਹ ਆਸਾਮੀਆਂ ਨਾ ਭਰੀਆਂ ਜਾਣ ਉਨਾਂ ਚਿਰ ਤਕ ਇਨਾਂ ਨੂੰ ਰਲੀਵ ਨਾ ਕੀਤਾ ਜਾਏ । ਜੇਕਰ ਇਨ੍ਹਾਂ ਟੀਚਰਾਂ ਨੂੰ ਕਢਿਆ ਜਾਂਦਾ ਹੈ, ਜਿਨਾਂ ਦੀ ਤਾਦਾਦ ਤਕਰੀਬਨ 2,000 ਦੇ ਕਰੀਬ ਹੈ, ਇਸ ਨਾਲ ਇਕ ਤਾਂ ਬੱਚਿਆਂ ਦੀ ਪੜਾਈ ਦਾ ਨੁਕਸਾਨ ਹੋਏਗਾ ਅੌਰ ਦੂਜੇ ਇਨ੍ਹਾਂ ਦੇ ਮਨ ਵਿਚ ਆਏਗਾ ਕਿ ਇਨ੍ਹਾਂ ਨੂੰ ਨੌਕਰੀ ਤੋਂ ਕਢਿਆ ਜਾ ਰਿਹਾ ਹੈ । ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘਣ ਸਿੰਘ]

ਲਈ ਜਿੰਨਾਂ ਚਿਰ ਇਨ੍ਹਾਂ ਦੀ ਥਾਂ ਤੇ ਬੋਰਡ ਵਲੋਂ ਚੁਣੇ ਹੋਏ ਵਿਅਕਤੀ ਨਾ ਆ ਜਾਣ ਉਨੀ ਦੇਰ ਤਕ ਇਨ੍ਹਾਂ ਨੂੰ ਕਢਿਆ ਨਾ ਜਾਏ ।

ਵਿਦਿਆ ਮੰਤਰੀ : ਮੈਂ ਆਪਣੇ ਜਵਾਬ ਵਿਚ ਸਪਸ਼ਟ ਤੌਰ ਤੇ ਦਸ ਦਿਤਾ ਹੈ । ਨਾਰਮਲ ਤੌਰ ਤੇ ਐਡਹਾਕ ਐਪੁਆਇੰਟਮੈਂਟਸ ਬੰਦ ਕੀਤੀਆਂ ਗਈਆਂ ਸਨ । ਪਰ ਅਕੈਡਮਿਕ ਸੈਸ਼ਨ ਨੂੰ ਸਾਹਮਣੇ ਰਖਦੇ ਹੋਏ ਸੀ. ਐਮ. ਸਾਹਿਬ ਨੇ ਸਿਰਫ ਐਜੂਕੇਸ਼ਨ ਡਿਪਾਰਟਮੈਂਟ ਨੂੰ ਹੀ ਇਜਾਜ਼ਤ ਦਿਤੀ ਹੈ ਕਿ ਜਿੰਨੀਆਂ ਪੋਸਟਾਂ ਖਾਲੀ ਹਨ ਉਹ ਤਦ-ਅਰਥ ਅਧਾਰ ਤੇ ਭਰੀਆਂ ਜਾਣ। ਕੇਵਲ 89 ਦਿਨਾਂ ਲਈ ਇਸ ਤਰ੍ਹਾਂ ਕੀਤਾ ਗਿਆ ਸੀ। ਉਸ ਤੋਂ ਬਾਅਦ ਇਨ੍ਹਾਂ ਦੀਆਂ ਸਰਵਿਸਿਜ਼ ਟਰਮੀਨੇਟ ਹੋ ਜਾਣੀਆਂ ਸਨ। ਇਹ ਵੀ ਖਿਆਲ ਵਿਚ ਸੀ ਕਿ ਇਮਤਿਹਾਨ 31 ਮਾਰਚ ਤਕ ਚਲ ਦੇ ਹਨ। ਇਸ ਲਈ ਬਿਹਤਰ ਹੋਏਗਾ ਜੇਕਰ ਇਨ੍ਹਾਂ ਅਸਾਮੀਆਂ ਤੇ ਅਡਹਾਕ ਬੇਸਿਜ਼ ਤੇ 31 ਮਾਰਚ, 1982 ਤਕ ਟੀਚਰ ਰਖੇ ਜਾਣ । ਇਨ੍ਹਾਂ ਸਾਰਿਆਂ ਨੂੰ 31 ਮਾਰਚ, 1982 ਤਕ ਰਖਿਆ ਗਿਆ ਸੀ। ਉਸ ਤੋਂ ਬਾਅਦ ਇਮਤਿਹਾਨ ਖਤਮ ਹੋ ਜਾਣਗੇ ਅੌਰ ਨਵੀਆਂ ਕਲਾਸਿਜ਼ ਸ਼ੁਰੂ ਹੋ ਜਾਣੀਆਂ ਹਨ। ਇਸ ਲਈ ਅਸੀਂ ਸਮਝਦੇ ਹਾਂ ਕਿ 31 ਮਾਰਚ, 1982 ਤੋਂ ਬਾਅਦ ਇਨ੍ਹਾਂ ਦੀਆਂ ਸੇਵਾਵਾਂ ਦੀ ਲੋੜ ਨਹੀਂ ਹੈ। ਇਹ ਪੋਸਟਾਂ ਪੱਕੀਆਂ ਭਰਨ ਲਈ ਐਸ. ਐਸ. ਐਸ. ਬੋਰਡ ਨੂੰ ਅਗੇ ਹੀ ਲਿਖ ਦਿਤਾ ਗਿਆ ਹੈ । ਸਾਰੇ ਐਡਹਾਕ ਟੀਚਰਾਂ ਨੇ ਆਟੋਮੈਟੀਕਲੀ ਉਧਰ ਵੀ ਐਪਲਾਈ ਕੀਤਾ ਹੋਇਆ ਹੈ। They are receiving calls, they are being interviewed and decisions are going to be taken very shortly.

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਜਵਾਬ ਦੇਣ ਲਗੇ ਅਜੇ ਵੀ ਇਕ ਲਫਜ਼ ਛੱਡ ਗਏ ਹਨ। ਜੇ ਉਹ ਇਹ ਕਹਿ ਦੇਣ ਕਿ ਉਨ੍ਹਾਂ ਦੀ ਨੌਕਰੀ ਨੂੰ ਕੋਈ ਖਤਰਾ ਨਹੀਂ ਹੋਵੇਗਾ, ਉਨ੍ਹਾਂ ਨੂੰ ਇਹ ਯਕੀਨ ਦਿਵਾ ਦੇਣ ਕਿ ਉਨਾਂ ਨੂੰ ਅਗੇ ਵਾਸਤੇ ਨਵੇਂ ਸਿਰੇ ਤੋਂ ਰਖ ਲਿਆ ਜਾਵੇਗਾ ਤਾਂ ਉਨ੍ਹਾਂ ਦੇ ਸਿਰ ਤੇ ਜਿਹੜੀ ਖਤਰੇ ਦੀ ਤਲਵਾਰ ਲਟਕ ਰਹੀ ਹੈ ਉਹ ਹਟ ਜਾਵੇਗੀ ।

ਵਿਦਿਆ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਬੜਾ ਕਲੀਅਰ ਦੱਸਿਆ ਹੈ । ਮੈਂ ਹਾਊਸ ਵਿਚ ਕੋਈ ਗਲਤ ਐਲਾਨ ਨਹੀਂ ਕਰਨਾ ਚਾਹੁੰਦਾ ਜਿਸ ਉਤੇ ਸਰਕਾਰ ਪੂਰੀ ਨਾ ਉਤਰ ਸਕੇ । ਮੈਂ ਪਹਿਲਾਂ ਹੀ ਆਪਣੇ ਜਵਾਬ ਵਿਚ ਪੁਜ਼ੀਸ਼ਨ ਬੜੀ ਸਾਫ਼ ਕਰ ਦਿਤੀ ਹੈ ।

(ਕ੍ਰਮ ਨੰ: 142)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਰਾਜ ਵਿਚ ਰਾਣੀ ਖੇਤ ਨਾਲ ਖਤਰਨਾਕ ਬਿਮਾਰੀ ਨਾਲ ਮੁਰਗੀਆਂ ਮਰ ਗਈਆਂ ਹਨ ਤੇ ਰਾਜ ਚ' ਮੁਰਗੀਆਂ/ਚੂਚੇ ਮਰਨ ਨਾਲ ਬਹੁਤ ਨੁਕਸਾਨ ਹੋ ਰਿਹਾ ਹੈ। ਇਕੋ ਸਮੇਂ ਅਚਾਨਕ ਬਿਮਾਰੀ ਫੈਲਣ ਨਾਲ ਸਰਕਾਰ ਦੁਆਰਾ ਦਿਤੀ ਵੈਕਸੀਨ ਦਵਾਈ ਮੁਹੱਈਆ ਨਹੀਂ ਕਰ ਰਹੀ ਹੈ। ਉਹ ਵੀ ਘੱਟ ਹੀ ਉਪਲਬਧ ਹੋ ਰਹੀ ਹੈ । ਮੁਰਗੀ ਪਾਲਕ ਬਹੁਤ ਹੀ ਪ੍ਰੇਸ਼ਾਨ ਤੇ ਚਿੰਤਤ ਹਨ ਕਿ ਉਨਾਂ ਦੇ ਲਗ ਭਗ 4,00,000 ਜਾਨਵਰ ਮਰ ਗਏ ਹਨ । ਉਸ ਬਿਮਾਰੀ ਦਾ ਕਾਰਣ ਲਗਾਤਾਰ ਮੀਂਹ ਤੇ ਠੰਢ ਦੱਸਿਆ ਗਿਆ ਜਿਸ ਬਾਰੇ ਕਿ ਸਰਕਾਰ ਨੂੰ ਪਹਿਲਾਂ ਹੀ ਬਿਮਾਰੀ ਬਾਰੇ ਸੂਚਿਤ ਕਰ ਦਿਤਾ ਸੀ। ਪਰ ਸਮੇਂ ਤੇ ਠੀਕ ਪ੍ਰਬੰਧ ਨਾ ਹੋ ਸਕਿਆ ਅੌਰ ਘਟੀਆ ਦਵਾਈ ਹੋਰ ਵੀ ਮਾੜੂ ਸਿੱਧ ਹੋਈ । ਪਸ਼ੂ ਪਾਲਣ ਮੰਤਰੀ ਬਿਆਨ ਦੇਣ ।

Original with;
Punjab Vidhan Sabha
Digitized by;
Panjab Digital Library

ਉਪ ਮੰਤਰੀ, ਵਿਕਾਸ (ਸਰਦਾਰ ਉਜਾਗਰ ਸਿੰਘ) : ਜ਼ੀਰਕਪੁਰ, ਜਿਲ੍ਹਾ ਪਟਿਆਲਾ ਦੇ ਨੇੜੇ 1981 ਦੇ ਆਖਰੀ ਹਫਤੇ ਅਤੇ ਜਨਵਰੀ, 1982 ਦੇ ਪਹਿਲੇ ਹਫਤੇ ਦੇ ਵਿਚ ਨਵੀਂ ਪੋਲਟਰੀ ਫਾਰਮ, ਸ਼ਿਵਾਲਕ ਪੋਲਟਰੀ ਫਾਰਮ ਅਤੇ ਸੈਣੀ ਪੋਲਟਰੀ ਫਾਰਮ ਵਿਚ ਰਾਣੀ ਖੇਤ ਦੀ ਰੀਪੋਰਟ ਪ੍ਰਾਪਤ ਹੋਈ ਸੀ। ਪੰਜਾਬ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣੇ ਦੇ ਸੀਨੀਅਰ ਵੈਟਰਨਰੀ ਅਫਸਰ ਦੇ ਸਹਿਯੋਗ ਨਾਲ ਵਿਭਾਗ ਦੇ ਕਰਮਚਾਰੀਆਂ ਨੇ ਬੀਮਾਰੀ ਦੀ ਖੋਜ ਤੁਰੰਤ ਕੀਤੀ ਸੀ। ਰਾਣੀ ਖੇਤ ਬੀਮਾਰੀ ਦਾ ਕਾਰਨ ਸਰਦੀ ਅਤੇ ਬਾਰਸ਼ਾਂ ਨਹੀਂ ਸਨ। ਇਹ ਇਕ ਵਾਈਰਸ ਬੀਮਾਰੀ ਹੈ ਅਤੇ ਕਿਸੇ ਸਮੇਂ ਭੀ ਹੋ ਸਕਦੀ ਹੈ। ਬੀਮਾਰੀ ਉਪਰੰਤ ਇਨਾਂ ਸਾਰੇ ਜਾਨਵਰਾਂ (ਮੁਰਗੀਆਂ) ਨੂੰ ਟੀਕਾ ਲਾਇਆ ਗਿਆ ਸੀ। ਪੰਜਾਬ ਵੈਟਰਨਰੀ ਵੈਕਸੀਅਨ ਇਨਸਟੀਚਿਊਟ ਲੁਧਿਆਣਾ ਤੋਂ 1.50 ਲਖ ਖੁਰਾਕਾਂ ਪ੍ਰਾਪਤ ਕਰ ਕੇ ਇਹ ਟੀਕਾ ਲਾਇਆ ਗਿਆ ਸੀ। ਕੇਵਲ 900 ਬਰਡਜ਼ ਹੀ ਇਸ ਬੀਮਾਰੀ ਨਾਲ ਮਰੇ ਸਨ। ਰਾਣੀ ਖੇਤ ਬੀਮਾਰੀ ਦੀ ਰੀਪੋਰਟ ਰਾਜ ਦੇ ਕਿਸੇ ਹਿੱਸੇ ਵਿਚੋਂ ਵਿਭਾਗ ਵਿਚ ਪ੍ਰਾਪਤ ਨਹੀਂ ਹੋਈ।

2. ਰਾਜ ਵਿਚ ਪੰਜਾਬ ਵੈਟਰਨਰੀ ਵੈਕਸੀਅਨ ਇਨਸਟੀਚਿਊਟ, ਲੁਧਿਆਣਾ ਹੀ ਇਕ ਸੰਸਥਾ ਹੈ ਜੋ ਮਹਿਕਮੇਂ ਨੂੰ ਰਾਣੀ ਖੇਤ ਵੈਕਸੀਅਨ ਦਿੰਦੀ ਹੈ। ਤਕਰੀਬਨ 1.37 ਕਰੋੜ ਡੋਜ਼ਾਂ ਇਸ ਵੈਕਸੀਅਨ ਦੀਆਂ ਹਰ ਸਾਲ ਬਣਾਈਆਂ ਜਾਂਦੀਆਂ ਹਨ ਅਤੇ ਰਾਜ ਵਿਚ ਹੀ ਵਰਤੀਆਂ ਜਾਂਦੀਆਂ ਹਨ। ਇਸ ਵੈਕਸੀਅਨ ਨਾਲ ਜਿਨਾਂ ਜਾਨਵਰਾਂ ਨੂੰ ਟੀਕਾ ਲਗਾਇਆ ਗਿਆ ਸੀ ਉਨ੍ਹਾਂ ਨੂੰ ਰਾਣੀ ਖੇਤ ਦੀ ਬੀਮਾਰੀ ਨਹੀਂ ਹੋਈ। ਇਹ ਵੈਕਸੀਅਨ ਆਈ. ਐਸ. ਆਈ. ਸਪੈਸੀਫੀਕੇਸ਼ਨ ਦੀ ਬਣਾਈ ਜਾਂਦੀ ਹੈ ਅਤੇ ਇਸ ਦੀ ਕਵਾਲਿਟੀ ਚੰਗੀ ਹੋਣ ਕਾਰਨ ਦੂਜਿਆਂ ਰਾਜਾਂ ਤੋਂ ਵੀ ਇਸ ਦੀ ਮੰਗ ਕੀਤੀ ਜਾਂਦੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ: ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 900 ਚੂਚੇ ਮਰੇ ਹਨ ਪਰ ਮੈਂ ਕਹਿੰਦਾ ਹਾਂ ਕਿ 4 ਲੱਖ ਮਰੇ ਹਨ। ਇਹ ਜਿਹੜੀ ਵੈਕਸੀਅਨ ਦਵਾਈ ਹੈ ਇਹ ਐਡਲਟਰੇਟਿਡ ਹੈ ਅਤੇ ਨਾਕਸ ਹੈ। ਇਸ ਨਾਲ ਨੁਕਸਾਨ ਹੋਇਆ ਹੈ। ਇਹ ਦਵਾਈ ਨੂੰ ਠੀਕ ਕਰਨ ਤਾਂ ਕਿ ਲੋਕਾਂ ਨੂੰ ਠੀਕ ਦਵਾਈ ਮਿਲੇ। ਸਟੇਟ ਵਿਚ ਜਿੰਨੇ ਵੀ ਪੋਲਟਰੀ ਫਾਰਮ ਹਨ ਉਨ੍ਹਾਂ ਨੂੰ ਠੀਕ ਦਵਾਈ ਮਿਲਣੀ ਚਾਹੀਦੀ ਹੈ। ਜਿਹੜੀ ਐਡਲਟਰੇਟਿਡ ਦਵਾਈ ਹੈ, ਕੀ ਉਸ ਦੀ ਇਹ ਪੜਤਾਲ ਕਰਾਉਣਗੇ? ਕੀ ਅੱਗੇ ਤੋਂ ਇਸ ਦਾ ਠੀਕ ਪ੍ਰਬੰਧ ਕਰਨਗੇ?

ਉਪ ਮੰਤਰੀ, ਵਿਕਾਸ: ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਜਿਹੜੇ ਟੀਕੇ ਦਿਤੇ ਜਾਂਦੇ ਹਨ ਉਹ 2 ਪੈਸੇ ਦੇ ਹਿਸਾਬ ਨਾਲ ਦਿਤੇ ਜਾਂਦੇ ਹਨ। ਇਹ ਬਹੁਤ ਬੇਹਤਰੀਨ ਦਵਾਈ ਹੈ। ਇਹ ਪੋਲਟਰੀ ਫਾਰਮ ਦਾ ਜਿਹੜਾ ਕਿੱਤਾ ਹੈ ਇਹ ਘਰੇਲੂ ਦਸਤਕਾਰੀ ਹੈ ਅਤੇ ਇਹ ਗਰੀਬਾਂ ਵਾਸਤੇ ਚਲਾਇਆ ਗਿਆ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਗਰੀਬਾਂ ਦੇ ਚੂਚੇ ਨਹੀਂ ਮਰਨ ਦੇਵੇਗੀ ਅਤੇ ਅੱਛੀ ਤੋਂ ਅੱਛੀ ਦਵਾਈ ਸਪਲਾਈ ਕਰੇਗੀ। ਅਮੀਰਾਂ ਨੇ ਕਰੋੜਾਂ ਮੁਰਗੀਆਂ ਰਖੀਆਂ ਹੋਈਆਂ ਹਨ। ਉਹ ਪ੍ਰਾਈਵੇਟ ਦਵਾਈ ਲੈ ਆਉਂਦੇ ਹਨ ਅਤੇ ਉਹ ਸਰਕਾਰ ਦੀ ਦਵਾਈ ਨਹੀਂ ਖਰੀਦਦੇ ਜਿਸ ਨਾਲ ਉਨ੍ਹਾਂ ਦੀਆਂ ਮੁਰਗੀਆਂ ਮਰਦੀਆਂ ਹਨ। ਜੇ ਉਹ ਦਵਾਈ ਚੰਗੀ ਵਰਤਣ ਤਾਂ ਫਿਰ ਮੁਰਗੀਆਂ ਨਹੀਂ ਮਰਦੀਆਂ।

PRESENTATION OF REPORTS

(i) Committee on Public Accounts

Chairman, Public Accounts Committee (Shri Gopal Krishan Chatrath) : Sir, I beg to present—

(i) 45th Report of the Committee on Public Accounts on the Appropriation Accounts of the Government of Punjab for the

Original with;
Punjab Vidhan Sabha
Digitized by;
Panjab Digital Library

[Chairman, Public Accounts Committee]

year, 1977-78 and the Report of the Comptroller and Auditor General of India for the year, 1977-78 (Civil).

(ii) 46th Report of the Committee on Public Accounts on the Appropriation Accounts of the Government of Punjab for the year, 1978-79 and the Report of the Comptroller and Auditor-General of India for the year, 1978-79 (Civil).

(ii) Committee on Papers laid/to be laid on the Table

Chairman, Committee on Papers Laid/to be laid on the Table (Sardar Birdevinder Singh) : Sir, I beg to present the Second Report of the Committee on Papers Laid/to be laid on the Table for the year, 1981-82.

DISCUSSION AND VOTING OF DEMANDS FOR GRANTS FOR THE YEAR 1982-83

Mr. Speaker : There are two Demands for Grants which are to be discussed and voted upon. If the Hon. Members agree, these Demands may be deemed to have been read and moved and may be discussed together. Cut motion in respect of Demand No. 6 may also be deemed to have been read and moved.

(*Voices*: *yes, yes*)

Mr. Speaker : The Hon. Members while speaking, may indicate the Demand number on which they would like to raise discussion. At the end, I shall put the Demands and the Cut Motion one by one to the vote of the House.

Demand No. 6

That a sum not exceeding Rs 6,11,90,000 on Revenue Account be granted to the Governor to defray the charges that will come in course of payment for the year, 1982-83 in respect of Excise and Taxation.

Demand No. 16

That a sum not exceeding Rs 1,35,14,47,000 on Revenue Account be granted to the Governor to defray the charges that will come in course of payment for the year, 1982-83 in respect of Education.

Demand No. 6

(Excise and Taxation)

Sardar Dalip Singh Pandhi : That the demand be reduced by Re. 1

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਟਾਈਮ ਦੀ ਐਲੋਕੇਸ਼ਨ ਇਸ ਤਰ੍ਹਾਂ ਹੈ :--

ਕਾਂਗਰਸ (ਆਈ)	..	1 ਘੰਟਾ 20 ਮਿੰਟ।
ਸ਼੍ਰੋਮਣੀ ਅਕਾਲੀ ਦਲ (ਐਲ)	..	40 ਮਿੰਟ।
ਸੀ. ਪੀ. ਆਈ.	..	10 ਮਿੰਟ ।
ਸੀ. ਪੀ. ਆਈ. (ਐਮ)	..	5 ਮਿੰਟ ।
ਸ਼੍ਰੋਮਣੀ ਅਕਾਲੀ ਦਲ (ਟੀ)	..	5 ਮਿੰਟ।
ਕਮਿਊਨਿਸਟ ਪਾਰਟੀ (ਡਾਂਗੇ ਗਰੁੱਪ)	..	1 ਮਿੰਟ।
ਬੀ. ਜੇ. ਪੀ.	..	1 ਮਿੰਟ ।

ਹਾਂ, ਜੀ, ਮਾਨ ਸਾਹਿਬ, ਤੁਸੀਂ ਸ਼ੁਰੂ ਕਰੋ ।

ਸਰਦਾਰ ਨੱਥਾ ਸਿੰਘ ਦਾਲਮ: ਸਪੀਕਰ ਸਾਹਿਬ, ਸਾਡੀ ਪਾਰਟੀ ਦੇ ਦੋ ਸਪੀਕਰ 15-15 ਮਿੰਟ ਬੋਲਣਗੇ .. ..

ਸ਼੍ਰੀ ਸਪੀਕਰ: ਮਾਨ ਸਾਹਿਬ, ਤੁਸੀਂ ਸ਼ੁਰੂ ਕਰੋ ।

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ): ਸਪੀਕਰ ਸਾਹਿਬ, ਮੈਂ ਡੀਮਾਂਡ ਨੰ: 6, ਜਿਹੜੀ 6,11,90,000 ਰੁਪਏ ਦੀ ਹੈ ਅਤੇ ਜਿਸ ਦਾ ਸਬੰਧ ਆਬਕਾਰੀ ਅਤੇ ਕਰ ਨਾਲ ਹੈ, ਉਸ ਸਬੰਧ ਵਿਚ ਆਪਣਾ ਵਿਚਾਰ ਇਥੇ ਰੱਖਾਂਗਾ ।

10.59
ਪੂਰਵ ਦੁਪਹਿਰ

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਆਬਕਾਰੀ ਅਤੇ ਕਰ ਦੇ ਮਹਿਕਮੇ ਨੂੰ ਜੇ ਅਸੀਂ ਕਮਾਊ ਪੁੱਤ ਮਹਿਕਮਾ ਵੀ ਕਹਿ ਲਈਏ ਤਾਂ ਕੋਈ ਗਲਤ ਗੱਲ ਨਹੀਂ ਹੈ । ਇਸ ਕਮਾਊ ਪੁੱਤ ਮਹਿਕਮੇਂ ਵਿਚ ਦੋ ਨੰਬਰ ਦਾ ਕੰਮ ਹੈ । ਸੀ. ਐਮ. ਸਾਹਿਬ ਨੇ ਇਹ ਦੋ ਨੰਬਰ ਦਾ ਮਹਿਕਮਾ ਆਪਣੀ ਕੈਬਨਿਟ ਵਿਚ ਦੋ ਨੰਬਰ ਤੇ ਜਿਹੜਾ ਮਨਿਸਟਰ ਹੈ ਉਸ ਨੂੰ ਦਿਤਾ ਹੈ। ਜੇ ਦੇਖਿਆ ਜਾਵੇ ਤਾਂ, ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਤੋਂ 32% ਆਮਦਨ ਆਉਂਦੀ ਹੈ । ਸਟੇਟ ਐਕਸਾਈਜ਼ ਤੋਂ 14% ਆਮਦਨ ਆਉਂਦੀ ਹੈ । 1981-82 ਵਿਚ ਇਨਾਂ ਦੋਨਾਂ ਦੇ ਅੰਕੜੇ ਦੇਖੇ ਜਾਣ ਤਾਂ ਉਦੋਂ 2 ਅਰਬ 3 ਕਰੋੜ ਅਤੇ 76 ਲੱਖ ਰੁਪਏ ਦੀ ਆਮਦਨ ਹੋਈ ਸੀ । ਹੁਣ 1982-83 ਵਿਚ ਡਾਕਟਰ ਸਾਹਿਬ ਕਹਿੰਦੇ ਹਨ ਕਿ ਉਮੀਦ ਹੈ ਕਿ ਇਹ ਆਮਦਨ 2 ਅਰਬ 46 ਕਰੋੜ 80 ਲੱਖ ਰੁਪਏ ਹੋ ਜਾਣੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਇਸੇ ਤਰ੍ਹਾਂ ਹੀ ਐਕਸਾਈਜ਼ ਤੋਂ 1 ਅਰਬ 11 ਕਰੋੜ 70 ਲੱਖ ਰੁਪਏ ਦੀ ਆਮਦਨੀ ਆਉਣੀ ਹੈ। ਐਨਟਰਟੇਨਮੈਂਟ ਟੈਕਸ ਤੋਂ 11 ਕਰੋੜ 40 ਲੱਖ ਰੁਪਏ ਦੀ ਆਮਦਨੀ ਆਉਣੀ ਹੈ ਅਤੇ ਪੈਸੰਜਰ ਟੈਕਸ ਤੋਂ 36 ਕਰੋੜ 20 ਲੱਖ ਦੇ ਕਰੀਬ ਆਮਦਨੀ ਹੋਣੀ ਹੈ। ਜੇ ਡਿਪਟੀ ਸਪੀਕਰ ਸਾਹਿਬ, ਸਾਰਾ ਵੇਰਵਾ ਦੇਖ ਕੇ ਕੈਲਕੂਲੇਟ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਜਿੰਨਾਂ ਰੈਵੇਨਿਊ ਸਟੇਟ ਦਾ ਹੈ ਉਸ ਵਿੱਚ 50 ਤੋਂ ਜ਼ਿਆਦਾ ਇਸ ਮਹਿਕਮੇ ਨੇ ਅਰਨ ਕਰਨਾ ਹੈ। ਜੇ ਤਨਖਾਹਾਂ ਇਸ ਮਹਿਕਮੇ ਦੇ ਮੁਲਾਜ਼ਮਾਂ ਨੂੰ ਚੰਗੀਆਂ ਦਿੱਤੀਆਂ ਜਾਣ ਤਾਂ ਕੋਈ ਮਾੜੀ ਗਲ ਨਹੀਂ ਹੈ ਪਰ ਮੈਨੂੰ ਇਕ ਗਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਇਸ ਮਹਿਕਮੇ ਵਿੱਚ ਕੁਝ ਇਕ ਕਰਮਚਾਰੀਆਂ ਨੂੰ ਛੱਡ ਕੇ ਬਹੁਤਿਆਂ ਨੂੰ ਤਾਂ ਤਨਖਾਹ ਦੀ ਲੋੜ ਹੀ ਨਹੀਂ ਕਿਉਂਕਿ ਉਨ੍ਹਾਂ ਨੂੰ ਉਪਰੋਂ ਹੀ ਆਮਦਨੀ ਇਤਨੀ ਹੋ ਜਾਂਦੀ ਹੈ। ਇਹ ਉਪਰੋਂ ਆਮਦਨੀ ਵਾਲੀ ਵੀ ਮਾੜੀ ਗਲ ਹੈ। ਇਹ ਮਾੜੀ ਗਲ ਕਿਉਂ ਹੈ ? ਇਸ ਦੇ ਲਈ ਮੈਂ ਸਮਝਦਾ ਹਾਂ ਕਿ ਬੜੀ ਦੇਰ ਤਕ ਇਸ ਦੇਸ਼ ਵਿੱਚ ਅੰਗਰੇਜ਼ਾਂ ਦਾ ਰਾਜ ਰਿਹਾ ਅਤੇ ਇਹ ਸਾਡਾ ਦੇਸ਼ ਗੁਲਾਮ ਰਿਹਾ ਅੰਰ ਲੋਕ ਇਹ ਸਮਝਦੇ ਸੀ ਕਿ ਇਹ ਸਰਕਾਰ ਪਰਾਈ ਹੈ। ਉਸ ਦੇ ਬਾਅਦ ਦੇਸ਼ ਆਜ਼ਾਦ ਹੋ ਗਿਆ ਪਰ ਅਜੇ ਤਕ ਲੋਕਾਂ ਦੇ ਮਨ ਵਿਚ ਇਹ ਗਲ ਨਹੀਂ ਬੈਠ ਸਕੀ ਕਿ ਹੁਣ ਇਥੇ ਸਾਡੇ ਦੇਸ਼ ਵਿੱਚ ਜੋ ਰਾਜ ਹੈ ਉਹ ਸਾਡਾ ਆਪਣਾ ਹੈ, ਸਰਕਾਰ ਸਾਡੀ ਆਪਣੀ ਹੈ ਅੰਰ ਦੇਸ਼ ਦਾ ਜੋ ਪੈਸਾ ਹੈ ਉਹ ਸਾਡਾ ਆਪਣਾ ਹੈ। ਇਸ ਲਈ ਉਹ ਹਰ ਕੋਸ਼ਿਸ਼ ਕਰਦੇ ਹਨ ਕਿ ਕਿਸੇ ਨਾ ਕਿਸੇ ਤਰੀਕੇ ਰਾਹੀਂ ਸਰਕਾਰ ਨੂੰ ਜੋ ਪੈਸਾ ਦੇਣਾ ਹੈ ਟੈਕਸਾਂ ਰਾਹੀਂ, ਉਸ ਦੀ ਚੋਰੀ ਕੀਤੀ ਜਾਵੇ ਅੰਰ ਜਿਹੜੇ ਮੁਲਾਜ਼ਮ ਪਹਿਲਾਂ ਬਗਾਨੀ ਸਰਕਾਰ ਦੇ ਮੁਲਾਜ਼ਮ ਸਨ ਉਸ ਵੇਲੇ ਉਹ ਕੁਝ ਡਰਦੇ ਸੀ ਕਿ ਸਾਨੂੰ ਕਢ ਨਾ ਦਿੱਤਾ ਜਾਵੇ ਪਰ ਹੁਣ ਡੈਮੋਕਰੇਸੀ ਨੇ ਉਨ੍ਹਾਂ ਦੇ ਦਿਲ ਮਜ਼ਬੂਤ ਕਰ ਦਿੱਤੇ ਹਨ ਅਤੇ ਇਸ ਡੈਮੋਕਰੇਸੀ ਦੇ ਰਾਜ ਵਿੱਚ ਇਤਨੀ ਤਾਕਤਵਰ ਪਾਰਟੀ ਨਹੀਂ ਕਿ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰ ਸਕੇ। ਇਸ ਲਈ ਕੁਰੱਪਸ਼ਨ ਦਾ ਬੋਲ ਬਾਲਾ ਹੈ। ਕੁਰੱਪਸ਼ਨ ਦਾ ਕਾਰਨ ਇਹੀ ਹੈ। ਸੇਲਜ਼ ਟੈਕਸ 10% ਲਗਦਾ ਹੈ, ਇਸ ਦੇ ਨਾਲ ਆਮਦਨੀ ਵਿੱਚ ਡਾਇਰੈਕਟ ਵਾਧਾ ਹੁੰਦਾ ਹੈ ਪਰ ਉਸ ਵਿਚ ਚੋਰੀ ਹੁੰਦੀ ਹੈ ਅਤੇ ਬਿਨਾਂ ਕਿਸੇ ਸਟਾਕ, ਬਿਨਾਂ ਕਿਸੇ ਰਸੀਦ ਦੇ ਮਾਲ ਆਉਂਦਾ ਹੈ। ਇਹ ਜਿਹੜਾ 10% ਟੈਕਸ ਹੈ ਇਸ ਵਿੱਚ 6% ਸਟੇਟ ਦਾ ਹੈ ਅਤੇ 4% ਸੈਂਟਰ ਦਾ ਹੈ। ਇਹ ਵੇਚਣ ਵਾਲਾ ਪ੍ਰਚੇਜ਼ਰ ਤੋਂ ਵਸੂਲ ਕਰ ਲੈਂਦਾ ਹੈ। ਹੁਣ ਡਾਕਟਰ ਸਾਹਿਬ ਨੇ ਪ੍ਰੋਪੋਜ਼ਲ ਰੱਖ ਦਿੱਤੀ ਹੈ ਕਿ ਸੇਲਜ਼ ਟੈਕਸ ਵਿਚ 1% ਹੋਰ ਵਾਧਾ ਕਰ ਦੇਣਾ ਹੈ ਅੰਰ ਇਹ 6% ਦੀ ਬਜਾਏ 7% ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜਾ 1% ਦਾ ਵਾਧਾ ਹੈ ਇਹ ਗਰੀਬ ਲੋਕਾਂ ਤੇ ਭਾਰ ਪੈਣਾ ਹੈ, ਇਸ ਦੇ ਲਈ ਸਰਕਾਰ ਨੂੰ ਕਿਸੇ ਭੁਲੇਖੇ ਵਿੱਚ ਨਹੀਂ ਰਹਿਣਾ ਚਾਹੀਦਾ। ਸਾਡੇ ਪਾਸ ਹੋਰ ਕੋਈ ਸਾਧਨ ਵੀ ਨਹੀਂ ਹੈ। ਫਿਰ ਉਹੀ ਗਲ ਸੈਂਟਰ ਦੇ ਅਤੇ ਸਟੇਟਾਂ ਦੇ ਰਿਲੇਸ਼ਨ ਦੀ ਆ ਜ਼ਾਂਦੀ ਹੈ। ਸੂਬੇ ਦੀਆਂ ਸਰਕਾਰਾਂ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਮਰਜ਼ੀ ਨਾਲ ਟੈਕਸ ਲਾ ਸਕਦੀਆਂ ਹੋਣ। ਸਾਡੀ ਆਪਣੀ ਸਰਕਾਰ ਨੂੰ ਆਪਣੀ ਮਰਜ਼ੀ ਨਾਲ ਟੈਕਸ ਲਾਉਣ ਦਾ ਅਧਿਕਾਰ ਨਹੀਂ ਹੈ। ਜੇ ਸਾਡੀ ਸਰਕਾਰ ਨੂੰ ਆਪਣੀ ਮਰਜ਼ੀ ਨਾਲ ਟੈਕਸ ਲਾਉਣ ਦਾ ਅਧਿਕਾਰ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਇਹ ਟੈਕਸ ਲਾਉਣ ਦੀ ਲੋੜ ਨਹੀਂ ਹੈ। ਪ੍ਰਚੇਜ਼ ਟੈਕਸ ਜੋ ਹੈ ਉਸ ਤੇ ਵਾਧਾ, ਫੂਡ ਗਰੇਨਜ਼ ਤੇ 1% ਵਾਧੇ ਦੀਆਂ ਗਲਾਂ ਨਾ ਕਰਨ ਤਾਂ ਫਿਰ ਦਿੱਲੀ ਵਾਲੇ ਹਾਕਮ ਇਨ੍ਹਾਂ ਨੂੰ ਘੂਰਦੇ ਸਨ ਅਤੇ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਡਰ ਹੈ ਕਿ ਆਪਣੀ ਵਜ਼ੀਰੀ ਤੋਂ ਹੱਥ ਨਾ ਧੋਹ ਬੈਠਣ। ਸ਼੍ਰੋਮਣੀ ਅਕਾਲੀ ਦੱਲ ਨੇ ਅਨੰਦਪੁਰ ਸਾਹਿਬ ਵਿਚ ਰੈਜ਼ੋਲਿਊਸ਼ਨ ਕੀਤਾ ਹੈ ਕਿ ਸੂਬਿਆਂ ਨੂੰ ਹੋਰ ਅਧਿਕਾਰ ਦਿੱਤੇ ਜਾਣ, ਸੂਬੇ ਆਪਣੀ ਮਰਜ਼ੀ ਨਾਲ ਟੈਕਸ ਲਾ ਸਕਣ, ਆਪਣੀ ਮਰਜ਼ੀ ਨਾਲ ਯੋਜਨਾਂ ਬਣਾ ਸਕਣ। ਡਿਪਟੀ ਸਪੀਕਰ ਸਾਹਿਬ, ਰੈਵੇਨਿਊ ਅਕਾਊਂਟ ਜੋ ਹੈ ਉਸ ਵਿੱਚ ਜਿਹੜੀ ਟੈਕਸ ਦੀ ਕੁਲੈਕਸ਼ਨ ਹੈ ਉਸ ਵਿਚ

Original with;
Punjab Vidhan Sabha
Digitized by;
Panjab Digital Library

ਸੈਂਟਰਲ ਗੌਰਮਿੰਟ ਤੋਂ ਸਾਨੂੰ 13 ਪੈਸੇ ਰੁਪਏ ਪਿਛੇ ਮਿਲਦੇ ਹਨ ਅਤੇ ਗਰਾਂਟ-ਇਨ-ਏਡ ਦੇ 7 ਪੈਸੇ ਮਿਲਦੇ ਹਨ। ਸੈਂਟਰ ਦੀ ਸਰਕਾਰ ਆਪਣੀ ਮਰਜ਼ੀ ਨਾਲ ਇਹ ਪੈਸਾ ਸਾਨੂੰ ਦਿੰਦੀ ਹੈ। ਸਾਨੂੰ ਇਹ 13 ਪੈਸੇ ਦਿੰਦੀ ਹੈ ਅਤੇ ਕਿਸੇ ਸੂਬੇ ਨੂੰ 65 ਪੈਸੇ ਵੀ ਦਿੰਦੀ ਹੈ। ਜੇ ਇਸ ਵਿਚ ਸਾਡੀ ਮਰਜ਼ੀ ਹੋਵੇ ਤਾਂ ਅਸੀਂ ਸੈਂਟਰ ਦੀ ਸਰਕਾਰ ਨੂੰ ਫਾਰੇਨ ਅਫੇਅਰਜ਼ ਦੇ ਮਾਮਲਿਆਂ ਵਾਸਤੇ ਜਾਂ ਹੋਰ ਇਸ ਤਰ੍ਹਾਂ ਦੇ ਮਾਮਲਿਆਂ ਵਾਸਤੇ, ਕੰਮਾਂ ਵਾਸਤੇ 13 ਪੈਸੇ ਦੇਈਏ ਜਾਂ ਇਸ ਤੋਂ ਥੋੜਾ ਹੋਰ ਜ਼ਿਆਦਾ। ਜਿਥੇ ਇਸ ਵੇਲੇ 87 ਪੈਸੇ ਆਪ ਰਖਦੀ ਹੈ ਅਤੇ 13 ਪੈਸੇ ਸਾਨੂੰ ਦਿੰਦੀ ਹੈ ਉਥੇ ਸੈਂਟਰ ਨੂੰ ਅਸੀਂ 13 ਪੈਸੇ ਜਾਂ ਇਸ ਤੋਂ ਕੁਝ ਵੱਧ ਦੇਈਏ ਅਤੇ ਬਾਕੀ ਦੇ ਪੈਸੇ ਅਸੀਂ ਆਪ ਆਪਣੇ ਡਿਵੈਲਪਮੈਂਟ ਦੇ ਕੰਮਾਂ ਵਾਸਤੇ ਵਰਤੀਏ। ਇਸ ਲਈ ਇਨ੍ਹਾਂ ਗਲਾਂ ਨੂੰ ਵੇਖਦੇ ਹੋਏ ਸ਼੍ਰੋਮਣੀ ਅਕਾਲੀ ਦੱਲ ਨੇ ਜਿਹੜਾ ਅਨੰਦਪੁਰ ਸਾਹਿਬ ਵਿੱਚ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਉਸ ਦੀ ਇਨ੍ਹਾਂ ਨੂੰ ਪੂੜਤਾ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਅੰਕਸਾਈਜ਼ ਡਿਊਟੀ ਦੀ ਗਲ ਹੈ। ਸ਼ਰਾਬ ਦੇ ਠੇਕਿਆਂ ਤੋਂ ਬੜੀ ਆਮਦਨੀ ਹੈ। ਡਾਕਟਰ ਸਾਹਿਬ ਨੇ ਇਸ ਵਿੱਚ ਕੁਝ ਆਮਦਨੀ ਵਧਾਈ ਹੈ ਜਿਸ ਤੇ ਇਹ ਬੜੇ ਖੁਸ਼ ਹਨ। ਇਕ ਗਲ ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਿਸੇ ਵੀ ਅਦਾਰੇ ਨੂੰ ਇਤਨਾ ਜ਼ਿਆਦਾ ਆਮਦਨੀ ਦਾ ਸਾਧਨ ਨਹੀਂ ਬਣਾਉਣਾ ਚਾਹੀਦਾ ਜਿਸ ਨਾਲ ਇਹ ਗਲ ਹੋਵੇ ਕਿ ਇਥੇ ਦੇ ਲੋਕਾਂ ਨੂੰ ਲੁਟਿਆ ਜਾਵੇ। ਅੱਜ, ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖਿਆ ਹੈ ਕਿ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੋਈ ਹੈ। ਇਹ ਨਿਲਾਮੀ ਜਿਹੜੀ ਹੈ ਇਹ ਬੜੀ ਵਧ ਕੀਮਤ ਤੇ ਚਲੀ ਗਈ ਹੈ। ਤੁਸੀਂ ਦੇਖੋ ਕਿ ਸ਼ਰਾਬ ਦੀ ਬੋਤਲ 26 ਰੁਪਏ ਨੂੰ ਜੋ ਠੇਕੇਦਾਰ ਨੇ ਵੇਚਣੀ ਹੈ ਉਸ ਦੀ 32 ਰੁਪਏ ਤਕ ਦੀ ਨਿਲਾਮੀ ਹਾਰੀ ਹੋ ਗਈ ਹੈ। ਇਹ ਕਿਵੇਂ ਸੋਚਿਆ ਜਾ ਸਕਦਾ ਹੈ ਕਿ 6 ਰੁਪਏ ਘਾਟਾ ਪਾਕੇ ਠੇਕੇਦਾਰ ਸ਼ਰਾਬ ਦੀ ਬੋਤਲ ਵੇਚੇਗਾ। ਫਿਰ ਹੋਵੇਗਾ ਕੀ ? ਫਿਰ ਹੋਵੇਗਾ ਉਹੀ, ਡਿਪਟੀ ਸਪੀਕਰ ਸਾਹਿਬ, ਜਿਸ ਦਾ ਪ੍ਰਚਾਰ ਰੋਜ਼ ਅਖਬਾਰਾਂ ਵਿੱਚ ਆਉਂਦਾ ਹੈ ਕਿ ਅੱਜ ਫਲਾਣੀ ਥਾਂ ਤੇ ਸ਼ਰਾਬ ਨਾਲ ਇਤਨੇ ਬੰਦੇ ਮਰੇ, ਫਲਾਣੀ ਥਾਂ ਤੇ ਇਤਨੇ ਮਰੇ। ਉਹ ਸ਼ਰਾਬ ਵਿੱਚ ਮਿਲਾਵਟ ਕਰਕੇ ਵੇਚੇਗਾ, ਸਪਿਰਟ ਵੇਚੇਗਾ ਜਿਸ ਨਾਲ ਲੋਕਾਂ ਨੇ ਮਰਨਾ ਹੀ ਹੈ। ਫਿਰ ਜਿਹੜਾ ਡਿਸਟਿਲਰੀਆਂ ਤੋਂ ਸਰਕਾਰ ਨੇ ਟੈਕਸ ਲੈਣਾ ਹੈ ਉਹ ਵੀ ਪੈਸਾ ਘੱਟ ਆਉਣਾ ਹੈ। ਫਿਰ ਇਤਨੀ ਸ਼ਰਾਬ ਚੁੱਕੀ ਨਹੀਂ ਜਾਣੀ ਜਿਸ ਨਾਲ ਰੈਵੇਨਿਊ ਇਨ੍ਹਾਂ ਨੇ ਘੱਟ ਕਮਾਉਣਾ ਹੈ। ਸ਼ਰਾਬ ਦੋ ਨੰਬਰ ਦੀ ਵਿਕਣੀ ਹੈ ਅਤੇ ਉਸ ਨਾਲ ਵੀ ਸਟੇਟ ਨੂੰ ਬੜਾ ਭਾਰੀ ਨੁਕਸਾਨ ਹੋਵੇਗਾ। ਇਨ੍ਹਾਂ ਗਲਾਂ ਵਲ ਵੀ ਸਰਕਾਰ ਨੂੰ ਧਿਆਨ ਰੱਖਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਦਿਨ ਦੀ ਇਹ ਸਰਕਾਰ ਆਈ ਹੈ, ਸ਼ਰਾਬ ਵਿੱਚ ਕਾਫੀ ਮਿਲਾਵਟ ਹੋ ਰਹੀ ਹੈ ਅੌਰ ਸ਼ਰਾਬ ਦੇ ਠੇਕੇਦਾਰਾਂ ਨੂੰ ਇਜਾਜ਼ਤ ਦਿੱਤੀ ਹੋਈ ਹੈ ਕਿ ਉਹ ਅੰਗਰੇਜ਼ੀ ਸ਼ਰਾਬ ਵੇਚ ਸਕਦੇ ਹਨ ਅੌਰ ਜਿਸ ਤਰ੍ਹਾਂ ਅੰਗਰੇਜ਼ੀ ਸ਼ਰਾਬ ਵਿਕੀ ਹੈ ਉਹ ਸਾਰੇ ਪੰਜਾਬ ਦੇ ਲੋਕਾਂ ਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡੀ ਨਾਲਿਜ ਵਿੱਚ ਵੀ ਹੈ, ਇਸ ਲਈ ਕੋਈ ਇਸ ਦੇ ਬਾਰੇ ਜ਼ਿਆਦਾ ਦੱਸਣ ਦੀ ਲੋੜ ਨਹੀਂ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਪਾਸੇ ਵੀ ਸਰਕਾਰ ਨੂੰ ਜ਼ਰੂਰ ਧਿਆਨ ਕਰਨਾ ਚਾਹੀਦਾ ਹੈ। ਜੇ ਇਥੇ ਦੋ ਨੰਬਰ ਦੀ ਸ਼ਰਾਬ ਵਿਕੇਗੀ ਤਾਂ ਇਸ ਨਾਲ ਲੋਕ ਮਰਨਗੇ ਅਤੇ ਸਰਕਾਰ ਦੀ ਬਦਨਾਮੀ ਹੋਣੀ ਹੈ। ਜਿਥੇ ਸਰਕਾਰ ਦੀ ਬਦਨਾਮੀ ਹੋਣੀ ਹੈ ਉਥੇ ਸੂਬੇ ਦਾ ਵੀ ਬਹੁਤ ਜ਼ਿਆਦਾ ਨੁਕਸਾਨ ਹੋਣਾ ਹੈ। ਇਹ ਵੀ ਨਹੀਂ ਪਤਾ ਕਿ ਕਿਹੜੀ ਕੀਮਤੀ ਜਾਨ ਇਸ ਨਾਲ ਚਲੀ ਜਾਵੇ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਤਨੇ ਮਹਿੰਗੇ ਠੇਕੇ ਦਿੱਤੇ ਹਨ ਇਹ ਕੋਈ ਲਾਹੇਵੰਦ ਨਹੀਂ ਅਤੇ ਜੇ ਕੋਈ ਇਤਨੇ ਲਾਹੇਵੰਦ ਨਹੀਂ ਤਾਂ ਇਤਨੀ ਮਹਿੰਗੀ ਆਕਸ਼ਨ ਨਹੀਂ ਹੋਣ ਦੇਣੀ ਚਾਹੀਦੀ ਸੀ। ਸਰਕਾਰ ਨੂੰ ਇਸ ਪਾਸੇ ਵੀ ਸੋਚਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਅਫੀਮ ਦੇ ਠੇਕੇ ਹੁੰਦੇ ਸਨ। ਸਰਕਾਰ ਨੇ ਉਹ ਬੰਦ ਕਰ ਦਿੱਤੇ। ਮੈਂ ਵੀ ਇਸ ਗਲ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਹਮਾਇਤੀ ਹਾਂ ਕਿ ਸਟੇਟ ਵਿੱਚ ਅਫੀਮ ਦਾ ਕੀ, ਕੋਈ ਵੀ ਨਸ਼ਾ ਨਹੀ ਹੋਣਾ ਚਾਹੀਦਾ । ਸਾਰੇ ਨਸ਼ੇ ਬੰਦ ਹੋਣੇ ਚਾਹੀਦੇ ਹਨ। ਜੇ ਸਰਕਾਰ ਇਨ੍ਹਾਂ ਚੀਜ਼ਾਂ ਵਿੱਚ ਮਿਲਾਵਟ ਨਹੀਂ ਰੋਕ ਸਕਦੀ, ਸਮੱਗਲਿੰਗ ਨਹੀਂ ਰੋਕ ਸਕਦੀ ਤਾਂ ਫਿਰ ਇਸ ਨੂੰ ਬੰਦ ਕਰਨ ਦਾ ਕੋਈ ਫਾਇਦਾ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਹਜ਼ਾਰਾਂ ਕੁਇੰਟਲ ਅਫੀਮ ਬਾਰਡਰ ਤੋਂ ਇਥੇ ਆਉਂਦੀ ਹੈ ਅਤੇ ਲੋਕੀਂ ਖਾਂਦੇ ਹਨ। ਫਿਰ ਇਹ ਪਤਾ ਨਹੀਂ ਉਸ ਵਿੱਚ ਕੀ ਕੀ ਚੀਜ਼ ਮਿਲਾਉਂਦੇ ਹਨ ਅਤੇ ਮਹਿੰਗੇ ਭਾਅ ਵੀ ਮਿਲਦੀ ਹੈ। ਜੇ ਸਰਕਾਰ ਨੇ ਪਾਲਿਸੀ ਬਣਾ ਲਈ ਹੈ ਇਸ ਨੂੰ ਬੰਦ ਕਰਨ ਦੀ ਅਤੇ ਪ੍ਰਾਫਿਟ ਦਾ ਸੌਦਾ ਨਹੀਂ ਬਣਾਉਣਾ ਤਾਂ ਸਰਕਾਰ ਨੂੰ ਦਲੇਰੀ ਕਰਨੀ ਚਾਹੀਦੀ ਹੈ। ਤਾਂਕਿ ਉਸ ਤੋਂ ਆਮਦਨ ਹੋਵੇ ਅੱਰ ਜਿਹੜੀ ਲੁਟ-ਖਸੁਟ ਹੋ ਰਹੀ ਹੈ ਉਸ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ ਨਹੀਂ ਤਾਂ ਅਫੀਮ ਦੇ ਜਿਹੜਾ ਠੇਕਿਆਂ ਦਾ ਸਿਸਟਮ ਹੈ ਉਸ ਨੂੰ ਲਾਗੂ ਕੀਤਾ ਜਾਏ। ਅੱਜ ਠੇਕੇ ਮਹਿੰਗੇ ਵਿਕੇ ਹਨ, ਇਸ ਨਾਲ ਤਾਂ ਸਟੇਟ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਣਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਪੈਸੰਜਰ ਟੈਕਸ ਦੇ ਬਾਰੇ ਕਹਿਣੀ ਚਾਹੁੰਦਾ ਹਾਂ। ਪੈਸੰਜਰ ਟੈਕਸ ਸਾਡੀ ਆਮਦਨੀ ਦਾ ਇਕ ਸੋਮਾ ਹੈ। ਇਸੇ ਤਰ੍ਹਾਂ ਐਂਟਰਟੇਨਮੈਂਟ ਟੈਕਸ ਦੀ ਆਮਦਨੀ ਦਾ ਸੋਮਾ ਹੈ। ਇਨ੍ਹਾਂ ਦੋਹਾਂ ਟੈਕਸਾਂ ਵਿਚ ਬਹੁਤ ਜ਼ਿਆਦਾ ਚੋਰੀ ਹੁੰਦੀ ਹੈ। ਗੱਡੀਆਂ ਵਿਚ ਕਿੰਨਾਂ ਕਿੰਨਾਂ ਪੈਸੰਜਰ ਟੈਕਸ ਲਿਆ ਨਹੀਂ ਜਾਂਦਾ, ਕਈ ਅਦਾਦਿਆਂ ਤੋਂ ਉਗਰਾਹੀ ਨਹੀਂ ਕੀਤੀ ਜਾਂਦੀ। ਕਈ ਵਾਰੀ ਮਹਿਕਮੇ ਵਾਲਿਆਂ ਕੋਲ ਟਿਕਟਾਂ ਨਹੀਂ ਹੁੰਦੀਆਂ, ਉਦੋਂ ਇਕ ਸਰਟੀਫਿਕੇਟ ਦੇਣਾ ਪੈਂਦਾ ਹੈ ਕਿ ਸਾਡੀ ਇਤਨੀ ਇਨਕਮ ਹੋਈ, ਉਸ ਤੇ ਇਤਨਾ ਪੈਸੰਜਰ ਟੈਕਸ ਬਣਦਾ ਹੈ ਅੱਰ ਅਸੀਂ ਦੇਣਾ ਹੈ। ਇਹ ਪੈਸੰਜਰ ਟੈਕਸ ਏਰੀਅਰਜ਼ ਵਿਚ ਚਲਾ ਜਾਂਦਾ ਹੈ। ਇਕਟਾਂ ਉਤੇ ਹੀ ਪੈਸੰਜਰ ਟੈਕਸ ਛਪਣਾ ਚਾਹੀਦਾ ਹੈ। ਸਾਨੂੰ ਇਸ ਦੇ ਲਈ ਕੋਈ ਕਰੜਾ ਰਸਤਾ ਅਪਨਾਉਣਾ ਚਾਹੀਦਾ ਹੈ ਤਾਕਿ ਚੋਰੀ ਨਾ ਹੋਵੇ। ਐਂਟਰਟੇਨਮੈਂਟ ਟੈਕਸ ਵਿਚ ਜੋ ਦਾਲ ਹੈ ਉਸ ਬਾਰੇ ਮੈਂ ਪਹਿਲੇ ਹੀ ਅਰਜ਼ ਕਰ ਚੁਕਾ ਹਾਂ, ਉਸ ਵਲ ਧਿਆਨ ਦੇਣ ਦੀ ਲੋੜ ਹੈ। ਤੁਸੀਂ ਵੇਖੋ ਮਹਿਕਮੇ ਦਾ ਇਕ ਇਕ ਇਨਸਪੈਕਟਰ ਕਾਰ ਲਈ ਫਿਰਦਾ ਹੈ। ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ, ਸਾਨੂੰ ਕਾਰ ਮੇਨਟੇਨ ਕਰਨੀ ਮੁਸ਼ਕਲ ਹੈ। ਉਨ੍ਹਾਂ ਕੋਲ ਕੋਈ ਜਾਇਦਾਦ ਨਹੀਂ ਹੁੰਦੀ, ਉਨ੍ਹਾਂ ਕੋਲ ਨੌਕਰੀ ਤੋਂ ਸਿਵਾਏ ਆਮਦਨ ਦਾ ਹੋਰ ਕੋਈ ਸੋਮਾ ਨਹੀਂ। ਜਿਹੜਾ ਇਹੋ ਜਿਹਾ ਕੁਰੱਪਟ ਐਲੀਮੈਂਟ ਹੈ, ਉਸ ਦੇ ਖਿਲਾਫ ਐਕਸ਼ਨ ਲਿਆ ਜਾਣਾ ਚਾਹੀਦਾ ਹੈ। ਜੇ ਐਕਸ਼ਨ ਲਿਆ ਜਾਏਗਾ ਤਾਂ ਨਾਜਾਇਜ਼ ਸ਼ਰਾਬ ਬੰਦ ਹੋ ਜਾਏਗੀ ਅਤੇ ਸੇਲਜ਼ ਟੈਕਸ ਦੀ ਚੋਰੀ ਨਹੀਂ ਹੋਵੇਗੀ। ਸਰਕਾਰ ਇਨ੍ਹਾਂ ਗੱਲਾਂ ਵਲ ਜ਼ਰੂਰ ਧਿਆਨ ਦੇਵੇ ਤਾਕਿ ਲੋਕਾਂ ਨੂੰ ਲੁੱਟ ਤੋਂ ਬਚਾਇਆ ਜਾ ਸਕੇ। 1% ਜਿਹੜਾ ਸੇਲਜ਼ ਟੈਕਸ ਵਧਾਇਆ ਜਾ ਰਿਹਾ ਹੈ ਇਹ ਨਹੀਂ ਵਧਾਇਆ ਜਾਣਾ ਚਾਹੀਦਾ ਕਿਉਂਕਿ ਇਹ ਪੰਜਾਬ ਦੇ ਗਰੀਬ ਲੋਕਾਂ ਤੇ ਬਹੁਤ ਵੱਡਾ ਭਾਰ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ): ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਡਿਮਾਂਡ ਨੰ: 16 ਅਤੇ 6 ਉਤੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿਤਾ ਹੈ । ਡਿਮਾਂਡ ਨੰ: 16 ਐਜੂਕੇਸ਼ਨ ਦੀ ਹੈ ਜਿਸ ਵਿਚ 1,35,74,47,000 ਰੁਪਿਆ ਰਖਿਆ ਹੈ । ਇਸੇ ਤਰ੍ਹਾਂ ਡਿਮਾਂਡ ਨੂੰ 6 ਵਿਚ 6,11,90,000 ਰੁਪਿਆ ਰਖਿਆ ਹੈ । ਡਿਪਟੀ ਸਪੀਕਰ ਸਾਹਿਬ, ਵਰਤਮਾਨ ਸਿਖਿਆ ਪ੍ਰਣਾਲੀ ਕੋਈ ਅਜ਼ਾਦੀ ਤੋਂ ਬਾਦ ਦੀ ਦੇਣ ਨਹੀਂ ਬਲਕਿ

Original with;
Punjab Vidhan Sabha
Digitized by;
Panjab Digital Library

ਬਿਟਿਸ਼ ਦੇ ਜ਼ਮਾਨੇ ਵਿਚ ਲਾਰਡ ਵਿਲੀਅਮ ਮਾਊਂਟਬੈਟਨ ਨੇ ਦਿਤੀ ਸੀ ਅੱਤੇ ਲਾਰਡ ਮਕਾਲੇ ਨੇ ਇਹ ਸਿਸਟਮ ਭਾਰਤ ਵਿਚ ਚਾਲੂ ਕੀਤਾ ਸੀ। ਉਨ੍ਹਾਂ ਦਾ ਇਸ ਵਿਚ ਕੀ ਮਕਸਦ ਸੀ ਮੈਂ ਇਸ ਵਿਚ ਨਹੀਂ ਜਾਣਾ ਚਾਹੁੰਦਾ ਮਗਰ ਉਹ ਸਿਸਟਮ ਹਿੰਦੁਸਤਾਨ ਵਿਚ ਬੜੀ ਬੇਕਾਰੀ ਲਿਆਇਆ ਅੱਤੇ ਅਾਲ-ਮੋਟਲੀ ਆਜ਼ਾਦੀ ਤੋਂ ਬਾਦ ਜਦੋਂ ਐਜੂਕੇਸ਼ਨ ਸਿਸਟਮ ਤੇ ਘੋਖ ਕੀਤੀ ਗਈ ਤਾਂ ਬਹੁਤ ਸਾਰੀਆਂ ਤਬਦੀਲੀਆਂ ਦੀ ਲੋੜ ਪਈ। ਪਹਿਲਾਂ ਸਿਖਿਆ ਮਦਰਸਿਆਂ ਵਿਚ ਨਹੀਂ ਮੰਦਰਾਂ ਵਿਚ ਧਾਰਮਿਕ ਵਿਚਾਰ ਦੀ ਦਿਤੀ ਜਾਂਦੀ ਸੀ। ਇਨਸਾਨ ਦੀਆਂ ਜ਼ਰੂਰਤਾਂ ਅਨੁਸਾਰ ਇਸ ਦੀ ਜ਼ਰੂਰਤ ਵੀ ਵਧੀ, ਪਰ ਸਿਖਿਆ ਪ੍ਰਣਾਲੀ ਵਿਚ ਤਬਦੀਲੀ ਕਰਨ ਦੀ ਜ਼ਰੂਰਤ ਸੀ। ਸਾਡਾ ਦੇਸ਼ ਬਹੁਤ ਪੁਰਾਣਾ ਸੀ ਅਤੇ ਆਬਾਦੀ ਦੇ ਲਿਹਾਜ਼ ਨਾਲ ਵੀ ਬਹੁਤ ਵੱਡਾ ਸੀ ਪਰ ਇਥੇ ਆਉਣ ਜਾਣ ਦੇ ਸਾਧਨ ਬਹੁਤ ਘਟ ਸਨ, ਇਸ ਲਈ ਇਥੇ ਸਿਖਿਆ ਪ੍ਰਣਾਲੀ ਵਲ ਬਹੁਤ ਜ਼ਿਆਦਾ ਧਿਆਨ ਨਾ ਦਿਤਾ ਗਿਆ। ਆਜ਼ਾਦੀ ਤੋਂ ਬਾਅਦ ਖਾਸ ਕਰਕੇ ਬੇਸਿਕ ਐਜੂਕੇਸ਼ਨ ਪੜ੍ਹਾਈ, ਲਿਖਾਈ ਜਿਸ ਨੂੰ ਥਿਰੀ ਆਰ ਕਿਹਾ ਜਾਂਦਾ ਹੈ, ਸ਼ੁਰੂ ਕੀਤੀ, ਇਹ ਸੋਚ ਕੇ ਕਿ ਕੰਮ-ਅਜ਼-ਕੰਮ ਕੋਈ ਆਦਮੀ ਚਿੱਠੀ ਪੱਤਰ ਤਾਂ ਜ਼ਰੂਰ ਪੜ੍ਹ ਲਿਖ ਸਕੇ। ਇਹ ਪ੍ਰਾਇਮਰੀ ਸਿਖਿਆ ਸਾਡੇ ਪ੍ਰਦੇਸ਼ ਵਿਚ ਸ਼ੁਰੂ ਹੋਈ, ਅੱਜ ਅਸੀਂ ਗੌਰਵ ਨਾਲ ਕਹਿ ਸਕਦੇ ਹਾਂ ਕਿ ਤਮਾਮ ਪਿੰਡਾਂ ਵਿਚ ਇਕ ਇਕ ਪ੍ਰਾਇਮਰੀ ਸਕੂਲ ਹੈ ਤਾਂਕਿ ਛੋਟੇ ਬੱਚੇ ਜਿਹੜੇ ਹਨ ਉਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਛੋਟੀਆਂ ਮੋਟੀਆਂ ਚੀਜ਼ਾਂ ਸਿਖਾ ਸਕੀਏ। ਮੈਂ ਵਿਦਿਆ ਮੰਤਰੀ ਸਾਹਿਬ ਨੂੰ ਇਸ ਗਲ ਤੇ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਉਹ ਪ੍ਰਾਇਮਰੀ ਸਕੂਲ, ਜਿਨ੍ਹਾਂ ਦੀਆਂ ਇਮਾਰਤਾਂ ਨਹੀਂ ਸਨ, ਬੱਚੇ ਦਰਖਤਾਂ ਥਲੇ ਬੈਠਦੇ ਸਨ ਜਾਂ ਘਰੋਂ ਟਾਟ ਲੈ ਕੇ ਆਉਂਦੇ ਸਨ ਜਾਂ ਖਾਲੀ ਥਾਂ ਤੇ ਸਿਖਿਆ ਪ੍ਰਾਪਤ ਕਰਦੇ ਸਨ, ਉਨ੍ਹਾਂ ਦੀਆਂ ਇਮਾਰਤਾਂ ਵਾਸਤੇ ਇਕ ਕਰੋੜ ਰੁਪਿਆ ਦੇਣਾ ਨਿਸ਼ਚਿਤ ਕੀਤਾ ਹੈ ਤਾਕਿ ਉਨ੍ਹਾਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣ ਸਕਣ। ਇਹ ਵਾਕਈ ਬੜੀ ਕਰੈਡਿਟੇਬਲ ਗਲ ਹੈ। ਇਸ ਦੇ ਨਾਲ ਹੀ ਜਿਹੜੇ ਨਵੇਂ ਟਾਊਨਸ਼ਿਪਸ ਹਨ ਜਾਂ ਨਿਊ ਕਾਲੋਨੀਜ਼ ਹਨ ਜਿਹੜੀਆਂ ਕਿ ਨਵੀਆਂ ਡਿਵੈਲਪ ਹੋਈਆਂ ਹਨ ਉਨ੍ਹਾਂ ਵਿਚ 10 ਸਿੰਗਲ ਸਕੂਲ ਪਹਿਲਾਂ ਅਤੇ 10 ਬਾਦ ਵਿਚ ਦੇਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਮੰਤਰੀ ਜੀ ਨੇ ਬਹੁਤ ਸਾਰੇ ਸਕੂਲ ਅੱਪਗਰੇਡ ਕੀਤੇ ਹਨ। ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਅੱਤੇ ਉਹ ਵੀ ਲੋਕਾਂ ਦੀ ਜ਼ਰੂਰਤ ਦੇ ਮੁਤਾਬਕ। ਮਗਰ ਇਹ ਸਾਰੀਆਂ ਚੀਜ਼ਾਂ ਹੋਣ ਦੇ ਬਾਵਜੂਦ ਮੈਂ ਕਹਿੰਦਾ ਹਾਂ ਕਿ ਇਸ ਸਿਸਟਮ ਦੀ ਰੀਆਰਡੀਨੇਸ਼ਨ ਹੋਣੀ ਚਾਹੀਦੀ ਹੈ। ਜਿਥੇ ਆਬਾਦੀ ਵੱਧੀ ਹੈ ਉਸ ਦੇ ਨਾਲ ਐਜੂਕੇਸ਼ਨ ਅੱਚ ਅਨਇੰਪਲਾਇਮੈਂਟ ਨੂੰ ਦੂਰ ਕਰਨ ਵਾਸਤੇ ਕੋਆਰਡੀਨੇਸ਼ਨ ਚਾਹੀਦੀ ਹੈ ਅੱਤੇ ਇਹ ਸਭ ਤੋਂ ਵੱਡੀ ਗਲ ਹੈ ਜਿਹੜੀ ਕਿ ਸਿਖਿਆ ਮੰਤਰੀ ਜੀ ਨੇ ਮੰਨ ਕੇ ਕਿਹਾ ਹੈ ਕਿ ਸਕੂਲਾਂ ਵਿਚ ਵੋਕੇਸ਼ਨਲ ਐਜੂਕੇਸ਼ਨ ਦਿੱਤੀ ਜਾਏ ਕਿਉਂਕਿ ਇਹ ਜਿਹੜਾ ਮੌਜੂਦਾ ਸਿਸਟਮ ਹੈ ਇਹ ਸਿਵਾਏ ਬਾਬੂ ਬਣਾਉਣ ਦੇ ਕੋਈ ਲੰਬਾ ਚੋੜਾ ਕੰਮ ਨਹੀਂ ਦੇ ਸਕਿਆ। ਇਸ ਦੇ ਰਿਜ਼ਲਟਸ ਇਹ ਨਿਕਲੇ ਹਨ ਕਿ ਲੱਖਾਂ ਦੀ ਤਦਾਦ ਵਿਚ ਲੋਕ ਇਸ ਐਜੂਕੇਸ਼ਨ ਨੂੰ ਲੈ ਕੇ ਮੈਟ੍ਰਿਕ ਪਾਸ ਕਰਕੇ ਬੇਕਾਰ ਹੋਏ ਫਿਰਦੇ ਹਨ। ਇਸ ਚੀਜ਼ ਨੂੰ ਵੇਖਦੇ ਹੋਏ ਸਾਡੇ ਪ੍ਰਦੇਸ਼ ਵਿਚ ਉਨ੍ਹਾਂ ਨੇ ਵੋਕੇਸ਼ਨਲ ਐਜੂਕੇਸ਼ਨ ਸਿਸਟਮ ਜਾਰੀ ਕੀਤਾ ਹੈ ਜਿਸ ਨੂੰ ਜਾਬ ਓਰੀਐਂਟਿਡ ਕਿਹਾ ਜਾਂਦਾ ਹੈ। 1980-81 ਵਿਚ ਪਹਿਲਾਂ ਅਜਿਹੇ 100 ਸਕੂਲਾਂ, ਫਿਰ 1981-82 ਵਿਚ 150 ਅੱਤੇ ਹੁਣ 250 ਸਕੂਲ ਚਲ ਰਹੇ ਹਨ। ਇਸ ਤਰ੍ਹਾਂ 250 ਸਕੂਲਾਂ ਵਿਚ ਇਹ ਸਿਸਟਮ ਇੰਟਰੋਡਿਊਸ ਕੀਤਾ ਗਿਆ ਹੈ। ਇਨ੍ਹਾਂ ਵਿਚ ਬੱਚਿਆਂ ਨੂੰ ਟੈਕਨੀਕਲ ਐਜੂਕੇਸ਼ਨ ਦਿੱਤੀ ਜਾਂਦੀ ਹੈ ਜਿਸ ਤਰ੍ਹਾਂ ਵੈਲਡਿੰਗ, ਸਮਿਥੀ, ਟਾਈਪਰਾਈਟਿੰਗ, ਰੈਫਰੀਜਰੇਸ਼ਨ ਅਤੇ ਇਸ ਤਰ੍ਹਾਂ ਦੀਆਂ ਹੋਰ ਛੋਟੀਆਂ ਛੋਟੀਆਂ ਚੀਜ਼ਾਂ ਬਾਰੇ ਐਜੂਕੇਸ਼ਨ ਦਿਤੀ ਜਾਂਦੀ ਹੈ ਤਾਕਿ ਜਿਹੜੇ ਬੱਚੇ ਮੈਟ੍ਰਿਕ ਪਾਸ ਕਰ ਲੈਣ ਉਨ੍ਹਾਂ ਨੂੰ ਨੌਕਰੀ ਦੀ ਤਲਾਸ਼ ਵਿਚ ਨਾ ਜਾਣਾ ਪਏ, ਉਹ ਆਪਣੇ ਥੋੜੇ ਬਹੁਤ ਪੈਸੇ ਲਗਾ ਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ। ਇਸ ਦੇ ਨਾਲ ਹੀ ਕੈਰੀਅਰ ਵਿੰਗ ਇਨ ਗੌਰਮਿੰਟ ਕਾਲਜਿਜ਼ ਵਿਚ ਸ਼ੁਰੂ ਕੀਤਾ ਹੈ ਪਟਿਆਲਾ, ਲੁਧਿਆਣਾ,

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਵਿਚ। ਇਹ ਚਾਰ ਵੱਡੇ ਸੈਂਟਰ ਹਨ ਜਿਨ੍ਹਾਂ ਵਿੱਚ ਪੰਜਾਬ ਦੇ ਬੱਚਿਆਂ ਨੂੰ ਟਰੇਨਿੰਗ ਦਿਤੀ ਜਾਂਦੀ ਹੈ ਤਾਂਕਿ ਆਲ ਇੰਡੀਆ ਕੰਪੀਟੀਸ਼ਨ ਜੇ ਹੋਣ ਤਾਂ ਪੰਜਾਬ ਦੇ ਬੱਚੇ ਉਸ ਵਿਚ ਕੰਪੀਟ ਕਰ ਸਕਣ। ਪੰਜਾਬ ਦੇ ਬੱਚੇ ਬਹੁਤ ਘੱਟ ਪਾਸ ਹੋ ਸਕਦੇ ਸਨ ਕਿਉਂਕਿ ਜਿਹੜੇ ਸਾਊਥ ਦੇ ਬੱਚੇ ਸਨ, ਜਿਨ੍ਹਾਂ ਦੀ ਮਦਰ ਜ਼ਬਾਨ ਹੀ ਅੰਗਰੇਜ਼ੀ ਬਣ ਚੁਕੀ ਸੀ, ਉਹ ਜ਼ਿਆਦਾਤਰ ਸਿਲੈਕਟ ਹੋ ਕੇ ਆਉਂਦੇ ਸਨ। ਹੁਣ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਬੱਚਿਆਂ ਨੂੰ ਕਾਲਜਾਂ ਵਿਚ ਤਿਆਰ ਕੀਤਾ ਜਾਏ ਅੰਰ ਉਸ ਦੇ ਲਈ 7 ਲੱਖ 17 ਹਜ਼ਾਰ ਰੁਪਿਆ ਨਿਸਚਿਤ ਕੀਤਾ ਗਿਆ ਹੈ।

ਇਸਦੇ ਨਾਲ ਹੀ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੇ ਬੱਚਿਆਂ ਨੂੰ ਰਿਆਇਤ ਦਿਤੀ ਗਈ ਹੈ ਤਾਂਕਿ ਉਹ ਵੀ ਪੜ੍ਹ ਕੇ ਉਨ੍ਹਾਂ ਅੰਗਜ਼ਾਮੀਨੇਸ਼ਨਾਂ ਵਿਚ ਆ ਸਕਣ। ਇਸ ਦੇ ਨਾਲ ਹੀ ਕੋਚਿੰਗ ਸਕੀਮ ਚਾਲੂ ਕੀਤੀ ਹੈ ਜਿਹੜੀ ਨੈਸ਼ਨਲ ਸਟੈਂਡਰਡ ਦੀ ਹੈ। National Training Researoh Examination 1980-81 ਵਿਚ.ਇਸ ਦੇ ਲਈ 20 ਹਜ਼ਾਰ ਰੁਪਿਆ ਰਖਿਆ ਗਿਆ ਸੀ ਪਰ ਹੁਣ 20 ਹਜ਼ਾਰ ਰੁਪਏ ਤੋਂ ਵਧਾ ਕੇ 68 ਹਜ਼ਾਰ ਰੁਪਿਆ ਰਖਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਅਗਰ ਕੋਈ ਬੱਚਾ ਬਚਪਨ ਵਿਚ ਨਹੀਂ ਪੜ੍ਹ ਸਕਿਆ ਤਾਂ ਇਹ ਉਸ ਦਾ ਕਸੂਰ ਨਹੀਂ ਕਿਉਂਕਿ ਹਾਲਾਤ ਹੀ ਇਸ ਤਰ੍ਹਾਂ ਦੇ ਰਹੇ ਉਹ ਉਸ ਵਕਤ ਪ੍ਰਾਇਮਰੀ ਸਕੂਲ ਵਿਚ ਨਹੀਂ ਜਾ ਸਕਦਾ ਸੀ। ਇਥੋਂ ਤਕ ਕਿ ਉਹ ਪੰਜਾਬੀ ਸਕਰਿਪਟ ਮਾਦਰੀ ਜ਼ਬਾਨ ਵਿਚ ਵੀ ਨਹੀਂ ਸੀ ਲਿਖ ਪੜ੍ਹ ਸਕਦਾ। ਉਸ ਦੇ ਲਈ ਐਡਲਟ ਐਜੂਕੇਸ਼ਨ ਸੈਂਟਰ ਜਗ੍ਹਾ ਜਗ੍ਹਾ ਤੇ ਖੋਲੇ ਹਨ। 1980-81 ਵਿਚ 2300 ਸੈਂਟਰ ਸਨ ਜਿਹੜੇ ਕਿ ਹੁਣ ਟੋਟਲ 70,000 ਦੇ ਕਰੀਬ ਹੁਨ ਤਾਕਿ ਲੋਕਾਂ ਨੂੰ ਐਜੂਕੇਸ਼ਨ ਦਿੱਤੀ ਜਾ ਸਕੇ।

ਇਸੇ ਤਰ੍ਹਾਂ ਫਿਜ਼ੀਕਲੀ ਹੈਂਡੀਕੈਪਡ ਜਿਹੜੇ ਬੱਚੇ ਹਨ, ਕਿਸੇ ਦੀ ਲੱਤ ਨਹੀਂ ਕਿਸੇ ਦੀ ਬਾਂਹ ਨਹੀਂ, ਉਨ੍ਹਾਂ ਲਈ 2 ਲੱਖ 17 ਹਜ਼ਾਰ ਰੁਪਿਆ ਰਖਿਆ ਹੈ। ਡਿਪਟੀ ਸਪੀਕਰ ਸਾਹਿਬ, ਉਹ ਲੋਕ ਜਿਹੜੇ ਹੈਂਡੀਕੈਪਡ ਹਨ, ਜਿਨ੍ਹਾਂ ਦੇ ਸਰੀਰ ਦਾ ਕੋਈ ਅੰਗ ਖਰਾਬ ਹੈ, ਉਨ੍ਹਾਂ ਦੀ ਸਹੂਲਤਾਂ ਵਾਸਤੇ ਅੱਛੀ ਐਜੂਕੇਸ਼ਨ ਦਿਤੀ ਜਾ ਸਕੇ, ਇਹ ਰੁਪਿਆ ਉਨ੍ਹਾਂ ਵਾਸਤੇ ਨਿਸਚਿਤ ਕੀਤਾ ਗਿਆ ਹੈ। ਲੋਕਾਂ ਨੂੰ ਇਨਸੈਂਟਿਵ ਸਟੱਡੀ ਵਾਸਤੇ ਖਾਸ ਤੌਰ ਤੇ ਲੇਇਬ੍ਰੇਰੀ ਸਿਸਟਮ ਨੂੰ ਬੜ੍ਹਾਵਾ ਦੇਣਾ ਹੈ।

ਮੈਂ, ਡਿਪਟੀ ਸਪੀਕਰ ਸਾਹਿਬ, ਕਾਲਜ ਐਜੂਕੇਸ਼ਨ ਤੇ ਆਉਂਦਾ ਹਾਂ। ਕਾਲਜਾਂ ਵਿਚੋਂ ਬੱਚੇ ਬੀ.ਏ. ਪਾਸ ਕਰ ਕੇ ਹਜ਼ਾਰਾਂ ਦੀ ਤਾਦਾਦ ਵਿਚ ਆਉਂਦੇ ਹਨ ਅਤੇ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ। ਜਿਸ ਤਰਾਂ ਦੂਸਰਿਆਂ ਦੇਸ਼ਾਂ ਵਿਚ ਹੈ, ਜਾਬ ਓਰੀਐਂਟਿਡ ਐਜੂਕੇਸ਼ਨ ਬਣਾਈ ਜਾਵੇ। ਕਾਲਜਾਂ ਵਿੱਚ ਸਿਰਫ ਉਹ ਬੱਚੇ ਜਾਣ ਜਿਹੜੇ ਕਿ ਅੱਛੀ ਵਿਦਿਆ ਲੈ ਕੇ ਚੰਗੀਆਂ ਜਗਾ ਤੇ ਜਾ ਸਕਦੇ ਹਨ। ਇਸ ਦੇ ਨਾਲ ਨਾਲ ਰਸ਼ੀਅਨ ਲੈਂਗੁਏਜ਼ ਦੀਆਂ ਕਲਾਸਾਂ ਲੁਧਿਆਣਾ ਅਤੇ ਹੁਸ਼ਿਆਰ ਪੁਰ ਵਿਚ ਸ਼ੁਰੂ ਕੀਤੀਆਂ ਗਈਆਂ ਹਨ। ਮੱਲੇਰਕੋਟਲੇ ਵਿਚ ਐਮ. ਏ. ਉਰਦੂ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਉਰਦੂ ਜ਼ਬਾਨ ਕੋਈ ਮੁਸਲਮਾਨਾਂ ਦੀ ਜ਼ਬਾਨ ਨਹੀਂ ਸੀ। ਮੁਸਲਮਾਨ ਹਿੰਦੁਸਤਾਨ ਵਿਚ ਰਹੇ। ਹਿੰਦੁਸਤਾਨ ਵਿਚ ਹੀ ਉਰਦੂ ਜ਼ਬਾਨ ਦਾ ਜਨਮ ਹੋਇਆ। ਪਰ ਨੈਰੋ ਪੈਰੋਕਿਅਲਿਜ਼ਮ ਕਰ ਕੇ ਇਹ ਸਾਡੇ ਕੋਲੋਂ ਖੁਸ ਗਈ ਹੈ ਅਤੇ ਇਕ ਫਿਰਕੇ ਦੀ ਜ਼ਬਾਨ ਬਣ ਕੇ ਰਹਿ ਗਈ ਹੈ। ਐਮ. ਏ. ਤਕ ਉਰਦੂ ਦੀ ਐਜੂਕੇਸ਼ਨ ਜਿਹੜੀ ਮਲੇਰਕੋਟਲੇ ਵਿਚ ਸ਼ੁਰੂ ਕੀਤੀ ਗਈ ਹੈ, ਇਹ ਚੰਗੀ ਗਲ ਹੈ। (ਘੰਟੀ) ਐਨ. ਐਸ. ਐਸ. ਦੇ ਜਿਹੜੇ ਯੂਥ ਸਰਵਿਸ ਸੈਂਟਰ ਚਲਾਏ ਗਏ ਹਨ, ਇਹ ਵੜਾ ਅੱਛਾ ਕਦਮ ਹੈ। ਇਕ ਇਕ ਕਾਲਜ ਨੂੰ ਦੋ ਦੋ ਤਿੰਨ ਤਿੰਨ

Original with;
Punjab Vidhan Sabha
Digitized by;
Panjab Digital Library

ਪਿੰਡ ਅਲਾਟ ਕਰ ਦਿਤੇ ਜਾਣ ਅਤੇ ਉਨ੍ਹਾਂ ਦੇ ਜ਼ਿੰਮੇ ਇਨ੍ਹਾਂ ਪਿੰਡਾਂ ਦੀ ਸਫਾਈ ਦਾ ਕੰਮ ਸੌਂਪਿਆ ਜਾਵੇ । ਮੈਨੂੰ ਯਾਦ ਹੈ ਕਿ ਡੀ. ਏ. ਵੀ. ਕਾਲਜ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਬੱਚਿਆਂ ਨੇ ਕਈ ਪਿੰਡਾਂ ਵਿਚ ਛੋਟੀਆਂ ਛੋਟੀਆਂ ਇਮਾਰਤਾਂ ਵੀ ਬਣਾ ਕੇ ਦਿਤੀਆਂ ਹਨ। ਇਹ ਚੀਜ਼ ਕੰਪਲਸਰੀ ਹੋਣੀ ਚਾਹੀਦੀ ਹੈ ਤਾਂ ਕਿ ਸ਼ਹਿਰਾਂ ਵਿਚ ਰਹਿਣ ਵਾਲੇ ਬੱਚੇ ਪਿੰਡਾਂ ਵਿਚ ਜਾ ਕੇ ਸੇਵਾ ਕਰ ਸਕਣ।

ਡਿਪਟੀ ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਨੇ ਇਥੇ ਕਿਹਾ ਕਿ ਕਾਂਗਰਸ ਕਮਿਊਨਲ ਹੈ ਅਤੇ ਅਸੀਂ ਸੈਕੂਲਰ ਹਾਂ। ਮੈਂ ਇਕ ਛੋਟੀ ਜਿਹੀ ਗਲ ਦਸਦਾ ਹਾਂ । ਇਨ੍ਹਾਂ ਨੇ ਕੱਟ ਇਨ ਕਾਲਜ ਗਰਾਂਟਸ ਦੀ ਗਲ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਗਰਾਂਟ ਬੱਚਿਆਂ ਦੀ ਸਟਰੈਂਗਥ ਤੇ ਨਿਰਭਰ ਹੁੰਦੀ ਹੈ । ਸਟਰੈਂਗਥ ਘੱਟ ਜਾਵੇ ਤਾਂ ਫਿਰ ਗਰਾਂਟ ਵੀ ਘੱਟ ਜਾਂਦੀ ਹੈ । ਮੈਂ ਤੁਹਾਡੇ ਰਾਹੀਂ ਸਿਖਿਆ ਮੰਤਰੀ ਨੂੰ ਬੇਨਤੀ ਕਰਾਂਗਾ ਕਿ ਰੁਪਏ ਘਟਾਉਣ ਨਾਲ ਰਿਜ਼ਲਟ ਇਹ ਨਿਕਲਦਾ ਹੈ ਕਿ ਕਾਲਜਾਂ ਕੋਲ ਫੰਡਜ਼ ਘੱਟ ਜਾਂਦੇ ਹਨ। ਮੈਂ ਬੇਨਤੀ ਕਰਾਂਗਾ ਕਿ ਇਹ ਕੱਟ ਇਨ ਗਰਾਂਟਸ ਬੰਦ ਕੀਤੀ ਜਾਵੇ। ਇਹ ਕੋਈ ਕਮਿਊਨਲ ਆਧਾਰ ਤੇ ਨਹੀਂ ਸੀ । ਬਾਕੀ ਬੱਚੇ ਪਿੰਡਾਂ ਵਿਚ ਜਿਹੜੇ ਰਹਿੰਦੇ ਹਨ ਉਹ ਬੱਸਾਂ ਦੇ ਪਾਸ ਲੈ ਕੇ ਸ਼ਹਿਰਾਂ ਦੇ ਕਾਲਜਾਂ ਵਿਚ ਦਾਖਲ ਹੋ ਰਹੇ ਹਨ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ ਜੀ ।

ਪ੍ਰੋਫੈਸਰ ਦਰਬਾਰੀ ਲਾਲ : ਡਿਪਟੀ ਸਪੀਕਰ ਸਾਹਿਬ, ਕਾਲਜਾਂ ਦੇ ਲੈਕਚਰਾਰਾਂ ਦੀਆਂ ਕੁਝ ਮੰਗਾਂ ਹਨ। ਉਨ੍ਹਾਂ ਦੀ ਸਿਕਿਉਰਟੀ ਆਫ ਸਰਵਿਸ ਅੈਂਡਮੈਂਟ ਅੈਕਟ ਹੈ, ਗਰੈਚੁਟੀ ਅੈਕਟ ਹੈ, ਪ੍ਰਾਵੀਡੈਂਟ ਫੰਡ ਹੈ । ਇਸ ਦੇ ਇਲਾਵਾ ਕੁਝ ਹੋਰ ਮੰਗਾਂ ਹਨ, ਜਿਵੇਂ ਮੈਡੀਕਲ ਅਤੇ ਹਾਊਸ ਰੈਂਟ ਦੀਆਂ । ਮੈਂ ਬੇਨਤੀ ਕਰਾਂਗਾ ਕਿ ਜਦ ਦੂਜੀਆਂ ਸਟੇਟਾਂ ਵਿਚ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਮੁਤਾਬਿਕ ਹਰਿਆਣੇ ਅਤੇ ਚੰਡੀਗੜ੍ਹ ਵਿੱਚ ਮਿਲਦਾ ਹੈ ਤਾਂ ਇਹ ਜ਼ਰੂਰ ਦਿਤਾ ਜਾਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ): ਡਿਪਟੀ ਸਪੀਕਰ ਸਾਹਿਬ, ਮੈਂ ਅੰਜੂਕੇਸ਼ਨ ਅਤੇ ਐਕਸਾਈਜ਼ ਅੈਂਡ ਟੈਕਸੇਸ਼ਨ ਦੀਆਂ ਡਿਮਾਂਡਜ਼ ਬਾਰੇ ਬੋਲਣ ਲਗਾ ਹਾਂ। ਸਭ ਤੋਂ ਪਹਿਲਾਂ ਮੇਰੀ ਬੇਨਤੀ ਇਹ ਹੈ ਕਿ ਪੰਜਾਬ ਦੇ ਅੰਦਰ ਅੰਜੂਕੇਸ਼ਨ ਤੇ ਇਕ ਬੜਾ ਭਾਰੀ ਹਮਲਾ ਹੋਣ ਜਾ ਰਿਹਾ ਹੈ । ਵਾਇਸ ਚਾਂਸਲਰਜ਼ ਦੀਆਂ ਤਾਕਤਾਂ ਚਾਂਸਲਰਜ਼ ਨੂੰ ਦਿਤੀਆਂ ਜਾ ਰਹੀਆਂ ਹਨ । ਇਹ ਬਹੁਤ ਮਾੜੀ ਗਲ ਹੈ । ਇਸ ਦੇ ਨਾਲ ਟਰੈਂਡ ਉਲਟੇ ਪਾਸੇ ਜਾ ਰਿਹਾ ਹੈ । ਅਸੀਂ ਜਮਹੂਰੀ ਕਦਰਾਂ ਨੂੰ ਬਹਾਲ ਕਰਨਾ ਚਾਹੁੰਦੇ ਹਾਂ । ਮੈਂ ਕਹਿੰਦਾ ਹਾਂ ਕਿ ਹੋਰ ਜ਼ਿਆਦਾ ਤਾਕਤਾਂ ਵੀ. ਸੀਜ਼ ਨੂੰ ਵਾਪਸ ਲੈ ਕੇ ਦਿਓ ।

ਡਿਪਟੀ ਸਪੀਕਰ ਸਾਹਿਬ, ਕਿਉਂਕਿ ਸਮਾਂ ਥੋੜ੍ਹਾ ਹੈ, ਇਸ ਲਈ ਮੈਂ ਕੇਵਲ ਪੁਆਇੰਟਸ ਹੀ ਕਹਾਂਗਾ । ਡਿਪਟੀ ਸਪੀਕਰ ਸਾਹਿਬ, ਅਗਲੀ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤਿੰਨਾਂ ਯੂਨੀਵਰਸਿਟੀਆਂ ਦਾ ਸਿਲੇਬਸ ਬਰਾਬਰ ਹੋਣਾ ਚਾਹੀਦਾ ਹੈ । ਇਹ ਬੜੀ ਮਾੜੀ ਗਲ ਹੈ ਕਿ ਇਨ੍ਹਾਂ ਦਾ ਸਿਲੇਬਸ ਸਾਂਝਾ ਨਹੀਂ ਹੈ । ਇਕ ਹੋਰ ਅਣਹੋਣੀ ਗਲ ਇਹ ਹੈ ਕਿ 10 ਨੰਬਰਾਂ ਦੀ ਵੇਟੇਜ ਅਡਮਿਸ਼ਨ ਵੇਲੇ ਦਿੱਤੀ ਜਾਂਦੀ ਹੈ । ਇਹ ਖਤਮ ਕੀਤੀ ਜਾਣੀ ਚਾਹੀਦੀ ਹੈ। ਸਨਜ਼ ਆਫ ਸਾਇਲ ਵਾਲੀ ਗਲ ਪਹਿਲਾਂ ਚਲਦੀ ਸੀ, ਇਹ ਮਾੜੀ ਚੀਜ਼ ਸੀ। ਇਹ ਹੁਣ ਪੰਜਾਬ ਵਿੱਚ ਕੀਤੀ ਜਾ ਰਹੀ ਹੈ ਇਸ ਤੋਂ ਅਗੇ ਮੰਦ ਭਾਗੀ ਗਲ ਇਹ ਹੈ ਕਿ ਜੇ ਹੈਡ ਆਫ ਡਿਪਾਰਟਮੈਂਟ ਦਾ ਪੁੱਤਰ ਜਾਂ ਧੀ ਉਸ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਕਲਾਸ ਦਾ ਸਟੂਡੈਂਟ ਹੈ ਤਾਂ ਉਹ ਹੀ ਫਸਟ ਆਉਂਦਾ ਹੈ। ਦੂਸਰਾ ਲੜਕਾ ਚਾਹੇ ਜਿਤਨਾ ਮਰਜ਼ੀ ਕਾਬਲ ਕਿਉਂ ਨਾ ਹੋਵੇ, ਜੇ ਉਸ ਦੇ ਨਾਲ ਕਿਸੇ ਹੈਡ ਆਫ ਦੀ ਡਿਪਾਰਟਮੈਂਟ ਦਾ ਬੱਚਾ ਪੜ੍ਹਦਾ ਹੈ ਤਾਂ ਉਹ ਫਸਟ ਨਹੀਂ ਆ ਸਕਦਾ। ਫਸਟ ਤਾਂ ਹੈਡ ਆਫ ਦੀ ਡਿਪਾਰਟਮੈਂਟ ਦਾ ਬੱਚਾ ਹੀ ਆਵੇਗਾ। ਮੈਨੂੰ ਇਸ ਚੀਜ਼ ਦਾ ਗਿਆਨ ਹੈ। ਇਸ ਦਾ ਜ਼ਰੂਰ ਇਲਾਜ ਕੀਤਾ ਜਾਣਾ ਚਾਹੀਦਾ ਹੈ। ਫਿਰ ਐਜੂਕੇਸ਼ਨ ਨੈਸ਼ਨੇਲਾਈਜ਼ ਕੀਤੀ ਜਾਣੀ ਚਾਹੀਦੀ ਹੈ। ਸਗੋਂ ਇਸ ਨੂੰ ਸਟੇਟ ਲਿਸਟ ਵਿਚ ਲਿਆਉਣਾ ਚਾਹੀਦਾ ਹੈ। ਅਗਰ ਇਸ ਨੂੰ ਅਸੀਂ ਸਟੇਟ ਲਿਸਟ ਵਿਚ ਨਹੀਂ ਲਿਆਵਾਂਗੇ ਤਾਂ ਟਰੈਂਡ ਪੁਠੇ ਪਾਸੇ ਵੱਲ ਤੁਰੀ ਜਾਣਗੇ ਅਤੇ ਅਸੀਂ ਇਸ ਨੂੰ ਠੱਲ੍ਹ ਨਹੀਂ ਪਾ ਸਕਾਂਗੇ। ਐਜੂਕੇਸ਼ਨ ਤੇ ਬਜਟ ਦਾ 30% ਖਰਚ ਕੀਤਾ ਜਾਣਾ ਚਾਹੀਦਾ ਹੈ। ਆਪਾਂ ਨੂੰ ਉਨ੍ਹਾਂ ਸੂਬਿਆਂ ਤੋਂ ਰੋਸ਼ਨੀ ਲੈਣੀ ਚਾਹੀਦੀ ਹੈ ਜਿਨ੍ਹਾਂ ਨੇ ਹਾਇਰ ਸੈਕੰਡਰੀ ਤਕ ਐਜੂਕੇਸ਼ਨ ਦੇਣੀ ਮੁਫਤ ਕਰ ਦਿਤੀ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਚੰਗੀ ਗਲ ਸਿਖਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਦੂਸਰਾ ਪ੍ਰਾਇਮਰੀ ਦਾ ਸਿਲੇਬਸ 7 ਸਾਲ ਦਾ ਕਰਨਾ ਚਾਹੀਦਾ ਹੈ, ਹੁਣ ਇਹ ਪੰਜ ਸਾਲ ਦਾ ਹੈ। ਦੂਸਰਾ ਮਾਤਰ-ਭਾਸ਼ਾ ਵਿਚ ਸਿਖਿਆ ਦੇਣੀ ਚਾਹੀਦੀ ਹੈ। 20 ਬੱਚਿਆਂ ਪਿਛੇ ਇੱਕ ਟੀਚਰ ਲਾਜ਼ਮੀ ਹੋਣਾ ਚਾਹੀਦਾ ਹੈ। ਅੱਜ ਹਾਲਤ ਇਹ ਹੈ ਕਿ ਸਾਰੇ ਦਿਨ ਵਿੱਚ ਟੀਚਰ ਬੱਚਿਆਂ ਨੂੰ ਮਿਲ ਹੀ ਨਹੀਂ ਸਕਦਾ ਕਿਉਂਕਿ ਕਲਾਸ ਵਿਚ ਬੜੀ ਭੀੜ ਹੁੰਦੀ ਹੈ। ਪਿੰਡਾਂ ਵਿੱਚ ਟੀਚਰ ਨਹੀਂ ਹਨ। ਮਾਡਲ ਸਕੂਲ ਜਿਹੜੇ ਬਣਾਏ ਗਏ ਹਨ ਇਹ ਇਕ ਅਲਹਿਦਾ ਕਲਾਸ ਪੈਦਾ ਕਰ ਰਹੇ ਹਨ। ਮੈਂ ਦਸਣਾ ਚਾਹੁੰਦਾ ਹਾਂ ਕਿ ਇਥੇ ਮਾਤਰ ਭਾਸ਼ਾ ਦੀਆਂ ਗਲਾਂ ਕਰਨ ਵਾਲੇ ਮੈਂਬਰ, ਭਾਵੇਂ ਉਹ ਇਸ ਪਾਸੇ ਬੈਠੇ ਹਨ ਜਾਂ ਦੂਜੇ ਪਾਸੇ ਬੈਠੇ ਹਨ, ਉਹ ਆਪਣੇ ਬੱਚਿਆਂ ਨੂੰ ਇੰਗਲਿਸ਼ ਸਕੂਲਾਂ ਵਿੱਚ ਪੜ੍ਹਾ ਰਹੇ ਹਨ। ਉਹ ਇਸ ਕਰਕੇ ਆਪਣੇ ਬੱਚੇ ਉਥੇ ਪੜ੍ਹਾਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਕੰਪੀਟੀਸ਼ਨ ਦੇ ਅੰਦਰ ਮਾਤ ਭਾਸ਼ਾ ਵਾਲੇ ਸਕੂਲਾਂ ਅੰਦਰ ਪੜ੍ਹ ਕੇ ਨਹੀਂ ਆਇਆ ਜਾ ਸਕਦਾ, ਟਾਟਾਂ ਤੇ ਬੱਚਿਆਂ ਨੂੰ ਬਿਠਾ ਕੇ ਕੰਪੀਟੀਸ਼ਨਾਂ ਦੇ ਅੰਦਰ ਨਹੀਂ ਆਇਆ ਜਾ ਸਕਦਾ। ਦੂਸਰਾ ਸਕੂਲਾਂ ਵਿੱਚ ਟੀਚਰਜ਼ ਸਫੀਸ਼ੈਂਟ ਹੋਣੇ ਚਾਹੀਦੇ ਹਨ ਤਾਂ ਹੀ ਤਾਲੀਮ ਦਿਤੀ ਜਾ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਦੀ ਸਿਕਿਉਰਿਟੀ ਆਫ ਸਰਵਿਸ ਬਿਲਕੁਲ ਨਹੀਂ ਹੈ। ਇਹ ਕਾਲਜ ਕੇਵਲ ਦੁਕਾਨਾਂ ਬਣੀਆਂ ਹੋਈਆਂ ਹਨ। ਇਸ ਤਰ੍ਹਾਂ ਦਾ ਕਾਨੂੰਨ ਲਿਆਉਣਾ ਚਾਹੀਦਾ ਹੈ ਜਿਸ ਦੇ ਨਾਲ ਉਨ੍ਹਾਂ ਦੀਆਂ ਸੇਵਾਵਾਂ ਸੁਰਖਿਅਤ ਹੋ ਸਕਣ। ਇਨ੍ਹਾਂ ਟੀਚਰਜ਼ ਦੀਆਂ ਜਿਹੜੀਆਂ ਮੰਗਾਂ ਹਨ ਉਹ ਪ੍ਰਵਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਅਗਰ 100 ਗਜ਼ ਦੇ ਫਾਸਲੇ ਤੇ ਪ੍ਰਾਈਵੇਟ ਕਾਲਜ ਹੋਵੇ, ਜਿਥੇ ਕਿ 95% ਗਰਾਂਟ ਸਰਕਾਰ ਵਲੋਂ ਮਿਲਦੀ ਹੈ, ਉਸ ਦੇ ਵਿਚ ਫੀਸ ਸਰਕਾਰੀ ਕਾਲਜ ਨਾਲੋਂ 30, 40 ਜਾਂ 50 ਰੁਪਏ ਜ਼ਿਆਦਾ ਹੁੰਦੀ ਹੈ। ਦੋਨਾਂ ਕਾਲਜਾਂ ਦੀਆਂ ਫੀਸਾਂ ਵਿਚ ਇਤਨਾ ਜ਼ਿਆਦਾ ਫਰਕ ਨਹੀਂ ਹੋਣਾ ਚਾਹੀਦਾ। ਦੋਹਾਂ ਦੀਆਂ ਫੀਸਾਂ ਸਾਵੀਆਂ ਹੋਣੀਆਂ ਚਾਹੀਦੀਆਂ ਹਨ। ਇਹ ਦੋ ਤਰ੍ਹਾਂ ਦਾ ਰੱਵਈਆ ਠੀਕ ਨਹੀਂ। ਫਿਰ ਡਿਪਟੀ ਸਪੀਕਰ ਸਾਹਿਬ, ਟੀਚਰਜ਼ ਦੀਆਂ ਟਰਾਂਸਫਰਜ਼ ਦੇ ਨਿਯਮ ਅਧਿਆਪਕਾਂ ਦੀਆਂ ਯੂਨੀਅਨਾਂ ਨਾਲ ਬੈਠ ਕੇ ਬਣਾਉਣੇ ਚਾਹੀਦੇ ਹਨ ਤਾਂ ਕਿ ਅਧਿਆਪਕ ਆਰਾਮ ਨਾਲ ਕੰਮ ਕਰ ਸਕਣ। ਉਨ੍ਹਾਂ ਦੀਆਂ ਤਨਖਾਹਾਂ ਦੀਆਂ ਐਨਾਮਲੀਜ਼ ਖਤਮ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਜੂਨ, 1981 ਤੋਂ ਜਿਹੜੀਆਂ ਚਾਰ ਕਿਸ਼ਤਾਂ ਡੀ. ਏ. ਦੀਆਂ ਹਨ ਉਹ ਪ੍ਰਾਵੀਡੈਂਟ ਫੰਡ ਵਿਚ ਜਮ੍ਹਾਂ ਨਾ ਕੀਤੀਆਂ ਜਾਣ, ਸਗੋਂ ਉਨ੍ਹਾਂ ਨੂੰ ਨਕਦ ਦਿਤੀਆਂ ਜਾਣ। ਦੂਸਰਾ ਮਿਡਲ ਅਤੇ ਪ੍ਰਾਇਮਰੀ ਸਕੂਲਾਂ ਨੂੰ ਪੰਚਾਇਤਾਂ ਅਤੇ ਲੋਕਲ ਬਾਡੀਜ਼ ਦੇ ਅਧੀਨ ਲਿਆਉਣ ਦੇ ਜਿਹੜੇ ਉਪਰਾਲੇ ਕੀਤੇ ਜਾ ਰਹੇ ਹਨ, ਇਹ ਬੜੀ ਮਾੜੀ ਗਲ ਹੈ। ਕਈ ਵਾਰੀ ਪੰਚਾਇਤਾਂ ਵਿਚ ਅਨਪੜ੍ਹ ਲੋਕ ਹੁੰਦੇ ਹਨ, ਉਹ ਐਜੂਕੇਸ਼ਨ ਨੂੰ ਕਿਵੇਂ ਗਾਈਡ

Original with;
Punjab Vidhan Sabha
Digitized by;
Panjab Digital Library

ਕਰ ਸਕਦੇ ਹਨ। ਇਸ ਚੀਜ਼ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 89 ਡੇਜ਼ ਵਾਲੇ ਜਿਹੜੇ ਕੱਚੇ ਅਧਿਆਪਕ ਹਨ, ਉਹ ਪੱਕੇ ਕੀਤੇ ਜਾਣੇ ਚਾਹੀਦੇ ਹਨ। ਇਸ ਦਾ ਚੰਗਾ ਅਸਰ ਪਏਗਾ ਕਿਉਂਕਿ ਜੇ ਟੀਚਰ ਪੱਕੇ ਹੋਣਗੇ ਤਾਂ ਹੀ ਠੀਕ ਐਜੂਕੇਸ਼ਨ ਦੇ ਸਕਣਗੇ। ਐਜੂਕੇਸ਼ਨਲ ਕੰਪਲੈਕਸ ਵੀ ਸਕੂਲ ਦੇ ਨਾਲ ਬਣਾਉਣੇ ਚਾਹੀਦੇ ਹਨ ਜਿਥੇ ਕਿ ਟੀਚਰਜ਼ ਦੇ ਰਹਿਣ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ।

ਸ਼੍ਰੀ ਰਾਮ ਲਾਲ ਚੋਟੀ : ਡਿਪਟੀ ਸਪੀਕਰ ਸਾਹਿਬ, ਅੱਜ ਦੀਆਂ ਡਿਮਾਂਡਜ਼, ਐਜੂਕੇਸ਼ਨ ਅਤੇ ਐਕਸਾਈਜ਼ ਐਂਡ ਟੈਕਸੇਸ਼ਨ ਤੇ ਜਿਹੜੀ ਬਹਿਸ ਹੋ ਰਹੀ ਹੈ, ਉਸ ਨੂੰ ਵਜ਼ੀਰ ਸਾਹਿਬ ਨੋਟ ਕਰ ਰਹੇ ਹਨ। ਲੇਕਿਨ ਆਫੀਸਰ ਗੈਲਰੀ ਵਿਚ ਅਫ਼ਸਰ ਕੋਈ ਨਹੀਂ। ਨਾ ਐਜੂਕੇਸ਼ਨ ਡਿਪਾਰਟਮੈਂਟ ਦਾ ਸੈਕਟਰੀ ਹੈ, ਨਾ ਕੋਈ ਡੀ.ਪੀ.ਆਈ. ਹੈ ਅਤੇ ਨਾ ਹੀ ਐਕਸਾਈਜ਼ ਐਂਡ ਟੈਕਸੇਸ਼ਨ ਦਾ ਕਮਿਸ਼ਨਰ ਹੈ। ਇਹ ਬੜੀ ਜ਼ਰੂਰੀ ਬਹਿਸ ਹੈ। ਇਨ੍ਹਾਂ ਅਫ਼ਸਰਾਂ ਨੂੰ ਹਾਊਸ ਵਿਚ ਬੁਲਾਓ।

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਗਲਾ ਪੁਆਇੰਟ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਬਾਰੇ ਕਹਿਣਾ ਚਾਹੁੰਦਾ ਹਾਂ। ਦਾਰੂ ਬਾਰੇ ਮੈਂ ਬੋਲਦਾ ਚੰਗਾ ਤਾਂ ਨਹੀਂ ਲਗਦਾ ਕਿਉਂਕਿ ਤੁਹਾਨੂੰ ਪਤਾ ਹੈ ਕਿ ਸਾਡੀਆਂ ਤਾਂ ਫਕੀਰਾਂ ਦੀਆਂ ਗੱਲਾਂ ਹਨ। ਤੁਸੀਂ ਜਾਣਦੇ ਹੋ ਕਿ ਅਸੀਂ ਇਸ ਦੇ ਵਿਚ ਦਿਲਚਸਪੀ ਨਹੀਂ ਲੈਂਦੇ। ਡਿਪਟੀ ਸਪੀਕਰ ਸਾਹਿਬ, ਜਿਸ ਭਾਅ ਤੇ ਇਸ ਵਾਰੀ ਠੇਕੇ ਵਿਕੇ ਹਨ, ਸਰਕਾਰ ਦੀ ਨੀਤੀ ਕਰ ਕੇ, 32 ਰੁਪਏ ਬੋਤਲ ਇਨ੍ਹਾਂ ਨੂੰ ਘਰ ਪੈਣੀ ਹੈ। ਸਰਕਾਰ ਨੇ ਇਸ ਦੀ ਕੀਮਤ 23 ਰੁਪਏ ਰੱਖੀ ਹੈ। ਠੇਕੇ ਵਾਲਿਆਂ ਨੇ ਕੀ ਕਰਨਾ ਹੈ ਜਿਸ ਤਰ੍ਹਾਂ ਮੱਝ ਨੂੰ ਸੂਆ ਲਾ ਦਿੰਦੇ ਹਨ ਅਤੇ ਉਹ ਸੁੰਨ ਹੋ ਜਾਂਦੀ ਹੈ ਅਤੇ ਦੁੱਧ ਦੇ ਦਿੰਦੀ ਹੈ ਇਸੇ ਤਰ੍ਹਾਂ ਟੀਕੇ ਲਾ ਕੇ ਇਨ੍ਹਾਂ ਨੇ ਇੱਕ ਬੋਤਲ ਦੀਆਂ ਤਿੰਨ ਚਾਰ ਬੋਤਲਾਂ ਬਣਾ ਦੇਣੀਆਂ ਹਨ। ਦਾਰੂ ਪੀਣ ਨਾਲ ਲੋਕਾਂ ਨੇ ਸੁੰਨ ਹੋ ਜਾਣਾ ਹੈ। ਲੋਕ ਅੱਜ ਅੰਨ੍ਹੇ ਹੋ ਰਹੇ ਹਨ। ਕਿਤਨੇ ਬੰਦੇ ਪਹਿਲਾਂ ਮਰ ਗਏ ਹਨ। ਅਗਰ ਪਾਲਿਸੀ ਬਦਲੀ ਜਾਵੇ ਤਾਂ ਹੀ ਇਹ ਚੀਜ਼ ਦਰੁਸਤ ਹੋ ਸਕਦੀ ਹੈ ਨਹੀਂ ਤਾਂ ਇਸ ਦੇ ਸਿੱਟੇ ਖੌਫਨਾਕ ਹੋਣਗੇ। ਸਾਡਾ ਆਪਣਾ ਫਰਜ਼ ਬਣਦਾ ਹੈ ਜਨਤਾ ਪ੍ਰਤੀ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅਗੇ ਮੈਂ ਪੈਸੰਜਰ ਟੈਕਸ ਬਾਰੇ ਅਰਜ਼ ਕਰਨੀ ਹੈ ਕਿ ਸਰਕਾਰ ਨੂੰ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਦੀ ਰੇਸ਼ੋ ਪਤਾ ਨਹੀਂ। ਇਹ 60 : 40 ਦੀ ਰੇਸ਼ੋ ਹੈ। ਪਰ ਇਨ੍ਹਾਂ ਦੀ ਪੈਸੰਜਰ ਟੈਕਸ ਦੀ ਆਮਦਨ 60 : 40 ਦੀ ਰੇਸ਼ੋ ਵਿਚ ਕਿਉਂ ਨਹੀਂ ਹੈ। ਕੀ ਇਸ ਦੇ ਲਈ ਸਰਕਾਰ ਜਵਾਬ-ਦੇਹ ਨਹੀਂ ਹੈ? ਜਿਨ੍ਹਾਂ ਲੋਕਾਂ ਤੋਂ ਪੂਰਾ ਪੈਸੰਜਰ ਟੈਕਸ ਨਹੀਂ ਆ ਰਿਹਾ ਉਨ੍ਹਾਂ ਨੂੰ ਪ੍ਰਾਸੀਕਿਊਟ ਸਰਕਾਰ ਨੂੰ ਕਰਨਾ ਚਾਹੀਦਾ ਹੈ। ਜਿਹੜੇ ਟੈਕਸ ਦੀ ਚੋਰੀ ਕਰਦੇ ਹਨ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲੈਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਜਿਹੜਾ ਐਂਟਰਟੇਨਮੈਂਟ ਟੈਕਸ ਹੈ ਇਹ ਉਸ ਆਦਮੀ ਤੇ ਲਗਣਾ ਚਾਹੀਦਾ ਹੈ ਜਿਹੜਾ ਕਿ ਲੱਖਾਂ ਨਹੀਂ ਬਲਕਿ ਕਰੋੜਾਂ ਰੁਪਏ ਦਾ ਮਾਲਕ ਹੈ, ਜਿਹੜਾ ਸਿਨਮੇ ਦਾ ਮਾਲਕ ਹੈ ਉਸ ਤੇ ਲਗਣਾ ਚਾਹੀਦਾ ਹੈ। ਪਰ ਲਗਦਾ ਕਿਸ ਤੇ ਹੈ? ਲਗਦਾ ਵਿਚਾਰੇ ਰਿਕਸ਼ਾ ਪੁਲਰ ਤੇ ਹੈ, ਜੋ ਸਿਨਮੇ ਦੀ ਟਿਕਟ ਖਰੀਦਦਾ ਹੈ। ਉਹ ਗਰੀਬ ਵਿਚਾਰੇ ਸਿਨਮਾ ਦੇਖਣ ਵੀ ਇਸ ਲਈ ਜਾਂਦਾ ਹੈ ਕਿ ਉਸ ਦੇ ਪਾਸ ਕੋਈ ਸਿਹ ਛੁਪਾਉਣ ਲਈ ਥਾਂ ਨਹੀਂ ਹੁੰਦੀ, ਇਸ ਲਈ ਉਹ ਵਿਚਾਰਾ ਸੋਚਦਾ ਹੈ ਕਿ ਚਲੋ ਦੋ ਤਿੰਨ ਘੰਟੇ ਸਿਨਮੇ ਵਿਚ ਹੀ ਬਿਤਾ ਲੈਂਦੇ ਹਾਂ। ਇਸ ਲਈ ਇਹ ਟੈਕਸ ਉਨ੍ਹਾਂ ਤੇ ਨਹੀਂ ਲਗਣਾ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਚਾਹੀਦਾ ਬਲਕਿ ਉਨ੍ਹਾਂ ਲੋਕਾਂ ਤੇ ਸਿਧੇ ਤੌਰ ਤੇ ਲਗਣਾ ਚਾਹੀਦਾ ਹੈ ਜੋ ਲੱਖਾਂ ਪਤੀ ਹਨ, ਕਰੋੜਾਂ ਪਤੀ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਵਧਾਏ ਗਏ ਸੇਲਜ਼ ਟੈਕਸ ਦੀ ਗੱਲ ਕਰਦਾ ਹਾਂ । ਇਹ ਕਹਿੰਦੇ ਹਨ ਕਿ 6% ਤੋਂ ਅਸੀਂ ਟੈਕਸ ਵਧਾ ਦਿੱਤਾ ਹੈ । ਇਸ ਨਾਲ ਚੀਜ਼ਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਜਾਣਾ ਹੈ । ਜੇਕਰ ਕਿਸੇ ਦੀ ਦੁਕਾਨ ਹੈ, ਉਹ ਚੀਜ਼ ਛੇ ਰੁਪਏ ਨੂੰ ਆਪ ਖਰੀਦਦਾ ਹੈ ਤਾਂ ਉਹ ਦੱਸੋ ਚਾਰ ਰੁਪਏ ਨੂੰ ਕਿਸ ਤਰ੍ਹਾਂ ਨਾਲ ਵੇਚ ਦੇਵੇਗਾ, ਜ਼ਰੂਰੀ ਹੈ ਕਿ ਉਹ ਵੱਧ ਮੁਲ ਤੇ ਚੀਜ਼ਾਂ ਵੇਚੇਗਾ। ਇਸ ਲਈ ਇਹ ਵਾਧਾ ਸਿੱਧਾ ਹੀ ਚੀਜ਼ਾਂ ਦੀਆਂ ਕੀਮਤਾਂ ਤੇ ਅਸਰ ਪਾਵੇਗਾ। ਸਰਕਾਰ ਦਾ ਇਹ ਰਵੱਈਆ ਹੀ ਬਣ ਗਿਆ ਹੈ ਕਿ ਟੇਢੇ ਤਰੀਕੇ ਨਾਲ ਟੈਕਸ ਵਧਾਏ ਜਾ ਰਹੇ ਹਨ, ਸਿੱਧੇ ਤਰੀਕੇ ਨਾਲ ਨਹੀਂ ਵਧਾਏ ਜਾ ਰਹੇ । ਸੈਂਟਰ ਅੰਦਰ ਸਟੇਟਸ ਦੇ ਰਿਲੇਸ਼ਨਜ਼ ਸੌੜੇ ਹੋਣ ਕਾਰਨ ਹੀ ਇਸ ਤਰ੍ਹਾਂ ਹੁੰਦਾ ਹੈ। ਜੇਕਰ ਸਟੇਟਸ ਦੇ ਕੋਲ ਟੈਕਸ ਨਾ ਰਹਿਣਗੇ ਤਾਂ ਕੰਮ ਕਿਸ ਤਰ੍ਹਾਂ ਨਾਲ ਚਲ ਸਕਦਾ ਹੈ। ਟੈਕਸ ਤਾਂ ਪੰਜਾਬੀ ਦੇਣ ਅੰਦਰ ਚਲੇ ਜਾਣ ਉਹ ਕੇਂਦਰ ਵਿਚ ਤਾਂ ਫਿਰ ਹਸਪਤਾਲ, ਸਕੂਲ, ਸੜਕਾਂ ਬਣਾਉਣ ਵਾਸਤੇ ਪੈਸੇ ਸਰਕਾਰ ਕਿਥੋਂ ਲਵੇਗੀ ? ਕੋਈ ਪੋਸਟਾਂ ਕਰੀਏਟ ਕਰਨੀਆਂ ਹੋਣ ਤਾਂ ਪੈਸੇ ਕਿਥੋਂ ਆਉਣਗੇ ? ਪੈਸੇ ਤਾਂ ਟੈਕਸਾਂ ਦੇ ਸੈਂਟਰ ਪਾਸ ਚਲੇ ਜਾਂਦੇ ਹਨ । ਇਸ ਲਈ ਜੇਕਰ ਰਾਜਾਂ ਦੇ ਅਧਿਕਾਰ ਜ਼ਿਆਦਾ ਹੋਣ ਤਾਂ ਚੰਗਾ ਹੈ ।.....

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅਪ ਕਰੋ ਜੀ ।

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਹੋਰ ਮੁਲਕਾਂ ਵਿਚ ਵੇਖੋ ਤਾਂ ਪਤਾ ਲਗਦਾ ਹੈ ਕਿ ਉਥੇ ਸੂਬਿਆਂ ਨੂੰ ਵੱਧ ਅਧਿਕਾਰ ਦਿਤੇ ਹੋਏ ਹਨ ਜਿਸ ਨਾਲ ਸੈਂਟਰ ਦੀ ਅੰਦਰ ਸੂਬਿਆਂ ਦੀ ਅਖੰਡਤਾ ਮਜ਼ਬੂਤ ਹੋਈ ਹੈ । ਸਾਡੇ ਵੀ ਜੇਕਰ ਸੂਬਿਆਂ ਨੂੰ ਵੱਧ ਅਧਿਕਾਰ ਦਿਤੇ ਜਾਣ ਤਾਂ ਅਖੰਡਤਾ ਮਜ਼ਬੂਤ ਹੋਵੇਗੀ। ਇਹ ਠੀਕ ਹੈ ਕਿ ਇਥੇ ਵੱਖ ਵੱਖ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ, ਵੱਖ ਵੱਖ ਵਿਚਾਰਾਂ ਦੇ ਲੋਕ ਹਨ, ਪਰ ਇਸ ਦੇ ਬਾਵਜੂਦ ਵੀ ਅਖੰਡਤਾ ਜ਼ਿਆਦਾ ਮਜ਼ਬੂਤ ਹੋ ਸਕਦੀ ਹੈ ਜੇਕਰ ਰਾਜਾਂ ਨੂੰ ਜ਼ਿਆਦਾ ਅਧਿਕਾਰ ਦਿਤੇ ਜਾਣ । ਮੈਂ, ਡਿਪਟੀ ਸਪੀਕਰ ਸਾਹਿਬ, ਸਿਰਫ ਦੋ ਹੀ ਗੱਲਾਂ ਹੋਰ ਕਰਨੀਆਂ ਚਾਹੁੰਦਾ ਹਾਂ ।.....

ਸ਼੍ਰੀ ਡਿਪਟੀ ਸਪੀਕਰ : ਨਹੀਂ ਜੀ, ਪ੍ਰੋਫੈਸਰ ਸਾਹਿਬ, ਤੁਸੀਂ ਵਾਈਂਡ ਅਪ ਕਰੋ। ਹਾਂ ਜੀ, ਸਰਦਾਰ ਇਕਬਾਲ ਸਿੰਘ ਜੀ ।

ਪ੍ਰੋਫੈਸਰ ਬਲਵੰਤ ਸਿੰਘ : ਬੱਸ ਜੀ, ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇਕ ਹੀ ਗੱਲ ਕਹਿਣੀ ਹੈ, ਉਹ ਮੈਨੂੰ ਕਹਿ ਲੈਣ ਦਿਓ, ਵਚਨ ਹੋ ਗਿਆ ਕਿ ਮੈਂ ਹੋਰ ਨਹੀਂ ਬੋਲਾਂਗਾ।

ਸ਼੍ਰੀ ਡਿਪਟੀ ਸਪੀਕਰ : ਠੀਕ ਹੈ, ਛੇਤੀ ਹੀ ਵਾਈਂਡ ਅਪ ਕਰ ਦਿਓ।

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਫਿਰ ਅਫੀਮ ਦਾ ਸਵਾਲ ਹੈ। ਮੈਨੂੰ ਪਟਿਆਲੇ ਵਿਚ ਰਹਿਣ ਦਾ ਮੌਕਾ ਮਿਲਿਆ ਹੈ। ਜੇਲ੍ਹ ਵਿਚ ਵੀ ਰਹਿਣ ਦਾ ਮੌਕਾ ਮਿਲਿਆ ਹੈ। ਮੈਂ ਵੇਖਿਆ ਹੈ ਕਿ ਅਫੀਮ ਜੇਲ੍ਹ ਵਾਲਿਆਂ ਵਾਸਤੇ ਵਿਕਦੀ ਹੈ। ਦੋ ਕਿਲੋ ਡਿਪਟੀ ਸੁਪਰਡੰਟ ਦੀ ਅੰਦਰ ਚਾਰ ਕਿਲੋ ਸੁਪਰਡੰਟ ਦੀ ਹੁੰਦੀ ਹੈ। ਕਈ ਵਾਰੀ ਬਾਹਰ ਉਹ ਫੀਮ ਫੜੀ ਵੀ ਜਾਂਦੀ ਹੈ। ਜਿਹੜੇ ਡਿਪਟੀ ਸੁਪਰਡੰਟ ਦੇ ਟਾਊਟ ਹੁੰਦੇ ਹਨ ਉਹ ਸੁਪਰਡੰਟ ਦੇ ਆਦਮੀਆਂ ਨੂੰ ਅੰਦਰ ਜਿਹੜੇ ਸੁਪਰਡੰਟ

Original with;
Punjab Vidhan Sabha
Digitized by;
Panjab Digital Library

ਦੇ ਟਾਊਟ ਹੁੰਦੇ ਹਨ ਉਹ ਡਿਪਟੀ ਸੁਪਰਡੰਟ ਦੇ ਆਦਮੀਆਂ ਨੂੰ ਫੜਾਉਂਦੇ ਹਨ। ਪਰ ਉਹ ਆਮਦਨ ਪਤਾ ਨਹੀਂ ਹੈ ਕਿ ਕਿਥੇ ਚਲੀ ਜਾਂਦੀ ਹੈ, ਉਹ ਆਮਦਨ ਨਹੀਂ ਵਿਖਾਈ ਜਾਂਦੀ।

ਸ਼੍ਰੀ ਡਿਪਟੀ ਸਪੀਕਰ : ਬਸ ਜੀ, ਪ੍ਰੋਫੈਸਰ ਸਾਹਿਬ, ਬੈਠੋ ਹੁਣ। ਸਰਦਾਰ ਇਕਬਾਲ ਸਿੰਘ ਜੀ, ਤੁਸੀਂ ਬੋਲੋ।

ਸਰਦਾਰ ਇਕਬਾਲ ਸਿੰਘ (ਰਾਜਾਸਾਂਸੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਮਦ ਨੰ: 6 ਅੰਰ 16 ਤੇ ਬੋਲਣ ਦਾ ਮੌਕਾ ਦਿੱਤਾ ਹੈ.....

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਵਿਦਆਊਟ ਮਾਈ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਇਕਬਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਐਕਸਾਈਜ਼ ਬਾਰੇ ਨਵੀਂ ਪਾਲਿਸੀ ਬਣਾਉਣ ਲਈ ਮੈਂ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਇਸ ਨਾਲ ਖਜ਼ਾਨੇ ਦੀ ਆਮਦਨ ਵਿਚ ਵਾਧਾ ਹੋਇਆ ਹੈ। ਇਸ ਦੇ ਬਾਰੇ ਪ੍ਰੋਫੈਸਰ ਸਾਹਿਬ ਨੇ ਟਿਪਣੀ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼ਰਾਬ ਕੋਈ ਅਸੈਂਸ਼ੀਅਲ ਕਮਾਡਿਟੀ ਨਹੀਂ ਹੈ। ਇਹ ਤਾਂ ਜਿਸ ਨੇ ਪੀਣੀ ਹੈ, ਉਸ ਨੇ ਪੀਣੀ ਹੀ ਹੈ। ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਸ਼ਰਾਬ ਦੀਆਂ ਕੀਮਤਾਂ ਮੁਕੱਰਰ ਕਰਕੇ ਵੇਖ ਲਈਆਂ 16 ਰੁਪਏ ਨੂੰ ਵੀ ਇਨ੍ਹਾਂ ਦੇ ਸਮੇਂ ਬੋਤਲ ਵਿਕੀ ਹੈ, ਫਿਰ, ਡਿਪਟੀ ਸਪੀਕਰ ਸਾਹਿਬ, ਉਹ ਉਸ ਮਾਹੌਲ ਵਿਚ ਵੇਚੀ ਹੈ ਜਿਸ ਦੇ ਬਾਰੇ ਇਹ ਵੀ ਜਾਣਦੇ ਹਨ। ਮੈਂ ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਸੰਨ 1977 ਵਿਚ ਲੈ ਜਾਣਾ ਚਾਹੁੰਦਾ ਹਾਂ। ਉਦੋਂ ਇਨ੍ਹਾਂ ਦੀ ਸਰਕਾਰ ਬਣੀ ਅੰਰ ਉਸੇ ਸਾਲ ਹੀ ਅੰਮ੍ਰਿਤਸਰ ਸ਼ਹਿਰ ਦਾ 400 ਸਾਲਾ ਦਿਵਸ ਮਨਾਇਆ ਗਿਆ। ਅਕਾਲੀ ਜਨਤਾ ਸਰਕਾਰ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਦੇਸਾਈ ਜੀ ਨੂੰ ਅੰਮ੍ਰਿਤਸਰ ਸੱਦਿਆ ਅੰਰ ਉਨ੍ਹਾਂ ਤੋਂ ਮੰਗ ਕੀਤੀ ਕਿ ਅੰਮ੍ਰਿਤਸਰ ਨੂੰ ਡਰਾਈ-ਪੋਰਟ ਡਿਕਲੇਅਰ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਉਸ ਵਕਤ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਹਿਲਾਂ ਤੁਸੀਂ ਸਟੇਟ ਨੂੰ ਡਰਾਈ ਕਰਵਾਓ ਫਿਰ ਡਰਾਈ ਪੋਰਟ ਵੀ ਡਿਕਲੇਅਰ ਕਰ ਦਿਆਂਗੇ। ਪਤਾ ਹੈ, ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਇਨ੍ਹਾਂ ਨੇ ਕੀ ਕੀਤਾ? ਬਾਦਲ ਸਾਹਿਬ ਨੇ ਬਿਨਾਂ ਸੋਚੇ ਸਮਝੇ ਇਹ ਕਮਿਟਮੈਂਟ ਕਰ ਲਈ ਕਿ ਅਸੀਂ ਚਾਰ ਸਾਲਾਂ ਵਿਚ ਸਾਰੇ ਪੰਜਾਬ ਨੂੰ ਡਰਾਈ ਕਰ ਦੇਵਾਂਗੇ। ਉਨ੍ਹਾਂ ਨੇ ਇਹ ਨਹੀਂ ਸੀ ਸੋਚਿਆ ਕਿ ਐਕਸਾਈਜ਼ ਤੋਂ ਖਜ਼ਾਨੇ ਵਿਚ ਕਿਤਨੇ ਪੈਸੇ ਆਉਂਦੇ ਹਨ। ਡਰਾਈ ਇਨ੍ਹਾਂ ਨੇ ਇਹ ਕੀਤਾ ਕਿ ਸੰਨ 1978-79 ਵਿਚ ਪਹਿਲਾਂ 1 ਕਰੋੜ 10 ਲੱਖ ਪਰੂਫ ਲਿਟਰ ਸ਼ਰਾਬ ਦਾ ਕੋਟਾ ਸੀ। ਇਨ੍ਹਾਂ ਨੇ ਪ੍ਰੋਹਿਬਸ਼ਨ ਸ਼ੁਰੂ ਕਰ ਦਿੱਤੀ ਪਰ ਨਾਲ ਹੀ ਕਹਿ ਦਿੱਤਾ ਕਿ ਤਹਾਨੂੰ 30% ਕੋਟਾ ਹੋਰ ਦਿਆਂਗੇ। ਇਸ ਤਰ੍ਹਾਂ 1 ਕਰੋੜ 10 ਲੱਖ ਦੀ ਥਾਂ 1 ਕਰੋੜ 30 ਲੱਖ ਪਰੂਫ ਲਿਟਰ ਕੋਟਾ ਹੋ ਗਿਆ ਅੰਰ ਉਹ ਸਸਤੇ ਭਾ ਤੇ ਸੇਲ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਜਿਹੜਾ ਅਡੀਸ਼ਨਲ ਕੋਟਾ ਸੀ ਉਹ ਤਿੰਨ ਰੁਪਏ ਤੋਂ ਪੰਜ ਰੁਪਏ ਬੋਤਲ ਦੇ ਹਿਸਾਬ ਨਾਲ ਵੇਚਿਆ ਗਿਆ। ਸੰਨ 1979-80 ਵਿਚ 1 ਕਰੋੜ 45 ਲੱਖ ਪਰੂਫ ਲਿਟਰ ਕੋਟਾ ਆਟੋਮੈਟਿਕ ਕਰ ਦਿੱਤਾ। ਇਹ ਚੀਜ਼ ਦੱਸਦੀ ਹੈ ਕਿ ਇਹ ਕਿਸ ਤਰ੍ਹਾਂ ਨਾਲ ਪ੍ਰੋਹਿਬਸ਼ਨ ਕਰਨੀ ਚਾਹੁੰਦੇ ਸਨ। ਇਹ, ਡਿਪਟੀ ਸਪੀਕਰ ਸਾਹਿਬ, ਗੱਲ ਕੁਝ ਹੋਰ ਕਰਦੇ ਹਨ ਪਰ ਕਮਾਉਂਦੇ ਕੁਝ ਹੋਰ ਹਨ। ਫਿਰ ਕੀਮਤਾਂ ਬਾਰੇ ਜ਼ਿਕਰ ਆਇਆ ਹੈ। ਪਹਿਲਾਂ 21 ਰੁਪਏ ਬੋਤਲ ਸੀ, ਫਿਰ 25 ਰੁਪਏ ਅੰਰ 26 ਰੁਪਏ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ]

ਵਿਕਦੀ ਰਹੀ ਹੈ। ਪਰ ਜੇਕਰ, ਇਸ ਤਰ੍ਹਾਂ ਨਾ ਵਿਕਦੀ ਤਾਂ ਮਾੜੇ ਕੰਮ ਜਿਹੜੇ ਕਿ ਗਵਾਂਢੀ ਰਾਜਾਂ ਵਿਚ ਹੁੰਦੇ ਰਹੇ ਹਨ, ਉਹ ਵੀ ਇਥੇ ਹੁੰਦੇ। ਇਸ ਤਰ੍ਹਾਂ ਦੇ ਮਾੜੇ ਕੰਮ ਸਾਡੇ ਇਥੇ ਨਹੀਂ ਹੋਏ ਕਿਉਂਕਿ ਸਰਕਾਰ ਨੇ ਤਕੜੇ ਹੋ ਕੇ ਨਿਗਰਾਨੀ ਕੀਤੀ ਹੈ ਜਿਸ ਨਾਲ ਕਨਜ਼ਿਊਮਰ ਨੂੰ ਚੰਗੀ ਸ਼ਰਾਬ ਮਿਲੀ ਹੈ। ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਸਰਕਾਰ ਨੇ ਜਿਹੜੀ ਨਵੀਂ ਪਾਲਿਸੀ ਬਣਾਈ ਹੈ ਇਹ ਬੜੀ ਹੀ ਸੋਚ ਸਮਝਕੇ ਬਣਾਈ ਹੈ। ਜਿਹੜੇ ਲੋਕ ਇਸ ਦੇ ਖਿਲਾਫ ਰੌਲਾ ਪਾਉਂਦੇ ਹਨ ਉਨ੍ਹਾਂ ਨੂੰ ਇਸ ਪਾਲਿਸੀ ਤੋਂ ਇਹ ਨਰਾਜ਼ਗੀ ਹੈ ਕਿ ਠੇਕੇਦਾਰ ਜੋ ਮਰਜ਼ੀ ਹੋਵੇਗੀ ਕੀਮਤਾਂ ਲੈਣਗੇ ...

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਰਾਮ ਸਵਰੂਪ ਬਾਗੀ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਇਕਬਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਇਕ ਇਹੋ ਜਿਹਾ ਡਿਪਾਰਟਮੈਂਟ ਹੈ ਜਿਸ ਤੋਂ, ਜਿਸ ਤਰ੍ਹਾਂ ਕਿ ਮਾਨ ਸਾਹਿਬ ਨੇ ਦੱਸਿਆ ਹੈ, ਸਟੇਟ ਦੀ ਰੈਵੇਨਿਊ ਦਾ 50% ਤੋਂ ਵੀ ਵੱਧ ਆਉਂਦਾ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਪਾਸੇ ਕੁਝ ਖਰਚ ਵੀ ਕੀਤਾ ਜਾਵੇ। ਖਾਸ ਤੌਰ ਤੇ ਜਿਹੜੀ ਇਲੇਸਿਟ ਡਿਸਟੀਲੇਸ਼ਨ ਹੈ ਇਹ ਬਹੁਤ ਵੱਧਦੀ ਜਾ ਰਹੀ ਹੈ, ਅਫੀਮ ਦੀ ਸਮਗਲਿੰਗ ਵਧਦੀ ਜਾਂਦੀ ਹੈ। ਇਸ ਲਈ ਇਸ ਗੱਲ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਟਰੈਫਿਕ ਤੇ ਏ.ਆਈ.ਜੀ. ਰੈਂਕ ਦੇ ਔਰ ਰੇਲਵੇ ਵਿਚ ਏ.ਆਈ.ਜੀ. ਰੈਂਕ ਦੇ ਪੁਲਿਸ ਅਫਸਰ ਲਗੇ ਹੋਏ ਹਨ ਇਸ ਤਰ੍ਹਾਂ ਹੀ ਡੀ.ਆਈ.ਜੀ. ਲੈਵਲ ਦੇ ਅਫਸਰ ਐਕਸਾਈਜ਼ ਐਂਡ ਟੈਕਸੇਸ਼ਨ ਵਿਚ ਲਾਉਣੇ ਚਾਹੀਦੇ ਹਨ। ਤਿੰਨ ਐਸ.ਪੀ. ਹਰ ਇਕ ਡਵੀਜ਼ਨ ਵਿਚ ਹੋਣੇ ਚਾਹੀਦੇ ਹਨ ਔਰ ਐਕਸਾਈਜ਼ ਦੀ ਨਿਗਰਾਨੀ ਵਾਸਤੇ ਜ਼ਿਲ੍ਹਾ ਲੈਵਲ ਤੇ ਡੀ.ਐਸ.ਪੀ. ਰੈਂਕ ਦਾ ਅਫ਼ਸਰ ਹੋਣਾ ਚਾਹੀਦਾ ਹੈ ਤਾਕਿ ਵੱਡੇ ਵੱਡੇ ਅਫ਼ਸਰਾਂ ਨੂੰ ਜਿੰਮੇਵਾਰ ਠਹਿਰਾ ਕੇ ਜਿਹੜੀ ਇਲੇਸਿਟ ਲਿਕਰ ਹੈ ਉਸਨੂੰ ਬੰਦ ਕੀਤਾ ਜਾ ਸਕੇ। ਜਿਹੜੇ ਮੇਰੇ ਸੱਜੇ ਹੱਥ ਵੀਰ ਬੈਠੇ ਹਨ ਉਨ੍ਹਾਂ ਨੂੰ ਵੀ ਪਤਾ ਹੈ ਕਿ ਪਿੰਡਾਂ ਵਿਚ ਸ਼ਰਾਬ ਕਿਤਨੀ ਨਿਕਲਦੀ ਹੈ। ਇਸ ਲਈ ਇਸ ਨੂੰ ਰੋਕ ਕੇ ਸਰਕਾਰ ਦਾ ਰੈਵੇਨਿਊ ਹੋਰ ਵਧਾਉਣਾ ਚਾਹੀਦਾ ਹੈ।.....

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਜਲਦੀ ਵਾਈਂਡ ਅਪ ਕਹਨ ਦੀ ਕੋਸ਼ਿਸ਼ ਕਰੋ।

ਸਰਦਾਰ ਇਕਬਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਇਥੇ ਐਂਟਰਟੇਨਮੈਂਟ ਟੈਕਸ ਅਤੇ ਪੈਸੰਜਰ ਟੈਕਸ ਦੀ ਵੀ ਚੋਰੀ ਦਾ ਬੜਾ ਜ਼ਿਕਰ ਆਇਆ ਹੈ। ਇਸ ਲਈ ਮੈਂ ਵੀ ਇਹ ਕਹਿੰਦਾ ਹਾਂ ਕਿ ਜੇ ਕੋਈ ਸਪੈਸ਼ਲ ਸੈਲ ਕਰੀਏਟ ਕਰਕੇ ਚੈਕਿਗ ਕੀਤੀ ਜਾਵੇ ਤਾਂ ਇਹ ਚੋਰੀ ਰੁਕ ਸਕਦੀ ਹੈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਥੇ ਪ੍ਰੋਫੈਸਰ ਸਾਹਿਬ ਨੇ ਕਿਹਾ ਕਿ ਐਂਟਰਟੇਨਮੈਂਟ ਟੈਕਸ ਸਿਨਮਿਆਂ ਦੇ ਮਾਲਕਾਂ ਤੇ ਲਗਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ। ਉਹ ਤਾਂ ਪਹਿਲਾਂ ਹੀ ਸ਼ੋ ਟੈਕਸ ਗੌਰਮਿੰਟ ਨੂੰ ਦਿੰਦੇ ਹਨ। ਤੁਹਾਨੂੰ ਪਤਾ ਹੈ ਕਿ ਜਦੋਂ ਵੀ ਕੋਈ ਨਵੀਂ ਫਿਲਮ ਰਿਲੀਜ਼ ਹੁੰਦੀ ਹੈ ਤਾਂ 100-100 ਰੁਪਏ ਦੀ ਟਿਕਟ ਬਲੈਕ ਵਿਚ ਵਿਕਦੀ ਹੈ ਇਸ ਤਰ੍ਹਾਂ ਨਾਲ ਟੈਕਸ ਦੀ ਵੀ ਚੋਰੀ ਕੀਤੀ ਜਾਂਦੀ ਹੈ ਅਤੇ ਟਿਕਟਾਂ ਦੀ ਵੀ ਬਲੈਕ ਹੁੰਦੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਐਂਟਰਟੇਨਮੈਂਟ ਟੈਕਸ ਅੌਰ ਪੈਸੰਜਰ ਟੈਕਸ ਦੀ ਚੋਰੀ ਰੋਕਣ ਲਈ ਐਕਸਾਈਜ਼ ਸਟਾਫ ਦਾ ਸਪੈਸ਼ਲ ਸੈੱਲ ਬਣਾ ਕੇ ਇਸ ਨੂੰ ਰੋਕਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਇਹ ਜਿਹੜਾ ਸੇਲਜ਼ ਟੈਕਸ ਵਧਾਇਆ ਹੈ, ਕੋਈ ਵੀ ਸਟੇਟ, ਜਿੰਨਾਂ ਚਿਰ ਤਕ ਉਸ ਨੂੰ ਸੇਲਜ਼ ਟੈਕਸ ਦੀ ਆਮਦਨ ਨਾ ਹੋਵੇ, ਉਸ ਸਟੇਟ ਦੀ ਤਰੱਕੀ ਨਹੀਂ ਹੋ ਸਕਦੀ। ਸਾਡੇ ਗਵਾਂਢੀ ਸੂਬੇ ਹਰਿਆਣਾ ਅਤੇ ਹਿਮਾਚਲ ਨੇ ਪਹਿਲੇ ਹੀ ਇਹ 7% ਕੀਤਾ ਹੋਇਆ ਹੈ ਅੌਰ ਹੁਣ ਜੇ ਇਹ ਇਥੇ 2 ਸਾਲ ਬਾਅਦ 7% ਹੋ ਗਿਆ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਵੱਡੀ ਗਲ ਨਹੀਂ। ਇਸ ਨਾਲ ਸਾਡੇ ਸਟੇਟ ਦੀ ਤਰੱਕੀ ਹੋਵੇਗੀ, ਡਿਵੈਲਪਮੈਂਟ ਹੋਵੇਗੀ। (ਘੰਟੀ)

ਹੁਣ ਮੈਂ ਨਿੱਕੀ ਜਿਹੀ ਗੱਲ ਤਾਲੀਮ ਦੇ ਬਾਰੇ ਵੀ ਕਰਨੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਅਜਨਾਲਾ ਸਾਹਿਬ ਨੇ ਵੋਕੇਸ਼ਨਲ ਟਰੇਨਿੰਗ ਸਕੂਲ ਦੇ ਕੇ ਬੜਾ ਚੰਗਾ ਕੰਮ ਸ਼ੁਰੂ ਕੀਤਾ ਹੈ। ਪਰ ਇਸ ਦੇ ਨਾਲ ਮੈਂ ਇਹ ਸਮਝਦਾ ਹਾਂ ਕਿ ਜਿਹੜਾ ਪੈਸਾ ਇਸ ਵਾਸਤੇ ਇਸ ਬਜਟ ਵਿਚ ਰਖਿਆ ਹੈ ਉਹ ਉਤਨਾ ਨਹੀਂ ਰਖਿਆ ਜਿੰਨਾਂ ਕਿ ਰਖਿਆ ਜਾਣਾ ਚਾਹੀਦਾ ਸੀ। ਇਸ ਤਰ੍ਹਾਂ ਸਕੂਲ ਅਪਗਰੇਡ ਕਰਨ ਵਾਸਤੇ ਵੀ ਕੁਝ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਵੋਕੇਸ਼ਨਲ ਟਰੇਨਿੰਗ ਸਕੂਲ ਜ਼ਿਆਦਾ ਬਣਾਏ ਜਾਣੇ ਚਾਹੀਦੇ ਹਨ ਤਾਕਿ ਜਿਹੜੀ ਬੇਰੁਜ਼ਗਾਰੀ ਹੈ ਉਹ ਕੁਝ ਘੱਟ ਸਕੇ। ਸਕੂਲ ਵੀ ਅਪਗਰੇਡ ਜ਼ਿਆਦਾ ਕਰਨੇ ਚਾਹੀਦੇ ਹਨ। ਇਥੇ ਐਡਹਾਕ ਟੀਚਰਾਂ ਦੇ ਮੁਤੱਲਕ ਜਿਹੜੀ ਗਲ ਕਹੀ ਗਈ ਹੈ ਉਸ ਸਬੰਧ ਵਿਚ ਮੈਂ ਬਸ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨਾਂ ਚਿਰ ਤਕ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਤੋਂ ਬੰਦੇ ਸਿਲੈਕਟ ਨਹੀਂ ਕੀਤੇ ਜਾਂਦੇ, ਉਨ੍ਹਾਂ ਨੂੰ ਨਹੀਂ ਹਟਾਇਆ ਜਾਣਾ ਚਾਹੀਦਾ। ਇਸ ਨਾਲ ਜਿਹੜਾ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੈ ਉਹ ਨਹੀਂ ਹੋਵੇਗਾ। ਅੌਰ ਜਿਹੜਾ ਐਡਹਾਕ ਸਟਾਫ ਰਿਲੀਜ਼ ਕਰ ਦਿੱਤਾ ਜਾਏਗਾ ਉਨ੍ਹਾਂ ਵਿੱਚ ਵੀ ਮਾਯੂਸੀ ਆਵੇਗੀ ਅੌਰ ਉਨ੍ਹਾਂ ਦੀ ਕਿਸੇ ਗਲਤ ਪਾਸੇ ਵਲ ਤੁਰਨ ਦੀ ਸੰਭਾਵਨਾ ਬਣੇਗੀ। ਇਸ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਕਰ ਲੈਣਾ ਚਾਹੀਦਾ ਹੈ। ਆਖਿਰ ਵਿਚ ਵਿਚ ਮੈਂ ਡਾਕਟਰ ਸਾਹਿਬ ਨੂੰ ਵਧਾਈ ਅਤੇ ਚੇਤਾਵਨੀ ਦੇਣੀ ਚਾਹੁੰਦਾ ਹਾਂ ਕਿ ਸ਼ਰਾਬ ਦੇ ਠੇਕੇ ਤੋਂ ਜਿਹੜੀ ਆਮਦਨੀ ਦੱਸੀ ਹੈ ਉਸ ਵੱਲ ਸਰਕਾਰ ਖਾਸ ਖਿਆਲ ਰਖੇ ਤਾਂ ਜੋ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ (ਲਾਇਸੈਂਸੀ) ਜ਼ਿਬ੍ਹਾਂ ਨਾ ਹੋ ਜਾਵੇ ਅਤੇ ਕਨਜ਼ਿਊਮਰ ਨੂੰ ਵੀ ਚੰਗੀ ਸ਼ਰਾਬ ਮਿਲੇ। ਐਨੀ ਗਲ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਸਰਵਣ ਸਿੰਘ ਫਿਲੌਰ (ਫਿਲੌਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਐਜੂਕੇਸ਼ਨ ਦੇ ਬਾਰੇ ਇਹ ਅਰਜ਼ ਕਰਦਾ ਹਾਂ ਕਿ ਐਜੂਕੇਸ਼ਨ ਦਾ ਜਿਹੜਾ ਸਬਜੈਕਟ ਹੈ ਇਹ ਬੜਾ ਇੰਪਾਰਟੈਂਟ ਸਬਜੈਕਟ ਹੈ। ਜੇਕਰ ਲੋਕਾਂ ਨੂੰ ਐਜੂਕੇਸ਼ਨ ਨਾ ਮਿਲੇ ਤਾਂ ਲੋਕ ਆਰਥਿਕ ਅੌਰ ਸਮਾਜਿਕ ਤੌਰ ਤੇ ਤਰੱਕੀ ਨਹੀਂ ਕਰ ਸਕਦੇ। ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਆਪਣਾ ਬਜਟ ਦਾ ਸਭ ਤੋਂ ਵੱਧ ਹਿੱਸਾ ਐਜੂਕੇਸ਼ਨ ਵਾਸਤੇ ਰਖਣਾ ਚਾਹੀਦਾ ਹੈ। ਇਸ ਦੇ ਨਾਲ ਹੀ ਐਜੂਕੇਸ਼ਨ ਨੂੰ ਲਾਜ਼ਮੀ ਕਰਨ ਵਾਸਤੇ ਵੀ ਸਰਕਾਰ ਨੂੰ ਜੋਸ਼ ਨਾਲ ਉਪਰਾਲੇ ਕਰਨੇ ਚਾਹੀਦੇ ਹਨ। ਪਿੰਡਾਂ ਵਿਚ ਬਹੁਤ ਸਾਰੇ ਐਸੇ ਬੱਚੇ ਹਨ ਜਿਹੜੇ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਵਣ ਸਿੰਘ ਫਿਲੌਰ]

ਵਿਦਿਆ ਤੋਂ ਵਾਂਝੇ ਰਹਿ ਜਾਂਦੇ ਹਨ ਅੱਰ ਹਾਲੇ ਵੀ ਜੇ ਫ਼ਿਗਰਜ਼ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਪਿੰਡਾਂ ਵਿਚ 60% ਅਨਪੜ੍ਹਤਾ ਹੈ। ਇਸ ਲਈ ਇਸ ਅਨਪੜ੍ਹਤਾ ਨੂੰ ਦੂਰ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਸਰਕਾਰ ਨੂੰ ਕਰਨੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਇਸ ਅਨਪੜ੍ਹਤਾ ਦਾ ਵੱਡਾ ਕਾਰਣ ਇਹ ਵੀ ਹੈ ਕਿ ਇਹ ਜਿਹੜੀ ਵਿਦਿਆ ਹੈ ਇਹ ਬਹੁਤ ਮਹਿੰਗੀ ਹੈ। ਇਹ ਵਿਦਿਆ ਪ੍ਰਾਪਤ ਕਰਨਾ ਆਮ ਆਦਮੀ ਦੇ ਵਸ ਦੀ ਗਲ ਨਹੀਂ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਵਿਦਿਆ ਨੂੰ ਸਸਤਾ ਕਰਨਾ ਚਾਹੀਦਾ ਹੈ ਤਾਕਿ ਹਰ ਵਰਗ ਦਾ ਆਦਮੀ ਇਸ ਨੂੰ ਪ੍ਰਾਪਤ ਕਰ ਸਕੇ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਪਿੰਡਾਂ ਵਿਚ ਵਿਦਿਆ ਦਾ ਚੰਗਾ ਪ੍ਰਬੰਧ ਨਹੀਂ। ਜਿਥੇ ਬੱਚੇ ਪੜ੍ਹਦੇ ਹਨ ਉਸ ਸਕੂਲ ਦੀ ਬਿਲਡਿੰਗ ਚੰਗੀ ਨਹੀਂ, ਫਰਨੀਚਰ ਚੰਗਾ ਨਹੀਂ, ਮੈਂ ਸਮਝਦਾ ਹਾਂ ਕਿ ਅੱਜ ਦੇ ਯੁਗ ਵਿਚ ਬੱਚਿਆਂ ਨੂੰ ਬੈਠਣ ਲਈ ਟਾਟ ਨਹੀਂ ਸਪਲਾਈ ਕਰਨੇ ਚਾਹੀਦੇ ਬਲਕਿ ਇਸ ਦੇ ਬਜਾਏ ਉਨ੍ਹਾਂ ਨੂੰ ਲਕੜ ਦੇ ਡੈਸਕ ਜਾਂ ਚੰਗਾ ਫਰਨੀਚਰ ਦੇਣਾ ਚਾਹੀਦਾ ਹੈ। ਇਹ ਠੀਕ ਹੈ ਕਿ ਸਰਕਾਰ ਨੇ 400 ਸਕੂਲਾਂ ਵਾਸਤੇ ਇਕ ਕਰੋੜ ਰੁਪਿਆ ਰਖਿਆ ਹੈ। ਇਹ ਬਿਲਡਿੰਗ ਬਣਾਉਣ ਵਾਸਤੇ ਰਖਿਆ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੀ ਅਮਾਉਂਟ ਹੈ ਇਹ ਬਹੁਤ ਘੱਟ ਹੈ। ਬਹੁਤ ਸਾਰੇ ਸਕੂਲਾਂ ਦੀਆਂ ਬਿਲਡਿੰਗਾਂ ਦੀ ਹਾਲਤ ਕਾਫ਼ੀ ਖਸਤਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਡਿਵੈਲਪਮੈਂਟ ਕਰਨ ਵਾਸਤੇ ਚੰਗਾ ਫਰਨੀਚਰ, ਚੰਗੇ ਟੁਆਏਲੈਟਸ ਬਣਾਉਣੇ ਚਾਹੀਦੇ ਹਨ। ਜਿਹੜਾ ਇਹ ਇਕ ਕਰੋੜ ਰੁਪਿਆ ਰਖਿਆ ਹੈ ਇਹ ਘੱਟ ਹੈ, ਮੈਨੂੰ ਆਸ ਹੈ ਕਿ ਇਸ ਵਿਚ ਹੋਰ ਇਹ ਵਾਧਾ ਕਰਨ ਦੀ ਕੋਸ਼ਿਸ਼ ਕਰਨਗੇ।

ਡਿਪਟੀ ਸਪੀਕਰ ਸਾਹਿਬ, ਸਾਡੀ ਅਕਾਲੀ ਸਰਕਾਰ ਨੇ ਇਕ ਸਕੀਮ ਮਾਡਲ ਸਕੂਲ ਬਣਾਉਣ ਦੀ ਚਲਾਈ ਸੀ ਜਿਹੜੀ ਕਿ ਇਨ੍ਹਾਂ ਨੇ ਬੰਦ ਕਰ ਦਿਤੀ ਹੈ। ਮੈਂ ਸਮਝਦਾ ਹਾਂ ਕਿ ਪਿੰਡਾਂ ਦੇ ਬੱਚੇ ਜਿਹੜੇ ਸ਼ਿਮਲੇ ਅੱਰ ਮਨਸੂਰੀ ਵਗੈਰਾ ਜਾਕੇ ਨਹੀਂ ਪੜ੍ਹ ਸਕਦੇ ਅੱਰ ਚੰਗੀ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਪਿੰਡਾਂ ਵਿਚ ਹੀ ਚੰਗੀ ਵਿਦਿਆ ਦੇਣ ਲਈ ਸਾਡੀ ਸਰਕਾਰ ਨੇ ਇਹ ਬੜੀ ਚੰਗੀ ਸਕੀਮ ਬਣਾਈ ਸੀ। ਪਰ ਹੁਣ ਇਹ ਸਕੀਮ ਬੰਦ ਕਰਕੇ ਪਿੰਡਾਂ ਵਾਲਿਆਂ ਨਾਲ ਬੜਾ ਭਾਰੀ ਵਿਤਕਰਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਪਿੰਡਾਂ ਦੇ ਬੱਚੇ ਚੰਗੀ ਵਿਦਿਆ ਪ੍ਰਾਪਤ ਨਹੀਂ ਕਰ ਸਕਣਗੇ। ਜਿਹੜੇ ਪਿੰਡਾਂ ਵਿਚ ਗਰੀਬ ਲੋਕ ਵਸਦੇ ਹਨ ਉਹ ਚੰਗੀ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ ਬਲਕਿ ਚੰਗੇ ਚੰਗੇ ਸ਼ਹਿਰਾਂ ਦੇ ਬੱਚੇ ਹੀ ਆਈ.ਏ.ਐਸ. ਅੱਰ ਪੀ.ਸੀ.ਐਸ. ਸਕੂਲਾਂ ਵਿਚ ਦਾਖਲਾ ਲੈਂਦੇ ਹਨ। ਮੈਂ ਸਮਝਦਾ ਹਾਂ ਕਿ ਜੇ ਪਿੰਡਾਂ ਦੇ ਬੱਚਿਆਂ ਨੂੰ ਮਾਡਲ ਸਕੂਲਾਂ ਵਿਚ ਵਿਦਿਆ ਦਿੱਤੀ ਜਾਂਦੀ ਤਾਂ ਉਹ ਬੱਚੇ ਵੀ ਇਨ੍ਹਾਂ ਕੰਪੀਟੀਸ਼ਨਾਂ ਵਿਚ ਹਿੱਸਾ ਲੈ ਸਕਦੇ ਹਨ। ਮੈਂ ਮਿਸਾਲ ਦਿੰਦਾ ਹਾਂ ਕਿ ਮੇਰੇ ਹਲਕੇ ਖਟਕਲ ਕਲਾਂ ਵਿਚ ਜਿਥੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਹੋਇਆ ਸੀ ਉਥੇ ਪਿਛਲੀ ਸਰਕਾਰ ਨੇ ਮਾਡਲ ਸਕੂਲ ਖੋਲ੍ਹਣ ਦਾ ਐਲਾਨ ਕੀਤਾ ਸੀ ਪਰ ਇਨ੍ਹਾਂ ਨੇ ਉਸ ਸਕੀਮ ਨੂੰ ਬੰਦ ਕਰਕੇ ਮੈਂ ਸਮਝਦਾ ਹਾਂ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਆਤਮਾ ਨੂੰ ਵੀ ਸੱਟ ਮਾਰੀ ਹੈ। ਮੇਰੀ ਬੇਨਤੀ ਹੈ ਕਿ ਇਸ ਸਕੀਮ ਨੂੰ ਜ਼ਰੂਰ ਲਾਗੂ ਰੱਖਣਾ ਚਾਹੀਦਾ ਹੈ।

ਇਕ, ਡਿਪਟੀ ਸਪੀਕਰ ਸਾਹਿਬ, ਸਰਕਾਰ ਵਲੋਂ ਸ਼ਡਿਊਲਡ ਕਾਸਟਸ ਨੂੰ ਫਰੀ ਕੋਚਿੰਗ ਦੇਣ ਦੀ ਸਕੀਮ ਚਾਲੂ ਕੀਤੀ ਸੀ ਪਰ ਜੇਕਰ ਇਸ ਨੂੰ ਪ੍ਰੈਕਟੀਕਲੀ ਵੇਖਿਆ ਜਾਵੇ ਤਾਂ ਇਸ ਵਿਚ ਬੜੀ ਘਪਲੇਬਾਜ਼ੀ ਹੋਈ ਹੈ। ਮੈਂ ਸਮਝਦਾ ਹਾਂ ਕਿ ਇਸ ਸਕੀਮ ਵਿਚ ਸ਼ਡਿਊਲਡ ਕਾਸਟਸ ਨਾਲ ਬੜਾ ਭਾਰੀ ਧੱਕਾ ਕੀਤਾ ਜਾਂਦਾ ਹੈ। ਮੈਂ ਤੁਹਾਡੇ ਨੋਟਿਸ ਵਿਚ ਇਕ ਮਿਸਾਲ ਲਿਆਉਣਾ ਚਾਹੁੰਦਾ ਹਾਂ ਕਿ ਪਟੀ ਜਾਗੀਰ ਹਾਈ ਸਕੂਲ ਦੇ ਹੈਡਮਾਸਟਰ ਨੇ ਕੁਝ ਲਲਤ ਨਾਮ ਦੇ ਕੇ ਇਹ ਲਿਖਿਆ ਸੀ ਕਿ ਉਸ ਨੇ

Original with;
Punjab Vidhan Sabha
Digitized by;
Panjab Digital Library

ਫ਼ਰੀ ਕੋਚਿੰਗ ਦਿੱਤੀ ਹੈ। ਉਸ ਕਾਗਜ਼ ਤੇ ਉਸ ਨੇ ਹੋਰ ਟੀਚਰਾਂ ਦੇ ਦਸਖ਼ਤ ਵੀ ਕਰਾਏ ਸਨ। ਬਆਦ ਵਿਚ ਜਦੋਂ ਇਹ ਚੀਜ਼ ਨੋਟਿਸ ਵਿਚ ਆਈ ਤਾਂ ਇਨਕੁਆਇਰੀ ਕੀਤੀ ਗਈ ਤਾ ਇਹ ਸਾਬਤ ਹੋਇਆ ਕਿ ਉਸ ਨੇ ਗਲਤ ਲਿਖਿਆ ਸੀ। ਇਹ ਠੀਕ ਹੈ ਕਿ ਉਸ ਨੇ ਹਾਲੇ ਇਸ ਦੇ ਪੈਸੇ ਨਹੀਂ ਲਏ ਸਨ ਪਰ ਜੇ ਉਸ ਨੇ ਪੈਸੇ ਨਹੀਂ ਲਏ ਸਨ ਤਾਂ ਜਿਹੜੇ ਹਰੀਜਨਾਂ ਨੂੰ ਫ਼ਰੀ ਕੋਚਿੰਗ ਦੇਣੀ ਸੀ ਉਹ ਵੀ ਤਾਂ ਨਹੀਂ ਦਿੱਤੀ ਸੀ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਹਰੀਜਨਾਂ ਨਾਲ ਧੱਕਾ ਕੀਤਾ ਗਿਆ ਹੈ। ਉਨ੍ਹਾਂ ਨਾਲ ਬੇਇਨਸਾਫੀ ਹੈ। ਇਸ ਲਈ ਉਸ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਉਸ ਹੈਡਮਾਸਟਰ ਨੇ ਟੀਚਰਾਂ ਤੋਂ ਵੀ ਗਲਤ ਦਸਖ਼ਤ ਕਰਵਾ ਲਏ ਸਨ ਅੱਤੇ ਬਿਲ ਬਣਾ ਕੇ ਭੇਜ ਦਿੱਤਾ ਸੀ। ਇਸ ਲਈ ਇਹ ਠੀਕ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨਾਲ ਇਹ ਧੱਕਾ ਕੀਤਾ ਗਿਆ ਹੈ।

ਇਹ ਹਰੀਜਨਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੈ। ਜੇਕਰ ਇਨ੍ਹਾਂ ਸਕੂਲਾਂ ਦੀ ਇਨਕੁਆਇਰੀ ਕੀਤੀ ਜਾਵੇ ਤਾਂ ਹਜ਼ਾਰਾਂ ਸਕੂਲਾਂ ਵਿਚ ਘਪਲੇਬਾਜ਼ੀ ਨਜ਼ਰ ਆਵੇਗੀ। ਕੱਲ੍ਹ ਇਥੇ ਪ੍ਰਾਈਵੇਟ ਟੀਚਰਜ਼ ਆਫ ਕਾਲਜਿਜ਼ ਨੇ ਧਰਨਾ ਦਿੱਤਾ ਸੀ ਕਿ ਸਾਨੂੰ ਵੀ ਗੌਰਮਿੰਟ ਕਾਲਜਿਜ਼ ਦੇ ਟੀਚਰਜ਼ ਦੇ ਬਰਾਬਰ ਟੀ.ਏ., ਡੀ.ਏ. ਅਤੇ ਮੈਡੀਕਲ ਫੈਸੀਲਿਟੀਜ਼ ਦਿੱਤੀਆਂ ਜਾਣ। ਉਨ੍ਹਾਂ ਦੀ ਮੰਗ ਬੜੀ ਜਾਇਜ਼ ਹੈ। ਉਹ ਵੀ ਓਨਾ ਹੀ ਨੇਸ਼ਨ ਨੂੰ ਬਿਲਡ ਅੱਪ ਕਰਦੇ ਹਨ ਜਿੰਨਾ ਗੌਰਮਿੰਟ ਕਾਲਜਿਜ਼ ਦੇ ਟੀਚਰਜ਼ ਕਰਦੇ ਹਨ। ਜਾਂ ਤਾਂ ਪੰਜਾਬ ਸਰਕਾਰ ਇਨ੍ਹਾਂ ਪ੍ਰਾਈਵੇਟ ਕਾਲਜਾਂ ਨੂੰ ਆਪਣੇ ਅਧਿਕਾਰ ਵਿਚ ਲੈ ਲਵੇ, ਜੇਕਰ ਨਹੀਂ ਲੈ ਸਕਦੀ ਤਾਂ ਫੇਰ ਸਰਕਾਰ ਉਨ੍ਹਾਂ ਨੂੰ ਇਹ ਸਹੂਲਤਾਂ ਦੇਵੇ। ਜਿਹੜਾ ਤੁਸੀਂ ਕੱਲ ਉਨ੍ਹਾਂ ਦਾ ਇਥੇ ਸਵਾਗਤ ਕੀਤਾ ਹੈ ਉਹ ਇਕ ਚੰਗੀ ਗੱਲ ਨਹੀਂ ਕੀਤੀ। ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਦੂਜੀ ਗੱਲ ਅੱਜ ਕੱਲ੍ਹ ਨਕਲ ਦੀ ਬੜੀ ਚਰਚਾ ਹੈ, ਇਸ ਨੂੰ ਰੋਕਣ ਲਈ ਸਰਕਾਰ ਨੂੰ ਕੋਈ ਉਪਰਾਲੇ ਕਰਨੇ ਚਾਹੀਦੇ ਹਨ ਤਾਕਿ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋ ਸਕਣ ਅਤੇ ਕਾਬਲੀਅਤ ਕਾਇਮ ਕਰ ਸਕਣ। ਕੱਲ ਪਟਿਆਲੇ ਵਿਚ ਸਪੀਕਰ ਲਗਾ ਕੇ ਬੱਚਿਆਂ ਨੂੰ ਸਵਾਲਾਂ ਦਾ ਪੇਪਰ ਕਰਵਾਇਆ ਗਿਆ ਅਤੇ ਸਵਾਲ ਹੱਲ ਕਰਵਾਏ ਗਏ। ਇਥੋਂ ਤੁਸੀਂ ਦੇਖ ਲਵੋ ਕਿ ਨਕਲ ਕਿਸ ਤਰ੍ਹਾਂ ਪ੍ਰਚਲਤ ਹੋ ਰਹੀ ਹੈ। ਅਕਾਲੀ ਜਨਤਾ ਸਰਕਾਰ ਵੇਲੇ ਪ੍ਰਾਈਵੇਟ ਕਾਲਜਾਂ ਨੂੰ 95% ਗ੍ਰਾਂਟ ਦਿੱਤੀ ਜਾਂਦੀ ਸੀ।

ਪ੍ਰੋਫੈਸਰ ਬਲਵੰਤ ਸਿੰਘ ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਸਰਵਣ ਸਿੰਘ ਫਿਲੌਰ : ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਪਿਛਲੇ ਸਾਲ ਸਰਕਾਰ ਨੇ 1.75 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਈਵੇਟ ਕਾਲਜਾਂ ਨੂੰ ਦਿਤੀ ਸੀ। ਹੁਣੇ ਪ੍ਰੋਫੈਸਰ ਦਰਬਾਰੀ ਲਾਲ ਜੀ ਬੋਲੇ ਸਨ। ਉਨ੍ਹਾਂ ਨੇ ਵੀ ਕਿਹਾ ਹੈ ਕਿ ਗ੍ਰਾਂਟ ਫਿਰਕਾਪ੍ਰਸਤੀ ਨਾਲ ਵੰਡੀ ਗਈ ਹੈ ਅਤੇ ਸਰਦਾਰ ਆਤਮਾ ਸਿੰਘ ਜੀ ਨੇ ਵੀ ਕਿਹਾ ਸੀ ਕਿ ਫਿਰਕਾਪ੍ਰਸਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਕਾਲਜਾਂ ਨੂੰ ਗ੍ਰਾਂਟ ਦਿੱਤੀ ਗਈ ਹੈ। ਮੇਰੇ ਕੋਲ ਫੈਕਟਸ ਐਂਡ ਫਿੱਗਰਜ਼ ਹਨ। ਜਿਸ ਵੀ ਕਾਲਜ ਦੇ ਨਾਂ ਨਾਲ ਗੁਰੂ ਦਾ ਨਾਂ ਲਿਖਿਆ ਹੁੰਦਾ ਸੀ ਉਸ ਨੂੰ ਘੱਟ ਗ੍ਰਾਂਟ ਦਿੱਤੀ ਗਈ। ਐਸ. ਡੀ. ਐਮ. ਫੇਰੂਮਾਨ ਕਾਲਜ, ਰੱਟੀਏ ਨੂੰ 8 ਹਜ਼ਾਰ ਰੁਪਿਆ ਗ੍ਰਾਂਟ ਘੱਟ ਦਿਤੀ ਗਈ। ਗੰਗਾ ਮਾਤਾ ਗੁਜਰੀ ਕਾਲਜ ਨੂੰ 13 ਹਜ਼ਾਰ ਰੁਪਿਆ ਗ੍ਰਾਂਟ ਘੱਟ ਦਿਤੀ ਗਈ। ਸੁਲਤਾਨ ਪੁਰ ਲੋਧੀ ਕਾਲਜ ਨੂੰ 42 ਹਜਾਰ ਰੁਪਏ ਘੱਟ ਗ੍ਰਾਂਟ ਦਿਤੀ ਗਈ। ਇਸ ਤੋਂ ਸਰਕਾਰ ਦੀ ਫਿਰਕਾਪ੍ਰਸਤੀ ਸਾਹਮਣੇ ਆਈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਵਣ ਸਿੰਘ ਫਿਲੌਰ]

ਹੈ। ਸਰਕਾਰ ਕਹਿੰਦੀ ਹੈ ਕਿ ਅਸੀਂ ਸੈਕੂਲਰ ਹਾਂ ਅਤੇ ਹੋਣਾ ਵੀ ਚਾਹੀਦਾ ਹੈ। ਬਿਨਾਂ ਕਿਸੇ ਜਾਤ ਪਾਤ, ਕਾਸਟ ਅਤੇ ਧਰਮ ਤੋਂ ਗ੍ਰਾਂਟ ਦਿੱਤੀ ਜਾਣੀ ਚਾਹੀਦੀ ਹੈ। ਕਿਸੇ ਨਾਲ ਗ੍ਰਾਂਟ ਦੇ ਮਾਮਲੇ ਵਿਚ ਕੋਈ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਪਰ ਮੈਂ ਦੱਸਦਾ ਹਾਂ ਕਿ ਡੀ. ਏ. ਵੀ ਕਾਲਜ, ਅਬੋਹਰ ਨੂੰ 2.17 ਲੱਖ ਰੁਪਿਆ ਜ਼ਿਆਦਾ ਗ੍ਰਾਂਟ ਦਿਤੀ ਗਈ, ਡੀ. ਏ. ਵੀ ਕਾਲਜ, ਹੁਸ਼ਿਆਰਪੁਰ ਨੂੰ 4.67 ਹਜ਼ਾਰ ਰੁਪਏ ਦੀ ਜ਼ਿਆਦਾ ਗ੍ਰਾਂਟ ਦਿਤੀ ਗਈ ਅਤੇ ਐਮ. ਐਮ. ਡਿਗਰੀ ਕਾਲਜ ਨੂੰ 4.18 ਲੱਖ ਰੁਪਿਆ ਜ਼ਿਆਦਾ ਗ੍ਰਾਂਟ ਦਿੱਤੀ ਗਈ। ਇਹ ਫਿਰਕਾਪ੍ਰਸਤੀ ਵਾਲੀ ਗੱਲ ਨਹੀਂ ਹੈ ਤੇ ਹੋਰ ਕੀ ਹੈ ? ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਗੱਲ ਸੀ. ਐਮ. ਸਾਹਿਬ ਦੇ ਨੋਟਿਸ ਵਿਚ ਆ ਗਈ ਹੈ, ਉਹ ਪੜਤਾਲ ਕਰਵਾਉਣ। ਇਸ ਸੰਬਧ ਵਿਚ ਸਰਦਾਰ ਆਤਮਾ ਸਿੰਘ ਜੀ ਨੇ ਅਤੇ 6 ਹੋਰ ਮੈਂਬਰਾਂ ਨੇ ਸੀ. ਐਮ. ਸਾਹਿਬ ਨੂੰ ਇਕ ਮੈਮੋਰੈਂਡਮ ਦਿੱਤਾ ਹੈ ਅਤੇ ਮੈਂ ਅਪੀਲ ਕਰਦਾ ਹਾਂ ਕਿ ਇਸ ਮਾਮਲੇ ਦੀ ਜ਼ਰੂਰ ਘੋਖ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਐਕਸਾਈਜ਼ ਐਂਡ ਟੈਕਸੇਸ਼ਨ ਬਾਰੇ ਜਿਹੜੀ ਪਾਲਸੀ ਸਰਕਾਰ ਨੇ ਅਡਾਪਟ ਕੀਤੀ ਹੈ ਇਸ ਨਾਲ ਸਰਕਾਰ ਦਾ ਰੈਵੇਨਿਊ ਜ਼ਰੂਰ ਵਧੇਗਾ ਪਰ ਕਈ ਥਾਵਾਂ ਤੇ ਪਤਾ ਨਹੀਂ ਵਜ਼ੀਰ ਸਾਹਿਬ ਦਾ ਹੱਥ ਸੀ ਜਾਂ ਕਿਸੇ ਅਫ਼ਸਰ ਦਾ ਹੱਥ ਸੀ ਉਥੇ ਸ਼ਰਾਬ ਦੇ ਠੇਕਿਆਂ ਦੀ ਬੋਲੀ ਘੱਟ ਗਈ ਹੈ। ਇਸ ਤਰ੍ਹਾਂ ਲੱਖ ਡੇਢ ਲੱਖ ਰੁਪਏ ਦੇ ਕਰੀਬ ਘਾਟਾ ਪਿਆ ਹੈ। ਇਸ ਤਰੀਕੇ ਨਾਲ ਸਟੇਟ ਨੂੰ ਰੈਵੇਨਿਊ ਘੱਟ ਆਇਆ ਹੈ ਅਤੇ ਸਟੇਟ ਨਾਲ ਧੱਕਾ ਕੀਤਾ ਗਿਆ ਹੈ।

ਸ਼੍ਰੀ ਰਾਮ ਸਵਰੂਪ ਬਾਗੀ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿਤਾ ਹੈ। ਪਹਿਲਾਂ ਮੈਂ ਐਕਸਾਈਜ਼ ਐਂਡ ਟੈਕਸੇਸ਼ਨ ਦੀ ਡੀਮਾਂਡ ਬਾਰੇ ਜ਼ਿਕਰ ਕਰਾਂਗਾ। ਸ਼ਰਾਬ ਪੀਣੀ ਚੰਗੀ ਹੈ ਜਾਂ ਮੰਦੀ ਹੈ, ਇਸ ਦਾ ਫਿਕਰ ਪੀਣ ਵਾਲੇ ਨੂੰ ਹੋਣਾ ਚਾਹੀਦਾ ਹੈ। ਸ਼ਰਾਬ ਆਖਿਰ ਸ਼ਰਾਬ ਹੈ। ਜਿਸ ਦੇ ਅੰਦਰ ਗਈ ਸ਼ਰਾਬ, ਉਸਦਾ ਹੋ ਗਿਆ ਖਾਨਾ ਖ਼ਰਾਬ। ਜਿਸ ਨੇ ਸ਼ਰਾਬ ਪੀਣੀ ਹੈ ਉਸਨੂੰ ਪਤਾ ਹੈ ਕਿ ਇਹ ਮੰਦੀ ਹੈ ਜਾਂ ਚੰਗੀ ਹੈ ਕਿਉਂਕਿ ਹਰ ਸ਼ਰਾਬ ਦੀ ਬੋਤਲ ਤੇ ਲਿਖਿਆ ਹੁੰਦਾ ਹੈ ਕਿ ਇਹ ਪੁਆਇਜ਼ਨ ਹੈ ਅਤੇ ਸਿਹਤ ਲਈ ਹਾਨੀਕਾਰਕ ਹੈ ਲੇਕਿਨ ਪੀਣ ਵਾਲੇ ਫਿਰ ਵੀ ਪੀ ਜਾਂਦੇ ਹਨ।

ਐਫ. ਐਮ. ਸਾਹਿਬ ਨੇ ਇਥੇ ਗੁਡਜ਼ ਟੈਕਸ ਲਗਾਇਆ ਹੈ, ਇਹ ਠੀਕ ਹੈ ਕਿ ਇਹ ਹਾਲੇ ਵੀ ਗੁਆਂਢੀ ਸੂਬਿਆਂ ਨਾਲੋਂ ਘੱਟ ਹੈ ਪਰ ਗੁਆਂਢੀ ਸੂਬਾ ਪਹਾੜੀ ਹੋਣ ਕਰਕੇ ਉਥੇ ਟਰਾਂਸਪੋਰਟ ਦਾ ਕਿਰਾਇਆ ਢਾਈ ਗੁਣਾ ਜ਼ਿਆਦਾ ਲੈਂਦੇ ਹਨ। ਮੈਂ ਪੀ. ਏ. ਸੀ. ਦਾ ਮੈਂਬਰ ਰਿਹਾ ਹਾਂ ਮੈਂ ਦਸ ਨਹੀਂ ਸਕਦਾ। ਪਰ ਮੈਂ ਮੋਟੀ ਜਿਹੀ ਗਲ ਦੱਸਦਾ ਹਾਂ ਕਿ ਮੈਂ ਖੁਦ ਗੁਡਜ਼ ਟਰਾਂਸਪੋਰਟਰ ਹਾਂ। ਸਰਕਾਰ ਦਾ ਕਰੋੜਾਂ ਰੁਪਿਆ ਗੁਡਜ਼ ਟੈਕਸ ਵਸੂਲ ਕਰਨ ਵਾਲਾ ਰਹਿੰਦਾ ਹੈ। ਜੇਕਰ ਸਰਕਾਰ ਉਹ ਟੈਕਸ ਵਸੂਲ ਕਰ ਲਵੇ ਫੇਰ ਹੋਰ ਟੈਕਸ ਲਾਉਣ ਦੀ ਲੋੜ ਨਹੀਂ ਪਵੇਗੀ। ਗੁਡਜ਼ ਟੈਕਸ ਦੇ ਸਬੰਧ ਵਿਚ ਸਾਡੀ ਸਰਕਾਰ ਨੂੰ ਸੈਂਟਰਲ ਗੌਰਮਿੰਟ ਨਾਲ ਤਾਲ ਮੇਲ ਕਾਇਮ ਕਰਕੇ ਨਾਰਦਰਨ ਜ਼ੋਨ, ਵੈਸਟਰਨ ਜ਼ੋਨ ਅਤੇ ਨੈਸ਼ਨਲ ਪੱਧਰ ਲਈ ਜ਼ਿਆਦਾ ਤੋਂ ਜ਼ਿਆਦਾ ਪਰਮਿਟ ਲੈਣੇ ਚਾਹੀਦੇ ਹਨ। ਇਸ ਦੇ ਨਾਲ ਮੈਂ ਦੱਸਦਾ ਹਾਂ ਕਿ ਸਾਡੇ ਪੰਜਾਬ ਦੀਆਂ ਗੱਡੀਆਂ ਦੂਜੀਆਂ ਸਟੇਟਾਂ ਵਿਚ ਚਾਹੇ ਇਕ ਦਿਨ ਲਈ ਜਾਣ ਚਾਹੇ ਇਕ ਹਫ਼ਤੇ ਲਈ ਜਾਣ ਜਾਂ ਇਕ ਮਹੀਨੇ ਲਈ ਜਾਣ। ਉਨ੍ਹਾਂ ਨੂੰ 700 ਰੁਪਿਆ ਕੁਆਰਟਰਲੀ ਦੇਣਾ ਪੈਂਦਾ ਹੈ। ਇਹ ਇਕ ਗੁਡਜ਼ ਟੈਕਸ ਟਰੱਕ ਆਪਰੇਟਰਾਂ ਤੇ

Original with;
Punjab Vidhan Sabha
Digitized by;
Panjab Digital Library

ਕੂਲਹਾੜੇ ਵਾਂਗ ਇਸਤੇਮਾਲ ਹੋ ਰਿਹਾ ਹੈ। ਸਾਨੂੰ ਸੈਂਟਰਲ ਗੌਰਮਿੰਟ ਨਾਲ ਜਾਬਤਾ ਕਾਇਮ ਕਰਕੇ ਵੈਸਟਰਨ ਜ਼ੋਨ ਪਰਮਿਟ, ਨਾਰਦਰਨ ਜ਼ੋਨ ਪਰਮਿਟ ਅਤੇ ਨੈਸ਼ਨਲ ਪਰਮਿਟ ਜ਼ਿਆਦਾ ਤੋਂ ਜ਼ਿਆਦਾ ਲੈਣੇ ਚਾਹੀਦੇ ਹਨ। ਤਾਂ ਹੀ ਟਰੱਕ ਆਪਰੇਟਰਾਂ ਨੂੰ ਰਿਲੀਫ ਮਿਲ ਸਕਦਾ ਹੈ ਅਤੇ ਫਾਇਦਾ ਹੋ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਸ਼੍ਰੀਮਤੀ ਇੰਦਰਾ ਗਾਂਧੀ ਪ੍ਰਾਈਮ ਮਨਿਸਟਰ ਸਾਹਿਬ ਨੇ ਜੋ 20 ਨੁਕਾਤੀ ਪ੍ਰੋਗਰਾਮ ਬਣਾਇਆ ਹੈ, ਉਹ ਬਹੁਤ ਵਧੀਆ ਪ੍ਰੋਗਰਾਮ ਹੈ। ਉਨ੍ਹਾਂ ਨੇ ਵੀ ਕਿਹਾ ਹੈ ਕਿ ਟੈਕਸ ਦੀ ਉਗਰਾਹੀ ਤੇ ਜ਼ੋਰ ਦੇਣਾ ਚਾਹੀਦਾ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਨਾਰਦਰਨ ਪਰਮਿਟ, ਵੈਸਟਰਨ ਪਰਮਿਟ ਅਤੇ ਨੈਸ਼ਨਲ ਪਰਮਿਟ ਸਾਨੂੰ ਵੱਧ ਤੋਂ ਵੱਧ ਭਾਰਤ ਸਰਕਾਰ ਕੋਲੋਂ ਲਿਆਉਣੇ ਚਾਹੀਦੇ ਹਨ। ਇਸ ਨਾਲ ਸਾਡੇ ਖਜ਼ਾਨੇ ਦੀ ਇਨਕਮ ਵਧੇਗੀ। ਜੋ ਗੁਡਜ਼ ਟੈਕਸ ਵਧਾਇਆ ਗਿਆ ਹੈ, ਡਿਪਟੀ ਸਪੀਕਰ ਸਾਹਿਬ ਜੋ ਅਫਸਰ ਚੈਕਿੰਗ ਕਰਦੇ ਹਨ, ਉਨ੍ਹਾਂ ਨੇ ਵੀ ਆਪਣੀ ਉਗਰਾਹੀ ਵਧਾ ਦਿੱਤੀ ਹੈ ਅਤੇ ਉਹ ਵਧੀ ਹੋਈ ਉਗਰਾਹੀ ਵੀ ਸਾਨੂੰ ਦੇਣੀ ਪੈਂਦੀ ਹੈ। ਜੇਕਰ ਅਫ਼ਸਰ ਇਨ੍ਹਾਂ ਚੈਕਿੰਗ ਕਰਨ ਵਾਲਿਆਂ ਨੂੰ ਥੋੜਾ ਜਿਹਾ ਖਿਚੱਣ ਤਾਂ ਵੀ ਸਰਕਾਰੀ ਖਜ਼ਾਨੇ ਵਿਚ ਵੱਧ ਪੈਸੇ ਆ ਸਕਦੇ ਹਨ।

ਡਿਪਟੀ ਸਪੀਕਰ ਸਾਹਿਬ, ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਬੜੇ ਹੀ ਖੁਸ਼ ਨਸੀਬ ਹਨ ਅਤੇ ਬੜੇ ਹੀ ਖੂਬਸੂਰਤ ਹਨ। ਉਨ੍ਹਾਂ ਦਾ ਚਿਹਰਾ ਦੇਖ ਕੇ ਸਾਡਾ ਪੜਨ ਲਈ ਦਿਲ ਕਰਦਾ ਹੈ। ਪਿਛਲੇ ਡੇਢ ਸਾਲਾਂ ਵਿਚ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ 84 ਸਕੂਲ ਮਿਡਲ ਤੋਂ ਹਾਈ ਸਕੂਲ ਅਪਗਰੇਡ ਕੀਤੇ ਅੱਤੇ 90 ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲ ਕੀਤੇ ਹਨ। ਵੋਕੇਸ਼ਨਲ ਸਕੂਲ ਵੀ ਪੰਜਾਬ ਵਿਚ ਖੋਲ੍ਹੇ ਗਏ ਹਨ। ਵੋਕੇਸ਼ਨਲ ਸਕੂਲ ਪੰਜਾਬ ਵਿਚ ਹੋਰ ਜ਼ਿਆਦਾ ਖੋਲਣੇ ਚਾਹਦੇ ਹਨ। ਇਸ ਲਈ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਐਜੂਕੇਸ਼ਨ ਵੱਲ ਹੋਰ ਪੈਸਾ ਦੇਣ। ਵੈਸੇ ਤਾਂ ਉਨ੍ਹਾਂ ਨੇ ਹਰ ਮਹਿਕਮੇਂ ਨੂੰ ਵੱਧ ਤੋਂ ਵੱਧ ਪੈਸਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਇਕ ਅਹਿਮ ਮਸਲਾ ਹੈ। ਸਭ ਤੋਂ ਪਹਿਲਾਂ ਕਦਮ ਜ਼ਿੰਦਗੀ ਵਿਚ ਐਜੂਕੇਸ਼ਨ ਦਾ ਆਉਂਦਾ ਹੈ। ਸਾਹਮਣੇ ਬੈਠੇ ਭਰਾਵਾਂ ਨੇ ਢਾਈ ਸਾਲਾਂ ਵਿਚ ਦਰਖਤਾਂ ਉਤੇ ਫੱਟੇ ਲਾਕੇ ਸਕੂਲ ਖੋਲ੍ਹ ਦਿੱਤੇ ਸਨ। ਉਹ ਫੁਰਤੀਆਂ ਦਿਖਾਉਂਦੇ ਸਨ। ਡਿਪਟੀ ਸਪੀਕਰ ਸਾਹਿਬ, ਮੈਨੂੰ ਫੁਰਤੀਆਂ ਤੋਂ ਇਕ ਗੱਲ ਯਾਦ ਆ ਗਈ ਹੈ ਜੋ ਕਿ ਮੈਂ ਤੁਹਾਨੂੰ ਹਾਊਸ ਵਿਚ ਇਥੇ ਸੁਨਾਉਣਾ ਚਾਹੁੰਦਾ ਹਾਂ। ਇਕ ਗਾਲੜ ਅਤੇ ਇਕ ਚੂਹੇ ਦੀ ਦੋਸਤੀ ਪੈ ਗਈ। ਗਾਲੜ ਚੂਹੇ ਕੋਲ ਆਇਆ ਹੋਇਆ ਸੀ। ਚੂਹਾ ਗਾਲੜ ਨੂੰ ਆਪਣੇ ਨਾਲ ਪਨਸਾਰੀ ਦੀ ਦੁਕਾਨ ਤੇ ਲੈ ਗਿਆ। ਚੂਹੇ ਨੇ ਗਾਲੜ ਨੂੰ ਬਦਾਮ ਅਤੇ ਛੁਆਰੇ ਖਿਲਾਏ ਅਤੇ ਹੋਰ ਬਹੁਤ ਕੁਝ ਖਿਲਾਇਆ। ਗਾਲੜ ਨੇ ਜਾਣ ਲੱਗੇ ਕਿਹਾ ਕਿ ਚੂਹੇ ਤੂੰ ਵੀ ਮੇਰੇ ਕੋਲ ਕਦੀ ਆਵੀਂ। ਚੂਹੇ ਨੇ ਇਕ ਦਿਨ ਸੋਚਿਆ ਚਲੋ ਅਜ ਗਾਲੜ ਕੋਲ ਚੱਲੀਏ। ਅਤੇ ਚੂਹਾ ਗਾਲੜ ਦੇ ਪਿੰਡ ਗਿਆ ਤਾਂ ਗਾਲੜ ਦਰਖਤ ਉਤੇ ਬੈਠਾ ਸੀ। ਗਾਲੜ ਨੇ ਚੂਹੇ ਨੂੰ ਪਛਾਣ ਲਿਆ ਅਤੇ ਕਿਹਾ ਕਿ ਤੂੰ ਉਪਰ ਦਰਖਤ ਤੇ ਆ ਜਾ। ਚੂਹਾ ਦਰਖਤ ਉਪਰ ਚੜ ਗਿਆ। ਗਾਲੜ ਫਿਰ ਝਟ ਦੂਜੇ ਟਾਹਣੇ ਤੇ ਚੜ ਗਿਆ। ਚੂਹਾ ਮਗਰ ਮਗਰ ਦੂਜੇ ਟਾਹਣੇ ਤੇ ਪਹੁੰਚਿਆ ਅਤੇ ਕਿਹਾ ਕਿ ਯਾਰ ਤੂੰ ਤਾਂ ਮੈਨੂੰ ਥਕਾ ਦਿੱਤਾ ਹੈ। ਮੈਂ ਤੇਰੀ ਬਹੁਤ ਸੇਵਾ ਕੀਤੀ ਸੀ ਅਤੇ ਮੇਵੇ ਖਿਲਾਏ ਸਨ ਤੂੰ ਵੀ ਮੇਰੀ ਕੋਈ ਸੇਵਾ ਕਰ। (ਹਾਸਾ) ਗਾਲੜ ਫਿਰ ਹੋਰ ਤੀਸਰੇ ਟਾਹਣੇ ਤੇ ਚੜ ਗਿਆ। ਇਸੇ ਤਰ੍ਹਾਂ ਮੇਰੇ ਅਕਾਲੀ ਭਰਾ ਫੁਰਤੀਆਂ ਦਿਖਾਉਂਦੇ ਹਨ, ਹਦੇ ਇਧਰ ਅਤੇ ਹਦੇ ਉਧਰ ਹੋ ਜਾਂਦੇ ਹਨ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਸਵਰੂਪ ਬਾਗੀ]

ਇਨ੍ਹਾਂ ਨੇ ਕਾਮਰੇਡ ਰਾਜਕੁਮਾਰ ਜੀ ਨੂੰ ਵੀ ਇਕ ਫੁਰਤੀ ਦਿਖਾਈ ਅੱਰ ਉਹ ਕਈ ਦਿਨਾਂ ਤੋਂ ਹਾਊਸ ਵਿਚ ਨਹੀਂ ਆਇਆ।

12.05 ਬਾਅਦ ਦੁਪਹਿਰ।

(ਇਸ ਸਮੇਂ ਸਰਦਾਰ ਲਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ ਨੇ ਮਿਡਲ ਸਕੂਲ ਤੋਂ ਹਾਈ ਸਕੂਲ ਬਣਾਏ ਹਨ। ਇਹ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਬਹੁਤ ਚੰਗਾ ਕੰਮ ਕੀਤਾ ਹੈ। ਚੇਅਰਮੈਨ ਸਾਹਿਬ ਸਾਡੇ ਅਜੇ ਤਕ ਵੀ 15/20 ਕਿਲੋਮੀਟਰ ਬੱਚਿਆਂ ਨੂੰ ਤੁਰ ਕੇ ਹਾਈ ਸਕੂਲ ਵਿਚ ਆਉਣਾ ਪੈਂਦਾ ਹੈ। ਇਸ ਲਈ ਧਾਰ ਬਲਾਕ ਵਿਚ ਸਕੂਲ ਨੂੰ ਅਪਗਰੇਡ ਕੀਤਾ ਜਾਵੇ! ਕੰਡੀ ਏਰੀਏ ਵਿਚ ਵੀ ਚਾਹੇ ਉਹ ਹੁਸ਼ਿਆਰਪੁਰ ਦਾ ਇਲਾਕਾ ਹੈ ਜਾਂ ਮੁਕੇਰੀਆਂ ਦਾ ਇਲਾਕਾ ਹੈ ਜਾਂ ਪਠਾਨਕੋਟ ਦਾ ਇਲਾਕਾ ਹੈ ਉਥੇ ਸਕੂਲ ਅਪਗ੍ਰੇਡ ਕੀਤੇ ਜਾਣ। ਚੇਅਰਮੈਨ ਸਾਹਿਬ, ਉਥੇ ਆਈ. ਟੀ. ਆਈ. ਵਿਚ ਮੈਰਿਟ ਨਹੀਂ ਹੋਣੀ ਚਾਹੀਦੀ। ਆਈ. ਟੀ. ਆਈ. ਵਿਚ ਜਿਸ ਨੇ ਲੁਹਾਰਾ ਮੋਲਡਰ ਜਾਂ ਤਰਖਾਣ ਦਾ ਕੰਮ ਸਿਖਣਾ ਹੈ, ਉਸ ਲਈ ਮੈਰਿਟ ਰੱਖੀ ਜਾਂਦੀ ਹੈ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਆਈ. ਟੀ. ਆਈ. ਵਿਚ ਮੈਰਿਟ ਖਤਮ ਹੋਣੀ ਚਾਹੀਦੀ ਹੈ। ਕੇ. ਪੀ, ਸਾਹਿਬ, ਇਥੇ ਹਾਊਸ ਵਿਚ ਬੈਠੇ ਹਨ, ਉਨ੍ਹਾਂ ਦਾ ਇਹ ਮਹਿਕਮਾ ਹੈ, ਉਹ ਇਸ ਗਲ ਦਾ ਖਿਆਲ ਰਖਣ। ਚੇਅਰਮੈਨ ਸਾਹਿਬ, ਅਮੀਰਾਂ ਦੇ ਲੱਕ ਮੈਰਿਟ ਵਿਚ ਆ ਜਾਂਦੇ ਹਨ ਅਤੇ ਉਹ ਵੈਲਡਰ, ਤਰਖਾਣ ਜਾਂ ਇਲੈਕਟ੍ਰੀਸ਼ਨ ਦਾ ਕੰਮ ਸਿਖ ਕੇ ਫੁਬਈ, ਮਿਸਰ ਜਾਂ ਹੋਰ ਦੇਸ਼ਾਂ ਵਿਚ ਚਲੇ ਜਾਂਦੇ ਹਨ, ਜਿਸ ਦਾ ਪੰਜਾਬ ਨੂੰ ਕੋਈ ਫਾਇਦਾ ਨਹੀਂ ਹੁੰਦਾ। ਉਹ ਟ੍ਰੇਨਿੰਗ ਪੰਜਾਬ ਦੇ ਖਰਚੇ ਤੋਂ ਲੈਂਦੇ ਹਨ। ਇਸ ਲਈ, ਚੇਅਰਮੈਨ ਸਾਹਿਬ, ਗਰੀਬ ਲੋਕਾਂ ਨੂੰ ਉਥੇ ਐਡ-ਮਿਸ਼ਨ ਨਹੀਂ ਮਿਲਦੀ। ਉਨ੍ਹਾਂ ਗਰੀਬਾਂ ਨੂੰ ਆਈ. ਟੀ. ਆਈ. ਵਿਚ ਬਿਨਾਂ ਕਿਸੇ ਮੈਰਿਟ ਦੇ ਐਡਮਿਸ਼ਨ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਬਾਹਰ ਨਿਕਲਕੇ ਚੋਰ, ਡਾਕੂ ਜਾਂ ਲੁਟੇਰੇ ਨਾ ਬਣਨ, ਸਗੋਂ ਉਹ ਚੰਗੇ ਕਾਰੀਗਰ ਬਣਨ। ਜੇਲ੍ਹਾਂ ਵਿਚ ਵੀ, ਚੇਅਰਮੈਨ ਸਾਹਿਬ, ਕੈਦੀਆਂ ਨੂੰ ਇਸ ਕਿਸਮ ਦੀ ਟ੍ਰੇਨਿੰਗ ਦਿਤੀ ਜਾਣੀ ਚਾਹੀਦੀ ਹੈ। ਕੈਦੀਆਂ ਦੇ ਦਿਲ ਵਿਚ ਇਹ ਭਾਵਨਾ ਨਹੀਂ ਹੋਣੀ ਚਾਹੀਦੀ ਕਿ ਮੈਂ ਬਾਹਰ ਜਾਕੇ ਫਲਾਣੇ ਦਾ ਬਦਲਾ ਲੈਣਾ ਹੈ ਅਤੇ ਉਸਦਾ ਕਤਲ ਕਰਨਾ ਹੈ। (ਘੰਟੀ) ਚੇਅਰਮੈਨ ਸਾਹਿਬ, ਤੁਸੀਂ ਘੰਟੀ ਨਾ ਵਜਾਓ। ਸਿਕੰਦਰ ਬਾਦਸ਼ਾਹ ਨੇ ਪੋਰਸ ਬਾਦਸ਼ਾਹ ਨੂੰ ਫੜ ਕੇ ਕਿਹਾ ਸੀ ਕਿ ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ। ਪੋਰਸ ਬਾਦਸ਼ਾਹ ਨੇ ਜਵਾਬ ਦਿਤਾ ਸੀ ਕਿ ਜੋ ਇਕ ਬਾਦਸ਼ਾਹ ਦੂਜੇ ਬਾਦਸ਼ਾਹ ਨਾਲ ਸਲੂਕ ਕਰਦਾ ਹੈ। ਇਸ ਲਈ, ਚੇਅਰਮੈਨ ਸਾਹਿਬ, ਤੁਸੀਂ ਮੇਰੇ ਨਾਲ ਉਹੀ ਸਲੂਕ ਕਰੋ ਜੋ ਇੱਕ ਚੇਅਰਮੈਨ ਦੂਜੇ ਚੇਅਰਮੈਨ ਨਾਲ ਕਰਦਾ ਹੈ। (ਥੰਪਿੰਗ) ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇੰਡਸਟਰੀਜ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਧਾਰ ਬਲਾਕ ਵਿਚ ਜੋ ਕਿ ਲੰਗੜਾ ਬਲਾਕ ਹੈ, ਉਥੇ ਇਕ ਆਈ. ਟੀ. ਆਈ. ਖੋਲ੍ਹਣ ਅਤੇ ਬ੍ਰਾਹਮਣ ਦਾ ਅਸ਼ੀਰਵਾਦ ਲੈਣ। ਸਾਡੇ ਕੇ. ਪੀ. ਸਾਹਿਬ, ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਚੇਲੇ ਹਨ ਅਤੇ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਸਾਹਿਬ ਦੇ ਸਾਥੀ ਹਨ। ਇਸ ਲਈ ਉਹ ਧਾਰ ਬਲਾਕ ਵਿਚ ਆਈ. ਟੀ. ਆਈ. ਜ਼ਰੂਰ ਖੋਲ੍ਹਣ। ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਮੈਂ ਕਹਾਂਗਾ ਕਿ ਉਹ ਧਾਰ ਬਲਾਕ ਵਿਚ ਸਕੂਲ ਨੂੰ ਅਪਗਰੇਡ ਕਰਨ। ਅਗਰ ਚੇਅਰਮੈਨ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ, ਮੇਰੇ ਇਲਾਕੇ ਵਿਚ ਸਕੂਲ ਨੂੰ ਅੱਪ-ਗ੍ਰੇਡ ਕਰ ਦੇਣ ਤਾਂ ਅਗਲੇ ਪੰਜ ਸਾਲਾਂ ਵਾਸਤੇ ਮੈਨੂੰ ਸੋਚਣਾ ਪਵੇਗਾ ਕਿ ਆਪਣੇ ਇਲਾਕੇ ਦਾ ਕੀ ਕੰਮ ਕਰਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ : ਤੁਸੀਂ ਵਾਈਂਡ ਅਪ ਕਰੋ।

ਸ਼੍ਰੀ ਰਾਮ ਸਵਰੂਪ ਬਾਗੀ : ਚੇਅਰਮੈਨ ਸਾਹਿਬ, ਮੇਰੇ ਇਲਾਕੇ ਦੇ ਬੱਚਿਆਂ ਨੂੰ ਪੜ੍ਹਨ ਲਈ 15-20 ਕਿਲੋਮੀਟਰ ਪੈਦਲ ਚਲਕੇ ਸਕੂਲ ਆਉਣਾ ਪੈਂਦਾ ਹੈ। ਇਸ ਕਰਕੇ ਮੈਂ ਆਪਣੇ ਐਫ. ਐਮ. ਸਾਹਿਬ ਨੂੰ ਕਹਾਂਗਾ ਇਹ ਬੜੇ ਦਰਿਆ ਦਿਲ ਹਨ ਅੌਰ ਇਨ੍ਹਾਂ ਨੇ ਹਰ ਵਰਗ ਨੂੰ ਪੈਸਾ ਦਿੱਤਾ ਹੈ ਪਰ ਐਜੂਕੇਸ਼ਨ ਵੱਲ ਇਨ੍ਹਾਂ ਦੀ ਤਵੱਜੋ ਕੁਝ ਘਟ ਗਈ ਹੈ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਡਿਪਾਰਟਮੈਂਟ ਨੂੰ ਵਧ ਤੋਂ ਵਧ ਪੈਸਾ ਦੇਣਾ ਚਾਹੀਦਾ ਹੈ। ਪਿਛਲੇ ਸਾਲ ਨਾਲੋਂ ਵਧ ਪੈਸੇ ਦਿਓ ਤਾਕਿ ਵਧ ਸਕੂਲ ਅਪਗਰੇਡ ਕੀਤੇ ਜਾਣ ਅੌਰ ਪਛੜੇ ਇਲਾਕੇ ਦੇ ਬੱਚੇ ਜ਼ਿਆਦਾ ਐਜੂਕੇਸ਼ਨ ਪ੍ਰਾਪਤ ਕਰ ਸਕਣ। । ਜੋ ਹਿੰਦ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ) : ਚੇਅਰਮੈਨ ਸਾਹਿਬ, ਮੈਂ ਜਲਦੀ ਖਤਮ ਕਰਨ ਦੀ ਕੋਸ਼ਿਸ਼ ਕਰਾਂਗਾ। ਪਰ ਅੈਸਾ ਨਾ ਹੋਏ ਕਿ ਤੁਸੀਂ ਮੈਨੂੰ ਰੋਕ ਦਿਓ ਅੌਰ ਮੇਰਾ ਬੋਲਣਾ ਰਹਿ ਜਾਏ।

ਹੁਣ ਮੈਂ ਡੀਮਾਂਡ ਨੰ: 6 ਤੇ ਬੋਲਣਾ ਚਾਹੁੰਦਾ ਹਾਂ। ਜਿਹੜਾ ਚਰਚਾ ਹੋਇਆ ਹੈ ਅੈਕਸਾਈਜ਼ ਪਾਲਿਸੀ ਦਾ ਉਸ ਤੇ ਮੈਂ ਫਿਰ ਆਉਂਦਾ ਹਾਂ। ਇਕ ਗਲ ਜ਼ਰੂਰ ਮੈਂ ਕਹਾਂਗਾ ਕਿ ਜਦੋਂ ਲੱਖਾਂ ਨਹੀਂ ਬਲਕਿ ਕਰੋੜਾਂ ਰੁਪਏ ਦੇ ਟੈਕਸ ਚੋਰੀ ਹੋ ਰਹੇ ਹਨ ਫਿਰ ਕੀ ਲੋੜ ਸੀ ਕਿ ਹੋਰ ਹੋਰ ਟੈਕਸ ਵਧਾਏ ਜਾਂਦੇ। ਚਾਹੇ ਸੇਲਜ਼ ਟੈਕਸ ਵਿਚ ਵਾਧਾ ਕੀਤਾ ਗਿਆ ਹੈ ਜਾਂ ਫੇਰ ਮਾਰਕਿਟ ਫੀਸ ਵਿਚ ਵਾਧਾ ਕੀਤਾ ਗਿਆ ਹੈ, ਇਸ ਦੀ ਲੋੜ ਨਹੀਂ ਸੀ ਅਤੇ ਇਸ ਦੀ ਬਜਾਏ ਜੋ ਟੈਕਸਾਂ ਵਿਚ ਚੋਰੀ ਹੋ ਰਹੀ ਹੈ, ਉਸਨੂੰ ਰੋਕਿਆ ਜਾਣਾ ਚਾਹੀਦਾ ਸੀ। ਤਾਜਾ ਠੇਕਿਆਂ ਦੀ ਬੋਲੀ ਸਮੇਂ ਠੇਕੇਦਾਰ ਸਮਗਲਰਜ਼ ਵਾਂਗ ਸੂਟਕੇਸ ਭਰ ਕੇ ਰੁਪਿਆ ਲਿਆਉਂਦੇ ਹਨ, ਇਹ ਜੋ ਦੋ ਨੰਬਰ ਦਾ ਰੁਪਿਆ ਹੈ ਇਹ ਜ਼ਬਤ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਇਹ ਟੈਕਸ ਚੋਰੀ ਦਾ ਰਖਿਆ ਹੈ। ਫਿਰ ਇਹ ਕਹਿੰਦੇ ਹਨ ਦੇਸੀ ਸ਼ਰਾਬ ਲਈ ਕੋਈ ਪਾਬੰਦੀ ਨਹੀਂ ਹੈ ਅੌਰ ਉਹ ਜਿਸ ਤਰ੍ਹਾਂ ਮਰਜ਼ੀ ਵੇਚੀ ਜਾ ਸਕਦੀ ਹੈ। ਅੰਗਰੇਜ਼ੀ ਸ਼ਰਾਬ ਚਾਹੇ ਜਿਸ ਤਰ੍ਹਾਂ ਮਰਜ਼ੀ ਵੇਚੀ ਜਾਓ ਪਰ ਦੇਸ਼ੀ ਸ਼ਰਾਬ ਜੋ ਕਿ ਗਰੀਬਾਂ ਨੇ ਪੀਣੀ ਹੈ ਉਸ ਦੇ ਰੇਟ ਵਿਚ ਵਾਧਾ ਨਹੀਂ ਹੋਣਾ ਚਾਹੀਦਾ। ਪਿਛਲੇ ਸਾਲ 21 ਰੁਪਏ ਫੀ ਬੋਤਲ ਫਿਕਸ ਹੋਇਆ ਸੀ ਪਰ ਸਾਰਾ ਸਾਲ 28 ਰੁਪਏ ਅੌਰ 30 ਰੁਪਏ ਬੋਤਲ ਵਿਕਦੀ ਰਹੀ। ਇਸ ਦਾ ਬੋਝ ਗਰੀਬਾਂ ਤੇ ਪਿਆ। ਟੈਕਸ ਦਾ ਬੋਝ ਅਸਲ ਵਿਚ ਉਸਤੇ ਪੈਂਦਾ ਹੈ ਜੋ ਇਮਾਨਦਾਰੀ ਨਾਲ ਟੈਕਸ ਦਿੰਦਾ ਹੈ। ਅਸੀਂ ਜਦੋਂ ਇਨ੍ਹਾਂ ਨੂੰ ਕਿਹਾ ਕਿ ਦੇਸੀ ਸ਼ਰਾਬ ਮਹਿੰਗੀ ਵਿਕ ਰਹੀ ਹੈ ਤਾਂ ਸਾਨੂੰ ਕਿਹਾ ਗਿਆ ਕਿ ਸ਼ੀਰਾ ਬਾਹਰੋਂ ਮੰਗਵਾਉਣ ਨਾਲ ਇਹ ਮਹਿੰਗੀ ਹੋ ਗਈ ਹੈ। ਦਸੰਬਰ ਮਹੀਨੇ ਨਵਾਂ ਸ਼ੀਰਾ ਆ ਗਿਆ ਹੁਣ ਵੀ ਦੇਸੀ ਸ਼ਰਾਬ ਦੀ ਬੋਤਲ 30 ਰੁਪਏ ਦੀ ਮਿਲਦੀ ਹੈ। ਜੇਕਰ ਕੋਈ ਆਪਣੇ ਘਰ ਦੇਸੀ ਸ਼ਰਾਬ ਕਢਦਾ ਹੈ ਤਾਂ ਉਸ ਤੇ ਛਾਪਾ ਮਾਰਿਆ ਜਾਂਦਾ ਹੈ। ਇਹ ਪੁਲਿਸ ਵਾਲੇ ਖੁਦ ਆਪ ਦੇਸੀ ਸ਼ਰਾਬ ਕਢਾਉਂਦੇ ਹਨ, ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਿਚ ਜੋ ਚੋਰੀ ਟੈਕਸ ਦੀ ਹੁੰਦੀ ਹੈ ਉਸ ਵੱਲ ਧਿਆਨ ਦੇਣਾ ਚਾਹੀਦਾ ਹੈ। ਮੈਨੂੰ ਯਾਦ ਹੈ ਕਿ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਵੇਲੇ ਠੇਕਿਆਂ ਦਾ ਸਾਢੇ ਸੱਤ ਕਰੋੜ ਰੁਪਿਆ ਬਕਾਇਆ ਪਿਆ ਸੀ। ਇਸ ਲਈ ਮੈਂ ਪੀ. ਏ. ਸੀ. ਵਿਚ ਵੀ ਇਹ ਮਾਮਲਾ ਉਠਾਇਆ ਸੀ। ਮੈਂ ਵੀ ਪੀ. ਏ. ਸੀ. ਦਾ ਮੈਂਬਰ ਸੀ। ਅਫ਼ਸਰ ਨੇ ਲਿਖ ਕੇ ਘੱਲ ਦਿਤਾ ਕਿ ਇਸ ਰਕਮ ਨੂੰ ਰਾਈਟ ਆਫ ਕਰ ਦਿਓ। ਆਦਮੀ ਲਭਦੇ ਨਹੀਂ ਹਨ। ਸਾਡੇ ਜੋਰ ਦੇਣ ਤੇ ਤਿੰਨ ਕਰੋੜ ਲੈ ਲਿਆ ਜੋ ਬਾਕੀ ਆ ਜਾਣ ਦੀ ਆਸ ਹੈ ਇਕੱਲੇ ਜਲੰਧਰ ਵਿਚ ਕਈ ਕਰੋੜਾਂ ਦੀ ਅੈਕਸਾਈਜ਼ ਦਾ ਬਕਾਇਆ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਪਿਆ ਹੈ। ਚੇਅਰਮੈਨ ਸਾਹਿਬ, ਇਸ ਵਲ ਧਿਆਨ ਦਿਓ ਤਾਂ ਕਿ ਵੱਡਾ ਜਿਹਾ ਸਰਕਾਰ ਵੀ ਇਹ ਨੂੰ ਸੁਣੇ। ਇਸ ਵੇਲੇ ਐਫ. ਐਮ. ਸਾਹਿਬ, ਬੈਠੇ ਨਹੀਂ ਹਨ। ਜਲੰਧਰ ਵਿਚ ਸੇਲਜ਼ ਟੈਕਸ ਦਾ ਨੰਬਰ ਵਿਕਦਾ ਪਿਆ ਹੈ। ਇਹ ਖਬਰ ਹਿੰਦ ਸਮਾਚਾਰ ਅਖਬਾਰ ਵਿਚ ਨਿਕਲੀ ਸੀ। ਇਹ ਚੀਜ਼ ਪੀ. ਏ. ਸੀ. ਦੀ ਮੀਟਿੰਗ ਵਿਚ ਵੀ ਲਿਆਂਦੀ ਗਈ ਸੀ ਕਿ ਸੇਲਜ਼ ਟੈਕਸ ਨੰਬਰ ਵਿਕਦੇ ਫਿਰਦੇ ਹਨ। ਬਾਅਦ ਵਿਚ ਨਾ ਉਹ ਨੰਬਰ ਲਭਦਾ ਹੈ ਅੋਰ ਨਾ ਹੀ ਉਹ ਚੋਰੀ ਰੁਕ ਸਕਦੀ ਹੈ। ਇਸ ਲਈ ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਇਹ ਟੈਕਸਾਂ ਦੀ ਚੋਰੀ ਨੂੰ ਰੋਕਿਆ ਜਾਏ ਤਾਂ 13 ਕਰੋੜ ਦੀ ਬਜਾਏ 26 ਕਰੋੜ ਦੀ ਆਮਦਨੀ ਹੋ ਸਕਦੀ ਹੈ। ਹੁਣ ਅਖਬਾਰ ਵਿਚ ਕਿਹਾ ਗਿਆ ਹੈ ਕਿ ਇਸ ਦੇ ਖਿਲਾਫ ਫਲਾਣਾ ਵਪਾਰਮੰਡਲ ਹੜਤਾਲ ਕਰੇਗਾ। ਇਹ ਸੇਲਜ਼ ਟੈਕਸ ਨਾ ਕਿਸੇ ਵਪਾਰੀ ਤੇ ਲਗਣਾ ਹੈ ਅਤੇ ਨਾ ਹੀ ਕਿਸੇ ਹੋਰ ਤੇ ਲਗਣਾ ਹੈ ਬਲਕਿ ਇਹ ਟੈਕਸ ਤਾਂ ਖਪਤਕਾਰ ਤੇ ਲਗਣਾ ਹੈ। ਇਸ ਨਾਲ ਗਰੀਬ ਖਪਤਕਾਰ ਆਦਮੀ ਨੇ ਪੀੜਿਆ ਜਾਣਾ ਹੈ। ਇਸ ਲਈ ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਜਿਹੜਾ ਟੈਕਸ ਵਿਚ ਵਾਧਾ ਕੀਤਾ ਗਿਆ ਹੈ, ਇਹ ਵਾਪਸ ਲੈ ਲੈਣ ਅਤੇ ਇਸ ਦੀ ਬਜਾਏ ਸਿੱਧਾ ਟੈਕਸ ਲਗਾ ਕੇ ਆਪਣੀ ਆਮਦਨੀ ਵਧਾ ਲੈਣ। ਟੈਕਸਾਂ ਦੀ ਚੋਰੀ ਨੂੰ ਰੋਕ ਕੇ ਆਮਦਨ ਵਧਾਉਣੀ ਚਾਹੀਦੀ ਹੈ। ਪੈਸੰਜਰ ਟੈਕਸ ਵਿਚ ਜੋ ਚੋਰੀ ਹੋ ਰਹੀ ਹੈ, ਉਸਨੂੰ ਰੋਕਿਆ ਜਾਣਾ ਚਾਹੀਦਾ ਹੈ। ਚਾਰ ਮਹੀਨੇ ਹੋ ਗਏ ਹਨ ਇਨ੍ਹਾਂ ਕੋਲ ਟਿਕਟਾਂ ਨਹੀਂ ਹਨ। ਪ੍ਰਾਈਵੇਟ ਬੱਸਾਂ ਵਾਲੇ ਟਿਕਟਾਂ ਨਾ ਹੋਣ ਕਰਕੇ ਜੋ ਮਰਜ਼ੀ ਕਰ ਲੈਣ। ਇਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੈ। ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਉਨ੍ਹਾਂ ਨੂੰ ਮੈਂ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਇਹ ਚੋਰੀ ਕਿਵੇਂ ਰੋਕੀ ਜਾ ਸਕਦੀ ਹੈ। ਜਿਸ ਤਰ੍ਹਾਂ ਪੰਜਾਬ ਰੋਡਵੇਜ਼ ਵਾਲਿਆਂ ਨੂੰ ਟਿਕਟਾਂ ਦਿਤੀਆਂ ਜਾਂਦੀਆਂ ਹਨ ਸੇਕਚ ਉਸੇ ਤਰ੍ਹਾਂ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਵੀ ਟਿਕਟਾਂ ਦਿਤੀਆਂ ਜਾਣ ਤਾਂ ਇਹ ਪੈਸੰਜਰ ਟੈਕਸ ਦੀ ਚੋਰੀ ਰੁਕ ਸਕਦੀ ਹੈ। ਜਿਹੜੀਆਂ ਟਿਕਟਾਂ ਲਗਾਉਣੀਆਂ ਹਨ ਉਹ ਪ੍ਰਾਈਵੇਟ ਬੱਸਾਂ ਵਾਲੇ ਕਿਸੇ ਤੇ ਲਗਾ ਦਿੰਦੇ ਹਨ ਅੋਰ ਕਿਸੇ ਤੇ ਨਹੀਂ ਲਗਾਉਂਦੇ। ਇਸ ਤਰ੍ਹਾਂ ਕਥਨ ਨਾਲ ਲੱਖਾਂ ਨਹੀਂ ਬਲਿਕ ਕਰੋੜਾਂ ਰੁਪਏ ਦੀ ਚੋਰੀ ਹੋ ਜਾਂਦੀ ਹੈ। ਇਹ ਜੋ ਵਧਾਇਆ ਪਿਆ ਹੈ ਇਸ ਦੀ ਉਗਰਾਹੀ ਕਰਨ ਤੇ ਵੀ ਕਾਫੀ ਰੁਪਿਆ ਆ ਸਕਦਾ ਹੈ।

ਚੇਅਰਮੈਨ ਸਾਹਿਬ, ਹੁਣ ਵੀ ਸੋਚ ਸਮਝ ਕੇ ਐਕਸਾਈਜ਼ ਪਾਲਿਸੀ ਬਾਰੇ ਫੈਸਲਾ ਕਰ ਲੈਣ। ਇਹ ਗਲ ਕਲੀਅਰ ਕਰ ਦੇਣੀ ਚਾਹੀਦੀ ਹੈ। ਪਿਛਲੇ ਸਾਲ 150 ਕੁਇੰਟਲ ਸ਼ੀਰਾ ਯੂ. ਪੀ. ਤੋਂ ਖਰੀਦ ਕੇ ਲਿਆਕੇ ਡਿਸਟਿਲਰੀਜ਼ ਨੂੰ ਦਿਤਾ ਗਿਆ। ਹੁਣ ਸ਼ੂਗਰ ਮਿਲਾਂ ਤੇ ਕੋਈ ਗੰਨਾ ਪੀੜਦਾ ਨਹੀਂ ਹੈ ਅੋਰ ਲੋਕ ਗੰਨਾ ਖੇਤਾਂ ਵਿਚ ਡੱਕੀ ਬੈਠੇ ਹਨ। ਪੰਜਾਬ ਨੂੰ ਸ਼ੀਰੇ ਦੀ ਬਹੁਤ ਲੋੜ ਹੈ ਅੋਰ ਪੰਜਾਬ ਦੀ ਇੰਡਸਟਰੀ ਨੂੰ ਸ਼ੀਰਾ ਚਾਹੀਦਾ ਹੈ। ਸਰਕਾਰ ਨੂੰ ਮਿਲਾਂ ਵਾਲਿਆਂ ਦੀ ਅੋਰ ਗੰਨਾ ਪੈਦਾ ਕਰਨ ਵਾਲਿਆਂ ਦੀ ਮਦਦ ਕਰਨੀ ਚਾਹੀਦੀ ਹੈ। 1 ਰੁਪਿਆ ਕੁਇੰਟਲ ਦੋਨਾਂ ਨੂੰ ਹੋਰ ਦੇਕੇ ਮਿਲਾਂ ਚਲਾਉਣੀਆਂ ਚਾਹੀਦੀਆਂ ਹਨ ਤਾਂਕਿ ਸ਼ੀਰਾ ਜ਼ਿਆਦਾ ਤਾਦਾਦ ਵਿਚ ਇਥੇ ਮਿਲ ਸਕੇ ਅੋਰ ਇਹ ਬਾਹਰੋਂ ਨਾ ਮੰਗਵਾਉਣਾ ਪਏ ਅਤੇ ਬਾਹਰੋਂ ਸ਼ੀਰਾ ਮੰਗਵਾਉਣ ਨਾਲ ਜੋ ਇਥੇ ਬੋਝ ਸਰਕਾਰੀ ਖਜ਼ਾਨੇ ਤੇ ਪੈਂਦਾ ਹੈ ਉਹ ਨਾ ਪਏ।

ਹੁਣ ਮੈਂ ਐਜੂਕੇਸ਼ਨ ਦੀ ਡੀਮਾਂਡ ਬਾਰੇ ਬੋਲਣਾ ਚਾਹੁੰਦਾ ਹਾਂ। ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ। ਬਾਗੀ ਸਾਹਿਬ ਨੇ ਬੋਲਦਿਆਂ ਹੋਇਆਂ ਇਨ੍ਹਾਂ ਦੀ ਕਾਫੀ ਤਾਰੀਫ ਕੀਤੀ ਹੈ। ਮੈਂ ਵੀ ਇਨ੍ਹਾਂ ਦੀ ਤਾਰੀਫ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ। ਲੇਕਿਨ ਐਨੀ ਗਲ ਜ਼ਰੂਰ ਕਹਾਂਗਾ ਕਿ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪ੍ਰਾਇਮਰੀ ਸਕੂਲਾਂ ਲਈ ਬਿਲਡਿੰਗਾਂ ਬਨਾਉਣੀਆਂ ਹਨ।

Original with;
Punjab Vidhan Sabha
Digitized by;
Panjab Digital Library

ਪਰ ਇਹ ਬਿਲਡਿੰਗਾਂ ਪੀ. ਡਬਲਿਯੂ.ਡੀ. ਵਾਲਿਆਂ ਤੋਂ ਵਾਪਸ ਲੈ ਲਓ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਇਹ ਸਕੂਲਾਂ ਲਈ ਬਿਲਡਿੰਗਾਂ ਬਣਾਉਣ ਦਾ ਕੰਮ ਪੀ.ਡਬਲਿਊ.ਡੀ. ਦੀ ਬਜਾਏ ਪੰਚਾਇਤਾਂ ਨੂੰ ਦੇ ਦਿੱਤਾ ਜਾਣਾ ਚਾਹੀਦਾ ਹੈ । ਇਸ ਨਾਲ ਇੱਕ ਤਾਂ ਕੰਮ ਜਲਦੀ ਹੋਇਆ ਕਰੇਗਾ ਅੱਧ ਦੂਸਰੇ ਜੋ ਇਸ ਵੇਲੇ ਪੀ.ਡਬਲਿਊ.ਡੀ. ਵਾਲੇ ਇਸ ਕੰਮ ਵਿਚ ਲੋਹਾ ਅੱਧ ਸੀਮਿੰਟ ਦਾ ਘਪਲਾ ਕਰਦੇ ਹਨ, ਉਸ ਨੂੰ ਰੋਕਿਆ ਜਾ ਸਕੇਗਾ। ਪੀ.ਡਬਲਿਯੂ. ਡੀ. ਵਾਲਿਆਂ ਨੂੰ 1980-81 ਦਾ ਰੁਪਿਆ ਦਿੱਤਾ ਹੋਇਆ ਹੈ ਪਰ ਅਜੇ ਤਕ ਉਹ ਬਿਲਡਿੰਗਾਂ ਨਹੀਂ ਬਣਾ ਸਕੇ। 1981-82 ਵਾਲੀਆਂ ਬਿਲਡਿੰਗਾਂ ਕਦੋਂ ਬਣਨਗੀਆਂ ਅੱਧ ਫਿਰ 1982-83 ਦੀਆਂ ਬਿਲਡਿੰਗਾਂ ਕਦੋਂ ਬਣਨਗੀਆਂ। ਉਹ ਰੁਪਿਆ ਪਿੰਡਾਂ ਦੀਆਂ ਪੰਚਾਇਤਾਂ ਨੂੰ ਦੇ ਦਿਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਕੰਮ ਛੇਤੀ ਹੋ ਜਾਇਆ ਕਰੇਗਾ, ਘਪਲੇ ਬਾਜ਼ੀ ਵੀ ਖ਼ਤਮ ਹੋਵੇਗੀ।

ਸੋਸ਼ਲ ਵੈਲਫੇਅਰ ਡਿਪਾਰਟਮੈਂਟ ਵਾਲੇ ਖੂਹ ਬਣਾਉਣ ਲਈ ਹਰੀਜਨਾਂ ਨੂੰ ਪੈਸਾ ਦੇ ਰਹੇ ਹਨ । ਉਹ ਰੁਪਿਆ ਵੀ ਦਫ਼ਤਰ ਵਾਲੇ ਖਾ ਜਾਂਦੇ ਹਨ। ਖੂਹ ਕਿਸੇ ਨੇ ਨਹੀਂ ਲਵਾਉਣਾ। ਅਜ ਕਲ ਨਲਕਿਆਂ ਦਾ ਯੁਗ ਹੈ। ਟਾਂਟਾਂ ਦੀ ਬਜਾਏ ਨਵੇਂ ਬਣੇ ਪ੍ਰਾਇਮਰੀ ਸਕੂਲਾਂ ਵਿਚ ਡੈਸਕਾਂ ਦਾ ਪ੍ਰਬੰਧ ਕਰ ਦਿਓ। ਯੁਗ ਬਦਲ ਗਿਆ ਹੈ।

ਸ਼੍ਰੀ ਸਭਾਪਤੀ : ਤੁਹਾਡਾ ਟਾਈਮ ਹੋ ਗਿਆ, ਤੁਸੀਂ ਵਾਈਂਡ ਅਪ ਕਰੋ।

ਕਾਮਰੇਡ ਕੁਲਵੰਤ ਸਿੰਘ : ਇਥੇ ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ, ਇਨ੍ਹਾਂ ਨੇ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨਾਲ ਵਾਅਦਾ ਕੀਤਾ ਸੀ ਕਿ ਮੈਂ ਤੁਹਾਡੀ ਮੰਗ ਤੇ ਹਮਦਰਦੀ ਨਾਲ ਗੌਰ ਕਰਕੇ ਇਸ ਹਾਊਸ ਵਿਚ ਐਲਾਨ ਕਰਾਂਗਾ। ਉਨ੍ਹਾਂ ਦੀ ਮੰਗ ਵਿਚ ਇਹ ਹੈ ਕਿ ਜੋ ਬਾਹਰ ਦੀਆਂ ਸਟੇਟਾਂ ਦਿੰਦੀਆਂ ਹਨ ਉਹ ਸਾਨੂੰ ਵੀ ਦਿਓ। ਉਹ ਕਹਿੰਦੇ ਹਨ ਕਿ ਹਰਿਆਣਾ ਅਤੇ ਮਹਾਰਾਸ਼ਟਰ ਆਦਿ ਸਟੇਟਾਂ ਵਿਚ ਜੋ ਉਥੇ ਉਨ੍ਹਾਂ ਨੂੰ ਦਿਤਾ ਜਾਂਦਾ ਹੈ ਉਹ ਸਾਨੂੰ ਇਥੇ ਦਿੱਤਾ ਜਾਵੇ। ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਸੰਭਾਲਣੀ ਹੈ ਅੱਜ ਜੇ ਉਹ ਕਹਿਣ ਕਿ ਸਾਨੂੰ ਹਾਊਸ ਰੈਂਟ ਦਿਓ, ਸਾਨੂੰ ਮੈਡੀਕਲ ਅਲਾਊਂਸ ਦਿਓ ਅਤੇ ਸਰਕਾਰੀ ਕਾਲਜਾਂ ਦੇ ਬਰਾਬਰ ਲਿਆਓ ਤਾਂ ਇਹ ਸਰਕਾਰ ਉਨ੍ਹਾਂ ਦੀ ਮੰਗ ਨਾ ਮੰਨੇ ਤਾਂ ਇਹ ਠੀਕ ਗੱਲ ਨਹੀਂ ਹੈ । ਉਹ ਕਹਿੰਦੇ ਹਨ ਕਿ ਜਿਸ ਤਰ੍ਹਾਂ ਯੂ.ਪੀ. ਵਿਚ ਸਟਕਾਰੀ ਖਜ਼ਾਨੇ ਵਿਚੋਂ ਉਨ੍ਹਾਂ ਨੂੰ ਤਨਖਾਹ ਮਿਲਦੀ ਹੈ ਇਸੇ ਤਰ੍ਹਾਂ ਹੀ ਸਾਨੂੰ ਵੀ ਇਥੇ ਮਿਲੇ। ਸਾਨੂੰ ਵੀ ਪ੍ਰਾਵੀਡੈਂਟ ਫੰਡ ਜਮ੍ਹਾਂ ਕਰਾਉਣ ਦੀ ਆਗਿਆ ਦਿਤੀ ਜਾਵੇ। ਇਸ ਕਿਸਮ ਦੀਆਂ ਉਨ੍ਹਾਂ ਦੀਆਂ ਮੰਗਾਂ ਹਨ। ਮੈਂ ਅਰਜ਼ ਕਰਾਂਗਾ ਕਿ ਜਿਨ੍ਹਾਂ ਕਾਲਜਾਂ ਦੇ ਟੀਚਰਾਂ ਨੇ ਪੰਜਾਬ ਦੀ ਜਵਾਨੀ ਸੰਭਾਲਣੀ ਹੈ, ਉਨ੍ਹਾਂ ਪ੍ਰੋਫੈਸਰਾਂ ਨੂੰ ਸੰਤੁਸ਼ਟ ਕਰੋ। (ਘੰਟੀ)

ਸ਼੍ਰੀ ਸਭਾਪਤੀ : ਤੁਸੀਂ ਵਾਈਂਡ ਅਪ ਕਰੋ।

ਕਾਮਰੇਡ ਕੁਲਵੰਤ ਸਿੰਘ : ਸਰਕਾਰੀ ਕਾਲਜਾਂ ਵਿਚ ਜੋ ਟੀਚਰਾਂ ਨੂੰ ਮਿਲਦਾ ਹੈ ਉਹ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨੂੰ ਮਿਲਣਾ ਚਾਹੀਦਾ ਹੈ। ਉਨ੍ਹਾਂ ਨਾਲ ਜੋ ਤੁਸੀਂ ਵਾਅਦਾ ਕੀਤਾ ਸੀ ਅੱਜ ਉਸ ਬਾਰੇ ਇਸ ਹਾਊਸ ਵਿਚ ਐਲਾਨ ਕਰੋ ਅਤੇ ਉਨ੍ਹਾਂ ਨੂੰ ਸਰਕਾਰੀ ਕਾਲਜਾਂ ਦੇ ਬਰਾਬਰ ਲਿਆਓ ।

ਸ਼੍ਰੀ ਰਤਨ ਲਾਲ (ਗੁਰਦਾਸਪੁਰ) : ਉਜਾਲੇ ਮੇਂ ਚਮਕ ਦੇਨਾ ਨਹੀਂ ਖੂਬੀ ਜਵਾਹਰ ਮੇਂ ਸੁਬੇਹ ਸਲਦਾ ਮੇਂ ਜੋ ਚਮਕੇ ਵੰਹੀ ਅਸਲੀ ਨਗੀਨਾ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਤਨ ਲਾਲ]

ਸਰਦਾਰ ਦਰਬਾਰਾ ਸਿੰਘ ਜੀ ਨੇ ਹਕੂਮਤ ਸੰਭਾਲਣ ਤੋਂ ਪਹਿਲਾਂ ਪੰਜਾਬ ਵਿਚ ਹਨੇਰਾ ਹੀ ਹਨੇਰਾ ਦੇਖਿਆ। ਉਸ ਹਨੇਰੇ ਵਿਚ ਸਰਦਾਰ ਦਰਬਾਰਾ ਸਿੰਘ ਜੀ ਨੇ ਆਪਣੀ ਇਹੋ ਜਿਹੀ ਕੈਬਿਨੇਟ ਬਣਾਈ ਜਿਸ ਨੇ ਹਨੇਰੇ ਨੂੰ ਉਜਾਲਾ ਕਰ ਦਿੱਤਾ ਹੈ। ਅੱਜ ਪੰਜਾਬ ਦਾ ਹਰ ਸ਼ਹਿਰੀ ਤੇ ਪੇਂਡੂ ਸਿਵਾਏ ਇਨ੍ਹਾਂ ਸਾਹਮਣੇ ਬੈਠੇ ਵੀਰਾਂ ਤੋਂ ਇਸ ਸਰਕਾਰ ਦੇ ਕੰਮ ਤੋਂ ਖੁਸ਼ ਹੈ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਸ਼ਹਿਰੀ ਅਤੇ ਪੇਂਡੂ ਵਿਕਾਸ ਲਈ ਬੜੇ ਅੱਛੇ ਤਰੀਕੇ ਨਾਲ ਕੰਮ ਸ਼ੁਰੂ ਕੀਤਾ ਹੈ। ਗੌਰਮਿੰਟ ਦੀ ਆਮਦਨ ਸਿਰਫ ਟੈਕਸ ਹੀ ਹੁੰਦੀ ਹੈ। ਜੇ ਗੌਰਮਿੰਟ ਟੈਕਸ ਨਾ ਲਾਵੇ ਤਾਂ ਕੰਮ ਨਹੀਂ ਚਲ ਸਕਦਾ। ਮੈਂ ਗੁਰਦਾਸਪੁਰ ਤੋਂ ਸੜਕ ਰਾਹੀਂ ਆਇਆ ਹਾਂ। ਜੇ ਮੈਂ ਕਹਾਂ ਕਿ ਮੈਂ ਆਪ ਸੜਕ ਬਣਾ ਲਵਾਂ ਤਾਂ ਨਹੀਂ ਬਣਾ ਸਕਦਾ। ਇਸੇ ਤਰ੍ਹਾਂ ਹੀ ਜੇ ਮੈਂ ਕਹਾਂ ਕਿ ਮੈਂ ਟਰੇਨ ਬਣਾ ਲਵਾਂ ਤਾਂ ਮੈਂ ਆਪਣੇ ਆਪ ਟਰੇਨ ਨਹੀਂ ਬਣਾ ਸਕਦਾ। ਇਹ ਕੰਮ ਗੌਰਮਿੰਟ ਹੀ ਕਰ ਸਕਦੀ ਹੈ। ਇਸ ਲਈ ਟੈਕਸ ਜ਼ਰੂਰੀ ਹੁੰਦੇ ਹਨ। ਗੌਰਮਿੰਟ ਦੀ ਆਮਦਨ ਟੈਕਸ ਹੁੰਦੀ ਹੈ। ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਉਸੇ ਪਿੰਡ ਦੇ ਟੈਕਸ ਉਸੇ ਪਿੰਡ ਦੀ ਡਿਵੈਲਪਮੈਂਟ ਤੇ ਲਾਏ ਜਾਣ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਪਿੰਡਾਂ ਦੇ ਲੋਕਾਂ ਕੋਲੋਂ ਸੌ ਰੁਪਏ ਪਿਛੇ ਇਕ ਰੁਪਿਆ ਲਿਆ ਜਾਵੇ ਤਾਂ ਇਸ ਤਰ੍ਹਾਂ ਉਨ੍ਹਾਂ ਕੋਲ 99 ਰੁਪਏ ਬਾਕੀ ਰਹਿ ਜਾਂਦੇ ਹਨ ਤਾਂ ਇਸ ਨਾਲ ਉਨ੍ਹਾਂ ਦਾ ਕੁਝ ਨਹੀਂ ਵਿਗੜਨਾ। ਇਸ ਤਰ੍ਹਾਂ ਇਹ ਰੁਪਿਆ ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਖਰਚ ਹੋਵੇਗਾ। ਇਸ ਨਾਲ ਨਾਲੀਆਂ ਅਤੇ ਗਲੀਆਂ ਪੱਕੀਆਂ ਬਣਨਗੀਆਂ, ਸਕੂਲ ਹੋਰ ਖੁਲ੍ਹਣਗੇ। ਜਿਹੜੇ ਪੇਂਡੂ ਪ੍ਰਾਜੈਕਟ ਪਿੱਛੇ ਰਹਿ ਗਏ ਹਨ ਉਹ ਮੁਕੰਮਲ ਹੋਣਗੇ। ਲੋਕੀਂ ਖੁਸ਼ ਹੋਣਗੇ।

ਸ਼ਰਾਬ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਪਹਿਲਾਂ ਇਸ ਨੂੰ ਸੋਮ ਰਸ ਕਿਹਾ ਜਾਂਦਾ ਹੈ। ਇਥੇ ਸ਼ਰਾਬ ਦੇ ਹੱਕ ਵਿਚ ਵੀ ਅਤੇ ਖਿਲਾਫ ਵੀ ਬੋਲਿਆ ਗਿਆ ਹੈ। ਸ਼ਰਾਬ ਬੜੇ ਬੜੇ ਕੰਮ ਵੀ ਸੰਵਾਰਦੀ ਹੈ। ਜਿਸ ਵੇਲੇ ਜੰਗ ਲਗੀ ਹੋਵੇ ਤਾਂ ਉਸ ਵੇਲੇ ਜਵਾਨਾਂ ਨੂੰ ਰੱਮ ਸ਼ਰਾਬ ਦਾ ਪੈਗ ਪਿਲਾ ਕੇ, ਉਨ੍ਹਾਂ ਨੂੰ ਬਹਾਦਰੀ ਦੀਆਂ ਗਲਾਂ ਸੁਣਾ ਕੇ, ਉਨ੍ਹਾਂ ਕੋਲੋਂ ਟੈਂਕ ਤੁੜਵਾਏ ਗਏ। ਜਵਾਨਾਂ ਨੇ ਟੈਂਕ ਤੋੜ ਦਿਤੇ। ਇਹ ਸ਼ਰਾਬ ਦੀ ਕਰਾਮਾਤ ਹੈ। ਯੂ.ਪੀ. ਨੂੰ ਕਰਾਬ ਨੇ ਸਰਾਬ ਬਣਾ ਦਿਤਾ ਹੈ। ਹਰ ਸਾਲ ਇਸ ਦੀ ਵਿਕਰੀ ਵੀ ਵਧ ਜਾਂਦੀ ਹੈ। ਇਸ ਦੇ ਪੀਣ ਵਾਲੇ ਵੀ ਵਧ ਜਾਂਦੇ ਹਨ। ਜਿੰਨਾ ਚਿਰ ਸ਼ਰਾਬ ਨਾ ਪੀਤੀ ਜਾਵੇ ਉਨਾ ਚਿਰ ਸ਼ਾਇਰੀ ਨਹੀਂ ਹੁੰਦੀ,

ਦੁਸ਼ਮਨੀ ਡਟ ਕਰ ਕਰੋ ਅਗਰ ਯੇਹ ਇਹਸਾਸ ਰਹੇ
ਕਿ ਜਬ ਫਿਰ ਦੋਸਤ ਬਨ ਜਾਏ ਤੋ ਸ਼ਰਮਿੰਦਾ ਨਾ ਹੋ।

ਸਰਦਾਰ ਆਤਮਾ ਸਿੰਘ: ** ** **

Mr. Chairman : This is no Point of Order.

ਸ਼੍ਰੀ ਰਤਨ ਲਾਲ: ਪੰਜਾਬੀ ਲੋਕ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਜੀ ਨੂੰ ਮੁੱਖ ਮੰਤਰੀ ਬਣਨ ਦਾ ਚਾਂਸ ਦਿੱਤਾ ਹੈ। ਸਰਦਾਰ ਦਰਬਾਰਾ ਸਿੰਘ ਜੀ ਨੇ ਬੜੇ ਟਟੋਲ ਟਟੋਲ ਕੇ ਆਪਣੀ ਕੈਬਿਨੇਟ ਵਿਚ ਮਨਿਸਟਰ ਲਏ ਹਨ। (ਘੰਟੀ) ਅਖੀਰ ਵਿਚ ਮੈਂ ਬੇਨਤੀ ਕਰਾਂਗਾ :

ਪਰਬਤ ਸੇ ਡਰ ਲਗਤਾ ਹੈ ਔਰ ਧੂਲ ਸੇ ਡਰ ਲਗਤਾ ਹੈ
ਅਬ ਤੋ ਨੇਤਾਓਂ ਕੀ ਹਰ ਭੂਲ ਸੇ ਡਰ ਲਗਤਾ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸ਼ਰਾਬ ਦੇ ਠੇਕੇਦਾਰਾਂ ਦੀ ਸਰਕਾਰ ਹੈ। ਇਹ ਆਪ ਇਸ ਵਿਚ ਸ਼ਾਮਿਲ ਹਨ। ਪੈਸੇ ਲੈ ਕੇ ਠੇਕੇ ਦਿਤੇ ਜਾਂਦੇ ਹਨ । ਦੇਸੀ ਸ਼ਰਾਬ ਵਾਲਿਆਂ ਨੇ ਇਨ੍ਹਾਂ ਨੂੰ 30 ਲੱਖ ਰੁਪਿਆ ਦਿੱਤਾ। ਅੰਗਰੇਜ਼ੀ ਸ਼ਰਾਬ ਬਾਰੇ ਮੈਨੂੰ ਪਤਾ ਨਹੀਂ ਹੈ। ਤੁਹਾਨੂੰ ਪਤਾ ਹੈ ਕਿ ਸ਼ਰਾਬ ਦੀ ਬੋਤਲ ਦੀ ਕੀਮਤ ਪਿਛਲੇ ਸਾਲ 21 ਰੁਪਏ ਰਖੀ ਸੀ ਪਰ ਉਹ ਵਿਕਦੀ ਰਹੀ ਹੈ 28 ਰੁਪਏ ਦੇ ਹਿਸਾਬ ਨਾਲ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੌਜੂਦਾ ਸਰਕਾਰ ਦੀ ਪਾਲਿਸੀ ਡੀਫੈਕਟਿਵ ਹੈ, ਨਿਕੰਮੀ ਹੈ। ਲੋਕਾਂ ਨੂੰ ਜ਼ਹਿਰੀਲੀ ਸ਼ਰਾਬ ਦਿੱਤੀ ਜਾਂਦੀ ਹੈ। (ਵਿਘਨ) ਇਸ ਤਰ੍ਹਾਂ ਇਥੇ ਸ਼ਰਾਬ ਬਾਹਰੋਂ ਆਵੇਗੀ। ਜਿਹੜੇ ਜ਼ਹਿਰੀਲੀ ਸ਼ਰਾਬ ਬਣਾਉਂਦੇ ਹਨ ਉਨ੍ਹਾਂ ਨੂੰ ਫੜਿਆ ਨਹੀਂ ਜਾਂਦਾ।

ਸ਼੍ਰੀ ਚਮਨ ਲਾਲ : ** ** **

Mr. Chairman : This is no Point of Order.

ਸਰਦਾਰ ਦਲੀਪ ਸਿੰਘ ਪਾਂਧੀ : ਇਕ ਦਿਲਬਾਗ ਰਾਏ ਸੂਦ ਅਮਲੋਹ ਦਾ ਹੈ, ਉਹ ਨਕਲੀ ਸ਼ਰਾਬ ਬਣਾਉਂਦਾ ਹੈ। ਉਸ ਨੂੰ ਨਕਲੀ ਸ਼ਰਾਬ ਬਣਾਉਂਦੇ ਨੂੰ ਫੜ ਲਿਆ ਅਤੇ ਛੱਡ ਦਿਤਾ। ਇਸੇ ਤਰ੍ਹਾਂ ਹੀ ਨਾਭੇ ਦਾ ਇਕ ਠੇਕੇਦਾਰ ਹੈ। ਉਸ ਨੂੰ ਫੜ ਕੇ ਛੱਡ ਦਿਤਾ। ਉਸ ਨੂੰ ਐਸ.ਡੀ.ਐਮ. ਨੇ ਛੱਡ ਦਿੱਤਾ। ਚਾਹੀਦਾ ਸੀ ਕਿ ਉਸ ਦੀ ਸ਼ਰਾਬ ਦਾ ਕੈਮੀਕਲ ਐਗਜ਼ਾਮੀਨੇਸ਼ਨ ਕਰਾਉਂਦੇ। ਉਸਨੂੰ ਜੇਲ੍ਹ ਵਿਚ ਸੁੱਟਦੇ। ਉਸ ਐਸ.ਡੀ.ਐਮ. ਨੂੰ ਸਸਪੈਂਡ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਇਹ ਕਤਲ ਕਰਨ ਦੇ ਬਰਾਬਰ ਕੇਸ ਹੈ। ਮਹਿਕਮੇ ਨਾਲ ਰਲਕੇ ਠੇਕੇਦਾਰਾਂ ਦੇ ਕਰਿੰਦਿਆਂ ਨੇ ਠੇਕੇ ਲਏ ਹੋਏ ਹਨ। ਉਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਹੈ। ਅੱਜ ਸ਼ਰਾਬ ਤਾਂ ਜਿੰਨੀ ਮਰਜ਼ੀ ਹੈ ਲੈ ਲਵੋ ਪਰ ਸੀਮਿੰਟ ਨਹੀਂ ਮਿਲਦਾ। ਕੋਈ ਚੀਜ਼ ਨਹੀਂ ਮਿਲਦੀ। ਸ਼ਰਾਬ ਜਿੰਨੀ ਮਰਜ਼ੀ ਲੈ ਲਵੋ, ਇਸ ਦੀ ਕੋਈ ਘਾਟ ਨਹੀਂ ਹੈ। ਸ਼ਰਾਬ ਜ਼ਾਲੀ ਬਣਦੀ ਹੈ, ਹੇਰਾਫੇਰੀ ਨਾਲ ਬਣਦੀ ਹੈ । ਗੋਲਡਨ ਜਿੱਨ ਨਾਲ 12 ਆਦਮੀ ਮਰ ਗਏ । ਮੁਲਜ਼ਮਾਂ ਨੂੰ ਫੜਿਆ ਨਹੀਂ ਗਿਆ। ਐਸ.ਐਸ.ਪੀ. ਪਟਿਆਲਾ ਨੇ 20 ਹਜ਼ਾਰ ਰੁਪਏ ਲੈ ਲਏ। (ਵਿਘਨ) ਮਿਸਟਰ ਸਰੀਨ, ਮਿਸਟਰ ਕੌਛੜ ਅਤੇ ਇਕ ਹਵਾਲਦਾਰ ਬਲਬੀਰ ਚੰਦ ਇਸ ਵਿਚ ਸ਼ਾਮਿਲ ਹਨ। ਉਹ ਫੜੇ ਨਹੀਂ ਗਏ। ਮੈਂ ਕਹਾਂਗਾ ਕਿ ਇਹ ਆਪ ਇਸ ਵਿਚ ਸ਼ਾਮਿਲ ਹਨ। ਜਿਨ੍ਹਾਂ ਵਲ ਐਕਸਾਈਜ਼ ਦੇ ਬਕਾਇਆ ਹਨ ਉਨ੍ਹਾਂ ਨੇ ਆਪਣੀ ਜਾਇਦਾਦ ਟਰਾਂਸਫਰ ਕਰ ਦਿਤੀ ਹੈ। ਫਿਰ ਟੈਕਸੇਸ਼ਨ ਦੇ ਬਹੁਤ ਸਾਰੇ ਬਕਾਇਆ ਪਏ ਹਨ। ਪ੍ਰਾਈਵੇਟ ਕਾਰਾਂ ਹਨ। ਉਹ ਟੈਕਸੀਆਂ ਦੇ ਰੂਪ ਵਿਚ ਵਰਤਦੇ ਹਨ। ** ** ** (ਵਿਘਨ) ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗੁੱਡਜ਼ ਟੈਕਸ ਦਾ ਜੋ ਸਿਸਟਮ ਬਣਾਇਆ ਹੈ ਇਸ ਨਾਲ ਉਨ੍ਹਾਂ ਤੇ ਕੋਈ ਕੰਟਰੋਲ ਨਹੀਂ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਤਲਵੰਡੀ ਮਾਦਕਾ ਵਾਲੀ ਅਫੀਮ ਦੀ ਵੀ ਗਲ ਕਰ ਦਿਓ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਬੱਸਾਂ ਨੂੰ, ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਦੀ ਗਲ ਕਰਦੇ ਹਨ, ਉਹ ਵੀ ਫੇਲ੍ਹ ਹੋਈ ਹੈ। ਗੁਡਜ਼ ਟਰਾਂਸਪੋਰਟ ਦੀ ਆਰਗੇਨਾਈਜ਼ੇਸ਼ਨ ਨਹੀਂ ਹੈ। ਅਫਸੋਸ ਇਸ ਗਲ ਦਾ ਵੀ ਹੈ ਕਿ ਇਹ ਟਿਕਟਾਂ ਨਹੀਂ ਦੇ ਸਕਦੇ। ਜਿਥੋਂ ਪੈਸੇ ਦੀ ਆਮਦਨ ਹੈ ਉਥੇ ਇਹ ਟਿਕਟਾਂ ਪੂਰੀਆਂ ਨਹੀਂ ਦੇ ਸਕਦੇ। ਟੈਕਸ ਵਸੂਲ ਨਹੀਂ ਕਰ ਰਹੇ। ਟੈਕਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਜੋ ਹੈ ਉਹ ਸਿਨਮਿਆਂ ਵਾਲੇ ਦੇ ਨਹੀਂ ਰਹੇ। ਕਿਸੇ ਈ.ਟੀ.ਓ. ਨੂੰ ਕੋਈ ਅਧਿਕਾਰ ਨਹੀਂ ਹੈ। ਜੇ ਸੁਖਦੇਵ ਸਿੰਘ ਨੇ ਸਾਡੇ ਗੋਬਿੰਦਗੜ੍ਹ ਉਥੇ ਚੰਗਾ ਕੰਮ ਕੀਤਾ ਤਾਂ ਉਸ ਨੂੰ ਮਾਰਿਆ ਕੁੱਟਿਆ ਗਿਆ, ਉਸ ਦੀ ਟੰਗ ਤੋੜ ਦਿੱਤੀ। ਸਾਰੀਆਂ ਥਾਵਾਂ ਤੇ ਕੰਮ ਠੱਪ ਪਿਆ ਹੈ। ਕੋਈ ਕੰਮ ਵਜ਼ੀਰ ਸਾਹਿਬਾਨ ਦੀ ਮਰਜ਼ੀ ਤੋਂ ਬਗੈਰ ਨਹੀਂ ਹੋ ਰਿਹਾ। ਜੇ ਸ਼ਰਾਬ ਦੇ ਠੇਕੇ ਲੈਣ ਦੀ ਗਲ ਕਰੋ ਤਾਂ ਕਹਿ ਦਿੰਦੇ ਹਨ ਕਿ ਵਜ਼ੀਰ ਸਾਹਿਬ ਤੋਂ ਕਹਾ ਦਿਓ। ਵਜ਼ੀਰ ਸਾਹਿਬ ਦੀ ਸਿੱਧੀ ਗਲਬਾਤ ਹੈ। ਇਸ ਤਰ੍ਹਾਂ ਇਥੇ ਪੰਜਾਬ ਵਿੱਚ ਹੇਰਾ ਫੇਰੀ ਹੋ ਰਹੀ ਹੈ। ਕੋਈ ਅਸੂਲ ਨਹੀਂ ਇਥੇ ਰਿਹਾ। ਠੇਕਿਆਂ ਲਈ ਇਸ ਤਰ੍ਹਾਂ ਮੇਲੇ ਲਗ ਗਏ ਜਿਸ ਤਰ੍ਹਾਂ ਛਪਾਰ ਦਾ ਮੇਲਾ ਲਗਿਆ ਹੁੰਦਾ ਹੈ। ਇਨ੍ਹਾਂ ਨੇ ਸ਼ਰਾਬ ਦੀ ਜੋ ਪਾਲਿਸੀ ਬਣਾਈ ਹੈ ਉਹ ਬੜੀ ਗਲਤ ਪਾਲਿਸੀ ਬਣਾਈ ਹੈ ਅੱਰ ਇਹ ਬਹੁਤ ਮਾੜੀ ਗਲ ਹੈ। (ਘੰਟੀ) ਇਸ ਵਿਚ ਇਨ੍ਹਾਂ ਨੇ ਬਹੁਤ ਪੈਸਾ ਲਿਆ ਹੈ। ਅਮਲੋਹ, ਗੋਬਿੰਦਗੜ੍ਹ ਵਿਚ ਠੇਕੇਦਾਰਾਂ ਨੇ ਪੂਲ ਕਰ ਲਿਆ ਅੱਰ ਆਪਣੀ ਮਰਜ਼ੀ ਨਾਲ ਠੇਕੇ ਲੈ ਲਏ। (ਵਿਘਨ)

ਪੰਡਿਤ ਸਰਵਣ ਰਾਮ : ਚੇਅਰਮੈਨ ਸਾਹਿਬ, ਤਿੰਨ ਸਾਲ ਇਨ੍ਹਾਂ ਦਾ ਜਦੋਂ ਰਾਜ ਰਿਹਾ ਅਕਾਲੀ-ਜਨਤਾ ਪਾਰਟੀ ਦਾ ਤਾਂ ਉਨ੍ਹਾਂ ਦਿਨਾਂ ਵਿਚ ਵੀ ਇਸੇ ਤਰ੍ਹਾਂ ਮੇਲੇ ਲਗਦੇ ਸਨ। ਉਸ ਵੇਲੇ ਤਾਂ ਇਹ ਬੋਲੇ ਨਹੀਂ ਅੱਰ ਅੱਜ ਇਹ ਇਸ ਤਰ੍ਹਾਂ ਦੀਆਂ ਗਲਾਂ ਕਰ ਰਹੇ ਹਨ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਅੰਮ੍ਰਿਤਸਰ ਵਿੱਚ ਯੂਥ ਹੋਸਟਲ ਹੈ। ਉਥੇ ਬੜੀ ਬੁਰੀ ਹਾਲਤ ਹੈ। ਉਥੇ ਕੋਈ ਬੇਦੀ ਅਫਸਰ ਸਸਪੈਂਡ ਹੋਇਆ ਹੈ। ਸ਼ਰਾਬਾਂ ਉਥੇ ਉਡਦੀਆਂ ਹਨ ਅਤੇ ਕਿਸੇ ਧੀ, ਭੈਣ ਦੀ ਇਜ਼ਤ ਮਹਿਫੂਜ਼ ਨਹੀਂ। ਜਿਹੜੇ ਉਥੇ ਕਮਰੇ ਬਣਾਏ ਗਏ ਸੀ ਉਹ ਇਸ ਕਰਕੇ ਬਣਾਏ ਗਏ ਸੀ ਕਿ ਬੱਚਿਆਂ ਨੂੰ 5 ਰੁਪਏ ਤੇ ਕਮਰਾ ਦਿੱਤਾ ਜਾਵੇ ਪਰ ਉਥੇ ਜੋ ਹਾਲਤ ਹੋ ਰਹੀ ਹੈ ਉਹ ਕਹੀ ਨਹੀਂ ਜਾ ਸਕਦੀ। ਬੜੀ ਹੇਰਾ ਫੇਰੀ ਹੋ ਰਹੀ ਹੈ। ਜਿਸ ਪਾਸੇ ਦੇਖ ਲਓ ਇਹੀ ਹਾਲਤ ਹੈ। ਸਕੂਲਾਂ ਦੀ ਗਲ ਕਰ ਲਓ। ਡੀ.ਪੀ.ਆਈ. ਕਾਲਜ ਐਸਾ ਕੁਰੱਪਟ ਹੈ ਜਿਸ ਦਾ ਅੰਦਾਜ਼ਾ ਨਹੀਂ। ਘਪਲੇਬਾਜ਼ੀ ਹੋ ਰਹੀ ਹੈ ਅਤੇ ਬਿਨਾਂ ਪੈਸੇ ਦਿਤੇ ਕੋਈ ਕੰਮ ਨਹੀਂ ਚਲਦਾ। ਸਾਰਾ ਮਾਹੌਲ ਵਿਗੜਿਆ ਹੋਇਆ ਹੈ। ਸਕੂਲਾਂ ਨੂੰ ਕੋਈ ਪੈਸਾ ਨਹੀਂ ਦਿੱਤਾ ਜਾਂਦਾ, ਕੋਈ ਉਨ੍ਹਾਂ ਦੀ ਇਨਸਪੈਕਸ਼ਨ ਨਹੀਂ ਹੁੰਦੀ। ਇਮਤਿਹਾਨਾਂ ਵਿੱਚ ਨਕਲਾਂ ਵਜਦੀਆਂ ਹਨ। ਪਟਿਆਲੇ ਲਾਊਡ ਸਪੀਕਰ ਲਾ ਕੇ ਪੇਪਰ ਹੱਲ ਕਰਵਾਏ ਗਏ। ਬਾਹਰ ਲਾਊਡ ਸਪੀਕਰ ਲਾ ਕੇ ਅੰਦਰ ਬੱਚਿਆਂ ਨੂੰ ਪੇਪਰ ਹੱਲ ਕਰਵਾਏ ਗਏ ਹਨ। ਕੋਈ ਚੈਕ ਨਹੀਂ, ਕੋਈ ਲਾਅ ਐਂਡ ਆਰਡਰ ਨਹੀਂ ਰਿਹਾ। ਇਸੇ ਤਰ੍ਹਾਂ ਜਾਲ੍ਹੀ ਐਡਮਿਸ਼ਨਾਂ ਹੋ ਰਹੀਆਂ ਹਨ, ਹੇਰਾ ਫੇਰੀਆਂ ਹੋ ਰਹੀਆਂ ਹਨ, ਕੋਈ ਕੰਮ ਠੀਕ ਨਹੀਂ ਚਲ ਰਿਹਾ। ਸਰਕਾਰ ਨੂੰ ਇਨ੍ਹਾਂ ਕੰਮਾਂ ਵਲ ਧਿਆਨ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਸ਼ਰਾਬ ਇਨ੍ਹਾਂ ਨੂੰ ਸਸਤੀ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਸ਼ਰਾਬ ਮੈਂ ਤਾਂ ਕਹਿੰਦਾ ਹਾਂ ਕਿ ਬੰਦ ਹੀ ਕਰ ਦੇਣੀ ਚਾਹੀਦੀ ਹੈ। ਇਨ੍ਹਾਂ ਦਾ ਕੋਈ ਅਸੂਲ ਨਹੀਂ ਹੈ। ਕੋਈ ਪਾਲਿਸੀ ਨਹੀਂ ਹੈ। ਸਾਰੇ ਪਾਸੇ ਕੰਮ ਚਲ ਨਹੀਂ ਰਿਹਾ। ਦਫ਼ਤਰਾਂ ਵਿੱਚ ਦੇਖ ਲਓ, ਕੰਮ ਕੋਈ ਨਹੀਂ ਹੋ ਰਿਹਾ। ਕੋਈ ਵਜ਼ੀਰ ਘਰੇ ਨਹੀਂ ਮਿਲਦਾ। ** ** ** ਕਿਸੇ ਦਿਨ ਜਾ ਕੇ ਤੁਸੀਂ ਦੇਖ ਲਓ ਕੋਈ ਨਹੀਂ ਮਿਲਦਾ। (ਹਾਸਾ) (ਘੰਟੀ)

ਪੰਡਿਤ ਸਰਵਣ ਰਾਮ : ਚੇਅਰਮੈਨ ਸਾਹਿਬ, ਪਾਂਧੀ ਸਾਹਿਬ ਨੇ ਜਿਹੜੀ ਗਲ ਕੀਤੀ ਹੈ ਮੇਰਾ ਖਿਆਲ ਹੈ ਕਿ ਮਨਿਸਟਰ ਫਾਰ ਆਬਕਾਰੀ ਤੇ ਕਰ ਜਿਨ੍ਹਾਂ ਦੇ ਕੋਲ ਇਹ ਮਹਿਕਮਾ ਹੈ ਉਨ੍ਹਾਂ ਨੇ ਤਾਂ ਕਦੇ ** ਦੀ ਸ਼ਕਲ ਵੀ ਨਹੀਂ ਦੇਖੀ ਹੋਣੀ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਦੂਸਰੀ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ ਠੇਕਿਆਂ ਵਿੱਚ ਘਪਲੇਬਾਜ਼ੀ ਹੋਈ ਹੈ, ਜਿਸ ਵੇਲੇ ਇਨ੍ਹਾਂ ਦੀ ਆਪਣੀ ਸਰਕਾਰ ਸੀ ਉਸ ਵੇਲੇ ਕਿੰਨੇ ਕਰੋੜ ਰੁਪਿਆ ਆਇਆ ਹੈ ਅਤੇ ਹੁਣ ਕਿੰਨੇ ਕਰੋੜ ਆਇਆ ਹੈ, ਇਹ ਆਪ ਹੀ ਦੇਖ ਲੈਣ।

ਸਰਦਾਰ ਦਲੀਪ ਸਿੰਘ ਪਾਂਧੀ : ** ** ** (ਘੰਟੀ) ਇਹ ਸ਼ਰਾਬ ਬੰਦ ਕਰ ਦੇਣੀ ਚਾਹੀਦੀ ਹੈ, ਇਹ ਜ਼ਹਿਰ ਹੈ ਅੱਰ ਇਹ ਜ਼ਹਿਰ ਲੋਕਾਂ ਨੂੰ ਨਾ ਪਿਲਾਓ। ਵਿੱਤ ਮੰਤਰੀ ਸਾਹਿਬ ਇਮਾਨਦਾਰੀ ਨਾਲ ਦੱਸਣ ਕਿ ਕਿੰਨੀ ਇਸ ਦੇ ਵਿੱਚ ਚੋਰੀ ਅਤੇ ਹੇਰਾਫੇਰੀ ਹੁੰਦੀ ਹੈ। ਸਟੇਟ ਨੂੰ ਘਾਟੇ ਵਿੱਚ ਲਿਜਾ ਰਹੇ ਹਨ। ਇਸ ਤਰ੍ਹਾਂ ਸਟੇਟ ਨੂੰ ਨਾ ਮਾਰਨ, ਸਟੇਟ ਦੇ ਭਲੇ ਦੀ ਕੋਈ ਗੱਲ ਕਰਨ।

ਰਾਜ ਮੰਤਰੀ, ਉਦਯੋਗ : ਚੇਅਰਮੈਨ ਸਾਹਿਬ, ਇਹ ਗਲਤ ਗੱਲਾਂ ਕਰ ਰਹੇ ਹਨ, ਇਹ ਐਕਸਪੰਜ ਕਰ ਦਿਓ। ਸਰਦਾਰ ਦਰਬਾਰਾ ਸਿੰਘ ਜੀ ਦੀ ਕੈਬਨਿਟ ਵਿੱਚ ਕੋਈ ਮੰਤਰੀ ** **। ਕਿਸੇ ਦਾ ਕੋਈ** ਨਹੀਂ।

ਸ਼੍ਰੀ ਸਭਾਪਤੀ : ਇਹ ਸਾਰਾ ਐਕਸਪੰਜ ਕਰ ਦਿਓ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਰਾਜ ਮੰਤਰੀ, ਉਦਯੋਗ : ਇਹ ਬਿਲਕੁਲ ਗਲਤ ਗੱਲਾਂ ਕਰ ਰਹੇ ਹਨ। ਇਹ ਐਕਸਪੰਜ ਕਰਾਓ।

ਸ਼੍ਰੀ ਸਭਾਪਤੀ : ਇਹ ਐਕਸਪੰਜ ਕੀਤਾ ਜਾਂਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਕਿਉਂ ਐਕਸਪੰਜ ਕਰ ਦਿਓ। ** ** ਉਹ ਵਾਪਸ ਕਰਾਓ। ਗਰੀਬ ਆਦਮੀ ਕੋਈ ਠੇਕਾ ਨਹੀਂ ਲੈ ਸਕਿਆ। ਇਮਾਨਦਾਰੀ ਨਾਲ ਠੇਕੇ ਨਿਲਾਮ ਨਹੀਂ ਹੋਏ। ਮੇਰੀ ਬੇਨਤੀ ਹੈ ਕਿ ਇਹ ਸਾਰੇ ਠੇਕੇ ਕੈਂਸਲ ਕਰਕੇ ਮੁੜ ਕੇ ਠੇਕੇ ਸਾਰੇ ਨਿਲਾਮ ਕਰਨੇ ਚਾਹੀਦੇ ਹਨ।

ਸ਼੍ਰੀ ਸਭਾਪਤੀ : ਇਸ ਤਰ੍ਹਾਂ ਐਲੀਗੇਸ਼ਨ ਨਹੀਂ ਲਗਾਏ ਜਾ ਸਕਦੇ। ਇਹ ਐਕਸਪੰਜ ਕੀਤਾ ਜਾਂਦਾ ਹੈ।

ਸ਼੍ਰੀ ਸਭਾਪਤੀ : ਪਾਂਧੀ ਸਾਹਿਬ ਬੈਠੋ ਹੁਣ। ਤੁਹਾਡਾ ਟਾਈਮ ਹੋ ਗਿਆ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਮੁੜ ਕੇ ਇਹ ਠੇਕੇ ਨਿਲਾਮ ਹੋਣੇ ਚਾਹੀਦੇ ਹਨ ਅਤੇ ਜਾਇਜ਼ ਲੋਕਾਂ ਨੂੰ ਮਿਲਣੇ ਚਾਹੀਦੇ ਹਨ।

ਰਾਜ ਮੰਤਰੀ, ਉਦਯੋਗ : ਚੇਅਰਮੈਨ ਸਾਹਿਬ, ਇਹ ਐਵੇਂ ਨਾਮ ਲੈ ਕੇ ਦੂਸ਼ਣ ਲਾ ਰਹੇ ਹਨ। ਇਨ੍ਹਾਂ ਨੂੰ ਗਲਤ ਆਦਤ ਪਈ ਹੋਈ ਹੈ। ਝੂਠੀਆਂ ਗੱਲਾਂ ਇਥੇ ਲਿਆ ਕੇ ਅੱਛੇ ਆਦਮੀ ਨੂੰ ਬਦਨਾਮ ਕਰ ਰਹੇ ਹਨ। ਇਹ ਕੋਈ ਤਰੀਕਾ ਨਹੀਂ ਹੈ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਜੇ ਇਹ ਗਲ ਹੈ ਤਾਂ ਹਾਊਸ ਦੀ ਕਮੇਟੀ ਬਣਾ ਦਿਓ ਜੋ ਸਾਰਾ ਮਾਮਲਾ ਦੇਖ ਲਵੇਗੀ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਮੈ ਜਲੰਧਰ ਜ਼ਿਲ੍ਹੇ ਦਾ ਰਹਿਣ ਵਾਲਾ ਕਿਹਾ ਹੈ। ਮੈਂ ਕਿਸੇ ਦਾ ਨਾਮ ਨਹੀਂ ਲਿਆ।

ਰਾਜ ਮੰਤਰੀ, ਉਦਯੋਗ : ਚੇਅਰਮੈਨ ਸਾਹਿਬ, ਜਿੰਨੀਆਂ ਸਪੀਚਾਂ ਪਾਂਧੀ ਸਾਹਿਬ ਕਰਦੇ ਹਨ, ਇਹ ਬਿਲਕੁਲ ਗਲਤ ਗੱਲਾਂ ਕਰਦੇ ਹਨ।

ਸਰਦਾਰ ਦਲੀਪ ਸਿੰਘ ਪਾਂਧੀ : ਹੁਣ ਵਜ਼ੀਰ ਬਣ ਗਿਆ ਤਾਂ ਹੁਣ ਤੇਰੀਆਂ ਐਨਕਾਂ ਹੋਰ ਹੋ ਗਈਆਂ ਹਨ।

ਸ਼੍ਰੀ ਸਭਾਪਤੀ : ਪਾਂਧੀ ਜੀ ਤੁਸੀਂ ਖਤਮ ਕਰੋ। ਸਰਦਾਰ ਸ਼ਮਸ਼ੇਰ ਸਿੰਘ ਜੀ ਤੁਸੀਂ ਸ਼ੁਰੂ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਆਖਿਰ ਵਿੱਚ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਰਾਬ ਨਾਲ ਲੋਕਾਂ ਨੂੰ ਨਾ ਮਾਰੋ, ਇਸ ਨੂੰ ਬੰਦ ਕਰਨਾ ਚਾਹੀਦਾ ਹੈ। (ਘੰਟੀ) ਜਿਹੜੇ ਠੇਕੇ ਸ਼ਰਾਬ ਦੇ ਦਿੱਤੇ ਗਏ ਹਨ ਉਹ ਕੈਂਸਲ ਕਰਕੇ ਉਨ੍ਹਾਂ ਦੀ ਦੁਬਾਰਾ ਨਿਲਾਮੀ ਕਰਾਉਣੀ ਚਾਹੀਦੀ ਹੈ ਤਾਂਕਿ ਜਾਇਜ਼ ਲੋਕਾਂ ਨੂੰ ਮਿਲ ਸਕਣ।

ਸਰਦਾਰ ਸ਼ਮਸ਼ੇਰ ਸਿੰਘ (ਖੰਨਾ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਡੀਮਾਂਡ ਨੰਬਰ 6 ਅਤੇ 16 ਉਤੇ ਬੋਲਣ ਦਾ ਮੌਕਾ ਦਿਤਾ ਹੈ। ਮੈਂ ਸਭ ਤੋਂ ਪਹਿਲਾਂ, ਐਜੂਕੇਸ਼ਨ ਦੀ ਮੱਦ ਨੂੰ ਮੁੱਖ ਰਖਦੇ ਹੋਏ, ਐਜੂਕੇਸ਼ਨ ਦੇ ਬਾਰੇ ਕੁਝ ਗੱਲਾਂ ਕਹਿਣਾ ਚਾਹੁੰਦਾ ਹਾਂ।

ਸਾਡੀ ਸਰਕਾਰ ਨੇ 385 ਕਰੋੜ ਰੁਪਏ ਦਾ ਬਜਟ ਬਣਾਇਆ ਹੈ ਜਿਸ ਵਿਚੋਂ 22 % ਬਜਟ ਐਜੂਕੇਸ਼ਨ ਤੇ ਲਾਉਣ ਦਾ ਟੀਚਾ ਰਖਿਆ ਹੈ। ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਹੀ ਆਉਣ ਵਾਲੀ ਜੈਨਰੇਸ਼ਨ ਦਾ ਭਵਿੱਖ ਬਣਾਉਂਦੀ ਹੈ। ਇਕ ਟੀਚਰ ਐਸਾ ਰੋਲ ਅਦਾ ਕਰ ਸਕਦਾ ਹੈ ਜਿਸ ਨਾਲ ਸਾਡੇ ਦੇਸ਼ ਦੀ ਅਨਪੜ੍ਹਤਾ ਅਤੇ ਕੋਈ ਹੋਰ ਵੀ ਊਣਤਾਈਆਂ ਹੋਣ, ਉਹ ਦੂਰ ਕੀਤੀਆਂ ਜਾ ਸਕਦੀਆਂ ਹਨ। ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ 35 ਸਾਲ ਆਜ਼ਾਦੀ ਮਿਲੇ ਨੂੰ ਹੋ ਗਏ ਹਨ ਪਰ ਅਨਪੜ੍ਹਤਾ ਦੂਰ ਨਹੀਂ ਹੋ ਸਕੀ। ਕਿਉਂਕਿ ਪਹਿਲਾਂ ਪਹਿਲਾਂ ਵੇਖਿਆ ਜਾਂਦਾ ਸੀ ਕਿ ਜਿਹੜੇ ਅਧਿਆਪਕ ਸਨ ਉਨ੍ਹਾਂ ਨੂੰ ਸਭ ਨਾਲੋਂ ਜ਼ਿਆਦਾ ਮਾਣ ਦਿਤਾ ਜਾਂਦਾ ਸੀ। ਉਨ੍ਹਾਂ ਨੂੰ ਪੂਜਦੇ ਹੁੰਦੇ ਸਨ ਕਿਉਂਕਿ ਉਹ ਸਿਖਸ਼ਾ ਦੇਣਾ ਆਪਣਾ ਫਰਜ਼ ਸਮਝਦੇ ਸਨ, ਪਰ ਅੱਜ ਦਾ ਟੀਚਰ ਆਪਣੇ ਫਰਜ਼ ਤੋਂ ਪਿਛੇ ਹਟਦਾ ਜਾ ਰਿਹਾ ਹੈ, ਇਸ ਲਈ ਹੀ ਐਜੂਕੇਸ਼ਨ ਦਾ ਸਟੈਂਡਰਡ ਵੀ ਗਿਰਦਾ ਜਾ ਰਿਹਾ ਹੈ। ਅਜਨਾਲਾ ਸਾਹਿਬ ਨੇ ਇਸ ਵੱਲ ਕਾਫੀ ਧਿਆਨ ਦਿਤਾ ਹੈ ਅਤੇ ਇਸ ਤੇ 140 ਕਰੋੜ ਰੁਪਏ ਖਰਚ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਪਿਛਲੇ ਸਾਲ ਕਿੰਨੇ ਸਕੂਲ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਅਪਗਰੇਡ ਕੀਤੇ। 420 ਸਕੂਲ ਪਿਛਲੇ ਦੋ ਸਾਲਾਂ ਵਿਚ ਮਿਡਲ ਅਤੇ ਹਾਈ ਅਪਗਰੇਡ ਕੀਤੇ, ਹੁਣ 1982-83 ਵਿਚ 25 ਮਿਡਲ ਸਕੂਲ ਅਤੇ 50 ਪ੍ਰਾਇਮਰੀ ਸਕੂਲ ਅਪਗਰੇਡ ਕਰਨ ਦਾ ਟੀਚਾ ਰਖਿਆ ਹੈ। ਇਹ ਬਹੁਤ ਥੋਹੜੇ ਹਨ। ਪਿੰਡਾਂ ਵਿਚ ਖਾਸ ਤੌਰ ਤੇ ਕਿਸੇ ਪਿੰਡ ਵਿਚ ਚਲੇ ਜਾਓ, ਸ਼ਿਕਾਇਤ ਹੁੰਦੀ ਹੈ ਕਿ ਟੀਚਰ ਆਉਂਦਾ ਹੀ ਨਹੀਂ। ਜਿਥੇ ਸਟਾਫ ਕਮ ਹੈ ਇਕ ਦੋ ਟੀਚਰਜ਼ ਹਨ, ਉਹ ਐਪਲੀਕੇਸ਼ਨਜ ਰਖ ਕੇ ਚਲੇ ਜਾਂਦੇ ਹਨ ਅਤੇ ਬੱਚੇ ਬਾਹਰ ਖੇਡਦੇ ਫਿਰਦੇ ਰਹਿੰਦੇ ਹਨ। ਦੂਸਰੇ ਟੀਚਰਾਂ ਵਿਚ ਨਸ਼ੇ ਦੀ ਆਦਤ ਪੈਂਦੀ ਜਾਂਦੀ ਹੈ ਉਨ੍ਹਾਂ ਦੀ ਕੋਈ ਐਕਿੰਗ ਨਹੀਂ ਹੁੰਦੀ। ਮੈਂ ਅਜਨਾਲਾ ਸਾਹਿਬ ਨੂੰ

Original with;
Punjab Vidhan Sabha
Digitized by;
Panjab Digital Library

ਕਹਾਂਗਾ ਕਿ ਉਨ੍ਹਾਂ ਦੀ ਸੁਪਰਵੀਜ਼ਨ ਪੰਚਾਇਤਾਂ ਦੇ ਜ਼ਿੰਮੇ ਲਾ ਦਿਤੀ ਜਾਵੇ ਅੱਰ ਸ਼ਹਿਰਾਂ ਵਿਚ ਮਿਉਂਸਪਲ ਕਮੇਟੀਆਂ ਜਾਂ ਹੋਰ ਨਿਗਰਾਨ ਕਮੇਟੀਆਂ ਉਨ੍ਹਾਂ ਦੇ ਉਤੇ ਬਣਾਈਆਂ ਜਾਣ ਤਾਂ ਕਿ ਜਿਸ ਨੇ ਹਿੰਦੁਸਤਾਨ ਨੂੰ ਬਣਾਉਣਾ ਹੈ ਉਹ ਬਚਿਆਂ ਵੱਲ ਧਿਆਨ ਦੇ ਸਕੇ । ਜੋ ਵੀ ਕੋਈ ਉਨ੍ਹਾਂ ਦੀਆਂ ਅਨਾਮਲੀਜ਼ ਹਨ, ਭਾਵੇਂ ਹਾਊਸ ਰੈਂਟ ਹੈ ਜਾਂ ਕੋਈ ਹੋਰ ਹੈ ਉਹ ਦੂਰ ਹੋਣੀਆਂ ਚਾਹੀਦੀਆਂ ਹਨ। ਇਹ ਮੇਰੇ ਕਮਿਊਨਿਸਟ ਭਰਾ ਉਨ੍ਹਾਂ ਦਾ ਪੱਖ ਪੂਰਦੇ ਪੂਰਦੇ ਬਹੁਤ ਸਾਰੀਆਂ ਗਲਤ ਗੱਲਾਂ ਕਰ ਜਾਂਦੇ ਹਨ। ਪਰ ਅਸੀਂ ਵੀ ਪੂਰਦੇ ਹਾਂ । ਪਰ ਇਹ ਪੰਜਾਬ ਵਿਚ ਕਾਫ਼ੀ ਵਿਘਨ ਪਾਉਂਦੇ ਹਨ ਜਿਸ ਨਾਲ ਸਾਡੇ ਐਜੂਕੇਸ਼ਨ ਦਾ ਸਟੈਂਡਰਡ ਠੀਕ ਨਹੀਂ ਰਹਿੰਦਾ। 80 ਹਜ਼ਾਰ ਗੌਰਮਿੰਟ ਟੀਚਰਜ਼ ਹਨ ਅਤੇ 12 ਹਜ਼ਾਰ ਪ੍ਰਾਈਵੇਟ ਟੀਚਰਜ਼ ਹਨ, ਉਨ੍ਹਾਂ ਦੀਆਂ ਅਨਾਮਲੀਜ਼ ਕੋਈ ਵੀ ਹੋਣ ਦੂਰ ਹੋਣੀਆਂ ਚਾਹੀਦੀਆਂ ਹਨ ਤਾ ਕਿ ਬਚਿਆਂ ਨੂੰ ਚੰਗੀ ਐਜੂਕੇਸ਼ਨ ਮਿਲ ਸਕੇ । ਇਸ ਪਾਸੇ ਵਲ ਚੈਕਿੰਗ ਬਹੁਤ ਘੱਟ ਹੁੰਦੀ ਹੈ । ਅੱਜ ਦੋ ਡਿਮਾਂਡਜ਼ ਸਨ--ਇਕ ਐਜੂਕੇਸ਼ਨ ਦੀ ਅਤੇ ਦੂਸਰੀ ਐਕਸਾਈਜ਼ ਦੀ । ਮੈਂ ਵੇਖਿਆ ਕਿ ਐਕਸਾਈਜ਼ ਵਾਲੇ ਅਫਸਰ ਬੈਠੇ ਰਹੇ ਅਤੇ ਐਜੂਕੇਸ਼ਨ ਵਾਲਾ ਕੋਈ ਨਹੀਂ ਸੀ । ਨਾ ਡੀ. ਪੀ. ਆਈ. ਸੀ ਅਤੇ ਨਾ ਹੀ ਸੈਕਟਰੀ ਐਜੂਕੇਸ਼ਨ ਸੀ। ਚੰਨੀ ਸਾਹਿਬ ਨੇ ਜਦੋਂ ਪੁਆਇੰਟ ਰੇਜ਼ ਕੀਤਾ ਤਾਂ ਕੋਈ ਇਥੇ ਆਇਆ । ਮੈਂ ਕਹਿੰਦਾ ਹਾਂ ਕਿ ਇਥੇ ਹਾਊਸ ਵਿਚ ਐਮ. ਐਲ. ਏ. ਸਾਹਿਬਾਨ ਨੇ ਸੁਜੈਸ਼ਨਜ਼ ਦੇਣੀਆਂ ਹਨ ਅੱਰ ਬਿਊਰੋਕਰੇਸੀ ਨੇ ਸੋਧਾਂ ਕਰਨੀਆਂ ਹਨ ਪਰ ਉਨ੍ਹਾਂ ਵਿਚੋਂ ਜੇ ਹਾਊਸ ਵਿਚ ਕੋਈ ਨਾ ਬੈਠਾ ਹੋਵੇ, ਤਾਂ ਠੀਕ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਇਸ ਚੀਜ਼ ਦਾ ਨੋਟਿਸ ਲੈਣਾ ਚਾਹੀਦਾ ਹੈ ਕਿਉਂਕਿ ਜਿਨ੍ਹਾਂ ਨੇ ਪ੍ਰਬੰਧ ਕਰਨਾ ਹੈ ਅਗਰ ਉਹ ਹੀ ਸੀਰੀਅਸ ਨਾ ਹੋਣ ਐਮ. ਐਲ. ਏਜ਼ ਦੀਆਂ ਸੁਜੈਸ਼ਨਜ਼ ਲਈ ਤਾਂ ਹੋਰ ਕੌਣ ਹੋ ਸਕਦਾ ਹੈ ।

ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਵੇਲੇ ਮਾਡਲ ਸਕੂਲ ਖੋਲ੍ਹੇ ਗਏ ਸਨ, ਇਸ ਤਰ੍ਹਾਂ ਦੇ ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਵਿਚ ਸੈਂਕੜੇ ਨਹੀਂ ਹਜ਼ਾਰਾਂ ਸਕੂਲ ਪ੍ਰੋਫੈਸ਼ਨਲ ਤੌਰ ਤੇ ਚਲ ਰਹੇ ਹਨ। ਇਹ ਪੰਜਾਬ ਦੀ ਆਮ ਜਨਤਾ ਨਾਲ ਵਿਤਕਰਾ ਹੈ ਕਿਉਂਕਿ ਇਕ ਗਰੀਬ ਅਤੇ ਮਜ਼ਦੂਰ ਆਦਮੀ ਦਾ ਬੱਚਾ ਉਨ੍ਹਾਂ ਸਕੂਲਾਂ ਵਿਚ ਐਜੂਕੇਸ਼ਨ ਪ੍ਰਾਪਤ ਨਹੀਂ ਕਰ ਸਕਦਾ ਔਰ ਜਦੋਂ ਕੰਪੀਟੀਸ਼ਨ ਕਰਨਾ ਪੈਂਦਾ ਹੈ ਤਾਂ ਗਰੀਬ ਦਾ ਬੱਚਾ, ਖਾਸ ਤੌਰ ਤੇ ਹਰੀਜਨਾਂ ਦਾ ਬੱਚਾ ਜਾਂ ਖਾਸ ਕਰ ਕੇ ਜਿਹੜੇ ਇਕਨਾਮੀਕਲੀ ਪਛੜੇ ਹੋਏ ਹਨ, ਉਨ੍ਹਾਂ ਦੇ ਬੱਚੇ ਕੰਪੀਟ ਕਰ ਹੀ ਨਹੀਂ ਸਕਦੇ। ਕੁਝ ਹਰੀਜਨ ਅਫਸਰਾਂ ਦੇ ਬੱਚੇ ਮਾਡਲ ਸਕੂਲਾਂ ਵਿਚ ਪੜ੍ਹਦੇ ਹਨ ਪਰ ਜਿਹੜੇ 80% ਹਰੀਜਨਾਂ ਦੇ, ਗਰੀਬਾਂ ਦੇ ਬੱਚੇ ਹਨ ਉਹ ਇਨ੍ਹਾਂ ਸਕੂਲਾਂ ਵਿਚ ਨਹੀਂ ਪੜ੍ਹ ਸਕਦੇ। ਮੈਂ ਕਹਿੰਦਾ ਹਾਂ ਕਿ ਉਹ ਬੱਚੇ ਕਿਸ ਤਰ੍ਹਾਂ ਕੰਪੀਟ ਕਰਨਗੇ । ਇਹ ਜਿਹੜੇ ਸਕੂਲ ਖੋਲ੍ਹੇ ਹਨ ਇਹ ਡਿਸਪੈਰਿਟੀ ਪੈਦਾ ਕਰਦੇ ਹਨ ਔਰ ਇਹ ਡਿਸਪੈਰਿਟੀ ਦੂਰ ਕੀਤੀ ਜਾਵੇ ਕਿਉਂਕਿ ਗਰੀਬ ਔਰ ਅਮੀਰ ਦਾ ਜਿਹੜਾ ਪਾੜਾ ਹੈ ਉਹ ਅਗੇ ਨਾਲੋਂ ਵਧਦਾ ਜਾ ਰਿਹਾ ਹੈ। ਜਿਹੜੇ 15% ਅਮੀਰ ਲੋਕ ਹਨ ਉਹ ਪਨਪਦੇ ਜਾ ਰਹੇ ਹਨ ਔਰ ਜਿਹੜੇ ਗਰੀਬ ਹਨ ਉਹ ਸਰਵਿਸਿਜ਼ ਵਿਚ ਪਿਛੇ ਜਾ ਰਹੇ ਹਨ। ਜੋ ਕੁਝ ਬਿਊਰੋਕਰੇਸੀ ਚਾਹੁੰਦੀ ਹੈ ਉਸ ਤਰ੍ਹਾਂ ਹੁੰਦਾ ਜਾਂਦਾ ਹੈ । ਤੁਸੀਂ ਵੇਖ ਲਵੋ ਆਈ. ਏ. ਐਸ. ਦੇ ਧੀ ਪੁਤ ਹੀ ਆਈ. ਏ. ਐਸ. ਹੋਣਗੇ, ਇਸ ਤਰ੍ਹਾਂ ਪੀ. ਸੀ. ਐਸ. ਦੇ ਧੀ ਪੁੱਤ ਪੀ. ਸੀ. ਐਸ. ਹੋਣਗੇ। ਉਨ੍ਹਾਂ ਦੇ ਬੱਚੇ ਹੀ ਅਕੈਡਮੀਆਂ ਵਿਚ ਜਾ ਸਕਦੇ ਹਨ । ਜਿਸ ਲਈ ਗਰੀਬਾਂ ਦੇ ਬੱਚੇ ਟਾਟ ਤੇ ਬੈਠਣ ਵਾਲੇ ਉਨ੍ਹਾਂ ਅਕੈਡਮੀਆਂ ਵਿਚ ਪੜ੍ਹਨ ਵਾਲਿਆਂ ਨਾਲ ਕੰਪੀਟ ਨਹੀਂ ਕਰ ਸਕਦੇ । ਸਾਡੀ ਸਰਕਾਰ ਦੀ ਡਿਊਟੀ ਬਣਦੀ ਹੈ ਕਿ ਇਸ ਤਰ੍ਹਾਂ ਦੇ ਜਿਹੜੇ ਮਾਡਲ ਸਕੂਲ ਖੋਲ੍ਹੇ ਗਏ ਸਨ ਉਹ ਬੰਦ ਕਰਨੇ ਚਾਹੀਦੇ ਹਨ ਔਰ ਜਿਹੜੇ ਆਪਣੇ ਐਜੂਕੇਸ਼ਨਲ ਇੰਸਟੀਚਿਊਟ ਚਲ ਰਹੇ ਹਨ ਉਨ੍ਹਾਂ ਦਾ ਸਟੈਂਡਰਡ ਵਧਾਉਣਾ ਚਾਹੀਦਾ ਹੈ ਤਾਂ ਕਿ ਸਾਰੇ ਬੱਚੇ ਅਛੀ ਐਜੂਕੇਸ਼ਨ ਲੈ ਸਕਣ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ]

ਇਕ ਇਥੇ ਕਿਹਾ ਗਿਆ ਹੈ ਕਿ ਸੈਂਟ ਪਰ-ਸੈਂਟ 6 ਸਾਲ ਦੀ ਉਮਰ ਤੋਂ 11 ਸਾਲ ਦੀ ਉਮਰ ਤਕ ਦੇ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕੀਤਾ ਗਿਆ ਹੈ। ਮੈਂ ਦੱਸਦਾ ਹਾਂ ਕਿ ਇਹ ਦਾਖਲਾ ਰਜਿਸਟਰਾਂ ਵਿਚ ਜ਼ਰੂਰ ਦਿਤਾ ਹੈ ਪਰ ਅਸਲ ਵਿਚ ਉਹ ਬੱਚੇ ਸਕੂਲਾਂ ਵਿਚ ਨਹੀਂ ਜਾਂਦੇ। ਇਸ ਤਰ੍ਹਾਂ ਦੀਆਂ ਗਲਤ ਫਿਗਰਜ਼ ਦੇ ਕੇ ਬਿਊਰੋਕਰੇਸੀ ਗੁਮਰਾਹ ਕਰ ਰਹੀ ਹੈ ਕਿਉਂਕਿ ਟੀਚਰਜ਼ ਘਰੇ ਬੈਠੇ ਇਹ ਰਜਿਸਟਰ ਤਿਆਰ ਕਰ ਦਿੰਦੇ ਹਨ। ਜੇਕਰ ਇਸ ਤਰ੍ਹਾਂ ਦਾ ਹਿੰਦੁਸਤਾਨ ਜਾਂ ਪੰਜਾਬ ਬਣਾਉਣਾ ਹੈ ਅੌਰ ਜੇਕਰ ਇਸ ਤਰ੍ਹਾਂ ਦੀ ਐਜੂਕੇਸ਼ਨ ਦੇਣੀ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਦੇਖੋਗੇ ਕਿ ਸਾਡੇ ਅਨਪੜ੍ਹਤਾ ਵੱਧ ਗਈ ਹੈ। ਇਹ ਜਿਹੜੀ ਡਿਸਪੈਰੈਟੀ ਹੈ ਇਹ ਦੂਰ ਹੋਣੀ ਚਾਹੀਦੀ ਹੈ। ਸਾਡੇ 20 ਨੁਕਾਤੀ ਪ੍ਰੋਗਰਾਮ ਵਿਚ ਕਿਹਾ ਗਿਆ ਹੈ ਕਿ ਸਮਾਨਤਾ ਲਿਆਉਣੀ ਹੈ, ਪਰ ਅਫਸੋਸ ਦੀ ਗਲ ਹੈ ਕਿ ਚਾਹੇ ਕੋਈ ਕਮਿਊਨਿਸਟ ਪਾਰਟੀ ਦਾ ਹੈ ਚਾਹੇ ਕੋਈ ਕਾਂਗਰਸ ਪਾਰਟੀ ਦਾ ਹੈ, ਇਥੇ ਸਮਾਨਤਾ ਦੀਆਂ ਗਲਾਂ ਕਰਦਾ ਹੈ ਪਰ ਬੱਚੇ ਉਨ੍ਹਾਂ ਦੇ ਕਿਸੇ ਦੇ ਮਨਸੂਰੀ ਪੜ੍ਹਦੇ ਹਨ, ਕਿਸੇ ਦੇ ਸ਼ਿਮਲੇ ਅਤੇ ਕਿਸੇ ਦੇ ਦੇਹਰਾਦੂਨ ਪੜ੍ਹਦੇ ਹਨ। ਇਥੇ ਲੈਕਚਰ ਕੁਝ ਹੋਰ ਦਿਤੇ ਜਾਂਦੇ ਹਨ। ਇਸ ਤਰ੍ਹਾਂ ਸਮਾਨਤਾ ਨਹੀਂ ਆ ਸਕਣੀ। ਚੇਅਰਮੈਨ ਸਾਹਿਬ, ਅਜਨਾਲਾ ਸਾਹਿਬ ਨੇ ਜਿਹੜਾ ਵੋਕੇਸ਼ਨਲ ਸਿਸਟਮ ਚਾਲੂ ਕੀਤਾ ਹੈ ਇਸ ਸਾਲ 100 ਹੋਰ ਸਕੂਲਾਂ ਵਿਚ ਲਾਗੂ ਕਰਨਾ ਹੈ। ਸਾਡਾ ਐਜੂਕੇਸ਼ਨ ਦਾ ਸਿਸਟਮ ਜਾਬ ਓਰੀਐਂਟਿਡ ਹੋਣਾ ਚਾਹੀਦਾ ਹੈ। ਅੱਜ ਜਿਹੜੇ ਬੱਚੇ ਮੈਟ੍ਰਿਕ ਪਾਸ ਕਰ ਜਾਂਦੇ ਹਨ ਉਹ ਕਲਰਕੀ ਤਕ ਹੀ ਸੀਮਿਤ ਹਨ ਅੌਰ ਸਾਡਾ ਕੋਈ ਸਟੈਂਡਰਡ ਨਹੀਂ ਹੈ। ਜੇ ਟੈਕਨੀਕਲ ਐਜੂਕੇਸ਼ਨ ਦੇਈਏ, ਚਾਹੇ ਸਮਾਲ ਇੰਡਸਟਰੀ ਦੀ ਹੋਵੇ ਚਾਹੇ ਕੋਈ ਹੋਰ ਹੋਵੇ ਤਾਂ ਦਸਵੀਂ ਤੋਂ ਬਾਅਦ ਉਨ੍ਹਾਂ ਨੂੰ ਕੋਈ ਸਰਵਿਸ ਵੱਲ ਨਹੀਂ ਦੌੜਨਾ ਪਏਗਾ, ਉਹ ਆਪਣਾ ਕੰਮ ਕਰ ਸਕਦੇ ਹਨ। ਅਜਨਾਲਾ ਸਾਹਿਬ ਨੇ ਜਿਹੜਾ ਹੈਂਡੀਕੈਪਸ ਬਾਰੇ ਸਟੈਪ ਲਿਆ ਹੈ ਇਹ ਸ਼ਲਾਘਾਯੋਗ ਹੈ।

ਇਕ ਇਨ੍ਹਾਂ ਨੇ ਪਰਮੋਸ਼ਨ ਦਾ ਜਿਹੜਾ ਸਟੈਪ ਲਿਆ ਹੈ, ਇਹ ਵੀ ਸ਼ਲਾਘਾ ਯੋਗ ਹੈ। ਇਨ੍ਹਾਂ ਨੇ 1,500 ਸੈਂਟਰ ਹੈਡ ਟੀਚਰਜ਼ ਅਤੇ 8,500 ਹੈਡ ਟੀਚਰਜ਼ ਪਰਮੋਟ ਕੀਤੇ ਹਨ। ਉਨ੍ਹਾਂ ਦੀ ਪਰਮੋਸ਼ਨ ਦਾ ਇਕ ਨਵਾਂ ਰਸਤਾ ਕਢਿਆ ਹੈ, ਇਹ ਬੜੀ ਅੱਛੀ ਗਲ ਕੀਤੀ ਹੈ। ਦੂਸਰੇ ਜਿਹੜੇ ਐਡਹਾਕ ਬੇਸਿਜ਼ ਤੇ ਕੁਝ ਟੀਚਰਜ਼ ਲਗੇ ਹੋਏ ਹਨ ਉਨ੍ਹਾਂ ਨੂੰ ਪੱਕਾ ਕੀਤਾ ਜਾਣਾ ਚਾਹੀਦਾ ਹੈ। ਬਹੁਤ ਸਾਰੇ ਸਕੂਲਾਂ ਵਿਚ ਟੀਚਰਜ਼ ਹੀ ਨਹੀਂ ਹਨ। ਮੈਂ ਕਹਿੰਦਾ ਹਾਂ ਕਿ ਮੇਰੀ ਕੰਸਟੀਚਿਊਐਂਸੀ ਵਿਚ ਵੀ ਕਈ ਪਿੰਡ ਹਨ ਜਿਥੇ ਟੀਚਰਜ਼ ਹੀ ਨਹੀਂ। ਜਦੋਂ ਟੀਚਰਜ਼ ਅਵੇਲੇਬਲ ਹਨ ਉਨ੍ਹਾਂ ਨੂੰ ਕਿਉਂ ਨਹੀਂ ਅੈਪੁਆਇੰਟ ਕੀਤਾ ਜਾਂਦਾ। ਐਜੂਕੇਸ਼ਨ ਦੇ ਮਹਿਕਮੇਂ ਵਿਚ ਰੀਜਰਵੇਸ਼ਨ ਪੂਰੀ ਨਹੀਂ ਕੀਤੀ ਜਾਂਦੀ ਅੌਰ ਨਾ ਹੀ ਰਿਜ਼ਰਵੇਸ਼ਨ ਪਾਲਿਸੀ ਨੂੰ ਇੰਪਲੀਮੈਂਟ ਕਰਨ ਲਈ ਕੋਈ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਐਜੂਕੇਸ਼ਨ ਬੋਰਡ ਵਿਚ ਕੋਈ ਰਿਜ਼ਰਵੇਸ਼ਨ ਦਾ ਧਿਆਨ ਨਹੀਂ ਰਖਿਆ ਗਿਆ ਅੌਰ ਨਾ ਹੀ ਬੈਕਵਰਡ ਕਲਾਸਿਜ਼ ਨੂੰ ਕੋਈ ਨੁਮਾਇੰਦਗੀ ਦਿਤੀ ਜਾਂਦੀ ਹੈ। ਮੈਂ ਕਹਿੰਦਾ ਹਾਂ ਕਿ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਲਈ ਜੇ. ਬੀ. ਟੀ. ਅਤੇ ਬੀ. ਐਡ. ਟੀਚਰਜ਼ ਟਰੇਨਿੰਗ ਲਈ ਸਪੈਸ਼ਲ ਸੈਂਟਰ ਖੋਲ੍ਹ ਕੇ ਟਰੇਨਿੰਗ ਦਿਤੀ ਜਾਏ ਅਤੇ ਪਿਛਲਾ ਬੈਕਲਾਗ ਪੂਰਾ ਕੀਤਾ ਜਾਵੇ।

ਇਥੇ ਕਾਮਰੇਡ ਕੁਲਵੰਤ ਸਿੰਘ ਹੋਰਾਂ ਨੇ ਕਿਹਾ ਸੀ ਕਿ ਐਕਸਾਈਜ਼ ਦੇ ਠੇਕੇ ਜਿਸ ਵੇਲੇ ਨਿਲਾਮ ਹੁੰਦੇ ਹਨ ਤਾਂ ਠੇਕੇਦਾਰ ਨੋਟਾਂ ਦੇ ਅਟੈਚੀਕੇਸ ਭਰ ਕੇ ਲਿਆਉਂਦੇ ਹਨ। ਮੈਂ ਇਨ੍ਹਾਂ ਦੀ ਇਨਫਰਮੇਸ਼ਨ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਆਕਸ਼ਨ ਹੁੰਦੀ ਹੈ ਉਸ ਦੀ ਬਿਡ ਦੇਣ ਦੇ ਬਾਅਦ ਉਨ੍ਹਾਂ ਨੂੰ ਰਿਟਰਨ ਭਰਨੀ ਪੈਂਦੀ ਹੈ। ਉਹ ਬਲੈਕ ਮਨੀ ਨਹੀਂ ਹੁੰਦੀ। ਇਹ ਠੀਕ ਹੈ ਕਿ ਅੈਂਟਰਟੇਨਮੈਂਟ ਟੈਕਸ ਅਤੇ ਪਸੰਜਰ ਟੈਕਸ ਦੀ ਚੋਰੀ ਹੁੰਦੀ ਹੈ। ਇਸ ਵਾਸਤੇ ਹੀ ਟੈਕਸ

Original with;
Punjab Vidhan Sabha
Digitized by;
Panjab Digital Library

ਲਾਏ ਜਾਂਦੇ ਹਨ। ਸਾਡੀ ਸਟਕਾਰ ਇਸ ਪਾਸੇ ਵਲ ਸਖਤੀ ਨਾਲ ਕਦਮ ਚੁਕੇ ਤਾਂ ਹੀ ਇਨ੍ਹਾਂ ਟੈਕਸਾਂ ਦੀ ਚੋਰੀ ਨੂੰ ਰੋਕਿਆ ਜਾ ਸਕਦਾ ਹੈ। ਇਤਨਾ ਕੁਝ ਕਹਿੰਦਾ ਹੋਇਆ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਬੜਾ ਧੰਨਵਾਦੀ ਹਾਂ।

ਵਿਦਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜਨਾਲਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਵੀ ਹਾਂ ਅਤੇ ਮੈਨੂੰ ਫਖਰ ਵੀ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਥਲੇ ਐਜੂਕੇਸ਼ਨ ਦੀਆਂ ਡਿਮਾਂਡਜ਼ ਸਾਲ 1982-83 ਲਈ ਜਿਹੜੀਆਂ ਡਿਸਕਸ ਹੋ ਰਹੀਆਂ ਹਨ ਉਨ੍ਹਾਂ ਦਾ ਜਵਾਬ ਦੇਣ ਦਾ ਮੈਨੂੰ ਮੌਕਾ ਮਿਲਿਆ ਹੈ। ਮੈਂ ਗੌਰਵ ਨਾਲ ਦਸਣਾ ਚਾਹੁੰਦਾ ਹਾਂ, ਚੇਅਰਮੈਨ ਸਾਹਿਬ, ਕਿ ਐਜੂਕੇਸ਼ਨ ਦੀ ਮਹੱਤਤਾ ਨੂੰ ਸਮਝਦੇ ਹੋਏ, ਜਿਸ ਦੀ ਇੰਪੋਰਟੈਂਸ ਦਾ ਖਿਆਲ ਕਰਦੇ ਹੋਏ, ਪੰਜਾਬ ਦੇ ਟੋਟਲ ਬਜਟ ਦਾ 23% ਐਜੂਕੇਸ਼ਨ ਦੀ ਮੱਦ ਲਈ ਰੱਖਿਆ ਹੈ (ਥੰਪਿੰਗ) ਇਹ ਕੋਈ ਛੋਟੀ ਗਲ ਨਹੀਂ ਹੈ। ਸਾਡੇ ਕੋਲ ਹਰਿਆਣੇ ਦੀਆਂ ਫਿਗਰਜ਼ ਇਸ ਵੇਲੇ ਅਵੇਲੇਬਲ ਹਨ। ਜਿਹੜੇ ਸਤਿਕਾਰਯੋਗ ਮੈਂਬਰ ਸਾਹਮਣੇ ਬੈਠੇ ਹਨ ਮੈਂ ਉਨ੍ਹਾਂ ਦੇ ਧਿਆਨ ਵਿਚ ਇਹ ਗਲ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨਾਲੋਂ ਐਜੂਕੇਸ਼ਨ ਦੀ ਮੱਦ ਤੇ ਐਲੋਕੇਸ਼ਨ ਸਾਡੀ 5% ਜ਼ਿਆਦਾ ਹੈ। ਇਸ ਗਲ ਦੀ ਮੈਨੂੰ ਬਹੁਤ ਖੁਸ਼ੀ ਹੈ ਕਿ ਐਜੂਕੇਸ਼ਨ ਦੇ ਮਹਿਕਮੇ ਲਈ ਅੰਡੀਕੁਏਟ ਐਲੋਕੇਸ਼ਨ ਫੰਡਜ਼ ਦੀ ਕਿਤੇ ਨਾ ਕਮੀ ਹੈ। ਪਰ ਚੇਅਰਮੈਨ ਸਾਹਿਬ, ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੀ ਸਾਡੇ ਸਾਹਮਣੇ ਅਕਾਲੀ ਪਾਰਟੀ ਬੈਠੀ ਹੋਈ ਹੈ, ਜਦੋਂ ਵੀ ਇਨ੍ਹਾਂ ਨੂੰ ਮੌਕਾ ਮਿਲਿਆ ਰਾਜ ਕਰਨ ਦਾ, ਇਨ੍ਹਾਂ ਦੇ ਚਾਰ ਐਜੂਕੇਸ਼ਨ ਦੇ ਮੰਤਰੀ ਰਹੇ ਹਨ। ਤੁਸੀਂ ਇਨ੍ਹਾਂ ਦਾ ਐਜੂਕੇਸ਼ਨ ਵਿੱਚ ਇੰਟਰਸਟ ਵੇਖ ਲਓ ਕਿ ਚਾਰ ਸਾਬਕਾ ਐਜੂਕੇਸ਼ਨ ਮੰਤਰੀਆਂ ਵਿਚੋਂ ਇਕ ਵੀ ਇਥੇ ਮੌਜੂਦ ਨਹੀਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ, ਬਰਨਾਲਾ ਜੀ, ਢੀਂਡਸਾ ਸਾਹਿਬ ਅਤੇ ਸੁਖਜਿੰਦਰ ਸਿੰਘ ਜੀ ਐਜੂਕੇਸ਼ਨ ਮਨਿਸਟਰ ਰਹੇ ਹਨ, ਪਰ ਉਨ੍ਹਾਂ ਚਾਰਾਂ ਵਿਚੋਂ ਕੋਈ ਵੀ ਇਥੇ ਮੌਜੂਦ ਨਹੀਂ ਹੈ। ਇਹ ਇਨ੍ਹਾਂ ਦਾ ਇੰਟਰਸਟ ਐਜੂਕੇਸ਼ਨ ਵਿਚ ਜ਼ਾਹਰ ਕਰਦਾ ਹੈ। ਜਦੋਂ ਇਨ੍ਹਾਂ ਨੂੰ ਰਾਜ ਭਾਗ ਦਾ ਮੌਕਾ ਮਿਲਿਆ ਸੀ ਉਦੋਂ ਐਜੂਕੇਸ਼ਨ ਦੇ ਬੜਾਵੇ ਲਈ ਕਿਤਨਾ ਇੰਟਰਸਟ ਇਨ੍ਹਾਂ ਨੇ ਲਿਆ ਹੋਵੇਗਾ ? ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇੱਕ ਗਲ ਦਾ ਮਾਣ ਹੈ ਕਿ ਇਨ੍ਹਾਂ ਨੇ ਆਪਣੇ ਪੌਣੇ ਤਿਨ ਸਾਲਾਂ ਦੇ ਰਾਜ ਵਿੱਚ ਛੇ ਆਦਰਸ਼ ਸਕੂਲ ਖੋਲ੍ਹੇ, ਜਿਨ੍ਹਾਂ ਦੀ ਐਡਮਿਸ਼ਨ 40-50 ਬੱਚੇ ਫੀ ਕਲਾਸ ਦੇ ਹਿਸਾਬ ਨਾਲ 250 ਬਣਦੀ ਸੀ। ਜਿਸ ਪੰਜਾਬ ਵਿਚ ਬੱਚਿਆਂ ਦੀ ਗਿਣਤੀ ਲੱਖਾਂ ਦੀ ਤਾਦਾਦ ਵਿਚ ਹੋਵੇ, ਉਥੇ ਛੇ ਆਦਰਸ਼ ਸਕੂਲ ਖੋਲ੍ਹ ਕੇ ਮੁਤੇ 250 ਬੱਚਿਆਂ ਨੂੰ ਐਡਮਿਸ਼ਨ ਦੇ ਕੇ ਇਹ ਗੌਰਵ ਪ੍ਰਾਪਤ ਕਰਨ ਅਸੀਂ ਐਜੂਕੇਸ਼ਨ ਦੇ ਸਿਲਸਿਲੇ ਵਿੱਚ ਬਹੁਤ ਕੁਝ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਜ਼ਰੂਰ ਇਸ ਬਾਰੇ ਸੋਚਣਾ ਚਾਹੀਦਾ ਹੈ। ਕਥਨੀ ਅੌਰ ਕਰਨੀ ਵਿਚ ਫਰਕ ਨਹੀਂ ਹੋਣਾ ਚਾਹੀਦਾ। ਜਿਸ ਵੇਲੇ ਸਰਦਾਰ ਦਰਬਾਰਾ ਸਿੰਘ ਨੇ ਟੇਕ-ਓਵਰ ਕੀਤਾ ਤਾਂ ਅਸੀਂ ਮਹਿਸੂਸ ਕੀਤਾ ਕਿ ਜਿਹੜੀ ਆਦਰਸ਼ ਸਕੂਲਾਂ ਦੀ ਐਜੂਕੇਸ਼ਨ ਹੈ ਉਹ ਸਧਾਰਣ ਵਿਅਕਤੀਆਂ ਦੇ ਬੱਚਿਆਂ ਨੂੰ ਅਸੀਂ ਨਹੀਂ ਦੇ ਸਕਦੇ। ਇਥੇ ਕੇਵਲ ਅਮੀਰਾਂ ਦੇ ਬੱਚੇ ਹੀ ਪੜ੍ਹ ਸਕਦੇ ਹਨ। ਸਾਹਿਆਂ ਨਾਲੋਂ ਚੰਗਾ ਕਦਮ ਇਹ ਚੁਕਿਆ ਗਿਆ ਕਿ ਅਸੀਂ ਕੁਆਲੀਟੇਟਿਵ ਇੰਪਰੂਵਮੈਂਟ ਸਾਰੇ ਸਕੂਲਾਂ ਵਿਚ ਕਰੀਏ। ਨਾਂ ਕਿ ਸਿਰਫ ਇਨ੍ਹਾਂ 6 ਸਕੂਲਾਂ ਵਿੱਚ ਹੀ ਆਪਣੇ ਸਾਰੇ ਜ਼ਰਾਏ ਅਤੇ ਰਿਸੋਰਸਿਜ਼ ਲਾ ਦੇਈਏ। ਅਸੀਂ ਬਕਾਇਦਾ ਪਲਾਨ ਬਣਾ ਕੇ ਕੁਆਲੀਟੇਟਿਵ ਇੰਪਰੂਵਮੈਂਟ ਦੀ ਐਕਸਪੈਨਸ਼ਨ ਇਨ੍ਹਾਂ ਸਾਲਾਂ ਵਿਚ ਸਕੂਲਾਂ ਦੀ ਕੀਤੀ ਹੈ। ਇਸ ਤੋਂ ਪਹਿਲਾਂ ਐਜੂਕੇਸ਼ਨ ਪਰਪਜ਼ਫੁੱਲ ਨਹੀਂ ਸੀ। ਮੈਨੂੰ ਚੇਅਰਮੈਨ ਸਾਹਿਬ, ਅਫਸੋਸ ਨਾਲ ਦੱਸਣਾ ਪੈਂਦਾ ਹੈ ਕਿ 1972 ਤੋਂ 1977 ਤਕ ਇਹ ਮਹਿਸੂਸ ਕਰ ਲਿਆ ਗਿਆ ਕਿ ਜਿਤਨੀ ਦੇਰ ਐਜੂਕੇਸ਼ਨ ਵੋਕੇਸ਼ਨੇਲਾਈਜ਼ ਨਹੀਂ ਹੁੰਦੀ, ਜਾਬ ਓਰਿਐਂਟਿਡ ਨਹੀਂ ਬਣਦੀ, ਇਹ ਪਰਪਜ਼ਫੁੱਲ ਨਹੀਂ ਬਣਦੀ, ਤਦ ਤਕ ਐਜੂਕੇਸ਼ਨ ਦਾ ਪੂਰਾ ਮੰਤਵ ਹੱਲ ਨਹੀਂ ਹੋ ਸਕਦਾ। ਵੋਕੇਸ਼ਨੇਲਾਈਜ਼ ਕਰਨ ਦੀ ਸਕੀਮ ਬਣਾਈ ਗਈ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਲੇਕਿਨ ਅਫ਼ਸੋਸ ਦੀ ਗਲ ਹੈ ਕਿ ਜਿਸ ਵੇਲੇ ਇਨ੍ਹਾਂ ਨੇ ਰਾਜ ਭਾਗ ਸੰਭਾਲਿਆ ਇਹ ਸਕੀਮ ਆਲਟੂ-ਗੈਦਰ ਬੰਦ ਕਰ ਦਿੱਤੀ ਗਈ। ਪੌਣੇ ਤਿੰਨ ਸਾਲਾਂ ਵਿਚ ਇਹ ਦੱਸਣ ਅਗਰ ਕੋਈ ਇਕ ਸਕੂਲ ਵੀ ਇਨ੍ਹਾਂ ਨੇ ਵੋਕੇਸ਼ਨੇਲਾਈਜ਼ ਕੀਤਾ ਹੋਵੇ। ਫੈਕਟਸ ਐਂਡ ਫਿਗਰਜ਼ ਗਵਾਹ ਹਨ। ਜਿਸ ਵੇਲੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਚਾਰਜ ਸੰਭਾਲਿਆ ਤਾਂ ਇਸ ਨੇ ਮਹਿਸੂਸ ਕੀਤਾ ਕਿ ਬੱਚਿਆਂ ਦੇ ਜੀਵਨ ਵਿੱਚ ਇਕ ਸਟੇਜ ਜ਼ਰੂਰ ਐਸੀ ਆਉਂਦੀ ਹੈ ਜਿਸ ਵੇਲੇ ਉਸ ਨੂੰ ਅਤੇ ਉਸ ਦੇ ਮਾਂ ਬਾਪ ਨੂੰ ਇਹ ਫੈਸਲਾ ਕਰਨਾ ਪੈਂਦਾ ਹੈ ਕਿ ਉਸ ਨੇ ਯੂਨੀਵਰਸਿਟੀ ਦੀ ਐਜੂਕੇਸ਼ਨ ਲੈਣੀ ਹੈ ਜਾਂ ਦਸਤਕਾਰੀ ਦੀ ਐਜੂਕੇਸ਼ਨ ਲੈਣੀ ਹੈ। ਇਹ ਸਿਸਟਮ ਆਲ ਓਵਰ ਦੀ ਵਰਲਡ ਮੌਜੂਦ ਹੈ। ਮੈਨੂੰ 1961-62 ਵਿੱਚ ਵਲਾਇਤ ਜਾਣ ਦਾ ਮੌਕਾ ਮਿਲਿਆ। ਉਥੇ ਮੈਂ ਵੇਖਿਆ ਕਿ ਇਕ 11 ਪਲੱਸ ਦਾ ਇਮਤਿਹਾਨ ਹੁੰਦਾ ਹੈ। 11 ਸਾਲ ਦਾ ਬੱਚਾ ਉਸ ਐਗਜ਼ਾਮ ਵਿੱਚ ਬੈਠਦਾ ਹੈ। ਉਹ ਐਗਜ਼ਾਮ ਨਿਰਣਾ ਕਰ ਦਿੰਦਾ ਹੈ ਕਿ ਇਸ ਬੱਚੇ ਨੇ ਗਰਮਰ ਸਕੂਲ ਵਿਚ ਜਾਣਾ ਹੈ ਜਾਂ ਵੋਕੇਸ਼ਨਲ ਸਕੂਲ ਵਿੱਚ ਜਾਣਾ ਹੈ। ਇਨ੍ਹਾਂ ਦੇ ਵੇਲੇ ਇਸ ਗਲ ਵੱਲ ਬਿਲਕੁਲ ਧਿਆਨ ਨਹੀਂ ਦਿਤਾ ਗਿਆ ਲੇਕਿਨ ਜਿਸ ਵੇਲੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਟੇਕ-ਓਵਰ ਕੀਤਾ ਤਾਂ ਅਸੀਂ ਇਹ ਫੈਸਲਾ ਕਰ ਲਿਆ ਕਿ ਜਿਤਨੇ ਹਾਈ ਸਕੂਲ ਹਨ, ਉਨ੍ਹਾਂ ਸਾਰਿਆਂ ਨੂੰ ਬਕਾਇਦਾ ਫੇਜ਼ਡ ਪ੍ਰੋਗਰਾਮ ਦੇ ਨਾਲ ਵੋਕੇਸ਼ਨੇਲਾਈਜ਼ ਕੀਤਾ ਜਾਵੇ ਤਾ ਕਿ ਜਿਹੜੇ ਬੱਚੇ ਨੌਵੀਂ ਜਾਂ ਦਸਵੀਂ ਵਿਚ ਪੜ੍ਹਦੇ ਹਨ, ਉਨ੍ਹਾਂ ਦੀ ਕਾਬਲੀਅਤ ਡਿਟਰਮਿਨ ਕੀਤੀ ਜਾ ਸਕੇ। ਉਨ੍ਹਾਂ ਦੇ ਮਾਂ ਬਾਪ ਇਹ ਦੇਖ ਸਕਦੇ ਹਨ ਕਿ ਸਾਡਾ ਬੱਚਾ ਕਿਸ ਕਾਬਲੀਅਤ ਦਾ ਮਾਲਕ ਹੈ। ਅਸੀਂ 1980-81 ਵਿੱਚ 100 ਸਕੂਲ ਵੋਕੇਸ਼ਨੇਲਾਈਜ਼ ਕੀਤੇ ਸਨ। 1981-82 ਵਿਚ ਫਿਰ 100 ਸਕੂਲ ਵੋਕੇਸ਼ਨੇਲਾਈਜ਼ੇਸ਼ਨ ਲਈ ਰੱਖੇ ਹਨ। ਇਥੇ ਫਾਈਨਾਂਸ ਮਨਿਸਟਰ ਸਾਹਿਬ ਬੈਠੇ ਹਨ। ਬਹੁਤ ਜਲਦੀ ਅਸੀਂ 100 ਸਕੂਲ ਵੋਕੇ-ਸ਼ਨੇਲਾਈਜ਼ ਕਰ ਲੈਣੇ ਹਨ। ਉਨ੍ਹਾਂ ਦੇ ਵਿਚ 3 ਟਰੇਡਜ਼ ਦਿਤੀਆਂ ਹਨ। ਇਨ੍ਹਾਂ ਵਿਚ ਦਸਤਕਾਰੀ ਦੀ ਤਾਲੀਮ ਬੱਚੇ ਪਾਉਂਦੇ ਹਨ। ਹਾਲਾਂ ਕਿ ਅਗਲੇ ਸਾਲ ਦੇ ਬਜਟ ਵਿਚ ਇਸ ਵਲ ਕੋਈ ਇੰਡੀਕੇਸ਼ਨ ਨਹੀਂ ਕਿ ਵੋਕੇਸ਼ਨੇਲਾਈਜ਼ੇਸ਼ਨ 1982-83 ਵਿੱਚ ਹੋਵੇਗੀ ਜਾਂ ਨਹੀਂ, ਪਰ ਮੈਂ ਸਮਝਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬਾ ਦੇ 20 ਨੁਕਾਤੀ ਪ੍ਰੋਗਰਾਮ ਵਿਚ ਸਭ ਨਾਲੋਂ ਜ਼ਿਆਦਾ ਜ਼ੋਰ ਜਾਂ ਥਰਸਟ ਇਸ ਗਲ ਵੱਲ ਹੈ ਕਿ ਜਿਤਨੀ ਦੇਰ ਐਜੂਕੇਸ਼ਨ ਜਾਬ-ਓਰੀਐਂਟਿਡ ਨਹੀਂ ਬਣਦੀ, ਇਹ ਪਰਪਜ਼ਫੁਲ ਨਹੀਂ ਹੋ ਸਕਦੀ। ਇਸ ਲਈ ਮੈਨੂੰ ਆਸ ਹੈ ਕਿ ਜਦੋਂ ਫਾਈਨਾਂਸ ਮਨਿਸਟਰ ਸਾਹਿਬ ਐਪਰੋਪ੍ਰੀਏਸ਼ਨ ਬਿਲ ਤੇ ਜਵਾਬ ਦੇਣਗੇ ਤਾਂ ਇਸ ਬਾਰੇ ਕਹਿਣਗੇ। ਇਨ੍ਹਾਂ ਮੰਗਾਂ ਤੇ ਬੋਲਦਿਆਂ ਹੋਇਆਂ ਭਾਵੇਂ ਇਸ ਪਾਸੇ ਦੇ ਮੈਂਬਰ ਸਨ ਜਾਂ ਦੂਜੇ ਪਾਸੇ ਦੇ, ਸਭ ਨੇ ਕਿਹਾ ਹੈ ਕਿ ਵੋਕੇਸ਼ਨੇਲਾਈਜ਼ੇਸ਼ਨ ਇਨਾਂ ਐਜੂਕੇਸ਼ਨ ਪਰਪਜ਼ਫੁਲ ਨਹੀਂ ਬਣ ਸਕਦੀ। ਡਾਕਟਰ ਸਾਹਿਬ ਪਿਛਲਾ ਟੈਂਪੋ ਮੈਨੂੰ ਆਸ ਹੈ ਕਿ ਜੋ ਫੇਜ਼ਡ ਪ੍ਰੋਗਰਾਮ ਅਸੀਂ ਉਲੀਕਿਆ ਹੈ ਉਸ ਦੀ ਪੂਰਤੀ ਲਈ 100 ਸਕੂਲਾਂ ਦੀ ਵੋਕੇਸ਼ਨੇਲਾਈਜ਼ੇਸ਼ਨ ਲਈ ਫੰਡਜ਼ ਰੱਖਣਗੇ ਤਾਂ ਕਿ ਇਸ ਸਾਲ ਦਾ ਨੀਚਾ ਅਸੀਂ ਪੂਰਾ ਕਰ ਸਕੀਏ ਔਰ ਅਸੀਂ ਵੋਕੇਸ਼ਨੇਲਾਈਜ਼ੇਸ਼ਨ ਨੂੰ ਠੀਕ ਤਰੀਕੇ ਨਾਲ ਅੱਗੇ ਵਧਾ ਸਕੀਏ।

ਚੇਅਰਮੈਨ ਸਾਹਿਬ, ਇਹ ਮਹਿਸੂਸ ਕੀਤਾ ਗਿਆ ਕਿ ਸਾਡੇ ਬੱਚੇ ਜਿਹੜੇ ਕਾਲਜਾਂ ਵਿਚ ਪੜ੍ਹਦੇ ਹਨ ਉਨ੍ਹਾਂ ਦੀ ਆਲ ਇੰਡੀਆ ਕੰਪੀਟੀਸ਼ਨਾਂ ਵਿਚ ਰੀਪਰੀਜ਼ੈਂਟੇਸ਼ਨ ਪੂਰੀ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜਿਤਨਾ ਚਿਰ ਤਕ ਆਲ ਇੰਡੀਆ ਸਰਵਿਸਿਜ਼ ਵਿਚ ਸਾਡੀ ਰੀਪਰੀਜ਼ੈਂਟੇਸ਼ਨ ਪੂਰੀ ਨਾ ਹੋਵੇ ਸਾਡੇ ਸਮਾਜ ਦੀ ਬੈਲੰਸਡ ਤਰੱਕੀ ਨਹੀਂ ਹੋ ਸਕਦੀ। ਚੁਨਾਂਚਿ ਇਸ ਦਾ ਹੱਲ ਲੱਭਣ ਲਈ ਬੜੀ ਅੱਛੀ ਸਕੀਮ ਬਣਾਈ ਗਈ ਔਰ ਚਾਲੂ ਕੀਤੀ ਗਈ। ਦੂਲੋ ਸਾਹਿਬ ਬੈਠੇ ਹਨ ਔਰ ਉਨ੍ਹਾਂ ਨੇ ਕਿਹਾ ਹੈ ਕਿ ਬੱਚਿਆਂ ਨੂੰ ਅੱਛੇ ਸਾਧਨ ਨਹੀਂ ਮਿਲਦੇ। ਮੈਂ ਇਹ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਕਿ ਉਸ ਸਕੀਮ

Original with;
Punjab Vidhan Sabha
Digitized by;
Panjab Digital Library

ਦੇ ਬੱਲੇ ਕਿਸੇ ਵੀ ਮਜ਼ਹਬ ਦਾ, ਕਿਸੇ ਵੀ ਕਾਲਜ ਦਾ, ਕਿਸੇ ਵੀ ਸੁਸਾਇਟੀ ਦਾ ਬੱਚਾ ਹੋਵੇ ਉਸ ਨੂੰ ਟ੍ਰੇਨਿੰਗ ਦਿਤੀ ਜਾਂਦੀ ਹੈ। ਉਹ ਕਾਲਜ ਟ੍ਰੇਨਿੰਗ ਦੇ ਇਹ ਹਨ:--

1. ਗੌਰਮਿੰਟ ਕਾਲਜ, ਹੁਸ਼ਿਆਰਪੁਰ ।
2. ਮਹਿੰਦਰਾ ਕਾਲਜ, ਪਟਿਆਲਾ ।
3. ਗੌਰਮਿੰਟ ਕਾਲਿਜ ਫਾਰ ਵੋਮੈਨ, ਅੰਮ੍ਰਿਤਸਰ, ਅੌਰ

ਚੌਥਾ ਲੁਧਿਆਣੇ ਦਾ ਕਾਲਜ ਹੈ। ਇਨਾਂ ਚਾਰਾਂ ਕਾਲਜਾਂ ਵਿਚ ਬੱਚਿਆਂ ਨੂੰ ਗਾਈਡੈਂਸ ਦਿੱਤੀ ਜਾਂਦੀ ਹੈ, ਉਨ੍ਹਾਂ ਨੂੰ ਕੰਪੀਟੀਸ਼ਨਾਂ ਲਈ ਤਿਆਰ ਕੀਤਾ ਜਾਂਦਾ ਹੈ, ਉਥੇ ਕੈਰੀਅਰ ਕੋਰਸਿਜ਼ ਪੜ੍ਹਾਏ ਜਾਂਦੇ ਹਨ ਆਈ. ਏ. ਐਸ., ਆਈ. ਐਮ. ਏ., ਬਿਜ਼ਨੈਸ, ਐਡਮਨਿਸਟਰੇਸ਼ਨ ਵਰਗੇ ਕੰਪੀਟੀਸ਼ਨਾਂ ਲਈ ਜਾਂ ਹੋਰ ਜਿਹੜੇ ਕੋਰਸਿਜ਼ ਸਮਝੇ ਜਾਂਦੇ ਹਨ ਕਿ ਬੱਚਿਆਂ ਦੇ ਕੈਰੀਅਰ ਨੂੰ ਅੱਛਾ ਬਣਾ ਸਕਦੇ ਹਨ, ਉਹ ਪੜ੍ਹਾਈ ਕਰਾਈ ਜਾਂਦੀ ਹੈ ਉਹ ਕੋਰਸ ਅਸੀਂ ਜਾਰੀ ਕਰ ਦਿਤੇ ਹਨ। ਆਸ ਹੈ ਕਿ ਪੰਜਾਬ ਜਿਹੜਾ ਕਿ ਆਲ ਇੰਡੀਆ ਕੰਪੀਟੀਸ਼ਨਾਂ ਦੇ ਮਸਲੇ ਵਿਚ ਥੋੜ੍ਹਾ ਜਿਹਾ ਪਿਛੇ ਰਹਿ ਗਿਆ ਸੀ, ਸਾਡੀ ਆਲ ਇੰਡੀਆ ਸਰਵਿਸਿਜ਼ ਵਿਚ ਕੁਝ ਗਿਣਤੀ ਘੱਟ ਸੀ, ਉਹ ਪੂਰੀ ਕਰਨ ਵਿਚ ਗੌਰਮਿੰਟ ਕਾਮਯਾਬ ਹੋ ਜਾਵੇਗੀ। ਫਿਰ ਅਸੀਂ ਕਾਲਜਿਜ਼ ਵਿਚ ਵੱਖਰੇ ਵੱਖਰੇ ਕੋਰਸਿਜ਼ ਜਾਰੀ ਕੀਤੇ ਹਨ। ਫਾਰ ਅੈਗਜ਼ੈਂਪਲ ਗੌਰਮਿੰਟ ਕਾਲਜ ਫਾਰ ਵੋਮੈਨ, ਪਟਿਆਲਾ ਹੈ । ਉਥੇ ਡਾਈਟੀਸ਼ੀਅਨ ਅੌਰ ਨਿਊਟਰੀਸ਼ੀਅਨ ਦਾ ਕੋਰਸ ਸ਼ੁਰੂ ਕੀਤਾ ਹੈ ਤਾ ਕਿ ਬੱਚੇ ਜਿਹੜੇ ਉਥੇ ਪੜ੍ਹਨਗੇ ਉਨ੍ਹਾਂ ਨੂੰ ਮੁਲਾਜ਼ਮਤ ਢੂੰਡਣ ਲਈ ਖੇਚਲ ਨਾ ਕਰਨੀ ਪਵੇ। ਇਨ੍ਹਾਂ ਦੀ ਬਹੁਤ ਡੀਮਾਂਡ ਹੈ ਅੌਰ ਬਹੁਤ ਅੱਛੀ ਮੁਲਾਜ਼ਮਤ ਮਿਲ ਸਕਦੀ ਹੈ । ਚੇਅਰਮੈਨ ਸਾਹਿਬ, ਅਸੀਂ ਇਹ ਚੀਜ਼ਾਂ ਬੱਚਿਆਂ ਦੇ ਕੈਰੀਅਰ ਲਈ ਅੌਰ ਐਜੂਕੇਸ਼ਨ ਨੂੰ ਜਾਬ ਓਰੀਐਂਟਿਡ ਬਣਾਉਣ ਲਈ ਕੀਤੀਆਂ ਹਨ। ਚੇਅਰਮੈਨ ਸਾਹਿਬ, ਇਕ ਕਾਲਜ ਫਰੀਦਕੋਟ ਵਿਚ ਹੈ। ਫਰੀਦਕੋਟ ਦਾ ਜ਼ਿਲ੍ਹਾ ਮੈਂ ਸਮਝਦਾ ਹਾਂ ਕਿ ਐਸਾ ਹੈ ਜਿਥੇ ਅੈਗਰੀਕਲਚਰ ਨੇ ਕਾਫੀ ਤਰੱਕੀ ਕੀਤੀ ਹੈ । ਉਥੇ ਅੈਗਰੀਕਲਚਰ ਦੀਆਂ ਕਲਾਸਾਂ ਖੋਲ੍ਹੀਆਂ ਹਨ। ਇਸ ਨਾਲ ਉਸ ਏਰੀਏ ਦੇ ਬੱਚਿਆਂ ਨੂੰ ਬਹੁਤ ਫਾਇਦਾ ਹੋਇਆ ਹੈ । ਇਹ ਸਾਰਾ ਕੁਝ ਅਸੀਂ ਕਿਉਂ ਕੀਤਾ ਹੈ ? ਕਿਉਂਕਿ ਅਸੀਂ ਸਮਝਦੇ ਹਾਂ ਕਿ ਜਿਤਨਾ ਚਿਰ ਤੱਕ ਐਜੂਕੇਸ਼ਨ ਜਾਬ ਓਰੀਐਂਟਿਡ ਨਾ ਹੋਵੇ ਉਤਨਾ ਚਿਰ ਤੱਕ ਸਾਡੇ ਬੱਚਿਆਂ ਨੂੰ ਅੌਰ ਸਾਨੂੰ ਉਸ ਦਾ ਬੁਨਿਆਦੀ ਤੌਰ ਤੇ ਠੀਕ ਫਾਇਦਾ ਨਹੀਂ ਹੋ ਸਕਦਾ ।

ਚੇਅਰਮੈਨ ਸਾਹਿਬ, ਸਾਡੇ ਰੂਰਲ ਕਾਲਜ ਹਨ ਅੌਰ ਉਨ੍ਹਾਂ ਵਿਚ ਆਰਟਸ ਦੀਆਂ ਕਲਾਸਿਜ਼ ਹੁੰਦੀਆਂ ਹਨ। ਸਰਦਾਰ ਦਰਬਾਰਾ ਸਿੰਘ ਜੀ ਨੇ ਹੁਕਮ ਕੀਤਾ ਹੋਇਆ ਹੈ ਕਿ ਕੋਈ ਵੀ ਰੂਰਲ ਗੌਰਮਿੰਟ ਕਾਲਜ ਐਸਾ ਨਹੀਂ ਰਹਿਣਾ ਚਾਹੀਦਾ ਜਿਥੇ ਕਿ ਸਾਇੰਸ ਕਲਾਸਿਜ਼ ਨਾ ਲਗਣ । ਉਥੇ ਮੈਡੀਕਲ, ਨਾਨ-ਮੈਡੀਕਲ, ਕਾਮਰਸ ਅੌਰ ਦੂਸਰੀਆਂ ਕਲਾਸਿਜ਼ ਜਾਰੀ ਕੀਤੀਆਂ ਜਾਣ । ਸੋ, ਚੇਅਰਮੈਨ ਸਾਹਿਬ, ਸੰਨ 1981-82 ਲਈ ਚਾਰ ਕਾਲਜ ਚੁਣੇ ਹਨ ਅੌਰ ਉਥੇ ਸਾਇੰਸ ਕਲਾਸਿਜ਼ ਸ਼ੁਰੂ ਹਨ । ਮੈਂ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਬਾਕੀ ਕਾਲਜਾਂ ਵਿਚ ਵੀ ਮੈਡੀਕਲ, ਨਾਨ-ਮੈਡੀਕਲ ਅੌਰ ਸਾਇੰਸ ਕਲਾਸਿਜ਼ ਜਾਰੀ ਕਰਾਂਗੇ ਤਾਕਿ ਬੱਚੇ ਜਿਹੜੇ ਉਨ੍ਹਾਂ ਕਾਲਜਾਂ ਵਿਚ ਪੜ੍ਹਨ ਉਹ ਆਪਣਾ ਕੈਰੀਅਰ ਉੱਚਾ ਕਰ ਸਕਣ, ਉਹ ਵੀ ਮੈਡੀਕਲ ਜਾਂ ਨਾਨ-ਮੈਡੀਕਲ ਲਾਇਨ ਅਡਾਪਟ ਕਰ ਸਕਣ ।

ਇਸ ਗੱਲ ਦੀ ਵੀ ਲੋੜ ਸੀ ਕਿ ਟੀਚਰਾਂ ਦੇ ਮਸਲੇ ਜੋ ਹਨ, ਐਜੂਕੇਸ਼ਨ ਵਿਚ ਸੁਧਾਰ ਲਿਆਉਣ ਦਾ ਜੋ ਮਾਮਲਾ ਹੈ, ਉਸ ਤੇ ਦੁਬਾਰਾ ਘੋਖ ਕੀਤੀ ਜਾਵੇ । ਐਜੂਕੇਸ਼ਨ ਨੂੰ ਅਸੀਂ ਇਸ ਤਰੀਕੇ ਨਾਲ ਵੇਖੀਏ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਜਿਸ ਨਾਲ ਕਿ ਬੱਚਿਆਂ ਨੂੰ ਪਤਾ ਲਗ ਸਕੇ ਕਿ ਸਾਡੇ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਵਿਚ ਕੀ ਕੁਰਬਾਨੀਆਂ ਕੀਤੀਆਂ ਹਨ, ਅੱਰ ਸਾਡਾ ਦੇਸ਼ ਪ੍ਰਤੀ ਕੀ ਫਰਜ਼ ਹੈ, ਇਮੋਸ਼ਨਲ ਇੰਟੈਗਰੇਸ਼ਨ ਦੀ ਗੱਲ ਕਿਸ ਤਰ੍ਹਾਂ ਚਲ ਸਕਦੀ ਹੈ। ਇਹ ਸਾਰੀਆਂ ਚੀਜ਼ਾਂ ਵੇਖਣ ਲਈ ਪਿਛਲੇ ਸਾਲ ਸੀ. ਐਮ. ਸਾਹਿਬ ਨੇ ਅਨਾਊਂਸ ਕੀਤਾ ਸੀ ਕਿ ਇਕ ਐਜੂਕੇਸ਼ਨ ਕਮਿਸ਼ਨ ਕਾਇਮ ਕੀਤਾ ਜਾਵੇਗਾ। ਉਨ੍ਹਾਂ ਨੇ ਅਨਾਊਂਸ ਕੀਤਾ ਸੀ ਕਿ ਇਕ ਟਾਈਮ ਬਾਊਂਡ ਪ੍ਰੋਗਰਾਮ ਦੇ ਮੁਤਾਬਿਕ ਇਹ ਕਮਿਸ਼ਨ ਕਾਇਮ ਕੀਤਾ ਜਾਵੇਗਾ। ਮੈਨੂੰ ਹਾਊਸ ਨੂੰ ਇਹ ਦੱਸ ਕੇ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਉਹ ਐਜੂਕੇਸ਼ਨ ਕਮਿਸ਼ਨ ਸਥਾਪਿਤ ਕਰ ਦਿਤਾ ਗਿਆ ਹੈ। ਉਸ ਕਮਿਸ਼ਨ ਦਾ ਚੇਅਰਮੈਨ ਇਕ ਬੜੇ ਹੀ ਵੱਡੇ ਤਾਲੀਮ ਯਾਫਤਾ ਟੈਕਨੋਕ੍ਰੇਟ ਨੂੰ ਬਣਾਇਆ ਗਿਆ ਹੈ। ਉਨ੍ਹਾਂ ਨੂੰ ਇਸ ਕਰ ਕੇ ਬਣਾਇਆ ਗਿਆ ਹੈ ਕਿ ਉਹ ਵੇਖ ਸਕਣ ਕਿ ਐਜੂਕੇਸ਼ਨ ਵਿਚ ਕਿਸ ਤਰ੍ਹਾਂ ਸੁਧਾਰ ਹੋ ਸਕਦਾ ਹੈ। ਮਿਸਟਰ ਡੋਗਰਾ ਨੂੰ ਉਸ ਦਾ ਚੇਅਰਮੈਨ ਬਣਾਇਆ ਹੈ। ਆਸ ਹੈ ਕਿ ਉਹ ਕਮਿਸ਼ਨ ਆਪਣੀ ਪਹਿਲੀ ਰਿਪੋਰਟ ਛੇ ਮਹੀਨਿਆਂ ਦੇ ਅੰਦਰ ਅੰਦਰ ਪੇਸ਼ ਕਰ ਦੇਵੇਗਾ। ਉਹ ਸੁਜੈਸਟ ਕਰੇਗਾ ਕਿ ਐਜੂਕੇਸ਼ਨ ਨੂੰ ਕਿਸ ਤਰ੍ਹਾਂ ਨਾਲ ਜਾਬ ਓਰੀਐਂਟਿਡ ਬਣਾਉਣਾ ਹੈ, ਕਿਸ ਤਰ੍ਹਾਂ ਨਾਲ ਟ੍ਰੇਨਿੰਗ ਦਿਤੀ ਜਾਣੀ ਚਾਹੀਦੀ ਹੈ। ਇਹ ਸਾਰੀਆਂ ਚੀਜ਼ਾਂ ਉਹ ਕਮਿਸ਼ਨ ਵੇਖੇਗਾ।

ਸਰਦਾਰ ਆਤਮਾ ਸਿੰਘ (ਬੈਠੇ ਬੈਠੇ): ਕਮਿਸ਼ਨ ਦੇ ਬਾਕੀ ਕਿਹੜੇ ਮੈਂਬਰ ਹਨ, ਉਹ ਵੀ ਦੱਸ ਦਿਓ ?

ਵਿਦਿਆ ਮੰਤਰੀ: ਬਾਪੂ ਜੀ, ਤੁਹਾਨੂੰ ਵੀ ਉਸ ਵਿਚ ਰੱਖ ਲਵਾਂਗੇ। (ਹਾਸਾ)

ਇਕ ਬੜੀ ਪੁਰਾਣੀ ਗੱਲ ਚਲਦੀ ਆ ਰਹੀ ਸੀ ਕਿ ਸਾਰੇ ਟੀਚਰਜ਼ ਨੂੰ ਜਿਹੜੀ ਟ੍ਰੇਨਿੰਗ ਦਿਤੀ ਜਾਂਦੀ ਹੈ ਉਹ ਕੰਪਰੀਹੈਨਸਿਵ ਨਹੀਂ ਹੈ। ਉਸ ਦੀ ਓਵਰ ਹਾਲਿੰਗ ਵਾਸਤੇ ਸਟੇਟ ਕੌਂਸਲ ਆਫ ਐਜੂਕੇਸ਼ਨ ਰੀਸਰਚ ਐਂਡ ਟ੍ਰੇਨਿੰਗ ਨੂੰ ਅਸਟੈਬਲਿਸ਼ ਕੀਤਾ ਗਿਆ ਹੈ ਤਾ ਕਿ ਵੇਖੀਏ ਕਿ ਜਿਹੜੇ ਟੀਚਰਜ਼ ਹਨ, ਜਿਨ੍ਹਾਂ ਨੇ ਨੇਸ਼ਨ ਦੇ ਬੱਚਿਆਂ ਨੂੰ ਪੜ੍ਹਾਉਣਾ ਹੈ, ਉਨ੍ਹਾਂ ਦੀਆਂ ਰਿਸਪਾਂਸੇਬਿਲਿਟੀਜ਼ ਦੇਸ਼ ਪ੍ਰਤੀ ਕੀ ਕੀ ਹੋਣੀਆਂ ਚਾਹੀਦੀਆਂ ਹਨ। ਉਸ ਦੇ ਵਾਸਤੇ ਇਕ ਡਾਇਰੈਕਟੋਰੇਟ ਸਥਾਪਤ ਕਰ ਦਿਤਾ ਗਿਆ ਹੈ। ਇਹ ਸਾਰੀਆਂ ਚੀਜ਼ਾਂ ਚੇਅਰਮੈਨ ਸਾਹਿਬ, ਐਜੂਕੇਸ਼ਨ ਨੂੰ ਪਰਪਜ ਫੁਲ ਬਨਾਉਣ ਲਈ ਕੀਤੀਆਂ ਗਈਆਂ ਹਨ। ਜਿਥੋਂ ਤਕ ਐਕਸਪੈਨਸ਼ਨ ਆਫ ਐਜੂਕੇਸ਼ਨ ਦਾ ਸਵਾਲ ਹੈ ਮੈਂ ਦਸਣਾ ਚਾਹੁੰਦਾ ਹਾਂ ਕਿ ਸੰਨ 1980 ਦੇ ਵਿਚ ਇਸ ਗੌਰਮਿੰਟ ਨੂੰ ਲੋਕਾਂ ਦੀਆਂ ਵੋਟਾਂ ਦੇ ਨਾਲ ਰਾਜ ਭਾਗ ਸਰਦਾਰ ਦਰਬਾਰਾ ਸਿੰਘ ਜੀ ਦੀ ਸਦਾਰਤ ਥੱਲੇ ਸੰਭਾਲਣ ਦਾ ਮੌਕਾ ਮਿਲਿਆ ਹੈ, ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਸੰਨ 1980 ਤੋਂ ਲੈ ਕੇ ਹੁਣ ਤਕ ਤਕਰੀਬਨ ਪੌਣੇ ਦੋ ਸਾਲਾਂ ਦਾ ਅਰਸਾ ਹੋਣ ਲੱਗਾ ਹੈ ਅੱਰ ਮੈਂ ਸਮਝਦਾ ਹਾਂ ਕਿ ਜਿਤਨੀ ਐਕਸਪੈਨਸ਼ਨ ਐਜੂਕੇਸ਼ਨ ਵਿਚ ਇਸ ਸਮੇਂ ਵਿਚ ਕੋਈ ਹੈ ਉਹ ਪਹਿਲਾਂ ਕਦੇ ਵੀ ਨਹੀਂ ਸੀ ਹੋਈ। ਇਹ ਮੈਂ ਸਮਝਦਾ ਹਾਂ ਕਿ ਆਪਣੀ ਮਿਸਾਲ ਆਪ ਹੈ। ਸੰਨ 1980-81 ਤੋਂ ਸੰਨ 1981-82 ਤਕ ਸਵਾ ਚਾਰ ਸੌ ਸਕੂਲ ਅਪਗਰੇਡ ਕਰ ਦਿਤਾ ਹੈ। ਇਸ ਸਾਲ ਵਿਚ 75 ਹੋਰ ਸਕੂਲ ਅਪਗਰੇਡ ਕਰਨੇ ਹਨ। ਡਾਕਟਰ ਸਾਹਿਬ ਨੇ ਆਪਣੀ ਬਜਟ ਸਪੀਚ ਵਿਚ ਇਹ ਗੱਲ ਕਹੀ ਸੀ ਕਿ ਬਹੁਤ ਡੀਮਾਂਡ ਅਪਗਰੇਡ ਆਫ ਸਕੂਲਜ਼ ਦੀ ਆਈ ਹੈ ਇਸ ਲਈ ਇਸ ਮਸਲੇ ਨੂੰ ਉਨ੍ਹਾਂ ਨੇ ਕਿਹਾ ਸੀ ਕਿ ਵਿਚਾਰਾਂਗੇ। ਮੈਂ ਸਮਝਦਾ ਹਾਂ ਕਿ ਡਾਕਟਰ ਸਾਹਿਬ ਦੀ ਅੱਤ ਸੀ. ਐਮ. ਸਾਹਿਬ ਦੀ ਕਥਨੀ ਅੱਰ ਕਰਨੀ ਪੂਰੀ ਹੁੰਦੀ ਹੈ। ਇਸ ਨਾਲ ਐਜੂਕੇਸ਼ਨ ਦਾ ਅਸੀਂ ਹੋਰ ਪਸਾਰ ਕਰ ਸਕਾਂਗੇ। ਕਾਮਰੇਡ ਕੁਲਵੰਤ ਸਿੰਘ ਹੋਰਾਂ ਨੇ ਕਿਹਾ ਸੀ ਕਿ ਇਸ ਦੇ ਵਾਸਤੇ ਪੈਸਾ ਨਹੀਂ ਸੀ ਰੱਖਿਆ ਗਿਆ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਤਾਂ ਹਰ ਸਮੇਂ ਹੀ ਅਪ੍ਰੋਚ ਨੈਗੇਟਿਵ ਹੁੰਦੀ ਹੈ। ਉਹ ਹਰ ਗੱਲ ਉਸੇ ਹੀ ਐਨਕ ਨਾਲ ਵੇਖਦੇ ਹਨ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੀਆਂ ਅੱਖਾਂ ਦੀਆਂ ਐਨਕਾਂ ਉਹ ਹੀ ਰੰਗ ਪੇਸ਼ ਕਰਦੀਆਂ ਹਨ। ਅਸਲ ਵਿਚ 1 ਕਰੋੜ 10 ਲੱਖ ਰੁਪਿਆ ਪਹਿਲਾਂ ਅੌਰ 1 ਕਰੋੜ ਬਾਅਦ ਵਿਚ ਦਿੱਤਾ ਗਿਆ ਸੀ। ਇਕ ਕਰੋੜ ਇਸ ਸਾਲ ਲਈ ਰੱਖਿਆ ਹੈ। ਇਸ ਦੇ ਨਾਲ 1200 ਸਕੂਲਾਂ ਦੀਆਂ ਬਿਲਡਿੰਗਾਂ ਬਣ ਸਕਣਗੀਆਂ ਅੌਰ ਬੱਚੇ ਜਿਹੜੇ ਕਿ ਪਹਿਲਾਂ ਦਰੱਖਤਾਂ ਹੇਠ ਬੈਠ ਕੇ ਪੜ੍ਹਿਆ ਕਰਦੇ ਸਨ ਉਨ੍ਹਾਂ ਲਈ ਬਿਲਡਿੰਗਾਂ ਪ੍ਰੋਵਾਈਡ ਹੋ ਜਾਣਗੀਆਂ। ਮੈਂ ਸਮਝਦਾ ਹਾਂ ਕਿ ਇਹ ਇਕ ਵੱਡਾ ਮੀਲ-ਪੱਥਰ ਦਾ ਕੰਮ ਹੋਵੇਗਾ। ਉਸ ਐਜੂਕੇਸ਼ਨ ਵੱਲ ਜਿਸ ਵੱਲ ਕਿ ਪਹਿਲਾਂ ਕਿਸੇ ਨੇ ਧਿਆਨ ਨਹੀਂ ਸੀ ਦਿਤਾ ਉਹ ਸੀ ਪ੍ਰਾਇਮਰੀ ਸਕੂਲ ਐਜੂਕੇਸ਼ਨ ਅੌਰ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦਾ ਮਸਲਾ। ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵੱਲ ਚੇਅਰਮੈਨ ਸਾਹਿਬ ਕਿਸੇ ਨੇ ਪਹਿਲਾਂ ਧਿਆਨ ਨਹੀਂ ਦਿਤਾ। ਇਤਨਾਂ ਰੁਪਿਆ ਇਸ ਸਰਕਾਰ ਨੇ ਖਰਚ ਕੀਤਾ ਹੈ ਅੌਰ ਹੋਰ ਵੀ ਖਰਚ ਹੋਣਾ ਹੈ ਪਰ ਪਹਿਲਾਂ ਇਕ ਧੇਲਾ ਵੀ ਨਹੀਂ ਸੀ ਖਰਚ ਕੀਤਾ ਗਿਆ। ਅਸੀਂ ਅੈਸੇ ਸਕੂਲਾਂ ਨੂੰ ਆਈਡੈਂਟੀਫਾਈ ਕਰ ਲਿਆ ਲਿਆ ਹੈ ਜਿਨ੍ਹਾਂ ਦੀਆਂ ਬਿਲਡਿੰਗਾਂ ਬਣਾਉਣੀਆਂ ਹਨ ਅੌਰ ਉਹ 8,000 ਸਕੂਲਾਂ ਦੀਆਂ ਬਿਲਡਿੰਗਾਂ ਬਣਨੀਆਂ ਹਨ ਅੌਰ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਆਪਣੀ ਇਸ ਰਜੀਮ ਵਿਚ ਹੀ ਸਾਰੇ ਸਕੂਲ ਜਿਹੜੇ ਬਿਲਡਿੰਗਾਂ ਤੋਂ ਬਗੈਰ ਹਨ ਉਨ੍ਹਾਂ ਲਈ ਬਿਲਡਿੰਗਾਂ ਬਣਾ ਦਿਆਂਗੇ। ਇਸ ਤੋਂ ਇਲਾਵਾ ਜਿਹੜਾ ਉਨ੍ਹਾਂ ਵਿਚ ਫਰਨੀਚਰ ਹੈ ਉਸ ਵਿਚ ਸੁਧਾਰ ਕਰਾਂਗੇ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਜ਼ਰੂਰ ਤੁਹਾਡੇ ਸਾਹਮਣੇ ਅੱਰਜ਼ ਕਰਾਂਗਾ। ਪੰਜਾਬੀ ਜ਼ਬਾਨ ਦੇ ਬਾਰੇ ਇਥੇ ਬਹੁਤ ਸਾਰੇ ਦੋਸਤਾਂ ਨੇ ਗਲ ਕਹੀ ਹੈ ਕਿ ਪੰਜਾਬੀ ਦੀ ਡਿਵੈਲਪਮੈਂਟ ਨਹੀਂ ਹੋ ਰਹੀ। ਇਸ ਸਬੰਧ ਵਿਚ ਮੈਂ ਤੁਹਾਡੀ ਅੌਰ ਹਾਊਸ ਦੀ ਜਾਣਕਾਰੀ ਲਈ ਇਹ ਦਸਣਾ ਚਾਹੁੰਦਾ ਹਾਂ ਕਿ ਪੰਜਾਬੀ ਜ਼ਬਾਨ ਦੀ ਤਰੱਕੀ ਲਈ, ਇਸ ਦੇ ਪਰਸਾਰ ਲਈ ਜੋ ਕਦਮ ਇਸ ਸਰਕਾਰ ਨੇ ਉਠਾਏ ਹਨ ਉਹ ਇਹ ਨਹੀਂ ਉਠਾ ਸਕੇ ਹਨ। ਇਹ ਜੋ ਮੇਰੇ ਸਾਹਮਣੇ ਬੈਠੇ ਸਫੈਦ ਰੀਸ਼ ਸਰਦਾਰ ਆਤਮਾ ਸਿੰਘ ਹਨ, ਮੈਂ ਕਲ੍ਹ ਵੀ ਇਹ ਲਫਜ਼ ਵਰਤਿਆ ਸੀ, ਮੈਂ ਰੀਸ਼ 'ਛ' ਨਾਲ ਨਹੀਂ 'ਸ਼' ਨਾਲ ਵਰਤਿਆ ਹੈ ਇਹ ਆਪਣੀ ਸਰਕਾਰ ਵੇਲੇ ਪੰਜਾਬੀ ਜ਼ਬਾਨ ਨੂੰ ਪਬਲਿਕ ਸਰਵਿਸ ਕਮਿਸ਼ਨ ਦੇ ਇਮਤਿਹਾਨਾਂ ਵਿਚ ਲਾਗੂ ਕਰਨ ਲਈ ਫੈਸਲਾ ਨਹੀਂ ਸਨ ਕਰ ਸਕੇ। ਪਰ ਮੈਨੂੰ ਮਾਣ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਆਉਂਦੇ ਹੀ ਇਹ ਫੈਸਲਾ ਕਰ ਦਿੱਤਾ ਕਿ ਪਬਲਿਕ ਸਰਵਿਸ ਕਮਿਸ਼ਨ ਦੇ ਇਮਤਿਹਾਨਾਂ ਦਾ ਮੀਡੀਅਮ ਪੰਜਾਬੀ ਹੋਵੇਗਾ। ਇਹ ਆਪਣੇ ਵੇਲੇ ਇਹ ਫੈਸ਼ਲਾ ਇਸ ਲਈ ਨਹੀਂ ਸਨ ਕਰ ਸਕੇ ਕਿਉਂਕਿ ਇਨ੍ਹਾਂ ਦੀ ਸਾਂਝੀਵਾਲਤਾ ਦੀਵੇ ਵਾਲਿਆਂ ਨਾਲ ਸੀ। 100 ਦਫਾ ਇਨ੍ਹਾਂ ਨੇ ਇਹ ਫੈਸਲਾ ਕੀਤਾ ਅੌਰ 100 ਦਫਾ ਹੀ ਤੋੜਿਆ। ਮੈਨੂੰ ਇਸ ਤੇ ਇਕ ਸ਼ੇਅਰ ਯਾਦ ਆ ਗਿਆ ਹੈ :

"ਇਰਾਦੇ ਬਾਂਧਤਾ ਹੂੰ, ਫਿਰ ਤੋੜਤਾ ਹੂੰ,
ਕਹੀਂ ਅੈਸਾ ਨਾ ਹੋ, ਕਹੀਂ ਅੈਸਾ ਨਾ ਹੋ"

ਇਸ ਲਈ ਇਹ ਫੈਸਲਾ ਸਾਡੀ ਸਰਕਾਰ ਨੇ ਆਉਂਦੇ ਹੀ ਕੀਤਾ ਇਸ ਲਈ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਹ ਕਿਹਾ ਕਿ ਸਾਡੀ ਮਾਂ ਬੋਲੀ ਪੰਜਾਬੀ ਹੈ ਅੌਰ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਮੈਂ ਤੁਹਾਨੂੰ ਇਕ ਗੱਲ ਹੋਰ ਦਸਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੰਜਾਬੀ ਜ਼ਬਾਨ ਪਰਚੱਲਤ ਕਰਨ ਲਈ ਜਿਹੜੇ ਡਿਸਟ੍ਰਿਕਟ ਲੈਂਗੂਏਜ ਅਫ਼ਸਰ ਲਾਏ ਹੋਏ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਸਨ ਉਨ੍ਹਾਂ ਕੋਲੋਂ ਇਨ੍ਹਾਂ ਨੇ ਸਰਪਰਾਈਜ਼ ਚੈਕਿੰਗ ਕਰਨ ਲਈ ਜਿਹੜੀ ਪਾਵਰ ਸੀ ਉਹ ਵਿਦਡਰਾ ਕਰ ਲਈ ਸੀ। ਪਰੰਤੂ ਜਦੋਂ ਦਰਬਾਰਾ ਸਿੰਘ ਦੀ ਸਰਕਾਰ ਆਈ ਤਾਂ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਕਿ ਇਹ ਜਿਹੜੀਆਂ ਪੁਰਾਣੀਆਂ ਤਾਕਤਾਂ ਉਨ੍ਹਾਂ ਲੈਂਗੂਏਜ਼ ਅਫ਼ਸਰਾਂ ਨੂੰ ਸਨ ਉਹ ਬਹਾਲ ਹੋਣੀਆਂ ਚਾਹੀਦੀਆਂ ਹਨ ਤਾਂਕਿ ਪੰਜਾਬੀ ਜ਼ਬਾਨ ਦੀ ਤਰੱਕੀ ਹੋ ਸਕੇ। ਸਕੂਲਾਂ ਵਿਚ ਸਰਪਰਾਈਜ਼ ਚੈਕਿੰਗ ਹੋਵੇ ਅੱਤੇ ਪੰਜਾਬੀ ਜ਼ਬਾਨ ਨੂੰ ਵਧਾਵਾ ਮਿਲੇ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਪੰਜਾਬੀ ਜ਼ਬਾਨ ਦੀ ਤਰੱਕੀ ਲਈ ਹੋਰ ਵੀ ਬਹੁਤ ਕੁਝ ਕੀਤਾ। ਇਸ ਲਈ ਮੈਂ ਇਹ ਗਲ ਕਹਿਣੀ ਚਾਹਵਾਂਗਾ ਕਿ ਸਾਡੇ ਪੰਜਾਬ ਵਿਚ ਜਿਹੜੇ ਲਿਟਰੇਰੀ ਆਦਮੀ ਹਨ ਜਿਨ੍ਹਾਂ ਨੂੰ ਇਹ ਸਤਿਕਾਰ ਦੇਣਾ ਭੁੱਲ ਚੁੱਕੇ ਸਨ, ਸਾਡੀ ਸਰਕਾਰ ਨੇ ਸਿਰਫ ਆਪਣੇ ਵੇਲੇ ਦਾ ਹੀ ਨਹੀਂ ਬਲਕਿ ਪਿਛਲਾ ਜਿਹੜਾ ਬੈਕਲਾਗ ਸੀ ਜਿਨ੍ਹਾਂ ਨੂੰ ਇਹ ਨਹੀਂ ਸਨ ਸਤਿਕਾਰ ਸਕੇ ਉਨ੍ਹਾਂ ਦੀਆਂ ਵੀ ਸਲਾਹਕਾਰ ਕਮੇਟੀਆਂ ਬਣਾਈਆਂ ਅੱਤੇ ਪੰਜਾਬ ਦੇ ਜਿਹੜੇ ਪ੍ਰਸਿੱਧ ਸਾਹਿਤਕਾਰ ਸਨ ਉਨ੍ਹਾਂ ਦਾ ਨਾਂ ਮੈਂ ਦਸ ਦਿੰਦਾ ਹਾਂ, ਸਰਦਾਰ ਗੁਰਦਿਆਲ ਸਿੰਘ, ਐਸ. ਐਸ. ਨਰੂਲਾ ਅਤੇ ਸਰਦਾਰ ਪਿਆਰਾ ਸਿੰਘ ਪਦਮ ਨੂੰ ਸਤਿਕਾਰਿਆ ਅਤੇ 5100-5100 ਰੁਪਿਆ ਦੇ ਕੇ ਉਨ੍ਹਾਂ ਨੂੰ ਆਨਰ ਦਿੱਤਾ। ਫਿਰ ਚੇਅਰਮੈਨ ਸਾਹਿਬ ਸਾਡੀ ਸਰਕਾਰ ਨੇ ਸਿਰਫ ਇਤਨਾ ਹੀ ਨਹੀਂ ਕੀਤਾ ਸਗੋਂ ਜਿਹੜੇ ਪੰਜਾਬ ਵਿਚ ਸਾਹਿਤਕਾਰ ਸਨ ਉਨ੍ਹਾਂ ਤੋਂ ਇਲਾਵਾ ਵਲਾਇਤ ਵਿਚ ਰਹਿਣ ਵਾਲੇ ਮਿਸਟਰ ਰਵੀਇੰਦਰ ਰਵੀ ਨੂੰ ਵੀ 5100 ਰੁਪਿਆ ਦੇ ਕੇ ਆਨਰ ਦਿੱਤਾ। ਇਸ ਦੇ ਨਾਲ ਹਿੰਦੀ ਦੀ ਡਿਵੈਲਪਮੈਂਟ ਲਈ ਵੀ ਜਿਹੜਾ ਕੰਮ ਇਨਾਂ ਨੇ 1978-1979 ਅੱਤੇ 1980 ਵਿਚ ਛੱਡ ਦਿਤਾ ਸੀ, ਸਾਡੀ ਸਰਕਾਰ ਨੇ ਪੰਜਾਬੀ ਦੇ ਨਾਲ ਹਿੰਦੀ ਨੂੰ ਵੀ ਤਰੱਕੀ ਦੇਣ ਲਈ ਹਿੰਦੀ ਦੇ ਤਿੰਨ ਸਾਹਿਤਕਾਰਾਂ ਨੂੰ 5100-5100 ਰੁਪਿਆ ਅੱਤੇ ਦੌਸ਼ਾਲਾ ਦੇ ਕੇ ਆਨਰ ਦਿਤਾ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਪੱਤਰਕਾਰਾਂ ਨੂੰ ਵੀ ਸਨਮਾਨਿਆ। ਚੇਅਰਮਨ ਸਾਹਿਬ, ਇਕ ਖੁਸ਼ਖਬਰੀ ਮੈਂ ਹੋਰ ਦੇਣੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਸ਼ਰੋਮਣੀ ਜਿਹੜੇ ਸਾਹਿਤਕਾਰ ਹਨ ਉਨ੍ਹਾਂ ਦਾ ਵੀ ਚੁਨਾਵ ਕਰ ਲਿਆ ਹੈ ਅੱਤੇ ਉਨ੍ਹਾਂ ਨੂੰ ਅਸੀਂ ਹੁਣ ਆਨਰ ਕਰਾਂਗੇ।

ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਮੈਂ ਇਕ ਗੱਲ ਹੋਰ ਵੀ ਤੁਹਾਡੇ ਨੋਟਿਸ ਵਿੱਚ ਲਿਆਵਾਂਗਾ ਕਿ ਅਡਲਟ ਐਜੂਕੇਸ਼ਨ ਦੇਣ ਲਈ ਵੀ ਸਾਡੀ ਸਰਕਾਰ ਨੇ ਕਾਫੀ ਕਦਮ ਚੁੱਕੇ ਹਨ। ਇਹ ਠੀਕ ਹੈ ਕਿ ਭਾਵੇਂ ਪੰਜਾਬ ਐਜੂਕੇਸ਼ਨ ਦੇ ਪਰਸਾਰ ਵਿਚ ਕਾਫੀ ਅੱਗੇ ਵਧਿਆ ਹੈ ਲੇਕਿਨ ਇਹ ਹਕੀਕਤ ਹੈ ਕਿ ਸਾਡੇ ਜਿਹੜੇ ਪੜ੍ਹੇ ਲਿਖਿਆਂ ਦੀ ਪਰਸੈਂਟੇਜ ਹੈ ਉਹ 47% ਹੈ ਬਾਕੀ ਸਾਰੇ ਅਨਪੜ੍ਹ ਹਨ। ਸਾਡੇ ਪ੍ਰਧਾਨ ਮੰਤਰੀ ਜੀ ਨੇ ਆਪਣੇ 20 ਨੁਕਾਤੀ ਪ੍ਰੋਗਰਾਮ ਵਿਚ ਇਹ ਕਿਹਾ ਹੈ ਕਿ ਹਿੰਦੁਸਤਾਨ ਵਿਚ ਕੋਈ ਆਦਮੀ ਅਨਪੜ੍ਹ ਨਹੀਂ ਹੋਣਾ ਚਾਹੀਦਾ। ਇਸ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਅਸੀਂ ਇਸ ਨੂੰ ਵਾਰ-ਫੁਟਿੰਗ ਤੇ ਕੰਪੇਨ ਬੇਸਿਜ਼ ਤੇ ਇਸ ਚੈਲੰਜ ਨੂੰ ਕਬੂਲ ਕਰਾਂਗੇ ਅੱਤੇ ਆਉਣ ਵਾਲੇ ਸਮੇਂ ਵਿਚ ਕੋਈ ਵੀ ਵਿਅਕਤੀ ਐਸਾ ਨਹੀਂ ਰਹਿਣ ਦੇਵਾਂਗੇ ਜਿਹੜਾ ਲਿਟਰੇਟ ਨਾ ਹੋ ਜਾਵੇ। ਇਸ ਚੀਜ਼ ਨੂੰ ਮੁੱਖ ਰਖ ਕੇ ਸਾਡੀ ਸਰਕਾਰ ਨੇ ਇਹ ਫੈਸਲਾ ਕਰ ਲਿਆ ਹੈ ਕਿ ਇਹ ਜਿਹੜੇ ਬੁੱਢੇ ਤੋਤੇ ਅਨਪੜ੍ਹ ਹਨ ਜਿਨ੍ਹਾਂ ਨੂੰ ਪੰਜਾਬੀ ਦਾ ਅਜੇ ਵੀ ਗਿਆਨ ਨਹੀਂ ਇਨ੍ਹਾਂ ਨੂੰ ਵੀ ਪੜ੍ਹਾ ਦੇਣਾ ਹੈ। ਚੇਅਰਮੈਨ ਸਾਹਿਬ, ਕੱਲ ਮੈਂ ਇਕ ਸਵਾਲ ਦੇ ਜਵਾਬ ਵਿਚ ਇਹ ਕਿਹਾ ਸੀ ਕਿ ਅਰੰਭੀ ਜਾ ਚੁੱਕੀ ਹੈ ਤਾਂ ਇਹ ਉਸ ਦਾ ਮਤਲਬ ਇਹ ਸਮਝਣ ਲੱਗੇ ਕਿ ਕੀਤੀ ਜਾ ਚੁੱਕੀ ਹੈ। ਇਸ ਲਈ ਮੈਂ ਸ਼ੇਖਵਾਂ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਦੇ ਪੜ੍ਹਨ ਦਾ ਵੀ ਇੰਤਜ਼ਾਮ ਸਾਡੀ ਸਰਕਾਰ ਨੇ ਕੀਤਾ ਹੈ। ਅੱਤੇ ਮੈਂ ਇਹ ਕਹਿੰਦਾ ਹਾਂ ਕਿ ਸ਼ੇਖਵਾਂ ਸਾਹਿਬ

Original with;
Punjab Vidhan Sabha
Digitized by;
Panjab Digital Library

ਨੂੰ ਤਾਂ ਮੈਂ ਆਪ ਹੀ ਪੜ੍ਹਾ ਲਵਾਂਗਾ ਕਿਉਂਕਿ I know him as illiterate, I will teach him ਔਰ ਸਾਡੀ ਸਰਕਾਰ ਦਾ ਫੈਸਲਾ ਹੈ ਕਿ each one teach one ਤਾਂ ਹੀ ਸਾਡੀ ਕੰਪੇਨ ਕਾਮਯਾਬ ਹੋ ਸਕਦੀ ਹੈ ।

ਚੇਅਰਮੈਨ ਸਾਹਿਬ, ਮੈਂ ਜਿਹੜਾ 'ਤੋਤੇ' ਦਾ ਸ਼ਬਦ ਵਰਤਿਆ ਹੈ ਇਸ ਨਾਲ ਜੇ ਕਿਸੇ ਮੈਂਬਰ ਸਾਹਿਬਾਨ ਦੇ ਸੈਂਟੀਮੈਂਟਸ ਇੰਜਰ ਹੁੰਦੇ ਹਨ ਤਾਂ ਮੈਂ ਉਹ ਵਾਪਸ ਲੈਂਦਾ ਹਾਂ ਔਰ ਉਸਦੀ ਥਾਂ ਮੈਂ ਇਹ ਕਹਿ ਦਿੰਦਾ ਹਾਂ ਕਿ ਜਿਹੜੇ ਮੇਰੇ ਬਜ਼ੁਰਗ ਹਨ, ਜਿਹੜੇ ਮੇਰੇ ਮਾਨਯਵਰ ਹਨ ਉਨ੍ਹਾਂ ਨੂੰ ਵੀ ਅਸੀਂ ਪੜ੍ਹਾ ਦੇਣਾ ਹੈ ।

ਚੇਅਰਮੈਨ ਸਾਹਿਬ, ਹੁਣ ਮੈਂ ਸਪੋਰਟਸ ਦੇ ਮਾਮਲੇ ਬਾਰੇ ਅਰਜ਼ ਕਰਾਂਗਾ। ਇਹ ਵੀ ਇਕ ਬਹੁਤ ਖੁਸ਼ੀ ਦੀ ਗੱਲ ਹੈ ਕਿ ਸਾਡੇ ਸਕੂਲਾਂ ਵਿਚ ਜਿਹੜੀਆਂ ਵੀ ਪਹਿਲੀ ਤੋਂ 11ਵੀਂ ਤਕ ਦੀਆਂ ਪ੍ਰੈਸਕਰਾਈਬਡ ਬੁਕਸ ਹਨ, ਇਹ ਕੋਈ 262 ਬੁਕਸ ਹਨ। ਇਨ੍ਹਾਂ ਸਾਰੀਆਂ ਬੁਕਸ ਨੂੰ ਐਜੂਕੇਸ਼ਨ ਬੋਰਡ ਨੇ ਆਪ ਛਾਪਣ ਦਾ ਫੈਸਲਾ ਕਰ ਲਿਆ ਹੈ ਔਰ ਅਕੈਡੇਮਿਕ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਉਹ ਸਾਰੀਆਂ ਕਿਤਾਬਾਂ ਮਾਰਕਿਟ ਵਿਚ ਆ ਜਾਣਗੀਆਂ ਤਾਂ ਕਿ ਬੱਚਿਆਂ ਨੂੰ ਵੇਲੇ ਸਿਰ ਉਹ ਕਿਤਾਬਾਂ ਮਾਰਕਿਟ ਵਿਚੋਂ ਮਿਲ ਸਕਣ । ਇਸ ਤੋਂ ਇਲਾਵਾ ਅੱਗੇ ਤਾਂ ਇਹ ਡਿਪੋ ਸਿਰਫ ਡਿਸਟ੍ਰਿਕਟ ਲੈਵਲ ਤੇ ਹੁੰਦੇ ਸਨ ਪਰ ਹੁਣ ਸਾਡੀ ਸਰਕਾਰ ਨੇ ਇਹ ਵੀ ਫੈਸਲਾ ਕਰ ਲਿਆ ਹੈ ਕਿ ਅਗਰ ਕੋਈ ਸਕੂਲ ਆਪਣੀ ਸ਼ਾਪ ਖੋਲ੍ਹਣੀ ਚਾਹੇ ਭਾਵੇਂ ਉਹ ਕੋਆਪੇਟਿਵ ਬੇਸਿਜ਼ ਤੇ ਹੋਵੇ ਜਾਂ ਨੋ ਪਰਾਫਿਟ ਨਾ ਲਾਸ ਬੇਸਿਜ਼ ਤੇ ਹੋਵੇ ਤਾਂ ਐਜੂਕੇਸ਼ਨ ਬੋਰਡ ਉਨ੍ਹਾਂ ਸਾਰੇ ਸਕੂਲਾਂ ਨੂੰ ਚਾਹੇ ਉਹ ਪ੍ਰਾਈਵੇਟ ਹੋਣ ਜਾਂ ਸਰਕਾਰੀ ਇਹ ਕਿਤਾਬਾਂ ਦੀ ਸਪਲਾਈ ਉਥੇ ਕਰੇਗਾ ।

ਚੇਅਰਮੈਨ ਸਾਹਿਬ, ਸਰਦਾਰ ਸ਼ਮਸ਼ੇਰ ਸਿੰਘ ਹੋਰਾਂ ਨੇ ਕਿਹਾ ਹੈ ਕਿ ਹੈਂਡੀਕੈਪਡ ਬੱਚਿਆਂ ਨੂੰ ਓਨ ਕੀਤਾ ਜਾਵੇ। ਇਸ ਲਈ ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਲਈ ਇਕ ਪਰਮਾਨੈਂਟ ਸੈਲ ਐਜੂਕੇਸ਼ਨ ਬੋਰਡ ਵਿਚ ਕ੍ਰਿਏਟ ਕੀਤਾ ਗਿਆ ਹੈ ਤਾਂ ਕਿ ਜਿਹੜੇ ਅਡਾਪਟਿਡ ਬੱਚੇ ਹਨ, ਜਿਹੜੇ ਹੈਂਡੀਕੈਪਡ ਹਨ ਉਹ ਕਿਸੇ ਵੇਲੇ ਵੀ ਲੋੜ ਪੈਣ ਤੇ ਆਪਣੇ ਪੇਰੈਂਟ ਦੀ ਤਰ੍ਹਾਂ ਸੋਚ ਕੇ ਆਪਣੀ ਮੁਸ਼ਕਿਲ ਇਸ ਬੋਰਡ ਨੂੰ ਲਿਖ ਸਕਣ ਔਰ ਉਨ੍ਹਾਂ ਦੀਆਂ ਮੁਸ਼ਕਲਾਂ ਹਲ ਕੀਤੀਆਂ ਜਾ ਸਕਣ ।

1.20 ਮਿੰਟ ਬਾਅਦ ਦੁਪਹਿਰ | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਵਿਦਿਆ ਮੰਤਰੀ: ਇਸ ਤਰ੍ਹਾਂ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਹੋਣਗੀਆਂ। ਸਪੋਰਟਸ ਦੇ ਮਸਲੇ ਤੇ ਅਸੀਂ ਕਾਫੀ ਉਪਰਾਲੇ ਕੀਤੇ ਹਨ।

EXTNESION OF TIME OF THE SITTING

ਸ਼੍ਰੀ ਡਿਪਟੀ ਸਪੀਕਰ: ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 15 ਮਿੰਟ ਐਕਸਟੈਂਡ ਕਰ ਦਿਤਾ ਜਾਵੇ ਕਿਉਂਕਿ ਹਾਲੇ ਡਾਕਟਰ ਸਾਹਿਬ ਨੇ ਬੋਲਣਾ ਹੈ ?

(**ਆਵਾਜ਼ਾਂ**: ਹਾਂ ਜੀ, ਹਾਂ ਜੀ।)

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਐਕਸਟੈਂਡ ਕੀਤਾ ਜਾਂਦਾ ਹੈ ।

DISCUSSION AND VOTING OF DEMANDS FOR GRANTS FOR THE YEAR 1982-83 (*Resumption*)

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਅਸੀਂ 5 ਸਟੇਡੀਅਮ ਸਪੋਰਟਸ ਦੇ ਬਣਾਏ ਸਨ ਅਤੇ ਇਸ ਸਾਲ 4 ਹੋਰ ਬਣਾ ਰਹੇ ਹਾਂ ਅਤੇ ਜਲੰਧਰ ਦੇ ਵਿਚ ਸਪੋਰਟਸ ਅਕਾਡਮੀ ਕਾਇਮ ਕਰ ਰਹੇ ਹਾਂ । ਇਹ ਇੰਡੀਆ ਵਿਚ ਇਕ ਯੂਨੀਕ ਇੰਸਟੀਚਿਊਸ਼ਨ ਹੋਵੇਗਾ। ਇਸ ਦੇ ਲਈ ਜ਼ਮੀਨ ਸਿਲੈਕਟ ਕਰ ਲਈ ਹੈ ਅਤੇ ਨੈਗੋਸੀਏਸ਼ਨ ਚਲ ਰਹੀ ਹੈ। ਕਨਸੈਸ਼ਨਲ ਰੇਟ ਦੇ ਪੇਪਰ ਦਾ ਤੁਹਾਡੇ ਵੇਲੇ ਬੜਾ ਵੱਡਾ ਸਕੈਂਡਲ ਹੋਇਆ ਸੀ। ਸਰਦਾਰ ਬਲਵੰਤ ਸਿੰਘ ਇਕੱਲੇ ਆ ਕੇ ਸਾਡੇ ਕੋਲ ਮੰਨ ਜਾਂਦੇ ਹਨ ਪਰ ਸ਼ਾਇਦ ਸਾਹਮਣੇ ਇਹ ਨਾ ਮੰਨਣ । ਤੁਸੀਂ ਆਪਣੇ ਵਕਤ ਝਟੱਕੀਆਂ ਨੂੰ ਕੰਸੈਸ਼ਨਲ ਰੇਟ ਵਾਲਾ ਪੇਪਰ ਅਲਾਟ ਕਰ ਦਿੱਤਾ ਜਿਨ੍ਹਾਂ ਕੋਲ ਨਾ ਕੋਈ ਮਸ਼ੀਨ ਸੀ ਅਤੇ ਨਾ ਕੋਈ ਪੇਪਰ ਦੇ ਨਾਲ ਸਬੰਧਤ ਸਨ।

ਸਰਦਾਰ ਬਸੰਤ ਸਿੰਘ ਖਾਲਸਾ : ਡਿਪਟੀ ਸਪੀਕਰ ਸਾਹਿਬ, ਮੈਂ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਵੋਕੇਸ਼ਨਲ ਅਤੇ ਅਡੱਲਟ ਐਜੂਕੇਸ਼ਨ ਬਾਰੇ 1982-83 ਵਿਚ ਕਿੰਨਾ ਬਜਟ ਰੱਖਿਆ ਗਿਆ ਹੈ। ਵੋਕੇਸ਼ਨਲ ਐਜੂਕੇਸ਼ਨ ਲਈ ਤੁਸੀਂ ਹਜ਼ਾਰਾਂ ਟੀਚਰਜ਼ ਨੂੰ ਅਪੁਆਇੰਟ ਕੀਤਾ ਹੋਇਆ ਹੈ ਜਿਹੜੇ ਜੇ. ਬੀ. ਟੀ. ਦੇ ਅਗੇਂਸਟ ਲਗੇ ਹੋਏ ਹਨ ਅਤੇ ਇਥੇ ਜਿਹੜੀਆਂ ਸਿਲਾਈ ਟੀਚਰਜ਼ ਲਗੀਆਂ ਹੋਈਆਂ ਹਨ ਉਨ੍ਹਾਂ ਦੀ ਸਰਵਿਸ 7-7 ਸਾਲ ਦੀ ਹੋ ਗਈ ਹੈ ਪਰ ਉਨ੍ਹਾਂ ਨੂੰ ਹਾਲੇ ਤਕ ਪੱਕਾ ਨਹੀਂ ਕੀਤਾ ਗਿਆ। ਕੀ ਸਰਕਾਰ ਉਨ੍ਹਾਂ ਨੂੰ ਪੱਕਾ ਕਰੇਗੀ ਜਾਂ ਉਨ੍ਹਾਂ ਦੀ ਸਰਵਿਸ ਨੂੰ ਰੈਗੂਲਰਾਈਜ਼ ਕਰੇਗੀ। ਦੂਜੀ ਗਲ, ਜਿਹੜੇ ਪੁਰਾਣੇ ਟੀਚਰਜ਼ ਪਰੋਵੈਂਸ਼ੀਅਲ ਕੇਡਰ ਦੇ 1957 ਤੋਂ ਰਿਟਾਇਰ ਹੋ ਗਏ ਹਨ ਉਨ੍ਹਾਂ ਨੂੰ ਪੈਨਸ਼ਨ 1966 ਤੋਂ ਜਦੋਂ ਪੰਜਾਬ ਬਣਿਆ ਸੀ ਉਦੋਂ ਤੋਂ ਲਾਗੂ ਕਰਨੀ ਚਾਹੀਦੀ ਹੈ ਪਰ ਸਰਕਾਰ 1972 ਤੋਂ ਲਾਗੂ ਕਰ ਰਹੀ ਹੈ। ਕੀ ਸਰਕਾਰ ਉਨ੍ਹਾਂ ਨੂੰ ਪੈਨਸ਼ਨ 1966 ਤੋਂ ਦੇਣ ਲਈ ਤਿਆਰ ਹੈ ? ਇਸ ਵਿਚ ਐਫ. ਐਮ. ਸਾਹਿਬ ਨੇ ਉਨ੍ਹਾਂ ਨੂੰ ਭਰੋਸਾ ਵੀ ਦਿਤਾ ਸੀ ਕਿ ਤੁਸੀਂ ਥੋੜ੍ਹੇ ਜਿਹੇ ਬੁਜ਼ਰਗ ਰਹਿ ਗਏ ਹੋ ਅਤੇ ਤੁਹਾਨੂੰ 1 ਨਵੰਬਰ, 1966 ਤੋਂ ਪੈਨਸ਼ਨ ਦਿੱਤੀ ਜਾਵੇਗੀ ।

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਕੀ ਸਰਕਾਰ ਪ੍ਰਾਈਵੇਟ ਟੀਚਰਜ਼ ਲਈ ਸਰਵਿਸ ਸਿਕਿਉਰਿਟੀ ਦਾ ਐਕਟ ਬਣਾ ਰਹੀ ਹੈ ਜਾਂ ਨਹੀਂ ਅਤੇ ਕੀ ਪ੍ਰਾਈਵੇਟ ਕਾਲਜਾਂ ਦੇ ਵਿਚ ਫੀਸਾਂ ਗੌਰਮਿੰਟ ਕਾਲਜਿਜ਼ ਦੇ ਬਰਾਬਰ ਕਰ ਦਿੱਤੀਆਂ ਜਾਣਗੀਆਂ ?

ਕਾਮਰੇਡ ਕੁਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਪਿਛਲੀਆਂ 3 ਵਾਰ ਅਲੱਗ ਅਲੱਗ ਤਾਰੀਖਾਂ ਤੇ ਟੀਚਰਜ਼ ਦੀਆਂ ਸਰਵਿਸਜ਼ ਰੈਗੂਲਰਾਈਜ਼ ਕਰਨ ਲਈ ਆਰਡਰ ਕੀਤੇ ਸਨ ਕਿ ਜਿਨ੍ਹਾਂ ਦੀ ਇਕ ਇਕ ਸਾਲ ਦੀ ਸਰਵਿਸ ਹੋ ਗਈ ਹੈ ਉਨ੍ਹਾਂ ਨੂੰ ਪੱਕਾ ਕਰ ਦਿਤਾ ਜਾਵੇਗਾ । ਕੀ ਸਰਕਾਰ ਨੇ ਉਨ੍ਹਾਂ ਸਾਰਿਆਂ ਨੂੰ ਪੱਕਾ ਕਰ ਦਿਤਾ ਹੈ ?

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਹ ਕੰਮ ਬਹੁਤ ਅੱਛਾ ਕੀਤਾ ਹੈ ਕਿ ਜਿਹੜੇ ਨਾਨ-ਟੀਚਿੰਗ ਸਟਾਫ ਦੀ ਡੀਮਾਂਡ ਨੂੰ ਮੰਨ ਲਿਆ ਹੈ ਅਤੇ ਜਿਹੜੀਆਂ ਥੋੜ੍ਹੀਆਂ ਬਹੁਤ ਰਹਿ ਗਈਆਂ ਹਨ ਉਨ੍ਹਾਂ ਨੂੰ ਵੀ ਕੀ ਸਰਕਾਰ ਮੰਨ ਲਵੇਗੀ। ਦੂਜਾ, ਸਰਕਾਰ ਨੇ ਕੀ ਜਲੰਧਰ ਵਿਚ ਸਪੋਰਟਸ ਅਕਾਡਮੀ ਲਈ ਜ਼ਮੀਨ ਸਿਲੈਕਟ ਕਰ ਲਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਖੋਲ੍ਹ ਦਿੱਤੀ ਜਾਵੇਗੀ। ਪਿਛਲੀ ਵਾਰ ਜਿੰਨੇ ਵੀ ਸਕੂਲ ਸਰਕਾਰ ਨੇ ਅਪਗਰੇਡ

Original with;
Punjab Vidhan Sabha
Digitized by;
Panjab Digital Library

ਕੀਤੇ ਸਨ ਉਹ ਸਾਰੇ ਦੇ ਸਾਰੇ ਪਿੰਡਾਂ ਵਿਚ ਸਨ ਅੌਰ ਸ਼ਹਿਰਾਂ ਵਿਚ ਇਕ ਵੀ ਸਕੂਲ ਐਸਾ ਨਹੀਂ ਸੀ ਜਿਸ ਨੂੰ ਅਪਗਰੇਡ ਕੀਤਾ ਗਿਆ ਸੀ। ਕੀ ਸਰਕਾਰ ਇਸ ਵਾਰ ਸ਼ਹਿਰਾਂ ਦੇ ਸਕੂਲਾਂ ਨੂੰ ਅਪਗਰੇਡ ਕਰਨ ਵੱਲ ਧਿਆਨ ਕਰੇਗੀ ?

ਸ਼੍ਰੀ ਚਮਨ ਲਾਲ : ਡਿਪਟੀ ਸਪੀਕਰ ਸਾਹਿਬ, ਜਿਥੇ ਸਰਕਾਰ ਨੇ ਵਿਦਿਆ ਦੇ ਪ੍ਰਸਾਰ ਦੇ ਲਈ ਬਹੁਤ ਕੰਮ ਕੀਤਾ ਹੈ ਉਥੇ ਨਾਲ ਦੀ ਨਾਲ ਜਿਹੜੇ ਪ੍ਰਾਈਵੇਟ ਪਰੋਫੈਸ਼ਨਲ ਸਕੂਲ ਹਨ ਉਨ੍ਹਾਂ ਨੇ ਲੜਕੇ ਅਤੇ ਲੜਕੀਆਂ ਨੂੰ, ਜਿਹੜੇ ਬੀ. ਏ. ਪਾਸ ਹਨ, 50–50 ਅਤੇ 100–100 ਰੁਪਏ ਤਨਖਾਹਾਂ ਤੇ ਰੱਖਿਆ ਹੋਇਆ ਹੈ। ਕੀ ਸਰਕਾਰ ਉਨ੍ਹਾਂ ਦੇ ਇਸ ਧੰਦੇ ਨੂੰ ਬੰਦ ਕਰੇਗੀ।

ਸ਼੍ਰੀ ਸੁਰਿੰਦਰ ਕਪੂਰ : ਡਿਪਟੀ ਸਪੀਕਰ ਸਾਹਿਬ, ਬਠਿੰਡਾ ਇਕ ਐਜੂਕੇਸ਼ਨ ਦੇ ਵਿਚ ਪਛੜਿਆ ਹੋਇਆ ਇਲਾਕਾ ਹੈ ਅੌਰ ਪੰਜਾਬੀ ਯੂਨੀਵਰਸਿਟੀ ਨੇ ਉਥੇ ਰਿਜ਼ਨਲ ਸੈਂਟਰ ਖੋਲ੍ਹਣ ਦਾ ਫੈਸਲਾ ਕੀਤਾ ਸੀ ਇਹ ਕਦੋਂ ਤੱਕ ਖੋਲ੍ਹ ਦੇਣਗੇ ? ਸਰਕਾਰ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾ ਕੇ ਦੇ ਰਹੀ ਹੈ ਅਤੇ ਇਸ ਵਿੱਚ ਇਕ ਸ਼ਰਤ ਹੈ ਕਿ ਪਿੰਡ ਦੀ ਪੰਚਾਇਤ 5 ਹਜ਼ਾਰ ਰੁਪਿਆ ਦੇਵੇ ਸ਼ੇਅਰ ਦੇ ਤੌਰ ਤੇ। ਲੇਕਿਨ ਮੇਰੇ ਇਲਾਕੇ ਵਿਚ ਇਕ ਬੀੜ ਬਹਿਮਨ ਹਰੀਜਨ ਦੀ ਪੰਚਾਇਤ ਹੈ ਜਿਥੇ ਹਰੀਜਨ ਵਿਚਾਰੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਇਨਕਮ ਦਾ ਕੋਈ ਸੋਰਸ ਨਹੀਂ ਹੈ। ਕੀ ਸਰਕਾਰ ਉਥੇ ਇਹ ਸ਼ਰਤ ਹਟਾਉਣ ਲਈ ਤਿਆਰ ਹੈ ?

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਡਿਪਟੀ ਸਪੀਕਰ ਸਾਹਿਬ, ਵਿਦਿਆ ਮੰਤਰੀ ਨੇ ਕਿਹਾ ਹੈ ਕਿ ਮੈਂ ਖਾਸ ਕਰਕੇ ਜਥੇਦਾਰ ਸੇਖਵਾਂ ਨੂੰ ਖੁਦ ਪੜ੍ਹਾਵਾਂਗਾ ਅਤੇ ਇਨ੍ਹਾਂ ਨੇ ਲਫਜ਼ ਇਸਤੇਮਾਲ ਕੀਤਾ ਹੈ ਕਿ ਮੈਂ ਬੁੱਢੇ ਤੋਤੇ ਨੂੰ ਪੜ੍ਹਾਵਾਂਗਾ। ਇਕ ਨੌਜਵਾਨ ਇਨ੍ਹਾਂ ਨੇ ਤਿਆਰ ਕੀਤਾ ਹੈ ਜਿਹੜਾ ਹਾਊਸ ਵਿਚ ਸਾਨੂੰ ਕਹਿੰਦਾ ਸੀ ਧੌਲੀ ਦਾੜ੍ਹੀ ਵਾਲਿਆਂ ਨੂੰ। ਇਸ ਤਰ੍ਹਾਂ ਦੇ ਲਫਜ਼ ਹਾਊਸ ਵਿਚ ਇਸਤੇਮਾਲ ਨਹੀਂ ਹੋਣੇ ਚਾਹੀਦੇ। ਸਾਡੀ ਬਦਕਿਸਮਤੀ ਹੈ ਕਿ ਅਸੀਂ ਪੜ੍ਹ ਲਿਖ ਨਹੀਂ ਸਕੇ ਪਰ ਸਾਨੂੰ ਲੋਕਾਂ ਨੇ ਇਲੈਕਟ ਕਰਕੇ ਇਥੇ ਭੇਜਿਆ ਹੈ ਲੋਕਾਂ ਨੇ ਸਾਨੂੰ ਤੁਹਾਡੇ ਕੋਲੋਂ ਬੇਇਜ਼ਤੀ ਕਰਾਉਣ ਵਾਸਤੇ ਇਥੇ ਨਹੀਂ ਭੇਜਿਆ । ਹਰ ਇਨਸਾਨ ਇੱਜ਼ਤ ਨਾਲ ਰਹਿਣਾ ਚਾਹੁੰਦਾ ਹੈ। ਇਨ੍ਹਾਂ ਨੂੰ ਕਿਸ ਨੇ ਇਖਤਿਆਰ ਦਿੱਤਾ ਹੈ ਸਾਡੀ ਬੇਇਜ਼ਤੀ ਕਰਨ ਦਾ। ਪਬਲਿਕ ਸਰਵਿਸ ਕਮਿਸ਼ਨ ਦੀ ਜਿਹੜੀ ਲਿਸਟ ਨਿਕਲਦੀ ਹੈ ਉਹ ਏ. ਬੀ. ਸੀ. ਦੇ ਹਿਸਾਬ ਨਾਲ ਬਣਦੀ ਹੈ ਅੌਰ ਵਿਧਾਨ ਸਭਾ ਵਿਚ ਜਿਹੜੀ ਲਿਸਟ ਬਣਦੀ ਹੈ ਉਹ ਏ. ਬੀ. ਸੀ. ਦੇ ਹਿਸਾਬ ਨਾਲ ਬਣਦੀ ਹੈ ਜਾਂ ਫਿਰ ਓ. ਅ. ਏ. ਦੇ ਹਿਸਾਬ ਨਾਲ ਬਣਦੀ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਪਰਮਿਸ਼ਨ ਤੋਂ ਬਿਨਾਂ ਕਿਹਾ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ ।

Chief Minister : I have asked the Education Minister to withdraw the word and he has withdrawn. What is the use of saying it again and again?

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਇੱਕ ਪੁਆਇੰਟ ਵੋਕੇਸ਼ਨੇਲਾਈਜੇਸ਼ਨ ਬਾਰੇ ਉਠਾਇਆ ਗਿਆ ਹੈ। ਉਸ ਬਾਰੇ ਮੈਂ ਤਫਸੀਲ ਵਿਚ ਅਰਜ਼ ਕਰ ਚੁੱਕਾ ਹਾਂ ਕਿ ਸਾਡੇ ਵਿੱਤ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ, ਅਸੀਂ ਸਾਰੇ ਮਹਿਸੂਸ ਕਰਦੇ ਹਾਂ ਕਿ ਵਿਦਆਊਟ ਜਾਬ ਔਰੀਐਂਟਡ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਵਿੱਦਿਆ ਮੰਤਰੀ]

ਐਜੂਕੇਸ਼ਨ ਇਹ ਪਰਪਜ਼ਫੁੱਲ ਨਹੀਂ ਹੋ ਸਕਦੀ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਆਇੰਟ ਆਲਰੈਡੀ ਕਲੀਅਰ ਕਰ ਚੁੱਕਾ ਹਾਂ। ਇੱਕ ਮੇਰੇ ਵੀਰ ਨੇ ਟੀਚਰਾਂ ਦਾ ਮਸਲਾ ਉਠਾਇਆ ਹੈ, ਉਹ ਵਿਚਾਰ ਅਧੀਨ ਹੈ। ਸ਼੍ਰੀ ਗੁਰਦਿਆਲ ਸੈਣੀ ਜੀ ਨੇ ਨਾਨ-ਟੀਚਿੰਗ ਸਟਾਫ ਦਾ ਮਸਲਾ ਉਠਾਇਆ ਹੈ। ਡਿਪਟੀ ਸਪੀਕਰ ਸਾਹਿਬ, ਨਾਨ-ਟੀਚਿੰਗ ਸਟਾਫ ਦੇ ਬਹੁਤ ਸਾਰੇ ਮਸਲੇ ਹੱਲ ਕੀਤੇ ਗਏ ਹਨ ਅਤੇ ਉਨ੍ਹਾਂ ਦੀਆਂ ਅਨਾਮਲੀਜ਼ ਦੂਰ ਕੀਤੀਆਂ ਗਈਆਂ ਹਨ। ਉਨ੍ਹਾਂ ਇੰਪਲਾਈਜ਼ ਨੂੰ ਪਿਛਲੇ ਏਰੀਅਰਜ਼ ਵੀ ਦਿੱਤੇ ਗਏ ਹਨ। ਬਾਕੀ ਹੋਰ ਵੀ ਜਿਹੜੇ ਮਸਲੇ ਰਹਿ ਗਏ ਹਨ, ਉਨ੍ਹਾਂ ਬਾਰੇ ਆਨਰੇਬਲ ਮੈਂਬਰ ਸਾਹਿਬ ਮੇਰੇ ਨਾਲ ਗੱਲ ਕਰ ਲੈਣ ਤਾਂ ਵਿਚਾਰ ਕਰ ਲਵਾਂਗੇ। ਡਿਪਟੀ ਸਪੀਕਰ ਸਾਹਿਬ, ਇਕ ਮਸਲਾ ਸਪੋਰਟਸ ਅਕੈਡਮੀ ਬਾਰੇ ਉਠਾਇਆ ਗਿਆ ਹੈ। ਇਸ ਬਾਰੇ ਅਸੀਂ ਜ਼ਮੀਨ ਸਿਲੈਕਟ ਕਰ ਲਈ ਹੈ ਔਰ ਕਾਰਵਾਈ ਅਗੇ ਜਾਰੀ ਹੈ। ਇਕ ਮਸਲਾ, ਡਿਪਟੀ ਸਪੀਕਰ ਸਾਹਿਬ, ਸ਼ਹਿਰਾਂ ਦੇ ਸਕੂਲਾਂ ਬਾਰੇ ਉਠਾਇਆ ਗਿਆ ਹੈ। ਸ਼ਹਿਰਾਂ ਵਿਚ, ਡਿਪਟੀ ਸਪੀਕਰ ਸਾਹਿਬ, ਅਸੀਂ ਸਕੂਲ ਖੋਲ੍ਹਦੇ ਹਾਂ ਜਿਥੇ ਜ਼ਰੂਰਤ ਹੁੰਦੀ ਹੈ। ਸ਼ਹਿਰਾਂ ਵਿਚ ਪਿਛੇ ਜ਼ਿਆਦਾ ਸਕੂਲ ਖੋਲ੍ਹੇ ਗਏ ਸਨ। ਇਸ ਲਈ ਇਸ ਸਾਲ ਸ਼ਹਿਰਾਂ ਵਿਚ ਕੁਝ ਸਕੂਲ ਥੋੜ੍ਹੇ ਜਿਹੇ ਘੱਟ ਖੋਲ੍ਹੇ ਗਏ ਹਨ। ਡਿਪਟੀ ਸਪੀਕਰ ਸਾਹਿਬ, 5,000 ਰੁਪਏ ਪੰਚਾਇਤਾਂ ਕੋਲੋਂ ਲਏ ਜਾਂਦੇ ਹਨ ਔਰ ਉਹ ਰੁਪਏ ਪੰਚਾਇਤਾਂ ਕੋਲੋਂ ਨਾ ਲਏ ਜਾਣ ਬਾਰੇ ਕਪੂਰ ਸਾਹਿਬ ਨੇ ਗੱਲ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਜਾਣ ਬੁਝ ਕੇ ਕੀਤੀ ਗਈ ਹੈ। ਜਦੋਂ ਪੰਜਾਬ ਸਰਕਾਰ 25-25 ਹਜ਼ਾਰ ਰੁਪਏ ਖਰਚ ਕਰਦੀ ਹੈ ਅਤੇ ਹੋਰ ਸਾਰਾ ਮੈਟੀਰੀਅਲ ਵਗੈਰਾ ਦਿੰਦੀ ਹੈ ਤਾਂ 5,000 ਰੁਪਿਆ ਪੰਚਾਇਤ ਜੇਕਰ ਐਜੂਕੇਸ਼ਨ ਖਾਤਰ ਦੇ ਦੇਵੇ ਤਾਂ ਮੈਂ ਸਮਝਦਾ ਹਾਂ ਕਿ ਕੋਈ ਮਾੜੀ ਗਲ ਨਹੀਂ ਹੈ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ਼੍ਰੀ ਡਿਪਟੀ ਸਪੀਕਰ: ਸਾਰੇ ਮਾਨਯੋਗ ਮੈਂਬਰ ਸਾਹਿਬਾਨ ਬੈਠ ਜਾਓ। ਵਿੱਤ ਮੰਤਰੀ ਜੀ, ਤੁਸੀਂ ਬੋਲੋ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਡਿਪਟੀ ਸਪੀਕਰ ਸਾਹਿਬ, ਪਿਛੇ ਐਕਸਾਈਜ਼ ਐਂਡ ਟੈਕਸੇਸ਼ਨ ਬਾਰੇ ਕੋਈ ਬਹਿਸ ਨਹੀਂ ਹੁੰਦੀ ਰਹੀ ਹੈ। ਸਾਰੇ ਮਾਨਯੋਗ ਮੈਂਬਰਾਂ ਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਗਿਆ ਅਤੇ ਉਨ੍ਹਾਂ ਦੀਆਂ ਸਾਰੀਆਂ ਕਹੀਆਂ ਹੋਈਆਂ ਗੱਲਾਂ ਰਿਕਾਰਡ ਹੁੰਦੀਆਂ ਰਹੀਆਂ ਹਨ। ਹਾਊਸ ਦੀਆਂ ਪਰੋਸੀਡਿੰਗਜ਼ ਵਿਚ ਆਪੋਜੀਸ਼ਨ ਨੂੰ ਵਿਘਨ ਨਹੀਂ ਪਾਉਣਾ ਚਾਹੀਦਾ। ਡਿਪਟੀ ਸਪੀਕਰ ਸਾਹਿਬ, ਹਾਊਸ ਦੀ ਮਰਿਆਦਾ ਨੂੰ ਕਾਇਮ ਰਖਣਾ ਚਾਹੀਦਾ ਹੈ। (ਵਿਘਨ) ਚੇਅਰ ਦਾ ਹੁਕਮ ਸਾਰੇ ਮਾਨਯੋਗ ਮੈਂਬਰਾਂ ਨੂੰ ਮੰਨਣਾ ਚਾਹੀਦਾ ਹੈ ਅਤੇ ਖੜ੍ਹੇ ਹੋਏ ਮੈਂਬਰਾਂ ਨੂੰ ਬੈਠ ਜਾਣਾ ਚਾਹੀਦਾ ਹੈ। ਇਹ ਕੁਐਸਚਨ ਆਵਰ ਨਹੀਂ ਹੈ ਕਿ ਹਰ ਇਕ ਮੈਂਬਰ ਦੇ ਸਵਾਲ ਦਾ ਜਵਾਬ ਦਿਤਾ ਜਾਵੇ। ਜੋ ਇਨਫਰਮੇਸ਼ਨ ਮਨਿਸਟਰ ਸਾਹਿਬ ਕੋਲ ਹੁੰਦੀ ਹੈ, ਉਹ ਉਸ ਦਾ ਜਵਾਬ ਦੇ ਦਿੰਦਾ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ: ਐਜੂਕੇਸ਼ਨ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ। ਇਸ ਲਈ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਬੈਠ ਜਾਓ ਅਤੇ ਐਫ. ਐਮ. ਸਾਹਿਬ ਨੂੰ ਬੋਲ ਲੈਣ ਦਿਓ, ਉਸ ਤੋਂ ਬਾਅਦ ਕੋਈ ਗੱਲ ਕਿਸੇ ਨੇ ਪੁੱਛਣੀ ਹੋਵੇ ਤਾਂ ਪੁੱਛ ਲੈਣਾ।

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ: ਡਿਪਟੀ ਸਪੀਕਰ ਸਾਹਿਬ, ਮੈਂ ਵੀ ਰਿਪਲਾਈ ਦੇਵਾਂਗਾ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਪਹਿਲੀ ਦਫਾ ਐਕਸਾਈਜ਼ ਐਂਡ ਟੈਕਸੇਸ਼ਨ ਤੇ ਡਿਸਕਸ਼ਨ ਹੋਈ ਹੈ ਅੱਜ 10–12 ਸਾਲ ਤੋਂ ਪਹਿਲਾਂ ਕਦੇ ਵੀ ਐਕਸਾਈਜ਼ ਐਂਡ ਟੈਕਸੇਸ਼ਨ ਤੇ ਡਿਸਕਸ਼ਨ ਨਹੀਂ ਹੋਈ। ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੋਈ ਹੈ ਕਿ ਆਪੋਜੀਸ਼ਨ ਨੂੰ ਚਿੰਤਾ ਹੈ ਕਿ ਸਟੇਟ ਦਾ ਰੈਵੇਨਿਊ ਵਧੇ ਪਰ ਜੇਕਰ ਚਿੰਤਾ ਸੱਚਮੁੱਚ ਹੀ ਇਨ੍ਹਾਂ ਦੇ ਮੰਨ ਵਿਚ ਹੈ ਤਾਂ ਇਨ੍ਹਾਂ ਨੂੰ ਹਾਊਸ ਵਿਚ ਸੁਜੈਸ਼ਨਾਂ ਦੇਣੀਆਂ ਚਾਹੀਦੀਆਂ ਸਨ ਕਿ ਇਸ ਤਰ੍ਹਾਂ ਰੈਵੇਨਿਊ ਸਟੇਟ ਦਾ ਵਧਾਇਆ ਜਾ ਸਕਦਾ ਹੈ। ਇਹ ਆਪੋਜੀਸ਼ਨ ਵਾਲੇ ਭਰਾ ਇਕ ਪਾਸੇ ਤਾਂ ਕਹਿੰਦੇ ਹਨ ਕਿ ਸਟੇਟ ਦਾ ਰੈਵੇਨਿਊ ਵਧਣਾ ਚਾਹੀਦਾ ਹੈ ਪਰ ਦੂਸਰੇ ਪਾਸੇ ਕਹਿੰਦੇ ਹਨ ਕਿ ਰੈਵੇਨਿਊ ਵਧਾਉਣ ਵਾਸਤੇ ਸਾਡੇ ਮੋਟੇ ਟੈਕਸ ਕਿਉਂ ਲਗਾਏ ਗਏ ਹਨ। ਸਟੇਟ ਦਾ ਰੈਵੇਨਿਊ ਕਿਉਂ ਵਧਾਇਆ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਗੁਰੂ ਸਾਹਿਬਾਨ ਨੇ ਕਿਹਾ ਹੈ ਕਿ ਆਪਣੀ ਕਮਾਈ ਵਿਚੋਂ ਦਸਵੰਧ ਕੱਢੋ। ਆਪਣੀ ਕਮਾਈ ਵਿਚੋਂ ਕੁਝ ਹਿਸਾ ਕੱਢ ਕੇ ਗਰੀਬਾਂ ਦਾ ਭਲਾ ਕਰੋ। ਇਸ ਨਾਲ ਸਟੇਟ ਦੀ ਤਰੱਕੀ ਹੋਵੇਗੀ। ਅਮੀਰਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਸਹਿਯੋਗ ਦੇਣ ਨਾਲ ਸਟੇਟ ਖੁਸ਼ਹਾਲ ਹੋਵੇਗੀ। ਗਰੀਬ ਖੁਸ਼ਹਾਲ ਹੋਵੇਗਾ। ਇਸ ਲਈ, ਡਿਪਟੀ ਸਪੀਕਰ ਸਾਹਿਬ, ਜੇਕਰ ਪੰਜਾਬ ਸਰਕਾਰ ਰਿਸੋਰਸਿਜ਼ ਆਪਣੇ ਵਧਾ ਰਹੀ ਹੈ ਤਾਂ ਕਿਸੇ ਨੂੰ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ। ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਵੀ ਅਤੇ ਸੀ. ਐਮ. ਸਾਹਿਬ ਕੋਲ ਵੀ ਆਪੋਜ਼ੀਸ਼ਨ ਦੇ ਭਰਾ ਆਏ ਹਨ ਅਤੇ ਕਹਿੰਦੇ ਹਨ ਕਿ ਕੀ ਤੁਸੀਂ ਰਿਸੋਰਸਿਜ਼ ਵਧਾਉਣ ਦਾ ਠੇਕਾ ਲਿਆ ਹੋਇਆ ਹੈ। ਤੁਸੀਂ ਗੱਡੀਆਂ ਲਓ, ਝੰਡੀਆਂ ਲਗਾਓ ਕੋਠੀਆਂ ਲਓ ਅਤੇ ਮੌਜਾਂ ਕਰੋ ਅੱਜ ਆਪਣਾ ਵਕਤ ਕੱਟੋ। ਪਰ, ਡਿਪਟੀ ਸਪੀਕਰ ਸਾਹਿਬ, ਕਾਂਗਰਸ ਸਰਕਾਰ ਨੇ ਅੱਜ ਸਾਡੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਸੰਕਲਪ ਕੀਤਾ ਹੋਇਆ ਹੈ ਕਿ ਪੰਜਾਬ ਦੀ ਪੰਜ ਸਾਲ ਸੇਵਾ ਕਰਨੀ ਹੈ । (ਬੰਪਿੰਗ) ਪੰਜਾਬ ਦੇ ਗਰੀਬਾਂ ਦਾ ਭਲਾ ਕਰਨਾ ਹੈ। ਪੰਜਾਬ ਦੀ ਡਿਵੈਲਪਮੈਂਟ ਕਰਨੀ ਹੈ। ਮੈਨੂੰ, ਡਿਪਟੀ ਸਪੀਕਰ ਸਾਹਿਬ, ਖੁਸ਼ੀ ਹੈ ਕਿ ਜਦੋਂ ਵੀ ਕਾਂਗਰਸ ਸਰਕਾਰ ਆਈ ਹੈ ਤਾਂ ਉਸ ਨੇ ਆਪਣੇ ਪੰਜ ਸਾਲ ਪੂਰੇ ਕੀਤੇ ਹਨ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ ਹੈ। (ਬੰਪਿੰਗ) ਸਾਹਮਣੇ ਬੈਠੇ ਭਰਾਵਾਂ ਦੀ ਜਦੋਂ ਵੀ ਸਰਕਾਰ ਆਈ ਤਾਂ ਉਸ ਨੇ ਕਦੇ ਵੀ ਪੰਜ ਸਾਲ ਪੂਰੇ ਨਹੀਂ ਕੀਤੇ ਅਤੇ ਵਿਚੇ ਹੀ ਸਰਕਾਰ ਟੁੱਟ ਗਈ। ਸਾਹਮਣੇ ਬੈਠੇ ਭਰਾਵਾਂ ਦੀ ਡੰਗ ਟਪਾਊ ਸਰਕਾਰ ਬਣਦੀ ਰਹੀ ਹੈ। ਇਨ੍ਹਾਂ ਨੇ ਹਮੇਸ਼ਾ ਸੌਖਾ ਰਾਹ ਅਪਣਾਇਆ ਹੈ। ਕੰਮ ਚਲਾਓ ਅਤੇ ਗੁਜ਼ਾਰਾ ਕਰੋ ਦੀ ਨੀਤੀ ਅਪਣਾਈ ਹੈ। ਇਸੇ ਕਰਕੇ ਹੀ ਪੰਜਾਬ ਦੇ ਲੋਕਾਂ ਨੇ ਤੁਹਾਨੂੰ ਦੋਬਾਰਾ ਵੋਟਾਂ ਨਹੀਂ ਦਿਤੀਆਂ ਅਤੇ ਫਿਰ ਕਾਂਗਰਸ ਸਰਕਾਰ ਬਣੀ। ਡਿਪਟੀ ਸਪੀਕਰ ਸਾਹਿਬ, ਜਦੋਂ ਦੇ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਬਣੇ ਹਨ ਉਨ੍ਹਾਂ ਨੇ ਅਤੇ ਸਾਡੀ ਕਾਂਗਰਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਟੇਟ ਦੀ ਹਰ ਤਰ੍ਹਾਂ ਨਾਲ ਸੇਵਾ ਕਰਨੀ ਹੈ। ਸਟੇਟ ਦੀ ਸੇਵਾ ਕਰਨ ਲਈ ਰਿਸੋਰਸਿਜ਼ ਸਟੇਟ ਦੇ ਹੋਰ ਵਧਾਉਣੇ ਹਨ ਅਤੇ ਸਟੇਟ ਨੂੰ ਉੱਚੀਆਂ ਮੰਜ਼ਲਾਂ ਤਕ ਪਹੁੰਚਾਉਣਾ ਹੈ। ਅਸੀਂ ਚਾਹੁੰਦੇ ਹਾਂ ਕਿ ਸਟੇਟ ਅਗੇ ਹੀ ਅਗੇ ਵਧੇ। ਸਟੇਟ ਦੀ ਪਰੋਡਕਸ਼ਨ ਵਧੇ। ਸਟੇਟ ਹਰ ਲਿਹਾਜ਼ ਨਾਲ ਅਗੇ ਵਧਦੀ ਜਾਵੇ। ਇਸ ਕਰਕੇ ਕੁਝ ਥੋੜ੍ਹੀ ਜਿਹੀ ਤਕਲੀਫ ਲੋਕਾਂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨੂੰ ਮੈਂ ਤਕਲੀਫ ਨਹੀਂ ਕਹਾਂਗਾ ਬਲਕਿ ਉਨ੍ਹਾਂ ਦੀ ਕਮਾਈ ਦਾ ਥੋੜ੍ਹਾ ਜਿਹਾ ਹਿਸਾ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਓਨਾ ਓਨਾ ਹੀ ਬੋਝ ਪੈਣਾ ਹੈ ਜਿੰਨੀ ਜਿੰਨੀ ਕਿਸੇ ਦੀ ਕਮਾਈ ਹੈ। ਉਸ ਤੋਂ ਜ਼ਿਆਦਾ ਬੋਝ ਉਸ ਤੇ ਨਹੀਂ ਪੈਣਾ । ਉਹ ਸ਼ੇਅਰਡ ਹੋ ਜਾਂਦਾ ਹੈ। ਮੈਨੂੰ ਅਫਸੋਸ ਹੈ ਕਿ ਸਾਡੀ ਅਕਾਲੀ ਪਾਰਟੀ ਦੇ ਮੈਂਬਰ ਸਾਹਿਬ ਨੇ ਇਥੇ ਬੜੀ ਅਜੀਬ ਜਿਹੀ ਗਲ ਕਹਿ ਦਿਤੀ ਜਿਸ ਤੇ ਮੈਨੂੰ ਇਉਂ ਲਗਾ ਕਿ ਜਿਵੇਂ ਇਕ ਵਾਰੀ ਕਿਸੇ ਵਿਅਕਤੀ ਨੇ ਅਖਬਾਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪੁੱਠਾ ਪਕੜਿਆ ਹੋਇਆ ਸੀ ਅਤੇ ਅਖਬਾਰ ਨੂੰ ਦੇਖ ਕੇ ਉਹ ਕਹਿਣ ਲਗਾ ਕਿ ਬੜੇ ਐਕਸੀਡੈਂਟ ਹੋ ਗਏ ਹਨ ਕਿਉਂਕਿ ਉਸ ਵਿਚ ਬਸਾਂ ਪੁੱਠੀਆਂ ਦਿਖ ਰਹੀਆਂ ਸਨ । ਦੂਸਰੇ ਨੇ ਉਸ ਨੂੰ ਕਿਹਾ ਕਿ ਤੂੰ ਅਖਬਾਰ ਪੁੱਠਾ ਪਕੜਿਆ ਹੋਇਆ ਹੈ ਇਸ ਲਈ ਤੈਨੂੰ ਬਸਾਂ ਉਲਟੀਆਂ ਪਈਆਂ ਨਜ਼ਰ ਆ ਰਹੀਆਂ ਹਨ। ਇਸੇ ਤਰ੍ਹਾਂ ਹੀ ਇਨ੍ਹਾਂ ਨੇ ਬਜਟ ਐਟ ਏ ਗਲਾਂਸ ਦਾ ਪੇਜ-5 ਪੜ੍ਹ ਲਿਆ ਅੱਰ ਕਹਿ ਦਿਤਾ ਕਿ ਸੈਂਟ੍ਰਲ ਗੌਰਮਿੰਟ 87 ਪੈਸੇ ਲੈ ਜਾਂਦੀ ਹੈ। ਮੈਂਬਰ ਸਾਹਿਬਾਨ ਬੜੇ ਹੈਰਾਨ ਹੋਏ ਕਿ ਇਹ ਫਿਗਰ ਪਤਾਂ ਨਹੀਂ ਕਿਥੋਂ ਲਿਆਏ ਹਨ ।ਪਰ ਪ੍ਰਤੀਤ ਹੁੰਦਾ ਹੈ ਕਿ ਮਾਨ ਸਾਹਿਬ ਨੇ ਕਿਤਾਬ ਪੁੱਠੀ ਪਕੜੀ ਹੋਣੀ ਹੈ । ਇਨ੍ਹਾਂ ਨੇ ਇਹ ਨਹੀਂ ਪੜ੍ਹਿਆ ਕਿ ਸੇਲਜ਼ ਟੈਕਸ 32 ਪੈਸੇ ਐਕਸਾਈਜ਼ ਦੇ 14 ਪੈਸੇ ਅੱਰ ਅਦਰ ਟੈਕਸਿਜ਼ ਰਾਹੀਂ 17 ਪੈਸੇ ਹਨ। ਇਹ ਵੀ ਨਹੀਂ ਪੜ੍ਹਿਆ ਇਨ੍ਹਾਂ ਨੇ ਕਿ 100 ਵਿਚੋਂ 87 ਮਨਫੀ ਕਰਕੇ ਬਾਕੀ 13 ਪੈਸੇ ਸੈਂਟਰ ਵਾਲੇ ਲੈ ਜਾਂਦੇ ਹਨ । ਪਰ ਇਨ੍ਹਾਂ ਨੇ ਕਹਿ ਦਿਤਾ ਕਿ 100 ਵਿਚੋਂ 87 ਪੈਸੇ ਸੈਂਟਰ ਦੀ ਸਰਕਾਰ ਲੈ ਜਾਂਦੀ ਹੈ । ਇਸ ਲਈ ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਸਰਦਾਰ ਸਾਹਿਬਾਨ ਕਹਿੰਦੇ ਹਨ ਕਿ ਸੈਂਟਰ ਵਾਲੇ ਪੰਜਾਬ ਨੂੰ ਲੁੱਟ ਕੇ ਲੈ ਗਏ, ਇਹ ਗਲਤ ਗੱਲ ਹੈ।

ਮੈਂ ਉਸ ਬਾਰੇ ਇਥੇ ਜ਼ਿਕਰ ਨਹੀਂ ਕਰਨਾ ਚਾਹੁੰਦਾ ਜੋ ਕੁਝ ਇਨ੍ਹਾਂ ਨੇ ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਬਾਰੇ ਕਿਹਾ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਇਨਕਮ ਟੈਕਸ ਸਟੇਟ ਤੋਂ ਵਸੂਲਿਆ ਜਾਂਦਾ ਹੈ ਉਸ ਟੈਕਸ ਵਿੱਚ 5% ਜਾਂ 7% ਕੁਲੈਕਸ਼ਨ ਚਾਰਜਿਜ਼ ਛਡ ਕੇ ਬਾਕੀ ਦਾ ਸਾਰੇ ਦਾ ਸਾਰਾ ਇਨਕਮ ਟੈਕਸ ਸਟੇਟ ਵਾਸਤੇ ਦੇ ਦਿੱਤਾ ਜਾਂਦਾ ਹੈ। ਉਹ ਸੈਂਟਰ ਨਹੀਂ ਰਖਦਾ। ਇਸ ਲਈ ਬਕਾਇਦਾ ਕਾਇਦਾ ਕਾਨੂੰਨ ਬਣਿਆ ਹੋਇਆ ਹੈ। ਫਿਰ ਵੀ ਇਸ ਤਰ੍ਹਾਂ ਦੀਆਂ ਗਲਾਂ ਕਰਨੀਆਂ ਇਹ ਤਾਂ ਹਵਾ ਵਿਚ ਤਲਵਾਰਾਂ ਮਾਰਨ ਵਾਲੀ ਗਲ ਹੈ । ਇਨ੍ਹਾਂ ਨੇ ਸਲਾਹ ਦਿਤੀ ਕਿ ਰੈਵੇਨਿਊ ਵਧਾਉਣ ਲਈ ਓਪੀਅਮ ਲਾਈਸੰਸ ਸ਼ੁਰੂ ਕਰੋ ਤਾ ਕਿ ਰੈਵੇਨਿਊ ਵਧੇ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹਵਾਂਗਾ ਕਿ ਆਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਦੀ ਜੋ ਵਜ਼ਾਹਤ ਕੀਤੀ ਗਈ ਹੈ ਉਸ ਵਿਚ ਓਪੀਅਮ ਲਾਈਸੰਸ ਦੇਣ ਬਾਰੇ ਕੋਈ ਜ਼ਿਕਰ ਨਹੀਂ ਹੈ । ਜੇਕਰ ਉਸ ਵਿਚ ਕੋਈ ਅਮੈਂਡਮੈਂਟ ਕੀਤੀ ਗਈ ਹੋਵੇ ਤਾਂ ਉਸ ਦਾ ਮੈਨੂੰ ਪਤਾ ਨਹੀਂ ਹੈ।

EXTENSION OF TIME OF THE SITTING

Mr. Deputy Speaker : Is it the pleasure of the House that the time of the Sitting of the House be extended by another ten minutes?

(Voices, yes, yes)

Mr. Deputy Speaker : The time of the sitting of the House is extended up to 1.55 P.M.

DISCUSSION AND VOTING OF DEMANDS FOR GRANTS FOR THE YEAR 1982-83 (*Resumption*)

ਸਰਦਾਰ ਬਲਦੇਵ ਸਿੰਘ ਮਾਨ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਵਿੱਤ ਮੰਤਰੀ : ਇਹ ਅਫੀਮ ਜੋ ਹੈ ਇਹ ਜ਼ਹਿਰ ਹੈ। ਇੰਟਰਨੈਸ਼ਨਲ ਲੈਵਲ ਤੇ ਅਫੀਮ ਵੇਚਣ ਵਾਸਤੇ ਮਨਾਹੀ ਹੋਈ ਹੈ। ਅਫੀਮ ਨੇ ਚੀਨ ਦਾ ਬੇੜਾ ਗਰਕ ਕਰ ਦਿੱਤਾ ਸੀ । ਅਫੀਮ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਪੰਜਾਬ ਵਿਚ ਯੋਜਨਾ-ਬੱਧ ਤਰੀਕੇ ਨਾਲ ਚੀਨ ਦੇ ਲੋਕ ਪਾਕਿਸਤਾਨ ਦੇ ਰਸਤੇ ਇਥੇ ਭੇਜਣਾ ਚਾਹੁੰਦੇ ਹਨ ਲੇਕਿਨ ਅਸੀਂ ਪੰਜਾਬ ਦੇ ਲੋਕਾਂ ਨੂੰ ਅਫੀਮਚੀ ਬਣਾ ਕੇ ਕਮਜ਼ੋਰ ਨਹੀਂ ਕਰਨਾ ਚਾਹੁੰਦੇ। ਅਸੀਂ ਪੰਜਾਬ ਦੇ ਬਹਾਦੁਰ ਲੋਕਾਂ ਨੂੰ ਬਹਾਦੁਰ ਰਖਣਾ ਚਾਹੁੰਦੇ ਹਾਂ। ਜਿਹੜੇ ਕੁਇੰਟਲਾਂ ਦੇ ਕੁਇੰਟਲ ਅਫੀਮ ਲਿਆਂਦੇ ਹਨ ਉਨ੍ਹਾਂ ਨੂੰ ਪਕੜਿਆ ਜਾਏਗਾ ਅੌਰ ਮੁਆਫ ਨਹੀਂ ਕੀਤਾ ਜਾਏਗਾ। ਅਸੀਂ ਇਨ੍ਹਾਂ ਦਾ ਸੁਝਾਓ ਠੁਕਰਾਉਂਦੇ ਹਾਂ । ਇਨ੍ਹਾਂ ਦਾ ਇਹ ਸੁਝਾਓ ਕੰਸਟਰਕਟਿਵ ਨਹੀਂ ਹੈ ਅੌਰ ਪੰਜਾਬ ਦੇ ਹਿੱਤ ਵਿਚ ਨਹੀਂ ਹੈ ਅੌਰ ਇਸ ਬਾਰੇ ਜੋ ਕੁਝ ਇਨ੍ਹਾਂ ਨੇ ਕਿਹਾ ਹੈ, ਉਹ ਗਲਤ ਹੈ।

ਮੈਂ ਦਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਅੈਕਸਾਈਜ਼ ਅੈਂਡ ਟੈਕਸੇਸ਼ਨ ਡਿਪਾਰਟਮੈਂਟ ਦੀ ਜਿਹੜੀ ਇਨਕਮ ਸੀ ਉਹ 10, 11, 12% ਤੋਂ ਵਧੀ ਨਹੀਂ ਸੀ। ਇਸ ਵੱਲ ਪਿਛੇ ਕੋਈ ਧਿਆਨ ਨਹੀਂ ਦਿਤਾ ਗਿਆ ਲੇਕਿਨ ਪੰਜਾਬ ਸਰਕਾਰ ਨੇ ਹੁਣ ਇਹ ਫੈਸਲਾ ਕੀਤਾ ਹੈ ਕਿ ਸਾਡੇ ਟੈਕ-ਸੇਸ਼ਨ ਡਿਪਾਰਟਮੈਂਟ ਨੂੰ ਕੰਮ ਕਰਨਾ ਚਾਹੀਦਾ ਹੈ, ਉਗਰਾਹੀ ਠੀਕ ਕਰਨੀ ਚਾਹੀਦੀ ਹੈ ਅੌਰ ਹੈਵੇ-ਨਿਉ ਕੁਲੈਕਸ਼ਨ ਜ਼ਿਆਦਾ ਹੋਣੀ ਚਾਹੀਦੀ ਹੈ। ਮੈਨੂੰ ਇਹ ਕਹਿਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਜਿਥੇ ਪਹਿਲਾਂ ਇਸ ਵਿਚ 10% ਇਨਕਰੀਜ਼ ਹੁੰਦੀ ਸੀ ਹੁਣ ਤੱਕ ਜੋ ਕੁਲੈਕਸ਼ਨ ਹੋ ਚੁਕੀ ਹੈ ਉਹ 21% ਤੋਂ ਜ਼ਿਆਦਾ ਟੈਕਸ ਕੁਲੈਕਸ਼ਨ ਹੋ ਚੁੱਕੀ ਹੈ। ਆਸ ਹੈ ਕਿ 31 ਮਾਰਚ ਤਕ ਇਹ 25% ਇਨਕਰੀਜ਼ ਤਕ ਲੈ ਜਾਵਾਂਗੇ।

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸ਼ਰਾਬ ਦੀ ਪਾਲਿਸੀ ਬਾਰੇ ਇਥੇ ਬੜੀ ਨੁਕਤਾਚੀਨੀ ਹੋਈ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਨਾਲ ਰੈਵੇਨਿਊ ਜ਼ਿਆਦਾ ਆਇਆ ਹੈ । ਲੇਕਿਨ ਹੂਚ ਟਰੈਜਿਡੀ ਨਹੀਂ ਹੋਈ ਹੈ। ਇੱਕ ਹੂਚ ਟਰੈਜਿਡੀ ਹੋਈ ਸੀ । ਉਸ ਲਈ ਜੋ ਮੁਜਰਮ ਸਨ ਉਹ ਪਕੜ ਲਏ ਗਏ ਹਨ। ਦੋ ਅੈਕਸਾਈਜ਼ ਡਿਪਾਰਟਮੈਂਟ ਦੇ ਅਫਸਰ ਅੌਰ ਦੋ ਅਫਸਰ ਪੁਲਿਸ ਵਿਭਾਗ ਦੇ ਸਸਪੈਂਡ ਕਰ ਦਿਤੇ ਗਏ ਹਨ । ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਜਿਸ ਨਾਲ ਹੂਚ ਟਰੈਜਿਡੀ ਹੋਈ ਹੈ, ਇਹ ਸ਼ਰਾਬ ਠੇਕਿਆਂ ਤੋਂ ਨਹੀਂ ਸੀ ਲਈ ਗਈ। ਉਹ ਪ੍ਰਾਈਵੇਟ ਆਦਮੀ ਨੇ ਇਲੀਸਿਟ ਸ਼ਰਾਬ ਬਣਾਈ ਹੋਈ ਸੀ। ਪੰਜਾਬ ਸਰਕਾਰ ਨੇ ਉਸ ਤੇ ਪੂਰਾ ਅੈਕਸ਼ਨ ਲਿਆ ਅੌਰ ਮੁਜਰਮਾਂ ਨੂੰ ਗਿਰਫਤਾਰ ਕੀਤਾ। ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੁਕਦਮੇ ਦੀ ਪੈਰਵੀ ਕਰ ਕੇ ਮੁਜਰਮਾਂ ਨੂੰ ਸਜ਼ਾ ਦਿਵਾਵਾਂਗੇ । ਕਿਉਂਕਿ ਉਨ੍ਹਾਂ ਨੇ ਇਨਸਾਨੀ ਜ਼ਿੰਦਗੀਆਂ ਨਾਲ ਖਿਲਵਾੜ ਕੀਤਾ ਹੈ । ਮੈਂ ਇਹ ਵੀ ਯਕੀਨ ਦਿਵਾਉਂਦਾ ਹਾਂ ਕਿ ਪੰਜਾਬ ਸਰਕਾਰ ਉਨ੍ਹਾਂ ਠੇਕਿਆਂ ਤੇ ਜਿਨ੍ਹਾਂ ਤੇ ਸ਼ਰਾਬ ਵੇਚੀ ਜਾ ਰਹੀ ਹੈ, ਪੂਰੀ ਨਿਗਾਹ ਰਖੇਗੀ ਤਾਕਿ ਕਿਸੇ ਠੇਕੇ ਤੋਂ ਇਹ ਹੂਚ ਟਰੈਜਿਡੀ ਨਾ ਹੋ ਸਕੇ । ਕਿਸੇ ਠੇਕੇਵਾਲੇ ਨੂੰ ਮੁਆਫ ਨਹੀਂ ਕੀਤਾ ਜਾਏਗਾ ਜਿਥੇ ਸਬ ਸਟੈਂਡਰਡ ਸ਼ਰਾਬ ਵਿਕੇਗੀ । ਹੁਣ ਇੱਕ ਨਵੀਂ ਚੀਜ਼ ਪਾਂਧੀ ਸਾਹਿਬ ਨੇ ਕਹਿ ਦਿਤੀ ਹੈ। ਇਨ੍ਹਾਂ ਨੂੰ ਸਭ ਕੁਝ ਉਹੀ ਨਜ਼ਰ ਆਉਂਦਾ ਹੈ ਜੋ ਕੁਝ ਇਹ ਆਪ ਹਨ । ਜਿਸ ਤਰ੍ਹਾਂ ਦਾ ਇਨ੍ਹਾਂ ਦਾ ਆਪਣਾ ਸੁਭਾਅ ਹੈ ਉਸੇ ਤਰ੍ਹਾਂ ਇਨ੍ਹਾਂ ਨੂੰ ਹਰ ਪਾਸੇ ਕੁਰੱਪਸ਼ਨ ਅੌਰ ਸਮਗਲਿੰਗ ਆਦਿ ਹੀ ਨਜ਼ਰ ਆਉਂਦੀ ਹੈ। ਪਰ ਮੈਂ ਦਸਣਾ ਚਾਹੁੰਦਾ ਹਾਂ ਡਿਪਟੀ ਸਪੀਕਰ ਸਾਹਿਬ, ਕਿ ਪੰਜਾਬ ਸਰਕਾਰ ਨੇ ਠੇਕਿਆਂ ਦੀ ਪਾਲਿਸੀ ਪੰਜਾਬ ਦੇ ਹਿੱਤ ਵਾਸਤੇ ਬਣਾਈ ਹੈ। ਇਹ ਇਸ ਵਾਸਤੇ ਬਣਾਈ ਹੈ ਕਿਉਂਕਿ ਅੰਗਰੇਜ਼ੀ ਸ਼ਰਾਬ ਦੇ ਠੇਕੇਦਾਰ ਪਿਛਲੇ ਸਾਲ ਆਪਣੀ ਮਨੋਪਲੀ ਬਣਾ ਕੇ ਬੈਠੇ ਸਨ । ਇਸ ਸਾਲ 2 ਕਰੋੜ ਦਾ ਘਾਟਾ ਦਿਖਾਇਆ ਹੈ ਅੌਰ ਉਨ੍ਹਾਂ ਦੀ 35% ਸ਼ਰਾਬ ਵਿਕੀ ਨਹੀਂ ਹੈ। ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਾਹਿਬ, ਪੰਜਾਬ ਸਰਕਾਰ ਨੇ ਇਹ ਪਾਲਿਸੀ ਬਦਲੀ ਹੈ ਅੌਰ ਇਹ ਬਦਲਣ ਨਾਲ 100% ਨਹੀਂ, 200% ਨਹੀਂ ਬਲਕਿ 400% ਅੰਗਰੇਜ਼ੀ ਸ਼ਰਾਬ ਦੇ ਠੇਕਿਆਂ ਦੀ ਬੋਲੀ ਵਿਚ ਇਨਕਰੀਜ਼ ਹੋਈ ਹੈ। ਖੁਲ੍ਹੀ ਬੋਲੀ ਹੋਈ ਹੈ। ਦੇਸੀ ਸ਼ਰਾਬ ਦੀ ਡਿਗਰੀ ਘਟਾਈ ਗਈ ਹੈ। ਬਜਟ ਵਿਚ 111 ਕਰੋੜ ਦੇ ਕਰੀਬ ਰੁਪਿਆ ਰਖਿਆ ਗਿਆ ਹੈ। ਪਰ ਸਾਨੂੰ ਆਸ ਕੇ ਕਿ ਇਸ ਪਾਲਿਸੀ ਦੇ ਮੁਤਾਬਿਕ ਇਸ ਨਿਗਰਾਨੀ ਦੇ ਮੁਤਾਬਿਕ 20 ਤੋਂ 25 ਕਰੋੜ ਰੁਪਏ ਹੋਰ ਹਾਸਲ ਕਰ ਸਕਾਂਗੇ।

ਇਸ ਤਰ੍ਹਾਂ ਪੰਜਾਬ ਦਾ ਰੈਵੇਨਿਊ ਵਧੇਗਾ ਅਤੇ ਉਸ ਨਾਲ ਇਥੇ ਦੀ ਤਰੱਕੀ ਹੋਵੇਗੀ। ਇਸ ਤਰ੍ਹਾਂ ਦੀਆਂ ਬੇਬੁਨਿਆਦ ਗੱਲਾਂ ਕਹਿ ਦੇਣਾ ਪੰਜਾਬ ਦੇ ਹਿੱਤ ਵਿਚ ਨਹੀਂ ਹਨ। ਇਹ ਕਹਿ ਦੇਣਾ ਕਿ ਪੈਸੇ ਲੈ ਕੇ ਠੇਕੇ ਦਿੰਦੇ ਹਨ, ਗਲਤ ਗਲ ਹੈ। ਆਕਸ਼ਨ ਲਈ ਕੋਈ ਸ਼ਿਕਾਇਤ ਨਹੀਂ ਆਈ। ਇਨਸਟਰਕਸ਼ਨਜ਼ ਦਿਤੀਆਂ ਗਈਆਂ ਕਿ ਸਾਰੇ ਪਾਸੇ ਦੇਖ ਕੇ ਇਕ, ਦੋ ਤਿੰਨ ਕਿਹਾ ਜਾਵੇ ਤਾ ਕਿ ਕੋਈ ਆਕਸ਼ਨ ਦੇਣ ਵਾਲਾ ਰਹਿ ਨਾ ਜਾਵੇ। ਕਿਸੇ ਪਾਸੇ ਤੋਂ ਕੋਈ ਸ਼ਿਕਾਇਤ ਨਹੀਂ ਆਈ। ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਜੇ ਇਸ ਤਰ੍ਹਾਂ ਦੀ ਕੋਈ ਸ਼ਿਕਾਇਤ ਹੋਵੇਗੀ ਤਾਂ ਉਸ ਦੀ ਇਨਕੁਆਇਰੀ ਕਰਾਂਗੇ ਅਤੇ ਉਸ ਅਫ਼ਸਰ ਦੇ ਖਿਲਾਫ ਐਕਸ਼ਨ ਲਵਾਂਗੇ ਅਤੇ ਉਥੇ ਦੁਬਾਰਾ ਨਿਲਾਮੀ ਕਰਾਂਗੇ। ਪੰਜਾਬ ਸਰਕਾਰ ਕੁਰੱਪਸ਼ਨ ਨੂੰ ਦੂਰ ਕਰਨਾ ਚਾਹੁੰਦੀ ਹੈ। ਪੰਜਾਬ ਸਰਕਾਰ ਇਮਾਨਦਾਰ ਅਫਸਰਾਂ ਦੀ ਮੱਦਦ ਕਰਨਾ ਚਾਹੁੰਦੀ ਹੈ। ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਦੇ ਬਾਰੇ ਕਿਹਾ ਗਿਆ ਕਿ ਇਸ ਵਿਚ ਦੋ ਨੰਬਰ ਦਾ ਧੰਦਾ ਬਹੁਤ ਹੈ। ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਕਦਮ ਉਠਾਏ ਹਨ ਤਾ ਕਿ ਟੈਕਸ ਦੀ ਚੋਰੀ ਨੂੰ ਰੋਕਿਆ ਜਾਵੇ। ਇਸ ਟਰੇਡ ਵਿਚ ਜਿਹੜੇ ਰਹਿਣ ਵਾਲੇ ਹਨ ਉਹ ਲੋਕ ਵੀ ਦੇਸ਼ ਦੀ ਸੇਵਾ ਕਰਦੇ ਹਨ। ਉਹ ਵੀ ਕੁਲੈਕਸ਼ਨ ਕਰਦੇ ਹਨ। (ਘੰਟੀ) ਗੌਰਮਿੰਟ ਦੇ ਕੁਲੈਕਸ਼ਨ ਚਾਰਜਿਜ਼ ਕੁਝ ਵੀ ਨਹੀਂ ਹਨ। ਪਹਿਲਾਂ ਇਹ ਕੁਲੈਕਸ਼ਨ ਚਾਰਜਿਜ਼ 1 $\frac{1}{2}$% ਸੀ ਉਸ ਨੂੰ ਘਟਾ ਕੇ ਅਸੀਂ 95% ਕਰ ਦਿਤਾ ਹੈ। ਰੈਵੇਨਿਊ ਵਧਾਇਆ ਹੈ ਕੁਲੈਕਸ਼ਨ ਚਾਰਜਿਜ਼ ਘਟਾਏ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿੰਨਾ ਵੀ ਸਾਨੂੰ ਰੈਵੇਨਿਊ ਆਵੇਗਾ ਉਸ ਦੇ ਮੁਤਾਬਿਕ ਅਸੀਂ ਉਹ ਸਟੇਟ ਦੀ ਡਿਵੈਲਪਮੈਂਟ ਤੇ ਖਰਚ ਕਰਾਂਗੇ। ਅਸੀਂ ਉਸ ਵਿਚ ਕੋਈ ਗੜਬੜ ਨਹੀਂ ਹੋਣ ਦਿਆਂਗੇ। ਟੈਕਸੇਸ਼ਨ ਦੀ ਚੋਰੀ ਰੋਕਣ ਵਾਸਤੇ ਕਦਮ ਉਠਾਏ ਹਨ। ਕੰਪਿਊਟਰ ਸਿਸਟਮ ਅਪਣਾਇਆ ਹੈ। ਐਸ. ਟੀ. 22 ਫਾਰਮ ਜਿਹੜਾ ਪੰਜਾਬ ਸਰਕਾਰ ਨੇ ਇੰਟਰੋਡਿਊਸ ਕੀਤਾ ਹੈ, ਉਸ ਦੀ ਮੁਖਾਲਫਤ ਹੋਈ। ਪਰ ਉਸ ਨਾਲ 25 ਕਰੋੜ ਰੁਪਏ ਦਾ ਸੇਲਜ਼ ਟੈਕਸ ਸਾਨੂੰ ਜ਼ਿਆਦਾ ਆਇਆ ਹੈ। ਇਸ ਨਾਲ ਇਕਲਾ ਟੈਕਸ ਹੀ ਜ਼ਿਆਦਾ ਨਹੀਂ ਆਇਆ ਸਗੋਂ ਜਿਹੜੀਆਂ ਬੋਗਸ ਫਰਮਾਂ ਅੈਗਜ਼ਿਸਟ ਨਹੀਂ ਸੀ ਕਰਦੀਆਂ ਅਤੇ ਜਿਹੜੀਆਂ ਆਪਣੀਆਂ ਟਰਾਂਜ਼ੈਕਸ਼ਨਜ਼ ਕਰੀ ਜਾਂਦੀਆਂ ਸਨ ਉਨ੍ਹਾਂ ਦਾ ਪਤਾ ਲਗਾ ਹੈ। 600 ਤੋਂ ਜ਼ਿਆਦਾ ਅਜਿਹੀਆਂ ਬੋਗਸ ਫਰਮਾਂ ਅਲੀਮੀਨੇਟ ਹੋ ਚੁਕੀਆਂ ਹਨ, ਅਜੇ ਇਹ ਪਰੋਸੈਸ ਜਾਰੀ ਹੈ। ਇਹ ਵੀ ਧਿਆਨ ਰਖਿਆ ਹੈ ਕਿ ਵਪਾਰੀਆਂ ਦੀ ਹਰਾਸਮੈਂਟ ਨਾ ਹੋਵੇ, ਉਨ੍ਹਾਂ ਨੂੰ ਕਿਸੇ ਕਿਸਮ ਦੀ ਤਕਲੀਫ ਨਾ ਹੋਵੇ। ਇਸ ਗੱਲ ਦਾ ਪੂਰਾ ਧਿਆਨ ਰਖ ਰਹੇ ਹਾਂ ਤਾ ਕਿ ਉਨ੍ਹਾਂ ਨੂੰ ਜ਼ਰਾ ਵੀ ਤਕਲੀਫ ਨਾ ਹੋਵੇ। ਅਸੀਂ ਉਸ ਤਰ੍ਹਾਂ ਟੈਕਸ ਪੇਅਰਜ਼ ਤੋਂ ਟੈਕਸ ਵਸੂਲ ਕਰਨਾ ਚਾਹੁੰਦੇ ਹਾਂ ਜਿਸ ਤਰ੍ਹਾਂ ਚਣਾਕੀਏ ਨੇ ਕਿਹਾ ਸੀ ਕਿ ਜਿਸ ਤਰ੍ਹਾਂ ਮਧੂ ਮੱਖੀ ਸ਼ਹਿਦ ਕਢਦੀ ਹੈ ਅਤੇ ਪਤਾ ਨਹੀਂ ਲਗਣ ਦਿੰਦੀ, ਇਸੇ ਤਰ੍ਹਾਂ ਅਸੀਂ ਟੈਕਸ ਵਸੂਲ ਕਰਨਾ ਚਾਹੁੰਦੇ ਹਾਂ।

EXTENSION OF TIME OF THE SITTING

ਸ਼੍ਰੀ ਡਿਪਟੀ ਸਪੀਕਰ: ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 5 ਮਿੰਟ ਵਧਾਇਆ ਜਾਵੇ।

Original with;
Punjab Vidhan Sabha
Digitized by;
Panjab Digital Library

(ਅਵਾਜ਼ਾਂ ਹਾਂ ਜੀ, ਹਾਂ ਜੀ) ।

ਸ਼੍ਰੀ ਡਿਪਟੀ ਸਪੀਕਰ : ਹਾਊਸ ਦਾ ਸਮਾਂ 5 ਮਿੰਟ ਵਧਾਇਆ ਜਾਂਦਾ ਹੈ ।

DISCUSSION AND VOTING OF DEMANDS FOR GRANTS FOR THE YEAR 1982-83 (*Resumption*)

ਵਿੱਤ ਮੰਤਰੀ : ਟੈਕਸ ਪੇਅਰਜ਼ ਜਿਹੜੇ ਹਨ ਉਹ ਸੋਸਾਇਟੀ ਦਾ ਰਿਸਪੈਕਟੇਬਲ ਪਾਰਟ ਹੈ। ਉਨ੍ਹਾਂ ਨੂੰ ਤਕਲੀਫ ਨਹੀਂ ਹੋਣੀ ਚਾਹੀਦੀ ਹੈ। ਜਿਹੜੇ ਇਸ ਵਿਚ ਲੂਪ ਹੋਲਜ਼ ਹਨ ਉਨ੍ਹਾਂ ਨੂੰ ਪਲੱਗ ਕੀਤਾ ਹੈ। ਇਹ ਨਹੀਂ ਕੀਤਾ ਕਿ ਛਾਪੇ ਮਾਰੇ, ਗਿਰਫਤਾਰੀ ਕਰ ਲਈ, ਰਜਿਸਟਰ ਖੋਹ ਲਏ, ਇਸ ਤਰ੍ਹਾਂ ਨਹੀਂ ਕੀਤਾ । ਇਸ ਨਾਲ ਟੈਕਸ ਪੇਅਰਜ਼ ਦੀ ਬਦਨਾਮੀ ਹੁੰਦੀ ਹੈ। ਅਸੀਂ ਇਸ ਚੀਜ਼ ਨੂੰ ਅਵਾਇਡ ਕਰਨਾ ਚਾਹੁੰਦੇ ਹਾਂ। ਟੈਕਸ ਅਵੇਜ਼ਨ ਦੇ ਜਿਹੜੇ ਲੂਪ ਹੋਲਜ਼ ਹਨ ਉਹ ਪੱਲਗ ਕੀਤੇ ਹਨ। ਪਰਚੇਜ਼ ਡੈਕਲੇਰੇਸ਼ਨ ਜਿਹੜਾ ਹੈ ਉਹ ਕੰਪਿਊਟਰ ਸਿਸਟਮ ਨਾਲ ਸਬੰਧ ਰਖਦਾ ਹੈ, ਇਸ ਕਰਕੇ ਉਸ ਨੂੰ ਲਾਗੂ ਕੀਤਾ ਹੈ। ਜਦੋਂ ਤੁਸੀਂ ਸੇਲ ਦੱਸਦੇ ਹੋ ਤਾਂ ਆਪਣੀ ਪਰਚੇਜ਼ ਵੀ ਦੱਸ ਦਿਓ।

ਇੰਟਰਟੇਨਮੈਂਟ ਟੈਕਸ ਸਿਨਮੇ ਨਾਲ ਸਬੰਧਤ ਹੈ। ਉਸ ਬਾਰੇ ਅਸੀਂ ਐਕਟ ਵਿਚ ਅਮੈਂਡਮੈਂਟ ਕਰ ਰਹੇ ਹਾਂ ਤਾਂ ਕਿ ਲੂਪ ਹੋਲਜ਼ ਨੂੰ ਪਲੱਗ ਕਰੀਏ।ਪਹਿਲਾਂ ਪਨੈਲਟੀ ਜਿਹੜੀ 2 ਹਜ਼ਾਰ ਰੁਪਏ ਸੀ ਉਸ ਨੂੰ 10 ਹਜ਼ਾਰ ਰੁਪਏ ਕਰ ਰਹੇ ਹਾਂ। ਇਸੇ ਤਰ੍ਹਾਂ ਹੀ ਸਿਕਿਉਰਿਟੀ ਜਿਹੜੀ ਪਹਿਲਾਂ 1 ਹਜ਼ਾਰ ਰੁਪਏ ਸੀ ਉਹ 20 ਹਜ਼ਾਰ ਰੁਪਏ ਤਕ ਕਰ ਰਹੇ ਹਾਂ ਤਾਂਕਿ ਸਿਨਮੇ ਦੀ ਟੈਕਸ ਦੀ ਚੋਰੀ ਨਾ ਹੋਵੇ।

ਇਥੇ ਕਿਹਾ ਗਿਆ ਕਿ ਸਟੈਂਪਸ ਨਹੀਂ ਹਨ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਨੇ ਲਿਖਿਆ ਹੈ ਕਿ ਸਾਨੂੰ ਸਟੈਂਪਸ ਖਰੀਦਣ ਦੀ ਆਗਿਆ ਦਿਤੀ ਜਾਵੇ। ਇਸ ਦੇ ਉਤੇ ਵਿਚਾਰ ਕਰ ਰਹੇ ਹਾਂ ਤਾਂਕਿ ਇਸ ਦੀ ਸ਼ਾਰਟੇਜ ਨਾ ਰਹੇ । ਇਸ ਦੇ ਬਾਵਜੂਦ ਵੀ ਸਾਡੀ ਸਟੇਟ ਦਾ ਰੈਵੇਨਿਊ ਵਧਿਆ ਹੈ। ਇਹ ਪੰਜਾਬ ਦੀ ਤਰੱਕੀ ਵਾਸਤੇ, ਪੰਜਾਬ ਦੀ ਬਹਿਬੂਦੀ ਵਾਸਤੇ ਲੱਗੇਗਾ। ਪੰਜਾਬ ਸਰਕਾਰ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਨੂੰ ਸਟਰੈਂਗਥਨ ਕਰ ਰਹੀ ਹੈ। ਲੋਕਾਂ ਦੀ ਸੇਵਾ ਵਾਸਤੇ ਇਸ ਨੂੰ ਤਿਆਰ ਕਰ ਰਹੇ ਹਾਂ ਤਾਂਕਿ ਅਸੀਂ ਵਧ ਤੋਂ ਵਧ ਸੌਖੇ ਤਰੀਕੇ ਨਾਲ ਕਿਸੇ ਨੂੰ ਪ੍ਰੇਸ਼ਾਨ ਕੀਤੇ ਬਗੈਰ ਟੈਕਸ ਇਕੱਠਾ ਕਰ ਸਕੀਏ।

ਅਸੀਂ ਸੈਲਫ ਅਸੈਸਮੈਂਟ ਦੀ ਸਕੀਮ ਇੰਟਰੋਡਿਊਸ ਕੀਤੀ ਹੈ ਤਾਕਿ ਉਹ ਆਪਣੀ ਅਸੈਸਮੈਂਟ ਆਪ ਕਰਾਉਣ ਅਤੇ ਉਨ੍ਹਾਂ ਨੂੰ ਬਹੁਤ ਪੇਸ਼ੀਆਂ ਨਾ ਭੁਗਤਣੀਆਂ ਪੈਣ ਅਤੇ ਉਹ ਪ੍ਰੇਸ਼ਾਨੀ ਤੋਂ ਬਚ ਜਾਣ। ਇਹ ਵੀ ਬਹੁਤ ਵੱਡੀ ਸਹੂਲਤ ਹੈ। 1% ਸੇਲਜ਼ ਟੈਕਸ ਵਧਾਇਆ ਹੈ। ਉਹ ਇਸ ਕਰਕੇ ਕਿਉਂਕਿ ਦੂਜੀਆਂ ਸਟੇਟਾਂ ਵਿਚ ਇਹ ਜ਼ਿਆਦਾ ਹੈ। ਰਾਜਸਥਾਨ ਵਿਚ ਇਹ 8% ਹੈ। ਇਸ ਨਾਲ ਸਟੇਟ ਨੂੰ ਰੈਵੇਨਿਊ ਜ਼ਿਆਦਾ ਆਵੇਗਾ। ਅਸੀਂ ਇਮਾਨਦਾਰ ਅਫਸਰਾਂ ਦੀ ਮੱਦਦ ਕਰਾਂਗੇ, ਉਨ੍ਹਾਂ ਨੂੰ ਇਨਕਰੇਜ ਕਰਾਂਗੇ। ਕੁਰੱਪਟ ਅਫਸਰ ਭਾਵੇਂ ਉਹ ਕੋਈ ਵੀ ਹੋਵੇ, ਪੰਜਾਬ ਸਰਕਾਰ ਉਸ ਨੂੰ ਮ_ਆਫ ਨਹੀਂ ਕਰੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ।

ਸ਼੍ਰੀ ਡਿਪਟੀ ਸਪੀਕਰ : ਹਾਊਸ ਦੀ ਅੱਜ ਦੀ ਦੂਜੀ ਸਿਟਿੰਗ ਢਾਈ ਵਜੇ ਸੀ। ਲੰਚ ਲਈ ਟਾਈਮ ਥੋੜ੍ਹਾ ਰਹਿ ਗਿਆ ਹੈ। ਇਸ ਲਈ ਦੂਜੀ ਸਿਟਿੰਗ 3.00 ਵਜੇ ਸ਼ੁਰੂ ਹੋਵੇਗੀ।

ਸਰਦਾਰ ਬਲਦੇਵ ਸਿੰਘ ਮਾਨ : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਸੀ ਕਿ ਡਾਕਟਰ ਸਾਹਿਬ ਸਿਆਣੇ ਆਦਮੀ ਹਨ ਪਰ ਐਸੀ ਗੱਲ ਨਜ਼ਰ ਤਾਂ ਨਹੀਂ ਆਈ । ਮੈਂ ਪੁੱਛਣਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਚਾਹੁੰਦਾ ਹਾਂ ਕਿ ਸੈਂਟਰਲ ਸੇਲਜ਼ ਟੈਕਸ ਅਤੇ ਸੈਂਟਰਲ ਐਕਸਾਈਜ਼ ਡਿਊਟੀ ਰਾਹੀਂ ਪੰਜਾਬ ਨੂੰ ਕਿੰਨਾਂ ਪੈਸਾ ਆਉਂਦਾ ਹੈ ਅਤੇ ਸੈਂਟਰਲ ਗੌਰਮਿੰਟ ਨੂੰ ਕਿੰਨਾ ਚਲਾ ਜਾਂਦਾ ਹੈ। ਇਸ ਬਾਰੇ ਇਹ ਕਲੀਅਰ ਕਰ ਦੇਣ।

ਦੂਜਾ ਇਹ ਕਿ ਜਿਹੜਾ ਇਨ੍ਹਾਂ ਨੇ ਹੂਚ ਦੇ ਬਾਰੇ ਕਿਹਾ ਹੈ ਕਿ ਅਸੀਂ ਹੂਚ ਟਰੈਜਡੀ ਨਹੀਂ ਹੋਣ ਦਿਆਂਗੇ। ਉਸ ਹੂਚ ਟਰੈਜਡੀ ਦੇ ਸਬੰਧ ਵਿਚ 2 ਬੰਦੇ ਫੜੇ ਗਏ ਹਨ ਪਰ ਅਸਲੀ ਮੁਲਜ਼ਮ ਨਹੀਂ ਫੜੇ ਗਏ। ਅਸਲੀ ਬੰਦੇ ਨੂੰ ਛੱਡ ਦਿਤਾ ਗਿਆ ਅਤੇ ਉਸ ਦੀ ਥਾਂ ਤੇ ਹੋਰ ਬੰਦਾ ਪਾਇਆ ਗਿਆ ਹੈ। ਇਸ ਦੀ ਪੜਤਾਲ ਹੋਣੀ ਚਾਹੀਦੀ ਹੈ। ਅਸਲੀ ਮੁਲਜ਼ਮ ਬਾਹਰ ਹੈ। ਉਹ 50 ਹਜ਼ਾਰ ਰੁਪਿਆ ਦੇ ਬੈਠਾ ਹੈ।

EXTENSION OF TIME OF THE SITTING

ਸ਼੍ਰੀ ਡਿਪਟੀ ਸਪੀਕਰ: ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 10 ਮਿੰਟ ਹੋਰ ਵਧਾਇਆ ਜਾਵੇ।

(ਅਵਾਜ਼ਾਂ : ਹਾਂ ਜੀ, ਹਾਂ ਜੀ)

ਸ਼੍ਰੀ ਡਿਪਟੀ ਸਪੀਕਰ: ਹਾਊਸ ਦਾ ਸਮਾਂ 10 ਮਿੰਟ ਹੋਰ ਵਧਾਇਆ ਜਾਂਦਾ ਹੈ।

DISCUSSION AND VOTING OF DEMANDS FOR GRANTS FOR THE YEAR 1982-83 (*Resumption*)

ਸਰਦਾਰ ਦਲੀਪ ਸਿੰਘ ਪਾਧੀ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਦੇ ਬੱਚਿਆਂ ਨੂੰ ਜਿਹੜੇ ਵਜ਼ੀਫੇ ਮਿਲਦੇ ਹਨ ਉਨ੍ਹਾਂ ਦੀ ਆਮਦਨ 6 ਹਜ਼ਾਰ ਰੁਪਏ ਰਖੀ ਹੋਈ ਹੈ ਇਹ 1973 ਤੋਂ ਚਲੀ ਆ ਰਹੀ ਹੈ। ਉਨ੍ਹਾਂ ਗਰੀਬਾਂ ਦੀ ਹਾਲਤ ਮਾੜੀ ਹੈ। ਕੀ ਇਸ ਹੱਦ ਨੂੰ ਇਹ ਵਧਾਉਣਗੇ ?

ਇਨ੍ਹਾਂ ਨੇ ਹੂਚ ਦੇ ਬਾਰੇ ਜ਼ਿਕਰ ਕੀਤਾ ਹੈ। 2 ਬੰਦੇ ਮਾਰੇ ਗਏ ਹਨ। ਮੈਂ ਪਹਿਲਾਂ ਵੀ ਦੱਸਿਆ ਸੀ ਕਿ ਮਿਸਟਰ ਸਰੀਨ, ਮਿਸਟਰ ਕੌਛੜ ਅਤੇ ਬਲਬੀਰ ਚੰਦ ਅਜੇ ਫੜੇ ਨਹੀਂ ਗਏ, ਵੇਦ ਪ੍ਰਕਾਸ਼ ਨੂੰ ਛੱਡ ਦਿਤਾ ਗਿਆ ਹੈ। ਉਸ ਬਾਰੇ ਇਹ ਕੀ ਕਰ ਰਹੇ ਹਨ ? ਐਸ.ਟੀ. 22 ਫਾਰਮ ਦੀ ਸ਼ਾਰਟੇਜ ਹੈ। ਉਸ ਦੀ ਬਲੈਕ ਹੋ ਰਹੀ ਹੈ। ਉਸ ਬਾਰੇ ਇਹ ਕੀ ਕਰ ਰਹੇ ਹਨ। ਈ.ਟੀ.ਓ., ਪਟਿਆਲਾ ਦਾ ਕੀ ਕਰ ਰਹੇ ਹਨ ਜੋ ਕਿ ਜ਼ਬਰੀ ਛੁੱਟੀ ਤੇ ਘਲਿਆ ਹੈ ? ਉਥੇ ਕੀ ਇੰਤਜ਼ਾਮ ਕਰ ਰਹੇ ਹੋ ? ਟੈਕਸ ਦੇ ਬਕਾਏ ਬੜੇ ਪਏ ਹਨ। ਇਸ ਬਾਰੇ ਮੈਂ ਐਸਟੀਮੇਟ ਕਮੇਟੀ ਵਿਚ ਵੀ ਕਿਹਾ ਸੀ। ਇਸ ਬਾਰੇ ਕੀ ਕਰ ਰਹੇ ਹੋ ?

ਪ੍ਰੋਫੈਸਰ ਬਲਵੰਤ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਤੋਂ 2 ਪੁਆਇੰਟਸ ਤੇ ਇਨਫਰਮੇਸ਼ਨ ਪੁੱਛੀ ਸੀ ਪਰ ਉਨ੍ਹਾਂ ਨੇ ਜਵਾਬ ਨਹੀਂ ਦਿਤਾ। ਕੱਲ੍ਹ ਮੈਂ ਸੀ.ਐਮ. ਨੂੰ ਵੀ ਪੁੱਛਿਆ ਸੀ ਪਰ ਉਨ੍ਹਾਂ ਨੇ ਵੀ ਉੱਤਰ ਨਹੀਂ ਦਿਤਾ। (ਵਿਘਨ) ਮੇਰਾ ਪੁਆਇੰਟ ਆਫ ਇਨਫਰਮੇਸ਼ਨ ਇਹ ਹੈ ਕਿ ਠੇਕੇ ਬੰਦ ਕਰਨ ਵਾਸਤੇ ਅਗਰ ਪੰਚਾਇਤ ਲਿਖ ਕੇ ਦੇਵੇ ਤਾਂ ਉਸ ਨੂੰ ਅਕਤੂਬਰ ਤਕ ਕੰਸਿਡਰ ਕੀਤਾ ਜਾਂਦਾ ਹੈ, ਇਹ ਬਹੁਤ ਅਰਲੀ ਹੁੰਦਾ ਹੈ। ਕੀ ਇਸ ਨੂੰ ਜਨਵਰੀ ਤਕ ਕੰਸਿਡਰ ਕਰਨ ਨੂੰ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

ਕਾਮਰੇਡ ਕੁਲਵੰਤ ਸਿੰਘ : ਪੁਆਇੰਟ ਆਫ ਕਲੈਰੀਫੀਕੇਸ਼ਨ, ਸਰ । ਸਰਕਾਰ ਨੇ ਪਹਿਲਾਂ ਵੀ ਤੇ ਹੁਣ ਵੀ ਤਿੰਨ ਵਾਰੀ ਐਲਾਨ ਕੀਤਾ ਹੈ ਕਿ ਜਿਨ੍ਹਾਂ ਟੀਚਰਾਂ ਦੀ 1 ਸਾਲ ਦੀ ਸਰਵਿਸ ਹੋ ਗਈ ਹੈ ਉਨ੍ਹਾਂ ਨੂੰ ਅਸੀਂ ਪੱਕਾ ਕਰ ਦਿਆਂਗੇ। ਕੀ ਉਨ੍ਹਾਂ ਨੂੰ ਇਹ ਪੱਕੇ ਕਰ ਦੇਣਗੇ? ਇਸ ਬਾਰੇ ਇਹ ਜਵਾਬ ਦੇਣ।

ਦੂਸਰਾ ਪੁਆਇੰਟ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਬੜੀ ਚੰਗੀ ਪਾਲਿਸੀ ਸ਼ਰਾਬ ਦੀ ਬਣਾਈ ਹੈ। ਉਸ ਦੇ ਮੁਤਾਬਿਕ ਅੰਗਰੇਜ਼ੀ ਸ਼ਰਾਬ ਬਾਰੇ ਤਾਂ ਮੈਂ ਨਹੀਂ ਪੁੱਛਦਾ ਪਰ ਦੇਸੀ ਸ਼ਰਾਬ ਬਾਰੇ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਬੋਤਲ ਦੀ ਕਿੰਨੀ ਕੀਮਤ ਰੱਖੀ ਗਈ ਹੈ ਅਤੇ ਕੀ ਉਹ ਠੇਕਿਆਂ ਤੇ ਕੀਮਤ ਲਾਗੂ ਹੈ ?

ਤੀਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਅਫੀਮ ਦੀ ਗਲ ਬੜੇ ਜ਼ੋਰ ਨਾਲ ਕੀਤੀ ਹੈ ਕਿ ਜਨੇਵਾ ਕਾਨਫਰੰਸ ਦੇ ਮੁਤਾਬਿਕ ਇਹ ਬੰਦ ਕਰ ਦਿੱਤੀ ਹੈ। ਲੇਕਿਨ ਇਸੇ ਬਜਟ ਵਿੱਚ 21 ਲੱਖ ਰੁਪਿਆ ਅਫੀਮ ਖਰੀਦਣ ਵਾਸਤੇ ਰਖਿਆ ਗਿਆ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਅਫੀਮ ਕਿਹੜੇ ਕੰਮ ਆਉਣੀ ਹੈ ?

ਸਰਦਾਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕਿਹਾ ਹੈ ਕਿ ਟੈਕਸਾਂ ਦੀ ਉਗਰਾਹੀ 21% ਰੀਆਰਗੇਨਾਈਜ਼ ਕਰਨ ਨਾਲ, ਮਜ਼ਬੂਤ ਹੋ ਕੇ ਕੰਮ ਕਰਨ ਨਾਲ, ਐਕਟ ਨੂੰ ਮਜ਼ਬੂਤੀ ਨਾਲ ਲਾਗੂ ਕਰਨ ਨਾਲ, ਵਧੀ ਹੈ, ਜਿਹੜਾ ਬੱਸਾਂ ਦਾ ਕਿਰਾਇਆ ਵਧਾਇਆ ਹੈ ਉਸ ਦੇ ਨਾਲ ਕੰਸੀਕੁਐਂਟਲੀ ਪੈਸੇਂਜਰ ਟੈਕਸ ਵੀ 50% ਵਧਾਇਆ ਗਿਆ ਹੈ ਉਸ ਦੇ ਹਿਸਾਬ ਨਾਲ ਕਿੰਨੀ ਟੈਕਸ ਗਰੋਥ ਵਧੀ ਹੈ ਅਤੇ ਜੇ ਉਹ ਕੱਢ ਦੇਈਏ ਤਾਂ ਕਿੰਨੀ ਵਧੀ ਹੈ। ਫਾਈਨਾਂਸ ਮਨਿਸਟਰ ਸਾਹਿਬ ਇਸ ਬਾਰੇ ਦੱਸ ਦੇਣ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਜੋ ਸਰਦਾਰ ਬਲਵੰਤ ਸਿੰਘ ਜੀ ਨੇ ਪੈਸੇਂਜਰ ਟੈਕਸ ਦਾ ਜ਼ਿਕਰ ਕੀਤਾ ਹੈ ਉਸ ਦਾ ਜਵਾਬ ਮੈਂ ਦੇਣਾ ਚਾਹੁੰਦਾ ਹਾਂ ਕਿ ਇਹ ਵੱਧੇ ਹੋਏ ਰੇਟ ਦੇ ਮੁਤਾਬਿਕ ਹੀ 21% ਦੀ ਇਨਕਰੀਜ਼ ਹੋਈ ਹੈ, ਇਹ ਟੈਕਸ ਕੱਢ ਕੇ ਨਹੀਂ ਹੋਈ।

ਦੂਸਰਾ ਕਾਮਰੇਡ ਕੁਲਵੰਤ ਸਿੰਘ ਜੀ ਨੇ 21 ਲੱਖ ਰੁਪਏ ਦੀ ਅਫੀਮ ਦੀ ਗਲ ਕੀਤੀ ਹੈ। ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਸਪਤਾਲਾਂ ਵਿੱਚ ਕਿਸੇ ਬੀਮਾਰ ਨੂੰ ਇਸ ਦੀ ਲੋੜ ਹੋ ਸਕਦੀ ਹੈ, ਮਰਫੀਆ ਦੇ ਟੀਕੇ ਵੀ ਲਗਦੇ ਹਨ, ਇਸ ਲਈ ਥੋੜ੍ਹੀ ਜਿਹੀ ਗੁੰਜਾਇਸ਼ ਤਾਂ ਰੱਖਣੀ ਹੀ ਪੈਂਦੀ ਹੈ। ਕੋਈ ਐਸਾ ਅਫੀਮਚੀ ਵੀ ਹੁੰਦਾ ਹੈ ਜਿਸ ਦੇ ਵਾਸਤੇ ਜ਼ਰੂਰੀ ਹੁੰਦੀ ਹੈ ਤਾਕਿ ਉਹ ਮਰ ਨਾ ਜਾਵੇ।

ਇਕ ਇਨ੍ਹਾਂ ਨੇ ਸ਼ਰਾਬ ਦੀ ਕੀਮਤ ਬਾਰੇ ਤੌਖਲਾ ਪ੍ਰਗਟ ਕੀਤਾ ਹੈ। ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਸੀ ਸਮਾਂ ਥੋੜ੍ਹਾ ਸੀ ਜਿਸ ਕਰਕੇ ਮੈਂ ਆਪਣੇ ਜਵਾਬ ਵਿੱਚ ਕਹਿ ਨਹੀਂ ਸਕਿਆ। ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਦੇਸੀ ਸ਼ਰਾਬ ਦੀ ਕੀਮਤ ਪਿਛਲੇ ਸਾਲ ਮੁਕੱਰਰ ਹੋਈ ਸੀ ਪਰ ਐਤਕੀਂ ਅਸੀਂ ਕੋਈ ਮੁਕੱਰਰ ਨਹੀਂ ਕੀਤੀ। ਇਹ ਮੁਕੱਰਰ ਇਸ ਕਰਕੇ ਨਹੀਂ ਕੀਤੀ ਕਿਉਂਕਿ ਨਾ ਤਾਂ ਇਹ ਅਸੈਂਸ਼ੀਅਲ ਕਮਾਡਿਟੀ ਹੈ ਅਤੇ ਨਾ ਹੀ ਇਹ ਜ਼ਰੂਰੀ ਹੈ ਕਿ ਘੱਟ ਕੀਮਤ ਤੇ ਲੋਕਾਂ ਨੂੰ ਦੇਣੀ ਹੈ। ਜਿਸ ਪਾਸ ਪੈਸੇ ਹਨ ਉਹੀ ਲਵੇ। ਇਸ ਕਰਕੇ ਇਸ ਦੀ ਕੀਮਤ ਮੁਕੱਰਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨਹੀਂ ਕੀਤੀ ਗਈ। ਪਹਿਲਾਂ ਸ਼ਾਇਦ ਵੱਧ ਤੋਂ ਵੱਧ 24 ਜਾਂ 26 ਰੁਪਏ ਵਿੱਚ ਬੋਤਲ ਵਿਕੀ ਹੈ: ਓਵਰਆਲ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ 3 ਕਰੋੜ ਕੁਝ ਲੱਖ ਬੋਤਲਾਂ ਹਨ ਅਤੇ ਉਸ ਦੇ ਹਿਸਾਬ ਨਾਲ 22 ਰੁਪਏ ਇਕ ਬੋਤਲ ਦੇ ਬਣਦੇ ਹਨ। ਅਸੀਂ ਸਮਝਦੇ ਹਾਂ ਕਿ 22 ਰੁਪਏ ਜਾਂ ਇਸ ਤੋਂ ਕੁਝ ਵਧ ਰੇਟ ਤੇ ਇਹ ਵਿਕੇਗੀ ਲੇਕਿਨ ਕੀਮਤ ਮੁਕੱਰਰ ਕਰਨ ਦਾ ਸਾਡਾ ਕੋਈ ਇਰਾਦਾ ਨਹੀਂ ਹੈ। ਮੈਂ ਇਕ ਗਲ ਹੋਰ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਕੋਈ ਪੈਸੇ ਗਵਾਉਣ ਲਈ ਠੇਕਾ ਨਹੀਂ ਲੈਂਦਾ। ਠੇਕੇਦਾਰ ਬੜੇ ਸਿਆਣੇ ਹਨ। ਫਿਰ ਇਹ ਕੋਈ ਅਨਇਮਪਲਾਇਮੈਂਟ ਦੀ ਗਲ ਤਾਂ ਹੈ ਨਹੀਂ ਕਿ ਅਨਇਮਪਲਾਇਡ ਗਰੈਜੂਏਟਸ ਨੂੰ ਇਹ ਦਿੱਤਾ ਜਾਵੇ। ਜਿਸ ਕੋਲ ਪੈਸੇ ਹਨ ਉਸ ਨੇ ਠੇਕਾ ਲੈਣਾ ਹੈ ਔਰ ਸਾਨੂੰ ਉਮੀਦ ਹੈ ਕਿ ਸ਼ਰਾਬ ਦੀ ਜਿਹੜੀ ਕੀਮਤ ਹੈ ਉਹ 22 ਰੁਪਏ ਬੋਤਲ ਜਾਂ ਇਸ ਤੋਂ ਵੱਧ ਇਕ ਦੋ ਰੁਪਏ ਹੋਵੇਗੀ।

ਇਕ ਇਨ੍ਹਾਂ ਨੇ ਪੰਚਾਇਤ ਦੇ ਠੇਕੇ ਬਾਰੇ ਕਿਹਾ ਹੈ। ਇਹ ਇਨ੍ਹਾਂ ਨੇ ਵੈਲਿਡ ਪੁਆਇੰਟ ਉਠਾਇਆ ਹੈ, ਉਹ ਅਸੀਂ ਦੇਖ ਲਵਾਂਗੇ।

ਏਰੀਅਰਜ਼ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 1968-69 ਵਿੱਚ ਗਲਤ ਪਾਲਿਸੀ ਬਣਾਉਣ ਦੀ ਵਜ੍ਹਾ ਕਰਕੇ 8-9 ਕਰੋੜ ਰੁਪਏ ਦੇ ਏਰੀਅਰਜ਼ ਹੋ ਗਏ ਸੀ ਜਿਹੜੇ ਕਿ ਅਜੇ ਤਕ ਚਲਦੇ ਆ ਰਹੇ ਹਨ। ਅਸੀਂ ਸਾਲ 1980-81 ਅਤੇ 1981-82 ਵਿੱਚ ਬਹੁਤ ਸਾਰੇ ਏਰੀ-ਅਰਜ਼ ਖ਼ਤਮ ਕਰ ਦਿੱਤੇ ਹਨ ਔਰ ਸਿਰਫ 33 ਲੱਖ ਰੁਪਏ ਰਹਿੰਦੇ ਹਨ, ਬਾਕੀ ਅਸੀਂ ਸਾਰੇ ਏਰੀਅਰਜ਼ ਕਲੀਅਰ ਕਰ ਦਿੱਤੇ ਹਨ। (ਥੰਪਿੰਗ) ਇਹ ਅਸੀਂ ਪੂਰੀ ਕਮਪੇਨ ਨਾਲ ਕਲੀਅਰ ਕਰਵਾਏ ਹਨ।

ਇਕ ਇਥੇ ਹੁਚ ਟਰੈਜਿਡੀ ਦਾ ਜ਼ਿਕਰ ਕੀਤਾ ਹੈ। ਇਸ ਦੇ ਵਿੱਚ ਪੁਲਿਸ ਨੇ ਇਨਵੈਸਟੀ-ਗੇਸ਼ਨ ਕਰਨੀ ਹੈ, ਇਸ ਵਿੱਚ ਇਸ ਤਰ੍ਹਾਂ ਕਿਸੇ ਨੂੰ ਫੜਿਆ ਨਹੀਂ ਜਾ ਸਕਦਾ। ਜੇ ਕਿਸੇ ਦੀ ਕਿਸੇ ਨਾਲ ਦੁਸ਼ਮਣੀ ਹੈ ਅਤੇ ਉਸ ਦਾ ਨਾਮ ਲੈ ਦਿੱਤਾ ਤਾਂ ਇਸ ਤਰ੍ਹਾਂ ਉਸ ਨੂੰ ਫੜਿਆ ਨਹੀਂ ਜਾਂਦਾ। ਇਸ ਕੇਸ ਵਿੱਚ ਪੁਲਿਸ ਨੇ 6-7 ਆਦਮੀ ਫੜੇ ਹਨ ਅਤੇ ਇਹ ਦੋ ਬੰਦੇ ਜਿਹੜੇ ਅੰਡਰ ਗਰਾਊਂਡ ਹਨ ਉਹ ਵੀ ਜ਼ਰੂਰ ਫੜਨਗੇ। ਕੇਸ ਸ਼ੁਰੂ ਹੋ ਚੁੱਕਾ ਹੈ। ਜਿਹੜੇ ਕਸੂਰਵਾਰ ਹਨ ਉਨ੍ਹਾਂ ਨੂੰ ਸਜ਼ਾ ਜ਼ਰੂਰ ਹੋਵੇਗੀ। ਇਸ ਦੇ ਵਿੱਚ ਕੋਈ ਹੈਂਕੀ ਪੈਂਕੀ ਵਾਲੀ ਗਲ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਐਕਸਾਈਜ਼ ਡਿਊਟੀ ਦੇ ਬਾਰੇ ਭੂੰਦੜ ਸਾਹਿਬ ਨੇ ਜ਼ਿਕਰ ਕੀਤਾ ਸੀ ਅਤੇ ਮਾਨ ਸਾਹਿਬ ਨੇ ਵੀ ਕਿਹਾ ਹੈ। ਸੈਂਟਰਲ ਸੇਲਜ਼ ਟੈਕਸ ਦਾ ਪੈਸਾ ਸਾਰੇ ਦਾ ਸਾਰਾ ਸਾਡੇ ਕੋਲ ਆਉਂਦਾ ਹੈ, ਇਨਕਮ ਟੈਕਸ ਸਾਰੇ ਦਾ ਸਾਰਾ ਸਾਡੇ ਕੋਲ ਆਉਂਦਾ ਹੈ। ਐਕਸਾਈਜ਼ ਡਿਊਟੀ ਦਾ 40% ਤੋਂ ਜ਼ਿਆਦਾ ਪੈਸਾ ਸਾਡੀ ਸਟੇਟ ਨੂੰ ਮਿਲਦਾ ਹੈ।

DEMAND NO. 6

Mr. Deputy Speaker : Now I put the cut motion to Demand No. 6 by Sardar Dalip Singh Pandhi to the vote of the House.

Mr. Deputy Speaker : Question is—

That the demand be reduced by Re. 1

The motion was lost.

Original with;
Punjab Vidhan Sabha
Digitized by;
Panjab Digital Library

Mr. Deputy Speaker : Question is —

That a sum not exceeding Rs 6,11,90,000 on Revenue Account be granted to the Governor to defray the charges that will come in course of payment for the year 1982-83 in respect of Excise and Taxation.

The motion was carried.

DEMAND NO. 16

Mr. Deputy Speaker : Question is —

That a sum not exceeding Rs 1,35,74,47,000 on Revenue Account be granted to the Governor to defray the charges that will come in course of payment for the year 1982-83 in respect of Education.

The motion was carried

Mr. Deputy Speaker : The House stands adjourned till 3.00 P.M. today, the 25th March, 1982.

*2.08 *P.M.*] (*The Sabha then adjourned till* 3.00 *P.M. the same day.*)

5455/PVS—Govt. Press, U, T, Chandigarh.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panj[illegible] Digital Library

©1982

Published under the authority of the Punjab Vidhan Sabha and printed by Controller, Govt. Press, Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

25th March, 1982

(Afternoon Sitting)

Vol. IV—No. 19

OFFICIAL REPORT

CONTENTS

(Thursday, the 25th March, 1982

		Page
Starred Questions and Answers	..	(19)1
Written Answers to Starred Questions laid on the Table of the House under Rule 38	..	(19)22
Announcement by the Secretary	..	(19)23
Point of Order	..	(19)24
Personal explanation by Sardar Ravi Inder Singh	..	(19)26
Ruling by the Speaker re. Moving of a Resolution by another Member	..	(19)29
Statement by the Chief Minister *re*. Issuance of instructions for showing due courtesy to Members by Officers of Government	..	(19)35
Ruling by the Speaker *re*. Moving of a Resolution by another Member (Resumption)	..	(19)35
Personal explanation by Sardar Ravi Inder Singh	..	(19)38

PUNJAB VIDHAN SABHA SECRETARIAT, CHANDIGARH

Price : Rs Rs. 26.50 Paise

Original with;
Punjab Vidhan Sabha
Digitized by;
Panj[illegible] Digital Library

	Page
Walk-outs ..	(19)39
Resolution *re.*	
Taking of steps under the National Programme for the use of underground water by resorting to extensive surveys for providing drinking water in the drought prone areas of the State ..	(19)41

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Thursday, the 25th March, 1982
(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh at 3.00 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Arrears of House Tax from Commercial Buildings

***1430. Shri Gopal Krishan Chatrath :** Will the Minister for Local Government be pleased to state the amount of arrears of house tax due at present from commercial buildings including factories aggregating to Rs 10,000 or more in the areas of Municipal Corporations of Amritsar, Jullundur and Ludhiana, Corporationwise as on 1st January, 1982 and the steps taken or proposed to be taken to recover the same ?

Shri Sardari Lal Kapoor : The arrears of house tax as on 1st January, 1982 from commercial buildings including factories aggregating to Rs 10,000 or more in respect of Amritsar and Jullundur is as follows :—

(1) Amritsar	..	Rs 16,57,210.37
(2) Jullundur	..	Rs 15,99,506.44

In respect of Ludhiana figures of arrear is available up to 24th December, 1981 which is as follows :—

(3) Ludhiana	..	Rs 5,75,600.00

Cases are being pursued under section 137 and 138 of the Punjab Municipal Corporation Act 1976. These cases are being pursued in the Courts where affected parties have gone to the Courts.

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਹ ਏਰੀਅਰਜ਼ 38 ਲੱਖ ਰੁਪਏ ਦੇ ਬਣਦੇ ਹਨ ਜਿਹੜੇ ਕਿ ਕਮਰਸ਼ੀਅਲ ਬਿਲਡਿੰਗਜ਼ ਦੇ ਹਾਊਸ ਟੈਕਸ ਦੇ ਬਕਾਇਆ ਹਨ ਅੱਰ ਇਹ ਰਕਮ ਉਨ੍ਹਾਂ ਦੀ ਹੈ ਜਿਨ੍ਹਾਂ ਕੋਲੋਂ ਦਸ ਹਜ਼ਾਰ ਰੁਪਏ ਬਕਾਇਆ ਹਨ ਜਾਂ ਉਸ ਤੋਂ ਵੱਧ ਹਨ, ਅਗਰ ਘੱਟ ਵਾਲੇ ਵੀ ਲਏ ਜਾਣ ਤਾਂ ਮੇਰਾ ਖਿਆਲ ਹੈ ਕਿ ਇਹ ਰਕਮ ਪੰਜ ਚਾਰ ਕਰੋੜ ਰੁਪਏ ਬਣ ਜਾਏਗੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਵਲ ਇਤਨਾ ਇਤਨਾ ਅਮਾਊਂਟ ਬਕਾਇਆ ਹੈ, ਜਿਸ ਤਰ੍ਹਾਂ ਕੋਆਪ੍ਰੇਟਿਵ ਐਕਟ ਵਿਚ ਸੈਕਸ਼ਨ 67-ਏ ਥੱਲੇ ਲਿਆ ਕੇ ਉਨ੍ਹਾਂ ਨੂੰ ਸਿਵਿਲ ਜੇਲ੍ਹ ਵਿਚ ਭੇਜ ਦਿੰਦੇ ਹਨ ਕੀ ਕੋਈ ਅਜਿਹੀ ਅਮੈਂਡਮੈਂਟ ਇਨ੍ਹਾਂ ਵੱਡੇ ਮਗਰ ਮੱਛਾਂ ਲਈ ਲਿਆਉਣ ਨੂੰ ਤਿਆਰ ਹਨ ? ਨਾਲ ਇਹ ਵੀ ਦਸਣ ਕਿ ਇਹ ਜਿਹੜੇ ਅੰਡਰ ਸੈਕਸ਼ਨ 137 ਅਤੇ 138 ਦੇ ਕੇਸਿਜ਼ ਹਨ ਇਨ੍ਹਾਂ ਦੀ ਫਾਈਨੈਲਾਈਜੇਸ਼ਨ ਵਿਚ ਕਿਨਾਂ ਸਮਾਂ ਲਗੇਗਾ । ?

ਮੰਤਰੀ : ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਕੁਲ 37 ਆਦਮੀ ਹਨ ਅੰਮ੍ਰਿਤਸਰ ਵਿਚ ਜਿਨ੍ਹਾਂ ਦੇ ਖਿਲਾਫ ਇਹ ਰਕਮ ਹੈ । ਇਹ ਜਿਹੜਾ ਰੁਪਿਆ ਹੈ ਅਸੀਂ ਹੌਲੀ ਹੌਲੀ ਕਰ ਕੇ ਇਸ ਦੀ ਵਸੂਲੀ ਜਾਰੀ ਕੀਤੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਜਿਤਨਾਂ ਪਹਿਲਾਂ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਬਕਾਇਆ ਸੀ ਉਸ ਤੋਂ ਹੁਣ ਬਹੁਤ ਘੱਟ ਰਹਿ ਗਿਆ ਹੈ। ਅਪ੍ਰੈਲ, 1981 ਤੋਂ ਦਸੰਬਰ, 1981 ਤਕ 7,98,81,100 ਰੁਪਿਆ ਟੋਟਲ ਵਸੂਲ ਕੀਤਾ ਹੈ ਪਹਿਲਾਂ ਬਹੁਤ ਜ਼ਿਆਦਾ ਸੀ। ਇਸੇ ਤਰ੍ਹਾਂ ਜਲੰਧਰ ਵਿਚ 18 ਕੇਸਿਜ਼ ਹਨ ਜਿਨ੍ਹਾਂ ਨੇ ਸਟੇਅ ਆਰਡਰ ਲਿਆ ਹੋਇਆ ਹੈ ਅੰਰ ਫਿਰ ਦੱਸ ਲੱਖ ਅਠਾਸੀ ਹਜ਼ਾਰ ਰੁਪਿਆ ਵਸੂਲ ਵੀ ਕੀਤਾ ਹੈ। ਇਸੇ ਤਰ੍ਹਾਂ ਲੁਧਿਆਣਾ ਵਿਚ 5,75,600 ਰੁਪਏ ਵਸੂਲ ਕੀਤੇ ਹਨ। 28 ਕੇਸਿਜ਼ ਕੋਰਟ ਵਿਚ ਚਲੇ ਗਏ ਹਨ। ਮੈਂ ਯਕੀਨ ਦਿਲਾਉਂਦਾ ਹਾਂ ਕਿ ਜਿਸ ਤਰਕੀਬ ਨਾਲ ਵਸੂਲੀ ਕਰ ਰਹੇ ਹਾਂ ਇਹ ਵਸੂਲੀ ਕਰ ਲਵਾਂਗੇ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਤਨੇ ਏਰੀਅਰਜ਼ ਜਿਹੜੇ ਵਧ ਗਏ ਇਨ੍ਹਾਂ ਦੀ ਜ਼ਿੰਮੇਵਾਰੀ ਉਨ੍ਹਾਂ ਕਾਰਖਾਨੇਦਾਰਾਂ ਦੇ ਇਲਾਵਾ ਉਥੇ ਦੇ ਇਮਪਲਾਈਜ਼ ਦੀ ਵੀ ਹੈ ਕਿਉਂ ਕਿ ਉਨ੍ਹਾਂ ਦੀ ਕਨਾਈਵੈਂਸ ਨਾਲ ਐਸਾ ਹੁੰਦਾ ਹੈ। ਕੀ ਉਨ੍ਹਾਂ ਇਮਪਲਾਈਜ਼ ਦੇ ਖਿਲਾਫ ਵੀ ਐਕਸ਼ਨ ਲਿਆ ਜਾਏਗਾ ਜਿਨ੍ਹਾਂ ਨੇ ਕਾਰਪੋਰੇਸ਼ਨ ਦਾ ਰੁਪਿਆ ਵਸੂਲ ਕਰ ਕੇ ਕਾਰਪੋਰੇਸ਼ਨ ਨੂੰ ਨਹੀਂ ਦਿੱਤਾ ?

ਮੰਤਰੀ : ਜੇ ਇਹ ਵੀ ਪਤਾ ਚਲੇ ਕਿ ਕੋਈ ਕਾਰਪੋਰੇਸ਼ਨ ਦਾ ਇਮਪਲਾਈ ਉਨ੍ਹਾਂ ਨਾਲ ਮਿਲਿਆ ਹੋਇਆ ਹੈ ਜਿਹੜਾ ਕਿ ਇਹ ਰਕਮ ਵਸੂਲ ਨਹੀਂ ਹੋਣ ਦਿੰਦਾ ਤਾਂ ਜਿਨ੍ਹਾਂ ਕੋਲ ਵਸੂਲੀ ਕਰਨੀ ਹੈ ਉਨ੍ਹਾਂ ਨੂੰ ਬਅਦ ਵਿਚ ਅਤੇ ਇਮਪਲਾਈਜ਼ ਨੂੰ ਪਹਿਲਾਂ ਸਜ਼ਾ ਦਿਤੀ ਜਾਏਗੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ ਇਹ ਹਾਊਸ ਟੈਕਸ ਜਿਹੜਾ ਹੈ ਇਸ ਦਾ ਮਤਲਬ ਹੈ ਕਿ ਹਾਊਸ ਤੇ ਲੱਗਣਾ ਹੈ। ਪਰ ਇਹ ਫੈਕਟਰੀਆਂ ਤੇ ਵੀ ਲਗਾ ਹੋਇਆ ਹੈ। ਇਨ੍ਹਾਂ ਨੇ ਪੂਰਾ ਰੇਟ ਹੀ ਫੈਕਟਰੀਆਂ ਤੇ ਲਾ ਦਿੱਤਾ। ਉਨ੍ਹਾਂ ਤੇ ਪਹਿਲਾਂ ਹੀ ਬੋਝ ਜ਼ਿਆਦਾ ਹੈ। ਕੀ ਵਜ਼ੀਰ ਸਾਹਿਬ ਵਿਚਾਰ ਕਰਨਗੇ ਕਿ ਜੇ ਇਹ ਟੈਕਸ ਹੈ ਫੈਕਟਰੀਆਂ ਤੇ, ਘੱਟ ਲਗਾਇਆ ਜਾਵੇ ?

ਮੰਤਰੀ : ਟੈਕਸ ਦੇ ਮੁਤਅੱਲਕ ਵਿਚਾਰ ਕੀਤਾ ਜਾ ਰਿਹਾ ਹੈ, ਜਿਹੜੇ ਡਿਜ਼ਰਵ ਕਰਦੇ ਹੋਣਗੇ ਉਸ ਦੇ ਅਨੁਸਾਰ ਉਨ੍ਹਾਂ ਨੂੰ ਛੋਟ ਦੇਵਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਸ ਸਾਲ ਕਾਰਪੋਰੇਸ਼ਨਾਂ ਵਿਚ ਅਤੇ ਮਿਉਨਿਸਪਲ ਕਮੇਟੀਆਂ ਵਿਚ ਠੇਕੇਦਾਰਾਂ ਨੇ ਸ਼ਰਾਬ ਦੀ ਚੁੰਗੀ ਦੀ ਕਾਫੀ ਹੇਰਾ ਫੇਰੀ ਕੀਤੀ। ਕਿਉਂ ਨਾ ਇਸ ਦੀ ਵਸੂਲੀ ਲਈ ਕੋਈ ਐਸਾ ਢੰਗ ਅਪਣਾਇਆ ਜਾਏ ਤਾ ਕਿ ਆਟੋਮੈਟਿਕ ਚੁੰਗੀ ਅੰਟ ਸੋਰਸ ਕੱਟੀ ਜਾਇਆ ਕਰੇ ?

ਮੰਤਰੀ : ਸਪੀਕਰ ਸਾਹਿਬ, ਪਾਂਧੀ ਸਾਹਿਬ ਸੁਤੇ ਪਏ ਹਨ। ਇਹ ਫੈਸਲਾ ਹੋ ਚੁੱਕਾ ਹੈ ਕਿ ਹੁਣ ਚੁੰਗੀ ਅੰਟ ਸੋਰਸ ਹੀ ਵਸੂਲ ਕੀਤੀ ਜਾਏਗੀ। ਹੁਣ ਕੋਈ ਚੋਰੀ ਵਾਲੀ ਗੱਲ ਨਹੀਂ ਰਹੇਗੀ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਮਰਸ਼ੀਅਲ ਸਾਈਟਸ ਅੰਰ ਖਾਸ ਕਰ ਕੇ ਬਿਲਡਿੰਗਜ਼ ਜਿਨ੍ਹਾਂ ਤੋਂ ਹਾਊਸ ਟੈਕਸ ਵਸੂਲ ਕੀਤਾ ਜਾਂਦਾ ਹੈ ਉਹ ਟੈਕਸ ਕਿੰਨੀ ਦੇਰ ਬਅਦ ਰਿਵਾਈਜ਼ ਕੀਤਾ ਜਾਂਦਾ ਹੈ ? ਪਿਛਲੇ ਦੋ ਸਾਲਾਂ ਵਿਚ ਜਿਹੜੇ 100 ਰੁਪਏ ਸਨ ਉਸ ਦੇ ਹੁਣ 1,600 ਰੁਪਏ ਮੰਗਣੇ ਸ਼ੁਰੂ ਕਰ ਦਿੱਤੇ ਹਨ ?

ਮੰਤਰੀ : ਇਹ ਜਿਹੜੀ ਵਸੂਲੀ ਹੈ ਇਹ ਪੁਰਾਣੇ ਹਿਸਾਬ ਨਾਲ ਕੀਤੀ ਜਾਂਦੀ ਹੈ। ਕੋਈ ਰਿਵਾਈਜ਼ ਨਹੀਂ ਹੋਇਆ। ਅਗਰ ਕੋਈ ਐਸਾ ਕੇਸ ਪ੍ਰੋਫੈਸਰ ਸਾਹਿਬ ਕੋਲ ਹੈ ਤਾਂ ਦੱਸ ਦੇਣ ਇਨਕੁਆਇਰੀ ਕਰਾ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਿਥੀਪਾਲ ਸਿੰਘ : ਇਹ ਠੀਕ ਹੈ ਕਿ ਹੁਣ ਤਾਂ ਸ਼ਰਾਬ ਦੀ ਨਵੀਂ ਪਾਲਿਸੀ ਨਾਲ ਮਸੂਲ ਦੀ ਵਸੂਲੀ ਐਟ ਸੋਰਸ ਹੋ ਜਾਏਗੀ ਪਰ ਜਿਹੜੇ ਪਹਿਲੇ ਸ਼ਰਾਬ ਦੇ ਠੇਕੇਦਾਰਾਂ ਨੇ, ਅੰਗਰੇਜ਼ੀ ਸ਼ਰਾਬ ਵਾਲਿਆਂ ਨੇ ਮਸੂਲ ਦੀ ਬੜੀ ਚੋਰੀ ਕੀਤੀ ਸੀ ਕੀ ਉਸ ਦੀ ਵੀ ਇਨਕੁਆਇਰੀ ਕਰਾਉਣਗੇ ?

ਦੂਸਰਾ, ਜਿਹੜਾ ਇਨ੍ਹਾਂ ਨੇ ਇਹ ਕਿਹਾ ਹੈ ਕਿ ਕਾਰਖਾਨੇਦਾਰਾਂ ਦੀਆਂ ਬਿਲਡਿੰਗਜ਼ ਜਿਹੜੀਆਂ ਹਨ ਉਨ੍ਹਾਂ ਨੂੰ ਵੇਖਾਂਗੇ ਅੱਤੇ ਅਗਰ ਡਿਜ਼ਰਵ ਕਰਦੇ ਹੋਏ ਤਾਂ ਸਹੂਲਤ ਦਿੱਤੀ ਜਾਏਗੀ । ਮੈਂ ਪੁੱਛਦਾ ਹਾਂ ਕਿ ਇਹ ਉਸ ਦੇ ਲਈ ਕੀ ਬੈਰੋਮੀਟਰ ਲਾਉਣਗੇ ?

ਮੰਤਰੀ : ਮੈਂ ਕਮਰਸ਼ੀਅਲ ਬਾਰੇ ਨਹੀਂ ਦੱਸਿਆ, ਜਿਹੜੇ ਛੋਟੇ ਰੈਜ਼ੀਡੈਂਸ ਹਨ ਉਨ੍ਹਾਂ ਬਾਰੇ ਵਿਚਾਰ ਕੀਤਾ ਜਾਏਗਾ ।

ਸ਼੍ਰੀ ਸੰਤ ਰਾਮ ਸਿੰਗਲਾ : ਸਪੀਕਰ ਸਾਹਿਬ, ਮਿਉਂਨਿਸਪਲ ਕਮੇਟੀਜ਼ ਕੋਲ ਫੰਡਜ਼ ਬਹੁਤ ਘੱਟ ਹਨ ਜਿਸ ਕਰਕੇ ਉਹ ਸਿਵਿਕ ਅਮੇਨੀਟੀਜ਼ ਪ੍ਰੋਵਾਈਡ ਨਹੀਂ ਕਰ ਸਕਦੀਆਂ । ਕੀ ਕੋਈ ਸਪੈਸ਼ਲ ਕੰਪੇਨ ਚਲਾਉਣਗੇ ਤਾ ਕਿ ਉਨ੍ਹਾਂ ਦੇ ਸਾਰੇ ਏਰੀਅਰਜ਼ ਰਿਕਵਰ ਹੋ ਜਾਣ ?

ਮੰਤਰੀ : ਇਹ ਅੱਛੀ ਰਾਏ ਹੈ । ਇਸ ਦੇ ਲਈ ਬੜੀ ਜ਼ੋਰ ਨਾਲ ਮੁਹਿੰਮ ਚਲਾਵਾਂਗੇ ।

ਜਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਚਤਰਥ ਸਾਹਿਬ ਨੇ ਬੜਾ ਸ਼ਾਨਦਾਰ ਸੁਆਲ ਦਿੱਤਾ ਹੈ । ਉਨ੍ਹਾਂ ਨੇ ਆਪਣੇ ਸਪਲੀਮੈਂਟਰੀ ਵਿਚ ਕਿਹਾ ਸੀ ਕਿ ਕੁਆਪ੍ਰੇਟਿਵ ਐਕਟ ਅਧੀਨ ਜਿਹੜੇ ਪੁਰਾਣੇ ਏਰੀਅਰਜ਼ ਹਨ ਉਨ੍ਹਾਂ ਦੀ ਉਗਰਾਹੀ ਬੜੀ ਛੇਤੀ ਹੋ ਜਾਂਦੀ ਹੈ ਅੱਤੇ ਇਹ ਠੀਕ ਹੈ ਪਿਛੇ ਜਿਹੜੇ ਕੁਆਪ੍ਰੇਟਿਵ ਅਦਾਰਿਆਂ ਨੇ ਸਖਤੀ ਨਾਲ ਉਗਰਾਹੀ ਕੀਤੀ ਸੀ । ਟੈਕਸ ਲਾ ਦੇਣਾ ਰੈਜ਼ੋਲਿਊਸ਼ਨ ਪਾਸ ਕਰ ਕੇ ਇਕ ਗੱਲ ਹੈ, ਉਗਰਾਹੀ ਕਰਨਾ ਦੂਜੀ ਗੱਲ ਹੈ । ਮੈਂ ਕਹਿੰਦਾ ਹਾਂ ਕਿ ਕੀ ਟੈਕਸ ਲਾਉਣ ਦੀ ਬਜਾਏ ਬਕਾਇਆ ਟੈਕਸਿਜ਼ ਦੀ ਉਗਰਾਹੀ ਤੇ ਸਰਕਾਰ ਜ਼ੋਰ ਦੇਵੇਗੀ ਅੱਤੇ ਪੂਰੀ ਸਖਤੀ ਨਾਲ ਕਰੇਗੀ ਅੱਤੇ ਅਗਰ ਕਾਨੂੰਨ ਵਿਚ ਤਰਮੀਮ ਕਰਨ ਦੀ ਲੋੜ ਪਵੇ ਤਾਂ ਵੀ ਕਰੇਗੀ ?

ਸ਼੍ਰੀ ਸਪੀਕਰ : ਤੁਸੀਂ ਇਨਫਰਮੇਸ਼ਨ ਦਿੱਤੀ ਹੈ ਕਿ 16 ਲੱਖ ਰੁਪਿਆ ਲੈਣਾ ਹੈ । ਇਸ ਹਿਸਾਬ ਨਾਲ ਇੱਕ ਪਾਰਟੀ ਵੱਲ 45,000 ਰੁਪਿਆ ਰਹਿੰਦਾ ਹੈ । ਜੇ ਉਹ ਸਾਲ, ਦੋ ਸਾਲ ਨਾ ਦੇਣ ਤਾਂ ਇਸ ਤਰ੍ਹਾਂ ਇੰਟਰੈਸਟ ਦਾ ਫਾਇਦਾ ਉਠਾਉਂਦੇ ਹਨ । ਕੀ ਕੋਈ ਐਸੀ ਸੱਪ ਸਰਕਾਰ ਕਰ ਸਕਦੀ ਹੈ ਕਿ ਉਨ੍ਹਾਂ ਨੂੰ ਪੀਨਲ ਇੰਟਰੈਸਟ ਲਗ ਜਾਵੇ ਅਗਰ ਉਹ ਪੇਮੈਂਟ ਨਹੀਂ ਕਰਨਗੇ । ਤਦ ਹੀ ਵਸੂਲੀ ਜਲਦੀ ਹੋਵੇਗੀ ।

ਸਰਦਾਰ ਹਰਚੰਦ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਹਾਊਸ ਟੈਕਸ ਇਹ ਲਾਉਂਦੇ ਹਨ, ਇਹ ਬਿਲਡਿੰਗ ਤੇ ਵੀ ਲਾਉਂਦੇ ਹਨ ਅੱਤੇ ਜ਼ਮੀਨ ਤੇ ਵੀ ਲਾਉਂਦੇ ਹਨ । ਇਸ ਤਰ੍ਹਾਂ ਤਿੰਨ ਚਾਰ ਸਾਲਾਂ ਬਾਅਦ ਸਾਰੀ ਪ੍ਰਾਪਰਟੀ ਹੀ ਹਾਊਸ ਟੈਕਸ ਵਿਚ ਚਲੀ ਜਾਂਦੀ ਹੈ । ਇਸ ਤਰ੍ਹਾਂ ਦਾ ਕੋਈ ਇੰਤਜ਼ਾਮ ਕਰੇਂਗੇ .....

ਸ਼੍ਰੀ ਸਪੀਕਰ : ਇਹ ਸਵਾਲ ਪਹਿਲਾਂ ਆ ਚੁੱਕਾ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚੰਦ ਸਿੰਘ : ਇਨਾਂ ਨੇ 10,000 ਰੁਪਿਆ ਇਕ ਬਿਲਡਿੰਗ ਤੇ ਟੈਕਸ ਲਾ ਦਿਤਾ ਹੈ। ਜਿਹੜਾ ਕਿ ਬਹੁਤ ਨਜਾਇਜ਼ ਹੈ। ਕੀ ਮਨਿਸਟਰ ਸਾਹਿਬ ਇਸ ਗੱਲ ਵੱਲ ਧਿਆਨ ਦੇਣਗੇ ? ਸਪੀਕਰ ਸਾਹਿਬ, ਇਹ ਅਸਲੀ ਸਵਾਲ ਹੈ। ਇਹ ਤਾਂ ਕਿਸੇ ਨੇ ਕੀਤਾ ਹੀ ਨਹੀਂ ।

ਸ਼੍ਰੀ ਸਪੀਕਰ: ਨੈਕਸਟ ਕੁਐਸਚਨ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਦਿਵਾਓ । ਅਗਰ ਤੁਸੀਂ ਜਵਾਬ ਨਹੀਂ ਦਿਵਾਉਣਾ ਤਾਂ ਅਸੀਂ ਕਾਹਦੇ ਵਾਸਤੇ ਇਥੇ ਬੈਠੇ ਹਾਂ। ਅਸੀਂ ਆਪਣੇ ਘਰਾਂ ਨੂੰ ਚਲੇ ਜਾਂਦੇ ਹਾਂ। ਇਸ ਦਾ ਜਵਾਬ ਦਿੱਤਾ ਜਾਵੇ।

ਸ਼੍ਰੀ ਸਪੀਕਰ: ਕਮਰਸ਼ੀਅਲ ਬਿਲਡਿੰਗਜ਼ ਦਾ ਟੈਕਸ ਕੈਪੀਟਲਾਈਜ਼ ਹੁੰਦਾ ਹੈ । ਬਿਲਡਿੰਗ ਦੇ ਪਲਾਟ ਅਤੇ ਉਸ ਤੇ ਹੋਈ ਕੰਸਟਰਕਸ਼ਨ ਦੀ ਕੀਮਤ ਦਾ ਪੰਜ, ਸੱਤ ਪਰ ਸੈਂਟ ਮੁਕਰਰ ਹੁੰਦਾ ਹੈ । ਅਗਲਾ ਸਵਾਲ ।

Construction of Bridges near Gurdwara Sri Ber Sahib and near village Kanjli, district Kapurthala

*1482. **Sardar Atma Singh**: Will the Minister for Public Works be pleased to state: —

(a) the dates on which the foundation stones for the construction of bridges near Gurdwara Sri Ber Sahib, Sultanpur Lodhi and near village Kanjli in Kapurthala Block were laid :

(b) the extent of construction work so far completed on the said bridges alongwith the time by which the remaining work is likely to be completed ?

ਸਰਦਾਰ ਬੇਅੰਤ ਸਿੰਘ : (ੳ) 14 ਨਵੰਬਰ, 1978 ਅਤੇ 11 ਅਕਤੂਬਰ, 1978 ਕ੍ਰਮਵਾਰ ।

(ਅ) ਗੁਰਦੁਆਰਾ ਬੇਰ ਸਾਹਿਬ ਨੇੜੇ ਬਣ ਰਹੇ ਪੁਲ ਦਾ ਕੰਮ ਖੂਹੀਆਂ ਗਾਲਣ ਤੀਕ ਕੀਤਾ ਜਾ ਚੁੱਕਾ ਹੈ । ਕਿਉਂ ਕਿ ਇਹ ਕੰਮ ਮਾਰਕੀਟ ਕਮੇਟੀ ਵਲੋਂ ਜਮ੍ਹਾਂ ਕਰਵਾਈ ਰਕਮ ਦੇ ਅਧਾਰ ਤੇ ਹੋ ਰਿਹਾ ਹੈ ਅਤੇ ਕੰਮ ਤਾਂ ਹੀ ਮੁਕੰਮਲ ਹੋ ਸਕਦਾ ਹੈ ਜੇ ਲੋੜੀਂਦੀ ਰਕਮ ਉਪਲਬਧ ਹੋ ਜਾਵੇ । ਇਸ ਕਰ ਕੇ ਇਸ ਦੇ ਮੁਕੰਮਲ ਕਰਨ ਦੀ ਮਿਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਕਾਂਜਲੀ ਨੇੜੇ ਬਣ ਰਹੇ ਪੁਲ ਦੀਆਂ ਇਕ ਨੂੰ ਛੱਡ ਕੇ ਬਾਕੀ ਸਾਰੀਆਂ ਖੂਹੀਆਂ ਗਾਲੀਆਂ ਜਾ ਚੁਕੀਆਂ ਹਨ। ਅਖੀਰਲੇ ਖੂਹ ਨੂੰ ਤਿੰਨ ਫੁਟ ਉਚਾਈ ਤੀਕ ਬਣਾਇਆ ਜਾ ਚੁਕਿਆ ਹੈ । ਇਹ ਪੁਲ ਛੇਵੀਂ ਪੰਜ ਸਾਲਾ ਯੋਜਨਾ ਵਿਚ ਮੁਕੰਮਲ ਹੋਣ ਦੀ ਆਸ ਹੈ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੋ ਪੁਲਾਂ ਦਾ ਜ਼ਿਕਰ ਕੀਤਾ ਹੈ। ਇਕ ਪੁਲ ਜਿਹੜਾ ਬੇਰ ਸਾਹਿਬ ਗੁਰਦੁਆਰੇ ਕੋਲ ਹੈ, ਉਸ ਦੇ ਲਈ ਪੈਸੇ ਮਾਰਕਿਟ ਕਮੇਟੀ ਨੇ ਡਰੇਨੇਜ ਵਿਭਾਗ ਕੋਲ ਜਮ੍ਹਾਂ ਕਰਾ ਦਿੱਤੇ ਸਨ। ਜਿਹੜਾ ਕਾਂਜਲੀ ਦੇ ਪਾਸ ਪੁਲ ਹੈ, ਉਹ ਲੰਕ

Original with;
Punjab Vidhan Sabha
Digitized by;
Panjab Digital Library

ਨਿਰਮਾਣ ਵਿਭਾਗ ਪਾਸ ਹੈ । ਇਹ ਪੁਲ ਇਸ ਵਾਸਤੇ ਬਣਾਉਣਾ ਸ਼ੁਰੂ ਕੀਤਾ ਸੀ ਕਿਉਂ ਕਿ ਪੁਰਾਣਾ ਪੁੱਲ ਆਊਟ-ਡੇਟਿਡ ਹੋ ਗਿਆ ਸੀ । ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕਿ ਪੁਲ ਕਿਧਰੇ ਟੁੱਟ ਨਾ ਜਾਏ ਅਤੇ ਸਵਾਰੀਆਂ ਡਿਗ ਨਾ ਜਾਣ ਕੀ ਸਰਕਾਰ ਪ੍ਰਾਇਅਰਟੀ ਤੇ ਇਹ ਪੁੱਲ ਬਣਾਉਣ ਦਾ ਯਤਨ ਕਰੇਗੀ ?

ਮੰਤਰੀ : ਇਨ੍ਹਾਂ ਦੋ ਪੁਲਾਂ ਬਾਰੇ, ਸਪੀਕਰ ਸਾਹਿਬ, ਮੈਂ ਵੇਰਵੇ ਨਾਲ ਦੱਸ ਚੁੱਕਾ ਹਾਂ । ਮਾਰਕਿਟ ਕਮੇਟੀ ਵੱਲੋਂ ਡਰੇਨੇਜ ਡਿਪਾਰਟਮੈਂਟ ਨੂੰ 6 ਲੱਖ ਰੁਪਿਆ ਮਿਲਿਆ ਸੀ । ਉਨ੍ਹਾਂ ਨੇ ਹੁਣ ਹੋਰ ਰੁਪਿਆ ਮੰਗਿਆ ਹੈ । ਮਾਰਕਿਟ ਕਮੇਟੀਆਂ ਵੱਲੋਂ ਤਾਂ ਰੁਪਿਆ ਇਨ੍ਹਾਂ ਚੀਜ਼ਾਂ ਵਾਸਤੇ ਦੇਣਾ ਬੰਦ ਹੋ ਗਿਆ ਸੀ । ਕਾਂਜਲੀ ਵਾਲਾ ਪੁੱਲ ਪ੍ਰਾਇਅਰਟੀ ਨਾਲ ਬਣ ਰਿਹਾ ਹੈ । ਮੈਂ ਅਰਜ਼ ਕੀਤੀ ਹੈ ਕਿ ਉਸ ਦੀਆਂ ਸਾਰੀਆਂ ਖੂਹੀਆਂ ਉਤਰ ਚੁੱਕੀਆਂ ਹਨ ਪੋਰਟ ਲੈਂਡ ਸੀਮਿੰਟ ਮਿਲਣ ਦੀ ਦੇਰ, ਹੈ, ਉਸ ਤੇ ਛੱਤ ਪਾ ਦਿੱਤੀ ਜਾਵੇਗੀ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਜਿਹੜਾ ਪੁੱਲ ਸੁਲਤਾਨਪੁਰ ਲੋਧੀ ਦੇ ਨੇੜੇ ਬੇਰ ਸਾਹਿਬ ਕੋਲ ਬਣ ਰਿਹਾ ਹੈ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਮਾਰਕਿਟ ਕਮੇਟੀ ਦਾ ਰੁਪਿਆ ਆਇਆ ਸੀ । 6 ਲੱਖ ਵਿੱਚੋਂ 5 ਲੱਖ 85 ਹਜ਼ਾਰ ਰੁਪਿਆ ਖਰਚ ਹੋਇਆ । 2 ਲੱਖ ਰੁਪਏ ਦਾ ਸਰੀਆ ਮੌਕੇ ਤੇ ਮੌਜੂਦ ਸੀ । ਪਿਛਲੇ ਦਿਨਾਂ ਵਿਚ ਡਰੇਨੇਜ ਵਿਭਾਗ ਵਾਲੇ 2 ਟਰੱਕ ਸਰੀਏ ਦੇ ਭਰ ਕੇ ਲੈ ਗਏ ਹਨ । ਮੈਂ ਰੋਕਿਆ ਸੀ । ਪਤਾ ਨਹੀਂ ਉਹ ਕਿਥੇ ਲੈ ਗਏ ਹਨ । ਮਾਰਕਿਟ ਕਮੇਟੀ ਦੀ ਇਹ ਪ੍ਰਾਪਰਟੀ ਜੋ ਡਰੇਨੇਜ ਡਿਪਾਰਟਮੈਂਟ ਵਾਲੇ ਚੁਕ ਕੇ ਲੈ ਗਏ ਹਨ, ਕੀ ਉਸ ਦੀ ਇਨਕੁਆਇਰੀ ਕਰਾਉਣਗੇ ? ਕੀ ਉਹ ਮਿਸਯੂਜ਼ ਤਾਂ ਨਹੀਂ ਹੋ ਰਿਹਾ । ਦੂਸਰਾ, ਮਾਰਕਿਟ ਕਮੇਟੀ ਪਾਸੋਂ ਫੰਡਜ਼ ਦੇਣ ਤੇ ਪਾਬੰਦੀ ਲਾ ਦਿੱਤੀ ਗਈ ਹੈ । ਕੀ ਫੰਡਜ਼ ਦਾ ਇੰਤਜ਼ਾਮ ਕਰ ਕੇ ਇਸ ਨੂੰ ਪ੍ਰਾਇਰਅਟੀ ਦੇਣਗੇ । ਗੋਇੰਦਵਾਲ ਸਾਹਿਬ ਦਾ ਪੁੱਲ ਬਣਨ ਕਰ ਕੇ ਗੋਇੰਦਵਾਲ ਤੋਂ ਸੁਲਤਾਨਪੁਰ-ਨਕੋਦਰ ਦੀ ਰੋਡ ਨੂੰ ਸੀ. ਟੀ. ਰੋਡ ਡਿਕਲੇਅਰ ਕੀਤਾ ਜਾ ਚੁਕਾ ਹੈ । ਇਸ ਦੇ ਬਣਨ ਨਾਲ ਟਰੈਫਿਕ ਵੱਧ ਗਈ ਹੈ । ਇਸ ਵਾਸਤੇ ਇਸ ਪੁਲ ਦੀ ਬੜੀ ਲੋੜ ਮਹਿਸੂਸ ਹੋਈ ਹੈ । ਇਹ ਹਾਊਸ ਨੂੰ ਅਸ਼ੋਰੈਂਸ ਦਿਤੀ ਜਾ ਚੁਕੀ ਹੈ ਕਿ ਗੋਇੰਦਵਾਲ ਸਾਹਿਬ ਨੂੰ ਇਸ ਪੁਲ ਨਾਲ ਲਿੰਕ ਕਰਨਾ ਹੈ । ਕੀ ਪ੍ਰਾਇਰਅਟੀ ਦੇ ਕੇ ਬੇਰ ਸਾਹਿਬ ਵਾਲੇ ਪੁੱਲ ਨੂੰ ਜਲਦੀ ਮੁਕੰਮਲ ਕਰਨ ਦਾ ਪ੍ਰਬੰਧ ਕਰਣਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਕਈ ਸਵਾਲ ਕੀਤੇ ਹਨ । ਮੈਂ ਨਹੀਂ ਸਮਝਦਾ ਕਿ ਇਹ ਸਰੀਆ ਮਾਰਕਿਟ ਕਮੇਟੀ ਦਾ ਸੀ । ਮਾਰਕਿਟ ਕਮੇਟੀ ਪੈਸੇ ਦੇ ਚੁੱਕੀ ਸੀ । ਦੂਸਰਾ, ਇਨ੍ਹਾਂ ਨੇ ਕਿਹਾ ਹੈ ਕਿ ਮਾਰਕਿਟ ਕਮੇਟੀ ਪਾਸੋਂ ਪੈਸਾ ਲੈਣ ਦਾ ਪ੍ਰਬੰਧ ਕਰਣਗੇ । ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਸੁਪਰੀਮ ਕੋਰਟ ਦੀ ਜੱਜਮੈਂਟ ਆਈ ਹੈ । ਪਰ ਅਸੀਂ ਕੋਈ ਨਾ ਕੋਈ ਪ੍ਰਬੰਧ ਕਰ ਕੇ ਇਹ ਕੰਮ ਕਰਾਂਗੇ ਕਿਉਂ ਕਿ ਪੁੱਲ ਦੀਆਂ ਖੂਹੀਆਂ ਗਾਲੀਆਂ ਗਈਆਂ ਹਨ । ਸਾਡਾ ਵੀ ਇਹ ਇੰਟਰੈਸਟ ਹੈ ਕਿ ਉਸ ਨੂੰ ਬਣਾਇਆ ਜਾਵੇ । ਅਸੀਂ ਸਰਕਾਰ ਦਾ ਪੈਸਾ ਜ਼ਾਇਆ ਨਹੀਂ ਹੋਣ ਦੇਣਾ ਚਾਹੁੰਦੇ ।

Villages of District Jullundur Covered under the Basti Sudhar Scheme

***1351. Chaudhri Jagjit Singh :** Will the Minister for Welfare and Labour be pleased to state :—

(a) the total number of villages of district Jullurdur covered under the Basti Sudhar Scheme during the year 1980-81 ;

Original with;
Punjab Vidhan Sabha
Digitized by;
Panjab Digital Library

[Chaudhri Jagjit Singh]

(b) the number of villages out of those referred to in part (a) above where the work has since been completed, is still in progress, separately ;

(c) the details of the grants given to each of the above said viags?

ਚੌਧਰੀ ਜਗਤ ਰਾਮ : (ੳ) 29

(ਅ) ਉਪਰੋਕਤ (ੳ) ਵਿਚ ਦਿੱਤੇ ਪਿੰਡਾਂ ਵਿੱਚੋਂ 2 ਪਿੰਡਾਂ ਵਿਚ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਦੇ 27 ਪਿੰਡਾਂ ਵਿਚ ਕੰਮ ਪ੍ਰਗਤੀ ਵਿਚ ਹੈ।

(ਏ) ਉਪਰੋਕਤ ਹਰ ਇਕ ਪਿੰਡ ਨੂੰ ਦਿੱਤੀ ਗਰਾਂਟ ਦਾ ਵੇਰਵਾ ਅਨੁਲੱਗ 'ਓ' ਅਨੁਸਾਰ ਹੈ।

ਅਨੁਲਗ "ਓ"

ਹਰੀਜਨ ਬਸਤੀ ਸੁਧਾਰ ਸਕੀਮ ਸਾਲ 1980-81 ਤਹਿਤ ਜ਼ਿਲ੍ਹਾ ਜਲੰਧਰ ਵਿਖੇ ਕਵਰ ਕੀਤੇ ਪਿੰਡਾਂ ਦੀ ਸੂਚੀ ।

ਲੜੀ ਨੰ:	ਪਿੰਡ ਦਾ ਨਾਂ		ਪ੍ਰਵਾਨਤ ਰਕਮ
			ਰੁਪਏ
1.	ਰਾਏ ਪੁਰ ਫਰਾਲਾ	...	1,56,945
2.	ਢੰਢਾ ਹਜ਼ਾਰਾ	...	55,700
3.	ਧੂੜਾ	...	17,000
4.	ਜੰਡੂ ਸਿੰਘਾ	...	1,68,801
5.	ਕਰਾਰੀ	...	72,800
6.	ਲੁਹਾਰ ਨੰਗਲ	...	46,300
7.	ਗੰਨਾ ਪਿੰਡ	...	2,86,204
8.	ਜੋਹਲ	...	61,000
9.	ਸਮਰਾਏ	...	70,000
10.	ਸ਼ੁੱਕਰਾ	...	1,70,811
11.	ਕੜੋਆਨਾ	...	93,810
12.	ਗੋਹਆਵਰ	...	2,10,710

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਪਿੰਡ ਦਾ ਨਾਂ		ਪ੍ਰਵਾਨਤ ਰਕਮ
13.	ਮੱਠ ਪਾਲੋ	...	8,300
14.	ਲੱਖਣਪਾਲ	...	64,000
15.	ਧਨੀ ਪਿੰਡ	...	1,30,490
16.	ਲਾਡੀਆਂ	...	74,000
17.	ਅਪਰਾ	...	1,23,876
18.	ਮਾਜਰੀ	...	43,000
19.	ਬੀੜਾ	...	60,000
20.	ਕਟਾਰੀਆ	..	92,095
21.	ਸਰਹਾਲ ਕਾਜੀ	...	73,600
22.	ਕੰਗਰਾਰ	...	76,300
23.	ਅਟਾਰੀ	...	45,000
24.	ਖੋਤਰਾਂ	...	1,53,061
25.	ਬੋਰਜ ਕੰਧਾਰੀ	...	49,500
26.	ਸਲਾਨ ਕਲਾਂ ਅਤੇ ਖੁਰਦ	...	48,500
27.	ਚੱਕ ਇਲਗਾ	...	1,08,897
28.	ਬਰੋਲੀ	..	85,000
29.	ਬੋਪਾ ਰਾਏ	...	2,37,083
	ਕੁੱਲ	...	28,82,783

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 1980-81 ਵਿਚ ਬਸਤੀ ਸੁਧਾਰ ਸਕੀਮ ਅਧੀਨ ਡਿਸਟ੍ਰਿਕਟ ਜਲੰਧਰ ਵਿੱਚ 29 ਪਿੰਡ ਲਏ ਸਨ। ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਵਿੱਚੋਂ ਸਿਰਫ ਦੋ ਪਿੰਡ ਕੰਪਲੀਟ ਹੋਏ ਹਨ ਅਤੇ 27 ਪਿੰਡਾਂ ਵਿਚ ਕੰਮ ਚੱਲ ਰਿਹਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 27 ਪਿੰਡਾਂ ਵਿੱਚ ਕੰਮ ਚੱਲ ਰਿਹਾ ਹੈ ਇੱਕ ਸਾਲ ਤੋਂ, ਇਹ ਕਦੋਂ ਤਕ ਕੰਪਲੀਟ ਹੋ ਜਾਵੇਗਾ ? ਮੇਰੇ ਹਲਕੇ ਵਿੱਚ ਪਿੰਡ ਜੰਡੂ ਸਿੰਘ ਹੈ। ਉਥੇ ਕੰਮ ਚਲਦਾ ਪਿਆ ਹੈ। ਦੋ ਦਿਨ ਕੰਮ ਕਰਕੇ 10 ਦਿਨ ਕੰਮ ਨਹੀਂ ਹੁੰਦਾ। ਫਿਰ ਦੋ ਦਿਨ ਕੰਮ ਕਰਕੇ ਚਲੇ ਜਾਂਦੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਵਿੱਚ ਕੰਮ ਸ਼ੁਰੂ ਕੀਤਾ ਗਿਆ ਹੈ, ਉਹ ਕਦੋਂ ਤਕ ਕੰਪਲੀਟ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਜੰਡੂ ਸਿੰਘ ਪਿੰਡ ਬਾਰੇ ਦੱਸਿਆ ਹੈ, ਇਸ ਦਾ ਜ਼ਰੂਰ ਪਤਾ ਕਰਾ ਲਵਾਂਗੇ ।

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਅੱਗੇ ਵੀ ਇਸ ਪਿੰਡ ਬਾਰੇ ਦੱਸਿਆ ਸੀ। ਇਨ੍ਹਾਂ ਨੇ ਕਿਹਾ ਹੈ ਕਿ ਅੱਗੇ ਦੱਸਿਆ ਨਹੀਂ। ਸਪੀਕਰ ਸਾਹਿਬ, ਇਨ੍ਹਾਂ 27 ਪਿੰਡਾਂ ਵਿਚ ਕੰਮ ਮਹਿਕਮਾ ਪਬਲਿਕ ਹੈਲਥ ਵਾਲੇ ਚਲਾ ਰਹੇ ਹਨ, ਪਰ ਜਵਾਬ ਇਹ ਦੇ ਰਹੇ ਹਨ। ਮੈਂ ਤੁਹਾਡੀ ਮਾਰਫਤ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਡਿਪਾਜ਼ਿਟ ਵਰਕ ਪਬਲਿਕ ਹੈਲਥ ਡਿਪਾਰਟਮੈਂਟ ਕਰਦਾ ਪਿਆ ਹੈ। ਕੀ ਇਨ੍ਹਾਂ ਦਾ ਉਸ ਤੇ ਕੋਈ ਕੰਟਰੋਲ ਹੈ ? ਕਿਤਨੀ ਦੇਰ ਤਕ ਬਸਤੀ ਸੁਧਾਰ ਦਾ ਕੰਮ ਇਨ੍ਹਾਂ ਪਿੰਡਾਂ ਵਿਚ ਕੰਪਲੀਟ ਕਰ ਦਿਤਾ ਜਾਵੇਗਾ । ਸਪੀਕਰ ਸਾਹਿਬ, ਜਿਹੜੇ ਪਿੰਡ ਬਸਤੀ ਸੁਧਾਰ ਸਕੀਮ ਦੇ ਅਧੀਨ ਆਉਂਦੇ ਹਨ ਉਨ੍ਹਾਂ ਦਾ ਰੁਪਿਆ ਮਨਜ਼ੂਰ ਹੋ ਜਾਂਦਾ ਹੈ। ਵੈਲਫੇਅਰ ਡਿਪਾਰਟਮੈਂਟ ਪਬਲਿਕ ਹੈਲਥ ਡਿਪਾਰਟਮੈਂਟ ਕੋਲ ਪੈਸਾ ਜਮ੍ਹਾਂ ਕਰ ਦਿੰਦਾ ਹੈ। ਲੇਕਿਨ ਫਾਇਨਾਂਸ ਡਿਪਾਰਟਮੈਂਟ ਵਾਲੇ ਐਨ. ਓ. ਸੀ. ਛੇ ਛੇ ਮਹੀਨੇ ਨਹੀਂ ਦਿੰਦੇ ਜਿਸ ਕਾਰਨ ਕੰਮ ਦੀ ਪ੍ਰਾਗਰੈਸ ਨਹੀਂ ਨਿਕਲਦੀ । ਕੀ ਵਜੀਰ ਸਾਹਿਬ ਇਹ ਇੰਤਜ਼ਾਮ ਕਰਾਉਣਗੇ ਕਿ ਜਿਸ ਵੇਲੇ ਵੈਲਫੇਅਰ ਡਿਪਾਰਟਮੈਂਟ ਵਲੋਂ ਪੈਸਾ ਪਬਲਿਕ ਹੈਲਥ ਡਿਪਾਰਟਮੈਂਟ ਕੋਲ ਜਮ੍ਹਾਂ ਹੋ ਜਾਂਦਾ ਹੈ ਤਾਂ ਐਨ. ਓ. ਸੀ. ਫਾਈਨਾਂਸ ਡਿਪਾਰਟਮੈਂਟ ਵੱਲੋਂ ਚਲਾ ਜਾਵੇ ਤਾਂ ਕਿ ਕੰਮ ਸ਼ੁਰੂ ਹੋ ਜਾਵੇ ?

ਮੰਤਰੀ : ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਪਬਲਿਕ ਹੈਲਥ ਵਾਲੇ ਕੰਮ ਤੇਜ਼ ਨਹੀਂ ਕਰਦੇ। ਮੈਂ ਉਨ੍ਹਾਂ ਦੀ ਮੀਟਿੰਗ ਸੈਸ਼ਨ ਦੇ ਦਿਨਾਂ ਵਿੱਚ ਬੁਲਾ ਕੇ ਹਦਾਇਤ ਕੀਤੀ ਹੈ ਕਿ ਕੰਮ ਛੇਤੀ ਤੋਂ ਛੇਤੀ ਕੰਪਲੀਟ ਕੀਤਾ ਜਾਵੇ। ਜਿਹੜੀ ਇਨ੍ਹਾਂ ਨੇ ਐਨ. ਓ. ਸੀ. ਬਾਰੇ ਗੱਲ ਕੀਤੀ ਹੈ ਉਸਦੇ ਬਾਰੇ ਵਿਚਾਰ ਕੀਤਾ ਜਾਵੇਗਾ ।

ਮਾਸਟਰ ਚੰਦ ਸਿੰਘ: ਸਪੀਕਰ ਸਾਹਬ, ਇਨ੍ਹਾਂ ਦੀ ਐਫੀਸ਼ੈਂਸੀ ਦਾ ਸਦਕਾ ਹੈ ਕਿ ਪਿਛਲੇ ਸਮੇਂ ਦੇ ਵਿਚ 20 ਲੱਖ ਰੁਪਏ ਜੋ ਮਿਲੇ ਸਨ ਉਹ ਵਰਤੇ ਨਹੀਂ ਸਨ ਗਏ ਤੇ ਲੈਪਸ ਹੋ ਗਏ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 27 ਪਿੰਡਾਂ ਵਿਚ ਇਨ੍ਹਾਂ ਦੇ ਕਹਿਣ ਮੁਤਾਬਿਕ ਕੰਮ ਚਲ ਰਿਹਾ ਹੈ ਉਨ੍ਹਾਂ ਦੇ ਵਾਸਤੇ ਕਿਤਨੇ ਪੈਸੇ ਰੱਖੇ ਹਨ ਔਰ ਜਿਹੜੇ ਪੈਸੇ ਰੱਖੇ ਹਨ ਕੀ ਉਹ ਲੈਪਸ ਤਾਂ ਨਹੀਂ ਹੋ ਜਾਣਗੇ ?

ਮੰਤਰੀ: ਮੈਂ ਹਾਊਸ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਕ ਵੀ ਪੈਸਾ ਲੈਪਸ ਨਹੀਂ ਹੋਵੇਗਾ ਔਰ ਨਾ ਹੋਣ ਦਿੱਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

Building of Harijan Dharamshalas in Jullundur District

***1352. Chaudhri Jagjit Singh :** Will the Minister for Welfare and Labour be pleased to state: —

(a) the total number of villages in district Jullundur ;

(b) the number of villages out of those mentioned in part (a) above where Harijan Dharamshalas have since been constructed and also the number of those where these are still incomplete;

(c) the number of villages out of those referred to in part (a) above where no Harijan Dharamshalas have yet been constructed and the approximate time by which those are likely to be constructed ?

ਚੌਧਰੀ ਜਗਤ ਰਾਮ : (ੳ) 1209 ਪਿੰਡ ।

(ਅ) (1) ਉਨ੍ਹਾਂ ਪਿੰਡਾਂ ਦੀ ਗਿਣਤੀ ਜਿੱਥੇ ਧਰਮਸ਼ਾਲਾਂ ਮੁਕੰਮਲ ਹੋ ਚੁੱਕੀਆਂ ਹਨ ; .. 907

(2) ਉਨ੍ਹਾਂ ਪਿੰਡਾਂ ਦੀ ਗਿਣਤੀ ਜਿਨ੍ਹਾਂ ਵਿਚ ਧਰਮਸ਼ਾਲਾਂ ਅਜੇ ਤਕ ਮੁਕੰਮਲ ਨਹੀਂ ਹਨ .. 89

(ੲ) 213

ਧਰਮਸ਼ਾਲਾਵਾਂ ਦੀ ਉਸਾਰੀ ਦਾ ਕੰਮ ਕਿਸੇ ਨਿਸ਼ਚਿਤ ਸਮੇਂ ਤਕ ਮੁਕੰਮਲ ਹੋਣਾ ਭੂਮੀ ਫੰਡਜ਼ ਅਤੇ ਬਿਲਡਿੰਗ ਮੈਟੀਰੀਅਲ ਦੇ ਉਪਲਭਧ ਹੋਣ ਤੇ ਨਿਰਭਰ ਕਰਦਾ ਹੈ । ਇਸ ਲਈ, ਨਿਸਚਿਤ ਤੌਰ ਤੇ ਇਹ ਨਹੀਂ ਦੱਸਿਆ ਜਾ ਸਕਦਾ ਕਿ ਇਹ ਧਰਮਸ਼ਾਲਾ ਕਿੰਨੇ ਸਮੇਂ ਵਿਚ ਮੁਕੰਮਲ ਹੋ ਜਾਵੇਗੀ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਜਲੰਧਰ ਵਿਚ ਮੰਤਰੀ ਜੀ ਨੇ ਦੱਸਿਆ ਹੈ ਕਿ 213 ਪਿੰਡ ਐਸੇ ਹਨ ਜਿੱਥੇ ਹਾਲੇ ਤੱਕ ਹਰੀਜਨ ਧਰਮਸ਼ਾਲਾਵਾਂ ਨਹੀਂ ਬਣੀਆਂ। ਨਵੇਂ ਸਾਲ ਵਿਚ 45 ਲੱਖ ਰੁਪਿਆ ਧਰਮਸ਼ਾਲਾਵਾਂ ਲਈ ਰੱਖਿਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਹਿਲਾਂ ਉਨ੍ਹਾਂ ਧਰਮਸ਼ਾਲਾਵਾਂ ਨੂੰ ਪਹਿਲ ਦੇਣਗੇ ਜੋ ਬਣੀਆਂ ਨਹੀਂ ਹਨ। ਜਿਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਵਾਂ ਨਹੀਂ ਹਨ ਕੀ ਇਹ ਉਥੇ ਧਰਮਸ਼ਾਲਾਵਾਂ ਬਨਾਉਣ ਵਾਸਤੇ ਪਹਿਲ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਕੀਮ ਦੇ ਮੁਤਾਬਿਕ ਜਿੱਥੇ 10 ਮਰਲੇ ਜਗ੍ਹਾ ਹੋਵੇ, ਅੱਰ ਉਹ ਜਗ੍ਹਾ ਚਾਹੇ ਪੰਚਾਇਤ ਦੇ ਦੇਵੇ ਜਾਂ ਹਰੀਜਨ ਆਪ ਦੇ ਦੇਣ, ਉਥੇ ਧਰਮਸ਼ਾਲਾ ਬਣ ਸਕਦੀ ਹੈ ਜਿੱਥੇ ਧਰਮਸ਼ਾਲਾ ਨਹੀਂ ਹੈ ਲਾਜ਼ਮੀ ਤੌਰ ਤੇ ਉਥੇ ਪਹਿਲ ਦਿੱਤੀ ਜਾਣੀ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਠੀਕ ਹੈ ਕਿ ਅਸੀਂ ਧਰਮਸ਼ਾਲਾਵਾਂ ਸਾਰੇ ਪਿੰਡਾਂ ਵਿਚ ਬਣਾਉਣੀਆਂ ਹਨ, ਗਲੀਆਂ ਨਾਲੀਆਂ ਵੀ ਸਾਰੇ ਪਿੰਡਾਂ ਵਿਚ ਪੱਕੀਆਂ ਕਰਨੀਆਂ ਹਨ। ਲੇਕਿਨ ਇਹ ਦੱਸਿਆ ਜਾਵੇ ਕਿ ਪਿੰਡਾਂ ਦੀ ਸਿਲੈਕਸ਼ਨ ਕਿਸ ਤਰ੍ਹਾਂ ਕੀਤੀ ਜਾਂਦੀ ਹੈ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਇਸ ਇਸ ਪਿੰਡ ਵਿਚ ਧਰਮਸ਼ਾਲਾ ਬਨਾਉਣੀ ਹੈ ? ਹੋਰ ਡਿਵੈਲਪਮੈਂਟ ਦਾ ਕੰਮ ਹੋਣਾ ਹੋਵੇ ਤਾਂ ਐਸ. ਡੀ. ਐਮ., ਐਮ. ਐਲ. ਏਜ਼ ਅੰਰ ਡਿਪਟੀ ਕਮਿਸ਼ਨਰ ਦੀ ਰਾਏ ਲਈ ਜਾਂਦੀ ਹੈ ਪਰ ਧਰਮਸ਼ਾਲਾਵਾਂ ਦੀ ਸਿਲੈਕਸ਼ਨ ਕਰਨ ਵਿਚ ਕਿਸ ਨੂੰ ਕਨਸਲਟ ਕੀਤਾ ਜਾਂਦਾ ਹੈ, ਕਿਸ ਤਰ੍ਹਾਂ ਸਿਲੈਕਸ਼ਨ ਇਨ੍ਹਾਂ ਦੀ ਕੀਤੀ ਜਾਂਦੀ ਹੈ ?

ਮੰਤਰੀ : ਸਪੀਕਰ ਸਾਹਿਬ, ਖਾਲਸਾ ਜੀ ਬੜੇ ਸਿਆਣੇ ਅੰਰ ਸੁਲਝੇ ਹੋਏ ਹਨ। ਇਨ੍ਹਾਂ ਨੂੰ ਯਾਦ ਹੋਣਾ ਹੈ ਕਿ ਮੈਂ ਹਰ ਇਕ ਐਮ. ਐਲ. ਏ. ਨੂੰ ਇਕ ਲੈਟਰ ਲਿਖਿਆ ਸੀ ਕਿ ਜਿੱਥੇ ਜਿੱਥੇ ਧਰਮਸ਼ਾਲਾਵਾਂ ਦੀ ਜ਼ਰੂਰਤ ਹੈ ਉਹ ਦੱਸੋ, ਜਾਂ ਜਿੱਥੇ ਗੰਦੀਆਂ ਨਾਲੀਆਂ ਹਨ, ਪਛੜੇ ਹੋਏ ਪਿੰਡ ਹਨ ਉਹ ਦੱਸੋ । ਚੀਫ ਮਨਿਸਟਰ ਸਾਹਿਬ ਨੇ ਇਹ ਕਰ ਦਿੱਤਾ ਹੈ ਕਿ ਹਰ ਡਿਵੈਲਪਮੈਂਟ ਦੇ ਕੰਮ ਨੂੰ ਹਰੀਜਨਾਂ ਵੱਲੋਂ ਸ਼ੁਰੂ ਕੀਤਾ ਜਾਵੇ।

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਸਰਕਾਰ ਨੇ ਜੋ ਪੈਸੇ ਹਰੀਜਨਾਂ ਦੇ ਵੇਹੜੇ ਵਿਚ ਲਗਾਉਣੇ ਸਨ ਕੀ ਸਾਲ 1981-82 ਵਿਚ ਉਹ ਪੈਸੇ ਧਾਰ ਬਲਾਕ ਅੰਰ ਕੰਡੀ ਏਰੀਆ ਵਿਚ ਲਗਾ ਦਿੱਤੇ ਗਏ ਹਨ ? ਜੇਕਰ ਲਗਾਏ ਹਨ ਤਾਂ ਕੀ ਇਹ ਸਾਨੂੰ ਲਿਸਟ ਦੇ ਸਕਦੇ ਹਨ ਜਿਥੇ ਜਿਥੇ ਕਿ ਪੈਸੇ ਲਗਾਏ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਜਲੰਧਰ ਡਿਸਟ੍ਰਿਕਟ ਦਾ ਸਵਾਲ ਹੈ। ਜੋ ਇਨ੍ਹਾਂ ਨੇ ਹੁਣ ਸਪਲੀਮੈਂਟਰੀ ਕੀਤਾ ਹੈ ਇਸ ਬਾਰੇ ਇਹ ਵੱਖਰਾ ਸਵਾਲ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰਾ ਸਵਾਲ ਹੈ ਜੀ। ਮੈਨੂੰ ਦੋ ਸਪਲੀਮੈਂਟਰੀਜ਼ ਅਲਾਉਡ ਹਨ। ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਨਫਰਮੇਸ਼ਨ ਦਿੱਤੀ ਹੈ ਕਿ 89 ਧਰਮਸ਼ਾਲਾਵਾਂ ਜਲੰਧਰ ਡਿਸਟ੍ਰਿਕਟ ਵਿਚ ਇਨਕੰਪਲੀਟ ਪਈਆਂ ਹਨ ਅੰਰ 213 ਬਣੀਆਂ ਹੀ ਨਹੀਂ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਕ ਤਾਂ ਦਸ ਮਰਲਿਆਂ ਦੀ ਜ਼ਮੀਨ ਦੀ ਹੱਦ ਰੱਖੀ ਹੋਈ ਹੈ, ਕੀ ਇਹ ਉਸ ਨੂੰ ਘਟਾਉਣ ਲਈ ਤਿਆਰ ਹਨ ? ਦੂਸਰਾ, ਇਹ ਕਿ ਜਿਹੜਾ ਇਹ 12 ਹਜ਼ਾਰ ਰੁਪਿਆ ਧਰਮਸ਼ਾਲਾ ਲਈ ਦਿੰਦੇ ਹਨ ਉਸ ਨੂੰ 15 ਹਜ਼ਾਰ ਕਰਨ ਨੂੰ ਤਿਆਰ ਹਨ ਕਿਉਂਕਿ ਸੀਮਿੰਟ ਅੰਰ ਲੋਹੇ ਦੀਆਂ ਕੀਮਤਾਂ ਵਧ ਗਈਆਂ ਹਨ। ਤੀਸਰਾ, ਇਹ ਕਿ ਕੀ ਇਹ ਰਿਪੇਅਰ ਲਈ ਜੋ ਤਿੰਨ ਹਜ਼ਾਰ ਰੁਪਿਆ ਦਿੰਦੇ ਹਨ ਉਸ ਦੀ ਥਾਂ ਪੰਜ ਹਜ਼ਾਰ ਕਰਨ ਨੂੰ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਪੁੱਛਿਆ ਹੈ, ਇਸ ਦੇ ਬਾਰੇ ਵਿਚਾਰ ਕਰ ਲਵਾਂਗੇ।

Seniority list of Teachers in the Master Grade

***1570.** (1) **Master Babu Singh**
(2) **Comrade Saghar Singh** } Will the Minister for Education be pleased to state :—

(a) whether any seniority list of the teachers in the Master Cadre has been prepared by the Government up to 31st December, 1981 ;

Original with;
Punjab Vidhan Sabha
Digitized by;
Panjab Digital Library

(b) if the reply to part (a) above be in the affirmative, the total number of teachers in the Master Cadre appointed before Ist November, 1966 who have been allotted their seniority numbers upto 31st December, 1981 ;

(c) whether there are any teachers who have not been allotted their seniority numbers up to 31st December, 1981 ; if so, the number thereof, togetherwith the reasons therefor ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਨਹੀਂ ਜੀ।

(ਅ) ਅਤੇ (ਏ) ਸਵਾਲ ਹੀ ਪੈਦਾ ਨਹੀਂ ਹੁੰਦਾ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਕੁਐਸ਼ਚਨ ਪੁੱਛਿਆ ਸੀ ਕਿ 31 ਦਸੰਬਰ, 1981 ਤਕ ਕੀ ਕੋਈ ਮਾਸਟਰਾਂ ਦੀ ਸਿਨਿਆਰਟੀ ਲਿਸਟ ਬਣਾਈ ਗਈ ਹੈ ਜਾਂ ਨਹੀਂ। ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਨਹੀਂ। ਦੂਸਰੇ, ਪੋਰਸ਼ਨ ਦਾ ਜਵਾਬ ਦਿਤਾ ਹੈ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ। ਸਪੀਕਰ ਸਾਹਿਬ, ਜੇਕਰ 31 ਦਸੰਬਰ, 1981 ਤਕ ਨਹੀਂ ਬਣੀ ਇਨ੍ਹਾਂ ਪਾਸ ਇਨਫਰਮੇਸ਼ਨ ਤਾਂ ਆਈ ਹੋਣੀ ਹੈ । ਜੇਕਰ ਪਿਛਲੇ ਦੋ ਤਿੰਨ ਸਾਲਾਂ ਤਕ ਬਣੀ ਹੋਈ ਹੈ ਤਾਂ ਉਹ ਦੱਸ ਦੇਣ ਕਿ ਕਿਹੜੇ ਸਾਲ ਤਕ ਬਣੀ ਹੋਈ ਹੈ ਅੱਗੇ ਨੂੰ ਸਿਨਿਆਰਟੀ ਲਿਸਟ ਬਨਾਉਣ ਲਈ ਕਿਤਨੀ ਦੇਰ ਹੋਰ ਲਗਾਉਣਗੇ ?

ਮੰਤਰੀ : ਸਪੀਕਰ ਸਾਹਿਬ, ਸਵਾਲ ਦਾ ਜਵਾਬ ਤਾਂ ਇਹ ਹੀ ਬਣਦਾ ਹੈ ਜੋ ਮੈਂ ਦੇ ਦਿੱਤਾ ਹੈ। ਹੁਣ ਇਨ੍ਹਾਂ ਨੇ ਪਿਛਲੇ ਸਾਲਾਂ ਬਾਰੇ ਪੁੱਛਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਕਾਫੀ ਸਮੇਂ ਤੋਂ ਸਿਨਿਆਰਟੀ ਲਿਸਟ ਨਹੀਂ ਬਣੀ। 10/15 ਸਾਲਾਂ ਤੋਂ ਇਹ ਲਿਸਟ ਨਹੀਂ ਬਣੀ। ਇਹ ਪਹਿਲੀ ਸਰਕਾਰ ਹੈ ਜਿਸ ਨੇ 31 ਮਾਰਚ, 1980 ਤਕ ਪ੍ਰੋਵੀਜ਼ਨਲ ਤੌਰ ਤੇ ਸਿਨਿਆਰਟੀ ਲਿਸਟ ਬਣਾਈ ਹੈ ਅੱਤੇ ਸਰਕੂਲੇਟ ਕੀਤੀ ਹੈ, ਓਬਜੈਕਸ਼ਨਜ਼ ਇਨਵਾਈਟ ਕੀਤੇ ਹਨ। ਜਦੋਂ ਓਬਜੈਕਸ਼ਨਜ਼ ਆ ਜਾਣਗੇ ਤਾਂ ਉਨ੍ਹਾਂ ਨੂੰ ਡਿਸਪੋਜ਼ ਆਫ ਕਰਨ ਤੋਂ ਬਾਅਦ ਜੋ ਅਸੀਂ ਨਵੀਂ ਰੂਪ ਰੇਖਾ ਬਣਾਈ ਹੈ ਉਸ ਨੂੰ ਫਾਈਨਲ ਕਰਾਂਗੇ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 31 ਮਾਰਚ, 1980 ਤਕ ਪ੍ਰੋਵੀਜ਼ਨਲ ਲਿਸਟ ਬਣਾ ਕੇ ਸ਼ਰਕੂਲੇਟ ਕੀਤੀ ਹੈ ਅੱਤੇ ਓਬਜੈਕਸ਼ਨਜ਼ ਇਨਵਾਈਟ ਕੀਤੇ ਹਨ । ਕੀ ਇਸ ਕੰਮ ਨੂੰ ਇਹ ਟਾਈਮ ਬਾਉਂਡ ਕਰਨਗੇ, ਕੋਈ ਡੇਟ ਦੇਣਗੇ ਜਿਸ ਡੇਟ ਤਕ ਕਿ ਸਿਨਿਆਰਟੀ ਲਿਸਟ ਫਾਈਨਲ ਹੋ ਜਾਵੇ ?

ਮੰਤਰੀ : ਸਰ, ਇਸ ਵਿਚ ਪੋਜੀਸ਼ਨ ਇਹ ਹੈ ਕਿ ਕੋਈ 500 ਦੇ ਕਰੀਬ ਅਸੀਂ ਓਬਜੈਕਸ਼ਨਜ਼ ਅਕਸੈਪਟ ਕਰਦੇ ਹਾਂ ਕਿ ਮਿਲੇ ਹਨ । ਅਸੀਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਡਿਸਪੋਜ਼ ਆਫ ਕਰ ਰਹੇ ਹਾਂ। ਮੈਂ ਟਾਈਮ ਬਾਉਂਡ ਇਸ ਕਰਕੇ ਨਹੀਂ ਕਰਦਾ ਕਿਉਂਕਿ ਉਹ ਓਬਜੈਕਸ਼ਨ ਜਿਹੜੇ ਕਿ ਕੋਈ 500 ਦੇ ਕਰੀਬ ਹਨ ਉਨ੍ਹਾਂ ਨੂੰ ਪਹਿਲਾਂ ਡਿਸਪੋਜ਼ ਆਫ ਕਰਨਾ ਹੋਵੇਗਾ। ਉਹ ਅਸੀਂ ਜਲਦੀ ਤੋਂ ਜਲਦੀ ਡਿਸਪੋਜ਼ ਆਫ ਕਰਨ ਦੀ ਕੋਸ਼ਿਸ਼ ਕਰਾਂਗੇ । **This very well shows the intention of the Government to expedite the matter.**

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਸਰਕਾਰ ਵੱਲੋਂ ਸਕੂਲਾਂ ਤੋਂ 15 ਮਈ ਅੰਰ ਫਿਰ ਜੁਲਾਈ, ਸਤੰਬਰ ਦੇ ਮਹੀਨਿਆਂ ਵਿਚ ਸਟੇਟਮੈਂਟਾਂ ਮੰਗੀਆਂ ਜਾਂਦੀਆਂ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦੋ ਸਾਲ ਪਹਿਲਾਂ ਤਕ ਪ੍ਰੋਵੀਜ਼ਨਲ ਲਿਸਟ ਬਣੀ ਹੈ ਪਰ ਉਹ ਫਾਈਨਲ ਨਹੀਂ ਹੋ ਸਕੀ ? ਕੀ ਹਿੱਚ ਹੈ ਕਿ ਉਹ ਕੰਮ ਪੂਰਾ ਨਹੀਂ ਹੋ ਸਕਿਆ ?

ਮੰਤਰੀ : ਸਪੀਕਰ ਸਾਹਿਬ, ਪਿਛਲਾ ਰਿਜ਼ੀਮ ਜਦੋਂ ਸੀ ਉਦੋਂ ਤਾਂ ਇਨ੍ਹਾਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ ਅੰਰ ਹੁਣ ਪੁੱਛਿਆ ਹੈ। ਮੈਂ ਸਪੀਕਰ ਸਾਹਿਬ, ਜਵਾਬ ਦਿੱਤਾ ਹੈ ਕਿ ਅਸੀਂ ਪ੍ਰੋਵੀਜ਼ਨਲ ਲਿਸਟ ਬਣਾ ਲਈ ਹੈ, ਓਬਜੈਕਸ਼ਨਜ਼ ਇਨਵਾਈਟ ਕੀਤੇ ਹਨ ਅੰਰ ਲਿਸਟ ਸਟਕੂਲੇਟ ਹੋ ਚੁੱਕੀ ਹੈ **We are looking into these objections.** ਫਿਰ ਉਸ ਵਿਚ ਕਈ ਮਸਲੇ ਐਡਹਾਕ ਟੀਚਰਜ਼ ਦੇ ਆ ਜਾਂਦੇ ਹਨ। ਉਨ੍ਹਾਂ ਦੀ ਰੈਗੂਲੇਰਾਈਜੇਸ਼ਨ ਜੋ ਹੈ, **That has to be done in consultation with the Personnel Department. Unless we do it, we cannot do the work of preparing seniority list. This is the difficulty.**

Mr. Speaker : Next question.

(ਇਸ ਸਮੇਂ ਕਾਮਰੇਡ ਸੱਘੜ ਸਿੰਘ ਜੀ ਸਪਲੀਮੈਂਟਰੀ ਕਰਨ ਲਈ ਆਗਿਆ ਮੰਗਣ ਲੱਗੇ।)

ਸ਼੍ਰੀ ਸਪੀਕਰ : ਹੁਣ ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ। ਮੈਂ ਤੁਹਾਡੀ ਵੱਲ ਵੇਖਦਾ ਰਿਹਾ ਹਾਂ। ਤੁਸੀਂ ਸਪਲੀਮੈਂਟਰੀ ਪੁੱਛਣ ਲਈ ਪਹਿਲਾਂ ਉਠੇ ਹੀ ਨਹੀਂ

Construction of a new Building for District Hospital, Ferozepore

***1448. Sardar Gurnaib Singh Brar :** Will the Minister for Health and Family Welfare be pleased to state whether the Government has any proposal under its consideration to construct a new building for the District Hospital, Ferozepur; if so, the time by which it is likely to be completed ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਹਾਂ ਜੀ। 100 ਬਿਸਤਰਿਆਂ ਵਾਲੇ ਹਸਪਤਾਲ, ਫਿਰੋਜ਼ਪੁਰ ਦੀ ਨਵੀਂ ਬਿਲਡਿੰਗ ਉਸਾਰੀ ਅਧੀਨ ਹੈ। ਫੰਡਜ਼ ਦੀ ਘਾਟ ਕਾਰਨ ਇਸ ਸਟੇਜ ਤੇ ਇਹ ਦੱਸਣਾ ਸੰਭਵ ਨਹੀਂ ਹੈ ਕਿ ਇਹ ਕਦ ਤਕ ਪੂਰੀ ਹੋਵੇਗੀ।

ਸਰਦਾਰ ਗੁਰਨੈਬ ਸਿੰਘ ਬਰਾੜ: ਸਪੀਕਰ ਸਾਹਿਬ, ਇਹ ਚੰਗੀ ਗੱਲ ਹੈ ਵਜ਼ੀਰ ਸਾਹਿਬ ਨੇ ਕਹੀ ਹੈ ਕਿ 100 ਬਿਸਤਰਿਆਂ ਦਾ ਹਸਪਤਾਲ ਫਿਰੋਜ਼ਪੁਰ ਵਿਚ ਬਣਾਉਣਾ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਦੀ ਬਿਲਡਿੰਗ ਦੀਆਂ ਨੀਹਾਂ ਪੁੱਟੀਆਂ ਗਈਆਂ ਹਨ, ਕੀ ਕੋਈ ਦੀਵਾਰ ਖੜੀ ਕੀਤੀ ਗਈ ਹੈ, ਕੋਈ ਕਮਰਾ ਛੱਤ ਤਕ ਪਹੁੰਚ ਗਿਆ ਹੈ ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਕਿਤਨਾ ਪੈਸਾ ਖਰਚ ਹੋਇਆ ਹੈ ? ਮੇਰਾ ਖਿਆਲ ਹੈ ਕਿ ਇਹ ਇਨਫਰਮੇਸ਼ਨ ਇਨ੍ਹਾਂ ਦੀ ਠੀਕ ਨਹੀਂ ਹੈ। ਉਥੇ ਕੋਈ ਕੰਮ ਸ਼ੁਰੂ ਨਹੀਂ ਹੋਇਆ। ਦੂਜਾ, ਮੈਂ ਇਹ ਪੁੱਛਦਾ ਹਾਂ ਕਿ ਪਿਛਲੇ ਸਾਲ ਇਸ ਹਸਪਤਾਲ ਦੇ ਬਣਨ ਵਾਸਤੇ ਕਿੰਨੇ ਪੈਸੇ ਦਿੱਤੇ ਸਨ ਅਤੇ ਹੁਣ ਕਿੰਨੇ ਦਿੱਤੇ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਹਸਪਤਾਲ ਦੀ ਉਸਾਰੀ ਦਾ ਜ਼ਿਕਰ ਕੀਤਾ ਹੈ। ਮੈਂ ਪਹਿਲਾਂ ਹੀ ਇਹ ਗਲ ਕਹਿ ਦਿੱਤੀ ਹੈ ਕਿ ਰੁਪਏ ਦੀ ਕਮੀ ਹੋਣ ਕਰਕੇ ਇਸ

Original with;
Punjab Vidhan Sabha
Digitized by;
Panjab Digital Library

ਹਸਪਤਾਲ ਦੀ ਉਸਾਰੀ ਨਹੀਂ ਹੋਈ। ਇਹ 100 ਬੈਡਜ਼ ਦਾ ਹਸਪਤਾਲ ਹੈ। ਇਹ 100 ਬੈਡਜ਼ ਦਾ ਹਸਪਤਾਲ ਜਿਹੜੀ ਬਿਲਡਿੰਗ ਵਿਚ ਚਲ ਰਿਹਾ ਹੈ ਉਥੇ ਬਕਾਇਦਾ ਜੋ ਪਰੋਵੀਜ਼ਨ ਹੈ ਦਵਾਈਆਂ ਦਾ ਉਸ ਨਾਲੋਂ ਵੱਧ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਜਿਹੜਾ ਸਟਾਫ ਹੈ ਜਿਸ ਵਿਚ 31 ਅਫਸਰ ਹਨ ਉਹ ਸਾਰੇ ਦਾ ਸਾਰਾ ਪੂਰਾ ਹੈ। ਬਾਕੀ ਜਿਥੋਂ ਤਕ ਬਿਲਡਿੰਗ ਦਾ ਸਬੰਧ ਹੈ ਇਸ ਲਈ ਅਸੀਂ ਐਫ. ਐਮ. ਸਾਹਿਬ ਨੂੰ ਅਪਰੋਚ ਕਰਾਂਗੇ ਕਿ ਉਹ ਸਿਰਫ ਇਸ ਹਸਪਤਾਲ ਲਈ ਹੀ ਨਹੀਂ ਬਲਿਕ ਹੋਰ ਹਸਪਤਾਲਾਂ ਲਈ ਵੀ ਫੰਡਜ਼ ਦਾ ਪ੍ਰਬੰਧ ਕਰਨ ਤਾਂਕਿ ਜਲਦੀ ਨਾਲ ਉਹ ਬਿਲਡਿੰਗਜ਼ ਕੰਪਲੀਟ ਹੋ ਸਕਣ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਸੀ ਕਿ ਬਿਲਡਿੰਗ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ। ਮੈਂ ਇਹ ਪੁੱਛਿਆ ਸੀ ਕਿ ਜੇਕਰ ਇਸ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ ਤਾਂ ਉਸ ਤੇ ਹੁਣ ਤਕ ਕਿੰਨਾ ਖਰਚ ਕੀਤਾ ਹੈ ਕਿੰਨੀਆਂ ਇੱਟਾਂ ਲੱਗੀਆਂ ਹਨ ਜਾਂ ਕਿੰਨੇ ਕਮਰੇ ਬਣੇ ਹਨ, ਇਹ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਮੈਂ ਕੋਈ ਅਜਿਹੀ ਗੱਲ ਨਹੀਂ ਕੀਤੀ ਕਿ 10 ਕਮਰੇ ਬਣ ਗਏ ਹਨ ਤੇ 10 ਰਹਿ ਗਏ ਹਨ। ਜੇ ਕਮਰੇ ਬਣ ਗਏ ਹੁੰਦੇ ਤਾਂ ਮੈਂ ਬੜੇ ਫਖਰ ਨਾਲ ਕਹਿੰਦਾ ਕਿ ਸਾਡਾ ਕੰਮ ਕੰਪਲੀਟ ਹੋ ਚੁੱਕਾ ਹੈ। ਇਸ ਸਬੰਧ ਵਿਚ ਮੈਂ ਪਿਛਲੇ ਦਿਨਾਂ ਵਿਚ ਫੈਸਲਾ ਕੀਤਾ ਸੀ ਕਿ ਮੈਂ ਡਿਸਟ੍ਰਿਕਟ ਫਿਰੋਜ਼ਪੁਰ ਬਰਾੜ ਸਾਹਿਬ ਦੇ ਨਾਲ ਜਾਵਾਂਗਾ ਅਤੇ ਉਥੇ ਬੈਠ ਕੇ ਸਾਰੀ ਪਲਾਨ ਵੇਖ ਕੇ ਵਿਚਾਰ ਕਰ ਲਵਾਂਗੇ। ਸੋ ਮੇਰਾ ਖਿਆਲ ਹੈ ਕਿ ਉਸ ਵਕਤ ਤਕ ਇੰਤਜ਼ਾਰ ਕਰਨ।

ਸ੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਹਸਪਤਾਲ ਦੀ ਜਿਹੜੀ ਪਰਾਬਲਮ ਹੈ ਇਹ ਕੋਈ 10 ਸਾਲ ਤੋਂ ਚਲੀ ਆ ਰਹੀ ਹੈ। ਉਥੇ 100 ਬੈਡਜ਼ ਦਾ ਹਸਪਤਾਲ ਸੈਂਕਸ਼ਨ ਹੋਇਆ ਹੈ ਪਰ ਇਸ ਵੇਲੇ ਕੇਵਲ 40 ਬੈਡਜ਼ ਹਨ। ਪਿਛਲੇ ਦਿਨੀਂ ਜਦੋਂ ਮੁੱਖ ਮੰਤਰੀ ਸਾਹਿਬ ਉਥੇ ਗਏ ਸਨ ਤਾਂ ਮੈਂ ਰਿਕੁਐਸਟ ਕੀਤੀ ਸੀ। ਉਨ੍ਹਾਂ ਨੇ 4 ਲੱਖ ਰੁਪਏ ਬਾਕੀ ਜਿਹੜੇ 60 ਬੈਡਜ਼ ਹਨ ਉਨ੍ਹਾਂ ਵਾਸਤੇ ਸੈਂਕਸ਼ਨ ਕਰ ਦਿੱਤਾ ਸੀ। ਇਸ ਬਾਰੇ ਸ਼ਾਇਦ ਮੰਤਰੀ ਸਾਹਿਬ ਨੂੰ ਪਤਾ ਹੀ ਨਹੀਂ। ਇਸ ਲਈ ਕੀ ਹੁਣ ਮੰਤਰੀ ਸਾਹਿਬ ਇਹ 60 ਬੈਡਜ਼ ਹੋਰ ਬਣਾਉਣ ਵਾਸਤੇ ਕਦੋਂ ਤਕ ਪ੍ਰਬੰਧ ਕਰ ਦੇਣਗੇ ਜਦ ਕਿ 4 ਲੱਖ ਰੁਪਿਆ ਸੈਂਕਸ਼ਨ ਹੋ ਚੁੱਕਾ ਹੈ ?

ਮੰਤਰੀ : ਸਪੀਕਰ ਸਾਹਿਬ, ਐਸੀ ਕੋਈ ਗੱਲ ਨਹੀਂ ਕਿ ਮੈਨੂੰ 4 ਲੱਖ ਰੁਪਏ ਦਾ ਪਤਾ ਨਹੀਂ ਹੈ। ਗੱਲ ਤਾਂ 92 ਲੱਖ ਰੁਪਏ ਦੀ ਸੀ। ਇਸ ਲਈ ਮੈਂ 4 ਲੱਖ ਨੂੰ ਬਹੁਤ ਥੋੜ੍ਹਾ ਸਮਝਦਾ ਸੀ। ਮੈਂ ਤਾਂ ਚਾਹੁੰਦਾ ਸੀ ਕਿ ਇਨ੍ਹਾਂ ਦੇ ਜ਼ਿਲ੍ਹੇ ਵਿਚ ਕੁਝ ਹੋਰ ਜ਼ਿਆਦਾ ਚੰਗਾ ਇੰਤਜ਼ਾਮ ਕਰ ਦਿੰਦੇ।

ਵੈਦ ਕਰਤਾਰ ਸਿੰਘ : ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਹਿਲੇ ਜਵਾਬ ਦਿੱਤਾ ਹੈ ਕਿ ਇਹ ਹਸਪਤਾਲ ਉਸਾਰੀ ਅਧੀਨ ਹੈ। ਪਰ ਹੁਣ ਕਹਿੰਦੇ ਹਨ ਕਿ ਉਥੇ ਮੌਕਾ ਵੇਖ ਕੇ ਗੱਲ ਕਰਾਂਗੇ। ਇਸ ਲਈ ਇਹ ਪਹਿਲੇ ਦਸਣ ਕਿ ਇਨ੍ਹਾਂ ਦੋਨਾਂ ਵਿਚੋਂ ਕਿਹੜੀ ਗਲ ਸਹੀ ਹੈ।

ਮੰਤਰੀ : ਮੈਂ ਇਹ ਗੱਲ ਬਿਲਕੁਲ ਨਹੀਂ ਕਹੀ। ਮੈਂ ਹੁਣ ਵੀ ਇਹ ਗਲ ਕਹਿੰਦਾ ਹਾਂ ਕਿ ਇਹ ਉਸਾਰੀ ਅਧੀਨ ਹੈ। ਮੈਂ ਸਰਦਾਰ ਗੁਰਨੈਬ ਸਿੰਘ ਨੂੰ ਕਿਹਾ ਸੀ ਕਿ ਟੂਰ ਪ੍ਰੋਗਰਾਮ ਬਣਾਵਾਂਗੇ ਅੱਤ ਮੌਕੇ ਤੇ ਬੈਠਕੇ ਵੇਖਾਂਗੇ ਅੱਤ ਹਸਪਤਾਲ ਦੀ ਉਸਾਰੀ ਦਾ ਪ੍ਰੋਗਰਾਮ ਬਣਾਵਾਂਗੇ।

Original with;
Punjab Vidhan Sabha
Digitized by;
Panjab Digital Library

Construction of building for Medical College Faridkot

***1542. Sardar Basant Singh Khalsa :** Will the Minister for Health be pleased to state:—

(a) the estimated cost of the construction of the building for the Medical College, Faridkot including Hostel and Hospital, ;

(b) the amount spent so far to construct the said project and the time by which it is likely to be completed ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਉਸਾਰੀ ਲਈ ਮੁੱਢਲਾ ਅਨੁਮਾਨਤ ਖਰਚਾ ਤਕਰੀਬਨ 12.14 ਕਰੋੜ ਰੁਪਏ ਸੀ ਜਿਹੜਾ ਕਿ ਉਸਾਰੀ ਦੀ ਕੀਮਤ ਵਿੱਚ ਹੋਏ ਵਾਧੇ ਕਾਰਨ 18 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ।

(ਅ) ਦਸੰਬਰ, 1981 ਤਕ ਇਸ ਪ੍ਰਾਜੈਕਟ ਤੇ 249.63 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਵਿੱਤੀ ਘਾਟ ਕਾਰਨ ਇਹ ਦੱਸਣਾ ਸੰਭਵ ਨਹੀਂ ਕਿ ਇਹ ਪ੍ਰਾਜੈਕਟ ਕਦ ਤਕ ਮੁਕੰਮਲ ਹੋ ਸਕੇਗਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਮੈਡੀਕਲ ਕਾਲਜ ਦਾ ਸਵਾਲ ਹੈ। ਉਥੇ ਹਸਪਤਾਲ ਵੀ ਬਣਨਾ ਹੈ, ਅਤੇ ਮੈਡੀਕਲ ਕਾਲਜ ਵੀ ਬਣਨਾ ਹੈ ਉਸ ਦਾ ਖਰਚ 12 ਕਰੋੜ ਰੁਪਏ ਸੀ ਅਤੇ ਹੁਣ ਇਹ 18 ਕਰੋੜ ਰੁਪਏ ਦਾ ਖਰਚ ਹੋ ਗਿਆ ਹੈ। ਪਰ ਇਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਵਿਚ ਕੇਵਲ ਢਾਈ ਕਰੋੜ ਰੁਪਿਆ ਖਰਚ ਕੀਤਾ ਹੈ। ਜਿਹੜੇ ਮੁੰਡੇ ਇਥੇ ਦਾਖਲ ਹੁੰਦੇ ਹਨ ਉਨ੍ਹਾਂ ਨਾਲ ਬੜੀ ਬੇਇਨਸਾਫੀ ਕੀਤੀ ਜਾਂਦੀ ਹੈ। ਕੁਝ ਤਾਂ ਬੰਦੇ ਪੀ. ਜੀ. ਆਈ. ਟਰੇਨਿੰਗ ਲੈਂਦੇ ਹਨ ਅਤੇ ਕੁਝ ਰਾਜਿੰਦਰਾ ਹਸਪਤਾਲ ਟਰੇਨਿੰਗ ਲੈਂਦੇ ਹਨ। ਜਿਹੜੇ ਮੁੰਡੇ ਅੰਮ੍ਰਿਤਸਰ ਔਰ ਪਟਿਆਲਾ ਦੇ ਇਥੇ ਦਾਖਲ ਹੁੰਦੇ ਹਨ ਉਨ੍ਹਾਂ ਨਾਲ ਬੜਾ ਵਿਤਕਰਾ ਕੀਤਾ ਜਾਂਦਾ ਹੈ। ਇਸ ਲਈ ਹੁਣ ਇਹ ਦੱਸਣ ਕਿ ਇਹ ਕਾਲਜ ਕਦੋਂ ਤਕ ਬਣਾ ਦੇਣਗੇ। ਜੇ ਇਹੀ ਹਾਲ ਰਿਹਾ ਤਾਂ ਇਸ ਦਾ ਖਰਚ 40-50 ਕਰੋੜ ਰੁਪਏ ਤਕ ਪਹੁੰਚ ਜਾਵੇਗਾ।

ਮੰਤਰੀ : ਸਪੀਕਰ ਸਾਹਿਬ, ਕੁਐਸ਼ਚਨ ਵੀ ਬੜਾ ਮਹੱਤਵ ਪੂਰਨ ਹੈ ਅਤੇ ਜਿਹੜਾ ਹੁਣ ਸਪਲੀਮੈਂਟਰੀ ਕੀਤਾ ਹੈ ਇਹ ਵੀ ਬਹੁਤ ਮਹੱਤਵ ਪੂਰਣ ਹੈ। ਇਸ ਸਬੰਧ ਵਿਚ ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਇੰਸਟੀਚਿਊਸ਼ਨ ਇਕ ਪ੍ਰਾਈਵੇਟ ਮੈਨੇਜਿੰਗ ਕਮੇਟੀ ਦਾ ਸੀ। ਇਸ ਨੂੰ ਪਿਛਲੀ ਪੰਜਾਬ ਦੀ ਕਾਂਗਰਸ ਸਰਕਾਰ ਨੇ ਕੁਝ ਫੰਡਜ਼ ਵਗੈਰਾ ਦੇ ਕੇ ਖੜ੍ਹਾ ਕਰਨਾ ਚਾਹਿਆ ਸੀ। ਪਰ ਜਦੋਂ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਉਨ੍ਹਾਂ ਨੇ ਇਸ ਇੰਸਟੀਚਿਊਸ਼ਨ ਨੂੰ ਗੌਰਮਿੰਟ ਦਾ ਕਰਾਰ ਦੇ ਦਿੱਤਾ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ 1978-79 ਵਿਚ ਇਨ੍ਹਾਂ ਦੀ ਸਰਕਾਰ ਨੇ 10 ਲੱਖ ਰੁਪਿਆ ਰੈਵੇਨਿਊ ਅਕਾਊਂਟ ਵਿਚੋਂ ਰਖਿਆ ਪਰ 60-70 ਹਜ਼ਾਰ ਰੁਪਿਆ ਖਰਚ ਕੀਤਾ, ਫਿਰ 1979-80 ਵਿਚ 29.21 ਲੱਖ ਰੁਪਿਆ ਰਖਿਆ ਅਤੇ 25.6 ਲੱਖ ਅੰਕਸਪੈਂਡੀਚਰ ਕੀਤਾ। ਫਿਰ ਇਸ ਦੇ ਕੈਪੀਟਲ ਤੇ ਖਰਚ ਕਰਨ ਲਈ 47.74 ਲੱਖ ਰੁਪਿਆ ਰਖਿਆ ਸੀ ਪਰ ਖਰਚ ਕੇਵਲ 39.36 ਲੱਖ ਕੀਤਾ। ਸਪੀਕਰ ਸਾਹਿਬ, ਹੁਣ ਤੁਸੀਂ ਅੰਦਾਜ਼ਾ ਲਗਾਓ ਕਿ ਜਿਸ ਪ੍ਰਾਜੈਕਟ ਨੂੰ ਇਨ੍ਹਾਂ ਨੇ ਅੰਡਰਟੇਕ ਕੀਤਾ ਉਸ ਤੇ 2 ਸਾਲ ਵਿਚ ਅੱਠਾ ਥੋੜ੍ਹਾ ਖਰਚ ਕੀਤਾ। ਫਿਰ ਉਸ ਤੋਂ ਬਾਅਦ 1981 ਵਿਚ ਜਦੋਂ ਵੀ ਇਹ ਸਰਕਾਰ ਆਈ ਇਸ ਨੇ 39.18 ਲਖ ਰੁਪਿਆ ਰੈਵੇਨਿਊ ਲਈ ਰਖਿਆ ਸੀ ਅਤੇ 37.41 ਲੱਖ ਰੁਪਿਆ ਕੈਪੀਟਲ ਲਈ ਖਰਚ ਕੀਤਾ ਸੀ ਅਤੇ ਇਸ ਤੋਂ ਬਾਅਦ ਫਰੀਦਕੋਟ ਪ੍ਰਜੈਕਟ

Original with;
Punjab Vidhan Sabha
Digitized by;
Panjab Digital Library

ਤੇ 150 ਲੱਖ ਰੁਪਿਆ ਖਰਚ ਕੀਤਾ ਸੀ। 1981-82 ਦੇ ਵਿਚ 50 ਲੱਖ ਰੁਪਿਆ ਰੈਵੇਨਿਊ ਲਈ ਰਖਿਆ ਗਿਆ ਸੀ ਅਤੇ ਇਸ ਵਿਚੋਂ ਐਕਸਪੈਂਡੀਚਰ ਦਸੰਬਰ, 1981 ਤਕ 28 ਲੱਖ ਰੁਪਈਆ ਹੋ ਚੁੱਕਾ ਹੈ ਅਤੇ ਅਗਲੇ ਤਿੰਨ ਮਹੀਨਿਆਂ ਦੇ ਵਿਚ ਇਹ ਸਾਰਾ ਖਰਚ ਹੋ ਜਾਵੇਗਾ ਅੱਤੇ 88 ਲਖ ਰੁਪਿਆ ਕੈਪੀਟਲ ਵਾਸਤੇ ਰਖਿਆ ਸੀ ਅੱਤੇ ਇਹ 88 ਲੱਖ ਰੁਪਿਆ ਸਾਰੇ ਦਾ ਸਾਰਾ ਖਰਚ ਹੋ ਜਾਵੇਗਾ। ਇਹ ਗੱਲ ਮੈਂ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਸ਼ਾਇਦ ਇਸ ਨਾਲੋਂ ਵੀ ਜ਼ਿਆਦਾ ਖਰਚ ਹੋ ਜਾਵੇ। ਪਿਛਲੀ ਸਰਕਾਰ ਨੇ ਇਸ ਕਾਲਜ ਨੂੰ ਟੇਕ-ਓਵਰ ਤਾਂ ਕਰ ਲਿਆ ਪਰ ਉਸ ਦੇ ਲਈ ਕੀਤਾ ਕੁਝ ਨਹੀਂ ਸੀ। ਸਰਕਾਰ ਚਾਹੁੰਦੀ ਹੈ ਕਿ ਇਹ ਕਾਲਜ ਬਕਾਇਦਾ ਤੌਰ ਤੇ ਇਸ ਜ਼ਿਲ੍ਹੇ ਵਿਚ ਬਣੇ ਅਤੇ ਬੱਚਿਆਂ ਨੂੰ ਤਾਲੀਮ ਮਿਲੇ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਠੀਕ ਫਰਮਾਇਆ ਹੈ ਕਿ ਇਸ ਕਾਲਜ ਨੂੰ ਥੋੜ੍ਹੀ ਜਿਹੀ ਅੰਟਰੈਕਸ਼ਨ ਦੇ ਕੇ ਕਾਂਗਰਸੀਆਂ ਨੇ ਲਿਆਂਦਾ ਸੀ ਅੱਤੇ ਜਦੋਂ ਇਹ ਕਾਲਜ ਬੰਦ ਹੋਣ ਲੱਗਾ ਤਾਂ ਸਾਡੀ ਸਰਕਾਰ ਨੇ ਇਸ ਨੂੰ ਟੇਕਓਵਰ ਕਰ ਲਿਆ ਸੀ। ਇਸ ਕਾਲਜ ਤੇ ਕੁਲ 18 ਕਰੋੜ ਰੁਪਏ ਦਾ ਖਰਚਾ ਹੋਣਾ ਚਾਹੀਦਾ ਹੈ ਜਦ ਕਿ ਤੁਸੀਂ 3 ਸਾਲਾਂ ਦੇ ਵਿਚ ਢਾਈ ਕਰੋੜ ਰੁਪਿਆ ਖਰਚ ਕਰ ਸਕੇ ਹੋ। ਇਸ ਦੇ ਨਾਲ ਕਾਲਜ ਦਾ ਕੰਮ ਨਹੀਂ ਚੱਲਣਾ। ਉਥੇ ਮੁੰਡਿਆਂ ਲਈ ਕੋਈ ਕਮਰਾ ਨਹੀਂ ਹੈ ਅੱਤੇ ਨਾ ਕੋਈ ਲੈਬਾਰਟਰੀ ਹੈ ਅੱਰ ਮੁੰਡਿਆਂ ਦੀ ਤਾਲੀਮ ਦਾ ਨੁਕਸਾਨ ਹੋ ਰਿਹਾ ਹੈ।

ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਕਾਲਜ ਜਿਸ ਹਾਲਤ ਵਿਚ ਹੈ ਉਸ ਨੂੰ ਅਸੀਂ ਚਲਾਵਾਂਗੇ ਅੱਤੇ ਮੁੰਡਿਆਂ ਨੂੰ ਐਜੂਕੇਸ਼ਨ ਦਿੱਤੀ ਜਾਵੇਗੀ ਅੱਤੇ ਉਨ੍ਹਾਂ ਦੀਆਂ ਕਲਾਸਾਂ ਜਾਰੀ ਰਖੀਆਂ ਜਾਣਗੀਆਂ ਅੱਤੇ ਜੇਕਰ ਉਨ੍ਹਾਂ ਦੇ ਲਈ ਲੈਬਾਰਟਰੀ ਦਾ ਇੰਤਜ਼ਾਮ ਨਾ ਹੋਇਆ ਫੇਰ ਅਸੀਂ ਪਹਿਲਾਂ ਵਾਂਗ ਪੀ. ਜੀ. ਆਈ./ਅੰਮ੍ਰਿਤਸਰ/ਪਟਿਆਲੇ ਦੇ ਕਾਲਜਿਜ਼ ਵਿਚ ਉਨ੍ਹਾਂ ਦੀ ਪੜ੍ਹਾਈ ਦਾ ਇੰਤਜ਼ਾਮ ਕਰਾਂਗੇ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਸਾਰਾ ਖਰਚਾ ਦੱਸ ਦਿੱਤਾ ਹੈ ਪਰ ਜਿਥੇ ਸਰਕਾਰ ਨੇ ਇਸ ਕਾਲਜ ਲਈ ਲੈਬਾਰਟਰੀ ਬਣਾਉਣੀ ਹੈ ਉਸ ਜ਼ਮੀਨ ਤੇ ਇਕ ਬਹੁਤ ਵੱਡੇ ਕਾਂਗਰਸੀ ਦਾ ਕਬਜ਼ਾ ਹੈ। ਉਹ ਬੰਦਾ ਇਸ ਜ਼ਮੀਨ ਦੇ ਕੇਸ ਵਿਚ ਹਾਈ ਕੋਰਟ ਤੋਂ ਹਾਰ ਚੁੱਕਾ ਹੈ ਅੱਤੇ ਡੀ. ਸੀ,-ਐਸ. ਡੀ. ਐਮ. ਦੀ ਅਦਾਲਤ ਵਿਚੋਂ ਹਾਰ ਚੁੱਕਾ ਹੈ। ਪਰ ਉਹ ਹਾਲੇ ਕਬਜ਼ਾ ਛੱਡ ਨਹੀਂ ਰਿਹਾ ਹੈ। ਹੁਣ ਉਸ ਨੇ ਬਿਨਾਂ ਵਜਾ ਕੇਸ ਨੂੰ ਗੱਲ ਮੱਲ ਕਰਕੇ ਕਮਿਸ਼ਨਰ ਕੋਲ ਕੇਸ ਕਰ ਦਿੱਤਾ ਹੈ। ਇਸ ਜ਼ਮੀਨ ਨੂੰ ਛੁਡਵਾਉਣ ਲਈ ਸਾਰੇ ਡੀ. ਸੀ. ਜ਼ੋਰ ਲਗਾਉਂਦੇ ਰਹੇ ਹਨ ਪਰ ਪਤਾ ਨਹੀਂ ਇਥੋਂ ਕੀ ਤਾਰਾਂ ਖੜਕ ਜਾਂਦੀਆਂ ਹਨ ਅੱਰ ਉਹ ਜ਼ਮੀਨ ਹਾਲੇ ਤਕ ਵੇਹਲੀ ਨਹੀਂ ਹੋਈ। ਇਸ ਜ਼ਮੀਨ ਨੂੰ ਉਸਦੇ ਕਬਜ਼ੇ ਹੇਠੋਂ ਕਦੋਂ ਤਕ ਛੁੜਵਾ ਲੈਣਗੇ ?

ਮੰਤਰੀ: ਸਪੀਕਰ ਸਾਹਿਬ, ਇਸ ਜਗ੍ਹਾ ਬਾਰੇ ਖਾਲਸਾ ਜੀ ਨੇ ਸਵਾਲ ਨਹੀਂ ਕੀਤਾ ਸੀ। ਜੇਕਰ ਉਹ ਪੁੱਛਦੇ ਤਾਂ ਮੈਂ ਜਵਾਬ ਦੇ ਦਿੰਦਾ।

ਸ਼੍ਰੀ ਸਪੀਕਰ: ਤੁਸੀਂ ਇਸ ਗੱਲ ਨੂੰ ਨੋਟ ਕਰ ਲਓ।

Making Bhikhi Sub-Tehsil

***1409. Comrade Buta Singh :** Will the Minister for Revenue be pleased to state whether any proposal to make a Bhikhi as Sub-Tehsil is under the consideration of the Government ; if so, the details thereof ?

Original with;
Punjab Vidhan Sabha
Digitized by;
Panjab Digital Library

Sardar Gurdarshan Singh : The proposal for setting up a Sub-Tehsil consisting of 19 Patwar Circles (38 villages) at Bhikhi (tehsil Mansa), district Bhatinda, is under the consideration of Government.

ਕਾਮਰੇਡ ਬੂਟਾ ਸਿੰਘ: ਸਪੀਕਰ ਸਾਹਿਬ, ਇਥੇ 38 ਪਿੰਡਾਂ ਦੀ ਸਮੱਸਿਆ ਹੈ। ਇਸ ਗੱਲ ਨੂੰ ਮੁੱਖ ਰਖਦਿਆਂ ਹੋਇਆਂ ਇਸ ਦਾ ਫੈਸਲਾ ਕਦੋਂ ਤੱਕ ਕਰ ਦੇਣਗੇ ? ਜ਼ਿਲ੍ਹਾ ਪੁਨਰਗਠਨ ਕਮੇਟੀ ਚੇ ਸੀਨੀਅਰ ਮੈਂਬਰਾਂ ਨੇ ਕਿਹਾ ਸੀ ਕਿ ਇਸ ਦਾ ਫੈਸਲਾ ਹੋ ਚੁੱਕਾ ਹੈ। ਕੀ ਤੁਸੀਂ ਫੈਸਲਾ ਕੋਈ ਕਰ ਲਿਆ ਹੈ ਜਾਂ ਨਹੀਂ ?

ਮੰਤਰੀ: ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਇਹ ਮਾਮਲਾ ਅੰਡਰ ਕੰਸਿਡਰੇਸ਼ਨ ਹੈ। ਪਹਿਲੇ ਇਸ ਕਮੇਟੀ ਦੇ ਪ੍ਰਧਾਨ ਸਰਦਾਰ ਬੇਅੰਤ ਸਿੰਘ, ਮਾਲ ਮੰਤਰੀ ਸਨ ਅੱਤ ਹੁਣ ਇਹ ਮਹਿਕਮਾ ਮੇਰੇ ਕੋਲ ਹੈ । ਅਸੀਂ ਇਸ ਤੇ ਵਿਚਾਰ ਕਰ ਲਵਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਕੀ ਪਟਿਆਲੇ ਜ਼ਿਲ੍ਹੇ ਦੇ ਵਿਚ ਕੋਈ ਸਬ-ਤਹਿਸੀਲ ਬਣਾਉਣ ਦਾ ਵਿਚਾਰ ਸਰਕਾਰ ਕੋਲ ਹੈ ?

ਮੰਤਰੀ : ਸਪੀਕਰ ਸਾਹਿਬ, ਪਟਿਆਲੇ ਜ਼ਿਲ੍ਹੇ ਵਿਚ ਅੱਜ ਜਾਣਾ ਹੈ ਅਤੇ ਇਸ ਜ਼ਿਲ੍ਹੇ ਦੀ ਹੀਅਰਿੰਗ ਕਰਨੀ ਹੈ।

Seasonal Purchase Centre

***1549. Sardar Lakha Singh :** Will the Minister of State for Food and Supplies be pleased to state :—

(a) whether he is aware of the fact that there is Seasonal Purchase Centre in village Mian Wind, Block Khadoor Sahib, district Amritsar ;

(b) if the reply to part (a) above be in the affirmative whether there is any proposal under the consideration of the Government to set up a Permanent Purchase Centre in the said village ?

ਸ਼੍ਰੀ ਭਗਵਾਨ ਦਾਸ : (ੳ) ਹਾਂ ਜੀ।

(ਅ) ਹਾਲੇ ਨਹੀਂ ਜੀ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਮੀਆਂ ਵਿੰਡ ਪਿੰਡ, ਬਲਾਕ ਖੰਡੂਰ ਸਾਹਿਬ ਵਿਚ ਇਹ 18-19 ਪਿੰਡਾਂ ਦਾ ਇਕ ਸੈਂਟਰ ਹੈ ਅੱਤ ਇਥੇ 10--15 ਹਜ਼ਾਰ ਦੀ ਆਬਾਦੀ ਹੈ। ਇਹ ਨਿੱਕਾ ਜਿਹਾ ਪਿੰਡ ਹੈ ਅੱਤ ਇਥੇ ਅੱਧੇ ਕਿਲੋਮੀਟਰ ਤੇ ਫੋਕਲ ਪੁਆਇੰਟ ਹੈ । ਕੀ ਇਸ ਖਰੀਦ ਸੈਂਟਰ ਨੂੰ ਪੱਕਾ ਮਨਿਸਟਰ ਸਾਹਿਬ ਬਣਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਸ਼ੈਡਿਊਲਡ ਕਾਸਟ ਅਤੇ ਫਾਰਮਰਜ਼ ਦਾ ਧਿਆਨ ਰੱਖਦੀ ਹੈ ਅੱਤ 826 ਸੈਂਟਰ ਪੰਜਾਬ ਸਰਕਾਰ ਨੇ ਪਿੰਡਾਂ ਦੇ ਵਿਚੋਂ ਅਨਾਜ ਖਰੀਦਣ ਲਈ ਖੋਲ੍ਹੇ ਹੋਏ ਹਨ ਤਾਕਿ ਫਾਰਮਰਜ਼ ਦਾ ਮਾਲ ਆ ਸਕੇ। ਇਸ ਜਗ੍ਹਾ ਦਾ ਫੈਸਲਾ ਐਗਰੀਕਲਚਰ ਡਿਪਾਰਟਮੈਂਟ ਨੇ ਕਰਨਾ ਹੈ। ਜਿਸ ਵਕਤ ਸਾਡੇ ਕੋਲ ਜ਼ਮੀਨ ਅਤੇ ਪੈਸੇ ਦੀ ਉਪਲਬਧੀ ਹੋਵੇਗੀ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ। ਜਿਥੇ ਪੰਜਾਬ ਸਰਕਾਰ ਜ਼ਰੂਰਤ ਸਮਝੇਗੀ ਉਥੇ ਮਾਰਕਿਟ ਕਮੇਟੀਆਂ ਵਲੋਂ ਮੰਡੀਆਂ ਪੱਕੀਆਂ ਕਰ ਦਿੱਤੀਆਂ ਜਾਣਗੀਆਂ।

Original with;
Punjab Vidhan Sabha
Digitized by;
Panjab Digital Library

Setting up Micro Hydel Projects

***1571. Prof. Darbari Lal :** Will the Chief Minister be pleased to state: —

(a) whether there is any proposal under the consideration of the Government to construct Micro-Hydel Projects in the State for the generation of electricity during the year 1981-82 ;

(b) if the reply to part (a) above be in the affirmative, the names of Canals on which these projects are proposed to be constructed together with the number of Micro-Hydel Projects proposed to be constructed ?

Sardar Darbara Singh : (a) No Sir.

(b) Question does not arise.

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਪੰਜਾਬ ਦੇ ਵਿਚ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਨੇ ਰੋਪੜ ਥਰਮਲ ਪਲਾਂਟ, ਮੁਕੇਰੀਆਂ ਹਾਈਡਲ ਪ੍ਰੋਜੈਕਟ ਅਤੇ ਆਨੰਦਪੁਰ ਸਾਹਿਬ ਪ੍ਰੋਜੈਕਟ ਤੋਂ ਬਿਜਲੀ ਲੈਣੀ ਹੈ। ਇਸ ਦੇ ਨਾਲ ਸਰਕਾਰ ਵਧਾਈ ਦੀ ਪਾਤਰ ਹੈ। ਜਿਥੇ ਛੋਟੀਆਂ ਛੋਟੀਆਂ ਨਹਿਰਾਂ ਹਨ, ਝੀਲਾਂ ਹਨ ਉਥੇ ਮਾਈਕਰੋ ਹਾਈਡਲ ਪ੍ਰੋਜੈਕਟ ਸੈਟ ਅੱਪ ਕਰਕੇ 1 ਕਿਲੋ ਵਾਟ ਬਿਜਲੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ 450 ਟਿਊਬਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿੱਤੇ ਜਾ ਸਕਦੇ ਹਨ। ਕੀ ਸਰਕਾਰ ਇਸ ਤੇ ਸਰਵੇਅ ਕਰਵਾ ਕੇ ਉਪਰਾਲੇ ਕਰਨ ਲਈ ਤਿਆਰ ਹੈ ਤਾਕਿ ਛੋਟੀ ਛੋਟੀ ਜਗ੍ਹਾ ਤੇ ਬਿਜਲੀ ਮਿਲ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਕੀਤਾ ਸੀ ਕਿ 1981-82 ਦੇ ਵਿਚ ਇਹ ਪ੍ਰਾਜੈਕਟ ਕੰਸਟਰਕਟ ਕਰਨ ਦਾ ਵਿਚਾਰ ਅਧੀਨ ਹੈ। ਇਸ ਸਾਲ ਨੂੰ ਤਾਂ ਕੁਝ ਦਿਨ ਹੀ ਰਹਿ ਗਏ ਹਨ। ਇਸ ਲਈ ਮੈਂ ਜਵਾਬ ਦੇ ਦਿੱਤਾ ਹੈ ਕਿ ਨਹੀਂ ਜੀ। ਇਨ੍ਹਾਂ ਦਾ ਸਵਾਲ ਇਹ ਹੈ..

> "Whether there is any proposal under the consideration of the Government to construct Micro-Hydel Projects in ths State for the generation of electricity during the year 1981-82."

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਾਡੀ ਸਰਕਾਰ ਦੀ ਪਹੁੰਚ ਹੈ ਕਿ ਸਟੇਟ ਵਿਚ 125 ਜਗ੍ਹਾਂ ਤੇ ਨਹਿਰਾਂ, ਬ੍ਰਾਂਚਾਂ ਅਤੇ ਮੇਨਜ਼ ਤੋਂ ਬਿਜਲੀ ਕੱਢੀ ਜਾ ਸਕਦੀ ਹੈ। ਇਸ ਦੀ ਸਕੀਮ ਅਸੀਂ ਬਣਾ ਕੇ ਬਿਜਲੀ ਬੋਰਡ ਨੂੰ ਭੇਜ ਦਿੱਤੀ ਹੈ ਅਤੇ ਇਸ ਨਾਲ 150 ਮੈਗਾਵਾਟ ਬਿਜਲੀ ਸਾਨੂੰ ਮਿਲੇਗੀ। ਇਸ ਦੇ ਲਈ ਅਸੀਂ ਸੈਂਟਰ ਇਲੈਕਟ੍ਰੀਸਿਟੀ ਅਥਾਰਿਟੀ ਨਾਲ ਕੇਸ ਟੇਕ ਅੱਪ ਕੀਤਾ ਅਤੇ ਉਸ ਦੀ ਅਪਰੂਵਲ ਲਈ ਕੇਸ ਭੇਜਿਆ ਹੋਇਆ ਹੈ। ਅਸੀਂ ਮਾਈਕਰੋ ਹਾਈਡਲ ਪ੍ਰਾਜੈਕਟਸ ਰਾਹੀਂ ਬਿਜਲੀ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਾਂਗੇ।

Setting up of Heavy Industry in Tehsil Ferozepur

***1449. Sardar Gurnaib Singh Brar :** Will the Chief Minister be pleased to state whether the Government has any proposal under its consideration to set up any heavy industry in tehsil Ferozepur, on priority basis; if so, the details thereof ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਸਰਕਾਰ ਦੇ ਵਿਚਾਰ ਅਧੀਨ ਇਸ ਵੇਲੇ ਇਹੋ ਜਿਹੀ ਕੋਈ ਤਜਵੀਜ਼ ਨਹੀਂ ਜਿਸ ਦੁਆਰਾ ਕੋਈ ਭਾਰੀ ਉਦਯੋਗ ਲਗਾਉਣ ਲਈ ਤਹਿਸੀਲ ਫਿਰੋਜ਼ਪੁਰ ਨੂੰ ਪਰਮ ਅਗੇਤ ਦਿੱਤੀ ਜਾਵੇ ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਉਹ ਹੁਸੈਨੀਵਾਲਾ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਗਏ ਸਨ ਤਾਂ ਉਨ੍ਹਾਂ ਨੇ ਉਥੇ ਕਿਹਾ ਸੀ ਕਿ ਫਿਰੋਜ਼ਪੁਰ ਵਿਚ ਇੰਡਸਟਰੀ ਸੈੱਟ-ਅੱਪ ਕੀਤੀ ਜਾਵੇਗੀ । ਇਸ ਲਈ, ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਫਿਰੋਜ਼ਪੁਰ ਬਾਰਡਰ ਦਾ ਜ਼ਿਲ੍ਹਾ ਹੈ ਅੱਤੇ ਉਥੇ ਬਿਲਕੁਲ ਇੰਡਸਟਰੀ ਨਹੀਂ ਹੈ। ਇਸ ਲਈ ਮੇਰੀ ਰਿਕੁਐਸਟ ਹੈ ਕਿ ਸੀ.ਐਮ. ਸਾਹਿਬ, ਫਿਰੋਜ਼ਪੁਰ ਵਿਚ ਇੰਡਸਟਰੀ ਲਗਾਉਣ ਦੀ ਪਰਪੋਜ਼ਲ ਅੰਡਰ ਕੰਸਿਡਰੇਸ਼ਨ ਹੀ ਕਰ ਲੈਣ।

ਮੁੱਖ ਮੰਤਰੀ : ਸਪੀਕਰ ਸਾਹਿਬ,ਮੇਰੀ ਬੇਨਤੀ ਹੈ ਕਿ ਮੈਂ ਸਾਰੇ ਯੂਨਿਟਸ ਪੜ੍ਹਨਾ ਨਹੀਂ ਚਾਹੁੰਦਾ। ਪਰ ਉਥੇ ਜਗਜੀਤ ਕਾਟਨ ਜਿਨਿੰਗ ਫੈਕਟਰੀ, ਭਵਾਨੀ ਟੈਕਸਟਾਈਲ ਮਿੱਲ ਅਤੇ ਖੰਡ ਉਦਯੋਗ ਆਦਿ ਬਹੁਤ ਸਾਰੀਆਂ ਫੈਕਟਰੀਆਂ ਹਨ। ਸਪੀਕਰ ਸਾਹਿਬ, ਮੈਂ ਉਥੇ ਗਿਆ ਸੀ ਅੱਤੇ ਮੈਂ ਇੱਕ ਵੇਰ ਕਹੀ ਹੋਈ ਗੱਲ ਨੂੰ ਭੁਲਦਾ ਨਹੀਂ ਹਾਂ। ਮੈਂ ਉਥੇ ਸਪੀਕਰ ਸਾਹਿਬ ਕਿਹਾ ਸੀ ਇਥੇ ਵੀ ਕੋਈ ਇੰਡਸਟਰੀ ਲਿਆਂਦੀ ਜਾਵੇਗੀ। ਹੈਵੀ ਇੰਡਸਟਰੀ ਬਹੁਤ ਘੱਟ ਹੈ । ਸਪੀਕਰ ਸਾਹਿਬ, ਕੋਈ ਵੀ ਇੰਡਸਟਰੀ ਸਾਡੇ ਹੱਥ ਲਗੀ ਤਾਂ ਜ਼ਰੂਰ ਇਸ ਪਾਸੇ ਲਿਆਵਾਂਗੇ। ਹੁਣ ਵੀ ਮੈਂ ਉਸ ਪਾਸੇ ਖੜ੍ਹਾ ਹਾਂ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਇੱਕ ਫੋਕਲ ਪੁਆਇੰਟ ਡਿਕਲੇਅਰ ਕੀਤਾ ਗਿਆ ਸੀ ਜਿਸ ਲਈ ਜ਼ਮੀਨ ਵੀ ਅੱਕੁਆਇਰ ਕੀਤੀ ਗਈ ਹੈ । ਮੁੱਖ ਮੰਤਰੀ ਜੀ ਉਥੇ ਕਦੋਂ ਤਕ ਕੰਮ ਸ਼ੁਰੂ ਕਰਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਫੋਕਲ ਪੁਆਇੰਟ ਬਾਰੇ ਮੈਨੂੰ ਪਤਾ ਨਹੀਂ ਹੈ । ਇਸ ਬਾਰੇ ਮੈਂ ਪਤਾ ਕਰਕੇ ਦੱਸ ਦੇਵਾਂਗਾ।

ਜਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਮੇਰਾ ਇੱਕ ਬਹੁਤ ਜ਼ਰੂਰੀ ਸਪਲੀਮੈਂਟਰੀ ਹੈ। ਪੰਜਾਬ ਸਰਕਾਰ ਨੇ ਲੱਖਾਂ ਕਰੋੜਾਂ ਰੁਪਏ ਖਰਚ ਕਰਕੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿਣ ਵਾਲੇ ਲੋਕਾਂ ਦਾ ਸਰਵੇਅ ਕਰਵਾਇਆ ਸੀ। ਕਿਸੇ ਜ਼ਿਲ੍ਹੇ ਵਿਚ 29% ਗਰੀਬ ਹਨ ਅੱਤੇ ਕਿਸੇ ਜ਼ਿਲ੍ਹੇ ਵਿਚ 22% ਗਰੀਬ ਹਨ। ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਸਵਾਲ ਹੈ ਸੀ.ਐਮ ਸਾਹਿਬ ਹਾਊਸ ਵਿਚੋਂ ਚਲੇ ਗਏ ਹਨ। ਇਹ ਕੀ ਤਰੀਕਾ ਹੈ। ਲੱਖਾਂ ਕਰੋੜਾਂ ਰੁਪਏ ਸਰਕਾਰ ਨੇ ਖਰਚ ਕਰਕੇ ਸਰਵੇਅ ਕਰਵਾਇਆ ਹੈ ਅੱਤੇ 42% ਲੋਕ ਗਰੀਬੀ ਤੋਂ ਹੇਠਾ ਜ਼ਿਲ੍ਹੇ ਗੁਰਦਾਸਪੁਰ ਵਿਚ ਰਹਿੰਦੇ ਹਨ। ਜੇਕਰ ਸਪੀਕਰ ਸਾਹਿਬ, ਮੈਂ ਗਲਤ ਗੱਲ ਕਰਾਂ ਤਾਂ ਤੁਸੀਂ ਕਟ ਦਿਓ ਅੱਤੇ ਜੇਕਰ ਮੈਂ ਸਹੀ ਗੱਲ ਕਵਾਂ ਤਾਂ ਤੁਸੀਂ ਕੋਈ ਐਕਸ਼ਨ ਲਵੋ। ਸਪੀਕਰ ਸਾਹਿਬ, ਇਹ ਬੜਾ ਹੀ ਜ਼ਰੂਰੀ ਸਵਾਲ ਹੈ। ਜੇਕਰ ਸਾਡੀ ਗੱਲ ਸਹੀ ਹੈ ਤਾਂ ਕਿਉਂ ਨਹੀਂ ਸੁਣੀ ਜਾਂਦੀ। ਇਸ ਗੱਲ ਦਾ ਨਿਪਟਾਰਾ ਕਰਵਾਇਆ, ਤੁਸੀਂ ਜਵਾਬ ਦਿਓ।

ਸ੍ਰੀ ਸਪੀਕਰ : ਜਥੇਦਾਰ ਉਜਾਗਰ ਸਿੰਘ ਸੇਖਵਾਂ ਜੀ ਇਹ ਫਿਰੋਜ਼ਪੁਰ ਦਾ ਸਵਾਲ ਹੈ। ਤੁਸੀਂ ਗੁਰਦਾਸਪੁਰ ਦਾ ਸਵਾਲ ਕਰ ਦਿੰਦੇ ।

Original with;
Punjab Vidhan Sabha
Digitized by
Panjab Digital Library

*ਨਿਸ਼ਾਨ ਵਾਲਾ ਪ੍ਰਸ਼ਨ ਨੰ: 1478

ਸ਼੍ਰੀ ਸਪੀਕਰ : ਇਸ ਸਵਾਲ ਲਈ ਐਕਸਟੈਨਸ਼ਨ ਮੰਗੀ ਗਈ ਹੈ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਕਦੋਂ ਤਕ ਆ ਜਾਵੇਗਾ।

ਸ਼੍ਰੀ ਸਪੀਕਰ: 31 ਮਾਰਚ, 1982 ਤਕ ਐਕਸਟੈਨਸ਼ਨ ਮੰਗੀ ਗਈ ਹੈ। ਨਕਸਟ ਕੁਐਸ਼ਚਨ।

Grain Market, Khadoor Sahib

***1548. Sardar Lakha Singh :** Will the Minister for Agriculture and rrigation be pleased to state whether it is a fact that the foundation stone of Grain Market, Khadoor Sahib, district Amritsar was laid during the Akali-Janta regime ; if so, the reasons for not completing the said Market so far together with the time by which it is likely to be completed ?

ਚੌਧਰੀ ਕਾਂਸ਼ੀ ਰਾਮ : (1) ਜੀ ਹਾਂ। ਇਹ ਠੀਕ ਹੈ ਕਿ ਅਨਾਜ ਮੰਡੀ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦਾ ਨੀਂਹ ਪੱਥਰ ਅਕਾਲੀ-ਜਨਤਾ ਸਰਕਾਰ ਵੇਲੇ ਰੱਖਿਆ ਗਿਆ ਸੀ।

(2) ਇਸ ਮੰਡੀ ਦੇ ਵਿਕਾਸ ਦੇ ਕੰਮ ਖੇਤੀਬਾੜੀ ਮੰਡੀਕਰਣ ਬੋਰਡ ਦੇ ਇੰਜੀਨੀਅਰਿੰਗ ਵਿੰਗ ਨੂੰ ਸੌਂਪਣ ਸਬੰਧੀ ਫੈਸਲਾ ਮਿਤੀ 5 ਅਕਤੂਬਰ, 1981 ਨੂੰ ਹੋਈ ਹੀਵਿਊ ਮੀਟਿੰਗ ਵਿੱਚ ਦੇਰੀ ਨਾਲ ਲਿਆ ਗਿਆ ਸੀ।

(3) ਇਸ ਮੰਡੀ ਨੂੰ ਮਾਰਚ, 1984 ਦੇ ਅੰਤ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ, ਜੇ ਕਰ ਸੀਮਿੰਟ ਆਦਿ ਜਿਹੀ ਸਮੱਗਰੀ ਉਪਲਬਧ ਹੁੰਦੀ ਰਹੀ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਨੀਂਹ ਪੱਥਰ ਰੱਖਕੇ, ਮੇਰਾ ਖਿਆਲ ਹੈ ਕਿ ਚੇਤਾ ਹੀ ਭੁਲ ਗਿਆ ਹੈ। ਹੁਣ ਕਦੋਂ ਤਕ ਗਰੇਨ ਮਾਰਕਿਟ ਕੰਪਲੀਟ ਕਰਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਆਲਰੈਡੀ ਜਵਾਬ ਵਿਚ ਕਿਹਾ ਹੈ ਕਿ ਇਸ ਮੰਡੀ ਨੂੰ ਮਾਰਚ, 1984 ਦੇ ਅੰਤ ਤੀਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ। ਸਰਦਾਰ ਲੱਖਾ ਸਿੰਘ ਜੀ ਦੀ ਲਿਹਾਜ਼ ਨਾਲ ਮੈਂ ਇਸ ਨੂੰ ਹੋਰ ਐਕਸਪੀਡਾਈਟ ਵੀ ਕਰਾ ਦਿਆਂਗਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੰਡੀਆਂ ਦਾ ਸਾਰੀ ਸਟੇਟ ਵਿਚ ਹੀ ਬੁਰਾ ਹਾਲ ਹੈ। ਕਈ ਵਾਰ ਮੰਤਰੀ ਜੀ ਕਹਿੰਦੇ ਹਨ ਕਿ ਸੁਪਰੀਮ ਕੋਰਟ ਨੇ ਬਾਰ ਲਾ ਦਿੱਤੀ ਹੈ ਇਸ ਲਈ ਅਸੀਂ ਪੈਸਾ ਖਰਚ ਨਹੀਂ ਕਰ ਸਕਦੇ। ਕੀ ਸਪੀਕਰ ਸਾਹਿਬ, ਮੰਤਰੀ ਜੀ ਦੱਸਣਾਂ ਵਿਚ ਪੰਜਾਬ ਦੀਆਂ ਸਾਰੀਆਂ ਮੰਡੀਆਂ ਦਾ ਕੰਮ ਕੰਪਲੀਟ ਕਰਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇੱਕ ਅੰਗਰੇਜ਼ੀ ਦੀ ਕਹਾਵਤ ਹੈ ਕਿ "Even hurry takes time." ਇਸ ਲਈ ਸਪੀਕਰ ਸਾਹਿਬ, ਪੈਸੇ ਦੇ ਮੁਤਾਬਿਕ ਬਾਕੀ ਵੀ ਕਰਾ ਦਿਆਂਗੇ।

---

*For Starred Question No. 1478 and reply there to please see P. V. S, Debates dated 30th March 1982.

Original with;
Punjab Vidhan Sabha
Digitized by;
Panjab Digitized

Construction of Bundh on Choe near the Tube-well in Village Nighi

***1226. Master Dalip Chand :** Will the Minister for Agriculture and Irrigation be pleased to state whether there is any proposal under the consideration of Government to construct a Bundh on Choe passing near the Tube-well of Public Health Department in village Nighi, tehsil Balachaur, district Hoshiarpur; if so, the time by which it is likely to be constructed ?

Chaudhri Kanshi Ram : Yes, Sir. The scheme has been assigned priority and will be executed on availability of funds.

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਸ ਸਕੀਮ ਨੂੰ ਪਹਿਲ ਦਿੱਤੀ ਹੈ। ਉਸ ਲਈ ਮੈਂ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਕੀ ਮੰਤਰੀ ਜੀ 1982 ਤਕ ਇਸ ਕੰਮ ਨੂੰ ਸ਼ੁਰੂ ਕਰਾਉਣਗੇ ਤਾਕਿ ਲੋਕਾਂ ਦਾ ਕੋਈ ਨੁਕਸਾਨ ਨਾ ਹੋਵੇ।

ਮੰਤਰੀ : ਸਪੀਕਰ ਸਾਹਿਬ, ਇਹ ਲੋਕਲ ਪਰੋਟੈਕਸ਼ਨ ਵਰਕ ਹੈ। ਅਗਰ ਮੈਂਬਰ ਸਾਹਿਬ ਮੇਰੀ ਇਜਾਜ਼ ਰੱਖਣ ਤਾਂ, ਸਪੀਕਰ ਸਾਹਿਬ, ਹੇਠਾਂ ਡਿਪਟੀ ਕਮਿਸ਼ਨਰ ਪਰਾਇਰਟੀ ਵਿਕਸ ਕਰਦੇ ਹਨ ਅਤੇ ਉਸ ਦੇ ਮੁਤਾਬਿਕ ਅਸੀਂ ਕੰਮ ਕਰਦੇ ਹਾਂ। ਅਗਰ ਪਰਾਇਰਟੀ ਵਿਚ ਉਹ ਆ ਗਿਆ ਤਾਂ ਅਸੀਂ ਕੰਮ ਸ਼ੁਰੂ ਕਰਾ ਦਿਆਂਗੇ। ਫੰਡਜ਼ ਸਾਡੇ ਕੋਲ ਹਨ।

Pension to Handicapped Persons

***1429. Shri Gopal Krishan Chatrath :** Will the Minister for Welfare and Labour be pleased to state:—

(a) whether any scheme has been formulated by the Government to give pension to the handicapped persons ;

(b) if the reply to part (a) above be in the affirmative, the details of the said scheme together with the number of handicapped persons to whom the pensions have been sanctioned so far?

ਚੌਧਰੀ ਜਗਤ ਰਾਮ : (ੳ) ਹਾਂ ਜੀ ।

(ਅ) ਸਕੀਮ ਦੀਆਂ ਡਿਟੇਲਜ਼, ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ। 31 ਜਨਵਰੀ, 1982 ਦੇ ਅੰਤ ਤਕ, 790 ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਮਨਜ਼ੂਰ ਕੀਤੀ ਜਾ ਚੁੱਕੀ ਹੈ ।

ਅਨੁਲੱਗ

ਸਕੀਮ ਦੀਆਂ ਡਿਟੇਲਜ਼ ਹੇਠ ਲਿਖੇ ਅਨੁਸਾਰ ਹਨ :--

(1) ਸਕੀਮ 2 ਅਕਤੂਬਰ, 1981 ਤੋਂ ਚਾਲੂ ਕੀਤੀ ਗਈ ਹੈ।

(2) ਵਿੱਤੀ ਸਹਾਇਤਾ ਦੀ ਯੋਗਤਾ ਲਈ ਇਨੈਕਾਰ ਪੱਕੇ ਤੌਰ ਤੇ ਨਿਕਾਰਾ ਹੋਵੇ ਅਤੇ ਆਪਣੀ ਰੋਜ਼ੀ ਕਮਾਉਣ ਦੇ ਯੋਗ ਨਾ ਹੋਵੇ ਅਤੇ ਕੋਈ ਉਸ ਦੀ ਮੱਦਦ ਕਰਨ

Original with;
Punjab Vidhan Sabha
Digitized by;
Panjab Digital Library

ਵਾਲਾ ਵੀ ਨਾ ਹੋਵੇ ਅਤੇ ਬਸ਼ਰਤੇ ਉਸ ਦੇ ਪਰਿਵਾਰ ਦੀ ਆਮਦਨ 3,600 ਰੁਪਏ ਸਲਾਨਾ ਤੋਂ ਵੱਧ ਨਾ ਹੋਵੇ ।

(3) ਉਸ ਦੀ ਘੱਟੋ ਘੱਟ ਉਮਰ 16 ਸਾਲ ਅਤੇ ਵੱਧ ਤੋਂ ਵੱਧ ਉਮਰ ਮਰਦਾਂ ਦੇ ਕੇਸ ਵਿਚ 55 ਸਾਲ ਤੋਂ ਘੱਟ ਹੋਵੇ ਅਤੇ ਔਰਤਾਂ ਦੇ ਕੇਸ ਵਿਚ 50 ਸਾਲ ਤੋਂ ਘੱਟ ਹੋਵੇ ।

(4) ਵਿੱਤੀ ਸਹਾਇਤਾ 50 ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਅਕਤੀ ਦਿੱਤੀ ਜਾਂਦੀ ਹੈ ।

(5) ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਜਾਂ ਉਸ ਦਾ ਨਾਮਜ਼ਦ ਜਿਥੇ ਕਿ ਵਧੀਕ ਡਿਪਟੀ ਕਮਿਸ਼ਨਰ ਦੀ ਆਸਾਮੀ ਨਹੀਂ, ਸੈਕਸ਼ਨਿੰਗ ਅਧਿਕਾਰੀ ਹੈ; ਪਰੰਤੂ ਜਿਸ ਜ਼ਿਲ੍ਹੇ ਵਿਚ ਅਜਿਹੀ ਆਸਾਮੀ ਮੌਜੂਦ ਹੈ, ਉਥੇ ਵਧੀਕ ਡਿਪਟੀ ਕਮਿਸ਼ਨਰ ਸੈਕਸ਼ਨਿੰਗ ਅਧਿਕਾਰੀ ਹੈ ।

(6) ਸਬੰਧਤ ਜ਼ਿਲਾ ਸਮਾਜ ਭਲਾਈ ਅਫਸਰ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਹੈ ।

2. ਸਕੀਮ ਦੀਆਂ ਹੋਰ ਡਿਟੇਲਜ਼ ਡਰਾਫਟ ਕਰ ਲਈਆਂ ਗਈਆਂ ਹਨ ਅਤੇ ਅੰਤਮ ਕੀਤੀਆਂ ਜਾ ਰਹੀਆਂ ਹਨ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਜਿਹੜੀ ਸਾਡੀ ਸਰਦਾਰ ਨੇ ਹੈਂਡੀਕੈਪਡ ਲਈ ਸਕੀਮ ਸ਼ੁਰੂ ਕੀਤੀ ਹੈ, ਉਹ ਬੜੀ ਮਹੱਤਵ ਪੂਰਨ ਸਕੀਮ ਹੈ । ਕੀ ਮਨਿਸਟਰ ਸਾਹਿਬ, ਉਸ ਸਕੀਮ ਨੂੰ ਡੀਫਾਈਨ ਕਰਨਗੇ ਅਤੇ ਕੋਈ ਗਾਈਡ ਲਾਈਨਜ਼ ਦਸਣਗੇ ਕਿ ਕਿੰਨ੍ਹਾਂ ਨੂੰ ਵਜੀਫੇ ਦਿਤੇ ਜਾਣੇ ਹਨ ?

ਮੰਤਰੀ : ਜਿਹੜੇ ਬਿਲਕੁਲ ਨਕਾਰਾ ਹੋ ਗਏ ਹਨ, ਜਿਹੜੇ ਕੰਮ ਨਹੀਂ ਕਰ ਸਕਦੇ ਹੋਣਗੇ ਅੰਨ ਆਪਣੀ ਰੋਟੀ ਨਹੀਂ ਕਮਾ ਸਕਦੇ ਹੋਣਗੇ ਉਨ੍ਹਾਂ ਵਾਸਤੇ ਸਿਵਲ ਸਰਜਨ ਸਰਟੀਫਿਕੇਟ ਦੇਵੇਗਾ, ਇਲਾਕੇ ਦਾ ਐਮ. ਐਲ. ਏ. ਜਾਂ ਐਸ. ਡੀ. ਐਮ. ਸਰਟੀਫਾਈ ਕਰੇਗਾ ਤਾਂ ਉਸ ਨੂੰ ਪੈਨਸ਼ਨ ਦਿਤੀ ਜਾਏਗੀ ।

Construction of the Buildings of Sri Guru Nanak Dev Hospital at Amritsar

***1564. Prof. Darbari Lal** : Will the Minister for Health be pleased to state:—

(a) the total estimated cost of construction of the buildings of Sri Guru Nanak Dev Hospital at Amritsar ;

(b) the amount so far spent on the construction of the said hospital togetherwith the details of the buildings constructed ;

(c) the details of the buildings or portions thereof yet to be constructed and the time by which these are likely to be constructed ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਮੁੱਢਲੇ ਅਨੁਮਾਨਾਂ ਅਨੁਸਾਰ ਤਕਰੀਬਨ 2.90 ਕਰੋੜ ਰੁਪਏ ।

(ਅ) ਦਸੰਬਰ, 1981 ਤਕ ਤਕਰੀਬਨ 2.19 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਓ. ਪੀ. ਡੀ. ਬਲਾਕ ਦੇ ਵਾਰਡ ਨੰ: 1 ਤੋਂ 5 ਅਤੇ ਲਾਇਬਰੇਰੀ ਤੋਂ ਨਵੇਂ ਓ. ਪੀ. ਡੀ. ਬਲਾਕ ਤਕ ਸੜਕ ਮੁਕੰਮਲ ਹੋ ਚੁੱਕੀ ਹੈ।

(ਏ) ਪੈਸੇਜਿਜ਼, ਰੈਮਪਸ, ਲਿਫਟ ਵੈਲ ਅਤੇ ਓਪਰੇਸ਼ਨ ਥੀਏਟਰ ਉਸਾਰੀ ਅਧੀਨ ਹਨ। ਇਨ੍ਹਾਂ ਕੰਮਾਂ ਦਾ ਪੂਰਾ ਹੋਣਾ ਵਿੱਤੀ ਸਾਧਨਾਂ ਤੇ ਨਿਰਭਰ ਕਰੇਗਾ ।

ਪ੍ਰੋਫੈਸਰ ਦਰਬਾਰੀ ਲਾਲ : ਗੁਰੂ ਨਾਨਕ ਦੇਵ ਹਸਪਤਾਲ ਦੇ ਨਿਰਮਾਣ ਵਾਸਤੇ 2.90 ਕਰੋੜ ਰੁਪਿਆ ਨਿਸ਼ਚਿਤ ਹੋਇਆ ਸੀ । ਇਨ੍ਹਾਂ ਨੇ ਕਿਹਾ ਹੈ ਕਿ ਉਸ ਵਿਚੋਂ 2.19 ਕਰੋੜ ਲਗ ਚੁੱਕਾ ਹੈ। ਗੁਰੂ ਨਾਨਕ ਦੇਵ ਹਸਪਤਾਲ ਅੰਦਰ ਗੁਰੂ ਤੇਗ ਬਹਾਦਰ ਹਸਪਤਾਲ ਦੇ ਦਰਮਿਆਨ ਢਾਈ ਕਿਲੋਮੀਟਰ ਦਾ ਫਰਕ ਹੈ। ਓਪਰੇਸ਼ਨ ਥੀਏਟਰ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਹੈ ਅੰਦਰ ਸਰਜੀਕਲ ਵਾਰਡ ਦੂਸਰੇ ਪਾਸੇ ਹੈ। ਕੀ ਜ਼ਿਆਦਾ ਰੁਪਿਆ ਲਗਾਕੇ ਇਸ ਨੂੰ ਜਲਦੀ ਮੁਕੰਮਲ ਕਰਾਉਣ ਦੀ ਕਿਰਪਾ ਕਰਨਗੇ ? ਇਨ੍ਹਾਂ ਨੇ ਕਿਹਾ ਹੈ ਕਿ 1982-83 ਵਿਚ ਇਹ ਕੰਮ ਕਰਾਵਾਂਗੇ। ਕੀ ਇਹ ਕੰਮ ਜਲਦੀ ਕਰਾਇਆ ਜਾਏਗਾ ਤਾਂਕਿ ਮਰੀਜ਼ਾਂ ਨੂੰ ਕੋਈ ਦਿੱਕਤ ਨਾ ਆਵੇ ?

ਮੰਤਰੀ : ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਪੈਸਾ ਘਟ ਰਿਹਾ ਸੀ ਜਿਸ ਕਰਕੇ ਬਕਾਇਦਾ ਕੰਸਟ੍ਰਕਸ਼ਨ ਦਾ ਕੰਮ ਨਹੀਂ ਹੋ ਸਕਿਆ। ਮੇਰਾ ਖਿਆਲ ਹੈ ਕਿ ਤੁਹਾਡੀ ਵੀ ਸਹਾਇਤਾ ਲੈਣੀ ਪਵੇਗੀ । (ਵਿਘਨ)

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Allotment of Steam Coal

***1575. Shri Gurdial Saini** : Will the Chief Minister be pleased to state:—

(a) the quantity of Steam Coal allotted to the Rubber Association, Jullundur during the years 1978-79 and 1981-82 ;

(b) whether the quantity allotted in 1981-82 was far less than that allotted in 1978-79 ; if so, the reasons therefor ?

ਸਰਦਾਰ ਦਰਬਾਰਾ ਸਿੰਘ : (ੳ) ਐਸੋਸੀਏਸ਼ਨ ਨੂੰ ਹੇਠ ਲਿਖੇ ਅਨੁਸਾਰ ਸਟੀਮ ਕੋਲ ਅਲਾਟ ਕੀਤਾ ਗਿਆ :--

1978-79

(1 ਅਪਰੈਲ, 1978 ਤੋਂ 31 ਮਾਰਚ, 1979 ਤੱਕ) 685 ਵੈਗਨ

Original with;
Punjab Vidhan Sabha
Digitized by;
Panjab Digital Library

1981-82

(1 ਅਪਰੈਲ, 1981 ਤੋਂ 31 ਮਾਰਚ, 1982 ਤਕ) 905 ਵੈਗਨ

(ਅ) ਨਹੀਂ ਜੀ।

Bhikhi-Rajbaha

***1408. Comrade Buta Singh :** Will the Minister for Agriculture and Irrigation be pleased to state whether it is a fact that a portion of Bhikhi Rajbaha between village Sahoke and Fervahin is/has been lying unmetalled without bricklining for quite some time; if so, reasons thereof alongwith the action taken/proposed to be taken ?

ਚੌਧਰੀ ਕਾਂਸ਼ੀ ਰਾਮ : ਹਾਂ ਜੀ, ਪਿੰਡ ਸਾਹੋਕੇ ਅਤੇ ਫਰਵਾਹੀ ਦੇ ਵਿਚਕਾਰ ਦੀ ਮੁੱਖ ਭੀਖੀ ਡਿਸਟਰੀਬਿਊਟਰੀ ਕੱਚੀ ਹੈ। ਲਾਈਨਿੰਗ ਦਾ ਕੰਮ ਹਿੱਸਿਆਂ ਵਿਚ ਕੀਤਾ ਜਾ ਰਿਹਾ ਹੈ। ਭੀਖੀ ਡਿਸਟਰੀਬਿਊਟਰੀ ਉਪਰ ਲਾਇਨਿੰਗ ਦਾ ਕੰਮ ਸਾਲ 1982-83 ਵਿਚ ਸ਼ੁਰੂ ਕਰਨ ਦੀ ਸੰਭਾਵਨਾ ਹੈ ।

Construction of Bund of Budha Nullah in district Ludhiana

***1565. Sardar Basant Singh Khalsa :** Will the Minister for Agriculture and Irrigation be pleased to state whether there is any proposal under the consideration of the Government to construct a Bund on the Budha Nullah in district Ludhiana so as to utilize its water for irrigation purposes ; if so, the details thereof ?

ਚੌਧਰੀ ਕਾਂਸੀ ਰਾਮ: ਨਹੀਂ ਜੀ। ਸਵਾਲ ਹੀ ਪੈਦਾ ਨਹੀਂ ਹੁੰਦਾ।

Water logging

***1574. (1) Comrade Amar Singh**
(2) Comrade Raj Kumar } Will the Minister for Agriculture and Irrigation be pleased to state whether he received a letter from a Legislator during the first fortnight of March, 1982 in connection with the water logging of hundreds of acres of land due to stagnation of water in village Lehal Kalan, Block Lehragaga ; if so, the details thereof and the action taken or proposed to be taken thereon ?

ਚੌਧਰੀ ਕਾਂਸ਼ੀ ਰਾਮ : ਹਾਂ ਜੀ। ਵਿਧਾਨਕਾਰ ਨੇ ਇਛਾ ਪਰਗਟ ਕੀਤੀ ਕਿ ਖੜ੍ਹੇ ਪਾਣੀ ਨੂੰ ਕੱਢਿਆ ਜਾਵੇ। ਮਾਮਲਾ ਵਿਚਾਰ ਅਧੀਨ ਹੈ।

ANNOUNCEMENT BY THE SECRETARY

ਸਕੱਤਰ : ਮੈਂ ਪੰਜਾਬ ਨਮਿੱਤਣ ਬਿਲ, 1982 ਦੀ ਕਾਪੀ, ਜੋ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਚਾਲੂ ਚੌਥੇ ਸਮਾਗਮ, 1982 ਦੇ ਦੌਰਾਨ ਪਾਸ ਕੀਤਾ ਗਿਆ ਅਤੇ ਜਿਸ ਨੂੰ ਰਾਜਪਾਲ ਵੱਲੋਂ ਸਹਿਮਤੀ ਦੇ ਦਿੱਤੀ ਗਈ ਹੈ, ਮੇਜ਼ ਤੇ ਰੱਖਦਾ ਹਾਂ ।

ਸਰਦਾਰ ਬਸੰਤ ਸਿੰਘ ਖਾਲਸਾ ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

POINT OF ORDER

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਬਾਬੂ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਆਤਮਾ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਆਤਮਾ ਸਿੰਘ : ਇਹ ਮੇਰਾ ਪੁਆਇੰਟ ਆਫ ਪ੍ਰਿਵੇਲਿਜ ਬਣਦਾ ਹੈ।

ਸ਼੍ਰੀ ਸਪੀਕਰ : ਬਜਟ ਤੁਹਾਡੇ ਸਾਹਮਣੇ ਹੈ। 3.85 ਅਰਬ ਰੁਪਏ ਦਾ ਪਲਾਨ ਹੈ। ਜਿਥੇ ਜਿਥੇ ਖਰਚਾ ਹੋਣਾ ਹੈ ਉਸ ਵਿਚ ਪ੍ਰੋਵਾਈਡਡ ਹੈ। ਜੋ ਪਰਾਇਰਿਟੀਜ਼ ਫਿਕਸ ਕੀਤੀਆਂ ਹੋਈਆਂ ਹਨ ਉਹ ਵੀ ਤੁਹਾਡੇ ਸਾਹਮਣੇ ਹਨ।

ਪ੍ਰੋਫੈਸਰ ਬਲਵੰਤ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਐਮ. ਐਲ. ਏਜ਼ ਲੌਂਜ ਵਿਚ ਕੇਵਲ ਐਮ. ਐਲ. ਏਜ਼ ਅਤੇ ਪ੍ਰੈਸ ਵਾਲੇ ਹੀ ਹੋਣੇ ਚਾਹੀਦੇ ਹਨ ਪਰ ਉਥੇ ਆਮ ਆਦਮੀ ਤੁਰੀ ਫਿਰਦੇ ਹਨ। ਇਸ ਲਈ ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਮਿਹਰਬਾਨੀ।

ਸਰਦਾਰ ਦਲੀਪ ਸਿੰਘ ਪਾਂਧੀ : ** ** **

Mr. Speaker : This is no point of order, ਜਿਹੜੀ ਇਨਫਰਮੇਸ਼ਨ ਇਸ ਹਾਊਸ ਵਿਚ ਦਿਤੀ ਗਈ ਹੈ ਉਸ ਨੂੰ ਠੀਕ ਸਮਝੋ। ਦੂਸਰੇ, ਹਾਊਸ ਦੀ ਗਲ ਦੀ ਜ਼ਿੰਮੇਵਾਰੀ ਅਸੀਂ ਨਹੀਂ ਲੈ ਸਕਦੇ।

Sardar Ravi Inder Singh : Sir, I want a clarification. What constitutes a point of order? I am really preplexed.

ਮੈਂ ਇਸ ਸਦਨ ਵਿਚ ਪਹਿਲਾਂ ਵੀ ਮੈਂਬਰ ਰਿਹਾ ਹਾਂ। ਪੁਆਇੰਟ ਆਫ ਆਰਡਰ ਰੇਜ਼ ਹੁੰਦੇ ਰਹੇ ਹਨ। ਉਨ੍ਹਾਂ ਵਿਚੋਂ ਕਈ ਅਲਾਓ ਹੁੰਦੇ ਰਹੇ ਹਨ ਅਤੇ ਕਈ ਡਿਸਅਲਾਓ ਹੁੰਦੇ ਰਹੇ ਹਨ। ਜਿਹੜੇ ਇਰਰੈਲੇਵੈਂਟ ਹੁੰਦੇ ਸਨ ਉਹ ਨੋ ਪੁਆਇੰਟ ਆਫ ਆਰਡਰ ਡਿਕਲੇਅਰ ਹੁੰਦੇ ਰਹੇ ਹਨ।

Anything mentioned with reference to Rules of Procedure, its page No. and quotation also is declared as 'No point of Order' by you. All the hon'ble Members are in the dark. Please let us know as to what constitutes a 'Point of Order' ਇਸ ਬਾਰੇ ਤੁਸੀਂ ਸਾਨੂੰ ਸਾਰਿਆਂ ਨੂੰ ਸਰਕੂਲਰ ਭੇਜ ਦਿਓ। ਜਿਹੜਾ ਤੁਸੀਂ ਪੁਆਇੰਟ ਆਫ ਆਰਡਰ ਸਮਝੋ ਉਸ ਦੇ ਮੁਤਾਬਿਕ ਅਸੀਂ ਆਪਣਾ ਪੁਆਇੰਟ ਰੇਜ਼ ਕਰ ਦਿਆ ਕਰਾਂਗੇ। **Otherwise these rules are mean ingless. Yesterday, Sardar Atma Singh raised a point of order and quoted Rule 50.**

****Expunged as ordered by the Chair.**

Original with;
Punjab Vidhan Sabha
Digitized by;
Panjab Digital Library

ਤੁਸੀਂ ਰੂਲ 50 ਨੂੰ ਕਿਹਾ this is no point of order" ਤੁਸੀਂ ਇਹ ਕਹਿ ਸਕਦੇ ਸੀ ਕਿ ਜਿਹੜੀ ਰੂਲ 50 ਦੀ ਇੰਟਰਪ੍ਰੀਟੇਸ਼ਨ ਲੈਂਦੇ ਹੋ ਮੈਂ ਉਸ ਬਾਰੇ ਤੁਹਾਡੇ ਨਾਲ ਅੰਗਰੀ ਨਹੀਂ ਕਰਦਾ। ਪਰ ਤੁਸੀਂ ਕਿਹਾ 'This is no point of order. I want to know what constitutes a Point of Order. I am perplexed about it.

ਸ਼੍ਰੀ ਸਪੀਕਰ : ਤੁਸੀਂ ਪਰਪਲਕਸ ਨਾ ਹੋਵੋ। ਕੱਲ ਵੀ ਤੁਸੀਂ ਇਸ ਗੱਲ ਦੇ ਉਤੇ 10 ਮਿੰਟ ਬਹਿਸ ਕਰਦੇ ਰਹੇ ਸੀ ਅਤੇ ਬਗੈਰ ਪਰਮਿਸ਼ਨ ਤੋਂ ਬਲਦੇ ਰਹੇ ਸੀ। ਇਹ ਜਿਹੜਾ ਤੁਸੀਂ ਰੂਲ 50 ਦਾ ਹਵਾਲਾ ਦਿਤਾ ਹੈ ਇਹ ਕੁਐਸ਼ਚਨ ਦੀ ਕਲੈਰੀਫਿਕੇਸ਼ਨ ਨੂੰ ਰੀਲੇਟ ਕਰਦਾ ਹੈ। ਪੁਆਇੰਟ ਆਫ ਆਰਡਰ ਦਾ ਮਤਲਬ ਹੁੰਦਾ ਹੈ ਕਿ ਰੂਲਜ਼ ਆਫ ਪਰੋਸੀਜ਼ਰ ਦੀ ਉਲੰਘਣਾ ਨਾ ਹੋ ਰਹੀ ਹੋਵੇ।

ਸਰਦਾਰ ਰਵੀਇੰਦਰ ਸਿੰਘ : ਰੂਲਜ਼ ਆਫ ਪਰੋਸੀਜ਼ਰ ਨੂੰ ਤੁਸੀਂ ਆਪ ਦੇਖੋ ਕਿ ਅਗਰ ਗੌਰਮਿੰਟ ਗਲਤ ਐਸ਼ੋਰੈਂਸ ਦੇਵੇ ਤਾਂ ਫਿਰ ਵੀ ਰੂਲਜ਼ ਆਫ ਪਰੋਸੀਜ਼ਰ ਦੀ ਉਲੰਘਣਾ ਹੈ। ਫਰਜ਼ ਕਰੋ ਰੂਲਜ਼ ਆਫ ਪਰੋਸੀਜ਼ਰ ਦੇ ਉਤੇ ਇਕ ਕਮੇਟੀ ਬਣਾਈ ਗਈ ਹੈ, ਉਸ ਦੀ ਰਿਪੋਰਟ ਨਹੀਂ ਆ ਰਹੀ ਅਤੇ ਜਾਣ ਬੁਝ ਕੇ ਡੀਲੇਅ ਹੋ ਰਹੀ ਹੈ ਤਾਂ ਇਹ ਵੀ ਰੂਲਜ਼ ਆਫ ਪਰੋਸੀਜ਼ਰ ਦੀ ਉਲੰਘਣਾ ਹੈ। ਇਸ ਦਾ ਫੈਸਲਾ ਚੇਅਰਮੈਨ, ਸਪੀਕਰ ਨੇ ਕਰਨਾ ਹੈ। ** ** **

Mr. Speaker : This should be expunged.

ਮਾਸਟਰ ਚੰਦ ਸਿੰਘ : ** ** ** **

Mr. Speaker : This is no point of order.

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲ ਰਹੇ ਸਨ)

ਲੋਕ ਨਿਰਮਾਣ ਮੰਤਰੀ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਨ੍ਹਾਂ ਨੂੰ ਚੁੱਪ ਕਰਾਓ। ਜਦੋਂ ਇਹ ਬੋਲਦੇ ਹਨ ਤਾਂ ਮੈਂ ਨਹੀਂ ਬੋਲਦਾ। ਹੁਣ ਇਹ ਵੀ ਨਾ ਬੋਲਣ। ਸਪੀਕਰ ਸਾਹਿਬ, ਮੈਂ ਮੋਅਤਬਾਨਾ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਰੂਲਜ਼ ਪੁਆਇੰਟ ਆਫ ਆਰਡਰ ਦੇ ਬਾਰੇ ਬੜੇ ਕਲੀਅਰ ਹਨ। ਰੂਲਜ਼ ਆਫ ਪ੍ਰੋਸੀਜਰ ਦੇ ਰੂਲ 105 ਦੇ ਪਾਰਟ ਟੂ ਵਿਚ ਲਿਖਿਆ ਹੈ ..

A point of order may be raised in relation to the business before the House at that moment.

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਦੇ ਵੀ ਇਹ ਬਿਜ਼ਨੈਸ ਨਹੀਂ ਹੁੰਦਾ। (ਵਿਘਨ) ਸਪੀਕਰ ਸਾਹਿਬ, ਤੁਹਾਡੇ ਪਰੈਡੀਸੈਸਰ ਸਰਦਾਰ ਰਵੀਇੰਦਰ ਸਿੰਘ ਰਹੇ ਹਨ। ਇਨ੍ਹਾਂ ਨੇ ਕਈ ਵਾਰੀ ਕਿਹਾ ਹੈ ਕਿ ਜ਼ੀਰੋ ਆਵਰ ਕੋਈ ਚੀਜ਼ ਨਹੀਂ ਹੁੰਦੀ। ਇਸ ਲਈ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਕੀ ਕੋਈ ਜ਼ੀਰੋ ਆਵਰ ਹੁੰਦਾ ਹੈ ਜਾਂ ਨਹੀਂ। ਹਰ ਗਲ ਜ਼ੀਰੋ ਆਵਰ ਵਿਚ ਰੇਜ਼ ਕਰਕੇ ਹਾਊਸ ਦਾ ਸਮਾਂ ਜ਼ਾਇਆ ਨਹੀਂ ਕਰਨਾ ਚਾਹੀਦਾ। ਜ਼ੀਰੋ ਆਵਰ ਵਿਚ ਪਤਾ ਨਹੀਂ ਤੁਹਾਨੂੰ ਕਿਸ ਤਰ੍ਹਾਂ ਇਨ੍ਹਾਂ ਨੂੰ ਇਜਾਜ਼ਤ ਦੇਣੀ ਪੈਂਦੀ ਹੈ। ਉਸ ਵੇਲੇ ਇਹ ਹਰ ਕਿਸਮ ਦੀ ਗੱਲ ਕਹਿੰਦੇ ਹਨ। ਤੁਹਾਡੀ ਗਲ ਵੀ ਠੀਕ ਹੈ। ਕੋਈ ਬਿਜ਼ਨੈਸ ਚਲ ਰਿਹਾ ਹੋਵੇ ਉਸ ਬਾਰੇ ਕੋਈ ਮੈਂਬਰ ਕਲੈਰੀਫਿਕੇਸ਼ਨ ਲੈਣਾ ਚਾਹੇ ਤਾਂ ਠੀਕ ਹੈ, ਪੁਆਇੰਟ ਆਫ ਆਰਡਰ ਰੇਜ਼ ਕੀਤਾ ਜਾ ਸਕਦਾ ਹੈ। ਪਰ ਜੇ

**Expunged as ordered by the Chair,

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਮੰਤਰੀ]

ਪੁਆਇੰਟ ਆਫ ਆਰਡਰ ਐਵੇਂ ਖੜੇ ਹੋ ਕੇ ਕਰੀ ਜਾਣ ਤਾਂ ਠੀਕ ਨਹੀਂ ਹੈ। ਜ਼ੀਰੋ ਆਵਰ ਹੁੰਦਾ ਹੀ ਨਹੀਂ ਹੈ। ਇਸ ਗਲ ਉਤੇ ਕਈ ਵਾਰੀ ਰੂਲਿੰਗ ਆਈ ਹੈ ਕਿ ਜ਼ੀਰੋ ਆਵਰ ਕੋਈ ਗੱਲ ਨਹੀਂ ਹੁੰਦੀ। ਤੁਸੀਂ ਰੂਲਜ਼ ਦੇ ਮੁਤਾਬਿਕ ਹਾਊਸ ਨੂੰ ਚਲਾਉਣਾ ਹੈ। ਇਥੇ ਪਾਂਧੀ ਨੇ ਮੈਨੂੰ ਕਿਹਾ ਕਿ ਮੈਂ ਬੜੇ ਪੁਆਇੰਟ ਆਫ ਆਰਡਰ ਰੇਜ਼ ਕਰਦਾ ਹੁੰਦਾ ਸੀ। ਠੀਕ ਹੈ ਮੈਂ ਕਰਦਾ ਰਿਹਾ ਹਾਂ। ਮੈਂ ਪੁਆਇੰਟ ਆਫ ਆਰਡਰ ਬੜੇ ਚੰਗੇ ਤਰੀਕੇ ਨਾਲ ਜਿਹੜਾ ਬਿਜ਼ਨੈਸ ਚੱਲ ਰਿਹਾ ਹੁੰਦਾ ਸੀ ਉਸ ਉਤੇ ਰੇਜ਼ ਕਰਦਾ ਰਿਹਾ ਹਾਂ। ਤੁਸੀਂ, ਸਪੀਕਰ ਸਾਹਿਬ, ਬੇਸ਼ੱਕ ਰਿਕਾਰਡ ਕਢਾ ਕੇ ਦੇਖ ਲਵੋ। ਹਰ ਦਫਾ ਮੇਰੇ ਪੁਆਇੰਟ ਆਫ ਆਰਡਰ ਨੂੰ ਨੋ ਪੁਆਇੰਟ ਆਫ ਆਰਡਰ ਕਿਹਾ ਗਿਆ। ਨੋ ਪੁਆਇੰਟ ਆਫ ਆਰਡਰ ਤਾਂ ਹੁੰਦਾ ਹੈ ਜੇ ਹਾਊਸ ਅਗੇ ਕੋਈ ਬਿਜ਼ਨੈਸ ਉਸ ਵੇਲੇ ਨਾ ਹੋਵੇ ਜਾਂ ਉਸ ਦੀ ਬਿਜ਼ਨੈਸ ਨਾਲ ਕੋਈ ਰੈਲੇਵੈਂਸੀ ਨਾ ਹੋਵੇ। ਸਪੀਕਰ ਸਾਹਿਬ, ਸੈਸ਼ਨ ਦੋ ਤਿੰਨ ਦਿਨਾਂ ਨੂੰ ਖਤਮ ਹੋਣ ਵਾਲਾ ਹੈ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਥੇ ਚਾਰੇ ਪਾਸੇ ਪ੍ਰੈਕਟਾਂ ਕਾਇਮ ਕੀਤੀਆਂ ਜਾਣ। ਜ਼ੀਰੋ ਆਵਰ ਨੂੰ ਲੈ ਕੇ ਇਕ ਇਕ ਘੰਟਾ ਹਰ ਕਿਸਮ ਦੀਆਂ ਗੱਲਾਂ ਕਹੀ ਜਾਣਾ ਠੀਕ ਨਹੀਂ ਹੈ। ਤੁਸੀਂ ਇਨ੍ਹਾਂ ਨੂੰ ਸਮਝਾਓ ਕਿ ਪੁਆਇੰਟ ਆਫ ਆਰਡਰ ਕੀ ਹੁੰਦਾ ਹੈ।

PERSONAL EXPLANATION BY SARDAR RAVI INDER SINGH

ਸਰਦਾਰ ਰਵੀਇੰਦਰ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਆਨਰੇਬਲ ਮਨਿਸਟਰ ਸਰਦਾਰ ਬੇਅੰਤ ਸਿੰਘ ਜੀ ਨੇ ਮੇਰੇ ਬਾਰੇ ਕਿਹਾ ਹੈ। ਮੈਂ ਉਨ੍ਹਾਂ ਦੀ ਕਦਰ ਕਰਦਾ ਹਾਂ। ਇਸ ਕਰ ਕੇ ਨਹੀਂ ਕਿ ਉਹ ਵਜ਼ੀਰ ਹਨ। ਇਸ ਕਰ ਕੇ ਕਿ ਉਹ ਮਾਨਯੋਗ ਮੈਂਬਰ ਰਹੇ ਹਨ। ਪਹਿਲਾਂ ਵੀ ਉਹ ਇਸ ਤਰ੍ਹਾਂ ਪੁਆਇੰਟ ਆਫ ਆਰਡਰ ਉਠਾਉਂਦੇ ਰਹੇ ਹਨ ਅੱਤ ਮੈਂ ਇਜਾਜ਼ਤ ਦਿੰਦਾ ਹੁੰਦਾ ਸੀ, ਪ੍ਰਿੰਟ ਵੀ ਹੁੰਦੇ ਰਹੇ ਅਤੇ ਗੈਲਰੀ ਵੀ **play** ਕਰਦੇ ਰਹੇ। ਮੇਰੀ ਰਜ਼ਾ ਮੰਦੀ ਨਾਲ ਵੀ ਇਹ ਕਰਦੇ ਰਹੇ ਹਨ। **There is no provision in the Rules but these things were done and I think it is a very healthy practice.** ਇਨ੍ਹਾਂ ਨੇ ਜਿਹੜਾ ਰੂਲ ਪੜ੍ਹਿਆ ਹੈ ਇਸ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਾਂ ਤਾਂ ਸਾਡੇ ਪਾਸ ਜਿਹੜੀ ਰੂਲਜ਼ ਦੀ ਕਿਤਾਬ ਪ੍ਰਿੰਟਿਡ ਹੈ ਇਸ ਦੇ ਵਿਚ ਜੋ ਲਿਖਿਆ ਹੈ ਉਹ ਗਲਤ ਹੈ ਜਾਂ ਜਿਥੋਂ ਇਨਾਂ ਨੇ ਪੜ੍ਹਿਆ ਹੈ ਉਹ ਗਲਤ ਹੈ। ਜਿਹੜਾ ਰੂਲ 105 ਇਨ੍ਹਾਂ ਨੇ ਪੜ੍ਹਿਆ ਹੈ ਇਸਦੇ ਵਿਚ ਲਿਖਿਆ ਹੈ ---

"(1) A point of order shall relate to the interpretation or enforcement of these Rules." That is one aspect, "or such Articles of the Constitution as regulate the business of the House", another aspect, "and shall raise a question which is within the cognizance of the Speaker." A Third aspect. There are various matters which are under your cognizance.

ਜੇ ਕੋਈ ਅਖਬਾਰ ਤੁਸੀਂ ਪੜ੍ਹਦੇ ਹੋ ਉਹ ਅਸੀਂ ਵੀ ਪੜ੍ਹ ਲੈਂਦੇ ਹਾਂ। ਜਦੋਂ ਅਸੀਂ ਉਨ੍ਹਾਂ ਦਾ ਕਿਸੇ ਤਰੀਕੇ ਨਾਲ ਰੈਫਰੈਂਸ, ਵਿਦ ਰੈਫਰੈਂਸ ਟੂ ਰੂਲਜ਼ ਰੈਫਰ ਕਰਦੇ ਹਾਂ ਤਾਂ ਤੁਸੀਂ ਇਹ ਕਹਿ ਸਕਦੇ ਹੋ ਕਿ ਤੁਹਾਡੇ ਰੂਲ ਦੀ ਇੰਟਰਪਟੇਸ਼ਨ ਗਲਤ ਹੈ ਅੱਤ ਮੇਰੀ ਇੰਟਰਪ੍ਰੇਟੇਸ਼ਨ, ਚੇਅਰ ਦੀ ਇੰਟਰਪ੍ਰੇਟੇਸ਼ਨ ਇਹ ਹੈ। **But I still think** ਤੁਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਜੇ ਰੂਲ ਦੇ ਰੈਫਰੈਂਸ ਤੋਂ ਬਗੈਰ ਕੋਈ ਗੱਲ ਕਰੋ---

Certainly you can say that it is 'No Point of Order', but if it is with

Original with;
Punjab Vidhan Sabha
Digitized by;
Panjab Digital Library

reference to a particular rule with page number of the Rules of Procedure, then I think it becomes incumbent upon the Chair to a gree or not to agree, but it cannot rule that it is 'No Point of Order'. The moment the Chair rules that it is 'No Point of Order', it is struck off.

ਹੋਰ ਕੋਈ ਤਕਲੀਫ ਨਹੀਂ ਹੈ ਅਸੀਂ ਇਹ ਗੁਜ਼ਾਰਿਸ਼ ਕਰਦੇ ਹਾਂ । ਬੇਸ਼ਕ ਤੁਸੀਂ ਆਪਣੀ ਇਟਰਪ੍ਰੇਟੇਸ਼ਨ ਦਿਓ ਔਰ ਇਸ ਨੂੰ ਤੁਸੀਂ ਸਟਰਿਕਟਲੀ ਫਾਲੋ ਕਰੋ । ਇਹ ਜਿਹੜਾ ਪ੍ਰੈਸੀਜਰ ਹੈ ਇਹ ਪਿਛਲੇ 10 ਸਾਲ ਤੋਂ ਜਦੋਂ ਤੋਂ ਡਾਕਟਰ ਕੇਵਲ ਕ੍ਰਿਸ਼ਨ ਵੀ ਸਪੀਕਰ ਰਹੇ ਹਨ ਉਨ੍ਹਾਂ ਦੇ ਵੇਲੇ ਤੋਂ ਅਤੇ ਪਹਿਲਾਂ ਦਾ ਵੀ ਚਲ ਰਿਹਾ ਹੈ। ਰਿਕਾਰਡ ਕਢਵਾ ਕੇ ਦੇਖ ਲਓ

Every time when a matter was referred with reference to a rule, it was definitely considered. It may be either for or against. That is one aspect.

Another reference has been made about Zero Hour. There is No Zero Hour in the Rules of Procedure. But I think by default.

ਇਹ ਇਕ ਰਵਾਇਤ ਬਣ ਗਈ ਹੈ। ਲੋਕ ਸਭਾ ਵਿਚ ਵੀ ਇਹ ਰਵਾਇਤ ਬਣ ਗਈ ਹੈ ਅਤੇ ਸਾਡੇ ਹਾਊਸ ਵਿਚ ਵੀ ਰਵਾਇਤ ਬਣ ਗਈ ਹੈ। ਵੈਸੇ ਡੰਡਾ ਤਾਂ ਤੁਹਾਡੇ ਹੱਥ ਵਿਚ ਹੈ, ਕਈ ਦਫਾ ਤੁਸੀਂ ਉਹ ਗਲਤ ਵੀ ਚਲਾ ਦਿੰਦੇ ਹੋ। ਜੇ ਡੰਡਾ ਚਲਾਉਣਾ ਹੈ ਤਾਂ ਸਹੀ ਚਲਾਇਆ ਕਰੋ ਅਤੇ ਦੋਨੋਂ ਪਾਸੇ ਇਕੋ ਜਿਹਾ ਚਲਾਇਆ ਕਰੋ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ** ** **.

ਸਰਦਾਰ ਨੱਥਾ ਸਿੰਘ ਦਾਲਮ : ਜਿੰਨੇ ਤੁਸੀਂ ਪੜ੍ਹੇ ਹੋਏ ਹੋ, ਉਸ ਨਾਲੋਂ ਵੱਧ ਅਸੀਂ ਸਾਰੇ ਪੜ੍ਹੇ ਹੋਏ ਹਾਂ ।

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸ਼ਰ ।

ਸਰਦਾਰ ਰਵੀਇੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਨਹੀਂ ਕਿਹਾ ਕਿ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਕੀ ਇਹ ਪੁਆਇੰਟ ਆਫ ਆਰਡਰ ਹੈ ?

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਹਾਸਾ) ਇਹ ਮੈਂ ਸੋਚ ਕੇ ਕਿਹਾ ਹੈ । (ਹਾਸਾ)

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਰਾਜ ਮੰਤਰੀ, ਉਦਯੋਗ (ਸਰਦਾਰ ਦਰਸ਼ਨ ਸਿੰਘ ਕੇ. ਪੀ.) : ਸਪੀਕਰ ਸਾਹਿਬ, ਬਾਦਲ ਸਾਹਿਬ ਨੂੰ ਕੋਈ ਤੌਖਲਾ ਨਹੀਂ ਕਰਨਾ ਚਾਹੀਦਾ। ਰਿਜ਼ਰਵੇਸ਼ਨ ਸਾਨੂੰ ਕੰਸਟੀਚਿਊਸ਼ਨ ਨੇ ਦਿਤੀ ਹੈ । ਇਸ ਨੂੰ ਕੋਈ ਬੰਦ ਨਹੀਂ ਕਰ ਸਕਦਾ। ਇਹ ਵਧਾਈ ਜਾ ਸਕਦੀ ਹੈ, ਖਤਮ ਨਹੀਂ ਕੀਤੀ ਜਾ ਸਕਦੀ ।

ਭਲਾਈ ਅਤੇ ਕਿਰਤ ਮੰਤਰੀ (ਚੌਧਰੀ ਜਗਤ ਰਾਮ) : ਕੋਈ ਰਿਜ਼ਰਵੇਸ਼ਨ ਬੰਦ ਨਹੀਂ ਹੋਈ। ਤੁਹਾਨੂੰ ਇਸ ਗਲ ਦਾ ਤੌਖਲਾ ਨਹੀਂ ਕਰਨਾ ਚਾਹੀਦਾ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਇਹ ਰਿਕਾਰਡ ਕਰਵਾ ਦਿਓ ਕਿ ਜਿਹੜੀ ਪ੍ਰਮੋਸ਼ਨਾਂ ਵਿਚ ਰਿਜ਼ਰਵੇਸ਼ਨ ਬੰਦ ਕਰ ਰਹੇ ਹਨ ਉਹ ਬੰਦ ਨਹੀਂ ਕਰਾਂਗੇ ।

ਭਲਾਈ ਮੰਤਰੀ : ਮੈਂ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਪ੍ਰੋਮੋਸ਼ਨਾਂ ਵਿਚ ਰਿਜ਼ਰਵੇਸ਼ਨ ਕੋਈ ਬੰਦ ਨਹੀਂ ਕਰ ਸਕੇਗਾ । (ਥੰਪਿੰਗ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਹਾਊਸ ਵਿਚ ਇਕ ਪ੍ਰਿਵਿਲੇਜ ਮੋਸ਼ਨ ਪਾਂਧੀ ਸਾਹਿਬ ਨੇ ਦਿਤੀ ਹੈ । ਜੋ ਖੇਤੀਬਾੜੀ ਅਤੇ ਸਿੰਚਾਈ ਮੰਤਰੀ ਜੀ ਨੇ ਬਿਆਨ ਦਿਤਾ ਸੀ ਉਸ ਦੇ ਮੁਤਲਕ ਇਨ੍ਹਾਂ ਨੇ ਪ੍ਰਿਵਿਲੇਜ ਮੋਸ਼ਨ ਦਿਤੀ ਸੀ ਕਿ ਹਰਿਆਣਾ ਅਸੈਂਬਲੀ ਵਿਚ ਕੋਈ ਹੋਰ ਵਜ਼ੀਰ ਸਾਹਿਬ ਨੇ ਬਿਆਨ ਦਿਤਾ ਹੈ ਅਤੇ ਸਾਡੀ ਅਸੈਂਬਲੀ ਵਿਚ ਸਾਡੇ ਵਜ਼ੀਰ ਸਾਹਿਬ ਨੇ ਕੋਈ ਹੋਰ ਬਿਆਨ ਦਿਤਾ ਹੈ । ਸਪੀਕਰ ਸਾਹਿਬ, ਤੁਸੀਂ ਉਨ੍ਹਾਂ ਕੋਲੋਂ ਸਾਨੂੰ ਜਵਾਬ ਇਸ ਚੀਜ਼ ਦਾ ਲੈ ਕੇ ਦਿਓ ਕਿ ਇਨ੍ਹਾਂ ਨੇ ਕੋਈ ਚਿੱਠੀ ਨਹੀਂ ਲਿਖੀ ।

ਸ਼੍ਰੀ ਸਪੀਕਰ : ਮੇਰੇ ਕੋਲ ਕੋਈ ਪ੍ਰਿਵਿਲੇਜ ਮੋਸ਼ਨ ਨਹੀਂ ਆਈ ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਜਨਾਬ ਨੂੰ ਲਿਖ ਕੇ ਭੇਜੀ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਹ ਮਸਲਾ ਸਾਰੇ ਹਾਊਸ ਦਾ ਹੈ । ਤੁਸੀਂ ਵਜ਼ੀਰ ਸਾਹਿਬ ਨੂੰ ਘਟੋ ਘਟ ਇਹ ਤਾਂ ਪੁਛ ਲਓ ਕਿ ਤੁਸੀਂ ਜੋ ਜਵਾਬ ਦਿਤਾ ਹੈ ਉਹ ਠੀਕ ਹੈ ਜਾਂ ਉਨ੍ਹਾਂ ਨੇ ਜੋ ਜਵਾਬ ਦਿਤਾ ਹੈ ਉਹ ਠੀਕ ਹੈ ।

ਸ਼੍ਰੀ ਸਪੀਕਰ : ਮੈਂ ਪੁੱਛ ਲਵਾਂਗਾ । ਬੈਠੋ ਜੀ ।

ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ 2-3 ਪੁਆਇੰਟ ਰੇਜ਼ ਹੋਏ ਸਨ । ਸਰਦਾਰ ਬੇਅਤ ਸਿੰਘ ਹੋਰਾਂ ਨੇ ਜ਼ੀਰੋ ਆਵਰ ਦੀ ਗਲ ਕੀਤੀ ਸੀ । ਰੂਲਜ਼ ਦੇ ਵਿੱਚ ਕੋਈ ਜ਼ੀਰੋ ਆਵਰ ਨਹੀਂ ਹੈ ਲੇਕਿਨ ਪੁਆਇੰਟ ਆਫ਼ ਆਰਡਰ ਕਰਨ ਦਾ ਸਤਿਕਾਰ ਯੋਗ ਮੈਂਬਰਾਂ ਦਾ ਅਧਿਕਾਰ ਹੈ, ਹੱਕ ਹੈ । ਪੁਆਇੰਟ ਆਫ਼ ਆਰਡਰ ਤੇ ਮਾਨਯੋਗ ਮੈਂਬਰਜ਼ ਉਠ ਸਕਦੇ ਹਨ । ਇਹ ਮੈਂਬਰਜ਼ ਨੂੰ ਇਕ ਆਦਤ ਜਿਹੀ ਪੈ ਗਈ ਹੈ ਹੈ ਕਿ ਕੁਐਸ਼ਚਨ ਆਵਰ ਤੋਂ ਬਾਅਦ ਉਹ ਪੁਆਇੰਟ ਆਫ਼ ਆਰਡਰ ਤੇ ਖੜੇ ਹੋ ਜਾਂਦੇ ਹਨ ।

ਸਰਦਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਆਦਤ ਨਾ ਕਹੋ, ਇਹ ਪ੍ਰੈਕਟਿਸ ਹੈ ।

ਸ਼੍ਰੀ ਸਪੀਕਰ : ਡੈਮੋਕਰੇਸੀ ਇਕ ਦੂਜੇ ਦੇ ਮਿਲਵਰਤਣ ਨਾਲ ਚਲਦੀ ਹੈ । ਇਸ ਦੇ ਵਿਚ ਬਿਟਰਨਸ ਨਹੀਂ ਚਾਹੀਦੀ । ਇਸ ਕਰਕੇ ਜੇ ਕੋਈ ਮਾਨਯੋਗ ਕਿਸੀ ਚੀਜ਼ ਦੇ ਮੁਤਲਕ ਮਹਿਸੂਸ ਕਰਦਾ ਹੈ ਅਤੇ ਪੁਆਇੰਟ ਆਫ਼ ਆਰਡਰ ਰੇਜ਼ ਕਰਕੇ ਕਹਿੰਦਾ ਹੈ ਤਾਂ ਮੈਂ ਉਸ ਨੂੰ ਮੌਕਾ ਦੇ ਦਿੰਦਾ ਹਾਂ ।

ਮਾਸਟਰ ਚੰਦ ਸਿੰਘ : ਇਥੇ ਤਕ ਹੀ ਰਹਿਣ ਦਿਆ ਕਰੋ, ਅਗੇ ਨੂੰ ਪੁਆਇੰਟ ਆਫ਼ ਆਰਡਰ ਨਾ ਕਿਹਾ ਕਰੋ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਹਾਊਸ ਵਿਚ ਗਰਮੀ ਹੋ ਰਹੀ ਹੈ, ਠੰਡ ਦਾ ਪ੍ਰਬੰਧ ਕਰੋ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੈਂ ਦਸ ਰਿਹਾ ਸੀ ਕਿ ਪੁਆਇੰਟ ਆਫ਼ ਆਰਡਰ ਰਿਲੇਟ ਕਰਦਾ ਹੈ ਇੰਟਰਪਰੇਟੇਸ਼ਨ ਆਫ਼ ਰੂਲਜ਼ ਨਾਲ ਜਿਹੜੇ ਕਿ ਹਾਊਸ ਬਿਜ਼ਨੈਸ ਨੂੰ ਰੈਗੂਲੇਟ ਕਰਦੇ ਹਨ। ਜੋ ਗਲ ਸਰਦਾਰ ਬੇਅੰਤ ਸਿੰਘ ਨੇ ਕਹੀ ਹੈ ਉਹ ਬੜੀ ਅਹਿਮ ਹੈ ਅਤੇ ਕੁਆਲੀਫਾਈ ਕਰਦੀ ਹੈ

that a Point of Order may be raised in relation to the business before the House at the moment.

ਲੇਕਿਨ ਜਿਹੜੇ ਮੈਂਬਰਜ਼ ਕੁਝ ਕਹਿ ਦਿੰਦੇ ਹਨ ਜਿਸ ਦਾ ਰੂਲਜ਼ ਦੇ ਜਾਂ ਬਿਜ਼ਨੈਸ ਨਾਲ ਕੋਈ ਤੁਅਲਕ ਨਹੀਂ ਹੁੰਦਾ ਅਤੇ ਜਿਹੜਾ ਮੈਂਟਰ ਅੰਡਰ ਕਨਸਿਡਰੇਸ਼ਨ ਹੈ ਉਸ ਦੇ ਨਾਲ ਕੋਈ ਤੁਅਲਕ ਨਹੀਂ ਹੁੰਦਾ ਔਰ ਉਹ ਠੀਕ ਪੁਆਇੰਟ ਆਫ਼ ਆਰਡਰ ਨਹੀਂ ਹੁੰਦਾ ਇਸ ਲਈ ਮੈਂ ਕਹਿ ਦਿੰਦਾ ਹਾਂ ਕਿ ਇਹ ਪੁਆਇੰਟ ਆਫ਼ ਆਰਡਰ ਨਹੀਂ।

ਸ਼੍ਰੀ ਰਾਜ ਕੁਮਾਰ ਦਾ ਰੈਜ਼ੋਲਿਊਸ਼ਨ ਹੈ।

RULING BY THE SPEAKER RE: MOVING OF A RESOLUTION BY ANOTHER MEMBER

ਸ਼੍ਰੀ ਸਪੀਕਰ : ਸ਼੍ਰੀ ਰਾਜ ਕੁਮਾਰ ਦੀ ਮੇਰੇ ਕੋਲ ਚਿੱਠੀ ਹੈ। ਉਨ੍ਹਾਂ ਨੇ ਅਖਤਿਆਰ ਦਿਤੇ ਹਨ ਕਿ ਮਾਸਟਰ ਬਾਬੂ ਸਿੰਘ ਉਸ ਰੈਜ਼ੋਲਿਊਸ਼ਨ ਤੇ ਬੋਲਣਗੇ।

Master Babu Singh : Mr. Speaker, I move the Resolution :

This House emphatically declares.....

Shri Sant Ram Singla : Speaker Sahib, I am on a point of Order regarding this Resolution. Kindly allow me to speak regarding the resolution, which has been given notice of by Comrade Raj Kumar.

Master Babu Singh : I have been called upon.

Shri Sant Ram Singla : Speaker Sahib, my Point of Order is that you have called upon the Hon. Member regarding the Resolution, which reads as under :—

"This House emphatically declares that in its opinion the demand for Khalistan is anti-people, anti-national and secessionist.".

In this connection I would like to invite your attention to Article 1 of Part I of the Constitution of India. It is written therein under the heading 'Name and territory of the Union'. India, that is Bharat, shall be a Union of States. It is further written in Article 2 *ibid* that 'Parliament may by law admit into the Union or establishment new States on such terms and conditions as it thinks fit. Again in Article 3 *ibid* under the heading Formation of new States and alteration of areas, boundaries or names of existing States, it is written that 'Parliament may by law, increase the area of any State, diminish the area of any State, alter the boundaries of any State ; alter the name of any State.

ਸਪੀਕਰ ਸਾਹਿਬ, ਅਮਰੀਕਾ ਜਿਹੜਾ ਯੂਨਾਇਟਿਡ ਸਟੇਟ ਆਫ਼ ਅਮਰੀਕਾ ਬਣਿਆ ਸੀ ਉਸ ਦਾ ਐਗਰੀਮੈਂਟ ਹੋਇਆ ਸੀ ਬਿਟਵੀਨ ਦੀ ਸਟੇਟਸ। ਪਰ ਹਿੰਦੁਸਤਾਨ ਵਿਚ ਕੋਈ ਐਸਾ ਐਗਰੀਮੈਂਟ ਸਟੇਟਸ ਨਾਲ ਨਹੀਂ ਹੋਇਆ ਸੀ। ਹਿਦੂਸਤਾਨ ਦੀ ਬਣਤਰ ਦੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੰਤ ਰਾਮ ਸਿੰਗਲਾ]

ਮੁਤਾਬਿਕ ਇਸ ਗਲ ਨੂੰ ਕੋਈ ਸਟੇਟ, ਕੋਈ ਸਦਨ ਡਿਸਕਸ ਨਹੀਂ ਕਰ ਸਕਦਾ । ਜੇ ਕਰ ਡਿਸਕਸ਼ਨ ਅਲਾਓ ਕਰੋਗੇ **then the freedom of discussic n may effect on the sovereignty and integrity of this nation** ..... ਇਸ ਸਦਨ ਨੂੰ ਕੋਈ ਪਾਵਰਜ਼ ਨਹੀਂ ਹੈ ਬਾਉਂਡਰੀਜ਼ ਬਣਾਉਣ ਦੀ ਜਾਂ ਕੋਈ ਹੋਰ ਇਸ ਤਰ੍ਹਾਂ ਦੀ ਗਲ ਕਰਨ ਦੀ । ਜੇਕਰ ਤੁਸੀਂ ਬੋਲਣ ਦੀ ਫਰੀਡਮ ਦਿਓਗੇ ਤਾਂ ਕੁਝ ਲੋਕ ਇਸ ਦੇ ਹੱਕ ਵਿਚ ਬੋਲਣਗੇ ਅਤੇ ਕੁਝ ਇਸ ਦੇ ਅਗੈਂਸਟ । **it is just against the Constitution and it is just against the integration and sovereignty of the natic n and it should not be allowed to be discussed in the Hc use.**

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੁਣ ਮੂਵ ਹੋਣ ਜਾ ਰਿਹਾ ਹੈ ਜਿਸ ਦਾ ਨੋਟਿਸ ਕਾਮਰੇਡ ਰਾਜ ਕੁਮਾਰ ਨੇ ਦਿਤਾ ਹੈ .....

'This House emphatically declares that in its opinion the demand for Khalistan is anti-people, anti-national and secessionist.'.

ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਜਿਹੜਾ ਸਿੰਗਲਾ ਜੀ ਨੇ ਕਾਂਸਟੀਚਿਊਸ਼ਨ ਨੂੰ ਕੋਟ ਕੀਤਾ ਹੈ ਮੈਂ ਤੁਹਾਡਾ ਧਿਆਨ ਇਸ ਸਦਨ ਦੇ ਰੂਲਜ਼ ਆਫ਼ ਪ੍ਰੋਸੀਜਰ ਐਂਡ ਕੰਡਕਟ ਆਫ਼ ਬਿਜ਼ਨੈਸ ਦੇ ਰੂਲ 150 ਦੇ ਪਾਰਟ 'ਸੀ' ਵੱਲ ਦਿਲਾਉਣਾ ਚਾਹੁੰਦਾ ਹਾਂ । ਉਸ ਦੇ ਵਿਚ ਕਲੀਅਰਲੀ ਲਿਖਿਆ ਹੈ ਰੈਜ਼ੋਲਿਊਸ਼ਨ ਦੀ ਡਿਸਕਸ਼ਨ ਬਾਰੇ .....

'It shall not relate to any matter which is not primarily the concern of the State Government.'

I think, to discuss, to recommend or to reject the formation of Khalisatan is not within the jurisdiction of the State Government and no State Assembly should discuss it.

ਮੇਰੀ ਇਹ ਸਬਮਿਸ਼ਨ ਹੈ ਕਿ ਇਸ ਦੀਆ ਬੜੀਆਂ ਫਾਰਚੀਚਿੰਗ ਕੰਪਲੀਕੇਸ਼ਨਜ਼ ਹੋਣਗੀਆਂ ਮੈਂ ਤੁਹਾਨੂੰ ਇਹ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ It is better that this House may not discuss this Resolution.

ਸ਼੍ਰੀ ਗੋਪਾਲ ਕ੍ਰਿਸ਼ਨ ਚਤੱਰਥ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜੀ ਗਲ ਦਾ ਔਬਜੈਕਸ਼ਨ ਇਨ੍ਹਾਂ ਨੇ ਕੀਤਾ ਹੈ ਮੈਂ ਉਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਹ ਡਿਸਕਸ ਨਹੀਂ ਕਰ ਰਹੇ ਕਿ ਖਾਲਿਸਤਾਨ ਬਣੇ ਜਾਂ ਨਾਂ ਬਣੇ । ਅਸੀਂ ਤਾਂ ਇਹ ਕਹਿ ਰਹੇ ਹਾਂ ਕਿ ਇਕ ਮੂਵਮੈਂਟ ਹਿੰਦੁਸਤਾਨ ਵਿਚ ਆਈ ਇਹ ਐਂਟੀਪੀਪਲ ਹੈ। ਇਹ ਡਿਸਕਸ ਕਰਨਾ ਹੈ । ਤੁਸੀਂ ਰੈਜ਼ੋਲਿਊਸ਼ਨ ਵੇਖ ਕੇ ਐਡਮਿਟ ਕੀਤਾ ਹੈ, ਇਹ ਵੈਲਟ ਹੋ ਚੁਕਾ ਹੈ ਇਸ ਕਰ ਕੇ ਮੈਂ ਕਹਿੰਦਾ ਹਾਂ ਕਿ Now we can not go back? ਕੁਝ ਐਸੇ ਬੰਦੇ ਹਨ ਜਿਹੜੇ ਮੁਲਕ ਦੀ ਸਾਵਰਨਟੀ ਨੂੰ ਖ਼ਤਮ ਕਰਨਾ ਚਾਹੁੰਦੇ ਹਨ ।

Sardar Ravi Inder Singh : Speaker Sahib, I would like to draw your attention to Rule 150 of the Rules of Procedure and Conduct of Business in the Punjab Vidhan Sabha, regarding the matters, which relate to the Resolutions and how they should be discussed and how they should be allowed.

ਇਸ ਦੇ ਬਾਰੇ ਜਿਹੜੀ ਗਲ ਸਰਦਾਰ ਬੀਰ ਦਵਿੰਦਰ ਸਿੰਘ ਨੇ ਕੀਤੀ ਹੈ ਉਸ ਦੇ ਵਿਚ ਕੁਝ ਸਦਾਕਤ ਨਜ਼ਰ ਆਉਂਦੀ ਹੈ । ਤੁਸੀਂ ਆਪ ਵੀ ਐਗਰੀ ਕਰੋਗੇ। ਐਕਚੁਅਲੀ ਮੈਂ ਪਰਸਨਲੀ

Original with;
Punjab Vidhan Sabha
Digitized by;
Panjab Digital Library

ਮਹਿਸੂਸ ਕਰਦਾ ਹਾਂ ਕਿ ਜੇ ਡਿਸਕਸ਼ਨ ਕਰਨੀ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ । ਜਿਹੜੀ ਗਲ ਇਸ ਸਦਨ ਵਿਚ ਕੋਈ ਮੈਂਬਰ ਕਰੇਗਾ .. .. ..

That Member cannot be prosecuted in any court of law. That is a privilege that we enjoy when we speak in this House. Would you like the Members to speak in terms that may affect the Sovereignity and integrity of this country. I would like to remind you that one such Member is already under trial in a Court of Law on a matter which is absolutely in conjunction with this Resolution. Would you like that such matters should be discussed and people should not be subjected to the law of the land. Now it is at your hands. We are prepared for that i.e. to discuss this issue.

Master Chand Singh : Speaker Sahib, I would like to read Rule 153 of the Rules of Procedure and Conduct of Business in the Punjab Vidhan Sabha. The Rule reads as under :—

'A Member in whose name a resolution.....

Sardar Bir Devinder Singh : Speaker Sahib, I would like to read Rule 153 of the Rules of Procedure and Conduct of Business in the Punjab Vidhan Sabha (Punjab Legislative Assembly). The proviso to this Rule reads as under :—

'Provided that the member may, with the permission of the Speaker, authorise in writing any other member to move it on his behalf, and the member so authorised may move it accordingly."

Sir, if you permit he can move the Resolution, otherwise he cannot move it.

Master Chand Singh : Sir, I would like to read Rule 153 of the Rules of Procedure and Conduct of Business in the Punjab Vidhan Sabha (Punjab Legislative Assembly). The proviso to this Rule reads as under :—

'Provided that the member may, with the permission of the Speaker, authorise in writing any other member to move it on his behalf, and the member so authorised may move it, accordingly.'

ਸਪੀਕਰ ਸਾਹਿਬ, ਮਾਸਟਰ ਜੀ ਨੂੰ ਤੁਸੀ ਇਜਾਜਤ ਦੇ ਦਿੱਤੀ ਹੈ ਮੂਵ ਕਰਨ ਦੀ, ਇਸ ਕਰ ਕੇ ਇਸ ਤੇ ਬਹਿਸ ਹੋਣੀ ਚਾਹੀਦੀ ਹੈ ਇਹ ਜਿਹੜੇ ਸਾਥੀ ਕਹਿ ਰਹੇ ਹਨ ਕਿ ਨਹੀਂ ਹੋਣੀ ਚਾਹੀਦੀ ਮੇਰਾ ਖਿਆਲ ਹੈ ਕਿ ਇਨ੍ਹਾਂ ਦਾ ਕੋਈ ਹਿੱਸਾ ਬਣਦਾ ਹੈ ਇਸ ਵਿਚ.... ਤੁਸੀਂ ਇਸ ਨੂੰ ਅਲਾਉ ਕਰੋ ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਜਿਸ ਤਰ੍ਹਾਂ ਉਧਰੋਂ ਦੋ ਆਨਰੇਬਲ ਮੈਂਬਰ ਸਾਹਿਬਾਨ ਨੇ ਇਤਰਾਜ਼ ਉਠਾਏ ਹਨ, ਸਿੰਗਲਾ ਸਾਹਿਬ ਨੇ ਅਤੇ ਬੀਰ ਦਵਿੰਦਰ ਸਿੰਘ ਨੇ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਇਤਰਾਜ਼ ਵਿਚ ਕੋਈ ਵੇਲੀਡਿਟੀ ਹੈ। ਮੈਂ ਕੌਲ ਐਂਡ ਸ਼ਕਧਰ ਦਾ ਸਫਾ 557 ਰੈਫਰ ਕਰਾਂਗਾ । ਬਹੁਤ ਸਾਰੇ ਰੈਜੋਲਿਊਸ਼ਨਜ਼ ਡਿਸਅਲਾਓ ਹੋ ਜਾਂਦੇ ਹਨ । ਇਸ ਵਿਚ ਸਬਜੈਕਟ ਮੈਨਸ਼ਨ ਕੀਤੇ ਹਨ, ਜਿਨ੍ਹਾਂ ਵਿਚ ਕਾਂਸਟੀਚਿਊਸ਼ਨ ਵੀ ਆਉਂਦਾ ਹੈ, ਜਿਹੜੇ ਕਿ ਡੀਲ ਕਰਨੇ ਹਨ। **Whether it is a Separate State or a State within India** ਇਸ ਦੇ ਵਿਚ ਕੁਝ ਨਾ ਕੁਝ ਕਾਂਸਟੀਚਿਊਸ਼ਨਲ ਅਮੈਂਡਮੈਂਟ ਇਨਵਾਲਵ ਹੋਵੇਗੀ । ਜੇ ਕੋਈ ਅਮੈਂਡ ਮੈਂਟ ਆਫ ਦੀ ਕਾਂਸਟੀਚਿਊਸ਼ਨ ਆਉਂਦੀ ਹੈ ਤਾਂ ਉਸ ਨੂੰ ਡਿਸਅਲਾਓ ਕਰ ਦਿਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਜਾਂਦਾ ਹੈ। Even in Parliament such resolution by private members are disallowed. ਜੇ ਗੌਰਮਿੰਟ ਕੋਈ ਰੈਜ਼ੋਲਿਊਸ਼ਨ ਲਿਆਵੇ ਤਾਂ ਲੈ ਆਵੇ। ਲੇਕਿਨ ਪ੍ਰਾਈਵੇਟ ਮੈਂਬਰਜ਼ ਦੇ ਰੈਜ਼ੋਲਿਊਸ਼ਨ ਡਿਸਅਲਾਓ ਕਰ ਦਿਤੇ ਜਾਂਦੇ ਹਨ। ਇਸ ਦੇ ਵਿਚ ਟੈਕਸੇਸ਼ਨ ਮਈਯਰਜ਼ ਅਤੇ ਅਮੈਂਡਮੈਂਟ ਆਫ ਦੀ ਕੰਸਟੀਚਿਊਸ਼ਨ ਨੂੰ ਸਪੈਸੇਫਿਕਲੀ ਮੈਨਸ਼ਨ ਕੀਤਾ ਹੈ। ਅੱਜ ਦੀ ਡਿਸਕਸ਼ਨ ਵਿੱਚ ਮੈਂ ਸਮਝਦਾ ਹਾਂ ਕਿ ਅਗਰ ਇਸ ਕਿਸਮ ਦੀ ਚੀਜ਼ ਨੂੰ ਕਿਸੇ ਵੇਗ ਨਾਲ ਅਵਾਇਡ ਕੀਤਾ ਜਾ ਸਕਦਾ ਹੈ ਤਾਂ ਕੀਤਾ ਜਾਵੇ।

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਹ ਐਡਮਿਟ ਹੋ ਗਿਆ। ਰਾਜ ਕੁਮਾਰ ਜੀ 22 ਤਾਰੀਖ ਨੂੰ ਇਥੋਂ ਚਲੇ ਗਏ। ਰੂਲ 153 ਦੇ ਮੁਤਾਬਿਕ ਉਹ ਅਥਾਰਟੀ ਦੇ ਸਕਦੇ ਹਨ। ਪਰ ਕਲ੍ਹ ਤਾਂ ਉਹ ਇਥੇ ਸਨ ਹੀ ਨਹੀਂ। ਇਸ ਲਈ ਇਸ ਚੀਜ਼ ਨੂੰ ਕਲੈਰੀਫਾਈ ਕਰਨਾ ਪਵੇਗਾ ਕਿ 22 ਤਾਰੀਖ ਤੋਂ ਪਹਿਲਾਂ ਕਿਸ ਤਰ੍ਹਾਂ ਉਨ੍ਹਾਂ ਨੂੰ ਪਤਾ ਹੋ ਸਕਦਾ ਹੈ ਕਿ ਮੇਰਾ ਰੈਜ਼ੋਲਿਊਸ਼ਨ ਆਉਣਾ ਹੈ। ਦੂਜੀ ਗਲ ਇਹ ਹੈ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ ਉਸ ਨੂੰ ਇਥੇ ਡਿਸਕਸ ਕਰਨ ਨਾਲ ਅਸੀਂ ਪੰਜਾਬ ਦੇ ਐਟਮਾਸਫੀਅਰ ਨੂੰ ਹੋਰ ਗੰਦਲਾ ਕਰਾਂਗੇ ਜਦੋਂ ਕਿ ਅਸੀਂ ਪੰਜਾਬ ਦੇ ਐਟਮਾਸਫੀਅਰ ਨੂੰ ਸ਼ਾਂਤ ਕਰਨਾ ਚਾਹੁੰਦੇ ਹਾਂ। ਇਥੇ ਡਿਸਕਸ਼ਨ ਕਰਨ ਨਾਲ ਮੈਂਬਰਾਂ ਦੇ ਸੈਂਟੀਮੈਂਟਸ ਬਾਹਰ ਪ੍ਰੈਸ ਵਿਚ ਜਾਣਗੇ। ਅਗਰ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਵਿੱਚ ਅੱਗ ਲਗੇ ਤਾਂ ਅਸੀਂ ਇਸ ਨੂੰ ਡਿਸਕਸ ਕਰਨ ਨੂੰ ਤਿਆਰ ਹਾਂ। ਜ਼ਰੂਰ ਇਸ ਨੂੰ ਡਿਸਕਸ ਕਰੋ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ: ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਦਾ ਨੋਟਿਸ ਸ਼੍ਰੀ ਰਾਜ ਕੁਮਾਰ ਜੀ ਵੱਲੋਂ ਹੈ। ਇਸ ਤਰ੍ਹਾਂ ਦੀ ਹਾਊਸ ਦੀ ਕੋਈ ਰਵਾਇਤ ਨਹੀਂ।

Rule 150 of the Rules of Procedure and Conduct of Business in the Punjab Vidhan Sabha (Punjab Legislative Assembly) reads as under :—

> 'In order that a resolution may be admissible it shall satisfy the following conditions, namely :—
>
> (a) it shall be clearly and precisely expressed, and shall raise substantially one definite issue;
>
> (b) it shall not contain arguments, inferences, ironical expressions or defamatory statements nor shall it refer to the conduct or character of person except in their official or public capacity ;
>
> (c) it shall not relate to any matter which is not primarily the concern of the State Government ; and
>
> (d) it shall not relate to any matter which is under adjudication by a Court of Law having jurisdicition in any part of India.

ਮੇਰੀ ਬੇਨਤੀ ਇਹ ਹੈ ਕਿ ਖਾਲਿਸਤਾਨ ਅਗਰ ਹਿਦੂਸਤਾਨ ਦੇ ਅੰਦਰ ਬਣਨਾ ਹੈ ਤਾਂ ਉਸ ਦੇ ਲਈ ਇਸ ਅਸੈਂਬਲੀ ਕੋਲ ਕੋਈ ਪਾਵਰ ਨਹੀ। ਇਹ ਪਾਵਰ ਸੈਂਟਰ ਦੇ ਪਾਸ ਹੈ। ਅਗਰ ਸੈਂਟਰ ਦੀ ਸਰਕਾਰ ਇਸ ਹਿੰਦੁਸਤਾਨ ਦੇ ਕੁਝ ਟੁਕੜੇ ਕਰਨਾ ਚਾਹੁੰਦੀ ਹੈ ਤਾਂ ਹੋਰ ਗਲ ਹੈ। ਜੇ ਪੰਜਾਬੀ ਸੂਬਾ ਹੋਂਦ ਵਿਚ ਆਇਆ ਤਾਂ ਇਹ ਹਿੰਦੁਸਤਾਨ ਦੀ ਸੈਂਟਰ ਦੀ ਸਰਕਾਰ ਨੇ ਬਾਈ ਐਕਟ ਆਫ ਪਾਰਲੀਮੈਂਟ ਕੀਤਾ ਹੈ। ਲਿੰਗੁਅਸਟਿਕ ਸਟੈਟਸ ਜਦੋਂ ਬਣਨੀਆਂ ਸਨ ਤਾਂ ਉਹ ਵੀ ਐਕਟ ਆਫ ਪਾਰਲੀਮੈਂਟ ਦੇ ਨਾਲ ਵਜੂਦ ਵਿਚ ਆਈਆਂ ਸਨ। ਅਗਰ ਖਾਲਿਸਤਾਨ ਦੇ ਇਸ਼ੂ ਉਤੇ ਕੋਈ ਸੁਪਰੀਮ ਕੋਰਟ ਵਿਚ ਚਲਾ ਜਾਂਦਾ ਹੈ ਤਾਂ ਉਸ ਕੇਸ ਵਿਚ ਅਦਾਲਤ ਕੋਲ ਅਜਿਹੀ ਪਰਵਿਊ ਹੈ। ਤੁਸੀਂ ਦੱਸਿਆ ਹੈ ਕਿ ਅਥਾਰਟੀ ਕਾਮਰੇਡ ਰਾਜ ਕੁਮਾਰ 22 ਤਾਰੀਖ ਨੂੰ ਦੇ ਕੇ ਗਏ ਹਨ। ਤੁਸੀਂ ਕਹਿੰਦੇ ਹੋ ਕਿ ਉਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

ਚਿੱਠੀ ਆਈ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਰਾਜ ਕੁਮਾਰ ਜੀ ਨੂੰ ਕੀ ਪਤਾ ਸੀ ਕਿ ਉਨ੍ਹਾਂ ਦਾ ਰੈਜ਼ੋਲਿਊਸ਼ਨ ਇਸ ਹਾਊਸ ਵਿਚ ਟੇਕ-ਅੱਪ ਹੋਣਾ ਹੈ ਅਤੇ ਪਰਸੋਂ ਉਨ੍ਹਾਂ ਦਾ ਰੈਜ਼ੋਲਿਊਸ਼ਨ ਬੈਲੱਟ ਵਿਚ ਨਿਕਲ ਜਾਣਾ ਹੈ। ਇਹ ਚਿੱਠੀ ਬਿਲਕੁਲ ਗਲਤ ਹੈ, ਬੋਗਸ ਹੈ।

Rule 153 of the Rules of Procedure and Conduct of Business in the Punjab Vidhan Sabha (Punjab Legislative Assembly) reads as under :—

> "A member in whose name a resolution stands on the list of business, shall except when he wishes to withdraw it, when called on, move the resolution in which case he shall commence his speech by a formal motion in the terms appearing on the list of business ;
>
> Provided that the member may with the permission of the Speaker authorise in writing any other member to move it on his behalf, and the member so authorised may move it accordingly."

ਮੈਂ ਤੁਹਾਡੇ ਸਾਹਮਣੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਬੜਾ ਗੰਭੀਰ ਮਸਲਾ ਹੈ। ਇਸ ਇਸ਼ੂ ਉਤੇ ਮੈਂ ਸਮਝਦਾ ਹਾਂ ਕਿ ਜਿਥੋਂ ਤਕ ਲੀਗਲ ਪਹਿਲੂ ਦਾ ਤੁਅਲਕ ਹੈ, ਰੂਲਜ਼ ਆਫ ਪ੍ਰੋਸੀਜਰ ਜੋ ਇਸ ਹਾਊਸ ਦਾ ਹੈ, ਉਸ ਦਾ ਤੁਅਲਕ ਹੈ, ਇਹ ਠੀਕ ਨਹੀਂ। ਤੁਹਾਨੂੰ ਉਹ ਮੈਂਬਰ ਆਪ ਮਿਲਿਆ ਨਹੀਂ, ਉਸ ਨੇ ਤੁਹਾਨੂੰ ਇਨਫੋਰਮ ਨਹੀਂ ਕੀਤੀ ਕਿ ਮੈਂ ਹਾਊਸ ਵਿਚ ਹਾਜ਼ਰ ਨਹੀਂ ਹੋਣਾ, ਇਸ ਲਈ ਮੇਰੇ ਵੱਲੋਂ ਇਹ ਰੈਜ਼ੋਲਿਊਸ਼ਨ ਮਾਸਟਰ ਬਾਬੂ ਸਿੰਘ ਮੂਵ ਕਰੇ। ਉਹ ਨਾ ਕਲ ਹਾਊਸ ਵਿੱਚ ਸਨ ਨਾ ਪਰਸੋਂ ਇਥੇ ਸਨ। ਬੈਲਟ ਕੱਲ ਨਿਕਲਿਆ ਹੈ। ਉਨ੍ਹਾਂ ਨੂੰ ਵਾਰਾਨਸੀ ਤੋਂ ਕਿਵੇਂ ਪਤਾ ਲਗ ਗਿਆ ਕਿ ਮੇਰਾ ਰੈਜ਼ੋਲਿਊਸ਼ਨ ਬੈਲਟ ਵਿਚ ਆ ਗਿਆ ਹੈ। ਕੱਲ ਦੀ ਉਨ੍ਹਾਂ ਦੀ ਚਿੱਠੀ ਤੁਹਾਡੇ ਕੋਲ ਕਿਸ ਤਰ੍ਹਾਂ ਪਹੁੰਚ ਗਈ। ਮੈਂ ਸਮਝਦਾ ਹਾਂ ਕਿ ਇਸ ਸਾਰੀ ਗਲ ਨੂੰ ਧਿਆਨ ਨਾਲ ਸੋਚਿਆ ਜਾਵੇ।

ਸ਼੍ਰੀ ਯਸ਼ : ਸਪੀਕਰ ਸਾਹਿਬ, ਲਾਲਪੁਰਾ ਜੀ ਨੇ ਕਿਹਾ ਹੈ ਇਹ ਗੰਭੀਰ ਮਸਲਾ ਹੈ। ਇਹ ਵਾਕਈ ਬੜਾ ਗੰਭੀਰ ਮਸਲਾ ਹੈ। ਜਿਹੜਾ ਮਸਲਾ ਇਸ ਵੇਲੇ ਹਾਊਸ ਦੇ ਸਾਹਮਣੇ ਜ਼ੇਰੇ-ਗੌਰ ਹੈ, ਇਸ ਵਿੱਚ ਦੋ ਪੁਆਇੰਟਸ ਨੇ। ਪਹਿਲਾ ਮਾਮਲਾ ਟੈਕਨੀਕਲ ਹੈ। ਟੈਕਨੀਕਲੀ ਜਦੋਂ ਇਕ ਰੈਜ਼ੋਲਿਊਸ਼ਨ ਐਡਮਿਟ ਹੋ ਗਿਆ ਤਾਂ ਉਸ ਦੇ ਉਤੇ ਹਾਊਸ ਨੂੰ ਬਹਿਸ ਕਰਨ ਦਾ ਨਾ ਹੱਕ ਹੈ। ਇਹ ਹੁਣ ਹਾਊਸ ਦੀ ਪ੍ਰਾਪਰਟੀ ਹੈ। ਹਾਊਸ ਦੀ ਮਰਜ਼ੀ ਤੋਂ ਬਗੈਰ ਇਹ ਵਾਪਸ ਨਹੀਂ ਲਿਆ ਜਾ ਸਕਦਾ। ਇਸ ਲਈ ਟੈਕਨੀਕਲੀ ਇਸ ਵਿੱਚ ਕੋਈ ਗਲਤ ਗਲ ਨਹੀਂ ਹੈ। ਜਿਹੜਾ ਓਬਜੈਕਸ਼ਨ ਸੰਤ ਰਾਮ ਸਿੰਗਲਾ ਜਾਂ ਬਰਨਾਲਾ ਸਾਹਿਬ ਨੇ ਉਠਾਇਆ ਹੈ ਕਿ ਇਸ ਮਾਮਲੇ ਦਾ ਸਬੰਧ ਕੰਸਟੀਚਿਊਸ਼ਨ ਵਿੱਚ ਅਮੈਂਡਮੈਂਟ ਕਰਨ ਨਾਲ ਹੈ। ਕੰਸਟੀਚਿਊਸ਼ਨਲ ਅਮੈਂਡਮੈਂਟ ਦਾ ਸਵਾਲ ਇਹ ਹਾਊਸ ਡਿਸਕਸ ਨਹੀਂ ਕਰ ਸਕਦਾ। ਲੇਕਿਨ ਮੈਂ ਕਹਿੰਦਾ ਹਾਂ ਕਿ ਇਹ ਐਨਾ ਇੰਪੋਰਟੈਂਟ ਮਸਲਾ ਹੈ, ਕਈ ਕਤਲ ਹੋ ਗਏ, ਮਸਾਂ ਮਸਾਂ ਇਹ ਮਾਮਲਾ ਪੰਜਾਬ ਵਿਚ ਸੰਭਾਲਿਆ ਗਿਆ ਸੀ। ਇਸ ਬਾਰੇ ਵਿਚ ਅਕਾਲੀਆਂ ਨੂੰ ਆਪਣਾ ਸਟੈਂਡ ਵਾਜ਼ਿਆ ਕਰਨਾ ਚਾਹੀਦਾ ਹੈ। ਪਰ ਇਹ ਨੱਸਣਾ ਚਾਹੁੰਦੇ ਹਨ। ਹਾਊਸ ਇਸ ਗਲ ਦੀ ਇਜਾਜ਼ਤ ਨਹੀਂ ਦੇਵੇਗਾ ਕਿ ਅਜਿਹੇ ਮਾਮਲੇ ਤੇ ਅਕਾਲੀ ਦਲ ਆਪਣੇ ਵਿਊਜ਼ ਦੇਣ ਤੋਂ ਕਤਰਾਵੇ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂਬਰਾਂ ਨੇ ਤੌਖਲਾ ਕੀਤਾ ਹੈ ਕਿ 22 ਤਾਰੀਖ ਦੇ ਕਾਮਰੇਡ ਰਾਜ ਕੁਮਾਰ ਗਏ ਹੋਏ ਹਨ। ਜਿਹੜੀ ਚਿੱਠੀ ਤੁਹਾਨੂੰ ਕਾਮਰੇਡ ਰਾਜ ਕੁਮਾਰ ਨੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਨੇ ਭੇਜੀ ਹੈ 22 ਤਾਰੀਖ ਦੀ ਇਸ ਦੇ ਵਿਚ ਇਸ ਰੈਜ਼ੋਲਿਊਸ਼ਨ ਦਾ ਨਾਂ ਨਹੀਂ। ਇਸ ਦੇ ਵਿਚ ਲਿਖਿਆ ਹੈ --:

"I authorise Comrade Babu Singh to speak on my behalf for the questions/Call Attention and resolution, etc."

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਗਲ ਬੜੀ ਸਾਫ ਹੋ ਗਈ ਹੈ। ਮਾਸਟਰ ਬਾਬੂ ਸਿੰਘ ਹੋਰਾਂ ਨੇ ਬੜਾ ਕਲੀਯਰਲੀ ਕਹਿ ਦਿੱਤਾ ਹੈ ਕਿ ਮੈਨੂੰ ਇਸ ਤਰ੍ਹਾਂ ਦੀ ਇਕ ਜਨਰਲ ਅਥਾਰਿਟੀ ਦੇ ਗਏ ਹਨ, ਇਸ ਕਰਕੇ ਮੈਂ ਇਹ ਰੈਜ਼ੋਲਿਊਸ਼ਨ ਰੇਜ਼ ਕਰ ਸਕਦਾ ਹਾਂ।

Rule 153 of the Rules of Procedure and Conduct of Business in the Punjab Vidhan Sabha (Punjab Legislative Assembly) reads as under :—

'A member in whose name a resolution stands on the list of business, shall, except when he wishes to withdraw it, when called on, move the resolution in which case he shall commence his speech by a formal motion in the terms appearing on the list of business ;

Provided that the member may, with the permission of the Speaker, authorise in writing any other member to move it on his behalf, and the member so authorised may move it accordingly.'

According to this proviso, it is very clear that before authorising any other Member to move a Resolution, your permission is necessary. ਇਸ ਰੂਲ ਦੀ ਪ੍ਰੋਵਾਈਜੋ ਦੇ ਮੁਤਾਬਿਕ ਤੁਹਾਡੀ ਪਰਮਿਸ਼ਨ ਪਹਿਲਾਂ ਹੋਣੀ ਚਾਹੀਦੀ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਰੈਜੋ ਲਿਊਸ਼ਨ ਵਿਚ ਲਿਖਿਆ ਹੋਇਆ ਹੈ ਕਿ :--

'This House emphatically declares that in its opinion the demand for Khalistan is anti-people, anti-national and secessionist.'

ਸਪੀਕਰ ਸਾਹਿਬ, ਇਸ ਵਿਚ ਕੰਡੈਮਨੇਸ਼ਨ ਕੀਤੀ ਹੈ ਉਨ੍ਹਾਂ ਲੋਕਾਂ ਦੀ ਜਿਹੜੇ ਕਿ ਖਾਲਿਸਤਾਨ ਦੀ ਮੰਗ ਕਰਦੇ ਹਨ। ਜਿਥੋਂ ਤਕ ਟੈਕਨੀਕਲ ਗੱਲ ਦਾ ਸਵਾਲ ਹੈ, ਉਹ ਗੱਲ ਤੁਸੀਂ ਮੰਨ ਲਈ ਹੈ, ਤੁਸੀਂ ਰੈਜ਼ੋਲਿਊਸ਼ਨ ਮੰਨ ਲਿਆ ਹੈ। ਤੁਸੀਂ ਲਾਟਰੀ ਕੱਢ ਕੇ ਸਰਕੂਲੇਟ ਕਰ ਦਿਤਾ ਹੈ। ਤੁਸੀਂ ਮਾਸਟਰ ਬਾਬੂ ਸਿੰਘ ਜੀ ਨੂੰ ਕਾਲ ਅਪਾਨ ਵੀ ਕਰ ਲਿਆ ਹੈ। ਹੁਣ ਤੁਸੀਂ ਕਿਸ ਤਰਾਂ ਇਸ ਨੂੰ ਵਾਪਸ ਲੈ ਸਕਦੇ ਹੋ, ਸਾਨੂੰ ਇਹ ਦੱਸ ਦਿਓ ਕਿ ਕਿਹੜੇ ਰੂਲ ਥੱਲੇ ਤੁਸੀਂ ਇਸ ਨੂੰ ਵਾਪਿਸ ਲਵੋਗੇ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਰੱਖਿਆ ਗਿਆ ਹੈ ਇਸ ਦਾ ਪੰਜਾਬੀਆਂ ਉਤੇ ਬਹੁਤ ਅਸਰ ਹੈ। ਹਾਊਸ ਵਿਚ ਕੋਈ ਚੀਜ਼ ਅਗਰ ਡਿਸਕਸ ਕੀਤੀ ਜਾਂਦੀ ਹੈ ਤਾਂ ਹਾਊਸ ਤੋਂ ਬਾਹਰ ਉਸ ਦਾ ਅਸਰ ਹੁੰਦਾ ਹੈ। ਜਦੋਂ ਰਾਜ ਕੁਮਾਰ ਜੀ ਬਾਹਰ ਗਏ ਹਨ ਤਾਂ ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਇਹ ਉਮੀਦ ਨਹੀਂ ਸੀ ਕਿ ਇਹ ਰੈਜ਼ੋਲਿਊਸ਼ਨ ਉਨ੍ਹਾਂ ਦਾ ਨੰਬਰ ਇਕ ਤੇ ਆ ਜਾਵੇਗਾ। ਇਸ ਲਈ ਹੁਣ ਹੈਲਦੀ ਕਨਵੈਨਸ਼ਨ ਕਾਇਮ ਕਰਨੀ ਚਾਹੀਦੀ ਹੈ। ਇਸ ਦਾ ਪੰਜਾਬ ਵਿਚ ਮਾੜਾ ਅਸਰ ਪਵੇਗਾ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਹ ਵਿਦਡਰਾ ਕਰਨਾ ਚਾਹੀਦਾ ਹੈ। ਮੇਰਾ ਆਪਣਾ ਰੈਜ਼ੋਲਿਊਸ਼ਨ ਨਾਲ ਹੀ ਹੈ। ਉਹ ਹਾਊਸ ਵਿਚ ਡਿਸਕਸ ਕਰਨਾ ਚਾਹੀਦਾ ਹੈ। (ਅਕਾਲੀ ਪਾਰਟੀ ਵਲੋਂ ਥੰਪਿੰਗ)

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਹਾਊਸ ਦੇ ਬਿਜ਼ਨੈਸ ਵਿਚ ਆ ਚੁਕਿਆ ਹੈ। ਗੱਲ ਇਹ ਹੈ ਕਿ ਕੋਈ ਰੈਜ਼ੋਲਿਊਸ਼ਨ ਐਂਟੀਨੈਸ਼ਨਲ ਹੋਵੇ ਉਹ ਤੁਸੀਂ ਰੱਦ ਕਰ ਸਕਦੇ ਹੋ, ਤੁਸੀਂ ਪਾਵਰ ਰੱਖਦੇ ਹੋ। ਨੈਸ਼ਨਲ ਸਿਕਿਉਰਟੀ ਐਕਟ ਬਾਰੇ ਮੈਂ ਰੈਜ਼ੋਲਿਊਸ਼ਨ ਦਿਤਾ ਸੀ ਉਹ ਤੁਸੀਂ ਰੱਦ ਕਰ ਦਿਤਾ। ਪਰ ਤੁਸੀਂ ਇਹ ਕੀਤਾ ਨਹੀਂ ਹੈ। ਹੁਣ ਅਥਾਰਿਟੀ ਉਨ੍ਹਾਂ ਦੀ ਮੰਨ ਲਈ ਹੈ। ਮਾਸਟਰ ਬਾਬੂ ਸਿੰਘ ਨੂੰ ਆਬੋਰਾਈਜ਼ ਕੀਤਾ ਹੋਇਆ ਹੈ। ਜੇਕਰ ਕੋਈ ਅਥਾਰਿਟੀ ਦੇ ਜਾਂਦਾ ਹੈ ਤਾਂ, ਸਪੀਕਰ ਸਾਹਿਬ, ਤੁਹਾਡੇ ਪਾਸ ਪਾਵਰਜ਼ ਹਨ ਤੁਸੀਂ ਉਸ ਨੂੰ ਮੰਨ ਸਕਦੇ ਹੋ। ਤੁਸੀਂ ਉਸ ਨੂੰ ਮੰਨ ਕੇ ਮੈਂਬਰ ਨੂੰ ਕਾਲ ਅਪਾਨ ਕਰ ਲਿਆ ਹੈ। ਇਸ ਲਈ ਹੁਣ ਡਿਸਕਸ਼ਨ ਹੋਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਬਾਬੂ ਸਿੰਘ ਜੀ ਤੁਸੀਂ ਚਿੱਠੀ ਮੇਰੇ ਪਾਸ ਲਿਆਓ।

STATEMENT BY THE CHIEF MINISTER RE. ISSUANCE OF INSTRUCTIONS FOR SHOWING DUE COURTESY TO MEMBERS BY OFFICERS OF GOVERNMENT

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਕ ਸਟੇਟਮੈਂਟ ਦੇਣੀ ਚਾਹੁੰਦਾ ਹਾਂ ਜੀ। ਇਥੇ ਸਵਾਲ ਉਠਾਇਆ ਗਿਆ ਸੀ ਕਿ ਮੈਂਬਰ ਸਾਹਿਬਾਨ ਨਾਲ ਸਲੂਕ ਠੀਕ ਨਹੀਂ ਹੋ ਰਿਹਾ। ਮੈਂ ਉਸ ਵੇਲੇ ਗੈਰ-ਹਾਜ਼ਰ ਸੀ ਜਦੋਂ ਇਸ ਤਰ੍ਹਾਂ ਦਾ ਸਵਾਲ ਉਠਾਇਆ ਗਿਆ ਸੀ। ਮੈਂ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੁਝ ਮੈਂਬਰਾਂ ਨੇ ਇਸ ਤਰ੍ਹਾਂ ਦੇ ਸਵਾਲ ਉਠਾਏ ਹਨ ਉਹ ਵੀ ਅਸੀਂ ਵੇਖਾਂਗੇ। ਲੇਕਿਨ ਇਹ ਪੱਕੀ ਹਦਾਇਤ ਕੀਤੀ ਜਾਵੇਗੀ ਕਿ ਹਰ ਮੈਂਬਰ ਦਾ ਭਾਵੇਂ ਉਹ ਕਿਸੇ ਵੀ ਥਾਂ ਜਾਵੇ, ਉਸ ਦਾ ਸਤਿਕਾਰ ਜੋ ਐਮ. ਐਲ. ਏ. ਦੇ ਤੌਰ ਤੇ ਹੋਣਾ ਚਾਹੀਦਾ ਹੈ ਉਹ ਜ਼ਰੂਰ ਹੋਵੇ। (ਥੰਪਿੰਗ)।

RULING BY THE SPEAKER RE. MOVING OF A RESOLUTION BY ANOTHER MEMBER (*Resumption*)

ਸਰਦਾਰ ਬਸੰਤ ਸਿੰਘ ਖਾਲਸਾ (ਬੈਠੇ ਬੈਠੇ) : ਰੈਜ਼ੋਲਿਊਸ਼ਨ ਬਾਰੇ ਵੀ ਆਪਣੇ ਵਿਚਾਰ ਨੰਬਰ ਦੋ ਤੇ ਦੱਸ ਦਿਓ।

ਮੁੱਖ ਮੰਤਰੀ : ਨੰਬਰ ਦੋ ਦੀ ਗੱਲ ਤਾਂ ਤੁਹਾਡੇ ਪਾਸੇ ਵੱਲੋਂ ਹੀ ਕੀਤੀ ਜਾਂਦੀ ਹੈ। ਅਸੀਂ ਤਾਂ ਨੰਬਰ ਇਕ ਦੀ ਗੱਲ ਕਰਦੇ ਹਾਂ। (ਹਾਸਾ) ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਰੈਜ਼ੋਲਿਊਸ਼ਨ ਵਿਚ ਕੋਈ ਖਰਾਬੀ ਨਹੀਂ ਹੈ। ਇਸ ਹਾਊਸ ਵਿਚ ਮੈਂ ਸਮਝਦਾ ਹਾਂ ਕਿ ਕੋਈ ਇਕ ਮੈਂਬਰ ਵੀ ਐਸਾ ਨਹੀਂ ਹੈ ਜਿਹੜਾ ਕਿ ਖਾਲਿਸਤਾਨ ਦੇ ਹੱਕ ਵਿਚ ਹੋਵੇ .....

ਸਰਦਾਰ ਰਵੀਇੰਦਰ ਸਿੰਘ : ਇਕ ਮੈਂਬਰ ਹੈ, ਸ਼ਰ।

ਮੁੱਖ ਮੰਤਰੀ : ਜੇਕਰ ਹੈ ਤਾਂ ਉਹ ਖੜ੍ਹਾ ਹੋ ਜਾਵੇ। ਉਹ ਦੱਸ ਦੇਵੇ। (ਥੰਪਿੰਗ)

ਸਰਦਾਰ ਰਵੀਇੰਦਰ ਸਿੰਘ : (ਬੈਠੇ ਬੈਠੇ) ਉਸ ਨੂੰ ਤਾਂ ਤੁਸੀਂ ਅੰਦਰ ਬੰਦ ਕਰ ਦਿਤਾ ਹੈ।

Original with;
Punjab Vidhan Sabha
Digitized by;
Panjab Digital Library

Chief Minister: If you want discussion, discuss it, why you are avoiding it.

Sardar Ravi Inder Singh : Nobody is avoiding.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀਕਿ ਇਸ ਹਾਊਸ ਵਿਚ ਇਸ ਵੇਲੇ ਕੋਈ ਵੀ ਐਸਾ ਮੈਂਬਰ ਨਹੀਂ ਹੈ ਜੋ ਖਾਲਿਸਤਾਨ ਦੇ ਹੱਕ ਵਿਚ ਹੋਵੇ ।

ਸਰਦਾਰ ਰਵੀ ਇੰਦਰ ਸਿੰਘ : (ਬੈਠੇ ਬੈਠੇ) ਹਾਂ, ਹੁਣ ਤੁਸੀਂ ਠੀਕ ਕਹਿ ਰਹੇ ਹੋ ।

ਮੁੱਖ ਮੰਤਰੀ : ਮੈਂ ਗਲਤ ਬੋਲਦਾ ਹੀ ਨਹੀਂ ਹਾਂ । ਤੁਹਾਡੇ ਵਾਂਗ ਮੈਂ ਹੇਜ ਨਹੀਂ ਕਰਦਾ । ਸਪੀਕਰ ਸਾਹਿਬ, ਇਥੇ ਡਿਸਕਸ਼ਨ ਇਸ ਗੱਲ ਤੇ ਹੋਣੀ ਸੀ ਕਿ ਜੋ ਲੋਕੀ ਸਿਜ਼ੈਸ਼ਨਿਸਟਸ ਹਨ ਜੋ ਸੂਬੇ ਨੂੰ ਲੀਰੋ ਲੀਰ ਕਰਨਾ ਚਾਹੁੰਦੇ ਹਨ, ਪੰਜਾਬੀ ਸੂਬੇ ਦੇ ਹੱਕ ਵਿਚ ਬੋਲਦੇ ਰਹੇ ਹਨ ਮੈਂ ਉਨ੍ਹਾਂ ਦੀ ਇਸ ਹਾਊਸ ਵਿਚ ਤੁਲਣਾ ਨਹੀਂ ਕਰਦਾ ਲੇਕਿਨ ਅਗਰ ਅਸੀਂ ਅੱਜ ਸਮਝਦੇ ਹਾਂ ਕਿ ਸਿਜ਼ੈਸ਼ਨਿਸਟਸਾਂ ਦੀ ਮਾੜੀ ਗਲ ਹੈ, ਸੂਬੇ ਨੂੰ ਲੀਰੋ ਲੀਰ ਕਰਨਾ ਚਾਹੁੰਦੇ ਹਨ, ਉਹ ਲੋਕ ਮਾੜੇ ਹਨ, ਇਸ ਲਈ ਉਨ੍ਹਾਂ ਦੀ ਕੰਨਡੈਮਨੇਸ਼ਨ ਕਰਦੇ ਹਾਂ ਤਾਂ ਇਸ ਵਿਚ ਮੈਂ ਸਮਝਦਾ ਹਾਂ ਕਿ ਕੋਈ ਹਰਜ ਨਹੀਂ ਹੈ। ਅਗਰ ਅਸੀਂ ਸਾਰੇ ਹੀ ਇਸ ਪੱਖ ਵਿਚ ਹਾਂ ਤਾਂ ਸ਼ਾਇਦ ਇਸ ਰੈਜ਼ੋਲਿਊਸ਼ਨ ਤੇ ਡਿਸਕਸ਼ਨ ਕਰਨ ਦੀ ਲੋੜ ਹੀ ਨਾ ਹੋਵੇ। ਮੈਂ ਅਰਜ਼ ਕਰਾਂ ਕਿ ਜੋ ਇਸ ਬਾਰੇ ਸਾਨੂੰ ਕਹਿੰਦੇ ਹਨ, ਸਾਨੂੰ ਮਨਜ਼ੂਰ ਹੈ । ਅਗਰ ਕਿਸੇ ਤਰ੍ਹਾਂ ਨਾਲ ਜੋ ਅਥਾਰਿਟੀ ਲਿਖ ਕੇ ਦਿਤੀ ਹੈ ਇਹ ਇਨ ਆਰਡਰ ਹੈ ਤਾਂ ਠੀਕ ਹੈ । ਅਗਰ ਨਹੀਂ ਹੈ ਤਾਂ ਉਹ ਇਨ ਆਰਡਰ ਲੈ ਆਉਣਗੇ। ਐਸੀ ਗੱਲ ਨਹੀਂ ਹੈ। ਪਰ ਇਹ ਉਨ੍ਹਾਂ ਦਾ ਕੰਮ ਹੈ । ਬਾਕੀ ਸਾਡੇ ਪੁਰਾਣੇ, ਸਪੀਕਰ ਰਵੀਇੰਦਰ ਸਿੰਘ ਜਾਂ ਸਾਡੇ [illegible] ਹੀ ਦਸ ਸਕਦੇ ਹਨ ਕਿ ਇਸ ਦੀ ਕੀ ਇੰਟਰਪਰੈਟੇਸ਼ਨ ਹੈ। ਜਿਸ ਮੇਰੇ ਵਰਗੇ ਨੈ ਲਾਅ ਨਹੀਂ ਪੜ੍ਹਿਆ ਉਸ ਦੇ ਲਈ ਇਨਟਰਪਰੇਟੇਸ਼ਨ ਦੇਣੀ ਔਖੀ ਗੱਲ ਹੈ। ਇਸ ਹਾਊਸ ਵਿਚ ਜੇ ਸਾਥਿਆਂ ਦੀ ਮਰਜ਼ੀ ਹੈ ਕਿ ਅਸੀਂ ਖਾਲਿਸਤਾਨ ਦੇ ਵਿਰੋਧੀ ਹਾਂ ਔਰ ਇਸ ਤਰ੍ਹਾਂ ਡਿਸਕਸਨ ਨਹੀਂ ਹੋ ਸਕਦੀ ਤਾਂ ਫਿਰ ਸਪੀਕਰ ਸਾਹਿਬ ਸੋਚ ਲੈਣ !

ਵਿੱਤ ਮੰਤਰੀ (ਡਾਕਟਰ ਕੇਵਲਕ੍ਰਿਸ਼ਨ) : ਸਪੀਕਰ ਸਾਹਿਬ, ਰੂਲ 153 ਬੜਾ ਕਲੀਅਰ ਹੈ । ਇਸ ਵਿਚ ਲਿਖਿਆ ਹੈ ਕਿ ਅਗਰ ਰੈਜ਼ੋਲਿਊਸ਼ਨ ਦੇਣ ਵਾਲੇ ਨੇ ਅਥਾਰਿਟੀ ਦਿਤੀ ਹੋਵੇ ਤਾਂ ਉਹ ਰੈਜ਼ੋਲਿਊਸ਼ਨ ਮੂਵ ਹੋ ਸਕਦਾ ਹੈ। ਉਨ੍ਹਾਂ ਨੇ ਬਾਬੂ ਸਿੰਘ ਨੂੰ ਕਿਹਾ ਹੈ ਕਿ ਉਹ ਬੋਲ ਸਕਦੇ ਹਨ। ਮੂਵ ਕਰਨ ਦੀ ਅਥਾਰਿਟੀ ਨਹੀਂ ਮਿਲੀ । ਜੋ ਮੈਂ ਸਮਝਦਾ ਹਾਂ ਕਿ ਮੂਵ ਕਰਨ ਦੀ ਅਥਾਰਿਟੀ ਨਹੀਂ ਦੇਣੀ ਚਾਹੀਦੀ ਔਰ ਨੈਕਸ਼ਟ ਰੈਜ਼ੋਲਿਊਸ਼ਨ ਲੈ ਲੈਣਾ ਚਾਹੀਦਾ ਹੈ।

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਵੈਸੇ ਤਾਂ ਤਕਰੀਬਨ ਤਕਰੀ ਬਨ ਡਾਕਟਰ ਕੇਵਲ ਕ੍ਰਿਸ਼ਨ ਨੇ ਸਾਰਾ ਮਾਮਲਾ ਸੈਟਲ ਕਰ ਦਿਤਾ ਹੈ ਪਰ ਮੈਂ ਤੁਹਾਡੀ ਇਜਾਜ਼ਤ ਨਾਲ ਇਸ ਨੂੰ ਅਨਸੈਟਲ ਕਰਨਾ ਚਾਹਵਾਂਗਾ । ਅਨਸੈਟਲ ਇਸ ਕਰ ਕੇ ਕਰਨਾ ਚਾਹਵਾਂਗਾ ਕਿਉਂ ਕਿ ਲੀਡਰ ਆਫ਼ ਦੀ ਹਾਊਸ ਨੇ ਬੜੇ ਸਟ੍ਰੌਂਗ ਸੈਂਟੀ ਮੈਂਟਲ ਇਸ ਖਾਲਿਸਤਾਨ ਦੇ ਇਸ਼ੂ ਤੇ ਪ੍ਰਗਟ ਕੀਤੇ ਹਨ ਔਰ ਸ਼ਾਇਦ ਅਸੀਂ ਇਨ੍ਹਾਂ ਤੋਂ ਵੀ ਵੱਧ ਜਜ਼ਬਾਤੀ ਤੌਰ ਤੇ ਸੀਰੀਅਸ ਹੋਈਏ। ਪਰ ਮੈਂ ਸਮਝਦਾ ਹਾਂ ਜੇ ਇਹ ਇਤਨਾ ਸੀਰੀਅਸ ਹਨ then why they should not bring a Government resolution. They are talking about private member's Resolution which has come just by chance, which has been balloted. If they feel strongly to have discussion on

Original with;
Punjab Vidhan Sabha
Digitized by;
Panjab Digital Library

Khalistan issue, then let us discuss it for 2-3 hours. Let the Govt. bring a Resolution. ਮੈਂ ਅਸ਼ਿਓਰ ਹਾਂ ਕਿ ਸਾਡੇ ਦੇਸ਼ ਵਾਸਤੇ ਇਹ ਬੜੀ ਚੰਗੀ ਗਲ ਹੋਵੇਗੀ। ਲੋਕਾਂ ਨੂੰ ਵੀ ਪਤਾ ਚਲੇਗਾ ਕਿ ਕਿਹੜੇ ਲੋਕ ਇਸ ਸ਼ਰਾਰਤ ਦੇ ਪਿਛੇ ਹਨ ਅਤੇ ਕਿਹੜੇ ਲੋਕ ਇਸ ਨੂੰ ਪੋਂਟ ਕਰ ਰਹੇ ਹਨ। Thank you, Sir.

Chief Minister : If this is the position, then let us expose those persons just now.

Sardar Ravi Inder Singh ; I am in total agreement with the Chief Minister. I would like that the Government should move a Resolution. I am only replying to the remarks of the Chief Minister. But you should not rule it as 'No Point of Order.'

ਸ਼੍ਰੀ ਸਪੀਕਰ : ਇਹ ਗਲ ਜਿਹੜੀ ਹੈ ਇਸ ਨੂੰ ਅਸੀਂ ਦੋ ਪੈਰਿਆਂ ਵਿਚ ਲੈਣਾ ਹੈ। ਇਕ ਤਾਂ ਇਹ ਰੈਜ਼ੋਲਿਉਸ਼ਨ ਐਡਮਿਟ ਕੀਤਾ ਫਾਰ ਬੈਲਟ। ਇਹ ਰੈਜ਼ੋਲਿਉਸ਼ਨ ਬਿਲਕੁਲ ਠੀਕ ਐਡਮਿਟ ਹੋਇਆ। ਰੂਲ 148 ਦੇ ਅੰਦਰ ਇਹ ਲਿਖਿਆ ਹੈ ਕਿ :—

> "A resolution may be in the form of a declaration of opinion by the House or in the form of a specific recommendation addressed to the Government."

ਇਹ ਇਕ ਹਾਉਸ ਨੇ ਓਪੀਨੀਅਨ ਬਣਾਈ। ਇਸ ਦੀ ਜਿਹੜੀ ਐਡਮਿਸ਼ਨ ਹੋਈ ਹੈ ਇਹ ਬਿਲਕੁਲ ਰੂਲਜ਼ ਦੇ ਮੁਤਾਬਿਕ ਹੋਈ ਹੈ। ਇਸ ਸਬੰਧ ਵਿਚ ਮੇਰੇ ਤੋਂ ਪਹਿਲਾਂ ਪਰੈਸੀਡੈਂਟਸ ਹਨ। ਸਰਦਾਰ ਰਵੀਇੰਦਰ ਸਿੰਘ ਜਦੋਂ ਉਹ ਆਪ ਸਪੀਕਰ ਸਨ ਤਾਂ ਉਨ੍ਹਾਂ ਨੇ ਆਪ ਇਕ ਰੈਜ਼ੋਲਿਉਸ਼ਨ 8 ਮਾਰਚ, 1979 ਨੂੰ ਐਡਮਿਟ ਕੀਤਾ ਸੀ ਜਿਹੜਾ ਕਿ ਅਨੰਦਪੁਰ ਸਾਹਿਬ ਦੇ ਮੁਤਲਕ ਸੀ ਅੰਰ ਉਸ ਰੈਜ਼ੋਲਿਉਸ਼ਨ ਦੀ ਵਰਡਿੰਗ ਇਹ ਸੀ ਕਿ .....

> "This House expresses its grave concern at the resolution passed at the All India Akali Conference at Ludhiana and further reiterated at Fatehgarh Sahib propounding the theory of India being a multination country, asking for an economic and financial autonomy for Punjab, and demanding the redrafting of the Constitution based on the demand made in the above mentioned resolution."

ਇਹ ਚੌਧਰੀ ਬਲਰਾਮ ਜਾਖੜ ਵਲੋਂ ਰੈਜ਼ੋਲਿਉਸ਼ਨ ਆਇਆ ਸੀ ਅਤੇ ਇਸ ਤੇ ਮੇਰੇ ਪਰੈਡੀਸੈਸਰ ਸਪੀਕਰ ਦੇ ਇਹ ਰਿਮਾਰਕਸ ਸਨ ਕਿ .....

> "ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਅਜ ਨਾਨ-ਆਫੀਸ਼ਿਅਲ ਡੇ ਹੈ। ਭਾਵੇਂ ਅੱਜ ਆਫੀਸ਼ਿਅਲ ਕੰਮ ਨਾ ਵੀ ਹੋਵੇ ਅੰਰ ਭਾਵੇਂ ਇਹ ਸਰਕਾਰ ਨਾਲ ਸਬੰਧ ਨਾ ਵੀ ਰਖਦਾ ਹੋਵੇ, ਪਰ ਇਸ ਦੀ ਤਾਂ ਸਾਰੇ ਸੂਬੇ ਵਿਚ ਚਰਚਾ ਹੈ, ਇਹ ਨਾਨ ਆਫੀਸ਼ਿਅਲ ਡੇ ਵਾਲੇ ਦਿਨ ਡਿਸਕਸ ਹੋ ਸਕਦਾ ਹੈ"

ਸੋ ਇਸ ਵਿਚ ਕਾਂਸਟੀਚਿਉਸ਼ਨ ਅਤੇ ਮਲਟੀਨੇਸ਼ਨ ਦੇ ਬਾਰੇ ਗਲ ਆਈ ਹੈ। ਪਰ ਜਿਹੜਾ ਇਹ ਰੈਜ਼ੋਲਿਉਸ਼ਨ ਐਡਮਿਟ ਕੀਤਾ ਗਿਆ ਹੈ ਇਹ ਤਾਂ ਉਸ ਨਾਲੋਂ ਕਾਫੀ ਮਾਈਲਡ ਹੈ। ਦੂਜਾ ਜਿਹੜੀ ਇਹ ਚਿੱਠੀ ਲਿਖੀ ਗਈ ਹੈ ਜੇ ਇਸ ਨੂੰ ਘੋਖਿਆ ਜਾਵੇ ਤਾਂ ਉਸ ਵਿਚ ਇਹ ਲਿਖਿਆ ਹੈ.. I authorise Comrade Babu Singh to speak on my

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਇਹ ਨਹੀਂ ਲਿਖਿਆ "move on my behalf" ਬਾਕੀ ਬਰਨਾਲਾ ਜੀ ਨੇ ਇਹ ਗਲ ਠੀਕ ਕਹੀ ਹੈ ਕਿ a member may, with the permission of the speaker, authorise in writing any other member to move it on his behalf. He needed my perior permission. ਪਰ ਇਸ ਤੇ ਮਾਸਟਰ ਬਾਬੂ ਸਿੰਘ ਨੂੰ ਪਰਮਿਸ਼ਨ ਨਹੀਂ ਮਿਲੀ । ਇਕ ਹੋਰ ਇਥੇ ਟੈਕਨੀਕਲ ਪੁਆਇੰਟ ਆਇਆ ਹੈ ਕਿ ਇਹ ਹਾਊਸ ਦੀ ਪ੍ਰਾਪਰਟੀ ਹੋ ਚੁਕਾ ਹੈ। ਲੇਕਿਨ ਜਿਸ ਵੇਲੇ ਲੀਡਰ ਆਫ਼ ਦੀ ਹਾਊਸ ਨੇ ਇਹ ਕਹਿ ਦਿਤਾ ਹੈ ਕਿ it should be withdrawn ਸੋ ਇਸ ਲਈ ਨੈਕਸਟ ਰੈਜ਼ੋਲਿਊਸ਼ਨ ਲੈ ਲਿਆ ਜਾਵੇ।

PERSONAL EXPLANATION BY SARDAR RAVI INDER SINGH

ਸਰਦਾਰ ਰਵੀ ਇੰਦਰ ਸਿੰਘ : ਸਰ, ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਤੁਸੀਂ ਬੜੀ ਕ੍ਰਿਪਾ ਕੀਤੀ ਹੈ ਕਿ 8 ਮਾਰਚ, 1979 ਵਾਲੇ ਦਿਨ ਦਾ ਨਾਨ ਆਫੀਸ਼ੀਅਲ ਡੇ ਵਾਲਾ ਰੈਜ਼ੋਲਿਊਸ਼ਨ ਪੜ੍ਹਕੇ ਸੁਣਾਇਆ ਹੈ ਅੱਤੇ ਉਸ ਤੋਂ ਬਾਅਦ ਇਸ ਆਰਸਟ ਦੇਅਰ ਵਲੋਂ ਜੋ ਰੂਲਿੰਗ ਆਈ ਸੀ ਉਹ ਵੀ ਪੜ੍ਹਕੇ ਸੁਣਾਈ ਹੈ। ਪਰ ਬੇਨਤੀ ਇਹ ਹੈ ਕਿ ਤੁਹਾਨੂੰ ਅਜੇ ਤਕ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਵਿਚ ਅੱਤੇ ਖਾਲਿਸਤਾਨ ਦੀ ਡੀਮਾਂਡ ਦੇ ਇਸ਼ੂ ਤੇ ਕੋਈ ਫ਼ਰਕ ਹੀ ਨਜ਼ਰ ਨਹੀਂ ਆਇਆ । ਇਹ ਬਿਲ ਕੁਲ ਸਿਮੀਲਰ ਰੈਜ਼ੋਲਿਊਸ਼ਨ ਨਹੀਂ ਹੈ । ਤੁਸੀਂ ਸ਼ਾਇਦ ਹੈਰਾਨ ਹੋਵੋਗੇ ਕਿ ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਦੀ ਇਕ ਕਾਪੀ ਪ੍ਰਧਾਨ ਮੰਤਰੀ ਦੇ ਕੋਲ ਅਕਾਲੀ ਪਾਰਟੀ ਦੇ ਨੁਮਾਇੰਦਿਆਂ ਨੇ ਦੇ ਦਿਤੀ ਹੈ। These two matters are not similar. They are most dissimilar issues. One is talking about a different country and the other is talking about forming federal structure.

Mr. Speaker : India is one country. ਜੇਕਰ ਤੁਸੀਂ ਮਲਟੀਨੇਸ਼ਨ ਦੀ ਗਲ ਕਰਦੇ ਹੋ ਤਾਂ ਅਟੈਕ ਹੁੰਦਾ ਹੈ।

ਸਰਦਾਰ ਰਵੀਇੰਦਰ ਸਿੰਘ : ਸ਼ਾਇਦ ਤੁਸੀਂ ਮੇਰੇ ਨਾਲੋਂ ਅੰਗ੍ਰੇਜ਼ੀ ਜ਼ਿਆਦਾ ਪੜ੍ਹੇ ਹੋਏ ਨਜ਼ਰ ਆਉਂਦੇ ਹੋ । ਵਰਡ ਨੇਸ਼ਨ ਤੁਸੀਂ ਯੂਜ਼ ਕਰ ਰਹੇ ਹੋ। ਅਸੀਂ ਹਮੇਸ਼ਾਂ ਕੋਮ ਦਾ ਲਫਜ਼ ਇਸਤੇਮਾਲ ਕਰਦੇ ਰਹੇ ਹਾਂ । ਪਰ ਤੁਸੀਂ ਮਲੋ ਮਲੀ ਵਰਡਜ਼ ਨੂੰ ਟਵਿਸਟ ਕਰਕੇ ਤਰਜਮਾ ਕੀਤਾ ਹੈ । ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ you please read. The word used there is 'Kaum' and by that word every Sikh will stand. The world of 'Nation' has never been used. Mr. Brij Bhushan Mehra has used the word 'Nation' and other people have also used the same word. The Akali Dal in Anandpur Sahib Resolution have used the word 'Kaum'. If you think that the matter is similar, let us have discussion. I reiteratre that the Government should bring a Resolution.

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਪਰਸਨਲ ਐਕਸਪਲੇਨੇਸ਼ਨ ਵਿਚ ਜੋ ਕੁਝ ਕਹਿਣਾ ਸੀ ਉਹ ਕਹਿ ਲਿਆ ਹੈ । ਪਰ ਮੈਂ ਇਨ੍ਹਾਂ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਰੈਜ਼ੋਲਿਊਸ਼ਨ ਬਾਰੇ ਕਹਿ ਦਿਤਾ ਹੈ ਕਿ ਆਊਟ ਆਫ਼ ਆਰਡਰ ਹੈ ਅਤੇ ਰੂਲਿੰਗ ਦੇ ਦਿਤੀ ਹੈ .....

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਤੋਂ ਬਾਅਦ ਅਕਾਲੀ ਪਾਰਟੀ ਵਾਲਿਆਂ ਨੇ ਤਾੜੀਆਂ ਮਾਰੀਆਂ। ਕੀ ਇਨ੍ਹਾਂ ਨੇ ਤੁਹਾਡੀ ਰੂਲਿੰਗ ਤੇ ਤਾੜੀਆਂ ਮਾਰੀਆਂ ਸਨ ਜਾਂ ਕਿ ਇਹ ਮਤਾ ਡਿਸਕਸ ਨਾ ਹੋਣ ਕਰਕੇ ਮਾਰੀਆਂ ਸਨ। (ਵਿਘਨ) ਇਨ੍ਹਾਂ ਨੂੰ ਆਪਣੇ ਜਵਾਬ ਵਿਚ ਐਕਸਪਲੇਨ ਕਰਨਾ ਚਾਹੀਦਾ ਸੀ ਤਾਂਕਿ ਪਤਾ ਲਗ ਜਾਂਦਾ ਕੌਣ ਕਿੱਥੇ ਕਿੱਥੇ ਖੜ੍ਹਾ ਹੈ । ਇਹ ਸਾਨੂੰ ਕੌਮ ਦਾ ਤਰਜਮਾ ਅੰਗਰੇਜ਼ੀ ਵਿਚ ਕਰਕੇ ਦੱਸ ਦੇਣ ਜਿਸ ਨਾਲ ਸਾਡੀ ਸੈਂਟਿਸਫੈਕਸ਼ਨ ਹੋ ਜਾਵੇ । ਇਨ੍ਹਾਂ ਨੇ ਡਿਸਕਸ਼ਨ ਤੇ ਓਬਜੈਕਸ਼ਨ ਰੇਜ਼ ਕੀਤਾ ਕਿ 'ਕੌਮ' ਦਾ ਤਰਜਮਾ 'ਨੇਸ਼ਨ' ਨਹੀਂ ਹੁੰਦਾ । ਅਗਰ ਨੇਸ਼ਨ ਦੀ ਡੈਫੀਨੀਸ਼ਨ ਲਈ ਜਾਵੇ ਤਾਂ ਇਸਦਾ ਮਤਲਬ ਹੈ ਕਿ ਅਲਗ ਕਮਿਊਨੀਟੀਜ਼, ਅਲਗ ਅਲਗ ਥਾਵਾਂ ਤੇ ਰਹਿਣ ਵਾਲੇ ਅਤੇ ਅਲਗ ਅਲਗ ਰਿਲੀਜ਼ਨ ਦੀਆਂ ਕਮਿਊਨੀਟੀਜ਼ 100 ਬੇਸ਼ਕ ਹੋ ਜਾਣ ਅਤੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਰਹਿੰਦੀਆਂ ਹੋਣ ਅਤੇ ਧਰਮ ਦੀ ਬੁਨਿਆਦ ਤੇ ਖੜ੍ਹੀਆਂ ਹੋਣ । ਉਹ ਸਾਰੀਆਂ ਮਿਲ ਕੇ ਇਕ ਕੌਮ ਬਣਦੀਆਂ ਹਨ। ਇਸ ਲਈ ਇਹ ਇਕ ਮਿਸਨੋਮਰ ਹੈ । ਤੁਸੀਂ ਸਾਨੂੰ ਤਰਜ਼ਮਾਨੀ ਕਰਕੇ ਦੱਸ ਦਿਓ। (ਵਿਘਨ) ਇਹ ਸਵਾਲ ਕਈ ਵਾਰ ਉਠਾਇਆ ਗਿਆ ਸੀ ਹਾਊਸ ਦੇ ਅੰਦਰ ਅਤੇ ਬਾਹਰ ਅਤੇ ਮੈਂ ਕਹਿ ਚੁੱਕਾ ਹਾਂ ਕਿ ਕੌਮ ਦੀ ਡੈਫੀਨੀਸ਼ਨ ਦੱਸ ਦੀ ਹੁੰਦੀ ਹੈ। ਇਹ ਇਸ਼ੂ ਇਸ ਕਰਕੇ ਆਇਆ ਸੀ ਕਿ ਕੁਝ ਇਸ ਵਿਚੋਂ ਇਨ੍ਹਾਂ ਨੇ ਲਾਈਨਾਂ ਕੱਢ ਦਿੱਤੀਆਂ ਇਸ ਮਤੇ ਦੀ ਪਹੁੰਚ ਤਕ ਜਾਣ ਲਈ । ਇਹ ਕਹਿਣਾ ਕਿ ਇਸ ਹਾਊਸ ਦੇ ਵਿਚ ਪੰਜਾਬੀ ਸੂਬੇ ਦਾ ਮਤਾ ਡਿਸਕਸ ਹੋਇਆ ਸੀ ਇਸ ਮਤੇ ਬਾਰੇ ਦਲੀਲਾਂ ਫਾਰ/ਅਗੇਂਸਟ ਆਈਆਂ ਹਨ। ਮੈਂ ਨਹੀਂ ਕਹਿੰਦਾ ਕਿ ਤੁਹਾਡੀ ਰੂਲਿੰਗ ਤੋਂ ਬਾਅਦ ਇਹ ਮੱਤਾ ਡਿਸਕਸ ਹੋਵੇ । ਅਗਰ ਇਹ ਡਿਸਕਸ ਹੋ ਜਾਂਦਾ ਤਾਂ ਪਤਾ ਲਗ ਜਾਣਾ ਸੀ ਕਿ ਕੌਣ ਕਿਥੇ ਖੜ੍ਹਾ ਹੈ ਕੌਣ ਨੈਸ਼ਨਲਿਜ਼ਮ ਤੇ ਵਿਸ਼ਵਾਸ ਕਰਦਾ ਹੈ। ਤੁਸੀਂ ਇਕ ਰੂਲਿੰਗ ਦੇ ਦਿੱਤੀ ਹੈ । ਅਸੀਂ ਉਸਦੀ ਪਾਲਣਾ ਕਰਾਂਗੇ । ਮੈਂ ਕਹਿੰਦਾ ਹਾਂ ਕਿ ਜੇਕਰ ਤੁਸੀਂ ਡਿਸਕਸ਼ਨ ਦੇ ਹੱਕ ਵਿਚ ਹੋ ਫੇਰ ਤੁਸੀਂ ਸਾਨੂੰ ਸੁਨੇਹਾ ਕਿਉਂ ਭੇਜਦੇ ਹੋ ਕਿ ਇਹ ਡਿਸਕਸ਼ ਨਹੀਂ ਹੋਣਾ ਚਾਹੀਦਾ।

Sardar Ravi Inder Singh : Sir, I beg to submit that the Hon. Chief Minister is twisting the facts. The people who raised the objections were from the Congress benches and not from the Akali benches. We have only supported those matters relating to the Rules of Procedure.

ਮਾਸਟਰ ਬਾਬੂ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

WALK-OUTS

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਇਸ ਗਲ ਤੋਂ ਸਾਫ ਜ਼ਾਹਿਰ ਹੈ ਕਿ ਦੋਨੋਂ ਪਾਸੇ ਵਾਲੇ ਇਸ ਖਾਲਿਸਤਾਨ ਦੇ ਮਤੇ ਦੀ ਸਪੋਰਟ ਕਰਦੇ ਹਨ ਅਤੇ ਅਸੀਂ ਤੁਹਾਡੀ ਇਸ ਰੂਲਿੰਗ ਤੇ ਵਾਕ-ਆਊਟ ਕਰਦੇ ਹਾਂ ।

(ਇਸ ਸਮੇਂ ਸੀ.ਪੀ.ਆਈ. ਦੇ ਹਾਜ਼ਰ ਮੈਂਬਰ ਹਾਊਸ ਦੇ ਵਿੱਚੋਂ ਵਾਕ-ਆਊਟ ਕਰ ਗਏ)

ਲੋਕ ਨਿਰਮਾਣ ਮੰਤਰੀ : (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਇਸ ਮਤੇ ਤੇ ਦਰੁਸਤ ਆਈ ਹੈ। ਤੁਸੀਂ ਇਸ ਮਤੇ ਨੂੰ ਟੈਕਨੀਕਲ ਗਰਾਊਂਡ ਤੇ ਰਿਜੈਕਟ ਕੀਤਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਮੰਤਰੀ]

ਹੈ ਕਿ ਮਾਸਟਰ ਬਾਬੂ ਸਿੰਘ ਨੂੰ ਕਾਮਰੇਡ ਰਾਜ ਕੁਮਾਰ ਜੀ ਵਲੋਂ ਮੂਵ ਕਰਨ ਦੀ ਪੂਰੀ ਅਥਾਰਿਟੀ ਨਹੀਂ ਮਿਲੀ ਸੀ। ਮੈਂ ਦੱਸਦਾ ਹਾਂ ਕਿ ਇਸ ਵਿਸ਼ੇ ਤੇ ਪੰਜਾਬੀਆਂ ਦਾ ਮਾਈਂਡ ਐਜੀਟੇਟ ਹੁੰਦਾ ਹੈ ਅੱਜ ਹੁਣ ਇਸ ਤੇ ਡਿਸਕਸ਼ਨ ਨਹੀਂ ਹੋਣੀ ਚਾਹੀਦੀ। ਇਨ੍ਹਾਂ ਅਕਾਲੀਆਂ ਦੇ ਦਿੱਲਾਂ ਵਿਚ ਕੁਝ ਹੋਰ ਹੁੰਦਾ ਹੈ ਅਤੇ ਬਾਹਰ ਇਹ ਹੋਰ ਗੱਲਾਂ ਕਰਦੇ ਹਨ।

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਗੌਰਮਿੰਟ ਵਲੋਂ ਮਨਿਸਟਰ ਨੇ ਇਸ ਗੱਲ ਬਾਰੇ ਜ਼ਿਕਰ ਕੀਤਾ ਹੈ। ਇਸ ਲਈ ਮੈਨੂੰ ਇਜਾਜ਼ਤ ਦਿਓ, ਮੈਂ ਜਵਾਬ ਦਿੰਦਾ ਹਾਂ।

Mr. Speaker : This matter has been closed and I do not think that we should discuss it now.

Sardar Ravi Inder Singh : Speaker Sahib, if you allow the Minister to speak then we must answer, then we must answer it.

Mr. Speaker : I am not allowing him to speak.

ਲੋਕ ਨਿਰਮਾਣ ਮੰਤਰੀ : ** ** **

ਸ਼੍ਰੀ ਸਪੀਕਰ : ਮੰਤਰੀ ਜੀ ਨਾ ਹੀ ਇਹ ਰਿਕਾਰਡ ਹੋਵੇਗਾ ਅਤੇ ਨਾ ਹੀ ਉਹ ਰਿਕਾਰਡ ਹੋਵੇਗਾ।

ਮਾਸਟਰ ਚੰਦ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। The matter is closed now.

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਨੂੰ ਬੋਲਣ ਲਈ ਅਲਾਓ ਨਹੀਂ ਕਰਦੇ। ਇਸ ਲਈ ਅਸੀਂ ਪਰੋਟੈਸਟ ਦੇ ਤੌਰ ਤੇ ਵਾਕ-ਆਊਟ ਕਰਦੇ ਹਾਂ।

(ਇਸ ਵੇਲੇ ਸੀ. ਪੀ. ਐਮ. ਦੇ ਸਦਨ ਵਿਚ ਹਾਜ਼ਰ ਮਾਨਯੋਗ ਮੈਂਬਰ ਸਾਰੇ ਵਾਕ-ਆਊਟ ਕਰ ਗਏ)

ਰਾਜ ਮੰਤਰੀ ਸਹਿਕਾਰਤਾ (ਸਰਦਾਰ ਬੀਰਪਾਲ ਸਿੰਘ) : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਦਿਲਬਾਗ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਹ ਮੈਟਰ ਕਲੋਜ਼ ਹੋ ਚੁੱਕਾ ਹੈ। ਸ਼੍ਰੀ ਜੋਗਿੰਦਰ ਨਾਥ ਜੀ ਤੁਸੀਂ ਬੋਲੋ।

**Expunged as ordered by the Chair.

Original with;
Punjab Vidhan Sabha
Digitized by:
Panjab Digital Library

RESOLUTION RE : TAKING OF STEPS UNDER THE NATIONAL PROGRAMME FOR THE USE OF UNDERGROUND WATER BY RESORTING TO EXTENSIVE SURVEYS FOR PROVIDING DRINKING WATER IN THE DROUGHT PRONE AREAS OF THE STATE

ਸ਼੍ਰੀ ਜੋਗਿੰਦਰ ਨਾਥ (ਗੜਦੀਵਾਲਾ) (ਐਸ. ਸੀ.) : ਸਪੀਕਰ ਸ਼ਾਹਿਬ, ਮੇਰਾ ਰੈਜ਼ੋਲਿਊਸ਼ਨ ਪੀਣ ਵਾਲੇ ਪਾਣੀ ਦੇ ਨਾਲ ਤੁਅੱਲਕ ਰਖਦਾ ਹੈ ਅਤੇ ਮੈਂ ਮੂਵ ਕਰਦਾ ਹਾਂ --

With a view to make further effective use of underground water this House recommends to the Government to take further steps under the National Programme for the use of underground water by resorting to extensive surveys for providing drinking water in the drought prone areas of the State.

ਸਪੀਕਰ ਸਾਹਿਬ, ਪੰਜਾਬ ਦਾ ਬਟਵਾਰਾ ਹੋਣ ਕਰਕੇ ਇਹ ਮਸਲਾ ਪੰਜਾਬ ਦੇ ਸਾਹਮਣੇ ਖੜ੍ਹਾ ਹੋਇਆ ਹੈ। ਸਪੀਕਰ ਸਾਹਿਬ, ਪੰਜਾਬ ਦੇ ਸਾਹਮਣੇ ਖੁਰਾਕ, ਇੰਡਸਟਰੀ, ਤਾਲੀਮ, ਡਿਸਪੈਂਸਰੀਆਂ ਅਤੇ ਹੋਰ ਬਹੁਤ ਸਾਰੇ ਮਸਲੇ ਆਏ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਫਾਈਵ ਯੀਅਰ ਪਲੈਨ ਬਣਾਕੇ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਨੇ ਐਗਰੀਕਲਚਰ, ਇੰਡਸਟਰੀਜ਼, ਅਤੇ ਐਜੂਕੇਸ਼ਨ ਵਿਚ ਤਰੱਕੀ ਕੀਤੀ ਹੈ। ਸਪੀਕਰ ਸ਼ਾਹਿਬ, ਪੰਜਾਬ ਵਿਚ ਸਕੂਲ ਥੋੜੇ ਸਨ ਤਾਂ ਪੰਜਾਬ ਸਰਕਾਰ ਨੇ ਹੋਰ ਸਕੂਲ ਖੋਲ੍ਹਣ ਦਾ ਉਪਰਾਲਾ ਕੀਤਾ। ਇਸੇ ਤਰ੍ਹਾਂ ਪੰਜਾਬ ਵਿਚ ਸ਼ਾਡੀ ਗੌਰਮਿੰਟ ਨੇ ਡਿਸਪੈਂਸਰੀਆਂ ਖੋਲ੍ਹੀਆਂ। ਸਪੀਕਰ ਸਾਹਿਬ, ਇਸੇ ਤਰ੍ਹਾਂ ਸਾਡੀ ਪੰਜਾਬ ਸਰਕਾਰ ਨੇ ਪਿੰਡਾਂ ਵਿਚ ਪੀਣ ਦੇ ਪਾਣੀ ਦੀਆਂ ਯੋਜਨਾਵਾਂ ਬਣਾਈਆਂ। ਸਪੀਕਰ ਸਾਹਿਬ, 1964 ਵਿਚ ਪੰਜਾਬ ਸ਼ਰਕਾਰ ਨੇ ਪਾਣੀ ਦੀ ਬਹੁਤ ਵੱਡੀ ਯੋਜਨਾ ਬਣਾਈ ਕਿ ਜਿਨ੍ਹਾਂ ਪਿੰਡਾਂ ਵਿਚ ਪਾਣੀ ਪੀਣ ਲਈ ਠੀਕ ਨਹੀਂ ਮਿਲਦਾ ਅਤੇ ਪਾਣੀ ਦੀ ਘਾਟ ਹੈ ਉਨ੍ਹਾਂ ਪਿੰਡਾਂ ਵਿਚ ਪਾਣੀ ਸਾਫ ਸੁਥਰਾ ਦਿਤਾ ਜਾਵੇ। ਜਿਹੜਾ ਪਾਣੀ ਪੀਣ ਦੇ ਕਾਬਲ ਨਹੀਂ, ਉਸ ਪਾਣੀ ਨੂੰ ਪੀਣ ਦੇ ਯੋਗ ਬਣਾਇਆ ਜਾਵੇ ।

5.27 ਬਾਅਦ ਦੁਪਹਿਰ (ਇਸ ਸਮੇਂ ਸਰਦਾਰ ਲਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ, 1966 ਵਿਚ ਪੰਜਾਬ ਦਾ ਬਟਵਾਰਾ ਹੋਇਆ ਅਤੇ ਪੰਜਾਬ ਦੇ ਤਿਨ ਹਿੱਸੇ ਹੋ ਗਏ। ਚੇਅਰਮੈਨ ਸਾਹਿਬ, 1971 ਦੀਆਂ ਸੈਨਸਜ਼ ਦੇ ਮੁਤਾਬਿਕ ਪਜਾਬ ਵਿਚ ਕੁਲ 12188 ਪਿੰਡ ਹਨ। ਇਨ੍ਹਾਂ ਦੀ ਪਾਪੂਲੇਸ਼ਨ 1 ਕਰੋੜ 3 ਲੱਖ ਸੀ। ਚੇਅਰਮੈਨ ਸਾਹਿਬ, ਪੰਜਾਬ ਦੇ ਪਿੰਡਾਂ ਵਿਚ ਪੀਣ ਦੇ ਪਾਣੀ ਦੀ ਇਕ ਸਕੀਮ ਬਣਾਈ ਗਈ ਕਿ ਜਿਨ੍ਹਾਂ ਪਿੰਡਾਂ ਵਿਚ ਪਾਣੀ 1.6 ਕਿਲੋ ਮੀਟਰ ਦੂਰੀ ਤੇ ਮਿਲਦਾ ਹੈ, ਉਨ੍ਹਾਂ ਪਿੰਡਾਂ ਨੂੰ ਪਾਣੀ ਦੀ ਸਪਲਾਈ ਕੀਤੀ ਜਾਵੇ । ਦੂਸਰਾ, ਚੇਅਰਮੈਨ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੋਗਿੰਦਰ ਨਾਥ]

ਸਾਹਿਬ, ਉਹ ਪਿੰਡ ਜਿਥੇ ਪਾਣੀ ਨਹੀਂ ਹੈ, ਉਨ੍ਹਾਂ ਨੂੰ ਪਾਣੀ ਦਿਤਾ ਜਾਵੇ। ਤੀਸਰਾ, ਚੇਅਰਮੈਨ ਉਹ ਪਿੰਡ, ਜਿਨ੍ਹਾਂ ਪਿੰਡਾਂ ਵਿਚ ਪਾਣੀ ਵਿਚ ਕਲਰ ਵਗੈਰਾ ਜਾਂ ਹੋਰ ਕਿਸੇ ਕਿਸਮ ਦੀ ਬਿਮਾਰੀ ਹੈ, ਉਨ੍ਹਾਂ ਪਿੰਡਾਂ ਨੂੰ ਠੀਕ ਪਾਣੀ ਦੀ ਸਪਲਾਈ ਕੀਤੀ ਜਾਵੇ। ਚੇਅਰਮੈਨ ਸਾਹਿਬ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੁੱਖ ਰਖਦੇ ਹੋਏ ਪੰਜਾਬ ਸਰਕਾਰ ਵਲੋਂ ਇਕ ਸਕੀਮ ਬਣਾਈ ਗਈ ਸੀ । ਚੇਅਰਮੈਨ ਸਾਹਿਬ, 1980 ਦੇ ਮਾਰਚ ਤਕ 1945 ਪਿੰਡਾਂ ਵਿਚ ਪਾਣੀ ਦਿਤਾ ਗਿਆ ਹੈ। ਪੰਜਾਬ ਵਿਚ 1970 ਦੇ ਸੈਨਸਿਜ਼ ਦੇ ਮੁਤਾਬਿਕ 3712 ਅਜਿਹੇ ਪਿੰਡ ਹਨ, ਜਿਨ੍ਹਾਂ ਦੀ ਆਬਾਦੀ 40 ਲੱਖ ਦੇ ਕਰੀਬ ਸੀ। ਚੇਅਰਮੈਨ ਸਾਹਿਬ, ਮਾਰਚ, 1980 ਤਕ 1945 ਪਿੰਡਾਂ ਵਿਚ ਪੀਣ ਦੇ ਪਾਣੀ ਦਾ ਇੰਤਜ਼ਾਮ ਕੀਤਾ ਗਿਆ ਹੈ। ਤਕਰੀਬਨ 20 ਲੱਖ ਦੇ ਕਰੀਬ ਲੋਕਾਂ ਨੂੰ ਪੀਣ ਦਾ ਪਾਣੀ ਮੁਹੱਈਆ ਹੋਇਆ ਹੈ। ਬਾਕੀ 1767 ਪਿੰਡ ਰਹਿੰਦੇ ਸਨ ਜਿਨ੍ਹਾਂ ਦੀ ਆਬਾਦੀ 20 ਲੱਖ ਦੇ ਕਰੀਬ ਹੋਵੇਗੀ। ਇਨ੍ਹਾਂ ਨੂੰ, ਚੇਅਰਮੈਨ ਸਾਹਿਬ, ਪਾਣੀ ਅਜੇ ਦੇਣਾ ਹੈ। 1980-81 ਵਿਚ ਪੰਜਾਬ ਗੌਰਮਿੰਟ ਨੇ 80 ਪਿੰਡ ਚੁਣੇ ਸਨ, ਜਿਨ੍ਹਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕੀਤਾ ਗਿਆ ਹੈ। 1981-82 ਵਿਚ ਪੰਜਾਬ ਗੌਰਮਿੰਟ ਨੇ ਹੋਰ 50 ਪਿੰਡ ਚੁਣੇ ਅੌਰ ਉਨ੍ਹਾਂ ਨੂੰ ਪਾਣੀ ਦਿਤਾ। 1982-83 ਦੀ ਪਲਾਨ ਹੈ, ਉਸ ਵਿਚ 70 ਹੋਰ ਪਿੰਡਾਂ ਨੂੰ ਪਾਣੀ ਦਿੱਤਾ ਜਾਣਾ ਹੈ। ਇਸ ਤਰ੍ਹਾਂ ਨਾਲ ਸਾਡੀ ਪੰਜਾਬ ਗੌਰਮਿੰਟ ਦੀ ਸਕੀਮ ਹੈ ਕਿ 1985 ਤਕ ਪੰਜਾਬ ਦੇ ਜਿੰਨੇ ਪਿੰਡ ਹਨ ਇਨ੍ਹਾਂ ਸਾਰਿਆਂ ਨੂੰ ਪਾਣੀ ਪੀਣ ਲਈ ਦਿੱਤਾ ਜਾਏਗਾ। ਪੰਜਾਬ ਵਿਚ ਇਕ ਤਾਂ ਕੰਡੀ ਦੇ ਇਲਾਕੇ ਵਿਚ ਡਰਿੰਕਿੰਗ ਵਾਟਰ ਦੀ ਕਮੀ ਹੈ, ਦੂਜੇ ਕੁਝ ਇਲਾਕਾ ਅਜਿਹਾ ਹੈ ਜਿਥੇ ਥੋੜਾ ਪਾਣੀ ਹੈ। 1971 ਦੀ ਸੈਂਸਿਜ਼ ਦੇ ਮੁਤਾਬਿਕ ਪਾਣੀ ਪੀਣ ਲਈ ਇਕ ਸਕੀਮ ਬਣਾਈ ਗਈ ਸੀ। ਪਰ ਆਬਾਦੀ ਵਧਣ ਨਾਲ ਲੋਕ ਪਾਣੀ ਲੈਣ ਲਈ ਘਰਾਂ ਨੂੰ ਛੱਡ ਕੇ ਖੂਹਾਂ ਤੇ ਚਲੇ ਗਏ ਅਤੇ ਉਥੇ ਰਹਿਣ ਲਗੇ। ਫਿਰ ਨਵੀਆਂ ਆਬਾਦੀਆਂ ਕਾਇਮ ਹੋ ਗਈਆਂ ਜਿਥੇ ਸਰਕਾਰ ਨੇ ਪਾਣੀ ਦਾ ਇੰਤਜ਼ਾਮ ਕੀਤਾ। ਮੇਰੀ ਅਰਜ਼ ਹੈ ਕਿ ਪਿੰਡਾਂ ਵਿਚ ਜਿਹੜੇ ਸਕੂਲ ਹਨ ਜਾਂ ਡਿਸਪੈਂਸਰੀਆਂ ਹਨ ਉਥੇ ਵੀ ਪਾਣੀ ਫਰੀ ਦੇਣਾ ਚਾਹੀਦਾ ਹੈ। ਟਿਊਬਵੈਲ ਜ਼ਰੂਰਤ ਦੇ ਮੁਤਾਬਿਕ ਗੌਰਮਿੰਟ ਨੂੰ ਲਗਵਾਉਣੇ ਚਾਹੀਦੇ ਹਨ। ਜਿਥੇ ਵਾਟਰ ਵਰਕਸ ਲਈ ਜੈਨਰੇਟਰ ਦਾ ਪਰਬੰਧ ਨਹੀਂ ਹੈ ਉਥੇ ਜੈਨਰੇਟਰਾਂ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਬਿਜਲੀ ਕਈ ਦਫਾ ਨਹੀਂ ਹੁੰਦੀ ਅੌਰ ਕਈ ਕਈ ਦਿਨ ਬਿਜਲੀ ਨਹੀਂ ਆਉਂਦੀ ਜਿਸ ਕਰਕੇ ਲੋਕਾਂ ਨੂੰ ਪੀਣ ਲਈ ਪਾਣੀ ਨਹੀਂ ਮਿਲਦਾ। ਅਗਰ ਕੋਈ ਆਦਮੀ ਪ੍ਰਾਈਵੇਟ ਕੁਨੈਕਸ਼ਨ ਲੈਣਾ ਚਾਹੇ ਤਾਂ ਉਸਨੂੰ ਪਿੰਡਾਂ ਵਿਚ ਤਹਿਸ਼ੁਦਾ ਰੇਟ ਤੇ ਉਹ ਕੁਨੈਕਸ਼ਨ ਦੇਣੇ ਚਾਹੀਦੇ ਹਨ ਤਾਂਕਿ ਉਨ੍ਹਾਂ ਨੂੰ ਪੀਣ ਲਈ ਪਾਣੀ ਮਿਲ ਸਕੇ। ਉਨ੍ਹਾਂ ਤੋਂ ਤਹਿਸ਼ੁਦਾ ਰੇਟ ਦੇ ਮੁਤਾਬਿਕ ਪੈਸੇ ਲੈਣੇ ਚਾਹੀਦੇ ਹਨ। ਜਿਨ੍ਹਾਂ ਲੋਕਾਂ ਦੇ ਯੈਲੋ ਕਾਰਡ ਬਣੇ ਹਨ ਉਨ੍ਹਾਂ ਨੂੰ ਪਰਾਇਰਟੀ ਬੇਸਿਜ਼ ਤੇ ਪਾਣੀ ਦੇਣਾ ਚਾਹੀਦਾ ਹੈ ਕਿਉਂਕਿ ਉਹ ਲੋਕ ਗਰੀਬ ਹਨ। ਡਾਕਟਰਾਂ ਦੀ ਟੀਮ ਹਰ ਛੇ ਮਹੀਨਿਆਂ ਬਾਅਦ ਜਾਕੇ ਦੇਖੇ ਕਿ ਜੋ ਪਾਣੀ ਲੋਕ ਪੀ ਰਹੇ ਹਨ ਕੀ ਉਹ ਸਿਹਤ ਲਈ ਠੀਕ ਹੈ? ਡਾਕਟਰਾਂ ਦੀ ਟੀਮ ਇਸ ਚੀਜ਼ ਨੂੰ ਹਰ ਛੇ ਮਹੀਨੇ ਬਾਅਦ ਟੈਸਟ ਕਰੇ। ਟਿਊਬਵੈਲ ਚਲਾਉਣ ਵਾਸਤੇ ਉਸ ਪਿੰਡ ਦੇ ਆਦਮੀ ਨੂੰ ਹੀ ਰਖਿਆ ਜਾਏ ਤਾਂ ਠੀਕ ਹੋਏਗਾ। ਅਗਰ ਕੋਈ ਬਾਹਰ ਦਾ ਆਦਮੀ ਟਿਊਬਵੈਲ ਲਈ ਰਖਿਆ ਜਾਏਗਾ ਤਾਂ ਉਹ ਟਾਈਮ ਸਿਰ ਨਹੀਂ ਆਏਗਾ ਅਤੇ ਆਪਣੀ ਡਿਊਟੀ ਚੰਗੀ ਤਰ੍ਹਾਂ ਨਾਲ ਨਹੀਂ ਦੇ ਸਕੇਗਾ। ਅਗਰ ਉਹ ਉਸੇ ਪਿੰਡ ਦਾ ਆਦਮੀ ਹੋਏਗਾ ਤਾਂ ਉਹ ਇਸ ਗਲ ਦਾ ਧਿਆਨ ਰਖੇਗਾ। ਕੰਡੀ ਏਰੀਏ ਵਿਚ ਕੁਝ ਅਜਿਹੇ ਪਿੰਡ ਹਨ ਜਿਵੇਂ ਕਿ ਝਾਨੋਵਾਲ, ਭੱਟਲਾਂ ਆਦਿ ਜਿਥੇ ਪਾਣੀ ਬਹੁਤ ਡੂੰਘਾ ਹੈ। ਡੀਪ ਬੋਰਿੰਗ ਸਿਸਟਮ ਨਾਲ ਉਨ੍ਹਾਂ ਨੂੰ ਪਾਣੀ ਦੇਣਾ ਚਾਹੀਦਾ ਹੈ। ਉਹ ਲੋਕ ਆਪ ਟਿਊਬਵੈਲ ਨਹੀਂ ਲਗਵਾ ਸਕਦੇ। ਇੱਕ ਟਿਊਬਵੈਲ ਵਾਸਤੇ 25 ਤੋਂ 50 ਹਜ਼ਾਰ ਰੁਪਿਆ ਖਰਚ ਆਉਂਦਾ ਹੈ।

Original with;
Punjab Vidhan Sabha
Digitized by;
Panjab Digital Library

ਇਹ ਖਰਚ ਸਰਕਾਰ ਨੂੰ ਕਰਨਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਪਾਣੀ ਮਿਲ ਸਕੇ । ਬੱਸ ਸਟਾਪਾਂ ਦੇ ਨਜ਼ਦੀਕ ਜਿਥੇ ਲੋਕ ਖੜ੍ਹੇ ਹੁੰਦੇ ਹਨ ਜਾਂ ਫਿਰ ਦਫਤਰਾਂ ਦੇ ਨਜ਼ਦੀਕ ਜਿਥੇ ਲੋਕ ਖੜ੍ਹੇ ਹੁੰਦੇ ਹਨ ਉਨ੍ਹਾਂ ਦੇ ਪੀਣ ਲਈ ਪਾਣੀ ਦੀਆਂ ਟੂਟੀਆਂ ਲਗਾਉਣੀਆਂ ਚਾਹੀਦੀਆਂ ਹਨ ।

ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਰੈਜੋਲਿਊਸ਼ਨ ਸਰਵਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ ।

Mr. Chairman: Motion moved.

> With a view to make further effective use of underground water, this house recommends to the Government to take further steps under the National Programme for the use of underground water by resorting to extensive surveys for providing drinking water in the drought prone areas of the State.

ਪੰਡਿਤ ਸਰਵਣ ਰਾਮ (ਗੜਸ਼ੰਕਰ): ਸ਼੍ਰੀ ਜੁਗਿੰਦਰ ਨਾਥ ਜੀ ਨੇ ਜੋ ਰੈਜੋਲਿਊਸ਼ਨ ਪੇਸ਼ ਕੀਤਾ ਹੈ। ਮੈਂ ਉਸਦੀ ਤਾਈਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਚੇਅਰਮੈਨ ਸਾਹਿਬ, ਆਜ਼ਾਦੀ ਤੋਂ ਪਹਿਲਾਂ ਜਿਹੜਾ ਕੰਡੀ ਦਾ ਇਲਾਕਾ ਹੈ ਜਿਸ ਤਰ੍ਹਾਂ ਕਿ ਰੋਪੜ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦਾ ਡਰਾਟ ਏਰੀਆ ਹੈ, ਇਸ ਵਿਚ ਪਾਣੀ ਦੀ ਬੜੀ ਘਾਟ ਸੀ ਔਰ ਸਾਡੇ ਜਿਹੜੇ ਬਜ਼ੁਰਗ ਸੀ ਉਹ ਛੱਪੜਾਂ ਦਾ ਪਾਣੀ ਪੀਂਦੇ ਸਨ । ਉਸ ਨਾਲ ਨਾਲਵਾ ਨਾਂ ਦਾ ਇੱਕ ਕੀੜਾ ਜੋ ਕਿ ਡੇਢ ਗਜ ਲੰਬਾ ਹੁੰਦਾ ਸੀ ਉਹ ਜੋੜਾਂ ਵਿਚੋਂ ਨਿਕਲਦਾ ਸੀ। ਇਸ ਨਾਲ ਗਿੱਲੜ ਦੀ ਬਿਮਾਰੀ ਵੀ ਹੁੰਦੀ ਸੀ। ਜੋ ਕਿ ਗਲ ਵਿਚ ਹੁੰਦੀ ਸੀ। ਇਹ ਨਾਲਵਾ ਜੇਕਰ ਸਾਬਤ ਦਾ ਸਾਬਤ ਨਿਕਲ ਜਾਏ ਤਾਂ ਤੇ ਆਦਮੀ ਤੁਰ ਫਿਰ ਸਕਦਾ ਸੀ ਪਰ ਜੇਕਰ ਇਹ ਟੁੱਟ ਜਾਵੇ ਤਾਂ ਫਿਰ ਲੋਕ ਪਿੰਡਾਂ ਵਿਚ ਕਾਫੀ ਕਾਫੀ ਚਿਰ ਮੰਜਿਆਂ ਤੇ ਪਏ ਰਹਿੰਦੇ ਸਨ । ਇਹ ਮੇਰੇ ਦੇਖਣ ਦੀ ਗੱਲ ਹੈ ਕਿ ਨਾਲਵਾ ਨਾਲ ਹਰ ਪਿੰਡ ਵਿਚ ਦੋ ਤਿੰਨ ਮਰੀਜ਼ ਬਰਸਾਤ ਦੇ ਦਿਨਾਂ ਵਿਚ ਮੰਜਿਆਂ ਤੇ ਪਏ ਰਹਿੰਦੇ ਸਨ । ਚੇਅਰਮੈਨ ਸਾਹਿਬ, ਜਿਸ ਵੇਲੇ ਆਜ਼ਾਦੀ ਮਿਲੀ ਔਰ ਕਾਂਗਰਸ ਸਰਕਾਰ ਨੇ ਪੰਜਾਬ ਦਾ ਰਾਜ ਭਾਗ ਸੰਭਾਲਿਆ ਤਾਂ ਉਸ ਵੇਲੇ ਇਹ ਜ਼ਰੂਰਤ ਮਹਿਸੂਸ ਕੀਤੀ ਗਈ ਕਿ ਇਨ੍ਹਾਂ ਇਲਾਕਿਆਂ ਨੂੰ ਪੀਣ ਲਈ ਪਾਣੀ ਦੇਣ ਦਾ ਪ੍ਰਬੰਧ ਕੀਤਾ ਜਾਵੇ। ਭਾਵੇਂ ਉਸ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਸਕੀਮ ਬਣਾਈ ਸੀ, ਉਨ੍ਹਾਂ ਨੇ ਲਾਜਪਤ ਰਾਏ ਵਾਟਰ ਸਪਲਾਈ ਸਕੀਮ ਬਣਾਈ ਸੀ। ਇਹ ਲਾਜਪਤ ਰਾਏ ਵਾਟਰ ਸਪਲਾਈ ਸਕੀਮ ਪੰਜਾਬ ਵਿਚ ਬਣਾਕੇ ਮਨਜ਼ੂਰ ਕਰਕੇ 1949 ਵਿਚ ਚਾਲੂ ਕੀਤੀ ਗਈ। ਜਦੋਂ ਇਹ ਸਕੀਮ ਚਾਲੂ ਹੋਈ ਤਾਂ ਲੋਕਾਂ ਨੇ ਧਨ ਧਨ ਕੀਤੀ ਕਿ ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਇਹ ਸਕੀਮ ਦਿੱਤੀ ਔਰ ਪਾਣੀ ਦਿੱਤਾ। ਪਰ ਇਸ ਨਾਲ ਹੀ 3 ਰੁਪਏ ਪਰ ਹੈਡ ਟੈਕਸ ਲਗਾ ਦਿਤਾ ਗਿਆ ਜਿਹੜਾ ਕਿ ਸਾਡੇ ਲੋਕਾਂ ਦੀ ਤਾਕਤ ਤੋਂ ਬਾਹਰ ਸੀ ।

ਸਰਦਾਰ ਗੁਰਦੇਵ ਸਿੰਘ ਬਾਦਲ: ਚੇਅਰਮੈਨ ਸਾਹਿਬ, ਇਹ ਸਾਹਮਣੇ ਬੈਠੇ ਮੈਂਬਰ ਸਾਹਿਬਾਨ ਮੀਟਿੰਗ ਕਰ ਰਹੇ ਹਨ, ਇਨ੍ਹਾਂ ਨੂੰ ਕਿਹਾ ਜਾਏ ਕਿ ਇਹ ਆਪਣੀ ਆਪਣੀ ਸੀਟ ਤੇ ਜਾਕੇ ਬੈਠਣ ਔਰ ਮੈਂਬਰ ਸਾਹਿਬ ਨੂੰ ਸੁਣਨ। (ਵਿਘਨ)

ਪੰਡਿਤ ਸਰਵਣ ਰਾਮ : ਕੈਰੋਂ ਸਰਕਾਰ ਵੇਲੇ ਕਾਂਗਰਸ ਸਰਕਾਰ ਨੇ ਉਸ ਵੇਲੇ ਉਹ ਟੈਕਸ ਲੋਕਾਂ ਨੂੰ ਮੁਆਫ ਕਰ ਦਿਤਾ ਪਰ ਬਦਕਿਸਮਤੀ ਨਾਲ ਜਿਸ ਵੇਲੇ ਇਨ੍ਹਾਂ ਮੇਰੇ ਵੀਰਾਂ ਨੇ ਪੰਜਾਬ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ]

ਦਾ ਵਿਭਾਜਨ ਕਰਾਇਆ ਅਤੇ ਹਰਿਆਣਾ, ਹਿਮਾਚਲ ਔਰ ਪੰਜਾਬ ਬਣ ਗਿਆ ਤਾਂ ਉਹ ਸਕੀਮ ਹਿਮਾਚਲ ਪ੍ਰਦੇਸ਼ ਕੋਲ ਚਲੀ ਗਈ। ਕਾਂਗਰਸ ਸਰਕਾਰ ਨੇ ਫਿਰ ਸੋਚਿਆ ਕਿ ਉਹ ਸਕੀਮ ਤਾਂ ਹਿਮਾਚਲ ਪ੍ਰਦੇਸ਼ ਕੋਲ ਚਲੀ ਗਈ ਹੈ, ਫਿਰ ਇਨ੍ਹਾਂ ਨੇ ਹਰੀਪੁਰ ਦੀ ਸਭ ਤੋਂ ਵੱਡੀ ਸਕੀਮ ਪੰਜਾਬ ਵਿਚ ਬਣਾਈ। ਮੈਂ ਵਸੂਖ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੇ ਕੰਡੀ ਏਰੀਆ ਵਿਚ ਹਰ ਜਗ੍ਹਾ ਜਿਥੇ ਪਾਣੀ ਦੀ ਘਾਟ ਹੈ ਜਾਂ ਪਾਣੀ ਦੀ ਲੋੜ ਹੈ ਉਥੇ ਪੰਜਾਬ ਸਰਕਾਰ ਨੇ ਕਾਂਗਰਸ ਸਰਕਾਰ ਨੇ ਟਿਊਬਵੈਲ ਲਗਾਕੇ, ਵਾਟਰ ਵਰਕਸ ਬਣਾਕੇ ਥਾਂ ਥਾਂ ਤੇ ਪਾਣੀ ਦੇਣ ਦਾ ਪਰਬੰਧ ਕੀਤਾ ਹੈ। ਚੇਅਰਮੈਨ ਸਾਹਿਬ, ਇਹ ਜਿਹੜੀਆਂ ਸਕੀਮਾਂ ਹਨ ਇਨ੍ਹਾਂ ਸਾਰੀਆਂ ਸਕੀਮਾਂ ਤੋਂ ਇਲਾਵਾ ਇਕ ਬਹੁਤ ਵੱਡੀ ਸਕੀਮ ਹਰੀਪੁਰ ਦੀ ਹੈ। ਇਸ ਵਿਚ ਮਾਸਟਰ ਦਲੀਪ ਚੰਦ ਦੇ ਵੀ ਪਿੰਡ ਆਉਂਦੇ ਹਨ। ਇਸ ਸਕੀਮ ਵਿਚ 35,36 ਪਿੰਡ ਆਉਂਦੇ ਹਨ। ਚੇਅਰਮੈਨ ਸਾਹਿਬ, ਤੁਹਾਨੂੰ ਸੁਣਕੇ ਹੈਰਾਨੀ ਹੋਵੇਗੀ ਕਿ ਗਰਮੀਆਂ ਦੇ ਦਿਨਾਂ ਵਿਚ ਹਾਲਾਂ ਵੀ ਉਥੇ ਪਾਣੀ ਦੀ ਘਾਟ ਆ ਜਾਂਦੀ ਹੈ। ਉਸ ਪਹਾੜੀ ਇਲਾਕੇ ਵਿਚ ਚਾਰ-ਚਾਰ, ਪੰਜ-ਪੰਜ ਮੀਲ ਤਕ ਪਾਣੀ ਨਹੀਂ ਮਿਲਦਾ। ਤੁਸੀਂ ਸੁਣਕੇ ਹੈਰਾਨ ਹੋਵੋਗੇ ਕਿ ਪਿਛਲੇ ਸਾਲ ਸਰਦਾਰ ਦਰਬਾਰਾ ਸਿੰਘ ਜੀ ਦੀ ਪੰਜਾਬ ਸਰਕਾਰ ਨੇ ਉਥੇ ਇਕ ਅਜੀਬ ਕੰਮ ਕੀਤਾ। ਜਿਸ ਵੇਲੇ ਉਥੇ ਪਾਣੀ ਦੀ ਥੁੜ ਆ ਗਈ ਤਾਂ ਉਨ੍ਹਾਂ ਦਿਨਾਂ ਵਿਚ ਇਸ ਸਰਕਾਰ ਨੇ ਉਥੇ ਟੈਂਕਾਂ ਦੇ ਰਾਹੀਂ ਪਾਣੀ ਪਹੁੰਚਾਇਆ। ਇਹ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਹਿਸਟਰੀ ਵਿਚ ਪਹਿਲੀ ਗਲ ਹੈ। ਮੈਨੂੰ ਉਸ ਵੇਲੇ ਦੀ ਗਲ ਯਾਦ ਹੈ ਕਿ ਜਿਸ ਵੇਲੇ ਮੈਂ ਐਮ. ਐਲ. ਏ. ਬਣਿਆ ਸੀ ਤਾਂ ਉਸ ਤੋਂ ਬਾਅਦ ਗਰਮੀਆਂ ਦੇ ਦਿਨਾਂ ਵਿਚ ਉਥੇ ਪਾਣੀ ਦੀ ਸਮੱਸਿਆ ਪੈਦਾ ਹੋ ਗਈ। ਜਿਹੜੇ ਆਦਮੀ ਨੂੰ ਮੈਂ ਹਰਾਇਆ ਉਹ ਅਤੇ ਹੋਰ ਆਦਮੀ ਰਲਕੇ ਮੇਰੇ ਖਿਲਾਫ ਐਲੀਗੇਸ਼ਨ ਲਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਮੇਰੇ ਖਿਲਾਫ ਐਲੀਗੇਸ਼ਨ ਲਾਉਣ ਦੀ ਤਿਆਰੀ ਕੀਤੀ। ਪਰ ਠੀਕ ਉਸ ਵੇਲੇ ਸਰਦਾਰ ਦਰਬਾਰਾ ਸਿੰਘ ਜੀ ਨੇ ਹੁਕਮ ਕੀਤਾ ਕਿ ਜਾਓ ਉਥੇ ਪਾਣੀ ਪਹੁੰਚਾਓ। ਉਥੇ ਟੈਂਕਾਂ ਨਾਲ ਪਾਣੀ ਪਹੁੰਚਾਇਆ ਗਿਆ। ਮੈਂ ਕਨੇਡੀਅਨ ਨੂੰ ਕਿਹਾ ਹੈ ਜਿਹੜਾ ਤੁਸੀਂ ਪਾਣੀ ਦੀ ਥੁੜ ਬਾਰੇ ਰੌਲਾ ਪਾਉਂਦੇ ਹੋ ਉਸ ਦਾ ਇੰਤਜ਼ਾਮ ਹੋ ਗਿਆ ਅਤੇ ਟੈਂਕਾਂ ਨਾਲ ਪਾਣੀ ਮਿਲ ਰਿਹਾ ਹੈ ਉਥੇ ਲਗਾਤਾਰ 15 ਦਿਨ ਟੈਂਕਾਂ ਨਾਲ ਪਾਣੀ ਮਿਲਦਾ ਰਿਹਾ। ਕਿਸੇ ਕਿਸਮ ਦੀ ਲੋਕਾਂ ਨੂੰ ਤਕਲੀਫ ਨਹੀਂ ਆਉਣ ਦਿਤੀ।

ਕਾਮਰੇਡ ਸੱਘਣ ਸਿੰਘ : ** ** **

Mr. Chairman: This is no point of order.

ਪੰਡਿਤ ਸਰਵਣ ਰਾਮ : ਇਨ੍ਹਾਂ ਨੂੰ ਇਹ ਗਲ ਹਾਊਸ ਵਿਚ ਨਹੀਂ ਕਹਿਣੀ ਚਾਹੀਦੀ। ਮੈਂ ਹਮੇਸ਼ਾ ਇਨਾਂ ਦੀ ਮੱਦਦ ਕਰਦਾ ਰਿਹਾ ਹਾਂ। ਇਕ ਵਾਰ ਦੀ ਗੱਲ ਹੈ, ਮੈਂ ਇਨ੍ਹਾਂ ਨਾਲ ਹੁੰਦਾ ਸੀ। ਅਸੀਂ ਕਾਨਫਰੰਸ ਕੀਤੀ ਅਤੇ ਉਥੇ 10—12 ਬੋਰੀਆਂ ਦਾਣਿਆਂ ਦੀਆਂ ਇਕੱਠੀਆਂ ਕੀਤੀਆਂ। ਕਾਨਫਰੰਸ ਹੋ ਹਟੀ। ਇਨ੍ਹਾਂ ਨੇ (ਕਮਿਊਨਿਸਟ ਪਾਰਟੀ ਵਲ ਇਸ਼ਾਰਾ) ਬੋਰੀਆਂ ਨੂੰ ਜੱਫੀਆਂ ਪਾ ਲਈਆਂ। ਕੋਈ ਆਪਣੇ ਘਰ ਨੂੰ ਬੋਰੀ ਲਈ ਜਾਵੇ ਅਤੇ ਕੋਈ ਕਿਸੇ ਪਾਸੇ ਨੂੰ ਲਈ ਜਾਵੇ। ਮੈਂ ਕਿਹਾ ਕਿ ਤੁਸੀਂ ਲੋਕਾਂ ਦਾ ਭਲਾ ਕਰਨ ਵਾਸਤੇ ਆਏ ਹੋ। ਚੇਅਰਮੈਨ ਸਾਹਿਬ, ਇਹ ਆਪਣੀਆਂ ਗੱਲਾਂ ਦੱਸਦੇ ਹਨ।

ਸ਼੍ਰੀ ਸਭਾਪਤੀ : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਪੰਡਿਤ ਸਰਵਣ ਰਾਮ : ਹੁਣ ਆਬਾਦੀ ਵਧ ਗਈ ਹੈ । 1966 ਵਿਚ ਜਿਸ ਵੇਲੇ ਵਾਟਰ ਵਰਕਸ ਦੀ ਸਕੀਮ ਬਣੀ ਸੀ ਤਾਂ ਉਸ ਵੇਲੇ ਆਬਾਦੀ ਪੰਜਾਬ ਦੀ ਘਟ ਸੀ । ਪਰ ਹੁਣ ਆਬਾਦੀ ਕਾਫੀ ਵਧ ਗਈ ਹੈ। ਹਰ ਜਗ੍ਹਾ ਪਾਣੀ ਦੀ ਜ਼ਿਆਦਾ ਲੋੜ ਹੈ। ਚੇਅਰਮੈਨ ਸਾਹਿਬ, ਵਜ਼ੀਰ ਸਾਹਿਬ ਤਾਂ ਬੈਠੇ ਹਨ ਪਰ ਸਬੰਧਤ ਅਫ਼ਸਰ ਇਥੇ ਕੋਈ ਨਹੀਂ ਬੈਠਾ ਜਿਹੜਾ ਸਾਡੀਆਂ ਗਲਾਂ ਨੋਟ ਕਰੀ ਜਾਵੇ ਕਿ ਇਹ ਇਹ ਘਾਟਾਂ ਹਨ । ਜਿਹੜੀਆਂ ਉਥੇ ਗਲੀਆਂ ਨਾਲੀਆਂ ਹਨ, ਉਹ ਪਹਿਲਾਂ ਜਿਥੇ 2 ਇੰਚ ਦੀ ਲੋੜ ਸੀ ਉਥੇ ਅੱਜ 4 ਇੰਚ ਦੀ ਲੋੜ ਹੈ। ਉਸਦਾ 19 ਲੱਖ ਦਾ ਐਸਟੀਮੇਟ ਬਣਕੇ ਸਾਲ ਡੇਢ ਸਾਲ ਤੋਂ ਇਨ੍ਹਾਂ ਕੋਲ ਆਇਆ ਪਿਆ ਹੈ, ਉਸਦੀ ਇਹ ਮਨਜ਼ੂਰੀ ਦੇਣ। ਅੱਜ ਤਕ ਲਾਈਨਾਂ ਨਹੀਂ ਬਦਲੀਆਂ ਗਈਆਂ । ਪਾਣੀ ਦੀ ਸੁਵਿਧਾ ਦੀ ਬੇਸਿਕ ਗਲ ਹੈ। ਜਿਸ ਵੇਲੇ ਮੈਂ ਇਸ ਕਿਸਮ ਦੀਆਂ ਗਲਾਂ ਕਰਦਾ ਹਾਂ ਤਾਂ ਇਹ ਮੇਰੇ ਨਾਲ ਹੱਸਦੇ ਹਨ। ਅਸੀਂ ਕੰਡੀ ਦੇ ਇਲਾਕੇ ਲਈ ਪਾਣੀ ਦੀ ਗਲ ਕਰਦੇ ਹਾਂ। ਤੁਸੀਂ ਤਾਂ ਹਵਾਈ ਜਹਾਜ਼ ਅਤੇ ਹੈਲੀ-ਕਾਪਟਰਾਂ ਤੇ ਆਉਂਦੇ ਜਾਂਦੇ ਹੋ। ਪਰ ਅਸੀਂ ਤਾਂ ਆਪਣੇ ਹਲਕੇ ਲਈ ਪਾਣੀ ਮੰਗਦੇ ਹਾਂ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਪਹਿਲਾਂ ਪਿੰਡਾਂ ਦੀਆਂ ਨਾਲੀਆਂ ਬਦਲਣੀਆਂ ਚਾਹੀਦੀਆਂ ਹਨ। ਗੌਰਮਿੰਟ ਦੇ ਕੋਲ ਐਸਟੀਮੇਟ ਬਣਕੇ ਸਾਲ ਡੇਢ ਸਾਲ ਦਾ ਆਇਆ ਹੋਇਆ ਹੈ । ਉਸ ਨੂੰ ਇਹ ਮਨਜ਼ੂਰ ਕਰਨ ਤਾਂਕਿ ਲੋਕਾਂ ਨੂੰ ਸਹੂਲਤ ਮਿਲ ਸਕੇ।

ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਨਲਕੇ ਘੱਟ ਹਨ । ਉਥੇ ਨਲਕੇ ਹੋਰ ਲਗਾਉਣੇ ਚਾਹੀਦੇ ਹਨ ਅਤੇ ਉਥੇ ਇਹ ਸਹੂਲਤ ਪੂਰੀ ਦੇਣੀ ਚਾਹੀਦੀ ਹੈ। ਹਰੀਜਨਾਂ ਨੂੰ ਜੁਸੀਂ ਪਿੰਡ ਤੋਂ ਬਾਹਰ ਪਲਾਟ ਦਿਤੇ ਹਨ। ਉਨ੍ਹਾਂ ਨੂੰ ਜੁਸੀਂ ਪਿੰਡ ਦੀ ਆਬਾਦੀ ਤੋਂ ਬਾਹਰ ਰੱਖਿਆ ਹੈ। ਉਨ੍ਹਾਂ ਨੂੰ ਪਾਣੀ ਅੱਧ ਮੀਲ ਤੋਂ ਲਿਆਉਣਾ ਪੈਂਦਾ ਹੈ। ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡ ਵਿਚ ਹੀ ਪਾਣੀ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਜਿਹੜੇ ਸਾਡੇ ਨਾਲੋਂ 22 ਪਿੰਡ ਵਿਛੜ ਗਏ ਹਨ, ਉਹ ਹਿਮਾਚਲ ਵਿਚ ਚਲੇ ਗਏ ਹਨ। ਉਹ ਲਾਜਪਤ ਰਾਏ ਵਾਟਰ ਸਪਲਾਈ ਸਕੀਮ ਤੋਂ ਪਾਣੀ ਪੀਂਦੇ ਹਨ। ਉਹ ਵੀ ਉਥੋਂ ਪਾਣੀ ਲੈਂਦੇ ਹਨ। ਸਾਡੇ ਜਿਹੜੇ ਪਿੰਡ ਰਹਿ ਗਏ ਹਨ ਉਨ੍ਹਾਂ ਦਾ ਵੀ ਖਿਆਲ ਕੀਤਾ ਜਾਵੇ। ਉਥੇ ਉਨ੍ਹਾਂ ਨੂੰ ਘਰਾਂ ਵਿਚ ਪਾਣੀ ਦੇ ਕੁਨੈਕਸ਼ਨ ਦਿਓ। ਜੇ ਕੋਈ ਕੁਨੈਕਸ਼ਨ ਲੈਣਾ ਚਾਹੇ ਤਾਂ ਜਿਹੜਾ ਜੁਸੀਂ ਰੇਟ ਮੁਕੱਰਰ ਕੀਤਾ ਹੈ ਉਸ ਹਿਸਾਬ ਨਾਲ ਉਨ੍ਹਾਂ ਕੋਲੋਂ ਮਹੀਨੇਵਾਰ ਪੈਸੇ ਲਈ ਜਾਵੋ ਅਤੇ ਉਨ੍ਹਾਂ ਦੇ ਘਰਾਂ ਵਿਚ ਉਨ੍ਹਾਂ ਨੂੰ ਨਲਕੇ ਲਾਉਣ ਦੀ ਫੈਸਿਲਟੀ ਪ੍ਰੋਵਾਈਡ ਕਰੋ। ਇਹ ਲਾਜ਼ਮੀ ਗਲ ਹੈ।

ਇਸ ਤੋਂ ਇਲਾਵਾ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਵਾਟਰ ਵਰਕਸ ਦੀ ਸਕੀਮ ਹੈ, ਇਸ ਵਿਚ ਇਕ ਬਹੁਤ ਵੱਡੀ ਸਮੱਸਿਆ ਹੈ । ਉਹ ਇਹ ਹੈ ਕਿ ਇਸ ਦੇ ਜਿਹੜੇ ਐਸ. ਡੀ. ਓ. ਹਨ ਉਹ ਕੋਈ ਬਲਾਚੌਰ ਬੈਠਾ ਹੈ ਕੋਈ ਗੁਰਦਾਸਪੁਰ ਬੈਠਾ ਹੈ, ਕੋਈ ਪਠਾਨਕੋਟ ਬੈਠਾ ਹੈ ਅਤੇ ਕੋਈ ਹੁਸ਼ਿਆਰਪੁਰ ਬੈਠਾ ਹੈ। ਐਕਸੀਅਨ ਤੋਂ ਬਗੈਰ ਕਿਸੇ ਐਸ. ਡੀ. ਓ. ਕੋਲ ਕੋਈ ਜੀਪ ਨਹੀਂ। ਐਸ. ਡੀ. ਓਜ਼ ਕੋਲ ਜੀਪਾਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਜਿਸ ਵੇਲੇ ਉਨ੍ਹਾਂ ਨੂੰ ਪਤਾ ਲੱਗੇ ਕਿ ਫਲਾਣੀ ਜਗ੍ਹਾ ਵਾਟਰ ਵਰਕਸ ਦਾ ਕੰਮ ਖਰਾਬ ਹੈ ਤਾਂ ਉਹ ਛੇਤੀ ਨਾਲ ਜਾਕੇ ਮੌਕਾ ਦੇਖ ਸਕਣ। ਉਹ ਜਾ ਕੇ ਪਤਾ ਲਾ ਸਕਣ ਕਿ ਪਾਣੀ ਠੀਕ ਕਿਉਂ ਨਹੀਂ ਆ ਰਿਹਾ ਅਤੇ ਉਸਦਾ ਪ੍ਰਬੰਧ ਕਰ ਸਕਣ। ਐਸ. ਡੀ. ਓਜ਼ ਕੋਲ ਪੂਰੀ ਫੈਸਿਲਟੀ ਨਾ ਹੋਣ ਕਰਕੇ, ਉਨ੍ਹਾਂ ਕੋਲ ਜੀਪਾਂ ਨਾ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ]

ਹੋਣ ਕਰਕੇ ਦੋ ਤਿੰਨ ਦਿਨ ਢਿੱਲ ਪੈ ਜਾਂਦੀ ਹੈ ਜਿਸ ਕਾਰਨ ਲੋਕ ਦੋ-ਦੋ, ਤਿੰਨ-ਤਿੰਨ ਦਿਨ ਪਾਣੀ ਤੋਂ ਬਗੈਰ ਤੜਫਦੇ ਰਹਿੰਦੇ ਹਨ। ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਵਾਟਰ ਵਰਕਸ ਮੇਰੇ ਹਲਕੇ ਬਾਰਾਪੁਰ ਪਿੰਡ ਵਿਚ ਹੈ। ਉਹ ਇਕ ਪਿੰਡ ਵਾਸਤੇ ਵਾਟਰ ਵਰਕਸ ਚਲ ਰਿਹਾ ਹੈ। ਉਸ ਵਾਟਰ ਵਰਕਸ ਦੇ ਨਾਲ ਇਕ ਹੋਰ ਪਿੰਡ ਲਗ ਸਕਦਾ ਹੈ। ਉਸ ਨਾਲ ਇਕ ਹੋਰ ਪਿੰਡ ਨੂੰ ਜੋੜ ਦਿਤਾ ਜਾਵੇ। (ਘੰਟੀ)

ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਹਰ ਪ੍ਰਾਇਮਰੀ ਸਕੂਲ ਵਿਚ ਇਕ ਨਲਕਾ ਲਾਜ਼ਮੀ ਹੋਵੇਗਾ, ਮਿਡਲ ਸਕੂਲ ਵਿਚ ਦੋ ਨਲਕੇ ਹੋਣਗੇ ਅਤੇ ਹਾਈ ਸਕੂਲ ਵਿਚ ਤਿੰਨ ਨਲਕੇ ਦਿਤੇ ਜਾਣਗੇ। ਇਹ ਸਕੀਮ ਚੱਲ ਤਾਂ ਰਹੀ ਹੈ ਪਰ ਪੂਰੀ ਨਹੀਂ ਹੋ ਸਕੀ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਸਕੀਮ ਵੱਲ ਵੀ ਧਿਆਨ ਦੇ ਕੇ ਇਸ ਨੂੰ ਪੂਰਾ ਕੀਤਾ ਜਾਵੇ। ਇਸ ਤੋਂ ਇਲਾਵਾ ਧਾਰਮਿਕ ਅਸਥਾਨਾਂ ਵਿਚ ਪਾਣੀ ਦੇ ਨਲਕੇ ਦੇਣੇ ਚਾਹੀਦੇ ਹਨ। ਹਸਪਤਾਲਾਂ ਵਿਚ ਵੀ ਇਹ ਸਕੀਮ ਪ੍ਰੋਵਾਈਡ ਕਰਨੀ ਚਾਹੀਦੀ ਹੈ। (ਘੰਟੀ)

ਚੇਅਰਮੈਨ ਸਾਹਿਬ, ਬਿਜਲੀ ਦੀ ਬਹੁਤ ਘਾਟ ਹੈ। ਜੇ ਬਿਜਲੀ ਫੇਲ੍ਹ ਹੋ ਜਾਵੇ ਤਾਂ ਵਾਟਰ ਵਰਕਸ ਨਹੀਂ ਚਲਦੇ। ਇਸ ਕਰਕੇ ਹਰ ਵਾਟਰ ਵਰਕਸ ਤੇ ਇਕ ਜੈਨਰੇਟਰ ਹੋਣਾ ਚਾਹੀਦਾ ਹੈ। ਕਈਆਂ ਤੇ ਤਾਂ ਜੈਨਰੇਟਰ ਹਨ। ਲੇਕਿਨ ਕੁਝ ਵਾਟਰ ਵਰਕਸ ਐਸੇ ਹਨ ਜਿਥੇ ਜੈਨਰੇਟਰ ਨਹੀਂ ਹਨ। ਅਗਰ ਹਰ ਵਾਟਰ ਵਰਕਸ ਤੇ ਜੈਨਰੇਟਰ ਹੋਵੇਗਾ ਤਾਂ ਪਾਣੀ ਦੀ ਪੂਰੀ ਸੁਵਿਧਾ ਮਿਲ ਸਕਦੀ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਸਰਕਾਰ ਜ਼ਰੂਰ ਧਿਆਨ ਦੇਵੇ।

ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਇਲਾਕੇ ਦਾ ਦੌਰਾ ਕਰਕੇ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਪਾਣੀ ਦੀ ਉਸ ਇਲਾਕੇ ਵਿਚ ਕਿੰਨੀ ਲੋੜ ਹੈ। ਵਜ਼ੀਰ ਸਾਹਿਬ ਨੇ ਥੋੜ੍ਹੇ ਜਿਹੇ ਇਲਾਕੇ ਦਾ ਦੌਰਾ ਕੀਤਾ ਵੀ ਹੈ ਅਤੇ ਇਨ੍ਹਾਂ ਨੂੰ ਇਹ ਪਤਾ ਹੈ ਕਿ ਉਸ ਇਲਾਕੇ ਵਿੱਚ ਪਾਣੀ ਦੀ ਕਿੰਨੀ ਲੋੜ ਹੈ। ਗਰਮੀਆਂ ਦੇ ਦਿਨਾਂ ਵਿੱਚ ਉਥੇ ਛੱਪੜ ਵੀ ਸੁੱਕ ਜਾਂਦੇ ਹਨ ਔਰ ਪਸ਼ੂਆਂ ਨੂੰ ਪਾਣੀ ਪਿਲਾਉਣਾ ਵੀ ਔਖਾ ਹੋ ਜਾਂਦਾ ਹੈ। ਇਸ ਦੇ ਵਾਸਤੇ, ਚੇਅਰਮੈਨ ਸਾਹਿਬ, ਮੈਂ ਮਨਿਸਟਰ ਸਾਹਿਬ ਅਗੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਥੇ ਖਾਲੇ ਬਣਾ-ਉਣੇ ਚਾਹੀਦੇ ਹਨ ਤਾਂਕਿ ਇਕ ਤਾਂ ਜਿਹੜਾ ਫਾਲਤੂ ਪਾਣੀ ਹੁੰਦਾ ਹੈ ਉਹ ਰੁੱਕ ਸਕੇ ਅਤੇ ਦੂਸਰਾ, ਉਹ ਪਾਣੀ ਪਸ਼ੂਆਂ ਦੇ ਪਾਣੀ ਪਿਲਾਉਣ ਲਈ ਰੁਕ ਜਾਵੇ। ਇਹ ਸਰਕਾਰ ਦੀ ਕਮ ਖਰਚਾ ਬਾਲਾਨਸ਼ੀ ਵਾਲੀ ਗੱਲ ਹੈ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਥਾਵਾਂ ਤੇ ਪਾਣੀ ਐਵੇਂ ਹੀ ਵਗਦਾ ਹੈ, ਸਾਡੇ ਵਲ ਤਾਂ ਪਾਣੀ ਲੱਭਦਾ ਨਹੀਂ ਪਰ ਕਈ ਥਾਵਾਂ ਤੇ ਐਵੇਂ ਪਾਣੀ ਵਗਦਾ ਰਹਿੰਦਾ ਹੈ। ਮੇਰੇ ਮੂਹਰੇ ਬੈਠੇ ਮਾਨਯੋਗ ਮੈਂਬਰ ਨੇ ਵੀ ਪਾਣੀ ਫੈਕਟਰੀਆਂ ਦਾ ਜੋ ਗੰਦਾ ਆਉਂਦਾ ਹੈ ਉਸ ਦਾ ਜ਼ਿਕਰ ਕੀਤਾ ਹੈ। ਹੁਸ਼ਿਆਰਪੁਰ ਵਿਚ ਵੀ ਇਸ ਤਰ੍ਹਾਂ ਦਾ ਪਾਣੀ ਹੈ, ਉਨ੍ਹਾਂ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ। ਉਹ ਪਾਣੀ ਹਰੀਜਨਾਂ ਦੀ ਆਬਾਦੀ ਵਿੱਚ ਆ ਜਾਂਦਾ ਹੈ ਔਰ ਫਿਰ ਉਨ੍ਹਾਂ ਦੇ ਕੋਲੋਂ ਲੰਘ ਨਹੀਂ ਹੁੰਦਾ। ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ

Original with;
Punjab Vidhan Sabha
Digitized by;
Panjab Digital Library

ਅਜਿਹੇ ਪਾਣੀ ਨੂੰ ਕੱਢਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਜੇ ਉਹ ਪਾਣੀ ਥੱਲੇ ਵਲ ਨੂੰ ਚਲਾ ਜਾਂਦਾ ਹੈ ਤਾਂ 100-100, 150-150 ਫੁੱਟ ਤਕ ਪਾਣੀ ਥੱਲੇ ਦਾ ਖਰਾਬ ਕਰ ਦਿੰਦਾ ਹੈ ਕਿਉਂਕਿ ਉਹ ਜ਼ਹਿਰੀਲਾ ਪਾਣੀ ਹੁੰਦਾ ਹੈ ਅਤੇ ਉਸ ਦੇ ਵਿੱਚ ਕਈ ਕਿਸਮ ਦੇ ਕੈਮੀਕਲਜ਼ ਮਿਲੇ ਹੋਏ ਹੁੰਦੇ ਹਨ। 1947 ਤੋਂ ਪਹਿਲਾਂ ਸਾਡੇ ਹੱਲਟ ਹੁੰਦੇ ਸੀ, ਖੂਹ ਹੁੰਦੇ ਸੀ ਜਿਨ੍ਹਾਂ ਨਾਲ ਪਾਣੀ ਅਸੀਂ ਲਾਉਂਦੇ ਸੀ। ਫਿਰ ਪਾਣੀ ਲਾਉਣ ਵਾਸਤੇ ਜਦੋਂ ਜ਼ਿਆਦਾ ਸਮੱਸਿਆ ਸਾਹਮਣੇ ਆਈ ਤਾਂ ਟਿਊਬਵੈਲਜ਼ ਨਾਲ ਪਾਣੀ ਲਾਉਣ ਲਗ ਪਏ। ਜੇ ਇਹ ਗੰਦਾ ਫੈਕਟਰੀਆਂ ਦਾ ਪਾਣੀ ਥੱਲੇ ਜਾਂਦਾ ਹੈ ਤਾਂ ਇਹ ਥੱਲੇ ਦੇ ਪਾਣੀ ਨੂੰ ਖਰਾਬ ਕਰ ਦਿੰਦਾ ਹੈ ਅਤੇ ਉਪਰ ਇਹ ਹਵਾ ਖਰਾਬ ਕਰਦਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ। ਇਸ ਨੂੰ ਸੰਭਾਲਣ ਦੀ ਲੋੜ ਹੈ।

ਸ਼੍ਰੀ ਸਭਾਪਤੀ : ਹੁਣ ਵਾਈਂਡ ਅਪ ਕਰ ਦਿਓ।

ਪੰਡਿਤ ਸਰਵਣ ਰਾਮ : ਹੁਣੇ ਵਾਈਂਡ ਅੱਪ ਕਰ ਦਿੰਦਾ ਹਾਂ ਜੀ।

ਚੇਅਰਮੈਨ ਸਾਹਿਬ, ਹੁਸ਼ਿਆਰਪੁਰ ਵਿਚ ਪ੍ਰਭਾਤ ਜੈਨਰਲ ਏਜੰਸੀ ਹੈ ਜਿਹੜੀ ਬਰੋਜ਼ੇ ਦੀ ਫੈਕਟਰੀ ਦਾ ਕੰਮ ਕਰਦੀ ਹੈ। ਉਸ ਦੇ ਆਲੇ ਦੁਆਲੇ ਜੇ ਕੋਈ ਨਲਕਾ ਲਾ ਦਿਓ ਪਾਣੀ ਦਾ, ਤਾਂ ਉਹ ਨਲਕਾ ਵੀ ਗਲ ਜਾਂਦਾ ਹੈ। ਇਸੇ ਤਰ੍ਹਾਂ ਪਾਈਨ ਵੁੱਡ ਇੰਡਸਟਰੀ ਹੈ ਮੰਡਿਆਲ ਵਿਚ, ਸੈਲੇ ਹੈ ਅਤੇ ਇਸੇ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੋਰ ਬਹੁਤ ਸਾਰੀਆਂ ਫੈਕਟਰੀਆਂ ਹਨ, ਪੰਜਾਬ ਵਿਚ ਫੈਕਟਰੀਆਂ ਹਨ ਜਿਨ੍ਹਾਂ ਦਾ ਪਾਣੀ ਗੰਦਾ ਹੁੰਦਾ ਹੈ ਅਤੇ ਉਨ੍ਹਾਂ ਵਿਚ ਕਈ ਕਿਸਮ ਦੇ ਕੈਮੀਕਲਜ਼ ਮਿਲੇ ਹੁੰਦੇ ਹਨ ਜਿਹੜੇ ਥੱਲੇ ਜਾ ਕੇ ਥੱਲੇ ਦੇ ਪਾਣੀ ਨੂੰ ਖਰਾਬ ਕਰਦੇ ਹਨ ਅਤੇ ਉਪਰ ਰਹਿ ਕੇ ਇਨਸਾਨੀ ਜ਼ਿੰਦਗੀ ਨੂੰ ਨੁਕਸਾਨ ਕਰਦੇ ਹਨ। (ਘੰਟੀ) ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਦਾ ਪੂਰਾ ਪੂਰਾ ਇੰਤਜ਼ਾਮ ਕੀਤਾ ਜਾਵੇ। ਹੁਸ਼ਿਆਰਪੁਰ ਦੇ ਵਿਚ, ਚੇਅਰਮੈਨ ਸਾਹਿਬ, ਬਾਰਾਪੁਰ ਦੇ ਨਾਲ ਇਕ ਪਿੰਡ ਹੈ ਕੋਟ ਅਤੇ ਇਸੇ ਤਰ੍ਹਾਂ ਚੱਕ ਖੜਕਾਂ ਪਿੰਡ ਹੈ ਉਨ੍ਹਾਂ ਪਿੰਡਾਂ ਵਿਚ ਟਿਊਬਵੈਲਜ਼ ਲਗੇ ਹਨ ਉਹ ਕਈ ਦਿਨਾਂ ਤੋਂ ਖਰਾਬ ਹਨ। ਲੋਕਾਂ ਨੂੰ ਪੀਣ ਦਾ ਪਾਣੀ ਨਹੀਂ ਮਿਲਦਾ। ਸਰਕਾਰ ਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ। ਚੱਕ ਖੜਕਾਂ ਮਾਸਟਰ ਕੁੰਦਨ ਸਿੰਘ ਜੀ ਦੇ ਹਲਕੇ ਵਿਚ ਹੈ। (ਘੰਟੀ)

(ਇਸ *ਵਕਤ 5.55 ਵਜੇ ਸ਼ਾਮ ਪੈਨਲ ਆਫ ਚੇਅਰਮੈਨ ਦੇ ਮੈਂਬਰ, ਸ਼੍ਰੀ ਓਮ ਪ੍ਰਕਾਸ਼ ਗੁਪਤਾ, ਨੇ ਸਦਨ ਦੀ ਕੁਰਸੀ ਸੰਭਾਲੀ)

ਤੋਂ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਖਾਸ ਕਰਕੇ ਪਟਿਆਲਾ ਤੋਂ ਪਠਾਨਕੋਟ ਤਕ ਇਸ ਕੰਡੀ ਦੇ ਇਲਾਕੇ ਵਿਚ ਜੋ ਟਿਊਬਵੈਲਜ਼ ਲੱਗੇ ਹਨ ਉਨ੍ਹਾਂ ਦਾ ਧਿਆਨ ਰਖਿਆ ਜਾਵੇ ਅਤੇ ਨਲਕਿਆਂ ਦੀਆਂ ਨਾਲਾਂ ਜੋ ਚਾਹੀਦੀਆਂ ਹਨ ਉਹ ਜਲਦੀ ਤੋਂ ਜਲਦੀ ਲਗਾਈਆਂ ਜਾਣ। 19 ਲੱਖ ਰੁਪਏ ਦਾ ਮੇਚੀ ਇਕੱਲੀ ਕੰਸਟੀਚਉਐਂਸੀ ਦਾ ਐਸਟੀਮੇਟ ਹੈ। ਬਾਕੀ ਹੋਰ ਕੰਸਟੀਚੁਐਂਸੀਆਂ ਜੋ ਹਨ ਉਨ੍ਹਾਂ ਦੇ ਲਈ ਵੀ ਪੈਸਾ ਮਨਜ਼ੂਰ ਕਰਕੇ ਇਹ ਸੁਵਿਧਾ ਜੋ ਹੈ ਉਹ ਸਾਨੂੰ ਮਿਲਣੀ ਚਾਹੀਦੀ ਹੈ ਇਨ੍ਹਾਂ ਲਫਜ਼ਾਂ ਨਾਲ, ਚੇਅਰਮੈਨ ਸਾਹਿਬ, ਸ਼੍ਰੀ ਜੋਗਿੰਦਰ ਨਾਥ ਜੀ ਨੇ ਜੋ ਰੈਜ਼ੋਲਿਊਸ਼ਨ ਲਿਆਂਦਾ ਹੈ ਉਸ ਦੀ ਮੈਂ ਤਾਈਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.): ਚੇਅਰਮੈਨ ਸਾਹਿਬ, ਜਿਹੜਾ ਸ਼੍ਰੀ ਜੋਗਿੰਦਰ ਨਾਥ ਜੀ ਨੇ ਰੈਜੋਲਿਊਸ਼ਨ ਲਿਆਂਦਾ ਹੈ ਮੈਂ ਉਸ ਦੇ ਬਾਰੇ ਬੋਲਣਾ ਚਾਹੁੰਦਾ ਹਾਂ ਕਿਉਂਕਿ ਪਾਣੀ ਦੀ ਸਾਡੇ ਪੰਜਾਬ ਦੇ ਵਿੱਚ ਕਈ ਥਾਵਾਂ ਤੇ ਬਹੁਤ ਜ਼ਿਆਦਾ ਦਿੱਕਤ ਹੈ। ਜਿਸ ਤਰ੍ਹਾਂ ਕੰਡੀ ਦਾ ਏਰੀਆ ਹੈ, ਹੋਰ ਏਰੀਆ ਹੈ ਉਥੇ ਪਾਣੀ ਮਿਲਦਾ ਨਹੀਂ ਅਤੇ ਬਹੁਤ ਡੂੰਘਾ ਵੀ ਹੈ। ਮੇਰੇ ਆਪਣੇ ਹਲਕੇ ਵਿੱਚ ਪਾਣੀ ਦੀ ਤਹਿ ਬਹੁਤ ਥੱਲੇ ਜਾ ਚੁੱਕੀ ਹੈ ਅਤੇ ਇਸ ਦੇ ਨਾਲ ਸਾਡੇ ਗਰੀਬਾਂ ਨੂੰ ਬਹੁਤ ਔਖੀ ਗੱਲ ਇਹ ਹੈ ਕਿ ਪਾਣੀ ਦੇ ਨਾਲ ਆਪਣੀ ਪਿਆਸ ਵੀ ਨਹੀਂ ਬੁਝਾ ਸਕਦੇ। ਉਥੇ ਜੇ ਪਾਣੀ ਦਾ ਨਲਕਾ ਲਾਉਣਾ ਹੋਵੇ ਤਾਂ ਉਹ ਵੀ ਘੱਟੋ ਘੱਟ ਇਕ ਹਜ਼ਾਰ ਰੁਪਏ ਵਿੱਚ ਇਕ ਨਲਕਾ ਲਗਦਾ ਹੈ। ਇਤਨਾ ਖਰਚ ਕਰਨਾ ਸਾਡੇ ਗਰੀਬਾਂ ਵਾਸਤੇ ਬੜੀ ਮੁਸ਼ਕਲ ਜਿਹੀ ਗਲ ਹੈ। ਜਿਵੇਂ ਬਠਿੰਡੇ ਵਿੱਚ ਪਾਣੀ ਨਹੀਂ ਮਿਲਦਾ, ਪਾਣੀ ਮਾੜਾ ਮਿਲਦਾ ਹੈ ਅਤੇ ਹੋਰ ਕਈ ਥਾਵਾਂ ਤੇ ਵੀ ਪਾਣੀ ਨਹੀਂ ਮਿਲਦਾ ਅਤੇ ਮਾੜਾ ਮਿਲਦਾ ਹੈ। ਲਹਿਰਾਗਾਗਾ, ਜ਼ਿਲਾ ਸੰਗਰੂਰ ਵਿੱਚ ਵੀ ਪਾਣੀ ਮਾੜਾ ਹੈ ਅਤੇ ਇਸ ਦੇ ਨਾਲ ਲੋਕਾਂ ਨੂੰ ਕਈ ਕਿਸਮ ਦੀਆਂ ਬਿਮਾਰੀਆਂ ਲਗ ਜਾਂਦੀਆਂ ਹਨ। ਕਈਆਂ ਦੇ ਇਸ ਪਾਣੀ ਨਾਲ ਦੰਦ ਟੁੱਟਣ ਲਗ ਜਾਂਦੇ ਹਨ ਅਤੇ ਕਈ ਹੋਰ ਬਿਮਾਰੀਆਂ ਵੀ ਕਈਆਂ ਨੂੰ ਇਸ ਦੇ ਨਾਲ ਲਗ ਜਾਂਦੀਆਂ ਹਨ। ਇਸ ਕਰਕੇ ਸਰਕਾਰ ਨੂੰ ਲੋਕਾਂ ਦੀ ਸਿਹਤ ਦਾ ਖਾਸ ਖਿਆਲ ਰਖਦੇ ਹੋਏ ਉਨ੍ਹਾਂ ਇਲਾਕਿਆਂ ਵਿੱਚ ਜਿਥੇ ਪਾਣੀ ਮਾੜਾ ਮਿਲਦਾ ਹੈ ਜਾਂ ਨਹੀਂ ਮਿਲਦਾ ਉਥੇ ਪੂਰਾ ਪ੍ਰਬੰਧ ਕਰਨਾ ਚਾਹੀਦਾ ਹੈ। ਬਾਕੀ ਜਿਨ੍ਹਾਂ ਇਲਾਕਿਆਂ ਵਿੱਚ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ ਜਿਸ ਤਰ੍ਹਾਂ ਮੇਰੇ ਇਲਾਕੇ ਵਿੱਚ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ ਉਥੇ ਦਾ ਵੀ ਇੰਤਜ਼ਾਮ ਕਰਨਾ ਚਾਹੀਦਾ ਹੈ। ਪਿਛਲੇ 1957–59 ਦੇ ਸਮੇਂ ਵਿੱਚ ਜਦੋਂ ਬਹੁਤ ਜ਼ਿਆਦਾ ਸੇਮ ਆ ਗਈ ਸੀ ਤਾਂ ਸਰਕਾਰ ਨੇ ਸੇਮ ਆ ਜਾਣ ਦੇ ਕਾਰਨ ਕੁਝ ਰਜਵਾਹਿਆਂ ਦਾ ਪਾਣੀ ਕੱਟਿਆ ਸੀ, ਜਿਸ ਤਰ੍ਹਾਂ ਕਲਿਆਣ ਹੈ, ਸ਼ੇਖਪੁਰ ਹੈ, ਉਨ੍ਹਾਂ ਦਾ ਪਾਣੀ ਸਰਕਾਰ ਨੇ ਵਧਾਇਆ ਨਹੀਂ ਹੈ। ਸਰਕਾਰ ਨੂੰ ਇਹ ਪਾਣੀ ਵਧਾਉਣਾ ਚਾਹੀਦਾ ਹੈ। ਪਿਛਲੇ ਦਿਨਾਂ ਵਿਚ ਇਸ ਦੇ ਬਾਰੇ ਮੈਂ ਧਿਆਨ ਦਿਵਾਊ ਮਤਾ ਵੀ ਦਿਤਾ ਸੀ। ਸਰਕਾਰ ਨੇ ਇਸਦੇ ਲਈ ਮਲੇਰਕੋਟਲਾ ਤਹਿਸੀਲ ਵਿਚ ਕੋਈ ਸਕੀਮ ਬਣਾਈ ਸੀ। ਉਸ ਸਕੀਮ ਨੂੰ ਜਲਦੀ ਲਾਗੂ ਕੀਤਾ ਜਾਵੇ ਤਾਂਕਿ ਪੰਜਾਬ ਦੇ ਲੋਕਾਂ ਨੂੰ ਪਾਣੀ ਦੀ ਸਹੂਲਤ ਮਿਲ ਸਕੇ। ਬਾਕੀ ਕੁਝ ਪਿੰਡਾਂ ਵਿਚ ਪਾਣੀ ਕੱਟਿਆ ਗਿਆ ਸੀ। ਮੇਰੇ ਹਲਕੇ ਵਿਚ ਕਈ ਪਿੰਡ ਹਨ ਕਾਲਾ ਬੂਲਾ ਆਦਿ। ਜਿਹੜਾ ਪਾਣੀ ਉਨ੍ਹਾਂ ਦਾ 1959 ਵਿਚ ਕੱਟਿਆ ਗਿਆ ਸੀ ਉਹ ਦੇਣਾ ਚਾਹੀਦਾ ਹੈ। ਬਾਕੀ ਪਾਣੀ ਦੀ ਠੀਕ ਵਰਤੋਂ ਹੋਣੀ ਚਾਹੀਦੀ ਹੈ। ਦੂਸਰੇ, ਗਰੀਬਾਂ ਦੇ ਮੁਹੱਲਿਆਂ ਵਿਚ ਪੀਣ ਦੇ ਪਾਣੀ ਦੀ ਬਹੁਤ ਦਿੱਕਤ ਹੈ। ਚੇਅਰਮੈਨ ਸਾਹਿਬ, ਤੁਸੀਂ ਵੋਟਾਂ ਵੇਲੇ ਜਾਂਦੇ ਹੋ। ਤੁਸੀਂ ਵੇਖਿਆ ਹੋਣਾ ਹੈ ਕਿ ਉਹ ਮੁਹੱਲੇ ਗੰਦੇ ਪਾਣੀ ਨਾਲ ਭਰੇ ਹੋਏ ਹਨ। ਉਥੇ ਪਾਣੀ ਖੜ੍ਹਾ ਰਹਿੰਦਾ ਹੈ ਜਿਸ ਕਰਕੇ ਉਨ੍ਹਾਂ ਦੇ ਨਲਕਿਆਂ ਦਾ ਪਾਣੀ ਵੀ ਖਰਾਬ ਹੋ ਜਾਂਦਾ ਹੈ। ਮੈਂ ਸੁਆਲ ਵੀ ਕੀਤਾ ਸੀ ਕਿ ਬਰਨਾਲੇ ਵਿਚ ਕੁਝ ਬਸਤੀਆਂ ਹਨ ਗਰੀਬਾਂ ਦੀਆਂ। ਉਥੇ ਦਾ ਥੱਲੇ ਦਾ ਪਾਣੀ ਖਰਾਬ ਹੋ ਗਿਆ ਹੈ ਅਤੇ ਪੀਣ ਨੂੰ ਪਾਣੀ ਅੱਛਾ ਨਹੀਂ ਮਿਲਦਾ। ਸਰਕਾਰ ਨੂੰ ਉਨ੍ਹਾਂ ਬਸਤੀਆਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਅੌਰ ਉਨ੍ਹਾਂ ਲਈ ਸਾਫ਼ ਸੁਥਰੇ ਪਾਣੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਜਿਹੜਾ ਸਿਹਤ ਵਾਸਤੇ ਠੀਕ ਹੋਵੇ। ਇਸ ਦੇ ਨਾਲ ਹੀ ਮੈਂ ਦੱਸਦਾ ਹਾਂ ਜਿਸ ਤਰ੍ਹਾਂ ਪੰਡਿਤ ਸਰਵਣ ਰਾਮ ਨੇ ਕਿਹਾ ਹੈ ਕਿ ਕੁਝ ਏਰੀਆਜ਼ ਹਨ ਜਿਥੇ ਫੈਕਟਰੀਆਂ ਲਗੀਆਂ ਹੋਈਆਂ ਹਨ, ਉਥੇ ਦਾ ਪਾਣੀ ਖਰਾਬ ਹੋ ਰਿਹਾ ਹੈ। ਚੇਅਰਮੈਨ ਸਾਹਿਬ, ਜਦੋਂ ਕੋਈ ਫੈਕਟਰੀ ਦਾ ਲਾਇਸੈਂਸ ਲੈਂਦਾ ਹੈ ਤਾਂ ਗੰਦਾ ਪਾਣੀ ਕੱਢਣ ਦਾ ਇਕ ਐਗਰੀਮੈਂਟ ਹੁੰਦਾ ਹੈ, ਪਰ ਉਸ ਤੇ ਅਮਲ ਨਹੀਂ ਹੁੰਦਾ। ਕਈ ਥਾਵਾਂ ਤੇ ਪੇਪਰ ਮਿਲਜ਼ ਲੱਗੀਆਂ ਹੋਈਆਂ ਹਨ । ਉਥੇ ਦਾ ਪਾਣੀ ਬੜਾ ਗੰਦਾ ਹੋ ਜਾਂਦਾ ਹੈ ਪਰ ਕੋਈ ਪੁੱਛਦਾ ਤੱਕ ਨਹੀਂ । ਇਸੇ ਤਰ੍ਹਾਂ ਨੰਗਲ ਖਾਦ ਫੈਕਟਰੀ ਹੈ।

Original with;
Punjab Vidhan Sabha
Digitized by:
Panjab Digital Library

ਉਥੇ ਦੀ ਜਿਹੜੀ ਸੁਆਹ ਹੈ ਉਹ ਡਰੇਨ ਦੇ ਪਾਣੀ ਵਿਚ ਰਲ ਜਾਂਦੀ ਹੈ ਅਤੇ ਜ਼ਦੋਂ ਉਹ ਪਾਣੀ ਪਸ਼ੂ ਪੀ ਲੈਂਦੇ ਹਨ ਤਾਂ ਉਹ ਮਰ ਜਾਂਦੇ ਹਨ। ਪਿਛੇ ਜਿਹੇ 32 ਮੱਝਾਂ, ਗਊਆਂ ਅਤੇ ਬਕਰੀਆਂ ਮਰ ਗਈਆਂ । ਜਿਹੜਾ ਉਸ ਖਾਦ ਦੀ ਫੈਕਟਰੀ ਦਾ ਮਾਲਕ ਹੈ ਉਸ ਤੋਂ ਸਾਰਾ ਮੁਆਵਜ਼ਾ ਦਿਲਾਉਣਾ ਚਾਹੀਦਾ ਹੈ। ਸੰਗਰੂਰ ਜ਼ਿਲ੍ਹੇ ਵਿਚ ਇਕ ਮਘਾਨ ਪੇਪਰ ਮਿਲ ਹੈ । ਉਨ੍ਹਾਂ ਦਾ ਗੰਦਾ ਪਾਣੀ ਨਾਲੇ ਵਿਚ ਚਲਾ ਜਾਂਦਾ ਹੈ। ਉਹ ਪਾਣੀ ਫਸਲਾਂ ਨੂੰ ਲਗਦਾ ਹੈ ਜਿਸ ਦੇ ਨਾਲ ਸਾਰੀਆਂ ਫਸਲਾਂ ਖਰਾਬ ਹੋ ਜਾਂਦੀਆਂ ਹਨ। ਅਗਰ ਪਸ਼ੂ ਜਾਂ ਜਾਨਵਰ ਪੀ ਲੈਂਦੇ ਹਨ ਤਾਂ ਉਹ ਮਰ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਇਸ ਚੀਜ਼ ਦਾ ਧਿਆਨ ਰਖਣਾ ਚਾਹੀਦਾ ਹੈ । ਇਹ ਮਾਲਕਾਂ ਨੂੰ ਨੱਥ ਨਹੀਂ ਪਾਉਂਦੇ ਬਲਕਿ ਮਿਲ ਮਾਲਕਾਂ ਨੂੰ ਬਚਾਉਂਦੇ ਹਨ। ਸੰਗਰੂਰ ਦੀ ਪੇਪਰ ਮਿਲ ਵਿਚ ਪਿਛਲੇ ਸਮੇਂ ਵਿਚ ਹੜਤਾਲ ਹੋ ਗਈ। ਮਜ਼ਦੂਰਾਂ ਨੇ ਆਪਣਾ ਮਸਲਾ ਕਿਰਤ ਮੰਤਰੀ ਪਾਸ ਰਖਿਆ ਜਿਸ ਦੇ ਵਿਚ ਪਾਣੀ ਦਾ ਮਸਲਾ ਵੀ ਸੀ ਪਰ ਇਨ੍ਹਾਂ ਨੇ ਇਕਤਰਫਾ ਫੈਸਲਾ ਦੇ ਦਿਤਾ। ਮਾਲਕਾਂ ਦਾ ਪੱਖ ਪੂਰੀ ਗਏ ਅਤੇ 6 ਮਜ਼ਦੂਰ ਮਿਲ ਵਿਚੋਂ ਉਨ੍ਹਾਂ ਨੇ ਕਢ ਦਿੱਤੇ। ਇਨ੍ਹਾਂ ਨੂੰ ਮਜ਼ਦੂਰਾਂ ਦੇ ਹਿੱਤ ਵਿਚ ਗੱਲ ਕਰਨੀ ਚਾਹੀਦੀ ਹੈ।ਮਜ਼ਦੂਰਾਂ ਤੇ ਜਿਹੜੀ ਛੁਰੀ ਰੱਖੀ ਜਾਂਦੀ ਹੈ ਇਹ ਬੰਦ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀ ਸਿਹਤ ਦੀ ਰਾਖੀ ਹੋ ਸਕੇ।

ਚੇਅਰਮੈਨ ਸਾਹਿਬ, ਹੁਣ ਮੈਂ ਪਾਣੀ ਦੇ ਰੇਟਾਂ ਬਾਰੇ ਗੱਲ ਕਹਿਣੀ ਚਾਹੁੰਦਾ ਹਾਂ। ਪਹਿਲਾਂ ਤਾਂ ਮੈਂ ਇਹ ਗੱਲ ਕਹਾਂਗਾ ਕਿ ਪਹਿਲਾਂ ਤਾਂ ਜਿਥੇ ਲੋੜ ਹੈ ਉਥੇ ਪ੍ਰਾਇਰਟੀ ਦੇ ਕੇ ਵਾਟਰ ਵਰਕਸ ਬਣਾਉਣੇ ਚਾਹੀਦੇ ਹਨ। ਜਿਸ ਤਰ੍ਹਾਂ ਸੰਗਰੂਰ ਵਿਚ ਲਹਿਰਾਗਾਗਾ ਹੈ, ਬਰਨਾਲੇ ਦੀਆਂ ਬਸਤੀਆਂ ਹਨ, ਬਠਿੰਡਾ ਜ਼ਿਲ੍ਹਾ ਅਤੇ ਫਿਰੋਜ਼ਪੁਰ ਡਿਸਟ੍ਰਿਕਟ ਦਾ ਕੁਝ ਕੁਝ ਏਰੀਆ ਹੈ। ਇਸ ਦੇ ਨਾਲ ਹੀ ਮੈਂ ਦਸਣਾ ਚਾਹੁੰਦਾ ਹਾਂ ਕਿ ਹੰਡਿਆਇਆ ਇਕ ਬਰਨਾਲੇ ਵਿਚ ਪਿੰਡ ਪੈਂਦਾ ਹੈ। ਉਥੇ ਦੇ ਪਾਣੀ ਦੇ ਰੇਟਸ ਬਰਨਾਲਾ ਨਾਲੋਂ ਕਿਤੇ ਵੱਧ ਹਨ। ਮੈਂ ਤਾਂ ਕਹਿੰਦਾ ਹਾਂ ਕਿ ਗਰੀਬ ਲੋਕ ਜਿਹੜੇ ਪਿੰਡਾਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਮੁਫ਼ਤ ਤੋਂ ਕੁਨੈਕਸ਼ਨਜ਼ ਦੇਣੇ ਚਾਹੀਦੇ ਹਨ। ਕੁਝ ਵੱਡੇ ਲੋਕ ਗਰੀਬਾਂ ਨੂੰ ਗੁਮਰਾਹ ਕਰਦੇ ਰਹਿੰਦੇ ਹਨ। ਸੰਗਰੂਰ ਵਿਚ ਇਕ ਆਦਮੀ ਜਿਹੜਾ ਜ਼ਿਲ੍ਹਾ ਕਾਂਗਰਸੀ ਪਰਧਾਨ ਕਹਾਉਂਦਾ ਹੈ ਹੈ ਉਸ ਨੇ ਗਰੀਬਾਂ ਦੀ ਜ਼ਮੀਨ ਦੱਬ ਲਈ ਅਤੇ ਇਕ ਹੋਰ ਜ਼ਮੀਨ ਖ਼ਰੀਦ ਕੇ ਉਸ ਵਿਚ ਪੋਲਟਰੀ ਫਾਰਮ ਖੋਲ੍ਹਿਆ, ਜਿਸ ਤੇ ਤਿੰਨ ਲੱਖ ਰੁਪਿਆ ਲਗਿਆ ਹੈ। ਨਾਜਾਇਜ਼ ਜ਼ਮੀਨ ਤੇ ਕਬਜ਼ਾ ਕਰੀ ਬੈਠਾ ਹੈ । ਪਰ ਇਧਰ ਗਰੀਬਾਂ ਦੇ ਪੀਣ ਦੇ ਪਾਣੀ ਦਾ ਕੋਈ ਇੰਤਜ਼ਾਮ ਨਹੀਂ । ਇਸ ਦੀ ਪੜਤਾਲ ਕੀਤੀ ਜਾਏ ਅਤੇ ਐਸੇ ਲੋਕਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਜਿਹੜੀ ਬਰਨਾਲੇ ਦੀਆਂ ਗੰਦੀਆਂ ਬਸਤੀਆਂ ਹਨ, 35 ਸਾਲ ਹੋ ਗਏ ਹਨ ਦੇਸ਼ ਨੂੰ ਆਜ਼ਾਦ ਹੋਏ ਨੂੰ, ਪਰ ਉਨ੍ਹਾਂ ਗਰੀਬਾਂ ਦੇ ਮੂਹੋਂ ਲਿਆਂ ਵਿਚ ਹਾਲੇ ਤਕ ਲੈਟਰਿਨਜ਼ ਤਕ ਨਹੀਂ। ਉਹ ਬਾੜਿਆਂ ਵਿਚ ਲੈਟਰਿਨ ਲਈ ਜਾਂਦੇ ਹਨ। ਉਨ੍ਹਾਂ ਦੀ ਆਦਤ ਬਣੀ ਹੋਈ ਹੈ। ਪਰ ਉਥੋਂ ਦੀ ਲੰਘਿਆ ਨਹੀਂ ਜਾਂਦਾ। ਇਤਨੀ ਸੜਿਆਂਦ ਮਾਰਦੀ ਹੈ। ਮੈਂ ਗਰੀਵੈਂਸਿਜ਼ ਕਮੇਟੀ ਵਿਚ ਕਿਹਾ ਕਿ ਗਰੀਬਾਂ ਨੂੰ ਸਹੂਲਤਾਂ ਦਿਓ। ਉਨ੍ਹਾਂ ਦੀਆਂ ਲੈਟਰਿਨਜ਼ ਦਾ ਇੰਤਜ਼ਾਮ ਕਰੋ, ਪਰ ਗਰੀਬਾਂ ਦਾ ਕੁਝ ਨਹੀਂ ਹੁੰਦਾ। ਗਰੀਬਾਂ ਵਾਸਤੇ 20 ਲੱਖ ਰੁਪਏ ਦੀ ਗਰਾਂਟ ਲੈਪਸ ਹੋ ਗਈ ਹੈ। ਮੰਤਰੀ ਸਾਹਿਬ ਬੈਠੇ ਹਨ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਗਰੀਬਾਂ ਦੇ ਮਸਲਿਆਂ ਤੇ ਡਿਸਕਸ਼ਨ ਕਰਕੇ ਉਨ੍ਹਾਂ ਦੇ ਮਸਲਿਆਂ ਵੱਲ ਪੂਰਾ ਪੂਰਾ ਧਿਆਨ ਦਿਓ। ਉਥੇ ਲੋਕਾਂ ਨੂੰ ਲੈਟਰਿਨਜ਼ ਬਣਾ ਕੇ ਦਿਓ ਅਤੇ ਨਾਲ ਦੀ ਨਾਲ ਵਾਟਰ ਕੁਨੈਕਸ਼ਨਜ਼ ਮੁਫਤ ਦਿਓ। ਉਨ੍ਹਾਂ ਗਰੀਬਾਂ ਦੀਆਂ ਧਰਮਸ਼ਾਲਾਵਾਂ ਅਤੇ ਜਿਹੜੇ ਸਕੂਲ ਹਨ ਉਹ ਗੰਦੇ ਪਾਣੀ ਨਾਲ ਘਿਰੇ ਹੋਏ ਹਨ। ਉਨ੍ਹਾਂ ਦੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਹਸਪਤਾਲਾਂ ਦੇ ਚਾਰੇ ਪਾਸੇ ਗੰਦਾ ਪਾਣੀ ਫਿਰਦਾ ਹੈ। ਉਹ ਗਰੀਬ ਲੋਕ ਹਰ ਰੋਜ਼ ਬੀਮਾਰ ਰਹਿੰਦੇ ਹਨ ਉਨ੍ਹਾਂ ਦੀਆਂ ਬਸਤੀਆਂ ਦਾ ਸੁਧਾਰ ਕੀਤਾ ਜਾਏ। ਜਿਹੜੇ ਉਨ੍ਹਾਂ ਦੇ ਬੱਚੇ ਸਕੂਲਾਂ ਵਿਚ ਪੜ੍ਹਦੇ ਹਨ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਣ। ਮੈਂ ਕਹਿੰਦਾ ਹਾਂ ਕਿ ਹਰੀਜਨਾਂ ਦੀਆਂ ਬਸਤੀਆਂ ਵਿਚ ਪੀਣ ਦੇ ਪਾਣੀ ਦੀ, ਬਿਜਲੀ ਦੇ ਕੁਨੈਕਸ਼ਨਜ਼ ਦੀ ਜਿਥੇ ਲੋੜ ਹੋਵੇ ਪ੍ਰਾਇਰਟੀ ਦਿੱਤੀ ਜਾਏ। ਮੈਂ ਕੇ.ਪੀ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਅਤੇ ਹੁਣ ਤਾਂ ਚੌਧਰੀ ਸਾਹਿਬ ਵੀ ਆ ਗਏ ਹਨ। ਮੈਂ ਦਸਣਾ ਚਾਹੁੰਦਾ ਹਾਂ ਕਿ ਅਗਰ ਕੋਈ ਐਮ.ਐਲ.ਏ. ਕਿਸੇ ਹਰੀਜਨ ਬੱਚੇ ਨੂੰ ਐਸ.ਸੀ ਹੋਣ ਦਾ ਸਰਟੀ-ਫਿਕੇਟ ਦਿੰਦਾ ਹੈ ਤਾਂ ਅਗੇ ਕੋਈ ਪੁਛਦਾ ਨਹੀਂ। ਇਨ੍ਹਾਂ ਸਾਰੀਆਂ ਗਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਕੁਝ ਖੂਹ ਲਵਾਏ ਸੀ। ਮੈਂ ਦਸਦਾ ਹਾਂ ਕਿ ਬਠਿੰਡਾ ਜ਼ਿਲ੍ਹੇ ਵਿਚ ਹਰੀਜਨ ਬਸਤੀਆਂ ਵਿਚ ਖੂਹ ਹਨ ਉਨ੍ਹਾਂ ਦੀ ਛੱਤ ਪਾ ਦਿੱਤੀ। ਇਹ ਜਿਹੜੇ ਖੂਹ ਬਣਾਏ ਹਨ ਉਨ੍ਹਾਂ ਦੇ ਲਈ ਇਕ ਪੈਸਾ ਨਹੀਂ ਰਖਿਆ ਗਿਆ। ਉਹ ਖੂਹ ਬੰਦ ਹੋ ਰਹੇ ਹਨ। ਖੂਹ ਦੇ ਪਾਣੀ ਨੂੰ ਠੀਕ ਰੱਖਣ ਲਈ ਕੋਈ ਲਾਲ ਦਵਾਈ ਨਹੀਂ ਪਾਈ ਜਾਂਦੀ। ਪਾਣੀ ਵਿਚ ਲਾਲ ਲਾਲ ਜੀਅ ਫਿਰਦੇ ਹਨ। ਜੇ ਕੋਈ ਪਾਣੀ ਪੀ ਲਵੇ ਤਾਂ ਉਹ ਬੀਮਾਰ ਹੋ ਜਾਂਦਾ ਹੈ। ਚੇਅਰਮੈਨ ਸਾਹਿਬ, ਅਗਰ ਤੁਸੀਂ ਉਸ ਖੂਹ ਦਾ ਪਾਣੀ ਪੀ ਲਵੋ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਤੁਸੀਂ ਅਗਲੇ ਦਿਨ ਅਸੈਂਬਲੀ ਵਿਚ ਤਾਂ ਨਹੀਂ ਆ ਸਕਦੇ। ਇਨ੍ਹਾਂ ਚੀਜ਼ਾਂ ਵਲ ਸਰਕਾਰ ਧਿਆਨ ਦੇਵੇ ਅਤੇ ਗਰੀਬਾਂ ਦੀ ਸਿਹਤ ਦਾ ਖਿਆਲ ਰਖੇ। ਬਠਿੰਡਾ ਜ਼ਿਲ੍ਹਾ ਦੀ ਮਾਨਸਾ ਤਹਿਸੀਲ ਦੇ ਕੁਝ ਪਿੰਡਾਂ ਵਿਚ ਇਹ ਹਾਲਤ ਹੈ ਕਿ ਲੋਕ ਟੋਬਿਆਂ ਵਿਚੋਂ ਪਾਣੀ ਲੈ ਕੇ ਆਉਂਦੇ ਹਨ। ਉਨ੍ਹਾਂ ਨੇ ਪੌਂਡਜ਼ ਬਣਾਏ ਹੋਏ ਹਨ। ਉਨ੍ਹਾਂ ਵਿਚ ਪਾਣੀ ਜਮ੍ਹਾਂ ਕਰਕੇ ਫਟਕੜੀ ਪਾਉਂਦੇ ਹਨ। ਉਹ ਪਾਣੀ ਸਾਫ ਹੋ ਜਾਂਦਾ ਹੈ ਅਤੇ ਉਹ ਲੋਕ ਪੀਂਦੇ ਹਨ। 35 ਸਾਲ ਹੋ ਗਏ ਮੁਲਕ ਨੂੰ ਅਜ਼ਾਦ ਹੋਇਆਂ ਅੱਜ ਵੀ ਉਨ੍ਹਾਂ ਲੋਕਾਂ ਦਾ ਇਹ ਹਾਲ ਹੈ ਇਸ ਕਰਕੇ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਮ ਲੋਕਾਂ ਵੱਲ, ਗਰੀਬ ਲੋਕਾਂ ਵੱਲ ਜਿਹੜੇ ਇਸ ਤਰ੍ਹਾਂ ਗੁਜ਼ਰ ਕਰਦੇ ਹਨ, ਉਨ੍ਹਾਂ ਵੱਲ ਉਚੇਚਾ ਧਿਆਨ ਦੇ ਕੇ ਵਾਟਰ ਵਰਕਸ ਉਚੇਚੇ ਤੌਰ ਤੇ ਲਾਉਣ। ਉਥੇ ਨਹਿਰ ਦਾ ਪਾਣੀ ਦੇਣ ਜਾਂ ਹੋਰ ਇੰਤਜ਼ਾਮ ਕਰਨ। ਇੱਕ ਪਾਸੇ ਤਾਂ ਚੇਅਰਮੈਨ ਸਾਹਿਬ ਪਾਣੀ ਦੀ ਬੂੰਦ ਲੋਕਾਂ ਨੂੰ ਮਾਰ ਰਹੀ ਹੈ ਅਤੇ ਦੂਜੇ ਪਾਸੇ ਉਨ੍ਹਾਂ ਲੋਕਾਂ ਤੇ ਬੜੇ ਜ਼ਿਆਦਾ ਟੈਕਸ ਲਾਕੇ ਭਾਰ ਪਾਇਆ ਜਾ ਰਿਹਾ ਹੈ। ਇਨ੍ਹਾਂ ਗਰੀਬ ਲੋਕਾਂ ਤੇ ਪੱਕੇ ਖਾਲੇ ਕਰਨ ਦਾ ਖਰਚ ਪਾਇਆ ਜਾ ਰਿਹਾ ਹੈ। ਇਹ ਠੀਕ ਹੈ ਕਿ ਨਾਲੇ ਪੱਕੇ ਕਰਨ ਨਾਲ 40% ਪਾਣੀ ਦੀ ਬਚਤ ਹੋ ਜਾਂਦੀ ਹੈ। ਜਿਨ੍ਹਾਂ ਨੂੰ ਪਾਣੀ ਦੀ ਜ਼ਰੂਰਤ ਹੈ ਉਨ੍ਹਾਂ ਨੂੰ ਪਾਣੀ ਮਿਲ ਸਕਦਾ ਹੈ, ਪਰ ਇਹ ਉਨ੍ਹਾਂ ਲੋਕਾਂ ਲਈ ਕੋਈ ਇੰਤਜ਼ਾਮ ਕਰਨ ਲਈ ਸੰਜੀਦਾ ਨਹੀਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਕਰਜ਼ੇ ਮੁਆਫ ਕਰੋ। ਸਰਕਾਰ ਆਪਣੇ ਕੋਲੋਂ ਪੈਸੇ ਭਰੇ। ਨਹੀਂ ਤਾਂ ਲੋਕ ਇਨ੍ਹਾਂ ਨੂੰ ਮੁਆਫ ਨਹੀਂ ਕਰਣਗੇ। ਅੱਜ ਲੋਕ ਦੁੱਖੀ ਹੋ ਰਹੇ ਹਨ। ਇਸ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਇਹ ਕਹਿੰਦੇ ਹਨ ਕਿ 1980 ਵਿੱਚ ਅਸੀਂ ਪਾਵਰ ਵਿੱਚ ਆਏ ਹਾਂ। ਇਹ ਜਦੋਂ ਵੀ ਉਠਦੇ ਹਨ ਪਿਛਲੀ ਸਰਕਾਰ ਤੇ ਇਲਜ਼ਾਮ ਲਾਉਂਦੇ ਹਨ। ਜਿਹੜਾ ਵਜ਼ੀਰ ਉਠਦਾ ਹੈ ਉਹ ਪਿਛਲੀ ਸਰ-ਕਾਰ ਤੇ ਇਲਜ਼ਾਮ ਲਾਉਂਦਾ ਹੈ। ਸੈਂਟਰ ਦੀ ਸਰਕਾਰ ਦੀ ਗਲ ਕਰੋ ਤਾਂ ਵੀ ਪਿਛਲੀ ਸਰਕਾਰ ਦੀ ਗਲ ਕੀਤੀ ਜਾਂਦੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 35 ਸਾਲਾਂ ਵਿੱਚ ਜਨਤਾ ਪਾਰਟੀ ਜਾਂ ਅਕਾਲੀਆਂ ਦਾ ਚਾਰ ਪੰਜ ਸਾਲ ਰਾਜ ਆਇਆ ਹੋਣਾ ਹੈ। ਇਨ੍ਹਾਂ ਨੇ ਇਸ ਬਾਕੀ ਦੇ ਸਮੇਂ ਵਿੱਚ ਗਰੀਬਾਂ ਲਈ ਕੀ ਕੀਤਾ ਹੈ। ਗਰੀਬਾਂ ਪ੍ਰਤੀ ਇਹ ਸਰਕਾਰ ਬਿਲਕੁਲ ਸੰਜੀਦਾ ਨਹੀਂ ਤੇ ਗਰੀਬ ਮਰ ਰਹੇ ਹਨ। ਕਈ ਥਾਵਾਂ ਤੇ ਪਾਣੀ ਜ਼ਿਆਦਾ ਆ ਗਿਆ। ਪਿੰਡਾਂ ਵਿੱਚ ਲੋਕਾਂ ਦੀਆਂ ਬਸਤੀਆਂ ਵਿੱਚ ਵੜ ਗਿਆ। ਇਸ ਕਾਰਣ ਸੇਮ ਆ ਗਈ। ਬਠਿੰਡਾ, ਫਿਰੋਜ਼ਪੁਰ ਅਤੇ ਬਠਿੰਡੇ ਦਾ ਕੁਝ ਏਰੀਆ ਜਿਹੜਾ

Original with;
Punjab Vidhan Sabha
Digitized by;
Panjab Digital Library

ਫ਼ਰੀਦਕੋਟ ਦੀ ਸਾਈਡ ਤੇ ਹੈ, ਉਥੇ ਉਨ੍ਹਾਂ ਦੀਆਂ ਬਸਤੀਆਂ ਸੈਲਾਬ ਨਾਲ ਢਹਿ ਰਹੀਆਂ ਹਨ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਥਾਵਾਂ ਤੇ ਗਰੀਬਾਂ ਦੀਆਂ ਬਸਤੀਆਂ ਦਾ ਖਿਆਲ ਰਖਦੇ ਹੋਏ ਡਰੇਨੇਜ ਦੀ ਖੁਦਾਈ ਕਰਕੇ ਗੰਦਲਾ ਪਾਣੀ ਬਾਹਰ ਕੱਢਣ ਅੌਰ ਸਫਾਈ ਦਾ ਉਚੇਚਾ ਧਿਆਨ ਰੱਖਣ। (ਘੰਟੀ) ਬਠਿੰਡਾ ਜ਼ਿਲ੍ਹੇ ਵਿੱਚ ਢਪਾਲੀ ਤੋਂ ਸਧਾਣਾ ਡਰੇਨ ਪੁੱਟੀ ਨਹੀਂ ਗਈ ਇਸ ਕਾਰਨ ਘਰ ਢਹਿ ਰਹੇ ਹਨ । ਫਸਲ ਤਬਾਹ ਹੋ ਰਹੀ ਹੈ ਡਰੇਨ ਪੁੱਟੀ ਜਾਵੇ। ਗਰੀਬਾਂ ਦੀ ਬੁਰੀ ਹਾਲਤ ਹੈ। ਇਸ ਦਾ ਉਚੇਚਾ ਧਿਆਨ ਰਖਣ। ਚੇਅਰਮੈਨ ਸਾਹਿਬ, ਅਗਰ ਅਸੀਂ ਇਨ੍ਹਾਂ ਲੋਕਾਂ ਦਾ ਧਿਆਨ ਰਖਾਂਗੇ ਤਾਂ ਹੀ ਇਨ੍ਹਾਂ ਦੀ ਹਾਲਤ ਠੀਕ ਹੋਵੇਗੀ ਨਹੀਂ ਤਾਂ ਇਨ੍ਹਾਂ ਦੀ ਹਾਲਤ ਬੁਰੀ ਹੋਵੇਗੀ। (ਘੰਟੀ) ਚੇਅਰਮੈਨ ਸਾਹਿਬ, ਇਨ੍ਹਾਂ ਦੀਆਂ ਸਕੀਮਾਂ ਕੀ ਹਨ ? ਜਿਥੇ ਪਾਣੀ ਚਾਹੀਦਾ ਹੈ ਉਥੇ ਦਿੰਦੇ ਨਹੀਂ ਅੌਰ ਜਿਥੇ ਪਾਣੀ ਦੀ ਜ਼ਰੂਰਤ ਨਹੀਂ, ਉਥੇ ਖੁਲ੍ਹਾ ਫਿਰਦਾ ਹੈ। ਮੇਰੇ ਹਲਕੇ ਵਿੱਚ 50, 58 ਫੁੱਟ ਖੂਹੀਆਂ ਪੁੱਟੀਆਂ ਗਈਆਂ। ਕਿਸੇ ਗਰੀਬ ਨੇ ਬੋਰ ਕਰਨਾ ਹੈ, ਮੀਟਰ ਕੁਨੈਕਸ਼ਨ ਲੈਣਾ ਹੈ ਤਾਂ ਉਸਨੂੰ 58 ਫੁੱਟ ਥੱਲੇ ਪੱਖਾ ਰਖਣਾ ਪੈਂਦਾ ਹੈ। ਪਿਛਲੇ ਸਮੇਂ ਵਿੱਚ ਕਈ ਕਿਸਾਨਾਂ ਅਤੇ ਸੀਰੀਆਂ ਦੇ ਮੁੰਡਿਆਂ ਦੀਆਂ ਮੌਤਾਂ ਹੋ ਗਈਆਂ । ਇਥੇ ਧਰਤੀ ਬੰਜਰ ਹੋ ਰਹੀ ਹੈ । ਇਸ ਲਈ ਜੋ ਪਾਣੀ ਦੀ ਸਕੀਮ ਹੈ ਉਹ ਲਾਗੂ ਨਹੀਂ ਕੀਤੀ। ਇੱਕ ਪੁਰਾਣੇ ਸਮੇਂ ਵਿੱਚ ਨਾਲਾ ਬਣਿਆ ਸੀ, ਉਸ ਨਾਲੇ ਨੂੰ ਕਹਿੰਦੇ ਹਨ ਕੱਢ ਦਿਓ । ਰੇਗਿਸਤਾਨ ਉਥੇ ਬਣਿਆ ਹੋਇਆ ਹੈ। ਇਹ ਸ਼ੇਰਪੁਰ ਹਲਕੇ ਦੀ ਗਲ ਹੈ। ਉਹ ਡਰੇਨ ਬੰਦ ਕਰਨ। ਜਿਥੇ ਲੋੜ ਹੈ ਉਥੇ ਪੁੱਟਣ ਤਾਂ ਕਿ ਬੈਲੈਂਸ ਤੇ ਲਿਆ ਕੇ ਗਰੀਬ ਲੋਕਾਂ ਦਾ ਖਿਆਲ ਰਖਿਆ ਜਾ ਸਕੇ ਅਤੇ ਸਾਰੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਸਕਣ। ਕੰਡੀ ਏਰੀਏ ਵੱਲ ਵੀ ਉਚੇਚਾ ਧਿਆਨ ਰਖਣਾ ਚਾਹੀਦਾ ਹੈ। ਉਥੇ ਪਾਣੀ ਮਿਲਦਾ ਨਹੀਂ। ਮੈਂ ਤੁਹਾਡੇ ਰਾਹੀਂ, ਚੇਅਰਮੈਨ ਸਾਹਿਬ, ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੰਡੀ ਦਾ ਏਰੀਆ ਬਾਰਡਰ ਦੇ ਏਰੀਏ ਵਾਂਗ ਹੈ। ਇਸ ਦਾ ਖਾਸ ਖਿਆਲ ਰਖਿਆ ਜਾਵੇ, ਇਸ ਵਲ ਸਪੈਸ਼ਲ ਧਿਆਨ ਦਿੱਤਾ ਜਾਵੇ।

ਸ਼੍ਰੀ ਚਮਨ ਲਾਲ (ਸੁਜਾਨਪੁਰ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੇਰੇ ਹਮਸਾਇਆ ਹੁੰਦੇ ਹੋਏ ਮੇਰੇ ਤੇ ਰਹਿਮ ਕੀਤਾ ਹੈ ਅਤੇ ਆਪਣੇ ਇਲਾਕੇ ਦੇ ਬਾਰੇ ਬੋਲਣ ਵਾਸਤੇ ਮੈਨੂੰ ਮੌਕਾ ਦਿੱਤਾ ਹੈ। ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ। ਚੇਅਰਮੈਨ ਸਾਹਿਬ, ਮੈਂ ਆਪਣੇ ਇਲਾਕੇ ਦੇ ਵਾਸਤੇ ਅਤੇ ਪੰਜਾਬ ਵਿੱਚ ਜੋ ਕਾਂਗਰਸ ਦੀ ਹਕੂਮਤ ਨੇ 1952 ਜਦੋਂ ਤੋਂ ਵਿਧਾਨ ਬਣਿਆ, ਉਸਤੋਂ ਬਾਅਦ ਆਪਣੀ ਸਮਰਥਾ ਨਾਲ ਲੋਕਾਂ ਦੀ ਜਿਤਨੀ ਸੇਵਾ ਕੀਤੀ ਹੈ, ਮੈਂ ਉਸ ਲਈ ਕਾਂਗਰਸ ਸਰਕਾਰ ਦਾ ਧੰਨਵਾਦੀ ਹਾਂ। ਚੇਅਰਮੈਨ ਸਾਹਿਬ, ਚੋਪੜਾ ਸਾਹਿਬ ਨੇ ਸ਼ਾਇਦ ਅਕਾਲੀ ਜਨਤਾ ਸਰਕਾਰ ਦੀ ਏਜੰਟੀ ਲਈ ਹੋਈ ਹੈ। ਪਿਛਲੀ ਦਫਾ ਵੀ ਇਨ੍ਹਾਂ ਦੇ ਏਜੰਟ ਰਹੇ ਅਤੇ ਹੁਣ ਵੀ ਇਨ੍ਹਾਂ ਨੇ ਅਕਾਲੀ ਜਨਤਾ ਦੀ ਬੜੀ ਤਾਰੀਫ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਅਕਾਲੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣੇ ਵਕਤ ਵਿੱਚ ਬੜਾ ਕੁਝ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਹਮੇਸ਼ਾ ਦਾਅ ਦੀ ਬਾਜ਼ੀ ਲਾਈ ਹੈ। ਜਿਸ ਤਰ੍ਹਾਂ ਪੰਡਿਤ ਜੀ ਨੇ ਦਸਿਆ ਹੈ ਕਿ ਇਹ ਕੀ ਕੰਮ ਕਰਦੇ ਹਨ। ਇਨ੍ਹਾਂ ਦਾ ਕੰਮ ਹੈ ਲੋਕਾਂ ਨੂੰ ਰੋੜ੍ਹਨਾ ਅਤੇ ਆਪਣੇ ਚੰਦੇ ਇਕੱਠੇ ਕਰਨਾ। ਇਨ੍ਹਾਂ ਨੇ ਇਥੇ ਦਲਾਲੀ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। 1952 ਵਿੱਚ ਜਿਸ ਵੇਲੇ ਕਾਂਗਰਸ ਸਰਕਾਰ ਨੇ ਹਕੂਮਤ ਸੰਭਾਲੀ ਸੀ, ਉਸ ਵੇਲੇ ਹਿੰਦੁਸਤਾਨ ਦੀ ਆਬਾਦੀ 35 ਕਰੋੜ ਸੀ। ਹੁਣ ਇਹ ਆਬਾਦੀ 66 ਕਰੋੜ ਦੇ ਕਰੀਬ ਹੋ ਗਈ ਹੈ। ਪੰਜਾਬ ਦੀ ਆਬਾਦੀ ਜਦੋਂ ਪੈਪਸੂ ਸ਼ਾਮਲ ਹੋਇਆ ਤਾਂ 1 ਕਰੋੜ 31 ਹਜ਼ਾਰ ਸੀ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਚਮਨ ਲਾਲ]

ਕਾਂਗਰਸ ਸਰਕਾਰ ਨੇ ਵਿਧਾਨ ਵਿੱਚ ਇਹ ਲਿਖਿਆ ਸੀ ਕਿ ਅਸੀਂ ਗਰੀਬ ਜਨਤਾ ਜਿਹੜੀ ਕਿ ਪਿੰਡਾਂ ਵਿੱਚ ਵਸਦੀ ਹੈ, ਇਨ੍ਹਾਂ ਦੀਆਂ ਤਕਲੀਫਾਂ ਹਰ ਤਰ੍ਹਾਂ ਨਾਲ ਦੂਰ ਕਰਾਂਗੇ। ਪਾਣੀ ਦਾ ਬੜਾ ਵੱਡਾ ਮਸਲਾ ਸੀ। ਜਿਸ ਤਰ੍ਹਾਂ ਸਾਡਾ ਇਲਾਕਾ ਹੈ, ਬੇਟ ਦਾ ਇਲਾਕਾ ਹੈ ਜਾਂ ਅਮਰ ਨਾਥ ਹੋਰਾਂ ਦੀ ਕੰਸਟੀਚੁਐਂਸੀ ਹੈ। ਉਥੇ ਸੱਤ ਦਰਿਆ ਹਮੇਸ਼ਾ ਸਾਡੇ ਲੋਕਾਂ ਨੂੰ ਤਬਾਹ ਅਤੇ ਬਰਬਾਦ ਕਰਦੇ ਸਨ। ਉਨ੍ਹਾਂ ਉਤੇ ਕਾਂਗਰਸ ਦੀ ਹਕੂਮਤ ਨੇ ਬੜੀ ਜਲਦੀ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ। ਧੁਸੀ ਬੰਧ ਬਣਾ ਦਿੱਤਾ ਗਿਆ। ਇਸਤੇ ਨਕੇਲਾਂ ਪਾ ਕੇ ਬੰਧ ਬਣਾ ਦਿੱਤੇ। ਮੇਰੇ ਇਲਾਕੇ ਵਿੱਚ ਤਿੰਨ ਦਰਿਆ ਐਸੇ ਚਲਦੇ ਹਨ ਜਿਨ੍ਹਾਂ ਨੇ ਹਰ ਛੇ ਮਹੀਨੇ ਬਾਅਦ ਲੋਕਾਂ ਨੂੰ ਤਬਾਹ ਅਤੇ ਬਰਬਾਦ ਕੀਤਾ ਹੋਇਆ ਸੀ। ਕਾਂਗਰਸ ਹਕੂਮਤ ਨੇ ਧੁਸੀ ਬੰਧ ਬਣਾ ਕੇ ਸਾਡੇ ਇਲਾਕੇ ਨੂੰ ਸੇਫ ਕੀਤਾ ਹੈ। ਮੈਂ ਇਹ ਜ਼ਰੂਰ ਬੇਨਤੀ ਕਰਦਾ ਹਾਂ ਕਿ ਜਿਥੇ ਸਾਡੀ ਸਰਕਾਰ ਨੇ ਐਨੇ ਕੰਮ ਕੀਤੇ ਹਨ ਤਾਂ ਮੈਂ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਜਦੋਂ ਮੈਂ ਪਿਛਲੀ ਵਾਰੀ ਮੈਂਬਰ ਸੀ ਤਾਂ ਮੇਰੇ ਇਲਾਕੇ ਵਿੱਚ ਤਿੰਨ ਦਫਾ ਹੜ੍ਹ ਆਏ। ਮੈਂ ਅਕਾਲੀ ਜਨਤਾ ਸਰਕਾਰ ਨੂੰ ਲਿਖ ਲਿਖ ਕੇ ਕਹਿੰਦਾ ਰਿਹਾ, ਜਿਨ੍ਹਾਂ ਦੀ ਏਜੰਟੀ ਚੋਪੜਾ ਸਾਹਿਬ ਕਰਦੇ ਰਹੇ ਹਨ ਕਿ ਮੇਰੇ ਹਲਕੇ ਵਿੱਚ ਤਬਾਹੀ ਹੋ ਰਹੀ ਹੈ, ਪੀਣ ਵਾਲਾ ਪਾਣੀ ਨਹੀਂ ਮਿਲਦਾ। ਉਸ ਵੇਲੇ ਕੋਈ ਗੌਰ ਨਹੀਂ ਕੀਤੀ ਗਈ। ਸੇਖਵਾਂ ਸਾਹਿਬ ਮੇਰੇ ਹਮਦਰਦ ਰਹੇ ਹਨ। ਮੈਂ ਇਨ੍ਹਾਂ ਦਾ ਬੜਾ ਮਸ਼ਕੂਰ ਹਾਂ ਕਿ ਮੇਰੇ ਹਲਕੇ ਵਿੱਚ ਬਲਾਕ ਖੋਲ੍ਹ ਦਿੱਤਾ ਪਰ ਉਥੇ ਨਾਲ ਹੀ ਫੋਕਲ ਪੁਆਇੰਟ ਵੀ ਬਣਾ ਦਿੱਤਾ। ਇਹ ਫੋਕਲ ਪੁਆਇੰਟ ਦੇ ਬਣਨ ਨਾਲ ਲੋਕਾਂ ਦਾ ਬੇੜਾ ਗਰਕ ਹੋਇਆ। ਖੈਰ ਮੈਂ ਇਸ ਵਲ ਗੱਲ ਨਹੀਂ ਜਾਂਦਾ। ਮੈਂ ਬੇਨਤੀ ਕਰਾਂਗਾ ਕਿ 1966 ਵਿੱਚ ਜਿਸ ਵੇਲੇ ਸਾਡੀ ਸਰਕਾਰ ਨੇ ਇਥੇ ਪਾਣੀ ਦੀ ਮੁਹਿੰਮ ਸ਼ੁਰੂ ਕੀਤੀ ਸੀ, ਕਮ-ਅਜ਼-ਕਮ 8700 ਦੇਹਾਤਾਂ ਵਿੱਚ ਖੂਹ ਲਵਾ ਕੇ ਵਾਟਰ ਸਪਲਾਈ ਦਾ ਸਿਸਟਮ ਕਾਇਮ ਕਰਕੇ ਲੋਕਾਂ ਨੂੰ ਪੀਣ ਵਾਸਤੇ ਪਾਣੀ ਦਿੱਤਾ, ਨਹਿਰਾਂ ਦਿੱਤੀਆਂ। ਪੰਡਿਤ ਜੀ ਨੇ ਭਾਖੜਾ ਡੈਮ ਜਿਹੜਾ ਕਿ ਬਹੁਤ ਵੱਡਾ ਮੰਦਰ ਬਣਾਇਆ ਹਿੰਦੁਸਤਾਨ ਨੂੰ ਸੈਰਾਬ ਕਰਨ ਵਾਸਤੇ, ਹਿੰਦੁਸਤਾਨ ਦੀ ਬਹਿਬੂਦੀ ਵਾਸਤੇ, ਇਹ ਬੜਾ ਉੱਚਾ ਕੰਮ ਕੀਤਾ। ਅੱਜ ਵੀ ਦੁਨੀਆਂ ਇਸ ਗਲ ਦਾ ਲੋਹਾ ਮੰਨਦੀ ਹੈ। ਅਗਰ ਪੰਡਿਤ ਜੀ ਉਸ ਵੇਲੇ ਇਹ ਕੰਮ ਨਾ ਕਰਦੇ ਤਾਂ ਹਿੰਦੁਸਤਾਨ ਦੀ ਕੀ ਹਾਲਤ ਅੱਜ ਹੁੰਦੀ ? ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਦੇ ਬਾਅਦ ਮਾਧੋਪੁਰ ਹੈਡਵਰਕਸ 1962 ਵਿੱਚ ਇੱਕ ਨਹਿਰ ਪੁੱਟੀ ਗਈ। ਇਹ ਨਹਿਰ ਸਾਡੇ ਡਿਸਟ੍ਰਿਕਟ ਤੋਂ ਲੈ ਕੇ ਲਾਹੌਰ ਤਕ ਜਿਤਨਾ ਇਲਾਕਾ ਸੀ, ਆਜ਼ਾਦੀ ਤੋਂ ਪਹਿਲਾਂ ਉਸ ਨੂੰ ਅਤੇ ਡਵੀਜ਼ਨ ਤੋਂ ਬਾਅਦ ਪੰਜਾਬ ਦੇ ਇਲਾਕੇ ਨੂੰ ਸੈਰਾਬ ਕਰਦੀ ਰਹੀ ਹੈ। ਬਹੁਤ ਸਾਰਾ ਕੰਮ ਕੀਤਾ।

ਲੇਕਿਨ ਇਸ ਦੇ ਇਲਾਵਾ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਭ ਕੁਝ ਹੁੰਦਿਆਂ ਹੋਇਆਂ ਵੀ ਮੈਂ ਸਮਝਦਾ ਹਾਂ ਕਿ ਅਜੇ ਤਕ ਜਿਤਨਾ ਕੰਮ ਸਰਕਾਰ ਨੂੰ ਕਰਨਾ ਚਾਹੀਦਾ ਸੀ ਉਹ ਨਹੀਂ ਹੋਇਆ। ਹੁਣ ਸਾਡੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਤੇਜ਼ੀ ਨਾਲ ਕੰਮ ਸ਼ੁਰੂ ਕੀਤਾ ਹੈ। ਮੈਂ ਇਨ੍ਹਾਂ ਨੂੰ ਮਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਸਰਦਾਰ ਦਰਸ਼ਨ ਸਿੰਘ ਕੇ.ਪੀ. ਸਾਹਿਬ ਨੂੰ ਪਬਲਿਕ ਹੈਲਥ ਦੇ ਮਹਿਕਮੇਂ ਦੇ ਕੇ ਇਕ ਪੱਨ ਦਾ ਕੰਮ ਕੀਤਾ ਹੈ। ਇਨ੍ਹਾਂ ਨੇ ਮੇਰੇ ਹਲਕੇ ਵਿਚ ਜਾ ਕੇ ਵੇਖਿਆ। ਜਿਥੇ ਜਿਥੇ ਟਿਊਬਵੈਲ ਨਹੀਂ ਸਨ ਉਨ੍ਹਾਂ ਨੇ ਕਿਹਾ ਹੈ ਕਿ ਜਿਥੇ ਜਿਥੇ ਪਾਣੀ ਨਹੀਂ ਹੈ, ਕੰਡੀ ਦੇ ਏਰੀਆ ਦੇ ਵਿਚ ਉਥੇ ਉਥੇ ਛੇ ਮਹੀਨੇ ਦੇ ਅੰਦਰ ਅੰਦਰ ਟਿਊਬਵੈਲ ਲਗਣੇ ਚਾਹੀਦੇ ਹਨ। ਇਰੀਗੇਸ਼ਨ ਮਨਿਸਟਰ ਸਾਮੰਝ ਇਥੇ ਬੈਠੇ ਨਹੀਂ ਹਨ। ਸਾਨੂੰ ਦਿਕਤ ਹੈ। ਉਥੇ ਸਾਡੇ ਇਲਾਕੇ ਵਿਚ ਲਿਫਟ ਇਰੀਗੇਸ਼ਨ ਦੀ ਸਕੀਮ ਦੇ ਨਾਲ ਪਾਣੀ ਮਿਲਦਾ ਹੈ। ਉਥੇ 14 ਮੋਟਰਾਂ ਲਗੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਇਸ ਵੇਲੇ ਸਿਰਫ ਦੋ ਮੋਟਰਾਂ ਹੀ ਕੰਮ ਕਰਦੀਆਂ ਹਨ। 12 ਮੋਟਰਾਂ ਬਿਲਕੁਲ ਤਬਾਹ ਹੋ ਚੁਕੀਆਂ ਹਨ, ਉਹ ਕੰਮ ਨਹੀਂ ਕਰਦੀਆਂ, ਜਿਸ ਦੀ ਵਜਾਹ ਨਾਲ ਕੰਡੀ ਦਾ ਏਰੀਆ ਸੈਰਾਬ

Original with;
Punjab Vidhan Sabha
Digitized by;
Panjab Digital Library

ਨਹੀਂ ਹੁੰਦਾ ਔਰ ਫਸਲ ਤਬਾਹ ਹੁੰਦੀ ਹੈ ਔਰ ਗਰੀਬ ਕਿਸਾਨ ਜਿਹੜੇ ਹਨ ਉਨ੍ਹਾਂ ਨੂੰ ਬਹੁਤ ਦਿੱਕਤ ਆਉਂਦੀ ਹੈ।

ਇਸ ਤਰ੍ਹਾਂ ਹੀ, ਚੇਅਰਮੈਨ ਸਾਹਿਬ, ਮੇਰੇ ਇਲਾਕੇ ਵਿਚ ਕੁਝ ਬੇਟ ਦੇ ਪਿੰਡ ਵੀ ਹਨ ਉਹ ਕੋਈ 27 ਪਿੰਡ ਐਸੇ ਹਨ। ਉਨ੍ਹਾਂ ਪਿੰਡਾਂ ਵਿਚ ਪਾਣੀ ਨਹੀਂ ਹੈ। ਮੈਂ ਦੋ ਤਿੰਨ ਵਾਰੀ ਅਗੇ ਵੀ ਸਰਕਾਰ ਪਾਸ ਤਜਵੀਜ਼ ਰਖੀ ਹੈ। ਸਰਦਾਰ ਦਰਬਾਰਾ ਸਿੰਘ ਜੀ ਨੇ ਰਹਿਮਦਿਲੀ ਕਰਕੇ ਜਰਮਨ ਟਿਊਬਵੈਲ ਕਾਰਪੋਰੇਸ਼ਨ ਵਾਲਿਆਂ ਨਾਲ ਗੱਲ ਬਾਤ ਕੀਤੀ ਹੈ। ਮੈਂ ਸਮਝਦਾ ਹਾਂ ਕਿ ਪਬਲਿਕ ਹੈਲਥ ਮਨਿਸਟਰ ਸਾਹਿਬ ਬੈਠੇ ਹਨ। ਅਗਰ ਇਹ ਧਿਆਨ ਦੇਣ ਤਾਂ ਉਨ੍ਹਾਂ 27 ਪਿੰਡਾਂ ਨੂੰ ਸਬਜ਼ ਕੀਤਾ ਜਾ ਸਕਦਾ ਹੈ। ਇਹ ਜਲਦੀ ਤੋਂ ਜਲਦੀ ਕੋਸ਼ਿਸ਼ ਕਰਕੇ ਜਰਮਨ ਟਿਊਬਵੈਲ ਕਾਰਪੋਰੇਸ਼ਨ ਨਾਲ ਗਲ ਬਾਤ ਕਰਕੇ ਇਸ ਸਕੀਮ ਨੂੰ ਸਿਰੇ ਚੜ੍ਹਾਉਣ ਤਾਂ ਉਨ੍ਹਾਂ ਲੋਕਾਂ ਨੂੰ ਪਾਣੀ ਮਿਲ ਸਕਦਾ ਹੈ। ਉਹ ਲੋਕ ਇਹ ਮਹਿਸੂਸ ਕਰਨ ਕਿ ਅਸੀਂ ਵੀ ਆਜ਼ਾਦ ਹਿੰਦੁਸਤਾਨ ਵਿਚ ਵਸਦੇ ਹਾਂ। ਇਸ ਵੇਲੇ ਉਨ੍ਹਾਂ ਗਰੀਬਾਂ ਦੀ ਬੁਰੀ ਹਾਲਤ ਹੈ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਪ੍ਰਮਾਤਮਾ ਨੇ ਤੁਹਾਨੂੰ ਇਖਤਿਆਰ ਦਿਤੇ ਹਨ, ਤੁਸੀਂ ਇਸ ਪਾਸੇ ਖਾਸ ਤਵੱਜੋ ਦਿਓ। ਇਕ ਸ਼ੇਅਰ ਆਉਂਦਾ ਹੈ :—

"ਮੁਨਾਸਿਬ ਹੈ ਕਿ ਬੰਦਾ-ਪਰਵਰੀ, ਬੰਦਾ- ਨਵਾਜ਼ੀ ਕਰ,
ਜੋ ਤੁਝ ਸੇਹੋ ਸਕੇ ਤੋ ਖਲਕਤ ਕੀ ਖਿਦਮਤ-ਗੁਜ਼ਾਰੀ ਕਰ,
ਅਗਰ ਐਸਾ ਕਰੋਗੇ ਤੋਂ ਖੁਦਾ ਸਮਰ ਦੇਗਾ, ਵਹੀ ਦਾਮਨ ਤੇਰਾ
ਉਮੀਦ ਕੇ ਫੂਲੋਂ ਸੇ ਭਰ ਦੇਗਾ।"

ਮੈਂ ਬੇਨਤੀ ਕਰਦਾ ਹਾਂ ਕਿ ਤੁਹਾਨੂੰ ਪਰਮਾਤਮਾ ਨੇ ਇਖਤਿਆਰ ਦਿਤੇ ਹਨ। ਮੇਰਾ ਇਲਾਕਾ ਬੜਾ ਹੀ ਪਸਮਾਂਦਾ ਇਲਾਕਾ ਹੈ। ਨਾਲ ਹੀ ਕੰਡੀ ਦਾ ਏਰੀਆ ਹੈ। ਚੇਅਰਮੈਨ ਸਾਹਿਬ, ਤੁਹਾਡੇ ਜ਼ਰੀਏ ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਨੌਜਵਾਨ ਲੜਕੀਆਂ ਜਦੋਂ ਮਟਕੇ ਸਿਰਾਂ ਤੇ ਚੁੱਕ ਕੇ ਪਾਣੀ ਲੈਣ ਦੂਰ ਦੂਰ ਜਾਂਦੀਆਂ ਹਨ ਤਾਂ ਸਾਨੂੰ ਸ਼ਰਮ ਆਉਂਦੀ ਹੈ। ਇਸ ਲਈ ਮੈਂ ਇਹ ਬਾਰ ਬਾਰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵੱਲ ਤਵੱਜੋ ਦਿਓ। ਇਸ ਤਰ੍ਹਾਂ ਦੇ 27 ਪਿੰਡ ਹਨ ਜਿਨ੍ਹਾਂ ਨੂੰ ਪੀਣ ਲਈ ਪਾਣੀ ਨਹੀਂ ਮਿਲਦਾ। ਉਨ੍ਹਾਂ ਵਿਚੋਂ ਕੁਝ ਇਕ ਦੇ ਮੈਂ ਨਾਉਂ ਦੱਸ ਦਿੰਦਾ ਹਾਂ। ਦਰੰਗਖੰਡ, ਭੱਬਰ, ਬਾਸਾ ਕੋਟ, ਕਲੰਗ, ਟੀਕਾ ਜਾਤ ਤੀਰਹਾੜੀ ਵਗੈਰਾ ਵਗੈਰਾ। ਜੇਕਰ ਉਨ੍ਹਾਂ ਪਿੰਡਾਂ ਵਾਸਤੇ ਤਿੰਨ ਚਾਰ ਟਿਊਬਵੈਲ ਲਗ ਜਾਣ ਤਾਂ ਉਨ੍ਹਾਂ ਪਿੰਡਾਂ ਨੂੰ ਪੀਣ ਵਾਲਾ ਪਾਣੀ ਮਿਲ ਸਕਦਾ ਹੈ। ਚੇਅਰਮੈਨ ਸਾਹਿਬ, ਮੇਰੇ ਹਲਕੇ ਵਿਚ ਬਹੁਤ ਸਾਰੇ ਸਕੂਲ ਐਸੇ ਹਨ ਜਿਨ੍ਹਾਂ ਵਿਚ ਨਲਕੇ ਨਹੀਂ ਹਨ ਔਰ ਬੱਚਿਆਂ ਨੂੰ ਪਾਣੀ ਪੀਣ ਲਈ ਆਪਣੇ ਘਰਾਂ ਨੂੰ ਜਾਣਾ ਪੈਂਦਾ ਹੈ। ਇਸ ਤਰ੍ਹਾਂ ਜਦੋਂ ਉਹ ਬੱਚੇ ਪਾਣੀ ਪੀਣ ਘਰਾਂ ਨੂੰ ਜਾਂਦੇ ਹਨ ਤਾਂ ਵਾਪਿਸ ਨਹੀਂ ਆਉਂਦੇ ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਵੀ ਨੁਕਸਾਨ ਹੁੰਦਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਪੀਣ ਵਾਲਾ ਪਾਣੀ ਦੇਣ ਦੇ ਵਾਸਤੇ ਸਕੂਲਾਂ ਵਿਚ ਨਲਕੇ ਲਗਣੇ ਚਾਹੀਦੇ ਹਨ। ਇਸ ਵੇਲੇ ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ। ਉਹ ਅਗਰ ਮਾਸਟਰਾਂ ਔਰ ਹੈਡਮਾਸਟਰਾਂ ਨੂੰ ਜਿਹੜੇ ਕਿ ਉਨ੍ਹਾਂ ਸਕੂਲਾਂ ਦੇ ਇਨਚਾਰਜ ਹਨ ਕਹਿ ਦੇਣ, ਉਨ੍ਹਾਂ ਤੇ ਦਬਾ ਪਾਉਣ ਤਾਂ ਉਹ ਹੀ ਆਪਣੇ ਆਪਣੇ ਸਕੂਲਾਂ ਵਿਚ ਨਲਕੇ ਲਗਵਾ ਸਕਦੇ ਹਨ। ਅਗਰ ਨਲਕੇ ਲਗ ਜਾਣ ਤਾਂ ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਵਿਚ ਵੀ ਸੁਧਾਰ ਹੋ ਸਕਦਾ ਹੈ, ਉਹ ਬੱਚੇ ਚੰਗੀ ਤਰ੍ਹਾਂ ਪੜ੍ਹ ਸਕਦੇ ਹਨ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਚਮਨ ਲਾਲ]

ਚੇਅਰਮੈਨ ਸਾਹਿਬ, ਮੇਰੇ ਹਲਕੇ ਵਿਚ ਰਾਵੀ ਔਰ ਬਿਆਸ ਦੋਆਂ ਦਰਿਆਵਾਂ ਦਾ ਪਾਣੀ ਆ ਕੇ ਮਿਲਦਾ ਹੈ ਔਰ ਛੇ ਮਹੀਨੇ ਦੇ ਬਾਅਦ ਉਥੇ ਇਲਾਕੇ ਦੀ ਜ਼ਮੀਨ ਨੂੰ ਢਾਹ ਲਗਦੀ ਹੈ, ਤੁਗਿਆਨੀ ਆਉਂਦੀ ਹੈ, ਔਰ ਤਬਾਹੀ ਹੁੰਦੀ ਹੈ। ਉਥੇ ਪੱਥਰ ਦੇ ਸਪੱਰ ਬਣਾਏ ਜਾਣ ਤਾਂ ਉਹ ਤਬਾਹੀ ਰੁੱਕ ਸਕਦੀ ਹੈ। ਤਿੰਨ ਪਿੰਡ ਇਸ ਸਾਲ ਵੀ ਤੁਗਿਆਨੀ ਨਾਲ ਤਬਾਹ ਅਤੇ ਬਰਬਾਦ ਹੋ ਗਏ ਹਨ। ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਡਰੇਨੇਜ ਡਿਪਾਰਟਮੈਂਟ ਨੂੰ ਹਦਾਇਤ ਕਰਨ ਕਿ ਉਹ ਵਾਰ ਫੁਟਿੰਗ ਤੇ ਇਸ ਕੰਮ ਨੂੰ ਕਰਨ। ਤਿੰਨ ਪਿੰਡ ਇਸ ਸਾਲ ਤਬਾਹ ਹੋ ਗਏ ਹਨ ਔਰ ਜ਼ਮੀਨ ਪਾਣੀ ਦੀ ਜ਼ਦ ਵਿਚ ਆ ਗਈ ਹੈ। ਇਸ ਲਈ ਮੇਹਰਬਾਨੀ ਕਰਕੇ ਉਨ੍ਹਾਂ ਪਿੰਡਾਂ ਵਿਚ ਦਰਿਆਵਾਂ ਨੂੰ ਕੰਟਰੋਲ ਕੀਤਾ ਜਾਵੇ ਤਾਂਕਿ ਉਥੇ ਲੋਕ ਬਚ ਸਕਣ।

ਚੇਅਰਮੈਨ ਸਾਹਿਬ, ਮੈਂ ਥੋੜੀ ਜਿਹੀ ਹੋਰ ਬੇਨਤੀ ਕਰਨੀ ਹੈ ਕਿ ਮੇਰੇ ਕੁਝ ਇਲਾਕੇ ਵਿਚ ਐਸੇ ਗ਼ਰੀਬ ਲੋਕ ਹਨ ਜਿਨ੍ਹਾਂ ਨੂੰ ਭਿੰਨ-ਭਿੰਨ , ਚਾਰ-ਚਾਰ ਮੀਲਾਂ ਤੋਂ ਪਾਣੀ ਲਿਆਣਾ ਪੈਂਦਾ ਹੈ। ਅਗਰ ਉਸ ਇਲਾਕੇ ਵਿਚ ਇਕ ਇਕ ਟਿਊਬਵੈਲ ਲਗ ਜਾਵੇ ਤਾਂ ਉਸ ਨਾਲ ਲੋਕਾਂ ਨੂੰ ਪਾਣੀ ਮਿਲ ਸਕਦਾ ਹੈ। ਉਥੇ ਚਾਰ-ਚਾਰ, ਪੰਜ-ਪੰਜ ਸੌ ਫੁਟ ਗਹਿਰਾਈ ਤੇ ਪਾਣੀ ਹੈ। ਉਥੇ ਦੇ ਜ਼ਿੰਮੀਂਦਾਰਾਂ ਨੇ 50/50 ਹਜ਼ਾਰ ਰੁਪਏ ਇਕੱਠੇ ਕਰਕੇ ਟਿਊਬਵੈਲ ਲਗਾਏ ਸਨ ਲੇਕਿਨ ਉਹ ਫੇਲ੍ਹ ਹੋ ਗਏ ਹਨ। ਲੋਕਾਂ ਨੇ ਕੋਸ਼ਿਸ਼ ਕੀਤੀ ਸੀ ਕਿ ਪੀਣ ਵਾਲਾ ਪਾਣੀ ਮਿਲ ਸਕੇ ਲੇਕਿਨ ਉਹ ਸਕੀਮ ਉਨ੍ਹਾਂ ਦੀ ਫੇਲ੍ਹ ਹੋ ਗਈ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਟਿਊਬਵੈਲ ਕਾਰਪੋਰੇਸ਼ਨ ਨਾਲ ਗਲ ਕਰਕੇ, ਪੈਸੇ ਦੇ ਕੇ ਇਹ ਕੰਮ ਸਿਰੇ ਚਾੜ੍ਹਨਾ ਚਾਹੀਦਾ ਹੈ। ਇਹ 27 ਪਿੰਡ ਹਨ ਜਿਨ੍ਹਾਂ ਵਿਚ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ। ਉਨ੍ਹਾਂ ਵਿਚੋਂ ਕੁਝ ਇਕ ਦੇ ਮੈਂ ਨਾਉਂ ਵੀ ਦਸ ਦਿੱਤੇ ਹਨ। ਇਸ ਲਈ ਮੈਂ ਫਿਰ ਬੇਨਤੀ ਕਰਦਾ ਹਾਂ ਕਿ ਉਥੇ ਸਰਕਾਰ ਜਲਦੀ ਤੋਂ ਜਲਦੀ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰੇ। (ਘੰਟੀ) ਚੇਅਰਮੈਨ ਸਾਹਿਬ, ਮੈਂ ਬਹੁਤ ਜ਼ਿਆਦਾ ਨਹੀਂ ਕਹਿੰਦਾ। ਜਿਸ ਤਰ੍ਹਾਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਤਹੱਈਆ ਕੀਤਾ ਹੈ ਕਿ ਇਸ ਮਸਲੇ ਨੂੰ ਹੱਲ ਕਰਨਾ ਹੈ, ਮੈਂ ਸਮਝਦਾ ਹਾਂ ਉਹ ਜਲਦੀ ਹੀ ਲੋਕਾਂ ਦੀ ਇਸ ਤਕਲੀਫ ਨੂੰ ਦੂਰ ਕਰਨ ਵਾਸਤੇ ਸੋਚ ਵਿਚਾਰ ਕਰਕੇ, ਟਿਊਬਵੈਲ ਕਾਰਪੋਰੇਸ਼ਨ ਵਾਲਿਆਂ ਨਾਲ ਖਤੋਖਿਤਾਬਤ ਕਰਕੇ ਇਸ ਸਕੀਮ ਨੂੰ ਸਿਰੇ ਚੜ੍ਹਾਉਣਗੇ। ਤੁਹਾਡੇ ਰਾਹੀਂ ਮੈਂ ਇਹ ਬੇਨਤੀ ਕਰਾਂਗਾ ਕਿ ਅਗਰ ਹੋਰ ਵੀ ਛੇਤੀ ਹੋ ਜਾਵੇ ਤਾਂ ਮੈਂ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦੀ ਹੋਵਾਂਗਾ ਔਰ ਲੋਕ ਇਨ੍ਹਾਂ ਦਾ ਧੰਨਵਾਦ ਕਰਨਗੇ।

ਚੇਅਰਮੈਨ ਸਾਹਿਬ, ਆਬਪਾਸ਼ੀ ਬਾਰੇ ਵੀ ਮੈਂ ਇਹ ਬੇਨਤੀ ਕਰਦਾ ਹਾਂ ਕਿ ਅੱਠ ਐਸੇ ਪਿੰਡ ਹਨ ਜਿਥੇ ਆਬਪਾਸ਼ੀ ਲਈ ਪਾਣੀ ਨਹੀਂ ਮਿਲਦਾ। ਉਹ ਪਿੰਡ ਹਨ ਸਿੰਬਲੀ, ਚੌਹਾਨ ਗੁੜਾ, ਗਿਆਲਾ ਵਗੈਰਾ ਵਗੈਰਾ। ਇਨ੍ਹਾਂ ਅੱਠਾਂ ਪਿੰਡਾਂ ਲਈ ਆਬਪਾਸ਼ੀ ਵਾਸਤੇ ਪਾਣੀ ਦਾ ਵੀ ਸਰਕਾਰ ਛੇਤੀ ਪ੍ਰਬੰਧ ਕਰੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ। (ਇਸ ਸਮੇ ਮਾਨਯੋਗ ਮੈਂਬਰ ਜਥੇਦਾਰ ਉਜਾਗਰ ਸਿੰਘ ਸੇਖਵਾਂ ਜੀ ਅਤੇ ਕਾਮਰੇਡ ਸੋਹਣ ਸਿੰਘ ਜੀ ਬੋਲਣ ਲਈ ਖੜ੍ਹੇ ਹੋਏ।)

ਸ਼੍ਰੀ ਸਭਾਪਤੀ : ਸੇਖਵਾਂ ਸਾਹਿਬ ਤੁਸੀਂ ਬੋਲੋ ਜੀ। ਕਾਮਰੇਡ ਸਾਹਿਬ, ਤੁਸੀਂ ਇਨ੍ਹਾਂ ਤੋਂ ਬਾਅਦ ਬੋਲਣਾ ਹੈ।

ਜਥੇਦਾਰ ਉਜਾਗਰ ਸਿੰਘ ਸੇਖਵਾਂ (ਕਾਹਨੂੰਵਾਨ) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਜੋਗਿੰਦਰ ਨਾਥ ਜੀ ਨੇ ਲਿਆਂਦਾ ਹੈ ਇਸ ਮਤੇ ਵਿਚ ਕਿਹਾ ਗਿਆ ਹੈ ਕਿ ਧਰਤੀ ਹੇਠਲੇ ਪਾਣੀ ਦੀ

Original with;
Punjab Vidhan Sabha
Digitized by;
Panjab Digital Library

ਜ਼ੋਰਦਾਰ ਢੰਗ ਨਾਲ ਹੋਰ ਵਧੇਰੀ ਵਰਤੋਂ ਕਰਨ ਦੇ ਮਦੇ-ਨਜ਼ਰ ਇਹ ਸਦਨ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਨੈਸ਼ਨਲ ਪ੍ਰੋਗਰਾਮ ਹੇਠ ਰਾਜ ਦੇ ਆਉਣ ਵਾਲੇ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦਾ ਉਪਬੰਧ ਕਰਨ ਵਾਸਤੇ ਵਿਸਥਾਰ ਪੂਰਵਕ ਸਰਵੇਖਣ ਕਰਕੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਨ ਲਈ ਹੋਰ ਕਾਰਵਾਈ ਕਰੇ।

ਇਸ ਮਤੇ ਦੇ ਬੜੇ ਭਾਰੀ ਪੱਖ ਹਨ। ਧਰਤੀ ਦੇ ਥਲੇ ਪਾਣੀ ਕਈ ਕਿਸਮ ਦਾ ਹੈ। ਅਜ-ਨਾਲਾ ਸਾਹਿਬ ਬੈਠੇ ਹਨ। ਉਨ੍ਹਾਂ ਦੇ ਹਲਕੇ ਦੇ ਅੰਦਰ ਇਕ ਏਰੀਆ ਹੈ ਜਿਸ ਦਾ ਨਾਮ ਹੈ ਖਾਰਾ-ਮਾਝਾ। ਉਸ ਧਰਤੀ ਥਲੇ ਜਿਹੜਾ ਪਾਣੀ ਹੈ ਉਹ ਪਾਣੀ ਪੀਣ ਵਾਲਾ ਨਹੀਂ ਹੈ। ਉਹ ਵਰਤਣ ਵਾਲਾ ਨਹੀਂ ਹੈ। ਉਹ ਨੁਕਸਾਨ ਕਰਨ ਵਾਲਾ ਪਾਣੀ ਹੈ। ਪਰ ਜਿਸ ਨੀਤੀ ਨਾਲ ਇਹ ਰੈਜ਼ੋ-ਲਿਊਸ਼ਨ ਲਿਆਂਦਾ ਗਿਆ ਹੈ ਉਹ ਦਸਦੀ ਹੈ ਕਿ ਲੋਕਾਂ ਦੇ ਭਲੇ ਵਾਸਤੇ ਖੋਜ ਕੀਤੀ ਜਾਵੇ ਅੰਰ ਧਰਤੀ ਦੇ ਥਲੇ ਜੋ ਪਾਣੀ ਦਾ ਦਰਿਆ ਜਾਂ ਸਮੁੰਦਰ ਚਲ ਰਿਹਾ ਹੈ, ਉਸ ਪਾਣੀ ਨੂੰ ਚੁੱਕ ਕੇ ਧਰਤੀ ਉਪਰ ਲਿਆਂਦਾ ਜਾਵੇ ਅੰਰ ਧਰਤੀ ਉਪਰਲੀਆਂ ਫਸਲਾਂ ਨੂੰ ਦਰਖਤਾਂ ਨੂੰ, ਬਾਗਾਂ ਨੂੰ, ਸਬਜ਼ੀਆਂ ਨੂੰ ਤੇ ਹੋਰ ਦੂਜੀਆਂ ਚੀਜ਼ਾਂ ਨੂੰ ਜੋ ਪਾਣੀ ਦੀ ਲੋੜ ਹੈ ਉਸ ਲੋੜ ਨੂੰ ਪੂਰਾ ਕਰਨ ਵਾਸਤੇ ਕੋਈ ਢੰਗ, ਸਾਇੰਸ ਦਾ ਢੰਗ ਲਭ ਕੇ, ਉਸ ਪਾਣੀ ਦੀ ਸਹੀ ਵਰਤੋਂ ਕੀਤੀ ਜਾਵੇ। ਚੇਅਰਮੈਨ ਸਾਹਿਬ, ਇਸ ਲਈ ਬਹੁਤ ਢੰਗ ਵਰਤੇ ਜਾਂਦੇ ਰਹੇ ਹਨ ਕਿ ਪਾਣੀ ਦੀ ਵਰਤੋਂ ਕਿਵੇਂ ਕਰੀਏ। ਬਹੁਤ ਸਾਰੇ, ਸਾਡੇ ਦੇਸ਼ ਦੇ ਹਿਸੇ ਵਿਚ ਅਤੇ ਪੰਜਾਬ ਦੇ ਹਿਸੇ ਵਿਚ ਅਤੇ ਬਾਹਰਲੇ ਸੂਬਿਆਂ ਵਿਚ ਹੋਰ ਵੀ ਜ਼ਿਆਦਾ ਇਹ ਢੰਗ ਰਿਹਾ ਹੈ ਕਿ ਅਸੀਂ ਬਾਰਸ਼ ਦੇ ਪਾਣੀ ਨੂੰ ਇਕ ਥਾਂ ਇਕਠਾ ਕਰਕੇ ਸਾਡੇ ਤਾਂ ਉਸ ਨੂੰ ਛਪਰ ਕਹਿ ਦਿੰਦੇ ਹਨ ਅਤੇ ਕਈ ਜਗ੍ਹਾਂ ਇਸ ਨੂੰ ਬੰਦੀ ਡਿਗੀ ਕਹਿੰਦੇ ਹਨ, ਇਸ ਤਰੀਕੇ ਨਾਲ ਪਾਣੀ ਇਕੱਠਾ ਕਰਕੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦੇ ਰਹੇ। ਪਰ ਬਾਅਦ ਵਿਚ ਜਿਵੇਂ ਜਿਵੇਂ ਸਮਾਂ ਅਗੇ ਵਧਿਆ ਲੋਕਾਂ ਨੇ ਆਪਣੀ ਹਿਮਤ ਨਾਲ ਆਪਣੇ ਪਿੰਡਾਂ ਵਿਚ ਟੋਏ ਪੁੱਟ ਲਏ ਅਤੇ ਉਨ੍ਹਾਂ ਟੋਇਆਂ ਵਿਚੋਂ ਪਾਣੀ ਕਢ ਕੇ ਆਪਣੀ ਜ਼ਿੰਦਗੀ ਦੀ ਪਾਲਣਾ ਕਰਦੇ ਰਹੇ। ਇਸ ਤੋਂ ਬਾਅਦ ਲੋਕਾਂ ਨੇ ਆਪਣੇ ਨਗਰਾਂ ਵਿਚ ਖੂਹ ਲਾ ਲਏ ਅਤੇ ਉਸ ਤੋਂ ਪਾਣੀ ਕਢ ਕੇ ਆਪਣੀਆਂ ਫਸਲਾਂ ਪਾਲਦੇ ਰਹੇ, ਅੰਰ ਸਬਜ਼ੀਆਂ ਅਤੇ ਬਾਗ ਲਾਉਣੇ ਸ਼ੁਰੂ ਕਰ ਦਿਤੇ। ਪਰ ਇਸ ਤੋਂ ਬਾਅਦ ਆਹਿਸਤਾ ਆਹਿਸਤਾ ਤਰੱਕੀ ਹੋਈ ਤਾਂ ਅੱਜ ਇਥੇ ਕੋਈ ਟਿਊਬਵੈਲ ਕਾਰਪੋਰੇਸ਼ਨ ਬਣ ਗਈ, ਅਤੇ ਕਈ ਨਹਿਰ ਦੇ ਵੱਡੇ ਵੱਡੇ ਮਹਿਕਮੇ ਬਣ ਗਏ, ਕਈ ਡਰੇਨਾਂ ਦੇ ਮਹਿਕਮੇ ਬਣ ਗਏ ਅਤੇ ਉਨ੍ਹਾਂ ਵਿਚ ਅੱਜ ਵੱਡੇ ਵੱਡੇ ਅਫ਼ਸਰ ਅਤੇ ਚੀਫ਼ ਇੰਜੀਨੀਅਰ ਕੰਮ ਕਰ ਰਹੇ ਹਨ। ਲੇਕਿਨ ਅੱਜ ਵੀ ਲੋੜ ਦੇ ਮੁਤਾਬਿਕ ਪਾਣੀ ਨਹੀਂ ਮਿਲ ਰਿਹਾ। ਜਦੋਂ ਇਹ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਆਇਆ ਤਾਂ ਇਥੇ ਇਹ ਗਲ ਚਲੀ ਕਿ ਲੋਕਾਂ ਦੀਆਂ ਲੋੜਾਂ ਮੰਗ ਕਰਦੀਆਂ ਹਨ ਕਿ ਪਾਣੀ ਦਾ ਪ੍ਰਬੰਧ ਠੀਕ ਕੀਤਾ ਜਾਵੇ ਅਤੇ ਲੋਕਾਂ ਨੂੰ ਲੋੜ ਦੇ ਮੁਤਾਬਿਕ ਉਨ੍ਹਾਂ ਦੀਆਂ ਫਸਲਾਂ ਅਤੇ ਬਾਗਾਂ ਨੂੰ ਪਾਣੀ ਦਿੱਤਾ ਜਾਵੇ। ਚੇਅਰਮੈਨ ਸਾਹਿਬ, ਕੁਝ ਏਰੀਆ ਐਸਾ ਹੈ ਜਿਹੜਾ ਡਰੇਨਾਂ ਨਾਲ ਠੀਕ ਹੋ ਸਕਦਾ ਹੈ। ਕੁਝ ਏਰੀਆ ਅੱਜੇ ਵੀ ਪੰਜਾਬ ਵਿਚ ਐਸਾ ਹੈ, ਜਿਵੇਂ ਕਿ ਮੇਰੇ ਹਲਕੇ ਦਾ ਏਰੀਆ ਹੈ। ਇਸ ਵੇਲੇ 4 ਵਜ਼ੀਰ ਇਥੇ ਬੈਠੇ ਹਨ। ਮੈਂ ਬੜੀ ਇਮਾਨਦਾਰੀ ਨਾਲ ਇਹ ਗਲ ਇਨ੍ਹਾਂ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ, ਜੋ ਨਾ ਤਾਂ ਮੇਰੇ ਹਿਤ ਵਿਚ ਹੈ ਨਾ ਕਿਸੇ ਹੋਰ ਦੇ ਹਿੱਤ ਵਿਚ ਹੈ ਪਰ ਇਹ ਸਾਡੇ ਮੁਲਕ ਦੇ ਹਿੱਤ ਵਿਚ ਹੈ, ਸਾਡੇ ਪੰਜਾਬ ਦੇ ਹਿੱਤ ਵਿਚ ਹੈ। ਜੇ ਇਹ ਗੱਲ ਮੇਰੀ ਨੋਟ ਕਰ ਲੈਣਗੇ ਅੰਰ ਅਮਲ ਕਰਨਗੇ ਤਾਂ ਵੀ ਇਨ੍ਹਾਂ ਦੀ ਮਰਜ਼ੀ ਅੰਰ ਜੇ ਨਹੀਂ ਅਮਲ ਕਰਨਗੇ ਤਾਂ ਵੀ ਇਨ੍ਹਾਂ ਦੀ ਮਰਜ਼ੀ। ਪਰ ਮੈਂ ਇਹ

Original with;
Punjab Vidhan Sabha
Digitized by
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਕਹਿੰਦਾ ਹਾਂ ਕਿ ਇਹ ਮੇਰੀ ਗਲ ਨੂੰ ਨੋਟ ਜ਼ਰੂਰ ਕਰ ਲੈਣ। ਚੇਅਰਮੈਨ ਸਾਹਿਬ, ਜਿਹੜੀ ਵੀ ਸਰਕਾਰ ਆਉਂਦੀ ਹੈ ਉਹ ਕੋਈ ਨਾ ਕੋਈ ਸਕੀਮ ਬਣਾਉਂਦੀ ਹੈ ਅੱਰ ਜਿਹੜੀ ਸਰਕਾਰ ਉਸ ਤੋਂ ਪਹਿਲੇ ਕੰਮ ਕਰਕੇ ਜਾਂਦੀ ਹੈ ਉਸ ਨੇ ਵੀ ਕਈ ਸਕੀਮਾਂ ਬਣਾਈਆਂ ਹੋਈਆਂ ਹੁੰਦੀਆਂ ਹਨ। ਪਰ ਸਾਡਾ ਇਹ ਰਿਵਾਜ ਬਣ ਗਿਆ ਹੈ ਕਿ ਜਿਹੜੀ ਵੀ ਨਵੀਂ ਸਰਕਾਰ ਆਏਗੀ ਉਹ ਨਵੇਂ ਕੰਮ ਕਰੇਗੀ ਅਤੇ ਪਿਛਲੇ ਕੰਮਾਂ ਨੂੰ ਰੋਕ ਦੇਏਗੀ। ਮੈਂ ਜਿਹੜੀ ਗਲ ਕਹਿਣ ਲਗਾ ਹਾਂ ਇਸ ਨੂੰ ਧਿਆਨ ਨਾਲ ਇਹ ਸੁਣ ਲੈਣ ਤਾਂ ਇਨ੍ਹਾਂ ਦਾ ਕਰੋੜਾਂ ਰੁਪਏ ਦਾ ਫਾਇਦਾ ਹੋ ਸਕਦਾ ਹੈ ਅੱਰ ਜੇ ਅਮਲ ਨਾ ਕੀਤਾ ਗਿਆ ਤਾਂ ਕਰੋੜਾਂ ਰੁਪਏ ਦਾ ਨੁਕਸਾਨ ਹੋ ਸਕਦਾ ਹੈ। ਇਸ ਸਬੰਧ ਵਿਚ ਮੈਂ ਕੋਈ ਪਾਰਟੀ ਦੇ ਤੌਰ ਤੇ ਜਾਂ ਜ਼ਾਤੀ ਦੇ ਤੌਰ ਤੇ ਗਲ ਬਿਲਕੁਲ ਨਹੀਂ ਕਰਨਾ ਚਾਹੁੰਦੀ। ਮੈਂ ਇਕ ਸਕੀਮ ਦਾ ਹਵਾਲਾ ਦਿੰਦਾ ਹਾਂ ਕਿ ਮੇਰਾ ਹਲਕਾ ਜਿਹੜਾ ਕਾਹਨੂਵਾਨ ਦਾ ਛੰਬ ਸਾਰੀ ਦੁਨੀਆਂ ਵਿਚ ਮੰਨਿਆ ਹੋਇਆ ਹੈ। ਜਦੋਂ ਮੁਗਲਾਂ ਦੇ ਰਾਜ ਵੇਲੇ ਮੇਰੇ ਜਿਹੜੇ ਭਰਾ ਕੌਮ ਦੀ ਰਖਿਆ ਲਈ ਸ਼ਹੀਦ ਹੋਏ ਸਨ ਤਾਂ ਪਹਿਲੇ ਤਾਂ ਉਨ੍ਹਾਂ ਨੂੰ ਘਲੂਘੇਰਾ ਵਿਚ ਪਾਈ ਰਖਿਆ ਪਰ ਉਸ ਤੋਂ ਬਾਅਦ ਜਿਹੜੇ ਬੰਦੇ ਸ਼ਹੀਦ ਹੋਣ ਤੋਂ ਬੱਚ ਗਏ ਉਨ੍ਹਾਂ ਨੂੰ ਇਸ ਕਾਹਨੂਵਾਨ ਦੇ ਛੰਬ ਵਿਚ ਇਕੱਠਾ ਕਰਕੇ ਚਾਰੇ ਪਾਸੇ ਅੱਗ ਲਾਕੇ ਸਾਰਿਆਂ ਨੂੰ ਇਕੱਠਾ ਹੀ ਮੁਕਾ ਦਿੱਤਾ। ਇਸ ਲਈ ਇਹ ਕਾਹਨੂਵਾਨ ਦਾ ਛੰਬ ਉਸ ਦਿਨ ਤੋਂ ਹਿਸਟਰੀ ਬਣ ਗਈ ਹੈ। (ਘੰਟੀ)

ਚੇਅਰਮੈਨ ਸਾਹਿਬ, ਮੈਂ ਜਲਦੀ ਹੀ ਆਪਣੀ ਗਲ ਕਹਿ ਕੇ ਖ਼ਤਮ ਕਰ ਦੇਵਾਂਗਾ ਅੱਰ ਜੇ ਤੁਹਾਨੂੰ ਮੇਰੀ ਗਲ ਮਾੜੀ ਲਗਦੀ ਹੈ ਤਾਂ ਮੈਂ ਨਹੀਂ ਕਹਿੰਦਾ। ਕੋਈ ਜ਼ਰੂਰੀ ਗਲ ਨਹੀਂ। ਮੈਂ ਬੈਠ ਜਾਂਦਾ ਹਾਂ।

ਸ਼੍ਰੀ ਸਭਾਪਤੀ : ਚਲੋ, ਤੁਸੀਂ ਬੋਲੋ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਬੇਨਤੀ ਹੈ ਕਿ ਉਥੇ ਇਕ ਮਾਸਟਰ ਪਲਾਨ ਮੇਰੇ ਹਲਕੇ ਵਿਚ ਬਣਾਈ ਗਈ ਸੀ। ਇਸ ਮਾਸਟਰ ਪਲਾਨ ਦੀ ਸਕੀਮ ਅੰਦਰ 4 ਕਾਂਸਟੀਚੁਐਂਸੀ ਪੈਂਦੀਆਂ ਹਨ ਇਕ ਦੀਨਾਂ ਨਗਰ, ਗੁਰਦਾਸਪੁਰ, ਕਾਹਨੂਵਾਨ ਅਤੇ ਸ਼੍ਰੀ ਹਰਗੋਬਿੰਦਪੁਰ। ਮੈਂ ਇਸ ਸਰਕਾਰ ਨੂੰ ਕਹਾਂਗਾ ਕਿ ਉਸ ਵੇਲੇ ਦੀਆਂ ਫਾਈਲਾਂ ਮੰਗਵਾ ਕੇ ਪੜ੍ਹ ਲੈਣ, ਜੇ ਮੈਂ ਝੂਠ ਬੋਲਦਾ ਹੋਵਾਂ ਤਾਂ ਜੋ ਮਰਜ਼ੀ ਆਏ ਮੈਨੂੰ ਸਜ਼ਾ ਦੇ ਦੇਣਾ। ਪਰ ਮੇਰੀ ਇਹ ਬੇਨਤੀ ਹੈ ਕਿ ਇਹ ਫਾਈਲ ਜ਼ਰੂਰ ਪੜ੍ਹ ਲੈਣ। ਉਹ ਸਕੀਮ ਇਹ ਸੀ ਕਿ ਉਸ ਏਰੀਆ ਵਿਚ ਜਿਹੜਾ ਪਾਣੀ ਨੁਕਸਾਨ ਕਰਦਾ ਸੀ ਉਸ ਨੂੰ ਦਰਿਆ ਵਿਚ ਸੁਟਿਆ ਜਾਣਾ ਸੀ। ਉਸ ਸਕੀਮ ਦਾ ਨਾਂ ਮਾਸਟਰ ਪਲਾਨ ਰਖਿਆ ਗਿਆ ਸੀ। ਇਸ ਕੰਮ ਵਾਸਤੇ ਪਹਿਲੇ ਉਥੇ 2 ਮਸ਼ੀਨਾਂ ਭੇਜੀਆਂ ਗਈਆਂ। ਫਿਰ 4 ਭੇਜੀਆਂ ਗਈਆਂ। ਅੱਰ ਡਰੇਨਾਂ ਜਿਹੜੀਆਂ ਸਨ ਪਹਿਲੇ ਉਹ 7 ਡਰੇਨਾਂ ਸਨ ਪਰ ਜਦੋਂ ਸਰਵੇਅ ਕੀਤਾ ਗਿਆ ਤਾਂ ਉਥੇ ਚੀਫ ਇੰਜੀਨੀਅਰ ਨੇ ਸਕੀਜ਼ ਬਣਾ ਕੇ 49 ਡਰੇਨਾਂ ਬਣਾ ਦਿੱਤੀਆਂ। ਜਦੋਂ ਇਹ 49 ਡਰੇਨਾਂ ਦੇ ਪੁੱਟਣ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਕਾਫੀ ਹਦ ਤਕ ਮੁਕੰਮਲ ਹੋਣ ਵਾਲਾ ਸੀ ਅੱਰ ਉਸ ਤੇ ਢਾਈ ਕਰੋੜ ਰੁਪਿਆ ਖਰਚ ਹੋ ਚੁੱਕਾ ਸੀ, ਇਸ ਲਈ ਕੋਈ 3 ਕਰੋੜ 87 ਲੱਖ ਰੁਪਿਆ ਰਖਿਆ ਗਿਆ ਸੀ ਤਾਂ ਇਥੇ ਗਵਰਨਰੀ ਰਾਜ ਆ ਗਿਆ ਅਤੇ ਉਥੇ ਕੰਮ ਬੰਦ ਕਰ ਦਿੱਤਾ ਗਿਆ। ਮਸ਼ੀਨਾਂ ਚਲਣੀਆਂ ਬੰਦ ਹੋ ਗਈਆਂ, ਮਸ਼ੀਨਾਂ ਵਾਪਸ ਆਉਣ ਲਗੀਆਂ। ਚੇਅਰਮੈਨ ਸਾਹਿਬ, ਮੈਨੂੰ ਬੜੇ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਹ ਨਾ ਇਨ੍ਹਾਂ ਦਾ ਨੁਕਸਾਨ ਹੋਇਆ ਅਤੇ ਨਾ ਹੀ ਮੇਰਾ ਨੁਕਸਾਨ ਹੋਇਆ। ਪਰ ਬੜੇ ਦੁਖ ਦੀ ਗਲ ਹੈ ਕਿ ਮੇਰੇ ਦੇਸ਼ ਦਾ ਢਾਈ ਕਰੋੜ ਰੁਪਿਆਂ ਦਾ ਨੁਕਸਾਨ ਲੋਕਾਂ ਦਾ ਹੋ ਗਿਆ।

Original with;
Punjab Vidhan Sabha
Digitized by;
Panjab Digital Library

ਕੰਮ ਠੱਪ ਹੋ ਗਿਆ। ਜਿਹੜੀ ਜ਼ਮੀਨ ਨੂੰ ਵਾਹੀਯੋਗ ਬਣਾਇਆ ਜਾਣਾ ਸੀ ਉਹ ਸਾਰੀ ਜ਼ਮੀਨ ਫਿਰ ਸੇਮ ਥਲੇ ਆ ਗਈ। ਉਥੇ ਇਹ 49 ਡਰੇਨਾਂ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਉਸ ਸਾਰੇ ਇਲਾਕੇ ਦੀ ਜਿਹੜੀ ਬੰਜਰ ਜ਼ਮੀਨ ਹੈ ਉਸ ਨੇ ਵਾਹੀਯੋਗ ਹੋ ਜਾਣਾ ਸੀ ਅਤੇ ਉਥੇ ਦਰਖਤ ਵਗੈਰਾ ਲਗ ਜਾਣੇ ਸਨ। ਮੈਂ ਸੱਚ ਕਹਿੰਦਾ ਹਾਂ ਕਿ ਜੇ ਇਹ ਸਕੀਮ ਸਾਰੀ ਨੇਪਰੇ ਚੜ੍ਹ ਜਾਂਦੀ ਤਾਂ ਕੋਈ 50 ਹਜ਼ਾਰ ਏਕੜ ਜ਼ਮੀਨ ਉਸ ਇਲਾਕੇ ਦੀ ਵਾਹੀਯੋਗ ਹੋ ਜਾਣੀ ਸੀ ਅੰਰ ਉਥੋਂ ਸਾਰੀ ਸੇਮ ਨਿਕਲ ਜਾਣੀ ਸੀ। ਚੇਅਰਮੈਨ ਸਾਹਿਬ, ਅਫਸੋਸ ਤਾਂ ਇਸ ਗਲ ਦਾ ਹੈ ਕਿ ਸਾਡੇ ਦੇਸ਼ ਦੀ 50 ਹਜ਼ਾਰ ਏਕੜ ਜ਼ਮੀਨ ਜਿਸ ਤੋਂ ਸਾਡੇ ਦੇਸ਼ ਨੂੰ ਅਨਾਜ ਮਿਲਣਾ ਸੀ ਉਸ ਦੀ ਤਬਾਹੀ ਹੋ ਗਈ ਹੈ। ਜਦੋਂ ਉਥੇ ਢਾਈ ਕਰੋੜ ਰੁਪਿਆ ਖਰਚ ਕੀਤਾ ਗਿਆ ਸੀ ਇਕ ਸਾਲ ਲਈ ਤਾਂ ਉਹ ਜ਼ਮੀਨ ਸਾਰੀ ਵਾਹੀਯੋਗ ਬਣ ਵੀ ਗਈ ਸੀ ਅਤੇ ਉਸ ਜ਼ਮੀਨ ਤੇ ਫਸਲ ਵੀ ਹੋਈ ਸੀ। ਉਥੇ 6-6 ਫੁਟ ਬਾਸਮਤੀ ਹੋ ਗਈ ਸੀ। ਪਰ ਬਾਅਦ ਵਿਚ ਇਹ ਸਕੀਮ ਖ਼ਤਮ ਕਰਨ ਨਾਲ ਸਾਰੀ ਜ਼ਮੀਨ ਤਬਾਹ ਹੋ ਗਈ ਹੈ। ਇਸ ਸਬੰਧ ਵਿਚ ਮੈਂ ਇਥੇ ਅਸੈਂਬਲੀ ਵਿਚ ਸਵਾਲ ਵੀ ਕੀਤਾ ਸੀ। ਉਸ ਦੇ ਜਵਾਬ ਵਿਚ ਕਿਹਾ ਗਿਆ ਸੀ ਕਿ ਮੌਕੇ ਤੇ ਜਾਕੇ ਵੇਖਾਂਗੇ। ਪਰ ਹੁਣ ਤਕ ਇਹ ਸਕੀਮ ਸਿਰੇ ਨਹੀਂ ਚੜ੍ਹੀ। ਚੇਅਰਮੈਨ ਸਾਹਿਬ, ਨਾ ਤਾਂ ਮੈਂ ਰਹਿ ਜਾਣਾ ਹੈ, ਨਾ ਇਨ੍ਹਾਂ ਨੇ ਰਹਿ ਜਾਣਾ ਹੈ ਪਰ ਜਿਹੜੀ 50 ਹਜ਼ਾਰ ਏਕੜ ਜ਼ਮੀਨ ਵਾਹੀਯੋਗ ਹੋਣੀ ਸੀ ਉਸ ਤੋਂ ਮੇਰਾ ਦੇਸ਼ ਜ਼ਰੂਰ ਵਾਂਝਾ ਰਹਿ ਜਾਏਗਾ। ਮੈਨੂੰ ਉਮੀਦ ਹੈ ਕਿ ਜੇ ਇਹ ਉਥੇ ਜਾਕੇ ਮੌਕੇ ਤੇ ਵੇਖਣ ਤਾਂ ਜ਼ਰੂਰ ਇਨ੍ਹਾਂ ਦਾ ਮਨ ਸੱਚਾਈ ਵਾਲੇ ਪਾਸੇ ਜਾਏਗਾ। ਪਰ ਮੈਨੂੰ ਸ਼ੱਕ ਹੈ ਇਹ ਉਸ ਪਾਸੇ ਜਾਕੇ ਸ਼ਾਇਦ ਨਾ ਵੇਖਣ। ਠੀਕ ਹੈ, ਚੇਅਰਮੈਨ ਸਾਹਿਬ, ਇਹ ਮੈਨੂੰ ਅਨਪੜ੍ਹ ਕਹਿੰਦੇ ਹਨ। ਰੋਜ਼ ਹੀ ਇਥੇ ਗਲ ਚਲਦੀ ਹੈ। ਪਰ ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਪੜ੍ਹਿਆ ਲਿਖਿਆ ਇਨਸਾਨ ਉਹੀ ਹੁੰਦਾ ਹੈ ਜਿਹੜਾ ਮਾੜੇ ਇਨਸਾਨ ਨੂੰ ਵੀ ਇਕੋ ਜਿਹਾ ਸਮਝ ਕੇ ਆਪਣੇ ਨਾਲ ਲੈ ਕੇ ਚਲਦਾ ਹੈ ਅੰਰ ਕਿਸੇ ਨੂੰ ਮਾੜਾ ਨਹੀਂ ਸਮਝਦਾ। ਜੇ ਇਹ ਕੋਈ ਚੰਗਾ ਕੰਮ ਕਰਨਗੇ ਤਾਂ ਇਹ ਕਰੈਡਿਟ ਇਨ੍ਹਾਂ ਨੂੰ ਜਾਵੇਗਾ। ਇਸ ਲਈ, ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਜਿਹੜੀ ਡਰੇਨ ਦੀ ਸਕੀਮ ਹੈ ਜੇ ਇਸ ਨੂੰ ਅੱਜ ਵੀ ਮੁੜ ਕੇ ਚਾਲੂ ਕਰ ਦਿੱਤਾ ਜਾਵੇ ਅੰਰ ਜਿਹੜੀਆਂ ਮਸ਼ੀਨਾਂ ਪਈਆਂ ਹਨ ਉਨ੍ਹਾਂ ਦੀ ਮੁਰੰਮਤ ਕਰਕੇ ਉਥੇ ਭੇਜ ਦਿੱਤਾ ਜਾਵੇ ਤਾਂ ਉਹ ਜ਼ਮੀਨ ਵਾਹੀਯੋਗ ਹੋ ਸਕਦੀ ਹੈ। ਬਾਕੀ ਇਹ ਜੋ ਮਰਜ਼ੀ ਆਏ ਕਰਨ। ਪਰ ਮੇਰੀ ਬੇਨਤੀ ਹੈ ਕਿ ਇਸ ਸਕੀਮ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ। ਇਸ ਦੇ ਨਾਲ ਪੰਜਾਬ ਦੇ ਲੋਕਾਂ ਦਾ ਬੜਾ ਨੁਕਸਾਨ ਹੋਇਆ ਹੈ ਅਤੇ ਬਹੁਤ ਸਾਰੇ ਪੰਜਾਬੀ ਇਥੋਂ ਮੱਧ ਪ੍ਰਦੇਸ਼/ਰਾਜਿਸਥਾਨ ਅਤੇ ਯੂ.ਪੀ. ਦੇ ਵਿਚ ਵੱਸੇ ਹਨ। ਅਤੇ ਉਨ੍ਹਾਂ ਨੇ ਦੂਜਿਆਂ ਸੂਬਿਆਂ ਦੇ ਵਿਚ ਜਾ ਕੇ ਮਿਹਨਤ ਕੀਤੀ ਹੈ। ਮੇਰੇ ਪੰਜਾਬ ਦੇ ਵਿਚ 50 ਹਜ਼ਾਰ ਏਕੜ ਜ਼ਮੀਨ ਜਿਹੜੀ ਬੰਜਰ ਹੁੰਦੀ ਜਾ ਰਹੀ ਹੈ, ਜਿਸ ਨੂੰ ਪਾਣੀ ਦੀ ਲੋੜ ਹੈ, ਇਸ ਤੇ ਤੁਸੀਂ ਢਾਈ ਕਰੋੜ ਰੁਪਿਆ ਖਰਚ ਕੀਤਾ ਸੀ। ਅਗਰ ਤੁਸੀਂ ਇਸ ਤੇ ਹੋਰ ਸਵਾ ਕਰੋੜ ਰੁਪਿਆ ਖਰਚ ਕਰ ਦਿੰਦੇ ਤਾਂ ਇਹ ਕੰਮ ਮੁਕੰਮਲ ਹੋ ਜਾਣਾ ਸੀ ਅਤੇ ਇਹ ਪਾਣੀ ਦਾ ਮਸਲਾ ਹੱਲ ਹੋ ਜਾਂਦਾ। ਸਰਕਾਰ ਨੂੰ ਬੇਟ ਦੇ ਏਰੀਆ ਵਿਚ ਦੌਰਾ ਕਰਨਾ ਚਾਹੀਦਾ ਹੈ। ਇਸ ਇਲਾਕੇ ਦੇ ਲੋਕਾਂ ਦੇ ਸ਼ਰੀਰ ਤੇ ਨਾ ਕਪੜਾ ਹੈ ਸਿਰ ਨੰਗਾ ਹੈ ਅਤੇ ਉਨ੍ਹਾਂ ਦੇ ਡੰਗਰਾਂ ਨੇ ਕਦੇ ਰੱਜ ਕੇ ਪੱਠੇ ਨਹੀਂ ਖਾਦੇ ਅਤੇ ਸ਼ਰੀਰ ਦੇ ਨਾਲ ਕਲੇਜਾ ਉਨ੍ਹਾਂ ਦਾ ਲਗਾ ਹੋਇਆ ਹੈ। ਉਨ੍ਹਾਂ ਦੇ ਹਾਲਾਤ ਬੜੇ ਮਾੜੇ ਹਨ (ਘੰਟੀ) ਪਿਛੇ ਉਨ੍ਹਾਂ ਦੀਆਂ 2 ਫਸਲਾਂ ਹੋਈਆਂ ਸੁਨ ਅਤੇ ਉਨ੍ਹਾਂ ਨੇ ਰੱਜ ਕੇ ਰੋਟੀ ਖਾਦੀ ਸੀ ਅਤੇ ਰੱਬ ਦਾ ਸ਼ੁਕਰ ਕੀਤਾ ਸੀ। ਪਰ ਹੁਣ ਫੇਰ ਉਹ ਲੋਕ ਦੂਜਿਆਂ ਸੂਬਿਆਂ ਦੇ ਵਿਚ ਜਾ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਰਹੇ ਹਨ। ਤੁਹਾਡਾ ਢਾਈ ਕਰੋੜ ਰੁਪਿਆ ਕਿਸੇ ਕੰਮ ਨਹੀਂ ਆਇਆ ਹੈ ਕਿਉਂਕਿ ਤੁਸੀਂ ਇਸ ਸਕੀਮ ਨੂੰ ਵਿਚੇ ਛੱਡ ਗਏ ਅਤੇ ਬਾਕੀ ਦਾ ਕੰਮ ਰਹਿ ਗਿਆ। ਤੁਸੀਂ ਦੂਜੇ ਪਾਸੇ ਨੂੰ ਚਲ ਪਏ ਹੋ। ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਜਿਸ ਮਰਜ਼ੀ ਕੰਮ ਨੂੰ ਲੈ ਲਵੋ ਉਹ ਚਾਹੇ ਕੰਮ ਸੜਕਾਂ ਦਾ ਹੋਵੇ, ਪਾਣੀ ਦਾ ਹੋਵੇ, ਬਿਜਲੀ ਦਾ ਹੋਵੇ ਜਾਂ ਮਕਾਨਾਂ ਦਾ ਹੋਵੇ। ਉਸ ਨੂੰ ਪਲਾਨ ਬਣਾ ਕੇ ਕਰੋ। ਪੂਰੇ ਜ਼ੋਰ ਸ਼ੋਰ ਨਾਲ ਉਸ ਕੰਮ ਨੂੰ ਸਿਰੇ ਚੜ੍ਹਾਓ ਅਤੇ ਸਰਕਾਰ ਉਸ ਕੰਮ ਦਾ ਕਰੈਡਿਟ ਲਵੇ। ਤੁਸੀਂ ਰੋਪੜ ਤੋਂ ਨਵਾਂ ਸ਼ਹਿਰ ਦੀ ਸੜਕ ਦੇਖ ਲਓ । ਉਸ ਸੜਕ ਨੂੰ ਬਣਾਉਣ ਲਈ ਕੋਈ ਅਮਰੀਕਾ ਤੋਂ ਇੰਜੀਨੀਅਰ ਨਹੀਂ ਆਇਆ ਸੀ। ਉਹ ਸਾਡੇ ਇੰਜੀਨੀਅਰਜ਼ ਨੇ ਬਣਾਈ ਸੀ । ਉਹ ਅੱਛੀ ਸੜਕ ਬਣਾਈ ਹੈ।

ਸ਼੍ਰੀ ਸਭਾਪਤੀ: ਸੇਖਵਾਂ ਸਾਹਿਬ, ਤੁਸੀਂ ਹੁਣ ਵਾਈਂਡ ਅੱਪ ਕਰੋ। 3 ਬੰਦੀਆਂ ਨੇ ਹੋਰ ਬੋਲਣਾ ਹੈ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ: ਚੇਅਰਮੈਨ ਸਾਹਿਬ, ਮੈਂ ਤਾਂ ਹਾਲੇ ਬਹੁਤ ਥੋੜ੍ਹਾ ਬੋਲਿਆ ਹਾਂ। ਕਾਂਗਰਸ ਦੇ 3 ਬੰਦੇ ਬੋਲ ਚੁਕੇ ਹਨ । ਉਨ੍ਹਾਂ ਦਾ ਟਾਈਮ ਗਿਣ ਲਵੋ ਅਤੇ ਮੇਰਾ ਟਾਈਮ ਗਿਣ ਲਵੋ। ਮੈਂ ਕਿਸੇ ਵਜ਼ੀਰ ਦੇ ਖਿਲਾਫ ਨਹੀਂ ਬੋਲਣਾ ਹੈ। ਚਾਹੇ ਸੜਕਾਂ ਵਲ ਸਰਕਾਰ ਲਗ ਜਾਵੇ ਅਤੇ ਉਸ ਕੰਮ ਨੂੰ ਸਿਰੇ ਚਾੜ੍ਹੇ। ਜਿਸ ਤਰ੍ਹਾਂ ਹੈਲਥ ਦੇ ਮਸਲੇ ਵਿਚ ਤੁਸੀਂ 2 ਬਲਾਕ ਚੁਣੇ ਹਨ ਨੂਰਪੁਰ ਬੇਦੀ ਅਤੇ ਕਾਹਨੂੰਵਾਨ। ਇਨ੍ਹਾਂ ਨੇ ਕਿਹਾ ਹੈ ਕਿ ਜਿਥੇ 5 ਹਜ਼ਾਰ ਦੀ ਆਬਾਦੀ ਹੋਵੇਗੀ ਉਥੇ ਅਸੀਂ ਡਿਸਪੈਂਸਰੀ ਬਣਾਵਾਂਗੇ ਅਤੇ ਇਕ ਡਾਕਟਰ ਐਮ.ਬੀ.ਬੀ.ਐਸ. ਲਗਾਵਾਂਗੇ। ਇਹ ਠੀਕ ਹੈ ਕਿ ਇਸ ਦੇ ਨਾਲ ਲੋਕਾਂ ਦੇ ਰੋਗਾਂ ਦਾ ਇਲਾਜ ਹੋਵੇਗਾ ਅਤੇ ਉਨ੍ਹਾਂ ਨੂੰ ਦਵਾਈਆਂ ਮਿਲਣਗੀਆਂ। ਇਸੇ ਤਰ੍ਹਾਂ ਤੁਸੀਂ ਚਾਹੇ ਕੋਈ ਪ੍ਰਾਬਲਮ ਲੈ ਲਵੋ ਉਸ ਨੂੰ ਪੂਰੀ ਤਰ੍ਹਾਂ ਕਾਮਯਾਬ ਕਰੋ ਅਤੇ ਕਰੈਡਿਟ ਲਵੋ। ਭਾਵੇਂ ਤੁਸੀਂ ਅੱਜ ਦੇ ਮਤੇ ਨੂੰ ਟੇਕ ਅੱਪ ਕਰ ਲਵੋ ਅੰਰ ਪਾਣੀ ਦੇ ਮਸਲੇ ਨੂੰ ਹੱਲ ਕਰ ਦਿਓ । ਮੈਂ ਤੁਹਾਨੂੰ ਇਸ ਦੀ ਸਕੀਮ ਦੱਸਦਾ ਹਾਂ ਅੰਰ ਮਨਿਸਟਰ ਸਾਹਿਬ ਨੋਟ ਕਰ ਲੈਣ। ਤੁਸੀਂ ਡੈਮ ਬਨਾਉਣਾ ਹੈ। ਮੈਨੂੰ ਇਹ ਨਹੀਂ ਪਤਾ ਕਿ ਤੁਸੀਂ ਇਸ ਨੂੰ ਬਣਾਉਣਾ ਵੀ ਹੈ ਜਾਂ ਨਹੀਂ। ਲੇਕਿਨ ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ। ਮੇਰੀ ਡਿਊਟੀ ਹੈ ਕਿ ਮੈਂ ਤੁਹਾਡੇ ਨੋਟਿਸ ਵਿਚ ਲਿਆਵਾਂ। ਇਕ ਬੇਘਰ ਲੋਕਾਂ ਨੂੰ ਤੁਸੀਂ ਘਰ ਦੇਣੇ ਹਨ । ਪਿਛੇ ਸਰਦਾਰ ਦਰਬਾਰਾ ਸਿੰਘ ਨੇ ਸਰਵੇਅ ਕਰਵਾਇਆ ਸੀ ਕਿ ਪੰਜਾਬ ਦੇ ਵਿਚ 38% ਐਸੇ ਲੋਕ ਹਨ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਅਤੇ ਪੰਜਾਬ ਦੇ ਵਿਚ 25% ਅਬਾਦੀ ਸ਼ੈਡਿਊਲਡ ਕਾਸਟਸ ਦੀ ਰਹਿੰਦੀ ਹੈ। (ਘੰਟੀ) ਪੰਜਾਬ ਵਿਚ 1 ਕਰੋੜ 60 ਲੱਖ ਆਬਾਦੀ ਹੈ। ਇਸ ਦੇ ਵਿਚੋਂ 40 ਲੱਖ ਲੋਕ ਹਰੀਜਨ ਹਨ । ਪਰ ਇਥੇ ਹਾਊਸ ਦੇ ਵਿਚ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸਾਨੂੰ 8 ਲੱਖ ਘਰ ਚਾਹੀਦੇ ਹਨ। ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ ਕਿ 40 ਲੱਖ ਹਰੀਜਨ ਹਨ ਅਤੇ ਹਰ ਘਰ ਦੇ ਪੰਜ ਜੀਅ ਲੈਣੇ ਹਨ ਅੰਰ ਇਸ ਤਰ੍ਹਾਂ ਇਹ 8 ਲੱਖ ਘਰ ਬਣ ਗਏ । ਇਨ੍ਹਾਂ ਨੇ ਹਾਊਸ ਦੇ ਵਿਚ ਇਕ ਸਵਾਲ ਦਾ ਜਵਾਬ ਦਿੱਤਾ ਸੀ ਕਿ ਸਾਡੀ ਸਰਕਾਰ ਨੇ 10,697 ਮਕਾਨ ਬਣਾ ਕੇ ਦਿੱਤੇ ਹਨ ਅਤੇ ਇਸ ਸਾਲ ਵੀ 10 ਹਜ਼ਾਰ ਮਕਾਨ ਬਣਾ ਕੇ ਦੇਵੇਗੀ। ਅੰਰ ਇਹ 10 ਹਜ਼ਾਰ ਮਕਾਨ ਇਸ ਸਾਲ ਮੁਕੰਮਲ ਹੋ ਜਾਣਗੇ। ਇਸ ਦਾ ਮਤਲਬ ਇਹ ਹੋਇਆ ਕਿ 20 ਹਜ਼ਾਰ ਮਕਾਨ ਬਣਾ ਕੇ ਦਿੱਤੇ ਹਨ। ਤੁਸੀਂ 8 ਲੱਖ ਮਕਾਨਾਂ ਦੇ ਵਿਚੋਂ ਕੇਵਲ 20 ਹਜ਼ਾਰ ਬਣਾ ਕੇ ਦੇ ਸਕੇ ਹੋ ਅੰਰ ਅਗਰ 40 ਲੱਖ ਮਕਾਨ ਬਣਾ ਕੇ ਦੇਣੇ ਪੈ ਗਏ ਫੇਰ ਕੀ ਕਰੋਗੇ ? ਇਸੇ ਤਰ੍ਹਾਂ ਇਹ ਆਬਾਦੀ ਟਾਈਮ ਦੇ ਅਨੁਸਾਰ ਵਧਦੀ ਜਾਂਦੀ ਹੈ ਅੰਰ ਇਕ ਦਿਨ ਇਹ 60 ਲੱਖ ਤੱਕ ਪਹੁੰਚ ਜਾਣੀ ਹੈ। ਇਸ

Original with;
Punjab Vidhan Sabha
Digitized by;
Panjab Digital Library

ਮਿਕਦਾਰ ਨੂੰ ਪੂਰਾ ਕਰਨ ਲਈ ਤੁਹਾਨੂੰ 80 ਸਾਲ ਲਗ ਜਾਣਗੇ। (ਘਟੀ) ਆਖਿਰ ਵਿਚ ਮੈਂ ਕਹਿੰਦਾ ਹਾਂ ਕਿ ਤੁਸੀਂ ਇਕ ਪਾਸੇ ਨੂੰ ਚਲੋ ਅਤੇ ਕਾਮਯਾਬੀ ਹਾਸਲ ਕਰੋ। ਇਹ ਗੱਲ ਤੁਹਾਡੇ ਲਈ ਕਰੇਡਿਟ ਵਾਲੀ ਹੈ। ਤੁਸੀਂ ਥੀਨ ਡੈਮ ਵਿਚੋਂ ਬਿਜਲੀ ਪੈਦਾ ਕਰੋ। ਇਹ ਲੋਕਾਂ ਦੀ ਜ਼ਰੂਰਤ ਨੂੰ ਪੂਰਾ ਕਰੇਗੀ ਅਤੇ ਇਸ ਨਾਲ ਲੋਕਾਂ ਨੂੰ ਪਾਣੀ ਠੀਕ ਮਿਲੇਗਾ। ਇਸ ਨਾਲ ਪਾਣੀ ਦੇ ਮਸਲੇ ਦਾ ਇਲਾਜ ਹੋ ਜਾਵੇਗਾ ਅਤੇ ਇਸ ਡੈਮ ਰਾਹੀਂ ਸ਼ਾਡੀਆਂ ਨਹਿਰਾਂ ਦੇ ਵਿਚ ਪਾਣੀ ਆਵੇਗਾ। ਬਿਜਲੀ ਨਾਲ ਟਿਊਬ-ਵੈਲ ਚਲਣਗੇ। ਸਰਕਾਰ ਨੂੰ ਜੋਗਿੰਦਰ ਨਾਥ ਦੇ ਮਤੇ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਕਾਰਖਾਨੇਦਾਰਾਂ ਨੂੰ ਬਿਜਲੀ ਮਿਲੇਗੀ ਅਤੇ ਕਿਸਾਨ ਖੁਸ਼ਹਾਲ ਹੋਵੇਗਾ। ਤੁਸੀਂ ਇਸ ਡੈਮ ਤੇ ਹਾਲੇ ਤੱਕ ਬਹੁਤ ਥੋੜ੍ਹਾ ਜਿਹਾ ਪੈਸਾ ਖਰਚ ਕੀਤਾ ਹੈ ਜਦੋਂ ਕਿ ਪਹਿਲੇ ਇਸ ਡੈਮ ਵਾਸਤੇ 70 ਕਰੋੜ ਰੁਪਿਆ ਚਾਹੀਦਾ ਸੀ, ਹੁਣ 450 ਕਰੋੜ ਰੁਪਿਆ ਚਾਹੀਦਾ ਹੈ। ਇਸ ਨੂੰ ਕੰਪਲੀਟ ਨਾ ਕਰਨ ਕਰਕੇ ਤੁਹਾਡਾ ਅਰਬਾਂ ਰੁਪਏ ਨੁਕਸਾਨ ਹੋ ਰਿਹਾ ਹੈ।

ਚੇਅਰਮੈਨ ਸਾਹਿਬ, ਬੱਸ ਮੈਂ ਚਾਰ, ਪੰਜ ਗੱਲਾਂ ਕਰਨੀਆਂ ਸਨ। ਉਹ ਗੱਲਾਂ ਮੈਂ ਕਹਿ ਦਿੱਤੀਆਂ ਹਨ। ਇਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ।

ਕਾਮਰੇਡ ਸੋਹਣ ਸਿੰਘ (ਵੇਰਕਾ ਐਸ.ਸੀ.). ਚੇਅਰਮੈਨ ਸਾਹਿਬ, ਇਹ ਪਾਣੀ ਦਾ ਰੈਜ਼ੋਲਿਊਸ਼ਨ ਹੈ। ਪਿੰਡਾਂ ਵਿਚ ਪਾਣੀ ਪੀਣ ਨੂੰ ਠੀਕ ਨਹੀਂ ਮਿਲਦਾ ਹੈ। ਮੇਰੇ ਤੋਂ ਪਹਿਲਾਂ ਕਈ ਸਜਣਾਂ ਨੇ ਇਸ ਦਾ ਜ਼ਿਕਰ ਕੀਤਾ ਹੈ।

ਸ਼੍ਰੀ ਸਭਾਪਤੀ: ਕਾਮਰੇਡ ਸੋਹਣ ਸਿੰਘ ਜੀ ਤੁਸੀਂ ਪੰਜ ਮਿੰਟ ਵਿਚ ਵਾਈਂਡ ਅਪ ਕਰ ਦੇਣਾ।

ਸਰਦਾਰ ਦਲੀਪ ਸਿੰਘ ਪਾਂਧੀ: ਚੇਅਰਮੈਨ ਸਾਹਿਬ, ਹਾਊਸ ਦਾ ਸਮਾਂ 9.00 ਵਜੇ ਤਕ ਐਕਸਟੈਂਡ ਕਰ ਲਓ।

ਸ਼੍ਰੀ ਸਭਾਪਤੀ: ਸਰਦਾਰ ਦਲੀਪ ਸਿੰਘ ਪਾਂਧੀ ਜੀ ਹਾਊਸ ਦਾ ਸਮਾਂ ਐਕਸਟੈਂਡ ਨਹੀਂ ਹੋ ਸਕਦਾ। ਕਾਮਰੇਡ ਸੋਹਣ ਸਿੰਘ ਜੀ ਤੁਸੀਂ ਬੋਲੀ ਜਾਓ।

ਕਾਮਰੇਡ ਸੋਹਣ ਸਿੰਘ: ਚੇਅਰਮੈਨ ਸਾਹਿਬ, ਕੰਡੀ ਏਰੀਆ ਵਿਚ ਰਹਿਣ ਵਾਲੇ ਲੋਕਾਂ ਨੂੰ ਪੀਣ ਨੂੰ ਪਾਣੀ ਨਹੀਂ ਮਿਲ ਰਿਹਾ ਹੈ। ਇਸ ਚਾਰ ਦਿਵਾਰੀ ਵਿਚ ਅਸੀਂ ਹਰ ਸਾਲ ਰੈਜ਼ੋਲਿਊਸ਼ਨ ਪਾਸ ਕਰੀ ਜਾਂਦੇ ਹਾਂ। ਇਹ ਰੈਜ਼ੋਲਿਊਸ਼ਨ ਪਿਛਲੇ 32-33 ਸਾਲਾਂ ਤੋਂ ਚਾਰ ਦਿਵਾਰੀ ਵਿਚ ਪਾਸ ਹੋਈ ਜਾਂਦੇ ਹਨ। ਇਨ੍ਹਾਂ ਰੈਜ਼ੋਲਿਊਸ਼ਨਾਂ ਦਾ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੈ। ਚੇਅਰਮੈਨ ਸਾਹਿਬ, ਇਸ ਬਾਰੇ ਸ਼ਾਰੇ ਮਾਨਯੋਗ ਮੈਂਬਰਾਂ ਨੂੰ ਪਤਾ ਹੈ ਕਿ ਬਾਹਰ ਕੀ ਹੁੰਦਾ ਹੈ ? ਚੇਅਰਮੈਨ ਸਾਹਿਬ, ਬਾਹਰ ਗਰੀਬਾਂ ਨੂੰ ਕੁਟਿਆ ਜਾਂਦਾ ਹੈ, ਪਾਣੀ ਮਿਲਣਾ ਤਾਂ ਇੱਕ ਪਾਸੇ ਰਿਹਾ। ਪਿੰਡਾਂ ਵਿਚ ਹਰੀਜਨਾਂ ਦੀ ਬੁਰੀ ਹਾਲਤ ਹੈ। ਕਿਸਾਨਾਂ ਦੀ ਬੁਰੀ ਹਾਲਤ ਹੈ। ਕਿਸਾਨਾਂ ਨੂੰ, ਚੇਅਰਮੈਨ ਸਾਹਿਬ, ਬਿਜਲੀ ਨਾ ਮਿਲਣ ਕਰਕੇ ਗਿਆਨੀ ਜ਼ੈਲ ਸਿੰਘ ਜਦੋਂ ਮੁੱਖ ਮੰਤਰੀ, ਪੰਜਾਬ ਹੁੰਦੇ ਸਨ ਤਾਂ ਉਸ ਵਕਤ ਕਿਸਾਨਾਂ ਨੂੰ ਮੁਆਵਜ਼ਾ ਮਿਲਿਆ ਸੀ। ਪਰ ਹੁਣ ਦੀ ਪੰਜਾਬ ਸਰਕਾਰ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦੇ ਰਹੀ ਹੈ। ਚੇਅਰਮੈਨ ਸਾਹਿਬ, 12 ਘੰਟੇ ਬਿਜਲੀ ਕਾਰਖਾਨਿਆਂ ਨੂੰ ਨਹੀਂ ਮਿਲ ਰਹੀ ਹੈ। ਜਿਸ ਨਾਲ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਨੁਕਸਾਨ ਹੋ ਰਿਹਾ ਹੈ। ਚੇਅਰਮੈਨ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੋਹਣ ਸਿੰਘ]

ਕਿ ਸਰਕਾਰ ਬਿਜਲੀ ਕਿਥੇ ਦੇ ਰਹੀ ਹੈ, ਬਿਜਲੀ ਕਾਰਖਾਨਿਆਂ ਨੂੰ 12 ਘੰਟੇ ਮਿਲਣੀ ਚਾਹੀਦੀ ਹੈ। ਕਿਸਾਨਾਂ ਨੂੰ ਪੰਜਾਬ ਸਰਕਾਰ ਵਲੋਂ ਮੁਆਵਜ਼ਾ ਮਿਲਣਾ ਚਾਹੀਦਾ ਹੈ । ਅਜ ਕੱਲ੍ਹ, ਚੇਅਰਮੈਨ ਸਾਹਿਬ, ਹਾਲਤ ਕੀ ਹੈ ? ਇੱਕ ਮਜ਼ਦੂਰ ਰੋਟੀ ਨਾਲ ਲੈ ਕੇ ਕਾਰਖਾਨੇ ਵਿਚ ਕੰਮ ਕਰਨ ਲਈ ਜਾਂਦਾ ਹੈ। ਕਾਰਖਾਨਿਆਂ ਵਿਚ ਬੱਤੀ ਨਹੀਂ ਹੁੰਦੀ। ਵਿਚਾਰਾ ਮਜ਼ਦੂਰ ਉਥੇ ਬੈਠਾ ਬੱਤੀ ਦਾ ਇੰਤਜ਼ਾਰ ਕਰਦਾ, ਰਹਿੰਦਾ ਹੈ। ਚੇਅਰਮੈਨ ਸਾਹਿਬ, ਬੱਤੀ ਦੇ ਨਾਲ ਹੀ ਪਾਣੀ ਨਿਕਲਦਾ ਹੈ। ਬੱਤੀ ਨਾ ਆਉਣ ਕਰਕੇ ਹੀ ਗਰੀਬਾਂ ਦਾ ਨੁਕਸਾਨ ਹੋ ਰਿਹਾ ਹੈ। ਇਸ ਨੁਕਸਾਨ ਦਾ ਅੰਦਾਜ਼ਾ, ਚੇਅਰਮੈਨ ਸਾਹਿਬ, ਨਹੀਂ ਲਗਾਇਆ ਜਾ ਸਕਦਾ। ਚੇਅਰਮੈਨ ਸਾਹਿਬ, ਮੋਗੇ ਵਿਚ ਪਾਣੀ ਪੀਣ ਦੇ ਕਾਬਲ ਨਹੀਂ ਹੈ। ਮੋਗੇ ਦਾ ਪਾਣੀ ਖਰਾਬ ਹੋ ਗਿਆ ਹੈ। ਉਥੇ ਲੋਕਾਂ ਨੂੰ ਪੀਣ ਲਈ ਪਾਣੀ ਨਹੀਂ ਮਿਲ ਰਿਹਾ ਹੈ। ਚੇਅਰਮੈਨ ਸਾਹਿਬ, ਲੋਕਾਂ ਦੇ ਨਾਲ ਅਨਰਥ ਹੋ ਰਿਹਾ ਹੈ। ਚੇਅਰਮੈਨ ਸਾਹਿਬ, 35 ਸਾਲਾ ਤੋਂ ਇਹ ਮਸਲਾ ਲਟਕਦਾ ਆ ਰਿਹਾ ਹੈ। ਪੰਜਾਬ ਵਿਚ ਕੋਈ ਵੀ ਮਸਲਾ ਹੱਲ ਨਹੀਂ ਹੋ ਰਿਹਾ ਹੈ। ਚੇਅਰਮੈਨ ਸਾਹਿਬ, ਉਥੇ ਲੋਕ ਪਾਣੀ ਪੀਣ ਨੂੰ ਤਰਸਦੇ ਹਨ। ਪਾਣੀ ਪੀਣ ਨੂੰ ਲਭਦਾ ਨਹੀਂ ਹੈ । ਚੇਅਰਮੈਨ ਸਾਹਿਬ, ਲੋਕਾਂ ਨੂੰ ਸੀਮਿੰਟ ਦੀ ਇੱਕ-ਇੱਕ ਬੋਰੀ ਵੀ ਨਹੀਂ ਮਿਲਦੀ ਹੈ। ਚੇਅਰਮੈਨ ਸਾਹਿਬ, ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਹਿੰਦੁਸਤਾਨ ਵਿਚ ਸਰਮਾਏਦਾਰਾਂ ਦਾ ਰਾਜ ਪੈਦਾ ਕਰ ਦਿੱਤਾ ਹੈ । ਹਿੰਦੁਸਤਾਨ ਵਿਚ ਵੱਡੇ ਵੱਡੇ ਜਾਗੀਰਦਾਰ ਪੈਦਾ ਹੋ ਰਹੇ ਹਨ। ਚੇਅਰਮੈਨ ਸਾਹਿਬ, ਪੰਜਾਬ ਵਿਚ ਗਰੀਬਾਂ ਦਾ ਕੋਈ ਖਿਆਲ ਨਹੀਂ ਕਰਦਾ। ਪੰਜਾਬ ਵਿਚ ਲੋਕ ਭੁਖ ਨਾਲ ਮਰ ਰਹੇ ਹਨ। ਪੰਜਾਬ ਵਿਚ ਲੋਕਾਂ ਨੂੰ ਪੀਣ ਲਈ ਪਾਣੀ ਨਹੀਂ ਮਿਲਦਾ ਔਰ ਕੋਈ ਪੰਜਾਬ ਵਿਚ ਲਾਅ ਐਂਡ ਆਰਡਰ ਨਹੀਂ ਹੈ। ਪੰਜਾਬ ਵਿਚ ਦਿਨ-ਪ੍ਰਤੀ ਦਿਨ ਬੇਰੁਜ਼ਗਾਰੀ ਵੱਧ ਰਹੀ ਹੈ। ਚੇਅਰਮੈਨ ਸਾਹਿਬ, ਹਿੰਦੁਸਤਾਨ ਦੀ ਸਾਰੀ ਦੌਲਤ 75 ਘਰਾਨਿਆਂ ਦੇ ਹੱਥਾਂ ਵਿਚ ਆ ਗਈ ਹੈ। ਚੇਰਅਮੈਨ ਸਾਹਿਬ, ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦਾ ਪੰਜਾਬ ਵਿਚ ਬੂਰਾ ਹਾਲ ਹੈ। ਕਿਸੇ ਵਰਗ ਦਾ ਕੋਈ ਮਸਲਾ ਪੰਜਾਬ ਸਰਕਾਰ ਵਲੋਂ ਹੱਲ ਨਹੀਂ ਕੀਤਾ ਜਾ ਰਿਹਾ ਹੈ। ਹਰੀਜਨਾਂ ਦਾ ਵੀ ਕੋਈ ਮਸਲਾ ਹਲ ਨਹੀਂ ਹੋ ਰਿਹਾ ਹੈ। ਇਸ ਲਈ, ਚੇਅਰਮੈਨ ਸਾਹਿਬ, ਅਸੀਂ ਇਸ ਚਾਰ ਦਿਵਾਰੀ ਵਿਚ ਜਿੰਨੀਆਂ ਮਰਜ਼ੀ ਕਸਮਾਂ ਖਾਈ ਜਾਈਏ ਪਰ ਗਰੀਬ ਆਦਮੀ ਦਾ ਭਲਾ ਨਹੀਂ ਹੋ ਸਕਦਾ। ਗਰੀਬਾਂ ਅਤੇ ਮਜ਼ਦੂਰਾਂ ਉਪਰ ਹੀ ਕੁਲਹਾੜਾ ਚਲਾਇਆ ਜਾ ਰਿਹਾ ਹੈ । ਚੇਅਰਮੈਨ ਸਾਹਿਬ, ਇਹ ਮੈਂ ਸਾਰੀਆਂ ਗਲਾਂ ਪਿਛੇ ਵੀ ਹਾਊਸ ਦੇ ਸਾਹਮਣੇ ਰਖੀਆਂ ਸਨ । ਚੇਅਰਮੈਨ ਸਾਹਿਬ, ਮੇਰੇ ਹਲਕੇ ਵੇਰਕੇ ਵਿਚ ਸੜਕ ਤੇ ਸੁਆਹ ਪਈ ਹੋਈ ਹੈ । ਉਹ ਸੁਆਹ ਸੜਕ ਤੇ ਆਉਂਦੇ ਜਾਂਦੇ ਲੋਕਾਂ ਉਤੇ ਪੈਂਦੀ ਹੈ। ਇਸ ਨਾਲ ਲੋਕਾਂ ਦੀਆਂ ਅੱਖਾਂ ਖਰਾਬ ਹੋ ਜਾਂਦੀਆਂ ਹਨ। ਚੇਅਰਮੈਨ ਸਾਹਿਬ, ਜੇਕਰ ਕਿਸੇ ਬੰਦੇ ਦੇ ਅੱਖ ਵਿਚ ਸੁਆਹ ਪੈ ਜਾਵੇ ਤਾਂ ਉਹ ਅੱਖ ਵਿਚੋਂ ਨਿਕਲਦੀ ਨਹੀਂ ਹੈ। ਉਸ ਸੁਆਹ ਦੇ ਨਾਲ ਬਹੁਤ ਸਾਰੇ ਲੋਕਾਂ ਦੀਆਂ ਅੱਖਾਂ ਖਰਾਬ ਹੋ ਗਈਆਂ ਹਨ । ਜਿਨ੍ਹਾਂ ਦੀਆਂ ਅੱਖਾਂ ਇੱਕ ਵਾਰ ਖਰਾਬ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਡਾਕਟਰਾਂ ਵਲੋਂ ਵੀ ਕੋਈ ਇਲਾਜ ਨਹੀਂ ਕੀਤਾ ਜਾਂਦਾ । ਚੇਅਰਮੈਨ ਸਾਹਿਬ, ਮੈਂ ਹੁਣ ਤੁਹਾਡਾ ਧਿਆਨ ਅੰਮ੍ਰਿਤਸਰ ਵਿਚ ਸਾਬਣ ਦੇ ਪਾਣੀ ਵੱਲ ਦਿਵਾਉਂਦਾ ਹਾਂ। ਉਥੇ ਲੋਕ ਪਾਣੀ ਪੀਣ ਨਾਲ ਬਿਮਾਰ ਹੋ ਜਾਂਦੇ ਹਨ । ਸਰਕਾਰ ਨੂੰ ਕੋਈ ਇਸ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਮੋਗੇ ਵਿਚ ਪੀਣ ਦੇ ਪਾਣੀ ਦੀ ਬਹੁਤ ਲੋੜ ਹੈ। ਉਥੇ ਵੀ ਸਰਕਾਰ ਨੂੰ ਪਾਣੀ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਸੁਆਹ ਦੇ ਨਾਲ ਜੋ ਅੱਖਾਂ ਲੋਕਾਂ ਦੀਆਂ ਖਰਾਬ ਹੋ ਜਾਂਦੀਆਂ ਹਨ, ਉਸ ਦਾ ਕੋਈ ਇੰਤਜ਼ਾਮ ਸਰਕਾਰ ਵਲੋਂ ਹੋਣਾ ਚਾਹੀਦਾ ਹੈ। ਕੰਡੀ ਏਰੀਆ ਦੇ ਲੋਕਾਂ ਨੂੰ ਵੀ ਪੀਣ ਦਾ ਪਾਣੀ ਸਾਫ ਮਿਲਣਾ ਚਾਹੀਦਾ ਹੈ । ਇਸ ਦਾ ਸਰਕਾਰ ਨੂੰ ਇੰਤਜ਼ਾਮ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਸਾਬਣ ਦੇ ਪਾਣੀ ਵਿਚ ਤੇਜ਼ਾਬ ਹੁੰਦਾ ਹੈ। ਉਸ ਪਾਣੀ ਵਿਚ ਜਦੋਂ ਪਸ਼ੂ ਵੀ ਪੈਰ ਰਖਦਾ ਹੈ ਤਾਂ ਉਸ ਪਸ਼ੂ ਦਾ ਪੈਰ ਵੀ ਖਰਾਬ ਹੋ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਇਕ ਇਹ ਮਸਲਾ ਹੀ ਨਹੀਂ ਹੈ। ਇਸ ਤਰ੍ਹਾਂ ਦੇ ਅਨੇਕਾਂ ਹੀ ਮਸਲੇ ਹਨ। ਚੇਅਰਮੈਨ ਸਾਹਿਬ, ਪਿੰਡਾਂ ਵਿਚ ਪੀਣ ਲਈ ਪਾਣੀ ਨਹੀਂ ਮਿਲਦਾ। ਉਨਾਂ ਪਿੰਡਾਂ ਵਿਚ ਜਿਥੇ ਪਾਣੀ ਪੀਣ ਨੂੰ ਨਹੀਂ ਮਿਲਦਾ, ਉਥੇ ਸਰਕਾਰ ਨੂੰ ਪਾਣੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮਜ਼ਦੂਰਾਂ ਲਈ ਸਰਕਾਰ ਨੂੰ ਬੋਨਸ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਸਰਕਾਰ ਨੂੰ ਟਿਊਬਵੈਲ ਲਗਾ ਕੇ ਪੀਣ ਦੇ ਪਾਣੀ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਪੀਣ ਦੇ ਪਾਣੀ ਤੋਂ ਵਗੈਰ ਅਸੀਂ ਜ਼ਿਦਾ ਨਹੀਂ ਰਹਿ ਸਕਦੇ। ਇਸ ਲਈ ਹਰ ਇੱਕ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਮਿਲਣਾ ਚਾਹੀਦਾ ਹੈ ।

Mr. Chairman (Shri Om Parkash Gupta) : The House stands adjourned till 9.00 A.M. on Friday, the 26th March, 1982.

7.00 P.M

(The Sabha then adjourned till 9.00 A.M. on Friday the 26th March, 1982).

5458/PVS —Govt. Press, Chd.

Original with;
Punjab Vidhan Sabha
Digitized by:
Panjab Digital Library



Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the authority of the Punjab Vidhan Sabha and printed by the Controller, Ptg., and Sty. Deptt. U.T., Chandigarh.

Original with;
Punjab Vidhan Sabha
Digitized by;
Panjab Digital Library

PUNJAB VIDHAN SABHA
DEBATES

26th March, 1982

Vol. IV—No. 20

OFFICIAL REPORT

CONTENTS

Friday, the 26th March, 1982

		PAGE
Starred Questions and Answers	..	(20) 1
Written Answers to Starred Questions laid on the Table of the House under Rule 38	..	(20) 28
Question of Privilege	..	(20) 30
Presentation of Ninth Report of Committee on Welfare of Scheduled Castes, Scheduled Tribes and Backward Classes	..	(20) 33
Discussion and Voting of Demands for Grants for the year 1982-83	..	(20) 33
Extension of time of the Sitting	..	(20) 74
Discussion and Voting of Demands for Grants for the year 1982-83 (*Resumption*)	..	(20) 74

Punjab Vidhan Sabha Secretariat, Chandigarh.

Price : Rs.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by
Panjab Digital Library

PUNJAB VIDHAN SABHA

Friday, the 26th March, 1982

[*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bushan Mehra) in the Chair.*]

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਦੋ ਲਿਫਟਾਂ ਨਹੀਂ ਚਲ ਰਹੀਆਂ, ਇਸ ਬਾਰੇ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ ।

ਸ਼੍ਰੀ ਸਪੀਕਰ: ਕੰਪਨੀਆਂ ਨੂੰ ਆਰਡਰ ਪਲੇਸ ਕੀਤਾ ਹੋਇਆ ਹੈ । ਉਨ੍ਹਾਂ ਨੂੰ ਫਿਰ ਰਿਮਾਈਂਡ ਕਰਾ ਦਿਆਂਗੇ ਕਿ ਜਲਦੀ ਕਰਨ ।

STARRED QUESTIONS AND ANSWERS

STARRED QUESTION NO. 1381

Mr. Speaker: Extension has been asked for in respect of Starred Question No. 1381.*

BUILDING OF PRIMARY HEALTH CENTRE, SHERPUR

***1595. Master Chand Singh:** Will the Minister for Health be pleased to state whether the Government is aware of the fact that the building of Primary Health Centre, Sherpur, tehsil Malerkotla is in a dilapidated condition; if so, the steps being taken by the Government to repair the same or to construct a new building in its place?

ਸ਼੍ਰੀ ਜੋਗਿੰਦਰ ਪਾਲ ਪਾਂਡੇ: ਪ੍ਰਾਇਮਰੀ ਹੈਲਥ ਸੈਂਟਰ, ਸ਼ੇਰਪੁਰ ਦੀ ਬਿਲਡਿੰਗ ਦੀ ਮੁਰੰਮਤ ਦੀ ਲੋੜ ਹੈ । ਲੋਕ ਨਿਰਮਾਣ ਵਿਭਾਗ ਨੂੰ ਲੋੜੀਂਦੀ ਮੁਰੰਮਤ ਕਰਨ ਲਈ ਕਹਿ ਦਿਤਾ ਗਿਆ ਹੈ ।

ਮਾਸਟਰ ਚੰਦ ਸਿੰਘ: ਪ੍ਰਾਇਮਰੀ ਹੈਲਥ ਸੈਂਟਰ, ਸ਼ੇਰਪੁਰ ਦੀ ਬਿਲਡਿੰਗ ਦੀ ਬਹੁਤ ਮਾੜੀ ਹਾਲਤ ਹੈ । ਇਸ ਦੀ ਚਾਰ ਦੀਵਾਰੀ ਢਹਿ ਗਈ ਹੈ । ਕਮਰਿਆਂ ਦੀਆਂ ਛੱਤਾਂ ਦੀ ਹਾਲਤ ਬਹੁਤ ਖਰਾਬ ਹੈ । ਉਥੇ ਦੇ ਬੈਡਜ਼ ਗਲੇ ਸੜੇ ਪਏ ਹਨ । ਇਸ ਗਲ ਨੂੰ

---

*For Starred Question No. 1381 and reply there to please see Appendix to this Debate.

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਮੁੱਖ ਰੱਖਦੇ ਹੋਏ ਕੀ ਕੋਈ ਅਜਿਹਾ ਸਿਸਟਮ ਅਪਨਾਉਣਗੇ ਜਿਸ ਨਾਲ ਕਿ ਨਵੀਂ ਬਿਲਡਿੰਗ ਬਣਾਈ ਜਾਵੇ ? ਜੇਕਰ ਉਸ ਦੀ ਮੁਰੰਮਤ ਕਰਨੀ ਹੈ ਤਾਂ ਉਹ ਕਦੋਂ ਤਕ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਵਿਚ ਕਿਹਾ ਸੀ ਕਿ :

"The building of the Primary Health Centre, Sherpur. tehsil Malerkotla is in a dilapidated condition, if so, the steps being taken by the Government to repair the same or to construct a new building in its place."

ਇਸ ਦੀ ਰਿਪੇਅਰ ਵਾਸਤੇ ਮੈਂ ਜਵਾਬ ਦਿੱਤਾ ਹੈ ਕਿ ਅਸੀਂ ਰਿਪੇਅਰ ਕਰ ਰਹੇ ਹਾਂ । (ਵਿਘਨ)

ਸ੍ਰੀ ਸਪੀਕਰ: ਮੈਂਬਰ ਸਾਹਿਬ ਦਾ ਸਵਾਲ ਹੈ ਕਿ ਇਹ ਕਦੋਂ ਤਕ ਹੋ ਜਾਏਗੀ?

ਮੰਤਰੀ: ਰਿਪੇਅਰ ਵਾਸਤੇ ਡਿਪਾਰਟਮੈਂਟ ਨੂੰ ਕਹਿ ਦਿੱਤਾ ਗਿਆ ਹੈ। ਜੇਕਰ ਡਿਪਾਰਟਮੈਂਟ ਇਸ ਵਿਚ ਕੋਈ ਦੇਰੀ ਕਰੇਗਾ ਤਾਂ ਮੈਂ ਅਤੇ ਚੰਦ ਸਿੰਘ ਜੀ ਦੋਨੋਂ ਹੀ ਇਥੇ ਹਾਂ ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਿਪੇਅਰ ਵਾਸਤੇ ਇਨ੍ਹਾਂ ਨੇ ਕਿੰਨੇ ਫੰਡਜ਼ ਰੱਖੇ ਹਨ ਅੌਰ ਇਹ ਕੰਮ ਕਦੋਂ ਤਕ ਹੋ ਜਾਏਗਾ ?

ਮੰਤਰੀ: ਸਪੀਕਰ ਸਾਹਿਬ, ਰਿਪੇਅਰ ਵਾਸਤੇ ਫੰਡਜ਼ ਹਨ ਤਾਂ ਹੀ ਡਿਪਾਰਟਮੈਂਟ ਨੂੰ ਕਿਹਾ ਹੈ । ਜਿੰਨੀ ਲੋੜ ਹੋਵੇਗੀ ਰਿਪੇਅਰ ਕਰਾਂਗੇ !

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਅਮਲੋਹ, ਗੋਬਿੰਦਗੜ੍ਹ, ਬਾਦਸ਼ਾਹਪੁਰ ਅੌਰ ਚਿਨਾਰਥਲ ਕਲਾਂ ਦੇ ਹਸਪਤਾਲਾਂ ਦੀਆਂ ਬਿਲਡਿੰਗਾਂ ਕੰਪਲੀਟ ਪਈਆਂ ਹਨ ਪਰ ਉਥੇ ਸਟਾਫ ਪੂਰਾ ਨਹੀਂ ਦਿੱਤਾ ਗਿਆ ਹੈ, ਇਹ ਸਟਾਫ ਕਦੋਂ ਤਕ ਉਥੇ ਦਿੱਤਾ ਜਾਏਗਾ ? ਦੂਸਰਾ, ਅਮਲੋਹ ਅੌਰ ਗੋਬਿੰਦਗੜ੍ਹ ਦੇ ਹਸਪਤਾਲ ਅਪਗਰੇਡ ਹੋ ਗਏ ਪਰ ਉਥੇ ਹਾਲਤ ਬੜੀ ਮਾੜੀ ਹੈ, ਇਹ ਕਦੋਂ ਤਕ ਠੀਕ ਕਰ ਦਿੱਤੀ ਜਾਏਗੀ ?

ਮੰਤਰੀ: ਪਾਂਧੀ ਸਾਹਿਬ ਸਾਰੇ ਹਸਪਤਾਲਾਂ ਬਾਰੇ ਇਕੱਠਾ ਕਰਕੇ ਸਵਾਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ ।

CONSTRUCTION OF TEHSIL COMPLEX AT ZIRA

*1261. **Sardar Harcharn Singh Hero**: Will the Minister for Revenue be pleased to state whether there is any proposal under the

Original with;
Punjab Vidhan Sabha
Digitized by;
Panjab Digital Library

consideration of the Government for the construction of Tehsil Complex at Zira, Distt. Ferozepur, if so, the time by which that is likely to be done?

ਸਰਦਾਰ ਗੁਰਦਰਸ਼ਨ ਸਿੰਘ: 1982-83 ਵਿੱਚ ਤਹਿਸੀਲ ਕੰਪਲੈਕਸ, ਜ਼ੀਰਾ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ।

ਸਰਦਾਰ ਹਰਚਰਨ ਸਿੰਘ ਹੀਰੋ: ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਉਥੋਂ ਦੀ ਤਹਿਸੀਲ ਦੀ ਬਿਲਡਿੰਗ ਬਹੁਤ ਪੁਰਾਣੀ ਹੈ । ਉਸ ਨੂੰ ਬਣੇ ਹੋਏ ਨੂੰ ਬੜੀਆਂ ਸਦੀਆਂ ਹੋ ਗਈਆਂ ਹਨ ਅੱਰ ਉਸ ਦੀ ਕਦੇ ਵੀ ਕੋਈ ਛੱਤ ਗਿਰ ਸਕਦੀ ਹੈ । ਜੇਕਰ ਇਹ ਤਹਿਸੀਲ ਕੰਪਲੈਕਸ 1982-83 ਵਿਚ ਨਹੀਂ ਬਣਾ ਸਕਦੇ ਤਾਂ ਕੀ ਇਹ 1983-84 ਵਿਚ ਬਨਾਉਣ ਬਾਰੇ ਆਸ਼ਵਾਸਨ ਦੇਣਗੇ?

ਮੰਤਰੀ: ਅਗਰ ਫੰਡਜ਼ ਮਿਲਦੇ ਰਹਿਣ ਤਾਂ ਸਰਕਾਰ ਦੀ ਤਜਵੀਜ਼ ਹੈ ਕਿ ਸਾਰੀਆਂ ਅਜਿਹੀਆਂ ਥਾਵਾਂ ਤੇ ਇਹ ਕੰਪਲੈਕਸ ਬਣਾਏ ਜਾਣ । ਜੋ ਮੈਂਬਰ ਸਾਹਿਬ ਨੇ 1983-84 ਵਿਚ ਜ਼ੀਰੇ ਵਿਖੇ ਤਹਿਸੀਲ ਕੰਪਲੈਕਸ ਬਨਾਉਣ ਬਾਰੇ ਧਿਆਨ ਰਖਣ ਬਾਰੇ ਕਿਹਾ ਹੈ, ਇਸ ਬਾਰੇ ਖ਼ਿਆਲ ਰਖਿਆ ਜਾਏਗਾ ।

ਮਾਸਟਰ ਬਾਬੂ ਸਿੰਘ: ਉਹ ਬੈਕਵਰਡ ਏਰੀਆ ਹੈ, ਪਾਣੀ ਦਾ ਮਾਰਿਆ ਹੋਇਆ ਹੈ ਅੱਰ ਉਥੇ ਹਾਲਤ ਬੜੀ ਖਸਤਾ ਹੈ । ਕੀ ਇਹ ਜ਼ੀਰੇ ਵਿਖੇ ਤਹਿਸੀਲ ਕੰਪਲੈਕਸ ਬਨਾਉਣ ਬਾਰੇ ਕੋਈ ਆਸ਼ਵਾਸਨ ਦੇਣਗੇ?

ਮੰਤਰੀ: ਮੈਂ ਪਹਿਲਾਂ ਹੀ ਕਿਹਾ ਹੈ ਕਿ 1983-84 ਵਿਚ ਜ਼ਰੂਰ ਵਿਚਾਰ ਕਰਾਂਗੇ ।

CONSTRUCTION OF A BUS STAND AT MAKHU, TEHSIL ZIRA, DISTRICT FEROZEPUR

*1262. **Sardar Harcharan Singh Hero** : Will the Minister of State for Transport be pleased to state whether there is any proposal under the consideration of the Government for the construction of a Bus Stand at Makhu in Tehsil Zira, District Ferozepur, if so, the time by which it is likely to materialise ?

ਸਰਦਾਰ ਅਵਤਾਰ ਸਿੰਘ ਗਟਵਾਲੀ : ਨਹੀਂ ਜੀ ।

ਸਰਦਾਰ ਹਰਚਰਨ ਸਿੰਘ ਹੀਰੋ: ਮੈਂ ਬੇਨਤੀ ਕਰਾਂਗਾ ਕਿ ਮਖੂ, ਤਹਿਸੀਲ ਜ਼ੀਰਾ ਵਿਖੇ ਕੋਈ ਬਸ ਸਟੈਂਡ ਨਹੀਂ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਰਾਤ ਨੂੰ ਉਏ ਕਿੰਨੀਆਂ ਗੱਡੀਆਂ ਠਹਿਰਦੀਆਂ ਹਨ ? ਬਸ ਸਟੈਂਡ ਨਾ ਹੋਣ ਕਰਕੇ ਕੀ ਇਹ ਗੱਡੀਆਂ ਉਥੇ ਸੜਕ ਤੇ ਹੀ ਖੜੀਆਂ ਰਹਿੰਦੀਆਂ ਹਨ ? ਇਨ੍ਹਾਂ ਗਲ੍ਹਾਂ ਦਾ ਜਵਾਬ ਦਿੱਤਾ ਜਾਏ ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਇਹ ਠੀਕ ਹੈ ਕਿ ਉਥੇ ਸੜਕ ਤੇ ਹੀ ਪੈਸੰਜਰਜ਼ ਨੂੰ ਲਾਹਿਆ ਜਾਂਦਾ ਹੈ । 138 ਬਸਾਂ ਹਰ ਰੋਜ਼ ਉਥੋਂ ਪਾਸ ਕਰਦੀਆਂ ਹਨ । ਦੋ ਬਸਾਂ ਰਾਤ ਨੂੰ ਰੋਡਵੇਜ਼ ਦੀਆਂ ਰੁਕਦੀਆ ਹਨ । ਬਸ ਸਟੈਂਡ ਬਣਾਉਣ ਦਾ ਕੰਮ ਲੋਕਲ ਸੈਲਫ ਗੌਰਮਿੰਟ ਦੇ ਡਿਪਾਰਟਮੈਂਟ ਨੂੰ ਚਲਾ ਗਿਆ ਹੈ ਉਹ ਇਸ ਨੂੰ ਬਣਾਉਣ ਵਾਸਤੇ ਸੋਚਣਗੇ । ਅਸੀਂ ਤਾਂ ਸਿਰਫ ਇਸ ਦੀ ਟੈਕਨੀਕਲ ਰੂਪ ਰੇਖਾ ਬਨਾਉਣੀ ਹੈ ।

ਸਰਦਾਰ ਹਰਚਰਨ ਸਿੰਘ ਹੀਰੋ: ਮਨਿਸਟਰ ਸਾਹਿਬ ਨੇ ਇਹ ਗਲਾਂ ਮੰਨੀਆਂ ਹਨ ਕਿ ਉਥੋਂ ਦੀ 138 ਬਸਾਂ ਲੰਘਦੀਆਂ ਹਨ ਅੌਰ ਰਾਤ ਨੂੰ ਦੋ ਠਹਿਰਦੀਆਂ ਹਨ । ਐਨੀਆਂ ਬਸਾਂ ਦਾ ਉਥੋਂ ਰੂਟ ਹੋਣ ਦੇ ਬਾਵਜੂਦ ਵੀ ਗੌਰਮਿੰਟ ਉਥੇ ਬਸ ਸਟੈਂਡ ਹਾਲੇ ਤਕ ਨਹੀਂ ਬਣਾ ਸਕੀ । ਹਜ਼ਾਰਾਂ ਸਵਾਰੀਆਂ ਵਾਸਤੇ ਉਥੇ ਕੋਈ ਸ਼ੈਲਟਰ ਨਹੀਂ ਹੈ । ਕੀ ਟਰਾਂਸਪੋਰਟ ਡਿਪਾਰਟਮੈਂਟ ਆਪਣੇ ਲੈਵਲ ਤੇ ਇਸ ਕੰਮ ਨੂੰ ਟੇਕ ਅਪ ਕਰਕੇ ਉਥੇ ਜਲਦੀ ਬਸ ਸਟੈਂਡ ਪ੍ਰੋਵਾਈਡ ਕਰਾਉਣ ਬਾਰੇ ਇਹ ਵਾਅਦਾ ਕਰਨਗੇ ?

ਰਾਜ ਮੰਤਰੀ: ਮੈਂ ਫਿਰ ਬੇਨਤੀ ਕਰਦਾ ਹਾਂ ਕਿ ਬਸ ਸਟੈਂਡ ਬਣਾਉਣ ਦਾ ਕੰਮ ਲੋਕਲ ਬਾਡੀਜ਼ ਕੋਲ ਹੈ । ਅਸੀਂ ਉਥੋਂ ਦੀ ਮਿਉਂਸਪਲ ਕਮੇਟੀ ਜਾਂ ਪੰਚਾਇਤ ਨੂੰ ਫਿਰ ਲਿਖ ਦਿਆਂਗੇ ਕਿ ਇਹ ਕੰਮ ਛੇਤੀ ਤੋਂ ਛੇਤੀ ਕੀਤਾ ਜਾਏ ਅੌਰ ਜੋ ਸਾਡੇ ਕੋਲੋਂ ਮਦਦ ਹੋਈ ਉਹ ਕਰਾਂਗੇ ।

ਸਰਦਾਰ ਪ੍ਰਿਥੀਪਾਲ ਸਿੰਘ: ਅੰਮ੍ਰਿਤਸਰ ਦਾ ਬਸ ਸਟੈਂਡ ਬੜਾ ਕੰਜਸਟਿਡ ਹੋ ਗਿਆ ਹੈ ਅੌਰ ਉਥੇ ਟ੍ਰੈਫਿਕ ਬਹੁਤ ਹੈ । ਦੋ ਸਿਨਮੇ ਹੋਣ ਕਰਕੇ ਉਥੋਂ ਦੀ ਲੰਘਿਆ ਨਹੀਂ ਜਾਂਦਾ । ਕੀ ਉਥੇ ਬੱਸਾਂ ਬਾਈ ਪਾਸ ਤੋਂ ਲਿਆਉਣ ਦੀ ਕੋਈ ਤਜਵੀਜ਼ ਹੈ ?

ਰਾਜ ਮੰਤਰੀ: ਇਸ ਲਈ ਇਹ ਸੈਪਰੇਟ ਨੋਟਿਸ ਦੇ ਦੇਣ । ਅੰਮ੍ਰਿਤਸਰ ਦਾ ਬਸ ਸਟੈਂਡ ਬਹੁਤ ਵੱਡਾ ਅਰ ਸੋਹਣਾ ਬਣਿਆ ਹੋਇਆ ਹੈ। ਟਰਾਂਸਪੋਰਟ ਡਿਪਾਰਟਮੈਂਟ ਉਸ ਨੂੰ ਮੇਨਟੇਨ ਕਰਦਾ ਹੈ ਜੇਕਰ ਸਰਦਾਰ ਪ੍ਰਿਥੀਪਾਲ ਸਿੰਘ ਦੇ ਸਾਈਜ਼ ਨਾਲੋਂ ਉਹ ਛੋਟਾ ਹੈ ਤਾਂ ਅਸੀਂ ਦੇਖ ਲਵਾਂਗੇ ।

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੋਹਤਰਮ ਮੈਂਬਰ ਨੇ ਬੜੀ ਕਲੀਅਰ ਅਪੀਲ ਕੀਤੀ ਹੈ ਉਥੇ ਮਖ਼ੂ ਸ਼ਹਿਰ ਵਿਚ ਬਸਾਂ ਬਾਹਰ ਹੀ ਖੜ੍ਹੋਂਦੀਆਂ ਹਨ ਅਤੇ ਲੋਕਾਂ ਨੂੰ ਅਸਮਾਨ ਥੱਲੇ ਠਹਿਰਨਾ ਪੈਂਦਾ ਹੈ । ਲੋਕਾਂ ਦੇ ਠਹਿਰਣ ਲਈ ਕਿਸੇ ਜਗ੍ਹਾ ਦਾ ਇੰਤਜ਼ਾਮ ਨਹੀਂ ਹੈ। ਇਸ ਲਈ ਕੀ ਇਹ ਮਿਉਂਸਪਲ ਕਮੇਟੀ ਨੂੰ ਕਹਿਕੇ ਜਾਂ ਕਿਸੇ ਤਰ੍ਹਾਂ ਹੋਰ ਉਥੇ ਅੱਡਾ ਬਣਾ ਦੇਣਗੇ ? ਇਹ ਮੈਂਬਰ ਸਾਹਿਬ ਇਧਰੋਂ ਉਧਰ ਵੀ ਚਲੇ ਗਏ ਹਨ ਪਰ ਫਿਰ ਜੇ ਉਨ੍ਹਾਂ ਦੇ ਕਹਿਣ ਅਨੁਸਾਰ ਉਥ ਅੱਡਾ ਨਹੀਂ ਬਣਦਾ ਤਾਂ ਫਿਰ ਸਾਡੇ ਵਰਗਿਆਂਦਾ ਤਾਂ ਕੁਝ ਵੀ ਨਹੀਂ ਹੋਣਾ ।

ਰਾਜ ਮੰਤਰੀ: ਸਪੀਕਰ ਸਹਿਬ, ਮੈਂ ਪਹਿਲਾਂ ਵੀ ਬੇਨਤੀ ਕਰ ਚੁੱਕਾ ਹਾਂ ਅਤੇ ਹੁਣ ਫਿਰ ਬੇਨਤੀ ਕਰਦਾ ਹਾਂ ਕਿ ਇਸ ਬੱਸ ਸਟੈਂਡ ਦਾ ਕੰਮ ਲੋਕਲ ਸੈਲਫ ਗੌਰਮਿੰਟ ਨੇ ਕਰਨਾ ਹੈ । ਬਾਕੀ ਜੇ ਇਨ੍ਹਾਂ ਦਾ ਇਧਰ ਆਉਣ ਦਾ ਵਿਚਾਰ ਹੈ ਤਾਂ ਠੀਕ ਹੈ ।

Original with;
Punjab Vidhan Sabha
Digitized by;
Panjab Digital Library

ENHANCEMENT OF LIMIT OF LOAN FOR HARIJANS

*1368. **Chaudhri Jagjit Singh** : Will the Minister of State for Cooperation be pleased to state whether there is any proposal under the consideration of the Government to enhance the limit of loan already fixed at Rs. 1000 for Harijans by the Lead Societies in Villages ?

ਸਰਦਾਰ ਬੀਰ ਪਾਲ ਸਿੰਘ : ਪ੍ਰਾਇਮਰੀ ਖੇਤੀਬਾੜੀ ਸੇਵਾ ਸਭਾਵਾਂ ਦੇ ਕਮਜ਼ੋਰ ਵਰਗ ਦੇ ਮੈਂਬਰ ਜਿਨ੍ਹਾਂ ਵਿਚ ਹਰੀਜਨ ਵੀ ਸ਼ਾਮਲ ਹਨ ਦੇ ਕਰਜ਼ੇ ਦੀ ਹੱਦ ਪਹਿਲਾਂ ਹੀ 1000/- ਰੁ: ਤੋਂ ਵਧਾ ਕੇ 1500/- ਰੁਪਏ ਕਰ ਦਿੱਤੀ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਇਹ ਕਰਜੇ ਦੀ ਹੱਦ ਨੂੰ 1000 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿਤੀ ਹੈ। ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਹੱਦ ਨੂੰ 2500 ਰੁਪਏ ਤਕ ਕਰਨਾ ਚਾਹੀਦਾ ਹੈ । ਦੂਸਰਾ ਮੈਂ ਇਹ ਚਾਹੁੰਦਾ ਹਾਂ ਕਿ ਇਹ ਜਿਹੜੀ 1500 ਰਪਏ ਦੀ ਕਰਜ਼ੇ ਦੀ ਹੱਦ ਕੀਤੀ ਹੈ ਇਸ ਵਿਚੋਂ 1000 ਰੁਪਏ ਤਾਂ ਨਕਦ ਮਿਲਦੇ ਹਨ ਅਤੇ 500 ਰੁਪਏ ਦੇ ਕੂਪਨ ਮਿਲਦੇ ਹਨ ਜਿਸ ਨਾਲ ਉਹ ਸੁਸਾਇਟੀ ਵਿਚੋਂ ਸਾਮਾਨ ਖਰੀਦ ਸਕਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ 500 ਰੁਪਏ ਦੇ ਕੂਪਨ ਦਿਤੇ ਜਾਂਦੇ ਹਨ ਇਹ ਬੰਦ ਕਰਨੇ ਚਾਹੀਦ ਹਨ ਕਿਉਂਕਿ ਕਈ ਵਾਰੀ ਉਨ੍ਹਾਂ ਨੂੰ ਉਥੋਂ ਸਮਾਨ ਨਹੀਂ ਮਿਲਦਾ । ਜੇ ਉਨ੍ਹਾਂ ਨੂੰ ਉਥੋਂ ਸਮਾਨ ਨਾ ਮਿਲੇ ਤਾਂ ਫਿਰ ਉਨ੍ਹਾਂ ਨੂੰ ਹਰ ਮਹੀਨੇ ਸੌ ਸੌ ਰੁਪਿਆ 5 ਮਹੀਨਿਆਂ ਵਿਚ 500 ਰੁਪਿਆ ਮਿਲਦਾ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨਾ ਵੀ ਇਹ ਹੱਦ ਕਰਜ਼ਾ ਮਿਲਣਾ ਹੈ ਕੀ ਇਹ ਸਾਰਾ ਕੈਸ਼ ਦੇਣਗੇ ਅਤੇ ਜਿਹੜਾ ਕੂਪਨ ਦੇਣ ਦਾ ਸਿਸਟਮ ਹੈ ਉਸ ਨੂੰ ਬੰਦ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਹੱਦ ਕਰਜ਼ਾ 750 ਰੁਪਏ ਸੀ ਅਤੇ ਫਿਰ ਇਹ 1000 ਰੁਪਏ ਕੀਤਾ । 24.2.1982 ਤੋਂ ਅਸੀਂ ਇਹ ਹੱਦ ਕਰਜ਼ਾ 1500 ਰੁਪਏ ਕੀਤਾ ਹੈ । ਇਸ 1500 ਰੁਪਏ ਵਿਚੋਂ 1000 ਰੁਪਏ ਅਸੀਂ ਉਨ੍ਹਾਂ ਨੂੰ ਕੈਸ਼ ਦਿੰਦੇ ਹਾਂ ਅਤੇ 500 ਰੁਪਏ ਅਸੀਂ ਉਨ੍ਹਾਂ ਨੂੰ ਜ਼ਰੂਰੀ ਵਸਤਾਂ ਖਰੀਦਣ ਲਈ ਦਿੰਦੇ ਹਾਂ । 5 ਮਹੀਨਿਆਂ ਵਿਚ ਅਸੀਂ ਉਨ੍ਹਾਂ ਨੂੰ ਸੌ ਸੌ ਰੁਪਏ ਦਿੰਦੇ ਹਾਂ ਸੁਸਾਇਟੀ ਵਿਚੋਂ ਚੀਜ਼ਾਂ ਖਰੀਦਣ ਵਾਸਤੇ । ਜੇ ਸੁਸਾਇਟੀ ਵਿਚ ਚੀਜ਼ਾਂ ਅਵੇਲੇਬਲ ਨਾ ਹੋਣ ਤਾਂ ਫਿਰ ਉਹ ਬੈਂਕ ਤੋਂ ਕਲੀਅਰੈਂਸ ਲੈ ਕੇ ਆਪ ਖਰੀਦ ਲੈਂਦੇ ਹਨ ।

CO-OPERATIVE SPINNING MILL AT MANSA

*1491. **Comrade Buta Singh**: Will the Minister of State for Co-operation be pleased to state whether the Government has any proposal under its consideration to set up a Cooperative Spinning Mill at Mansa, if so, the details thereof ?

ਸਰਦਾਰ ਬੀਰ ਪਾਲ ਸਿੰਘ : ਹਾਂ ਜੀ । 25,000 ਤੱਕਲੀਆਂ ਦੀ ਸਮਰਥਾ ਵਾਲੀ ਇਹ ਮਿੱਲ 750 ਲੱਖ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੀ ਜਾਵੇਗੀ । ਪ੍ਰੋਜੈਕਟ ਉਸਾਰੀ ਅਧੀਨ ਹੈ ਅਤੇ 1983 ਦੇ ਦੌਰਾਨ ਚਾਲੂ ਹੋ ਜਾਣ ਦੀ ਸੰਭਾਵਨਾ ਹੈ । ਇਹ ਮਿੱਲ ਤਕਰੀਬਨ 900 ਤੋਂ ਵਧ ਕਾਮਿਆਂ ਨੂੰ ਰੋਜ਼ਗਾਰ ਦੇਵੇਗੀ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਬੂਟਾ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਲ ਇਸ ਦਾ ਕਿੰਨਾ ਕੰਮ ਮੁਕੰਮਲ ਹੋ ਜਾਵੇਗਾ ਅਤੇ ਇਸ ਵੇਲੇ ਉਸ ਉਤੇ ਕਿੰਨੀ ਰਕਮ ਖ਼ਰਚ ਕੀਤੀ ਜਾ ਰਹੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੰਮ ਉਥੇ ਵਾਰ ਫੁਟਿੰਗ ਤੇ ਚਲ ਰਿਹਾ ਹੈ । ਇਸ ਤੇ ਤਕਰੀਬਨ 151.54 ਲੱਖ ਰੁਪਏ ਲਗ ਚੁਕੇ ਹਨ । ਬਾਕੀ ਸਾਨੂੰ 31 ਤਾਰੀਖ ਤਕ 72 ਲੱਖ ਰੁਪਏ ਮਿਲਣ ਦੀ ਆਸ ਹੈ ਅਤੇ ਅਸੀਂ ਕੰਮ ਜਲਦੀ ਮੁਕੰਮਲ ਕਰਵਾਉਣ ਵਿਚ ਕਾਮਯਾਬ ਹੋ ਜਾਵਾਂਗੇ ।

ਮਾਸਟਰ ਬਾਬੂ ਸਿੰਘ : ਬਠਿੰਡਾ, ਫਰੀਦਕੋਟ ਦੀ ਕਪਾਹ ਦੀ ਪੈਦਾਵਾਰ ਨੂੰ ਮੱਦੇ-ਨਜ਼ਰ ਰੱਖਦੇ ਹੋਏ ਜਿਸ ਤਰ੍ਹਾਂ ਮਾਨਸਾ ਵਿਚ ਸਪਿੱਨਿੰਗ ਮਿੱਲ ਲਾਈ ਹੈ, ਕੀ ਰਾਮਪੁਰਾ ਫੂਲ ਵਿਚ ਵੀ ਸਪਿੱਨਿੰਗ ਮਿੱਲ ਲਾਉਣ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ : ਇਨ੍ਹਾਂ ਦੇ ਹਲਕੇ ਵਿਚ ਅਗੇ ਕਾਫੀ ਕੁਝ ਦਿਤਾ ਗਿਆ ਹੈ । ਕਪਾਹ ਦੀ ਉਪਜ ਨੂੰ ਮੱਦੇ ਨਜ਼ਰ ਰਖਦੇ ਹੋਏ ਉਥੇ ਕਾਟਨ ਸੀਡ ਪਰੋਸੈਸਿੰਗ ਪਲਾਂਟ ਦਿਤਾ ਹੈ ਜਿਸ ਉਤੇ 3-4 ਕਰੋੜ ਰੁਪਿਆ ਖ਼ਰਚ ਆਉਣਾ ਹੈ । ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਕਪਾਹ ਜ਼ਿਆਦਾ ਪੈਦਾ ਹੁੰਦੀ ਹੈ, ਇਸ ਚੀਜ਼ ਨੂੰ ਦੇਖ ਲਵਾਂਗੇ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਮੈਂ ਪੁੱਛਣਾ ਚਾਹੁੰਦਾ ਹਾਂ ਕਿ 151.54 ਲੱਖ ਰੁਪਿਆ ਉਥੇ ਲੱਗਾ ਹੈ । ਇਹ ਤਾਂ ਜ਼ਮੀਨ ਪਰਚੇਜ਼ ਕਰਨ ਤੇ ਖ਼ਰਚ ਹੋਇਆ ਹੋਣਾ ਹੈ । ਜਿਥੋਂ ਤੱਕ ਉਥੇ ਕੰਮ ਚਾਲੂ ਹੋਣ ਦੀ ਗੱਲ ਹੈ, ਉਥੋਂ ਸਿਰਫ ਹਾਲਾਂ ਇੱਟਾਂ ਹੀ ਡਿੱਗੀਆਂ ਹਨ । ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਕੀ ਆਉਣ ਵਾਲੇ ਸੀਜ਼ਨ ਤੋਂ ਪਹਿਲਾਂ ਪਹਿਲਾਂ ਇਸ ਦੀ ਮਸ਼ੀਨਰੀ ਮੰਗਵਾ ਕੇ ਇਸ ਨੂੰ ਕੰਪਲੀਟ ਕਰ ਦੇਣਗੇ ਤਾਂਕਿ ਉਥੇ ਲੋਕਾਂ ਨੂੰ ਫਾਇਦਾ ਹੋ ਸਕੇ ?

ਰਾਜ ਮੰਤਰੀ : ਮਸ਼ੀਨਰੀ ਲਈ ਆਲਰੈਡੀ ਅਪਲਾਈ ਕਰ ਦਿਤਾ ਹੈ ਅਤੇ ਮਸ਼ੀਨਰੀ ਵੀ ਆ ਜਾਵੇਗੀ । ਤੁਸੀ ਘਬਰਾਓ ਨਹੀਂ, ਇਹ ਮਿੱਲ ਲਗੇਗੀ । ਅਗਲੇ ਸਾਲ ਤੁਸੀਂ ਇਸ ਨੂੰ ਚਾਲੂ ਦੇਖੋਗੇ ।

INTEREST-FREE LOAN TO INDUSTRIES

*1431. **Shri Gopal Krishan Chatrath** : Will the Chief Minister be pleased to state—

(a) the names of the industries which have received 10 years interest free loan exceeding Rs. 5 lakhs in aggregate and above so far;
(b) the steps taken or proposed to be taken to recover the same ?

Original with;
Punjab Vidhan Sabha
Digitized by;
Panjab Digital Library

Sardar Darbara Singh : (a) The names of the industrial units which have so far received interest free loans exceeding Rs. 5 lacs in aggregate are shown at annexure.

(b) According to the relevant rules the recovery of the loans has not yet fallen due in any of these cases and as such the question of taking any steps to recover it for the present does not arise.

Annexure

Sl. No.	Name of the Industrial Unit	Date of advance of first instalment	Total Amount Advanced Rs.
1	2	3	4
1.	M/S Ajay Electricals, SAS Nagar ..	12-5-76	6,74,170
2.	M/S Anand Aggarwal Oils (P) Ltd, Kapurthala	4-5-81	9,22,000
3.	M/s Bhatinda Chemicals and Banaspati Mills (P) Ltd., Bhatinda	27-2-80	2,00,00,000
4.	M/S. C.R. Aulauck and Sons, Ludhiana. ..	15.4.77	10,51,390
5.	M/S. Dee Oils Solvant Iudustries (P) Ltd, Kotkapura, Subsequently changed their name to M/.S Sarsawati Extraction (P) Ltd., Kotkapura. ..	15.5.78	16,38,650
6.	D.C.M. Engg. Products, V. Assraon, District Hoshiarpur. ..	6.5.81	1,50,00,000
7.	Hindustan Forgings Pvt. Ltd., Rajpura. ..	23.7.79	13,68,540
8.	Jyoti Industries, Dhandari Kalan, Distt. Ludhiana. ..	12.5.76	5,67,175
9.	Kamal Solvex Vegetable & Oil Mills, Amritsar. ..	18.2.82	7,77,800
10.	Molins of India, Indl. Focal Point, S.A.S. Nagar ..	1.4.75	21,67,012
11.	Metro Tyres (P) Ltd., Ludhiana. ..	12.4.77	11,37,010
12.	Majestic Auto Gears (P) Ltd., Dhandari Kalan renamed as Majestic Auto Gears (P) Ltd. ..	26.4.77	13,94,465

Original with;
Punjab Vidhan Sabha
Digitized by;
Panjab Digital Library

1	2		3	4
13.	Mehta Pharmacuticals Pvt. Ltd., Chheharatta, District Amritsar.	..	11.9.78	10,26,410
14.	Meghan Papers Mills Pvt. Ltd., Sangrur.	..	24.4.78	7,50,430
15.	Mahavir Spg. Mills Ltd., Hoshiarpur.	..	25.7.78	2,00,00,000
16.	Oriental Carpet Manufacturers, Amritsar.	..	18.4.77	20,00,000
17.	OK Hosiery Mills, Ludhiana.	..	10.4.78	5,59,980
18.	Oswal Spinning & Weaving Mills Pvt. Ltd., 230, Industrial Area, Ludhiana.	..	28.3.80	10,00,000
19.	Punjab Anand Batteries Ltd., S.A.S. Nagar.	..	1.4.75	23,42,881
20.	Punjab Tractors Ltd., S.A.S. Nagar.	..	1.4.75	25,00,000
21.	Punj-Star Standard Electronics Ltd., S.A.S. Nagar.	..	13.5.76	11,65,660
22.	Prince Rubber Industries, Jullundur.	..	15.3.78	9,85,595
23.	Punjab Pre-Stressed Concrete Industrial Focal Point, S.A.S. Nagar.	..	9.2.78	6,90,180
24.	Pearl Woollen Mills, Ludhiana	..	5.7.79	5,92,340
25.	Pressure Cooker and Appliances Ltd., Hoshiarpur.	..	5.5.80	15,00,000
26.	Punjab United Forged, Rail Majra, Hoshiarpur.	..	15.12.80	19,18,600
27.	Punjab Khand Udyog Ltd., Gurdaspur.	..	Amount drawn *vide* RTR No. TL/AB/478423, dated 25.1.82. Agreement deed not yet registered with the sub-Registrar.	6,54,700
28.	R.K. Machine Tools Pvt. Ltd., Ludhiana.	..	14.5.76	23,18,535
29.	Raja Ram Corn Products Ltd., S.A.S. Nagar.	..	15.4.77	21,05,725
30.	Rahon Hosiery Ludhiana.	..	9.1.78	7,59,800

Original with;
Punjab Vidhan Sabha
Digitized by;
Panjab Digital Library

1	2		3	4
31.	Ranbaxy Laboratoriee Ltd., S.A.S. Nagar.	..	28.3.78	10,62,280
32.	Ranbir Chemical Industries (P) Ltd., Kharar	..	6.10.78	7,17,800
33.	Rattan Paper Mills (P) Ltd., Amritsar.	..	20.4.81	8,29,600
34.	Roshan Lal Oil Mills (P) Ltd., Bhatinda.	..	30.10.81	13,59,000
35.	Suraj Industries, Bhatinda	..	27.3.81	5,59,700
36.	Seth Enterprises, Amritsar.	..	22.4.81	5,56,000
37.	United General Industries, SAS Nagar.	..	25.5.76	8,38,079
38.	Victor Tools, Jullundur.	..	31.3.78	7,04,990

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜ ਵੀ ਇੰਟਰੈਸਟ-ਫਰੀ ਲੋਨ ਦੇਣ ਦੀ ਪਾਲਿਸੀ ਹੈ ? ਜੇ ਇਹ ਡਿਸਕੰਟੀਨਿਊ ਕੀਤੀ ਹੈ ਤਾਂ ਜਿਨ੍ਹਾਂ ਪਾਰਟੀਆਂ ਨੇ ਅਗੇ ਲੋਨ ਲਏ ਹਨ ਉਨ੍ਹਾਂ ਵਲ ਬਹੁਤ ਰਕਮ ਬਕਾਇਆ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਪਾਲਿਸੀ ਬੰਦ ਕਰ ਦਿਤੀ ਹੈ. ਤਾਂ ਕੀ ਛੋਟੀਆਂ ਇੰਡਸਟਰੀਆਂ ਲਈ ਇਹ ਪਾਲਿਸੀ ਚਾਲੂ ਕਰਨ ਲਈ ਤਿਆਰ ਹਨ ?

ਮੁੱਖ ਮੰਤਰੀ : ਪਹਿਲਾਂ ਇਹ ਜਿਹੜੀ ਲਿਸਟ ਦਿਤੀ ਗਈ ਹੈ ਇਸ ਦੀ ਆਈਟਮ ਨੰ: 3, 6 ਅਤੇ 15 ਵਿਚ ਮੈਂ ਸੋਧ ਕਰਨੀ ਚਾਹੁੰਦਾ ਹਾਂ । ਇਨ੍ਹਾਂ ਵਿਚ ਜ਼ੀਰੋ ਵੱਧ ਲਗ ਗਈ ਹੈ । ਇਸ ਤਰ੍ਹਾਂ ਇਹ ਰਕਮ 20 ਲੱਖ, 15 ਲੱਖ ਅਤੇ 20 ਲਖ ਬਣਦੀ ਹੈ । ਬਾਕੀ ਜਿਥੋਂ ਤਕ ਰਿਕਵਰੀ ਦਾ ਸਵਾਲ ਹੈ ਉਸ ਬਾਰੇ ਮੈਂ ਪਹਿਲਾਂ ਹੀ ਜਵਾਬ ਦੇ ਚੁੱਕਾ ਹਾਂ । ਸਵਾਲ ਇਹ ਹੈ ਕਿ ਕੀ ਦੂਸਰੇ ਕਰਜ਼ੇ ਛੋਟੀਆਂ ਇੰਡਸਟਰੀਆਂ ਨੂੰ ਦੇਣ ਵਾਸਤੇ ਸੰਭਾਵਨਾ ਹੋ ਸਕਦੀ ਹੈ, ਇਸ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਲੋਨ ਇਨ੍ਹਾਂ ਵਡੀਆਂ ਵਡੀਆਂ ਇੰਡਸਟਰੀਆਂ ਨੂੰ ਦਿਤਾ ਗਿਆ ਹੈ ਉਨ੍ਹਾਂ ਵਿਚੋਂ ਕਈ ਇੰਡਸਟਰੀਆਂ ਐਸੀਆਂ ਹਨ ਜਿਨ੍ਹਾਂ ਨੇ ਇਹ ਲੋਨ ਲਿਆ ਪਰ ਇਸ ਨੂੰ ਪੂਰਾ ਯੂਟੇਲਾਈਜ਼ ਨਹੀਂ ਕੀਤਾ । ਜਿਨ੍ਹਾਂ ਨੇ ਯੂਟੇਲਾਈਜ਼ ਕਰ ਲਿਆ ਉਹ ਤਾਂ ਠੀਕ ਹੈ ਪਰ ਜਿਨ੍ਹਾਂ ਨੇ ਪ੍ਰਾਪਰਲੀ ਯੂਟੇਲਾਈਜ਼ ਨਹੀਂ ਕੀਤਾ, ਪੂਰਾ ਯੂਟੇਲਾਈਜ਼ ਨਹੀਂ ਕੀਤਾ ਕੀ ਉਨ੍ਹਾਂ ਕੋਲੋਂ ਹੁਣੇ ਰਿਕਵਰੀ ਕੀਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਇਨ੍ਹਾਂ ਦੋ ਕੈਟੇਗਰੀਆਂ ਦਾ ਜ਼ਿਕਰ ਕੀਤਾ ਹੈ । ਇਕ ਤਾਂ ਉਹ ਜਿਨ੍ਹਾਂ ਨੇ ਕਰਜ਼ਾ ਲਿਆ ਪਰ ਬਿਲਕੁਲ ਯੂਟੇਲਾਈਜ਼ ਨਹੀਂ ਕੀਤਾ । ਦੂਸਰਾ ਇਹ ਕਿ ਉਹ ਪਰਾਪਰਲੀ ਯੂਟੇਲਾਈਜ਼ ਨਹੀਂ ਕਰ ਸਕੇ ਪਰ ਉਹ ਯੂਟੇਲਾਈਜ਼ ਕਰ ਰਹੇ ਹਨ । ਜਿਹੜੇ ਯੂਟੇਲਾਈਜ਼ ਕਰ ਰਹੇ ਹਨ ਉਨ੍ਹਾਂ ਦਾ ਅਸੀਂ ਕੁਝ ਨਹੀਂ ਕਰ ਸਕਦੇ ਪਰ ਜਿਨ੍ਹਾਂ ਨੇ ਕਤੱਅਨ ਯੂਟੇਲਾਈਜ਼ ਨਹੀਂ ਕੀਤਾ ਅਗਰ ਇਸ ਬਾਰੇ ਨੋਟਿਸ ਵਿਚ ਆਵੇਗਾ ਤਾਂ ਡੈਫੀਨੇਟਲੀ ਉਨ੍ਹਾਂ ਦੀ ਰਿਕਵਰੀ ਕੀਤੀ ਜਾਵੇਗੀ ।

ਸਰਦਾਰ ਆਤਮਾ ਸਿੰਘ : ਸੀ. ਐਮ. ਸਾਹਿਬ ਨੇ ਇਹ ਜਿਹੜੀ ਸੂਚੀ ਸਦਨ ਦੀ ਟੇਬਲ ਤੇ ਲੇ ਕੀਤੀ ਹੈ ਉਸ ਦੇ ਮੁਤਾਬਿਕ 38 ਪਾਰਟੀਆਂ ਨੂੰ ਸੂਦ ਰਹਿਤ ਕਰਜ਼ੇ ਦਿਤੇ ਗਏ ਜਿਸ ਵਿਚ ਦੱਸਿਆ ਗਿਆ ਹੈ ਕਿ 5 ਲੱਖ ਤੋਂ 25 ਲੱਖ ਰੁਪਏ ਤਕ ਕਰਜ਼ੇ ਦਿਤੇ ਗਏ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਰਿਆਇਤ ਜਾਂ ਸੂਦ ਰਹਿਤ ਕਰਜ਼ੇ ਦਸਤਕਾਰੀ ਵਾਸਤੇ ਦਿਤੇ ਗਏ ਹਨ ਕੀ ਇਹ ਰਿਆਇਤ ਜਾਂ ਸੂਦ ਰਹਿਤ ਕਰਜ਼ੇ ਕਿਸਾਨਾਂ ਨੂੰ ਟਰੈਕਟਰਾਂ ਵਾਸਤੇ ਅਤੇ ਹੋਰ ਚੀਜ਼ਾਂ ਖਰੀਦਣ ਵਾਸਤੇ ਦੇਣ ਲਈ ਤਿਆਰ ਹਨ ?

ਮੁੱਖ ਮੰਤਰੀ : ਜੇ ਇਕ ਪਾਸੇ ਪਹਿਲਾਂ ਹੀ ਦੇਣੇ ਬੰਦ ਕਰ ਦਿਤੇ ਹਨ ਤਾਂ ਦੂਜੇ ਪਾਸੇ ਕਿਸ ਤਰ੍ਹਾਂ ਦਿਆਂਗੇ ?

ਸਰਦਾਰ ਪ੍ਰਿਥੀਪਾਲ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਤੁਸੀਂ 5 ਲੱਖ ਰੁਪਏ ਦੇ ਕਰਜ਼ੇ ਦਿਤੇ ਹਨ ਕੀ ਇਹ ਕਰਜ਼ੇ ਅੱਗੇ ਤੋਂ ਵੀ ਜਾਰੀ ਰੱਖੋਗੇ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਨਵੀਂ ਫੈਕਟਰੀਆਂ ਨੂੰ 15% ਸਬਸਿਡੀ ਦੇਣੀ ਹੈ ਉਸ ਸਬਸਿਡੀ ਦੇ ਲਈ ਕੇਸਿਜ਼ ਡਾਇਰੈਕਟਰ, ਇੰਡਸਟਰੀਜ਼ ਕੋਲ ਪਏ ਹਨ ਪਰ ਉਸ ਦੇ ਲਈ ਕੋਈ ਰੁਪਿਆ ਨਹੀਂ ਰਖਿਆ ਗਿਆ, ਕੀ ਇਸ ਦੇ ਲਈ ਕੋਈ ਪ੍ਰੋਵੀਜ਼ਨ ਕਰਨਗੇ ?

Chief Minister: * The scheme of interest free loans to Industries is still in force and during the current year, there is a provision of Rs. 70 lacs under this head.

---

*The original reply/ statement by the hon. Chief Minister reads as follows :—

"ਸਪੀਕਰ ਸਾਹਿਬ, ਇਸ ਵੇਲੇ ਡੀਟੇਲ ਤਾਂ ਮੈਂ ਦੇ ਨਹੀਂ ਸਕਦਾ ਪਰ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਕੰਟੀਨਿਊ ਨਹੀਂ ਕੀਤਾ ਬਲਕਿ ਬੰਦ ਕੀਤਾ ਹੈ ਕਿਉਂਕਿ ਕਰਜ਼ਾ ਜਿਹੜਾ ਹੈ ਉਸ ਦੀ ਰਿਕਵਰੀ ਕਰਨ ਦੀ ਲੋੜ ਹੈ । ਦੂਸਰਾ, ਜੋ ਪੁੱਛਿਆ ਹੈ ਇਸ ਨੂੰ ਕਿਸ ਹੱਦ ਤੱਕ ਦੇ ਸਕਦੇ ਹਾਂ ਇਸ ਦੇ ਲਈ ਸੋਚਣ ਦੀ ਲੋੜ ਹੈ, ਇਹ ਸੋਚਣ ਵਾਲੀ ਗੱਲ ਹੈ । ਡੀਟੇਲ ਮੈਂ ਫਿਰ ਇਨ੍ਹਾਂ ਨੂੰ ਦੇ ਦੇਵਾਂਗਾ ।"

The reply as printed above was sent by the Chief Minister afterwards in substitution of the original reply.

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਿਆਜ ਰਹਿਤ 28 ਲੱਖ ਰੁਪਏ ਤਕ ਕਰਜ਼ੇ ਦੇਣੇ ਸੀ ਇਹ ਕਿਹੜੇ ਸਾਲ ਸਕੀਮ ਬਣਾਈ ਸੀ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਇਹ ਪੈਸਾ ਯੂਟੇਲਾਈਜ਼ ਨਹੀਂ ਕੀਤਾ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣ ਦੇ ਵਿੱਚ ਕੀ ਹਿੱਚ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਾਡੇ ਨੋਟਿਸ ਵਿਚ ਅਗਰ ਕੋਈ ਕੇਸ ਆ ਜਾਵੇ ਕਿ ਬਿਲਕੁਲ ਯੂਟੇਲਾਈਜ਼ ਨਹੀਂ ਕੀਤਾ ਅਸੀਂ ਐਟ ਆਲ ਕਾਸਟ ਰਿਕਵਰੀ ਸਪੀਡ ਅੱਪ ਕਰਾਂਗੇ ਲੇਕਿਨ ਇਹ ਚੀਜ਼ ਕਿਸੇ ਨੇ ਨੋਟਿਸ ਵਿੱਚ ਨਹੀਂ ਲਿਆਂਦੀ । ਜਿਨ੍ਹਾਂ ਨੇ ਮਿਸਯੂਟੇਲਾਈਜ਼ ਕੀਤਾ ਹੈ ਉਨ੍ਹਾਂ ਨੂੰ ਤਿੱਖਾ ਕਰਾਂਗੇ, ਇਸ ਦੇ ਲਈ ਪਨਿਸ਼ਮੈਂਟ ਹੈ ਕਿ ਜੇ ਕੋਈ ਵੇਲੇ ਸਿਰ ਨਾ ਦੇਣ ਤਾਂ 16% ਪੀਨਲ ਇਨਟ੍ਰੈਸਟ ਲਗਦਾ ਹੈ ।

ਮਾਸਟਰ ਚੰਦ ਸਿੰਘ : ਮੇਘਾਨ ਪੇਪਰ ਮਿੱਲ ਸੰਗਰੂਰ ਵਿੱਚ ਹੈ ।

ਮੁੱਖ ਮੰਤਰੀ : ਤੁਸੀਂ ਨੋਟਿਸ ਵਿਚ ਲਿਆਂਦਾ ਹੈ, ਮੈਂ ਪਤਾ ਕਰ ਲਵਾਂਗਾ ।

ਜਿਥੋਂ ਤਕ ਇਨ੍ਹਾਂ ਦੇ ਇਸ ਸਵਾਲ ਦਾ ਤੁਅੱਲਕ ਹੈ ਕਿ ਕਰਜ਼ਾ ਦੇਣਾ ਸ਼ੁਰੂ ਕਦੋਂ ਕੀਤਾ ਸੀ , ਉਹ 1 ਅਪਰੈਲ, 1975 ਤੋਂ ਸ਼ੁਰੂ ਕੀਤਾ ਹੈ । ਜਿਹੜੀਆਂ ਕਿਸ਼ਤਾਂ ਡਿਊ ਹਨ ਉਹ ਅਸੀਂ ਲਵਾਂਗੇ ।

———

MINI SECRETARIAT AT MANSA

*1492. **Comrade Buta Singh**: Will the Chief Minister be pleased to state whether the Government has any proposal under its consideration to build a Mini Secretariat at Mansa, District Bhatinda; if so, the details thereof ?

Sardar Darbara Singh: The construction of Sub-Divisional Administrative Complex (1st phase) at Mansa, District Bhatinda, has been going on since 1980-81. In this phase, buildings for Tehsil Office, Sub Treasury and Houses for Sub-Divisional Officer(E), Tehsildar, Naib-Tehsildar, Assistant Treasury Officer and Class-IV-employees, are included.

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਐਸੇ ਮਾਮਲੇ ਤੇ ਕੱਲ ਹਰਿਆਣਾ ਸਦਨ ਵਿਚ ਸਪੀਕਰ ਨੇ ਮੰਤਰੀ ਨੂੰ ਝਾੜ ਪਾਈ ਹੈ ।

ਸ਼੍ਰੀ ਸਪੀਕਰ: ਮੁੱਖ ਮੰਤਰੀ ਸਾਹਿਬ ਤੁਹਾਨੂੰ ਜਵਾਬ ਦੇ ਰਹੇ ਹਨ ।

ਆਵਾਜਾਈ ਦੇ ਰਾਜ ਮੰਤਰੀ: ਸਪੀਕਰ ਸਾਹਿਬ, ਉਥੇ ਕਿਸੇ ਮੈਂਬਰ ਨੂੰ ਵੀ ਸਪੀਕਰ ਨੇ ਝਾੜ ਪਾਈ ਹੋਣੀ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਬੂਟਾ ਸਿੰਘ: ਸਪੀਕਰ ਸਾਹਿਬ, ਮੈਂ ਦੋ ਤਿੰਨ ਗਲਾਂ ਪੁੱਛਣੀਆਂ ਚਾਹੁੰਦਾ ਹਾਂ। ਜਵਾਬ ਵਿਚ ਮੁੱਖ ਮੰਤਰੀ ਸਾਹਿਬ ਨੇ ਇਹ ਨਹੀਂ ਦੱਸਿਆ ਕਿ ਇਸ ਤੇ ਕਿੰਨੀ ਲਾਗਤ ਆਉਣੀ ਹੈ। ਇਕ ਤਾਂ ਇਹ ਦੱਸਣ ਕਿ ਇਸ ਤੇ ਕਿੰਨੀ ਲਾਗਤ ਆਉਣੀ ਹੈ ?

ਦੂਸਰਾ ਕ੍ਰਿਪਾ ਕਰਕੇ ਮੁੱਖ ਮੰਤਰੀ ਸਾਹਿਬ ਇਹ ਦੱਸਣ ਕਿ ਇਹ ਕਦੋਂ ਤਕ ਮੁਕੰਮਲ ਹੋ ਜਾਵੇਗੀ ?

ਤੀਸਰੀ ਗਲ ਮੁੱਖ ਮੰਤਰੀ ਸਾਹਿਬ ਇਹ ਦੱਸਣ ਕਿ ਇਸ ਸਾਲ ਕਿੰਨਾ ਖਰਚ ਹੋ ਰਿਹਾ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਮੈਂ ਜਵਾਬ ਸਾਰਾ ਪੜ੍ਹ ਕੇ ਸੁਣਾ ਦਿਤਾ ਹੈ। ਸਬ-ਡਿਵੀਜ਼ਨਲ ਐਡਮਨਿਸਟਰੇਟਿਵ ਕੰਪਲੈਕਸ, ਮਾਨਸਾ, ਜ਼ਿਲ੍ਹਾ ਬਠਿੰਡਾ ਦੀ ਕੰਸਟ੍ਰਕਸ਼ਨ ਦਾ ਫਸਟ ਫੇਜ਼ ਸਾਲ 1980-81 ਤੋਂ ਚਲ ਰਿਹਾ ਹੈ ਅੱਤ ਅਸੀਂ ਕੋਸ਼ਿਸ਼ ਕਰਾਂਗੇ ਕਿ ਜਲਦੀ ਤੋਂ ਜਲਦੀ ਬਣ ਜਾਵੇ।

ਸਰਦਾਰ ਬਲਵਿੰਦਰ ਸਿੰਘ ਭੁੰਦੜ: ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਮਾਨਸਾ ਤਹਿਸੀਲ ਦਾ ਇਕ ਐਸਾ ਏਰੀਆ ਹੈ ਜਿਸ ਦੇ ਲਈ ਕੋਈ ਝਗੜਾ ਨਹੀਂ, ਨਾ ਐਮ. ਐਲ. ਏਜ਼ ਦਾ ਅਤੇ ਨਾ ਹੀ ਪੁਲੀਟੀਕਲ ਪਾਰਟੀਜ਼ ਦਾ, ਇਹ ਜ਼ਿਲ੍ਹਾ ਵੀ ਬੜਾ ਜਲਦੀ ਬਣਨ ਵਾਲਾ ਹੈ, ਕੀ ਮੁੱਖ ਮੰਤਰੀ ਸਾਹਿਬ ਉਥੇ ਮਿਨੀ ਸੈਕਟਰੀਏਟ ਜਿਹੜਾ ਹੈ ਉਸ ਨੂੰ ਇਕ ਸਾਲ ਦੇ ਅੰਦਰ ਅੰਦਰ ਬਣਾਉਣ ਦੀ ਕੋਸ਼ਿਸ਼ ਕਰਨਗੇ? ਦੂਸਰਾ 200 ਕਿਲੋ ਮੀਟਰ ਡਿਸਟ੍ਰਿਕਟ ਹੈਡਕੁਆਟਰ ਬਠਿੰਡਾ ਦਾ ਪੈਂਦਾ ਹੈ, ਕੀ ਇਸ ਚੀਜ਼ ਨੂੰ ਵੀ ਮੁਖ ਰਖ ਕੇ ਜਲਦੀ ਤੋਂ ਜਲਦੀ ਉਸ ਨੂੰ ਕੰਪਲੀਟ ਕਰਾਉਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਸਵਾਲ ਤਾਂ ਇਹ ਹੈ ਕਿ ਅਸੀਂ ਬਣਾ ਰਹੇ ਹਾਂ। ਇਹ ਤਾਂ ਕਲ ਨੂੰ ਕਹਿਣਗੇ ਕਿ ਜਿਹੜਾ ਦਾਰੁਲਖਲਾਫਾ ਹੈ ਉਹ ਵੀ ਨੇੜੇ ਕਰ ਦਿਓ। ਰੀਆਰਗੇਨਾਈਜ਼ੇਸ਼ਨ ਦਾ ਅਜੇ ਕੋਈ ਫੈਸਲਾ ਨਹੀਂ ਹੋਇਆ। ਇਹ ਫੈਸਲਾ ਜ਼ਰੂਰ ਹੈ ਕਿ ਹਾਲੀ ਕੋਈ ਜ਼ਿਲ੍ਹਾ ਨਹੀਂ ਬਣਾਉਣਾ।

ਸਰਦਾਰ ਬਲਵਿੰਦਰ ਸਿੰਘ ਭੁੰਦੜ: ਤਾਂ ਤੇ ਇਸ ਨੂੰ ਜਾਣ ਦਿਓ ਫਿਰ ਜੇ ਫੈਸਲਾ ਨਹੀਂ ਹੋਇਆ।

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਮਾਨਯੋਗ ਮੁਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਬਿਲਡਿੰਗਜ਼ ਅਨਸੇਫ ਡਿਕਲੇਅਰ ਹੋਈਆਂ ਹਨ ਪਰ ਉਥੇ ਸਰਕਾਰੀ ਦਫ਼ਤਰ, ਤਹਿਸੀਲ ਦੇ ਦਫ਼ਤਰ ਹਨ, ਜਿਵੇਂ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਚ ਹਨ, ਕੀ ਉਨ੍ਹਾਂ ਬਿਲਡਿੰਗਜ਼ ਨੂੰ ਵੇਕੇਟ ਕਰਵਾ ਕੇ ਨਵੀਆਂ ਬਿਲਡਿੰਗਜ਼ ਪ੍ਰੋਵਾਈਡ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਹੜੀਆਂ ਅਨਸੇਫ ਡੈਕਲੇਅਰਡ ਹਨ ਉਨ੍ਹਾਂ ਨੂੰ ਸੇਫ ਕਰਾਂਗੇ। ਇਹ ਵੀ ਕਰਾਂਗੇ ਜੋ ਇਹ ਕਹਿੰਦੇ ਹਨ।

Original with;
Punjab Vidhan Sabha
Digitized by
Panjab Digital Library

HANDING OVER THE CHARGE OF ACCOUNTS BY THE EX-SARPANCHES

*1455. **Sardar Major Singh Ubboke**: Will the Minister for development be pleased to state—

(a) the number of such Gram Panchayats in the State Ex-Sarpanches of which have not so far handed over the up-to-date charge of the accounts of Panchayat funds to the new Sarpanches/Panchayats ;

(b) whether the Ex-Sarpanch of Gram Panchayat, Chak Mughal Block Bhikhiwind, Tehsil Patti, District Amritsar has handed over the charge of the accounts of the Panchayat Funds to the new Sarpanch/Panchayat, if so, the date thereof, if not the reasons therefor ?

ਸਰਦਾਰ ਉਜਾਗਰ ਸਿੰਘ, ਉਪ-ਮੰਤਰੀ, ਵਿਕਾਸ: (ੳ) ਮੰਗੀ ਗਈ ਸੂਚਨਾ ਬਹੁਤ ਲੰਬੀ ਚੌੜੀ ਹੈ। ਇਸ ਲਈ ਇਹ ਸੂਚਨਾ ਇਕੱਤਰ ਕਰਨ ਉਤੇ ਲਗਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵਗੀ ।

(ਅ) ਹਾਂ ਜੀ, ਮਿਤੀ 26 ਸਤੰਬਰ. 1978 ਨੂੰ ।

ਸਰਦਾਰ ਮੇਜਰ ਸਿੰਘ ਉਬੋਕੇ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨਹੀਂ ਹਨ, ਇਸ ਕਰਕੇ ਇਸ ਦਾ ਜਵਾਬ ਡਿਪਟੀ ਮਨਿਸਟਰ ਸਾਹਿਬ ਨੇ ਦਿਤਾ ਹੈ, ਚੰਗਾ ਹੁੰਦਾ ਜੇ ਉਹ ਆਪ ਹੁੰਦੇ । ਸਵਾਲ ਮੈਂ ਇਹ ਕੀਤਾ ਸੀ ਕਿ ਪੰਜਾਬ ਵਿਚ ਅਜਿਹੀਆਂ ਕਿੰਨੀਆਂ ਪੰਚਾਇਤਾਂ ਹਨ ਜਿਨ੍ਹਾਂ ਦੇ ਪੁਰਾਣੇ ਸਰਪੰਚਾਂ ਨੇ ਅਜੇ ਤਕ ਨਵੇਂ ਸਰਪੰਚਾਂ ਨੂੰ ਹਿਸਾਬ ਕਿਤਾਬ ਨਹੀਂ ਦਿਤਾ । ਸਪੀਕਰ ਸਾਹਿਬ, ਚਾਰ ਸਾਲ ਲੰਘ ਗਏ ਹਨ ਚੋਣਾਂ ਹੋਈਆਂ ਨੂੰ ਲੇਕਿਨ ਵਜ਼ੀਰ ਸਾਹਿਬ ਨੇ ਇਨ੍ਹਾਂ ਦੀ ਕੋਈ ਗਿਣਤੀ ਨਹੀਂ ਦਿਤੀ ਕਿ ਕਿੰਨੀਆਂ ਐਸੀਆਂ ਪੰਚਾਇਤਾਂ ਹਨ ਜਿਨ੍ਹਾਂ ਦੇ ਪੁਰਾਣੇ ਸਰਪੰਚਾਂ ਨੇ ਨਵੇਂ ਸਰਪੰਚਾਂ ਨੂੰ ਹਿਸਾਬ ਕਿਤਾਬ ਨਹੀਂ ਦਿੱਤਾ । ਇਸ ਦਾ ਮਤਲਬ ਹੈ ਕਿ ਬਹੁਤ ਸਾਰੀਆਂ ਪੰਚਾਇਤਾਂ ਦੇ ਪੁਰਾਣੇ ਸਰਪੰਚਾਂ ਨੇ ਨਵੇਂ ਸਰਪੰਚਾਂ ਨੂੰ ਹਿਸਾਬ ਨਹੀਂ ਦਿੱਤਾ । ਮੈਂ ਪਿਛਲੇ ਸੈਸ਼ਨ ਵਿਚ ਇਕ ਸਵਾਲ ਕੀਤਾ ਸੀ ਕਿ ਜਿਹੜੀਆਂ ਇਲੈਕਸ਼ਨ ਪੈਟੀਸ਼ਨਾਂ ਸਰਪੰਚਾਂ, ਪੰਚਾਂ ਦੇ ਖਿਲਾਫ ਚਲ ਰਹੀਆਂ ਹਨ ਉਨ੍ਹਾਂ ਦਾ ਨਿਪਟਾਰਾ ਕਦੋਂ ਤਕ ਹੋ ਜਾਵੇਗਾ ਤਾਂ ਉਸ ਦਾ ਜਵਾਬ ਦਿੱਤਾ ਗਿਆ ਸੀ ਕਿ 6 ਮਹੀਨਿਆਂ ਤਕ ਕਰ ਦੇਵਾਂਗੇ । ਹੁਣ ਦੂਸਰਾ ਇਜਲਾਸ ਵੀ ਲੰਘ ਗਿਆ ਹੈ । ਸਪੀਕਰ ਸਾਹਿਬ, ਜੇ ਇਹ ਗਿਣਤੀ ਨਹੀਂ ਦੇ ਸਕਦੇ ਸਾਰਿਆਂ ਦੀ ਤਾਂ ਅੰਮ੍ਰਿਤਸਰ ਜ਼ਿਲ੍ਹੇ ਦੀ ਹੀ ਦੱਸ ਦੇਣ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਕਿੰਨੀਆਂ ਐਸੀਆਂ ਪੰਚਾਇਤਾਂ ਹਨ ਜਿਨ੍ਹਾਂ ਦੇ ਪੁਰਾਣੇ ਸਰਪੰਚਾਂ ਨੇ ਨਵੇਂ ਸਰਪੰਚਾਂ ਨੂੰ ਹਿਸਾਬ ਕਿਤਾਬ ਨਹੀਂ ਦਿੱਤਾ ?

ਉਪ ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ 10621 ਪੰਚਾਇਤਾਂ ਹਨ । ਇਨ੍ਹਾਂ ਨੇ ਇਕ ਪੰਚਾਇਤ ਬਾਰੇ ਸਵਾਲ ਪੁਛਿਆ ਸੀ ਉਸ ਦਾ ਜਵਾਬ ਮੈਂ ਦੇ ਦਿੱਤਾ ਹੈ । ਜੇ ਹੋਰ ਕੋਈ ਨੋਟਿਸ ਦੇ ਦੇਣ ਤਾਂ ਮੈਂ ਉਸ ਦਾ ਵੀ ਜਵਾਬ ਦੇ ਦੇਵਾਂਗਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਮੇਜਰ ਸਿੰਘ ਉਬੋਕੇ: ਸਪੀਕਰ ਸਾਹਿਬ, ਸਵਾਲ ਦੇ ਦੂਸਰੇ ਹਿੱਸੇ ਦੇ ਜਵਾਬ ਵਿਚ ਜੋ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਚਾਰਜ ਦੇ ਦਿੱਤਾ ਹੈ ਉਸ ਦੇ ਬਾਰੇ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਚਾਰਜ ਦੇਣ ਬਾਰੇ ਵੀ ਪੰਚਾਇਤ ਐਕਟ ਦੀ 105 ਦਫ਼ਾ ਦੇ ਅਧੀਨ ਉਥੇ ਝਗੜਾ ਚਲ ਰਿਹਾ ਹੈ, ਜਿਹੜਾ ਪੁਰਾਣਾ ਸਰਪੰਚ ਸੀ ਉਸ ਦੇ ਜ਼ਿੰਮੇ 13320 ਇੱਟਾਂ ਤੇ 9 ਬੋਰੀਆਂ ਸੀਮਿੰਟ ਹੈ। ਜਿਹੜਾ ਨਵਾਂ ਸਰਪੰਚ ਹੈ ਉਹ ਕਹਿੰਦਾ ਹੈ ਅਸੀਂ ਇੱਟਾਂ ਤੇ ਸੀਮਿੰਟ ਲੈਣਾ ਹੈ ਨਾ ਕਿ ਪੈਸੇ ਕਿਉਂਕਿ ਉਸ ਵੇਲੇ ਇੱਟਾਂ ਦਾ ਭਾਅ ਜੇ ਸੌ ਰੁਪਏ ਸੀ ਤਾਂ ਹੁਣ ਤਿੰਨ ਸੌ ਰੁਪਏ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜਾ ਚਾਰਜ ਦਿਵਾਉਣਾ ਹੈ ਉਹ ਸਾਮਾਨ ਵਿਚ ਦਿਵਾਓ ਨਾ ਕਿ ਪੈਸਿਆਂ ਵਿਚ, ਕੀ ਵਜ਼ੀਰ ਸਾਹਿਬ ਇਹ ਕਰਾ ਦੇਣਗੇ ?

ਉਪ ਮੰਤਰੀ: ਬੀ. ਡੀ. ਓ, ਭੀਖੀ ਵਿੰਡ ਨੇ ਅਮਾਊਂਟ ਅਸੈਸਡ ਕੀਤਾ ਹੈ 13320 ਇੱਟਾਂ ਸਨ ਅਤੇ 9 ਥੈਲੇ ਸੀਮਿੰਟ ਦੇ, ਉਨ੍ਹਾਂ ਦੇ 1395.94 ਰੁਪਏ ਬਣਦੇ ਸੀ ਜਿਹੜੇ ਕਿ ਰਿਕਵਰ ਕਰਕੇ, ਐਜ਼ ਲੈਂਡ ਰੈਵੇਨਿਊ ਬਲਾਕ ਸੰਮਤੀ, ਭੀਖੀਵਿੰਡ ਵਿਚ ਜਮ੍ਹਾ ਕਰਵਾ ਚੁੱਤੇ ਗਏ ਹਨ।

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਬਹੁਤ ਸਾਰੇ ਪੰਚਾਂ, ਸਰਪੰਚਾਂ ਨੇ ਚਾਰਜ ਨਹੀਂ ਦਿਤਾ। ਮੈਂ ਕਹਿੰਦਾ ਹਾਂ ਕਿ ਜਿੰਨਾਂ ਚਿਰ ਉਹ ਚਾਰਜ ਨਹੀਂ ਦੇਣਗੇ ਉਨਾਂ ਚਿਰ ਤਕ ਪਿੰਡਾਂ ਦੀ ਡਿਵੈਲਪਮੈਂਟ ਦਾ ਕੋਈ ਕੰਮ ਨਹੀਂ ਹੋ ਸਕੇਗਾ। ਮੈਂ ਪੁਛਦਾ ਹਾਂ ਕਿ ਕੀ ਇਹ ਕਾਰਵਾਈ ਸਾਡੇ ਨੋਟਿਸ ਤੇ ਹੀ ਕੀਤੀ ਜਾਏਗੀ ਜਾਂ ਗੌਰਮਿੰਟ ਕੋਈ ਕਾਰਵਾਈ ਕਰ ਰਹੀ ਹੈ, ਜੇ ਕਰ ਰਹੀ ਹੈ ਤਾਂ ਕਿਹੜੀ ਸ਼ਕਲ ਵਿਚ ਹੈ ?

ਉਪ ਮੰਤਰੀ: ਇਹ ਗਲ ਸਰਕਾਰ ਦੇ ਨੋਟਿਸ ਵਿਚ ਹੈ ਅਤੇ ਇਹ ਕੰਮ ਛੇਤੀ ਤੋਂ ਛੇਤੀ ਮੁਕਾ ਦਿਤਾ ਜਾਏਗਾ।

ਸਰਦਾਰ ਗੁਰਦੇਵ ਸਿੰਘ ਬਾਦਲ: ਜਿਸ ਤਰ੍ਹਾਂ ਇਨ੍ਹਾਂ ਨੇ ਅੰਮ੍ਰਿਤਸਰ ਦੀ ਮਿਸਾਲ ਦਿਤੀ ਹੈ ਇਸੇ ਤਰ੍ਹਾਂ ਸਾਡੇ ਜ਼ਿਲੇ ਵਿਚ ਵੀ ਕਈ ਪਿੰਡਾ ਵਿਚ ਹੈ ਅੌਰ ਉਨ੍ਹਾਂ ਦਾ ਵਜ਼ੀਰ ਸਾਹਿਬ ਨੂੰ ਵੀ ਪਤਾ ਹੈ। ਫਰੀਦਕੋਟ ਵਿਚ ਇਕ ਐਸਾ ਮਹਾਂਪੁਰਖ ਡੀ. ਡੀ. ਪੀ. ਓ. ਲਗਾਇਆ ਹੈ ਜਿਹੜਾ ਹਰੀਜਨ ਪੰਚਾਂ, ਸਰਪੰਚਾਂ ਕੋਲੋਂ ਦੋ, ਦੋ ਹਜ਼ਾਰ ਰੁਪਏ ਰਿਸ਼ਵਤ ਲੈ ਕੇ ਬਦਲ ਦਿੰਦਾ ਹੈ। ਇਹ ਕਈ ਪਿੰਡਾਂ ਵਿਚ ਹੋਇਆ ਹੈ ਸੇਖਾ, ਸੁਖਾਨੰਦ, ਸਿਵਿਆਂ, ਢਿਲਵਾਂ ਕਲਾਂ ਆਦਿ। ਕਿਸੇ ਨੂੰ ਕਹਿ ਦਿੰਦਾ ਹੈ ਕਿ ਤੂੰ ਛੋਟਾ ਹੋਇਆ ਲੜਿਆ ਸੀ ਅਤੇ ਤੇਰੇ ਖਿਲਾਫ਼ 107/151 ਦੇ ਕੇਸ ਸਨ ਇਸ ਲਈ ਤੈਨੂੰ ਹਟਾਇਆ ਜਾਂਦਾ ਹੈ। ਉਹ ਡਰ ਦੇ ਮਾਰੇ ਰਿਸ਼ਵਤ ਦੇ ਦਿੰਦੇ ਹਨ। ਇਹੋ ਜਿਹੀਆਂ ਹਰਕਤਾਂ ਉਹ ਕਰਦਾ ਹੈ। ਕੀ ਉਸ ਦੇ ਖਿਲਾਫ਼ ਕੋਈ ਐਕਸ਼ਨ ਲੈਣਗੇ ?

ਉਪ ਮੰਤਰੀ: ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹਰੀਜਨ ਪੰਚਾਂ, ਸਰਪੰਚਾਂ ਦੀ ਪੂਰੀ ਪ੍ਰੋਟੈਕਸ਼ਨ ਕਰੇਗੀ। ਅਗਰ ਕਿਸੇ ਹਰੀਜਨ ਪੰਚ ਜਾਂ ਸਰਪੰਚ ਨਾਲ ਕੋਈ ਐਸੀ ਗਲ ਹੋਈ ਹੈ ਇਹ ਮੇਰੇ ਨੋਟਿਸ ਵਿਚ ਲਿਆ ਦੇਣ ਕਾਰਵਾਈ ਕੀਤੀ ਜਾਏਗੀ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਜਿਹੜੀਆਂ ਪਿਛੇ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਸਨ ਸਰਕਾਰ ਨੇ ਪਾਬੰਦੀ ਲਗਾਈ ਸੀ ਕਿ ਜਿਹੜੇ ਪੰਚ ਜਾਂ ਸਰਪੰਚ ਕਲੀਅਰੈਂਸ ਸਰਟੀਫ਼ੀਕੇਟ ਨਹੀਂ ਲਿਆਉਣਗੇ ਉਨ੍ਹਾਂ ਨੂੰ ਇਲੈਕਸ਼ਨ ਨਹੀਂ ਲੜਨ ਦਿੱਤਾ ਜਾਏਗਾ। ਬਹੁਤ

Original with;
Punjab Vidhan Sabha
Digitized by;
Panjab Digital Library

ਸਾਰੇ ਐਸੇ ਪੰਚ, ਸਰਪੰਚ ਹਨ ਜਿਨ੍ਹਾਂ ਨੇ ਇਲੈਕਸ਼ਨ ਨਹੀਂ ਲੜੀ ਸੀ ਅੱਰ ਹੁਣ ਉਹ ਚਾਰਜ ਨਹੀਂ ਦੇ ਰਹੇ । ਲੱਖਾਂ ਰੁਪਏ ਪੰਚਾਇਤਾਂ ਦੇ ਉਨ੍ਹਾਂ ਵਲ ਪਏ ਹਨ ਬੀ. ਡੀ. ਓਜ. ਨੇ ਰਿਪੋਰਟਾਂ ਕੀਤੀਆਂ ਹਨ । ਕੀ ਮੰਤਰੀ ਜੀ ਕਿਰਪਾ ਕਰਕੇ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਅਗਲੇ ਤਿੰਨ ਮਹੀਨਿਆਂ ਵਿਚ ਸਾਬਕਾ ਸਰਪੰਚਾਂ ਤੋਂ ਸਾਰਾ ਅਮਾਊਂਟ ਰਿਕਵਰ ਕਰਕੇ ਪੰਚਾਇਤਾਂ ਦੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤਾ ਜਾਏਗਾ ?

ਉਪ ਮੰਤਰੀ: ਮੈਂ ਦਸੱਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸਰਪੰਚਾਂ ਨੂੰ ਦੋਬਾਰਾ ਇਲੈਕਸ਼ਨਜ਼ ਲੜਨ ਵਾਂਸਤੇ ਕਲੀਅਰੈਂਸ ਸਰਟੀਫ਼ਿਕੇਟਸ ਦਿਤੇ ਗਏ ਸੀ ਉਹ ਤਾਂ ਅਫ਼ਸਰਾਂ ਦੀ ਜ਼ਿੰਮੇਵਾਰੀ ਹੈ । ਬਾਕੀ ਜਿਹੜੇ ਇਸ ਤਰ੍ਹਾਂ ਕਿਸੇ ਦੇ ਖਿਲਾਫ਼ ਪੈਸੇ ਪਏ ਹਨ ਸਰਕਾਰ ਉਨ੍ਹਾਂ ਬਾਰੇ ਆਪਣੇ ਆਪ ਕਾਰਵਾਈ ਕਰ ਰਹੀ ਹੈ ਅੱਰ ਉਹ ਅਸੀਂ ਰਿਕਵਰ ਕਰ ਲਵਾਂਗੇ ।

MINORS OF U. B. D. C.

*1365. **Comrade Darshan Singh Jhabal:** Will the Minister for Agriculture and Irrigation be pleased to state :—

(a) the number of minors of U. B. D. C. Amritsar which are not perennial ;

(b) whether the Government proposes to make the minors referred to in part (a) above as perennial ; if so, the names thereof.

ਚੌਧਰੀ ਕਾਂਸ਼ੀ ਰਾਮ: (ੳ) 70 (ਸੱਤਰ)

(ਅ) ਅਜੇ ਨਹੀਂ ਜੀ, ਸਵਾਲ ਹੀ ਪੈਦਾ ਨਹੀਂ ਹੁੰਦਾ ।

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪੀਕਰ ਸਾਹਿਬ, ਮੈਂ ਪੁਛਿਆ ਸੀ ਕਿ ਯੂ. ਬੀ. ਡੀ. ਸੀ. ਦੇ ਕਿੰਨੇ ਸੂਏ ਹਨ, ਜਵਾਬ ਆਇਆ ਕਿ 70 ਫਿਰ ਮੈਂ 'ਅ' ਵਿਚ ਪੁਛਿਆ ਸੀ ਕਿ ਉਨ੍ਹਾਂ ਦੇ ਨਾਂ ਕੀ ਹਨ ਜਿਹੜੇ ਸਾਲਾਨਾ ਕਰ ਰਹੇ ਹੋਂ; ਇਹ ਕਹਿੰਦੇ ਹਨ ਕਿ ਅੱਜੇ ਨਹੀਂ । ਇਸ ਦਾ ਮਤਲਬ ਇਹ ਹੈ ਕਿ ਸਰਕਾਰ ਦੀ ਕੋਈ ਤਜ਼ਵੀਜ਼ ਹੈ ਮੈਂ ਪੁਛਿਆ ਸੀ ਉਨ੍ਹਾਂ ਸੂਏ ਦਾ ਨਾਂ ਕੀ ਹੈ ਜਿਹੜੇ ਸਾਲਾਨਾ ਕੀਤੇ ਜਾਣੇ ਹਨ ?

ਮੰਤਰੀ: ਸਪੀਕਰ ਸਾਹਿਬ, ਸਿਧਾ ਸੁਆਲ ਸੀ ਅਤੇ ਸਿਧਾ ਹੀ ਮੈਂ ਜਵਾਬ ਦਿਤਾ ਹੈ । ਮੈਂ ਕਿਹਾ ਹੈ ਕਿ ਇੰਨੀਂ ਪਾਣੀ ਦੀ ਅਵੇਲੇਬਿਲਟੀ ਨਹੀਂ ਹੈ ਕਿ ਪੈਰੀਨੀਅੱਲ ਕਰੀਏ । ਇਸ ਲਈ ਨਾਂ ਪੁਛਣ ਵਾਲੀ ਕਿਹੜੀ ਗਲ ਰਹਿ ਗਈ ।

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪੀਕਰ ਸਾਹਿਬ, ਇਹ ਸਾਫ਼ ਜਵਾਬ ਦੇਣ ਕਿ ਨਹੀਂ ਕਰਨਾ ਹੈ ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਸੁਆਲ ਕੀਤਾ ਹੈ ਕਿ ਪੈਰੀਨੀਅਲ ਕੀਤੇ ਹਨ ਜੇ ਕੀਤੇ ਹਨ ਤਾਂ ਨਾਂ ਦਸੇ ਜਾਣ, ਮੈਂ ਕਹਿੰਦਾ ਹਾਂ ਕਿ ਅਜੇ ਪੈਰੀਨੀਅਲ ਨਹੀਂ ਕੀਤੇ ਫਿਰ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਸਿੰਚਾਈ ਮੰਤਰੀ]

ਤੁਸੀਂ ਦਸੋ ਨਾਂ ਦਸਣ ਵਾਲੀ ਕਿਹੜੀ ਗਲ ਹੈ। ਜੇ ਪਾਣੀ ਅਵੇਲੇਬਲ ਹੋਵੇਗਾ ਤਾਂ ਸਾਡੀ ਅੱਟਮੋਸਟ ਕੋਸ਼ਿਸ਼ ਹੋਵੇਗੀ ਕਿ ਪਾਣੀ ਦੀ ਮੁਕੰਮਲ ਯੂਟੀਲਾਈਜ਼ੇਸ਼ਨ ਕੀਤੀ ਜਾਏ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਪਾਣੀ ਦਾ ਪ੍ਰਬੰਧ ਨਹੀਂ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਰਾਵੀ-ਬਿਆਸ ਦੇ ਸਮਝੌਤੇ ਤੇ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਇਹ ਕਹਿੰਦੇ ਹਨ ਕਿ ਅਜੇ ਨਹੀਂ ਬਣਾਉਣੇ । ਮੈਂ ਕਹਿੰਦਾ ਹਾਂ ਕਿ ਉਸ ਸਮਝੌਤੇ ਦੇ ਤਹਿਤ ਜਿਹੜਾ ਪਾਣੀ ਵਧੇਗਾ ਉਸ ਦੇ ਲਈ ਇਹ ਪੱਕੇ ਤਾਂ ਕਰਨੇ ਪੈਣਗੇ । ਕੀ ਇਹ ਦੱਸਣਗੇ ਕਿ ਇਹ ਕਿੰਨੇ ਚਿਰ ਵਿਚ ਪੱਕੇ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਮੁਕੰਮਲ ਜਵਾਬ ਦਿਤਾ ਹੈ । ਐਗਰੀਮੈਂਟ ਦਾ ਇਹ ਮਤਲਬ ਨਹੀਂ ਕਿ ਸ਼ਾਮ ਤਕ ਸਾਰੇ ਸੂਏ ਪੱਕੇ ਹੋ ਜਾਣਗੇ । ਬਾਕੀ ਇਹ ਪਾਣੀ ਦੀ ਅਵੇਲੇ-ਬਿਲਟੀ ਤੇ ਡਿਪੈਂਡ ਕਰਦਾ ਹੈ, ਜਦੋਂ ਪਾਣੀ ਮਿਲੇਗਾ ਉਦੋਂ ਇਹ ਕੰਮ ਵੀ ਹੋ ਜਾਏਗਾ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਡਿਪਾਰਟਮੈਂਟ ਤੋਂ ਮੈਨੂੰ ਇਤਲਾਹ ਹੈ ਕਿ ਇਹ ਸੂਏ ਪੱਕੇ ਕਰ ਰਹੇ ਹਨ, ਮੈਂ ਪੁੱਛਦਾ ਹਾਂ ਕਿ ਜਿਹੜਾ ਛੇਹਰਟੇ ਦਾ ਰਜਬਾਹਾ ਹੈ ਉਸ ਨੂੰ ਵੀ ਇਸ ਤਜ਼ਵੀਜ਼ ਵਿਚ ਲਿਆ ਜਾਏਗਾ ਜਦੋਂ ਇਹ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਦਾ ਸੁਆਲ ਸੀ ਪੈਰੀਨੀਅਲ ਦਾ ਹੁਣ ਇਹ ਪੱਕੇ ਤੇ ਆ ਗਏ

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੰਤਰੀ ਜੀ ਇਹ ਦੱਸ ਦੇਣ ਕਿ ਜਦੋਂ ਬਾਕੀ ਦੇ ਸਾਲਾਨਾ ਕਰਨਗੇ, ਕੀ ਛੇਹਰਟਾ ਰਜਬਾਹੇ ਨੂੰ ਵੀ ਕੀਤਾ ਜਾਏਗਾ ?

ਮੰਤਰੀ : ਮੈਂ ਦਸਿਆ ਹੈ ਕਿ 70 ਰਜਵਾਹੇ ਨਾਨ-ਪੈਰੀਨੀਅਲ ਹਨ, ਛੇਹਰਟੇ ਦਾ ਸਪੈਸੀਫਿਕਲੀ ਪੁਛਣਗੇ ਤਾਂ ਜਵਾਬ ਭੇਜ ਦਿਆਗੇ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਅੰਮ੍ਰਿਤਸਰ ਦਾ ਪੁੱਛ ਰਹੇ ਹਾਂ ਜਵਾਬ ਦੇ ਦਿਓ ।

ਮੰਤਰੀ : ਮੈਂ ਕੈਟਾਗੋਰੀਕਲੀ ਜਵਾਬ ਦਿੱਤਾ ਹੈ 'ਅੱਜੇ ਨਹੀਂ' ।

ਕਾਮਰੇਡ ਸਵਰਣ ਸਿੰਘ ਚੀਮਾਂ : ਜਿਹੜਾ ਸਾਲਾਨਾ ਸੂਏ ਕਰਨੇ ਹਨ, ਚਾਹੇ ਕਦੇ ਕਰਨੇ ਹੋਣ, ਕੀ ਉਸ ਵਿਚ ਛੇਹਰਟਾ ਆ ਜਾਏਗਾ ?

ਮੰਤਰੀ : ਇਹੋ ਜਿਹਾ ਕੋਈ ਵਿਤਕਰਾ ਨਹੀਂ ਕਰਾਂਗੇ ਜਿਸ ਨਾਲ ਸਿਰਫ ਛੇਹਰਟਾ ਰਹਿ ਜਾਏਗਾ ।

FERTILIZER FACTORY AT CHHEHARTA

*1366. **Comrade Darshan Singh Jhabal :** Will the Minister for Agriculture and Irrigation be pleased to state—

(a) whether any fertilizer factory is working at Chheharta, in district Amritsar;

Original with;
Punjab Vidhan Sabha
Digitized by;
Panjab Digital Library

(b) If the reply to part (a) above be in the affirmative, whether the said factory has been set up with the approval of the Government ?

Chaudhari Kanshi Ram : (a) Yes.

(b) It has been set up with the approval of the District Industries Officer, Amritsar.

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਡਿਸਟ੍ਰਿਕਟ ਅਥਾਰਟੀ ਦੀ ਅਪਰੂਵਲ ਨਾਲ ਖਾਦ ਫੈਕਟਰੀ ਲਗੀ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਸਰਕਾਰ ਜਾਂ ਸੈਂਟਰ ਦੀ ਸਰਕਾਰ ਦੀ ਮਨਜ਼ੂਰੀ ਨਾਲ ਲਗਦੀ ਹੈ ਪਤਾ ਨਹੀਂ ਇਹ ਕਿਸ ਤਰ੍ਹਾਂ ਡਿਸਟ੍ਰਿਕਟ ਅਥਾਰਟੀ ਦੀ ਅਪਰੂਵਲ ਨਾਲ ਲਗੀ ਹੈ। ਮੇਰੇ ਨੋਟਿਸ ਵਿਚ ਆਇਆ ਹੈ ਕਿ ਉਥੇ ਖਾਦ ਜਾਹਲੀ ਬਣ ਕੇ ਵਿਕ ਰਹੀ ਹੈ। ਕੀ ਇਸ ਦੀ ਪੜਤਾਲ ਕਰਾਈ ਜਾਏਗੀ ?

ਮੰਤਰੀ : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਖਾਦ ਜਾਹਲੀ ਬਣ ਰਹੀ ਹੈ, ਸਰਕਾਰ ਨੇ ਫ਼ਰਟੇਲਾਈਜ਼ਰ ਐਕਟ ਲਾਗੂ ਕੀਤਾ ਹੋਇਆ ਹੈ ਉਸ ਦੇ ਮੁਤਾਬਕ ਉਸ ਦੀ ਚੈਕਿੰਗ ਕਰਾਂਗੇ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਨੇ ਸੈਂਟਰ ਕੋਲੋਂ ਇਹ ਮਨਜ਼ੂਰੀ ਕਦੋਂ ਲਈ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਅੰਮ੍ਰਿਤਸਰ ਜ਼ਿਲ੍ਹੇ ਵਿਚ ਜਿਹੜੇ ਖਾਦ ਦੇ ਕਾਰਖਾਨੇ ਹਨ ਉਹ ਡੀ. ਏ. ਪੀ. ਖਾਦ ਦੀਆਂ ਬੋਰੀਆਂ ਵਿੱਚ ਸੁਪਰ-ਫਾਸਫੇਟ ਭਰ ਕੇ ਵੇਚ ਰਹੇ ਹਨ ਅਤੇ ਉਨ੍ਹਾਂ ਦੇ ਬਹੁਤ ਸਾਰੇ ਕੇਸ ਖਾਲੜਾ ਮੰਡੀ ਵਿੱਚ ਫੜੇ ਗਏ ਹਨ। ਉਨ੍ਹਾਂ ਲੋਕਾਂ ਨੇ ਵਜ਼ੀਰ ਸਾਹਿਬ ਨੂੰ ਵੀ ਦਰਖਾਸਤਾਂ ਦਿੱਤੀਆਂ ਅਤੇ ਮੇਰੇ ਕੋਲ ਵੀ ਇੱਕ ਦਿੱਤੀ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹੋ ਜਿਹੇ ਕਾਰਖਾਨੇ ਅਤੇ ਵਪਾਰੀ ਡੀ. ਏ. ਪੀ. ਦੀਆਂ ਬੋਤੀਆਂ ਵਿਚ ਡੀ. ਏ. ਪੀ. ਖਾਦ ਦੀ ਥਾਂ ਸੁਪਰ-ਫਾਸਫੇਟ ਖਾਦ ਭਰ ਕੇ ਵੇਚਦੇ ਹਨ ਅਤੇ ਲੋਕਾਂ ਨਾਲ ਠੱਗੀ ਕਰਦੇ ਹਨ ਕੀ ਉਨ੍ਹਾਂ ਲੋਕਾਂ ਦੇ ਵਿਰੁੱਧ ਕੋਈ ਕਾਰਵਾਈ ਕਰਨਗੇ ਅਤੇ ਉਨ੍ਹਾਂ ਦੇ ਕਾਰਖਾਨੇ ਅਤੇ ਦੁਕਾਨਾਂ ਬੰਦ ਕਰਾਉਣ ਲਈ ਕਾਰਵਾਈ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਮੇਜਰ ਸਿੰਘ ਹੋਰਾਂ ਨੇ ਜੋ ਖਦਸ਼ਾ ਜ਼ਾਹਿਰ ਕੀਤਾ ਹੈ, ਇਸ ਸਬੰਧ ਵਿੱਚ ਮੈਂ ਦਸਣਾ ਚਾਹੁੰਦਾ ਹਾਂ ਕਿ ਫਰਟੇਲਾਈਜ਼ਰ ਕੰਟਰੋਲ ਐਕਟ ਇਸ ਦੇ ਲਈ ਮੁਕੰਮਲ ਸੇਫਗਾਰਡ ਦਿੰਦਾ ਹੈ। ਕੋਈ ਬੰਦਾ ਅਜਿਹੀ ਠੱਗੀ ਵਾਲਾ ਮਾਲ ਨਹੀਂ ਵੇਚ ਸਕਦਾ। ਡਿਸਟ੍ਰਿਕਟ ਐਗਰੀਕਲਚਰ ਅਫ਼ਸਰ ਨੂੰ ਅਖਤਿਆਰ ਹੁੰਦਾ ਹੈ ਅਤੇ ਉਹ ਸੈਂਪਲ ਭਰ ਕੇ ਉਨ੍ਹਾਂ ਦੀ ਸੇਲ ਬੰਦ ਕਰ ਸਕਦਾ ਹੈ। ਇਹ ਸਾਰੇ ਅਖਤਿਆਰ ਫੀਲਡ ਵਿੱਚ ਦਿੱਤੇ ਹੋਏ ਹਨ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਪਿਛੇ ਅਕਾਲੀ ਸਰਕਾਰ ਦੇ ਵੇਲੇ ਅੰਮ੍ਰਿਤਸਰ ਦੀਆਂ ਦੋ ਫੈਕਟਰੀਆਂ ਜ਼ਿੰਕ-ਸਲਫੇਟ ਬਣਾਉਂਦੀਆਂ ਸਨ । ਜਿਥੇ ਜਿਥੇ ਉਨ੍ਹਾਂ ਦੀ ਖਾਦ ਪਾਈ ਗਈ, ਉਹ ਜ਼ਮੀਨ ਵੀ ਅਤੇ ਉਸ ਦੀ ਫਸਲ ਵੀ ਤਬਾਹ ਹੋ ਗਈ । ਉਹ ਫੈਕਟਰੀਆਂ ਫਿਰ ਚਾਲੂ ਹੋ ਗਈਆਂ ਹਨ । ਜਿਹੜੀ ਖਾਦ ਉਹ ਹੁਣ ਬਣਾਉਂਦੀਆਂ ਹਨ, ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਸਟੈਂਡਰਡ ਦੇ ਮੁਤਾਬਿਕ ਹਨ ?

ਮੰਤਰੀ : ਜੋ ਸਰਦਾਰ ਪ੍ਰਿਥੀਪਾਲ ਸਿੰਘ ਨੇ ਕਿਹਾ ਹੈ, ਇਸ ਦੀ ਵੀ ਘੋਖ ਕਰ ਲਵਾਂਗੇ ।

TOURS BY FIELD OFFICERS

***1523. Sardar Dalip Singh Pandhi :** Will the Chief Minister be pleased to state whether the Field Officers have been asked to undertake tours of the villages on horses ; if so, the details thereof ?

Sardar Darbara Singh : No, Sir.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਆਪਣਾ ਬਿਆਨ ਦਿੱਤਾ ਸੀ ਕਿ ਫੀਲਡ ਅਫਸਰ ਜਿਵੇਂ ਡੀ. ਸੀਜ਼ ਅਤੇ ਐਸ. ਐਸ. ਪੀਜ਼ ਹਨ ਉਹ ਪਿੰਡਾਂ ਵਿੱਚ ਘੋੜਿਆਂ ਦੀ ਸਵਾਰੀ ਤੇ ਜਾਇਆ ਕਰਨਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਘੋੜਿਆਂ ਦਾ ਪ੍ਰਬੰਧ ਕਿਥੋਂ ਕੀਤਾ ਹੈ । ਦੂਸਰਾ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਅਫਸਰ ਜਦੋਂ ਫੀਲਡ ਵਿੱਚ ਜਾਣਗੇ ਕੀ ਇਨ੍ਹਾਂ ਦੀ ਆਓ-ਭਗਤ ਕਰਨ ਲਈ ਦੂਜੇ ਅਫਸਰਾਂ ਨੂੰ ਕਾਰਾਂ ਵਿੱਚ ਭੇਜਿਆ ਜਾਵੇਗਾ ਅਤੇ ਕੀ ਇਸ ਤਰ੍ਹਾਂ ਵਗਾਰ ਸਿਸਟਮ ਫਿਰ ਲਾਗੂ ਹੋਵੇਗਾ । ਇਸਦੇ ਬਾਰੇ ਇਨ੍ਹਾਂ ਨੇ ਕੀ ਪ੍ਰਬੰਧ ਕੀਤਾ ਹੈ ?

ਮੁੱਖ ਮੰਤਰੀ : ਮੈਨੂੰ ਤਾਂ ਆਓ-ਭਗਤ ਵਾਲੀ ਗੱਲ ਦਾ ਪਤਾ ਨਹੀਂ, ਇਨ੍ਹਾਂ ਨੂੰ ਜ਼ਿਆਦਾ ਪਤਾ ਹੋਵੇਗਾ । ਅਜਿਹੀ ਗੱਲ ਸਾਡੇ ਜ਼ੇਰੇ-ਗੌਰ ਨਹੀਂ । ਮੈਂ ਇਹ ਕਿਹਾ ਸੀ ਕਿ ਜਲੰਧਰ ਵਿੱਚ 27-28 ਤਾਰੀਖ ਨੂੰ ਹਾਰਸ ਸ਼ੋਅਜ਼ ਹੋ ਰਹੇ ਹਨ, ਪਰ ਉਹ ਪੋਸਟਪੋਨ ਕਰ ਦਿੱਤੇ ਗਏ ਹਨ । ਉਸ ਦੇ ਵਿੱਚ ਵਿਚਾਰ ਗੋਚਰੇ ਗੱਲ ਹੋ ਸਕਦੀ ਹੈ ਕਿ ਆਇਆ ਇਸਦੇ ਨਾਲ ਕੋਈ ਫਾਇਦਾ ਹੋਵੇਗਾ । ਕੋਈ ਡੈਫੀਨਿਟ ਪਰਪੋਜ਼ਲ ਮੈਂ ਨਹੀਂ ਦਿੱਤੀ ਸੀ । ਮੈਂ ਇਹ ਨਹੀਂ ਕਿਹਾ ਸੀ ਕਿ ਘੋੜੇ ਉਨ੍ਹਾਂ ਨੂੰ ਦਿੱਤੇ ਜਾਣਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਸਪੈਸੀਫਿਕਲੀ ਇਹ ਸਟੇਟਮੈਂਟ ਦਿੱਤੀ ਕਿ ਫੀਲਡ ਅਫਸਰ, ਡੀ. ਸੀ. ਅਤੇ ਐਸ. ਪੀ. ਘੋੜਿਆਂ ਤੇ ਫੀਲਡ ਵਿੱਚ ਜਾਇਆ ਕਰਨਗੇ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਹਦਾਇਤਾਂ ਜਾਰੀ ਨਹੀਂ ਕੀਤੀਆਂ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਕੋਈ ਵਿਚਾਰ ਹੈ ਇਹ ਚੀਜ਼ ਕਰਨ ਦਾ ਅਤੇ ਜੇ ਵਿਚਾਰ ਹੈ ਤਾਂ ਘੋੜੇ ਜਦੋਂ ਜਾਣਗੇ ਤਾਂ ਉਨ੍ਹਾਂ ਘੋੜਿਆਂ ਦੀ ਸੰਭਾਲ ਲਈ ਕੀ ਪੂਰਾ ਅਮਲਾ ਪਹਿਲਾਂ ਜਾਵੇਗਾ ? ਦੂਸਰਾ ਇਹ ਘੋੜੇ ਕਿਥੋਂ ਲੈਣੇ ਹਨ,

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੇ ਦਾਣੇ ਪਾਣੀ ਦਾ ਇੰਤਜ਼ਾਮ ਕੀ ਪਟਵਾਰੀ ਵਗੈਰਾ ਕਰਨਗੇ ? ਜਿਹੜੇ ਸਵਾਗਤੀ ਗੇਟ ਮਨਿਸਟਰਾਂ ਅਤੇ ਚੀਫ ਮਨਿਸਟਰ ਦੀ ਸਵਾਗਤ ਲਈ ਬਣਾਉਂਦੇ ਹਨ, ਕੀ ਉਹ ਘੜਿਆਂ ਦੇ ਹਿਸਾਬ ਨਾਲ ਬਣਾਉਣਗੇ ? ਇਹ ਸਰਕਾਰ 100 ਸਾਲ ਪਿੱਛੇ ਜਾ ਰਹੀ ਹੈ ।

ਮੁੱਖ ਮੰਤਰੀ: ਮੈਂ ਇਨ੍ਹਾਂ ਨੂੰ ਇਸ ਵਿੱਚ ਸ਼ਾਮਲ ਕੋਈ ਨਹੀਂ ਕੀਤਾ । ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਕੋਈ ਐਸੀ ਗੱਲ ਨਹੀਂ ਹੈ ।

LICENCES FOR CARBINES/RIFLES

*1555. **1. Sardar Parkash Singh Majitha**
2. Sardar Sukhdev Singh Dhindsa } (Put by Sardar Natha Singh Dalam) Will the Chief Minister be pleased to state—

(a) whether it is a fact that the Government issued any licences for carbines/rifles for self protection during the period from 1-6-80 to 31-1-1982;

(b) if the reply to part (a) above be in the affirmative; the details and addresses of the persons to whom the licences were issued ?

Sardar Darbara Singh: (a) Yes, Sir.

(b) A list of persons to whom such licences had been issued during this period is placed on the Table of the House.

List of persons to whom 30 Carbine/rifle licences have been issued by the Punjab Government from 1-6-80 to 31-1-82

Sr. No.	Name & address of the person	Kind of Weapon
1	2	3
1.	Hony. Naib Subedar Shamsher Singh S/o Sh. Jodh Singh, V.P.O. Bhagpur, Distt. Ludhiana. ..	.30 Carbine
2.	Brigadier Prem Singh Vadehra, HQ 11 Corps, C/o 56 A.P.O. ..	.30 Carbine
3.	Major Milkha Singh, HQ 624 A.S.C. Bn. (M.T.) C/o 56 APO. ..	.30 Spring Field
4.	Major Inder Singh (Retd.), Vill. Jahangir, P. O. Dhuri, Distt. Sangrur.	.30 Carbine

Original with;
Punjab Vidhan Sabha
Digitized by;
Panjab Digital Library

1	2	3
5.	Capt. Suresh Dhawan, 26 A.D. Regiment, C/o 56 A.P.O.	.. .30 Spring Field
6.	Lt. Col. S.S. Anand, 54 Field Hospital, Nabha Cantt.	.. .30 Spring Field
7.	Thakur Dalip Singh S/o Maharaj Bir Singh Vill. & P. O. Bhaini Sahib, Distt. Ludhiana.	.. .308 bore rifle
8.	S. Birdevinder Singh, M.L.A., Vill. Kotla Bhai Ka, Distt. Patiala.	.. .30 Carbine
9.	S. Shamsher Singh, M.L.A., S/o S. Inder Singh Khanna, Distt. Ludhiana.	.. .30 Carbine
10.	S. Karam Singh, M.L.A., S/o S. Kartar Singh Samrala, Distt. Ludhiana.	.. .30 Carbine
11.	Wg. Cdr. H.S. Sidhu, Chief Admin. Officer, Air Force Station, Halwara.	.. .30 Spring Field
12.	S Sukhjinder Singh Randhawa, S/o S. Santokh Singh Randhawa, Vill. Dharowali, Teh. Batala, Distt. Gurdaspur.	.. .30 Carbine
13.	Capt. Harcharan Singh, 90 A.S.C. Battalion, C/o 56 A.P.O.	.. .30 Spring Field
14.	Sh. S.R. Bhanger, I.A.S., Joint Secretary to Govt. Punjab, Housing Department.	.. .30 Carbine
15.	Col. D.N. Grover, Military Hospital, Jullundur.	.. .30 Spring Field
16.	Lt. Col. D.K. Uberoy, 374, Signal Regiment, C/o 56 A.P.O.	.. .30 Spring Field
17.	Cap. Kanwal Singh, 374 Signal Regiment, C/o 56 APO.	.. .30 Spring Field
18.	Lt. Col. Dharam Pal, HQ 15 Infantry Division, C/o 56 APO.	.. .30 Spring Field
19.	Major Rajbir Singh, HQ 15 Infantry Division, C/o 56 APO.	.. .30 Carbine
20.	S. Pishora Singh, S/o S. Harnam Singh, Vill. Partap Garh, P.O. Bhaini Sahib, Distt. Ludhiana.	.. .30-06 bore rifle
21.	Col. Harcharan Singh (Retd.) Vill. Lutki Majra, P.O. Marrouri, Teh. Samana, Distt. Patiala.	.. .30 Spring Field
22.	Cap. Sham Ved Sharma, 18 Field Ammunition Depot, C/o 56 APO.	.. .30 Spring Field
23.	Smt. Jagdish Kaur Wd/o S. Jasmat Singh Dhillon, C/o the Green Roadways Pvt. Ltd. Faridkot.	.. .30 Carbine
24.	Major R.M. Gandhi, 636 ASC Battalion (M.T.) C/o 56 APO.	.. .30 Spring Field

Original with;
Punjab Vidhan Sabha
Digitized by;
Panjab Digital Library

1	2	3
25.	Major J.S. Brar, 303 Signal Regiment, C/o 56 APO,	.. .30 Spring Field
26.	Major K.C. Padha, 9 Battalion Commando, The Parachute Regiment, C/o 56 APO.	.. .30 Spring Field
27.	Sh. D.S. Chaudhary, IAS, Commissioner, Municipal Corpn., Jullundur.	.. .30 Carbine
28.	Sarshar Ali Khan, Executive Engineer, P.S.E.B., 2 Jafar Shah Colony, Badunger Road, Patiala.	.. .30 Carbine
29.	Capt. Raj Kumar Singh, 7 Grenadiers, C/o 56 APO.	.. .30 Spring Field
30.	S. Ajit Singh Mann, S/o Joginder Singh Mann Vill. Manawala Kalan, P.O. Jandiala Guru, Teh. and Distt. Amritsar.	.. .22 bore Semi Auto rifle
31.	S. Simranjit Singh Mann, IPS, AIG. 'Govt. Railway Police, Patiala.	.. .30 Carbine
32.	S. Dalbir Singh S/o S. Avtar Singh, Ward No. 6 Mansa, Bhatinda.	.. .30 Carbine
33.	Sh. Sadhu Ram Shaida S/o Sh. Midhu Mal. Rampura Phul, Distt. Bhatinda.	.. .30 Carbine
34.	S. Harjit Singh, Vill. Mane Majra, P.O. Chamkaur Sahib, Distt. Roopnagar.	.. .30 Carbine
35.	S. Gurchand Singh Sidhu, Deputy Registrar, Vigilance Bureau, Punjab, Chandigarh.	.. .30 Carbine
36.	Capt. Manjit Singh Kalra, HQ Northern Command, C/o 56 APO.	.. .30 Spring Field
37.	S. Nahar Singh S/o Sh. Buloo Singh, Radhasoami Colony, Dera Baba Jaimal Singh, Amritsar.	.. .30 Carbine
38.	S. Gurbachan Singh Bal S/o S. Hazara Singh Radhasoami Colony Dera Baba Jaimal Singh, Amritsar.	.. .30 Carbine
39.	S. Harchand Singh, Ex. Deputy Minister, Punjab Near Victoria Girls Hr. Sec. School, Patiala.	.. .315 bore rifle. (Non-prohibited and not semi-automatic).

ਸਰਦਾਰ ਨੱਥਾ ਸਿੰਘ ਦਾਲਮ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜੋ ਆਪਣੇ ਜਵਾਬ ਨਾਲ ਲਿਸਟ ਦਿੱਤੀ ਹੈ ਜਿਸ ਵਿੱਚ ਉਨ੍ਹਾਂ ਲੋਕਾਂ ਦੇ ਨਾਂ ਹਨ ਜਿਨ੍ਹਾਂ ਨੂੰ ਇਸ ਸਮੇਂ ਦੇ ਦੌਰਾਨ ਲਾਈਸੈਂਸ ਮੁਹੱਈਆ ਕੀਤੇ ਗਏ ਹਨ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਕੋਈ 35 ਲੋਕਾਂ ਨੂੰ ਕਾਰਬਾਈਨਾਂ ਦੇ ਨਵੇਂ ਲਾਈਸੈਂਸ ਦਿੱਤੇ ਗਏ ਹਨ। ਮੈਂ ਪੁਛਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panj... Digital Library

[ਸਰਦਾਰ ਨੱਥਾ ਸਿੰਘ ਦਾਲਮ]

ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਕਾਰਬਾਈਨ ਦਾ ਲਾਈਸੈਂਸ ਦੇਣ ਤੋਂ ਇਨਕਾਰ ਕੀਤਾ ਗਿਆ ਜਦੋਂ ਕਿ ਇਨ੍ਹਾਂ 35 ਲੋਕਾਂ ਨੂੰ ਇਹ ਦਿੱਤੇ ਗਏ ?

ਮੁੱਖ ਮੰਤਰੀ: ਉਨ੍ਹਾਂ ਨੂੰ ਵੀ ਦੇ ਦਿੱਤਾ ਗਿਆ ਹੈ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਜੋ ਲਿਸਟ ਸਦਨ ਦੀ ਮੇਜ਼ ਤੇ ਰੱਖੀ ਗਈ ਹੈ, ਉਸਦੇ ਮੁਤਾਬਿਕ 39 ਲਾਈਸੈਂਸ ਜਾਰੀ ਕੀਤੇ ਗਏ ਹਨ, ਕਾਰਬਾਈਨਜ਼ ਅਤੇ ਰਾਈਫਲਜ਼ ਦੇ । ਮੈਨੂੰ ਖੁਸ਼ੀ ਹੈ ਕਿ ਇਸ ਲਿਸਟ ਵਿੱਚ ਤਿੰਨ ਵਿਧਾਇਕਾਂ ਦੇ ਨਾਮ ਵੀ ਹਨ । ਉਹ ਹਨ ਸਰਦਾਰ ਬੀਰਦਵਿੰਦਰ ਸਿੰਘ, ਸਰਦਾਰ ਕਰਮ ਸਿੰਘ ਅਤੇ ਸਰਦਾਰ ਸ਼ਮਸ਼ੇਰ ਸਿੰਘ । ਇਨ੍ਹਾਂ ਨੂੰ ਸਵੈ-ਰਖਿਆ ਲਈ ਕਾਰਬਾਈਨਾਂ ਦੇ ਲਾਈਸੈਂਸ ਜਾਰੀ ਕੀਤੇ ਗਏ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਜੱਥੇਦਾਰ ਉਮਰਾਨੰਗਲ ਨੇ ਕਾਰਬਾਈਨ ਦਾ ਲਾਈਸੈਂਸ ਲੈਣ ਵਾਸਤੇ ਅਪਲਾਈ ਕੀਤਾ ਤਾਂ ਉਨ੍ਹਾਂ ਨੂੰ ਰਿਫਿਊਜ਼ ਕੀਤਾ ਗਿਆ । ਇਹ ਕਾਂਗਰਸੀਆਂ ਅਤੇ ਅਕਾਲੀ ਵਿਧਾਇਕਾਂ ਵਿੱਚ ਜੋ ਵਿਤਕਰਾ ਕੀਤਾ ਹੈ, ਇਸ ਦਾ ਕੀ ਕਾਰਣ ਹੈ ?

ਮੁੱਖ ਮੰਤਰੀ: ਕਾਰਨ ਤਾਂ ਤੁਸੀਂ ਦੱਸ ਸਕਦੇ ਹੋ । ਵੈਸੇ ਉਨ੍ਹਾਂ ਨੂੰ ਵੀ ਮਿਲ ਗਿਆ ਹੈ ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਐਸਾ ਜਵਾਬ ਮੁੱਖ ਮੰਤਰੀ ਨੂੰ ਸ਼ੋਭਦਾ ਨਹੀਂ । ਇਹ ਕਾਂਗਰਸੀਆਂ ਨੂੰ ਦੇ ਰਹੇ ਹਨ ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਮੈਂਬਰ ਤੇ ਥੋੜ੍ਹਾ ਬਹੁਤ ਕੰਟਰੋਲ ਕਰਨਾ ਚਾਹੀਦਾ ਹੈ । ਮੈਂ ਕਿਹਾ ਹੈ ਕਿ ਉਨ੍ਹਾਂ ਨੂੰ ਲਾਇਸੈਂਸ ਮਿਲ ਗਿਆ ਹੈ । ਇਸਦੇ ਵਿੱਚ ਕਿਹੜੀ ਅੰਗਰੇਜ਼ੀ ਮੈਂ ਬੋਲੀ ਹੈ ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਇੱਕ ਗੱਲ ਸਾਫ ਹੈ ਕਿ ਕਾਂਗਰਸੀਆਂ ਨੂੰ ਇਹ ਮਿਲ ਗਏ ਹਨ ਜਦੋਂ ਕਿ ਸਾਡੇ ਵਿਧਾਇਕ ਨੂੰ ਨਹੀਂ ਮਿਲਿਆ । ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਬੇਇਨਸਾਫੀ ਕਿਉਂ ਕੀਤੀ ਗਈ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਮਿਸਅੰਡਰਸਟੈਂਡਿਗ ਕਿਉਂ ਕ੍ਰੀਏਟ ਕਰਨਾ ਚਾਹੁੰਦੇ ਹਨ । ਮੈਂ ਕਿਹਾ ਹੈ ਕਿ ਉਨ੍ਹਾਂ ਦੀ ਐਪਲੀਕੇਸ਼ਨ ਪ੍ਰਾਸੈਸ ਕਰਕੇ ਉਨ੍ਹਾਂ ਨੂੰ ਲਾਇਸੈਂਸ ਇਸ਼ੂ ਕਰ ਦਿੱਤਾ ਹੈ ।

MARKET COMMITTEE AT KARTARPUR

*1373. **Chaudhri Jagjit Singh**: Will the Minister for Agriculture and Irrigation be pleased to state whether there is any proposal under the consideration of the Government to set up a new Market Committee at Kartarpur; if so, the time by which it is likely to be set up ?

Chaudhri Kanshi Ram: The proposal regarding setting up of a Market Committee at Kartarpur is under consideration.

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਬਣਾ ਦਿੱਤੀ ਜਾਵੇਗੀ ?

ਮੰਤਰੀ: ਇਸ ਪ੍ਰਾਸੈਸ ਵਿੱਚ ਜੋ ਵਕਤ ਲਗਣਾ ਹੈ ਉਹ ਤਾਂ ਲਗੇਗਾ ਹੀ ।

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਾਹਿਬ, ਮੰਡੀਆਂ ਬਣਾਉਣ ਲਈ ਮਾਰਕਿਟ ਕਮੇਟੀਆਂ ਦਾ ਰੁਪਿਆ ਲਗ ਸਕਦਾ ਹੈ । ਇਸ ਦੇ ਵਿੱਚ ਕੀ ਰੁਕਾਵਟ ਹੈ ਕਿ ਚਾਰ, ਚਾਰ ਸਾਲ ਹੋ ਗਏ ਹਨ ਮੰਡੀਆਂ ਦਾ ਕੰਮ ਸ਼ੁਰੂ ਹੋਇਆਂ ਨੂੰ ਪਰ ਉਹ ਮੁਕਦਾ ਹੀ ਨਹੀਂ । ਜਿਣਸ ਲੋਕਾਂ ਦੀ ਸੜਕਾਂ ਉਤੇ ਰੁਲਦੀ ਹੈ । ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਮੰਡੀਆਂ ਨੂੰ ਛੇ ਮਹੀਨਿਆਂ ਵਿੱਚ ਕਿਉਂ ਨਹੀਂ ਬਣਾ ਦਿੰਦੇ ?

ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਜਿਹੜਾ ਖਦਸ਼ਾ ਜ਼ਾਹਿਰ ਕੀਤਾ ਹੈ, ਮੈਂ ਇਸ ਸਬੰਧ ਵਿਚ ਦੱਸਣਾ ਚਾਹੁੰਦਾ ਹਾਂ ਕਿ ਕਈ ਚੀਜ਼ਾਂ ਤੇ ਡੀਪੈਂਡੈਂਸੀ ਹੈ । ਇਸਦੇ ਵਿਚ ਅਵੇਲੇਬਿਲਟੀ ਆਫ ਮੈਟੀਰੀਅਲ ਵੀ ਆ ਜਾਂਦਾ ਹੈ । ਕਈ ਅਸੈਂਸ਼ੀਅਲ ਕਮਾਡੀਟੀਜ਼ ਵੀ ਆ ਜਾਂਦੀਆਂ ਹਨ । ਸਾਡੇ ਮੁਲਕ ਵਿੱਚ ਡਿਵੈਲਪਮੈਂਟ ਦੇ ਫੇਜ਼ ਵਿਚ ਸੀਮਿਟ ਅਤੇ ਇੱਟਾਂ ਦਾ ਬੜਾ ਰੋਲ ਹੋ ਗਿਆ ਹੈ । ਸੀਮਿਟ ਅਤੇ ਇੱਟਾਂ ਬੜੀਆਂ ਨਾਯਾਬ ਕਮਾਡਿਟੀਆਂ ਹੋ ਗਈਆਂ ਹਨ । ਫੰਡਜ਼ ਦੀ ਘਾਟ ਵਜੋਂ ਕੰਮ ਨਹੀਂ ਰੁਕਿਆ । ਘਾਟ ਇਨ੍ਹਾਂ ਚੀਜ਼ਾਂ ਦੀ ਅਵੇਲੇਬਿਲਟੀ ਦੀ ਹੈ ।

DISTRIBUTION OF WEEDICIDE IN THE STATE

***1490. Sardar Gurnaib Singh Brar:** Will the Minister for Agriculture and Irrigation be pleased to state :—

(a) the quantity of weedicide distributed by the Government district-wise in the State during the year 1981-82 (todate);

(b) the quantity of the medicine mentioned in part (a) above, allocated to district Ferozepur and the reasons for its shortage, if any ?

Chaudhri Kanshi Ram: (a) A Statement is laid on the Table of the House.

(b) 9016 Kg.

The weedicides for the control of wheat crop disease are not manufactured in the country but are imported from abroad. Against the demand of 150 tonnes of various weedicides during the current year, the Government of India only supplied 99 tonnes to the State.

Original with;
Punjab Vidhan Sabha
Digitized by;
Panjab Digital Library

[Minister for Agriculture and Irrigation]

ANNEXURE 1

Distribution of weedicides during 1981-82 (todate)

Sr. No.	Name of District	Tribunil (Kg.)	Dosanex (Kg.)	Arelon (Kg.)	Tolkan (Kg.)	Total (Kg.)
1	2	3	4	5	6	7
1.	Amritsar	—	7476	260	9510	17246
2.	Bhatinda	500	492	—	500	1492
3.	Faridkot	1000	3996	—	4300	9296
4.	Ferozepur	1205	3000	11	4800	9016
5.	Gurdaspur	2757	50	2675	2462	7944
6.	Hoshiarpur	1119	—	556	2204	3879
7.	Jullundur	2471	3492	—	3000	8963
8.	Kapurthala	1000	1992	—	1500	4492
9.	Ludhiana	3000	3492	—	5000	11492
10.	Patiala	1229	3008	252	7800	12289
11.	Ropar	782	492	58	593	1925
12.	Sangrur	1000	4181	—	5980	11161
	Total	16063	31671	3812	47649	99195

Sardar Gurnaib Singh Brar: My question in part (b) was as under :—

> "the quantity of the medicine mentioned in part (a) above allocated to district Ferozepur and the reasons of its shortage, if any ?"

ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਕੀ ਰੀਜ਼ਨਜ਼ ਹਨ ਕਿਸ ਵਜ੍ਹਾ ਕਰਕੇ ਜ਼ਿਲ੍ਹਾ ਫਿਰੋਜ਼ਪੁਰ ਦੇ ਵਿਚ ਦਵਾਈ ਦੀ ਘਾਟ ਹੋਈ ?

ਮੰਤਰੀ: ਸਪੀਕਰ ਸਾਹਿਬ, ਇਹ ਦਵਾਈ 9016 ਕੇ.ਜੀ. ਜਿਸ ਤਰ੍ਹਾਂ ਕਿ ਮੈਂ ਰਿਪਲਾਈ ਵਿਚ ਦੱਸਿਆ ਹੈ, ਜ਼ਿਲ੍ਹਾ ਫਿਰੋਜ਼ਪੁਰ ਨੂੰ ਸਪਲਾਈ ਕੀਤੀ ਗਈ ਅੱਰ 150 ਟਨ ਦੀ ਡੀਮਾਂਡ ਸੀ । ਇਸ ਕਰਕੇ ਵੀ ਸ਼ਾਰਟੇਜ਼ ਆਈ ਹੈ । ਇਹ ਦਵਾਈ ਫਿਰ ਸ਼ਿਫਟ ਹੋਣੀ ਸੀ ਵੱਖਰੀਆਂ ਵੱਖਰੀਆਂ ਥਾਵਾਂ ਤੇ । ਜਿਥੇ ਜ਼ਿਆਦਾ ਡਿਮਾਂਡ ਸੀ ਉਥੇ ਜ਼ਿਆਦਾ ਭੇਜੀ ਗਈ ਅੱਰ ਜਿੱਥੇ ਥੋੜ੍ਹੀ ਡਿਮਾਂਡ ਸੀ ਉਥੇ ਥੋੜ੍ਹੀ ਭੇਜੀ ਗਈ ਸੀ । ਕੋਈ 9 ਟਨ ਫਿਰੋਜ਼ਪੁਰ ਨੂੰ ਦਿੱਤੀ ਗਈ ਅੱਰ ਮੈਂ ਸਮਝਦਾ ਹਾਂ ਕਿ ਇਹ ਗੱਲ ਨਹੀਂ ਹੈ ਕਿ ਘੱਟ ਦਿੱਤੀ ਗਈ ਹੈ ।

ਸਰਦਾਰ ਗੁਰਨੈਬ ਸਿੰਘ ਬਰਾੜ: ਸਰ, ਇਸ ਤੇ ਯੂਨੀਵਰਸਿਟੀ ਨੇ ਕਿਹਾ ਕਿ ਅਸੀਂ ਇਹ ਦਵਾਈ ਟੈਸਟ ਨਹੀਂ ਕੀਤੀ । ਹਿੰਦੁਸਤਾਨ ਇਨਸੈਕਟੀਸਾਈਡਜ਼ ਲਿਮਿਟੱਡ ਨੇ ਕਿਹਾ ਕਿ 90 ਟਨ ਦਵਾਈ ਲਿਫਟ ਕਰ ਲਵੋ ਪਰ ਯੂਨੀਵਰਸਿਟੀ ਨੇ ਕਹਿ ਦਿੱਤਾ ਕਿ ਅਸੀਂ ਇਹ ਦਵਾਈ ਟੈਸਟ ਨਹੀਂ ਕੀਤੀ । ਇਸ ਲਈ ਮੈਂ ਸਮਝਦਾ ਹਾਂ ਕਿ ਉਹ ਦਵਾਈ ਲਿਫਟ ਨਹੀਂ ਹੋਈ ਅੱਰ ਨਤੀਜਾ ਇਹ ਹੋਇਆ ਕਿ ਉਹ ਦਵਾਈ ਹਰਿਆਣੇ ਨੂੰ, ਹਿਮਾਚਲ ਪ੍ਰਦੇਸ਼ ਨੂੰ ਵੇਚ ਦਿੱਤੀ ਗਈ ਅੱਰ ਕੁਝ ਉਤਰ ਪ੍ਰਦੇਸ਼ ਨੂੰ ਵੇਚ ਦਿੱਤੀ ਗਈ ।

Original with;
Punjab Vidhan Sabha
Digitized by;
Panjab Digital Library

This news was published in the 'Indian Express' dated 17th March, 1982:

> 'An untested weedicide not recommended by the Punjab Agricultural University is reported to have been sold to farmers in Punjab during the last few months.
>
> The Punjab Agriculture Department, acting on the directions of PAU, had earlier refused to purchase stocks of the weedicide on the plea that it was not tested by the University. This created problems for the Ministry of Agriculture which had asked Hindustan Insecticides Limited (HIL) to airlift 90 tonnes of the weedicide. The weedicide is used in eradicating phalaris minor weeds in wheat.

ਮੈਂ ਮੰਤਰੀ ਜੀ ਤੋਂ ਇਹ ਜਾਨਣਾ ਚਾਹਵਾਂਗਾ ਕਿ ਕੀ ਇਹ ਇਸ ਗਲ ਦੀ ਇਨਕੁਆਇਰੀ ਕਰਾਉਣਗੇ ਕਿ ਯੂਨੀਵਰਸਿਟੀ ਨੇ ਇਹ ਦਵਾਈ ਟੈਸਟ ਕਿਉਂ ਨਹੀਂ ਕੀਤੀ ਅੱਰ ਜੇਕਰ ਬਲੈਕ ਮਾਰਕਿਟ ਇਸ ਦੀ ਹੋਈ ਹੈ ਤਾਂ ਕਿਨ੍ਹਾਂ ਕਿਨ੍ਹਾਂ ਕਾਰਣਾਂ ਕਰਕੇ ਹੋਈ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਸੀ ਕਿ ਮਾਨਯੋਗ ਮੈਂਬਰ ਸਾਡੀ ਕਾਰਗੁਜ਼ਾਰੀ ਨੂੰ ਐਪ੍ਰੀਸ਼ੀਏਟ ਕਰਨਗੇ । ਸਪੀਕਰ ਸਾਹਿਬ, ਜਦੋਂ ਤਕ ਯੂਨੀਵਰਸਿਟੀ ਵਲੋਂ ਉਸ ਦੀ ਅਸਟੈਬਲਿਸ਼ਮੈਂਟ, ਉਸ ਦਵਾਈ ਦੇ ਯੂਜ਼ਿਜ਼ ਬੈਨੀਫੀਸ਼ੀਅਲ ਨਹੀਂ ਡਿਕਲੇਅਰ ਕਰਦੇ ਅੱਰ ਉਸ ਦਵਾਈ ਨੂੰ ਅੱਪ ਟੂ ਦੀ ਮਾਰਕ ਨਹੀਂ ਡਿਕਲੇਅਰ ਕੀਤਾ ਜਾਂਦਾ, ਸਾਡੀ ਸਰਕਾਰ ਇਸ ਗੱਲ ਦੀ ਇਜਾਜ਼ਤ ਨਹੀਂ ਦੇਵੇਗੀ ਅੱਰ ਕਿਸ਼ਾਨ ਨੂੰ ਐਡਵਾਈਜ਼ ਨਹੀਂ ਕਰੇਗੀ ਕਿ ਉਹ ਉਸ ਦਵਾਈ ਨੂੰ ਯੂਜ਼ ਕਰ ਲੈਣ । ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਅਫਸੋਸ ਹੋ ਰਿਹਾ ਹੈ ਕਿ ਬਰਾੜ ਸਾਹਿਬ ਨੇ ਇਕ ਵੀ ਇਹੋ ਜਿਹੀ ਇਨਸਟਾਂਸ ਮੇਰੇ ਨੋਟਿਸ ਵਿਚ ਨਹੀਂ ਲਿਆਂਦੀ ਨਹੀਂ ਤਾਂ ਮੈਂ ਲਾਲਾ ਜੀ ਦੇ ਤੱਕੜੀ ਵੱਟੇ ਚੁਕਵਾ ਕੇ ਪੁੱਛ ਪੜਤਾਲ ਕਰਵਾ ਲੈਂਦਾ ।

ਸਰਦਾਰ ਕਰਮ ਸਿੰਘ ਗਿੱਲ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਮਿਸਟਰ ਰੰਧਾਵਾ, ਚੀਫ ਐਗਰੀਕਲਚਰ ਅਫਸਰ, ਲੁਧਿਆਣਾ ਦਾ ਸੀ । ਉਨ੍ਹਾਂ ਨ ਆਪਣੀ ਟਰਾਂਸਫਰ ਤੋਂ ਬਾਅਦ ਦਵਾਈ ਤੇ ਖਾਦ ਦੇ ਡੀਲਰਾਂ ਤੋਂ 50 ਹਜ਼ਾਰ ਰੁਪਿਆ ਉਗਰਾਹਿਆ ਸੀ । ਉਨ੍ਹਾਂ ਦੇ ਖਿਲਾਫ ਜਗਰਾਉਂ ਵਿਖੇ ਕੇਸ ਵੀ ਰਜਿਸਟਰ ਹੋਇਆ ਹੈ, ਉਨ੍ਹਾਂ ਦੇ ਖਿਲਾਫ ਸਰਕਾਰ ਨੇ ਕੀ ਐਕਸ਼ਨ ਲਿਆ ਹੈ ?

ਮੰਤਰੀ: ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦੀ ਸਵਾਲ ਨਾਲ ਰੈਲੇਵੈਂਸੀ ਤਾਂ ਨਹੀਂ ਹੈ ਪਰ ਮਾਨਯੋਗ ਮੈਂਬਰ ਨੇ ਖੈਚਲ ਕੀਤੀ ਹੈ, ਇਸ ਲਈ ਮੈਂ ਦੱਸਦਾ ਹਾਂ ਕਿ ਉਸ ਦੇ ਖਿਲਾਫ ਡਿਪਾਰਟਮੈਂਟ ਕੋਲੋਂ ਇਨਕੁਆਇਰੀ ਕਰਵਾਈ ਹੈ । ਡਿਪਾਰਟਮੈਂਟ ਦੀ ਇਨਕੁਆਇਰੀ ਹੋਣ ਤੋਂ ਬਾਅਦ ਹੀ ਮੈਂ ਇਨ੍ਹਾਂ ਕੁਝ ਦੱਸ ਸਕਾਂਗਾ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਬਰਾੜ ਸਾਹਿਬ ਨੇ ਟਾਈਮਲੀ ਉਨ੍ਹਾਂ ਦੇ ਨੋਟਿਸ ਵਿਚ ਇਹ ਗੱਲ ਨਹੀਂ ਲਿਆਂਦੀ । ਕਾਮਰੇਡ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਬੂਟਾ ਸਿੰਘ ਵੱਲੋਂ ਕੀ ਇਨ੍ਹਾਂ ਨੂੰ ਕੋਈ ਟੈਲੀਗਰਾਮ ਆਈ ਹੈ ਕਿ ਦਵਾਈ ਬਲੈਕ ਵਿਚ ਮਿਲਦੀ ਹੈ ? ਜੇਕਰ ਆਈ ਹੈ ਤਾਂ ਕੀ ਇਹ ਦੱਸਣਗੇ ਕਿ ਉਸ ਤੇ ਕੀ ਐਕਸ਼ਨ ਲਿਆ ਗਿਆ ਹੈ ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਵੀਡੀਸਾਈਡਜ਼ ਤੇ ਕਿਤਨੇ ਪਰਸੈਂਟ ਕਮਿਸ਼ਨ ਸੀ ਅੱਰ ਕਿਤਨੇ ਪਰਸੈਂਟ ਸਬਸਿੱਡੀ ਸੀ ?

ਮੰਤਰੀ: ਸਰਦਾਰ ਬੂਟਾ ਸਿੰਘ ਨੇ ਟੈਲੀਗਰਾਮ ਦਿੱਤੀ ਹੈ ਉਹ, ਸਾਹਿਬ, ਮੈਂ ਫੌਰਨ ਡਿਪਾਰਟਮੈਂਟ ਨੂੰ ਮਾਰਕ ਕੀਤੀ ਹੈ । ਅਗਰ ਕੋਈ ਐਸੀ ਵੈਸੀ ਗੱਲ ਇਨ੍ਹਾਂ ਦੀ ਹੁੰਦੀ ਤਾਂ ਉਹ ਮੇਰੇ ਪਾਸ ਅਲਾਂਗ ਵਿਦ ਕੋਮੈਂਟਸ ਆ ਜਾਂਦੀ । ਬਾਕੀ ਜੋ ਇਨਾਂ ਨੇ ਸਵਾਲ ਪੁੱਛਿਆ ਹੈ ਕਿ ਉਸ ਦਵਾਈ ਤੇ ਸਬਸਿੱਡੀ ਕਿਤਨੀ ਹੈ, ਸਾਹਿਬ, ਮੈਂ ਇਹ ਚੀਜ਼ ਇਸ ਵੇਲੇ ਨਹੀਂ ਦੱਸ ਸਕਦਾ ।

ਸਰਦਾਰ ਬਲਵਿੰਦਰ ਸਿੰਘ ਭੁੰਦੜ: ਸਪੀਕਰ ਸਾਹਿਬ, ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਦੱਸਿਆ ਹੈ, ਠੀਕ ਹੈ ਕਿ ਯੂਨੀਵਰਸਿਟੀ ਦੀ ਇਜਾਜ਼ਤ ਤੋਂ ਬਗੈਰ ਉਹ ਦਵਾਈ ਨਹੀਂ ਵੇਚੀ ਗਈ । ਕੀ ਅਸਲ ਕਾਰਨ ਇਹ ਤਾਂ ਨਹੀਂ ਹੈ ਕਿ ਜਿਹੜੀਆਂ ਪਹਿਲੀਆਂ ਆਲਰੈਡੀ ਦਵਾਈਆਂ ਸਨ ਉਨ੍ਹਾਂ ਨੂੰ ਸੈਂਟਰਲ ਗੌਰਮਿੰਟ ਨੇ ਬੰਦ ਕਰਕੇ ਇਕ ਨਵੀਂ ਦਵਾਈ ਦੇ ਆਰਡਰ ਕਰ ਦਿੱਤੇ ਜਿਸ ਨੂੰ ਕਿ ਯੂਨੀਵਰਸਿਟੀ ਨੇ ਅਪਰੂਵ ਨਹੀਂ ਸੀ ਕੀਤਾ ? ਕੀ ਇਹ ਇਸ ਗੱਲ ਦੀ ਪੜਤਾਲ ਕਰਾਉਣਗੇ ਕਿ ਸੈਂਟਰ ਵੱਲੋਂ ਇਹ ਆਰਡਰ ਕਿਉਂ ਹੋਏ ਅੱਰ ਇਨ੍ਹਾਂ ਨੇ ਕੀ ਉਪਰਾਲੇ ਕੀਤੇ ਹਨ ਕਿ ਅੱਗੇ ਤੋਂ ਐਸਾ ਨਾ ਹੋਵੇ ?

ਮੰਤਰੀ: ਸਾਹਿਬ, ਇਕ ਗਰਾਮਨੋਨ ਨਾਮ ਦੀ ਦਵਾਈ ਸੀ ਜਿਹੜੀ ਕਿ ਉਨ੍ਹਾਂ ਨੇ ਰਿਕਮੈਂਡ ਕੀਤੀ ਅੱਰ ਉਹ ਇੰਪੋਰਟ ਵੀ ਕੀਤੀ । ਸਾਡੀ ਐਗਰੀਕਲਚਰ ਯੂਨੀਵਰਸਿਟੀ ਨੇ ਦੱਸਿਆ ਕਿ ਅਸੀਂ ਇਸ ਕਪੈਸਿਟੀ ਵਿਚ ਨਹੀਂ ਹਾਂ ਕਿ ਅਸੀਂ ਇਸ ਨੂੰ ਰਿਕਮੈਂਡ ਕਰੀਏ ਕਿਉਂਕਿ ਉਨ੍ਹਾਂ ਨੇ ਟੈਸਟ ਨਹੀਂ ਸੀ ਕੀਤੀ । ਦਿੱਲੀ ਦੀ ਸਰਕਾਰ ਨੇ ਕਿਉਂ ਉਸ ਦਵਾਈ ਨੂੰ ਰਿਕਮੈਂਡ ਕੀਤਾ, ਇਸ ਦੇਬਾਰੇ ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਕੋਈ ਨਾ ਕੋਈ ਬੇਸ ਰੱਖਿਆ ਹੋਵੇਗਾ, ਉਨ੍ਹਾਂ ਨੇ ਸਾਰੇ ਆਸਪੈਕਟਸ ਵੇਖੇ ਹੋਣਗੇ । ਪਰ ਸਾਡਾ ਆਪਣਾ ਯੂਨੀਵਰਸਿਟੀ ਤੇ ਬੇਸ ਹੈ ।

ਸਰਦਾਰ ਹਰਚਰਨ ਸਿੰਘ ਹੀਰੋ: ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ ਅੱਰ ਵਜ਼ੀਰ ਸਾਹਿਬ ਨੂੰ ਵੀ ਯਾਦ ਹੋਵੇਗਾ ਕਿ ਪਿਛਲੀ ਵਾਰੀ ਮੈਂ ਇਕ 30 ਲਖ ਰੁਪਏ ਦਾ ਦਵਾਈਆਂ ਦਾ ਜੋ ਸਕੈਂਡਲ ਸੀ ਉਸ ਬਾਰੇ ਕਿਹਾ ਸੀ ਅੱਰ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਉਸ ਕੇਸ ਦੀ ਇਨਕੁਆਇਰੀ ਕਰਵਾ ਕੇ ਦੱਸਣਗੇ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਸਕੈਂਡਲ ਦੀ ਇਨਕੁਆਇਰੀ ਕਰਵਾਈ ਗਈ ਹੈ, ਜੇਕਰ ਕਰਵਾਈ ਗਈ ਹੈ, ਤਾਂ ਉਸ ਦੇ ਕੀ ਸਿੱਟੇ ਨਿਕਲੇ ਹਨ ?

ਸਰਦਾਰ ਦਲੀਪ ਸਿੰਘ ਪਾਂਧੀ: ਇਹ ਮੈਂਬਰ ਸਾਹਿਬ ਉਸ ਗੱਲ ਕਰਕੇ ਹੀ ਉਧਰ ਰਲ ਗਏ ਹਨ ਜੀ (ਹਾਸਾ) ।

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਇਹ ਤਾਂ ਬੜਾ ਹੀ ਸਿੱਧਾ ਸਵਾਲ ਸੀ ਕਿ ਕੀ ਫਿਰੋਜ਼ਪੁਰ ਜ਼ਿਲੇ ਵਿਚ ਦਵਾਈ ਘੱਟ ਗਈ ਹੈ ਪਰ ਇਹ ਮੇਰੇ ਵੀਰ ਹੋਰ ਪਾਸੇ ਚਲੇ ਗਏ ਹਨ ।

ਸ਼੍ਰੀ ਸਪੀਕਰ : ਤੁਸੀਂ ਉਨ੍ਹਾਂ ਦੀ ਗੱਲ ਦਾ ਨੋਟਿਸ ਲੈ ਲਵੋ ।

ਮੰਤਰੀ : ਠੀਕ ਹੈ ਜੀ, ਮੈਂ ਨੋਟਿਸ ਲੈ ਲੈਂਦਾ ਹਾਂ ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਸਵਾਲ ਉਠਾਇਆ ਗਿਆ ਸੀ ਫਿਰੋਜ਼ਪਰ ਜਿਲ੍ਹੇ ਦਾ ਪਰ ਸਾਡਾ ਫਰੀਦਕੋਟ ਵੀ ਗਵਾਂਢੀ ਜ਼ਿਲ੍ਹਾ ਹੈ। ਸਾਡੇ ਫਰੀਦਕੋਟ ਵਿਚ ਇਸ ਤਰ੍ਹਾਂ ਹੋਇਆ ਕਿ ਜਿਹੜੀ ਅਸਲ ਦਵਾਈ ਸੀ ਉਹ ਤਾਂ ਬਲੈਕ ਵਿਚ ਵੇਚੀ ਗਈ ਅੱਰ ਲੋਕ ਫਿਰ ਬਾਹਰੋਂ ਦਵਾਈ ਲੈ ਕੇ ਆਏ । ਉਸ ਦਵਾਈ ਨਾਲ ਕਣਕ ਜਿਹੜੀ ਸੀ ਉਹ ਤਾਂ ਮਰ ਗਈ ਅੱਰ ਗੁੱਲੀਡੰਡਾਂ ਜ਼ਿਆਦਾ ਹੋ ਗਿਆ । ਇਕ ਸਿਰਸੜੀ ਪਿੰਡ ਹੈ, ਦੇਵੀ ਵਾਲ ਤੇ ਇਕ ਪੰਜ ਗਰਾਈ ਪਿੰਡ ਹੈ ਇਸ ਤਰ੍ਹਾਂ ਇਨ੍ਹਾਂ ਪਿੰਡਾਂ ਵਿਚ ਦਵਾਈ ਜਿਹੜੀ ਛਿੜਕੀ ਗਈ ਉਸ ਨਾਲ ਕਣਕ ਮਰ ਗਈ ਅੱਰ ਗੁੱਲੀਡੰਡਾ ਪੈਦਾ ਹੋ ਗਿਆ। ਇਸ ਨਾਲ ਲੋਕਾਂ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ । ਕੀ ਸਰਕਾਰ ਉਥੇ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਾਸਤੇ ਤਿਆਰ ਹੈ ?

ਮੰਤਰੀ: ਸਪੀਕਰ ਸਾਹਿਬ, ਇਸ ਦਾ ਜਵਾਬ ਤਾਂ ਗਿਆਨੀ ਜੀ ਨੇ ਬੈਠੇ ਬੈਠੇ ਹੀ ਦੇ ਦਿੱਤਾ ਹੈ । ਅਗਰ ਇਹੋ ਜਿਹੀ ਗਲਤ ਦਵਾਈ ਦੀ ਕਿਸੇ ਨੇ ਵਰਤੋਂ ਕਰ ਲਈ ਹੈ ਤਾਂ ਉਸ ਦਾ ਨੁਕਸਾਨ ਹੋ ਗਿਆ ਹੈ । ਇਸ ਵਾਸਤੇ ਹੀ ਸਰਕਾਰ ਕਿਸੇ ਗਲਤ ਦਵਾਈ ਦੀ ਵਰਤੋਂ ਲਈ ਕਿਸਾਨਾਂ ਨੂੰ ਸਲਾਹ ਨਹੀਂ ਦਿੰਦੀ । ਫਿਰ ਇਨ੍ਹਾਂ ਨੇ, ਸਾਹਿਬ, ਪਿੰਡ ਦਾ ਨਾਮ ਵੀ ਚੰਗਾ ਲਿਆ ਹੈ 'ਸਿਰਸੜੀ' । ਜੇਕਰ ਸਿਰਸੜੀ ਦੀ ਫਸਲ ਸੜ ਗਈ ਤਾਂ ਕੀ ਲੋਹੜਾ ਆ ਗਿਆ ।

DISTINCT
~~DISTRICT~~ COLOUR TO THE POLICE STATIONS IN THE STATE

*1554 **Sardar Dalip Singh Pandhi**: Will the Chief Minister be pleased to state whether there is any proposal under the consideration of Government to give any distinct colour to Police Stations and the buildings of Police Offices in the State; if so, the reasons therefor together with the amount likely to be incurred thereon ?

ਸਰਦਾਰ ਦਰਬਾਰਾ ਸਿੰਘ : ਹਾਂ ਜੀ । ਪਹਿਲਾਂ ਪੁਲਿਸ ਦੀਆਂ ਇਮਾਰਤਾਂ ਉਤੇ ਹਰ ਸਾਲ ਸਫੈਦੀ ਕਰਵਾਈ ਜਾਂਦੀ ਸੀ ਪਰ ਇਹ ਜ਼ਿਆਦਾ ਦੇਰ ਟਿਕਾਊ ਨਹੀਂ ਰਹਿੰਦੀ ਸੀ ਅਤੇ ਇਹ ਦੇਖਿਆ ਗਿਆ ਕਿ ਜਿਹੜੀਆਂ ਦੀਵਾਰਾਂ ਉਤੇ ਸਫੈਦੀ ਕੀਤੀ ਜਾਂਦੀ ਸੀ, ਉਨ੍ਹਾਂ ਵਿਚ ਬਾਰਸ਼ ਦਾ ਪਾਣੀ ਜਜ਼ਬ ਹੋਣ ਕਾਰਣ ਸਲਾਭਾ ਆ ਜਾਂਦਾ ਸੀ । ਇਸ ਲਈ ਇਹ ਤਜਵੀਜ਼ ਕੀਤਾ ਗਿਆ ਕਿ ਥਾਣਿਆਂ ਅਤੇ ਦੂਜੀਆਂ ਪੁਲਿਸ ਦੀਆਂ ਇਮਾਰਤਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਤੇ ਸਨੋਸਮ ਕਰਵਾਇਆ ਜਾਵੇ, ਜੋ ਕਿ ਜ਼ਿਆਦਾ ਦੇਰ ਟਿਕਾਊ ਰਹਿੰਦਾ ਹੈ । ਇਸ ਨਾਲ ਸਾਰੀਆਂ ਪੁਲਿਸ ਦੀਆਂ ਇਮਾਰਤਾਂ ਦਾ ਵੀ ਇਕ ਹੀ ਰੰਗ ਹੋ ਜਾਵੇਗਾ । ਇਸ ਸਕੀਮ ਉਤੇ ਪਹਿਲਾਂ ਲਗਭਗ $7\frac{1}{3}$ ਲੱਖ ਰੁਪਏ ਦੀ ਲਾਗਤ ਦਾ ਅਨੁਮਾਨ ਹੈ ਪਰ ਇਸ ਨਾਲ ਹਰ ਸਾਲ ਇਮਾਰਤਾਂ ਦੀ ਕਰਵਾਈ ਜਾਣ ਵਾਲੀ ਮੁਰੰਮਤ ਦੇ ਖਰਚ ਵਿਚ ਬਚਤ ਹੋਵੇਗੀ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੁੱਖ ਮੰਤਰੀ ਸਾਹਿਬ ਇਹ ਦਸਣਗੇ ਕਿ ਪਹਿਲੇ ਹੀ ਪੈਸੇ ਦੀ ਬੜੀ ਘਾਟ ਹੈ ਫਿਰ ਇਹ ਸਪੈਸ਼ਲ ਰੰਗ ਕਰਾਉਣ ਦੇ ਕੀ ਕਾਰਣ ਸਨ ? ਇਸ ਤੇ ਇਹ ਸਾਢੇ 7 ਲੱਖ ਰੁਪਏ ਖਰਚ ਕਰ ਰਹੇ ਹਨ । ਇਹ ਸਾਰਾ ਰੰਗ ਸਾਰੇ ਦਫ਼ਤਰਾਂ ਦੇ ਸਰਕਾਰੀ ਰੈਜ਼ੀਡੈਂਸ ਅਤੇ ਡੀ.ਸੀ., ਪਟਿਆਲਾ ਨੇ ਆਪਣੇ ਰੈਜ਼ੀਡੈਂਸ ਤੇ ਕਰਵਾ ਲਿਆ ਹੈ। ਇਹ ਕੀ ਕਾਰਣ ਸਨ ਕਿ ਜਿਹੜਾ ਪਹਿਲੇ ਰੰਗ ਹੁੰਦਾ ਸੀ ਉਸ ਨੂੰ ਬਦਲ ਕੇ ਹੁਣ ਐਨਾ ਮਹਿੰਗਾ ਰੰਗ ਕਰਵਾ ਰਹੇ ਹਨ ?

ਮੁੱਖ ਮੰਤਰੀ : ਅਰਜ਼ ਇਹ ਹੈ ਕਿ ਪਹਿਲੇ ਹੀ ਡੇਢ ਲੱਖ ਰੁਪਿਆ ਰੰਗ ਰੋਗਨ ਤੇ ਖਰਚ ਆ ਜਾਂਦਾ ਸੀ ਪਰ ਉਸ ਵਿਚ ਬਾਰਸ਼ ਦਾ ਪਾਣੀ ਜਜ਼ਬ ਹੋਣ ਕਾਰਣ ਸਲਾਭਾ ਆ ਜਾਂਦਾ ਸੀ । ਇਸ ਲਈ ਇਹ ਤਜਵੀਜ਼ ਕੀਤਾ ਗਿਆ ਇਸ ਦੀ ਬਜਾਏ ਸਨੋਸਮ ਰੰਗ ਕਰਵਾਇਆ ਜਾਵੇ ਤਾਕਿ ਜਿਹੜਾ ਸਲਾਭਾ ਹੈ ਉਹ ਨਾ ਆ ਸਕੇ । ਇਸ ਲਈ ਇਹ ਕੀਤਾ ਗਿਆ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੀ ਗਲ ਸੁਣ ਲਓ । ਜੇ ਇਹ ਰੰਗ ਕਰਾਉਣਾ ਹੈ ਤਾਂ ਬਾਕੀ ਦੀਆਂ ਬਿਲਡਿੰਗਾਂ ਤੇ ਵੀ ਕਿਉਂ ਨਹੀਂ ਕਰਵਾਇਆ ਜਾਂਦਾ ।

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

WATER SUPPLY TANK OF MARKET COMMITTEE PATRAN

*1568. **Comrade Baldev Singh Doomba** : Will the Minister for Agriculture and Irrigation be pleased to state the date since when the water supply tank of Market Committee Patran town, district Patiala, has not been in working order ?

ਚੌਧਰੀ ਕਾਂਸ਼ੀ ਰਾਮ : ਫਰਵਰੀ, 1981 ਤੋਂ ।

GRAIN MARKET IN SHERPUR TOWN

*1594. **Master Chand Singh** : Will the Minister for Agriculture and Irrigation be pleased to state whether it is a fact that the Grain Market in Sherpur Town, Tehsil Malerkotla, district Sangrur is still incomplete; if so, the reasons therefor together with the time by which it is likely to be completed ?

Original with;
Punjab Vidhan Sabha
Digitized by;
Panjab Digital Library

ਚੌਧਰੀ ਕਾਂਸ਼ੀ ਰਾਮ : (1) ਜੀ ਹਾਂ ।

(2) ਲੈਵਾਟਰੀ ਬਲਾਕ ਅਤੇ ਬਿਜਲੀ ਦੇ ਤਖਮੀਨੇ ਮੁਕੰਮਲ ਕੀਤੇ ਜਾ ਰਹੇ ਹਨ ।

(3) ਜੇਕਰ ਸੀਮਿੰਟ ਅਤੇ ਬਾਕੀ ਕੱਚੀ ਸਮੱਗਰੀ ਆਦਿ ਮਿਲਦੀ ਰਹੀ ਤਾਂ ਇਸ ਮੰਡੀ ਨੂੰ ਮਾਰਚ, 1984 ਦੇ ਅੰਤ ਤੀਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ।

CONSTRUCTION OF BRIDGES ON NALLAHS IN TEHSIL PATTI

*1544. (1) **Sardar Major Singh Ubboke**
(2) **Jathedar Naranjan Singh** : Will the Minister for Agriculture and Irrigation be pleased to state whether any estimates for the construction of bridges on the following Nallahs (Drains) in Tehsil Patti, District Amritsar were prepared; if so, the time by which the construction work thereon is likely to be taken in hand :—

1. Kasur Nallah, R.D. 22100 (Calia Santra);

2. Kasur Nallahs R.D. 58300 or 58800 (Mader Mathra Bhagi);

3. Valtoha Drain R.D. 12500 (Asal Ratoke) ?

ਚੌਧਰੀ ਕਾਂਸ਼ੀ ਰਾਮ : ਨਹੀਂ ਜੀ । ਮਾਮਲਾ ਅਜੇ ਵੀ ਭਾਰਤ ਸਰਕਾਰ ਨਾਲ ਪੱਤਰ-ਵਿਹਾਰ ਅਧੀਨ ਹੈ ।

BRIDGES SANCTIONED ON THE BUDHA NALLAHS IN DISTRICT LUDHIANA

*1566. **Sardar Basant Singh Khalsa** : Will the Minister for Agriculture and Irrigation be pleased to state—

(a) the number of bridges sanctioned since 1977 on Budha Nallah in District Ludhiana together with the year in which each of the bridge was sanctioned ;

(b) the year in which the construction on each of the said bridges was started and completed together with the time by which the incomplete bridges are likely to be completed;

(c) whether the Government proposes to construct any new bridges on the said Nallahs during the current year; if so, the names of the places where the same are to be constructed and the time by which the same are likely to be constructed?

ਚੌਧਰੀ ਕਾਂਸ਼ੀ ਰਾਮ : (ੳ) ਸਾਲ 1977 ਤੋਂ ਹੁਣ ਤਕ ਜ਼ਿਲਾ ਲੁਧਿਆਣਾ ਵਿਚ ਬੁਢਾ ਨਾਲਾ ਉਤੇ ਕੋਈ ਨਵਾਂ ਪੁਲ ਮਨਜ਼ੂਰ ਨਹੀਂ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਸਿੰਚਾਈ ਮੰਤਰੀ]

(ਅ) ਸੁਆਲ ਹੀ ਪੈਦਾ ਨਹੀਂ ਹੁੰਦਾ ।

(ਏ) ਨਹੀਂ ਜੀ । ਸੁਆਲ ਹੀ ਨਹੀਂ ਪੈਦਾ ਹੁੰਦਾ ।

QUESTION OF PRIVILEGE

ਸ਼੍ਰੀ ਸਪੀਕਰ : ਮੈਂ ਇਕ ਪ੍ਰਿਵੇਲਿਜ ਮੋਸ਼ਨ ਦਾ ਨੋਟਿਸ ਪ੍ਰਾਪਤ ਕੀਤਾ ਹੈ ਜਿਹੜਾ ਕਿ ਸਰਦਾਰ ਦਲੀਪ ਸਿੰਘ ਪਾਂਧੀ ਅਤੇ ਸਰਦਾਰ ਆਤਮਾ ਸਿੰਘ ਵੱਲੋਂ ਆਇਆ ਹੈ ਜਿਸ ਵਿਚ ਲਿਖਿਆ ਹੈ ਕਿ ਇਰੀਗੇਸ਼ਨ ਮਨਿਸਟਰ ਨੇ ਜਿਹੜੀ ਸਟੇਟਮੈਂਟ ਦਿੱਤੀ ਸੀ ਉਹ ਠੀਕ ਨਹੀਂ ਹੈ । ਹਿਸਾਬ ਦੇ ਮੁਤਾਬਿਕ ਉਹ ਮਾਮਲਾ ਇਰੀਗੇਸ਼ਨ ਮਨਿਸਟਰ ਨੂੰ ਭੇਜ ਦਿੱਤਾ ਗਿਆ ਹੈ । ਜਵਾਬ ਆਉਣ ਤੇ ਮੈਂ ਆਪਣਾ ਫੈਸਲਾ ਦੇ ਦੇਵਾਂਗਾ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਜੋ ਮੈਨੂੰ ਜਵਾਬ ਦਿੱਤਾ ਗਿਆ ਹੈ ਉਸ ਵਿਚ ਲਿਖਿਆ ਹੈ ਕਿ ਸਪੈਸੇਫਿਕ ਮੈਟਰ ਨਹੀਂ ਉਠਾਇਆ ਗਿਆ । ਪਰ ਮੈਂ ਤਾ ਇਸ ਵਿਚ ਸਪੈਸੇਫਿਕ ਮੈਟਰ ਲਿਖਿਆ ਹੈ । ਸਰਾਬਾ ਖੁਰਦ ਪਿੰਡ ਹੈ ।

ਸ਼੍ਰੀ ਸਪੀਕਰ : ਇਹ ਜਿਹੜੀ ਸਤਲੁਜ-ਬਿਆਸ ਲਿੰਕ ਦੇ ਬਾਰੇ ਪ੍ਰਿਵਿਲਿਜ ਮੋਸ਼ਨ ਆਈ ਹੈ ਇਹ ਮੈਂ ਮਨਿਸਟਰ ਸਾਹਿਬ ਨੂੰ ਭੇਜ ਦਿੱਤੀ ਹੈ, ਜਵਾਬ ਦੇ ਦੇਵਾਂਗਾ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਤੁਸੀਂ ਲਿਖਿਆ ਹੈ ਕਿ ਸਪੈਸੇਫਿਕ ਮੈਟਰ ਨਹੀਂ ਉਠਾਇਆ ਗਿਆ । ਇਹ ਤੁਸੀਂ ਦੁਬਾਰਾ ਚੰਗੀ ਤਰ੍ਹਾਂ ਵੇਖ ਲਓ ।

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਆਪਣੀ ਰੂਲਿੰਗ ਦੇ ਦਿੱਤੀ ਹੈ । ਹੁਣ ਇਹ ਡਿਸਕਸ ਨਹੀਂ ਹੋਣਾ ਚਾਹੀਦਾ ।

ਕਾਮਰੇਡ ਬਲਦੇਵ ਸਿੰਘ ਲੁੰਬਾ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਈ ਦਿਨਾਂ ਤੋਂ ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਸਾਡੀ ਇਕ ਕਾਲ ਅਟੈਨਸ਼ਨ ਮੋਸ਼ਨ ਆਈ, ਉਸ ਦੇ ਜਵਾਬ ਵਿਚ ਵਜ਼ੀਰ ਸਾਹਿਬ ਨੇ ਇਹ ਕਿਹਾ ਕਿ ਕੋਈ ਅਲਾਈਨਮੈਂਟ ਫਾਈਨਲ ਨਹੀਂ ਹੋਈ । ਜਿਹੜੀ ਸਟੇਟਮੈਂਟ ਹਾਊਸ ਵਿਚ ਆ ਜਾਵੇ ਅੱਰ ਉਹ ਗ਼ਲਤ ਹੋਵੇ ਤਾਂ ਉਸ ਤੇ ਪ੍ਰਿਵੇਲਜ ਮੋਸ਼ਨ ਆ ਸਕਦੀ ਹੈ । ਕਲ੍ਹ ਹਰਿਆਣਾ ਵਿਧਾਨ ਸਭਾ ਵਿਚ ਇਹ ਕਿਹਾ ਗਿਆ ਹੈ ....

ਸ਼੍ਰੀ ਸਪੀਕਰ : ਪ੍ਰਿਵੇਲਜ ਮੋਸ਼ਨ ਵਿਚ ਸਾਰਾ ਕੁਝ ਲਿਖਿਆ ਹੋਇਆ ਹੈ ਅਤੇ ਉਹ ਮਨਿਸਟਰ ਸਾਹਿਬ ਨੂੰ ਰੈਫਰ ਕਰ ਦਿੱਤੀ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਜਿਹੜਾ ਤੁਸੀਂ ਮਨਿਸਟਰ ਸਾਹਿਬ ਨੂੰ ਜਵਾਬ ਦੇਣ ਲਈ ਭੇਜਿਆ ਹੈ ਉਸ ਵਿਚ ਮੇਰਾ ਖਿਆਲ ਹੈ ਕਿ ਕੁਝ ਦੇਰ ਲਗ ਸਕਦੀ ਹੈ । ਇਨ੍ਹਾਂ ਨੇ ਇਥੇ ਇਹ ਕਹਿ ਦਿਤਾ ਹੈ ਕਿ ਅਲਾਈਨਮੈਂਟ ਨਹੀਂ ਹੋਈ । ਲੇਕਿਨ ਤੁਸੀਂ ਆਪ ਅੰਦਾਜ਼ਾ ਲਗਾਓ ਜਦੋਂ ਪ੍ਰਧਾਨ ਮੰਤਰੀ ਕਿਸੇ ਚੀਜ਼ ਦਾ ਫਾਊਂਡੇਸ਼ਨ ਸਟੋਨ ਰਖਣ ਵਾਸਤੇ ਆਉਣ ਤਾਂ ਇਹ ਬਿਨਾਂ ਅਲਾਈਨਮੈਂਟ ਦੇ ਇਹ ਕਿਵੇਂ ਹੋ ਸਕਦਾ ਹੈ ।

ਸ਼੍ਰੀ ਸਪੀਕਰ : ਮੈਂ ਸਵੇਰੇ ਸਾਢੇ 8 ਵਜੇ ਇਹ ਪ੍ਰਿਵੇਲਿਜ ਮੋਸ਼ਨ ਦਾ ਨੋਟਿਸ ਪ੍ਰਾਪਤ ਕੀਤਾ ਹੈ ਅਤੇ ਉਸ ਤੇ ਦਸਖਤ ਕਰਕੇ ਮਨਿਸਟਰ ਸਾਹਿਬ ਕੋਲ੍ ਭੇਜ ਕੇ ਮੈਂ ਹਾਊਸ ਵਿਚ ਆਇਆ ਹਾਂ । ਜਵਾਬ ਆਉਣ ਤੇ ਮੈਂ ਡਿਸੀਜ਼ਨ ਦੇ ਦੇਵਾਂਗਾ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਹ ਤਾਂ ਕੋਈ ਅਜਿਹੀ ਚੀਜ਼ ਨਹੀਂ ਹੈ । ਕਲ੍ ਹਰਿਆਣਾ ਦੇ ਚੀਫ ਮਨਿਸਟਰ ਨੇ ਹਾਊਸ ਵਿਚ ਕਿਹਾ ਹੈ ਕਿ ਪੰਜਾਬ ਦੇ ਚੀਫ ਮਨਿਸਟਰ ਨਾਲ ਗੱਲਬਾਤ ਹੋ ਗਈ ਹੈ । ਮੈਂ ਪੁਛਦਾ ਹਾਂ ਕਿ ਸਾਨੂੰ ਡਾਰਕ ਵਿਚ ਕਿਉਂ ਰਖਿਆ ਜਾ ਰਿਹਾ ਹੈ ?

ਸ਼੍ਰੀ ਸਪੀਕਰ : ਜਿਹੜੀ ਪ੍ਰਿਵੇਲਜ ਮਸ਼ਨ ਸਰਦਾਰ ਦਲੀਪ ਸਿੰਘ ਪਾਂਧੀ ਅਤੇ ਸਰਦਾਰ ਆਤਮਾ ਸਿੰਘ ਵਲੋਂ ਆਈ ਹੈ ਉਸ ਵਿਚ ਸਾਰੇ ਫੈਕਟਸ ਲਿੱਖੇ ਹਨ । ਉਸ ਦਾ ਜਵਾਬ ਆ ਜਾਵੇਗਾ ਤਾਂ ਮੈਂ ਕਿਹਾ ਹੈ ਕਿ ਡਿਸੀਜ਼ਨ ਦੇ ਦੇਵਾਂਗਾ ।

ਪ੍ਰੋਫੈਸਰ ਬਲਵੰਤ ਸਿੰਘ : ਅਸੀਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਕਿ ਕਾਲਜ ਦੇ

** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਜਨਾਬ ਮੈਂ ਕਲ੍ ਪ੍ਰਿਵੇਲਜ ਮੋਸ਼ਨ ਦਾ ਮਾਮਲਾ ਤੁਹਾਡੇ

** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : 8 ਮਾਰਚ ਨੂੰ ਚੀਫ ਇੰਜੀਨੀਅਰ ਨੇ ਇਹ ਚਿੱਠੀ ਲਿਖੀ ਹੈ ।

** ** **

ਸ਼੍ਰੀ ਸਪੀਕਰ : ਮੇਰੀ ਇਜਾਜ਼ਤ ਤੋਂ ਬਿਨਾਂ ਜੋ ਕੁਝ ਕਿਹਾ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ ।

ਸ਼੍ਰੀ ਸੇਵਾ ਰਾਮ : ** ** **

** Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਫਰਮਾਇਆ ਸੀ ਕਿ ਮਨਿਸਟਰ ਸਾਹਿਬ ਦਾ ਜਵਾਬ ਆਉਣ ਤੋਂ ਬਾਅਦ ਮੈਂ ਆਪਣੀ ਰੂਲਿੰਗ ਦੇਵਾਂਗਾ। ਕੀ ਤੁਸੀਂ ਆਪਣੀ ਰੂਲਿੰਗ ਆਉਣ ਵਾਲੇ ਅਗਲੇ ਸੋਮਵਾਰ ਸੈਸ਼ਨ ਵਿਚ ਦੇ ਦੇਵੋਗੇ ਕਿਉਂਕਿ ਹਾਊਸ ਦਾ ਸੈਸ਼ਨ ਥੋੜ੍ਹਾ ਹੀ ਰਹਿ ਗਿਆ ਹੈ ?

ਸ਼੍ਰੀ ਸਪੀਕਰ : ਬਾਦਲ ਸਾਹਿਬ, ਹਾਲੇ ਹਾਊਸ ਨੇ ਬੀ.ਏ.ਸੀ. ਦੀ ਰਿਪੋਰਟ ਮੁਤਾਬਿਕ 31 ਮਾਰਚ ਤੱਕ ਚਲਣਾ ਹੈ ਔਰ ਮੇਰਾ ਖ਼ਿਆਲ ਹੈ ਕਿ ਸੋਮਵਾਰ ਤੱਕ ਜਵਾਬ ਮਨਿਸਟਰ ਸਾਹਿਬ ਦਾ ਆ ਜਾਵੇਗਾ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਸੋਮਵਾਰ ਨੂੰ ਡੈਫੀਨੇਟ ਆਪਣੀ ਰੂਲਿੰਗ ਦੇ ਦਿਓ ।

ਸ਼੍ਰੀ ਸਪੀਕਰ : ਮੈਂ ਕੋਸ਼ਿਸ ਕਰਾਂਗਾ ।

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਅਤੇ ਹੋਰ ਮੈਂਬਰਾਂ ਨੇ ਪ੍ਰਿਵਿਲਿਜ ਮੋਸ਼ਨ ਦਿੱਤੀ ਹੈ ਅਤੇ ਇਹ ਮਸਲਾ ਬੜਾ ਅਹਿਮ ਹੈ ਕਿ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ 8 ਤਾਰੀਖ਼ ਨੂੰ ਉਦਘਾਟਨ ਕਰਨ ਲਈ ਆ ਰਹੇ ਹਨ ਪਰ ਹਾਲੇ ਤਕ ਕੋਈ ਅਲਾਈਨਮੈਂਟ ਨਹੀਂ ਹੋਈ ਹੈ । ਇਸ ਸਬੰਧ ਵਿਚ ਤੁਹਾਡੀ ਰੂਲਿੰਗ ਸੋਮਵਾਰ ਤਕ ਆ ਜਾਣੀ ਚਾਹੀਦੀ ਹੈ । ਇਹ ਬੜਾ ਬਰਨਿੰਗ ਪੁਆਇੰਟ ਹੈ ।

ਸ਼੍ਰੀ ਸਪੀਕਰ : ਮੈਂ ਰੂਲਿੰਗ ਜਲਦੀ ਤੋਂ ਜਲਦੀ ਦੇ ਦੇਵਾਂਗਾ ।

ਮਾਸਟਰ ਬਾਬੂ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਬੜਾ ਸਟਰਸ ਕੀਤਾ ਹੈ ਕਿ ਤੁਸੀਂ ਆਪਣੀ ਰੂਲਿੰਗ ਦਿਓ ਅਤੇ ਹਾਊਸ ਚਲ ਰਿਹਾ ਹੈ । ਮਨਿਸਟਰ ਸਾਹਿਬ ਇਥੇ ਹੀ ਜਵਾਬ ਦੇ ਦੇਣ ਬਜਾਏ ਤੁਹਾਨੂੰ ਭੇਜਣ ਦੇ ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਨੱਥਾ ਸਿੰਘ ਦਾਲਮ : ਸਪੀਕਰ ਸਾਹਿਬ, ਪ੍ਰਿਵਿਲਿਜ ਮੋਸ਼ਨ ਦਾ ਮਸਲਾ ਸਾਰੇ ਪੰਜਾਬ ਦੇ ਲੋਕਾਂ ਨਾਲ ਸਬੰਧਤ ਹੈ ਅਤੇ ਲੋਕ ਬੜੇ ਐਜੀਟੇਟਿਡ ਹਨ । ਇਸ ਲਈ ਤੁਸੀਂ ਆਪਣੀ ਰੂਲਿੰਗ ਸੋਮਵਾਰ ਤਕ ਦੇਣ ਦੀ ਐਸ਼ੋਰੈਂਸ ਦੇ ਦਿਓ ।

ਸ਼੍ਰੀ ਸਪੀਕਰ : ਦਾਲਮ ਸਾਹਿਬ, ਮੈਂ ਕੋਸ਼ਿਸ਼ ਕਰਾਂਗਾ ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

PRESENTATION OF NINTH REPORT OF COMMITTEE ON THE WELFARE OF SCHEDULED CASTES, SCHEDULED TRIBES AND BACKWARD CLASSES

Chairman, Committee on the Welfare of Scheduled Castes, Scheduled Tribes and Backward Classes (Shri Joginder Nath) : Sir, I beg to present the Ninth Report of the Committee on the Welfare of Scheduled Castes, Scheduled Tribes and Backward Classes for the year 1981-82.

DISCUSSION AND VOTING OF DEMANDS FOR GRANTS FOR THE YEAR 1982-83

Mr. Speaker : There are 36 Demands for Grants on the Agenda paper today. As per decision of the House, Demand Nos. 20 and 34 relating to Agriculture and Industries respectively are to be specifically discussed.

If the hon. Members agree, these Demands alongwith Cut Motionthereto, may be deemed to have been read and moved and may be discussed together.

(*Voices* : Yes, yes).

The Hon'ble Members while speaking may indicate the Demand on which they would like to raise discussion.

Guillotine shall be applied at 12.00 noon.

Demand No. 26

That a sum not exceeding Rs. 22,40,77,000 on Revenue Account and Rs. 6,52 00,000 on Capital Account be granted to the Governor to defray the charges that will come in course of payment for the year 1982-83 in respect of Agriculture.

Demand No. 34

That a sum not exceeding Rs. 5,82,45,000 on Revenue Account and Rs. 9,21,50,000 on Capital Account be granted to the Governor to defray the charges that will come in course of payment for the year 1982-83 in respect of Industries.

Demand No. 1

That a sum not exceeding Rs. 1,00,78,000 on Revenue Account be granted to the Governor to defray the charges that will come in course of payment for the year 1982-83 in respect of State Legislatures.

** Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 2

That a sum not exceeding Rs. 80,03,000 on Revenue Account be granted to the Governor to defray the charges that will come in course of payment for the year 1982-83 in respect of Council of Ministers.

Demand No. 3

That a sum not exceeding Rs. 3,61,98,000 on Revenue Account be granted to the Governor to defray the charges that will come in course of payment for the year 1982-83 in respect of Administration of Justice.

Demand No. 4

That a sum not exceeding Rs. 17,12,000 on Revenue Account be granted to the Governor to defray the charges that will come in course of payment for the year 1982-83 in respect of Elections.

Demand No. 5

That a sum not exceeding Rs. 9,68,48,000 on Revenue Account be granted to the Governor to defray the charges that will come in course of payment for the year 1982-83 in respect of Revenue.

Demand No. 7

That a sum not exceeding Rs. 20,95,21,000 on Revenue Account be granted to the Governor to defray the charges that will come in course of payment for the year 1982-83 in respect of Finance.

Demand No. 8

That a sum not exceeding Rs. 14,93,000 on Revenue Account be granted to the Governor to defray the charges that will come in course of payment for the year 1982-83 in respect of Public Service Commission.

Demand No. 12

That a sum not not exceeding Rs. 2,90,33,000 on Revenue Account be granted to the Governor to defray the charges that will come in course of payment for the year 1982-83 in respect of Jails.

Demand No 13

That a sum not exceeding Rs. 3,82,90,000 on Revenue Account and Rs. 39,54,000 on Capital Account be granted to the Governor to defray the charges that will come in course of payment for the year 1982-83 in respect of Stationery and Printing.

Demand No. 14

That a sum not exceeding Rs. 3,81,08,000 on Revenue Account be granted to the Governor to defray the charges that will come in course of payment for the year 1982-83 in respect of Miscellaneous Services

Demand No. 15

That a sum not exceeding Rs. 52,00,000 on Revenue Account be granted to the Governor to defary the charges that will come in course of payment for the year 1982-83 in respect of Rehabilitation, Relief and Resettlement.

Original with;
Punjab Vidhan Sabha
Digitized by;
Panjab Digital Library

Demand No. 17

That a sum not exceeding Rs. 1,64,24,000 on Revenue Account be granted to the Governor to defray the charges that will come in course of payment for the year 1982-83 in respect of Technical Education.

Demand No. 18

That a sum not exceeding Rs. 49,18,30,000 on Revenue Account and Rs. 50,00,000 on Capital Account be granted to the Governor to defray the charges that will come in course of payment for the year 1982-83 in respect of Medical and Public Health.

Demand No. 19

That a sum not exceeding Rs. 1,88,29,000 on Revenue Account and Rs. 6,01,70,000 on Capital Account be granted to the Governor to defray the charges that will come in course of payment for the year 1982-83 in respect of Housing and Urban Development.

Demand No. 20

That a sum not exceeding Rs. 1,48,17,000 on Revenue Account be granted to the Governor to defray the charges that will come in course of payment for the year 1982-83 in respect of Information and Publicity.

Demand No. 21

That a sum not exceeding Rs. 45,21,000 on Revenue Account and Rs. 25,00,000 on Capital Account be granted to the Governor to defray the charges that will come in course of payment for the year 1982-83 in respect of Tourism and Cultural Affairs.

Demand No. 22

That a sum not exceeding Rs. 6,92,11,000 on Revenue Accouont and Rs. 16,04,000 on Capital Account be granted to the Governor to defray the charges that will come in course of payment for the year 1982-83 in respect of Labour, Employment and Industrial Training.

Demand No. 23

That a sum not exceeding Rs. 19,89,76,000 on Revenue Account and Rs. 4,14,00,000 on Capital Account be granted to the Governor to defray the charges that will come in course of payment for the year 1982-83 in respect of Social Security and Welfare.

Demand No. 24

That a sum not exceeding Rs. 1,21,56,000 on Revenue Account be granted to the Governor to defray the charges that will come in course of payment for the year 1982-83 in respect of Planning and Statistics.

Demand No. 25

That a sum not exceeding Rs. 4,86,41,000 on Revenue Account and Rs. 16,26,89,000 on Capital Account be granted to the Governor to defray the charges that will come in course of payment for the year 1982-83 in respect of Cooperation.

Original with;
Punjab Vidhan Sabha
Digitized by;
Panjab Digital Library

‖Mr. Speaker‖

Demand No. 27

That a sum not exceeding Rs. 3,43,43,000 on Revenue Account be grant to the Governor to defray the charges that will ome in course of payment for the year 1982-83 in respect of Soil and Water Conservation.

Demand No. 28

That a sum not exceeding Rs. 5,88,02,000 on Revenue Account and Rs. 3,45,62,61,000 on Capital Account be granted to the Goyernor to defray the charges that will come in course of payment for the year 1982-83 in respect of Food.

Demand No. 29

That a sum not exceeding Rs. 10,60,39,000 on Revenue Account and Rs. 10,00,000 on Capital Account be granted to the Governor to defray the charges that will come in course of payment for the year 1982-83 in respect of Animal Husbandry.

Demand No 30

That a sum not exceeding Rs. 50,48,000 on Revenue Account and Rs. 24,95,000 on Capital Account be granted to the Governor to defray the charges that will come in course of payment for the year 1982-83 in respect of Dairy Development.

Demand No. 31

That a sum not exceeding Rs. 50,15,000 on Revenue Account and Rs. 2,00,000 on Capital Account be granted to the Governor to defray the charges that will come in course of payment for the year 1982-83 in respect of Fisheries.

Demand No. 32

That a sum not exceeding Rs. 6,51, 16,000 on Revenue Account and Rs. 2,00,000 on Capital Account be granted to the Governor to defray the chgrges that will come in course of payment for the year 1982-83 in respect of Forest.

Demand No. 33

That a sum not exceeding Rs. 17,41,58,000 on Revenue Account be granted to the Governor to defray the charges that will come in course of payment for the year 1982-83 in respect of Community Development.

Demand No. 35

That a sum not exceeding Rs. 27,97,000 on Revenue Account and Rs. 7,00,000 on Capital Account be granted to the Governor to defray the charges that will come in course of payment for the year 1982-83 in respect of Civil Aviation.

Demand No. 36

That a sum not exceeding Rs. 22,90,10,000 on Revenue Account and Rs. 8,53.00,000 on Capital Account be granted to the Governor to defray the charges that will come in course of payment for the year 1982-83 in respect of Roads and Bridges.

Original with;
Punjab Vidhan Sabha
Digitized by;
Panjab Digital Library

Demand No. 37

That a sum not exceeding Rs. 53,09,90,000 on Revenue Account and Rs. 7,61,00,000 on Capital Account be granted to the Governor to defray the Charges that will come in course of payment for the year 1982-83 in respect of Road Transport-

Demand No 38

That a sum not exceeding Rs. 8,79,80,000 on Revenue Account and Rs. 42,52,06,000 on Capital Account be granted to the Governor to defray the charges that will come in course of payment for the year 1982-83 in respect of Multipurpose River Projects.

Demand No. 39

That a sum not exceeding Rs. 39,93,02,000 on Revenne Account and Rs. 33,04,30,000 on Capital Acconnt be granted to the Governor to defray the charges that will come in course of payment for the year 1982-83 in respect of Irrigation, Drainage and Flood Control.

Demand No. 40

That a sum not exceeding Rs. 33,25,44,000 on Revenue Account and Rs. 11,91,98,000 on Capital Account be granted to the Governor to defray the charges that will come in course of payment for the year 1982-83 in respect of Buildings.

Demand No. 41

That a sum not exceeding Rs. 2,19,82,46,000 on Capital Account be granted to the Governor to defray the charges that will come in course of payment for the year 1982-83 in respect of Loans and Advances by the State Government.

DEMAND NO. 26

(Agriculture)

Sardar Dalip Singh Pandhi: That the demand be reduced by Re. 1/—.

DEMAND NO. 34

(Industries)

Sardar Dalip Singh Pandhi: That the demand be reduced by Re, 1/—.

ਸਰਦਾਰ ਦਲੀਪ ਸਿੰਘ ਪਾਂਧੀ: ** ** **

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੇਰੀ ਇਜਾਜ਼ਤ ਬਿਨਾ ਜੋ ਕੁਝ ਕਿਹਾ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ ।

ਸ਼੍ਰੀ ਰਾਮ ਲਾਲ ਚਿੱਟੀ (ਜਲੰਧਰ ਛਾਉਣੀ) : ਸਪੀਕਰ ਸਾਹਿਬ, ਤੁਸੀਂ ਪਾਂਧੀ ਸਾਹਿਬ ਨੂੰ ਚੁਪ ਕਰਾਓ । ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ । ਐਗਰੀਕਲਚਰ ਅਤੇ ਇੰਡਸਟਰੀ ਦੋ ਬਹੁਤ ਵੱਡੀਆਂ ਅਹਿਮ ਡੀਮਾਂਡਜ਼ ਦੇਸ਼ ਦੀਆਂ ਹਨ। ਜਦੋਂ ਸਾਡਾ ਦੇਸ਼ ਆਜ਼ਾਦ ਹੋਇਆ ਤਾਂ ਸਾਨੂੰ ਅਨਾਜ ਲਈ ਬਾਹਰਲੇ ਮੁਲਕ ਅਮਰੀਕਾ ਵੱਲ ਦੇਖਣਾ ਪੈਂਦਾ ਸੀ ਕਿ ਕਦ ਉਨ੍ਹਾਂ ਦਾ ਜਹਾਜ਼ ਅਨਾਜ਼ ਲੈ ਕੇ ਆਏ ਅੌਰ ਅਸੀਂ ਆਪਣਾ ਗੁਜ਼ਾਰਾ ਕਰੀਏ । ਸਾਡੀ ਨਜ਼ਰ ਹਮੇਸ਼ਾ ਅਮਰੀਕਾ ਦੇ ਜਹਾਜ਼ਾਂ ਦੇ ਆਉਣ ਦੀ ਉਡੀਕ ਵਿਚ ਲਗੀ ਰਹਿੰਦੀ ਸੀ । ਇਸ ਪ੍ਰਾਬਲਮ ਨੂੰ ਦੇਖਦੇ ਹੋਏ ਸਾਡੇ ਪੰਜਾਬੀ ਕਿਸਾਨ ਨੇ ਅਤੇ ਮੁਲਕ ਨੇ ਐਗਰੀਕਲਚਰ ਦੇ ਖੇਤਰ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਹੁਣ ਸਾਡਾ ਅਨਾਜ ਬਾਹਰਲੇ ਮੁਲਕਾਂ ਨੂੰ ਜਾਣ ਲਗ ਗਿਆ ਹੈ ਅਤੇ ਸਾਡਾ ਇੰਡਸਟਰੀ ਦਾ ਰਾਅ ਮੈਟਰੀਅਲ ਬਾਹਰ ਜਾਂਦਾ ਹੈ । ਇਸ ਗੱਲ ਲਈ ਪੰਜਾਬ ਦਾ ਕਿਸਾਨ ਮੁਬਾਰਕਬਾਦ ਦਾ ਪਾਤਰ ਹੈ । ਇਸ ਖੇਤਰ ਵਿਚ ਤਰੱਕੀ ਕਰਨ ਲਈ ਪੰਜਾਬ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਦੇਣ ਹੈ। ਇਹ ਦੇਣ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਲੈ ਗਈ । ਉਸ ਵਕਤ ਜਦ ਕਿ ਸਾਡੇ ਕੋਲ ਸਾਧਨ ਬਹੁਤ ਥੋੜੇ ਹੁੰਦੇ ਸਨ ਅਤੇ ਐਗਰੀਕਲਚਰ ਦਾ ਸਿਸਟਮ ਠੀਕ ਨਹੀਂ ਚਲ ਰਿਹਾ ਸੀ ਅਤੇ ਕਿਸਾਨ ਬਲਦਾਂ ਤੇ ਖੇਤੀ ਕਰਦਾ ਸੀ ਜਿਸ ਨੂੰ ਮਸ਼ੀਨੀ ਯੁਗ ਨੇ ਆ ਕੇ ਟਰੈਕਟਰਾਂ ਦਾ ਰੂਪ ਧਾਰਨ ਕੀਤਾ ਅਤੇ ਐਗਰੀਕਲਚਰ ਦੀਆਂ ਹੋਰ ਮਸ਼ੀਨਾਂ ਖੇਤੀ ਦੇ ਕੰਮ ਆਉਣ ਲਗ ਗਈਆਂ ਹਨ ਅਤੇ ਟਾਈਮ ਦੀ ਬੱਚਤ ਅਤੇ ਪੈਦਾਵਾਰ ਵੀ ਵੱਧੀ ਹੈ । ਟਰੈਕਟਰ, ਟਿਊਬਵੈਲਾਂ ਅਤੇ ਖਾਦਾਂ ਦਾ ਖੇਤੀ ਵਿਚ ਇਸਤੇਮਾਲ ਕੀਤਾ ਜਾ ਰਿਹਾ ਹੈ । ਪੰਜਾਬ ਨੇ ਦੂਜਿਆਂ ਸੂਬਿਆਂ ਨਾਲੋਂ ਜ਼ਿਆਦਾ ਇਸ ਖੇਤਰ ਵਿਚ ਤਰੱਕੀ ਕੀਤੀ ਹੈ ਅਤੇ ਸਾਰੇ ਦੇਸ਼ ਨੂੰ ਅਨਾਜ ਸਪਲਾਈ ਕੀਤਾ ਹੈ । ਇਸ ਦੇ ਨਾਲ ਪੰਜਾਬ ਨੇ ਇੰਡਸਟਰੀ ਦੇ ਖੇਤਰ ਵਿਚ ਵੀ ਤਰੱਕੀ ਕੀਤੀ ਹੈ । ਪਹਿਲੇ ਇਥੇ ਸਿਲਾਈ ਮਸ਼ੀਨ ਦੀ ਸੂਈਆਂ ਤੱਕ ਜਰਮਨ ਤੋਂ ਆਉਂਦੀਆਂ ਸਨ । ਸਾਈਕਲ ਵੀ ਬਾਹਰੋਂ ਆਉਂਦਾ ਸੀ ਅਤੇ ਢਾਕੇ ਦੀ ਮਲਮਲ ਜਿਹੜੀ ਅੰਗੂਠੀ ਦੇ ਵਿਚੋਂ ਥਾਨ ਦਾ ਥਾਨ ਨਿਕਲ ਜਾਂਦਾ ਸੀ ਉਹ ਆਉਂਦੀ ਸੀ । ਉਸ ਵਕਤ ਸਾਰਾ ਕੰਮ ਕਾਜ ਅਤੇ ਇੰਡਸਟਰੀ ਬ੍ਰਿਟਿਸ਼ ਗੌਰਮਿੰਟ ਦੇ ਕਲ ਸੀ ਅਤੇ ਇਥੋਂ ਰਾਅ ਮੈਟਰੀਅਲ ਚਲਾ ਜਾਂਦਾ ਸੀ ਅਤੇ ਮਾਲ ਬਣ ਕੇ ਇਥੇ ਆਉਂਦਾ ਸੀ ਅੌਰ ਇਸ ਤਰ੍ਹਾਂ ਸਾਰੀ ਇੰਡਸਟਰੀ ਬ੍ਰਿਟਿਸ਼ ਗੌਰਮਿੰਟ ਨੇ ਆਪਣੇ ਹਥ ਵਿਚ ਰੱਖੀ ਹੋਈ ਸੀ । ਇਹ ਪੰਡਿਤ ਜਵਾਹਰ ਲਾਲ ਨਹਿਰੂ ਦੀ ਹਿੰਦੁਸਤਾਨ ਨੂੰ ਇਕ ਦੇਣ ਹੈ ਕਿ ਉਨ੍ਹਾਂ ਨੇ ਇਸ ਮੁਲਕ ਦੇ ਰਾਅ ਮੈਟਰੀਅਲ ਨੂੰ ਇਸਤੇਮਾਲ ਕੀਤਾ ਅਤੇ ਇਥੇ ਆਪਣੇ ਮੁਲਕ ਦੇ ਵਿਚ ਇੰਡਸਟਰੀ ਨੂੰ ਕਾਇਮ ਕੀਤਾ ਅੌਰ ਹੁਣ ਉਹ ਵਕਤ ਆ ਗਿਆ ਹੈ ਕਿ ਸਾਡੇ ਮੁਲਕ ਦੇ ਵਿਚ ਹਰ ਚੀਜ ਬਣਦੀ ਹੈ ਅਤੇ ਅਸੀਂ ਹੁਣ ਆਪਣਾ ਮਾਲ ਬਾਹਰਲੇ ਮੁਲਕਾਂ ਦੇ ਵਿਚ ਅੋਕਸਪੋਰਟ ਵੀ ਕਰਦੇ ਹਾਂ ਅੌਰ ਹਿੰਦੁਸਤਾਨ ਦੇ ਵਿਚ ਹਰ ਜ਼ਰੂਰੀ ਚੀਜ਼ ਨੂੰ ਬਣਾਇਆ ਜਾ ਰਿਹਾ ਹੈ । ਇਥੇ ਸੂਈ ਤੋਂ ਲੈ ਕੇ ਟਰੈਕਟਰਾਂ ਤੱਕ ਬਨਣ ਲਗ ਗਏ ਹਨ ।

ਸਪੀਕਰ ਸਾਹਿਬ, ਅਜ ਪੰਜਾਬ ਵਿਚ ਟਰੈਕਟਰ ਬਣਦੇ ਹਨ, ਹੌਜਰੀ ਦਾ ਸਾਰਾ ਸਾਮਾਨ ਬਣਦਾ ਹੈ । ਪੰਜਾਬ ਦੀ ਇੰਡਸਟਰੀ ਨੇ ਤਰੱਕੀ ਕੀਤੀ ਹੈ । ਕਿਸਾਨਾਂ ਲਈ ਇੰਮਪਲੀਮੈਂਟਸ ਦਾ ਇੰਤਜ਼ਾਮ ਕੀਤਾ ਗਿਆ ਹੈ । ਇੰਪਲੀਮੈਂਟਸ ਦੇ ਸਦਕਾ ਹੀ ਕਿਸਾਨ ਨੇ

Original with;
Punjab Vidhan Sabha
Digitized by;
Panjab Digital Library

ਐਗਰੀਕਲਚਰ ਵਿਚ ਤਰੱਕੀ ਕੀਤੀ ਹੈ । ਲੁਧਿਆਣਾ ਹੌਜਰੀ ਦੀਆਂ ਚੀਜ਼ਾਂ ਪੈਦਾ ਕਰਨ ਲਈ ਦੁਨੀਆਂ ਵਿਚ ਪਹਿਲੇ ਨੰਬਰ ਤੇ ਸਟੈਂਡ ਕਰਦਾ ਹੈ । ਸਪੀਕਰ ਸਾਹਿਬ, ਮੈਂ ਇਗਲੈਂਡ ਗਿਆ ਤਾਂ ਉਥੇ ਮੈਨੂੰ ਸਵੈਟਰ ਪਾਉਣ ਦੀ ਲੋੜ ਪਈ ਅਤੇ ਮੈਂ ਇੰਗਲੈਂਡ ਦੇ ਬਾਜ਼ਾਰ ਵਿਚੋਂ ਸਵੈਟਰ ਖਰੀਦਿਆ । ਉਸ ਸਵੈਟਰ ਉਤੇ ਹਿੰਦੁਸਤਾਨ ਦੀ ਮੋਹਰ ਸੀ । ਅਜ ਸਪੀਕਰ ਸਾਹਿਬ, ਇੰਗਲੈਂਡ ਅਤੇ ਰੱਸ਼ੀਆ ਦੇ ਬਜ਼ਾਰਾਂ ਵਿਚ ਲੁਧਿਆਣੇ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਮਿਲਦੀਆਂ ਹਨ । ਰੱਸ਼ੀਆ ਦਾ ਹਿੰਦੁਸਤਾਨ ਤੋਂ ਬਗੈਰ ਕੰਮ ਪੂਰਾ ਨਹੀਂ ਹੁੰਦਾ । ਢਾਈ ਸਾਲ ਵਿਚ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਸਰਕਾਰ ਨੇ ਸਪੀਕਰ ਸਾਹਿਬ, ਇੰਡਸਟਰੀ ਵਿਚ ਬੜੀ ਤਰੱਕੀ ਕੀਤੀ ਹੈ ।

*10.18 ਪੂ.ਦੁ.

*(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, 1979-80 ਵਿਚ 203 ਯੂਨਿਟਸ ਲਗਾਏ ਗਏ ਸਨ ਅਤੇ ਵਰਕਰਜ਼ 97,500 ਸਨ । 1980-81 ਵਿਚ ਜਦੋਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਪੰਜਾਬ ਦੀ ਵਾਗ ਡੋਰ ਸੰਭਾਲੀ ਤਾਂ ਇੰਡਸਟਰੀ ਦੇ 203 ਯੂਨਿਟਸ ਤੋਂ ਵਧਾ ਕੇ 244 ਯੂਨਿਟਸ ਲਗਾਏ ਗਏ ਅਤੇ ਵਰਕਰਜ਼ 1 ਲੱਖ ਤੋਂ ਵੱਧ ਹੋ ਗਿਆ । ਡਿਪਟੀ ਸਪੀਕਰ ਸਾਹਿਬ, 1981-82 ਵਿਚ 258 ਯੂਨਿਟਸ ਤਕ ਲੈ ਗਏ ! ਸਮਾਲ ਸਕੇਲ ਇੰਡਸਟਰੀਜ਼ ਦੇ ਜਿਹੜੇ ਯੂਨਿਟਸ 1979-80 ਵਿਚ ਰਜਿਸਟਰ ਹੋਏ, ਉਹ ਤਕਰੀਬਨ 54,000 ਦੇ ਕਰੀਬ ਸੀ ਪਰ 1980-81 ਵਿਚ 64,000 ਦੇ ਕਰੀਬ ਚਲਾ ਗਿਆ ਹੈ । 1931-82 ਵਿਚ 70,000 ਦੇ ਕਰੀਬ ਛੋਟੇ ਯੂਨਿਟਸ ਲਗਾਏ ਗਏ । ਤਕਰੀਬਨ 20,000 ਦੇ ਕਰੀਬ ਨਵੇਂ ਯੂਨਿਟਸ ਖੋਲਣ ਦਾ ਫੈਸਲਾ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਹਰ ਕਿਸਮ ਦੀਆਂ ਮਸ਼ੀਨਾਂ ਪੰਜਾਬ ਵਿਚ ਹਨ ਅਤੇ ਜੇਕਰ ਉਨ੍ਹਾਂ ਮਸ਼ੀਨਾਂ ਨੂੰ ਚਲਾਉਣ ਲਈ ਇਨਸਾਨ ਦਾ ਹੱਥ ਨਾ ਹੋਵੇ ਤਾਂ ਉਹ ਮਸ਼ੀਨਾਂ ਖੜ੍ਹੀਆਂ ਹੋ ਜਾਂਦੀਆਂ ਹਨ । ਉਨ੍ਹਾਂ ਮਸ਼ੀਨਾਂ ਦਾ ਬਟਨ ਔਨ ਕਰਨ ਲਈ ਕੋਈ ਚਾਹੀਦਾ ਹੈ । ਪੰਜਾਬ ਦੇ ਲੋਕਾਂ ਨੇ ਉਨ੍ਹਾਂ ਮਸ਼ੀਨਾਂ ਨੂੰ ਮਿਹਨਤ ਦੇ ਨਾਲ ਚਲਾਇਆ ਹੈ । ਪੰਜਾਬ ਦੇ ਮਜ਼ਦੂਰਾਂ ਨੇ ਮਿਹਨਤ ਕੀਤੀ ਹੈ । ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਦੀ ਸਰਕਾਰ ਨੇ ਗੋਇੰਦਵਾਲ ਵਿਖੇ 6,000 ਏਕੜ ਜ਼ਮੀਨ ਐਕੁਆਇਰ ਕਰਕੇ ਕੰਪਲੈਕਸ ਬਣਾਉਣ ਦਾ ਫੈਸਲਾ ਕੀਤਾ ਹੈ । (ਥੰਪਿੰਗ) 500 ਏਕੜ ਜ਼ਮੀਨ ਐਕੁਆਇਰ ਕਰਕੇ 100—125 ਇੰਡਸਟਰੀਅਲ ਪਲਾਟਸ ਅਲਾਟ ਕੀਤੇ ਹਨ । ਇਸ ਲਈ ਇਨਵੈਸਟਮੈਂਟ ਕਾਰਪੋਰੇਸ਼ਨ ਵੀ ਬਣਾਈ ਗਈ ਹੈ । ਡਿਪਟੀ ਸਪੀਕਰ ਸਾਹਿਬ, ਗੋਇੰਦਵਾਲ ਦੀ ਤਰੱਕੀ ਹੋਵੇਗੀ । ਮਹਾਰਾਜਾ ਰਣਜੀਤ ਸਿੰਘ ਜੀ ਦਾ ਆਖਰੀ ਕਿੱਲਾ ਫਿਲੌਰ ਵਿਖੇ ਹੈ । ਜਿਥੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਕਿਲ੍ਹਾ ਹੈ, ਉਥੇ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਰਣਜੀਤ ਗੜ੍ਹ ਵਸਾਉਣ ਦਾ ਫੈਸਲਾ ਕੀਤਾ ਹੈ । 1,000 ਏਕੜ ਜ਼ਮੀਨ ਐਕੁਆਇਰ ਕਰਕੇ ਇੰਡਸਟਰੀਅਲ ਯੂਨਿਟਸ ਲਗਾਏ ਜਾਣਗੇ । (ਥੰਪਿੰਗ) ਸਾਡੇ ਮੁੱਖ ਮੰਤਰੀ ਜੀ ਨੇ ਡਿਪਟੀ ਸਪੀਕਰ ਸਾਹਿਬ, ਬਾਹਰ ਵਿਦੇਸ਼ਾਂ ਵਿਚ ਰਹਿਣ ਵਾਲੇ ਪੰਜਾਬੀ ਲੋਕਾਂ ਨੂੰ ਪੰਜਾਬ ਵਿਚ ਆਕੇ ਇੰਡਸਟਰੀਜ਼ ਲਗਾਉਣ ਲਈ ਦਾਅਵਤ ਦਿਤੀ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਸਰਵਣ ਸਿੰਘ ਫਿਲੌਰ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਸ਼੍ਰੀ ਰਾਮ ਲਾਲ ਚਿੱਟੀ ਜੀ, ਪਹਿਲਾਂ ਸੁਣ ਲਓ । ਜੋ ਅਲਗ ਅਲਗ ਪਾਰਟੀਆਂ ਨੂੰ ਬੋਲਣ ਲਈ ਟਾਇਮ ਅਲਾਟ ਹੋਇਆ ਹੈ, ਉਹ ਇਹ ਹੈ ਕਿ :—

ਕਾਂਗਰਸ (ਆਈ)	ਇਕ ਘੰਟਾ
ਸ਼੍ਰੋਮਣੀ ਅਕਾਲੀ ਦਲ (ਐਲ)	30 ਮਿੰਟ
ਸੀ. ਪੀ. ਆਈ.	8 ਮਿੰਟ
ਸੀ. ਪੀ. ਆਈ. (ਐਮ)	4 ਮਿੰਟ
ਸ਼੍ਰੋਮਣੀ ਅਕਾਲੀ ਦਲ (ਟੀ)	4 ਮਿੰਟ
ਬਾਕੀ ਸਾਰੇ	1—1 ਮਿੰਟ

ਸ਼੍ਰੀ ਰਾਮ ਲਾਲ ਚਿੱਟੀ: ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਬਾਹਰ ਵਿਦੇਸ਼ਾਂ ਵਿਚ ਰਹਿਣ ਵਾਲੇ ਪੰਜਾਬੀਆਂ ਨੂੰ ਪੰਜਾਬ ਵਿਚ ਦਾਅਵਤ ਦਿਤੀ ਹੈ ਕਿ ਗੋਇੰਦਵਾਲ ਅਤੇ ਰਣਜੀਤਗੜ੍ਹ ਵਿਚ ਆਕੇ ਇੰਡਸਤਰੀ ਲਗਾਓ । ਮੇਰੇ ਦੋਸਤ ਨੇ ਕਿਹਾ ਹੈ ਕਿ ਜ਼ਮੀਨ ਐਕੁਆਇਰ ਨਹੀਂ ਕੀਤੀ ਗਈ ਪਰ ਮੈਂ ਡਿਪਟੀ ਸਪੀਕਰ ਸਾਹਿਬ, ਕਿਹਾ ਹੈ ਕਿ ਮੁੱਖ ਮੰਤਰੀ ਜੀ ਨੇ ਫੈਸਲਾ ਕਰ ਦਿਤਾ ਹੈ ਕਿ ਉਥੇ ਇੰਡਸਟਰੀ ਲਗਾਈ ਜਾਵੇਗੀ । ਇਸ ਨਾਲ ਫਾਰੇਨ ਅਕਸਚੈਂਜ ਸਾਡੇ ਮੁਲਕ ਵਿਚ ਆਵੇਗਾ । ਇਸ ਦਾ ਫਾਇਦਾ ਸਾਨੂੰ ਹੋਵੇਗਾ । ਇਸ ਨਾਲ ਲੋਕਾਂ ਨੂੰ ਰੁਜ਼ਗਾਰ ਦੇ ਹੋਰ ਸਾਧਨ ਮਿਲਣਗੇ । ਇਸ ਨਾਲ ਪੰਜਾਬ ਦੀ ਇੰਡਸਟਰੀ ਹੋਰ ਅਗੇ ਵਧੇਗੀ । ਡਿਪਟੀ ਸਪੀਕਰ ਸਾਹਿਬ, 55 ਵੱਡੇ ਯੂਨਿਟਸ ਦੋ ਸਾਲਾਂ ਵਿਚ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਲਿਆਂਦੇ ਹਨ। 19,500 ਛੋਟੇ ਯੂਨਿਟਸ ਲਗੇ ਹਨ ਅਤੇ 9,000 ਦਿਹਾਤੀ ਯੂਨਿਟਸ ਲਿਆਂਦੇ ਹਨ। ਡਿਪਟੀ ਸਪੀਕਰ ਸਾਹਿਬ, ਵੀਕਰ ਸੈਕਸ਼ਨ ਨੂੰ 36-37 ਕਰੋੜ ਰੁਪਿਆ ਪਿਛਲੇ ਸਾਲ ਦਿਤਾ ਹੈ ਅਤੇ ਇਸੇ ਤਰ੍ਹਾਂ ਹੀ ਇਸ ਸਾਲ ਵਿਚ ਰੁਪਿਆ ਵੀਕਰ ਸੈਕਸ਼ਨ ਨੂੰ ਦੇਣਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਦੋ ਚੀਜ਼ਾਂ ਦੀ ਬਹੁਤ ਜ਼ਰੂਰਤ ਹੈ ਕਿ ਇੰਡਸਟਰੀ ਦੇ ਨਾਲ ਨਾਲ ਐਗਰੀਕਲਚਰ ਵਿਚ ਵੀ ਪੰਜਾਬ ਬਰਾਬਰ ਅਗੇ ਵਧੇ । ਦੋਨੋਂ ਚੀਜ਼ਾਂ ਇਕਠੀਆਂ ਅਗੇ ਵਧਣ ਤਾਂ ਪੰਜਾਬ ਨੂੰ ਜ਼ਿਆਦਾ ਫਾਇਦਾ ਹੋ ਸਕਦਾ ਹੈ ।

ਮਾਸਟਰ ਬਾਬੂ ਸਿੰਘ: ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਮ ਲਾਲ ਚਿੱਟੀ: ਡਿਪਟੀ ਸਪੀਕਰ ਸਾਹਿਬ, ਮੈਂ ਕਾਮਰੇਡ ਕੁਲਵੰਤ ਸਿੰਘ ਹੋਰਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜਦੋਂ 1979 ਵਿਚ ਪੰਜਾਬ ਦੇ ਕਿਸਾਨਾਂ ਦਾ ਆਲੂ ਸੜਿਆ ਸੀ ਤਾਂ ਉਸ ਵੇਲੇ ਖੇਤਾਂ ਵਿਚ ਰਖਵਾਲੀ ਕਰਨ ਲਈ ਬੰਦੇ ਬੈਠਦੇ ਸਨ ਕਿ ਕਿਤੇ ਆਲੂ ਸਾਡੇ ਖੇਤ ਵਿਚ ਕੋਈ ਸੁਟ ਨਾ ਜਾਵੇ । ਕਾਮਰੇਡ ਕੁਲਵੰਤ ਸਿੰਘ ਜੀ ਹੋਰਾਂ ਨੇ ਉਸ ਵੇਲੇ ਆਪਣੇ ਨਾਲ ਕਿਸਾਨ ਨੂੰ ਲੈਕੇ ਅੈਜੀਟੇਸ਼ਨ ਕੀਤੀ ਸੀ ਕਿ ਗੌਰਮਿੰਟ ਕਿਸਾਨਾਂ ਦਾ ਆਲੂ ਖਰੀਦੇ ਅਤੇ ਇਸ ਕੰਮ ਲਈ ਤੁਸੀਂ ਜੇਲ੍ਹਾਂ ਵਿਚ ਵੀ ਗਏ ਸੋ । ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਸਰਕਾਰ ਨੇ ਆਲੂ ਸੜ੍ਹਨ ਦਾ ਮੌਕਾ ਨਹੀਂ ਦਿਤਾ । ਆਲੂਆਂ ਦਾ ਕਿਸੇ ਦਾ ਨੁਕਸਾਨ ਨਹੀਂ ਹੋਣ ਦਿਤਾ । ਡਿਪਟੀ ਸਪੀਕਰ ਸਾਹਿਬ, ਯੂ.ਪੀ, ਵਿਚ ਗੰਨੇ ਨੂੰ ਅੱਗ ਲਗਾਈ ਗਈ ਸੀ ਪਰ ਸਾਡੇ ਮੁੱਖ ਮੰਤਰੀ ਜੀ ਨੇ 24/- ਰੁਪਏ ਤੋਂ 28/- ਰੁਪਏ ਗੰਨੇ ਦਾ ਰੇਟ ਮੁਕੱਰਰ ਕਰਵਾਇਆ । ਜਦੋਂ ਗੰਨੇ ਦੇ ਰੇਟ ਫਿਕਸ ਹੋ ਗਏ ਤਾਂ ਇਨ੍ਹਾਂ ਨੇ ਧਰਨੇ ਮਾਰਨੇ ਸ਼ੁਰੂ ਕਰ ਦਿੱਤੇ ਕਿ ਮਿਲਾਂ ਚਲਣ ਨਹੀਂ ਦੇਣੀਆਂ । ਇਹ ਇਸ ਕਰਕੇ ਨਹੀਂ ਚਲਣ ਦੇਣੀਆਂ ਕਿਉਂਕਿ ਕਿਸਾਨਾਂ ਦੇ ਗੰਨੇ ਦਾ ਭਾਅ ਜ਼ਿਆਦਾ ਫਿਕਸ ਕੀਤਾ ਗਿਆ ਹੈ । ਭਲਾ ਪੁਛੋ ਇਨ੍ਹਾਂ ਨੂੰ ਕਿ 13/-, 14/- ਰੁਪਏ ਜ਼ਿਆਦਾ ਹੁੰਦੇ ਹਨ ਕਿ 27/-, 28/- ਰੁਪਏ ਜ਼ਿਆਦਾ ਹੁੰਦੇ ਹਨ । ਇਨ੍ਹਾਂ ਦੀ ਸਰਕਾਰ ਵੇਲੇ ਜਿੰਨਾ ਨੁਕਸਾਨ ਪੰਜਾਬ ਦੇ ਕਿਸਾਨਾਂ ਨੂੰ ਹੋਇਆ ਉਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਸੀ । ਪਰ ਜਦੋਂ ਦੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਹੈ ਇਸ ਨੇ ਇਸ ਚੀਜ਼ ਨੂੰ ਮਹਿਸੂਸ ਕੀਤਾ ਅੋਰ ਇਸ ਨੇ ਜਿਥੇ ਪੰਜਾਬ ਦੇ ਕਿਸਾਨ ਦੀ ਸੇਵਾ ਕੀਤੀ ਉਥੇ ਪੰਜਾਬ ਦੀ ਇੰਡਸਟਰੀ ਦੀ ਵੀ ਸੇਵਾ ਕੀਤੀ ਇੱਕ ਮੇਰੀ ਬੇਨਤੀ ਹੈ ਕਿ ਡਾਕਟਰ ਸਾਹਿਬ ਧਿਆਨ ਨਾਲ ਸੁਨਣ । ਇਹ ਮੀਟਿੰਗ ਫਿਰ ਕਰ ਲੈਣ (ਵਿਘਨ)

ਕਾਮਰੇਡ ਕੁਲਵੰਤ ਸਿੰਘ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਕੁਲਵੰਤ ਸਿੰਘ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ਼੍ਰੀ ਰਾਮ ਲਾਲ ਚਿੱਟੀ: ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਲਈ ਰਾਅ ਮੈਟੀਰੀਅਲ ਬਾਹਰੋਂ ਆਉਂਦਾ ਹੈ । ਦੇਗ, ਕੋਲਾ ਆਦਿ ਬਾਹਰੋਂ ਆਉਂਦਾ ਹੈ । ਪਿਛਲੇ ਸਾਲ ਇੰਡਸਟਰੀ ਲਈ ਰਾਅ ਮੈਟੀਰੀਅਲ ਬਹੁਤ ਤਾਦਾਦ ਵਿਚ ਮੰਗਵਾਕੇ ਦਿੱਤਾ ਹੈ । ਕੁਝ ਦਿਨਾਂ ਲਈ ਤੰਗੀ ਆਈ ਸੀ ਪਰ ਦੇਗ ਬਾਹਰਲੇ ਦੇਸ਼ਾਂ ਤੋਂ ਸਰਕਾਰ ਨੇ ਮੰਗਵਾਕੇ ਦਿੱਤਾ ਹੈ । ਜਿਸ ਵੇਲੇ ਹਿੰਦੁਸਤਾਨ ਦਾ ਅਨਾਜ ਭੰਡਾਰ ਪੰਜਾਬ ਖਰੀਦ ਕੇ ਭੇਜਦੀ ਹੈ (ਵਿਘਨ)

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅਪ ਕਰੋ ਜੀ ਹੋਰ ਵੀ ਕਈਆਂ ਨੇ ਬੋਲਣਾ ਹੈ । ਹੁਣ ਤੁਸੀਂ ਖਤਮ ਕਰੋ (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਮ ਲਾਲ ਚਿੱਟੀ: ਮੇਰੀ ਇੱਕੋ ਬੇਨਤੀ ਹੈ ਕਿ ਜਿਸ ਤਰ੍ਹਾਂ ਕਣਕ ਅਦਿ ਚੀਜ਼ਾਂ ਪੰਜਾਬ ਸਰਕਾਰ ਖਰੀਦ ਕੇ ਹਿੰਦੁਸਤਾਨ ਦੇ ਹੋਰ ਸੂਬਿਆਂ ਨੂੰ ਭੇਜਦੀ ਹੈ ਤਾਂ ਉਸ ਵੇਲੇ ਪੰਜਾਬ ਸਰਕਾਰ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਵੇ ਕਿ ਉਸੇ ਤਰ੍ਹਾਂ ਉਥੋਂ ਰਾਅ ਮੈਟੀਰੀਅਲ ਕੋਲਾ, ਦੇਗ ਆਦਿ ਪੰਜਾਬ ਵਿਚ ਲਿਆਂਦਾ ਜਾਏ ਤਾਂਕਿ ਪੰਜਾਬ ਦੀ ਇੰਡਸਟਰੀ ਨੂੰ ਬੜ੍ਹਾਵਾ ਮਿਲ ਸਕੇ। ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ। ਉਹ ਇਹ ਹੈ ਕਿ ਰਾਅ ਮੈਟੀਰੀਅਲ ਦੀ ਅਲਾਟਮੈਂਟ ਦਾ ਜੋ ਸਿਸਟਮ ਇਸ ਵੇਲੇ ਹੈ ਇਸ ਨੂੰ ਠੀਕ ਕਰਨ ਦੀ ਲੋੜ ਹੈ। ਬੜੇ ਬੜੇ ਧਨਾਢ ਆਦਮੀ ਕੀ ਕਰਦੇ ਹਨ? ਇਹ ਛੋਟੀ ਇੰਡਸਟਰੀ ਵਾਲਿਆਂ ਤੋਂ ਮਾਲ ਖਰੀਦ ਕੇ ਆਪਣੀ ਛਾਪ ਲਗਾਕੇ ਅੱਗੇ ਵੇਚ ਦਿੰਦੇ ਹਨ। ਇਨ੍ਹਾਂ ਦੀ ਸੇਲ ਵਧ ਜਾਂਦੀ ਹੈ ਜਦ ਕਿ ਮਾਲ ਬਣਾਉਣ ਵਾਲਾ ਕੋਈ ਹੋਰ ਹੁੰਦਾ ਹੈ। ਮੇਰੀ ਇਸ ਲਈ ਸੁਜੈਸ਼ਨ ਹੈ ਕਿ ਸੇਲ ਤੇ ਕੋਟਾ ਨਾ ਫਿਕਸ ਕੀਤਾ ਜਾਏ। ਬਲਕਿ ਕੋਟਾ ਇਸ ਗਲ ਨੂੰ ਮੁੱਖ ਰਖਕੇ ਫਿਕਸ ਕੀਤਾ ਜਾਏ ਕਿ ਉਸ ਨੇ 6 ਮਹੀਨਿਆਂ ਵਿਚ ਮਜ਼ਦੂਰਾਂ ਨੂੰ ਕਿੰਨੀ ਤਨਖਾਹ ਦਿੱਤੀ ਹੈ, ਬਿਜਲੀ ਦਾ ਬਿਲ ਕਿੰਨਾ ਪੈ ਉਸ ਨੇ ਕੀਤਾ ਹੈ। ਇਸ ਹਿਸਾਬ ਨਾਲ ਕਟਾ ਫਿਕਸ ਕੀਤਾ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਤੁਹਾਡੀ ਬੜੀ ਮਿਹਰਬਾਨੀ ਹੈ, ਤੁਸੀਂ ਮੈਨੂੰ ਬੈਠਣ ਨੂੰ ਕਿਹਾ ਹੈ ਮੈਂ ਬੈਠ ਜਾਂਦਾ ਹਾਂ। ਪਰ ਐਨਾ ਜ਼ਰੂਰ ਕਹਾਂਗਾ ਕਿ 2 ਸ਼ੂਗਰ ਮਿਲਾਂ, ਇੱਕ ਜ਼ੀਰਾ ਅੰਦਰ ਦੂਜੀ ਗੁਰਦਾਸਪੁਰ ਵਿਚ, ਲਿਆਂਦੀਆਂ ਗਈਆਂ ਹਨ। ਛੇ, ਸੱਤ ਸ਼ੂਗਰ ਮਿਲਾਂ ਕੋਆਪ੍ਰੇਟਿਵ ਸੈਕਟਰ ਵਿਚ ਲਿਆਂਦੀਆਂ ਹਨ। ਸਭ ਤੋਂ ਵੱਡੀ ਗਲ ਇਹ ਕੀਤੀ ਗਈ ਹੈ ਕਿ ਨੰਗਲ ਵਿਚ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਭਾਖੜ ਗਏ ਸੀ ਤਾਂ. ਉਨ੍ਹਾਂ ਨੇ ਉਦੋਂ ਕਿਹਾ ਸੀ ਕਿ ਇਹ ਹਿੰਦਸਤਾਨ ਦਾ ਤੀਰਥ ਮੁਕਾਮ ਹੈ। ਹੁਣ ਨੰਗਲ ਵਿਖੇ ਇਨ੍ਹਾਂ ਨੇ ਸੋਡਾ ਕਾਸਟਿਕ ਅੰਦਰ ਸੋਡਾ ਐਸ਼ ਦੇ 50 ਕਰੋੜ ਦੇ ਪਲਾਂਟ ਲਗਾਕੇ ਬਹੁਤ ਚੰਗਾ ਕੰਮ ਕੀਤਾ ਗਿਆ ਹੈ।

ਸਰਦਾਰ ਹਰਦੀਪਿੰਦਰ ਸਿੰਘ (ਲਾਂਬੀ) : ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ। ਇਨ੍ਹਾਂ ਦੀ ਪਲਾਨ ਤੋਂ ਪਤਾ ਲਗਦਾ ਕਿ ਇਨ੍ਹਾਂ ਨੇ ਇੰਡਸਟਰੀਜ਼ ਲਈ ਕਿੰਨੀ ਮਹੱਤਤਾ ਦਿੱਤੀ ਹੈ। ਇੱਕ ਕਹਾਵਤ ਹੈ ਕਿ "ਜਿੰਨਾ ਗੁੜ ਪਾਉਣਾ ਹੈ ਉਨ੍ਹਾਂ ਹੀ ਮਿੱਠਾ ਹੋਣਾ ਹੈ"। ਇਨ੍ਹਾਂ ਨੇ ਸਭ ਤੋਂ ਘਟ ਪੈਸਾ ਇੰਡਸਟਰੀਜ਼ ਲਈ ਰਖਿਆ ਹੈ। ਮੇਰੇ ਸੁਝਾਓ ਦੇਣ ਦਾ ਮਤਲਬ ਹੈ ਕਿ ਪੰਜਾਬ ਨੂੰ ਹੈਵੀ ਇੰਡਸਟਰੀ ਅੰਦਰ ਅਲਾਈਡ ਇੰਡਸਟਰੀ ਨਹੀਂ ਮਿਲੀ ਹੈ। 34-35 ਸਾਲ ਹੋ ਗਏ ਹਨ ਇਨ੍ਹਾਂ ਨੂੰ ਧੱਕੇ ਖਾਂਦਿਆਂ ਨੂੰ ਹਾਲੇ ਤਕ ਇਹ ਕੋਈ ਵੀ ਹੈਵੀ ਇੰਡਸਟਰੀ ਜਾਂ ਅਲਾਈਡ ਇੰਡਸਟਰੀ ਪੰਜਾਬ ਵਿਚ ਨਹੀਂ ਲਿਆ ਸਕੇ ਹਨ। ਪੰਜਾਬ ਖੇਤੀ ਪ੍ਰਧਾਨ ਦੇਸ਼ ਹੈ। ਆਪਣਾ ਰਾਅ ਮੈਟੀਰੀਅਲ ਯੂਟੇਲਾਈਜ਼ ਕਰਨ ਵਾਸਤੇ ਇਥੇ ਇੰਡਸਟਰੀ ਲਗਾਉਣੀ ਚਾਹੀਦੀ ਹੈ, ਇਥੇ ਐਗਰੋ-ਬੇਸਡ ਇੰਡਸਟਰੀ ਲਗਾਉਣੀ ਚਾਹੀਦੀ ਹੈ। ਇਸ ਇੰਡਸਟਰੀ ਵਿਚ ਪੰਜਾਬ ਦਾ ਗੰਨਾ, ਇਥੇ ਦੀ ਕਣਕ, ਆਲੂ, ਕਾਟਨ ਆਦਿ ਨੂੰ ਯੂਟੇਲਾਈਜ਼ ਕਰਨਾ ਚਾਹੀਦਾ ਹੈ। ਇਸ ਲਈ ਗੌਰਮਿੰਟ ਨੂੰ ਚਾਹੀਦਾ ਹੈ ਕਿ ਵਧ ਤੋਂ ਵਧ ਇਸ ਬਾਰੇ ਇੰਤਜ਼ਾਮ ਕਰੇ। ਪਰ ਇਨ੍ਹਾਂ ਨੇ ਇਸ ਸਿਲਸਿਲੇ ਵਿਚ ਕੀਤਾ ਕੀ ਹੈ ? ਇਸ ਲਈ ਮੈਂ ਦਸਦਾ ਹਾਂ ਕਿ ਇਕ ਐਗਰੋ-ਇੰਡਸਟਰੀਜ਼ ਸੈਲ ਸੀ ਗੌਰਮਿੰਟ ਦਾ ਇਸ ਲਈ ਪਿਛਲੇ ਤੋਂ ਪਿਛਲੇ ਸਾਲ ਕੁਝ ਪੈਸਾ ਲਗਾਇਆ ਗਿਆ ਸੀ ਪਰ ਉਸ ਤੋਂ ਬਾਅਦ ਇਸ ਤੇ ਨਿਲ ਦੇ ਬਰਾਬਰ ਪੈਸਾ ਲਗਾਇਆ ਗਿਆ ਹੈ। ਮਤਲਬ

Original with;
Punjab Vidhan Sabha
Digitized by;
Panjab Digital Library

ਕੋਈ ਪੈਸਾ ਨਹੀਂ ਲਗਾਇਆ ਗਿਆ ਹੈ । ਇਹ ਚੀਜ਼ ਇਨ੍ਹਾਂ ਦੇ ਕਾਗਜ਼ ਦਸਦੇ ਹਨ ਕਿ ਐਗਰੋ-ਬੇਸਡ ਸੈਲ ਤੇ ਇਨ੍ਹਾਂ ਨੇ ਕੋਈ ਪੈਸਾ ਨਹੀਂ ਲਗਾਇਆ ਹੈ । ਇਹ ਕਹਿੰਦੇ ਹਨ ਕਿ ਬਹੁਤ ਇੰਡਸਟਰੀ ਲਗਾਈ ਗਈ ਹੈ ਅੱਰ ਬਹੁਤ ਪੈਸਾ ਇਸ ਤੇ ਲਗਾ ਰਹੇ ਹਾਂ । ਇਹ ਜਿਹੜਾ ਪੈਸਾ ਇਨ੍ਹਾਂ ਨੇ ਇੰਡਸਟਰੀ ਲਈ ਰਖਿਆ ਹੈ ਇਹ ਤਾਂ ਜਗ੍ਹਾ ਖਰੀਦਣ ਤੇ ਹੀ ਲਗ ਜਾਣਾ ਹੈ ਕਿਉਂਕਿ ਤੁਹਾਨੂੰ ਪਤਾ ਹੈ ਕਿ ਅੱਜ ਕਲ ਜ਼ਮੀਨ ਦਾ ਮੁੱਲ ਕਿੰਨਾ ਜ਼ਿਆਦਾ ਹੈ । ਇਸ ਲਈ ਜੋ ਇਹ ਕਹਿੰਦੇ ਹਨ ਕਿ ਇੰਡਸਟਰੀ ਲਈ ਪੈਸਾ ਰਖਿਆ ਗਿਆ ਹੈ, ਉਹ ਤਾਂ ਨਿਲ ਤੋਂ ਵੀ ਥੱਲੇ ਹੈ । ਜੋ ਇਨ੍ਹਾਂ ਦਾ ਆਊਟਲੇ ਹੈ ਉਸ ਵਿਚ ਕੋਈ ਦਮ ਨਹੀਂ ਹੈ । ਇਸ ਵੇਲੇ ਪੰਜਾਬ ਵਿਚ ਐਗਰੋ-ਬੇਸਡ ਇੰਡਸਟਰੀ ਲਗਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ ਐਗਰੀਕਲਚਰ ਸੈਚੂਰੇਸ਼ਨ ਪੁਆਇੰਟ ਤੇ ਆ ਗਈ ਹੈ । ਡੇਅਰੀ ਅੱਰ ਪੌਲਟਰੀ ਵੀ ਸਿਰੇ ਤਕ ਪਹੁੰਚ ਗਈਆਂ ਹਨ । ਜਿੰਨੀ ਦੇਰ ਤਕ ਪੰਜਾਬ ਵਿਚ ਐਗਰੋ-ਬੇਸਡ ਇੰਡਸਟਰੀਜ਼ ਨਹੀਂ ਲਗਾਈ ਜਾਂਦੀ ਉਨੀ ਦੇਰ ਤਕ ਪੰਜਾਬ ਦਾ ਭਲਾ ਨਹੀਂ ਹੋ ਸਕਦਾ । ਇਸ ਲਈ ਸਭ ਤੋਂ ਪਹਿਲਾਂ ਸਰਕਾਰ ਨੂੰ ਐਗਰੋਬੇਸਡ ਇੰਡਸਟਰੀਜ਼ ਵਲ ਧਿਆਣ ਦੇਣਾ ਚਾਹੀਦਾ । ਇਸ ਨਾਲ ਜੋ ਇਸ ਵੇਲੇ ਲੋਕ ਪਿੰਡਾਂ ਤੋਂ ਸ਼ਹਿਰਾਂ ਵਿਚ ਆ ਰਹੇ ਹਨ, ਇਹ ਬੰਦ ਹੋ ਜਾਣਗੇ । ਸ਼ਹਿਰਾਂ ਦੀ ਪੁਜ਼ੀਸ਼ਨ ਅਜਿਹੀ ਹੋ ਗਈ ਹੈ ਕਿ ਸਰਕਾਰ ਇਸ ਨੂੰ ਸੰਭਾਲ ਹੀ ਨਹੀਂ ਸਕਦੀ ਹੈ । ਇਸ ਲਈ ਜੇਕਰ ਪਿੰਡਾਂ ਦੇ ਪੜੇ ਲਿਖੇ ਯੂਥ ਲਈ ਪਿੰਡਾਂ ਵਿਚ ਹੀ ਐਗਰੋ-ਬੇਸਡ ਇੰਡਸਟਰੀ ਲਗਾ ਦਿੱਤੀ ਜਾਏ ਤਾਂ ਇੱਕ ਤਾਂ ਉਹਨਾਂ ਨੂੰ ਕੰਮ ਮਿਲ ਜਾਏਗਾ ਅੱਰ ਦੂਸਰੇ ਉਨ੍ਹਾਂ ਦਾ ਵੇਹਲਾ ਸਮਾਂ ਵੀ ਉਥੇ ਯੂਟ ਯਾਈਜ਼ ਹੋ ਜਾਇਆ ਕਰੇਗਾ । ਵਿੰਡ ਪਾਵਰ ਲਗਾਉਣ ਵੱਲ ਗੌਰਮਿੰਟ ਨੇ ਬਿਲਕੁਲ ਪੈਸਾ ਨਹੀਂ ਲਗਾਇਆ । ਵਿੰਡ ਪਾਵਰ ਨੂੰ ਇੰਪਰੂਵ ਕਰਨ ਦੀ ਪੋਟੈਂਸ਼ਿਅਲ ਪੰਜਾਬ ਵਿਚ ਹੈ, ਇਸ ਲਈ ਇਸ ਵਲ ਧਿਆਨ ਦੇਣਾ ਚਾਹੀਦਾ ਹੈ । ਫਿਰ ਗੋਬਰ ਗੈਸ ਪਲਾਂਟ ਹੈ । ਇਸ ਉਤੇ ਸੈਂਟਰਲ ਗੌਰਮਿੰਟ ਬੜਾ ਜ਼ੋਰ ਦੇ ਰਹੀ ਹੈ । ਅਸੀਂ ਗੋਬਰ ਗੈਸ ਪਲਾਂਟ ਨੂੰ ਵੀ ਯੂਜ਼ ਕਰ ਸਕਦੇ ਹਾਂ ਐਜ਼ ਏ ਸੋਰਸ ਆਫ ਪਾਵਰ, ਐਗਰੋ ਬੇਸਡ ਇੰਡਸਟਰੀ ਨੂੰ ਅੱਗੇ ਲੈ ਜਾਣ ਵਾਸਤੇ ਪਰ ਸਾਨੂੰ ਆਪਣੇ ਪੁਰਾਣੇ ਖਿਆਲਾਤ ਬਦਲਣੇ ਪੈਣਗੇ । ਨਵੇਂ ਖਿਆਲਾਤ ਪੈਦਾ ਕਰਨੇ ਪੈਣਗੇ । ਜੇ ਇਸ ਬਾਟ ਨਾਲ ਅਸੀਂ ਚਲਾਂਗੇ ਤਾਂ ਗਲ ਬਣਨੀ ਹੈ । ਬਜਟਿੰਗ ਬਾਰੇ ਇਹ ਬੜਾ ਕਹਿੰਦੇ ਹਨ ਕਿ ਕਰ ਦਿਤੀ ਹੈ । ਇਹ 4% ਹੈ । ਇੰਡਸਟਰੀ ਉਤੇ ਆਊਟਲੇ $3\frac{1}{2}$% ਹੈ । ਸ਼ੂਗਰ ਮਿੱਲਾਂ ਬਾਰੇ ਇਹ ਕਹਿੰਦੇ ਹਨ ਕਿ 6 ਮਨਜ਼ੂਰ ਹੋਈਆਂ ਹਨ । ਪਰ ਇਨ੍ਹਾਂ ਵਿਚੋਂ ਲਗੀਆਂ 2 ਹਨ । ਪੈਸੇ ਸੈਂਕਸ਼ਨ ਨਹੀਂ ਹੁੰਦੇ । ਪੈਸਿਆਂ ਦਾ ਇੰਤਜਾਮ ਨਹੀਂ ਹੁੰਦਾ ਤਾਂ ਫਿਰ ਸ਼ੂਗਰ ਮਿੱਲਾਂ ਕਿਸ ਤਰ੍ਹਾਂ ਲਗਾਉਗੇ । ਫਿਰ ਸੈਂਟਰ ਨੂੰ ਬਲੇਮ ਕਰੋਗੇ ਕਿ ਸੈਂਕਸ਼ਨ ਨਹੀਂ ਦਿੰਦੇ । ਜਿਹੜੀਆਂ ਸੈਂਕਸ਼ਨ ਹੋਈਆਂ ਹਨ ਉਹ ਵੀ ਨਹੀਂ ਲਗੀਆਂ । ਕਣਕ ਐਕਸਪੋਰਟ ਕਰਦੇ ਹਾਂ ਪਰ ਗੱਡੀਆਂ ਨਹੀਂ ਮਿਲਦੀਆਂ, ਥੈਲੇ ਨਹੀਂ ਮਿਲਦੇ । ਬੰਬਈ ਸਾਡੀ ਕਣਕ ਜਾਂਦੀ ਹੈ ਪਰ ਉਥੋਂ ਇਸ ਨੂੰ ਗਰਾਇੰਡ ਕਰਕੇ ਮੈਦਾ ਬਣਕੇ ਇਥੇ ਆਕੇ ਵਿਕਦਾ ਹੈ । ਪੰਜਾਬ ਵਿਚ ਕਣਕ ਦੀ ਪੈਦਾਵਾਰ ਕਿੰਨੀ ਹੁੰਦੀ ਹੈ ਇਸ ਲਈ ਇਸ ਨੂੰ ਇਥੇ ਗਰਾਈਂਡ ਕਰੋ । ਅਸਲੀ ਫਾਇਦਾ ਮੈਦੇ ਵਿਚ ਹੈ । ਕਿਸੇ ਨੂੰ ਫਲੋਰ ਮਿੱਲ ਦਾ ਲਾਇਸੈਂਸ ਮਿਲ ਜਾਵੇ ਤਾਂ ਉਹ ਇਕ ਸਾਲ ਵਿਚ ਪੈਸੇ ਪੂਰੇ ਕਰ ਲੈਂਦਾ ਹੈ । ਲੱਖਾਂ ਕਰੋੜਾਂ ਰੁਪਏ ਲਾ ਕੇ ਉਹ ਇਕ ਸਾਲ ਵਿਚ ਪੈਸੇ ਪੂਰੇ ਕਰ ਲੈਂਦਾ ਹੈ । ਤੁਸੀਂ ਪੰਜਾਬ ਵਿਚ ਆਪਣੇ ਆਦਮੀਆਂ ਨੂੰ ਇਸ ਦੇ ਲਾਇਸੰਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦੀਪਿੰਦਰ ਸਿਘ]

ਕਿਉਂ ਨਹੀਂ ਦਿੰਦੇ ? ਦੋ ਮਹੀਨੇ ਪਹਿਲਾਂ ਫਲੋਰ ਮਿਲ ਦਾ ਲਾਈਸੈਂਸ ਸਟੇਟ ਸਬਜੈਕਟ ਸੀ ਉਦੋਂ ਪੰਜਾਬ ਸਰਕਾਰ ਨੇ ਕੁਝ ਨਹੀਂ ਕੀਤਾ । ਅੱਜ ਜੇ ਫਲੋਰ ਮਿਲ ਲਾਉਣੀ ਹੋਵੇ ਤਾਂ ਸੈਂਟਰ ਤੋਂ ਮਨਜ਼ੂਰੀ ਲੈਣੀ ਪਵੇਗੀ ਕਿਉਂਕਿ ਸੈਂਟਰ ਨੇ ਪਾਵਰ ਵਾਪਿਸ ਲੈ ਲਈ ਹੈ ।

ਫਿਰ ਆਇਲ ਸੀਡ, ਪਲਸਿਜ਼ ਅਸੀਂ ਬਾਹਰ ਭੇਜਦੇ ਹਾਂ । ਇਥੋਂ ਅਸੀਂ ਉਨ੍ਹਾਂ ਦੀ ਯੂਟੇਲਾਈਜ਼ੇਸ਼ਨ ਨਹੀਂ ਕਰ ਸਕਦੇ । ਖੰਡ ਨੂੰ ਵੀ ਕਿਸੇ ਨੇ ਨਹੀਂ ਪੁਛਣਾ ਅਗਲੇ 2 ਮਹੀਨਿਆਂ ਵਿਚ ਖੰਡ ਨੂੰ ਪਰੋਸੈਸ ਕਰਕੇ ਸਾਨੂੰ ਉਸ ਦੀਆਂ ਸਵੀਟਸ ਬਣਾਉਣੀਆਂ ਚਾਹੀਦੀਆਂ ਹਨ । ਦੁੱਧ ਦੀ ਚਾਕਲੇਟ ਬਣਾਉਣੀ ਚਾਹੀਦੀ ਹੈ । ਚਾਕਲੇਟ ਬੰਬਈ ਤੋਂ ਆ ਕੇ ਇਥੇ ਵਿਕਦੀ ਹੈ । ਦੁੱਧ ਇਥੋਂ ਜਾਂਦਾ ਹੈ ਖੰਡ ਸਾਡੀ ਹੁੰਦੀ ਹੈ ਪਰ ਚਾਕਲੇਟ ਬੰਬਈ ਤੋਂ ਬਣਕੇ ਇਥੇ ਆਕੇ ਵਿਕਦੀ ਹੈ ।

ਸੈਂਟਰ ਨੇ ਡਿਸਟ੍ਰਿਕਟਵਾਈਜ਼ ਐਗਰੋ-ਬੇਸਡ ਇੰਡਸਟਰੀ ਲਈ ਇੰਸਟਰੱਕਸ਼ਨਜ਼ 1979 ਦੀਆਂ ਭੇਜੀਆਂ ਹੋਈਆਂ ਹਨ । (ਘੰਟੀ) ਈਅਰ ਮਾਰਕ ਕਰਕੇ ਪੈਸੇ ਵੀ ਭੇਜੇ ਹਨ ਪਰ ਉਹ ਡਿਸਟ੍ਰਿਕਟਵਾਈਜ਼ ਯੂਟੇਲਾਈਜ਼ ਨਹੀਂ ਹੋਏ । ਪਲਾਟ ਵੀ ਕੱਟ ਦਿਤੇ ਹਨ ਪਰ ਉਨ੍ਹਾਂ ਵੱਡੇ ਵੱਡੇ ਪਲਾਟਾਂ ਵਿਚ ਕੋਈ ਕਣਕ ਬੀਜ ਲੈਂਦਾ ਹੈ । ਲੁਧਿਆਣਾ ਦੇ ਪਲਾਟ ਹਨ, ਦਿੱਲੀ ਦੀਆਂ ਫਰਮਾਂ ਹਨ ਪਰ ਲੁਧਿਆਣਾ ਵਿਖੇ ਉਨ੍ਹਾਂ ਪਲਾਟਾਂ ਵਿਚ 3-3 ਏਕੜ ਵਿਚ ਕਣਕ ਖੜ੍ਹੀ ਹੈ । ਪਿੰਗ ਆਇਰਨ ਮਿਲ ਨਹੀਂ ਰਿਹਾ ਪਰ ਕੱਲ ਇਸ ਦੇ ਦੋ ਟਰੱਕ ਫੜੇ ਗਏ ਹਨ । ਇਹ ਹਿੰਦ ਸਮਾਚਾਰ ਅਖਬਾਰ ਦੀ ਖਬਰ ਹੈ । ਪਿੰਗ ਆਇਰਨ ਐਕਚੁਅਲ ਇੰਡਸਟਰੀ ਨੂੰ ਮਿਲ ਨਹੀਂ ਰਿਹਾ । ਨਤੀਜੇ ਵਜੋਂ ਹਜ਼ਾਰਾਂ ਲੋਕ ਵੇਹਲੇ ਬੈਠੇ ਹਨ । ਇੰਡਸਟਰੀ ਨੂੰ ਪਾਵਰ ਨਹੀਂ ਮਿਲਦੀ । ਫਿਰ ਇੰਡਸਟਰੀ ਡਿਪਾਰਟਮੈਂਟ ਦੇ ਸਰਵਿਸ ਰੂਲਜ਼ ਹਨ, ਪਰਮੋਸ਼ਨ ਰੂਲਜ਼ ਹਨ । ਇਸ ਬਾਰੇ 10 ਵਾਰ ਕੁਐਸ਼ਚਨ ਹੋ ਚੁੱਕੇ ਹਨ ਪਰ ਨਹੀਂ ਗਲ ਬਣਦੀ । ਟਾਪ ਤੇ ਤਾਂ ਆਈ. ਏ. ਐਸ. ਅਫਸਰ ਲੱਗਦੇ ਹਨ ਪਰ ਥੱਲੇ ਦੇ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਬਾਰੇ ਕੁਝ ਨਹੀਂ ਕੀਤਾ ਜਾਂਦਾ । ਯੂਨੀਫਾਰਮ ਰੂਲਜ਼ ਨਹੀਂ ਹਨ । ਕਾਗਜ਼ਾਂ ਵਿਚ ਬਣੇ ਪਏ ਹਨ ਪਰ ਅਮਲ ਵਿਚ ਕੁਝ ਨਹੀਂ ਹੈ ।

ਇਥੇ ਦੱਸਿਆ ਗਿਆ ਕਿ ਐਨੀ ਇੰਡਸਟਰੀ ਲਾ ਦਿਤੀ ਹੈ ਅਤੇ ਉਸ ਦੇ ਐਨੇ ਪੈਸੇ ਦਿਤੇ ਗਏ ਹਨ ਪਰ ਉਸ ਦੀ ਪਰੋਡਕਸ਼ਨ ਕੀ ਹੈ ? ਪਰੋਡਕਸ਼ਨ 1.9 ਹੈ । ਇਹ ਇਨ੍ਹਾਂ ਦੀਆਂ ਆਪਣੀਆਂ ਫਿੱਗਰਜ਼ ਹਨ । (ਘੰਟੀ) ਮੈਂ ਗੌਰਮਿੰਟ ਨੂੰ ਰਿਕੁਐਸਟ ਕਰਾਂਗਾ ਕਿ ਜਦੋਂ ਕਦੇ ਇਹ ਐਗਰੋ ਬੇਸਡ ਇੰਡਸਟਰੀ ਲਈ ਸੋਚਣ ਤਾਂ ਫਰੀਦਕੋਟ ਜੋ ਕਿ ਐਗਰੀਕਲਚਰਲ ਡਿਸਟ੍ਰਿਕਟ ਹੈ ਉਸ ਦੀ ਲੰਬੀ ਕੰਸਟੀਚੂਐਂਸੀ ਜੋ ਹੈ, ਉਸ ਦੇ ਲਈ ਇਹ ਵੱਧ ਤੋਂ ਵਧ ਬਜਟ ਸਾਨੂੰ ਅਲਾਟ ਕਰਨ । ਐਨੀ ਗੱਲ ਕਹਿੰਦਾ ਹੋਇਆ ਮੈਂ ਬੈਠਦਾ ਹਾਂ ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 26 ਜਿਹੜੀ ਕਿ ਐਗਰੀਕਲਚਰ ਨਾਲ ਸਬੰਧਤ ਹੈ, ਮੈਂ ਉਸ ਉਤੇ ਬੋਲਣਾ ਚਾਹੁੰਦਾ ਹਾਂ । ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ । ਮੈਂ ਤੁਹਾਡੇ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਆਪਣੀ ਮਿਹਨਤ ਨਾਲ ਪੰਜਾਬ ਵਿਚ ਖੇਤੀਬਾੜੀ ਦੇ ਰੁਪ ਨੂੰ ਐਨਾ ਚੰਗਾ ਕੀਤਾ ਹੈ । ਸਾਡਾ ਪੰਜਾਬ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਅਨਾਜ ਪੈਦਾ

Original with;
Punjab Vidhan Sabha
Digitized by;
Panjab Digital Library

ਕਰਦਾ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਸ਼੍ਰੀ ਚਿੱਟੀ ਜੀ ਨੇ ਪੰਜਾਬ ਦੀਆਂ ਫਸਲਾਂ ਦੇ ਭਾਵਾ ਬਾਰੇ ਦੱਸਿਆ ਹੈ ਜਿਸ ਤਰ੍ਹਾਂ ਅਕਾਲੀ ਸਰਕਾਰ ਵੇਲੇ ਸ਼੍ਰੀ ਚਿੱਟੀ ਜੀ ਨੇ ਦੱਸਿਆ ਹੈ ਕਿ ਆਲੂ, ਗੰਨਾ ਅਤੇ ਕਪਾਹ ਰੁਲਦੀ ਸੀ ਪਰ ਜਦੋਂ ਦੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਆਈ ਹੈ ਉਦੋਂ ਤੋਂ ਪੰਜਾਬ ਵਿਚ ਕਿਸਾਨ ਨੂੰ ਉਸ ਦੇ ਗੰਨੇ ਦੀ ਪੂਰੀ ਕੀਮਤ ਦਿਤੀ ਹੈ ਅੌਰ ਉਸਦੇ ਸਦਕਾ ਹੀ ਅੱਜ ਪੰਜਾਬ ਵਿਚ ਗੰਨੇ ਦੀ ਐਨੀ ਪੈਦਾਵਾਰ ਹੋਈ ਹੈ। ਸਾਡੀਆਂ ਮਿੱਲਾਂ ਬੜੀ ਦੇਰ ਤਕ ਚੱਲਣਗੀਆਂ। ਗੰਨੇ ਦੀ ਪੈਦਾਵਾਰ ਜ਼ਿਆਦਾ ਹੋਣ ਨਾਲ ਖੰਡ ਵੀ ਜ਼ਿਆਦਾ ਹੋਵੇਗੀ।

ਇਥੇ ਹੀ ਬੱਸ ਨਹੀਂ ਪੰਜਾਬ ਵਿਚ ਪਿਛਲੇ ਸਾਲ ਰਾਈਸ ਦੀ ਪੈਦਾਵਾਰ ਬਹੁਤ ਵਧੀ ਹੈ, ਇਸ ਲਈ ਮੈਂ ਪੰਜਾਬ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ। 1980-81 ਵਿਚ ਜਿਥੇ ਰਾਈਸ 32.30 ਲੱਖ ਟਨ ਪੈਦਾ ਹੋਈ ਸੀ ਉਥੇ 1981-82 ਵਿਚ 36.50 ਲੱਖ ਟਨ ਹੋਈ ਹੈ। ਇਹ ਪੈਦਾਵਾਰ ਇਸ ਕਰਕੇ ਵਧੀ ਹੈ ਕਿਉਂਕਿ ਸਰਕਾਰ ਨੇ ਟਾਈਮ ਸਿਰ-ਫਰਟੇ-ਲਾਈਜ਼ਰ ਅਤੇ ਪਾਣੀ ਆਦਿ ਦਾ ਪ੍ਰਬੰਧ ਕੀਤਾ ਅਤੇ ਬੜੇ ਯੋਗ ਤਰੀਕੇ ਨਾਲ ਪ੍ਰਬੰਧ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਵੀ ਕਹਾਂਗਾ ਕਿ ਅਕਾਲੀਆਂ ਵੇਲੇ ਗੋਲੀਆਂ ਚਲਦੀਆਂ ਸਨ ਅਤੇ ਡੀਜ਼ਲ ਨਹੀਂ ਸੀ ਮਿਲਦਾ, ਪਾਣੀ ਨਹੀਂ ਸੀ ਮਿਲਦਾ। ਪਰ ਇਸ ਹੁਣ ਦੀ ਸਰਕਾਰ ਨੇ ਪਾਣੀ ਦਾ ਇੰਤਜ਼ਾਮ ਵੇਲੇ ਸਿਰ ਕੀਤਾ, ਡੀਜ਼ਲ ਦੀ ਸ਼ਾਰਟੇਜ ਨਹੀਂ ਆਈ, ਇਸੇ ਕਰਕੇ ਐਨੀ ਉਪਜ ਵਧੀ ਹੈ। ਇਸ ਗੱਲ ਲਈ ਵੀ ਮੈਂ ਪੰਜਾਬ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਪੰਜਾਬ ਸਰਕਾਰ ਨੇ ਵਿਹਲੀ ਕੱਲਰ ਵਾਲੀ ਪਈ ਜ਼ਮੀਨ ਨੂੰ ਉਪਜਾਊ ਬਨਾਉਣ ਲਈ, ਕੱਲਰ ਨੂੰ ਮਾਰਨ ਲਈ ਬੜੇ ਯਤਨ ਕੀਤੇ ਹਨ। ਉਸ ਦੇ ਲਈ 4 ਸੌ ਲੱਖ ਰੁਪਿਆ ਸਬਸਿਡੀ ਦਿਤੀ ਹੈ ਜਿਪਸਮ ਤੇ, ਤਾਕਿ ਕਿਸਾਨ ਇਸ ਨੂੰ ਆਪਣੇ ਖੇਤਾਂ ਵਿਚ ਪਾ ਸਕਣ ਅਤੇ ਕੱਲਰ ਵਾਲੀ ਜ਼ਮੀਨ ਉਪਜਾਊ ਹੋ ਸਕੇ। ਇਸ ਤਰ੍ਹਾਂ ਪੈਦਾਵਾਰ ਵਿਚ ਵਾਧਾ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ, ਗੰਨੇ ਦੀ ਰਿਕਵਰੀ 10% ਹੋਈ ਹੈ ਜਦੋਂ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਦੀ ਸਰਕਾਰ ਸੀ ਤਾਂ ਉਸ ਵੇਲੇ 9% ਵੀ ਨਹੀਂ ਸੀ ਹੋਈ। ਪੰਜਾਬ ਦੇ ਕਿਸਾਨ ਨੇ ਜੋ ਗੰਨਾ ਬੀਜਿਆ ਹੈ ਉਸ ਦੀ ਉਸ ਨੂੰ ਪੂਰੀ ਕੀਮਤ ਮਿਲੀ ਹੈ। ਅੱਜ ਪੰਜਾਬ ਦੇ ਕਿਸਾਨ ਬਹੁਤ ਅੱਛੇ ਢੰਗ ਨਾਲ ਆਪਣਾ ਕਾਰੋਬਾਰ ਚਲਾ ਰਹੇ ਹਨ ਪੰਜਾਬ ਅੰਦਰ ਐਗਰੀਕਲਚਰ ਨੇ ਨੁਮਾਂਇਆਂ ਤਰੱਕੀ ਕੀਤੀ ਹੈ। ਪਲਸਿਜ਼ ਜਿਹੜੀਆਂ ਹਨ ਇਨ੍ਹਾਂ ਬਾਰੇ ਪ੍ਰਧਾਨ ਮੰਤਰੀ ਜੀ ਦੇ 20-ਨੁਕਾਤੀ ਪ੍ਰੋਗਰਾਮ ਵਿਚ ਵੀ ਹੈ। ਸਾਡੀ ਸਰਕਾਰ ਪਲਸਿਜ਼ ਵੱਲ ਧਿਆਨ ਦੇਵੇਗੀ ਤਾਕਿ ਅਸੀਂ ਇਸ ਦੀ ਪੈਦਾਵਾਰ ਵਧਾ ਸਕੀਏ।

ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜ਼ਮੀਨ ਨੂੰ ਟੈਸਟ ਕਰਨ ਵਾਸਤੇ ਕੋਈ 30 ਲੈਬਾਟਰੀਆਂ ਖੋਲ੍ਹੀਆਂ ਹਨ ਜਿਨ੍ਹਾਂ ਦੀ ਮਾਰਫਤ ਪੰਜਾਬ ਦਾ ਕਿਸਾਨ ਆਪਣੀ ਜ਼ਮੀਨ ਨੂੰ ਟੈਸਟ ਕਰਵਾ ਸਕਦਾ ਹੈ ਤਾਂਕਿ ਉਸ ਨੂੰ ਪਤਾ ਲਗੇ ਕਿ ਉਸ ਦੀ ਜ਼ਮੀਨ ਵਿਚ ਕਿਹੜੇ ਤੱਤ ਦੀ ਘਾਟ ਹੈ। ਅੱਜ ਤਕ ਕਿਸਾਨਾਂ ਨੂੰ ਇਹ ਨਹੀਂ ਸੀ ਪਤਾ ਹੁੰਦਾ ਕਿ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਉਸ ਨੇ ਆਪਣੀ ਜ਼ਮੀਨ ਵਿੱਚ ਨਾਈਟਰੋਜਨ ਕਿੰਨੀ ਪਾਉਣੀ ਹੈ ਅਤੇ ਸੁਪਰਫਾਸਫੇਟ ਕਿੰਨੀ ਪਾਉਣੀ ਹੈ, ਬਗੈਰ ਕਿਸੇ ਪਤਾ ਹੋਣ ਦੇ ਉਹ ਅੰਦਾਜ਼ਨ ਖਾਦ ਪਾ ਦਿੰਦਾ ਸੀ ਲੇਕਿਨ ਕਿਸਾਨਾਂ ਦੀ ਸਹੂਲਤ ਵਾਸਤੇ ਪੰਜਾਬ ਦੀ ਸਰਕਾਰ ਨੇ ਲੈਬੋਰੇਟਰੀਆਂ ਖੋਲ੍ਹੀਆਂ ਹਨ । ਅਕਾਲੀ ਸਰਕਾਰ ਵੇਲੇ ਇਹ 5 ਹੀ ਕੰਮ ਕਰ ਰਹੀਆਂ ਸਨ ਪਰ ਹੁਣ ਐਗਰੀਕਲਚਰਲ ਯੂਨੀਵਰਸਿਟੀ ਤੋਂ ਇਲਾਵਾ ਤਕਰੀਬਨ 30 ਲੈਬੋਰੇਟਰੀਆਂ ਕੰਮ ਕਰ ਰਹੀਆਂ ਹਨ ਤਾਂਕਿ ਫ਼ਾਰਮਰਜ਼ ਅਪਣੀ ਜ਼ਮੀਨ ਨੂੰ ਟੈਸਟ ਕਰਵਾ ਸਕਣ ਅਤੇ ਉਨ੍ਹਾਂ ਨੂੰ ਪਤਾ ਲਗ ਸਕੇ ਕਿ ਉਸ ਦੀ ਜ਼ਮੀਨ ਵਿੱਚ ਕਿਹੜੇ ਤੱਤਾਂ ਦੀ ਕਮੀ ਹੈ ,ਤੇ ਉਸ ਦੇ ਮੁਤਾਬਿਕ ਹੀ ਉਹ ਫਰਟੇਲਾਈਜ਼ਰ ਯੂਜ਼ ਕਰ ਸਕੇ। ਡਿਪਟੀ ਸਪੀਕਰ ਸਾਹਿਬ, ਫਰਟੈਲਾਈਜ਼ਰ ਦੀ ਕੀਮਤ ਵਧਣ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੇ ਫਰਟੇਲਾਈਜ਼ਰ ਦਾ ਇਸਤੇਮਾਲ ਕੀਤਾ । ਉਹ ਕਰਦਾ ਵੀ ਕਿਉਂ ਨਾ । ਕਿਉਂਕਿ ਉਸ ਨੇ ਪੈਦਾਵਾਰ ਜ਼ਿਆਦਾ ਪੈਦਾ ਕਰਨੀ ਸੀ ਜਿਸ ਦਾ ਸਹੀ ਮਾਹਨਿਆਂ ਵਿਚ ਪੰਜਾਬ ਦੀ ਸਰਕਾਰ ਨੇ ਭਾਅ ਲਿਆ ਕੇ ਦਿੱਤਾ । ਡਿਪਟੀ ਸਪੀਕਰ ਸਾਹਿਬ, ਕਾਟਨ ਦੇ ਮੁਤਲੱਕ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਵੇਲੇ ਕਾਟਨ ਜਿਹੜੀ ਸੀ ਉਹ ਰੁਲਦੀ ਰਹੀ ਸੀ ਲੇਕਿਨ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ ਜਿਸ ਨੇ ਕਾਟਨ ਦਾ ਭਾਅ ਸਹੀ ਮਾਹਿਨਿਆਂ ਵਿਚ ਕਿਸਾਨ ਨੂੰ ਲਿਆ ਕੇ ਦਿੱਤਾ। ਇਸ ਦੇ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ 13 ਲੱਖ ਕਾਟਨ ਦੀਆਂ ਬੇਲਜ਼ ਪੈਦਾ ਹੋਈਆਂ । ਏਰੀਅਲ ਸਪਰੇ ਕਰਨ ਵਾਸਤੇ ਪੰਜਾਬ ਦੀ ਸਰਕਾਰ ਨੇ ਫਾਰਮਰਜ਼ ਨੂੰ ਸਬਸਿਡੀ ਵੀ ਦਿਤੀ ਤਾਂਕਿ ਅੱਛੇ ਢੰਗ ਨਾਲ ਏਰੀਅਲ ਸਪਰੇ ਕੀਤਾ ਜਾਵੇ ਅਤੇ ਕਾਟਨ ਜਿਹੜੀ ਹੈ ਉਹ ਜ਼ਿਆਦਾ ਮਿਕਦਾਰ ਵਿਚ ਪੈਦਾ ਹੋਵੇ

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਪੰਜਾਬ ਦੀ ਸਰਕਾਰ ਨੇ ਯਤਨ ਕੀਤਾ ਹੈ ਕਿ ਆਇਲ ਸੀਡਜ਼ ਅਤੇ ਦੂਸਰੇ ਸੀਡਜ਼ ਜ਼ਿਆਦਾ ਪੈਦਾ ਹੋਣ ਅਤੇ ਇਸ ਪਾਸੇ ਸਾਡੀ ਜ਼ਿਆਦਾ ਪ੍ਰੋਡਕਸ਼ਨ ਵਧ ਸਕੇ । ਇਸ ਦੇ ਵਲ ਪੰਜਾਬ ਦੀ ਸਰਕਾਰ ਨੇ ਅਪਣਾ ਪੂਰਾ ਯਤਨ ਕੀਤਾ ਹੈ । ਇਸ ਦੇ ਨਾਲ ਹੀ ਪੰਜਾਬ ਦੀ ਸਰਕਾਰ ਨੇ 50% ਸਬਸਿਡੀ ਦੇ ਕੇ ਸਪਰੇ ਪੰਪਸ਼ ਲਈ ਅਤੇ ਦੂਸਰੇ ਕੰਮਾਂ ਲਈ ਅਤੇ ਜ਼ਿਆਦਾ ਗਿਣਤੀ ਵਿੱਚ ਪਲਾਟਾਂ ਵਿੱਚ ਬੀਜ ਲਾ ਕੇ ਸਰਕਾਰ ਵਲੋਂ ਕਾਫੀ ਡੀਮਾਂਸਟਰੇਸ਼ਨ ਦਿਤੀ ਗਈ ਤਾਂਕਿ ਫਾਰਮਰਜ਼ ਦੀ ਰੁਚੀ ਇਸ ਪਾਸੇ ਲਗ ਸਕੇ ਅਤੇ ਉਹ ਪੈਦਾਵਾਰ ਵਿਚ ਵਾਧਾ ਕਰ ਸਕਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਪੰਜਾਬ ਦੀ ਸਰਕਾਰ ਨੂੰ ਇਸ ਗਲ ਦੀ ਵਧਾਈ ਦੇਣਾ ਚਾਹੁੰਦਾ ਹਾਂ ਜਿਸ ਨੇ ਕਿਸਾਨਾਂ ਦੀ ਤਰਫ਼ ਆਪਣੀ ਜ਼ਿਆਦਾ ਤਵਜੋ ਦਿੱਤੀ ਹੈ । ਪਹਿਲਾਂ ਜਿਹੜੀ ਇਥੇ ਅਕਾਲੀ ਸਰਕਾਰ ਸੀ ਉਹ ਹਮੇਸ਼ਾਂ ਕਿਸਾਨਾਂ ਦੀ ਗਲ ਕਰਦੀ ਸੀ ਲੇਕਿਨ ਕਿਸਾਨਾਂ ਲਈ ਉਸ ਨੇ ਕੀਤਾ ਕੁਝ ਨਹੀਂ ਲੇਕਿਨ ਮੈਂ ਇਸ ਪੰਜਾਬ ਦੀ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਇਸ ਨੇ ਕਿਸਾਨਾਂ ਦੀ ਪੂਰੀ ਪੂਰੀ ਮਦਦ ਕੀਤੀ ਹੈ ਅੌਰ ਉਨ੍ਹਾਂ ਦੇ ਹਿੱਤਾਂ ਨੂੰ ਸਾਹਮਣੇ ਰਖ ਕੇ ਪੰਜਾਬ ਅੰਦਰ ਸਕੀਮਾਂ ਬਣਾਈਆਂ ਹਨ । (ਘੰਟੀ) ਹਾਈ ਯੀਲਡਿੰਗ ਸੀਡ ਪੈਦਾ ਕੀਤਾ ਹੈ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸੀਡ ਕਾਰਪੋਰੇਸ਼ਨ ਕਾਇਮ ਕੀਤੀ ਹੈ ਅਤੇ ਚੰਗੇ ਬੀਜ ਫਾਰਮਰਜ਼ ਨੂੰ ਦੇਣ ਦਾ ਪੂਰਾ ਪੂਰਾ ਯਤਨ ਕੀਤਾ ਹੈ ਅਤੇ ਕੋਸ਼ਿਸ਼ ਕੀਤੀ ਹੈ ਕਿ ਬਿਮਾਰੀਆਂ ਤੋਂ ਰਹਿਤ ਪੰਜਾਬ ਦੇ ਫਾਰਮਰਜ਼ ਨੂੰ ਬੀਜ ਮਿਲ ਸਕਣ । ਇਨਾਂ ਸ਼ਬਦਾਂ ਨਾਲ ਮੈਂ ਪੰਜਾਬ ਸਰਕਾਰ

Original with;
Punjab Vidhan Sabha
Digitized by:
Panjab Digital Library

ਨੂੰ ਡਿਪਟੀ ਸਪੀਕਰ ਸਾਹਿਬ, ਵਧਾਈ ਦਿੰਦਾ ਹੈ ਕਿ ਉਸ ਨੇ ਐਗਰੀਕਲਚਰ ਦੇ ਸਬੰਧ ਵਿਚ ਬਹੁਤ ਚੰਗਾ ਕੰਮ ਕੀਤਾ ਹੈ ਇਨ੍ਹਾਂ ਸਬਦਾਂ ਨਾਲ ਮੈਂ ਇਕ ਵਾਰ ਫਿਰ ਪੰਜਾਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਅਤੇ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ ।

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ, ਐਸਸ਼ੀ.) ਡਿਪਟੀ . ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 26 ਅਤੇ 34 ਤੇ ਬੋਲਣ ਲਈ ਖੜਾ ਹੋਇਆ ਹਾਂ । ਇੰਡਸਟਰੀ ਦਾ ਜਿਥੋਂ ਤਕ ਸਵਾਲ ਹੈ ਇਨ੍ਹਾਂ ਨੇ ਕਿਹਾ ਹੈ ਕਿ ਇਸ ਨੂੰ ਬਹੁਤ ਬੜਾਵਾ ਦੇਣਾ ਚਾਹੁੰਦੇ ਹਾਂ ਪਰ ਅੰਕੜੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਸਾਲ 1981-82 ਵਿੱਚ ਇੰਡਸਟਰੀਜ਼ ਦੇ ਖਰਚ ਲਈ 5 %ਰਕਮ ਰਖੀ ਸੀ ਪਰ ਇਸ ਸਾਲ 1982-83 ਵਿੱਚ ਮੇਰੇ ਵੀਰ ਜਥੇਦਾਰ ਸਾਹਿਬ ਨੇ ਕਿਹਾ ਹੈ ਕਿ ਸਾਢੇ 3 % ਰਕਮ ਰਖੀ ਗਈ ਹੈ ਪਰ ਪੜ੍ਹਨ ਤੋਂ ਬਾਅਦ ਮੈਨੂੰ ਪਤਾ ਲਗਿਆ ਕਿ ਇਹ ਸਾਢੇ 3 % ਵੀ ਨਹੀਂ ਪੂਰੀ ਰਖੀ ਗਈ, ਇਸ ਤੋਂ ਘਟ ਰਕਮ ਰਖੀ ਗਈ ਹੈ । ਡਿਪਟੀ ਸਪੀਕਰ ਸਾਹਿਬ, ਪੈਸੇ ਤੋਂ ਸਿਵਾਏ ਇੰਡਸਟਰੀ ਵੱਧ ਫੁਲ ਨਹੀਂ ਸਕਦੀ । ਇਸ ਲਈ ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਘੱਟੋ ਘੱਟ ਇੰਡਸਟਰੀ ਲਈ 7%ਰਕਮ ਰਖੀ ਜਾਵੇ ਤਾਂਕਿ ਜੋ ਗੱਲ ਕਹਿੰਦੇ ਹੋ ਕਿ ਅਸੀ ਇੰਡਸਟਰੀ ਨੂੰ ਬੜਾਵਾ ਦੇ ਰਹੇ ਹਾਂ ਉਹ ਠੀਕ ਕਹੀ ਜਾ ਸਕੇ ਕਿ ਤੁਸੀਂ ਇੰਡਸਟਰੀ ਲਈ ਸੋਚਦੇ ਹੋ ਅਤੇ ਇਸ ਵਲ ਅਪਣਾ ਧਿਆਨ ਦੇ ਰਹੇ ਹੋ। ਇਸ ਲਈ ਤੁਹਾਨੂੰ ਇਸ ਦੇ ਲਈ 7 % ਰਕਮ ਰਖਣੀ ਚਾਹੀਦੀ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸੋਲਰ ਅਨਰਜੀ ਅਟਾਮਿਕ ਪਲਾਂਟ ਇਥੇ ਕੋਈ ਨਹੀਂ ਹੈ ਜਿਸ ਦੀ ਪੰਜਾਬ ਦੇ ਵਿੱਚ ਬੜੀ ਲੋੜ ਹੈ । ਪੰਜਾਬ ਦੇ ਵਿੱਚ ਕੋਈ ਵਡੀ ਇੰਡਸਟਰੀ ਨਹੀਂ ਲਾਈ ਗਈ ਜਿਸ ਦੀ ਪੂਰੀ ਪੂਰੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਕੋਈ ਸਮਾਂ ਸੀ ਜਦੋਂ ਪੰਜਾਬ ਨੰਬਰ ਇਕ ਤੇ ਇੰਡਸਟਰੀ ਵਿੱਚ ਸੂਬਾ ਹੁੰਦਾ ਸੀ । ਮਸ਼ੀਨ ਟੂਲ, ਖੇਤੀਬਾੜੀ, ਸੰਦ, ਖੇਡਾਂ ਅਤੇ ਹੱਥ ਖਡੀਆਂ ਦਾ ਸਮਾਨ ਜੋ ਇਥੇ ਬਣਦਾ ਸੀ ਉਹ ਸਾਰੇ ਦੇਸ਼ ਵਿੱਚ ਮੰਨਿਆਂ ਜਾਂਦਾ ਸੀ । ਲੇਕਿਨ ਹੁਣ, ਡਿਪਟੀ ਸਪੀਕਰ ਸਾਹਿਬ, ਸਾਡਾ ਸੂਬਾ ਇਸ ਵੇਲੇ ਕਿਥੇ ਜਾ ਰਿਹਾ ਹੈ, ਇਸ ਦਾ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ । ਕੈਰੋਂ ਸਾਹਿਬ ਦੇ ਸਮੇਂ ਇੰਡਸਟਰੀ ਨੂੰ ਕਾਫੀ ਬੜਾਵਾ ਦਿੱਤਾ ਗਿਆ ਸੀ । ਕੈਰੋਂ ਸਾਹਿਬ ਦੀ ਸਰਕਾਰ ਨੇ ਹਰ ਜ਼ਿਲ੍ਹੇ ਵਿਚ ਤਜ਼ਰਬੇਕਾਰ ਅਫਸਰ ਲਾ ਕੇ ਅਤੇ ਆਈ. ਟੀ. ਆਈ. ਸੈਂਟਰ ਖੋਲ੍ਹ ਕੇ ਨੌਜਵਾਨਾਂ ਨੂੰ ਇੰਡਸਟਰੀ ਵਿਚ ਕੰਮ ਕਰਨ ਵਾਲਿਆਂ ਨੂੰ ਪ੍ਰੇਰਨਾ ਦਿਤੀ ਸੀ । ਜਿਥੇ ਪੰਜਾਬ ਇੰਡਸਟਰੀ ਵਿਚ ਪਹਿਲਾਂ ਪਹਿਲੇ ਨੰਬਰ ਤੇ ਸੀ ਹੁਣ ਸੱਤਵੇਂ ਨੰਬਰ ਤੇ ਆ ਗਿਆ ਹੈ । ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਨੇ ਕੋਈ ਢਾਈ ਲੱਖ ਰੁਪਿਆ ਹਰ ਜਿਲ੍ਹੇ ਦੇ ਹਿਸਾਬ ਨਾਲ ਪੰਜਾਬ ਨੂੰ ਦੇਣਾ ਸੀ । ਇਸ ਦੇ ਲਈ ਜ਼ਿਲ੍ਹੇ ਦੇ ਅਫਸਰਾਂ ਦੀ ਯੋਗਤਾ ਪੰਜਾਬ ਸਰਕਾਰ ਤੋਂ ਮੰਗੀ ਗਈ ਸੀ ਪਰ ਇਨ੍ਹਾਂ ਨੇ ਉਹ ਇਤਲਾਹ ਨਹੀਂ ਭੇਜੀ । ਇਹ ਫੈਸਲਾ ਅਕਤੂਬਰ, 1981 ਤੋਂ ਲਾਗੂ ਹੈ ਪਰ ਇਹ ਜ਼ਿਲ੍ਹਾ ਪੈਟਰਨ ਨਾ ਲਾਗੂ ਹੋਣ ਕਰਕੇ 30 ਲੱਖ ਰੁਪਿਆ ਇਨ੍ਹਾਂ ਨੇ ਗਵਾ ਲਿਆ ਹੈ । ਇਸ ਵੇਲੇ, ਡਿਪਟੀ ਸਪੀਕਰ ਸਾਹਿਬ, ਟੈਕਨੌਲੋਜੀ ਵਿੱਚ ਪੰਜਾਬ ਦਾ ਸੂਬਾ ਮਹਾਰਾਸ਼ਟਰ, ਕਰਨਾਟਕ, ਮਦਰਾਸ, ਕੇਰਲਾ, ਬੰਗਾਲ ਅਤੇ ਬਿਹਾਰ ਨਾਲੋਂ ਪਿੱਛੇ ਹੈ । ਇਹ ਸਾਰੇ ਸੂਬੇ ਟੈਕਨੌਲੋਜੀ ਦੇ ਹਿਸਾਬ ਨਾਲ ਪੰਜਾਬ ਨਾਲੋਂ ਅਗੇ ਚਲੇ ਗਏ ਹਨ ਅਤੇ ਹੁਣ ਪੰਜਾਬ ਦਾ ਸੱਤਵਾਂ ਨੰਬਰ ਹੈ । ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਘੱੜ ਸਿੰਘ]

ਲਓ ਕਿ ਇਸ ਸਰਕਾਰ ਨੇ ਇੰਡਸਟਰੀ ਦੇ ਖੇਤਰ ਵਿੱਚ ਕਿੰਨਾ ਕੁ ਖ਼ਿਆਲ ਕੀਤਾ ਹੈ ਅਤੇ ਇਸ ਦਾ ਕਿੰਨਾ ਕੁ ਬੜਾਵਾ ਕੀਤਾ ਹੈ । ਜਿਥੇ ਪੰਜਾਬ ਪਹਿਲਾਂ ਇੰਡਸਟਰੀ ਦੇ ਖੇਤਰ ਵਿੱਚ ਪਹਿਲੇ ਨੰਬਰ ਤੇ ਸੀ ਹੁਣ ਸੱਤਵੇਂ ਨੰਬਰ ਤੇ ਰਹਿ ਗਿਆ ਹੈ ।

ਡਿਪਟੀ ਸਪੀਕਰ ਸਾਹਿਬ, ਸੇਵਾ ਨਿਯਮਾਂ ਦੇ ਮੁਤੱਲਕ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸੇਵਾ ਨਿਯਮ 1956 ਵਿੱਚ ਬਣੇ ਸਨ ਅਤੇ ਮੁੱਖ ਦਫਤਰ ਦੇ 10 % ਮੁਲਾਜਮਾਂ ਨੂੰ ਛੱਡ ਕੇ ਬਾਕੀਆਂ ਵਾਸਤੇ ਕੋਈ ਲਾਗੂ ਨਹੀਂ ਹੋਏ । ਇਨ੍ਹਾਂ ਸੇਵਾ ਨਿਯਮਾਂ ਨਾਲ 10 % ਮੁਲਾਜ਼ਮਾਂ ਨੂੰ ਜੋ ਮੁੱਖ ਦਫ਼ਤਰ ਦੇ ਹਨ ਉਨ੍ਹਾਂ ਨੂੰ ਫਾਇਦਾ ਹੋਇਆ ਹੈ, ਬਾਕੀ 90 % ਮੁਲਾਜ਼ਮਾਂ ਨੂੰ ਕੋਈ ਫਾਇਦਾ ਨਹੀਂ ਹੋਇਆ । ਇਸ ਵੇਲੇ, ਡਿਪਟੀ ਸਪੀਕਰ ਸਾਹਿਬ, ਕਈ ਇਹੋ ਜਿਹੇ ਮੁਲਾਜ਼ਮ ਹਨ ਜਿਹੜੇ ਰਿਟਾਇਰ ਹੋ ਜਾਂਦੇ ਹਨ ਪਰ ਉਹ ਰੈਗੂਲਰ ਨਹੀਂ ਹੁੰਦੇ । ਰਿਟਾਇਰ ਹੋਣ ਤਕ ਤੀਜੇ ਦਰਜੇ ਦੇ ਮੁਲਾਜ਼ਮ ਰੈਗੂਲਰ ਨਹੀਂ ਹੁੰਦੇ । ਇਸ ਲਈ ਮੇਰੀ ਬੇਨਤੀ ਹੈ ਕਿ ਸੇਵਾ ਨਿਯਮ ਜ਼ਰੂਰ ਲਾਗੂ ਹੋਣੇ ਚਾਹੀਦੇ ਹਨ । ਮੁੱਖ ਸਕੱਤਰ, ਪੰਜਾਬ ਨੇ 1973 ਵਿੱਚ ਮਾਡਲ ਸਰਵਿਸ ਰੂਲਜ਼ ਤਿਆਰ ਕੀਤੇ ਸਨ ਪਰ ਉਹ ਵੀ ਅੱਜੇ ਤਕ ਲਾਗੂ ਨਹੀਂ ਕੀਤੇ ਗਏ । ਮੇਰਾ ਇਕ ਸਵਾਲ ਵੀ ਇਸ ਦੇ ਬਾਰੇ 817 ਨੰਬਰ ਦਾ ਪਿਛਲੇ ਸੈਸ਼ਨ ਵਿੱਚ ਸੀ ਅਤੇ ਉਸ ਦੇ ਜਵਾਬ ਵਿੱਚ ਇਥੇ ਦੱਸਿਆ ਗਿਆ ਕਿ ਸਰਵਿਸ ਰੂਲਜ਼ ਛੇਤੀ ਤੋਂ ਛੇਤੀ ਲਾਗੂ ਕੀਤੇ ਜਾਣਗੇ। ਪਰ ਡਿਪਟੀ ਸਪੀਕਰ ਸਾਹਿਬ, ਉਹ ਅਜੇ ਤਕ ਲਾਗੂ ਨਹੀਂ ਹੋਏ । ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਸੇਵਾ ਨਿਯਮਾਂ ਨੂੰ, ਸਰਵਿਸ ਰੂਲਜ਼ ਨੂੰ ਛੇਤੀ ਤੋਂ ਛੇਤੀ ਲਾਗੂ ਕੀਤਾ ਜਾਵੇ । ਇਸ ਦੇ ਲਈ ਇਕ ਛੇ ਮੈਂਬਰੀ ਕਮੇਟੀ ਵੀ ਬਣੀ ਸੀ ਪਰ ਇਹ ਸਰਵਿਸ ਰੂਲਜ਼ ਅਜੇ ਤਕ ਲਾਗੂ ਨਹੀਂ ਹੋਏ । (ਘੰਟੀ) ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਾਜ਼ਮ ਜਿਨ੍ਹਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਉਨ੍ਹਾਂ ਦੇ ਨੁਕਸਾਨ ਨੂੰ ਬਚਾਉਣ ਲਈ ਇਹ ਨਿਯਮ ਲਾਗੂ ਕਰਕੇ ਉਨ੍ਹਾਂ ਨੂੰ ਫਾਇਦਾ ਕੀਤਾ ਜਾਵੇ । (ਘੰਟੀ)

ਡਿਪਟੀ ਸਪੀਕਰ ਸਾਹਿਬ, ਖੇਤੀ ਬਾੜੀ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ । ਪੰਜਾਬ ਖੇਤੀ ਬਾੜੀ ਦਾ ਪ੍ਰਧਾਨ ਸੂਬਾ ਮੰਨਿਆ ਜਾਂਦਾ ਹੈ ਅਤੇ ਇਹ ਬਾਹਰਲੇ ਸੂਬਿਆਂ ਵਿੱਚ, ਬਾਹਰਲੇ ਦੇਸ਼ਾਂ ਵਿੱਚ ਅਨਾਜ ਦਿੰਦਾ ਹੈ । ਅਨਾਜ ਦੇ ਭੰਡਾਰ ਵਿੱਚ ਹਿੰਦੁਸਤਾਨ ਦੇ ਬਾਕੀ ਸਾਰੇ ਸੂਬਿਆਂ ਨਾਲ ਇਹ ਸਭ ਤੋਂ ਵੱਧ ਅਨਾਜ ਦਿੰਦਾ ਹੈ । ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਚੰਗੇ ਭਾਅ ਦਿੱਤੇ ਜਾਣ । ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਗੰਨੇ ਦੀ ਗੱਲ ਹੈ, ਉਸ ਦੇ ਬਾਰੇ ਇਨ੍ਹਾਂ ਨੇ ਪਿੱਛਲੇ ਸਾਲ 13/– ਰੁਪਏ ਭਾਅ ਬੰਨਿਆ ਸੀ । ਫਿਰ ਕਿਸਾਨ ਨੇ ਜਦੋਂ ਜਾਹਿਦ ਕਰਕੇ ਗੰਨੇ ਦਾ ਭਾਅ 23/– ਰੁਪਿਆ ਲਿਆ ਸੀ । ਐਤਕੀ ਵੀ ਤੁਸੀਂ ਦੇਖੋ ਕਿ 13 ਰੁਪਏ ਹੀ ਭਾਅ ਬੰਨਿਆ ਗਿਆ ਹੈ । ਇਸ ਦਾ ਮਤਲਬ ਹੈ ਕਿ ਜੇ ਇਨ੍ਹਾਂ ਨੇ ਐਤਕੀ ਵੀ 13 ਰੁਪਏ ਭਾਅ ਬੰਨਿਆ ਹੈ ਤਾਂ ਪਿਛਲੇ ਸਾਲ ਪੰਜਾਬ ਦੇ ਕਿਸਾਨ ਨੇ ਆਪਣਾ ਝੰਡਾ ਚੁੱਕ ਕੇ, ਜਦੋਂ ਜਹਿਦ ਨਾਲ 23/– ਰੁਪਏ ਭਾਅ ਲਿਆ ਸੀ । ਇਨ੍ਹਾਂ ਨੇ 23/– ਰੁਪਏ ਭਾਅ ਆਪਣੇ ਆਪ ਨਹੀਂ ਸੀ ਦਿੱਤਾ । ਮੇਰੀ ਬੇਨਤੀ ਹੈ ਕਿ ਇਸ ਵਾਰੀ ਗੰਨੇ ਦਾ ਭਾਅ 23/– ਰੁਪਏ ਦੀ ਬਜਾਏ 25/– ਰੁਪਏ ਕੀਤਾ ਜਾਵੇ ਤਾਕਿ ਕਿਸਾਨ ਨੂੰ ਫਾਇਦਾ ਹੋ ਸਕੇ । (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਨੈਬ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਭਾਅ ਦਿੰਦੀ ਹੈ ਤਾਂ ਸਰਕਾਰ ਹੀ ਦਿੰਦੀ ਹੈ ਕਾਮਰੇਡ ਤਾਂ ਭਾਅ ਲਿਆ ਕੇ ਨਹੀਂ ਦਿੰਦੇ ।

ਕਾਮਰੇਡ ਸੱਘੜ ਸਿੰਘ : ਇਸ ਤਰ੍ਹਾਂ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਫਸਲ ਦੇ ਭਾਅ ਹਨ ਉਹ ਫ਼ਸਲ ਬੀਜਣ ਤੋਂ ਪਹਿਲਾਂ ਮਕੱਰਰ ਹੋਣੇ ਚਾਹੀਦੇ ਹਨ ਤਾਂ ਕਿ ਕਿਸਾਨ ਨੂੰ ਪਤਾ ਲਗ ਸਕੇ ਕਿ ਉਸਨੂੰ ਕਿਹੜੀ ਫ਼ਸਲ ਵਿਚ ਫਾਇਦਾ ਹੈ ਅੱਰ ਉਸ ਦੇ ਮੁਤਾਬਕ ਉਹ ਆਪਣੀ ਮਰਜ਼ੀ ਨਾਲ ਕਪਾਹ ਬੀਜਣੀ ਹੈ, ਨਰਮਾ ਬੀਜਣਾ ਹੈ, ਬਾਜਰਾ ਬੀਜਣਾ ਹੈ ਬੀਜੇ । ਇਸ ਤਰ੍ਹਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕਣਕ ਦੀ ਫ਼ਸਲ ਹੈ ਉਸ ਦੇ ਵੀ ਲਾਹੇਵੰਦ ਭਾਅ ਉਸ ਨੂੰ ਨਹੀਂ ਮਿਲਦੇ । ਮੇਰੇ ਇਕ ਵੀਰ ਨੇ ਇਥੇ ਆਲੂਆਂ ਦੀ ਗਲ ਕਰ ਦਿਤੀ ਸੀ । ਮੈਂ ਦਸੱਦਾ ਹਾਂ ਕਿ ਮੈਂ ਬਿਲਾਸਪੁਰ ਵਿਚ ਇਕ ਜਲਸੇ ਨੂੰ ਸੰਬੋਧਨ ਕਰਨ ਵਾਸਤੇ ਗਿਆ ਸੀ ਤਾਂ ਮੈਂ ਵੇਖਿਆ ਕਿ ਇਕ ਆਦਮੀ ਲਾਊਡਸਪੀਕਰ ਲਗਾ ਕੇ ਆਵਾਜ਼ਾਂ ਮਾਰ ਰਿਹਾ ਸੀ ਕਿ ਆਲੂ ਢਾਈ ਰੁਪਏ ਦਾ ਪੰਨਸੇਰਾ (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ, ਦਸਦਾ ਹਾਂ ਕਿ ਜਿਹੜਾ ਕਿਸਾਨ ਹੈ ਉਸ ਦੀ ਫ਼ਸਲ ਵਾਸਤੇ ਵੀ ਉਸ ਨੂੰ ਦਵਾਈ ਤਕ ਨਹੀਂ ਮਿਲਦੀ । ਕਿਸਾਨ ਨੂੰ ਸਬਸਿਡੀ ਤੇ ਦਵਾਈ ਮਿਲਣੀ ਚਾਹੀਦੀ ਹੈ ਅੱਰ ਕਿਸਾਨ ਨੂੰ ਫ਼ਸਲ ਵੇਚਣ ਤੋਂ ਬਾਅਦ ਬੋਨਸ ਵੀ ਮਿਲਣਾ ਚਾਹੀਦਾ ਹੈ ਕਿਉਂਕਿ ਜਦੋਂ ਕਿਸਾਨ ਕਣਕ ਵੇਚਦਾ ਹੈ ਉਸ ਦਾ ਭਾਅ ਘਟ ਹੁੰਦਾ ਹੈ ਅਤੇ ਬਾਅਦ ਵਿਚ ਆੜ੍ਹਤੀਆ ਬੜੇ ਮਹਿੰਗੇ ਭਾਅ ਤੇ ਵੇਚਦਾ ਹੈ । ਇਹ ਬੋਨਸ ਕਿਸਾਨ ਨੇ ਆਪਣੇ ਹੱਕਾਂ ਦੀ ਰਾਖੀ ਕਰ ਕਰ ਕੇ ਸਰਕਾਰ ਤੋਂ ਮਨਜੂਰ ਕਰਵਾਇਆ ਸੀ ਇਹ ਹਰ ਹਾਲਤ ਵਿਚ ਉਸ ਨੂੰ ਮਿਲਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਅਸੀਂ ਕਹੀ ਜਾਂਦੇ ਹਾਂ ਕਿ ਅਸੀਂ ਕਿਸਾਨਾਂ ਵਾਸਤੇ ਬਹੁਤ ਕੁਝ ਕੀਤਾ ਹੈ, ਪਰ ਮੈਂ ਦਸਦਾ ਹਾਂ ਕਿ ਕਿਸਾਨ ਵਾਸਤੇ ਕੁਝ ਵੀ ਨਹੀਂ ਕੀਤਾ ਗਿਆ । ਕਿਸਾਨ ਦੀ ਬਿਜਲੀ ਤੇ ਕਟ ਲਗਾਈ ਜਾਂਦੀ ਹੈ, ਕਿਸਾਨ ਨੂੰ ਪਾਣੀ ਨਹੀਂ ਮਿਲਦਾ ਐਤਕੀ ਬਾਰਸ਼ ਹੋ ਗਈ ਵਖਰੀ ਗਲ ਹੈ । ਡਿਪਟੀ ਸਪੀਕਰ ਸਾਹਿਬ, ਆਨੰਦਪੁਰ ਦਾ ਜਿਹੜਾ ਹਾਈਡਲ ਪ੍ਰੋਜੈਕਟ ਹੈ ਉਹ 1982-83 ਵਿਚ ਚਾਲੂ ਕਰਨਾ ਸੀ ਪਰ ਮੇਰਾ ਦਾਵਾ ਹੈ ਕਿ ਉਹ 1985 ਤਕ ਚਾਲੂ ਨਹੀਂ ਹੋ ਸਕਦਾ ਇਹ ਗਲ ਮੇਰੀ ਨੋਟ ਹੋ ਰਹੀ ਹੈ ਮੈਂ ਦਸ ਦਿਆਂਗਾ । ਜਿਹੜਾ ਉਥੇ ਦਾ ਵੱਡਾ ਅਫ਼ਸਰ ਹੈ ਉਹ ਪੈਸੇ ਬਣਾਉਣ ਮਗਰ ਪਿਆ ਹੋਇਆ ਹੈ ਕਿਉਂਕਿ ਮਈ ਵਿਚ ਉਹ ਰਿਟਾਇਰ ਹੋ ਰਿਹਾ ਹੈ । ਤਿੰਨ ਛੋਟੇ ਅਫ਼ਸਰਾਂ ਨੇ ਉਸ ਦੇ ਖਿਲਾਫ਼ ਲਿਖ ਕੇ ਦਿਤਾ ਹੈ ਤਾਂ ਉਨ੍ਹਾਂ ਨੂੰ ਸੈਸਪੈਂਡ ਕਰ ਦਿਤਾ ਗਿਆ । ਜਿਸ ਪ੍ਰੋਜੈਕਟ ਨੇ 1983 ਵਿਚ ਬਿਜਲੀ ਦੇਣੀ ਸੀ ਉਹ 1985 ਤਕ ਨਹੀਂ ਦੇ ਸਕਦਾ । ਜਦੋਂ ਉਸ ਬੰਦੇ ਤੇ ਦੂਸ਼ਨ ਲਗੇ ਤਾਂ ਸਰਕਾਰ ਨੂੰ ਚਾਹੀਦਾ ਸੀ ਕਿ ਉਸ ਦੀ ਇਨਕੁਆਇਰੀ ਕਰਦੀ ਪਰ ਇਨ੍ਹਾਂ ਨੇ ਗਲ ਦਸਣ ਵਾਲਿਆਂ ਨੂੰ ਹੀ ਸਸਪੈਂਡ ਕਰ ਦਿੱਤਾ ਬਜਾਏ ਇਸ ਦੇ ਕਿ ਜਿਸ ਦੇ ਖਿਲਾਫ਼ ਦੂਸ਼ਨ ਲਗੇ ਸਨ ਉਸ ਨੂੰ ਟਰਮੀਨੇਟ ਕਰਦੇ ਜਾਂ ਸਸਪੈਂਡ ਕਰਦੇ ਪਰ ਉਹ ਉਸੇ ਤਰ੍ਹਾਂ ਤੁਰੀ ਫਿਰਦਾ ਹੈ । ਮੈਂ ਕਹਿੰਦਾ ਹਾਂ ਕਿ ਇਸ ਪਾਸੇ ਵਲ ਧਿਆਨ ਦਿਓ ਕੁਰਪਸ਼ਨ ਦਾ ਬੜਾ ਬੋਲ ਬਾਲਾ ਹੈ । ਬੇਰੁਜ਼ਗਾਰੀ, ਮਹਿੰਗਾਈ ਤੇ ਕੁਰਪਸ਼ਨ ਅਗੇ ਨਾਲੋਂ ਵੱਧ ਰਹੀਆਂ ਹਨ । ਲੋਕ ਬਾਹਰ ਜਾ ਰਹੇ ਹਨ । ਇਕ ਹੋਰ ਗਲ ਵੇਖੋ ਕਿ ਲੋਕ ਆਪਣੇ ਨਾਂ ਅਗੇ ਹੁਣ ਸਿੰਘ ਨਹੀਂ ਲਿਖਵਾਉਂਦੇ, ਕੁਲਦੀਪ ਸਿੰਘ, ਕੁਲਦੀਪ ਗਿੱਲ ਲਿਖਾਉਂਦਾ ਹੈ ਜਾਂ ਕੁਲਦੀਪ ਧਾਲੀਵਾਲ ਲਿਖਾਉਂਦਾ ਹੈ । ਲੋਕ ਬੇਰੁਜ਼ਗਾਰੀ ਦੇ ਮਾਰੇ ਬਾਹਰ ਜਾ ਰਹੇ ਹਨ ਸਰਕਾਰ ਇਸ ਪਾਸੇ ਧਿਆਨ ਦੇਵੇ । ਜਿਹੜੇ ਬੇਰੁਜ਼ਗਾਰ ਫਿਰਦੇ ਹਨ ਉਨਾਂ ਨੂੰ ਰੋਜ਼ਗਾਰ ਦੇਵੇ । ਕਿਸਾਨ ਦਾ ਖਿਆਲ ਨਹੀਂ ਰਖਿਆ ਜਾਂਦਾ, ਮਜ਼ਦੂਰ ਦਾ ਖਿਆਲ ਨਹੀਂ ਰਖਿਆ ਜਾਂਦਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਜਗਰੂਪ ਸਿੰਘ (ਜਗਰਾਉਂ): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਗਰੀਕਲਚਰ ਅੰਰ ਇੰਡਸਟਰੀ ਦੀ ਡਿਮਾਂਡ ਤੇ ਬੋਲਣ ਦਾ ਮੌਕਾ ਦਿਤਾ ਹੈ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ 80% ਆਬਾਦੀ ਜਿਹੜੀ ਹੈ ਉਹ ਪਿੰਡਾਂ ਵਿਚ ਹੈ ਅੰਰ ਹਿੰਦੁਸਤਾਨ ਦੀ ਅਕਾਨੋਮੀ ਜ਼ਿਹੜੀ ਹੈ ਉਹ ਖੇਤੀਬਾੜੀ ਤੇ ਨਿਰਭਰ ਕਰਦੀ ਹੈ ਅੰਰ ਇਸ ਦੇ ਵਿਚ ਕੋਈ ਸ਼ਕ ਨਹੀਂ ਕਿ ਪੰਜਾਬ ਦੇ ਮਿਹਨਤੀ ਜ਼ਿਮੀਂਦਾਰ ਨੇ ਐਗਰੀਕਲਚਰ ਵਿਚ ਬੜੀ ਤਰੱਕੀ ਕੀਤੀ ਹੈ ਅੰਰ ਦੁਨੀਆਂ ਵਿਚ ਆਪਣਾ ਨਾਂ ਪੈਦਾ ਕੀਤਾ ਹੈ। 1950 ਤੋਂ 1965 ਤਕ ਸਾਨੂੰ ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ ਅੰਰ ਕਈ ਸਟੇਟਾਂ ਵਿਚ ਭੁਖ ਨਾਲ ਮੌਤਾਂ ਵੀ ਹੋਇਆ ਕਰਦੀਆਂ ਸਨ। ਸਾਡੇ ਇਥੇ ਦੇ ਮਿਹਨਤੀ ਕਿਸਾਨ ਨੇ ਮੰਨਿਆ ਹੈ ਕਿ ਉਸ ਨੇ ਐਗਰੀਕਲਚਰ ਵਿਚ ਵੀਟ ਦਾ ਜਿਹੜਾ ਰਿਕਾਰਡ ਹੈ ਦੁਨੀਆਂ ਵਿਚ ਪੈਦਾ ਕੀਤਾ ਹੈ। ਸਾਡੇ 2500 ਕਿਲੋ ਫੀ ਹੈਕਟੇਅੱਰ ਵੀਟ ਹੁੰਦੀ ਹੈ ਅਤੇ 4500 ਕਿਲੋ ਪੈਡੀ ਹੁੰਦੀ ਹੈ। ਪੈਡੀ ਵਿਚ ਅਸੀਂ ਜਾਪਾਨ ਨਾਲੋਂ ਪਿਛੇ ਹਾਂ ਪਰ ਕਣਕ ਸਾਰੀ ਦੁਨੀਆ ਤੋਂ ਵੱਧ ਪੈਦਾ ਕੀਤੀ ਹੈ (ਥੰਪਿੰਗ) ਇਹ ਸਾਰਾ ਸਿਹਰਾ ਗੌਰਮੈਂਟ ਦੀਆਂ ਅੱਛੀਆਂ ਨੀਤੀਆਂ ਦਾ ਸਦਕਾ ਹੁੰਦਾ ਹੈ।

ਪ੍ਰੋਫੈਸਰ ਬਲਵੰਤ ਸਿੰਘ: ** ** **

Mr Deputy Speaker: No point of order.

ਸਰਦਾਰ ਜਗਰੂਪ ਸਿੰਘ: ਡਿਪਟੀ ਸਪੀਕਰ ਸਾਹਿਬ, ਪਤਾ ਨਹੀਂ ਲਗਦਾ ਇਨ੍ਹਾਂ ਦੋਸਤਾਂ ਦਾ ਅਗਰ ਚੰਗੀ ਗਲ ਵੀ ਕੀਤੀ ਜਾਏ ਤਾਂ ਵੀ ਇਹ ਟੋਕਾ ਟੋਕੀ ਕਰੀ ਰਖਦੇ ਹਨ। ਜਦੋਂ ਇਹ ਬੋਲਦੇ ਹਨ ਮੈਂ ਕਦੇ ਨਹੀਂ ਟੋਕਦਾ, ਸੁਣਦਾ ਰਹਿੰਦਾ ਹਾਂ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਪੈਦਾਵਾਰ ਜਿਹੜੀ ਵਧੀ ਹੈ ਇਹ ਗੌਰਮਿੰਟ ਦੀਆਂ ਅੱਛੀਆਂ ਨੀਤੀਆਂ ਦਾ ਸਦਕਾ ਹੀ ਹੈ। ਅਸੀਂ ਕੁਆਪ੍ਰੇਟਿਵ ਬੈਂਕਾਂ, ਕਮਰਸ਼ੀਅੱਲ ਬੈਂਕਾਂ ਅਤੇ ਬੈਂਕਾ ਨੂੰ ਨੈਸ਼ਨੇਲਾਈਜ਼ ਕਰਕੇ ਉਨ੍ਹਾਂ ਰਾਹੀਂ ਕਿਸਾਨਾਂ ਨੂੰ ਰੁਪਿਆ ਦਿੱਤਾ ਟਰੈਕਟਰ ਵਾਸਤੇ, ਟਿਊਬਵੈਲਾਂ ਵਾਸਤੇ ਅਤੇ ਹੋਰ ਕੰਮਾਂ ਵਾਸਤੇ, ਤਾਂਹੀ ਇਹ ਸਾਰਾ ਕੁਝ ਹੋਇਆ। ਪਰ ਇਸ ਦੇ ਬਾਵਜੂਦ, ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਜਿਥੇ ਜ਼ਿਮੀਦਾਰਾਂ ਨੇ ਸਾਡੇ ਦੇਸ਼ ਦਾ ਨਾਂ ਉਚਾ ਕੀਤਾ ਹੈ ਇੰਨਾਂ ਅਨਾਜ ਪੈਦਾ ਕੀਤਾ, ਬਾਹਰੋਂ ਮੰਗਾਉਣਾ ਨਹੀਂ, ਬਾਹਰ ਭੇਜਣਾ ਸ਼ੁਰੂ ਕੀਤਾ ਪਰ ਫਿਰ ਵੀ ਜ਼ਿਮੀਂਦਾਰ ਮਾਯੂਸ ਹੈ। ਮੈਂ ਨਹੀਂ ਕਹਿੰਦਾ ਕਿ ਜ਼ਿਮੀਂਦਾਰ ਕੋਈ ਅਮੀਰ ਹੋ ਗਿਆ। ਅਸੀਂ ਐਮ. ਐਲ. ਏ. ਹਾਂ ਸਾਨੂੰ ਪਤਾ ਹੈ ਕਿ ਸੈਂਕੜੇ ਹਰੀਜਨਾਂ ਅਤੇ ਜ਼ਿਮੀਂਦਾਰਾਂ ਦੇ ਲੜਕੇ ਪਾਸਪੋਰਟਸ ਬਣਵਾ ਕੇ ਬਾਹਰ ਜਾਂਦੇ ਹਨ। ਇਸ ਦਾ ਮਤਲਬ ਹੈ ਕਿ ਉਸ ਨੂੰ ਖੇਤੀਬਾੜੀ ਵਿਚ ਕੋਈ ਫ਼ਾਇਦਾ ਨਹੀਂ। ਉਸ ਨੇ ਦੇਸ਼ ਦੀ ਭੁਖਮਰੀ ਜ਼ਰੂਰ ਦੂਰ ਕੀਤੀ, ਪਰ ਅੱਜ ਦਾ ਜ਼ਿਮੀਂਦਾਰ ਬੈਂਕਾਂ ਦਾ ਕਰਜ਼ ਈ ਹੈ ਮੈਂ ਕਹਿੰਦਾ ਹਾਂ ਕਿ ਛੋਟੇ ਅੰਰ ਵੱਡੇ ਜ਼ਿਮੀਂਦਾਰ ਦੀ ਤਮੀਜ਼ ਰਖੀ ਜਾਏ ਜਿਹੜੇ ਛੋਟੇ ਜ਼ਿਮੀਦਾਰ ਹਨ ਉਨ੍ਹਾਂ ਨੂੰ ਹਰ ਹਾਲਤ ਵਿਚ ਇਨਸੈਨਟਿਵਜ਼ ਦੇਣੇ ਚਾਹੀਦੇ ਹਨ। ਜਿਵੇਂ ਇੰਡਸਟਰੀ-ਆਲਿਸਟਸ ਨੂੰ 4% ਤੇ ਕਰਜ਼ਾ ਦਿਤਾ ਜਾਂਦਾ ਹੈ ਪਰ ਚਾਹੇ ਕੋਈ ਜ਼ਿਮੀਂਦਾਰ 2 ਏਕੜ ਵਾਲਾ ਹੈ, ਭਾਵੇਂ 4 ਏਕੜ ਵਾਲਾ ਹੈ ਅਤੇ ਭਾਵੇਂ 10 ਏਕੜ ਵਾਲਾ ਹੈ ਉਸ ਨੂੰ ਉਸੇ ਤਰ੍ਹਾਂ 11, 12% ਤੇ ਕਰਜ਼ਾ ਦਿੱਤਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਜਿਹੜਾ ਬੜਾ ਜ਼ਿਮੀਂਦਾਰ ਹੈ ਬੇਸ਼ਕ ਉਸ ਨੂੰ ਇਸੇ ਰੇਟ ਦਿਓ ਪਰ ਜਿਹੜਾ ਛੋਟਾ ਜ਼ਿਮੀਂਦਾਰ ਹੈ ਅੰਤ ਜਿਹੜਾ 10 ਏਕੜ ਤੋਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਘੱਟ ਵਾਲਾ ਹੈ ਉਸ ਨੂੰ 4% ਇੰਟਰਸਟ ਲਾ ਕੇ ਖਾਦ ਦਿਓ, ਬੀਜ ਦਿਓ ਟਰੈਕਟਰ ਦਿਓ ਅੱਰ ਮੈਂ ਤਾਂ ਕਹਾਂਗਾ ਕਿ ਟਰੈਕਟਰ ਤੇ ਉਸ ਨੂੰ ਸਬਸਿਡੀ ਵੀ ਦਿਓ । ਇੰਡਸਟਰੀਆਲਿਸਟ ਅਗਰ ਕਿਸੇ ਬੈਕਵਰਡ ਏਰੀਆ ਵਿਚ ਇੰਡਸਟਰੀ ਲਾਉਂਦਾ ਹੈ ਤਾਂ ਉਸ ਨੂੰ ਚੌਥਾ ਹਿੱਸਾ ਤਾਂ ਐਵੇਂ ਹੀ ਮੁਆਫ਼ ਹੋ ਜਾਂਦਾ ਹੈ । ਜੇਕਰ ਇੰਡਸਟਰੀ 20 ਲੱਖ ਰੁਪਏ ਦੀ ਹੁੰਦੀ ਹੈ ਤਾਂ ਉਸ ਦਾ ਐਸਟੀਮੇਟ ਉਹ 35 ਲੱਖ ਰੁਪਏ ਦਾ ਪਹਿਲੋਂ ਹੀ ਬਣਾਉਂਦਾ ਹੈ । ਸੋ ਇਸ ਤਰ੍ਹਾਂ ਸਰਕਾਰ ਦਾ ਪੈਸਾ ਇਹ ਸਿਆਣੇ ਲੋਕ ਢੰਗ ਨਾਲ ਚੋਰੀ ਕਰਦੇ ਹਨ । ਗਰੀਬ ਕਿਸਾਨ ਅਤੇ ਮਜ਼ਦੂਰਾਂ ਨੂੰ ਤਾਂ ਬਹੁਤ ਹੱਦ ਤਕ ਗੌਰਮਿੰਟ ਦੀਆਂ ਸਕੀਮਾਂ ਦਾ ਪਤਾ ਹੀ ਨਹੀਂ ਹੁੰਦਾ । ਜਿਹੜੇ ਵੱਡੇ ਜ਼ਿਮੀਂਦਾਰ ਹਨ ਜਾਂ ਵੱਡੇ ਇੰਡਸਟਰੀਆਲਿਸਟ ਹਨ ਉਹ ਸਰਕਾਰ ਦਾ ਸਾਰਾ ਪੈਸਾ ਲੈ ਜਾਂਦੇ ਹਨ । ਬਾਕੀ ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਇੰਡਸਟਰੀ ਅਤੇ ਐਗਰੀਕਲਚਰ ਦੀ ਤਰੱਕੀ ਵਿੱਚ ਬਿਜਲੀ ਦਾ ਬੜਾ ਵੱਡਾ ਰੋਲ ਹੈ । ਅੱਜ ਬਿਜਲੀ ਇਨਸਾਨੀ ਜ਼ਿੰਦਗੀ ਦਾ ਹਿੱਸਾ ਬਣ ਚੁਕੀ ਹੈ । ਜੇ ਥੋੜ੍ਹੇ ਟਾਈਮ ਲਈ ਵੀ ਬਿਜਲੀ ਚਲੀ ਜਾਂਦੀ ਹੈ ਤਾਂ ਸਾਰੀ ਜ਼ਿੰਦਗੀ ਚਲਦੇ ਚਲਦੇ ਖੜ ਜਾਂਦੀ ਹੈ । ਸੋ ਸਾਨੂੰ ਸਮੁੱਚਾ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ ਕਿ ਇਥੋਂ ਬਿਜਲੀ ਜ਼ਿਆਦਾ ਪੈਦਾ ਕੀਤੀ ਜਾਵੇ । ਜਦੋਂ ਭਾਖੜਾ ਡੈਮ ਬਣਿਆ ਸੀ ਉਸ ਵੇਲੇ ਇਸਦੀ ਕੈਪੈਸਿਟੀ 800 ਮੈਗਾਵਾਟ ਸੀ । ਉਦੋਂ ਕੋਈ ਬਿਜਲੀ ਨਹੀਂ ਸੀ ਲੈਂਦਾ । ਇਸ ਲਈ ਰਾਜਸਥਾਨ, ਦਿੱਲੀ, ਹਿਮਾਚਲ ਵਾਲੇ ਬਿਜਲੀ ਲੈ ਗਏ । ਪਹਿਲਾਂ ਸਾਡੀ ਸਟੇਟ ਸਮਾਲ ਸਕੇਲ ਇੰਡਸਟਰੀ ਵਿੱਚ ਸਾਰੇ ਦੇਸ਼ ਵਿੱਚ ਪਹਿਲੇ ਨੰਬਰ ਤੇ ਸੀ । ਪਰ ਅੱਜ ਦੂਸਰੇ ਸੂਬੇ ਜਿਵੇਂ ਮਹਾਰਾਸ਼ਟਰਾ, ਕਰਨਾਟਕਾ ਅਤੇ ਆਂਧਰਾ ਹਨ ਉਥੇ ਬਿਜਲੀ ਜ਼ਿਆਦਾ ਹੁੰਦੀ ਹੈ, ਇਸ ਕਾਰਣ ਉਹ ਇਸ ਖੇਤਰ ਵਿੱਚ ਸਾਡੇ ਨਾਲੋਂ ਅੱਗੇ ਨਿਕਲ ਗਏ ਹਨ ਅਤੇ ਅਸੀਂ ਪੱਛੜ ਗਏ ਹਾਂ । ਸਾਨੂੰ ਇਸ ਪਾਸੇ ਵੱਲ ਸਾਧਨ ਪੈਦਾ ਕਰਨੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿੱਚ ਆਬਾਦੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ । ਇਸ ਕਾਰਣ ਜ਼ਿਮੀਦਾਰਾਂ ਕੋਲ ਜਿਹੜੀ ਜ਼ਮੀਨ ਹੈ ਉਹ ਵੀ ਇਸੇ ਰੇਸ਼ੋ ਨਾਲ ਘੱਟ ਰਹੀ ਹੈ । ਸਾਨੂੰ ਪਿੰਡਾਂ ਵਿਚ ਵੀ ਸਮਾਲ ਸਕੇਲ ਇੰਡਸਟਰੀਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ । ਲੁਧਿਆਣੇ ਵਿੱਚ ਇੰਡਸਟਰੀ ਦੇ ਵੱਡੇ ਵੱਡੇ ਲਾਇਸੈਂਸ ਦਿੱਤੇ ਜਾਂਦੇ ਹਨ । ਮੈਂ ਕਹਿੰਦਾ ਹਾਂ ਕਿਉਂ ਨਹੀਂ ਸਮਰਾਲੇ ਅਤੇ ਜਗਰਾਉਂ ਵਿਖੇ ਇਹ ਇੰਡਸਟਰੀਆਂ ਲਗਾਉਂਦੇ । ਅੱਜ ਝੋਨਾ ਅਤੇ ਕਣਕ ਇਤਨਾ ਪੈਦਾ ਹੋ ਰਿਹਾ ਹੈ । ਅੱਜ ਸਾਨੂੰ ਚਾਹੀਦਾ ਹੈ ਕਿ ਐਗਰੋ ਬੇਸਡ ਇੰਡਸਟਰੀਆਂ ਚਾਲੂ ਕਰਕੇ, ਚੀਜ਼ਾਂ ਤਿਆਰ ਕਰਕੇ ਬਾਹਰਲੇ ਮੁਲਕਾਂ ਨੂੰ ਭੇਜੀਏ । ਜ਼ਿਮੀਦਾਰ ਆਲੂ ਪੈਦਾ ਕਰਦਾ ਹੈ ਪਰ ਇਸਦੀ ਕੀਮਤ ਵੀ ਉਸਨੂੰ ਘੱਟ ਮਿਲ ਰਹੀ ਹੈ । ਪਹਿਲਾਂ ਵੀ ਆਲੂ ਰੁਲਿਆ ਹੈ । ਇਸ ਵਾਰੀ ਸਾਨੂੰ ਐਸਾ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਉਸਦਾ ਆਲੂ ਚੁਕਿਆ ਜਾਵੇ । ਜ਼ਿਮੀਂਦਾਰ ਖ਼ਰਚ ਕਰਦਾ ਹੈ ਪਰ ਜਦੋਂ ਉਸਦੀ ਫ਼ਸਲ ਤਿਆਰ ਹੁੰਦੀ ਹੈ ਤਾਂ ਉਸਨੂੰ ਕੋਈ ਲੈਣ ਲਈ ਤਿਆਰ ਨਹੀਂ ਹੁੰਦਾ। ਇਹ ਗੱਲ ਸਾਨੂੰ ਸੋਚਣੀ ਪਵੇਗੀ । ਇੰਡਸਟਰੀਆਲਿਸਟ ਜੋ ਚੀਜ਼ ਪੈਦਾ ਕਰਦਾ ਹੈ ਉਸਦਾ ਬਹੁਤ ਜ਼ਿਆਦਾ ਮੁਨਾਫਾ ਰੱਖ ਕੇ ਉਸਦੀ ਕੀਮਤ ਫਿਕਸ ਕਰਦਾ ਹੈ । ਜਿਹੜੀ ਇੱਕ ਰੁਪਏ ਦੀ ਚੀਜ਼ ਬਣਦੀ ਹੈ ਉਸਨੂੰ ਡੇਢ ਰੁਪਏ ਵਿਚ ਵੇਚਦਾ ਹੈ । ਇਹ ਇੰਡਸਟਰੀਆਲਿਸਟ ਬੜਾ ਭਾਰੀ ਮੁਨਾਫਾ ਲੈਂਦੇ ਹਨ । ਇਥੇ ਦੋਸਤ ਬੋਲੇ ਹਨ ਕਿ ਸੰਨ 1978 ਵਿੱਚ ਚੀਨੀ ਬੜੀ ਸੱਸਤੀ ਹੋ ਗਈ ਸੀ ਇਹ ਸੱਸਤੀ ਕਿਉਂ ਹੋਈ । ਅਸੀਂ

Original with;
Punjab Vidhan Sabha
Digitized by
Panjab Digital Library

[ਸਰਦਾਰ ਜਗਰੂਪ ਸਿੰਘ]

1977 ਵਿੱਚ 30 ਲੱਖ ਟਨ ਖੰਡ ਦਾ ਸਟਾਕ ਛੱਡ ਕੇ ਗਏ ਸੀ । ਇਨ੍ਹਾਂ ਨੇ ਉਹ ਮਾਰਕਿਟ ਵਿੱਚ ਸੁੱਟ ਦਿੱਤੀ । ਚੀਨੀ ਦੀ ਕੀਮਤ ਗਿਰ ਕੇ ਦੋ ਢਾਈ ਰੁਪਏ ਆ ਗਈ । ਜੇ ਚੀਨੀ ਦਾ ਭਾਅ ਦੋ ਢਾਈ ਰਪਏ ਹੋਵੇਗਾ ਤਾਂ ਗੰਨੇ ਦਾ ਭਾਅ ਕੀ ਹੋਵੇਗਾ ? ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਕੋਸਿਸ਼ ਕੀਤੀ ਅਤੇ ਪਿਛਲੇ ਸਾਲ ਗੰਨੇ ਦਾ ਅੱਛਾ ਭਾਵ ਕਿਸਾਨ ਨੂੰ ਦਿਲਵਾਇਆ ਹੈ । ਇਸ ਸਾਲ ਵੀ 23 ਤੋਂ 28 ਰੁਪਏ ਤਕ ਭਾਵ ਮਿਲ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਕਾਮਰੇਡ ਬਲਵੰਤ ਸਿੰਘ ਹੋਰੀ ਦਰਿਆ ਦੇ ਕਿਨਾਰੇ ਕਿਨਾਰੇ ਰਹਿੰਦੇ ਹਨ ਅਤੇ ਇਹ ਸਾਰੇ ਸ਼ਰਾਬ ਕੱਢਦੇ ਹਨ । ਡਿਪਟੀ ਸਪੀਕਰ ਸਾਹਿਬ, ਜਗਰਾਉਂ ਵਿੱਚ ਚੀਫ ਸੈਕਟਰੀ ਸਾਹਿਬ ਗਏ ਸਨ । ਸਾਡੇ ਇਲਾਕੇ ਦਾ ਚੱਕਰ ਵੀ ਇਨ੍ਹਾਂ ਨੇ ਕੀਤਾ । ਅਸੀਂ ਉਨ੍ਹਾਂ ਦੇ ਨੋਟਿਸ ਵਿੱਚ ਲਿਆਂਦਾ ਕਿ ਇਥੇ ਕੋਈ ਇੰਡਸਟਰੀ ਨਹੀਂ । ਉਥੇ ਇਕ ਟੀਮ ਗਈ, ਸਰਵੇ ਹੋਇਆ ਅਤੇ ਰਿਕੁਮੈਂਡੇਸ਼ਨਜ਼ ਵੀ ਆਈਆਂ । ਸਪਿਨਿੰਗ ਮਿਲ, ਐਗਰੋਬੇਸਡ ਇੰਡਸਟਰੀਆਂ ਅਤੇ ਫੋਕਲ ਪੁਆਇੰਟਾਂ ਦੀ ਉਥੇ ਡੀਮਾਂਡ ਹੈ । ਇਹ ਚੀਜ਼ਾਂ ਉਥੇ ਲਾਈਆਂ ਜਾਣ ਤਾਂ ਕਿ ਉਥੇ ਦੇ ਲੋਕਾਂ ਦੀ ਬੇ-ਰੁਜ਼ਗਾਰੀ ਖਤਮ ਹੋ ਸਕੇ । ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ): ਡਿਪਟੀ ਸਪੀਕਰ ਸਾਹਿਬ, ਟਾਈਮ ਦੀ ਕਮੀ ਕਾਰਨ ਮੈਂ ਬੜੇ ਜ਼ਰੂਰੀ ਪੁਆਇੰਟ ਹੀ ਕਹਾਂਗਾ । ਪੰਜਾਬ ਦਾ ਕਿਸਾਨ ਅਤੇ ਮਜ਼ਦੂਰ ਬੜਾ ਮਿਹਨਤੀ ਹੈ ਅਤੇ ਚੰਗਾ ਕੰਮ ਕਰਦਾ ਹੈ ਇਸ ਚੀਜ਼ ਵਿਚ ਮੈਂ ਨਹੀਂ ਜਾਣਾ ਚਾਹੁੰਦਾ ਕਿਉਂਕਿ ਮੇਰੇ ਕੋਲ ਇਤਨਾ ਸਮਾਂ ਨਹੀਂ ਹੈ । ਮੈਂ ਐਗਰੀਕਲਚਰ ਦੀ ਡਿਮਾਂਡ ਬਾਰੇ ਇੱਕ ਗਲ ਕਹਿਣਾ ਚਾਹੁੰਦਾ ਹਾਂ । ਇਥੇ ਮੇਰੇ ਕੁਝ ਸਾਥੀਆਂ ਨੇ ਕਿਹਾ ਹੈ ਕਿ ਪੈਦਾਵਾਰ ਇਤਨੀ ਹੋ ਗਈ ਹੈ ਅਤੇ ਇਸ ਦਾ ਰੇਟ ਇਹ ਦੇ ਦਿੱਤਾ ਹੈ, ਉਹ ਦੇ ਦਿੱਤਾ ਹੈ । ਮੈਂ ਤੁਹਾਡੇ ਕੋਲ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮਹੀਨੇ ਤਕ ਕਣਕ ਨਿਕਲ ਆਉਣੀ ਹੈ ਅਤੇ ਮੰਡੀਆਂ ਵਿੱਚ ਆ ਜਾਣੀ ਹੈ। ਕਣਕ ਦਾ ਰੇਟ ਕੀ ਹੋਵੇਗਾ ? ਪੰਜਾਬ ਦੇ ਚੀਫ ਮਨਿਸਟਰ ਨੇ ਇਹ ਕਿਹਾ ਕਿ ਇਸ ਦਾ ਰੇਟ 161 ਰੁਪਏ ਕੁਇੰਟਲ ਹੋਣਾ ਚਾਹੀਦਾ ਹੈ । ਪਰ ਮੈਂ ਕਹਿਣਾ ਚਾਹਦਾ ਹਾਂ ਕਿ ਰੇਟ ਤਾਂ ਸੈਂਟਰ ਦੀ ਗੌਰਮਿੰਟ ਨੇ ਮੁਕੱਰਰ ਕਰਨਾ ਹੈ । ਜੇ ਤਾਂ ਇਤਨਾ ਭਾਅ ਕਿਸਾਨ ਨੂੰ ਮਿਲ ਜਾਵੇ ਤਾਂ ਠੀਕ ਹੈ । ਪਰ ਜੇ ਇਸ ਤੋਂ ਘੱਟ ਮਿਲਿਆ ਤਾਂ ਪੰਜਾਬ ਦੇ ਕਿਸਾਨ ਨੂੰ ਜੋ 161 ਰੁਪਏ ਤੋਂ ਘੱਟ ਪੈਸੇ ਮਿਲਣੇ ਹਨ ਕੀ ਉਹ ਪੰਜਾਬ ਸਰਕਾਰ ਆਪਣੇ ਖਜ਼ਾਨੇ ਵਿੱਚੋਂ ਕਿਸਾਨ ਨੂੰ ਦੇਵੇਗੀ । ਇਨ੍ਹਾਂ ਨੇ ਸਿਫਾਰਸ਼ ਕੀਤੀ ਹੈ ਕਿ 161 ਰੁਪਏ ਕਣਕ ਦਾ ਭਾਅ ਮੁਕਰਰ ਹੋਣਾ ਚਾਹੀਦਾ ਹੈ । ਫਰਜ਼ ਕਰੋ ਕਣਕ ਦਾ ਭਾਅ 140 ਰੁਪਏ ਮੁਕੱਰਰ ਹੋਇਆ ਤਾਂ ਕੀ ਬਾਕੀ ਦੇ 21 ਰੁਪਏ ਸਰਕਾਰ ਆਪਣੇ ਖਜ਼ਾਨੇ ਵਿਚੋਂ ਪਾ ਕੇ ਬੋਨਸ ਦੀ ਸ਼ਕਲ ਜਾਂ ਕਿਸੇ ਹੋਰ ਸ਼ਕਲ ਵਿੱਚ ਕਿਸਾਨ ਨੂੰ ਦੇਵੇਗੀ । ਮਨਿਸਟਰ ਸਾਹਿਬ ਨੂੰ ਇਸ ਤੇ ਆਪਣਾ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਦੂਜੀ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੈਦਾਵਾਰ ਦੇ ਲਈ ਮੰਡੀਆਂ ਦੀ ਵੀ ਲੋੜ ਹੈ । ਪਿਛਲੇ ਸੀਜ਼ਨ ਵਿੱਚ ਝੋਨਾ, ਸਭ ਨੂੰ ਪਤਾ ਹੈ ਕਿ ਸੜਕਾਂ ਤੇ ਪਿਆ ਰਿਹਾ । 15-15, 20-20 ਦਿਨ ਢੇਰੀਆਂ ਚੁੱਕੀਆਂ ਨਹੀਂ ਗਈਆਂ । ਇਥੇ ਆਲੂਆਂ ਦੇ ਰੁਲਣ ਦੀ ਗੱਲ ਮੇਰੇ ਕੁਝ ਸਾਥੀਆਂ ਨੇ ਕੀਤੀ ਹੈ । ਪਰ ਮੈਂ ਅੱਜ ਕਹਿਦਾ ਹਾਂ ਕਣਕ ਰੁਲੇਗੀ । ਆਲੂ ਅਗੇ ਰੁੱਲ ਰਿਹਾ ਹੈ । ਝੋਨਾ ਫਿਰ ਰੁਲੇਗਾ। ਕਿਸਾਨ ਨੂੰ ਧੱਕੇ ਪੈਣੇ ਹਨ । ਇਹ ਕਹਿੰਦੇ ਹਨ ਕਿ ਕੁੱਝ ਨਹੀਂ ਰੁਲਣਾ । ਸਾਡੇ ਨੂਰ, ਮਹਿਲ ਇੱਕ

Original with;
Punjab Vidhan Sabha
Digitized by;
Panjab Digital Library

ਟਾਂਗੇ ਵਾਲਾ ਹੁੰਦਾ ਸੀ। ਉਸ ਦੇ ਕੋਲ ਆਪਣੇ ਘੋੜੇ ਲਈ ਹਰੇ ਪੱਠੇ ਮੁੱਕ ਗਏ। ਉਸ ਨੇ ਕੀ ਕੀਤਾ, ਘੋੜੇ ਨੂੰ ਹਰੇ ਖੋਪੇ ਪਵਾ ਦਿੱਤੇ ਅਤੇ ਉਸ ਦੇ ਸਾਹਮਣੇ ਸੁੱਕੇ ਪੱਠੇ ਪਾ ਦਿੱਤੇ ਤਾਂਕਿ ਉਹ ਸੁੱਕੇ ਪੱਠਿਆਂ ਨੂੰ ਹਰੇ ਸਮਝ ਕੇ ਖਾਈ ਜਾਏ। ਜਾਂ ਤਾਂ ਇਨ੍ਹਾਂ ਨੇ ਵੀ ਹਰੀਆਂ, ਐਨਕਾਂ ਪਾਈਆਂ ਹੋਈਆਂ ਹਨ। ਇਹ ਹਰ ਚੀਜ਼ ਬਾਰੇ ਕਹਿੰਦੇ ਹਨ ਕਿ ਇਹ ਰੁਲਣੀ ਨਹੀਂ। ਮੈਂ ਕਹਿੰਦਾ ਹਾਂ ਕਿ ਆਲੂ ਰੁਲਿਆ ਹੈ, ਝੋਨਾ ਰੁਲਿਆ ਹੈ, ਅਤੇ ਹੁਣ ਕਣਕ ਵੀ ਰੁਲੇਗੀ। ਸਾਨੂੰ ਇਸ ਦੇ ਲਈ ਹੁਣੇ ਪ੍ਰਬੰਧ ਕਰਨਾ ਚਾਹੀਦਾ ਹੈ ਤੇ ਉਸ ਨੂੰ ਠੀਕ ਰੇਟ ਦੇਣਾ ਚਾਹੀਦਾ ਹੈ ਅਤੇ ਸਮੇਂ ਸਿਰ ਉਸ ਦੀ ਜਿਣਸ ਚੁਕਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਵਾਰੀ ਜਿਤਨਾ ਗੰਨਾ ਪੰਜਾਬ ਵਿਚ ਹੈ, ਜੇ ਪੰਜਾਬ ਦੀਆਂ ਸਾਰੀਆਂ ਮਿਲਾਂ ਪੂਰੀ ਕਪੈਸਟੀ ਨਾਲ ਵੀ ਚਲਾਈਆਂ ਜਾਣ ਤਾਂ ਵੀ ਉਹ ਸਾਰਾ ਗੰਨਾ ਚੁੱਕ ਨਹੀਂ ਸਕਣਗੀਆਂ। ਫਿਰ ਬਾਂਡ ਕੀਤਾ ਹੋਇਆ ਗੰਨਾ ਵੀ ਨਹੀਂ ਚੁੱਕ ਰਹੇ। ਚਾਹੇ ਬੇਟ ਦਾ ਏਰੀਆ ਹੈ ਜਾਂ ਹੋਰ ਹੈ, ਕਿਸੇ ਦਾ ਵੀ ਗੰਨਾ ਨਹੀਂ ਚੁਕਿਆ ਜਾ ਰਿਹਾ। ਲੋਕਾਂ ਵਿੱਚ ਬੜੀ ਹਾਹਾਕਾਰ ਹੈ। ਲੋਕੀਂ ਲੜ ਰਹੇ ਹਨ। ਉਨ੍ਹਾਂ ਨੂੰ ਪਰਚੀਆਂ ਨਹੀਂ ਮਿਲ ਰਹੀਆਂ। ਅੱਜ ਪਰਚੀਆਂ ਵੰਡਣ ਵਿੱਚ ਵੀ ਕੁਰੱਪਸ਼ਨ ਹੋ ਰਹੀ ਹੈ। ਇਹ ਸਾਰੀਆਂ ਮਿਲਾਂ ਵਿਚ ਹੋ ਰਹੀ ਹੈ, ਚਾਹੇ ਉਹ ਫਗਵਾੜੇ ਦੀ ਮਿਲ ਹੈ, ਚਾਹੇ ਭੋਗਪੁਰ ਦੀ ਹੈ, ਚਾਹੇ ਨਵਾਂ ਸ਼ਹਿਰ ਦੀ ਹੈ, ਚਾਹੇ ਬਟਾਲੇ ਦੀ ਹੈ ਅਤੇ ਚਾਹੇ ਧੂਰੀ ਦੀ ਹੈ। ਕਿਸੇ ਮਿਲ ਨੂੰ ਲੈ ਲਓ। ਲੋਕਾਂ ਨੂੰ ਪਰਚੀਆਂ ਨਹੀਂ ਮਿਲ ਰਹੀਆਂ। ਬਾਂਡ ਕੀਤਾ ਹੋਇਆ ਗੰਨਾ ਨਹੀਂ ਚੁਕਿਆ ਜਾ ਰਿਹਾ ਹੈ। ਅਗਰ ਬਾਂਡ ਕੀਤਾ ਹੋਇਆ ਗੰਨਾ ਨਹੀਂ ਚੁਕ ਰਹੇ ਤਾਂ ਬਾਕੀ ਗੰਨੇ ਦਾ ਕੀ ਬਣੇਗਾ। ਮੈਂ ਇਹ ਗਲ ਜੇ ਕਹਾਂ ਤਾਂ ਬਿਲਕੁਲ ਠੀਕ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਐਤਕੀ ਗੰਨੇ ਨੂੰ ਅੱਗ ਲੱਗੇਗੀ ਅੱਰ ਜਕਰ ਗੰਨੇ ਵਿੱਚੋਂ ਭਾਂਬੜ ਨਿਕਲੇ ਤਾਂ ਉਸ ਸੇਕ ਤੋਂ ਇਹ ਮੰਤਰੀ ਵੀ ਪਰੇ ਨਹੀਂ ਰਹਿ ਸਕਣਗੇ ਕਿਉਂਕਿ ਜੋ ਪਾਲਿਸੀ ਇਨ੍ਹਾਂ ਦੀ ਹੈ ਇਸ ਦੇ ਮੁਤਾਬਿਕ ਗੰਨਾ ਨਹੀਂ ਚੁਕਿਆ ਜਾ ਸਕਦਾ।

ਡਿਪਟੀ ਸਪੀਕਰ ਸਾਹਿਬ, ਅਗਲਾ ਪੁਆਇੰਟ ਮੈਂ ਸਤਲੁਜ-ਜਮਨਾ ਲਿੰਕ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਅੱਰ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਉਂ ਜ਼ਰਖੇਜ਼ ਜ਼ਮੀਨ ਤੁਸੀਂ ਖਰਾਬ ਕਰਨ ਲਗੇ ਹੋ, ਕਿਉਂ ਜ਼ਰਖੇਜ਼ ਜ਼ਮੀਨ ਨੂੰ ਬਰਬਾਦ ਕਰਨ ਲਗੇ ਹੋ। ਉਥੇ ਨਾ ਕੇਵੀ ਇਕ ਪਾਰਟੀ ਦੇ ਲੋਕ ਵਸਦੇ ਹਨ ਬਲਕਿ ਉਥੇ ਕਾਂਗਰਸ ਪਾਰਟੀ ਦੇ ਲੋਕ ਵੀ ਵਸਦੇ ਹਨ, ਕਮਿਊਨਿਸਟ ਪਾਰਟੀ ਦੇ ਵੀ ਵਸਦੇ ਹਨ ਅੱਰ ਅਕਾਲੀ ਪਾਰਟੀ ਦੇ ਵੀ ਵਸਦੇ ਹਨ। ਮੈਂ ਤਾਂ ਇਹ ਕਹਿੰਦਾ ਹਾਂ ਕਿ ਤੁਸੀਂ ਅਲਾਈਨਮੈਂਟ ਠੀਕ ਕਰੋ, ਠੀਕ ਜਗ੍ਹਾ ਵਿਚੋਂ ਦੀ ਜੋ ਨਹਿਰ ਵਗੈਰਾ ਕਢਣੀ ਹੈ, ਜੋ ਲਿੰਕ ਕਰਨਾ ਹੈ, ਠੀਕ ਥਾਂ ਵਿਚੋਂ ਦੀ ਕਰੋ ਫਿਰ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਥਾਂ ਪੜ੍ਹਿਆ ਕਿ ਜਦੋਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਚੀਫ ਮਨਿਸਟਰ ਸਨ ਤਾਂ ਉਸ ਵੇਲੇ ਸਰਕਾਰ ਜ਼ਮਨਾ ਦਾ ਪਾਣੀ ਸਤਲੁਜ ਵਿਚ ਸੁਟਣਾ ਚਾਹੁੰਦੀ ਸੀ। ਪਰ ਹੁਣ ਪੁਜ਼ੀਸ਼ਨ ਉਸ ਦੇ ਉਲਟ ਹੋ ਗਈ ਹੈ। ਮੈਂ ਸਮਝਦਾ ਹਾਂ ਕਿ ਇਹ ਵੀ ਇਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਇਨ੍ਹਾਂ ਨੂੰ ਉਪਰੋਂ ਦਬਾਅ ਪੈਂਦਾ ਹੈ ਅੱਰ ਇਨ੍ਹਾਂ ਦੀਆਂ ਲੱਤਾਂ ਇਤਨਾ ਭਾਰ ਚੁਕ ਨਹੀਂ ਸਕਦੀਆਂ। ਮੈਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਫਿਰ ਕਹਾਂਗਾ ਕਿ ਉਸ ਜ਼ਰਖੇਜ਼ ਜ਼ਮੀਨ ਨੂੰ ਖਰਾਬ ਨਹੀਂ ਕਰਨਾ ਚਾਹੀਦਾ। (ਘੰਟੀ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਤੁਸੀਂ ਹੁਣ ਵਾਇੰਡ ਅੱਪ ਕਰੋ ਜੀ।

ਕਾਮਰੇਡ ਸਰਵਣ ਸਿੰਘ ਚੀਮਾ: ਬਸ ਜੀ, ਇਕ ਮਿੰਟ। ਡਿਪਟੀ ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਹੈ। ਉਥੇ ਪੰਜ ਟਰੈਕਟਰ ਪਹਿਲਾਂ ਖੜੇ ਸਨ ਜਿਹੜੇ ਕਿ ਸਾਰੇ ਸਾਲ ਵਿਚ ਸਿਰਫ 12 ਘੰਟੇ ਚਲੇ ਸਨ ਅੌਰ ਕੰਮ ਪ੍ਰਾਈਵੇਟ ਠੇਕੇਦਾਰ ਨੂੰ ਦਿੱਤਾ ਹੋਇਆ ਸੀ। ਇਸ ਦਾ ਮਤਲਬ ਹੋਇਆ ਕਿ ਇਕ ਘੰਟਾ ਇਕ ਮਹੀਨੇ ਵਿਚ ਉਹ ਟਰੈਕਟਰ ਚਲੇ ਹਨ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੇ ਅਗਲੇ ਟਰੈਕਟਰਾਂ ਤੋਂ ਕੰਮ ਨਹੀਂ ਲਿਆ ਪਰ 6 ਟਰੈਕਟਰ ਹੋਰ ਲੈ ਲਏ ਗਏ ਹਨ। ਕੰਮ ਠੇਕੇਦਾਰ ਕਰ ਰਿਹਾ ਹੈ। ਇਸ ਤਰ੍ਹਾਂ ਇਨ੍ਹਾਂ ਨੇ ਚਾਰ ਲੱਖ 88 ਹਜ਼ਾਰ ਰੁਪਿਆ ਬਰਬਾਦ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਜਦੋਂ ਦੋ ਇੰਜੀਨੀਅਰਜ਼ ਨੇ ਲਿਖ ਕੇ ਦਿੱਤਾ ਕਿ ਇਥੇ ਕੁਰੱਪਸ਼ਨ ਬਹੁਤ ਚਲ ਰਹੀ ਹੈ, ਪ੍ਰਾਈਵੇਟ ਠੇਕੇਦਾਰ ਨੂੰ ਠੇਕਾ ਦਿੱਤਾ ਹੋਇਆ ਹੈ, ਤਾਂ ਚੀਫ ਇੰਜੀਨੀਅਰ ਵਿਜੀਲੈਂਸ ਨੇ ਇਨਕੁਆਇਰੀ ਕੀਤੀ। ਉਹ ਵੀ ਤੁਸੀਂ ਪਤਾ ਕਰ ਲਵੋ ਜਾਂ ਦੁਬਾਰਾ ਇਨਕੁਆਇਰੀ ਕਰਵਾ ਲਵੋ। ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਇਹ ਸੁਣ ਕੇ ਕਿ ਜਿਹੜੇ ਅਫਸਰਾਂ ਨੇ ਲਿਖ ਕੇ ਦਿੱਤਾ ਕਿ ਇਥੇ ਕੁਰੱਪਸ਼ਨ ਹੋ ਰਹੀ ਹੈ ਉਨ੍ਹਾਂ ਦੋਹਾਂ ਅਫਸਰਾਂ ਨੂੰ ਸੱਸਪੈਂਡ ਕਰ ਦਿੱਤਾ ਗਿਆ ਹੈ। ਇਹ ਤੁਸੀਂ ਡਿਪਟੀ ਸਪੀਕਰ ਸਾਹਿਬ, ਆਪ ਹੀ ਅੰਦਾਜ਼ਾ ਲਗਾ ਲਵੋ ਕਿ ਕੰਮ ਕਿਸ ਤਰ੍ਹਾਂ ਚਲੇਗਾ। .. .. .. (ਇਸ ਸਮੇ ਮਾਨਯੋਗ ਮੈਂਬਰ ਸ਼੍ਰੀ ਸੰਤ ਰਾਮ ਸਿੰਗਲਾ ਖੜੇ ਹੋਏ ਅਤੇ ਮਾਨਯੋਗ ਡਿਪਟੀ ਸਪੀਕਰ ਨੇ ਉਨ੍ਹਾਂ ਨੂੰ ਬੋਲਣ ਦੀ ਆਗਿਆ ਦਿੱਤੀ।)

ਸ਼੍ਰੀ ਡਿਪਟੀ ਸਪੀਕਰ: ਚੀਮਾ ਸਾਹਿਬ, ਬੈਠੋ ਹੁਣ। ਬਹੁਤ ਹੋ ਗਿਆ ਹੈ।

ਕਾਮਰੇਡ ਸਰਵਣ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਸਿਰਫ ਇਕ ਹੀ ਪੁਆਇੰਟ ਕਹਿ ਲੈਣ ਦਿਓ ਜੀ। ਗੱਲ ਤਾਂ ਇਤਨੀ ਕੁ ਹੀ ਹੈ ਕਿ ਬਿਜਲੀ ਬੰਦ ਰਹਿੰਦੀ ਹੈ। ਡਿਪਟੀ ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਵੋ ਜੀ। ਮੇਰੀ ਨਿਕੀ ਜਿਹੀ ਬੇਨਤੀ ਹੈ ਉਹ ਸੁਣ ਲਵੋ ਜੀ।.. .. ..

ਸ਼੍ਰੀ ਡਿਪਟੀ ਸਪੀਕਰ: ਸਿੰਗਲਾ ਸਾਹਿਬ, ਜ਼ਰਾ ਕੁ ਬੈਠੋ। ਹਾਂ ਜੀ, ਚੀਮਾ ਸਾਹਿਬ ਬੋਲੋ।

ਕਾਮਰੇਡ ਸਰਵਣ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਦੀ ਲਾਈਸੈਂਸ ਦੇਣ ਦੀ ਨੀਤੀ ਗਲਤ ਹੈ। ਅੱਧੇ ਵੀ ਲਾਈਸੈਂਸ ਨਹੀਂ ਦਿੱਤੇ ਜਾਂਦੇ। ਇਸ ਲਈ ਇਹ ਨੀਤੀ ਦਰੁਸਤ ਕਰਨੀ ਚਾਹੀਦੀ ਹੈ। ਦੂਸਰਾ ਇਹ ਕਿ ਇੰਡਸਟਰੀ ਨੂੰ ਬਿਜਲੀ ਦੇਣੀ ਚਾਹੀਦੀ ਹੈ। ਜੇਕਰ ਇੰਡਸਟਰੀ ਚਲੇਗੀ ਤਾਂ ਹੀ ਮਜ਼ਦੂਰ ਨੂੰ ਕੰਮ ਮਿਲੇਗਾ ਅੌਰ ਜਿਹੜੀ ਭੁੱਖ ਮਰੀ ਹੈ ਉਹ ਦੂਰ ਹੋ ਸਕੇਗੀ।

ਸਰਦਾਰ ਹਰਚਰਨ ਸਿੰਘ ਹੀਰੋ: ** ** **

Mr. Deputy Speaker This is no point of Order.

**Expunged as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸੀ.ਪੀ.ਐਮ. ਦੇ ਸਾਰੇ ਸਦਨ ਵਿਚ ਹਾਜ਼ਰ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਆਗਿਆ ਮੰਗਣ ਲੱਗੇ। ਡਿਪਟੀ ਸਪੀਕਰ ਸਾਹਿਬ ਨੇ ਕਾਮਰੇਡ ਕੁਲਵੰਤ ਸਿੰਘ ਜੀ ਨੂੰ ਬੋਲਣ ਦੀ ਆਗਿਆ ਦਿੱਤੀ।)

ਕਾਮਰੇ ਡਕੁਲਵੰਤ ਸਿੰਘ: ਡਿਪਟੀ ਸਪੀਕਰ ਸਾਹਿਬ, ਮੇਰੇ ਮੋਹਤਰਮ ਮਿੱਤਰ ਨੇ ਸਾਡੇ ਵੱਲ ਉਂਗਲ ਕਰਕੇ ਨਹੀਂ ਬਲਕਿ ਨਾਮ ਲੈ ਕੇ ਕਿਹਾ ਹੈ ਕਿ ਇਨ੍ਹਾਂ ਨੇ ਇਕ ਮਹੀਨਾ ਮਿਲਾਂ ਨੂੰ ਨਹੀਂ ਚਲਣ ਦਿੱਤਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮਿੱਲਾਂ ਇਸ ਕਰਕੇ ਨਹੀਂ ਸੀ ਚੱਲੀਆਂ ਕਿਉਂਕਿ ਸਰਕਾਰ ਗੰਨੇ ਦੇ ਭਾਅ ਦਾ ਫ਼ੈਸਲਾ ਨਹੀਂ ਸੀ ਕਰ ਸਕੀ। ਪਰ ਹੁਣ ਪਰਚੀ ਸਿਸਟਮ ਵਿਚ ਇਹ ਹੋ ਰਿਹਾ ਹੈ ਕਿ ਮਨਿਸਟਰ ਦੀਆਂ ਸਿਫ਼ਾਰਸ਼ਾਂ ਤੇ ਪਰਚੀਆਂ ਮਿਲਦੀਆਂ ਹਨ, ਗਰੀਬ ਕਿਸਾਨ ਨੂੰ ਤਾਂ ਪਰਚ ਨਹੀਂ ਮਿਲਦੀ। ਕੀ ਹੁਣ ਵਜ਼ੀਰ ਤੇ ਅਫਸਰ ਆਪਣੀਆਂ ਸਿਫ਼ਾਰਸ਼ਾਂ ਬੰਦ ਕਰਕੇ ਗਰੀਬ ਕਿਸਾਨਾਂ ਤੇ ਰਹਿਮ ਕਰਨਗੇ।

ਸ਼੍ਰੀ ਸੰਤ ਰਾਮ ਸਿੰਗਲਾ (ਸਮਾਣਾ): ਡਿਪਟੀ ਸਪੀਕਰ ਸਾਹਿਬ, ਮੇਰੇ ਅਕਾਲੀ ਭਰਾ ਨੇ ਇਹ ਕਿਹਾ ਸੀ ਕਿ ਪਿਛਲੇ 30/35 ਸਾਲਾਂ ਤੋਂ ਹਿੰਦੋਸਤਾਨ ਦੀ ਇੰਡਸਟਰੀ ਦੀ ਜਾਂ ਹੋਰ ਕਿਸੇ ਪਾਸੇ ਕੋਈ ਤਰੱਕੀ ਹਿੰਦੋਸਤਾਨ ਦੀ ਨਹੀਂ ਹੋਈ, ਲੇਕਿਨ ਤੁਹਾਨੂੰ ਪਤਾ ਹੈ ਕਿ ਸੰਨ 1947 ਵਿਚ ਹਿੰਦੋਸਤਾਨ ਆਜ਼ਾਦ ਹੋਇਆ। ਉਸ ਸਮੇਂ ਦੇ ਹਿੰਦੋਸਤਾਨ ਦਾ ਨਕਸ਼ਾ ਜੇਕਰ ਵੇਖੀਏ ਅੱਜ ਹੁਣ ਦੇ ਹਿੰਦੋਸਤਾਨ ਦਾ ਨਕਸ਼ਾ ਜੇਕਰ ਵੇਖੀਏ ਤਾਂ ਜ਼ਮੀਨ ਆਸਮਾਨ ਦਾ ਫਰਕ ਹੈ.....

ਸਰਦਾਰ ਹਰਦੀਪਿੰਦਰ ਸਿੰਘ: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੇ ਬਾਰੇ ਕਿਹਾ ਸੀ ਜੀ ਕਿ ਪੰਜਾਬ ਵਿਚ ਤਰੱਕੀ ਨਹੀਂ ਹੋਈ। ਮੈਂ ਹਿੰਦੋਸਤਾਨ ਬਾਰੇ ਨਹੀਂ ਸੀ ਕਿਹਾ।

ਸ਼੍ਰੀ ਸੰਤ ਰਾਮ ਸਿੰਗਲਾ: ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਇਹ ਇਸ ਗੱਲ ਨੂੰ ਤਾਂ ਮੰਨਦੇ ਹਨ ਕਿ ਹਿੰਦੋਸਤਾਨ ਦੀ ਡਿਵੈਲਪਮੈਂਟ ਹੋਈ ਹੈ। ਇਹ ਗੱਲ ਤਾਂ ਇਹ ਵੀ ਮੰਨਦੇ ਹਨ। ਮੈਂ ਸਮਝਦਾ ਹਾਂ ਕਿ ਹਿੰਦੋਸਤਾਨ ਦੀ ਡਿਵੈਲਪਮੈਂਟ ਜੋ ਅਸੀਂ ਹੁਣ ਵੇਖ ਰਹੇ ਹਾਂ ਇਹ ਸਾਡੇ ਸਵਰਗੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਸਿਆਣੀ ਪਲਾਨਿੰਗ ਦਾ ਸਿੱਟਾ ਹੈ। ਉਹ ਸਾਇੰਸ ਅੱਤ ਟੈਕਨਾਲੋਜੀ ਵਿਚ ਬੀਲੀਵ ਕਰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਇਹ ਯੁਗ ਸਾਇਸ ਅੱਤ ਟੈਕਨਾਲੋਜੀ ਦਾ ਯੁਗ ਹੈ। ਇਸ ਵਾਸਤੇ ਉਨ੍ਹਾਂ ਨੇ ਹਿੰਦੋਸਤਾਨ ਦੀ ਡਿਵੈਲਪਮੈਂਟ ਵਾਸਤੇ ਫਾਈਵ ਯੀਅਰ ਪਲਾਨ ਡਿਵੈਲਪ ਕੀਤੇ ਅੱਤ ਹਿੰਦੋਸਤਾਨ ਦਾ ਜੋ ਨਕਸ਼ਾ ਹੁਣ ਨਜ਼ਰ ਆਉਂਦਾ ਹੈ ਇਹ ਉਨ੍ਹਾਂ, ਦੀ ਪਲਾਨਿੰਗਜ਼ ਦਾ ਸਿੱਟਾ ਹੈ, ਇਹ ਨਹਿਰੂ ਜੀ ਦੀ ਸਿਆਣੀ ਸੋਚ ਦਾ ਸਿੱਟਾ ਹੈ, ਉਨ੍ਹਾਂ ਦੀ ਚੰਗੀ ਪਲਾਨਿੰਗ ਦਾ ਨਤੀਜਾ ਹੈ। ਇਹ ਵੀ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੀ ਪਲਾਨਿੰਗ ਦਾ ਨਤੀਜਾ ਹੈ ਕਿ ਇਥੇ ਭਾਖੜਾ ਨੰਗਲ ਜਿਹੇ ਪ੍ਰਾਜੈਕਟ ਬਣੇ, ਘੜੀਆਂ ਦੇ ਕਾਰਖਾਨੇ ਲੱਗੇ, ਟਰੈਕਟਰਾਂ ਦੇ ਕਾਰਖਾਨੇ ਲੱਗੇ, ਇਸ ਵੇਲੇ ਇਥੇ ਹਵਾਈ ਜਹਾਜ਼ਾਂ ਦੇ ਕਾਰਖਾਨੇ ਹਨ। ਇਹ ਸਾਡਾ ਕੁਝ, ਡਿਪਟੀ ਸਪੀਕਰ ਸਾਹਿਬ, ਪੰਡਿਤ ਜੀ ਦੀ ਸੋਚ ਦਾ ਨਤੀਜਾ ਹੈ। ਕੁਝ ਮੇਰੇ ਕਮਿਊਨਿਸਟ ਭਰਾਵਾਂ ਨੇ ਕਿਹਾ ਹੈ ਕਿ ਇੰਡਸਟਰੀ ਉਤੇ 3 ਪੁਆਇੰਟ ਕੁਝ ਪਰਸੈਂਟ ਪੈਸਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੰਤ ਰਾਮ ਸਿੰਗਲਾ]

ਖਰਚ ਕਰਨ ਲਈ ਰਖਿਆ ਗਿਆ ਹੈ ਔਰ ਮੇਰੇ ਅਕਾਲੀ ਵੀਰਾਂ ਨੇ ਕਿਹਾ ਸੀ ਕਿ ਜਿਤਨਾ ਗੁੜ ਪਾਉਗੇ ਉਤਨਾ ਮਿੱਠਾ ਹੋਵੇਗਾ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਮੇਰੇ ਭਰਾਵਾਂ ਦਾ ਵੀ ਤਿੰਨ ਸਾਲ ਰਾਜ ਰਿਹਾ ਹੈ ਇਨ੍ਹਾਂ ਨੇ ਨਾ ਇੰਡਸਟਰੀ ਪਾਸੇ, ਨਾ ਬਿਜਲੀ ਦੀ ਜੈਨਰੇਸ਼ਨ ਵਾਸਤੇ ਕੋਈ ਕੰਮ ਕੀਤਾ ਹੈ । ਇਹ ਤਾਂ ਕਦੇ ਫਾਇਨਾਂਸ਼ੀਅਲ ਅਟਾਨੋਮੀ ਦੀ ਲੜਾਈ ਤੇ ਕਦੇ ਹੋਰ ਕੋਈ ਲੜਾਈ ਲੜਦੇ ਰਹੇ ਪਰ ਪੰਜਾਬ ਦੀ ਤਰੱਕੀ ਵੱਲ ਇਨ੍ਹਾਂ ਨੇ ਨਹੀਂ ਵੇਖਿਆ ।

ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪੰਜਾਬ ਇਕ ਐਗਰੀਕਲਚਰ ਬੇਸਡ ਸਟੇਟ ਹੈ ਲੇਕਿਨ ਐਗਰੀਕਲਚਰ ਦੀ ਪ੍ਰੋਡਕਸ਼ਨ ਬਹੁਤ ਹੋ ਚੁਕੀ ਹੈ ਹੁਣ ਇਸ ਪਾਸੇ ਸਾਡੇ ਪਾਸ ਇਤਨਾ ਸਕੋਪ ਨਹੀਂ ਹੈ । ਹੁਣ ਡਾਈਮਿਨਿਸ਼ਿੰਗ ਰੀਟਰਨ ਸ਼ੁਰੂ ਹੋ ਗਈ ਹੈ ਲੇਕਿਨ ਇੰਡਸਟਰੀ ਜਿਹੜੀ ਹੈ ਇਸ ਪਾਸੇ ਸਾਡੇ ਲਈ ਬਹੁਤ ਸਕੋਪ ਹੈ । ਇਸ ਲਈ ਇੰਡਸਟਰੀਆਲਾਈਜ਼ੇਸ਼ਨ ਕਰਨ ਵਾਸਤੇ ਸਾਨੂੰ ਹੁਣ ਤੋਂ ਹੀ ਸੋਚਣਾ ਚਾਹੀਦਾ ਹੈ।..

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ, ਸਰਦਾਰ ਗੁਰਨੈਬ ਸਿੰਘ ਬਰਾੜ ਜੀ ਨਾਲ ਉਨ੍ਹਾਂ ਦੀ ਸੀਟ ਤੇ ਬੈਠੇ ਸਨ।)

ਸਰਦਾਰ ਗੁਰਨੈਬ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ । ਡਿਪਟੀ ਸਪੀਕਰ ਸਾਹਿਬ, ਮੈਂ ਤਹਾਨੂੰ ਇਹ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪਾਂਧੀ ਸਾਹਿਬ ਉਧਰੋਂ ਛੱਡ ਕੇ ਸਾਡੇ ਪਾਸੇ ਆ ਗਏ ਹਨ । (ਬਹੁਤ ਹਾਸਾ)

ਸ੍ਰੀ ਸੰਤ ਰਾਮ ਸਿੰਗਲਾ : ਡਿਪਟੀ ਸਪੀਕਰ ਸਾਹਿਬ, ਇਸ ਸੂਬ ਦੀ ਇਕਾਨੋਮੀ ਨੂੰ ਬੜਾਉਣ ਵਾਸਤੇ, ਇਰੀਗੇਸ਼ਨ ਨੂੰ ਬੜਾਉਣ ਵਾਸਤੇ ਇੰਡਸਟਰੀ ਨੂੰ ਬੜਾਉਣ ਵਾਸਤੇ, ਪੰਜਾਬ ਦੀ ਕਾਂਗਰਸ ਸਰਕਾਰ ਨੇ ਬੜੀ ਮਜ਼ਬੂਤ ਖੋਜ ਕੀਤੀ ਔਰ ਇਸ ਦੀ ਵੱਡੀ ਸੋਚ ਦਾ ਸਿੱਟਾ ਹੈ ਕਿ ਇਸ ਨੇ ਪਾਵਰ ਉਤੇ ਸਾਰੇ ਬਜਟ ਦਾ 50% ਪੈਸਾ ਲਗਾਉਣਾ ਹੈ । ਇਹ ਪਾਵਰ ਐਗਰੋ-ਇੰਡਸਟਰੀ ਵਾਸਤੇ ਹੀ ਕੰਮ ਆਉਣੀ ਹੈ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇੰਡਸਟਰੀ ਦਾ ਬਜਟ 35% ਨਹੀਂ ਸਮਝ ਲੈਣਾ ਚਾਹੀਦਾ । (ਘੰਟੀ) ਇਸ ਵਿਚ ਪਾਵਰ ਦਾ ਵੀ ਬਜਟ ਸ਼ਾਮਲ ਹੋਣਾ ਚਾਹੀਦਾ ਹੈ । ਸਾਡਾ ਟੋਟਲ ਪਲਾਨ 385 ਕਰੋੜ ਦਾ ਹੈ ਔਰ ਇਸ ਵਿਚੋਂ 179-180 ਕਰੋੜ ਪਾਵਰ ਲਈ ਹੈ । ਫਿਰ ਡਿਪਟੀ ਸਪੀਕਰ ਸਾਹਿਬ, ਅਸੀਂ ਆਨੰਦਪੁਰ ਸਾਹਿਬ ਦਾ ਜੋ ਹਾਈਡਲ ਪ੍ਰਾਜੈਕਟ ਹੈ, ਰੋਪੜ ਦਾ ਥਰਮਲ ਪਲਾਂਟ ਹੈ ਇਨ੍ਹਾਂ ਦੇ ਵਾਸਤੇ ਟਾਈਮ ਨੂੰ ਐਡਵਾਂਸ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ । ਜਿਸ ਤਰ੍ਹਾਂ ਕਿ ਰੋਪੜ ਥਰਮਲ ਪਲਾਂਟ ਜਿਸ ਦਾ ਕਿ ਨੀਂਹ ਪੱਥਰ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਰੱਖਿਆ ਹੈ ਤਿੰਨ ਸਾਲਾਂ ਵਿਚ ਕੰਪਲੀਟ ਕਰਨ ਦਾ ਟੀਚਾ ਬਣਾਇਆ ਹੈ ਔਰ ਇਸ ਤਰ੍ਹਾਂ 420 ਮੈਗਾਵਾਟ ਬਿਜਲੀ ਪੈਦਾ ਹੋਵੇਗੀ ।

ਇਸ ਤੋਂ ਇਲਾਵਾ ਹੋਰ ਵੀ ਛੋਟੀਆਂ ਛੋਟੀਆਂ ਹਾਈਡਲ ਸਕੀਮਾਂ ਹਨ ਜਿਸ ਤਰ੍ਹਾਂ ਕਿ ਮਾਈਕਰੋ ਹਾਈਡਲ ਸੈਟਸ ਬਾਰੇ ਸਕੀਮਾਂ ਹਨ । ਉਥੋਂ ਵੀ ਬਿਜਲੀ ਹੋਰ ਮਿਲਣੀ ਹੈ । ਡਿਪਟੀ ਸਪੀਕਰ ਸਾਹਿਬ, ਅਸੀਂ ਮਾਈਕਰੋ ਹਾਈਡਲ ਸੈਟਸ ਵਧਾ ਰਹੇ ਹਾਂ.....

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਮਾਈਕਰੋ ਹਾਈਡਲ ਸੋਰਸਿਜ਼ ਆਫ ਪਾਵਰ ਐਸੇ ਪਰਾਜੈਕਟਸ ਹਨ ਜਿਨ੍ਹਾਂ ਦੀ ਸਟੇਟ ਨੂੰ ਬਹੁਤ ਲੋੜ ਹੈ । ਇਹ ਵੀ ਪੰਜਾਬ ਵਿਚ ਲਗ ਰਹੇ ਹਨ । ਇਸ ਨਾਲ ਜਿਹੜੇ ਛੋਟੇ ਛੋਟੇ ਫਾਲ ਨੇ ਉਥੇ ਬਿਜਲੀ ਜੈਨਰੇਟ ਹੋਏਗੀ ਅੰਰ ਇਸ ਸਬੰਧ ਵਿਚ ਪੰਜਾਬ ਵਿਚ ਪੰਜ ਜਗ੍ਹਾ ਤੇ ਇਸ ਦੀ ਇਨਵੈਸ਼ਟੀਗੇਸ਼ਨ ਹੋ ਰਹੀ ਹੈ । ਉਹ ਜਗ੍ਹਾ ਹਨ ਨਿਦਾਮਪੁਰ, ਥੂਹੀ, ਰੋਹਤੀ, ਦਾਓਦਰ ਅਤੇ ਧਾਰੀਵਾਲ । ਇਸ ਲਈ ਸਰਕਾਰ ਨੇ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਨਾਲ ਮਿਲ ਕੇ ਜਿਹੜੀ ਐਕਸਪਲੋਰਿੰਗ ਕੀਤੀ ਜਾਣੀ ਹੈ ਉਸ ਵਿਚ ਸਾਡੀ ਸਰਕਾਰ ਨੇ ਕਾਫੀ ਕੋਸ਼ਿਸ਼ ਕੀਤੀ ਹੈ । ਇਸ ਤੋਂ ਇਲਾਵਾ ਥਰਮਲ ਪਲਾਂਟ ਦੀ ਯੂਟੇਲਾਈਜ਼ੇਸ਼ਨ ਕਪੈਸਿਟੀ ਨੂੰ ਵੀ ਅਸੀਂ ਵਧਾ ਰਹੇ ਹਾਂ ਅੰਰ ਜਿਹੜੇ ਲਾਈਨ ਲਾਸਿਜ਼ ਹੁੰਦੇ ਹਨ ਉਨ੍ਹਾਂ ਨੂੰ ਵੀ ਰਡਿਊਸ ਕਰਨ ਦੀ ਕਾਫੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਹ ਤੋਂ ਇਲਾਵਾ ਸਾਡੀ ਸਰਕਾਰ ਨੇ ਇੰਡਸਟਰੀਲਾਈਜੇਸ਼ਨ ਕਰਨ ਲੁਈ, ਜਿਥੇ ਪਾਵਰ ਦੇਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਇਕ ਡਿਪਾਰਮੈਂਟ ਆਫ ਟੈਕਨਾਲੋਜੀ ਵੀ ਕਾਇਮ ਕੀਤਾ ਜਾਵੇਗਾ ਜਿਸ ਵਿਚ ਸੋਚਿਆ ਜਾਵੇਗਾ ਕਿ ਵਧ ਤੋਂ ਵੱਧ ਪਾਵਰ ਪੈਦਾ ਕਿਵੇਂ ਹੋ ਸਕਦੀ ਹੈ । (ਘੰਟੀ)

ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਇੰਡਸਟਰੀ ਦੇ ਖੇਤਰ ਵਿਚ ਪਿਛਲੇ ਸਾਲ ਕਾਫੀ ਤਰੱਕੀ ਕੀਤੀ ਹੈ । ਕੁਲ ਲਾਰਜ ਅੰਰ ਸਮਾਲ 18 ਯੂਨਿਟਸ ਪਬਲਿਕ ਸੈਕਟਰ ਵਿਚ ਪਰੋਡਕਸ਼ਨ ਵਿਚ ਆਏ ਹਨ ਅੰਰ ਇਸ ਸਾਲ 5 ਹੋਰ ਵਡੇ ਯੂਨਿਟਸ 1982-83 ਵਿਚ ਲਗ ਜਾਣਗੇ । ਕੁਲ 12 ਯੂਨਿਟਸ ਲਗਣੇ ਹਨ ਪਰ ਜਿਹੜੇ ਇਹ 5 ਮੇਜਰ ਯੂਨਿਟਸ ਹਨ ਇਹ ਪੀ. ਐਸ. ਆਈ. ਡੀ. ਸੀ. ਨੇ ਲਾਉਣੇ ਹਨ । ਅਮੋਨੀਅਮ ਕਲੋਰਾਈਡ, ਸੋਡਾ ਐਸ., ਕਾਸਟਿਕ ਸੋਡਾ ਆਦਿ ਇਹ ਪ੍ਰਾਜੈਕਟਸ ਪੰਜਾਬ ਵਿਚ ਲਗ ਜਾਣਗੇ । ਇਸ ਤੋਂ ਇਲਾਵਾ ਇਕ ਹੋਰ ਬਹੁਤ ਵੱਡਾ ਪ੍ਰਾਜੈਕਟ ਰੇਲਵੇ ਦਾ ਡੀਜ਼ਲ ਕੰਪੋਨੈਂਟ ਵਰਕਸ਼ਾਪ ਪ੍ਰਾਜੈਕਟ, ਪਟਿਆਲੇ ਵਿਚ ਲਗਾਇਆ ਜਾ ਰਿਹਾ ਹੈ । ਉਸ ਦਾ ਨੀਂਹ ਪੱਥਰ ਰਖਿਆ ਗਿਆ ਹੈ । ਇਸ ਦਾ ਨੀਂਹ ਪੱਥਰ ਰਖਣ ਲਈ ਸਾਡੇ ਨੌਜਵਾਨ ਨੇਤਾ ਇਥੇ ਪਟਿਆਲਾ ਆਏ ਸਨ ਅਤੇ ਇਹ 50 ਕਰੋੜ ਰੁਪਏ ਦਾ ਪ੍ਰਾਜੈਕਟ ਲਗਣਾ ਹੈ ਇਸ ਤੋਂ ਇਲਾਵਾ ਇਸ ਦੇ 100 ਐਨਸਿਲਰੀ ਯੂਨਿਟ ਹੋਰ ਲਗ ਜਾਣਗੇ ਜਿਸ ਨਾਲ ਲੋਕਾਂ ਨੂੰ ਰੋਜ਼ਗਾਰ ਵੀ ਮਿਲੇਗਾ ਅਤੇ ਪੰਜਾਬ ਦੀ ਡਿਵੈਲਪਮੈਂਟ ਵੀ ਹੋਰ ਹੋਵੇਗੀ ।

ਫਿਰ, ਡਿਪਟੀ ਸਪੀਕਰ ਸਾਹਿਬ, ਥੇ ਸਾਡੀ ਸਰਕਾਰ ਨੇ ਇੰਡਸਟਰੀਲਾਈਜ਼ੇਸ਼ਨ ਵਾਸਤੇ ਸੋਚਿਆ ਹੈ ਉਥੇ ਸਰਕਾਰ ਨੇ ਵੀਕਰ ਸੈਕਸ਼ਨ ਵਾਸਤੇ ਵੀਵਰ, ਹੈਂਡਲੂਮ ਅਤੇ ਟੈਕਸਟਾਈਲ ਨੂੰ ਵੀ ਬਹੁਤ ਬੜਾਵਾ ਦਿੱਤਾ ਹੈ ਤਾਕਿ ਜਿਹੜੇ ਵੀਕਰ ਸੈਕਸ਼ਨ ਦੇ ਲੋਕ ਹਨ ਉਹ ਵੀ ਤਰੱਕੀ ਕਰ ਸਕਣ ।

ਇਸ ਤੋਂ ਇਲਾਵਾ ਪੜ੍ਹੇ ਲਿਖੇ ਨੌਜਵਾਨਾਂ ਵਾਸਤੇ ਇੰਪਲਾਇਮੈਂਟ ਦੇਣ ਲਈ ਟਰਾਈਸਮ ਸਕੀਮ ਚਲਾਈ ਹੈ । ਇਸ ਨਾਲ ਜਿਹੜੇ ਸਾਡੇ ਪੜੇ ਲਿਖੇ ਨੌਜਵਾਨ ਹਨ ਉਨ੍ਹਾਂ ਨੂੰ ਰੋਜ਼ਗਾਰ ਵੀ ਮਿਲੇਗਾ ਅਤੇ ਉਹ ਤਰੱਕੀ ਕਰ ਸਕਣਗੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅਪ ਕਰੋ ।

ਸ਼੍ਰੀ ਸੰਤ ਰਾਮ ਸਿੰਗਲਾ: ਡਿਪਟੀ ਸਪੀਕਰ ਸਾਹਿਬ, ਮੈਂ ਜਲਦੀ ਹੀ ਖਤਮ ਕਰ ਦਿਆਂਗਾ । ਡਿਪਟੀ ਸਪੀਕਰ ਸਾਹਿਬ, ਜਿਥੇ ਸਾਡੀ ਸਰਕਾਰ ਨੇ ਇੰਡਸਟਰੀ ਨੂੰ ਜ਼ਿਆਦਾ ਬਿਜਲੀ ਦੇਣ ਦਾ ਯਤਨ ਕੀਤਾ ਹੈ ਉਥੇ ਮੈਂ ਸਮਝਦਾ ਹਾਂ ਕਿ ਸਭ ਤੋਂ ਵੱਧ ਲੋੜ ਇੰਡਸਟਰੀਅਲ ਪੀਸ ਰਖਣ ਦੀ ਲੜ ਹੈ । ਪੰਜਾਬ ਵਿਚ ਅਮਨ ਰਹੇ ਇਹ ਬਹੁਤ ਜ਼ਰੂਰੀ ਹੈ । ਜਿੰਨਾ ਚਿਰ ਤਕ ਅਮਨ ਕਾਇਮ ਨਹੀਂ ਰਹਿੰਦਾ ਇੰਡਸਟਰੀ ਦੀ ਤਰੱਕੀ ਨਹੀਂ ਹੋ ਸਕਦੀ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪੰਜਾਬ ਦਾ ਬਹੁਤ ਸਾਰਾ ਹਿੱਸਾ ਬਾਰਡਰ ਦੇ ਨਾਲ ਲਗਦਾ ਹੈ । ਪਾਕਿਸਤਾਨ ਨਾਲ ਸਾਡੀ ਪਹਿਲੇ ਵੀ ਕਈ ਵਾਰ ਜੰਗ ਹੋ ਚੁੱਕੀ ਹੈ । ਅੰਮ੍ਰਿਤਸਰ ਅੰਰ ਫਿਰੋਜ਼ਪੁਰ ਦਾ ਏਰੀਆ ਐਸਾ ਹੈ ਜਿਹੜਾ ਕਿ ਕਾਫੀ ਸਿਕਿਓਰਡ ਨਹੀਂ ਹੈ। ਇਥੋਂ ਦੇ ਲੋਕ ਸਕਾਰਡ ਰਹਿੰਦੇ ਹਨ । ਪਰ ਇਸ ਤੋਂ ਵੀ ਦੁੱਖ ਜ਼ਿਆਦਾ ਇਹ ਹੈ ਕਿ ਇਹ ਜਿਹੜੇ ਅਕਾਲੀ ਭਰਾ ਹਨ ਇਹ ਉਨ੍ਹਾਂ ਸ਼ਕਤੀਆਂ ਨੂੰ ਉਤਸ਼ਾਹ ਦੇ ਰਹੇ ਹਨ ਜਿਹੜੇ ਪੰਜਾਬ ਦਾ ਅਮਨ ਭੰਗ ਕਰਨਾ ਚਾਹੁੰਦੇ ਹਨ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਤੋਂ ਜਾਣਕਾਰੀ ਕਰਾ ਦੇਣੀ ਚਾਹੀਦੀ ਹੈ ਤਾਕਿ ਜਦੋਂ ਇਹ ਕੋਈ ਇਹੋ ਜਿਹੀ ਅਵਾਜ਼ ਉਠਾਉਣ ਤਾਂ ਉਹ ਸਾਡੇ ਪੰਜਾਬ ਦੇ ਲੋਕ ਉਸ ਅਵਾਜ਼ ਨੂੰ ਕੁਚਲ ਕੇ ਰਖ ਦੇਣ । ਇਸ ਲਈ, ਮੈਂ ਕਹਿੰਦਾ ਹਾਂ ਕਿ ਜਦੋਂ ਤਕ ਪੰਜਾਬ ਵਿਚ ਇੰਡਸਟਰੀਅਲ ਪੀਸ ਮੇਨਟੇਨ ਨਹੀਂ ਰਹੇਗੀ ਤਦੋਂ ਤਕ ਪੰਜਾਬ ਵਿਚ ਇੰਡਸਟਰੀ ਦੀ ਤਰੱਕੀ ਨਹੀਂ ਹੋ ਸਕਦੀ । (ਘੰਟੀ)

ਇਸ ਤੋਂ ਬਾਅਦ ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੇ ਮਿਨੀਮਮ ਵੇਜਿਜ਼ ਸਰਕਾਰ ਨੇ ਸਕਿਲਡ ਅੰਰ ਅਨ-ਸਕਿਲਡ ਲੇਬਰਰਜ਼ ਲਈ ਫਿਕਸ ਕੀਤੇ ਹਨ, ਉਸ ਲਈ ਇੰਸਟ੍ਰਕਸ਼ਨਾਂ ਜਾਰੀ ਕਰ ਦੇਣੀਆਂ ਚਾਹੀਦੀਆਂ ਹਨ ਕਿ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਜਲਦੀ ਕੀਤੀ ਜਾਵੇ ਅੰਰ ਜਿਹੜੇ ਇਨ੍ਹਾਂ ਇੰਸਟ੍ਰਕਸ਼ਨਾਂ ਨੂੰ ਫਾਲੋ ਨਹੀਂ ਕਰਦੇ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ ।

ਇਸ ਤੋਂ ਇਲਾਵਾ ਮੈਂ ਇਕ ਗੱਲ ਹੋਰ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਰਾਅ ਮੈਟੀਰੀਅਲ ਦੀ ਜਿਹੜੀ ਡਿਸਟਰੀਬਿਊਸ਼ਨ ਹੈ ਇਹ ਠੀਕ ਨਹੀਂ ਹੈ । ਗਲਤ ਆਦਮੀਆਂ ਨੂੰ ਇਹ ਰਾਅ ਮੈਟੀਰੀਅਲ ਮਿਲ ਜਾਂਦਾ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਵਲ ਧਿਆਨ ਦੇ ਕੇ ਸਹੀ ਆਦਮੀਆਂ ਨੂੰ ਇਹ ਕੋਟੇ ਦਿਵਾਉਣੇ ਚਾਹੀਦੇ ਹਨ ।

ਇਸ ਦੇ ਨਾਲ ਮੈਂ ਇਕ ਗੱਲ ਇਹ ਜ਼ਰੂਰ ਕਹਿਣੀ ਚਾਹਵਾਂਗਾ ਕਿ ਜਿਥੇ ਸਾਡੀ ਇੰਡਸਟਰੀ ਅੱਜ ਪੰਜਾਬ ਵਿਚ ਤਰੱਕੀ ਕਰ ਰਹੀ ਹੈ ਅਤੇ ਨਵੇਂ ਪ੍ਰਾਜੈਕਟਸ ਪੰਜਾਬ ਵਿਚ ਲਗ ਰਹੇ ਹਨ ਉਥੇ ਸਾਡੀ ਇਹ ਬਦਕਿਸਮਤੀ ਹੈ ਕਿ ਪੰਜਾਬ ਦੇ ਟੈਕਨੋਕਰੈਟਸ ਇੰਜੀਨੀਅਰਜ਼ ਵਿਚ ਇਹ ਫੀਲਿੰਗ ਪੈਦਾ ਹੋ ਰਹੀ ਹੈ ਕਿ ਉਨ੍ਹਾਂ ਨੂੰ ਸੈਕੰਡ ਕਲਾਸ ਸਰਵੈਂਟ ਸਮਝਿਆ ਜਾਂਦਾ ਹੈ । ਇਹ ਠੀਕ ਹੈ ਕਿ ਬਿਓਰੋਕਰੇਟ ਕਾਫੀ ਸਮਝਦਾਰ ਹੁੰਦੇ ਹਨ ਪਰ ਜਿਹੜਾ ਹਿੱਸਾ ਇਨ੍ਹਾਂ ਟੈਕਨੋਕਰੈਟਸ ਇੰਜੀਨੀਅਰਜ਼ ਦਾ ਇਨ੍ਹਾਂ ਪ੍ਰਾਜੈਕਟਸ ਵਿਚ ਹੈ, ਚਾਹੇ ਉਹ ਬਿਜਲੀ ਵਧਾਉਣ ਵਿਚ ਹੈ ਜਾਂ ਇੰਡਸਟਰੀ ਦੇ ਖੇਤਰ ਵਿਚ ਹੈ, ਉਹ ਵੀ ਬਹੁਤ ਜ਼ਿਆਦਾ ਹੈ । ਇਸ ਲਈ ਮੈਂ ਕਹਿੰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਇਹ ਤਰੱਕੀ ਇੰਜੀਨੀਅਰਜ਼ ਨੇ ਕਰਨੀ ਹੈ ਅੱਰ ਇਹ ਇਕ ਸਿੱਧੇਂਟਿਕ ਡਿਵੈਲਪਮੈਂਟ ਹੋਣੀ ਚਾਹੀਦੀ ਹੈ। ਇਸ ਡਿਵੈਲਪਮੈਂਟ ਵਿਚ ਬਿਓਰੋਕਰੈਟਸ ਅੱਰ ਟੈਕਨੋਕਰੈਟਸ ਦਾ ਬਰਾਬਰ ਦਾ ਹਿੱਸਾ ਹੈ। ਇਸ ਲਈ ਸਰਕਾਰ ਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਟੈਕਨੋਕਰੈਟਸ ਇੰਜੀਨੀਅਰਜ਼ ਵਿਚ ਇਸ ਤਰ੍ਹਾਂ ਦੀ ਫੀਲਿੰਗ ਨਾ ਰਹਿਣ ਦੇਵੇ । ਬਿਜਲੀ ਬੋਰਡ ਵਿਚ ਇਨ੍ਹਾਂ ਨੇ 5 ਅਫ਼ਸਰ ਲਾ ਦਿੱਤੇ ਹਨ ਜਿਸ ਕਾਰਨ ਉਨ੍ਹਾਂ ਵਿਚ ਕੁਝ ਰਿਜ਼ੈਂਟਮੈਂਟ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਉਥੇ ਚੀਫ਼ ਇੰਜੀਨੀਅਰਜ਼ ਨੂੰ ਹੀ ਰਿਪ੍ਰੈਜ਼ੈਨਟੇਸ਼ਨ ਦੇਣੀ ਚਾਹੀਦੀ ਹੈ ਅੱਰ ਇਸ ਤੋਂ ਇਲਾਵਾ ਜਿਹੜੇ ਪੇ-ਸਕੇਲ ਹਨ ਇਹ ਵੀ ਬਿਓਰੋਕਰੈਟਸ ਤੋਂ ਘੱਟ ਨਹੀਂ ਹੋਣੇ ਚਾਹੀਦੇ । ਸਾਡੇ ਇੰਜੀਨੀਅਰਜ਼ ਦੇ ਪੇ-ਸਕੇਲ ਕਾਫੀ ਘੱਟ ਹਨ । ਪੰਜਾਬ ਦੀ ਡਿਵੈਲਪਮੈਂਟ ਵਿਚ ਪੰਜਾਬ ਦੇ ਇੰਜੀਨੀਅਰਜ਼ ਨੇ ਕਾਫੀ ਹਿੱਸਾ ਪਾਇਆ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਪੇ-ਸਕੇਲ ਕਿਸੇ ਤੋਂ ਘੱਟ ਨਹੀਂ ਹੋਣੇ ਚਾਹੀਦੇ ।

ਇਕ ਗੱਲ ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਕਹਿ ਕੇ ਮੁਕਾ ਦਿਆਂਗਾ । ਇੰਡਸਟਰੀ ਡਿਪਾਰਟਮੈਂਟ ਵਿਚ ਕੁਝ ਰਿਜ਼ੈਂਟਮੈਂਟ ਹੈ ਇਹ ਰਿਜ਼ੈਂਟਮੈਂਟ ਪਰਮੋਸ਼ਨ ਦੇ ਬਾਰੇ ਵਿਚ ਹੈ । ਪਰਮੋਸ਼ਨ ਦੇ ਬਾਰੇ ਵਿਚ ਇਕ 3-8-1979 ਨੂੰ ਆਰਡਰ ਇਸ਼ੂ ਹੋਇਆ ਸੀ ਉਸ ਵਿਚ ਇਹ ਸੀ ਕਿ ਜਿਹੜਾ ਕੋਈ ਅਸਿਸਟੈਂਟ ਡਾਇਰੈਕਟਰ ਹੈ ਉਸ ਨੂੰ ਡਿਪਟੀ ਡਾਇਰੈਕਟਰ ਬਣਨ ਲਈ 5 ਸਾਲ ਦੇ ਐਕਸਪੀਰੀਐਂਸ ਦੀ ਲੋੜ ਹੈ, ਇਸੇ ਤਰ੍ਹਾਂ ਜਿਹੜਾ ਡਿਪਟੀ ਡਾਇਰੈਕਟਰ ਕਲਾਸ 2 ਹੈ ਉਸ ਨੂੰ ਕਲਾਸ ਵਨ ਡਿਪਟੀ ਡਾਇਰੈਕਟਰ ਬਣਨ ਲਈ 5 ਸਾਲ ਦੇ ਐਕਸਪੀਰੀਐਂਸ ਦੀ ਲੋੜ ਹੈ । ਇਸੇ ਤਰ੍ਹਾਂ ਕਲਾਸ ਵਨ ਡਿਪਟੀ ਡਾਇਰੈਕਟਰ ਤੋਂ ਜੁਆਇੰਟ ਡਾਇਰੈਕਟਰ ਬਣਨ ਲਈ ਵੀ 5 ਸਾਲ ਦੇ ਐਕਸਪੀਰੀਐਂਸ ਦੀ ਲੋੜ ਹੈ ਪਰ ਪਿਛੇ ਜਨਤਾ ਰਿਜੀਮ ਵੇਲੇ ਇਨ੍ਹਾਂ ਇੰਸਟ੍ਰਕੱਸ਼ਨਾਂ ਨੂੰ ਫਾਲੋ ਨਹੀਂ ਕੀਤਾ ਗਿਆ ਅੱਰ ਜਿਹੜਾ ਮਰਜ਼ੀ ਆਇਆ ਉਸ ਨੂੰ ਪ੍ਰੋਮੋਸ਼ਨ ਦੇ ਦਿੱਤੀ । ਇਸ ਲਈ ਹੁਣ ਇਹ ਰਿਜ਼ੈਂਟਮੈਂਟ ਹੋ ਗਈ ਹੈ ਜਾਂ ਤਾਂ ਉਹ ਪਰੋਸੀਜਰ ਫਾਲੋ ਕਰੋ ਜਾਂ ਫਿਰ ਉਨ੍ਹਾਂ ਨੂੰ ਵੀ ਸਿੱਧੀ ਭਰਤੀ ਰਾਹੀਂ ਪ੍ਰੋਮੋਸ਼ਨ ਦੇ ਦੇਣੀ ਚਾਹੀਦੀ ਹੈ ਤਾਕਿ ਇਹ ਰਿਜ਼ੈਂਟਮੈਂਟ ਨਾ ਰਹੇ । ਐਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ (ਕਾਦੀਆਂ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ । ਮੈਂ ਖੇਤੀ ਬਾੜੀ ਦੇ ਸਬੰਧ ਵਿਚ ਜਿਹੜੀ ਡਿਮਾਂਡ ਹੈ ਉਸ ਤੇ ਕੁਝ ਵਿਚਾਰ ਰਖਣਾ ਚਾਹੁੰਦਾ ਹਾਂ । ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਮੈਂ ਨੁਕਤਾਚੀਨੀ ਦੇ ਲਿਹਾਜ਼ ਨਾਲ ਕੋਈ ਗਲ ਨਹੀਂ ਕਰਾਂਗਾ ਸਿਰਫ ਉਸਾਰੀ ਦੇ ਪੱਖ ਵਿਚ ਹੀ ਆਪਣਾ ਵਿਚਾਰ ਰਖਾਂਗਾ । ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਖੇਤੀ ਬਾੜੀ ਦਾ ਸਬੰਧ ਹੈ ਮਹਾਤਮਾ ਗਾਂਧੀ ਜਿਸ ਨੂੰ ਨੇਸ਼ਨ ਦਾ ਬਾਪੂ ਕਿਹਾ ਜਾਂਦਾ ਹੈ ਉਹ ਇਹ ਕਿਹਾ ਕਰਦੇ ਸਨ ਕਿ ਅਸਲੀ ਹਿੰਦੁਸਤਾਨ ਪੰਜਾਬ ਦੇ ਪਿੰਡਾਂ ਵਿਚ ਵਸਦਾ ਹੈ । ਪਿੰਡਾਂ ਦੇ ਵਿਚ 80 ਫੀਸਦੀ ਰਹਿਣ ਵਾਲੀ ਅਬਾਦੀ ਚਾਹੇ ਉਹ ਕਿਸਾਨ ਹਨ, ਜਾਂ ਖੇਤ ਮਜ਼ਦੂਰ ਹਨ, ਹਿੰਦੁਸਤਾਨ ਦੀ ਸਾਰੀ ਇਕਾਨੋਮੀ ਇਨ੍ਹਾਂ ਤੇ ਡਿਪੈਂਡ ਕਰਦੀ ਹੈ । ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਬਹੁਤ ਸਾਰੇ ਸਜਣਾਂ ਨੇ ਇਥੇ ਆਪਣੇ ਵਿਚਾਰ ਰਖੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਸਰੂਪਵਾਲੀ]

ਇਹ ਗੱਲ ਬੜੇ ਧਿਆਨ ਨਾਲ ਸੁਣਨ ਵਾਲੀ ਹੈ ਕਿ ਬਟਾਲਾ ਦਾ ਕੋਈ ਇੰਡਸਟਰੀਲਿਸਟ ਕੋਈ ਮਸ਼ੀਨਰੀ ਬਣਾ ਕੇ ਦੁਨੀਆਂ ਦੇ ਕਿਸੇ ਕੋਨੇ ਵਿਚ ਭੇਜ ਸਕਦਾ ਹੈ ਅਤੇ ਮੁਨਾਫਾ ਕਮਾ ਸਕਦਾ ਹੈ ਪਰ ਬਦਕਿਸਮਤੀ ਨਾਲ ਕਿਸਾਨ ਜਿਹੜਾ ਇਤਨੀ ਮਿਹਨਤ ਕਰਦਾ ਹੈ ਅਤੇ ਪੈਦਾਵਾਰ ਕਰਦਾ ਹੈ ਉਹ ਆਪ ਦੀ ਜਿਣਸ, ਅਨਾਜ ਨੂੰ ਹਿੰਦੁਸਤਾਨ ਦੇ ਦੂਜੇ ਸੂਬਿਆਂ ਦੇ ਵਿਚ ਨਹੀਂ ਵੇਚ ਸਕਦਾ ਉਸ ਨੂੰ ਵੇਚ ਸਕਣ ਦਾ ਕੋਈ ਹੱਕ ਨਹੀਂ ਹੈ। ਇਹ ਕਿਸਾਨ ਦੇ ਨਾਲ ਬੜਾ ਵੱਡਾ ਵਿੱਤਕਰਾ ਹੈ ਪਰ ਇਹ ਕਿਉਂ ਕੀਤਾ ਜਾਂਦਾ ਹੈ। ਇਸ ਦੀ ਬੈਕਗਰਾਊਂਡ ਦੇ ਵਿਚ ਬਹੁਤ ਵੱਡੀ ਗੱਲ ਹੈ। ਇਹ ਠੀਕ ਹੈ ਕਿ ਹਿੰਦੁਸਤਾਨ ਨੇ ਤਰੱਕੀ ਕੀਤੀ ਹੈ ਅਤੇ ਕਰ ਰਿਹਾ ਹੈ ਪਰ ਸਾਡਾ ਮੇਨ ਬੇਸ ਖੇਤੀ ਬਾੜੀ ਹੈ। ਸਰਦਾਰ ਜਰਨੈਲ ਸਿੰਘ ਹੋਰਾਂ ਨਾਲ ਮੈਂ ਸਹਿਮਤ ਹਾਂ ਕਿ ਪੰਜਾਬ ਨੇ ਇਸ ਖੇਤਰ ਵਿਚ ਬਹੁਤ ਤਰੱਕੀ ਕੀਤੀ ਹੈ ਪਰ ਮੈਂ ਦੱਸਦਾ ਹਾਂ ਕਿ ਪੰਜਾਬ ਦੇ ਕਿਸਾਨ ਦੇ ਸਿਰ ਤੇ ਜ਼ਮੀਨ ਦਾ ਕਰਜ਼ਾ, ਟਰੈਕਟਰ ਦਾ ਕਰਜ਼ਾ, ਪਸ਼ੂਆਂ ਦਾ ਕਰਜ਼ਾ, ਟਿਊਬਵੈਲ ਦਾ ਕਰਜ਼ਾ ਹੈ ਅੋਰ ਉਹ ਇਸ ਭਾਰ ਥੱਲੇ ਦਬਿਆ ਹੋਇਆ ਹੈ। ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਆਪਣੀ ਸਪੀਚ ਵਿਚ ਕਿਹਾ ਸੀ ਕਿ ਅਸੀਂ 112 ਕਰੋੜ ਰੁਪਏ ਸਬਸਿਡੀ ਦੇ ਰੂਪ ਵਿਚ ਕਿਸਾਨਾਂ ਨੂੰ ਇਰੀਗੇਸ਼ਨ ਵਿਚ ਦੇ ਰਹੇ ਹਾਂ। ਪਰ ਇਹ ਉਹ ਕਿਸਾਨ ਹੈ ਜਿਸ ਨੇ ਹਿੰਦੁਸਤਾਨ ਨੂੰ ਬਾਹਰਲੇ ਮੁਲਕਾਂ ਤੋਂ ਠੂਠਾ ਫੜਨ ਤੋਂ ਛੁੱਡਵਾ ਦਿੱਤਾ ਅੋਰ ਤੁਸੀਂ ਕਹਿੰਦੇ ਹੋ ਕਿ ਅਸੀਂ ਬਿਜਲੀ ਦੇ ਵਿਚ ਰਿਆਇਤ ਦੇ ਰਹੇ ਹਾਂ। ਇਹ ਰਿਆਇਤਾਂ ਰਿਆਇਤਾਂ ਨਹੀਂ ਹਨ ਇਸ ਤੇ ਹੋਰ ਸੋਚਣ ਦੀ ਲੋੜ ਹੈ। ਚੌਧਰੀ ਕਾਂਸ਼ੀ ਰਾਮ ਜੀ ਵੀ ਕਿਸਾਨ ਹਨ ਅਤੇ ਐਗਰੀਕਲਚਰ ਮਨਿਸਟਰ ਹਨ ਤੁਸੀਂ ਕਿਸਾਨਾਂ ਵਾਸਤੇ ਜਿਹੜੀ ਮਸ਼ੀਨਰੀ ਚਾਹੀਦੀ ਹੈ ਉਸ ਦੇ ਲਈ ਐਗਰੋ-ਬੇਸਡ ਇੰਡਸਟਰੀ ਪੰਜਾਬ ਵਿਚ ਜ਼ਿਆਦਾ ਤੋਂ ਜ਼ਿਆਦਾ ਕਾਇਮ ਕਰੋ ਤਾਕਿ ਕਿਸਾਨਾਂ ਨੂੰ ਇਸ ਦਾ ਫਾਇਦਾ ਹੋ ਸਕੇ। ਤੁਸੀਂ ਐਗਰੋ ਬੇਸਡ ਫੈਕਟਰੀਆਂ ਕਾਇਮ ਕਰੋ ਤਾਂਕਿ ਕਿਸਾਨਾਂ ਦਾ ਫਾਇਦਾ ਡਾਲਮੀਆਂ ਅਤੇ ਟਾਟੇ ਬਿਰਲੇ ਨੂੰ ਨਾ ਜਾਵੇ। ਪੰਜਾਬ ਦੇ ਵਿਚ 2-3 ਐਸੇ ਹਿੱਸੇ ਹਨ ਜਿਵੇਂ ਕਿ ਮਾਲਵਾ ਬੈੱਲਟ ਹੈ ਇਸ ਇਲਾਕੇ ਵਿਚ ਨਰਮਾ ਅਤੇ ਕਪਾਹ ਬਹੁਤ ਹੁੰਦੀ ਹੈ। ਇਸ ਇਲਾਕੇ ਵਿਚ ਤੁਸੀਂ ਟੈਕਸਟਾਈਲ ਇੰਡਸਟਰੀ ਲਗਾਓ ਤਾਂਕਿ ਕਿਸਾਨਾਂ ਦਾ ਨਰਮਾ ਅਤੇ ਕਪਾਹ ਇਥੇ ਲਗ ਸਕੇ ਅਤੇ ਕਿਸਾਨਾਂ ਦਾ ਫਾਇਦਾ ਗੁਜਰਾਤ ਦਾ ਕਰੋੜ ਪਤੀ ਲਾਲਾ ਨਾ ਉਠਾ ਸਕੇ ਜਾਂ ਫਿਰ ਉਸ ਦੇ ਮੁਨਾਫੇ ਵਿਚੋਂ ਕਿਸਾਨ ਨੂੰ ਹਿੱਸਾ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਦੂਜੇ ਪਾਸੇ ਦੁਆਬਾ ਰਿਜਨ ਹੈ। ਇਸ ਇਲਾਕੇ ਵਿਚ ਆਲੂ ਬਹੁਤ ਹੁੰਦਾ ਹੈ। ਇਸ ਵਕਤ ਆਲੂ ਦਾ ਫਲੱਡ ਆਇਆ ਹੋਇਆ ਹੈ। ਸਰਕਾਰ ਨੂੰ ਇਨ੍ਹਾਂ ਆਲੂਆਂ ਨੂੰ ਸਟੋਰ ਕਰਨ ਲਈ ਸਰਕਾਰੀ ਤੌਰ ਤੇ ਕੋਲਡ ਸਟੋਰੇਜ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਕਿਉਂਕਿ ਪ੍ਰਾਈਵੇਟ ਕੋਲਡ ਸਟੋਰੇਜ ਵਾਲੇ ਕਿਸਾਨਾਂ ਤੋਂ ਮਨ ਮਰਜ਼ੀ ਦਾ ਰੇਟ ਲਗਾਉਂਦੇ ਹਨ। ਇਹ ਠੀਕ ਹੈ ਕਿ ਸਾਡੇ ਪੰਜਾਬ ਵਿਚ ਜ਼ੀਰੇ, ਫਗਵਾੜਾ ਅਤੇ ਗਰਦਾਸਪੁਰ ਵਿਚ ਇਕ ਦੋ ਮਿਲਾਂ ਸ਼ੂਗਰ ਦੀਆਂ ਲਗੀਆਂ ਹਨ (ਘੱਟੀ) ਮੈਂ ਦੱਸਦਾ ਹਾਂ ਕਿ ਇਹ ਦੋ ਮਿਲਾਂ ਵੀ ਪੂਰਾ ਕੰਮ ਨਹੀਂ ਕਰ ਰਹੀਆਂ। ਬਟਾਲਾ ਮਿਲ ਨੇ 26 ਲੱਖ ਕਵਿੰਟਲ ਗੰਨਾ ਬਾਂਡਿਡ ਪੀੜਨਾ ਸੀ ਪਰ ਹਾਲੇ ਤੱਕ ਇਸ ਮਿਲ ਨੇ 10 ਲੱਖ ਕਵਿੰਟਲ ਗੰਨਾ ਹੀ ਕੇਵਲ ਕ੍ਰੱਸ਼ ਕੀਤਾ ਹੈ ਅਤੇ 13 ਅਪ੍ਰੈਲ ਤੱਕ ਕਿਵੇਂ ਸਾਰੇ ਬਾਂਡਿਡ ਗੰਨੇ ਨੂੰ ਕ੍ਰੱਸ਼ ਕਰ ਲੈਣਗੇ। ਮੈਂ ਅਨ-ਬਾਂਡਿਡ ਦੀ ਗੱਲ ਨਹੀਂ ਕਰਦਾ

Original with;
Punjab Vidhan Sabha
Digitized by;
Panjab Digital Library

ਹਾਂ । ਹਾਲਤ ਇਹ ਹੈ ਕਿ ਕਿਸਾਨ ਦਾ ਗੰਨਾ ਟਾਈਮ ਸਿਰ ਨਹੀਂ ਪੀੜਿਆ ਜਾਂਦਾ । ਗੁਰਦਾਸਪੁਰ ਵਿਚ ਰੰਧਾਵਾ ਸਾਹਿਬ, ਚੌਧਰੀ ਕਾਂਸ਼ੀ ਰਾਮ ਅਤੇ ਸੀ. ਐਮ. ਸਾਹਿਬ ਗਏ ਸਨ ਅੱਤ ਉਨ੍ਹਾਂ ਦੇ ਨੋਟਿਸ ਵਿਚ ਇਹ ਗੱਲ ਲਿਆਂਦੀ ਸੀ । ਇਹ ਗੱਲ ਮੰਨੀ ਹੋਈ ਹੈ ਕਿ ਗੰਨੇ ਵਿਚ ਸਭ ਤੋਂ ਜ਼ਿਆਦਾ ਰਿਕਵਰੀ ਮਹਾਂਰਾਸ਼ਟਰ ਦੀ ਹੈ ਪਰ ਇਸ ਨੂੰ ਹੁਣ ਸਾਡਾ ਬਟਾਲਾ ਕੰਪੀਟ ਕਰ ਰਿਹਾ ਹੈ । ਅੱਤ ਅਸੀਂ 12% ਇਨਕਰੀਜ਼ ਕੀਤੀ ਹੈ । ਬਾਦਲ ਸਾਹਿਬ ਨੇ ਕਿਸਾਨਾਂ ਨੂੰ 42 ਲੱਖ ਰੁਪਿਆ ਦਾ ਬੋਨਸ ਦਿੱਤਾ ਸੀ ਅਤੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਵੀ ਦਿੱਤਾ ਹੈ ਪਰ ਹੁਣ ਬਟਾਲੇ ਕਿਸਾਨਾਂ ਨੇ ਮੰਗ ਕੀਤੀ ਸੀ ਕਿ ਸਾਨੂੰ 6 ਲੱਖ ਰੁਪਿਆ ਬੋਨਸ ਦਾ ਜਿਹੜਾ ਪਿਆ ਹੈ ਉਹ ਸਾਨੂੰ ਦਿੱਤਾ ਜਾਵੇ ਅਤੇ ਸੀ. ਐਮ. ਸਾਹਿਬ ਮੰਨ ਵੀ ਗਏ ਸਨ ਪਰ ਹਾਲੇ ਤੱਕ ਕੋਈ ਪੈਸਾ ਨਹੀਂ ਦਿਤਾ ਗਿਆ ਮੇਹਰਬਾਨੀ ਕਰਕੇ ਇਹ ਰੁਪਏ ਕਿਸਾਨਾਂ ਨੂੰ ਦੇਣ ਦੀ ਖੇਚਲ ਕਰੋ । ਇਹ ਠੀਕ ਹੈ ਕਿ ਤੁਸੀਂ ਸੈਂਟਰ ਤੋਂ 6 ਮਿਲਾਂ ਮੰਗੀਆਂ ਸਨ ਪਰ ਤੁਹਾਨੂੰ ਮਿਲੀਆਂ ਕੇਵਲ 2 ਹਨ । ਇਕ ਸਾਡੇ ਬਟਾਲੇ ਦੀ ਮਿਲ ਦੀ ਕੈਪੀਸਿਟੀ ਦੁਗਣੀ ਕਰਨ ਬਾਰੇ ਲਾਈਸੈਂਸ ਜਾਰੀ ਹੋਇਆ ਸੀ । ਮੈਂ ਇਸ ਬਾਰੇ ਸਵਾਲ ਵੀ ਕੀਤਾ ਸੀ ਅਤੇ ਬੀਰਪਾਲ ਸਿੰਘ ਜੀ ਨੇ ਜਵਾਬ ਵੀ ਦਿੱਤਾ ਸੀ ਕਿ ਉਸ ਸਾਲ ਮਿਲ ਵਿਚ ਘਾਟਾ ਪੈਣ ਕਰਕੇ ਅਸੀਂ ਇਸ ਮਿਲ ਨੂੰ ਐਕਸਪੈਂਡ ਨਹੀਂ ਕਰ ਸਕੇ । ਕੀ ਤੁਸੀਂ ਮਿਲ ਨੂੰ ਐਕਸਪੈਂਡ ਮੁਨਾਫੇ ਵਿਚੋਂ ਕਰਨਾ ਸੀ । ਐਕਸਪੈਨਸ਼ਨ ਤਾਂ ਤੁਸੀਂ ਬੈਂਕਾਂ ਤੋਂ ਲੋਨ ਲੈ ਕੇ ਕਰਨੀ ਸੀ ਲੇਕਿਨ ਇਸ ਝਗੜੇ ਵਿਚ ਐਕਸਪੈਨਸ਼ਨ ਦਾ ਲਾਈਸੈਂਸ ਦੀ ਮਿਆਦ ਓਵਰ ਹੋ ਗਈ ਅਤੇ ਲਾਈਸੈਂਸ ਲੈਪਸ ਹੋ ਗਿਆ । ਇਹ ਅਣਗਹਿਲੀ ਜਿਸ ਅਫਸਰ ਦੀ ਹੈ ਉਹ ਜ਼ਿੰਮੇਵਾਰ ਅਫਸਰ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਖੇਤੀ ਬਾੜੀ ਵਾਸਤੇ ਜਿਹੜੀਆਂ ਜ਼ਰੂਰੀ ਚੀਜ਼ਾਂ ਜਿਵੇਂ ਖਾਦਾਂ, ਡੀਜ਼ਲ, ਬਿਜਲੀ, ਕੀੜੇ ਮਾਰ ਦਵਾਈਆਂ ਪਾਣੀ ਦਾ ਇੰਤਜ਼ਾਮ ਕਰਕੇ ਕਿਸਾਨਾਂ ਨੂੰ ਦਿਓ । ਮੈਂ ਨੁਕਤਾਚੀਨੀ ਨਹੀਂ ਕਰਦਾ । ਪਰ ਤੁਸੀਂ ਦੇਖ ਲਵੋ ਕਿ ਬਾਦਲ ਸਾਹਿਬ ਦੇ ਵੇਲੇ ਖਾਦ ਦੀ ਬੋਰੀ ਦਾ ਮੁਲ 72 ਰੁਪਏ ਸੀ ਜਦ ਕਿ ਹੁਣ ਇਹ 121 ਰੁਪਏ ਵਿਚ ਮਿਲਦੀ ਹੈ । ਬਾਦਲ ਸਾਹਿਬ ਨੇ ਕਿਸਾਨਾਂ ਨੂੰ ਜਿਹੜਾ ਲੋਨ ਤੇ 12% ਵਿਆਜ ਲਗਦਾ ਸੀ ਉਸ ਨੂੰ ਘੱਟਾ ਕੇ 10% ਕਰ ਦਿੱਤਾ ਸੀ ਯਾਨੀ 2% ਵਿਆਜ ਘੱਟ ਕਰ ਦਿੱਤਾ ਸੀ । ਪਰ ਤੁਸੀਂ ਆ ਕੇ ਫਿਰ ਇਹ ਵਿਆਜ ਦੀ ਦਰ 12% ਕਰ ਦਿੱਤੀ ਹੈ । ਅੱਤ ਤੁਸੀਂ ਹੁਣ ਇਸ ਬਜਟ ਦੇ ਵਿਚ ਫੇਰ 30 ਕਰੋੜ ਰੁਪਏ ਦੇ ਟੈਕਸ ਲਗਾ ਦਿੱਤੇ ਹਨ । (ਘੰਟੀ)

11.48 A.M. (ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਕਿਸਾਨ ਜਿਣਸ ਆਪਣੀ ਮਾਰਕਿਟ ਵਿਚ ਲੈ ਕੇ ਜਾਂਦਾ ਹੈ ਉਸ ਦੇ ਨਾਲ ਵਪਾਰੀ ਹਮਦਰਦੀ ਨਹੀਂ ਕਰਦਾ ਹੈ ਅਤੇ ਨਾ ਹੀ ਸਰਕਾਰ ਹਮਦਰਦੀ ਕਰਦੀ ਹੈ । ਬਜਾਏ ਇਸ ਦੇ ਕਿ ਇਹ ਕਿਸਾਨ ਦੀ ਹੌਸਲਾ ਅਫਜ਼ਾਈ ਕਰਨ । ਕੁਦਰਤ ਨੇ ਬਿਜਲੀ ਦੇ ਮਾਮਲੇ ਵਿਚ ਸਾਡੀ ਬੜੀ ਮਦਦ ਕੀਤੀ ਹੈ ਪਰ ਦੂਜੇ ਪਾਸੇ ਹੁਣ ਬਾਰਸ਼ਾਂ ਬੰਦ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਸਰੂਪਵਾਲੀ]

ਨਹੀਂ ਹੋ ਰਹੀਆਂ ਅਤੇ ਇਸ ਦਾ ਨੁਕਸਾਨ ਕਿਸਾਨ ਦੀਆਂ ਖੜੀਆਂ ਫਸਲਾਂ ਤੇ ਪੈ ਰਿਹਾ ਹੈ ਅਤੇ ਇਹ ਫਸਲਾਂ ਸੜ ਰਹੀਆਂ ਹਨ । ਸਰਕਾਰ ਨੂੰ ਇਸ ਨੁਕਸਾਨ ਦਾ ਮੁਆਵਜ਼ਾ ਦੇਣਾ ਚਾਹੀਦਾ ਹੈ ।

Mr. Speaker : Wind up, Please. ਗਿਲੋਟੀਨ 12.00 ਵਜੇ ਅਪਲਾਈ ਹੋਣਾ ਹੈ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਸਪੀਕਰ ਸਾਹਿਬ, ਮੇਰੀ ਰਾਏ ਹੈ ਕਿ ਕਰਾਪ ਇਨਸ਼ੋਰੈਂਸ ਸਕੀਮ ਸਰਕਾਰ ਨੂੰ ਲਾਗੂ ਕਰਨੀ ਚਾਹੀਦੀ ਹੈ । ਮੰਡੀਆਂ ਵਿਚ ਕਣਕ ਆਉਣ ਵਾਲੀ ਹੈ ਪਰ ਸੈਂਟਰ ਸਰਕਾਰ ਵਲੋਂ ਕੋਈ ਭਾਅ ਕਣਕ ਦਾ ਅਜੇ ਤਕ ਨਿਸ਼ਚਿਤ ਨਹੀਂ ਕੀਤਾ ਹੈ । ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਸੈਂਟਰ ਸਰਕਾਰ ਨੂੰ ਫਸਲ ਬੀਜਣ ਤੋਂ ਪਹਿਲਾਂ ਹੀ ਉਸ ਦਾ ਭਾਅ ਫਿਕਸ ਕਰਨਾ ਚਾਹੀਦਾ ਹੈ । ਕਿਸਾਨ ਨੂੰ ਫਸਲ ਬੀਜਣ ਤੋਂ ਪਹਿਲਾਂ ਹੀ ਇਹ ਪਤਾ ਹੋਵੇ ਕਿ ਉਸ ਦੀ ਫਸਲ ਦੀ ਕੀਮਤ ਇਹ ਹੋਵੇਗੀ ਤਾਕਿ ਉਸ ਮੁਤਾਬਿਕ ਹੀ ਕਿਸਾਨ ਆਪਣੀ ਫਸਲ ਬੀਜ ਸਕਣ । ਪਰ ਸਪੀਕਰ ਸਾਹਿਬ, ਅਜੇ ਤਕ ਸੈਂਟਰ ਸਰਕਾਰ ਵਲੋਂ ਕੋਈ ਡਿਸੀਜ਼ਨ ਨਹੀਂ ਲਿਆ ਗਿਆ । ਇਸ ਲਈ ਪੰਜਾਬ ਸਰਕਾਰ ਨੂੰ ਸੈਂਟਰ ਸਰਕਾਰ ਤੋਂ ਜਲਦੀ ਤੋਂ ਜਲਦੀ ਭਾਅ ਫਿਕਸ ਕਰਾਉਣਾ ਚਾਹੀਦਾ ਹੈ ਸਪੀਕਰ ਸਾਹਿਬ, ਬਿਜਲੀ ਵਾਸਤੇ 385 ਕਰੋੜ ਰੁਪਏ ਵਿਚੋਂ ਤਕਰੀਬਨ ਅੱਧਾ ਰੁਪਿਆ ਇਸ ਪਾਸੇ ਲਗਾਇਆ ਜਾਵੇਗਾ ਪਰ ਮੈਂ ਕਹਾਂਗਾ ਕਿ ਇਸ ਤਰ੍ਹਾਂ ਗੱਲ ਨਹੀਂ ਬਣਨੀ । ਪੰਜਾਬ ਨੇ ਬਹੁਤ ਤਰੱਕੀ ਕਰਨੀ ਹੈ । ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਜੀ ਆਪਣੇ ਤੌਰ ਤੇ ਅਤੇ ਆਪੋਜੀਸ਼ਨ ਦੇ ਲੀਡਰ ਸਾਹਿਬ ਨੂੰ ਅਤੇ ਹੋਰ ਸਾਰੇ ਲੀਡਰ ਸਾਹਿਬਾਨਾਂ ਨੂੰ ਨਾਲ ਲੈ ਕੇ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਉਣ ਅਤੇ ਪੰਜਾਬ ਵਿਚ ਅਟਾਮਿਕ ਪਲਾਂਟ ਲਗਵਾਉਣ, ਅਸੀਂ ਐਗਰੀਕਲਚਰ ਅਤੇ ਇੰਡਸਟਰੀ ਵਿਚ ਤਰੱਕੀ ਕਰਨੀ ਹੈ । ਜਿਥੋਂ ਤਕ ਕੀੜੇ ਮਾਰ ਦਵਾਈਆਂ ਅਤੇ ਖਾਦ ਦਾ ਸਬੰਧ ਹੈ, ਇਸ ਬਾਰੇ ਇਥੇ ਹਾਊਸ ਵਿਚ ਇੱਕ ਕੁਐਸਚਨ ਵੀ ਆਇਆ ਸੀ । ਸਪੀਕਰ ਸਾਹਿਬ, ਕਿਸਾਨਾਂ ਦੇ ਕੋਲ ਕੋਈ ਲੈਬਾਰਟਰੀ ਨਹੀਂ ਹੈ ਜਿਥੋਂ ਉਹ ਕੀੜੇ ਮਾਰ ਦਵਾਈ ਅਤੇ ਖਾਦ ਨੂੰ ਟੈਸਟ ਕਰ ਸਕਣ । ਇਸ ਲਈ ਮੈਂ ਐਗਰੀਕਲਚਰ ਮਨਿਸਟਰ, ਚੌਧਰੀ ਸਾਹਿਬ, ਨੂੰ ਦਸੱਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਹ ਦੋਵੇਂ ਚੀਜ਼ਾਂ ਡੁਪਲੀਕੇਟ ਵਿਕਦੀਆਂ ਹਨ । ਇਸ ਨਾਲ ਕਿਸਾਨਾਂ ਦਾ ਬੜਾ ਹੀ ਨੁਕਸਾਨ ਹੁੰਦਾ ਹੈ ।

ਸ਼੍ਰੀ ਸਪੀਕਰ : ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਗਿਲੋਟੀਨ ਪਹਿਲਾਂ 12–00 ਵਜੇ ਲਗਣਾ ਸੀ ਪਰ ਹੁਣ ਗਿਲੋਟੀਨ ਦਾ ਸਮਾਂ ਵਧਾ ਕੇ 12-30 ਵਜੇ ਦਾ ਕਰ ਦਿਤਾ ਹੈ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਸਪੀਕਰ ਸਾਹਿਬ, ਮੈਂ ਇਕ ਗੱਲ ਕਹਿਣੀ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਵਾਟਰ ਲਾਗਿੰਗ ਦੀ ਬੜੀ ਪ੍ਰਾਬਲਮ ਹੈ । ਨਾਲੇ ਪੁਟਣ ਵਾਸਤੇ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਸਰਦਾਰ ਕਰਮ ਸਿੰਘ ਗਿੱਲ (ਸਮਰਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਡਿਮਾਂਡ ਨੰ: 26 ਜੋ ਕਿ ਐਗਰੀਕਲਚਰ ਬਾਰੇ ਹੈ ਅਤੇ ਡਿਮਾਂਡ ਨੰ: 34 ਜੋ ਕਿ ਇੰਡਸਟਰੀ ਬਾਰੇ ਹੈ, ਬੋਲਣ ਦਾ ਮੌਕਾ ਦਿਤਾ ਹੈ । ਸਮਰਾਲਾ ਪਰ

Original with;
Punjab Vidhan Sabha
Digitized by;
Panjab Digital Library

ਏਰੜ ਯੀਲਡ ਦੇ ਹਿਸਾਬ ਨਾਲ ਸਭ ਤੋਂ ਅਗੇ ਹੈ । ਉਥੇ ਐਗਰੀਕਲਚਰਿਸਟ ਨੂੰ ਕਾਫੀ ਚੀਜ਼ਾਂ ਦੀ ਜ਼ਰੂਰਤ ਹੈ । ਇੱਕ ਤਾਂ ਉਥੇ ਗੰਨੇ ਦੀ ਮਿਲ ਦਾ ਹੋਣਾ ਸਭ ਤੋਂ ਜ਼ਰੂਰੀ ਹੈ । ਸਾਡੇ ਏਰੀਏ ਵਿਚ ਕੋਈ ਗੰਨੇ ਦੀ ਮਿਲ ਨਹੀਂ ਹੈ । ਜੇਕਰ ਦੂਰ, ਜੋ ਗੰਨੇ ਦੀ ਮਿਲ ਹੈ ਉਥੇ ਜਾਈਏ ਤਾਂ ਪਰਚੀ ਨਹੀਂ ਮਿਲਦੀ । ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਹ ਡਿਮਾਂਡ ਸਾਡੀ ਜਲਦੀ ਤੋਂ ਜਲਦੀ ਪੂਰੀ ਕਰ ਦੇਣੀ ਚਾਹੀਦੀ ਹੈ । ਸਮਰਾਲਾ ਤਹਿਸੀਲ, ਸਪੀਕਰ ਸਾਹਿਬ, ਸਭ ਨਾਲੋਂ ਅਗੇ ਹੈ ਪਰ ਉਥੇ ਇੰਡਸਟਰੀ ਨਹੀਂ ਹੈ । ਸਮਰਾਲਾ ਤਹਿਸੀਲ ਵਿਚ ਕੋਈ ਫੋਕਲ ਪੁਆਇੰਟ ਨਹੀਂ ਹੈ । ਇਸ ਲਈ ਸਮਰਾਲਾ ਤਹਿਸੀਲ ਨੂੰ ਅਪਲਿਫਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇ । ਉਥੇ ਕੋਈ ਨਾ ਕੋਈ ਫੋਕਲ ਪੁਆਇੰਟ ਲਗਾਇਆ ਜਾਵੇ ਅੌਰ ਸਮਰਾਲਾ ਤਹਿਸੀਲ ਨੂੰ ਇੰਡਸਟਰੀ ਵਲੋਂ ਵਾਂਝਾ ਨਾ ਰਖਿਆ ਜਾਵੇ । ਸਪੀਕਰ ਸਾਹਿਬ, ਉਥੇ ਗਰੇਨ ਮਾਰਕਿਟ ਦੀ ਦਸ਼ਾ ਬਹੁਤ ਖਰਾਬ ਹੈ । ਗਰੇਨ ਮਾਰਕਿਟ ਵਾਸਤੇ ਥੋੜ੍ਹੀ ਜਿਹੀ ਜਗ੍ਹਾ ਚਾਹੀਦੀ ਹੈ । ਇਸ ਗਰੇਨ ਮਾਰਕਿਟ ਨੂੰ ਉਥੋਂ ਬਾਹਰ ਲਿਜਾ ਕੇ ਮਾਡਰਨ ਮੰਡੀ ਬਣਾਇਆ ਜਾਵੇ ਅਤੇ ਕਿਸਾਨਾਂ ਨੂੰ ਪੂਰੀ ਸਹੂਲਤ ਦਿਤੀ ਜਾਵੇ । ਸਪੀਕਰ ਸਾਹਿਬ, ਬੱਸ ਸਟੈਂਡ ਸਮਰਾਲੇ ਵਾਲਾ ਚੰਡੀਗੜ੍ਹ ਅਤੇ ਲੁਧਿਆਣੇ ਦੇ ਵਿਚਕਾਰ ਆ ਜਾਂਦਾ ਹੈ। ਬਸ ਸਟੈਂਡ ਦਾ ਬੁਰਾ ਹਾਲ ਹੈ ਅਤੇ ਉਥੇ ਐਕਸੀਡੈਂਟ ਵੀ ਹੁੰਦੇ ਹਨ । ਇਸ ਲਈ ਬੱਸ ਸਟੈਂਡ ਨੂੰ ਬਾਹਰ ਲਿਜਾ ਕੇ ਬਣਾਇਆ ਜਾਵੇ ਅਤੇ ਸਾਡੀ ਇਹ ਡਿਮਾਂਡ ਵੀ ਸਰਕਾਰ ਨੂੰ ਪੂਰੀ ਕਰ ਦੇਣੀ ਚਾਹੀਦੀ ਹੈ । ਸਪੀਕਰ ਸਾਹਿਬ, ਖੁਮਾਣੋ ਏਰੀਆ ਮੇਰੀ ਕੰਸਟੀਚੂਐਂਸੀ ਵਿਚ ਆਉਂਦਾ ਹੈ । ਉਥੇ ਬਸਾਂ ਖੜ੍ਹਦੀਆਂ ਹਨ ਪਰ ਕੋਈ ਉਥੇ ਬਸ ਸਟੈਂਡ ਨਹੀਂ ਬਣਾਇਆ ਹੋਇਆ ਹੈ । ਇਸ ਲਈ ਖੁਮਾਣੋ ਵਿਚ ਬਸ ਸਟੈਂਡ ਬਣਾਇਆ ਜਾਵੇ ਤਾਕਿ ਉਥੋਂ ਦੇ ਲੋਕਾਂ ਨੂੰ ਸਹੂਲਤ ਮਿਲ ਸਕੇ । ਸਪੀਕਰ ਸਾਹਿਬ, ਖੁਮਾਣੋ ਵਿਖੇ ਛੋਟਾ ਜਿਹਾ ਇੰਡਸਟਰੀ ਫੋਕਲ ਪੁਆਇੰਟ ਵੀ ਬਣਾਇਆ ਜਾਣਾ ਚਾਹੀਦਾ ਹੈ । ਇਸ ਨਾਲ ਉਸ ਏਰੀਏ ਨੂੰ ਕੁਝ ਤਰੱਕੀ ਕੀਤੀ ਜਾ ਸਕੇਗੀ । ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ ।

ਚੌਧਰੀ ਸੱਜਣ ਕੁਮਾਰ ਜਾਖੜ (ਅਬੋਹਰ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਗਰੀਕਲਚਰ ਅਤੇ ਇੰਡਸਟਰੀ ਦੀ ਡਿਮਾਂਡ ਤੇ ਬੋਲਣ ਦਾ ਮੌਕਾ ਦਿਤਾ ਹੈ । ਪੰਜਾਬ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੈ । ਇਸ ਚੀਜ਼ ਦਾ ਸਾਰੇ ਭਰਾਵਾਂ ਨੂੰ ਪਤਾ ਹੈ । ਪੰਜਾਬ ਵਿਚ ਖੇਤੀਬਾੜੀ ਲਈ ਬਹੁਤ ਚੰਗਾ ਕੰਮ ਹੋ ਰਿਹਾ ਹੈ । ਮੈਂ ਚਾਹੁੰਦਾ ਹਾਂ ਕਿ ਇਸ ਤੋਂ ਵੀ ਵੱਧ ਕੋਸ਼ਿਸ਼ ਮੇਰੀ ਸਰਕਾਰ ਨੂੰ ਕਰਨੀ ਚਾਹੀਦੀ ਹੈ । ਮੈਂ, ਸਪੀਕਰ ਸਾਹਿਬ, ਇੱਕ ਬੇਨਤੀ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕਰਨਾ ਚਾਹੁੰਦਾ ਹਾਂ ਕਿ ਫਸਲ ਬੀਜਣ ਤੋਂ ਪਹਿਲਾਂ ਹੀ ਕਿਸਾਨ ਦੀ ਫਸਲ ਦਾ ਭਾਅ ਸਰਕਾਰ ਨੂੰ ਫਿਕਸ ਕਰਨਾ ਚਾਹੀਦਾ ਹੈ । (ਥਪਿੰਗ) ਕਿਸਾਨਾਂ ਨੂੰ ਪਤਾ ਹੋਵੇ ਕਿ ਉਸ ਦੀ ਫਸਲ ਦੇ ਕਿਤਨੇ ਪੈਸੇ ਮਿਲਣੇ ਹਨ ਤਾਕਿ ਉਹ ਉਸ ਮੁਤਾਬਿਕ ਫਸਲ ਬੀਜ ਸਕੇ । ਸਪੀਕਰ ਸਾਹਿਬ, ਐਗਰੀਕਲਚਰ ਪ੍ਰਾਈਸ ਕਮਿਸ਼ਨ ਨੇ ਕਣਕ ਦਾ ਭਾਅ ਜੋ ਰਿਕੁਮੈਂਡ ਕੀਤਾ ਹੈ ਮੈਂ ਸਮਝਦਾ ਹਾਂ ਕਿ 145 ਰੁਪਏ ਕੁਇੰਟਲ ਕਣਕ ਦਾ ਭਾਅ ਸਾਨੂੰ ਜ਼ਰੂਰ ਮਿਲੇ। ਕਮਿਊਨਿਸਟ ਭਰਾਵਾਂ ਨੇ ਇਥੇ ਹਾਊਸ ਵਿਚ ਕਿਹਾ ਕਿ ਖਾਦ ਦੀਆਂ ਕੀਮਤਾਂ ਵੱਧ ਗਈਆਂ ਹਨ ਅਤੇ ਹੋਰ ਚੀਜ਼ਾਂ ਦੀਆਂ ਕੀਮਤਾਂ ਵੱਧ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੱਜਣ ਕੁਮਾਰ ਜਾਖੜ]

ਗਈਆਂ ਹਨ । ਅਗਰ, ਸਪੀਕਰ ਸਾਹਿਬ, ਸਾਨੂੰ 145 ਰੁਪਏ ਕੁਇੰਟਲ ਕਣਕ ਦੀ ਕੀਮਤ ਮਿਲ ਜਾਵੇ ਤਾਂ ਠੀਕ ਹੈ । ਮੰਗਣ ਨੂੰ ਤਾਂ 160 ਰੁਪਏ ਕੁਇੰਟਲ ਜਾਂ 170 ਰੁਪਏ ਕੁਇੰਟਲ ਕਣਕ ਦੇ ਭਾਅ ਮੰਗੇ ਜਾ ਸਕਦੇ ਹਨ ਪਰ ਉਸ ਦਾ ਕੋਈ ਫਾਇਦਾ ਨਹੀਂ ਹੋਣਾ।

ਸਰਦਾਰ ਨੱਥਾ ਸਿੰਘ ਦਾਲਮ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਕਣਕ ਪੈਦਾ ਕਰਦੇ ਹੋ ਅੌਰ ਜੇਕਰ ਕਣਕ ਪੈਦਾ ਕਰਦੇ ਹੁੰਦੇ ਤਾਂ 145 ਰੁਪਏ ਨਾ ਮੰਗਦੇ ਅੌਰ ਤੁਸੀਂ ਇਸ ਤੋਂ ਵੱਧ ਮੰਗਦੇ ।

ਚੌਧਰੀ ਸੱਜਣ ਕੁਮਾਰ ਜਾਖੜ : ਸਪੀਕਰ ਸਾਹਿਬ, ਮੈਂ ਕਿਸਾਨ ਹਾਂ ਅੌਰ ਅਸੀਂ ਕਣਕ ਪੈਦਾ ਕਰਦੇ ਹਾਂ । ਦਾਲਮ ਸਾਹਿਬ, ਮੈਨੂੰ ਦਸਣ ਕਿ ਉਨ੍ਹਾਂ ਨੇ ਕਾਟਨ ਦੀ ਕੀ ਪਰਾਈਸ ਦਿਤੀ ਸੀ । ਉਸ ਵੇਲੇ ਹਾਲਤ ਕੀ ਸੀ ਕਿ : —

"ਉਪਰ ਵੀ ਜੱਟ, ਥੱਲੇ ਵੀ ਜੱਟ

ਨਰਮਾ ਵਿਕੇ 260 ।"

530 ਰੁਪਏ ਤਕ ਨਰਮਾ ਵਿਕ ਚੁਕਿਆ ਹੈ (ਵਿਘਨ) ਤੁਹਾਡੀ ਵਾਰੀ ਜੋ ਆਲੂ ਪੈਦਾ ਹੋਇਆ ਸੀ ਉਸ ਦੀ ਕੀ ਹਾਲਤ ਹੋਈ ਸੀ (ਵਿਘਨ) ।

ਸ਼੍ਰੀ ਸਪੀਕਰ : ਜਿਉਂ ਜਿਉਂ ਇਹ ਇੰਟਰੱਪਟ ਕਰਦੇ ਹਨ ਮੈਂਬਰ ਸਾਹਿਬ ਤੇਜ਼ ਹੁੰਦੇ ਜਾ ਰਹੇ ਹਨ ।

ਚੌਧਰੀ ਸੱਜਣ ਕੁਮਾਰ ਜਾਖੜ : ਉਸ ਵੇਲੇ ਆਲੂਆਂ ਦੀ ਕੀ ਹਾਲਤ ਸੀ ।

ਮਾਸਟਰ ਬਾਬੂ ਸਿੰਘ : ਆਨ ਏ ਪੁਆਇੰਟ ਆਫ ਆਰਡਰ । ਇਹ ਨਵੇਂ ਆਨਰੇਬਲ ਮੈਂਬਰ ਜੋ ਬੋਲ ਰਹੇ ਹਨ ਸੋਹਣਾ ਬੋਲ ਰਹੇ ਹਨ । ਪਰ ਕਣਕ ਦੇ ਭਾਅ ਬਾਰੇ ਚੀਫ ਮਨਿਸਟਰ ਸਾਹਿਬ ਤਾਂ ਕਹਿੰਦੇ ਹਨ ਕਿ 161 ਰੁਪਏ ਕੁਇੰਟਲ ਦੇ ਹੋਣੇ ਚਾਹੀਦੇ ਹਨ ਅਤੇ ਇਹ ਇਨ੍ਹਾਂ ਨੂੰ ਸ਼ਾਇਦ ਕੋਈ ਗਲਤ ਫਹਿਮੀ ਹੈ ਇਹ 140, 142 ਰੁਪਏ ਕੁਇੰਟਲ ਕਹਿੰਦੇ ਹਨ ।

ਚੌਧਰੀ ਸੱਜਣ ਕੁਮਾਰ ਜਾਖੜ : ਇਹ ਰੌਲਾ ਪਾ ਰਹੇ ਹਨ । ਇਨ੍ਹਾਂ ਨੂੰ ਪਤਾ ਹੈ ਕਿ ਪਿਛੇ ਜਿਹੇ ਇਨ੍ਹਾਂ ਵੇਲੇ ਆਲੂ ਦੀ ਕੀ ਪੁਜੀਸ਼ਨ ਰਹੀ ਹੈ ? ਇੱਕ ਕਹਾਵਤ ਹੈ ਜਿਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ । ਖੇਤ ਵਿਚ ਆਲੂਆਂ ਦੇ ਢੇਰ ਲਗੇ ਹੋਏ ਸਨ ਅਤੇ ਇੱਕ ਆਦਮੀ ਬੰਦੂਕ ਲੈ ਕੇ ਉਥੇ ਬੈਠਾ ਸੀ । ਉਸ ਨੂੰ ਪੁਛਿਆ ਗਿਆ ਕਿ ਤੂੰ ਆਲੂਆਂ ਦੀ ਰਖਵਾਲੀ ਕਿਉਂ ਕਰਦਾ ਹੈਂ ਤਾਂ ਉਸ ਨੇ ਜਵਾਬ ਦਿੱਤਾ ਕਿ ਮੈਂ ਇਥੇ ਆਲੂਆਂ ਦੀ ਰਖਵਾਲੀ ਨਹੀਂ ਕਰਦਾ ਅਤੇ ਮੈਂ ਤਾਂ ਇਸ ਚੀਜ਼ ਦੀ ਰਖਵਾਲੀ ਕਰਨ ਲਈ ਇਥੇ ਬੈਠਾ ਹਾਂ ਕਿ ਕਿਤੇ ਕੋਈ ਹੋਰ ਆਲੂ ਨਾ ਇਥੇ ਆ ਕੇ ਸੁਟ ਜਾਏ ।

ਸਰਦਾਰ ਨਥਾ ਸਿੰਘ ਦਾਲਮ : ਆਨ ਏ ਪੁਆਇੰਟ ਆਫ ਆਰਡਰ । ਮੈਂਬਰ ਸਾਹਿਬ ਨੇ ਆਲੂਆਂ ਦਾ ਜ਼ਿਕਰ ਕੀਤਾ ਹੈ । ਇਨ੍ਹਾਂ ਦੇ ਇਲਾਕੇ ਵਿਚ ਆਲੂ ਪੈਦਾ ਨਹੀਂ ਹੁੰਦਾ । ਦੁਆਬੇ ਵਿਚ ਆਲੂ ਦੀ ਫਸਲ ਹੁੰਦੀ ਹੈ । ਜਿਸ ਵੇਲੇ ਆਲੂ ਮੰਡੀਆਂ ਵਿਚ ਰੁਲ ਰਿਹਾ ਸੀ ਤਾਂ ਉਸ ਵੇਲੇ ਬਾਦਲ ਸਾਹਿਬ ਨੇ ਇਕ ਕਰੋੜ ਰੁਪਿਆ ਸਬਸਿਡੀ ਵਜੋਂ ਆਲੂ ਪੈਦਾ ਕਰਨ ਵਾਲਿਆਂ ਨੂੰ ਦਿੱਤਾ । ਹੁਣ ਵੀ ਆਲੂਆਂ ਦਾ ਉਹੀ ਹਸ਼ਰ ਹੋ ਰਿਹਾ ਹੈ । ਕੀ ਮੁੱਖ ਮੰਤਰੀ ਸਾਹਿਬ ਇਸ ਲਈ ਕੋਈ ਸਬਸਿਡੀ ਦੇਣਗੇ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜਿਸ ਵੇਲੇ ਕੋਈ ਇੰਡਸਟਰੀ ਤੇ ਬੋਲਦਾ ਹੈ ਤਾਂ ਜ਼ਰੂਰੀ ਨਹੀਂ ਕਿ ਉਸ ਦੀ ਇੰਡਸਟਰੀ ਹੋਵੇ । ਇਸੇ ਤਰ੍ਹਾਂ ਹੀ ਜਿਸ ਵੇਲੇ ਕੋਈ ਆਲੂਆਂ ਤੇ ਬੋਲਦਾ ਹੈ ਤਾਂ ਜ਼ਰੂਰੀ ਨਹੀਂ ਕਿ ਉਸ ਦੇ ਆਲੂ ਹੋਣ ।

ਚੌਧਰੀ ਸੱਜਣ ਕੁਮਾਰ ਜਾਖੜ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਰੁਪਿਆ ਐਗਰੀਕਲਚਰ ਵਾਸਤੇ ਰਖਿਆ ਗਿਆ ਹੈ ਉਸ ਨੂੰ ਵਧਾਉਣਾ ਚਾਹੀਦਾ ਹੈ । ਜੇਕਰ ਐਗਰੀਕਲਚਰ ਵਲ ਹੋਰ ਤਰੱਕੀ ਨਹੀਂ ਕਰਾਂਗੇ ਤਾਂ ਕਿਵੇਂ ਕੰਮ ਚਲੇਗਾ । ਇਸ ਲਈ ਇਸ ਪਾਸੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਮੈਂ ਤਾਂ ਇਸ ਅਸੂਲ ਦਾ ਬੰਦਾ ਹਾਂ ਕਿ "ਬਾਤੇਂ ਕਮ ਔਰ ਕਾਮ ਜ਼ਿਆਦਾ ।" ਮੈਂ ਤਾਂ ਉਹ ਗੱਲ ਕਰਨੀ ਹੈ ਜਿਹੜੀ ਕੰਮ ਦੀ ਹੋਵੇ । ਸੈਂਟਰ ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਪੰਜਾਬ ਵਿਚ 6 ਮਿਲਾਂ ਸ਼ੂਗਰ ਦੀਆਂ ਹੋਰ ਆਉਣ । ਇਸੇ ਤਰ੍ਹਾਂ ਹੀ ਪੰਜਾਬ ਵਿਚ ਕਾਟਨ ਵੀਵਿੰਗ ਮਿਲ ਜ਼ਰੂਰ ਲਗਾਉਣੀ ਚਾਹੀਦੀ ਹੈ ਤਾਕਿ ਕਪੜਾ ਇਥੇ ਹੀ ਬਣ ਸਕੇ ।

ਸ਼੍ਰੀ ਸਪੀਕਰ : ਸ਼੍ਰੀ ਗੁਰਦਿਆਲ ਸੈਣੀ, ਤੁਸੀਂ 5 ਮਿੰਟਾਂ ਲਈ ਬੋਲੋ ।

ਸ਼੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰ) : ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ ਪਰ ਮੈਂ ਦਸ ਮਿੰਟ ਬੋਲਾਂਗਾ । ਮੈਂ ਹੁਣ ਡੀਮਾਂਡ ਨੰ: 34 ਇੰਡਸਟਰੀਜ਼ ਤੇ ਬੋਲਾਂਗਾ । ਸਾਰੇ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਪੰਜਾਬ ਖੇਤੀਬਾੜੀ ਦੇ ਲਿਹਾਜ਼ ਨਾਲ ਸਭ ਤੋਂ ਅੱਗੇ ਹੈ । 1977-78 ਵਿਚ ਸਰਵੇ ਹੋਇਆ ਸੀ, ਉਸ ਅਨੁਸਾਰ ਖੇਤੀਬਾੜੀ ਦੀ ਪੁਜੀਸ਼ਨ ਇਸ ਪ੍ਰਕਾਰ ਸੀ : —

ਪੰਜਾਬ	12.45%
ਮਹਾਂਰਾਸ਼ਟਰਾ	26.31%
ਸਾਰਾ ਭਾਰਤ	24.85%

ਇਸੇ ਤਰ੍ਹਾਂ ਹੀ ਪੰਜਾਬ ਦੀ 1 ਲੱਖ ਆਬਾਦੀ ਪਿਛੇ ਸੱਨਅਤੀ ਵਰਕਰਜ਼ 933 ਸਨ, ਮਹਾਂਰਾਸ਼ਟਰਾ ਵਿੱਚ 1 ਲੱਖ ਪਿਛੇ 1935 ਔਰ ਸਾਰੇ ਭਾਰਤ ਵਿਚ 1 ਲੱਖ ਪਿਛੇ 956 ਸੱਨਅਤੀ ਵਰਕਰਜ਼ ਸਨ । ਮੈਂ ਵਧਾਈ ਦਿੰਦਾ ਹਾਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਕਿ ਇਨ੍ਹਾਂ ਨੇ ਆ ਕੇ ਇਸ ਪੱਖ ਲਈ ਕਾਫੀ ਕੁਝ ਕੀਤਾ ਹੈ । 1981-82 ਵਿੱਚ ਇਥੇ ਸਮਾਲ ਸਕੇਲ ਯੂਨਿਟਸ ਸ਼ਹਿਰਾਂ ਵਿਚ 1995 ਸਨ ਔਰ ਪਿੰਡਾਂ ਵਿਚ 7159 ਸਨ ਔਰ ਹੁਣ ਇਹ 12,354 ਸਮਾਲ ਸਕੇਲ ਯੂਨਿਟਸ ਕਰ ਦਿੱਤੇ ਹਨ ਜਿਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ । ਇਸੇ ਤਰ੍ਹਾਂ ਹੀ 1980-81 ਵਿਚ ਲਾਰਜ ਐਂਡ ਮੀਡੀਅਮ ਇੰਡਸਟਰੀਜ਼ 24 ਦੇ ਕਰੀਬ ਸਨ । ਇਸ ਵਿਚ 12 ਦਾ ਹੋਰ ਵਾਧਾ ਕਰਨਾ ਹੈ, ਜੋ ਕਿ ਚੰਗਾ ਕੰਮ ਹੈ । 1980-81 ਵਿਚ 8 ਕਰੋੜ ਦੇ ਕਰਜ਼ੇ ਦਿੱਤੇ ਗਏ ਸੀ । ਪਰ ਹੁਣ ਨਵੀਂ ਸਕੀਮ ਲਿਆਏ ਹਨ ਜਿਸ ਅਧੀਨ 25 ਕਰੋੜ ਦੇ ਕਰਜ਼ੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੁਰਦਿਆਲ ਸੈਣੀ]

ਗਰੀਬ ਹਰੀਜਨਾਂ ਨੂੰ, ਛੋਟੇ ਵਰਕਰਜ਼ ਨੂੰ ਦੇਣੇ ਹਨ ਅੱਰ ਇਸ ਦੀ ਵਸੂਲੀ 7,10 ਸਾਲਾਂ ਵਿਚ ਕੀਤੀ ਜਾਣੀ ਹੈ । ਇਸ ਲਈ ਵਿਆਜ 10.25% ਹੋਣਾ ਹੈ । ਇਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ । ਹੈਂਡ ਲੂਮ ਕਾਰਪੋਰੇਸ਼ਨ ਲਈ 88 ਕਰੋੜ ਰੁਪਿਆ ਲਗਣਾ ਹੈ । ਇਹ 1982-83 ਤੋਂ ਸ਼ੁਰੂ ਹੋਕੇ 1987-88 ਵਿਚ ਮੁਕੰਮਲ ਹੋ ਜਾਏਗੀ । ਇਸ ਵਿਚ 46,000 ਬੰਦੇ ਪੰਜਾਬ ਦੇ ਕੰਮ ਕਰਨਗੇ । ਬੇਰੁਜ਼ਗਾਰੀ ਖਤਮ ਕਰਨ ਵਾਸਤੇ ਇਹ ਇੱਕ ਅਹਿਮ ਕੰਮ ਸਰਕਾਰ ਦਾ ਹੈ । ਸਹਦਾਰ ਦਰਬਾਰਾ ਸਿੰਘ ਦੀ ਮਨਿਸਟਰੀ ਨੇ ਲੋਕਾਂ ਨੂੰ ਉਦਯੋਗ ਸੈਲ ਦਿੱਤਾ ਹੈ । ਇਸ ਰਾਹੀਂ 6182 ਆਦਮੀਆਂ ਨੂੰ ਕੰਮ ਦਿੱਤਾ ਗਿਆ ਹੈ । 677 ਆਦਮੀ ਐਸੇ ਹਨ ਜੋ ਕਿ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਹਨ । ਇਹ ਬਾਹਰ ਗਏ ਸੀ ਅੱਰ ਉਥੇ 677 ਬੰਦਿਆਂ ਨੂੰ ਕਾਰੋਬਾਰ ਦਿੱਤਾ ਗਿਆ ਹੈ । ਚਮੜੇ ਦੀ ਕਾਰਪੋਰੇਸ਼ਨ 2 ਕਰੋੜ ਨਾਲ ਖੋਲ੍ਹੀ ਗਈ ਹੈ । ਇਹ 2 ਕਰੋੜ ਥੋੜ੍ਹਾ ਹੈ, ਇਸ ਲਈ ਇਹ ਰਕਮ ਵਧਾਉਣੀ ਚਾਹੀਦੀ ਹੈ । ਇੱਕ ਹੋਰ ਇਨ੍ਹਾਂ ਨੇ ਕੰਮ ਕੀਤਾ ਹੈ । ਪਟਿਆਲਾ ਵਿਚ ਇਨ੍ਹਾਂ ਨੇ ਡੀਜ਼ਲ ਕੰਪੋਨੈਂਟ ਲਈ ਫੈਕਟਰੀ ਲਗਾਈ ਹੈ ਜਿਸ ਲਈ 50 ਕਰੋੜ ਦਾ ਖਰਚਾ ਹੈ । ਇਸ ਨਾਲ ਪੰਜਾਬ ਦੀ ਇੰਡਸਟਰੀ ਦੀ ਤਰੱਕੀ ਹੋਏਗੀ । ਇਸ ਤੋਂ ਪਹਿਲਾਂ ਜੋ ਸਰਕਾਰ ਸੀ ਉਸ ਨੇ ਪੰਜਾਬ ਦੀ ਇੰਡਸਟਰੀ ਨੂੰ ਤਬਾਹ ਕਰਕੇ ਰਖ ਦਿੱਤਾ ਸੀ । ਪਿਛਲੀ ਸਰਕਾਰ ਵੇਲੇ 1979-80 ਵਿਚ 36,000 ਵੈਗਨਜ਼ ਸਟੀਮ ਕੋਲ ਦੀ ਮਨਜ਼ੂਰ ਹੋਈ ਜਿਸ ਵਿਚੋਂ ਸਿਰਫ 9,594 ਵੈਗਨਜ਼ ਵਸੂਲ ਹੋਏ ਮਤਲਬ ਸਿਰਫ 27% ਮਾਲ ਇਥੇ ਆਇਆ । ਫਿਰ ਅਗਲੇ ਸਾਲ 6,600 ਵੈਗਨਜ਼ ਵਿਚੋਂ ਸਿਰਫ 4,166 ਵੈਗਨਜ਼ ਵਸੂਲ ਹੋਏ ਮਤਲਬ 63% ਮਾਲ ਇਥੇ ਆਇਆ । ਫਿਰ ਅਗਲੇ ਸਾਲ 36,000 ਵੈਗਨਜ਼ ਵਿਚੋਂ ਸਿਰਫ 5,500 ਵੈਗਨਜ਼ ਵਸੂਲ ਹੋਏ ਮਤਲਬ 15% ਮਾਲ ਆਇਆ । ਹਾਰਡ ਕੋਲ ਦੀਆਂ 1981 ਵਿਚ 36,000 ਵੈਗਨਜ਼ ਵਿਚੋਂ 6,745 ਵੈਗਨਜ਼ ਵਸੂਲ ਹੋਏ ਮਤਲਬ ਸਾਢੇ 18% ਮਾਲ ਵਸੂਲ ਹੋਇਆ । ਅਗਲੇ ਸਾਲ 6,600 ਵਿਚੋਂ 904 ਵੈਗਨਜ਼ ਵਸੂਲ ਹੋਏ ।

ਇਸ ਲਈ, ਸਪੀਕਰ ਸਾਹਿਬ, ਮੈਂ ਇੱਕ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਆਪਣਾ ਸੈਲ ਕਾਇਮ ਕਰਨ ਅੱਰ ਇਨ੍ਹਾਂ ਦਾ ਬੰਦਾ ਕਲਕੱਤੇ ਬੈਠੇ ਉਥੇ ਬੈਠ ਕੇ ਇਹ ਦੇਖੇ ਕਿ ਜੇ ਕੋਲ ਅਲਾਟਮੈਂਟ ਜਾਂ ਕੋਈ ਹੋਰ ਅਲਾਟਮੈਂਟ ਹੁੰਦੀ ਹੈ ਉਸ ਲਈ ਰੇਲਵੇ ਦੇ ਵੈਗਨਜ਼ ਵਿਚ ਕੋਈ ਕੱਟ ਨਾ ਲਗੇ ਤਾਕਿ ਉਹ ਸਾਰਾ ਮਾਲ ਇਥੇ ਪਹੁੰਚ ਸਕੇ ਅੱਰ ਇਥੇ ਇੰਡਸਟਰੀ ਵਿਚ ਤਰੱਕੀ ਹੋ ਸਕੇ ।

ਪੰਜਾਬ ਦੀ ਇੰਡਸਟਰੀ ਤਬਾਹ ਹੋ ਗਈ ਹੈ ।

Mr. Speaker: Please wind up.

ਸ਼੍ਰੀ ਗੁਰਦਿਆਲ ਸੈਣੀ: ਪੰਜਾਬ ਦੀ ਇੰਡਸਟਰੀ ਬਿਲਕੁਲ ਤਬਾਹ ਹੋ ਗਈ ਹੈ ।

(ਇਸ ਸਮੇਂ ਸ੍ਰੀ ਸਪੀਕਰ ਨੇ ਮਾਨਯੋਗ ਮੈਂਬਰ ਦਾ ਮਾਈਕ ਬੰਦ ਕਰ ਦਿੱਤਾ ।)

5-6 ਰੈਕਸ ਇਸ ਸਾਲ ਆਏ ਹਨ । ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਉਹ ਇਕ ਕਮੇਟੀ ਬਣਾ ਦੇਵੇ** ** **

**Not recorded as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker: Please sit down. ਤੁਹਾਡਾ ਟਾਈਮ ਖਤਮ ਹੋ ਗਿਆ ਹੈ । ਇਹ ਜੋ ਕੁਝ ਹੁਣ ਕਹਿ ਰਹੇ ਹਨ, ਉਹ ਨੋਟ ਨਾ ਕੀਤਾ ਜਾਵੇ । ਹਾਂ ਜੀ, ਮਨਿਸਟਰ ਸਾਹਿਬ, ਤੁਸੀਂ ਸ਼ੁਰੂ ਕਰੋ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਸਪੀਕਰ ਸਾਹਿਬ ਪਹਿਲਾਂ ਮੇਰੀ ਇਕ ਮਿੰਟ ਗੱਲ ਸੁਣ ਲਵੋ । ਕਰਾਪ ਇਨਸ਼ੋਰੈਂਸ ਦੀ ਸਕੀਮ ਜਿਹੜੀ ਹਰਿਆਣਾ ਵਿਚ ਹੈ, ਉਸ ਦੇ ਬਾਰੇ ਵੀ ਦੱਸ ਦਿਓ ।

ਖੇਤੀਬਾੜੀ ਮੰਤਰੀ (ਚੌਧਰੀ ਹਾਂਸੀ ਰਾਮ): ਪਹਿਲਾਂ ਤੁਸੀਂ ਉਸ ਸਕੀਮ ਨੂੰ ਪੜ੍ਹ ਲਵੋ ਕਿ ਉਹ ਸਕੀਮ ਕੀ ਹੈ ।

ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਅਤੇ ਇਹ ਇਕ ਹਕੀਕਤ ਹੈ ਕਿ ਪੰਜਾਬ ਐਗਰੀਕਲਚਰਲ ਪਰੋਡਕਸ਼ਨ ਦੇ ਲਿਹਾਜ਼ ਨਾਲ ਦੁਨੀਆਂ ਦੇ ਮੋਸਟ ਐਡਵਾਂਸਡ ਕੰਟਰੀਜ਼ ਦੇ ਮੁਕਾਬਲੇ ਵਿਚ ਆ ਕੇ ਖੜ੍ਹ ਜਾਂਦਾ ਹੈ । ਇਹ ਸਾਡੇ ਲਈ ਬੜਾ ਗੌਰਵ ਦਾ ਮੁਕਾਮ ਹੈ । ਪੰਜਾਬ ਅੱਜ ਦੁਨੀਆਂ ਦੇ ਮੋਸਟ ਐਡਵਾਂਸਡ ਕੰਟਰੀਜ਼ ਦੇ ਮੁਕਾਬਲੇ ਵਿਚ ਐਗਰੀਕਲਚਰਲ ਪਰੋਡਕਸ਼ਨ ਵਿਚ ਖੜਾ ਹੈ । ਕਈਆਂ ਕੰਟਰੀਜ਼ ਨਾਲੋਂ ਤਾਂ ਅੱਗੇ ਖੜ੍ਹਾ ਹੈ । ਜਿਥੋਂ ਤਕ ਨਾਈਟਰੋਜਨ ਦੀ ਕੰਜ਼ੰਪਸ਼ਨ ਦਾ ਸਵਾਲ ਹੈ ਇਸ ਦੇ ਵਿਚ ਅਸੀਂ ਉਨ੍ਹਾਂ ਐਡਵਾਂਸਡ ਕੰਟਰੀਜ਼ ਦੇ ਮੁਕਾਬਲੇ ਤੋਂ ਵੀ ਅੱਗੇ ਖੜ੍ਹੇ ਹਾਂ । ਮੇਰੇ ਦੋਸਤ ਕਈ ਕੇਸਾਂ ਵਿਚ ਬੜਾ ਸੈਂਸੇਟਿਵ ਪੁਆਇੰਟ ਟੱਚ ਕਰ ਲੈਂਦੇ ਹਨ । ਉਹ ਹਿੰਦੁਸਤਾਨ ਦੀ ਟਰੇਡਿੰਗ ਪ੍ਰੈਕਟਿਸ ਨੂੰ ਇੰਟਾਇਰਲੀ ਇਗਨੋਰ ਕਰ ਜਾਂਦੇ ਹਨ । ਇਸ ਮੁਲਕ ਵਿਚ, ਸਾਡੇ ਸੂਬੇ ਵਿਚ ਵੀ ਕਦੇ ਵਕਤ ਸੀ ਕਿ ਜਦੋਂ ਸੀਰੀਲਜ਼ ਜਿਹੜੇ ਸਨ ਉਨ੍ਹਾਂ ਦੇ ਪ੍ਰਾਈਵੇਟ ਟਰੇਡਰਜ ਪੱਲੂ ਵਿਚ ਪਾ ਕੇ ਭਾਅ ਬੰਨ੍ਹਦੇ ਸਨ । ਇਸੇ ਕਰਕੇ ਮਾਰਕੀਟਿੰਗ ਐਕਟ ਆਇਆ । ਉਸ ਦੇ ਨਾਲ ਸਭ ਤੋਂ ਵੱਡੀ ਗੱਲ ਇਹ ਹੋਈ ਕਿ ਕਿਸਾਨ ਦੀ ਜਿਣਸ ਦੀ ਆਕਸ਼ਨ ਉਸ ਦੇ ਸਾਹਮਣੇ ਹੋਣ ਲਗੀ । ਦੂਜਾ ਇਹ ਕਿ ਉਦੋਂ 40 ਸੇਰ ਦਾ ਮਣ ਹੁੰਦਾ ਸੀ ਅਤੇ ਇਸ ਹਿਸਾਬ ਨਾਲ ਕਿਸਾਨ ਦੀ ਜਿਣਸ ਤੁਲਦੀ ਸੀ ਪਰ ਹੁਣ ਸੌ ਕਿਲੋ ਦਾ ਕੁਇੰਟਲ ਹੈ ਅਤੇ ਇਸ ਹਿਸਾਬ ਨਾਲ ਜਿਣਸ ਦੀ ਪੇਮੈਂਟ ਹੁੰਦੀ ਹੈ ਅਤੇ ਭਾਅ ਠੀਕ ਦਿੱਤੇ ਜਾਂਦੇ ਹਨ । ਇਸ ਤੋਂ ਬਾਅਦ ਇਹ ਗੱਲ ਵੀ ਹੋਈ ਕਿ ਇਥੇ ਸਟੇਟ ਟਰੇਡਿੰਗ ਹੋਣੀ ਚਾਹੀਦੀ ਹੈ । ਇਹ ਮੇਰੇ ਦੋਸਤ ਸਟੇਟ ਟਰੇਡਿੰਗ ਦੇ ਹਮਾਇਤੀ ਸੀ । ਜਦੋਂ ਸਾਡੀ ਸਰਕਾਰ ਨੇ ਸਟੇਟ ਟਰੇਡਿੰਗ ਕੀਤੀ ਤਾਂ ਇਹ ਮੇਰੇ ਦੋਸਤ ਉਲਟੀਆਂ ਦਲੀਲਾਂ ਦੇਣ ਲਗ ਪਏ । ਹੁਣ ਇਹ ਦਲੀਲ ਦਿੰਦੇ ਹਨ ਕਿ ਪੰਜਾਬ ਸਰਕਾਰ ਨੇ 161 ਰੁਪਏ ਡਿਮਾਂਡ ਕੀਤੀ ਹੈ (ਵਿਘਨ) ਫਿਰ ਇਹ ਕਹਿੰਦੇ ਹਨ ਕਿ ਜਿੰਨਾ ਵੀ ਫਰਕ ਹੋਵੇਗਾ ਜਾ ਜਿਨ੍ਹਾਂ ਕਿਸਾਨਾਂ ਨੂੰ ਘਾਟਾ ਪਵੇਗਾ ਉਹ ਪੰਜਾਬ ਸਰਕਾਰ ਆਪਣੇ ਜੇਬ ਵਿਚੋਂ ਪੰਜਾਬ ਦੇ ਕਿਸਾਨ ਨੂੰ ਦੇਵੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਅਨਰੀਅਲਿਸਟਿਕ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ । ਇਨ੍ਹਾਂ ਨੂੰ ਤਾਂ ਸਾਡਾ ਥੈਂਕਫੁਲ ਹੋਣਾ ਚਾਹੀਦਾ ਹੈ, ਇਨ੍ਹਾਂ ਨੂੰ ਸਾਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ ਕਿਉਂਕਿ ਸਾਡੀ ਗੌਰਮਿੰਟ ਨੇ ਸਟੇਟ ਟਰੇਡਿੰਗ ਲਾਗੂ ਕੀਤੀ ਹੈ। ਜਿਨਸ ਦਾ ਭਾਅ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਮੰਤਰੀ]

ਹਮੇਸ਼ਾ ਉਹੀ ਨਹੀਂ ਰਹਿੰਦਾ। ਪਿਛਲੇ ਸਾਲਾ ਵਿਚ ਵੀ 10-10 ਰੁਪਏ ਭਾਅ ਵੱਧਦਾ ਰਿਹਾ ਹੈ ਪਹਿਲਾਂ ਭਾਅ 117 ਰੁਪਏ ਸੀ ਅਤੇ ਫਿਰ 130 ਰੁਪਏ ਹੋਇਆ। ਹੁਣ ਜੋ ਭਾਅ ਰਿਕੁ-ਮੈਂਡ ਕੀਤਾ ਹੈ ਉਹ 142 ਰੁਪਏ ਰਿਕੁਮੈਂਡ ਹੋਇਆ ਹੈ। ਇਹ ਭਾਅ ਫਾਈਨਲ ਨਹੀਂ ਹੈ। ਪਰ ਇਹ ਦਲੀਲ ਦੇਣੀ ਕਿ ਸਰਕਾਰ ਆਪਣੇ ਕੋਲੋਂ ਪੈਸੇ ਦੇਵੇ, ਇਹ ਠੀਕ ਨਹੀਂ ਹੈ। ਸਾਡੀ ਪਰੋਡਕਸ਼ਨ ਦਾ ਟਾਰਗੈਟ ਪੈਡੀ ਦਾ 1980-81 ਵਿਚ 119 ਲੱਖ ਟਨ ਸੀ ਅਤੇ ਜਿਸ ਵਿਚੋਂ ਪਰੋਕਿਉਰਮੈਂਟ ਹੋਈ 43.82 ਲੱਖ ਟਨ। ਇਸੇ ਤਰ੍ਹਾਂ ਕਣਕ ਦੀ ਪਰੋਕਿਉਰਮੈਂਟ 44 ਲੱਖ ਟਨ ਸੀ। ਪਰ ਮੈਨੂੰ ਇਹ ਦੱਸਦਿਆਂ ਖੁਸ਼ੀ ਹੁੰਦੀ ਹੈ ਕਿ ਸਾਲ 1981-82 ਵਿਚ ਪੈਡੀ ਦਾ ਪਰੋਕਿਉਰਮੈਂਟ ਦਾ ਟਾਰਗੈਟ 51 ਲੱਖ ਟਨ ਤੋਂ ਵੱਧ ਹੋ ਚੁੱਕਾ ਹੈ। ਅਗਲੇ ਸਾਲ ਦਾ ਟਾਰਗੈਟ 128 ਲੱਖ ਟਨ ਰੱਖਿਆ ਹੈ। ਮੈਨੂੰ ਯਕੀਨ ਹੈ ਕਿ ਜੇ ਰੱਬ ਮਿਹਰ ਕਰੇ, ਖੈਰ ਕਰੇ ਤਾਂ ਕਣਕ ਦੀ ਫ਼ਸਲ ਅਗਲੇ ਸਾਲ ਬਹੁਤ ਅੱਛੀ ਹੋਵੇਗੀ। ਮੈਂ ਸਰਦਾਰ ਆਤਮਾ ਸਿੰਘ ਨੂੰ ਬੇਨਤੀ ਕਰਾਂਗਾ ਕਿ ਉਹ ਸਾਡੇ ਨਾਲ ਰਲਕੇ ਰੱਬ ਨੂੰ ਦੁਆ ਕਰਨ ਕਿ ਪ੍ਰਮਾਤਮਾ ਸਾਨੂੰ ਬਖਸ਼ੇ। ਲੋਕਾਂ ਨੂੰ ਬਖਸ਼ੇ ਤੁਸੀਂ ਲੋਕਾਂ ਦਾ ਭਲਾ ਤਾਂ ਮੰਗੋ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਦੀ ਜ਼ਹਿਨੀਅਤ ਵਿਗੜ ਗਈ ਹੈ। ਇਹ ਹਰ ਗੱਲ ਉਲਟੀ ਸੋਚਦੇ ਹਨ।

ਸਪੀਕਰ ਸਾਹਿਬ, ਇਥੇ ਸਰਦਾਰ ਮੁਹਿੰਦਰ ਸਿੰਘ ਸਨੂਪਵਾਲੀ ਨੇ ਗੱਲ ਕੀਤੀ ਕਿ ਸਾਨੂੰ ਐਗਰੀਕਲਚਰ ਬੇਸਡ ਇੰਡਸਟਰੀ ਐਸਟੈਬਲਿਸ਼ ਕਰਨੀ ਚਾਹੀਦੀ ਹੈ। ਮੈਂ ਦੱਸ ਦੇਣਾ ਚਾਹੁੰਦਾ ਹਾਂ ਅਤੇ ਇਹ ਹਕੀਕਤ ਹੈ ਕਿ ਮਾਲਵੇ ਦੀ ਬੈਲਟ ਵਿਚ ਜਿਹੜਾ ਕਿ ਕਾਟਨ ਪਰੋਡਿਊਸਿੰਗ ਏਰੀਆ ਹੈ ਉਥੇ 13 ਲੱਖ ਗੱਠਾਂ ਪਰੋਡਿਊਸ ਹੋਈਆਂ ਹਨ। ਇਹਨਾਂ ਵਿੱਚੋਂ ਦੋ ਢਾਈ ਲੱਖ ਗੱਠਾਂ ਸਪਿੱਨ ਹੋਈਆਂ ਹਨ ਅਤੇ ਬਾਕੀ ਬੰਬਈ ਅਤੇ ਗੁਜਰਾਤ ਦੀ ਮਾਰਕੀਟ ਵਿਚ ਵੇਚੀਆਂ ਹਨ। ਅਸੀਂ 5 ਮਿੱਲਾਂ ਐਸਟੈਬਲਿਸ਼ ਕਰਨ ਜਾ ਰਹੇ ਹਾਂ। ਅਬੋਹਰ ਵਿਚ ਮਿੱਲ ਵਾਸਤੇ ਸਾਡੇ ਮੋਹਤਰਮ ਚੀਫ਼ ਮਨਿਸਟਰ ਸਾਹਿਬ ਅਪ੍ਰੈਲ ਵਿਚ ਫਾਊਂਡੇਸ਼ਨ ਸਟੋਨ ਰੱਖਕੇ ਆਏ ਹਨ। ਉਹ ਮਿੱਲ ਜੂਨ ਤੋਂ ਪਹਿਲਾਂ ਪਹਿਲਾਂ ਇਨ ਪਰੋਡਕਸ਼ਨ ਆ ਜਾਵੇਗੀ। (ਥੰਪਿੰਗ) ਇਸੇ ਤਰ੍ਹਾਂ ਫੇਜ਼-ਵਾਈਜ਼ ਸਾਰੀਆਂ ਮਿੱਲਾਂ ਚੱਲਣਗੀਆਂ।

ਸਪੀਕਰ ਸਾਹਿਬ, ਐਗਰੀਕਲਚਰ ਨਾਲ ਹੋਰ ਵੀ ਐਲਾਈਡਜ਼ ਹਨ ਜਿਵੇਂ ਕਿ ਇਰੀਗੇਸ਼ਨ ਹੈ, ਪਾਵਰ ਹੈ। ਜੇ ਸਾਰਾ ਦੇਖਿਆ ਜਾਵੇ ਤਾਂ ਸਾਡੇ ਵਜੂਦ ਦੇ ਮੁਤਾਬਿਕ ਸਾਡਾ ਹਿੱਸਾ ਕਾਫੀ ਚੰਗਾ ਬਣਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਮਗਰ ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਇੱਥੇ ਮੇਰੇ ਚੇਸਤ ਖਾਦ ਦੀ ਮਹਿੰਗਾਈ ਬਾਰੇ ਗੱਲਾਂ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਖਾਦ ਮਹਿੰਗੀ ਹੋਈ ਹੈ ਖਾਦ ਵੀ ਮਹਿੰਗੀ ਹੋਈ ਹੋਵੇਗੀ, ਟੈਕਸ ਵੀ ਵਧੇ ਹੋਣਗੇ ਪਰ ਇਹ ਜਿਹੜੀ ਖਾਦ ਹੈ ਇਹ ਇੰਪੋਰਟਿਡ ਮੈਟਰ ਹੈ। ਇਸ ਦੇ ਵਿਚ ਸਾਨੂੰ ਮੀਟ ਅੱਪ ਕਰਨਾ ਪੈਂਦਾ ਹੈ। ਇਹ ਕਹਿੰਦੇ ਹਨ ਕਿ ਜਿੱਥੇ ਖਾਦ ਓਨੀ ਮਹਿੰਗੀ ਹੋ ਗਈ ਹੈ ਉਥੇ ਕਣਕ ਵੀ ਓਨੀ ਮਹਿੰਗੀ ਕਰ ਦਿਓ। ਜੇ ਇਹ ਕਹਿੰਦੇ ਹਨ ਕਿ ਖਾਦ ਦੇ ਬਦਲੇ ਕਣਕ ਲੈਣੀ ਹੈ ਤਾਂ ਅਸੀਂ ਇਹੋ ਜਿਹੇ ਭੱਦੇ ਕੰਮ ਨਹੀਂ ਕਰਾਂਗੇ। ਅਸੀਂ ਖਾਦ ਦੇ ਬਦਲੇ ਕਣਕ ਨਹੀਂ ਲੈਂਦੇ। ਅਸੀਂ ਖਾਦ ਦੇ ਪੈਸੇ ਫਾਲਤੂ ਦਿੱਤੇ ਹਨ। ਜਿਥੇ ਅਸੀਂ ਜ਼ਿਆਦਾ ਪੈਸੇ ਦਿਤੇ ਹਨ ਉਥੇ ਸਾਨੂੰ ਜਿਨਸ ਵਿਚੋਂ ਜ਼ਿਆਦਾ ਪੈਸਾ ਆਇਆ ਵੀ ਹੈ।

Original with;
Punjab Vidhan Sabha
Digitized by;
Panjab Digital Library

ਇਹ ਬਿਲਕੁਲ ਠੀਕ ਹੈ ਮਹਾਰਾਜ, ਸਪੀਕਰ ਸਾਹਿਬ, ਮੈਨੂੰ ਇਕ ਗੱਲ ਕਹਿੰਦਿਆਂ ਬੜੀ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਕਾਟਨ, ਜੋ ਕਿ ਇਕ ਕਮਰੱਸ਼ੀਅਲ ਕਰਾਪ ਹੈ ਜਿਸ ਦੀ 13 ਲੱਖ ਗੱਠਾਂ ਦੀ ਪਰੋਡਕਸ਼ਨ ਹੈ ਉਸ ਕਮਰੱਸ਼ੀਅਲ ਕਰਾਪ ਦੀ ਕੀਮਤ ਠੀਕ ਕਰਨ ਲਈ ਸਟੈਪਸ ਲਏ ਹਨ । ਜਿਥੇ ਗੌਰਮਿੰਟ ਆਫ ਇੰਡੀਆ ਦੇ ਕਾਟਨ ਕਾਰਪੋਰੇਸ਼ਨ ਨੇ ਇਥੇ ਕਾਟਨ ਦੀ ਪ੍ਰਚੇਜ਼ ਕੀਤੀ ਹੈ ਉਥੇ ਸਾਡੀ ਮਾਰਕਫੈਡ ਨੇ ਮਾਰਕੀਟ ਵਿਚ ਐਂਟਰ ਕਰਕੇ ਤਕਰੀਬਨ ਢਾਈ ਲੱਖ ਤੋਂ ਵੱਧ ਨਰਮੇ ਦੀਆਂ, ਕਾਟਨ ਦੀਆਂ ਗੱਠਾਂ ਮਾਰਕੀਟ ਵਿਚੋਂ ਖਰੀਦੀਆਂ ਹਨ। ਇਸ ਦੀ ਵਜ੍ਹਾ ਕਰਕੇ ਕਿਸਾਨ ਨੂੰ, ਪੰਜਾਬ ਦੇ ਫਾਰਮਰਜ਼ ਨੂੰ ਵਾਜਿਬ ਭਾਅ ਮਿਲਿਆ ਹੈ । ਇਹ ਕਮੱਰਸ਼ੀਅਲ ਕਰਾਪ ਹੋਣ ਦੇ ਬਾਵਜੂਦ ਠੀਕ ਢੰਗ ਨਾਲ ਐਂਟਰ ਕਰਕੇ ਇਸ ਦਾ ਕਿਸਾਨ ਨੂੰ ਵਾਜਿਬ ਭਾਅ ਦਿੱਤਾ ਗਿਆ ਹੈ । ਇਨ੍ਹਾਂ ਵਾਂਗ (ਵਿਰੋਧੀ ਧਿਰ ਵੱਲ ਇਸ਼ਾਰਾ) ਨਹੀਂ ਇਨ੍ਹਾਂ ਦੇ ਵੇਲੇ ਮਾਰਕਫੈਡ ਨੇ 2 ਕਰੋੜ 94 ਲੱਖ ਰੁਪਏ ਦੇ ਆਲੂ ਖਰੀਦੇ ਅੱਗੇ ਉਸ ਦੇ ਵਿੱਚ ਇਨ੍ਹਾਂ ਨੇ ਘਾਟਾ ਪਾਇਆ 3 ਕਰੋੜ 34 ਲੱਖ ਰੁਪਿਆ । ਇਹ ਤਾਂ ਉਹ ਗੱਲ ਹੋਈ —

'ਵਣਜ ਕਿਆ ਥਾ ਜਾਟ ਨੇ, ਰਹਿ ਗਏ ਸੇ ਕੇ ਤੀਸ'

ਜੋ ਇਨ੍ਹਾਂ ਦੇ ਵੇਲੇ ਇਤਨਾ ਭੱਦਾ ਘਾਟਾ ਪਿਆ ਹੈ ਉਹ ਅਸੀਂ ਕਾਟਨ ਦੀ ਖਰੀਦ ਵਿੱਚ ਜੋ ਕੁਮੱਰਸ਼ੀਅਲ ਕਰਾਪ ਹੈ ਉਸ ਦੀ ਖਰੀਦ ਵਿੱਚ ਇਤਨਾ ਭੱਦਾ ਘਾਟਾ ਕਦੇ ਨਹੀਂ ਪੈਣ ਦੇਵਾਂਗੇ । ਇਹ ਸਾਰਾ ਕੁਝ ਸਾਡੀ ਗੁਡ ਮੈਨੇਜਮੈਂਟ ਕਰਕੇ ਹੀ ਹੈ ਕਿ ਅਸੀਂ ਕਾਟਨ ਨੂੰ ਜੋ ਕਮਰੱਸ਼ੀਅਲ ਕਰਾਪ ਹੈ ਮਾਰਕੀਟ ਵਿੱਚ ਐਂਟਰ ਹੋ ਕੇ ਖਰੀਦਿਆ ਹੈ ਅਤੇ ਕਿਸਾਨ ਨੂੰ ਵਾਜਿਬ ਭਾਅ ਦਿਵਾਇਆ ਹੈ ।

ਸਪੀਕਰ ਸਾਹਿਬ, ਇਥੇ ਬਹੁਤ ਸਾਰੇ ਮੈਂਬਰ ਸਾਹਿਬਾਨ ਵਲੋਂ ਸ਼ੂਗਰ ਦਾ ਵੱਡਾ ਮਸਲਾ ਉਠਾਇਆ ਗਿਆ ਹੈ । ਮੈਨੂੰ ਇਹ ਗਲ ਦੱਸਣ ਵਿੱਚ ਹਾਊਸ ਵਿਚ ਬੜੀ ਪ੍ਰਸੰਨਤਾ ਹੁੰਦੀ ਹੈ ਅੱਗੇ ਉਮੀਦ ਹੈ ਕਿ ਹਾਊਸ ਦੇ ਮਾਨਯੋਗ ਮੈਂਬਰਜ਼ ਮੇਰੇ ਨਾਲ ਸਹਾਨਭੂਤੀ ਰੱਖਣਗੇ ਕਿ ਸਾਡੀ ਜੋ ਸ਼ੂਗਰ ਦੀ ਰਿਕਵਰੀ ਹੈ ਉਹ ਹਿੰਦੁਸਤਾਨ ਵਿੱਚ ਤੀਸਰੇ ਨੰਬਰ ਤੇ ਆ ਚੁੱਕੀ ਹੈ । (ਥੰਪਿੰਗ) ਮਹਾਂਰਾਸ਼ਟਰ ਅਤੇ ਹੋਰ ਦੂਸਰੀਆਂ ਸਟੇਟਸ ਨੂੰ ਅਸੀਂ ਕਮਪੀਟ ਕੀਤਾ ਹੈ ਅਤੇ ਸਾਡੀ ਰਿਕਵਰੀ 10.3 ਦੇ ਕਰੀਬ ਆ ਚੁੱਕੀ ਹੈ। ਸਪੀਕਰ ਸਾਹਿਬ, ਜਦੋਂ ਪ੍ਰਾਈਸਿਜ਼ ਦਾ ਸਵਾਲ ਆਉਂਦਾ ਹੈ ਤਾਂ ਉਸ ਵੇਲੇ ਮੇਰੇ ਸਾਹਮਣੇ ਬੈਠੇ ਦੋਸਤ ਆਪਣੀਆਂ ਗਰਜ਼ਾਂ ਨਾਲ ਭੋਲੇ ਭਾਲੇ ਕਿਸਾਨ ਨੂੰ, ਮਿੱਧੇ ਮਾਰੇ ਕਿਸਾਨ ਨੂੰ, ਪੋਲੀਟੀਕਲ ਫਾਇਦਾ ਬਣਾਉਣ ਤੋਂ ਨਹੀਂ ਹਟਦੇ । ਇਹ ਕਹਿੰਦੇ ਹਨ ਕਿ ਮਿਲ ਨਹੀਂ ਚਲੇਗੀ, ਫੰਡਾ ਗਾਂਡ ਦਿਓ । ਪਰ ਕਿਸਾਨ ਇਹਨਾਂ ਦੀਆਂ ਚੁਣ ਗੱਲਾਂ ਵਿਚ ਨਹੀਂ ਆਉਂਦਾ । ਉਹ ਕਹਿੰਦਾ ਹੈ ਕਿ ਚੱਲੋ 10 ਦਿਨ ਬਾਅਦ ਠਹਿਰ ਕੇ ਦੇਵਾਂਗੇ । ਚੁਣ ਨਹੀਂ ਉਹ ਇਨ੍ਹਾਂ ਦੀਆਂ ਗੱਲਾਂ ਵਿਚ ਆਉਂਦਾ । ਜਿਥੋਂ ਤਕ, ਸਪੀਕਰ ਸਾਹਿਬ, ਮੈਨਾਂ ਪੀੜਨ ਦਾ ਸਵਾਲ ਆਉਂਦਾ ਉਸ ਦੇ ਲਈ ਮੈਂ ਇਸ ਹਾਊਸ ਨੂੰ, ਇਸ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਅਤੇ ਉਨ੍ਹਾਂ ਨੂੰ ਸੁਣਕੇ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ ਅਸੀਂ ਕਿਸੇ ਨਾ ਕਿਸੇ ਢੰਗ ਨਾਲ ਕਿਸਾਨ ਦਾ ਗੰਨਾ ਪੀੜਾਂਗੇ । ਚਾਹੇ ਇਸ ਮਿਲ ਏਰੀਏ ਤੋਂ ਦੂਸਰੀ ਮਿਲ ਦੇ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਏਰੀਏ ਤੇ ਲਿਜਾਣਾ ਪਵੇ । ਇਸ ਦੇ ਲਈ ਸ਼ੂਗਰ ਕੇਨ ਕੰਟਰੋਲ ਬੋਰਡ ਨੇ ਫੈਸਲਾ ਕਰ ਲਿਆ ਹੈ ਕਿ ਅਸੀਂ ਇਹ ਵੀ ਕਰਾਂਗੇ । ਮੈਂ ਇਨ੍ਹਾਂ ਨੂੰ (ਵਿਰੋਧੀ ਪਾਰਟੀ ਵਲ ਇਸ਼ਾਰਾ) ਬੜੀ ਨਿਮਰਤਾ ਸਹਿਤ ਨਿਵੇਦਨ ਕਰਦਾ ਹਾਂ ਕਿ ਇਹ ਕਿਸਾਨਾਂ ਦੀ ਇਕਨਾਮਿਕ ਪੋਜ਼ੀਸ਼ਨ ਨਾਲ ਉਸ ਦੇ ਰਿਸੋਰਸਿਜ਼ ਨਾਲ ਖੇਲ ਖਿਲਵਾੜ ਨਾ ਕਰਿਆ ਕਰਨ । ਜੇ ਕਿਸੇ ਨੇ ਤੁਹਾਨੂੰ ਵੋਟ ਪਾਉਣੀ ਹੈ ਤਾਂ ਉਸ ਨੇ ਤੁਹਾਨੂੰ ਜ਼ਰੂਰ ਪਾਉਣੀ ਹੈ ਕਿਸੇ ਹੋਰ ਨੂੰ ਨਹੀਂ ਪਾਉਣੀ ਪਰ ਇਨ੍ਹਾਂ ਹਰਕਤਾਂ ਨਾਲ ਤੁਹਾਡੇ ਨੇੜੇ ਤਿੜ ਕੋਈ ਨਹੀਂ ਆਵੇਗਾ । ਕਈ ਮੇਰੇ ਪੁਰਾਣੇ ਭਰਾ ਸਾਹਮਣੇ ਬੈਠੇ ਹਨ । ਹੁਣ ਇਹ ਗੱਲ ਨਹੀਂ ਹੋਣੀ ਕਿ ਮਾਰਣ ਵਾਲੇ ਨੂੰ ਛੁਰਾ ਦੇ ਦਿਤਾ ਤੇ ਮਕਤੂਲ ਨੂੰ ਕਫਨ ਦੇ ਦਿੱਤਾ । ਇਸ ਤਰ੍ਹਾਂ ਦੀਆਂ ਕਹਾਣੀਆਂ ਹੁਣ ਤੁਹਾਡੀਆਂ ਨਹੀਂ ਚਲਣੀਆਂ । ਸਪੀਕਰ ਸਾਹਿਬ,ਮੇਰੀ ਗੱਲ ਯਾਦ ਰਖਣ ਕਿ ਕਿਸਾਨ ਇਨ੍ਹਾਂ ਦੇ ਝੂਠੇ ਲਾਰੇ ਲਪਿਆਂ ਵਿੱਚ ਹੁਣ ਨਹੀਂ ਆਵੇਗਾ । ਇਨ੍ਹਾਂ ਨੇ ਆਪਣੇ ਵਲੇ ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਸੀ ਤਾਂ ਇਨ੍ਹਾਂ ਨੇ ਕਿਸਾਨ ਨੂੰ ਗੰਨੇ ਦਾ ਭਾਅ 6 ਰੁਪਏ ਦਿੱਤਾ ਸੀ ਅਤੇ ਕਿਸਾਨ ਨੇ ਖੜੇ ਗੰਨੇ ਨੂੰ ਅੱਗ ਲਾ ਦਿੱਤੀ ਸੀ। ਇਹ ਸੁਚੱਜੇ ਬੰਦੇ, ਇਹ ਬੀਬੀਆਂ ਦਾੜ੍ਹੀਆਂ ਵਾਲੇ, ਇਹ ਬਾਬਾ ਜੀ ਕਹਾਉਣ ਵਾਲੇ ਕਹਿੰਦੇ ਫਿਰਦੇ ਹਨ ਕਿਸਾਨ ਨੂੰ ਕਿ 23 ਰੁਪਏ ਵਿਚ ਤੁਹਾਡਾ ਗੰਨਾ ਲੁੱਟ ਲਿਆ । ਇਨ੍ਹਾਂ ਬੰਦਿਆਂ ਨੂੰ ਕੁਝ ਸੋਚਣਾ ਚਾਹੀਦਾ ਹੈ । ਪਾਲੀਟਿਕਸ ਇਹ ਨਹੀਂ ਕਿ ਇਧਰ ਬੈਂਚਾਂ ਤੇ ਬੈਠ ਕੇ ਤੁਸੀਂ ਕੁਝ ਹੋਰ ਬੋਲੋ ਅਤੇ ਉਧਰਲੇ ਬੈਂਚਾਂ ਤੇ ਬੈਠ ਕੇ ਕੁਝ ਹੋਰ ਬੋਲੋ । ਪੋਲੀਟਿਕਸ ਇਹ ਨਹੀਂ ਹੈ ਕਿ ਤੁਸੀਂ ਇਸ ਕਿਸਮ ਦੀਆਂ ਗਲਤ ਗੱਲਾਂ ਕਰੋ, ਝੂਠੀਆਂ ਗਲਾਂ ਕਰੋ । ਸਪੀਕਰ ਸਾਹਿਬ , ਖਾਲਿਆਂ ਬਾਰੇ ਇਨ੍ਹਾਂ ਨੇ ਬੜਾ ਰੌਲਾ ਪਾਇਆ ਕਿ ਸਾਰਾ ਪੈਸਾ ਮੁਆਫ ਕਰਨਾ ਚਾਹੀਦਾ ਹੈ । ਕਿਸੇ ਨੇ ਦੋ ਰੁਪਏ ਦੇਣੇ ਹੋਣ ਤਾਂ ਉਸ ਨੂੰ ਕਿਹਾ ਜਾਵੇ ਕਿ ਤੂੰ ਨਾ ਦੇ ਤਾਂ ਉਹ ਕਹਿੰਦਾ ਹੈ ਕਿ ਮੈਨੂੰ ਇਤਨੀ ਛੋਟੀ ਜਿਹੀ ਅਮਾਉਂਟ ਵਾਸਤੇ ਕਹਿੰਦਿਆਂ ਸ਼ਰਮ ਆਉਂਦੀ ਹੈ ਤਾਂ ਇਹ ਸਾਹਮਣੇ ਬੈਠੇ ਭਰਾ ਉਨ੍ਹਾਂ ਨੂੰ ਕਹਿੰਦੇ ਹਨ ਕਿ ਅਸੀਂ ਤੇਰੇ ਨਾਲ ਹਾਂ, ਅਸੀਂ ਤੇਰੇ ਨਾਲ ਖੜੇ ਹਾਂ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਨੇ, ਸੀ. ਪੀ. ਐਮ. ਵਾਲੇ ਤਾਂ ਪਤਾ ਨਹੀਂ ਕਿਧਰ ਨੂੰ ਚਲੇ ਗਏ ਉਹ ਵੀ ਇਨ੍ਹਾਂ ਦੀ ਸਰਕਾਰ ਵਿੱਚ ਸਨ, ਇਨ੍ਹਾਂ ਦੀ ਸਰਕਾਰ ਨੇ ਕਮਿਟਮੈਂਟ ਦਿੱਤੀ ਸੀ ਵਰਲਡ ਬੈਂਕ ਨੂੰ, ਆਈ. ਆਰ. ਡੀ. ਸੀ. ਨੂੰ ਅਸੀਂ ਸਾਰੇ ਦਾ ਸਾਰਾ ਪੈਸਾ ਕਿਸਾਨਾਂ ਕੋਲੋਂ ਰਿਕਵਰ ਕਰਕੇ ਦੇਵਾਂਗੇ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਤਾਂ ਆਪਣੇ ਆਪ ਨੂੰ ਬੜੇ ਸ਼ਰੀਫ ਕਹਿੰਦੇ ਹਨ ਅਤੇ ਸਰੀਫ ਦਾ ਲਫਜ਼ ਸੁਣ ਕੇ ਬੜਾ ਖੁਸ਼ ਹੁੰਦੇ ਹਨ, ਉਹ ਵੀ ਇਸ ਤਰ੍ਹਾਂ ਦੀਆਂ ਗੱਲਾਂ ਹੁਣ ਕਹਿੰਦੇ ਹਨ ।

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ਹੁਣ । ਗਿਲੋਟੀਨ ਦਾ ਸਮਾਂ 15 ਮਿੰਟ ਹੋਰ ਐਕਸਟੈਂਡ ਕੀਤਾ ਜਾਂਦਾ ਹੈ ।

ਖੇਤੀਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ) : ਮੇਰੀ ਤਾਂ ਕੋਈ ਮਜਬੂਰੀ ਨਹੀਂ । ਮੈਂ ਹੁਣੇ ਹੀ ਵਾਈਂਡ ਅੱਪ ਕਰ ਦਿੰਦਾ ਹਾਂ ਜੀ ।

ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਐਗਰੀਕਲਚਰਿਸਟਸ ਲਈ, ਕਿਸਾਨ ਲਈ, ਐਗਰੀਕਲਚਰ ਦੀ ਤਰੱਕੀ ਲਈ ਕੁਝ ਸਟੈਪਸ ਚੁੱਕੇ ਹਨ ਉਨ੍ਹਾਂ ਦੀ ਮਾਨਯੋਗ ਮੈਂਬਰਾਂ ਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ । ਅਸੀਂ ਇਕ ਹਾਰਟੀਕਲਚਰ ਕਾਰਪੋਰੇਸ਼ਨ ਬਣਾਈ ਹੈ । (ਥੰਪਿੰਗ) ਉਸ ਕਾਰਪੋਰੇਸ਼ਨ ਦਾ 5 ਕਰੋੜ ਰੁਪਏ ਦਾ ਸਰਮਾਇਆ ਹੋਵੇਗਾ । ਅਸੀਂ ਚਾਹੁੰਦੇ ਹਾਂ ਕਿ ਇਸ ਸੂਬੇ ਵਿੱਚ ਸਾਰੇ ਇਸ ਪਾਸੇ ਹੀ ਨਾ ਲਗੇ ਰਹਿਣ ਅਤੇ ਇਹੀ ਨਾ

Original with;
Punjab Vidhan Sabha
Digitized by;
Panjab Digital Library

ਕਹੀ ਜਾਣ ਪੈਂਡੀ ਔਰ ਕਣਕ, ਪੈਂਡੀ ਔਰ ਕਣਕ। ਦੂਸਰੀਆਂ ਚੀਜ਼ਾਂ ਵੀ ਅਸੀਂ ਮੁਲਕ ਵਿੱਚ ਸਪਲਾਈ ਕਰ ਸਕੀਏ। ਅਸੀਂ ਇਸ ਪਾਸੇ ਵਲ ਵੀ ਆਪਣਾ ਧਿਆਨ ਦਿੱਤਾ ਹੈ। ਮਾਨਯੋਗ ਮੈਂਬਰਜ਼ ਇਸ ਗੱਲ ਨੂੰ ਐਪਰੀਸ਼ੀਏਟ ਕਰਨਗੇ ਕਿ ਅਸੀਂ ਐਗਰੀਕਲਚਰ ਯੂਨੀਵਰਸਿਟੀ ਦਾ ਮਹਾਰੀਨ ਡਾਕਟਰ ਜੀ. ਐਸ. ਨਿਜਰ ਨੂੰ ਡਾਇਰੈਕਟਰ, ਹਾਰਟੀਕਲਚਰ ਲਾਇਆ ਹੈ। ਇਸ ਗੱਲ ਨੂੰ ਪਾਪੂਲੇਰਾਈਜ਼ ਕਰਨ ਲਈ ਤਾਂਕਿ ਫਾਰੈਸਟਸ ਦੀ ਕੋਈ ਕਮੀ ਨਾ ਰਹੇ, ਅਸੀਂ ਇਸ ਪਾਸੇ ਆਪਣਾ ਧਿਆਨ ਦਿੱਤਾ ਹੈ! ਫਿਊਲ ਵੁਡ ਦੀ, ਲਕੜੀ ਦੀ ਕਮੀ ਜੋ ਦਿਸ ਰਹੀ ਹੈ ਕਿ ਆ ਜਾਣੀ ਹੈ ਕਿਉਂਕਿ ਆਬਾਦੀ ਵੱਧਦੀ ਜਾ ਰਹੀ ਹੈ ਔਰ ਸਾਡਾ ਧਰਮ ਸੰਸਕਾਰ ਵੀ ਹੈ ਕਿ 10-15 ਮਣ ਲਕੜੀ ਹਰ ਇਕ ਨੂੰ ਲੋੜੀਂਦੀ ਹੈ। ਇਸ ਵਾਸਤੇ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਇਧਰ ਧਿਆਨ ਦੇਈਏ। (ਜੱਥੇਦਾਰ ਜੀਵਨ ਸਿੰਘ ਉਮਰਾ ਨੰਗਲ ਵਲੋਂ ਵਿਘਨ) ਵਾਹ ਭਾਈ ਜੀ, ਵਾਹ। ਪੜ੍ਹੀਆਂ ਪੱਥੀਆਂ ਤੇ ਕੰਮ ਕਰਨੇ ਆਂ। (ਹਾਸਾ) ਸਪੀਕਰ ਸਾਹਿਬ, ਫਾਰੈਸਟਸ ਲਈ ਅਸੀਂ ਬੜੀ ਸ਼ਿਦਤ ਨਾਲ ਸੋਚ ਰਹੇ ਹਾਂ। ਅਸੀਂ ਬੜੀ ਸ਼ਿਦਤ ਨਾਲ ਸੋਚ ਰਹੇ ਹਾਂ ਕਿ ਫਾਰੈਸਟ ਕਾਰਪੋਰੇਸ਼ਨ ਬਣਾਈ ਜਾਵੇ ਮੈਨੂੰ ਇਹ ਗੱਲ ਹਾਊਸ ਨੂੰ ਦੱਸਣ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਮਹਿਕਮਾ ਪਲੈਨਿੰਗ ਨੇ, ਸਾਡੇ ਪਲੈਨਿੰਗ ਸੈਕਟਰੀ ਨੇ ਉਹ ਸਕੀਮ ਕਲੀਅਰ ਕਰ ਦਿਤੀ ਹੈ ਅਤੇ ਐਫ. ਡੀ. ਕੋਲ ਗਈ ਹੈ। ਅਸੀਂ ਇਸ ਦੇ ਲਈ ਕੋਸ਼ਿਸ਼ ਕਰਾਂਗੇ ਅਤੇ ਤੁਸੀਂ ਵੀ ਸਹਿਯੋਗ ਦਿਓ, ਚੀਫ਼ ਮਨਿਸਟਰ ਸਾਹਿਬ ਨੂੰ ਵੀ ਨਿਵੇਦਨ ਕਰਾਂਗਾ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਸਾਨੂੰ ਇਹ ਕਾਰਪੋਰੇਸ਼ਨ ਐਸਟੇਬਲਿਸ਼ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਇਸ ਸਾਲ ਜੋ ਸਾਡਾ ਟਾਰਗੈਟ ਹੈ ਉਹ 400 ਲੱਖ ਪੌਦੇ ਹੋਰ ਲਾਉਣ ਦਾ ਹੈ ਔਰ ਸਾਨੂੰ ਉਮੀਦ ਹੈ ਕਿ ਇਸ ਦੇ ਵਿੱਚ ਅਸੀਂ ਕਾਮਯਾਬੀ ਹਾਸਲ ਕਰਾਂਗੇ। ਫਾਰਮ ਫਾਰੈਸਟ ਵੀ ਐਨਕਰਜ ਕਰ ਰਹੇ ਹਾਂ। 264 ਲੱਖ ਰੁਪਿਆ ਅਸੀਂ ਖਰਚ ਕੀਤਾ ਹੈ ਸਬਸਿਡਾਈਜ਼ਡ ਰੇਟਸ ਤੇ ਪੌਦੇ ਦਿੱਤੇ ਹਨ ਅਤੇ ਇਸ ਦੇ ਵਿਚੋਂ ਸਾਨੂੰ ਸਿਰਫ 20 ਲੱਖ ਰੁਪਏ ਮਿਲੇ ਹਨ। ਲੇਕਿਨ ਸਾਡੀ ਸਰਕਾਰ ਲੋਕਾਂ ਨੂੰ ਇਸ ਕੰਮ ਲਈ ਉਤਸ਼ਾਹ ਦੇਣ ਵਾਸਤੇ ਕੰਮ ਕਰ ਰਹੀ ਹੈ। ਲੋਕਾਂ ਨੂੰ ਉਤਸ਼ਾਹ ਦੇਣ ਲਈ ਸਰਕਾਰ ਨੂੰ ਲਾਜ਼ਮੀ ਤੌਰ ਤੇ ਘਾਟੇ ਵਾਲੇ ਕੰਮ ਵੀ ਕਰਨੇ ਪੈਂਦੇ ਹਨ

ਜਿਥੋਂ ਤਕ, ਸਪੀਕਰ ਸਾਹਿਬ, ਇਸ ਗੱਲ ਦਾ ਤਅਲੁਕ ਹੈ ਜਿਸ ਦਾ ਜ਼ਿਕਰ 'ਇਥੇ ਦੋਸਤਾਂ ਨੇ ਕੀਤਾ ਹੈ ਕਿ ਕਣਕ ਦਾ ਭਾਅ ਨਹੀਂ ਆਇਆ, ਕਣਕ ਪਈ ਰਹੇਗੀ! ਮੈਂ ਇਸ ਗੱਲ ਲਈ ਐਸ਼ੋਅਰ ਕਰਾਉਣਾ ਚਾਹੁੰਦਾ ਹਾਂ ਕਿ ਜਿਸ ਦਿਨ ਕਣਕ ਕੱਢ ਲਓਗੇ, ਕਿਸਾਨ ਜਿਸ ਦਿਨ ਕਣਕ ਕੱਢ ਲੈਣਗੇ ਅਸੀਂ 24 ਘੰਟਿਆਂ ਦੇ ਅੰਦਰ ਅੰਦਰ ਬੋਰੀਆ ਭਰਾ ਦਿਆਂਗੇ। (ਥੰਪਿੰਗ) 120 ਮਾਰਕਿਟ ਕਮੇਟੀਆਂ ਹਨ। 4-5 ਸੌ ਪ੍ਰਚੇਜ਼ਿੰਗ ਸੈਂਟਰਜ਼ ਹਨ। ਅਸੀਂ ਕਿਸਾਨ ਦੀ ਹਰ ਸੁਵਿੱਧਾ ਦਾ ਧਿਆਨ ਰਖਾਂਗੇ। ਕਣਕ ਘਰੋਂ ਵੀ ਤੁਲਾਉਣ ਤਕ ਜਾਵਾਂਗੇ, ਨੇੜੇ ਨੇੜੇ ਉਸ ਦੀ ਕਣਕ ਚੁਕਵਾਵਾਂਗੇ ਤਾਂਕਿ ਉਸ ਨੂੰ ਕਿਸੇ ਗੱਲ ਦੀ ਦਕੱਤ ਨਾ ਹੋਵੇ। ਤੁਸੀਂ (ਵਿਰੋਧੀ ਧਿਰ ਵਲ ਇਸ਼ਾਰਾ) ਕੋਈ ਸੁਚੱਜੀ ਗੱਲ ਕਰਿਆ ਕਰੋ। ਐਵੇਂ ਨਾ ਇਸ ਤਰ੍ਹਾਂ ਦੀਆਂ ਗੱਲਾਂ ਕਰਿਆ ਕਰੋ ਅੰਤ ਵਿਚ, ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਹਦਾ ਹਾਂ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਚੌਧਰੀ ਸਾਹਿਬ ਨੂੰ ਪੁਛੋ ਕਿ ਕੀ ਹੁਣ ਅਸੀਂ ਇਥੇ ਬਿਨਾਂ ਵੋਟਾਂ ਦੇ ਆਏ ਹਾਂ ?

Original with;
Punjab Vidhan Sabha
Digitized by
Panjab Digital Library

ਖੇਤੀਬਾੜੀ ਮੰਤਰੀ : ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਜਦੋਂ ਇਹ ਸਾਡੇ ਪੱਲ੍ਹ ਵਟ ਭਰਾ ਸਨ ਉਦੋਂ ਵੀ ਇੰਨੇ ਸਨ ਅਤੇ ਅੱਜ ਵੀ ਇੰਨੇ ਹਨ ।

ਸਪੀਕਰ ਸਾਹਿਬ, ਸਰਦਾਰ ਮੁਹਿੰਦਰ ਸਿੰਘ ਨੇ ਕੁਐਸਚਨ ਉਠਾਇਆ ਸੀ ਕਿ ਬਟਾਲਾ ਸ਼ੂਗਰ ਮਿਲ ਦੀ ਕਪੈਸਿਟੀ ਐਨਹਾਂਸ ਕਿਉਂ ਨਹੀਂ ਹੋਈ । ਮੈਂ ਦਸਦਾ ਹਾਂ ਕਿ ਅਸੀਂ ਇਸ ਗੱਲ ਨੂੰ ਘੋਖਾਂਗੇ, ਵਿਚਾਰ ਕਰਾਂਗੇ ਅੱਰ ਪੂਰੇ ਯਤਨ ਕਰਾਂਗੇ ਕਿ ਉਸ ਦੀ ਕਪੈਸਿਟੀ ਐਨਹਾਂਸ ਹੋ ਜਾਏ।

ਮੁੜ ਵਸੇਬੇ ਅਤੇ ਉਦਯੋਗ ਦੇ ਰਾਜ ਮੰਤਰੀ (ਸਰਦਾਰ ਦਰਸ਼ਨ ਸਿੰਘ, ਕੇ. ਪੀ) : ਸਪੀਕਰ ਸਾਹਿਬ, ਅੱਜ ਜੋ ਬਹਿਸ ਹੋਈ ਹੈ ਉਹ ਐਗਰੀਕਲਚਰ ਅਤੇ ਇੰਡਸਟਰੀ ਤੇ ਹੋਈ ਹੈ ਅਤੇ ਉਸ ਤੋਂ ਪਤਾ ਚਲਦਾ ਹੈ ਕਿ ਕਿਸ ਤਰ੍ਹਾਂ ਪੰਜਾਬ ਦੀ ਤਰੱਕੀ ਲਈ ਉਪਰਾਲੇ ਕੀਤੇ ਜਾ ਰਹੇ ਹਨ । ਸਪੀਕਰ ਸਾਹਿਬ, ਪੰਜਾਬ ਦੇ ਸੂਬੇ ਨੂੰ ਐਗਰੀਕਲਚਰ ਪ੍ਰਧਾਨ ਸੂਬਾ ਕਿਹਾ ਗਿਆ ਹੈ । ਇਸ ਸੂਬੇ ਦੀ ਆਜ਼ਾਦੀ ਤੋਂ ਪਹਿਲਾਂ ਹਾਲਤ ਇਹ ਸੀ ਕਿ ਇਥੇ ਪੈਦਾਵਾਰ ਬਹੁਤ ਘੱਟ ਹੁੰਦੀ ਸੀ ਅੱਰ ਇਹ ਬਰਕਤ ਜਿਹੜੀ ਹੈ ਇਹ ਆਜ਼ਾਦੀ ਤੋਂ ਬਾਅਦ ਦੀ ਹੈ ਜਦੋਂ ਪੰਚਾਇਤੀ ਰਾਜ ਬਣਾਇਆ ਗਿਆ ਅੱਰ ਅੱਜ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਉਦੋਂ ਸਾਡੇ ਪੰਜਾਬ ਦੇ ਡਿਵੈਲਪਮੈਂਟ ਮਨਿਸਟਰ ਸਨ ਇਨ੍ਹਾਂ ਨੇ ਬਲਾਕ ਸੰਮਤੀਆਂ ਬਣਾਈਆਂ । ਪਹਿਲਾਂ ਇਹ ਹਾਲਤ ਸੀ ਕਿ ਲੋਕਾਂ ਨੂੰ ਜ਼ਮੀਨ ਵਿ ਚ ਖਾਦ ਨਹੀਂ ਪਾਉਣੀ ਆਉਂਦੀ ਸੀ । ਇਨ੍ਹਾਂ ਨੇ ਸਭ ਕੁਝ ਸਟੱਡੀ ਕਰਵਾਇਆ ਅਤੇ ਉਸ ਦੇ ਮੁਤਾਬਕ ਦਸਿਆ ਕਿ ਇਸ ਤਰ੍ਹਾਂ ਬੀਜ ਪਾਉਣੇ ਹਨ ਇਸ ਤਰ੍ਹਾਂ ਖਾਦ ਪਾਉਣੀ ਹੈ ਤੇ ਫਿਰ ਕਿਤੇ ਜਾ ਕੇ ਐਗਰੀਕਲਚਰ ਵਿਚ ਤਰੱਕੀ ਹੋਈ ਅਤੇ ਪੰਜਾਬ ਐਗਰੀਕਲਚਰਲ ਪ੍ਰਧਾਨ ਸੂਬਾ ਕਹਾਇਆ । ਮੈਂ ਪੰਜਾਬ ਦੇ ਲੋਕਾਂ ਨੂੰ ਅਤੇ ਮੁੱਖ ਮੰਤਰੀ ਜੀ ਨੂੰ ਇਸ ਬਾਰੇ ਵਧਾਈ ਦਿੰਦਾ ਹਾਂ । ਪੰਜਾਬ ਦੇ ਲੋਕ ਬਹੁਤ ਬਹਾਦਰ ਹਨ ਅੱਰ ਹਰ ਮੋਰਚੇ ਵਿਚ ਅਗੇ ਰਹਿਣ ਵਾਲੇ ਹਨ ਅਤੇ ਦੇਸ਼ ਲਈ ਕੁਰਬਾਨ ਹੋਣਾ ਜਾਣਦੇ ਹਨ । ਇੰਡਸਟਰੀ ਦੇ ਸਬੰਧ ਵਿਚ ਸਾਡੇ ਮੁੱਖ ਮੰਤਰੀ ਜੀ ਨੇ ਸਾਡੇ ਪ੍ਰਧਾਨ ਮੰਤਰੀ ਜੀ ਨੂੰ ਇਹ ਗੱਲ ਕਹੀ ਕਿ ਸਾਡੇ ਪੰਜਾਬੀਆਂ ਦੀਆਂ ਇਹ ਖੂਬੀਆਂ ਹਨ ਇਸ ਤਰ੍ਹਾਂ ਕਰਕੇ ਪੰਜਾਬ ਦੀ ਇੰਡਸਟਰੀ ਵਾਸਤੇ ਸਾਡੀ ਮਦਦ ਹੋਣੀ ਚਾਹੀਦੀ ਹੈ ਤਾਂ ਕਿ ਅਸੀਂ ਜ਼ਿੰਦਗੀ ਦੀਆਂ ਜ਼ਰੂਰਤਾਂ ਦੇ ਸਾਧਨ ਜੁਟਾ ਸਕੀਏ । (ਇਸ ਸਮੇਂ ਹਾਊਸ ਦੀ ਬਿਜਲੀ ਬੰਦ ਹੋ ਗਈ ।) ਅੱਜ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਹੇਠ ਜੰਲਿਧਰ ਬਹੁਤ ਵੱਡਾ ਇੰਡਸਟਰੀਅੱਲ ਕੰਪਲੈਕਸ ਬਣ ਗਿਆ ਹੈ ਅਤੇ ਹਜ਼ਾਰ ਏਕੜ ਜ਼ਮੀਨ ਇਸ ਦੇ ਲਈ ਲੈਣੀ ਹੈ । ਪੰਜ ਸੌ ਏਕੜ, ਜ਼ਮੀਨ ਲੈ ਕੇ ਇੰਡਸਟਰੀ ਸਥਾਪਤ ਕਰਨ ਲਈ ਦਿਤੀ ਹੈ । ਇਸੇ ਤਰ੍ਹਾਂ ਰਣਜੀਤਗੜ੍ਹ ਬਣਾਉਣਾ ਹੈ। ਉਥੇ ਵਾਸਤੇ ਲੋਕਾਂ ਨੂੰ ਕਿਹਾ ਗਿਆ ਹੈ ਕਿ ਆਪਣੀਆਂ ਅਰਜ਼ੀਆਂ ਦਿਓ ਤਾਂ ਕਿ ਤੁਹਾਨੂੰ ਜਗ੍ਹਾ ਅਲਾਟ ਕੀਤੀ ਜਾਏ । ਪੰਜਾਬ ਦੇ ਜਿਹੜੇ ਬਾਹਰ ਲੋਕ ਵਸ ਰਹੇ ਹਨ ਜਿਹੜੇ ਫ਼ਾਰਨ ਚਲੇ ਗਏ ਹਨ ਜਿਹੜੇ ਕਹਿੰਦੇ ਹਨ ਕਿ ਖੇਤੀਬਾੜੀ ਨਹੀਂ ਕਰਨੀ ਉਹ ਦਸਦੇ ਨਹੀਂ ਕਿ ਫ਼ਾਰਨ ਵਿਚ ਜਾ ਕੇ ਕੀ ਕੰਮ ਕਰਦੇ ਹਨ । ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਤੁਸੀਂ ਜਿਹੜੇ ਕੰਮ ਫ਼ਾਰਨ ਵਿਚ ਕਰਦੇ ਹੋ ਉਹ ਇਥੇ ਆ ਕੇ ਕਰੋ ਅਸੀਂ ਤੁਹਾਡੀ ਹਰ ਤਰ੍ਹਾਂ ਨਾਲ

Original with;
Punjab Vidhan Sabha
Digitized by;
Panjab Digital Library

ਮਦਦ ਕਰਾਂਗੇ । ਇੰਡਸਟਰੀਅੱਲ ਪਲਾਟ ਦਿਆਂਗੇ, ਰਾਅ ਮੈਟੀਰੀਅੱਲ ਦੇਵਾਂਗੇ ਹੋਰ ਵੀ ਜੋ ਮਦਦ ਹੋ ਸਕੇ ਕਰਾਂਗੇ । ਇਸ ਲਈ ਮੈਂ ਮਾਣ ਨਾਲ ਕਹਿ ਸਕਦਾ ਹਾਂ ਇਸ ਲਈ ਇੰਡਸਟਰੀ ਇਥੇ ਵੱਧ ਰਹੀ ਹੈ ਕਿਉਂਕਿ ਅਸੀਂ ਲੋਕਾਂ ਦੀ ਇਸ ਖੇਤਰ ਵਿਚ ਪੂਰੀ ਮਦਦ ਕਰ ਰਹੇ ਹਾਂ ਅੱਤ ਲੋਕਾਂ ਨੂੰ ਇਸ ਪਾਸੇ ਲਾਇਆ ਹੈ । ਇੰਡਸਟਰੀ ਦੀ ਤਰੱਕੀ ਅਸੀਂ ਹਰ ਜਗ੍ਹਾ ਕਰਨੀ ਹੈ । ਹੁਣ ਤਿਨ ਜ਼ਿਲੇ ਸੰਗਰੂਰ, ਬਠਿਡਾ, ਅਤੇ ਹੁਸਿਆਰਪੁਰ ਬੈਕਵਰਡ ਕਰਾਰ ਹਨ ਅਸੀਂ ਇਥੇ ਇੰਡਸਟਰੀ ਲਾਉਣੀ ਹੈ ਅਤੇ ਅੰਮ੍ਰਿਤਸਰ ਵਿਚ ਵੀ ਕੁਝ ਯੂਨਿਟਸ ਲਗਾਉਣੇ ਹਨ । ਅਸੀਂ ਲੈਦਰ ਕਾਰਪੋਰੇਸ਼ਨ ਨੂੰ ਬਹੁਤ ਬੜ੍ਹਾਵਾ ਦਿਤਾ ਹੈ ਅੱਤ ਦੇਣਾ ਹੈ ਤਾਂ ਕਿ ਜਿਹੜੇ ਸਾਡੇ ਹੱਥ ਨਾਲ ਕੰਮ ਕਰਨ ਵਾਲੇ ਲੋਕ ਹਨ ਉਹ ਮਸ਼ੀਨਰੀ ਦੇ ਜ਼ਰੀਏ ਕੰਮ ਕਰਨ । ਜਲੰਧਰ ਵਿਚ ਇਕ ਬਹੁਤ ਵੱਡਾ ਟੈਨਰੀ ਇਨਸਟੀਚਿਊਸ਼ਨ ਹੈ ਜਿਥੇ ਸਿਖਲਾਈ ਦਾ ਕੰਮ ਵੀ ਹੁੰਦਾ ਹੈ ਅਸੀਂ ਆਈ. ਟੀ. ਆਈ. ਵਚ ਵੀ ਬੱਚਿਆਂ ਨੂੰ ਟਰੇਨਿੰਗ ਦੇ ਰਹੇ ਹਾਂ ਇਸੇ ਤਰ੍ਹਾਂ ਮਲੇਰਕੋਟਲਾ, ਕੋਟ ਕਪੂਰਾ ਅਤੇ ਬੰਗਾ ਵਿਚ ਹੈ । ਮੈਂ ਦਸਦਾ ਹਾਂ ਕਿ 1981-82 ਵਿਚ ਸਮਾਲ ਸਕੇਲ ਯੂਨਿਟਸ ਦਿਹਾਤਾਂ ਵਿਚ 5,195 ਅਤੇ ਸ਼ਹਿਰਾਂ ਵਿਚ 7,159 ਯੂਨਿਟਸ ਦਿਤੇ ਗਏ ਹੋਰ ਵੱਡੇ ਵੱਡੇ 24 ਯੂਨਿਟਸ ਲਾਏ ਹਨ ਜਿਨ੍ਹਾ ਵਿਚੋਂ ਯੂਨਿਟਸ ਚਲ ਰਹੇ ਹਨ । ਮੈਂ ਚੀਫ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਜਿਸ ਤਰ੍ਹਾਂ ਪਹਿਲਾਂ ਇਨ੍ਹਾਂ ਨੇ ਡਿਵੈਲਪਮੈਂਟ ਮਨਿਸਟਰ ਦੇ ਤੌਰ ਤੇ ਕੰਮ ਕੀਤਾ ਸੀ ਅਤੇ ਪੰਜਾਬ ਨੂੰ ਇਸ ਸਟੇਜ ਤੇ ਲਿਆ ਕੇ ਖੜ੍ਹਾ ਕੀਤਾ ਹੈ ਅਤੇ ਲੋਕਾਂ ਦੇ ਦੁਖ ਦੂਰ ਕੀਤੇ ਉਸੇ ਤਰ੍ਹਾਂ ਅੱਜ ਬਤੌਰ ਚੀਫ ਮਨਿਸਟਰ ਇੰਡਸਟਰੀ ਵੱਲ ਲੋਕਾਂ ਦਾ ਰੁਖ ਮੋੜ ਰਹੇ ਹਨ । ਜਿਹੜੇ ਬੱਚੇ ਮੈਟ੍ਰਿਕ ਪਾਸ ਕਰ ਜਾਂਦੇ ਹਨ ਉਹ ਆਈ. ਟੀ. ਆਈ. ਤੋਂ ਟਰੇਨਿੰਗ ਲੈ ਕੇ ਆਪਣੇ ਯੂਨਿਟਸ ਰਜਿਸਟਰ ਕਰਵਾਉਣ । ਅਸੀਂ ਉਨ੍ਹਾਂ ਨੂੰ ਪਲਾਟ ਅਤੇ ਰਾਅਮੈਟੀਰੀਅਲ ਦੇਣੇ ਹਨ । ਅਸੀਂ ਲੋਹਾ, ਕੋਲਾ ਬਲੈਕ ਕਰਨ ਵਾਲੇ ਨੂੰ ਕੁਝ ਨਹੀਂ ਦੇਣਾ ਅਸੀਂ ਉਨ੍ਹਾਂ ਨੂੰ ਦੇਣਾ ਹੈ ਜਿਹੜੇ ਆਪਣੇ ਹੱਥ ਨਾਲ ਕੰਮ ਕਰਨ ਵਾਲੇ ਹਨ ਤਾਂ ਕਿ ਆਪ ਕੰਮ ਕਰਨ ਵਾਲੇ ਨੂੰ ਪਤਾ ਲਗੇ ਕਿ ਲੋਕਾਂ ਦੀ ਸਰਕਾਰ ਹੈ ਅਤੇ ਲੋਕਾਂ ਦੇ ਹੀ ਭਲੇ ਵਾਸਤੇ ਹੈ । ਅੰਤ ਵਿਚ ਮੈਂ ਇਤਨੀ ਗੱਲ ਕਹਾਂਗਾ ਕਿ ਅਸੀਂ ਜਿਸ ਤਰ੍ਹਾਂ ਐਗਰੀਕਲਚਰ ਦੇ ਖੇਤਰ ਵਿਚ ਤਰਕੀ ਕੀਤੀ ਹੈ ਉਸ ਤਰ੍ਹਾਂ ਅਸੀਂ ਬਹੁਤ ਜਲਦੀ ਇੰਡਸਟਰੀ ਦੇ ਖੇਤਰ ਵਿਚ ਤਰੱਕੀ ਕਰਕੇ ਪੰਜਾਬ ਦਾ ਨਾਂ ਉਚਾ ਕਰ ਸਕਾਂਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸੀਟ ਲੈਂਦਾ ਹਾਂ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਕੁਝ ਪੁਆਇੰਟਸ ਜੋ ਹਾਊਸ ਵਿਚ ਰੇਜ਼ ਕੀਤੇ ਗਏ ਉਨ੍ਹਾਂ ਬਾਰੇ ਬਹੁਤ ਹੀ ਸੰਖੇਪ ਰੂਪ ਵਿਚ ਅਰਜ਼ ਕਰਨੀ ਚਾਹੁੰਦਾ ਹਾਂ । ਇਥੇ ਕਿਹਾ ਗਿਆ ਕਿ ਰਾਅ ਮੈਟੀਰੀਅੱਲ ਦੀ ਪਰੋਕਿਉਰਮੈਂਟ ਬਹੁਤ ਘੱਟ ਕੀਤੀ ਗਈ ਹੈ । ਮੈਂ ਦਸਦਾ ਹਾਂ ਕਿ 1979-80 ਵਿਚ ਪਿਗ ਆਇਰਨ 56 ਹਜ਼ਾਰ ਮੀਟ੍ਰਿਕ ਟਨ ਜਿਥੇ ਸਪਲਾਈ ਕੀਤਾ ਗਿਆ ਸੀ ਉਥੇ ਅਸੀਂ 58 ਹਜ਼ਾਰ ਮੀਟ੍ਰਿਕ ਟਨ ਸਾਡੀ ਪੀ. ਐਸ. ਐਸ. ਆਈ. ਸੀ. ਨੇ ਡਿਸਟਰੀਬਿਊਟ ਕੀਤਾ ਹੈ । ਇਸੇ ਤਰ੍ਹਾਂ ਬਾਕੀ ਚੀਜ਼ਾਂ ਵਿਚ ਅਸੀਂ ਡਿਸਟਰੀਬਿਊਸ਼ਨ ਵੱਧ ਕੀਤੀ ਹੈ । ਇਹ ਠੀਕ ਹੈ ਕਿ ਹਾਰਡ ਅਤੇ ਸਟੀਮ ਕੋਲ ਦੀ ਕਮੀਂ ਸੀ, ਪਰ ਇਸ ਦੀ ਥਰੂ ਆਊਟ ਕੰਟਰੀ ਘਾਟ ਰਹੀ ਹੈ । ਮੈਂ ਦਸਦਾ ਹਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਿ ਇਸ ਦੀ ਜਿਥੇ ਅੱਗੇ ਬਹੁਤ ਘਾਟ ਸੀ ਅਸੀਂ 50% ਤਕ ਇਸ ਦੀ ਘਾਟ ਨੂੰ ਪੂਰਾ ਕੀਤਾ ਅੱਰ ਇਸ ਦੀ ਸਪਲਾਈ ਚਾਲੂ ਰੱਖੀ ਹੈ । ਇਹ ਸ਼ਾਰਟੇਜ ਸਾਰੇ ਮੁਲਕ ਵਿਚ ਹੈ । ਅਸੀਂ ਕੋਸ਼ਿਸ਼ ਕੀਤੀ ਹੈ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਪੰਜਾਬ ਵਿਚ ਖਿਚ ਸਕੀਏ । ਤਿੰਨ ਜ਼ਿਲ੍ਹੇ ਬਠਿੰਡਾ, ਸੰਗਰੂਰ ਅਤੇ ਹੁਸ਼ਿਆਰਪੁਰ ਬੈਕਵਰਡ ਕਰਾਰ ਦਿਤੇ ਹਨ ਅੱਰ ਫਰੀਦਕੋਟ ਡਿਸਟ੍ਰਿਕਟ ਦੀ ਇਕ ਤਹਿਸੀਲ ਵੀ ਗੌਰਮਿੰਟ ਆਫ ਇੰਡੀਆ ਨੇ ਬੈਕਵਰਡ ਡਿਕਲੇਅਰ ਕੀਤੀ ਹੈ । ਅਸੀਂ ਕਾਫੀ ਸਾਰੇ ਯੂਨਿਟਸ ਲਾਏ ਹਨ । ਅਖਬਾਰਾਂ ਵਿਚ ਖਬਰਾਂ ਪੜ੍ਹ ਕੇ ਕੋਈ ਐਸੀ ਗੱਲ ਨਹੀਂ ਲਿਆਉਣੀ ਚਾਹੀਦੀ ਕਿ ਇਧਰਲੀ ਜਾਂ ਉਧਰਲੀ ਸਟੇਟ ਕਹਿੰਦੀ ਹੈ ਕਿ ਪੰਜਾਬ ਦੀ ਇੰਡਸਟਰੀ ਬਾਹਰ ਜਾਣਾ ਚਾਹੁੰਦੀ ਹੈ ਕਿ ਨਹੀਂ । ਇਸ ਕਾਰਕੇ ਅਸੀਂ 385 ਕਰੋੜ ਰੁਪਏ ਵਿਚੋਂ 199 ਕਰੋੜ ਰੁਪਏ ਇਸ ਗੱਲ ਤੇ ਖ਼ਰਚ ਕਰ ਰਹੇ ਹਾਂ ਜਿਸ ਨਾਲ ਪਾਵਰ ਵਧੇਗੀ, ਜੇ ਪਾਵਰ ਵਧੇਗੀ ਤਾਂ ਇੰਡਸਟਰੀ ਲਾਉਣ ਵਾਲੇ ਆਪੇ ਅਗੇ ਆਉਣਗੇ । ਉਹ ਕਹਿੰਦੇ ਹਨ ਕਿ ਸਾਨੂੰ ਜਗ੍ਹਾ ਮਿਲੇ ਅਸੀਂ ਇਥੇ ਲਾਉਣ ਵਾਸਤੇ ਤਿਆਰ ਹਾਂ । ਕਿਤੇ ਕੋਈ ਬਾਹਰ ਜਾਣ ਵਾਸਤੇ ਤਿਆਰ ਨਹੀਂ । ਇਥੇ ਝੂਠੀਆਂ ਖਬਰਾਂ ਇਧਰ ਉਧਰ ਦੀਆਂ ਆਪਣੇ ਪਰਪਜ਼ ਵਾਸਤੇ ਦਿੱਤੀਆਂ ਜਾਂਦੀਆਂ ਹਨ । ਮੈਨੂੰ ਇਸ ਦਾ ਪਤਾ ਹੈ । ਗੋਇੰਦਵਾਲ ਸਾਹਿਬ ਕੰਪਲੈਕਸ ਦੀ ਚੌੜੀ ਸੜਕ ਫਿਲੌਰ ਵਾਲੇ ਪਾਸੇ ਧੁਰ ਤਕ ਜਾ ਰਹੀ ਹੈ । ਗੋਇੰਦਵਾਲ ਸਾਹਿਬ ਇੱਕ ਇਤਿਹਾਸਕ ਤੌਰ ਤੇ ਐਸੀ ਜਗ੍ਹਾ ਹੈ ਜਿਸ ਦੇ ਸਾਹਮਣੇ ਹਰ ਕੋਈ ਸਿਰ ਨੀਵਾਂ ਕਰਦਾ ਹੈ । ਸਾਡੇ ਕੋਲ ਟੂ ਸਟਾਰਟ ਵਿੱਚ ਪੰਜ ਸੌ ਏਕੜ ਜ਼ਮੀਨ ਸੀ । ਉਥੇ ਸਾਰੇ ਯੂਨਿਟਸ ਆ ਰਹੇ ਹਨ । ਐਚ. ਐਮ. ਟੀ. ਅਤੇ ਦੂਸਰੀਆਂ ਇੰਡਸਟਰੀਆਂ ਵਾਲੇ ਆਪਣੀ ਜਗ੍ਹਾ ਲੈ ਰਹੇ ਹਨ । ਜਿਉਂ ਜਿਉਂ ਲੋਕ ਆਈ ਜਾਂਦੇ ਹਨ ਤਿਉਂ ਤਿਉਂ ਅਸੀਂ ਉਨ੍ਹਾਂ ਨੂੰ ਜਗ੍ਹਾ ਦਈ ਜਾਂਦੇ ਹਾਂ । ਲੇ-ਆਉਟ ਕੀਤਾ ਹੋਇਆ ਹੈ । ਇੱਕ ਸੈਕਟਰੀ ਲੈਵਲ ਦਾ ਅਫਸਰ ਉਥੇ ਬਿਠਾਇਆ ਹੈ ਜਿਹੜਾ ਕਿ ਗੋਇੰਦਵਾਲ ਸਾਹਿਬ ਦਾ ਕੰਮ ਦੇਖਦਾ ਹੈ । ਹਜ਼ਾਰ ਦੇ ਕਰੀਬ ਅਰਜ਼ੀ ਆਈ ਸੀ । ਜਿਤਨੇ ਲੋਕ ਆ ਕੇ ਅਪਲਾਈ ਕਰਦੇ ਹਨ ਅਸੀਂ ਉਨ੍ਹਾਂ ਨੂੰ ਖੁਸ਼ਆਮਦੀਦ ਕਿਹਾ ਹੈ । ਇਥੇ ਕਿਹਾ ਗਿਆ ਹੈ ਕਿ ਲੈਟਰ ਆਫ ਇੰਟੈਂਟਸ ਨਹੀਂ ਆ ਰਹੇ । ਅੱਗੇ ਜ਼ਰੂਰ ਬਹੁਤ ਥੋੜ੍ਹੇ ਆਏ ਹੋਣੇ ਹਨ । ਮੈਂ 108 ਲੈਟਰ ਆਫ ਇੰਟੈਂਟਸ ਹਾਸਲ ਕਰ ਲਏ ਹਨ ।

EXTENSION OF TIME OF THE SITTING

ਸ਼੍ਰੀ ਸਪੀਕਰ : ਹਾਊਸ ਦੀ ਪਲੀਯਰ ਨਾਲ 15 ਮਿੰਟ ਹਾਊਸ ਦਾ ਸਮਾਂ ਐਕਸਟੈਂਡ ਕੀਤਾ ਜਾਂਦਾ ਹੈ ।

DISCUSSION AND VOTING OF DEMANDS FOR GRANTS FOR THE YEAR 1982-83 (*Resumption*)

ਮੁੱਖ ਮੰਤਰੀ : ਇਸ ਵੇਲੇ ਟੀ. ਵੀ. ਗਲਾਸ, ਸੈਲਜ਼, ਟੈਲੀ ਕਮਿਊਨੀਕੇਸ਼ਨ, ਫਲਿਓਰੈਸੈਂਟ ਟਿਊਬਜ਼ ਅਲੈਕਟ੍ਰਿਕ ਟਾਈਪਰਾਈਟਰਜ਼, ਪੋਲੀਫਾਈਬਰਜ਼ ਦੇ ਲੈਟਰ ਆਫ ਇੰਟੈਂਟਸ ਹਨ । 50, 50 ਟਨ ਦੀ ਕਪੈਸਿਟੀ ਦੇ ਦੋ ਪੇਪਰ ਪ੍ਰਾਜੈਕਟ ਲਾਉਣ ਵਾਸਤੇ ਅਸੀਂ ਤਿਆਰ ਬੈਠੇ ਹਾਂ । ਤੁਸੀਂ ਆਉਣ ਵਾਲੇ ਸਮੇਂ ਵਿਚ ਵੇਖੋਗੇ ਕਿ ਕਿਸ ਤਰ੍ਹਾਂ ਤੇਜ਼ੀ ਨਾਲ

Original with;
Punjab Vidhan Sabha
Digitized by;
Panjab Digital Library

ਇਸ ਪਾਸੇ ਕੰਮ ਹੋ ਰਿਹਾ ਹੈ। ਡੀਜ਼ਲ ਇੰਜਣ ਕੰਪੋਨੈਂਟਸ ਦਾ ਪਟਿਆਲੇ ਵਿੱਚ ਪੰਜਾਹ ਕਰੋੜ ਰੁਪਏ ਦਾ ਪ੍ਰਾਜੈਕਟ ਸ਼ੁਰੂ ਹੋਇਆ ਹੈ। ਇਥੇ 50 ਕਰੋੜ ਹੁਪਿਆ ਹੋਰ ਆਵੇਗਾ। ਐਨਸਿਲਰੀਜ਼ ਲਗਣਗੀਆਂ। ਇਨ੍ਹਾਂ ਦੇ ਲਗਣ ਨਾਲ ਲੋਕਾਂ ਨੂੰ ਕੰਮ ਮਿਲੇਗਾ। ਚੀਜ਼ਾਂ ਲੈਣ ਦੇਣ ਵਾਲੇ ਆਉਣਗੇ ਅਤੇ ਇਸ ਨਾਲ ਬਾਜ਼ਾਰ ਵਿਚ ਗਰਮੀ ਆਵੇਗੀ। ਇਤਨੇ ਯੂਨਿਟਸ ਇਥੇ ਲਿਆਂਦੇ ਗਏ ਹਨ। ਜਿਥੇ ਅਸੀਂ ਕਰਾਪਿੰਗ ਪੈਟਰਨ ਚੇਂਜ ਕਰਨਾ ਚਾਹੁੰਦੇ ਹਾਂ ਉਥੇ ਅਸੀਂ ਇਹ ਪੈਟਰਨ ਵੀ ਚੇਂਜ ਕਰਨਾ ਚਾਹੁੰਦੇ ਹਾਂ। ਡਾਈਵਰਸੀਫਿਕੇਸ਼ਨ ਇੰਡਸਟਰੀ ਵਾਲੇ ਪਾਸੇ ਜ਼ਿਆਦਾ ਤੋਂ ਜ਼ਿਆਦਾ ਹੋਵੇ ਕਿਉਂਕਿ ਇਹ ਸੂਬਾ ਕੇਵਲ ਐਗਰੀਕਲਚਰ ਤੇ ਡਿਪੈਂਡੈਂਟ ਨਹੀਂ ਰਹਿਣਾ ਚਾਹੀਦਾ। ਇਸ ਵਿੱਚ ਇੰਡਸਟਰੀ ਲਗਣੀ ਚਾਹੀਦੀ ਹੈ ਤਾਕਿ ਗਰੀਬ ਆਦਮੀ ਨੂੰ ਰੋਜ਼ਗਾਰ ਮਿਲੇ ਅਤੇ ਉਸਨੂੰ ਰੋਟੀ ਮਿਲੇ। ਪਿੰਡਾਂ ਵਿਚ ਇੰਡਸਟਰੀ ਜਾਣੀ ਚਾਹੀਦੀ ਹੈ। ਐਨਸਿਲਰੀਜ਼ ਪਿੰਡਾਂ ਵਿਚ ਲਗਣੀਆਂ ਚਾਹੀਦੀਆਂ ਹਨ। ਅਸੀਂ ਨਹੀਂ ਚਾਹੁੰਦੇ ਕਿ ਪਿੰਡਾਂ ਦੇ ਲੋਕ ਸ਼ਹਿਰਾਂ ਵਿੱਚ ਮੂਵ ਕਰਨ। ਬਲਕਿ ਅਸੀਂ ਚਾਹੁੰਦੇ ਹਾਂ ਕਿ ਸ਼ਹਿਰਾਂ ਵਾਲੇ ਲੋਕ ਪਿੰਡਾਂ ਵਾਲੇ ਪਾਸੇ ਜਾਣ। ਜਿਨ੍ਹਾਂ ਇਲਾਕਿਆਂ ਨੂੰ ਬੈਕਵਰਡ ਕਰਾਰ ਦਿਤਾ ਹੈ, ਸਾਡੀ ਕੋਸ਼ਿਸ਼ ਹੈ ਕਿ ਉਥੇ ਸ਼ਹਿਰਾਂ ਤੋਂ ਪਰੇ ਕਾਰਖਾਨੇ ਲਗਣ ਤਾਂ ਕਿ ਲੋਕ ਕੰਮ ਕਾਰ ਕਰਕੇ ਆਪਣੇ ਘਰਾਂ ਵਿੱਚ ਚਲੇ ਜਾਣ। ਸਾਡੀ ਇਹ ਕੋਸ਼ਿਸ਼ ਹੈ ਕਿ ਇੰਡਸਟਰੀ ਦਾ ਸਪਰੈਡ-ਓਵਰ ਸਾਰੇ ਪੰਜਾਬ ਵਿਚ ਹੋ ਸਕੇ। ਸਪੀਕਰ ਸਾਹਿਬ, ਮੈਂ ਬਹੁਤ ਸੰਖੇਪ ਨਾਲ ਇਸ ਕਰਕੇ ਅਰਜ਼ ਕਰ ਰਿਹਾ ਹਾਂ ਕਿਉਂਕਿ ਇੰਡਸਟਰੀ ਦੇ ਬਾਰੇ ਤਾਂ ਚਾਹੇ ਘੰਟੇ ਬੱਧੀ ਬੋਲਿਆ ਜਾਵੇ ਤਾਂ ਵੀ ਥੋੜ੍ਹਾ ਹੈ। ਮੈਂ ਮੋਟੀਆਂ ਗੱਲਾਂ ਦਾ ਹੀ ਜ਼ਿਕਰ ਕਰ ਰਿਹਾ ਹਾਂ। ਇਥੇ ਜੋ ਗੱਲਾਂ ਕਹੀਆਂ ਜਾ ਚੁੱਕੀਆਂ ਹਨ ਮੈਂ ਉਨ੍ਹਾਂ ਨੂੰ ਰਿਪੀਟ ਨਹੀਂ ਕਰਨਾ ਚਾਹੁੰਦਾ। ਸਪੀਕਰ ਸਾਹਿਬ, ਸਾਨੂੰ ਪਤਾ ਹੈ ਕਿ ਗੰਨੇ ਦੀ ਪਰੋਡਕਸ਼ਨ ਜ਼ਿਆਦਾ ਹੋਈ ਹੈ। ਪਿੱਛੇ ਘੱਟ ਸੀ। ਅਸੀਂ ਸ਼ੂਗਰ ਮਿਲਾਂ ਲਾਉਣ ਵਾਸਤੇ ਕੇਂਦਰ ਦੇ ਮਨਿਸਟਰ ਇਨਚਾਰਜ ਨੂੰ ਕਿਹਾ ਸੀ ਅਤੇ ਉਨ੍ਹਾਂ ਨੇ ਯਕੀਨ ਦਿਵਾਇਆ ਸੀ ਕਿ ਜ਼ਿਆਦਾ ਸ਼ੂਗਰ ਮਿਲਾਂ ਤੁਹਾਨੂੰ ਦਿਆਂਗੇ। ਜਿਥੇ ਅਸੀਂ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਸੂਬੇ ਵਿੱਚ ਇੰਡਸਟਰੀ ਜ਼ਿਆਦਾ ਹੋਵੇ ਉਥੇ ਸਾਡੀ ਇਹ ਵੀ ਕੋਸ਼ਿਸ਼ ਹੈ ਕਿ ਜੋ ਐਗਰੀਕਲਚਰਲ ਵੇਸਟ ਹੈ ਉਹ ਜ਼ਾਇਆ ਨਾ ਹੋਵੇ। ਦਾਣੇ ਕੱਢਣ ਤੋਂ ਬਾਅਦ ਜੋ ਫੂਸ ਜਾ ਨਾਲੀ ਜਾਂ ਚਾਵਲਾਂ ਦੀ ਫੱਕ ਰਹਿ ਜਾਂਦੀ ਹੈ, ਇਨ੍ਹਾਂ ਸਾਰੀਆਂ ਚੀਜ਼ਾਂ ਦਾ ਇਸਤੇਮਾਲ ਹੋ ਸਕੇ। ਜੋ ਚੀਜ਼ ਵੀ ਖੇਤਾਂ ਵਿਚ ਪੈਦਾ ਹੁੰਦੀ ਹੈ, ਉਸਦਾ ਇਸਤੇਮਾਲ ਹੋਵੇ, ਭਾਵੇਂ ਕਾਗਜ਼ ਲਈ ਇਸਤੇਮਾਲ ਹੋਵੇ ਜਾਂ ਗੱਤੇ ਲਈ ਇਸਤੇਮਾਲ ਹੋਵੇ। ਇਸ ਦੇ ਵਾਸਤੇ ਅਸੀਂ ਫੈਕਟਰੀਜ਼ ਲਗਾਉਣ ਲੱਗੇ ਹਾਂ ਤਾਂ ਕਿ ਐਗਰੋ ਬੇਸਡ ਇੰਡਸਟਰੀਜ਼ ਦਾ ਬੇਸ ਪਿਂਡ ਕਾਇਮ ਕੀਤਾ ਜਾਵੇ। ਭਾਵੇਂ ਸਪਿਨਿੰਗ ਮਿਲ ਲੱਗੇ ਜਾਂ ਪੇਪਰ ਮਿਲ ਲੱਗੇ, ਇਨ੍ਹਾਂ ਚੀਜ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਬਾਕੀ ਸਪੀਕਰ ਸਾਹਿਬ ਐਗਰੀਕਲਚਰ ਵਿੱਚ ਜਿਹੜੇ ਅੱਗੇ ਨਾਲੋਂ ਵਧਾ ਹੋਇਆ ਹੈ ਇਸਦੇ ਲਈ ਮੁਬਾਰਕਬਾਦ ਦੇ ਮੁਸਤਹਿਕ ਉਹ ਲੋਕ ਹਨ ਜਿਨ੍ਹਾਂ ਨੇ ਆਪਣੇ ਟਿਊਬਵੈਲਾਂ ਰਾਹੀਂ ਪਾਣੀ ਚਲਦਾ ਰੱਖ ਕੇ ਆਪਣੇ ਖੇਤਾਂ ਨੂੰ ਲਾਇਆ। ਬਾਕੀ ਪ੍ਰਮਾਤਮਾ ਸਾਡੇ ਤੇ ਬਖਸ਼ਸ਼ ਕਰੇ। ਆਉਣ ਵਾਲੀ ਫਸਲ ਜਿਤਨੇ ਟੀਚੇ ਮੁਕਥਰ ਕੀਤੇ ਹਨ ਉਹ ਪੂਰੇ ਕਰੇ। ਲੋਕਾਂ ਨੂੰ ਠੀਕ ਪੈਸੇ ਮਿਲਣ। ਅਸੀਂ ਚਾਹੁੰਦੇ ਹਾਂ ਕਿ ਜਿਥੇ ਅਸੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਐਗਰੀਕਲਚਰ ਵਾਲੇ ਪਾਸੇ ਇਸ ਸੂਬੇ ਵਿੱਚ ਤਰੱਜੀ ਦੇ ਰਹੇ ਹਾਂ, ਇਸ ਦੇ ਨਾਲ ਇੰਡਸਟਰੀ ਵਾਲੇ ਪਾਸੇ ਵੀ ਕੰਮ ਤਿੱਖਾ ਕੀਤਾ ਜਾਵੇ ਤਾਂ ਕਿ ਅਨਇੰਪਲਾਈਡ ਲੋਕਾਂ ਨੂੰ ਰੋਜ਼ਗਾਰ ਮਿਲੇ ਅਤੇ ਇਹ ਸੂਬਾ ਅੱਗੇ ਵੱਧਦਾ ਜਾਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੀ ਇਤਲਾਹ ਹੈ ਕਿ ਸੈਂਟਰਲ ਗੌਰਮਿੰਟ ਨੇ ਫਾਰੈਸਟ ਡਿਪਾਰਟਮੈਂਟ ਦੀ ਜ਼ਮੀਨ ਰਣਜੀਤਗੜ੍ਹ ਲਈ ਦੇਣ ਤੋਂ ਇਨਕਾਰ ਕਰ ਦਿੱਤਾ ਹੈ । ਇਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਦਸਣ । ਦੂਸਰਾ, ਸਪੀਕਰ ਸਾਹਿਬ, ਸ਼ੈਡਿਊਲਡ ਕਾਸਟਸ ਦੀ ਡਿਮਾਂਡ ਸੈਪਰੇਟ ਡਿਸਕਸ ਹੁੰਦੀ ਸੀ । ਇਸ ਵਾਰੀ ਤੁਸੀਂ ਉਹ ਕਰਾਈ ਨਹੀਂ ।

ਸ਼੍ਰੀ ਸਪੀਕਰ: ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਚੰਦ ਸਿੰਘ ਚੌਪੜਾ ਜੀ ਸਨ । ਉਥੇ ਇਹ ਚੀਜ਼ ਡਿਸਕਸ ਹੋਈ ਸੀ । ਉਨ੍ਹਾਂ ਨੇ ਕਿਹਾ ਸੀ ਕਿ ਇਸ ਤਰ੍ਹਾਂ ਕਰ ਲਓ ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਪਿਛਲੀ ਵਾਰੀ ਉਚੇਚੇ ਤੌਰ ਤੇ ਸ਼ੈਡਿਊਲਡ ਕਾਸਟ/ਸੈਡਿਊਲਡ ਟਰਾਈਬਜ਼ ਦੀ ਰਿਪੋਰਟ ਦੀ ਡਿਸਕਸ਼ਨ ਲਈ ਟਾਈਮ ਦਿੱਤਾ ਸੀ । ਇਕੱਲੇ ਚੰਦ ਸਿੰਘ ਦੇ ਕਹਿਣ ਤੇ ਸਾਰੇ ਪੰਜਾਬ ਦਾ ਇੰਟਰੈਸਟ ਇੱਕ ਪਾਸੇ ਰਖਣਾ ਠੀਕ ਨਹੀਂ । ਇਸਦੇ ਵਾਸਤੇ ਤੁਸੀਂ ਦੋ ਤਿੰਨ ਘੰਟੇ ਅਲਹਿਦਾ ਰਖ ਦਿਓ ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ ਸਾਡੀ ਸਰਕਾਰ ਦੇ ਵਕਤ ਦਾ ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦਾ ਪਰਮੋਸ਼ਨ ਅਤੇ ਰਿਜ਼ਰਵੇਸ਼ਨ ਇਨ ਸਰਵਿਸਜ਼ ਲਈ ਬਿਲ ਤਿਆਰ ਹੋਇਆ ਪਿਆ ਹੈ । ਮੈਂ ਕੋਸ਼ਿਸ਼ ਕੀਤੀ ਸੀ, ਮੈਨੂੰ ਗਵਰਨਰ ਸਾਹਿਬ ਨੇ ਮਨਜ਼ੂਰੀ ਨਹੀਂ ਦਿੱਤੀ । ਉਹ ਬਿਲ ਲਿਆਂਦਾ ਜਾਵੇ । ਇਸ ਤੋਂ ਇਲਾਵਾ ਮੇਰਾ ਹਾਊਸ ਲੋਨ ਦਾ ਕੇਸ ਸਾਲ ਤੋਂ ਸੀ. ਐਮ. ਸਾਹਿਬ ਕੋਲ ਪਿਆ ਹੈ । ਇਹ ਤੁਸੀਂ ਭੇਜਿਆ ਸੀ । ਇਹ ਪੁੱਛਦੇ ਹਨ ਕਿ ਲੋਨ ਦੀ ਰੀਪੇਮੈਂਟ ਕਿਸ ਤਰ੍ਹਾਂ ਹੋਵੇਗੀ । ਸਪੀਕਰ ਸਾਹਿਬ, ਇੱਕ ਸੁਰਜੀਤ ਕੌਰ ਨੂੰ 17 ਤਾਰੀਖ ਨੂੰ ਕੁਟਿਆ ਗਿਆ ਸੀ, ਉਸਦੀ ਅਰਜ਼ੀ ਮੇਰੇ ਕੋਲ ਹੈ । ਉਸਦੇ ਬਾਰੇ ਸੀ. ਐਮ. ਸਾਹਿਬ ਦਸਣ ਕਿ ਕੀ ਬਣਿਆ ਹੈ ।

ਸਪੀਕਰ ਸਾਹਿਬ, ਗੋਬਿੰਦਗੜ੍ਹ ਵਿੱਚ ਇੰਡਸਟਰੀ ਡਿਪਾਰਟਮੈਂਟ ਨੇ ਕੋਇਲਾ ਮਹਿੰਗੇ ਭਾਅ ਵੇਚਿਆ ਹੈ । ਇਹ ਵੇਖ ਲੈਣ । ਇਸ ਤੋਂ ਇਲਾਵਾ ਇੱਕ ਲੇਬਰ ਇੰਸਪੈਕਟਰ ਦੇ ਖਿਲਾਫ ਇੱਕ ਇੰਡਸਟਰੀਅਲਿਸਟ ਨੇ ਐਫੀਡੇਵਿਟ ਦਿੱਤਾ ਹੈ ਕਿ ਉਹ ਮੇਰੇ ਕੋਲੋਂ ਪੈਸੇ ਮੰਗਦਾ ਹੈ, ਇਹ ਤੁਸੀਂ ਵੇਖ ਲਓ ।

** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਮੈਂ ਅਲਾਓ ਨਹੀਂ ਕਰਦਾ । ਇਹ ਜੋ ਜ਼ਿਕਰ ਪਾਂਧੀ ਜੀ ਨੇ ਕੀਤਾ ਹੈ, ਇਹ ਵਰਡਜ਼ ਐਕਸਪੰਜ ਕੀਤੇ ਜਾਂਦੇ ਹਨ ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਐਗਰੋ-ਬੇਸਡ ਇੰਡਸਟਰੀ ਦੇ ਬਾਰੇ ਕਿਹਾ ਹੈ । ਕੀ ਮੱਖ ਮੰਤਰੀ ਸਾਹਿਬ ਦਸਣਗੇ ਕਿ ਕਿਤਨੀ ਕਿਤਨੀ ਐਲੋਕੇਸ਼ਨ ਫੰਡਜ਼ ਦੀ ਹੋਈ ਹੈ । Cottage Industry-Agro-Based Industry ਲਾਉਣੀ ਚਾਹੀਦੀ ਹੈ ਤਾਂ ਕਿ ਗਰੀਬਾਂ ਅਤੇ ਪੇਂਡੂਆਂ ਨੂੰ ਰੁਜ਼ਗਾਰ ਮਿਲੇ । ਇਸ ਸਬੰਧ ਵਿੱਚ ਕੋਈ ਇਨ੍ਹਾਂ ਨੇ ਰੌਸ਼ਨੀ ਨਹੀਂ ਪਾਈ । ਇਨ੍ਹਾਂ ਦਿਨਾਂ ਵਿੱਚ ਹੰਬੜਾ ਇੱਕ ਫੋਕਲ ਪੁਆਇੰਟ ਸ਼ੁਰੂ ਕੀਤਾ ਸੀ ।

ਸਪੀਕਰ ਸਾਹਿਬ, ਇਕ ਪਿੰਡ ਹੰਬੜਾ ਹੈ । ਇਹ ਦਰਿਆ ਦੇ ਨੇੜੇ ਹੈ ਅੱਰ ਬੇਟ ਦਾ ਏਰੀਆ ਹੈ । ਉਥੇ ਇੰਡਸਟ੍ਰੀਅਲ ਫੋਕਲ ਪੁਆਇੰਟ propose ਕੀਤਾ ਸੀ ਅੱਰ ਇਹ ਕਹਿੰਦੇ ਸੀ ਕਿ ਉਸ ਨੂੰ ਵੀ ਬਣਾਵਾਂਗੇ ਪਰ ਉਸ ਵੱਲ ਧਿਆਨ ਨਹੀਂ ਦਿੱਤਾ ਗਿਆ । ਸਪੀਕਰ ਸਾਹਿਬ, ਇਹ ਜਿਤਨਾ ਚਿਰ ਤਕ ਪਿੰਡਾਂ ਵਿਚ ਨਹੀਂ ਜਾਂਦੇ ਉਤਨਾ ਚਿਰ ਤਕ ਕੋਈ ਗੱਲ ਨਹੀਂ ਬਣਦੀ । ਜੋ ਦਸਾਂ ਸਾਲਾਂ ਤੋਂ ਤਕਰੀਰਾਂ ਸ਼ੁਰੂ ਹੋਈਆਂ ਹੋਈਆਂ ਹਨ ਉਹ ਹੀ ਕਰਦੇ ਆ ਰਹੇ ਹਨ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਦੱਸਿਆ ਜਾਵੇ ਕਿ ਉਧਰ ਕਿਤਨੇ ਪੁਆਇੰਟ ਖੋਲ੍ਹੇ ਗਏ ਹਨ । ਬਾਕੀ ਕਾਟੇਜ ਇੰਡਸਟਰੀ ਬਾਰੇ ਵੀ ਦੱਸਿਆ ਜਾਵੇ ।

(ਇਸ ਸਮੇਂ ਕਈ ਮਾਨਯੋਗ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਮੰਗ ਕਰ ਰਹੇ ਸਨ ।)

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮੇਰੀ ਵਾਰੀ ਵੀ ਆਵੇਗੀ ।

ਸ਼੍ਰੀ ਸਪੀਕਰ: ਹਾਂ ਜੀ, ਤੁਸੀਂ ਵੀ ਕਹਿ ਲੈਣਾ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਇਕ ਤਾਂ ਮੈਂ ਸਪੋਰਟ ਪ੍ਰਾਈਸ ਬਾਰੇ ਪੁੱਛਣਾ ਹੈ । ਮਹਾਂਰਾਸ਼ਟਰ ਸਰਕਾਰ ਨੇ ਪਿਆਜ਼ ਤੇ ਜਿਸ ਤਰ੍ਹਾਂ ਸਪੋਰਟ ਪ੍ਰਾਈਸ ਦਿੱਤੀ ਹੈ, ਕੀ ਉਸੇ ਤਰ੍ਹਾਂ ਹੀ ਇਹ ਵੀ ਸਪੋਰਟ ਪ੍ਰਾਈਸ ਦੇਣਗੇ । ਇਕ ਤਾਂ ਇਸ ਬਾਰੇ ਇਹ ਰੌਸ਼ਨੀ ਪਾਉਣ । ਮੇਰਾ ਦੂਸਰਾ ਸਵਾਲ ਇੰਡਸਟਰੀ ਮਹਿਕਮੇ ਦੇ ਬਾਰੇ ਹੈ । ਇੰਡਸਟਰੀ ਮਹਿਕਮੇ ਦੇ ਮੁਲਾਜ਼ਮਾਂ ਦੇ ਲਈ ਸੰਨ 1956 ਵਿਚ ਕੋਈ ਰੂਲਜ਼ ਦਾ ਖਰੜਾ ਬਣਿਆ ਸੀ ਪਰ ਉਹ ਹਾਲੇ ਤਕ ਫਾਈਨਲ ਨਹੀਂ ਹੋਇਆ । ਇਕ ਛੇ ਮੈਂਬਰੀ ਕਮੇਟੀ ਵੀ ਬਣਾਈ ਗਈ ਸੀ ਪਰ ਫਿਰ ਵੀ ਰੂਲਜ਼ ਨਹੀਂ ਬਣੇ । ਹਜ਼ਾਰਾਂ ਆਦਮੀ ਰਿਟਾਇਰ ਹੋ ਜਾਂਦੇ ਹਨ ਅੱਰ ਉਨ੍ਹਾਂ ਨੂੰ ਪੈਨਸ਼ਨ ਜਾਂ ਹੋਰ ਬੈਨੀਫਿਟਸ ਠੀਕ ਨਹੀਂ ਮਿਲਦੇ । ਇਸ ਬਾਰੇ ਵੀ ਦੱਸਣ ਕਿ ਕਦੋਂ ਤਕ ਰੂਲਜ਼ ਬਣਾ ਦੇਣਗੇ ।

ਤੀਸਰਾ ਇਹ ਕਿ ਸੈਂਟਰ ਸਰਕਾਰ ਨੇ ਸਾਡੇ ਡਿਸਟ੍ਰਿਕਟ ਇੰਡਸਟਰੀਜ਼ ਅਫਸਰਾਂ ਬਾਰੇ ਇਕ ਬਾਇਓਡਾਟਾ ਮੰਗਿਆ ਸੀ ਅੱਰ ਢਾਈ ਲੱਖ ਰੁਪਿਆ ਹਰ ਜ਼ਿਲ੍ਹੇ ਵਿਚ ਉਨ੍ਹਾਂ ਨੇ ਦੇਣਾ ਸੀ । ਉਹ ਤੀਹ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ । ਡਿਸਟ੍ਰਿਕਟ ਇੰਡਸਟਰੀਜ਼ ਅਫਸਰਾਂ ਦਾ ਬਾਇਓਡਾਟਾ ਨਹੀਂ ਭੇਜਿਆ ਗਿਆ । ਇਸ ਲਈ ਜਿਹੜਾ ਇੰਡਸਟਰੀ ਡਿਪਾਰਟਮੈਂਟ ਦਾ ਹੈਡ ਹੈ ਕੀ ਉਸ ਨੂੰ ਇਹ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਪੁਲ ਅੱਪ ਕਰਨਗੇ ਜਿਸ ਨੇ 30 ਲੱਖ ਰੁਪਏ ਦਾ ਨੁਕਸਾਨ ਕਰ ਦਿੱਤਾ ਹੈ । ਇਹ ਪੁੱਛਿਆ ਗਿਆ ਸੀ ਕਿ ਡਿਸਟਰਿਕਟ ਇੰਡਸਟਰੀਜ਼ ਅਫਸਰਜ਼ ਦੀਆਂ ਕੀ ਕੁਆਲੀਫਿਕੇਸ਼ਨਜ਼ ਹਨ, ਕਿਹੜੀਆਂ ਉਹਨਾਂ ਪਾਸ ਡਿਗਰੀਆਂ ਹਨ ਪਰ ਇਹ ਡੇਟਾ ਸਪਲਾਈ ਨਹੀਂ ਕੀਤਾ ਗਿਆ ਅੱਰ 30 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ, ਉਹ 30 ਲੱਖ ਰੁਪਏ ਦੀ ਰਕਮ ਮਾਤੀ ਗਈ ਹੈ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਇਹਨਾਂ ਵਲੋਂ ਕਈ ਵਾਰ ਕਿਹਾ ਗਿਆ ਹੈ ਕਿ ਅਸੀਂ ਕਣਕ ਦੀ ਕੀਮਤ 161 ਰੁਪਏ ਸਿਫਾਰਸ਼ ਕੀਤੀ ਹੈ । 161 ਰੁਪਏ ਪੰਜਾਬ ਸਰਕਾਰ ਮੰਗਦੀ ਹੈ ਪਰ ਜੇਕਰ ਸੈਂਟਰ ਦੀ ਸਰਕਾਰ ਇਤਨਾ ਰੇਟ ਨਹੀਂ ਦਿੰਦੀ ਤਾਂ ਕੀ ਬਾਕੀ ਦੇ ਪੈਸੇ ਪੰਜਾਬ ਸਰਕਾਰ ਆਪਣੇ ਖ਼ਜ਼ਾਨੇ ਵਿਚੋਂ ਪਾਕੇ ਕਿਸਾਨਾਂ ਨੂੰ 161 ਰੁਪਏ ਪੂਰੇ ਕਰ ਦੇਵੇਗੀ ਤਾਕਿ ਕਿਸਾਨ ਇਹ ਮਹਿਸੂਸ ਕਰਨ ਕਿ ਉਹਨਾਂ ਨੂੰ 161 ਰੁਪਏ ਪਰ ਕੁਇੰਟਲ ਮਿਲੇ ਹਨ ?

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਚੌਧਰੀ ਸਾਹਿਬ, ਜੋ ਕਿ ਖੇਤੀ ਬਾੜੀ ਮਤਰੀ ਹਨ, ਨੇ ਯਕੀਨ ਦਿਵਾਇਆ ਹੈ ਕਿ ਜਿਤਨਾਂ ਗੰਨਾ ਪੰਜਾਬ ਵਿਚ ਹੈ ਉਹ ਸਾਰਾ ਚੁਕ ਲੈਣਗੇ ।....

ਖੇਤੀ ਬਾੜੀ ਅਤੇ ਸਿੰਜਾਈ ਮੰਤਰੀ : ਮੈਂ ਕਿਹਾ ਹੈ ਕਿ ਚੁਕਣ ਦੀ ਕੋਸ਼ਿਸ਼ ਕਰਾਂਗੇ ।

ਸਰਦਾਰ ਆਤਮਾ ਸਿੰਘ : ਵੇਖਿਆ ਸਪੀਕਰ ਸਾਹਿਬ, ਇਹ ਕਿਸ ਤਰ੍ਹਾਂ ਦਾਅ ਲਾਉਂਦੇ ਹਨ । (ਹਾਸਾ) ਮੈਂ ਪੁੱਛਣਾ ਚਾਹੁਦਾ ਹਾਂ ਕਿ ਹਲਕਾ ਬਿਆਸ ਬਟਾਲਾ ਮਿੱਲ ਨਾਲ ਅਟੈਚ ਕੀਤਾ ਹੋਇਆ ਹੈ ਪਰ ਹਾਲੇ ਤਕ ਉਥੇ ਦੇ ਗੰਨਾ ਪੈਦਾ ਕਰਨ ਵਾਲਿਆਂ ਨੂੰ ਇਕ ਵੀ ਪਰਚੀ ਨਹੀਂ ਦਿੱਤੀ ਗਈ । ਇਸ ਲਈ ਇਕ ਤਾਂ ਗੰਨਾ ਚੁਕਣ ਵਾਸਤੇ ਇਹ ਐਸ਼ੋਰੈਂਸ ਦੇਣ ਹਲਕੇ ਬਿਆਸ ਦਾ ਗੰਨਾ ਚਾਹੇ ਭੋਗਪੁਰ ਮਿਲ ਤੇ ਜਾਵੇ ਤੇ ਚਾਹੇ ਬਟਾਲੇ ਦੀ ਮਿੱਲ ਤੇ ਜਾਵੇ, ਪਰ ਸਾਰੇ ਦਾ ਸਾਰਾ ਗੰਨਾ ਇਹ ਚੁਕਣਗੇ । ਇਕ ਤਾਂ ਇਹ ਐਸ਼ੋਰੈਂਸ ਮੈਂ ਇਨ੍ਹਾਂ ਪਾਸੋਂ ਚਾਹੁੰਦਾ ਹਾਂ ।

ਦੂਸਰਾ ਸਪੀਕਰ ਸਾਹਿਬ, ਇਕ ਮਿਡ ਸਰਾਲਾ ਖੁਰਦ ਜਿਲ੍ਹਾ ਪਟਿਆਲਾ ਵਿਚ ਹੈ । ਉਥੇ 8 ਤਾਰੀਖ ਨੂੰ ਪ੍ਰਧਾਨ ਮੰਤਰੀ ਸਾਹਿਬਾ ਆ ਰਹੇ ਹਨ । ਉਥੇ ਇਕ ਗਰੀਬ ਕਿਸਾਨ ਦੀ ਦੋ ਏਕੜ ਜ਼ਮੀਨ ਵਿਚ ਮਸਰੀ ਬੀਜੀ ਹੋਈ ਸੀ ਜਿਹੜੀ ਕਿ ਬਰਬਾਦ ਕਰਕੇ ਉਥੇ ਹੈਲੀਪੈਡ ਬਣਾ ਦਿਤਾ ਗਿਆ ਹੈ ਜਿੱਥੇ ਕਿ ਪ੍ਰਧਾਨ ਮੰਤਰੀ ਸਾਹਿਬਾ ਦਾ ਹੈਲੀਕੋਪਟਰ ਉਤਰਨਾ ਹੈ । ਪਰ ਉਸ ਵਿਚਾਰੇ ਗਰੀਬ ਕਿਸਾਨ ਨੂੰ ਮੁਆਵਜ਼ਾ ਨਹੀਂ ਮਿਲਿਆ । ਇਹ ਦੱਸਣ ਕਿ ਕੀ ਉਸ ਗਰੀਬ ਕਿਸਾਨ ਨੂੰ ਜਿਸ ਦੀ ਫਸਲ ਮਾਰੀ ਗਈ ਹੈ, ਬਰਬਾਦ ਕੀਤੀ ਗਈ ਹੈ ਅੱਤ ਜਿਨਾਂ ਕਿਸੇ ਕਾਰਣ ਜੋ ਹੋਰ ਢਾਹੁੰ ਢਾਹੀ ਕੀਤੀ ਗਈ ਹੈ ਉਸ ਦਾ ਮੁਆਵਜ਼ਾ ਦੇਣਗੇ ?

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਪੁਆਇੰਟ ਆਫ ਕਲੈਰੀਫਿਕੇਸ਼ਨ ਰੇਜ਼ ਕਰਨ ਦੀ ਆਗਿਆ ਮੰਗ ਰਹੇ ਸਨ।)

ਸ਼੍ਰੀ ਸਪੀਕਰ : ਬਸ ਜੀ, ਬੈਠੋ, ਬਹੁਤ ਹੋ ਗਏ ਹਨ ।

ਲੋਕ ਕਾਰਜ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਇਕ ਮਿੰਟ ਜੀ, ਇਕ ਮੇਰਾ ਜ਼ਰੂਰੀ ਪੁਆਇੰਟ ਆਫ ਆਰਡਰ ਹੈ ਜੀ । ਮੇਰੀ ਅਰਜ਼ ਹੈ ਕਿ ਇਹ ਡਿਮਾਂਡਜ਼ ਫਾਰ ਗਰਾਂਟਸ ਹਨ ਅੱਰ ਉਨ੍ਹਾਂ ਤੇ ਤੁਸੀਂ ਕਲੈਰੀਫਿਕੇਸ਼ਨ ਲਈ ਆਗਿਆ ਦੇ ਰਹੇ ਹੋ । ਜਦੋਂ ਡਿਮਾਂਡਜ਼ ਉਤੇ ਬਹਿਸ ਹੋਵੇ, ਫਾਇਨਾਂਸ ਦਾ ਕੰਮ ਕਾਰ ਹੋਵੇ ਤਾਂ ਇਹ ਕਿਤੇ ਪ੍ਰੋਵਾਈਡਿਡ ਨਹੀਂ ਹੈ ਕਿ ਇਸ ਤਰ੍ਹਾਂ ਕਲੈਰੀਫਿਕੇਸ਼ਨ ਲਈ ਜਾਵੇ । ਬਿੱਲ ਕੋਈ ਆਵੇ ਤਾਂ ਮੈਂਬਰ ਸਾਹਿਬਾਨ ਕਲੈਰੀਫਿਕੇਸ਼ਨ ਲੈ ਸਕਦੇ ਹਨ । ਮੈਂ ਸਮਝਦਾ ਹਾਂ ਕਿ ਡਿਮਾਂਡਜ਼ ਤੇ ਕਲੈਰੀਫਿਕੇਸ਼ਨ ਲੈਣੀ ਠੀਕ ਨਹੀਂ ਹੈ ।

ਸ਼੍ਰੀ ਸਪੀਕਰ : ਮੈਂ ਮੰਤਰੀ ਮਹੋਦਯ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਉਹ ਰੂਲ ਨੰ: 104 ਸਫ਼ਾ 68 ਉਤੇ ਵੇਖ ਲੈਣ ।

Rule 104 of the Rules of Procedure and Conduct of Business in the Punjab Vidhan Sabha (Punjab Legislative Assembly) reads as under :—

'When for the pu pose of explanation during discussion or for any other sufficient reason, any member has occasion to ask a question of another member or a Minister on any matter then under consideration of the Vidhan Sabha (Assembly), he shall, if permitted by the Speaker, ask the question after the Member/Minister who is speaking concludes his speech.'

(ਅਕਾਲੀ ਬੈਂਚਿਜ਼ ਵਲੋਂ ਥੰਪਿੰਗ)

ਵਿੱਤ ਮੰਤਰੀ: ਸਪੀਕਰ ਸਾਹਿਬ, ਇਸ ਰੂਲ ਵਿਚ ਲਿਖਿਆ ਹੋਇਆ ਹੈ 'ਆਸਕ ਏ ਕਅੈਸਚਨ' ਪਰ ਇਥੇ ਤਾਂ ਕੁਅੈਸਚਨਾਂ ਦੀ ਬੁਛਾੜ ਹੀ ਸ਼ੁਰੂ ਹੋ ਜਾਂਦੀ ਹੈ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਪੁਆਇੰਟ ਆਫ ਕਲੈਰੀਫਿਕੇਸ਼ਨ ਰੇਜ਼ ਕਰਨ ਦੀ ਆਗਿਆ ਮੰਗ ਰਹੇ ਸਨ ।)

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਨੂੰ ਹੁਣ ਅਸਤੀਫਾ ਦੇਣਾ ਚਾਹੀਦਾ ਹੈ । ਇਨ੍ਹਾਂ ਨੇ ਮਿਸਲੀਡ ਕੀਤਾ ਹੈ । ਤੁਸੀਂ, ਜਨਬ, ਜੱਜ ਹੋ । ਤੁਹਾਡੀ ਰੂਲਿੰਗ ਆ ਗਈ ਹੈ । ਹੁਣ ਇਨ੍ਹਾਂ ਨੂੰ ਕਹੋ ਅਸਤੀਫਾ ਦੇਣ । ਕਿ ਇਹ

ਸ਼੍ਰੀ ਸਪੀਕਰ: ਮੈਂ ਗਿਲੋਟੀਨ ਦਾ ਸਮਾ ਦਸ ਮਿੰਟ ਹੋਰ ਐਕਸਟੈਂਡ ਕਰਦਾ ਹਾਂ ।

ਖੇਤੀ ਬਾੜੀ ਅਤੇ ਸਿੰਜਾਈ ਮੰਤਰੀ (ਚੌਧਰੀ ਕਾਂਸ਼ੀ ਰਾਮ): ਸਰਦਾਰ ਆਤਮਾ ਸਿੰਘ ਜੀ ਨੇ ਸਵਾਲ ਪੁਛਿਆ ਹੈ ਕਿ ਕਿਸੇ ਕਿਸਾਨ ਦੀ ਫਸਲ ਬਰਬਾਦ ਹੋ ਗਈ ਹੈ । ਸਪੀਕਰ ਸਾਹਿਬ, ਇਹ ਪੁਰਾਣੇ ਮੈਂਬਰ ਹਨ, ਪਾਰਲੀਮੈਂਟੇਰੀਅਨ ਹਨ । ਕਈ ਵਾਰੀ ਮੈਂ ਇਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਸਿੰਜਾਈ ਮੰਤਰੀ]

ਅਦਬ ਲਾਲ ਬਾਪੂ ਜੀ ਵੀ ਕਹਿ ਜਾਂਦਾ ਹਾ । ਇਨ੍ਹਾਂ ਨੂੰ ਇਤਰਾਜ਼ ਹੈ ਕਿ ਮੁਆਵਜ਼ਾ ਨਹੀਂ ਦਿੱਤਾ ਗਿਆ । ਮੇਰੀ ਗੁਜ਼ਰਿਸ਼ ਹੈ ਕਿ ਬਿਨਾਂ ਮੁਆਵਜ਼ੇ ਤੋਂ ਕਿਸੇ ਦੀ ਜ਼ਮੀਨ, ਕਿਸੇ ਦੀ ਫਸਲ ਬਗੈਰ ਮੁਆਵਜ਼ੇ ਤੋਂ ਨਹੀਂ ਲਈ ਜਾ ਸਕਦੀ, ਅਗਰ ਐਸੀ ਕੋਈ ਬਾਤ ਹੈ, ਤਾਂ ਉਸ ਨੂੰ ਪੈਸੇ ਜ਼ਰੂਰ ਦੇਵਾਂਗੇ । ਜਿਹੜੀ ਸਰੂਪਵਾਲੀ ਸਾਹਿਬ ਨੇ ਗੱਲ ਕੀਤੀ ਹੈ ਕਿ ਸੀ. ਐਮ. ਸਾਹਿਬ ਅਤੇ ਰੰਧਾਵਾ ਸਾਹਿਬ ਗਏ ਸਨ ਅਤੇ 6 ਲੱਖ ਬੰਨਾ ਦੇਣ ਬਾਰੇ ਐਲਾਨ ਕਰ ਆਏ ਸਨ, ਜੇ ਉਨ੍ਹਾਂ ਨੇ ਬਿਆਨ ਕੀਤਾ ਹੈ ਤਾਂ ਦੈਟ ਵੁਡ ਬੀ ਫੁਲ ਫਿਲਡ ।

ਤੀਜੀ ਗਲ ਗੰਨੇ ਬਾਰੇ ਕੀਤੀ ਗਈ ਹੈ । ਇਸ ਸਬੰਧ ਵਿਚ ਗੁਜ਼ਾਰਿਸ਼ ਕਰਦਾ ਹਾਂ ਕਿ ਭਗਵਾਨ ਦੇ ਨਾਂ ਤੇ ਇਨ੍ਹਾਂ ਕਿਸਾਨਾਂ ਨੂੰ ਪੁਲਿਟੀਕਲ ਫੋਡਰ ਨਾ ਬਣਾਓ । ਇਸ ਲਈ ਮੈਂ ਕਿਹਾ ਸੀ ਕਿ ਮਕਤੂਲ ਨੂੰ ਕਫਨ ਔਰ ਕਾਤਲ ਨੂੰ ਛੁਰਾ ਨਾ ਵੇਚੋ ।

ਫਿਰ ਜਿਹੜਾ ਮਿਸਮੈਨੇਜਮੈਂਟ ਦੇ ਬਾਰੇ ਕਿਹਾ ਗਿਆ ਹੈ ਉਸ ਸਬੰਧ ਵਿਚ ਮੈਂ ਇਹ ਕਹਿੰਦਾ ਹਾਂ ਕਿ ਸਾਨੂੰ ਵੀ ਕਿਸਾਨਾਂ ਦੀ ਸਫਰਿੰਗਜ਼ ਨਾਲ ਪੂਰੀ ਹਮਦਰਦੀ ਹੈ । ਸਾਡੀ ਸਰਕਾਰ ਇਸ ਵਲ ਪੂਰਾ ਖਿਆਲ ਕਰਦੀ ਹੈ ।

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਅਪਣੇ ਜਵਾਬ ਲੈਣ ਲਈ ਮੰਗ ਕਰ ਰਹੇ ਸਨ ।)

ਸ੍ਰੀ ਸਪੀਕਰ: ਹੁਣ ਗਿਲੋਟੀਨ ਐਪਲਾਈ ਹੋਵੇਗੀ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗਿਆਤ ਲਈ ਥੋੜੀ ਜਿਹੀ ਅਰਜ਼ ਕਰ ਦਿੰਦਾ ਹਾਂ । ਇਥੇ 2-4 ਸਵਾਲ ਉਠਾਏ ਗਏ ਸਨ । ਇਕ ਤਾਂ ਇਹ ਕਿਹਾ ਗਿਆ ਸੀ ਕਿ ਐਗਰੋ-ਬੇਸਡ ਇੰਡਸਟਰੀ ਕਿਥੇ ਹੈ । ਮੈਂ ਦਸ ਦਿੰਦਾ ਹਾਂ ਕਿ 11 ਸਪਿਨਿੰਗ ਮਿਲਜ਼ ਕਮਿਸ਼ਨ ਹੋ ਚੁੱਕੀਆ ਹਨ । ਪੀ. ਐਸ. ਆਈ. ਡੀ. ਸੀ. ਅਤੇ ਸਪਿਨ ਫੈਡ ਨੇ 8 ਹੋਰ ਮਿਲਾਂ ਜਿਹੜੀਆਂ ਅਮਲੋਹ, ਅਬੋਹਰ, ਮਾਨਸਾ, ਤਪਾ ਅਤੇ ਬਠਿੰਡਾ ਹਨ ਇਹ ਸਾਰੀਆਂ ਚਾਲੂ ਹੋ ਗਈਆਂ ਹਨ । ਇਸ ਤੋਂ ਇਲਾਵਾ 2 ਪੇਪਰ ਮਿਲਾਂ ਵਿਚ ਹੰਡਰਡ ਟਨ ਬੀਚ ਹੁਸ਼ਿਆਰਪੁਰ ਅਤੇ ਸੰਗਰੂਰ ਵਿਖੇ ਔਰ 6 ਮਿਨੀ ਪੇਪਰ ਪਲਾਂਟ ਹਨ ਜਿਹੜੇ ਕਿ ਅੰਡਰ ਕੰਸਟ੍ਰਕਸ਼ਨ ਹਨ ।

ਫਿਰ ਸਪੀਕਰ ਸਾਹਿਬ, ਇੰਟੈਗਰੇਟਿਡ ਡਿਵੈਲਪਮੈਂਟ ਆਫ ਟੈਕਸਟਾਈਲ ਸਕੀਮ ਥਲੇ ਸਪਿਨਿੰਗ ਮਿਲਾਂ ਲਗਣਗੀਆਂ । 108 ਲੈਟਰਜ਼ ਆਫ ਇੰਟੈਂਟ ਆਏ ਹਨ । ਸਪਿਨਿੰਗ ਮਿਲ ਉਥੇ ਲਗੇਗੀ ਜਿਥੇ ਕਾਟਨ ਹੋਵੇਗੀ ਅਤੇ ਜਿਥੇ ਗਰਾਸ ਵਗੈਰਾ ਹੁੰਦਾ ਹੈ ਉਥੇ ਹੀ ਪੇਪਰ ਮਿਲ ਲਗ ਸਕਦੀ ਹੈ । ਮੇਰਾ ਮਤਲਬ ਹੈ ਕਿ ਜਿਥੇ ਕਿਸੇ ਦਾ ਰਾਅ ਮੈਟਰੀਅਲ ਅਵੇਲੇਵਲ ਹੋਵੇ, ਇਹ ਸਾਰਾ ਸਰਵੇ ਕਰ ਕੇ ਉਥੇ ਹੀ ਮਿਲਾਂ ਲਗ ਸਕਦੀਆਂ ਹਨ ।

ਸ਼ੂਗਰ ਮਿਲ ਵਾਸਤੇ ਵੀ ਅਸੀਂ ਕੋਸ਼ਿਸ਼ ਕੀਤੀ ਹੈ । ਪੇਪਰ ਮਿਲ ਦੀ ਘਾਟ ਹੈ । ਪੇਪਰ ਦੀ ਭਾਵੇਂ ਕੀਮਤ ਕਾਫੀ ਵੱਧ ਗਈ ਹੈ, ਇਸ ਲਈ ਵੀ ਅਸੀਂ ਕੋਸ਼ਿਸ਼ ਕੀਤੀ ਹੈ । ਸੋ ਇਹ ਤਮਾਮ ਐਗਰੋਬੇਸਡ ਇੰਡਸਟਰੀਜ਼ ਹਨ ।

Original with;
Punjab Vidhan Sabha
Digitized by;
Panjab Digital Library

ਦੂਜਾ ਇਨ੍ਹਾਂ ਨੇ ਫੋਕਲ ਪੁਆਇੰਟਸ ਬਾਰੇ ਕਿਹਾ ਸੀ। ਉਹ ਮੈਂ ਦਸਦਾ ਹਾਂ ਕਿ ਜਿਹੜੇ ਫੋਕਲ ਪੁਆਇੰਟ ਤਾਂ ਸ਼ੁਰੂ ਹੋ ਚੁੱਕੇ ਹਨ ਉਨ੍ਹਾਂ ਨੂੰ ਤਾਂ ਅਸੀਂ ਛੇੜਨਾ ਨਹੀਂ, ਪਰ ਜਿਹੜੇ ਹਾਲੇ ਸ਼ੁਰੂ ਹੋਣੇ ਹਨ ਉਨ੍ਹਾਂ ਵਾਸਤੇ ਅਸੀਂ ਜ਼ਰੂਰ ਦੇਖਾਂਗੇ। ਇੰਡਸਟਰੀਅਲ ਫੋਕਲ ਪੁਆਇੰਟਾਂ ਬਾਰੇ ਵੀ ਜਿਥੇ ਨੋਟਿਸ ਵਿਚ ਆਏਗਾ ਜਿਥੇ ਵੀ ਕੋਈ ਰੁਕਾਵਟ ਹੋਵੇਗੀ ਉਸ ਨੂੰ ਰੀਮੂਵ ਕਰਨ ਦੀ ਕੋਸ਼ਿਸ਼ ਕਰਾਂਗੇ।

ਮਾਸਟਰ ਬਾਬੂ ਸਿੰਘ ਨੇ ਇਥੇ ਸਰਵਿਸ ਰੂਲਜ਼ ਬਾਰੇ ਗੱਲ ਕੀਤੀ ਹੈ, ਉਹ ਮੈਂ ਵੇਖ ਲਵਾਂਗਾ ਲੇਕਿਨ ਜਿਹੜੇ ਪੁਰਾਣੇ ਸਰਵਿਸ ਰੂਲਜ਼ ਹਨ ਜੇ ਉਨ੍ਹਾਂ ਵਿਚ ਕੋਈ ਤਰਮੀਮ ਕਰਕੇ ਠੀਕ ਹੋ ਸਕਦਾ ਹੋਇਆ ਤਾਂ ਵੇਖ ਲਵਾਂਗੇ।

ਸਰਦਾਰ ਸਵਰਣ ਸਿੰਘ ਚੀਮਾ ਨੇ 161 ਰੁਪਏ ਭਾਅ ਦੇਣ ਬਾਰੇ ਕਿਹਾ ਹੈ। ਠੀਕ ਹੈ ਅਸੀਂ ਤਾਂ ਰਿਕਮੈਂਡ ਕਰਦੇ ਰਹਿੰਦੇ ਹਾਂ। ਇਹ ਵੀ ਆਪਣੇ 3 ਸਾਲਾਂ ਵਿਚ ਭਾਅ ਰਿਕਮੈਂਡ ਕਰਦੇ ਰਹੇ ਹਨ ਪਰ ਕੌਣ ਕਿੰਨਾ ਕਾਮਯਾਬ ਹੋਇਆ ਹੈ, ਮੇਰਾ ਖਿਆਲ ਹੈ ਕਿ ਇਸ ਵਿਚ ਸਾਡੀ ਕਾਮਯਾਬੀ ਜ਼ਿਆਦਾ ਹੈ। ਅਸੀਂ ਰਿਕਮੈਂਡੇਸ਼ਨ ਕਰਕੇ ਭੇਜਦੇ ਹਾਂ ਬਾਕੀ ਫੈਸਲਾ ਤਾਂ ਏ. ਪੀ. ਸੀ. ਅਤੇ ਗੌਰਮਿੰਟ ਆਫ਼ ਇੰਡੀਆ ਨੇ ਕਰਨਾ ਹੈ।

ਬਾਕੀ ਜਿਹੜਾ 30 ਲੱਖ ਰੁਪਿਆ ਲੈਪਸ ਹੋ ਗਿਆ ਹੈ ਉਸ ਬਾਰੇ ਕਿਹਾ ਗਿਆ ਹੈ, ਇਹ ਵੀ ਅਸੀਂ ਵੇਖ ਲਵਾਂਗੇ ਅਗਰ ਕੋਈ ਗੱਲ ਅਜਿਹੀ ਹੋਈ ਤਾਂ ਐਕਸ਼ਨ ਲਵਾਂਗੇ।

ਸ਼ੂਗਰਕੇਨ ਬਟਾਲਾ ਵਾਸਤੇ ਕਿਹਾ ਗਿਆ ਹੈ। ਮੈਂ ਦਸਦਾ ਹਾਂ ਕਿ ਜਿੰਨਾ ਵੀ ਬਾਂਡਿਡ ਗੰਨਾ ਹੈ ਉਹ ਤਾ ਪਹਿਲਾਂ ਲੈਣਾ ਹੈ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਬਾਂਡਿਡ ਗੰਨੇ ਤੋਂ ਬਾਹਰ ਦਾ ਗੰਨਾ ਵੀ ਕਰੱਸ਼ ਹੋ ਸਕੇ। ਇਸ ਲਈ ਅਸੀਂ ਇਹ ਜ਼ਰੂਰ ਕਰਾਂਗੇ ਕਿ ਜਿਹੜਾ ਗੰਨਾ ਪੀੜਨ ਦਾ ਪੀਰਿਅਡ ਹੈ ਇਸ ਨੂੰ ਜ਼ਰੂਰ ਵਧਾਵਾਂਗੇ ਤਾਂਕਿ ਜ਼ਿਆਦਾ ਤੋਂ ਜ਼ਿਆਦਾ ਅਨ-ਬਾਂਡਿਡ ਗੰਨਾ ਵੀ ਕਰੱਸ਼ ਹੋ ਸਕੇ।

ਬਾਕੀ ਹੈਲੀਕਾਪਟਰ ਬਾਰੇ ਜੋ ਕਿਹਾ ਗਿਆ ਹੈ ਉਸ ਦੀ ਮੈਨੂੰ ਕੋਈ ਇਤਲਾਹ ਨਹੀਂ ਮਿਲੀ। ਜੇ ਕੋਈ ਇਤਲਾਹ ਮਿਲੀ ਤਾਂ ਵੇਖ ਲਵਾਂਗੇ। ਜੇ ਕੋਈ ਕਿਸੇ ਦੀ ਫਸਲ ਖਰਾਬ ਹੋਈ ਹੈ ਅਤੇ ਉਸ ਦੀ ਰਿਪੋਟ ਆਈ ਤਾਂ ਵੇਖ ਲਵਾਂਗੇ।

Mr. Speaker: I now apply guillotine.

Demand No. 26

Mr. Speaker: Now I put the cut motion to Demand No.26 by Sardar Dalip Singh Pandhi to the vote of the House.

Mr. Speaker: Question is—

That the Demand be reduced by Re.1/—

The motion was lost.

Mr. Speaker: Question is—

That a sum not exceeding Rs. 22,40,77,000 on Revenue Account and Rs. 6,52,00,000 on Capital Account be granted to the Governor to defray the charges that will come in course of payment for the year 1982-83 in respect of Agriculture.

The motion was carried.

Original with;
Punjab Vidhan Sabha
Digitized by;
Panjab Digital Library

Demand No. 34

Mr. Speaker: Now I put the cut motion to Demand No. 34 by Sardar Dalip Singh Pandhi to the vote of the House.

Mr. Speaker: Question is—

That the Demand be reduced by Re.1/—

The motion was lost.

Mr. Speaker: Question is—

That a sum not exceeding Rs. 5,82,45,000 on Revenue Account and Rs. 9,21,50,000 on Capital Account be granted to the Governor to defray the charges that will come in course of payment for the year 1982-83 in respect of Industries.

The motion was carried.

Demand No. 1

Mr. Speaker: Question is—

That a sum not exceeding Rs. 1,00,78,000 of Revenue Account be granted to the Governor to defray the charges that will come in course of payment for the year 1982-83 in respect of State Legislatures.

The motion was carried.

Demand No. 2

Mr. Speaker: Question is—

That a sum not exceeding Rs. 80,03,000 on Revenue Account be granted to the Governor to defray the charges that will come in course of payment for the year 1982-83 in respect of Council of Ministers.

The motion was carried.

Demand No. 3

Mr. Speaker: Question is—

That a sum not exceeding Rs. 3,61,98,000 on Revenue Account be granted to the Governor to defray the charges that will come in course of payment for the year 1982-83 in respect of Administration of Justice.

The motion was carried.

Demand No. 4

Mr. Speaker: Question is—

That a sum not exceeding Rs. 17,12,000 on Revenue Account be granted to the Governor to defray the charges that will come in course of payment for the year 1982-83 in respect of Elections.

The motion was carried

Demand No. 5

Mr. Speaker: Question is—

That a sum not exceeding Rs. 9,68,48,000 on Revenue Account be granted to the Governor to defray the charges that will come in course of payment for the year 1982-83 in respect of Revenue.

The motion was carried.

Original with;
Punjab Vidhan Sabha
Digitized by;
Panjab Digital Library

Demand No. 7

Mr. Speaker: Question is—

That a sum not exceeding Rs. 20,95,21,000 on Revenue Account be granted to the Governor to defray the charges that will come in course of payment for the year 1982-83 in respect of Finance.

The motion was carried

Demand No. 8

Mr. Speaker: Question is—

That a sum not exceeding Rs. 14,93,000 on Revenue Account be granted to the Governor to defray the charges that will come in course of payment for the year 1982-83 in respect of Public Service Commission.

The motion was carried

Demand No. 12

Mr. Speaker: Question is—

That a sum not exceeding Rs. 2,90,33,000 on Revenue Account be granted to the Governor to defray the charges that will come in course of payment for the year 1982-83 in respect of Jails.

The motion was carried

Demand No. 13

Mr. Speaker: Question is—

That a sum not exceeding Rs. 3,82,90,000 on Revenue Account and Rs. 39,54,000 on Capital Account be granted to the Governor to defray the charges that will come in course of payment for the year 1982-83 in respect of Stationery and Printing,

The motion was carried

Demand No. 14

Mr. Speaker: Question is—

That a sum not exceeding Rs. 3,81,08,000 on Revenue Account be granted to the Governor to defray the charges that will come in course of payment for the year 1982-83 in respect of Miscellaneous Services.

The motion was carried

Demand No. 15

Mr. Speaker: Question is—

That a sum not exceeding Rs. 52,00,000 on Revenue Account be granted to the Governor to defray the charges that will come in course of payment for the year 1982-83 in respect of Rehabilitation, Relief and Resettlement.

The motion was carried

Demand No. 17

Mr. Speaker: Question is—

That a sum not exceeding Rs. 1,64,24,000 on Revenue Account be granted to the Governor to defray the charges that will come in courseof payment for the year 1982-83 in respect of Technical Education.

The motion was carried

Original with;
Punjab Vidhan Sabha
Digitized by;
Panjab Digital Library

Demand No. 18

Mr. Speaker: Question is—

That a sum not exceeding Rs. 49,19,30,000 on Revenue Account and Rs. 50,00,000 on Capital Account be granted to the Governor to defray the charges that will come in course of payment for the year 1982-83 in respect of Medical and Public Health.

The motion was carried.

Demand No. 19

Mr. Speaker: Question is—

That a sum not exceeding Rs. 1,88,29,000 on Revenue Account and Rs. 6,01,70,000 on Capital Account be granted to the Governor to defray the charges that will come in course of payment for the year 1982-83 in respect of Housing and Urban Development.

The motion was carried.

Demand No. 20

Mr. Speaker: Question is—

That a sum not exceeding Rs. 1,48,17,000 on Revenue Account be granted to the Governor to defray the charges that will come in course of payment for the year 1982-83 in respect of Information and Publicity.

The motion was carried.

Demand No. 21

Mr. Speaker: Question is—

That a sum not exceeding Rs. 45,21,000 on Revenue Account and Rs. 25,00,000 on Capital Account be granted to the Governor to defray the charges that will come in course of payment for the year 1982-83 in respect of Tourism and Cultural Affairs.

The motion was carried.

Demand No. 22

Mr. Speaker: Question is—

That a sum not exceeding Rs. 6,92,11,000 on Revenue Account and Rs. 16,04,000 on Capital Account be granted to the Governor to defray the charges that will come in course of payment for the year 1982-83 in respect of Labour, Employment and Industrial Training.

The motion was carried.

Original with;
Punjab Vidhan Sabha
Digitized by;
Panjab Digital Library

Demand No. 23

Mr. Speaker: Question is—

That a sum not exceeding Rs. 19,89,56,000 on Revenue Account and Rs. 4,14,00,000 on Capital Account be granted to the Governor to defray the charges that will come in course of payment for the year 1982-83 in respect of Social Security and Welfare.

The motion was carried.

Demand No. 24

Mr. Speaker: Question is—

That a sum not exceeding Rs. 1,21,56,000 on Reveune Account be granted to the Governor to defray the charges that will come in course of payment for the year 1982-83 in respect of Planning and Statistics.

The motion was carried.

Demand No. 25

Mr. Speaker: Question is—

That a sum not exceeding Rs. 4,85,41,080 on Revenue Account and Rs. 16,26,89,000 on Capital Account be granted to the Governor to defray the charges that will come in course of payment for the year 1982-83 in respect of Cooperation.

The motion was carried.

Demand No. 27

Mr. Speaker: Question is –

That a sum not exceeding Rs 3,43,43,000 on Revenue Account be granted to the Governor to defray the charges that will comein Course of payment for the year 1982-83 in respect of Soil and Water conservation.

The motion was carried

Demand No. 28

Mr. Speaker: Question is—

That a sum not exceeding Rs. 5,98,02,000 on Revenue Account and Rs. 3,45,62,61,000 on Capital Account be granted to the Governor to defray the charges that will come in course of payment for the year 1982-83 in respect of Food.

The motion was carried.

Original with;
Punjab Vidhan Sabha
Digitized by;
Panjab Digital Library

Demand No. 29

Mr. Speaker: Question is—

That a sum not exceeding Rs. 10,60,39,000 on Revenue Account and Rs. 10,00,000 on Capital Account be granted to the Governor to defray the charges that will come in course of payment for the year 1982-83 in respect of Animal Husbandry.

The motion was carried.

Demand No. 30

Mr. Speaker: Question is—

That a sum not exceeding Rs. 50,48,000 on Revenue Account and Rs. 24,95,000 on Capital Account be granted to the Governor to defray the charges that will come in course of payment for the year 1982-83 in respect of Dairy Development.

The motion was carried.

Demand No. 31

Mr. Speaker: Question is—

That a sum not exceeding Rs. 50,15,000 on Revenue Account and Rs. 2,00,000 on Capital Account be granted to the Governor to defray the charges that will come in course of payment for the year 1982-83 in respect of Fisheries.

The motion was carried.

Demand No. 32

Mr. Speaker: Question is—

That a sum not exceeding Rs. 6,51,16,000 on Revenue Account and Rs. 2,00,000 on Capital Account be granted to the Governor to defray the charges that will come in course of payment for the year 1982-83 in respect of Forest.

The motion was carried.

Demand No. 33

Mr. Speaker: Question is—

That a sum not exceeding Rs. 17,41,58,000 on Revenue Account be granted to the Governor to defray the charges that will come in course of payment for the year 1982-83 in respect of Community Development.

The motion was carried.

Original with;
Punjab Vidhan Sabha
Digitized by;
Panjab Digital Library

Demand No. 35

Mr. Speaker: Question is—

That a sum not exceeding Rs. 27,97,000 on Revenue Account and Rs. 7,00,000 on Capital Account be granted to the Governor to defray the charges that will come in course of payment for the year 1982-83 in respect of Civi Aviation.

The motion was carried.

Demand No. 36

Mr. Speaker: Question is—

That a sum not exceeding Rs. 22,90,10,000 on Revenue Account and Rs. 8,53,00,000 on Capital Account be granted to the Governor to defray the charges that will come in course of payment for the year 1982-83 in respect of Roads and Bridges.

The motion was carrted.

Demand No. 37

Mr. Speaker: Question is—

That a sum not exceeding Rs. 53,09,90,000 on Revenue Account and Rs. 7,51,00,000 on Capital Account be granted to the Governor to defray the charges that will come in course of paymet for the year 1982-83 in respect of Road Transport.

The motion was carried.

Demand No. 38

Mr. Speaker: Question is—

That a sum not exceeding Rs. 8,79,80,000 on Revenue Account and Rs. 42,52,06,000 on Capital Account be granted to the Governor to defray the charges that will come in course of payment for the year 1982-83 in respect of Multipurpose River Projects.

The motion was carried.

Demand No. 39

Mr. Speaker: Question is—

That a sum not exceeding Rs. 39,93,02,000 on Revenue Account and Rs. 33,04,30,000 on Capital Account be granted to the Governor to defray the charges that will come in course of payment for the year 1982-83 in respect of Irrigation, Drainage and Flood Control.

The motion was carried.

Original with;
Punjab Vidhan Sabha
Digitized by;
Panjab Digital Library

Demand No. 40

Mr. Speaker: Question is—

That a sum not exceeding Rs. 33,25,44,000 on Revenue Account and Rs. 11,91,98,000 on Capital Account be granted to the Governor to defray the charges that will come in course of payment for the year 1982-83 in respect of Buildings.

The motion was carried.

Demand No. 41

Mr. Speaker: Question is—

That a sum not exceeding Rs. 2,19,82,46,000 on Capital Account be granted to the Governor to defray the charges that will come in course of payment for the year 1982-83 in respect of Loans and Advances by the State Government.

The motion was carried.

Mr. Speaker: The House stands adjourned till 9.00 A.M. on Monday, the 29th March, 1982.

*1.21 P.M.

(The Sabha then adjourned* till 9.00 A.M. on Monday, the 29th March, 1982).

268/1-1-83—325 copies—Pb. Govt. Press, Patiala.

Original with;
Punjab Vidhan Sabha
Digitized by;
Panjab Digital Library

APPENDIX

To

PUNJAB VIDHAN SABHA DEBATES

Dated 26th March, 1982

VOL: IV NO. 20

STARRED QUESTION AND ANSWER

VILLAGES COVERED UNDER BASTI SUDHAR SCHEME IN DISTRICT AMRITSAR

*138 1. **Sardar Parkash Singh Majitha** : Will the Minister for Welfare and Labour be pleased to state the names of the villages in District Amritsar whose budget estimates were prepared and approved under the Basti Sudhar Scheme during 1980-81 and 1981-82 (upto 31-12-1981) but where the scheme has not yet been implemented ?

ਚੌਧਰੀ ਜਗਤ ਰਾਮ :

ਲੋੜੀਂਦੀ ਸੂਚਨਾਂ ਹੇਠ ਲਿਖੇ ਅਨੁਸਾਰ ਹੈ :

(ੳ) ਪ੍ਰਾਪਤ ਹੋਏ ਅਨੁਮਾਨ

1. ਸਾਲ 1980-81

1. ਛਾਪਾ
2. ਹੁਸ਼ਿਆਰ-ਨਗਰ
3. ਜਬੋਵਾਲ
4. ਬੂਤਾਨਪੁਰਾ
5. ਹ ਮਜਾ
6. ਬਿਨਾਰਾ ਕਾਲੋਨੀ (ਰਖ--ਸ਼ਿਕਾਰਗੜ੍ਹ)
7. ਕੁਰਾਲਾ
8. ਖੜਕ ਸਿੰਘ ਵਾਲਾ (ਰਖ--ਸ਼ਿਕਾਰਗੜ੍ਹ)
9. ਸੂਰ ਸਿੰਘ
10. ਝਬਾਲਕਲਾਂ
11. ਜਾਤੂਵਾਲ
12. ਘੁੰਮਣਪੁਰਾ
13. ਮੱਲੋਚਹਾਲ

Original with;
Punjab Vidhan Sabha
Digitized by;
Panjab Digital Library

14. ਅਲਾਨਦੀਨਪੁਰ

15. ਮੋਹਣ ਭੰਡਾਰੀਆਂ

16. ਸਰਹਾਲੀਕਲਾਂ

2. ਸਾਲ 1981-82

1. ਤੁੜਾ ਖੁਰਦ
2. ਸ਼ੇਖ ਭੱਟੀ
3. ਅਲੀਵਾਲ
4. ਅਜਨਾਲਾ
5. ਬਨੀਆ
6. ਨਵਾਂ ਪਿੰਡ
7. ਚਮੇਹੀ
8. ਰੁੜ ਅਸਲ
9. ਮਨੋ-ਚਹਾਲ (ਸੰਧਿਆ)
10. ਰਾਜਾ ਸਹਾਂਸੀ
11. ਮੋਹਣ ਪੁਰਾ
12. ਖਨਾਰਾ

ਅ) ਪ੍ਰਵਾਨਿਤ ਅਨੁਮਾਨ

1. ਸਾਲ 1880-81

1. ਅਲਾਦੀਨਪੁਰ
2. ਮੋਹਣ ਭੰਡਾਰੀਆਂ
3. ਸਰਹਾਲੀ ਕਲਾਂ
4. ਮਾਨਾਂ ਵਾਲਾ (1977 ਦੇ ਪੁਰਾਣੇ ਅਨੁਮਾਨ ਦੇ (ਵਿਰੁਧ)

2. ਸਾਲ 1981-82

1. ਮਨੋਚਾਂਹਲ
2. ਘੋਰੀ (ਸਾਲ 1976-77 ਦੇ ਪੁਰਾਣੇ ਅਨੁਮਾਨ ਦੇ ਵਿਰੁਧ)
3. ਸ਼ੇਖਭੱਟੀ
4. ਅਜਨਾਲਾ
5. ਬਨੀਆਂ
6. ਮੋਹਣਪੁਰਾ
7. ਰਾਜਾਸਾਂਹਸੀ

(ਏ) ਪਿੰਡ ਅਲਾਦੀਨ ਅਤੇ ਸਰਹਾਲੀ ਕਲਾਂ ਵਿੱਚ ਕੰਮ ਪੂਰਾ ਹੋ ਚੁੱਕਾ ਹੈ। ਪਿੰਡ ਮਨੋਚਾਹਲ ਵਿੱਚ ਕੰਮ 60% ਤੱਕ ਪੂਰਾ ਹੋ ਚੁੱਕਾ ਹੈ । ਪਿੰਡ ਮੋਹਣ ਭੰਡਾਰੀਆਂ ਅਤੇ ਮਾਨਾਂ ਵਾਲਾ ਵਿੱਚ ਕੰਮ ਸ਼ੁਰੂ ਹੋ ਚੁੱਕਾ ਹੈ । ਬਾਕੀ ਦੇ ਪਿੰਡਾਂ ਜਿਵੇਂ ਕਿ ਘੋਰੀ, ਅਜਨਾਲਾ, ਸ਼ੇਖਭੱਟੀ, ਬਨੀਆ ਮੋਹਣਪੁਰਾ ਅਤੇ ਰਾਜਾਸਹਾਂਸੀ ਵਿੱਚ ਕੰਮ ਛੇਤੀ ਹੀ ਫੰਡਾਂ ਦੀ ਉਪਲਬਧੀ ਤੇ ਹੱਥ ਵਿੱਚ ਲੈ ਲਿਆ ਜਾਵੇਗਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the authority of the Punjab Vidhan Sabha
and Printed by Deputy Controller, Pb. Govt. Press, Patiala.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

29th March, 1982

Vol IV—No. 21

OFFICIAL REPORT

CONTENTS

Monday, the 29th March, 1982

		PAGE
Starred Questions and Answers	..	(21)1
Written Answers to Starred Questions laid on the Table of the House under Rule 38	..	(21)21
Unstarred Questions and Answers		(21)31
Question of Privilege	..	(21)36
Call Attention Notices under Rule 66	..	(21)38
Paper laid on the Table	..	(21)43
Presentation of Reports of the Committee on Public Undertakings	..	(21)43
LEGISLATIVE BUSINESS		
The Punjab Appropriation (No. 3) Bill, 1982		(21)43
Personal Explanation by Sardar Birdevinder Singh	..	(21)64
The Punjab Appropriation(No. 3) Bill, 1982 (*Resumption of consideration*)	..	(21)64

PUNJAB VIDHAN SABHA SECRETARIAT, CHANDIGARH

PRICE : Rs. 12.50

Original with;
Punjab Vidhan Sabha
Digitized by;
Panjab Digital Library

	Page
Personal Explanation by Sardar Harchand Singh Brar . .	(21)66
The Punjab Appropriation (No. 3) Bill, 1982 (*Resumption of consideration*) . .	(21)67
Personal Explanation by Sardar Balwant Singh . .	(21)70
The Punjab Appropriation (No.3) Bill, 1982 (*Resumption of consideration*) . .	(21)70
Extension of time of the Sitting . .	(21)82
The Punjab Appropriation (No. 3) Bill, 1982 (*Resumption of consideration*) . .	(21)82
Extension of time of the Sitting . .	(21)96
The Punjab Appropriation (No. 3) Bill, 1982 (*Resumption of consideration*) . .	(21)96
Appendix . .	(i)

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Monday, the 29th March, 1982

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Upgradation of Government Middle School, Nanowal Bet to High School

***1229. Master Dalip Chand :** Will the Minister for Education be pleased to state whether there is any proposal under the consideration of the Government to upgrade the Government Middle School, Nanowal Bet, Tehsil Balachaur to a High School ; if so, when ?

ਸਰਦਾਰ ਹਰਚਰਨ ਸਿੰਘ ਅਜਨਾਲਾ : ਨਹੀਂ ਜੀ ।

ਮਾਸਟਰ ਦਲੀਪ ਚੰਦ : ਮੇਰੇ ਹਲਕੇ ਵਿਚ ਬੇਟ ਏਰੀਆ ਵਿਚ 20 ਕਿਲੋਮੀਟਰ ਦੇ ਫਾਸਲੇ ਵਿਚ 42 ਪਿੰਡ ਆਉਂਦੇ ਹਨ। ਇਨ੍ਹਾਂ ਲਈ ਸਿਰਫ ਇਕ ਹਾਈ ਸਕੂਲ ਹੈ ਜਿਸ ਲਈ ਉਥੇ ਦੇ ਪਿੰਡਾਂ ਦੇ ਬੱਚਿਆਂ ਨੂੰ ਪੜ੍ਹਣ ਲਈ ਦੂਰ ਦੂਰ ਸਕੂਲਾਂ ਵਿਚ ਜਾਣਾ ਪੈਂਦਾ ਹੈ । ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਕੀ ਇਹ ਇਸ ਸਕੂਲ ਨੂੰ ਅੱਪਗਰੇਡ ਕਰਨ ਵਾਸਤੇ ਜਲਦੀ ਹੀ ਕਦਮ ਚੁੱਕਣਗੇ ?

ਮੰਤਰੀ : ਸਬਜੈਕਟ ਟੂ ਅਵੇਲੇਬਿਲਿਟੀ ਆਫ ਫੰਡਜ਼ ਜੇਕਰ ਜ਼ਰੂਰੀ ਹੋਇਆ ਤਾਂ ਇਹ ਕਰਾਂਗੇ ।

ਪ੍ਰੋ: ਸਰ ਬਲਵੰਤ ਸਿਘ : ਜਿਹੜੀਆਂ ਟੀਚਰਜ਼ ਮੈਟਰਨਿਟੀ ਲੀਵ ਤੇ ਜਾਂਦੀਆਂ ਹਨ, ਇਨ੍ਹਾਂ ਦੀਆਂ ਵੈਕੈਂਸੀਜ਼ ਨੂੰ ਕੱਚੇ ਅਧਿਆਪਕਾਂ ਰਾਹੀਂ ਭਰਨ ਲਈ ਕੀ ਇਨ੍ਹਾਂ ਦੇ ਇਹ ਮਾਮਲਾ ਵਿਚਾਰ ਅਧੀਨ ਹੈ ?

ਮੰਤਰੀ : ਸਵਾਲ ਅੱਪਗ੍ਰੇਡੇਸ਼ਨ ਦਾ ਹੈ ਔਰ ਇਹ ਗੱਲ ਲੀਵਅਰੇਂਜਮੈਂਟ ਦੀ ਕਰ ਰਹੇ ਹਨ। ਇਹ ਕੀ ਕਰ ਰਹੇ ਹਨ ?

ਸਰਦਾਰ ਬਲਦੇਵ ਸਿੰਘ ਖਿਆਲਾ : ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਿਡਲ ਸਕੂਲ ਨੂੰ ਅਪਗਰੇਡ ਕਰਨ ਵਾਸਤੇ ਕੀ ਬੱਚਿਆਂ ਦੀ ਗਿਣਤੀ ਨੂੰ ਮੁੱਖ ਰੱਖਿਆ ਜਾਂਦਾ ਹੈ ਜਾਂ ਬਿਲਡਿੰਗ ਨੂੰ ਮੁੱਖ ਰੱਖਿਆ ਜਾਂਦਾ ਹੈ ? ਕਿਸ ਅਧਾਰ ਤੇ ਇਹ ਅੱਪਗ੍ਰੇਡੇਸ਼ਨ ਕੀਤੀ ਜਾਂਦੀ ਹੈ ?

ਮੰਤਰੀ : ਸਾਰੀਆਂ ਚੀਜ਼ਾਂ ਨੂੰ ਦੇਖਿਆ ਜਾਂਦਾ ਹੈ ।

ਜਥੇਦਾਰ ਉਜਾਗਰ ਸਿੰਘ ਸੇਖਵਾਂ : ਬੇਟ ਏਰੀਆ ਲਈ ਔਰ ਬਾਰਡਰ ਏਰੀਆ ਲਈ ਸਰਕਾਰ ਨੇ ਇੱਕ ਸਪੈਸ਼ਲ ਕਮੇਟੀ ਬਣਾਈ ਸੀ ਕਿ ਇਨ੍ਹਾਂ ਏਰੀਆਜ਼ ਦੇ ਲੋਕਾਂ ਦੀਆਂ ਤਕਲੀਫਾਂ ਸੁਣ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਕੇ ਉਥੇ ਕੰਮ ਕੀਤਾ ਜਾਏ । ਇਸ ਕਮੇਟੀ ਦੀਆਂ ਦੋ ਮੀਟਿੰਗਾਂ ਹੋਈਆਂ ਹਨ । ਇੱਕ ਮੀਟਿੰਗ ਵਿਚ ਤਾਂ ਸੀ. ਐਮ. ਸਾਹਿਬ ਨਹੀਂ ਆਏ ਔਰ ਦੂਜੀ ਮੀਟਿੰਗ ਵਿਚ ਸੀ. ਐਮ. ਸਾਹਿਬ ਆਏ ਸਨ । ਪਰ ਇਸ ਦੀ ਕੋਈ ਪ੍ਰਾਪਤੀ ਨਜ਼ਰ ਨਹੀਂ ਆਉਂਦੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬੇਟ ਔਰ ਬਾਰਡਰ ਏਰੀਆ ਦੇ ਸਕੂਲਾਂ ਦੀਆਂ ਬਿਲਡਿੰਗਾਂ ਬਿਲਕੁਲ ਖਰਾਬ ਹਨ, ਕੀ ਇਹ ਇਸ ਵੱਲ ਧਿਆਨ ਦੇ ਕੇ ਔਰ ਉਸ ਕਮੇਟੀ ਦੀ ਸਿਫਾਰਸ਼ ਦੀ ਰੋਸ਼ਨੀ ਵਿਚ ਇਨ੍ਹਾਂ ਦੀ ਮੱਦਦ ਕਰਨਗੇ ਔਰ ਉਥੇ ਬਿਲਡਿੰਗਾਂ ਬਨਾਉਣਗੇ ?

ਮੰਤਰੀ : ਬੇਟ ਔਰ ਬਾਰਡਰ ਏਰੀਆ ਵਾਸਤੇ ਜੋ ਕਮੇਟੀ ਬਣੀ ਸੀ ਇਸ ਨੇ 1972 ਤੋਂ 1977 ਤੱਕ ਜਦੋਂ ਇਨ੍ਹਾਂ ਦਾ ਰਿਜੀਮ ਸੀ, ਇਹ ਕਮੇਟੀਆਂ ਤੋੜ ਦਿੱਤੀਆਂ ਗਈਆਂ ਸਨ । ਸਰਦਾਰ ਦਰਬਾਰਾ ਸਿੰਘ ਨੇ ਆ ਕੇ ਇਹ ਕਮੇਟੀਆਂ ਮੁੜ-ਰੀਵਾਈਵ ਕੀਤੀਆਂ ਹਨ । ਬਾਰਡਰ ਔਰ ਬੇਟ ਏਰੀਆ ਦੇ ਕੰਮਾਂ ਨੂੰ ਪਹਿਲ ਦਿੱਤੀ ਜਾਂਦੀ ਹੈ ।

ਜਥੇਦਾਰ ਉਜਾਗਰ ਸਿੰਘ ਸੇਖਵਾਂ : ਕੀ ਬੇਟ ਔਰ ਬਾਰਡਰ ਦੇ ਏਰੀਆ ਵਾਸਤੇ ਸਕੂਲਾਂ ਦੀ ਅੱਪਗਰੇਡੇਸ਼ਨ ਕਰਨ ਵੇਲੇ ਅਤੇ ਉਥੇ ਦੀਆਂ ਬਿਲਡਿੰਗਾਂ ਨੂੰ ਬਣਾਉਣ ਵਾਸਤੇ ਇਹ ਤਰਜੀਹ ਦਿੰਦੇ ਹਨ ?

ਮੰਤਰੀ : ਤਰਜੀਹ ਦਿੰਦੇ ਹਾਂ ।

ਜਥੇਦਾਰ ਜੀਵਨ ਸਿੰਘ ਉਮਰਾਨੰਗਲ : ਮੇਰੇ ਹਲਕੇ ਵਿਚ ਬੇਰੀਆਂਵਾਲਾ ਔਰ ਨੰਗਲੀ ਪਿੰਡਾਂ ਵਿਖੇ ਸਕੂਲਾਂ ਦੀਆਂ ਬਿਲਡਿੰਗਾਂ ਹਨ ਪਰ ਮਾਸਟਰ ਨਹੀਂ ਹਨ । ਇਸ ਲਈ ਉਥੋਂ ਦੇ ਲੋਕ ਆਪਣੇ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਦੂਸਰੇ ਪਿੰਡਾਂ ਵਿਚ ਭੇਜਦੇ ਹਨ । ਕੀ ਇਹ ਜਿਥੇ ਸਕੂਲਾਂ ਵਿਚ ਮਾਸਟਰ ਨਹੀਂ ਹਨ, ਉਥੇ ਮਾਸਟਰ ਭੇਜਣ ਲਈ ਪ੍ਰਬੰਧ ਕਰਨਗੇ ?

ਮੰਤਰੀ : ਇਹ ਲਿਖ ਕੇ ਭੇਜ ਦੇਣ ।

Foundation of a Hospital in Village Mianwind

***1550. Sardar Lakha Singh :** Will the Minister for Health be pleased to state whether it is a fact that the foundation stone of a Hospital in village Mianwind, in the Khadoor Sahib Assembly Constituency was laid during the Akali-Janata regime; if so, the reasons for not constructing the building of the said hospital so far ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਰਕਾਰ ਕੋਲ ਕੋਈ ਸੂਚਨਾ ਨਹੀਂ ਕਿ ਕੋਈ ਐਸਾ ਨੀਂਹ-ਪੱਥਰ ਰੱਖਿਆ ਗਿਆ ਸੀ । 30 ਬਿਸਤਰਿਆਂ ਦੇ ਹਸਪਤਾਲ ਦੇ ਤੌਰ ਤੇ ਅੱਪਗਰੇਡ ਕੀਤੇ ਪ੍ਰਾਇਮਰੀ ਹੈਲਥ ਸੈਂਟਰ ਦੀ ਬਿਲਡਿੰਗ ਉਸਾਰੀ ਅਧੀਨ ਹੈ।

ਸਰਦਾਰ ਲੱਖਾ ਸਿੰਘ : ਉਥੇ ਹਸਪਤਾਲ ਦੀਆਂ ਇੱਕ ਦੋ ਬਿਲਡਿੰਗਾਂ ਬਣੀਆਂ ਹਨ ਔਰ ਬਾਕੀ ਕਿੰਨੀਆਂ ਇੱਟਾਂ, ਲੋਹਾ ਔਰ ਸਰੀਆ ਉਥੋਂ ਲੋਕ ਚੁਕ ਕੇ ਲੈ ਗਏ ਹਨ । ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਹਸਪਤਾਲ ਨੂੰ ਮੁਕੰਮਲ ਕਰਨ ਦੀ ਕੋਈ ਸੰਭਾਵਨਾ ਹੈ ?

ਮੰਤਰੀ : ਸਪੀਕਰ ਸਾਹਿਬ, ਉਥੇ ਕਾਫੀ ਕੰਮ ਹੋ ਚੁੱਕਾ ਹੈ ਅਤੇ ਬਿਲਡਿੰਗ ਲਈ 90% ਸਲੈਬ ਪੈ ਚੁੱਕਾ ਹੈ । ਸਟਾਫ ਕੁਆਰਟਰ 11 ਸੁਕੇਅਰ ਫੁਟ ਅੱਪ ਟੂ ਰੂਫ ਲੈਵਲ ਜਾ

Original with;
Punjab Vidhan Sabha
Digitized by;
Panjab Digital Library

ਚੁਕੇ ਹਨ। ਹਾਊਸ ਟਾਈਪ-3 ਫੋਰ ਇਨ ਨੰਬਰ 20 ਸੁਕੇਅਰ ਫੁੱਟ ਕੰਸਟਰਕਸ਼ਨ ਹੋ ਚੁੱਕੀ ਹੈ। ਇੱਕ ਕੁਆਰਟਰ ਅੱਪ ਟੂ ਪਲਿੰਥ ਲੈਵਲ ਹੈ। ਠੇਕੇਦਾਰਾਂ ਨੇ ਪਿਛਲੀ ਦਿਨੀ ਗੜਬੜ ਕਰ ਕੇ ਕੰਮ ਬੰਦ ਕਰ ਦਿੱਤਾ ਸੀ, ਜਿਸ ਨੂੰ ਪਰਸੂ ਕੀਤਾ ਜਾ ਰਿਹਾ ਹੈ ਤਾ ਕਿ ਇਹ ਕੰਮ ਛੇਤੀ ਤੋਂ ਛੇਤੀ ਕੰਪਲੀਟ ਹੋ ਸਕੇ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਘੱਟ ਤੋਂ ਘੱਟ ਦਸ ਵੀਹ ਹਜ਼ਾਰ ਆਬਾਦੀ ਉਸ ਪਿੰਡ ਦੀ ਹੈ ਅੰਰ 18, 19 ਪਿੰਡ ਉਸ ਸੈਂਟਰ ਵਿਚ ਪੈਂਦੇ ਹਨ। ਜੱਥੇਦਾਰਾਂ ਵੇਲੇ ਦਾ ਓਥੇ ਨੀਂਹ ਪੱਥਰ ਰੱਖਿਆ ਹੋਇਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਿਲਡਿੰਗ ਕਦੋਂ ਤਕ ਮੁਕੰਮਲ ਕਰ ਦੇਣਗੇ ?

ਮੰਤਰੀ : ਉਥੇ ਕੰਸਟਰਕਸ਼ਨ ਵਰਕ ਸ਼ੁਰੂ ਕੀਤਾ ਹੋਇਆ ਹੈ ਅੰਰ ਜਲਦੀ ਉਸ ਨੂੰ ਨਿਪਟਾਉਣਾ ਚਾਹੁੰਦੇ ਹਾਂ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਏਰੀਆ ਵਿਚ ਬੀੜ ਵਿਚ ਹਸਪਤਾਲ ਦੀ ਬਿਲਡਿੰਗ ਬਣ ਰਹੀ ਹੈ, ਉਥੇ 9'' ਦੀ ਦੀਵਾਰ ਬਣ ਰਹੀ ਹੈ ਅੰਰ ਉਸ ਵਿਚ ਗਾਰਾ ਲਗਾਇਆ ਜਾ ਰਿਹਾ ਹੈ। ਕੀ ਇਹ ਇਸ ਸਿਲਸਿਲੇ ਵਿਚ ਇਨਕੁਆਇਰੀ ਕਰਨਗੇ ?

ਮੰਤਰੀ : ਇਹ ਲੋਕਲ ਐਮ. ਐਲ. ਏ. ਹਨ ਅੰਰ ਇਹ ਲਿਖ ਕੇ ਦੇ ਕੇ ਵੀ ਇਨਕੁਆਇਰੀ ਕਰਾ ਸਕਦੇ ਹਨ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੇ ਹਲੱਕੇ ਵਿਚ ਇੱਕ 200 ਬੈਡ ਦਾ ਸਿਵਿਲ ਹਸਪਤਾਲ 1975 ਵਿਚ ਮਨਜ਼ੂਰ ਹੋਇਆ ਸੀ। ਉਸ ਲਈ ਮੈਂ ਹਰ ਸਾਲ ਗੱਲ ਕਰਦਾ ਹਾਂ ਅੰਰ ਹਰ ਵਾਰੀ ਸਰਕਾਰ ਜਵਾਬ ਦੇ ਦਿੰਦੀ ਹੈ ਕਿ ਇਹ ਬਣ ਜਾਏਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਹਪਤਾਲ ਬਣਨਾ ਵੀ ਹੈ ਜਾਂ ਨਹੀਂ ?

ਮੰਤਰੀ : ਇਸ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ। ਇਹ ਲਿਖ ਕੇ ਦੇ ਦੇਣ ਮੈਂ ਜਵਾਬ ਦੇ ਦਿਆਂਗਾ। ਇਹ ਆਪ ਮੇਰੇ ਕੋਲੋਂ ਆ ਕੇ ਪੁੱਛ ਲੈਣ ਮੈਂ ਇਨ੍ਹਾਂ ਨੂੰ ਦੱਸ ਦਿਆਂਗਾ।

ਕਾਮਰੇਡ ਸੱਘੜ ਸਿੰਘ : ਕਈ ਹਸਪਤਾਲਾਂ ਵਿਚ ਡਾਕਟਰ ਨਹੀਂ ਹਨ ਅੰਰ ਫਾਰਮਾਸਿਸਟ ਨਹੀਂ ਹਨ। ਪਰ ਜਦੋਂ ਪੰਚਾਇਤ ਵਾਲੇ ਮਹਿਕਮੇਂ ਵਾਲਿਆਂ ਨੂੰ ਉਥੇ ਸਟਾਫ ਭੇਜਣ ਵਾਸਤੇ ਕਹਿੰਦੇ ਹਨ ਤਾਂ ਮਹਿਕਮਾ ਇਨ੍ਹਾਂ ਨੂੰ ਕਹਿੰਦਾ ਹੈ ਕਿ ਪਹਿਲਾਂ ਨਸਬੰਦੀ ਕਰਾਓ ਐਨਿਆਂ ਬੰਦਿਆਂ ਦੀ, ਜੋ ਕੋਟਾ ਰੱਖਿਆ ਹੋਇਆ ਹੈ ਤਾਂ ਸਟਾਫ ਭੇਜਾਂਗੇ। ਇਸ ਬਾਰੇ ਇਨ੍ਹਾਂ ਦੇ ਕੀ ਵਿਚਾਰ ਹਨ ?

ਮੰਤਰੀ : ਮੈਂ ਸਮਝਦਾ ਹਾਂ ਕਿ ਸੱਘੜ ਸਾਹਿਬ ਬਹੁਤ ਜ਼ਿੰਮੇਵਾਰ ਪਾਰਟੀ ਦੇ ਜ਼ਿੰਮੇਵਾਰ ਮੰਬਰ ਹਨ। ਇਹ ਮੇਰੇ ਪਰਸਨਲ ਦੋਸਤ ਵੀ ਹਨ। ਪਰ ਇਸ ਤਰ੍ਹਾਂ ਦੀ ਗੱਲ ਕਰ ਕੇ ਇਥੋਂ ਦੇ ਮਹੌਲ ਨੂੰ ਖਰਾਬ ਕਰਨ ਵਾਲੀ ਗੱਲ ਹੈ। ਮੈਂ ਕਹਿੰਦਾ ਹਾਂ ਕਿ ਇਹ ਇਸ ਤਰ੍ਹਾਂ ਦਾ ਇੱਕ ਵੀ ਕੇਸ ਦੱਸ ਦੇਣ ਜਿਥੇ ਜ਼ਬਰਦਸਤੀ ਹੋਈ ਹੋਵੇ ਮੈਂ ਐਕਸ਼ਨ ਲੈਣ ਨੂੰ ਤਿਆਰ ਹਾਂ। ਇਹ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਸਭ ਜਗ੍ਹਾ ਤੇ ਇਸ ਸਬੰਧੀ ਵੋਲੰਟਰੀ ਬੇਸਿਜ਼ ਤੇ ਕੰਮ ਹੋ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

Committee reconstituted for screening the Appointment of Public Relations Officers Etc.

***1483. Sardar Atma Singh :** Will the Minister for Health be pleased to state:—

(a) the dates on which the meetings of the Committee reconstituted vide Notification No. 1/202/78-1PB, dated 17th October, 1980 for screening the cases of appointments of Public Relations Officers, Information Officers, Assistant Public Relations Officers, Tehsil Publicity Organisers were held ;

(b) the time by which the said Committee is likely to complete its work and submit its report to the Government ?

Shri Joginder Pal Pandey : (a) 15th June, 1981 and 15th March, 1982

(b) The Committee is expected to complete its work shortly.

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 17 ਅਕਤੂਬਰ, 1980 ਨੂੰ ਕਮੇਟੀ ਬਣੀ ਸੀ। ਇਹ ਕਮੇਟੀ ਅਸੀਂ ਬਣਾਈ ਸੀ। ਉਸ ਦੇ ਬਾਅਦ ਜਿਹੜੀ ਉਸ ਦੀ ਮੀਟਿੰਗ ਹੋਈ ਉਹ 15 ਜੂਨ, 1981 ਨੂੰ ਹੋਈ ਯਾਨੀ ਕਿ 9 ਮਹੀਨੇ ਬਾਅਦ ਮੀਟਿੰਗ ਹੋਈ। ਜਿਹੜੀ 15 ਮਾਰਚ, 1982 ਨੂੰ ਮੀਟਿੰਗ ਹੋਈ ਉਹ ਫਿਰ 9 ਮਹੀਨੇ ਬਾਅਦ ਹੋਈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਤਨਾ ਇੰਪਾਰਟੈਂਟ ਮਸਲਾ ਹੈ ਪਰ ਇਸ ਦੀਆਂ ਮੀਟਿੰਗਾਂ 9, 9 ਮਹੀਨੇ ਬਾਅਦ ਐਨੀ ਦੇਰੀ ਨਾਲ ਕਿਉਂ ਹੋ ਰਹੀਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਹ 1967 ਵਿਚ ਰਿਵਾਜ ਪਾ ਗਏ ਸੀ 9 ਮਹੀਨਿਆਂ ਦਾ ਇਸ ਕਰਕੇ ਇਨ੍ਹਾਂ ਨੂੰ 9 ਮਹੀਨਿਆਂ ਦੀ ਗੱਲ ਯਾਦ ਆਉਂਦੀ ਹੈ। ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਅਸੀਂ ਨਵੀਂ ਕਮੇਟੀ ਬਣਾਈ ਸੀ। ਉਸ ਨੇ ਮੀਟਿੰਗ ਕਰ ਲਈ ਹੈ। ਅਗਲੀ ਮੀਟਿੰਗ 5 ਅਪ੍ਰੈਲ, ਨੂੰ ਕਰਨੀ ਹੈ। ਅਸੀਂ ਇਸ ਕੰਮ ਨੂੰ ਬਹੁਤ ਜਲਦੀ ਕੰਮਪਲੀਟ ਕਰ ਦਿਆਂਗੇ।

ਸਰਦਾਰ ਆਤਮਾ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕਮੇਟੀ ਦੀ ਟਰਮਜ਼ ਆਫ਼ ਰੈਫਰੈਂਸ ਕੀ ਹਨ ?

ਮੰਤਰੀ : ਇਸ ਕਮੇਟੀ ਦੀ ਟਰਮਜ਼ ਆਫ਼ ਰੈਫਰੈਂਸ ਇਹ ਹਨ ਕਿ ਸਕਰੀਨਿੰਗ ਦੀ ਐਪੁਆਇੰਟਮੈਂਟਸ ਆਫ਼ ਪਬਲਿਕ ਰੀਲੇਸ਼ਨਜ਼ ਆਫੀਸਰਜ਼, ਇਨਫਰਮੇਸ਼ਨ ਆਫੀਸਰਜ਼, ਅਸਿਸਟੈਂਟ ਪਬਲਿਕ ਰੀਲੇਸ਼ਨਜ਼ ਆਫੀਸਰਜ਼, ਤਹਿਸੀਲ ਪਬਲਿਸਿਟੀ ਆਰਗੇਨਾਈਜ਼ਰਜ਼ ਵਗੈਰਾ ਵਗੈਰਾ ਅਤੇ ਉਨ੍ਹਾਂ ਦੀਆਂ ਕੁਆਲੀਫੀਕੇਸ਼ਨਜ਼ ਨੂੰ ਦੇਖਣਾ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੁਝ ਡਿਸਟ੍ਰਿਕਟ ਪਬਲਿਕ ਰੀਲੇਸ਼ਨਜ਼ ਆਫੀਸਰਜ਼, ਐਸੇ ਹਨ, ਜਿਸ ਤਰ੍ਹਾਂ ਪਟਿਆਲੇ ਦਾ ਡਿਸਟ੍ਰਿਕਟ ਪਬਲਿਕ ਰੀਲੇਸ਼ਨਜ਼ ਆਫ਼ੀਸਰ ਹੈ, ਉਸ ਦੇ ਖਿਲਾਫ ਸ਼ਿਕਾਇਤਾਂ ਹਨ। ਉਸ ਨੇ ਗਲਤ ਅੰਕਪੀਰੀਐਂਸ ਸਰਟੀਫੀਕੇਟ ਦੇ ਦਿੱਤਾ। ਉਸ ਦੇ ਖਿਲਾਫ ਕੁਰੱਪਸ਼ਨ ਦੇ ਚਾਰਜਿਜ਼ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਸ ਦੇ ਖਿਲਾਫ ਚਾਰਜਿਜ਼ ਹਨ, ਉਸ ਦੀ ਐਪੁਆਇੰਟਮੈਂਟ ਗਲਤ ਹੋਈ ਹੈ, ਉਸ ਦੇ ਖਿਲਾਫ ਇਹ ਕੀ ਕਾਰਵਾਈ ਕਰਨਗੇ ?

ਮੰਤਰੀ : ਐਪੁਆਇੰਟਮੈਂਟ ਦੇ ਮੁਤੱਲਕ ਹੀ ਸਕਰੀਨਿੰਗ ਕਰਨ ਵਾਸਤੇ ਸਕਰੀਨਿੰਗ ਕਮੇਟੀ ਬਣਾਈ ਹੈ।

Investment of the Government in the Punjab Roadways/P. R. T. C.

***1598. 1. Comrade Sarwan Singh Cheema**
2. Sardar Major Singh Ubboke
3. Comrade Kulwant Singh } : Will the Minister of State for Transport be pleased to state:—

(a) the total amount invested by the Government in the Punjab Roadways and P.R.T.C. during the year 1979-80 and 1980-81 ;

(b) the total loss suffered by the Punjab Roadways and P.R.T.C. during 1979-80 and 1980-81 year-wise ?

ਸਰਦਾਰ ਅਵਤਾਰ ਸਿੰਘ ਗਾਟਵਾਲੀ : (ੳ) ਤੇ (ਅ) ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :—

ਸੂਚੀ

ਸਾਲ 1979-80 ਅਤੇ 1980-81 ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਵਿਚ ਲਗਾਈ ਪੂੰਜੀ ਅਤੇ ਘਾਟੇ ਦੇ ਵਿਵਰਣ ਦੀ ਸੂਚੀ

(ੳ) ਸਾਲ		ਪੂੰਜੀ (ਪਲਾਨ ਖਰਚਾ) (ਰੁਪਏ ਲੱਖਾਂ ਵਿਚ)	
		ਪੰਜਾਬ ਰੋਡਵੇਜ਼	ਪੀ.ਆਰ.ਟੀ.ਸੀ.
1979-80	...	550.77	157.00
1980-81	...	1,490.24	305.00

(ਅ) ਸਾਲ		ਕੁੱਲ ਘਾਟਾ (ਰੁਪਏ ਲੱਖਾਂ ਵਿਚ)	
		ਪੰਜਾਬ ਰੋਡਵੇਜ਼	ਪੀ.ਆਰ.ਟੀ.ਸੀ.
1979-80	...	492.76	220.92
1980-81	...	982.83	598.08

Original with;
Punjab Vidhan Sabha
Digitized by;
Panjab Digital Library

ਸਰਦਾਰ ਮੇਜਰ ਸਿੰਘ ਉਬੋਕੇ : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਰੋਡਵੇਜ਼ ਵਿਚ 1979-80 ਵਿਚ 4 ਕਰੋੜ 92 ਲੱਖ 76 ਹਜ਼ਾਰ ਰੁਪਏ ਦਾ ਘਾਟਾ ਸੀ ਜਿਹੜਾ ਵਧ ਕੇ 1980-81 ਵਿਚ 9 ਕਰੋੜ 82 ਲੱਖ ਅਤੇ 83 ਹਜ਼ਾਰ ਦਾ ਹੋ ਗਿਆ। ਇਸੇ ਤਰ੍ਹਾਂ ਹੀ ਪੀ. ਆਰ. ਟੀ. ਸੀ. ਵਿਚ ਇਹ ਘਾਟਾ 1979-80 ਵਿਚ 2 ਕਰੋੜ 20 ਲੱਖ 92 ਹਜ਼ਾਰ ਰੁਪਏ ਦਾ ਸੀ ਜਿਹੜਾ ਕਿ 1980-81 ਵਿਚ 5 ਕਰੋੜ 98 ਲੱਖ 08 ਹਜ਼ਾਰ ਰੁਪਏ ਹੋ ਗਿਆ। ਬੜੇ ਅਫਸੋਸ ਦੀ ਗੱਲ ਹੈ ਕਿ 43% ਕਿਰਾਇਆ ਵਧਣ ਦੇ ਬਾਵਜੂਦ ਵੀ ਪੰਜਾਬ ਰੋਡਵੇਜ ਅਤੇ ਪੈਪਸੂ ਰੋਡਵੇਜ਼ ਘਾਟੇ ਵਿਚ ਜਾ ਰਹੀਆਂ ਹਨ ਜਦ ਕਿ ਪ੍ਰਾਈਵੇਟ ਕੰਪਨੀਆਂ ਮੁਨਾਫੇ ਵਿਚ ਜਾ ਰਹੀਆਂ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਉਪਰਾਲੇ ਕਰਨਗੇ ਜਿਸ ਨਾਲ ਇਸ ਮਹਿਕਮੇ ਵਿਚ ਹੋ ਰਹੀ ਕੁਰੱਪਸ਼ਨ ਦੂਰ ਹੋਵੇ ਅਤੇ ਜਿਸ ਨਾਲ ਇਹ ਘਾਟੇ ਦੀ ਥਾਂ ਤੇ ਮੁਨਾਫੇ ਵਿਚ ਜਾਣ ?

ਰਾਜ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਜਿਹੜਾ ਖਿਆਲ ਜ਼ਾਹਿਰ ਕੀਤਾ ਹੈ ਉਸ ਦੇ ਮੁਤਾਬਿਕ ਠੀਕ ਹੈ ਲੇਕਿਨ ਅਸੀਂ ਪਿਛਲੇ ਸਾਲ ਜਿਹੜਾ 43% ਕਿਰਾਇਆ ਵਧਾਇਆ ਸੀ ਉਹ ਕੁਝ ਦੇਰ ਲਾਗੂ ਨਹੀਂ ਸੀ ਹੋ ਸਕਿਆ। ਇਹ ਘਾਟਾ ਉਸ ਤੋਂ ਪਹਿਲਾਂ ਵੀ ਸੀ। ਹੁਣ ਅਸੀਂ ਕੁਝ ਸਟੈਪਸ ਚੁੱਕੇ ਹਨ ਜਿਸ ਨਾਲ ਅਸੀਂ ਇਸ ਘਾਟੇ ਨੂੰ ਅਵੱਸ਼ ਪੂਰਾ ਕਰਾਂਗੇ।

ਮਾਸਟਰ ਚੰਦ ਸਿੰਘ : ਇਸ ਦੇ ਘਾਟੇ ਦਾ ਕਾਰਨ ਇਹ ਵੀ ਹੈ ਕਿ ਜਿਹੜੇ ਡਿਪੂ ਮੈਨੇਜਰ ਹਨ ਉਨ੍ਹਾਂ ਦੀਆਂ ਬੜੀਆਂ ਬੇਕਾਇਦਗੀਆਂ ਹਨ। ਜਿਵੇਂ ਬਰਨਾਲੇ ਦਾ ਡਿਪੂ ਮਨੇਜਰ ਹੈ, ਉਹ ਚੈਕਿੰਗ ਨਹੀਂ ਕਰਦਾ। ਉਹ ਕਿਸੇ ਵਿਆਹ ਤੇ ਕਾਰ ਲੈ ਗਿਆ। ਉਸ ਦੀ ਕਾਰ ਉਥੇ ਖਰਾਬ ਹੋ ਗਈ। ਉਸ ਨੇ ਉਸ ਦੇ ਪੁਰਜ਼ੇ ਲਾਂਭੇ ਕਰ ਲਏ। ਉਹ ਸ਼ਰਾਬੀ ਹੈ ਅਤੇ ਕਰੈਕਟਰਲੈਸ ਹੈ। ਜਿਹੜਾ ਕੋਈ ਬੋਲਦਾ ਹੈ ਉਸ ਨੂੰ ਉਹ ਕੱਢ ਦਿੰਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਆਦਮੀਆਂ ਦੇ ਖਿਲਾਫ ਕੀ ਇਹ ਕੋਈ ਇਨਕੁਆਇਰੀ ਕਰਾਉਣਗੇ ਤਾਕਿ ਰੋਡਵੇਜ਼ ਨੂੰ ਘਾਟੇ ਤੋਂ ਬਚਾਇਆ ਜਾ ਸਕੇ ?

ਰਾਜ ਮੰਤਰੀ : ਪੰਜਾਬ ਰੋਡਵੇਜ਼ ਵਿਚ ਕੋਈ ਅਜਿਹਾ ਡਿਪੂ ਮੈਨੇਜਰ ਨਹੀਂ ਜਿਸ ਤਰ੍ਹਾਂ ਇਹ ਕਹਿੰਦੇ ਹਨ। ਬਾਕੀ ਜੇ ਕੋਈ ਸਰਕਾਰੀ ਮੁਲਾਜ਼ਮ ਖਰਾਬੀ ਕਰਦਾ ਹੈ ਤਾਂ ਉਸ ਦੇ ਖਿਲਾਫ ਉਨ੍ਹਾਂ ਨੂੰ ਐਕਸ਼ਨ ਲੈਣਾ ਪੈਂਦਾ ਹੈ। ਅਗਰ ਇਨ੍ਹਾਂ ਕੋਲ ਕੋਈ ਸਪੈਸੀਫਿਕ ਚਾਰਜ ਹੋਵੇ ਤਾਂ ਅਸੀਂ ਦੇਖ ਲਵਾਂਗੇ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਇਹ ਜਿਹੜੀ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਵਿਚ ਘਾਟੇ ਦੀ ਗੱਲ ਚੱਲ ਰਹੀ ਹੈ, ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਮੇਰੇ ਇਕ ਸਵਾਲ ਨੰ: 1465 ਜੋ ਕਿ ਇਥੇ ਨਹੀਂ ਆ ਸਕਿਆ, ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ 1980-81 ਵਿਚ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਨੇ ਜੋ ਟੈਕਸ ਦਿੱਤਾ ਉਸ ਦੇ ਮੁਕਾਬਲੇ ਵਿਚ ਪ੍ਰਾਈਵੇਟ ਕੰਪਨੀਆਂ ਨੇ ਬਹੁਤ ਘੱਟ ਟੈਕਸ ਦਿੱਤਾ। ਪਿਛਲੇ ਸਾਲ 2 ਕਰੋੜ 25 ਲੱਖ ਰੁਪਿਆ ਪ੍ਰਾਈਵੇਟ ਕੰਪਨੀਆਂ ਨੂੰ ਹੋਰ ਸਰਕਾਰ ਨੂੰ ਦੇਣਾ ਚਾਹੀਦਾ ਸੀ 60 : 40 ਦੀ ਰੇਸ਼ੋ ਮੁਤਾਬਿਕ। ਇਸੇ ਤਰ੍ਹਾਂ 1981-82 ਵਿਚ 3 ਕਰੋੜ ਤੋਂ ਵੱਧ ਦੇਣਾ ਚਾਹੀਦਾ ਸੀ 60 : 40 ਦੀ ਰੇਸ਼ੋ ਮੁਤਾਬਿਕ। ਤਕਰੀਬਨ ਢਾਈ ਤਿੰਨ ਕਰੋੜ ਰੁਪਏ ਦਾ ਘਾਟਾ ਪ੍ਰਾਈਵੇਟ ਕੰਪਨੀਆਂ ਵਾਲੇ ਪਾ ਰਹੇ ਹਨ। ਇਹ ਜਿਹੜੇ ਪ੍ਰਾਈਵੇਟ ਕੰਪਨੀਆਂ ਵਾਲੇ ਘਾਟਾ ਪਾ ਰਹੇ ਹਨ, ਕੀ ਮਨਿਸਟਰ ਸਾਹਿਬ ਇਸ ਬਾਰੇ ਉਪਰਾਲੇ ਕਰਨਗੇ ਅਤੇ ਕੀ ਇਹ ਹਾਊਸ ਨੂੰ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕਰਨ ਬਾਰੇ ਭਰੋਸਾ ਦਿਵਾਉਣਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਇਸ ਬਾਰੇ ਇਹ ਸੈਪਰੇਟ ਨੋਟਿਸ ਦੇਣ, ਅਸੀਂ ਅੰਗਜ਼ਾਮਿਨ ਕਰ ਲਵਾਂਗੇ ।

ਸਰਦਾਰ ਬਲਦੇਵ ਸਿੰਘ ਮਾਨ : ਜਿਸ ਦਿਨ ਦੀ ਇਹ ਸਰਕਾਰ ਆਈ ਉਸ ਦਿਨ ਤੋਂ ਇਹ ਕਹਿੰਦੇ ਹਨ ਕਿ ਅਸੀਂ ਇਸ ਵਿਚ ਬੜਾ ਸੁਧਾਰ ਕੀਤਾ ਹੈ ਅਤੇ ਹੋਰ ਕਰ ਰਹੇ ਹਾਂ ਅਤੇ ਨਵੀਆਂ ਗੱਡੀਆਂ ਲਿਆਂਦੀਆਂ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ 1979-80 ਵਿਚ ਜਦੋਂ ਸਾਡੀ ਸਰਕਾਰ ਸੀ ਤਾਂ ਉਦੋਂ 1 ਕਰੋੜ 57 ਲੱਖ ਰੁਪਏ ਦੀ ਇਨਵੈਸਟਮੈਂਟ ਸੀ ਅਤੇ ਉਸ ਵੇਲੇ ਘਾਟਾ 2 ਕਰੋੜ 20 ਲੱਖ ਰੁਪਏ ਸੀ । ਪਰ ਜਦੋਂ ਇਨ੍ਹਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਦੀ ਇਨਵੈਸਟਮੈਂਟ 3 ਕਰੋੜ 5 ਲੱਖ ਰੁਪਏ ਦੀ ਅਤੇ ਘਾਟਾ 5 ਕਰੋੜ 98 ਲੱਖ ਰੁਪਏ ਹੋ ਗਿਆ । ਜਦੋਂ ਦੀ ਇਹ ਸਰਕਾਰ ਆਈ ਹੈ ਉਦੋਂ ਦਾ ਘਾਟਾ ਪੈ ਰਿਹਾ ਹੈ । ਇਸ ਦਾ ਕੀ ਕਾਰਨ ਹੈ, ਇਸ ਦਾ ਪਤਾ ਲਗਾਉਣ ਲਈ ਕੀ ਇਨ੍ਹਾਂ ਨੇ ਇਨਕੁਆਇਰੀ ਕਰਨ ਵਾਸਤੇ ਕੋਈ ਕਮੇਟੀ ਬਣਾਈ ਹੈ ਜਾਂ ਬਣਾਉਣ ਲਈ ਤਿਆਰ ਹਨ ਤਾਕਿ ਇਸ ਘਾਟੇ ਦੀ ਪੜਤਾਲ ਕੀਤੀ ਜਾਵੇ ?

ਰਾਜ ਮੰਤਰੀ : ਇਹ ਘਾਟਾ ਜਦੋਂ ਕਿਰਾਏ ਵਧੇ ਉਸ ਤੋਂ ਪਹਿਲਾਂ ਇਨ੍ਹਾਂ ਦੀ ਸਰਕਾਰ ਵੇਲੇ ਵੀ ਸੀ । ਉਸ ਵੇਲੇ ਇਨਾਂ ਨੇ ਰੀਕੁਮੈਂਡ ਕੀਤਾ ਸੀ ਕਿ 70% ਕਿਰਾਇਆ ਵਧਾਇਆ ਜਾਵੇ ਲੇਕਿਨ ਕਿਰਾਏ ਵਧੇ 43%, ਉਸ ਦੇ ਮੁਤਾਬਿਕ ਸਾਡੀ ਰਸੀਟ ਅੱਗੇ ਨਾਲੋਂ ਵਧੀ ਹੈ ਅਗਰ ਹੋਰ ਪ੍ਰਦੇਸ਼ਾਂ ਦੇ ਮੁਕਾਬਲੇ ਵਿਚ ਦੇਖੀਏ ਤਾਂ ਉਨ੍ਹਾਂ ਦੇ ਮੁਕਾਬਲੇ ਵਿਚ ਸਾਡੇ ਕਿਰਾਏ ਘੱਟ ਹਨ । ਸਾਡੇ ਜਿਹੜੇ ਲਾਸਿਜ਼ ਹਨ ਉਹ ਵੀ ਉਨ੍ਹਾਂ ਪ੍ਰਦੇਸ਼ਾਂ ਦੇ ਮੁਕਾਬਲੇ ਵਿਚ ਉਸੇ ਤਰ੍ਹਾਂ ਚੱਲਦੇ ਹਨ । ਇਨਪੁਟਸ ਦੀ ਕੀਮਤ ਕਾਫੀ ਵਧ ਚੁੱਕੀ ਹੈ। ਸਾਡੇ ਕਿਰਾਏ ਘੱਟ ਹਨ । ਅਸੀਂ ਫਰੀ ਰੋਡਵੇਜ਼ ਵੀ ਲੋਕਾਂ ਨੂੰ ਦਿਦੇ ਹਾਂ । ਅਸੀਂ ਜਿਹੜਾ ਰੋਡ ਟੈਕਸ ਦਿੰਦੇ ਹਾਂ ਅਤੇ ਪੈਸਜੰਰਜ਼ ਟੈਕਸ ਸਰਕਾਰ ਨੂੰ ਦਿੰਦੇ ਹਾਂ ਉਹ ਟਰਾਂਸਪੋਰਟ ਦੇ ਖਾਤੇ ਵਿਚ ਨਹੀਂ ਆਉਂਦਾ। ਅਗਰ ਅਸੀਂ ਇਨ੍ਹਾਂ ਨੂੰ ਮਿਲਾ ਕੇ ਦੇਖੀਏ ਤਾਂ ਟਰਾਂਸਪੋਰਟ ਡਿਪਾਰਟਮੈਂਟ ਬਰਾਬਰ ਚਲਦਾ ਹੈ ਅਤੇ ਘਾਟੇ ਵਾਲੀ ਕੋਈ ਗੱਲ ਨਹੀਂ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਸਲੀ ਘਾਟੇ ਦਾ ਕਾਰਨ ਇਹ ਨਹੀਂ ਹੈ। ਇਸ ਘਾਟੇ ਦਾ ਕਾਰਨ ਇਹ ਵੀ ਬਹੁਤ ਵੱਡਾ ਹੈ ਕਿ ਜੋ ਮੈਂ ਦੱਸਣ ਲੱਗਾ ਹਾਂ । ਜਿਵੇਂ ਸਰਕਾਰ ਦਾ ਕੋਈ ਰਜਿਸਟਰ ਛਪਦਾ ਹੈ ਜਾਂ ਕੋਈ ਕਾਗਜ਼ ਛਪਦੇ ਹਨ ਤਾਂ ਉਹ ਸਰਕਾਰੀ ਪ੍ਰੈਸ ਵਿਚ ਛਪਦੇ ਹਨ ਪਰ ਜਿਹੜੀਆਂ ਬਸਾਂ ਦੀਆਂ ਟਿਕਟਾਂ ਛਪਦੀਆਂ ਹਨ ਉਹ ਪ੍ਰਾਈਵੇਟ ਪ੍ਰੈਸ ਵਿਚ ਛਪਦੀਆਂ ਹਨ। ਪ੍ਰਾਈਵੇਟ ਪ੍ਰੈਸ ਵਿਚ ਜਾਲ੍ਹੀ ਟਿਕਟਾਂ ਛਪਦੀਆਂ ਹਨ ਜ਼ਿਸ ਕਰ ਕੇ ਟਰਾਂਸਪੋਰਟ ਘਾਟੇ ਵਿਚ ਜਾ ਰਹੀ ਹੈ । ਸੀ. ਐਮ. ਸਾਹਿਬ ਬੈਠੇ ਹਨ ਮੈਂ ਬੇਨਤੀ ਕਰਾਂਗਾ ਕਿ ਕੀ ਉਹ ਇਨ੍ਹਾਂ ਟਿਕਟਾਂ ਨੂੰ ਸਰਕਾਰੀ ਪ੍ਰੈਸ ਵਿਚ ਛਪਾਉਣ ਦੀ ਕੋਸ਼ਿਸ਼ ਕਰਨਗੇ ਤਾ ਕਿ ਜਾਲ੍ਹੀ ਟਿਕਟਾਂ ਨਾ ਛਪ ਸਕਣ ?

ਰਾਜ ਮੰਤਰੀ : ਇਨਾਂ ਨੂੰ ਸ਼ਾਇਦ ਪੁਰਾਣਾ ਖਿਆਲ ਆ ਗਿਆ ਹੈ। ਜਿਸ ਵੇਲੇ ਇਹ ਹੁੰਦੇ ਸਨ ਉਦੋਂ ਸ਼ਾਇਦ ਜਾਲ੍ਹੀ ਟਿਕਟਾਂ ਛਪਦੀਆਂ ਹੋਣ। ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਨਾ ਪੰਜਾਬ ਰੋਡਵੇਜ਼ ਵਿਚ ਅਤੇ ਨੀ ਹੀ ਪੀ. ਆਰ. ਟੀ. ਸੀ. ਵਿਚ ਕੋਈ ਜਾਲ੍ਹੀ ਟਿਕਟਾਂ ਫੜੀਆਂ ਗਈਆਂ ਹਨ । ਇਨ੍ਹਾਂ ਦੀ ਮਰਜ਼ੀ ਨਾਲ ਅਗਰ ਕਿਤੇ ਛਪਦੀਆ ਹੋਣ ਤਾਂ ਦੱਸ ਦੇਣ, ਅਸੀਂ ਪਤਾ ਕਰ ਲਵਾਂਗੇ ।

(ਵਿਘਨ)

Original with;
Punjab Vidhan Sabha
Digitized by;
Panjab Digital Library

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਘਾਟੇ ਦੇ ਦੋ ਤਿੰਨ ਕਾਰਨ ਹਨ । ਇਕ ਕਾਰਨ ਇਹ ਵੀ ਹੈ ਕਿ ਸਪੇਅਰ ਪਾਰਟ ਜਿਹੜਾ ਹੈ ਉਹ ਚੋਰੀ ਹੁੰਦਾ ਹੈ ਅਤੇ ਬਲੈਕ ਵਿੱਚ ਵੇਚਿਆ ਜਾਂਦਾ ਹੈ । ਇਸ ਸਬੰਧ ਵਿੱਚ ਲਿਖਤੀ ਰੂਪ ਵਿੱਚ ਯੂਨੀਅਨ ਨੇ ਲਿਖ ਕੇ ਵੀ ਦਿੱਤਾ ਸੀ ਕਿ ਇਹ ਬਹੁਤ ਵੱਡਾ ਫਰਾਡ ਹੋ ਰਿਹਾ ਹੈ । ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਫਰਾਡ ਨੂੰ ਖ਼ਤਮ ਕਰਾਉਣ ਲਈ ਜੋ ਯੂਨੀਅਨ ਨੇ ਲਿਖ ਕੇ ਦਿੱਤਾ ਹੈ ਉਸ ਦੀ ਇਨਕੁਆਇਰੀ ਕਰਾ ਕੇ ਜੋ ਇਸ ਦੇ ਲਈ ਜ਼ਿਮੇਵਾਰ ਅਫਸਰ ਹਨ, ਉਨ੍ਹਾਂ ਨੂੰ ਸਜ਼ਾਵਾਂ ਦੇਣਗੇ ?

ਦੂਸਰਾ, ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਡਿਵੀਜ਼ਨਲ ਦਫਤਰ ਇਨ੍ਹਾਂ ਨੇ ਬਣਾਏ ਹਨ ਉਸ ਦੇ ਨਾਲ ਵੀ 1 ਕਰੋੜ ਰੁਪਏ ਦਾ ਘਾਟਾ ਪਿਆ ਹੈ ਅਤੇ ਇਹ ਦਫਤਰ ਬੇ-ਮਤਲਬੇ ਹਨ । ਕੀ ਮਨਿਸਟਰ ਸਾਹਿਬ ਇਨ੍ਹਾਂ ਦਫਤਰਾਂ ਨੂੰ ਖਤਮ ਕਰਾਉਣਗੇ ?

ਤੀਸਰਾ ਮੇਰਾ ਸਵਾਲ ਇਹ ਹੈ ਕਿ ਜਿਹੜੇ ਪੁਰਾਣੇ ਪੁਰਜ਼ੇ ਬੱਸਾਂ ਦੇ ਪਏ ਹਨ ਜਿਨ੍ਹਾਂ ਦਾ ਕੋਈ ਮਤਲਬ ਨਹੀਂ, ਬੇਮਤਲਬੇ ਪਏ ਹਨ, ਕੀ ਮਨਿਸਟਰ ਸਾਹਿਬ ਇਨ੍ਹਾਂ ਦਾ ਹਿਸਾਬ ਕਿਤਾਬ ਕਰਾ ਕੇ ਘਾਟੇ ਵਿੱਚ ਪਾ ਲੈਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ । ਇਥੇ ਇਕ ਆਪੋਜ਼ੀਸ਼ਨ ਦੇ ਮਾਨਯੋਗ ਮੈਂਬਰ, ਸਰਦਾਰ ਗੁਰਦੇਵ ਸਿੰਘ ਬਾਦਲ, ਵੱਲੋਂ ਸੁਝਾਵ ਦਿੱਤਾ ਗਿਆ ਹੈ ਕਿ ਜੋ ਪ੍ਰਿੰਟਿੰਗ ਦਾ ਸਿਸਟਮ ਟਿਕਟਾਂ ਦਾ ਹੈ ਉਸ ਦੇ ਵਿਚ ਖਰਾਬੀ ਹੈ ਅਤੇ ਉਸ ਨੂੰ ਠੀਕ ਕਰਕੇ ਇਸ ਢੰਗ ਨਾਲ ਇਸ ਦਾ ਪ੍ਰਬੰਧ ਕੀਤਾ ਜਾਵੇ ਕਿ ਕੋਈ ਡੁਪਲੀਕੇਟ ਟਿਕਟਾਂ ਇਸ਼ੂ ਨਾ ਕਰ ਸਕੇ । ਅਸੀਂ ਇਸ ਦਾ ਫੌਰੀ ਤੌਰ ਤੇ, ਸ਼ੀਘਰ ਤੌਰ ਤੇ ਧਿਆਨ ਕਰਾਂਗੇ । (ਥਿੰਪੰਗ) ਜੋ ਪੁਰਜ਼ਿਆਂ ਦੀ ਚੋਰੀ ਬਾਰੇ ਜ਼ਿਕਰ ਕੀਤਾ ਹੈ, ਇਸ ਨੂੰ ਵੀ ਅਸੀਂ ਦੇਖ ਲਵਾਂਗੇ । (ਥੰਪਿੰਗ)

ਰਾਜ ਮੰਤਰੀ : ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਜਿਹੜਾ ਪਹਿਲਾ ਸਵਾਲ ਕੀਤਾ ਹੈ ਅਤੇ ਪੁਰਜ਼ਿਆਂ ਦੀ ਚੋਰੀ ਦਾ ਜਿਹੜਾ ਜ਼ਿਕਰ ਕੀਤਾ ਹੈ ਉਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ । ਜਿਥੋਂ ਤੱਕ ਇਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਜਿਹੜੇ ਰਿਜਨਲ ਦਫਤਰ ਖੋਲ੍ਹੇ ਹਨ ਉਨ੍ਹਾਂ ਦਾ ਕੋਈ ਲਾਭ ਨਹੀਂ ਅਤੇ ਉਹ ਖ਼ਤਮ ਕਰਨੇ ਚਾਹੀਦੇ ਹਨ, ਇਸ ਦੇ ਬਾਰੇ ਮੈਂ ਇਨ੍ਹਾਂ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਕੀ ਜਦੋਂ ਕਾਰੋਬਾਰ ਵੱਧ ਜਾਂਦਾ ਹੈ ਤਾਂ ਉਸ ਦੇ ਲਈ ਐਡਮਨਿਸਟਰੇਸ਼ਨ ਦੀ ਲੋੜ ਹੁੰਦੀ ਹੈ ; ਉਸ ਦੀ ਮੈਨੇਜਮੈਂਟ ਵਾਸਤੇ ਜਿਹੜੀਆਂ ਗਲਾਂ ਦੀ ਜ਼ਰੂਰਤ ਹੁੰਦੀ ਹੈ ਉਸ ਨੂੰ ਮੁੱਖ ਰਖਿਆ ਜਾਂਦਾ ਹੈ । ਇਤਨਾ ਵੱਡਾ ਕੰਟਰੋਲ ਸਾਰਾ ਇਕੱਲੀ ਸਰਕਾਰ ਨਹੀਂ ਕਰ ਸਕਦੀ, ਉਸ ਦੇ ਲਈ ਅਸੀਂ ਪਾਵਰਜ਼ ਡੈਲੀਗੇਟ ਕੀਤੀਆਂ ਹਨ ਤਾ ਕਿ ਲੋਕਲ ਤੌਰ ਤੇ ਕੰਟਰੋਲ ਕੀਤਾ ਜਾ ਸਕੇ ਅਤੇ ਬੇਹਤਰ ਕੰਟਰੋਲ ਕੀਤਾ ਜਾ ਸਕੇ । ਸਪੇਅਰ ਪਾਰਟਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਪੁਰਾਣੇ ਸਪੇਅਰ ਪਾਰਟਸ ਜੋ ਹਨ ਉਨ੍ਹਾਂ ਦਾ ਨਿਪਟਾਰਾ ਕਰ ਦੇਈਏ ।

Cement purchased by various Depots of Punjab Roadways

*1599. **1. Comrade Sarwan Singh Cheema**
2. Sardar Major Singh Ubboke } : Will the Minis-
3. Comrade Kulwant Singh

ter of State for Transport be pleased to state:—

(a) the quantity of cement purchased by the depots of the Punjab Roadways Amritsar-I, and II, Tarn Taran, Patti, Ferozepur

Original with;
Punjab Vidhan Sabha
Digitized by;
Panjab Digital Library

and Mukatsar during the years 1979-80 and 1980-81, separately ;

(b) whether it is a fact that 870 bags of cement were stolen from the Ferozepur depot of the Punjab Roadways ?

ਸਰਦਾਰ ਅਵਤਾਰ ਸਿੰਘ ਗਟਵਾਲੀ : (ੳ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਨਹੀਂ ਜੀ ।

STATEMENT

	1979-80	1980-81
(i) Punjab Roadways, Amritsar-I	Nil	Nil
(ii) Punjab Roadways, Amritsar-II	310 bags	424 bags
(iii) Punjab Roadways, Tarn-Taran	230 ,,	675 ,,
(iv) Punjab Roadway, Patti	600 ,,	1985 ,,
(v) Punjab Roadways, Ferozepur	875 ,,	1756 ,,
(vi) Punjab Readways, Mukatsar	150 ,,	1350 ,,
	2165 ,,	6190 ,,

ਸਰਦਾਰ ਮੇਜਰ ਸਿੰਘ ਉਬੋਕੇ: ਸਪੀਕਰ ਸਾਹਿਬ, ਪਿਛਲੇ ਸਾਲ ਇਹ ਬੜੀ ਅਫਵਾਹ ਸੀ ਕਿ ਫਿਰੋਜ਼ਪੁਰ ਡਿਪੂ ਜੋ ਹੈ ਉਥੋਂ ਸੀਮਿੰਟ ਚੋਰੀ ਹੋਇਆ ਹੈ ਲੇਕਿਨ ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ ਕੋਈ ਸੀਮਿੰਟ ਚੋਰੀ ਨਹੀਂ ਹੋਇਆ । ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਇਸ ਗੱਲ ਦੀ ਤਸੱਲੀ ਕਰ ਲੈਣ, ਫਿਰੋਜ਼ਪੁਰ ਵਿਚ ਸੀਮਿੰਟ ਜ਼ਰੂਰ ਚੋਰੀ ਹੋਇਆ ਹੈ । ਕੀ ਮਨਿਸਟਰ ਸਾਹਿਬ ਮਹਿਕਮੇ ਵਾਲਿਆਂ ਤੋਂ ਦੁਬਾਰਾ ਪੁੱਛ ਲੈਣਗੇ ਅਤੇ ਤਸੱਲੀ ਕਰ ਲੈਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਅੱਗੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਜਵਾਬ ਦਿੱਤਾ ਗਿਆ ਹੈ ਇਹ ਪੜਤਾਲ ਕਰਕੇ ਅਤੇ ਬੜੀ ਜ਼ਿੰਮੇਵਾਰੀ ਨਾਲ ਦਿੱਤਾ ਗਿਆ ਹੈ । ਕਿਸੇ ਕਿਸਮ ਦੀ ਸੀਮਿੰਟ ਦੀ ਚੋਰੀ ਨਹੀਂ ਹੋਈ । ਇਹ ਰਿਕਾਰਡ ਦੱਸਦਾ ਹੈ ਅਤੇ ਰਿਕਾਰਡ ਦੀ ਆਡੀਟਰ ਜਨਰਲ ਨੇ ਆਡਿਟ ਕਰ ਕੇ ਵੇਰੀਫੀਕੇਸ਼ਨ ਕੀਤੀ ਹੋਈ ਹੈ ।

ਵੈਦ ਕਰਤਾਰ ਸਿੰਘ: ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਤਸੱਲੀ ਤਾਂ ਹੋ ਗਈ ਹੈ ਪਰ ਹਾਊਸ ਦੀ ਤਸੱਲੀ ਨਹੀਂ ਹੋਈ । ਕੀ ਮਨਿਸਟਰ ਸਾਹਿਬ ਇਸ ਸਬੰਧੀ ਕੋਈ ਹਾਊਸ ਦੀ ਕਮੇਟੀ ਬਣਾ ਕੇ ਪੜਤਾਲ ਕਰਾਉਣ ਲਈ ਤਿਆਰ ਹਨ ਤਾਕਿ ਪਤਾ ਲਗ ਸਕੇ ਕਿ 807 ਸੀਮਿੰਟ ਚੀਆਂ ਬੋਰੀਆਂ ਕਿਥੇ ਗਾਇਬ ਹੋਈਆਂ ਹਨ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੋਈ ਸੀਮਿੰਟ ਦੀ ਬੋਰੀ ਗਾਇਬ ਨਹੀਂ ਹੋਈ । ਆਡੀਟਰ ਜਨਰਲ ਨੇ ਆਡਿਟ ਕਰਕੇ ਵੇਰੀਫੀਕੇਸ਼ਨ ਕੀਤੀ ਹੋਈ ਹੈ । ਜੇ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਆਵਾਜਾਈ]

ਮਾਨਯੋਗ ਮੈਂਬਰ ਸਾਹਿਬ ਨੂੰ ਇਸ ਤੋਂ ਵੱਧ ਕੋਈ ਗੱਲ ਦਾ ਪਤਾ ਹੈ ਤਾਂ ਉਹ ਦੱਸ ਦੇਣ, ਅਸੀਂ ਫਿਰ ਪੜਤਾਲ ਕਰਵਾ ਲਵਾਂਗੇ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਕ ਤਾਂ ਇਹ ਦੱਸਿਆ ਹੈ ਕਿ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਅਤੇ ਉਸ ਸੂਚਨਾ ਵਿਚ ਇਨ੍ਹਾਂ ਨੇ ਇਹ ਦੱਸਿਆ ਹੈ ਕਿ ਇਤਨੀਆਂ ਬੋਰੀਆਂ ਸੀਮਿੰਟ ਦੀਆਂ ਤਰਨ ਤਾਰਨ ਤੋਂ ਫਿਰੋਜ਼ਪੁਰ ਭੇਜੀਆਂ ਗਈਆਂ ਅਤੇ ਇਤਨੀ ਆਂ ਫਲਾਣੀ ਥਾਂ ਤੋਂ ਫਲਾਣੀ ਥਾਂ ਭੇਜੀਆਂ ਗਈਆਂ । ਮੈਂ ਮਨਿਸਟਰ ਸਾਹਿਬ ਨੂੰ ਇਕ ਗੱਲ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਿਸੇ ਡਿਪੂ ਤੇ ਕੰਮ ਚੱਲ ਰਿਹਾ ਹੈ ਤਾਂ ਉਥੋਂ ਸੀਮਿੰਟ ਕਿਉਂ ਭੇਜਿਆ, ਜਦੋਂ ਤਰਨ ਤਾਰਨ ਕੰਮ ਚਲ ਰਿਹਾ ਹੈ ਤਾਂ ਫਿਰੋਜ਼ਪੁਰ, ਇਨ੍ਹਾਂ ਨੇ ਸੀਮਿੰਟ ਦੀਆਂ ਬੋਰੀਆਂ ਕਿਉਂ ਭੇਜੀਆਂ, ਉਥੋਂ ਦਾ ਸੀਮਿੰਟ ਇਥੇ ਕਿਉਂ ਲਿਆਂਦਾ ? ਦੂਸਰਾ, ਮੈਂ ਇਹ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁੱਛਣਾ ਚਾਹੁਦਾ ਹਾਂ ਕਿ 870 ਸੀਮਿੰਟ ਦੀਆਂ ਬੋਰੀਆਂ ਚੋਰੀ ਹੋਈਆਂ ਉਸ ਦੇ ਬਾਰੇ ਪਰਚਾ ਦਰਜ ਨਹੀਂ ਹੋਇਆ, ਟਰਾਂਸਪੋਰਟ ਦੇ ਰੂਲਜ਼ ਦੇ ਮੁਤਾਬਿਕ ਜੇ ਦੋ ਹਜ਼ਾਰ ਤੋਂ ਵੱਧ ਦੀ ਚੋਰੀ ਹੋਵੇ ਤਾਂ ਪਰਚਾ ਦਰਜ ਹੋ ਸਕਦਾ ਹੈ ਪਰ ਇਸ ਕੇਸ ਵਿਚ ਪਰਚਾ ਦਰਜ ਨਹੀਂ ਕਰਵਾਇਆ ਗਿਆ ਅਤੇ ਹੁਣ ਇਹ ਕਹਿੰਦੇ ਹਨ ਕਿ 870 ਬੋਰੀ ਸੀਮਿੰਟ ਦੀ ਚੋਰੀ ਨਹੀਂ ਹੋਈ । ਚੋਰੀ ਹੋਈ ਦੀ ਗੱਲ ਇਤਨੀ ਸਹੀ ਹੈ ਜਿਤਨੀ ਚੜ੍ਹਦੇ ਪਾਸੇ ਸੂਰਜ ਚੜ੍ਹਨ ਦੀ ਗੱਲ । ਕੀ ਮਨਿਸਟਰ ਸਾਹਿਬ ਇਸ ਦੀ ਦੁਬਾਰਾ ਪੜਤਾਲ ਕਰਵਾ ਕੇ ਉਨ੍ਹਾਂ ਨੂੰ ਸਜ਼ਾਵਾਂ ਦੇਣਗੇ ਜਿਨ੍ਹਾਂ ਨੇ ਗਲਤ ਇਨਫਰਮੇਸ਼ਨ ਦਿੱਤੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਫਿਰ ਬੇਨਤੀ ਕਰਾਂਗਾ, ਮੇਰੇ ਮਾਨਯੋਗ ਦੋਸਤ ਬੜੇ ਜ਼ਿਮੇਵਾਰ ਲੈਜਿਸਲੇਟਰ ਹਨ ਅਤੇ ਸਾਡੇ ਨਾਲ ਪ੍ਰਸਨਲ ਦੋਸਤੀ ਵੀ ਇਨ੍ਹਾਂ ਦੀ ਰਹੀ ਹੈ, ਕਿ ਸੀਮਿੰਟ ਦੀ ਕੋਈ ਚੋਰੀ ਨਹੀਂ ਹੋਈ । ਇਹ ਰਿਕਾਰਡ ਦੀ ਗਲ ਹੈ, ਜਿਤਨੇ ਬੋਰੀਆਂ ਦੇ ਪ੍ਰਮਿਟ ਪੰਜਾਬ ਰੋਡਵੇਜ਼ ਨੇ ਲਏ ਹਨ ਉਨ੍ਹਾਂ ਦਾ ਬਾਕਾਇਦਾ ਹਿਸਾਬ ਮੌਜੂਦ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਚੋਰੀ ਦੀ ਗੱਲ ਕਿਥੋਂ ਆ ਗਈ । ਜਿਥੋਂ ਤਕ ਇਨ੍ਹਾਂ ਦੀ ਇਸ ਗਲ ਦਾ ਤੁਅੱਲਕ ਹੈ ਕਿ ਤਰਨ ਤਾਰਨ ਤੋਂ ਫਿਰੋਜ਼ਪੁਰ ਸੀਮਿੰਟ ਕਿਉ ਲੈ ਗਏ ਇਸ ਦੇ ਬਾਰੇ ਮੈਂ ਕਹਿਣਾ ਚਾਹੁਦਾ ਹਾਂ ਕਿ ਇਹ ਐਡਮਨਿਸਟਰੇਟਿਵ ਮੈਟਰ ਹੈ, ਕਿਸੇ ਥਾਂ ਜ਼ਿਆਦਾ ਲੋੜ ਪੈ ਗਈ ਤਾਂ ਇਸ ਤਰ੍ਹਾਂ ਲੈ ਲੈਂਦੇ ਹਾਂ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਚੋਰੀ ਨਹੀਂ ਹੋਈ ਤਾਂ ਉਸ ਤਰ੍ਹਾਂ ਹੀ ਸੀਮਿੰਟ ਦੀਆਂ ਬੋਰੀਆਂ ਵੇਚ ਦਿੱਤੀਆਂ ਹੋਣਗੀਆਂ । ਇਸ ਦੀ ਦੁਬਾਰਾ ਮਨਿਸਟਰ ਸਾਹਿਬ ਪੜਤਾਲ ਕਰਵਾ ਲੈਣ ਕਿਉਂ ਕਿ ਮੈਨੂੰ ਪਤਾ ਹੈ ਕਿ ਸਾਲ 1977-78 ਵਿੱਚ ਸੰਗਰੂਰ ਜ਼ਿਲ੍ਹੇ ਵਿੱਚ ਇਸੇ ਤਰ੍ਹਾਂ ਸੀਮਿੰਟ ਲੈ ਗਏ ।ਜਦੋਂ ਉਥੇ ਹਨੇਰੀ ਆਈ ਤਾਂ ਹਨੇਰੀ ਨਾਲ ਕੰਧ ਡਿੱਗ ਪਈ । ਜੇ ਸੀਮਿੰਟ ਲਾਇਆ ਹੁੰਦਾ ਤਾਂ ਹਨੇਰੀ ਨਾਲ ਕੰਧ ਕੀ ਡਿਗਣੀ ਸੀ। ਇਸ ਲਈ ਜੋ ਕੰਧਾਂ ਹੁਣ ਬਣਾਈਆਂ ਗਈਆਂ ਹਨ ਕੀ ਮਨਿਸਟਰ ਸਾਹਿਬ ਇਸ ਗੱਲ ਦੀ ਚੈਕਿੰਗ ਕਰਾਉਣ ਨੂੰ ਤਿਆਰ ਹਨ ਕਿ ਸੀਮਿੰਟ ਪੂਰਾ ਲਾਇਆ ਹੈ ਜਾਂ ਨਹੀਂ ? ਜੇ ਸੀਮਿੰਟ ਦੀਆਂ ਬੋਰੀਆਂ ਚੋਰੀ ਨਹੀਂ ਹੋਈਆਂ ਤਾਂ ਬਲੈਕ ਵਿਚ ਵੇਚੀਆਂ ਹੋਣਗੀਆਂ । ਕੀ ਮਨਿਸਟਰ ਸਾਹਿਬ ਕੋਈ ਉਚ ਪੱਧਰੀ ਪੜਤਾਲ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸ਼ਾਹਿਬ, ਮੈਂ ਫਿਰ ਬੇਨਤੀ ਕਰਦਾ ਹਾਂ ਕਿ ਕੋਈ ਚੋਰੀ ਨਹੀਂ ਹੋਈ। ਇਨ੍ਹਾਂ ਨੇ ਸੰਗਰੂਰ ਜ਼ਿਲ੍ਹੇ ਦੀ ਗੱਲ ਕੀਤੀ ਹੈ। ਇਹ ਸੈਪਰੇਟ ਸਵਾਲ ਹੈ । ਜੇ ਇਨ੍ਹਾਂ ਨੂੰ ਕੋਈ ਇਤਰਾਜ਼

Original with;
Punjab Vidhan Sabha
Digitized by;
Panjab Digital Library

ਹੈ ਤਾਂ ਇਹ ਨੋਟਿਸ ਦੇ ਦੇਣ, ਪਤਾ ਕਰਵਾ ਲਵਾਂਗੇ । ਜਦੋਂ ਚੋਰੀ ਕੋਈ ਨਹੀਂ ਹੋਈ ਤਾਂ ਵੇਚਿਆ ਕੀ ਹੈ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1563

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ ।)

Loss suffered by the Cold Store of the Markfed Cannery

*1584. **1. Comrade Kulwant Singh**
2. Comrade Sarwan Singh Cheema } : Will the Minister of State for Co-operation be pleased to state:—

(a) whether potatoes purchased during the crop season of 1981-82 were stored in the Cold Store of the Markfed Cannery ;

(b) if the reply to part (a) above be in the affirmative, the total quantity of potatoes so purchased and the number of bags togetherwith the price paid therefor ;

(c) the extent of loss suffered by the said Cold Store during the whole season togetherwith the reasons therefor ?

ਸਰਦਾਰ ਬੀਰਪਾਲ ਸਿੰਘ : (ੳ) ਹਾਂ ਜੀ ।

(ਅ) ਮਿਤੀ 23-3-82 ਤਕ 15000 ਬੋਰੀਆਂ ਆਲੂ ਜਿਨ੍ਹਾਂ ਦਾ ਵਜ਼ਨ 12000 ਕੁਇੰਟਲ ਬਣਦਾ ਹੈ, ਖਰੀਦੇ ਗਏ ਅਤੇ ਉਨ੍ਹਾਂ ਦੀ ਕੀਮਤ 56 ਰੁਪਏ ਤੋਂ 60 ਰੁਪਏ ਪ੍ਰਤੀ ਕੁਇੰਟਲ (ਗਰੇਡਿਡ) ਦੀ ਦਰ ਨਾਲ ਅਦਾ ਕੀਤੀ ਗਈ।

(ਏ) ਆਲੂਆਂ ਦੀ ਖਰੀਦ ਅਜੇ ਜਾਰੀ ਹੈ ਇਸ ਲਈ ਘਾਟੇ ਦੇ ਨਿਰਣੇ ਦਾ ਸਵਾਲ ਹੀ ਪੈਦਾ ਨਹੀ ਹੁੰਦਾ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਓ ਤੁਸੀਂ ਵੀ ਬਿਜ਼ਨੈਸ ਕਰਦੇ ਹੋ। (ਵਿਘਨ) ਇਹ ਜਿਹੜਾ ਜਵਾਬ ਦਿੱਤਾ ਹੈ ਮਨਿਸਟਰ ਸਾਹਿਬ ਨੇ ਮੇਰੇ ਸੁਆਲ ਦਾ ਤੁਸੀਂ ਆਪ ਵੇਖ ਲਵੋ । ਉਨ੍ਹਾਂ ਨੇ ਪਾਰਟ 'ਸੀ' ਦਾ ਜਵਾਬ ਦਿੱਤਾ ਹੈ the question of loss at this stage does not arise.....ਆਲੂ, ਸਪੀਕਰ ਸਾਹਿਬ, ਨਵੰਬਰ ਦੇ ਮਹੀਨੇ ਵਿਚ ਮੁਕ ਚੁੱਕਾ ਹੈ । ਜਿਹੜਾ ਸਟੋਰ ਵਿਚ ਆਲੂ ਸੀ ਇਹ ਕਹਿੰਦੇ ਹਨ ਉਸ ਦਾ ਲੌਸ ਨਹੀਂ ਕੱਢਿਆ ਜਾ ਸਕਿਆ ਅਤੇ ਇਹ ਕਹਿੰਦੇ ਹਨ ਕਿ ਹਾਲੇ ਤਕ ਖਰੀਦ ਚਲ ਰਹੀ ਹੈ। ਜਿਸ ਭਲੇਮਾਣਸ ਨੇ ਜਵਾਬ ਬਣਾ ਕੇ ਦਿੱਤਾ ਹੈ ਕੀ ਇਹ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ਕਿ ਜਵਾਬ ਗਲਤ ਕਿਉਂ ਦਿੱਤਾ ਗਿਆ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ 1981-82 ਦੀ ਗੱਲ ਕੀਤੀ ਹੈ ਅਸੀਂ ਮਾਰਕਫੈਡ ਵਾਲੇ ਤਾਂ ਅੰਦਰ ਹੋਏ ਸੀ ਕਿ ਕਿਸੇ ਕਿਸਾਨ ਦਾ ਨੁਕਸਾਨ ਨਾ ਹੋਵੇ ਅੰਦਰ 50 ਰੁਪਏ ਕੁਇੰਟਲ ਤੋਂ ਭਾਅ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਹਿਕਾਰਤਾ]

ਘਟ ਨਾ ਹੋਵੇ । ਸਾਡੀ ਕੋਸ਼ਿਸ਼ ਇਹ ਰਹੀ ਹੈ ਕਿ 36 ਹਜ਼ਾਰ ਦਾ ਜਿਹੜਾ ਕਾਂਟਰੈਕਟ ਹੈ ਉਸ ਤੋਂ ਘੱਟ ਨਾ ਹੋਵੇ ਇਥੇ ਨੁਕਸਾਨ ਨਫੇ ਦੀ ਤਾਂ ਗੱਲ ਹੀ ਨਹੀਂ ਹੈ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, 1981-82 ਦੇ ਦਰਮਿਆਨ ਆਲੂ ਸਟੋਰ ਕੀਤਾ ਹੈ । ਉਹ ਜਿਹੜਾ ਆਲੂ ਸਟੋਕ ਕੀਤਾ ਸੀ ਉਹ ਨਵੰਬਰ ਦੇ ਮਹੀਨੇ ਵਿਚ ਮੁੱਕ ਗਿਆ ਅਤੇ ਸਟੋਰ ਖਾਲੀ ਹੋ ਗਏ । ਇਸ ਦਾ ਸਾਰਾ ਘਾਟਾ ਇਨ੍ਹਾਂ ਨੂੰ ਪਤਾ ਹੈ ਜਾਣ ਬੁਝ ਕੇ ਅਫਸਰ ਗਲਤ ਜਵਾਬ ਬਣਾ ਕੇ ਦੇ ਦਿੰਦੇ ਹਨ ਅੱਤੇ ਮਨਿਸਟਰ ਸਾਹਿਬ ਉਸ ਤਰ੍ਹਾਂ ਅੱਗੇ ਬਿਆਨ ਦੇ ਦਿੰਦੇ ਹਨ ਅੱਤੇ ਮਨਿਸਟਰ ਨੂੰ ਡਿਫੈਂਸ ਕਰਨਾ ਪੈਂਦਾ ਹੈ, ਇਹ ਜਿਹੜਾ ਗਲਤ ਜਵਾਬ ਦਿਤਾ ਹੈ ਕੀ ਇਸ ਦੀ ਇਨਕੁਆਇਰੀ ਕਰਾਉਣਗੇ ? ਮੇਰਾ ਖਿਆਲ ਹੈ ਕਿ ਮਨਿਸਟਰ ਸਾਹਿਬ ਨੂੰ ਪਤਾ ਹੀ ਨਹੀਂ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਇਸ ਗੱਲ ਤੇ ਬਜ਼ਿਦ ਹਨ, ਮੈਂ ਕਹਿੰਦਾ ਹਾਂ ਕਿ ਸੁਆਲ ਦਾ ਜਵਾਬ ਦਰੁੱਸਤ ਦਿਤਾ ਹੈ ਇਨ੍ਹਾਂ ਨੂੰ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ । ਮਾਰਕਫੈਡ ਕੈਨਰੀ ਦੇ ਕੋਲ ਸਟੋਰੇਜ ਦੀ ਕਪੈਸਿਟੀ ਚਾਰ ਹਜ਼ਾਰ ਮੀਟ੍ਰਿਕ ਟਨ ਹੈ ਯਾਨੀ 15 ਹਜ਼ਾਰ ਬੋਰੀਆਂ, ਇਕ ਬੋਰੀ ਵਿਚ 80 ਕਿਲੋ ਆਲੂ ਹੁੰਦਾ ਹੈ ਅੱਤੇ ਇਸ ਦਾ ਵਜ਼ਨ ਬਣਿਆ 12 ਹਜ਼ਾਰ ਟਨ। ਰੇਟ 56 ਰੁਪਏ ਤੋਂ 60 ਰੁਪਏ ਤੱਕ ਦਿਤਾ ਗਿਆ। ਅਜੇ ਹੋਰ ਆਲੂ ਸਰਕਾਰ ਖਰੀਦ ਰਹੀ ਹੈ । ਪਿਛਲੇ ਮਹੀਨੇ ਗੌਰਮਿੰਟ ਆਫ ਇੰਡੀਆ ਦੇ ਐਗਰੀਕਲਚਰ ਅਤੇ ਸਹਿਕਾਰਤਾ, ਸਕੱਤਰ ਦੀ ਚੇਅਰਮੈਨਸ਼ਿਪ ਵਿਚ ਇਕ ਮੀਟਿੰਗ ਹੋਈ ਸੀ ਅਤੇ ਸਾਡੇ ਨੁਮਾਇੰਦੇ ਵੀ ਉਥੇ ਗਏ ਸੀ । ਉਨ੍ਹਾਂ ਨੇ ਹਦਾਇਤ ਕੀਤੀ ਹੈ ਕਿ ਫਾਰਮਰ ਦੇ ਇੰਟਰੈਸਟ ਨੂੰ ਧਿਆਨ ਵਿਚ ਰਖਿਆ ਜਾਏ ਨੈਫੇਡ ਅੱਤੇ ਐਨ. ਸੀ. ਸੀ. ਐਫ. ਖਰੀਦੇਗੀ ਅਗਰ ਮਾਰਕਿਟ ਵਿਚ ਆਲੂ ਰਹਿ ਗਿਆ। ਇਹ ਗੱਲ ਕਰਦੇ ਹਨ ਕਿ ਸਾਨੂੰ ਪਤਾ ਹੀ ਨਹੀਂ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪਤਾ ਹੈ ਕਿ ਆਲੂਆਂ ਦੀ ਸਟੋਰੇਜ ਦੀ ਕਾਫੀ ਪ੍ਰਾਬਲਮ ਹੈ, ਕੁਝ ਸਟੋਰੇਜ 1982-83 ਵਿਚ ਕੋਆਪਰੇਟਿਵ ਬੇਸਿਜ਼ ਤੇ ਬਣਾਉਣੇ ਹਨ ਕੀ ਸਾਡੇ ਹਲਕੇ ਵਿਚ ਕੋਈ ਕੋਲਡ ਸਟੋਰੇਜ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਢੇ ਚਾਰ ਕਰੋੜ ਰੁਪਿਆ ਸਟੋਰੇਜ ਬਣਾਉਣ ਤੇ ਖਰਚ ਕਰਨਾ ਹੈ, ਹੁਸ਼ਿਆਰਪੁਰ ਅਤੇ ਹੋਰ ਕਈ ਥਾਈਂ ਸਾਰੇ ਪੰਜਾਬ ਵਿਚ ਬਣਾਉਣੇ ਹਨ ।

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ ਇਨ੍ਹਾਂ ਨੇ ਕਿਹਾ ਕਿ ਮਾਰਕਫੈਡ ਕੇਨਰੀ ਵਿਚ ਆਲੂ ਸਟੋਰ ਕੀਤਾ । ਇਹ ਜਿਹੜੀ ਮਾਰਕਫੈਡ ਹੈ ਇਹ ਵ੍ਹਾਈਟ ਐਲੀਫੈਂਟ ਹੈ, ਇਸ ਵਿਚ ਮਨ-ਮਾਨੀਆਂ ਹੁੰਦੀਆਂ ਹਨ, ਪਤਾ ਨਹੀਂ ਲਗਦਾ ਕਿ ਕਿੰਨਾ ਨੁਕਸਾਨ ਹੋ ਗਿਆ। ਬਿਊਰੋਕਰੇਸੀ ਜਿਹੜੀ ਹੈ ਉਹ ਜਿਸ ਨੂੰ ਮਰਜ਼ੀ ਰਖ ਲਵੇ ਜਿਸ ਨੂੰ ਮਰਜ਼ੀ ਆਏ ਕੱਢ ਦੇਵੇ। ਕੇਨਰੀ ਵਿਚ ਕਿੰਨਾ ਘਾਟਾ ਪਿਆ ਇਹ ਦੱਸਣਗੇ ?

ਰਾਜ ਮੰਤਰੀ : ਆਨਰੇਬਲ ਮੈਂਬਰ ਸਾਹਿਬ ਜਲੰਧਰ ਦੇ ਹਨ ਅੱਤੇ ਇਹ ਕੇਨਰੀ ਜਲੰਧਰ ਲੈ ਗਏ ਹੋਣੇ ਹਨ। ਇਹ ਸੁਆਲ ਇਸ ਦੇ ਨਾਲ ਰੈਲੇਵੈਂਟ ਨਹੀਂ ਹੈ ਸੈਪਰੇਟ ਕੁਐਸਚਨ ਦੇ ਦੇਣ ਮੈਂ ਜਵਾਬ ਦੇ ਦਿਆਂਗਾ ।

Original with;
Punjab Vidhan Sabha
Digitized by;
Panjab Digital Library

Registration of a Criminal case against the Chairman, etc. of the Marketing Committee, Jalalabad

***1551. Seth Khushhal Chand :** Will the Chief Minister be pleased to state:—

(a) whether it is a fact that a criminal case levelling serious charges of corruption and embezzlement was registered against the Chairman and the Accountant of the Marketing Committee, Jalalabad, District Ferozepur in the year 1979-80;

(b) if the reply to part (a) above be in the affirmative, whether the challan has been put up in the court; if not, the reasons therefor ?

ਚੌਧਰੀ ਕਾਂਸ਼ੀ ਰਾਮ (ਖੇਤੀਬਾੜੀ ਮੰਤਰੀ) : (ੳ) ਹਾਂ ਜੀ ।

(ਅ) ਹਾਲੇ ਨਹੀਂ ਜੀ ਕਿਉਂਕਿ ਕੇਸ ਅਜੇ ਪੜਤਾਲ ਅਧੀਨ ਹੈ ।

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਹਾਲੇ ਇੰਨਵੈਸਟੀਗੇਸ਼ਨ ਹੋ ਰਹੀ ਹੈ। ਇਸ ਗੱਲ ਨੂੰ ਤਿੰਨ ਸਾਲ ਦਾ ਅਰਸਾ ਹੋ ਗਿਆ ਹੈ। ਇਹ ਸੀਰੀਅੱਸ ਨੇਚਰ ਦਾ ਕੇਸ ਹੈ। ਚੇਅਰਮੈਨ ਅਤੇ ਲੇਖਾਕਾਰ ਦੇ ਖਿਲਾਫ਼ 12 ਐਲੀਗੇਸ਼ਨਜ਼ ਲੱਗੇ ਹਨ, ਵਿਜੀਲੈਂਸ ਡਿਪਾਰਟਮੈਂਟ ਨੇ ਇਨਕੁਆਇਰੀ ਕਰਕੇ ਦਿੱਤਾ ਹੈ ਉਹ ਜਿਹੜਾ ਬੰਦਾ ਹੈ ਉਹ ਕਾਂਗਰਸੀ ਹੈ ਅਤੇ ਕਹਿੰਦਾ ਹੈ ਕਿ ਮੈ ਰੂਲਿੰਗ ਪਾਰਟੀ ਨਾਲ ਤੁਅੱਲਕ ਰੱਖਦਾ ਹਾਂ ਇਕ ਤਾਂ ਇਹ ਕਿ ਕੀ ਇਹ ਠੀਕ ਹੈ, ਦੂਜੇ, ਕਦੋਂ ਤਕ ਇੰਨਕੁਆਇਰੀ ਕੰਪਲੀਟ ਹੋ ਕੇ ਐਕਸ਼ਨ ਲਿਆ ਜਾਵੇਗਾ ?

ਮੰਤਰੀ : ਤਫਤੀਸ਼ੀ ਅਫਸਰ ਨੂੰ ਹਦਾਇਤ ਕਰ ਦਿੱਤੀ ਹੈ ਜਿਨ੍ਹਾਂ ਬੰਦਿਆਂ ਦੇ ਬਿਆਨ ਰਹਿੰਦੇ ਹਨ ਉਨ੍ਹਾਂ ਦੇ ਬਿਆਨ ਲੈਕੇ ਤੇ ਜਲਦੀ ਇਨਕੁਆਇਰੀ ਕੀਤੀ ਜਾਏ।

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਸਵਾ ਦੋ ਸਾਲ ਅਗੇ ਹੀ ਹੋ ਗਏ ਹਨ। ਇਹ ਕੋਈ ਟਾਈਮ ਦੱਸ ਦੇਣ ਕਿ ਕਦੋਂ ਤੱਕ ਇਹ ਇਨਕੁਆਇਰੀ ਹੋ ਜਾਏਗੀ ਜਾਂ ਕਹਿ ਦੇਣ ਕਿ ਜਦ ਤਕ ਕਾਂਗਰਸ ਰਾਜ ਚਲਣਾ ਹੈ ਇਹ ਮੁਕੰਮਲ ਨਹੀਂ ਹੋਣੀ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਕੁਝ ਗਵਾਹਾਂ ਦੇ ਬਿਆਨ ਲੈਣੇ ਰਹਿੰਦੇ ਹਨ ਅਤੇ ਅਸੀਂ ਤਫਤੀਸ਼ੀ ਅਫਸਰ ਨੂੰ ਹਦਾਇਤ ਕੀਤੀ ਹੈ ਕਿ ਜਿਹੜੇ 5, 7 ਬੰਦਿਆਂ ਦੇ ਬਿਆਨ ਰਹਿੰਦੇ ਹਨ ਉਹ ਲੈ ਕੇ ਜਲਦੀ ਤੋਂ ਜਲਦੀ ਇਨਕੁਆਇਰੀ ਪੂਰੀ ਕਰਨ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਚੇਅਰਮੈਨ ਸੀ ਅਤੇ ਲੇਖਾਕਾਰ ਸੀ ਉਨ੍ਹਾਂ ਦੇ ਨਾਂ ਕੀ ਹਨ ਅਤੇ ਆਇਆ ਨਾਮੀਨੇਟਿਡ ਹਨ ਜਾਂ ਇਲੈਕਟਿਡ ਹਨ ਜਾਂ ਗੌਰਮੈਂਟ ਦੇ ਨੁਮਾਇੰਦੇ ਹਨ ?

ਮੰਤਰੀ : ਸਪੀਕਰ ਸਾਹਿਬ ਜਦੋਂ ਮਾਰਕੀਟ ਕਮੇਟੀਆਂ ਨਾਮੀਨੇਟ ਹੋਈਆਂ ਇਹ ਚੇਅਰਮੈਨ ਨਾਮੀਨੇਟਿਡ ਹੈ। ਇਸ ਦਾ ਨਾਂ ਸ਼੍ਰੀ ਮਦਨ ਲਾਲ ਅਗਰਵਾਲ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਤਨੇ ਸਾਲ ਹੋ ਗਏ ਹਨ ਇਹ ਇਨਕੁਆਇਰੀ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਜਿਹੜੇ ਅਸਰ ਰਸੂਖ ਵਾਲੇ ਬੰਦੇ ਹੁੰਦੇ ਹਨ ਉਹ ਲੋਕ ਪਿਛੇ ਪਵਾਈ ਜਾਂਦੇ ਹੁੰਦੇ ਹਨ। ਕੀ ਕਾਨੂੰਨ ਵਿਚ ਕੋਈ ਸੋਧ ਕਰਨਗੇ ਕਿਉਂਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਪੁਲਿਸ ਅਫਸਰਾਂ ਨੇ ਰਿਕਵਰੀ ਤਾਂ ਨਹੀਂ ਕਰਨੀ ਚਲਾਨ ਪੇਸ਼ ਕਰਨਾ ਹੈ, ਉਹ ਚਲਾਨ ਕਦੋਂ ਤਕ ਪੇਸ਼ ਕਰ ਦੇਣਗੇ, ਇਹੀ ਕੇਸ ਨਹੀਂ ਇਸ ਤਰ੍ਹਾਂ ਦੇ ਹੋਰ ਵੀ ਬਹੁਤ ਕੇਸ ਹਨ। ਮੈਂ ਕਹਿੰਦਾ ਹਾਂ ਕਿ ਕਾਨੂੰਨ ਵਿਚ ਕੋਈ ਟਾਈਮ ਮੁੱਕਰਰ ਕਰ ਦੇਣ ਕਿ ਇਤਨੇ ਚਿਰ ਵਿਚ ਚਲਾਨ ਪੇਸ਼ ਹੋ ਜਾਣਾ ਚਾਹੀਦਾ ਹੈ।

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਹਰ ਗੱਲ ਤੇ ਇਸ ਤਰ੍ਹਾਂ ਦੀ ਆਦਤ ਨਹੀਂ ਬਣਾਉਣੀ ਚਾਹੀਦੀ ਹੈ। ਮੈਂਬਰ ਸਾਹਿਬ ਨੇ ਕਿਹਾ ਹੈ ਕਿ ਸਵਾ ਦੋ ਸਾਲ ਹੋ ਗਏ ਹਨ ਅੱਜ ਇਹ ਕਹਿੰਦੇ ਹਨ ਕਿ 5, 7 ਗਵਾਹੀਆਂ ਰਹਿੰਦੀਆਂ ਹਨ। ਕੀ ਇਸ ਦੇ ਲਈ ਇਹ ਟਾਈਮ 2, 4 ਮਹੀਨੇ ਮੁੱਕਰਰ ਨਹੀਂ ਕਰ ਸਕਦੇ ?

ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਕੁਝ ਬੰਦਿਆਂ ਦੀਆਂ ਗਵਾਹੀਆਂ ਰਹਿੰਦੀਆਂ ਹਨ ਅੱਜ ਮੈਂ ਹਦਾਇਤ ਕਰ ਦਿੱਤੀ ਹੈ ਕਿ ਜਲਦੀ ਤੋਂ ਜਲਦੀ ਕੰਮ ਕੀਤਾ ਜਾਏ।

ਮਾਨਯੋਗ ਮੈਂਬਰਾਂ ਦਾ ਮੈਂ ਇਹ ਖਦਸ਼ਾ ਦੂਰ ਕਰਨਾ ਚਾਹੁੰਦਾ ਹਾਂ ਕਿ ਅਸੀਂ ਕਿਸੇ ਨੂੰ ਸ਼ੀਲਡ ਨਹੀਂ ਕਰਾਂਗੇ। ਸਪੀਕਰ ਸਾਹਿਬ ਸੰਨ 1977 ਵਿੱਚ ਇਨਕੁਆਇਰੀ ਰਿਪੋਰਟ ਆਈ। ਤਿੰਨ ਸਾਲ ਇਹ ਬਿਰਾਜਮਾਨ ਰਹੇ ਹਨ। ਇਨ੍ਹਾਂ ਨੇ ਉਦੋਂ ਕੁਝ ਨਹੀਂ ਕੀਤਾ।

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਅਸੀਂ ਤਾਂ ਇਹ ਨਹੀਂ ਕਰ ਸਕੇ, ਪਰ ਇਨ੍ਹਾਂ ਨੇ ਦੋ ਸਾਲ ਕੀ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਤਸੱਲੀ ਰੱਖਣ ਤਿੰਨ ਸਾਲ ਇਸ ਨੂੰ ਨਹੀਂ ਲੱਗਣ ਦਿਆਂਗੇ।

Bangla Desh Nationals

*1553. 1. **Sardar Major Singh Ubboke**
2. **Jathedar Naranjan Singh Patti** } : Will the Chief Minister be pleased to state:—

(a) the total number of Bangla Desh Nationals who were arrested within the jurisdiction of Police Station Khem Karan, Tehsil Patti, District Amritsar,. while crossing the Indian Border during the period from November, 1981 to date ;

(b) the total number of Bangla Desh prisoners in the jails of the State who were arrested while trying to cross the Indian Border to go to Pakistan ?

ਚੌਧਰੀ ਕਾਸ਼ੀ ਰਾਮ (ਖੇਤੀਬਾੜੀ ਮੰਤਰੀ : (ੳ) 38 ਬੰਗਲਾ ਦੇਸ ਨਾਗਰਿਕ ਥਾਣਾ ਖੇਮਕਰਨ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਅਧਿਕਾਰ ਖੇਤਰ ਵਿਚ ਨਵੰਬਰ 1981 ਤੋਂ ਹੁਣ ਤਕ ਦੇ ਸਮੇਂ ਦੇ ਦੌਰਾਨ ਭਾਰਤੀ ਸੀਮਾਂ ਪਾਰ ਕਰਦੇ ਗ੍ਰਿਫਤਾਰ ਕੀਤੇ ਗਏ।

Original with;
Punjab Vidhan Sabha
Digitized by;
Panjab Digital Library

(ਅ) 142 ਬੰਗਲਾ ਦੇਸ਼ੀ ਕੈਦੀ ਜਿਹੜੇ ਕਿ ਪਾਕਿਸਤਾਨ ਨੂੰ ਜਾਣ ਲਈ ਭਾਰਤੀ ਸੀਮਾ ਪਾਰ ਕਰਨ ਦੀ ਕੋਸ਼ਿਸ਼ ਕਰਦਿਆਂ ਗ੍ਰਿਫਤਾਰ ਕੀਤੇ ਗਏ ਸਨ, ਰਾਜ ਦੀਆਂ ਜੇਲ੍ਹਾਂ ਵਿਚ ਹਨ ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ ਸਾਡੇ ਦੇਸ਼ ਵਿੱਚ ਆਸਾਮ ਵਿੱਚ ਫਾਰਨ ਨੈਸ਼ਨਲਜ਼ ਦਾ ਅਗੇ ਮਸਲਾ ਚਲਦਾ ਪਿਆ ਹੈ। ਉਥੇ ਅੰਜੀਟੇਸ਼ਨਾਂ ਚੱਲ ਰਹੀਆਂ ਹਨ। ਵੈਸਟ ਬੰਗਾਲ ਵਿੱਚ ਵੀ ਇਸ ਤਰ੍ਹਾਂ ਦਾ ਮਸਲਾ ਚਲਦਾ ਪਿਆ ਹੈ। ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਲਿਖਤੀ ਜਵਾਬ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਉਹ ਜਿਹੜੇ ਲੋਕ ਬੰਗਲਾ ਦੇਸ਼ ਵਿਚੋਂ ਆ ਕੇ ਇਥੇ ਰਹਿ ਰਹੇ ਹਨ ਉਹ ਬਾਰਡਰ ਕਰਾਸ ਕਰਕੇ ਪਾਕਿਸਤਾਨ ਜਾਣਾ ਚਾਹੁੰਦੇ ਹਨ ਪਰ ਸਾਡੀ ਸਰਕਾਰ ਜਾਣ ਨਹੀਂ ਦਿੰਦੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ ਤੇ ਬੋਝ ਕਿਉਂ ਪਾਉਣਾ ਚਾਹੁੰਦੀ ਹੈ। ਅਗਰ ਉਹ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਜਾਣ ਦੇਣ। ਖੇਮਕਰਨ ਵਿੱਚ ਕੈਂਪਾਂ ਦੇ ਕੈਂਪ ਲੱਗੇ ਹਨ। ਉਹ ਕਹਿੰਦੇ ਹਨ ਕਿ ਸਾਨੂੰ ਰੱਬ ਦੇ ਵਾਸਤੇ ਜਾਣ ਦਿਓ। ਸਾਡੀ ਪੁਲਿਸ ਜ਼ਬਰਦਸਤੀ ਉਨ੍ਹਾਂ ਨੂੰ ਰੱਖ ਰਹੀ ਹੈ। ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਸਬੰਧੀ ਬਿਆਨ ਦੇਣਗੇ ਕਿ ਉਨ੍ਹਾਂ ਨੂੰ ਜਾਣ ਦਿੱਤਾ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਉਨ੍ਹਾਂ ਲੋਕਾਂ ਦਾ ਹੈ ਜਿਹੜੇ ਕਿ ਸਾਡੇ ਕੰਟਰੀ ਵਿੱਚ ਬਾਰਡਰ ਕਰਾਸ ਕਰਕੇ ਆਏ ਹਨ। ਇਹ ਜ਼ਿੰਮੇਵਾਰੀ ਸਾਡੇ ਦੇਸ਼ ਦੀ ਗੌਰਮਿੰਟ ਦੀ ਹੈ ਕਿ ਉਹ ਇਸ ਚੀਜ਼ ਦੀ ਦੇਖ ਭਾਲ ਕਰੇ, ਉਨ੍ਹਾਂ ਨੂੰ ਆਪਣੇ ਦੇਸ਼ ਅੰਦਰ ਨਾ ਆਉਣ ਦੇਵੇ। ਅਗਰ ਖੁੱਲ੍ਹ ਹੋ ਜਾਵੇ ਤਾਂ ਫਿਰ ਇਨਫਿਲਟਰੇਟਰਜ਼ ਕਿਥੇ ਵੀ ਚਲੇ ਜਾਣਗੇ। ਜੇ ਉਹ ਹਿੰਦੁਸਤਾਨ ਵਿੱਚ ਆ ਜਾਣ ਤਾਂ ਉਹ ਫਿਰ ਇਥੇ ਵੀ ਟਿਕਾਣਾ ਕਰ ਸਕਦੇ ਹਨ। ਇਸ ਲਈ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਿਆ ਜਾਵੇ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਉਹ ਵਾਪਸ ਨਹੀਂ ਘੱਲੇ ਜਾਂਦੇ। ਉਹ ਇਥੇ ਹੀ ਰਹਿੰਦੇ ਹਨ। ਕਦੇ ਮਜ਼ਦੂਰੀ ਕਰਦੇ ਹਨ ਅਤੇ ਕਦੇ ਕੋਈ ਹੋਰ ਕੰਮ ਕਰਦੇ ਹਨ। ਅਜਿਹੇ ਬੰਗਲਾ ਦੇਸ਼ ਦੇ ਲੋਕ ਜੋ ਸਾਡੇ ਦੇਸ਼ ਵਿਚ ਰਹਿ ਰਹੇ ਹਨ ਉਹ ਸਾਡੇ ਤੇ ਬੋਝ ਹਨ। ਜਾਂ ਉਨ੍ਹਾਂ ਨੂੰ ਬੰਗਲਾ ਦੇਸ਼ ਭੇਜਿਆ ਜਾਵੇ ਜਾਂ ਫਿਰ ਪਾਕਿਸਤਾਨ ਉਨ੍ਹਾਂ ਨੂੰ ਜਾਣ ਦਿੱਤਾ ਜਾਵੇ। ਸਾਡੇ ਦੇਸ਼ ਵਿੱਚ ਨਵੀਆਂ ਪ੍ਰਾਬਲਮਜ਼ ਕਰੀਏਟ ਕਰਨ ਦੀ ਕੀ ਲੋੜ ਹੈ ? ਚੀਫ ਮਨਿਸਟਰ ਸਾਹਿਬ ਇਸ ਬਾਰੇ ਦੱਸਣ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਵੀ ਸਪਲੀਮੈਂਟਰੀ ਪੁੱਛ ਲੈਂਦਾ ਹਾਂ। ਚੀਫ ਮਨਿਸਟਰ ਸਾਹਿਬ ਇਕੱਠਾ ਜਵਾਬ ਦੇ ਦੇਣਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਚੀਫ ਮਨਿਸਟਰ ਸਾਹਿਬ ਭਾਰਤ ਸਰਕਾਰ ਨਾਲ ਗੱਲ ਬਾਤ ਕਰਕੇ ਜਿਹੜੇ ਪਾਕਿਸਤਾਨ ਦੇ ਕੈਦੀ ਹਨ ਉਨ੍ਹਾਂ ਨੂੰ ਪਾਕਿਸਤਾਨ ਅਤੇ ਜਿਹੜੇ ਬੰਗਲਾ ਦੇਸ਼ ਦੇ ਹਨ ਉਨ੍ਹਾਂ ਨੂੰ ਬੰਗਲਾ ਦੇਸ਼ ਭਿਜਵਾਉਣ ਦੇ ਲਈ ਕਾਰਵਾਈ ਕਰਨਗੇ ਤਾਂ ਕਿ ਇਨ੍ਹਾਂ ਨੂੰ ਇਥੇ ਰੱਖ ਕੇ ਜੋ ਸਾਡੇ ਤੇ ਬੋਝ ਪੈ ਰਿਹਾ ਹੈ, ਉਹ ਨਾ ਪਏ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਸਾਰੇ ਬੰਗਲਾ ਦੇਸ਼ ਤੋਂ ਆਏ ਹਨ, ਉਨ੍ਹਾਂ ਦੀ ਬਾਬਤ ਇਥੇ ਜ਼ਿਕਰ ਆਇਆ ਹੈ। ਪਾਕਿਸਤਾਨ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ। ਜਿਸ ਕੰਟਰੀ ਵਿੱਚੋਂ ਸਾਡੇ ਕੰਟਰੀ ਵਿੱਚ ਲੋਕ ਆਏ ਹਨ, ਉਸੇ ਕੰਟਰੀ ਵਿੱਚ ਹੀ ਉਹ ਭੇਜੇ ਜਾ ਸਕਦੇ ਹਨ, ਕਿਸੇ ਦੂਜੇ ਕੰਟਰੀ ਵਿੱਚ ਭੇਜਣ ਦਾ ਕੋਈ ਸਵਾਲ ਨਹੀਂ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੰਗਲਾ ਦੇਸ਼ ਵੱਲੋਂ ਆਏ ਆਦਮੀ ਫੜੇ ਹਨ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ, ਕਿਸ ਧਾਰਾ ਅਧੀਨ ਉਨ੍ਹਾਂ ਤੇ ਮੁਕੱਦਮੇ ਚਲਾਏ ਜਾ ਰਹੇ ਹਨ ?

ਮੁੱਖ ਮੰਤਰੀ : ਜਿਹੜੇ ਬੰਦੇ ਦੂਸਰੇ ਮੁਲਕ ਵਿੱਚ ਆ ਵੜਨ ਉਨ੍ਹਾਂ ਉਤੇ ਕਿਹੜੀ ਧਾਰਾ ਲਗਣੀ ਹੈ, ਸਪੀਕਰ ਸਾਹਿਬ, ਇਸ ਦਾ ਇਨ੍ਹਾਂ ਨੂੰ ਪਤਾ ਹੈ।

Construction of Grain Market of Mallanwala in Tehsil Zira

***1263. Sardar Harcharan Singh Hero** : Will the Minister for Agriculture and Irrigation be pleased to state whether there is any proposal under the consideration of the Government for the construction of a Grain Market at Mallanwala, Tehsil Zira, District Ferozepur; if so, the details thereof ?

ਚੌਧਰੀ ਕਾਸ਼ੀ ਰਾਮ : ਜੀ ਹਾਂ । ਸਰਕਾਰ ਨੇ ਮੱਲਾਂਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਨਵੀਂ ਅਨਾਜ ਮੰਡੀ ਸਥਾਪਤ ਕਰਨੀ ਮਨਜ਼ੂਰ ਕੀਤੀ ਹੋਈ ਹੈ।

ਲਗਭਗ 40 ਏਕੜ ਰਕਬਾ ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ ਨੇ ਮਿਤੀ 23-2-82 ਨੂੰ ਇਸ ਮੰਡੀ ਦੀ ਸਥਾਪਨਾ ਸਬੰਧੀ ਪਰਵਾਨ ਕਰ ਦਿੱਤਾ ਹੈ । ਸਾਈਟ ਸਿਲੈਕਸ਼ਨ ਬੋਰਡ ਨੇ ਇਸ ਮੰਡੀ ਦੀ ਸਥਾਪਨਾ ਸਬੰਧੀ ਸਾਈਟ ਦੀ ਚੋਣ ਹਾਲੇ ਕਰਨੀ ਹੈ ਅਤੇ ਇਸ ਤੋਂ ਬਾਅਦ ਨਿਊ ਮੰਡੀ ਟਾਊਨਸ਼ਿਪ ਕੰਟਰੋਲ ਬੋਰਡ ਇਸ ਮੰਡੀ ਦੀ ਸਾਈਟ ਸਬੰਧੀ ਪ੍ਰਵਾਨਗੀ ਦੇਵੇਗਾ ਅਤੇ ਫਿਰ ਤਜ਼ਵੀਜ ਕੀਤੀ ਹੋਈ ਸਾਈਟ ਨੂੰ ਐਕਵਾਇਰ ਕਰਨ ਬਾਰੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 23 ਫਰਵਰੀ, 1981 ਨੂੰ ਖੇਤੀਬਾੜੀ ਮੰਡੀਕਰਣ ਬੋਰਡ ਨੇ ਇਹ ਅਪਰੂਵ ਕੀਤਾ ਹੈ। ਅਜੇ ਸਾਈਟ ਸਿਲੈਕਸ਼ਨ ਬੋਰਡ ਨੇ ਇਸ ਦੀ ਸਥਾਪਨਾ ਸਬੰਧੀ ਸਾਈਟ ਦੀ ਚੋਣ ਹਾਲੇ ਕਰਨੀ ਹੈ ਅਤੇ ਇਸ ਤੋਂ ਬਾਅਦ ਨਿਊ ਮੰਡੀ ਟਾਊਨਸ਼ਿੱਪ ਕੰਟਰੋਲ ਬੋਰਡ ਇਸ ਮੰਡੀ ਦੀ ਸਾਈਟ ਸਬੰਧੀ ਪ੍ਰਵਾਨਗੀ ਦੇਵੇਗਾ। ਡੇਢ ਸਾਲ ਇਸ ਗਲ ਨੂੰ ਹੋ ਗਿਆ ਹੈ। 23 ਫਰਵਰੀ, 1982 ਨੂੰ ਇਹ ਉਥੇ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੋ ਸਾਲ ਕੀ ਕਰਦੇ ਰਹੇ ਹਨ? ਕਿਸੇ ਨੇ ਇਸ ਦੀ ਸਿਲੈਕਸ਼ਨ ਨਹੀਂ ਕੀਤੀ। ਕਦੋਂ ਤਕ ਜ਼ਮੀਨ ਐਕਵਾਇਰ ਕਰਕੇ ਇਸ ਦਾ ਕੰਮ ਸ਼ੁਰੂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਵਿਸਥਾਰਪੂਰਵਕ ਇਸ ਦਾ ਜਵਾਬ ਦੇ ਦਿੱਤਾ ਸੀ। ਜਦੋਂ ਕਾਲੋਨਾਈਜ਼ੇਸ਼ਨ ਡਿਪਾਰਟਮੈਂਟ ਉਸ ਸਾਈਟ ਨੂੰ ਅਪਰੂਵ ਕਰ ਦੇਵੇਗਾ, ਉਸ ਤੋਂ ਬਾਅਦ ਸੈਕਸ਼ਨ ਚਾਰ ਅਤੇ ਛੇ ਦੇ ਅਧੀਨ ਕਾਰਵਾਈ ਹੋਵੇਗੀ । ਇਸ ਪ੍ਰੋਸੀਜਰ ਲਈ ਜਿਤਨਾ ਟਾਈਮ ਲੱਗਣਾ ਹੈ ਉਹ ਤਾਂ ਲੱਗੇਗਾ ਹੀ। ਵਾਧੂ ਟਾਈਮ ਨਹੀ ਲੱਗਣ ਦਿਆਂਗੇ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਕੋਈ ਡੇਟ ਦੱਸਣਗੇ ਕਿ ਕਦੋਂ ਤਕ ਇਹ ਕਾਰਵਾਈ ਹੋ ਜਾਵੇਗੀ ?

ਮੰਤਰੀ : ਡਾਇਰੈਕਟਰ ਆਫ਼ ਲੈਂਡ ਐਕਵੀਜ਼ੀਸ਼ਨ ਦੀਆਂ ਸਟੈਂਡਿੰਗ ਹਦਾਇਤਾਂ ਹਨ। ਅਗਰ ਉਨ੍ਹਾਂ ਨੂੰ ਫੁਲਫਿਲ ਕਰੀਏ ਤਾਂ ਤਕਰੀਬਨ ਲੈਂਡ ਐਕਵੀਜ਼ੀਸ਼ਨ ਦੀਆਂ ਪ੍ਰੋਸੀਡਿੰਗਜ਼ ਵਿੱਚ ਇਕ ਸਾਲ ਦਾ ਵਕਫਾ ਹੋ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਜੋ ਸਪਲੀਮੈਂਟਰੀ ਕਰਨਾ ਹੈ ਉਸ ਦਾ ਡਾਇਰੈਕਟਲੀ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਲੇਕਿਨ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿੱਚ ਜੋ ਮੰਡੀਆਂ ਸਿਲੈਕਟ ਹੋਈਆਂ ਹਨ ਉਹ ਇਨਕੰਪਲੀਟ ਪਈਆਂ ਹਨ ਅਤੇ ਉਥੇ ਕੋਈ ਕੰਮ ਨਹੀਂ ਹੋ ਰਿਹਾ ਕਿਉਂਕਿ ਮਾਰਕਿਟ ਕਮੇਟੀਆਂ ਅਤੇ ਮਾਰਕੀਟਿੰਗ ਬੋਰਡ ਇਹ ਕਹਿ ਰਿਹਾ ਹੈ ਕਿ ਸੁਪਰੀਮ ਕੋਰਟ ਵੱਲੋਂ ਸਟੇਅ ਆਉਣ ਕਰਕੇ ਸੜਕਾਂ ਅਤੇ ਪੁੱਲਾਂ ਤੇ ਕੋਈ ਪੈਸਾ ਨਹੀਂ ਲੱਗ ਸਕਦਾ। ਜੇ ਉਨ੍ਹਾਂ ਨੇ ਪੈਸੇ ਨਹੀਂ ਦੇਣੇ ਤਾਂ ਘੱਟੋ ਘੱਟ ਜਿਹੜੀਆਂ ਇਨਕੰਪਲੀਟ ਪਈਆਂ ਹਨ, ਕੀ ਉਨ੍ਹਾਂ ਮੰਡੀਆਂ ਨੂੰ ਕੰਪਲੀਟ ਕਰਨ ਦਾ ਉਪਰਾਲਾ ਕਰਨਗੇ ?

ਮੰਤਰੀ : ਪਲਾਨ ਡਰਾਫਟ ਕਰ ਲਈ ਹੈ। ਮਾਰਕੀਟਿੰਗ ਬੋਰਡ ਵਿੱਚ ਅਸੀਂ ਇੰਜੀਨੀਅਰਿੰਗ ਵਿੰਗ ਵੀ ਐਸਟੈਬਲਿਸ਼ ਕਰ ਦਿੱਤਾ ਹੈ ਇਨ੍ਹਾਂ ਮੰਡੀਆਂ ਨੂੰ ਜਲਦੀ ਤੋਂ ਜਲਦੀ ਐਸਟੈਬਲਿਸ਼ ਅਤੇ ਪੱਕਿਆਂ ਕਰਨ ਦੀ ਖਾਤਰ। ਫੰਡਜ਼ ਦੀ ਕੋਈ ਪ੍ਰਾਬਲਮ ਨਹੀਂ ਹੈ। ਪਰ ਫੰਡਜ਼ ਤੋਂ ਇਲਾਵਾ ਕੁਝ ਅਸੈਂਸ਼ੀਅਲ ਮੈਟੀਰੀਅਲਜ਼ ਹੁੰਦੇ ਹਨ ਜਿਨ੍ਹਾਂ ਦੀ ਘਾਟ ਹਰ ਵਕਤ ਲੱਗੀ ਰਹਿਦੀ ਹੈ। ਉਸ ਵਜ੍ਹਾ ਕਾਰਨ ਕੰਮ ਪਿੱਛੇ ਹੋ ਜਾਂਦਾ ਹੈ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿੰਡਾਂ ਵਿੱਚ ਪਰਚੇਜ਼ ਸੈਂਟਰ ਖੋਲ੍ਹੇ ਹਨ, ਚੰਗੀ ਗੱਲ ਹੈ, ਕਿਸਾਨ ਦਾ ਫਾਇਦਾ ਹੈ। ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਤਿੰਨ ਕੈਟੇਗਰੀਜ਼ ਰੱਖੀਆਂ ਹਨ, ਪਰਚੇਜ਼ ਸੈਂਟਰ, ਸਬਯਾਰਡ ਅੰਰ ਮਾਰਕਿਟ ਯਾਰਡ। ਜੇਕਰ ਲੋਕ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ, ਮੰਡੀ ਦੇ ਨਾਂ ਜ਼ਮੀਨ ਦੀ ਰਜਿਸਟਰੀ ਵੀ ਕਰਵਾ ਦਿੱਤੀ ਹੋਵੇ, ਫਿਰ ਉਥੇ ਸਬਯਾਰਡ ਕਿਤਨੇ ਕੁ ਚਿਰ ਵਿਚ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕੈਟੇਗਰੀਆਂ ਬਾਰੇ ਤਾਂ ਆਪ ਹੀ ਡਿਸਟਿੰਕਸ਼ਨ ਕਰ ਦਿੱਤੀ ਹੈ। ਪਰਚੇਜ਼ ਸੈਂਟਰ, ਸਬਯਾਰਡ ਐਂਡ ਮਾਰਕਿਟ ਯਾਰਡ ਬਾਰੇ ਦੱਸ ਹੀ ਦਿੱਤਾ ਹੈ। ਇਸ ਵਿਚ ਮੇਰੇ ਜਵਾਬ ਦੇਣ ਵਾਲੀ ਕੋਈ ਗੱਲ ਬਾਕੀ ਨਹੀਂ ਰਹਿ ਜਾਂਦੀ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਨਾ ਇੰਪਰੂਵਮੈਂਟ ਟਰੱਸਟ ਜ਼ਮੀਨ ਦੇਣ ਨੂੰ ਤਿਆਰ ਹੈ ਅੰਰ ਨਾ ਹੀ ਇਹ ਜ਼ਮੀਨ ਲੈਣ ਨੂੰ ਤਿਆਰ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਗੱਲਾ ਮੰਡੀ ਇਹ ਕਦੋਂ ਕੁ ਤੱਕ ਬਣਾ ਦੇਣਗੇ ?

ਮੰਤਰੀ : ਉਥੇ ਇਹ ਮੰਡੀ ਜਲਦੀ ਤੋਂ ਜਲਦੀ ਚਾਲੂ ਕਰਵਾ ਦੇਵਾਂਗੇ। ਅਸੀਂ ਐਫਰਟਸ ਕਰਾਂਗੇ ਕਿ ਏਸ ਸੀਜ਼ਨ ਵਿਚ ਹੀ ਉਹ ਚਾਲੂ ਹੋ ਜਾਵੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਜੋ ਪੰਜਾਬ ਵਿਚ ਅਨਾਜ ਮੰਡੀਆਂ ਬਣੀਆਂ ਹੋਈਆਂ ਹਨ ਬਾਰਸ਼ਾਂ ਪੈਣ ਨਾਲ ਉਨ੍ਹਾਂ ਦੇ ਥੋੜ੍ਹੇ ਖਰਾਬ ਹੋ ਗਏ ਹਨ। ਕੀ ਵਜ਼ੀਰ ਸਾਹਿਬ ਉਨ੍ਹਾਂ ਦੀ ਮੁਰੰਮਤ ਕਰਵਾ ਦੇਣਗੇ ਤਾਕਿ ਜ਼ਿਮੀਦਾਰਾਂ ਦਾ ਅਨਾਜ ਮੰਡੀ ਵਿਚ ਖਰਾਬ ਨਾ ਹੋਵੇ ? ਕੀ ਇਹ ਅਨਾਜ ਆਉਣ ਤੋਂ ਪਹਿਲਾਂ ਪਹਿਲਾਂ ਇਹ ਕੰਮ ਕਰਵਾ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਖਿਆਲਾ ਸਾਹਿਬ ਦਾ ਸਵਾਲ ਰੈਲੇਵੈਂਟ ਹੈ। ਮੈਂ ਤੁਹਾਡੀ ਮਾਰਫਤ ਹਾਊਸ ਨੂੰ ਤਸੱਲੀ ਦਿਵਾਉਣੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਅਣਗਹਿਲੀ ਨਹੀਂ ਕਰਾਂਗੇ ਜਿਸ ਨਾਲ ਕਿ ਜ਼ਿਮੀਦਾਰ ਦੇ ਦਾਣੇ ਖਰਾਬ ਹੋ ਜਾਣ।

Digging out a Drain

***1559. Sardar Lakha Singh**: Will the Minister for Agriculture and Irrigation be pleased to state whether there is any proposal under the consideration of the Government for digging out a drain from Jalalabad to Verowal in district Amritsar; if so, the time by which the same is likely to be approved ?

ਚੌਧਰੀ ਕਾਂਸ਼ੀ ਰਾਮ : ਹਾਂ ਜੀ। ਡਰੇਨ ਛੇਵੀਂ ਪੰਜ ਸਾਲਾ ਯੋਜਨਾ ਵਿਚ ਪੁੱਟੀ ਜਾਵੇਗੀ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਉਥੇ ਪੰਜ ਛੇ ਪਿੰਡਾਂ ਵਿਚ ਹੜ੍ਹ ਆ ਜਾਂਦਾ ਹੈ ਅੌਰ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਪੰਜਾਂ ਸਾਲਾਂ ਵਿਚ ਇਸ ਡਰੇਨ ਨੂੰ ਪੁੱਟਣਗੇ। ਸਪੀਕਰ ਸਾਹਿਬ, ਤੁਸੀਂ ਉਥੇ ਜਾ ਕੇ ਵੇਖ ਲਵੋ ਉਥੇ ਅਜੇ ਤਕ ਵੀ ਪਾਣੀ ਖੜ੍ਹਾ ਹੈ ਅੌਰ ਇਹ ਕਹਿੰਦੇ ਹਨ ਕਿ ਪੰਜ ਸਾਲ ਲਗ ਜਾਣਗੇ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੋਈ ਤਰੀਕ ਦੱਸ ਦੇਣ ਕਿ ਕਦੋਂ ਤਕ ਇਹ ਡਰੇਨ ਬਣਵਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਬੜਾ ਅਫਰਮੇਟਿਵ ਜਵਾਬ ਦਿੱਤਾ ਹੈ ਅੌਰ ਮੈਂ ਕਿਹਾ ਹੈ ਕਿ ਛੇਵੀਂ ਪੰਜ-ਸਾਲਾ ਪਲਾਨ ਵਿਚ ਇਹ ਡਰੇਨ ਪੁੱਟ ਦਿਆਂਗੇ। ਇਨ੍ਹਾਂ ਦੀ ਗੱਲ ਵੀ ਦਰੁੱਸਤ ਹੈ, ਉਥੇ ਲੋਕਾਂ ਨੂੰ ਏਚਿੰਗ ਹੁੰਦੀ ਹੈ, ਤਕਲੀਫ ਹੁੰਦੀ ਹੈ। ਅਸੀਂ ਜਲਦੀ ਤੋਂ ਜਲਦੀ ਇਹ ਕੰਮ ਕਰਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ ਤਾਕਿ ਇਹ ਕੰਮ ਸੰਨ 1982-83 ਵਿਚ ਪੂਰਾ ਹੋ ਜਾਵੇ।

ਸਰਦਾਰ ਪਰਸ਼ੋਤਮ ਸਿੰਘ : ਸਪੀਕਰ ਸਾਹਿਬ, ਇਕ ਬੁਢਲਾਡਾ ਹਲਕੇ ਵਿਚ Todurpur Link Drain ਦਾ ਕੇਸ ਪੰਜ ਸੱਤ ਸਾਲਾਂ ਤੋਂ ਪੈਂਡਿੰਗ ਪਿਆ ਹੈ। 30/40 ਪਿੰਡਾਂ ਦਾ ਨੁਕਸਾਨ ਹੁੰਦਾ ਹੈ। ਪਾਣੀ ਦਾ ਫਾਲ ਹਰਿਆਣੇ ਵਿਚ ਪੈਂਦਾ ਹੈ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਸ਼ਿਸ਼ ਕਰਕੇ, ਹਰਿਆਣੇ ਨਾਲ ਗੱਲਬਾਤ ਤਹਿ ਕਰਕੇ, ਉਸ ਡਰੇਨ ਨੂੰ ਛੇਤੀ ਬਣਵਾਉਣਗੇ ਤਾਕਿ ਲੋਕਾਂ ਦਾ ਨੁਕਸਾਨ ਨਾ ਹੋਵੇ ?

ਮੁੱਖ ਮੰਤਰੀ : ਅਰਜ਼ ਹੈ ਕਿ ਅਸੀਂ ਅੱਗੇ ਵੀ ਕੇਸ ਹਰਿਆਣੇ ਨਾਲ ਟੇਕ ਅੱਪ ਕੀਤਾ ਸੀ ਕਿ ਸਾਡਾ ਫਾਲ ਜਿਹੜਾ ਹੈ ਉਹ ਉਧਰ ਪੈਂਦਾ ਹੈ। ਉਹ ਪਾਣੀ ਹੋਰ ਜਗ੍ਹਾ ਨਹੀਂ ਪੈਂਦਾ ਬਲਕਿ ਵਾਪਿਸ ਆਉਂਦਾ ਹੈ। ਮੈਂ ਸਮਝਦਾ ਹਾਂ ਕਿ ਲੋਕਾਂ ਦੀ ਤਕਲੀਫ ਬੜੀ ਜੈਨੂਅਨ ਹੈ, ਵਾਜਿਬ ਹੈ। ਅਸੀਂ ਇਸ ਬਾਰੇ ਹਰਿਆਣੇ ਨਾਲ ਫਿਰ ਕੇਸ ਟੇਕ ਅੱਪ ਕੀਤਾ ਹੈ ਅੌਰ ਮੈਨੂੰ ਉਮੀਦ ਹੈ ਕਿ ਉਹ ਇਸ ਗੱਲ ਲਈ ਮੰਨ ਜਾਣਗੇ ਕਿ ਪਾਣੀ ਦਾ ਨਿਕਾਸ ਜੋ ਹੈ ਉਹ ਅੱਗੇ ਤੋਰ ਲੈਣ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਮੈਂ ਚੌਧਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਡਾ ਇਹ ਕੰਮ ਕਰਵਾ ਦੇਣ, ਲੋਕ ਬਹੁਤ ਦੁਖੀ ਹਨ। ਜਿਹੜੇ ਸਾਹਮਣੇ ਸਿੰਘ ਸਾਹਿਬ ਬੈਠੇ ਹਨ ਉਨ੍ਹਾਂ ਵਿਚੋਂ ਵਜ਼ੀਰ ਵੀ ਰਹੇ ਹਨ, ਉਹ ਲਾਰੇ ਹੀ ਲਗਾਉਂਦੇ ਰਹੇ ਹਨ ਪਰ ਇਹ ਡਰੇਨ

Original with;
Punjab Vidhan Sabha
Digitized by;
Panjab Digital Library

ਬਣਾਈ ਨਹੀਂ ਹੈ। (ਹਾਸਾ) ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਰਪਾ ਕਰਕੇ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਇਸ ਡਰੇਨ ਨੂੰ ਕਦੋਂ ਤੱਕ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਸੰਨ 1982-83 ਵਿਚ ਅਸੀਂ ਇਸ ਡਰੇਨ ਨੂੰ ਪੁੱਟਣ ਦਾ ਪੂਰਾ ਯਤਨ ਕਰਾਂਗੇ ਅੌਰ ਪੁੱਟ ਲਵਾਂਗੇ।

ਸਰਦਾਰ ਜਗਰੂਪ ਸਿੰਘ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਦੋ ਲਿੰਕ ਡਰੇਨਾਂ ਬਣਲੀਆਂ ਹਨ। ਉਨ੍ਹਾਂ ਦੇ ਨਾ ਬਣਨ ਨਾਲ ਚਾਰ ਪੰਜ ਹਜ਼ਾਰ ਏਕੜ ਰਕਬਾ ਪਾਣੀ ਨਾਲ ਖਰਾਬ ਹੋ ਜਾਂਦਾ ਹੈ। ਮੈਂ ਇਸ ਬਾਰੇ ਅਜਨਾਲਾ ਸਾਹਿਬ ਨੂੰ ਵੀ ਲਿਖਿਆ ਹੈ, ਚੀਫ ਮਨਿਸਟਰ ਸਾਹਿਬ ਨੂੰ ਵੀ ਲਿਖਿਆ ਹੈ, ਸੈਕਟਰੀ ਸਾਹਿਬ ਨੂੰ ਵੀ ਲਿਖਿਆ ਹੈ। ਪਰ ਉਹ ਨਹੀਂ ਬਣੀਆਂ। ਮੈਂ ਚੌਧਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮਸ਼ੀਨਾਂ ਵਿਹਲੀਆਂ ਖੜ੍ਹੀਆਂ ਹਨ ਅੌਰ ਥੋੜ੍ਹੇ ਹੀ ਪੈਸਿਆਂ ਦਾ ਕੰਮ ਹੈ। ਜਦੋਂ ਥੱਲਿਓਂ ਪ੍ਰੈਸ਼ਰ ਬਣ ਕੇ ਆਈ ਹੋਈ ਹੈ ਤਾਂ ਪਤਾ ਨਹੀਂ ਹੈ ਕਿ ਸਾਲ ਦੋ ਸਾਲਾਂ ਤੋਂ ਕਿਉਂ ਕੰਮ ਨਹੀਂ ਹੋ ਰਿਹਾ। ਪਾਣੀ ਨਾਲ ਚਾਰ ਹਜ਼ਾਰ, ਪੰਜ ਹਜ਼ਾਰ ਏਕੜ ਰਕਬੇ ਵਿਚ ਫਸਲਾਂ ਹਰ ਸਾਲ ਮਰਦੀਆਂ ਹਨ। ਇਸ ਲਈ ਮੈਂ ਪੁੱਛਦਾ ਹਾਂ ਕਿ ਇਹ ਕਦੋਂ ਤੱਕ ਬਣਵਾ ਦੇਣਗੇ ? ਇਕ ਮੇਰਾ ਹੋਰ ਸਵਾਲ ਹੈ ਕਿ ਜੱਸੋਵਾਲ ਡਰੇਨ ਤੇ ਪੁਲ ਸੈਂਕਸ਼ਨ ਹੋਇਆ ਹੋਇਆ ਹੈ, ਉਹ ਕਦੋਂ ਤੱਕ ਸ਼ੁਰੂ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮਾਮਲਾ ਛੋਟੀ ਜਿਹੀ ਡਰੇਨ ਦਾ ਸੀ। ਬਾਕੀ ਜੋ ਜਗਰੂਪ ਸਿੰਘ ਜੀ ਨੇ ਕਿਹਾ ਹੈ ਅਸੀਂ ਉਸ ਨੂੰ ਵੀ ਘੋਖ ਲਵਾਂਗੇ। ਜੇਕਰ ਥੋੜ੍ਹਿਆਂ ਪੈਸਿਆਂ ਦਾ ਕੰਮ ਹੋਇਆ ਤਾਂ ਜ਼ਰੂਰ ਹੱਥ ਵਿਚ ਲੈ ਲਵਾਂਗੇ। ਮੈਂ ਕੋਸ਼ਿਸ਼ ਕਰਾਂਗਾ ਕਿ ਵਿਦਿਨ ਦੀ ਬਜਟ ਪ੍ਰੋਵੀਜਨ ਅਸੀਂ ਕੁਝ ਕਰ ਲਈਏ ਪਰ ਜੇਕਰ ਕੰਮ ਜ਼ਿਆਦਾ ਪੈਸਿਆਂ ਦਾ ਹੋਇਆ ਤਾਂ ਸਪਲੀਮੈਂਟਰੀ ਡਿਮਾਂਡਜ਼ ਵਿਚ ਪੈਸੇ ਦੀ ਮੰਗ ਕਰਾਂਗੇ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਬਾਸੂਰਡ੍ਹ ਦਾ ਸਾਰਾ ਪਾਣੀ ਗੜ੍ਹਸ਼ੰਕਰ ਸ਼ਹਿਰ ਵਿਚ ਆ ਪੈਂਦਾ ਹੈ। ਉਥੇ ਇਕ ਜਾਂ ਅੱਧਾ ਕਿਲੋਮੀਟਰ ਦੀ ਡਰੇਨ ਬਣਨ ਵਾਲੀ ਹੈ। ਉਥੇ ਉਹ ਡਰੇਨ ਨਾ ਹੋਣ ਕਰਕੇ ਪਾਣੀ ਸ਼ਹਿਰ ਵਿਚ ਖੜ੍ਹਾ ਰਹਿੰਦਾ ਹੈ ਅੌਰ ਲੋਕਾਂ ਨੂੰ ਮੱਛਰ ਖਾਂਦਾ ਰਹਿੰਦਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਥੇ ਇਕ ਕਿਲੋਮੀਟਰ ਜਾਂ ਅੱਧਾ ਕਿਲੋਮੀਟਰ ਦੀ ਡਰੇਨ ਬਣਵਾ ਦੇਣਗੇ ਤਾਕਿ ਲੋਕਾਂ ਦੀ ਇਹ ਤਕਲੀਫ ਦੂਰ ਹੋ ਜਾਵੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇਕਰ ਇਕ ਜਾਂ ਅੱਧਾ ਕਿਲੋਮੀਟਰ ਹੀ ਡਰੇਨ ਪੁੱਟਣ ਦੀ ਪ੍ਰਾਬਲਮ ਹੈ ਤਾਂ ਇਹ ਮੇਰੇ ਚੈਂਬਰ ਵਿਚ ਆ ਜਾਣ, ਇਹ ਪ੍ਰਾਬਲਮ ਇਨ੍ਹਾਂ ਦੀ ਮੈਂ ਹੱਲ ਕਰ ਦੇਵਾਂਗਾ।

ਸਰਦਾਰ ਪਰੇਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਦਾ ਇਹ ਬੜਾ ਅਹਿਮ ਸਵਾਲ ਸੀ। ਉਥੇ ਜੇਕਰ ਇਹ ਡਰੇਨ ਬਣ ਜਾਵੇ ਤਾਂ ਜਲਾਲਾਬਾਦ ਤੋਂ ਫੈਰੋਵਾਲ ਤੱਕ ਹਜ਼ਾਰਾਂ ਏਕੜ ਜ਼ਮੀਨ ਪਾਣੀ ਥੱਲੇ ਆਉਣੋਂ ਬਚ ਸਕਦੀ ਹੈ। ਇਸ ਲਈ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁਦਾ ਹਾਂ ਕਿ ਹਜ਼ਾਰਾਂ ਏਕੜ ਜ਼ਮੀਨ ਨੂੰ ਹੜ੍ਹ ਤੋਂ ਬਚਾਉਣ ਦੀ ਖਾਤਰ ਕੀ ਵਜ਼ੀਰ ਸਾਹਿਬ ਕੋਈ ਸਪੈਸੇਫਿਕ ਜਵਾਬ ਦੇਣਗੇ ਅੌਰ ਦੱਸਣਗੇ ਕਿ ਕਦੋਂ ਕੁ ਤੱਕ ਇਹ ਡਰੇਨ ਬਨਾਉਣੀ ਸ਼ੁਰੂ ਕਰਵਾ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਸਪੈਸੀਫਿਕਲੀ ਔਰ ਕੈਟਾਗੌਰੀਕਲੀ ਕਹਿ ਚੁੱਕਾ ਹਾਂ। ਪਤਾ ਨਹੀਂ ਹੈ ਕਿ ਇਹ ਐਬਸੈਂਟ ਮਾਈਂਡਿਡ ਕਿਉਂ ਰਹੇ ਹਨ। ਮੈਂ ਕਹਿ ਚੁੱਕਾ ਹਾਂ ਕਿ ਅਸੀਂ ਇਸ ਨੂੰ ਸੰਨ 1982-83 ਵਿਚ ਬਣਾ ਦੇਵਾਂਗੇ।

Abolition of Improvement Trust, Malerkotla

***1576. Sardar Dalip Singh Pandhi**: Will the Minister for Local Government be pleased to state:—

(a) whether the Improvement Trust, Malerkotla was abolished by the Government during the year 1981;

(b) if the reply to part (a) above be in the affirmative, the reasons therefor ?

Shri Sardari Lal Kapur: (a) No, Sir.

(b) Question does not arise.

ਸਰਦਾਰ ਦਲੀਪ ਸਿੰਘ ਪਾਂਧੀ: ਕੀ ਮਨਿਸਟਰ ਸਾਹਿਬ, ਕ੍ਰਿਪਾ ਕਰਕੇ ਦੱਸਣਗੇ ਕਿ ਇੰਪਰੂਵਮੈਂਟ ਟਰੱਸਟ ਵਿਚ ਬੜੀ ਹੇਰਾਫੇਰੀ ਹੋਈ ਹੈ? ਉਥੇ ਜਿਹੜੇ ਈ.ਓ. ਲਾਏ ਗਏ ਉਹ ਸੁਪਰੀਮ ਕੋਰਟ ਤੋਂ ਜਿੱਤ ਕੇ ਆਏ ਹੋਏ ਨਹੀਂ ਲਾਏ ਗਏ। ਪੱਖਪਾਤ ਨਾਲ ਇੰਪਰੂਵਮੈਂਟ ਟਰੱਸਟ ਤੋੜ ਦਿੱਤੇ ਗਏ। ਪਲਾਟ ਅਸਰ ਰਸੂਖ ਵਾਲਿਆਂ ਆਦਮੀਆਂ ਨੂੰ ਦੇ ਦਿੱਤੇ ਗਏ ਜਿਨ੍ਹਾਂ ਨੇ ਉਹ ਪਲਾਟ ਬਾਅਦ ਵਿਚ ਵੇਚ ਦਿੱਤੇ। ਮਲੇਰਕੋਟਲੇ ਵਿਚ ਬੜੀ ਗੜਬੜ ਹੋਈ ਹੈ। ਕੀ ਹੁਣ ਮਨਿਸਟਰ ਸਾਹਿਬ ਕੋਈ ਪੜਤਾਲ ਕਰਵਾ ਕੇ ਜਿਹੜੀ ਹੇਰਾਫੇਰੀ ਹੋਈ ਹੈ ਉਸ ਨੂੰ ਦੂਰ ਕਰਾਉਣਗੇ ਔਰ ਜਿਹੜੇ ਈ.ਓ. ਸੁਪਰੀਮ ਕੋਰਟ ਵਿਚ ਜਿੱਤ ਗਏ ਹਨ, ਉਨ੍ਹਾਂ ਨੂੰ ਲਾਉਗੇ ?

ਮੰਤਰੀ: ਸਪੀਕਰ ਸਾਹਿਬ, ਇਹ ਕੁਐਸਚਨ ਕੁਝ ਕਰਦੇ ਹਨ ਜਵਾਬ ਕੁਝ ਮੰਗਦੇ ਹਨ। ਮਲੇਰਕੋਟਲੇ ਵਿਚ ਇੰਪਰੂਵਮੈਂਟ ਟਰੱਸਟ 1980 ਵਿਚ ਤੋੜੇ ਗਏ, ਇਨ੍ਹਾਂ ਨੇ ਪੁੱਛਿਆ ਕਿ 1981 ਵਿਚ ਤੋੜੇ ਗਏ। ਉਨ੍ਹਾਂ ਕੋਲ ਕੋਈ ਸਕੀਮ ਨਹੀਂ ਸੀ ਇਸ ਕਰਕੇ ਤੋੜ ਦਿੱਤੇ। ਬਾਕੀ ਜੇ ਕੋਈ ਗੜਬੜ ਹੈ ਤਾਂ ਲਿਖ ਕੇ ਦੇ ਦੇਣ ਪੜਤਾਲ ਕਰਵਾ ਲਵਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਹੁਣ ਤਾਂ ਇਹ ਮੰਨ ਹੀ ਗਏ ਹਨ ਕਿ ਇੰਪਰੂਵਮੈਂਟ ਟਰੱਸਟ ਤੋੜੇ ਗਏ। ਸਾਲ ਦੀ ਮੇਰੇ ਕੋਲ ਗਲਤੀ ਲਗ ਸਕਦੀ ਹੈ ਪਰ ਇਹ ਠੀਕ ਹੈ ਕਿ ਟਰੱਸਟ ਤੋੜੇ ਗਏ। ਇਸ ਲਈ ਮੈਂ ਪੁੱਛਦਾ ਹਾਂ ਕਿ ਇਹ ਕਦੋਂ ਤੱਕ ਉਨ੍ਹਾਂ ਨੂੰ ਬਹਾਲ ਕਰ ਦੇਣਗੇ। ਕਦੋਂ ਤੱਕ ਸਾਰੀਆਂ ਪੋਸਟਾਂ ਭਰ ਦੇਣਗੇ? ਪਹਿਲੇ ਤਾਂ ਇਹ ਕਹਿੰਦੇ ਸਨ ਕਿ ਤੋੜਿਆ ਹੀ ਨਹੀਂ, ਹੁਣ ਇਹ ਤਾਂ ਮੰਨ ਗਏ ਹਨ ਕਿ ਤੋੜਿਆ ਹੈ। ਉਨ੍ਹਾਂ ਨੂੰ ਤੋੜਨ ਦਾ ਕੀ ਕਾਰਣ ਸੀ ?

ਮੰਤਰੀ: ਮੈਂ ਦੱਸਿਆ ਹੈ ਕਿ ਉਨ੍ਹਾਂ ਕੋਲ ਕੋਈ ਸਕੀਮ ਨਹੀਂ ਸੀ ਇਸ ਕਰਕੇ ਤੋੜ ਦਿੱਤੇ।

Mr. Speaker: Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

Original with;
Punjab Vidhan Sabha
Digitized by;
Panjab Digital Library

Written Answers to Starred Questions laid on the Table of the House under Rule 38

No-Confidence Motion/Resolution against the President, Municipal Committee, Kharar

*1578. **Seth Khushhal Chand** : Will the Minister for Local Government be pleased to state whether it is a fact that a No-confidence Motion/Resolution was passed by the Municipal Committee, Kharar, district Ropar, on 12th October, 1981 against the President of the Committee; if so, the action taken by the Government thereon ?

ਸ਼੍ਰੀ ਸਰਦਾਰੀ ਲਾਲ ਕਪੂਰ : ਹਾਂ ਜੀ । ਪ੍ਰਧਾਨ, ਨਗਰਪਾਲਕਾ, ਖਰੜ ਦੇ ਵਿਰੁੱਧ ਮਿਤੀ 12 ਅਕਤੂਬਰ, 1981 ਨੂੰ ਇਕ ਮਤਾ ਪਾਸ ਹੋਇਆ ਸੀ । ਇਹ ਮਾਮਲਾ ਸਰਕਾਰ ਦੇ ਸਰਗਰਮੀ ਨਾਲ ਵਿਚਾਰ ਅਧੀਨ ਹੈ ।

Construction of bridge on the Choe near village Rajumajra on Balachaur Nurpur Bedi Road

*1230. **Master Dalip Chand** : Will the Minister for Public Works be pleased to state whether the Government propose to construct a bridge on the Rajumajra choe on the Balachaur-Nurpur Bedi Road; if so, when ?

ਸਰਦਾਰ ਬੇਅੰਤ ਸਿੰਘ : ਨਹੀਂ ਜੀ ।

Construction of Residential Colonies for Government Employees and Judicial Magistrates at Zira

*1265. **Sardar Harcharan Singh Hero** : Will the Minister for Public Works be pleased to state whether there is any proposal under the consideration of the Government for the construction of Government Residential Colonies at Zira for its Employees as well as for the Judicial Magistrates; if so, the details thereof and the time by which it is likely to materialise ?

Sardar Beant Singh : There is no proposal to construct Government residential Colonies at Zira for Government employees,. However, there is a proposal to construct a Judicial Magistrate's Residence at Zira costing to Rs.60,880 for which rough cost estimate stands submitted to the Registrar, Punjab and Haryana High Court for according administrative approval and for arranging of funds. There is no budget provision during 1981-82 for this work.

Cases of Fraud and Cheating registered against the Travel Agents in District Amritsar

*1560. **Sardar Major Singh Ubboke** : Will the Chief Minister be pleased to state the total number of cases of fraud and cheating registered against the travel agents in district Amritsar from April 1981 to-date togetherwith the action, if any, taken in each case.

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਅਪ੍ਰੈਲ, 1981 ਤੋਂ ਹੁਣ ਤੱਕ ਜ਼ਿਲ੍ਹਾ ਅੰਮ੍ਰਿਤਸਰ ਵਿਚ ਟਰੈਵਲ ਏਜੰਟਾਂ ਦੇ ਵਿਰੁੱਧ ਕੋਈ ਕੇਸ ਦਰਜ ਨਹੀਂ ਹੋਇਆ ।

Enquiry into the affairs of P.S. Amloh

***1577. Sardar Dalip Singh Pandhi :** Will the Chief Minister be pleased to state:—

(a) whether any enquiry into the affairs of P.S. Amloh was conducted by the S.P. (H.Q.), Patiala during the year 1981; if so, the details thereof;

(b) if the reply to part (a) above be in affirmative whether any action was taken thereon ?

ਸਰਦਾਰ ਦਰਬਾਰਾ ਸਿੰਘ : ਹਾਂ ਜੀ । ਟਰੱਕ ਯੂਨੀਅਨ ਅਮਲੋਹ ਵਲੋਂ ਥਾਣਾ ਅਮਲੋਹ ਦੇ ਸਾਬਕਾ ਮੁੱਖ ਅਫਸਰ ਐਸ. ਆਈ. ਸ਼ਾਮ ਲਾਲ ਵਿਰੁੱਧ ਭ੍ਰਿਸ਼ਟਾਚਾਰ ਅਤੇ ਟਰੱਕ ਅਪਰੇਟਰਾਂ ਆਦਿ ਨਾਲ ਕੀਤੇ ਗਏ ਦੁਰਵਿਵਹਾਰ ਆਦਿ ਦੇ ਦੋਸ਼ਾਂ ਬਾਰੇ ਐਸ. ਪੀ. ਹੈਡਕੁਆਟਰ ਪਟਿਆਲਾ ਰਾਹੀਂ ਪੜਤਾਲ ਕਰਵਾਈ ਸੀ ਅਤੇ ਸਿੱਟੇ ਵਜੋਂ ਕਸੂਰਵਾਰ ਥਾਨੇਦਾਰ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ ।

(ਅ) ਹਾਂ ਜੀ । ਜਿਵੇਂ ਕਿ ਉਪਰੋਕਤ 'ਓ, ਵਿਚ ਦੱਸਿਆ ਗਿਆ ਹੈ ਜੀ ।

Encroachment of the Land of G.T. Road in front of the Jagatjit Cotton Mills, Phagwara

***1484. Sardar Atma Singh :** Will the Minister for Public Works be pleased to state:—

(a) the original width of the G.T. Road in front of the Jagatjit Cotton Mills, Phagwara;

(b) the space, in feet, left along both sides of the road mentioned in part (a) above for widening the road and width of space at present ;

(c) whether it is a fact that the Management of the Mills referred to in part (a) above have encroached upon some of the space out of that referred to in part (b) above and constructed a building thereon, utilized some space for setting up a part and for plantation;

(d) if the reply to part (c) above be in affirmative; the reasons therefor and the names of persons responsible for this negligence togetherwith the steps being taken by the Government to get the said land vacated ?

ਸਰਦਾਰ ਬੇਅੰਤ ਸਿੰਘ : (ੳ) ਮੈਸਰਜ਼ ਜਗਤਜੀਤ ਕਾਟਨ ਟੈਕਸਟਾਈਲਜ਼ ਮਿਲ ਦਾ ਇਕ ਹਿੱਸਾ ਜੀ.ਟੀ. ਰੋਡ ਤੇ ਫਗਵਾੜਾ ਸ਼ਹਿਰ ਵਿਚ ਅਤੇ ਬਾਕੀ ਚਚੋਕੀ ਪਿੰਡ ਵਿਚ ਪੈਂਦਾ ਹੈ। ਪਿੰਡ ਵੱਲ ਜ਼ਮੀਨ ਦੀ ਕੁਲ ਚੌੜਾਈ 214'—4" ਹੈ ਅਤੇ ਫਗਵਾੜਾ ਸ਼ਹਿਰ ਵੱਲ 221' ਤੱਕ ਹੈ।

Original with;
Punjab Vidhan Sabha
Digitized by;
Panjab Digital Library

(ਅ) ਜਗਤਜੀਤ ਕਾਟਨ ਟੈਕਸਟਾਈਲਜ਼ ਮਿਲ ਦੀ ਜ਼ਮੀਨ ਜਿਸ ਦੀ ਸੜਕ ਦੇ ਕਿਨਾਰੇ ਤੇ ਚਚੋਂਕੀ ਪਿੰਡ ਵੱਲ ਦੀ ਚੌੜਾਈ 94'—4" ਅਤੇ ਫਗਵਾੜਾ ਸ਼ਹਿਰ ਵਾਲੇ ਪਾਸੇ ਦੀ ਚੌੜਾਈ 101' ਹੈ ਜਦੋਂ ਕਿ ਦੂਸਰੇ ਪਾਸੇ ਜਗ੍ਹਾ ਦੀ ਚੌੜਾਈ 98 ਫੁੱਟ ਹੈ। ਇਸ ਵੇਲੇ ਜਗਤਜੀਤ ਕਾਟਨ ਮਿਲ ਵਾਲੇ ਪਾਸੇ ਚਚੋਂਕੀ ਪਿੰਡ ਵਾਲੀ ਚੌੜਾਈ 84'—6" ਹੈ ਤੇ ਫਗਵਾੜਾ ਵਲ 86'—6" ਹੈ।

(ਏ) ਹਾਂ ਜੀ। ਪ੍ਰਬੰਧਕਾਂ ਨੇ ਸੜਕ ਦੀ ਜਗ੍ਹਾ ਤੇ ਮਿਲ ਦੇ ਸਾਹਮਣੇ ਘਾਹ ਅਤੇ ਫੁੱਲ ਬੂਟੇ ਲਗਾਏ ਹੋਏ ਹਨ।

(ਸ) ਰਿਕਾਰਡ ਅਨੁਸਾਰ ਜਗਤਜੀਤ ਕਾਟਨ ਟੈਕਸਟਾਈਲਜ਼ ਮਿਲ ਫਗਵਾੜਾ ਨੇ ਸੀਨੀਅਰ ਸਬ-ਜੱਜ ਕਪੂਰਥਲਾ ਦੀ ਅਦਾਲਤ ਵਿਚ ਭਾਰਤ ਸਰਕਾਰ ਅਤੇ ਕੁਲੈਕਟਰ ਕਪੂਰਥਲਾ ਵਿਰੁੱਧ ਮੁਕੱਦਮਾ ਦਾਇਰ ਕੀਤਾ ਸੀ। ਸੀਨੀਅਰ ਸਬ-ਜੱਜ ਨੇ ਆਪਣੇ ਫੈਸਲੇ ਮਿਤੀ 30 ਅਪ੍ਰੈਲ, 1966 ਵਿਚ ਵਰਨਣ ਕੀਤਾ ਕਿ ਜ਼ਮੀਨ ਦਾ ਟੁੱਕੜਾ ਜੋ ਕਿ 15'×1329½' ਹੈ । ਜਗਤਜੀਤ ਕਾਟਨ ਅਤੇ ਟਕਸਟਾਈਲਜ਼ ਮਿਲ ਫਗਵਾੜਾ ਦੀ ਮਲਕੀਅਤ ਹੈ । ਇਸ ਤੋਂ ਉਪਰੰਤ ਵਿਭਾਗ ਨੇ ਐਸ.ਡੀ.ਐਮ, ਫਗਵਾੜਾ ਦੀ ਅਦਾਲਤ ਵਿਚ ਪੰਜਾਬ ਇਵਿਕਸ਼ਨ ਐਂਡ ਰੈਂਟ ਰੀਕਵਰੀ ਐਕਟ 1959 ਦੇ ਅਧੀਨ ਇਸ ਨਜਾਇਜ਼ ਕਬਜ਼ੇ ਨੂੰ ਉਠਾਉਣ ਲਈ ਇਕ ਮੁਕਦਮਾ ਦਾਇਰ ਕੀਤਾ। ਇਸ ਕੇਸ ਦਾ ਫੈਸਲਾ ਵਿਭਾਗ ਦੇ ਵਿਰੁੱਧ ਮਿਤੀ 4 ਫਰਵਰੀ, 1974 ਨੂੰ ਕੀਤਾ ਗਿਆ। ਵਿਭਾਗ ਨੇ ਇਸ ਫੈਸਲੇ ਵਿਰੁੱਧ ਕਮਿਸ਼ਨਰ ਜਲੰਧਰ ਕੋਲ ਅਪੀਲ ਕੀਤੀ। ਉਨ੍ਹਾਂ ਨੇ ਵੀ ਵਿਭਾਗ ਵਿਰੁੱਧ ਇਸ ਦਾ ਫੈਸਲਾ ਕੀਤਾ । ਐਸ.ਡੀ.ਐਮ. ਫਗਵਾੜਾ ਨੇ ਵਿਭਾਗ ਦੇ ਵਿਰੁੱਧ ਮੁਕਦਮਾ ਕੇਵਲ ਇਸ ਕਰਕੇ ਖਾਰਜ ਕੀਤਾ ਸੀ ਕਿਉਂਕਿ ਕੋਈ ਰੈਵੀਨਿਊ ਰਿਕਾਰਡ ਕਚਿਹਰੀ ਵਿਚ ਪੇਸ਼ ਨਹੀਂ ਕੀਤਾ ਜਾ ਸਕਿਆ ਜਦ ਕਿ ਕਮਿਸ਼ਨਰ ਜਲੰਧਰ ਨੇ ਕੁਝ ਤਕਨੀਕੀ ਆਧਾਰ ਤੇ ਅਪੀਲ ਡਿਸਮਿਸ ਕੀਤੀ ਸੀ। ਮਾਲ ਵਿਭਾਗ ਤੋਂ ਜ਼ਰੂਰੀ ਰਿਕਾਰਡ ਅਤੇ ਜ਼ਮੀਨ ਦੀ ਨਿਸ਼ਾਨਦੇਹੀ ਪ੍ਰਾਪਤ ਕੀਤੀ ਜਾ ਰਹੀ ਹੈ । ਉਸ ਉਪਰੰਤ ਪਬਲਿਕ ਪਰਿਮਿਸਿਜ਼ ਐਕਟ ਅਧੀਨ ਕਬਜ਼ਾ ਉਠਾਉਣ ਬਾਰੇ ਕਾਰਵਾਈ ਕੀਤੀ ਜਾਵੇਗੀ। ਕੁਲੈਕਟਰ ਦੀ ਕਚਹਿਰੀ ਵਿਚ ਮੁਕਦਮਾ ਕਰਨ ਵਿਚ ਅਸਾਧਾਰਨ ਦੇਰੀ ਦੀ ਜ਼ਿੰਮੇਵਾਰੀ ਨਿਸ਼ਚਿਤ ਕਰਨ ਵਾਸਤੇ ਹੁਕਮ ਜਾਰੀ ਕੀਤੇ ਜਾ ਰਹੇ ਹਨ। ਉਸ ਉਪਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

Industrial Focal Point, Jullundur

***1583. 1. Comrade Kulwant Singh**
2. Comrade Sarwan Singh Cheema } : Will the Chief Minister be pleased to :—

(a) state the total area of Industrial Focal Point, Jullundur together with the number of plots in the Focal Point;

(b) state whether the development work on the said Focal Point has since been completed; if not, the reasons for the same;

(c) lay on the Table of the House a list showing the names of allottees of the plots mentioned in part(a) above ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ: 105.56 ਏਕੜ ਦਾ ਖੇਤਰ; 141 ਪਲਾਟ, ਜਿਨ੍ਹਾਂ ਦੀ ਸੂਚੀ ਹੇਠ ਦਿੱਤੀ ਜਾਂਦੀ ਹੈ :—

ਲੜੀ ਨੰ:	ਕਿਸਮ	ਪਲਾਟਾਂ ਦੀ ਗਿਣਤੀ
1.	1 ਏਕੜ ਅਤੇ ਉਪਰ	15
2.	3/4 ਏਕੜ	6
3.	½ ਏਕੜ	32
4.	1/4 ਏਕੜ	48
5.	500 ਵਰਗ ਗਜ	40
	ਜੋੜ	141

(ਅ) ਫੋਕਲ ਪੁਆਇੰਟ ਤੇ ਜ਼ਰੂਰੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

(ਏ) ਉਪਰੋਕਤ ਭਾਗ (ਓ) ਵਿੱਚ ਵਰਣਿਤ ਪਲਾਟਾਂ ਦੇ ਅਲਾਟੀਆਂ ਦੇ ਨਾਂ ਦਰਸਾਉਂਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸੂਚੀ

ਇ

ਇਕ ਏਕੜ ਅਤੇ ਉਸ ਤੋਂ ਉਪਰ

ਲੜੀ ਨੰ:	ਅਲਾਟੀਆਂ ਦੇ ਨਾਂ
1	ਸਚਦੇਵ ਟੂਲਜ਼ ਕਾਰਪੋਰੇਸ਼ਨ, ਜਲੰਧਰ।
2	ਬਸੰਤ ਇੰਡਸਟਰੀਜ਼, ਜਲੰਧਰ।
3	ਵਿਕਟਰ ਟੂਲਜ਼ ਪ੍ਰਾਈਵੇਟ ਲਿਮਿਟਡ, ਜਲੰਧਰ।
4	ਜੇ.ਐਮ.ਪੀ. ਮੈਨੂਫੈਕਚਰਿੰਗ ਕੰਪਨੀ, ਜਲੰਧਰ।
5	ਵਿਕਟਰ ਫੋਰਜਿੰਗਜ਼, ਜਲੰਧਰ।
6	ਜਗਦੰਬੇ ਇੰਜ: ਐਂਡ ਵੈਲਡਿੰਗ ਵਰਕਸ, ਜਲੰਧਰ।
7	ਏ.ਵੀ.ਏ. ਇੰਜ: ਕੰਪਨੀ, ਜਲੰਧਰ।

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਲਾਈਆਂ ਦੇ ਨਾਂ
8	ਲੈਡਰਜ ਪੇਪਰ ਪ੍ਰੋਸੈਸਿੰਗ ਪ੍ਰਾਈਵੇਟ ਲਿਮਿਟਡ, ਜਲੰਧਰ।
9	ਲੈਡਰ ਫੋਰਜ (ਇੰਡੀਆ) ਪ੍ਰਾਈਵੇਟ ਲਿਮਿਟਡ, ਜਲੰਧਰ।
10	ਵਿਜੈ ਇੰਜੀਨੀਅਰਜ਼, ਜਲੰਧਰ।
11	ਨੀਤਾ ਮੈਟਲ ਵਰਕਸ, ਜਲੰਧਰ।
12	ਮਾਨਕਰਨ ਭੰਡਾਰੀ, ਅੰਬਿਕਾ ਫੋਰਜਿੰਗਜ਼, ਜਲੰਧਰ।
13	ਲਕਸ਼ਮੀ ਇੰਡਸਟਰੀਜ਼ ਮੰਡੀ ਰੋਡ, ਜਲੰਧਰ।
14	ਏ.ਸੀ. ਡਬਲਿਊ. ਆਈ. ਫੋਰਜਿੰਗਜ਼, ਜਲੰਧਰ।
15	ਪਰੈਸਟੋ ਫੋਰਜਿੰਗਜ਼, ਜਲੰਧਰ।

3/4 ਏਕੜ

1	ਕ੍ਰਿਸ਼ਨਾ ਇੰਜੀਨੀਅਰਿੰਗ ਵਰਕਸ, ਜਲੰਧਰ।
2	ਪਾਮੀਲਾ ਪਰਫਿਊਮਰੀ ਪ੍ਰਾਈਵੇਟ ਲਿਮਿਟਡ, ਜਲੰਧਰ।
3	ਸੁਰਜੀਤ ਸਿੰਘ ਸਾਹਨੀ, ਤੇਹਰਾਨ।
4	ਰਘੁਨਾਥ ਸਿੰਘ, ਪੁੱਤਰ ਸ਼੍ਰੀ ਹੰਸ ਰਾਜ, ਜਲੰਧਰ।
5	ਸ੍ਰੀ ਚਵੀ ਕਾਂਤ, ਜਲੰਧਰ।
6	ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਜਲੰਧਰ।

1/2 ਏਕੜ

1	ਬਾਵਾ ਇੰਡਸਟਰੀਜ਼, ਫਗਵਾੜਾ।
2	ਪ੍ਰੇਮ ਸਾਗਰ, ਜਲੰਧਰ।
3	ਨੰਦਾ ਮੈਨੂਫੈਕਚਰਿੰਗ ਕੰਪਨੀ, ਜਲੰਧਰ।
4	ਕਾਬਲ ਸਿੰਘ ਐਂਡ ਸੰਨਜ਼, ਜਲੰਧਰ।

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਲਾਟੀਆਂ ਦੇ ਨਾਂ
5	ਗਾਂਧੀ ਸੋਫਾ ਕੰਪਨੀ, ਜਲੰਧਰ।
6	ਦਰਸ਼ਨ ਕੁਮਾਰ ਕੋਹਲੀ, ਜਲੰਧਰ।
7	ਸਟਾਰ ਫੋਰਜਿੰਗ, ਜਲੰਧਰ।
8	ਯੂਨਾਇਟਡ ਇੰਡਸਟਰੀਜ਼, ਜਲੰਧਰ।
9	ਆਰਟਿਸਟ ਇੰਡਸਟਰੀਜ਼, ਜਲੰਧਰ।
10	ਯੂਨੀਕ ਇੰਡਸਟਰੀਜ਼, ਜਲੰਧਰ।
11	ਐਮ.ਆਰ, ਕਾਲੀਆ, ਜਲੰਧਰ।
12	ਮਲਹੋਤਰਾ ਇੰਡਸਟਰੀਜ਼, ਜਲੰਧਰ।
13	ਵਿਜੈ ਕੁਮਾਰ ਜੈਨ, ਜਲੰਧਰ।
14	ਜਗਜੀਤ ਇੰਡਸਟਰੀਜ਼, ਜਲੰਧਰ।
15	ਰਾਜ ਰਾਜੇਸ਼ਵਰ ਮਲਹੋਤਰਾ, ਜਲੰਧਰ।
16	ਪਿਆਰਾ ਸਿੰਘ ਐਂਡ ਸੰਨਜ਼, ਜਲੰਧਰ।
17	ਐਨ.ਐਮ. ਕਾਰਪੋਰੇਸ਼ਨ, ਜਲੰਧਰ।
18	ਮਨਜੀਤ ਸਿੰਘ, ਜਲੰਧਰ।
19	ਲੱਕੀ ਇੰਡਸਟਰੀਜ਼, ਜਲੰਧਰ।
20	ਆਰ.ਜੇ. ਇੰਡਸਟਰੀਜ਼, ਜਲੰਧਰ।
21	ਕਲਾਈਮੈਕਸ ਇੰਡਸਟਰੀਜ਼, ਜਲੰਧਰ।
22	ਪਰਮੋਦ ਕੁਮਾਰ, ਜਲੰਧਰ।
23	ਅੰਬਿਕਾ ਐਂਟਰਪਰਾਈਜਜ਼, ਜਲੰਧਰ।
24	ਸਟਾਰ ਇੰਡਸਟਰੀਜ਼, ਜਲੰਧਰ।

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਲਾਟੀਆਂ ਦੇ ਨਾਂ
25	ਨੈਸ਼ਨਲ ਸੇਲਜ਼ ਕਾਰਪੋਰੇਸ਼ਨ, ਚੰਡੀਗੜ੍ਹ।
26-27	ਰਤਨ ਸਿੰਘ ਖਾਨਪੁਰੀ, ਇਰਾਨ।
28	ਨਰੂਲਾ ਸਟੇਸ਼ਨਰੀ ਮਾਰਟ, ਜਲੰਧਰ।
29	ਧਦਮ ਸ਼੍ਰੀ ਫੋਰਜਿੰਗਜ਼, ਜਲੰਧਰ।
30	ਬਲਦੇਵ ਰਾਜ ਸੌਂਧੀ, ਜਲੰਧਰ।
31	ਪਰਦੀਪ ਕੁਮਾਰ, ਜਲੰਧਰ।

1/4 ਏਕੜ

1	ਰਾਜਿੰਦਰ ਸਿੰਘ ਲੰਡਨ (ਐਨ. ਆਰ. ਆਈ.)
2	ਬਾਲਕ ਰਾਮ ਅੱਡੀ, ਜਲੰਧਰ (ਐਨ. ਆਰ. ਆਈ.)
3	ਜੋਗਿੰਦਰ ਕੁਮਾਰ ਅਰੁਨ ਇੰਜ: ਵਰਕਸ, ਜਲੰਧਰ ।
4	ਐਨ. ਕੇ. ਰਬੜ ਇੰਡਸਟਰੀਜ਼, ਜਲੰਧਰ ।
5	ਆਰ. ਕੇ. ਸ਼ਰਮਾ, ਜਲੰਧਰ ।
6	ਸੋਨਾ ਇੰਡਸਟਰੀਜ਼, ਜਲੰਧਰ ।
7	ਖੁਸ਼ਵੀਰ ਸਿੰਘ, ਜਲੰਧਰ ।
8	ਮੋਹਨ ਸ਼ਿਲਪ ਕਰਿਯਾਲਾ, ਜਲੰਧਰ ।
9	ਤੁਲੀ ਮੈਕਸ, ਜਲੰਧਰ ।
10	ਜਨਕ ਰਾਜ ਸ਼ਰਮਾ, ਜਲੰਧਰ ।
11	ਸ੍ਰ: ਅਰਵਿੰਦਰ ਸਿੰਘ, ਜਲੰਧਰ ।
12	ਰਾਜਨ ਕੁਮਾਰ, ਵਰਿੰਦਰ ਕੁਮਾਰ, ਜਲੰਧਰ ।
13	ਅਸ਼ਵਨੀ ਚੋਪੜਾ, ਜਲੰਧਰ ।

Original with;
Punjab Vidhan Sabha
Digitized by;
Panjab Digital Library

ਲੜੀ ਨੰ :	ਅਲਾਟੀਆਂ ਦੇ ਨਾਂ
14	ਮੀਨੀ ਕਰਾਫਟ II, ਜਲੰਧਰ ।
15	ਵੀਰਤ ਟੂਲਜ਼, ਜਲੰਧਰ ।
16	ਵਿਸ਼ਕਰਮਾ ਰਬੜ ਇੰਡਸਟਰੀਜ਼, ਜਲੰਧਰ ।
17	ਅਸ਼ੋਕ ਕੁਮਾਰ ਭਾਟੀਆ, ਜਲੰਧਰ ।
18	ਅਸ਼ੋਕ ਕੁਮਾਰ, ਫਤਹਿ ਚੰਦ, ਜਲੰਧਰ ।
19	ਮਨਜੀਤ ਸਿੰਘ, ਜਲੰਧਰ ।
20	ਦੇਸ਼ ਬੰਧੂ, ਜਲੰਧਰ ।
21	ਤਰਲੋਚਨ ਸਿੰਘ ਸਭਰਵਾਲ, ਜਲੰਧਰ ।
22	ਵਿਜੈ ਕੁਮਾਰ ਅਗਰਵਾਲ, ਜਲੰਧਰ ।
23	ਸੁਰਿੰਦਰ ਕੁਮਾਰ ਕਪੂਰ, ਜਲੰਧਰ ।
24	ਸ਼ਿਆਮ ਕ੍ਰਿਸ਼ਨ ਚੋਪੜਾ, ਜਲੰਧਰ ।
25	ਵਿਕਾਸ ਇੰਡਸਟਰੀਜ਼, ਜਲੰਧਰ ।
26	ਵਰਿੰਦਰ ਕੁਮਾਰ ਸੂਦ, ਦੁਰਗਾ ਨਿਵਾਸ, ਜਲੰਧਰ ।
27	ਮਦਨ ਗੋਪਾਲ ਓਹਰੀ, ਜਲੰਧਰ ।
28	ਐਸ. ਕੇ. ਢੋਡੀ, ਜਲੰਧਰ ।
29	ਇੰਦਰ ਪਾਲ, ਜਲੰਧਰ ।
30	ਫਾਰਮਾਟੀਕਲ ਐਂਡ ਇੰਡਸਟਰੀਜ਼ ਲੈਬੋ: ਜਲੰਧਰ ।
31	ਬਸੰਤ ਲਾਲ, ਜਲੰਧਰ ।
32	ਇੰਡੀਅਨ ਟੈਲੀਵੀਜ਼ਨ ਇੰਡਸਟਰੀਜ਼, ਜਲੰਧਰ ।
33	ਵਿਦਿਆ ਗਰਿਪ ਟਾਇਰਜ਼, ਜਲੰਧਰ ।

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਲਾਟੀਆਂ ਦੇ ਨਾਂ
34	ਪਰੋਮਿਲਾ ਐਂਡ ਬਲਵੰਤ ਰਾਏ, ਜਲੰਧਰ।
35	ਕੌਸ਼ਲ ਚੰਦ ਵਿਹਰਾ, ਜਲੰਧਰ ।
36	ਸੂਬੇਦਾਰ ਸੋਹਨ ਸਿੰਘ, ਜਲੰਧਰ।
37	ਪ੍ਰੇਮ ਨਾਥ ਕੱਕੜ, ਜਲੰਧਰ ।
38	ਅਮੀਰਾ ਐਂਡ ਪਲਾਸਟਿਕਸ, ਜਲੰਧਰ ।
39	ਅਸ਼ੋਕ ਕੁਮਾਰ, ਜਲੰਧਰ ।
40	ਮਹੇਸ਼ਵਰ ਨਾਥ ਵਿੱਜ, ਜਲੰਧਰ ।
41	ਵਿਜੈ ਕੁਮਾਰ, ਬੱਤਰਾ, ਜਲੰਧਰ ।
42	ਤਰਸੇਮ ਸਿੰਘ, ਜਲੰਧਰ ।
43	ਵਿਜੈ ਕੁਮਾਰ, ਜਲੰਧਰ ।
44	ਰਾਕੇਸ਼ ਕਾਲੜਾ, ਜਲੰਧਰ ।
45	ਸੁਨੀਲ ਦੀਦੀ, ਜਲੰਧਰ ।
46	ਪੀ. ਐਸ. ਈ. ਬੀ. ਐਸੋਸੀਏਸ਼ਨ, ਜਲੰਧਰ ।
	500 ਵਰਗ ਗਜ਼ (ਇੱਕ ਕਨਾਲ)
1	ਬਾਲ ਕ੍ਰਿਸ਼ਨ ਗੁਪਤਾ, ਜਲੰਧਰ ।
2	ਵਿਕੇ ਸੇਲਜ਼, ਜਲੰਧਰ ।
3	ਮਨਮੋਹਨ ਕਪੂਰ, ਜਲੰਧਰ ।
4	ਭਰਤ ਰਾਜ ਮਾਰਫਤ ਗੁਜਰਾਤ ਸਟੀਲ ਇੰਡਸਟਰੀਜ਼, ਜਲੰਧਰ ।
5	ਅਸ਼ੋਕ ਕੁਮਾਰ, ਜਲੰਧਰ ।
6	ਬਸੰਤ ਕੁਟਾਰ, ਜਲੰਧਰ ।
7	ਚੰਦਰ ਮੋਹਨ, ਜਲੰਧਰ ।
8	ਰਾਕੇਸ਼ ਪਾਲ ਕਪੂਰ, ਜਲੰਧਰ ।

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਲਾਟੀਆਂ ਦੇ ਨਾਂ
9	ਅਮਿਤ ਮੋਹਨ, ਜਲੰਧਰ ।
10	ਸਰਵਨ ਸਿੰਘ ਸੰਧੂ, ਜਲੰਧਰ ।
11	ਵਿਨੋਦ ਕੁਮਾਰ, ਜਲੰਧਰ ।
12	ਤਰਸੇਮ ਲਾਲ ਜੱਸਲ, ਜਲੰਧਰ ।
13	ਗਲੈਰੀਆਂ ਇੰਜੀਨੀਅਰ, ਜਲੰਧਰ ।
14	ਚਰਨਜੀਤ ਲਾਲ ਧਵਨ, ਜਲੰਧਰ ।
15	ਸਤੀਸ਼ ਕੋਹਲੀ, ਜਲੰਧਰ ।
16	ਵਰਿੰਦਰ ਪਾਲ ਸਿੰਘ, ਜਲੰਧਰ ।
17	ਅਤੁਲ ਮੈਟਲ ਸਟੀਲ ਵਰਕਸ, ਜਲੰਧਰ ।
18	ਪਵਨ ਖੋਸਲਾ, ਜਲੰਧਰ ।
19	ਰਘੂ ਫਾਸਟਨਰਜ਼, ਜਲੰਧਰ ।
20	ਆਈਡੀਅਲ ਬੈਲਟ ਲੈਦਰਿੰਗ, ਜਲੰਧਰ ।
21	ਬੀਟ ਇੰਡਸਟਰੀਜ਼, ਜਲੰਧਰ ।
22	ਅਸ਼ੋਕ ਚੋਪੜਾ, ਜਲੰਧਰ ।
23	ਬੀ. ਸੀ. ਚੋਪੜਾ, ਜਲੰਧਰ ।
24	ਸਤਨਾਮ ਸਿੰਘ ਐਂਡ ਗੁਰਦਿਆਲ ਸਿੰਘ, ਜਲੰਧਰ ।
25	ਵਿਸ਼ਲ ਉਦਯੋਗ, ਜਲੰਧਰ ।
26	ਪ੍ਰੋਕਸੋਨ ਟੂਲਜ਼, ਜਲੰਧਰ ।
27	ਅਸ਼ਵਨੀ ਕੁਮਾਰ ਐਂਡ ਬਰਦਰਜ਼, ਜਲੰਧਰ ।
28	ਮੋਹਿੰਦਰਾ ਇੰਡਸਟਰੀਜ਼, ਜਲੰਧਰ ।

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਲਾਟੀਆਂ ਦੇ ਨਾਂ
29	ਸ਼੍ਰੀਮਤੀ ਅਜੀਤ ਸੰਧੂ, ਜਲੰਧਰ ।
30	ਐਚ. ਐਸ. ਆਇਲ ਫਰਨਿਸ, ਜਲੰਧਰ ।
31	ਹਰਭਜਨ ਸਿੰਘ ਮਠਾੜੂ, ਚਰਨ ਸਿੰਘ ਮਠਾੜੂ, ਜਲੰਧਰ ।
32	ਅਸ਼ੋਕ ਕੁਮਾਰ ਪਾਹਵਾ, ਜਲੰਧਰ ।
33	ਨਿਊ ਭਾਰਤ ਇੰਡਸਟਰੀਜ਼, ਜਲੰਧਰ ।
34	ਪੀ. ਐਸ. ਈ. ਬੀ. ਲਈ ਰਾਖਵਾਂ ਕੀਤਾ ਹੋਇਆ ।

Relaxation in age to Disabled persons

*1590. **Jathedar Gurbachan Singh Lakhmirwala :** Will the Chief Minister be pleased to state :—

(a) whether any relaxation in the upper age limit to enter Government Service has been given in the case of disabled persons; if so, the extent thereof;

(b) whether any instructions to this effect have since been issued to the Heads of concerned Departments ?

ਸਰਦਾਰ ਦਰਬਾਰਾ ਸਿੰਘ : (ੳ) ਸ਼ਰੀਰਕ ਭੌਰ ਤੇ ਅੰਗਹੀਣ ਵਿਅਕਤੀਆਂ ਲਈ ਸਰਕਾਰੀ ਸੇਵਾਵਾਂ ਵਿੱਚ ਸਿੱਧੀ ਭਰਤੀ ਰਾਹੀਂ ਨਿਯੁਕਤੀ ਲਈ ਆਮ ਉਮਰ ਦੀ ਵੱਧ ਤੋਂ ਵੱਧ ਹੱਦ ਨਾਲੋਂ 10 ਸਾਲਾਂ ਤੱਕ ਦੀ ਛੋਟ ਦਿੱਤੀ ਗਈ ਹੈ ।

(ਅ) ਹਾਂ ਜੀ ।

UNSTARRED QUESTIONS AND ANSWERS

Arbitration Proceedings

230. **Sardar Major Singh Ubboke :** Will the Minister of State for Co-operation be pleased to state :—

(a) whether the Managing Committee of the Tarsikka Marketing Society sent any resolution on 22nd May, 1978 to the concerned officers for initiating arbitration proceedings for the recovery of amount from the persons involved in the embezzlement of fertilizers; if so, the action so far taken thereon;

(b) the steps so far taken by the Assistant Registrar, Co-operative Societies for the recovery of the amount ?

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਪਾਲ ਸਿੰਘ : (ੳ) ਇਕ ਆਰਬੀਟਰੇਸ਼ਨ ਮਤੇ ਸਮੇਤ ਮਿਤੀ 27 ਜੂਨ 1978 ਨੂੰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਦੇ ਦਫ਼ਤਰ ਵਿਚ ਪ੍ਰਾਪਤ ਹੋਇਆ । ਇਸ ਕੇਸ ਵਿਚ ਕੁਝ ਊਣਤਾਈਆਂ ਹੋਣ ਕਾਰਨ ਇਹ ਕੇਸ ਇੰਸਪੈਕਟਰ ਹਲਕਾ ਦੇ ਰਾਹੀਂ ਨਵੇਂ ਸਿਰੇ ਤੋਂ ਤਿਆਰ ਕਰਨ ਲਈ ਸਬੰਧਤ ਸਭਾ ਨੂੰ ਹਦਾਇਤ ਕੀਤੀ ਗਈ ਸੀ । ਉਸ ਤੋਂ ਬਾਅਦ ਸਭਾ ਨੇ ਇਹ ਕੇਸ ਹੁਣ ਤੱਕ ਤਿਆਰ ਕਰਕੇ ਨਹੀਂ ਭੇਜਿਆ ।

(ਅ) ਇਹ ਮਾਰਕੀਟਿੰਗ ਸਭਾ ਬੰਦੀ ਹੁਕਮ ਅਧੀਨ ਲਿਆਂਦੀ ਗਈ ਹੈ ਅਤੇ ਇਸ ਦਾ ਸਮਾਪਤਕਾਰ ਨਿਯੁਕਤ ਕਰ ਦਿੱਤਾ ਗਿਆ ਹੈ । ਉਸ ਨੂੰ ਹਦਾਇਤ ਕਰ ਦਿਤੀ ਹੈ ਕਿ ਉਹ ਪੰਜਾਬ ਕੋਆਪ੍ਰੇਟਿਵ ਸੁਸਾਇਟੀ ਐਕਟ ਦੀ ਧਾਰਾ 59 ਦੇ ਤਹਿਤ ਉਨ੍ਹਾਂ ਵਿਅਕਤੀਆਂ ਦੇ ਖਿਲਾਫ ਇਸ ਖਾਦ ਦੇ ਘਟਦੇ ਸਟਾਕ ਦੀ ਵਸੂਲੀ ਲਈ ਯੋਗ ਕਾਰਵਾਈ ਕਰੇ ।

Under Trial Accused in Jails

227. Comrade Saghar Singh : Will the Chief Minister be pleased to state :—

(a) the number of under trial accused below 14 years of age in the Punjab Jails, Jailwise as on 1st November, 1981;

(b) the names and addresses of each such accused alongwith the date since when he/she has been in Jail, the charges against him/her and the maximum sentence to which he/she is liable ?

ਸਰਦਾਰ ਦਰਬਾਰਾ ਸਿੰਘ : (ੳ) ਅਤੇ (ਅ) ਲੰਮੀ ਸੂਚਨਾ ਨਾਲ ਨੱਥੀ ਹੈ ।

Original with;
Punjab Vidhan Sabha
Digitized by;
Panjab Digital Library

Original with: Punjab Vidhan Sabha
Digitized by: Panjab Digital Library

ਸੂਚਨਾ

(ਜੇਲ੍ਹਾਂ ਵਿਚ ਸਮਾਇਤ ਅਧੀਨ ਦੋਸ਼ੀ ਬੱਚੇ)

ਸਿ: ਨੰ:	ਜੇਲ੍ਹ ਦਾ ਨਾਉਂ	ਬੱਚੇ ਦਾ ਨਾਉਂ	ਪਿਤਾ ਦਾ ਨਾਉਂ	ਪਤਾ	ਦੋਸ਼	ਕਿਹੜੀ ਤਾਰੀਖ ਨੂੰ ਜੇਲ੍ਹ ਵਿਚ ਆਇਆ	ਵੱਧ ਤੋਂ ਵੱਧ ਕਿੰਨੀ ਸਜ਼ਾ ਦਾ ਭਾਗੀ ਹੈ ਜਾਂ ਬਰੀ ਹੋਣ ਦੀ ਮਿਤੀ।
1	2	3	4	5	6	7	8
1	ਕੇਂਦਰੀ ਜੇਲ੍ਹ ਬਠਿੰਡਾ	ਬਬਲੂ	ਮੁਰਾਰੀ ਲਾਲ	ਖਾਨਾ ਬਦੋਸ਼ ਆਗਰਾ	25, 54, 591 ਆਰਮਜ਼ ਐਕਟ	15-10-81	ਤਿੰਨ ਸਾਲ ਜੁਰਮਾਨੇ ਨਾਲ
2	ਕੇਂਦਰੀ ਜੇਲ੍ਹ ਫਿਰੋਜ਼ਪੁਰ	ਰੇਹਮਾ ਬੇਗਮ	ਮਾਹੜੂ	ਬਸਨ ਦੰਗ ਪੁਲਿਸ ਸਟੇਸ਼ਨ ਮੱਧ ਜ਼ਿਲ੍ਹਾ ਹਾਕੀਆਂ (ਬਰਮਾ)	3/34/20 ਆਈ.ਪੀ.ਐਕਟ	16-3-81	ਪੰਜ ਸਾਲ ਜੁਰਮਾਨੇ ਨਾਲ
3	ਕੇਂਦਰੀ ਜੇਲ੍ਹ ਫਿਰੋਜ਼ਪੁਰ	ਰੇਹਮਾ ਬੇਗਮ	ਗੁਲਾਮ ਹੱਸਨ	ਉਪਰੋਕਤ	14 ਐਫ ਐਕਟ	ਉਪਰੋਕਤ	ਉਪਰੋਕਤ
4	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਇਕਤਰਾ ਬੇਗਮ	ਗੁਲਾਮ ਹੱਸਨ	ਉਪਰੋਕਤ	ਉਪਰੋਕਤ	ਉਪਰੋਕਤ	ਉਪਰੋਕਤ
5	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਨਾਜ਼ਰ ਹਸਨ	ਮੁਹੰਮਦ ਹਾੜੂ	ਉਪਰੋਕਤ	ਉਪਰੋਕਤ	ਉਪਰੋਕਤ	ਉਪਰੋਕਤ
6	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਅਲੀ ਐਹਮੁਦ	ਮੁਹੰਮਦ ਹਾੜੂ	ਉਪਰੋਕਤ	ਉਪਰੋਕਤ	ਉਪਰੋਕਤ	ਉਪਰੋਕਤ
7	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਸਕਾਰਾ ਬੇਗਮ	ਮੁਹੰਮਦ ਹਾੜੂ	ਉਪਰੋਕਤ	ਉਪਰੋਕਤ	ਉਪਰੋਕਤ	ਉਪਰੋਕਤ
8	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਹਜ਼ਾਰਾ ਬੇਗਮ	ਮੁਹੰਮਦ ਹਾੜੂ	ਉਪਰੋਕਤ	ਉਪਰੋਕਤ	ਉਪਰੋਕਤ	ਉਪਰੋਕਤ

1	2	3	4	5	6	7	8
9	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਸਾਲੀ ਮੁਲਾ	ਅੱਲਾ ਮੀਆਂ	ਬਸਨ ਦੰਗ ਪੁਲਿਸ ਸਟੇਸ਼ਨ ਮੱਧ ਜ਼ਿਲ੍ਹਾ ਹਾਕੀਆਂ (ਬਰਮਾ)	ਬਸਨ ਦੰਗ ਪੁਲਿਸ ਸਟੇਸ਼ਨ ਮੱਧ ਜ਼ਿਲ੍ਹਾ ਹਾਕੀਆਂ (ਬਰਮਾ)	16-3-81	14 ਐਫ ਐਕਟ
10	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਪੁੱਤੀ	ਸਿਵ ਸੰਕਰ	ਖੁਰਦ ਪਗੜੀ	107/151 ਸੀ.ਆਰ.ਪੀ.ਸੀ.	1-10-81	ਜ਼ਮਾਨਤ ਤੇ ਮਿਤੀ 10 ਨਵੰਬਰ, 1981 ਤੋਂ
11	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਭੁਪਿੰਦਰ	ਗਿਆਨ ਸਿੰਘ	ਗਾਂਧੀ ਨਗਰ ਮ: ਨੰ: 1120 ਬੰਬਈ	ਉਪਰੋਕਤ	5-10-81	ਕੋਰਟ ਤੋਂ 31 ਦਸੰਬਰ, 81 ਨੂੰ ਡਿਸਚਾਰਜ ਕੀਤਾ ਗਿਆ ।
12	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਪਰਮਜੀਤ ਸਿੰਘ	ਮਹਿਰ ਸਿੰਘ	13/102 ਤਰਨ ਤਾਰਨ	326/34	20-10-81	ਜ਼ਮਾਨਤ ਤੇ 14 ਦਸੰਬਰ, 1981 ਨੂੰ
13	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਜਿੰਦਰ ਸਿੰਘ	ਕਰਮ ਸਿੰਘ	ਸਖੀਰਾ ਆਈ.ਪੀ. ਸੀ.	302 ਆਈ. ਪੀ. ਸੀ.	30-1-81	ਬਰੀ 1 ਫਰਵਰੀ, 1982
14	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਅਵਤਾਰ ਸਿੰਘ	ਅਮਲੋਕ ਸਿੰਘ	537 ਫੇਜ਼ 3/ਬੀ. 1 ਮੋਹਾਲੀ (ਝੋਪੜ)	452/506 323/34 ਆਈ.ਪੀ.ਸੀ.	4-8-81	ਬਰੀ 19 ਜਨਵਰੀ, 1982
15	ਸਬ ਜੇਲ੍ਹ ਮਾਨਸਾ	ਮਿਠੂ ਸਿੰਘ	ਟੇਕ ਸਿੰਘ	ਕਲਰੀਆ ਪੀ.ਐਸ. ਬਬੇਟਾ ਜ਼ਿਲ੍ਹਾ ਗੁਰਦਾਸ-ਪੁਰ	304/201/34 ਆਈ.ਪੀ.ਸੀ.	30-10-81	ਉਮਰ ਕੈਦੀ ਜ਼ਮਾਨਤ ਤੇ 18 ਨਵੰਬਰ, 1981 ਨੂੰ। ਬਾਲਗ ਦੋਸ਼ੀਆਂ ਨਾਲ ਆਇਆ ਸੀ ।
16	ਜ਼ਿਲ੍ਹਾ ਜੇਲ੍ਹ, ਜਲੰਧਰ	ਮਨੋਹਰ	ਭੀਮ ਸਿੰਘ	ਕਾਜੀ ਮੰਡੀ ਜਲੰਧਰ	3 ਆਰ. ਪੀ. (ਫੂ. ਪੀ. ਐਕਟ)	13-10-81	ਇਕ ਸਾਲ ਤਕ

Original with: Punjab Vidhan Sabha
Digitized by: Panjab Digital Library

Unstarred Question No. 228

(Extension was asked for in respect of unstarred Question No. 228*)

Unstarred Question No. 229

(Extension was asked for in respect of unstarred Question No. 229*)

Construction of Panchayat Bhawans

226. Sardar Dalip Singh Pandhi : Will the Minister for Development be pleased to state: —

(a) whether any Panchayat Bhawans are under construction in the State at present ; if so, the details thereof ;

(b) if the reply to part (a) above be in the affirmative, the dates on which the construction work on each of the Panchayat Bhawans mentioned in part (a) above was taken in hand together with the details of the estimated cost of each ;

(c) the approximate time by which the construction work on each of the said Bhawans is likely to be completed ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਸੰਗਰੂਰ, ਲੁਧਿਆਣਾ ਅਤੇ ਪਟਿਆਲਾ ਵਿਖੇ ਪੰਚਾਇਤ ਭਵਨ ਉਸਾਰੀ ਅਧੀਨ ਹਨ ।

(ਅ ਅਤੇ ਇ) ਜਿਸ ਮਿਤੀ ਤੋਂ ਪੰਚਾਇਤ ਭਵਨਾਂ ਦੀ ਉਸਾਰੀ ਸ਼ੁਰੂ ਕੀਤੀ ਗਈ, ਉਨ੍ਹਾਂ ਤੇ ਆਉਣ ਵਾਲੀ ਅਨੁਮਾਨਿਤ ਲਾਗਤ ਅਤੇ ਉਨ੍ਹਾਂ ਦੀ ਉਸਾਰੀ ਮੁਕੰਮਲ ਹੋਣ ਦਾ ਅੰਦਾਜ਼ਨ ਸਮੇਂ ਦਾ ਵਿਵਰਣ ਹੇਠਾਂ ਦਿੱਤਾ ਜਾਂਦਾ ਹੈ :—

ਜ਼ਿਲ੍ਹੇ ਦਾ ਨਾਂ ਜਿੱਥੇ ਪੰਚਾਇਤ ਭਵਨ ਉਸਾਰੀ ਅਧੀਨ ਹਨ		ਜਿਸ ਮਿਤੀ ਤੋਂ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ	ਅਨੁਮਾਨਤ ਲਾਗਤ	ਪੰਚਾਇਤ ਭਵਨ ਦਾ ਮੁਕੰਮਲ ਹੋਣ ਦਾ ਅੰਦਾਜ਼ਨ ਸਮਾਂ
ਸੰਗਰੂਰ	...	1-9-79	10,00,000	ਮਾਰਚ, 1982 ਦੇ ਅੰਤ ਤੱਕ ।
ਲੁਧਿਆਣਾ	...	2-2-81	10,00,000	ਜੂਨ, 1982 ਦੇ ਅੰਤ ਤੱਕ ।
ਪਟਿਆਲਾ	...	25-5-78	10,00,000	ਸਤੰਬਰ, 1982 ਦੇ ਅੰਤ ਤੱਕ ।

*For Unstarred Questions Nos. 228 and 229 and replies there to please see Appendix to this Debate

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ** ** **

Mr. Speaker : This is no point of order.

ਕਾਮਰੇਡ ਰਾਜ ਕੁਮਾਰ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਸ ਦੇ ਮੁਤਲਕ ਇਕ ਕਾਲ ਅਟੈਨਸ਼ਨ ਮੋਸ਼ਨ ਆਨਸਰ ਹੋ ਚੁਕੀ ਹੈ। ਇਸ ਲਈ ਇਹ ਮੈਂ ਡਿਸਅਲਾਓ ਕਰਦਾ ਹਾਂ।

Chief Minister . Let me say. ਸਪੀਕਰ ਸਾਹਿਬ, ਮੈਂ ਸਿਰਫ ਇਹ ਅਰਜ਼ ਕਰਨੀ ਹੈ ਕਿ ਇਹ ਜੋ ਮੈਟਰ ਉਠਾਇਆ ਜਾ ਰਿਹਾ ਹੈ, ਇਸ ਬਾਰੇ ਮੈਂ ਫੈਕਚੂਅਲ ਪੁਜ਼ੀਸ਼ਨ ਕਲ੍ਹ ਸਟੇਟਮੈਂਟ ਵਿਚ ਦੱਸ ਦਿਆਂਗਾ।

(ਇਸ ਵੇਲੇ ਸ਼੍ਰੀ ਸਪੀਕਰ ਪ੍ਰਿਵਿਲਜ ਮੋਸ਼ਨ ਬਾਰੇ ਰੂਲਿੰਗ ਦੇਣ ਲਗੇ)

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਤੁਸੀਂ ਬੈਠੋ। ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ।

QUESTION OF PRVIILEGE

Mr. Speaker : On 25th and 26th March, 1982, Sardar Dalip Singh Pandhi and Sardar Atma Singh, M.L.A.'s respectively gave notices of Privilege Motions in which they had alleged that the Minister for Agriculture and Irrigation had made a mis-statement about the alignment of Sutlej-Yamuna-Link Canal. On 26th March, 1982, I gave an interim ruling that as per past practice I was referring the matter to the Minister concerned for clarification and that on receipt of the reply I would give my ruling.

I have now received necessary clarification from the Minister for Agriculture and Irrigation which reads as under :—

> "According to the Agreement regarding allocation of surplus flows of the rivers Ravi and Beas over and above the pre-partition uses and implementation of the Sutlej-Yamuna Link Canal Project signed by the Chief Ministers of Punjab, Haryana and Rajas than on the 31st December, 1981, the Sutlej Yaumna Link Canal Project is to be implemented in a time bound manner so far as the canal and appurtenant works in the Punjab territory are concerned within a maximum period of two years from the date of signing of the Agreement.

**Expeunged not recorded as ordered by the Chair.

Original with;
Punjab Vidhan Sabha
Digitized by;
Panjab Digital Library

The differences with regard to the alignment of the Link Canal and appurtenant works in the Punjab territory were required to be discussed between the Governments of Punjab and Haryana, who should agree to a mutually acceptable canal alignment in the Punjab territory within a period of three months from the date of signing of the Agreement. If, however, the State Governments were unable to reach complete agreement within this period, the matter was to be decided by the Central Government within a period of two weeks.

In pursuance of the provisions of the Agreement cited above, the discussions regarding canal alignment were held between the Chief Engineer (Canals), Irrigation Works, Punjab and the Engineer-in-Chief, Haryana, and they arrived at a proposal. The Government of Haryana has conveyed its concurrence to the alignment agreed to between the Chief Engineer Canals, Punjab and the Engineer-in-Chief, Haryana, The matter is yet to be considered by the Government of Punjab and while considering it, all relevant factors will be taken into consideration, including representations received in the meantime.

Sardar Balwant Singh : A copy of the agreement between the Chief Ministers of Punjab, Haryana and others in regard to water dispute should be placed on the Table of the House.

Mr. Speaker: Please let me have my say. This is another matter. Further, a small strip of land in villages Kamalpur, Sarala Kalan and Ram Nagar (Lachhu Khurd) in District Patiala has been acquired by the Irrigation Branch of Punjab in a length of about 4.5 K.Ms. of the proposed canal (which is only a fraction of the total length of the canal) the alignment of which will be the same in the various alternatives under consideration. In fact, the notification for the acquisition of this land under section 4 of the Land Acquisition Act, 1894, was first issued on the 20th February, 1978.

Keeping in view the above facts, I find that there is no mis-statement made by the Minister concerned. I, therefore, do not give my consent to the question of privilege being raised.

(At this stage some Hon. Members rose on points of order.)

Mr. Speaker: You cannot discuss my ruling. Shri Surinder Kapur to please read his Call Attention Notice.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੀ ਪ੍ਰਿਵਲਜ ਮੋਸ਼ਨ ਦਾ ਜਵਾਬ ਨਹੀਂ ਦਿੱਤਾ ਹੈ । ਮਨਿਸਟਰ ਸਾਹਿਬ ਨੇ ਇਥੇ ਕਿਹਾ ਸੀ ਕਿ ਸਾਡੀ ਕੋਈ ਹਾਲੇ ਇਲਾਈਨਮੈਂਟ ਨਹੀਂ ਹੋਈ ਹੈ ਪਰ ਤੁਹਾਡੀ ਅੱਜ ਇਸ ਸਬੰਧ ਵਿਚ ਰੂਲਿੰਗ ਆ ਗਈ ਹੈ ਕਿ ਅਲਾਈਨਮੈਂਟ ਹੋ ਗਈ ਹੈ ।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਬੈਠੋ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅੱਜ ਇਕ ਪ੍ਰਿਵਲਜ ਮੋਸ਼ਨ ਦਿਤੀ ਸੀ ਉਸ ਦਾ ਤੁਸੀਂ ਹਾਲੇ ਜਵਾਬ ਨਹੀਂ ਦਿਤਾ । ਉਸ ਬਾਰੇ ਮੈਨੂੰ ਦੱਸ ਦਿਓ । ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਹਰਿਆਣੇ ਵਿਚ ਵੱਟਾਂ ਪੈਣੀਆਂ ਹਨ ਅੱਰ ਉਥੇ ਸਰਕਾਰ ਨੇ 6 ਦੁਕਾਨਾਂ ਹਟਾ ਦਿਤੀਆਂ, ਪ੍ਰਧਾਨ ਮੰਤਰੀ ਆ ਰਹੀ ਹੈ। ਤੁਸੀਂ ਮੇਰੀ ਪ੍ਰਵਿਲਿਜ ਮੋਸ਼ਨ ਦਾ ਦੱਸੋ ਕੀ ਕੀਤਾ ਹੈ ?

ਸ਼੍ਰੀ ਸਪੀਕਰ : ਜਿਹੜੀ ਪ੍ਰਵਿਲਜ ਮੋਸ਼ਨ ਤੁਸੀਂ ਦਿੱਤੀ ਸੀ ਉਹ ਅੰਡਰ ਪ੍ਰੋਸੈਸ ਹੈ। It has not yet come to me. ਤੁਸੀਂ ਹੁਣ ਬੈਠ ਜਾਓ।

CALL ATTENTION NOTICES UNDER RULE 66

(Serial No. 156)

Shri Surinder Kapur : Sir, I beg to draw the attention of the Government towards a matter of urgent public importance, namely, the flush system is being introduced in Bhatinda City. The material used is available in the open market at reasonable rates but the authorities concerned are charging much more than that from the individuals thus causing hardship to the public. There is great resentment in the public of Bhatinda and, therefore, the Minister for Local Government may be asked to make a statement in the House explaining the reasons for such heavy charges.

Minister for Local Government (Shri Sardari Lal Kapoor) : The Government of Punjab has entered into an agreement with the World Bank for financing Rs. 66.70 crores project for augmentation of water supply and sewerage services in 8 towns including Bhatinda. Share contribution of World Bank is 35%, Government of Punjab 15%, LI.C. 20% and Corporation M.Cs. 30%.

Out of the above amount, Rs. 18 crores are meant for providing Water Connections and Hand Flush Toilets for individual houses. This work is being executed by the Punjab Water Supply and Sewerage Board. The claims for reimbursement of loan have to be sent to the World Bank and reimbursement by World Bank is made against the actual work done by the Board.

(Interruption and Noise in the House)

In Bhatinda, according to agreement, 6450 Hand Flush Toilets are to be installed by the Board. Out of this, 4100 have already been installed during the past three years. The work is being done by calling competetive tenders in the press and it is allotted to the lowest tenderers. The Board is ensuring that the material used is either ISI marked or conforms to ISI specifications and the civil work to be done conforms strictly to P.W.D. specifications. There has been no complaint regarding the quality of work. As far as the cost is concerned, comparative study has been made and it shows that the cost charged by the Board is reasonable and at many places less than that charged by the private contractors.

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਮਾਰਕਿਟ ਰੇਟ ਨਾਲ ਸੀਵਰੇਜ ਕੁਨੈਕਸ਼ਨ ਲਗਾਇਆ ਜਾਵੇ ਫੇਰ ਖਰਚਾ 700/800 ਰੁਪਏ ਦੇ ਕਰੀਬ ਆਉਂਦਾ ਹੈ ਅੱਰ ਬੋਰਡ ਦੇ ਰਾਹੀਂ ਇਸ ਦਾ ਖਰਚਾ 1,300 ਰੁਪਿਆ ਪੈਂਦਾ ਹੈ ਜਿਹੜਾ ਬਿਲਾਂ ਨਾਲ ਲੋਕਾਂ ਨੂੰ ਲਗਾ ਕੇ ਆ ਰਿਹਾ ਹੈ। ਇਸ ਨਾਲ ਲੋਕਾਂ ਤੇ 40/50 ਲੱਖ ਰੁਪਿਆ ਫਾਲਤੂ ਦਾ ਬੋਝ ਪਾਇਆ ਜਾ ਰਿਹਾ ਹੈ ਅੱਰ ਜਿਹੜਾ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਇਹ ਡਿਪਾਰਟਮੈਂਟ ਨੇ

Original with;
Punjab Vidhan Sabha
Digitized by;
Panjab Digital Library

ਬਿਲਕੁਲ ਗਲਤ ਬਣਾ ਕੇ ਦਿੱਤਾ ਹੈ । ਇਹ ਕਹਿੰਦੇ ਹਨ ਕਿ ਕੋਈ ਕੰਪਲੇਂਟ ਨਹੀਂ ਆਈ ਹੈ ਜਦ ਕਿ ਅਸੀਂ ਸ਼ਿਕਾਇਤਾਂ ਗਰੀਵੈਂਸਿਜ਼ ਕਮੇਟੀ ਦੇ ਵਿਚ ਅਤੇ ਦਫਤਰਾਂ ਦੇ ਵਿਚ ਦਿਤੀਆਂ ਹਨ ਕਿ ਸਾਡੇ ਤੇ ਹੋਰ ਜ਼ਿਆਦਾ ਬੋਝ ਨਾ ਪਾਇਆ ਜਾਵੇ । ਕੀ ਮਨਿਸਟਰ ਸਾਹਿਬ, ਇਸ ਸਬੰਧੀ ਕਮੇਟੀ ਬਣਾਉਣ ਲਈ ਤਿਆਰ ਹਨ ਜਿਹੜੀ ਇਸ ਦੀ ਪੜਤਾਲ ਕਰ ਸਕੇ ? ਕਿਉਂ ਕਿ ਇਸ ਕੰਮ ਵਿਚ 25-30% ਮੁਨਾਫਾ ਠੇਕੇਦਾਰ ਕਮਾ ਰਿਹਾ ਹੈ ਅਤੇ 17% ਡਿਪਾਰਟਮੈਂਟਲ ਚਾਰਜਿਜ਼ ਪੈ ਰਹੇ ਹਨ ਅਤੇ ਇਸ ਤੋਂ ਇਲਾਵਾ 4% ਲੋਕਾਂ ਤੇ ਵਿਆਜ ਪੈ ਰਿਹਾ ਹੈ । ਇਸ ਤਰੀਕੇ ਨਾਲ ਨਾ ਕੇਵਲ ਬਠਿੰਡੇ ਵਿਚ ਬਲਕਿ ਸਾਰੇ ਪੰਜਾਬ ਦੀ ਗੱਲ ਹੈ। ਬਠਿੰਡਾ ਵਿਚ ਲੋਕਾਂ ਤੇ 40-50 ਲੱਖ ਰੁਪਏ ਦਾ ਫਾਲਤੂ ਬੋਝ ਪਾਇਆ ਜਾ ਰਿਹਾ ਹੈ । ਕੀ ਸਰਕਾਰ ਇਸ ਫਾਲਤੂ ਖਰਚੇ ਤੋਂ ਬਚਾਉਣ ਦਾ ਯਤਨ ਕਰੇਗੀ ਅੱਰ ਸਬਸਿਡੀ ਜੋ ਸਰਕਾਰ ਨੇ ਦੇਣੀ ਹੈ ਉਹ ਬਿਲ ਵਿਚੋਂ ਕਟੌਤੀ ਕਰੇਗੀ । ਸਪੀਕਰ ਸਾਹਿਬ, ਇਹ ਇਕਲੇ ਬਠਿੰਡੇ ਜ਼ਿਲ੍ਹੇ ਦਾ ਸਵਾਲ ਨਹੀਂ ਹੈ ਬਲਕਿ ਸਾਰੇ ਪੰਜਾਬ ਦੇ ਨਾਲ ਤੁਅੱਲਕ ਰਖਦਾ ਹੈ । ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੋ ਲੋਕਾਂ ਦੀ ਰਿਜ਼ੈਂਟਮੈਂਟ ਹੈ, ਉਸ ਨੂੰ ਸਰਕਾਰ ਸਮਝ ਕੇ ਪੂਰੀ ਤਰ੍ਹਾਂ ਦੇ ਨਾਲ ਅੱਰ ਸਹੀ ਢੰਗ ਦੇ ਨਾਲ ਇਸ ਮਸਲੇ ਨੂੰ ਹੱਲ ਕੀਤਾ ਜਾਵੇ ।

ਮੰਤਰੀ : ਸਪੀਕਰ ਸਾਹਿਬ, ਲੋਕਾਂ ਨੂੰ ਕੁਨੈਕਸ਼ਨ ਜੋ ਪ੍ਰਾਈਵੇਟ ਵਾਲੇ ਜਿਸ ਰੇਟ ਤੇ ਦਿੰਦੇ ਹਨ, ਉਨ੍ਹਾਂ ਨਾਲੋਂ ਸਸਤਾ ਬੋਰਡ ਲੋਕਾਂ ਨੂੰ ਦਿੰਦਾ ਹੈ । ਸਪੀਕਰ ਸਾਹਿਬ, 1,335 ਰੁਪਏ ਪ੍ਰਾਈਵੇਟ ਵਾਲੇ ਚਾਰਜ ਕਰਦੇ ਹਨ ਤਾਂ ਬੋਰਡ 1,313 ਰੁਪਏ ਨੂੰ ਦਿੰਦਾ ਹੈ। ਮੈਟੀਰੀਅਲ ਵੀ ਸਾਰਾ ਤੋਲ ਕੇ ਦਿੱਤਾ ਜਾਂਦਾ ਹੈ । ਪੀ. ਡਬ ਲਿਯੂ. ਡੀ. ਅਤੇ ਆਈ. ਐਸ. ਆਈ. ਦੇ ਮੁਤਾਬਿਕ ਸਾਰਾ ਮੈਟੀਰੀਅਲ ਜਾਂਚ ਕੇ ਦਿਤਾ ਜਾਂਦਾ ਹੈ । ਸਪੀਕਰ ਸਾਹਿਬ, ਜੋ ਆਨਰੇਬਲ ਮੈਬਰ ਸਾਹਿਬ ਨੇ ਮਿਉਂਸਪਲ ਕਮੇਟੀ ਦੇ ਮੁਤੱਲਕ ਕਿਹਾ ਹੈ ਉਨ੍ਹਾਂ ਨੂੰ ਹਦਾਇਤ ਕੀਤੀ ਜਾਵੇਗੀ । ਬਾਕੀ ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਹੈ ਜੋ ਕੰਪਲੇਂਟ ਆਈ ਸੀ ਉਸ ਨੂੰ ਵੇਖਿਆ ਗਿਆ ਹੈ। ਸਪੀਕਰ ਸਾਹਿਬ, ਕਪੂਰ ਸਾਹਿਬ ਨਾਲ ਬਠਿੰਡੇ ਦੇ ਅਧਿਕਾਰੀ ਨਾਲ ਗਏ ਸਨ ਅਤੇ ਉਨ੍ਹਾਂ ਨੂੰ ਸਾਰੀ ਚੀਜ਼ ਦੱਸੀ ਗਈ ਹੈ ਅੱਰ ਕਪੂਰ ਸਾਹਿਬ, ਉਥੇ ਸੈਟਿਸਫਾਈਡ ਹੋ ਕੇ ਆਏ ਸਨ ਅਤੇ ਫਿਰ ਇਹ ਬਾਅਦ ਵਿਚ ਕੁਐਸਚਨ ਆਇਆ ਹੈ ।

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਸਪਲੀਮੈਂਟਰੀ, ਸਰ ।

ਸ਼੍ਰੀ ਸਪੀਕਰ : ਕਪੂਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਤੇ ਇਕ ਹੀ ਸਪਲੀਮੈਂਟਰੀ ਅਲਾਓ ਕੀਤੀ ਜਾ ਸਕਦੀ ਹੈ । ਇਸ ਲਈ ਮੈਂ ਤੁਹਾਨੂੰ ਦੂਜੀ ਸਪਲੀਮੈਂਟਰੀ ਲਈ ਅਲਾਓ ਨਹੀਂ ਕਰਦਾ ।

(ਕ੍ਰਮ ਨੰ: 158)

ਕਾਮਰੇਡ ਦਰਸ਼ਨ ਸਿੰਘ ਝਬਾਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਹਸਪਤਾਲਾਂ ਵਿਚ ਹਲਕੇ ਕੁੱਤੇ ਦੇ ਟੀਕੇ ਨਹੀਂ ਮਿਲਦੇ। ਜਿਨ੍ਹਾਂ ਲੋਕਾਂ ਨੂੰ ਹਲਕੇ ਕੁਤੇ ਕੱਟਣ ਕਾਰਨ ਜਲਦੀ ਤੋਂ ਜਲਦੀ ਟੀਕਾ ਲੱਗਣਾ ਚਾਹੀਦਾ ਹੈ ਕਈ ਕਈ ਦਿਨ ਖਰਾਬ ਹੋਣਾ ਪੈਂਦਾ ਹੈ ਤੇ ਸਮੇਂ ਸਿਰ ਟੀਕੇ ਨਹੀਂ ਲਗਦੇ ਜਿਸ ਕਾਰਨ ਕਈ ਮੌਤਾਂ ਵੀ ਹੋਈਆਂ ਹਨ । ਲੋਕਾਂ ਨੂੰ ਦੂਰ ਦੂਰ ਹਸਪਤਾਲਾਂ ਵਿਚ ਟੀਕੇ ਲਵਾਉਣ ਲਈ ਆਉਣਾ ਪੈਂਦਾ ਹੈ ਤੇ ਅਗੋਂ ਟੀਕਾ ਨਹੀਂ ਮਿਲਦਾ । ਲੋਕਾਂ ਦੀ ਮੁਸ਼ਕਲ ਨੂੰ ਮੁਖ ਰੱਖਦਿਆਂ ਹਰ ਬਲਾਕ ਵਿਚ ਪ੍ਰਾਇਮਰੀ ਹੈਲਥ ਸੈਂਟਰ ਵਿਚ ਪ੍ਰਬੰਧ ਕਰਨ ਬਾਰੇ ਲੋਕਾਂ ਦੀ ਮੰਗ ਚਲੀ ਆ ਰਹੀ ਹੈ ਪਰ ਅਜੇ ਤੱਕ ਸਰਕਾਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਵਲੋਂ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ ਜਿਸ ਕਾਰਨ ਲੋਕਾਂ ਵਿਚ ਬੇਚੈਨੀ ਹੈ। ਸਬੰਧਤ ਮੰਤਰੀ ਜਵਾਬ ਦੇਣ ਦੀ ਕਿਰਪਾਲਤਾ ਕਰਨ।

ਸਿਹਤ ਮੰਤਰੀ (ਸ੍ਰੀ ਜੋਗਿੰਦਰ ਪਾਲ ਪਾਂਡੇ): ਸਪੀਕਰ ਸਾਹਿਬ, ਹਲਕਾਅ ਵਿਰੋਧੀ ਵੈਕਸੀਨ ਸੈਂਟਰਲ ਰਿਸਰਚ ਇਸਟੀਚਿਊਟ ਕਸੌਲੀ ਵੱਲੋਂ ਤਿਆਰ ਕਰ ਕੇ ਪੰਜਾਬ ਰਾਜ ਨੂੰ ਸਪਲਾਈ ਕੀਤੀ ਜਾਂਦੀ ਹੈ। ਇਸ ਇੰਸਟੀਚਿਊਟ ਵਲੋਂ ਤਿਆਰ ਕੀਤੀ ਗਈ ਵੈਕਸੀਨ ਵਿਚੋਂ ਭਾਰਤ ਸਰਕਾਰ ਵਲੋਂ ਪੰਜਾਬ ਨੂੰ ਹਰ ਸਾਲ 10 ਲੱਖ ਮਿਲੀਲਿਟਰ ਵੈਕਸੀਨ ਅਲਾਟ ਕੀਤੀ ਜਾਂਦੀ ਹੈ। ਰਾਜ ਸਰਕਾਰ ਇਸ ਵੈਕਸੀਨ ਦੀ ਜ਼ਿਲ੍ਹਾਵਾਰ ਵੰਡ ਕਰਦੀ ਹੈ ਤੇ ਸਿਵਲ ਸਰਜਨ ਇੰਸਟੀਚਿਊਟ ਨੂੰ ਇੰਨਡੈਂਟ ਭੇਜਦੇ ਹਨ। ਇਹ ਸੰਸਥਾ ਪੰਜਾਬ ਦੇ ਵੱਖੋ ਵੱਖ ਜ਼ਿਲ੍ਹਿਆਂ ਨੂੰ ਕੀਤੀ ਗਈ ਅਲਾਟਮੈਂਟ ਅਨੁਸਾਰ ਵੈਕਸੀਨ ਭੇਜਦੀ ਹੈ। ਜੇ ਕੋਈ ਐਮਰਜੈਂਸੀ ਹੋਵੇ ਤਾਂ ਇਸ ਸੰਸਥਾ ਵਲੋਂ ਕਿਸੇ ਵੀ ਜ਼ਿਲ੍ਹੇ ਨੂੰ ਇਹ ਵੈਕਸੀਨ ਜ਼ਿਆਦਾ ਮਿਕਦਾਰ ਵਿਚ ਸਪਲਾਈ ਕੀਤੀ ਜਾਂਦੀ ਹੈ।

ਇਸ ਵੇਲੇ ਪੰਜਾਬ ਦੀਆਂ 65 ਡਾਕਟਰੀ ਸੰਸਥਾਵਾਂ ਵਿਚ ਹਲਕਾਅ ਵਿਰੋਧੀ ਕੇਂਦਰ ਖੋਲ੍ਹੇ ਹੋਏ ਹਨ। ਅਪਰੈਲ, 1982 ਦੇ ਅੰਤ ਤੱਕ 6 ਹੋਰ ਕੇਂਦਰ ਖੋਲ੍ਹੇ ਜਾਣ ਦੀ ਆਸ ਹੈ। ਇਨ੍ਹਾਂ ਸਾਰੇ ਕੇਂਦਰਾਂ ਵਿਚ ਇਹ ਵੈਕਸੀਨ ਲੋੜ ਅਨੁਸਾਰ ਕਾਫੀ ਮਾਤਰਾ ਵਿਚ ਮੌਜੂਦ ਹੁੰਦੀ ਹੈ। ਜੇ ਕਿਸੇ ਖਾਸ ਕੇਂਦਰ ਵਿਚ ਇਹ ਵੈਕਸੀਨ ਨਾ ਹੋਵੇ ਤਾਂ ਸਬੰਧਤ ਜ਼ਿਲ੍ਹੇ ਵਿਚ ਹੀ ਕਿਸੇ ਹੋਰ ਕੇਂਦਰ ਤੋਂ ਸਟਾਕ ਭੇਜਿਆ ਜਾਂਦਾ ਹੈ। ਹਲਕਾਅ ਰੋਗ ਦੀ ਰੋਕ- ਥਾਮ ਕਰਨ ਵਾਸਤੇ ਕੋਈ ਵੀ ਨਵਾਂ ਕੇਂਦਰ ਖੋਲ੍ਹਣਾ ਹੋਵੇ ਤਾਂ ਸੈਂਟਰਲ ਰਿਸਰਚ ਇੰਸਟੀਚਿਊਟ, ਕਸੌਲੀ ਦੀ ਮਨਜ਼ੂਰੀ ਲੈਣੀ ਪੈਂਦੀ ਹੈ। ਹਰ ਕੇਂਦਰ ਵਿਚ ਇਕ ਅਜਿਹੇ ਡਾਕਟਰ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ ਜੋ ਕਿ ਹਲਕਾਅ ਰੋਗ ਦੀ ਰੋਕ-ਥਾਮ ਸਬੰਧੀ ਟਰੇਨਿੰਗ ਲੈ ਚੁਕਾ ਹੋਵੇ। ਟਰੇਨਿੰਗ ਦੀਆਂ ਸਹੂਲਤਾਂ ਇਸ ਇਸਟੀਚਿਊਟ ਵਲੋਂ ਦਿੱਤੀਆਂ ਜਾਂਦੀਆਂ ਹਨ। ਮੈਂ ਸਦਨ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ 1982-83 ਦੇ ਦੌਰਾਨ ਸਰਕਾਰ ਹਰ ਬਲਾਕ ਦੇ ਇਕ ਪ੍ਰਾਇਮਰੀ ਹੈਲਥ ਸੈਂਟਰ ਵਿਚ ਹਲਕਾਅ ਵਿਰੋਧੀ ਕੇਂਦਰ ਖੋਲ੍ਹਣ ਦੀ ਕੋਸ਼ਿਸ਼ ਕਰੇਗੀ।

ਸਾਲ 1981 ਵਿਚ 15,350 ਕੁਤੇ ਕੱਟਣ ਦੇ ਕੇਸਾਂ ਦੀ ਸੂਚਨਾ ਆਈ ਅਤੇ ਜਿਨ੍ਹਾਂ ਕੇਸਾਂ ਵਿਚ ਇਲਾਜ ਦੀ ਲੋੜ ਸੀ, ਉਨ੍ਹਾਂ ਦਾ ਇਲਾਜ ਕੀਤਾ ਗਿਆ। ਉਸ ਸਾਲ ਵਿਚ ਹਲਕਾਅ ਨਾਲ ਹੋਈਆਂ 3 ਮੌਤਾਂ ਸਰਕਾਰ ਦੇ ਧਿਆਨ ਵਿਚ ਆਈਆਂ ਹਨ। ਦੋ ਮੌਤਾਂ ਰੋਪੜ ਜ਼ਿਲ੍ਹੇ ਵਿਚ ਤੇ ਇਕ ਮੌਤ ਜਲੰਧਰ ਵਿਚ ਹੋਈ। ਜਿਹੜੇ ਦੋ ਕੇਸ ਰੋਪੜ ਜ਼ਿਲ੍ਹੇ ਵਿਚ ਹੋਏ, ਉਹ ਸਰਕਾਰੀ ਡਾਕਟਰੀ ਸੰਸਥਾਵਾਂ ਵਿਚ ਕੁਤੇ ਦੇ ਕੱਟਣ ਤੋਂ 2 1/2 ਮਹੀਨੇ ਦੇ ਪਿਛੋਂ ਪੁੱਜੇ ਅਤੇ ਉਨ੍ਹਾਂ ਨੂੰ ਉਸ ਵੇਲੇ ਹਲਕਾਅ ਦੀ ਬਿਮਾਰੀ ਹੋ ਚੁਕੀ ਸੀ। ਹਲਕਾਅ ਜਾਨ ਲੇਵਾ ਰੋਗ ਹੈ। ਇਸ ਉਤੇ ਕਿਸੇ ਇਲਾਜ ਦਾ ਕੋਈ ਅਸਰ ਨਹੀਂ ਹੁੰਦਾ। ਕੁੱਤੇ ਦੇ ਕੱਟਣ ਤੋਂ ਪਿਛੋਂ ਹਲਕਾਅ ਵਿਰੋਧੀ ਟੀਕੇ ਇਸ ਰੋਗ ਨੂੰ ਰੋਕਣ ਲਈ ਲਾਏ ਜਾਂਦੇ ਹਨ ਅਤੇ ਇਹ ਟੀਕੇ ਕੁੱਤੇ ਦੇ ਕੱਟਣ ਤੋਂ ਬਾਅਦ ਛੇਤੀ ਤੋਂ ਛੇਤੀ ਲਾਉਣੇ ਹੁੰਦੇ ਹਨ। ਜਲੰਧਰ ਵਿਚ ਹੋਇਆ ਕੇਸ ਵੱਖਰਾ ਹੈ। ਮਰੀਜ਼ ਨੂੰ ਕੁੱਤੇ ਦੇ ਕੱਟਣ ਵਾਲੇ ਦਿਨ ਹੀ ਸਿਵਲ ਹਸਪਤਾਲ ਜਲੰਧਰ ਵਿਚ ਲਿਆਂਦਾ ਗਿਆ। ਉਸ ਨੂੰ ਹਲਕਾਅ ਰੋਗ ਤੋਂ ਬਚਾਉਣ ਵਾਲੇ ਟੀਕੇ ਲਾਏ ਗਏ ਪਰ ਦਸ ਦਿਨਾਂ ਤੋਂ ਬਾਅਦ ਹਲਕਾਅ ਰੋਗ ਅਤੇ ਨਮੂਨੀਏ ਦੇ ਕਾਰਨ ਉਸ ਦੀ ਮੌਤ ਹੋ ਗਈ। ਸਰਕਾਰ ਦੇ ਧਿਆਨ ਵਿਚ ਅਜਿਹਾ ਕੋਈ ਵੀ ਕੇਸ ਨਹੀਂ ਆਇਆ ਜਿਥੇ ਕਿ ਕੋਈ ਮੌਤ ਹਲਕਾਅ ਵਿਰੋਧੀ ਵੈਕਸੀਨ ਦੀ ਅਣਹੋਂਦ ਕਾਰਨ ਹੋਈ ਹੋਵੇ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੂੰ ਬੜੀ ਮੁਸ਼ਕਲ ਪੇਸ਼ ਆ ਰਹੀ ਹੈ। ਜੇਕਰ ਬਿਮਾਰੀ ਇਕ ਵਾਰ ਚਲ ਪਵੇ ਤਾਂ ਉਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ। ਮੈਂ ਕਾਲ ਅਟੈਨਸ਼ਨ ਮੋਸ਼ਨ ਦੇਣ ਦਾ ਮਤਲਬ ਇਹ ਸੀ ਕਿ ਜਿਨ੍ਹਾਂ ਨੂੰ ਕੁੱਤਾ ਕੱਟ ਜਾਂਦਾ ਹੈ, ਉਨ੍ਹਾਂ ਨੂੰ ਦੂਰ ਦੂਰੋਂ ਹਸਪਤਾਲ ਵਿਚ ਆਉਣਾ ਪੈਂਦਾ ਹੈ ਅੱਤ ਫਿਰ ਸਮੇਂ ਸਿਰ ਹਸਪਤਾਲ ਵਿਚ ਦਵਾਈ ਨਹੀਂ ਮਿਲਦੀ। ਮਰੀਜ਼ ਨੂੰ ਕਿਹਾ ਜਾਂਦਾ ਹੈ ਕਿ ਕਸੌਲੀ ਜਾਂ ਹਿਸਾਰ ਤੋਂ ਜਾ ਕੇ ਦਵਾਈ ਲਿਆਓ। ਸਪੀਕਰ ਸਾਹਿਬ, ਮੈਂ ਪਿਛੇ ਵੀ ਇਕ ਕੁਐਸਚਨ ਕੀਤਾ ਸੀ ਕਿ ਹਿਸਾਰ ਵਾਲਿਆਂ ਦੇ ਪੰਜਾਬ ਸਰਕਾਰ ਨੇ ਪੈਸੇ ਦੇਣੇ ਹਨ। ਇਸ ਲਈ ਉਹ ਦਵਾਈ ਨਹੀਂ ਦਿੰਦੇ ਜਦ ਤਕ ਉਨ੍ਹਾਂ ਦੇ ਪੈਸੇ ਸਰਕਾਰ ਨਾ ਦੇ ਦੇਵੇ। ਇਸ ਲਈ, ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਹਿਸਾਰ ਵਾਲਿਆਂ ਦੇ ਪੈਸੇ ਦੇਣੇ ਚਾਹੀਦੇ ਹਨ। ਦੂਸਰਾ, ਸਪੀਕਰ ਸਾਹਿਬ, ਬਲਾਕ ਪੱਧਰ ਤੇ ਦਵਾਈ ਦਾ ਇੰਤਜ਼ਾਮ ਕੀਤਾ ਜਾਵੇ। ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 1982-83 ਦੇ ਦੌਰਾਨ ਸਰਕਾਰ ਹਰ ਬਲਾਕ ਦੇ ਇਕ ਪ੍ਰਾਇਮਰੀ ਹੈਲਥ ਸੈਂਟਰ ਵਿਚ ਹਲਕਾਅ ਵਿਰੋਧੀ ਕੇਂਦਰ ਖੋਲ੍ਹਣ ਦੀ ਕੋਸ਼ਿਸ਼ ਕਰੇਗੀ। ਇਹ ਚੰਗੀ ਗੱਲ ਹੈ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਅਵਾਰਾ ਕੁੱਤੇ ਮਾਰਨ ਦੀ ਮੁਹਿੰਮ ਚਲਾਉਣੀ ਚਾਹੀਦੀ ਹੈ। ਇਹ ਮਸਲਾ ਮੈਂ ਗਰੀਵੈਂਸਿਜ਼ ਕਮੇਟੀ ਵਿਚ ਵੀ ਉਠਾਇਆ ਸੀ ਕਿ ਅਵਾਰਾ ਕੁੱਤਿਆਂ ਨੂੰ ਮਾਰਨਾ ਚਾਹੀਦਾ ਹੈ। ਲੋਕਾਂ ਨੂੰ ਦਵਾਈ ਲੈਣ ਲਈ ਹਸਪਤਾਲ ਵਿਚ ਦੂਰੋਂ ਆਉਣਾ ਪੈਂਦਾ ਹੈ ਅਤੇ ਦਵਾਈ ਵੀ ਸਮੇਂ ਸਿਰ ਨਹੀਂ ਮਿਲਦੀ। ਇਸ ਦਾ ਵੀ ਮਨਿਸਟਰ ਸਾਹਿਬ ਪ੍ਰਬੰਧ ਕਰਨ ਲੋਕਾਂ ਨੂੰ ਦਵਾਈ ਜਲਦੀ ਤੋਂ ਜਲਦੀ ਮਿਲ ਸਕੇ।

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬਾਨ ਵਲੋਂ ਬੜਾ ਲੰਬਾ ਚੌੜਾ ਸਵਾਲ ਕੀਤਾ ਗਿਆ ਹੈ। ਇਕ ਸਪਲੀਮੈਂਟਰੀ ਵਿਚ ਹੀ ਤਿੰਨ ਚਾਰ ਸਵਾਲ ਪੁੱਛੇ ਗਏ ਹਨ। ਸਪੀਕਰ ਸਾਹਿਬ, ਮੈਂ ਕਈ ਸਵਾਲਾਂ ਦਾ ਜਵਾਬ ਤਾਂ ਪਹਿਲਾਂ ਹੀ ਦੇ ਚੁੱਕਾ ਹਾਂ ਕਿ 1982-83 ਦੇ ਦੌਰਾਨ ਸਰਕਾਰ ਹਰ ਬਲਾਕ ਦੇ ਇਕ ਪ੍ਰਾਇਮਰੀ ਹੈਲਥ ਸੈਂਟਰ ਵਿਚ ਹਲਕਾਅ ਵਿਰੋਧੀ ਕੇਂਦਰ ਖੋਲ੍ਹਣ ਦੀ ਕੋਸ਼ਿਸ਼ ਕਰੇਗੀ। ਸਪੀਕਰ ਸਾਹਿਬ, ਜੇਕਰ ਕੋਈ ਵੀ ਨਵਾਂ ਕੇਂਦਰ ਖੋਲ੍ਹਣਾ ਹੋਵੇ ਤਾਂ ਸੈਂਟਰਲ ਰਿਸਰਚ ਇੰਸਟੀਚਿਊਟ ਕਸੌਲੀ ਦੀ ਮਨਜ਼ੂਰੀ ਲੈਣੀ ਪੈਂਦੀ ਹੈ। ਸਾਡੇ ਕੋਲ ਸਪੀਕਰ ਸਾਹਿਬ, ਇਸ ਵੇਲੇ ਪ੍ਰਬੰਧ ਦੀ ਕੋਈ ਕਮੀ ਨਹੀਂ ਹੈ। ਸਾਡੇ ਕੋਲ ਦਵਾਈ ਦੀ ਕਮੀ ਨਹੀਂ ਹੈ। ਜਿਹੜੇ ਲੋਕ ਹਸਪਤਾਲਾਂ ਵਿਚ ਕੁੱਤਾ ਕੱਟਣ ਤੋਂ ਬਾਅਦ ਨਹੀਂ ਪਹੁੰਚਦੇ, ਉਨ੍ਹਾਂ ਦਾ ਤਾਂ ਨੁਕਸਾਨ ਹੋ ਸਕਦਾ ਹੈ। ਜੇਕਰ ਮਰੀਜ਼ ਹਸਪਤਾਲ ਵਿਚ ਪਹੁੰਚ ਜਾਵੇ ਤਾਂ ਉਸ ਦਾ ਇਲਾਜ ਕੀਤਾ ਜਾਂਦਾ ਹੈ। ਬਾਕੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਵਲੋਂ ਅਵਾਰਾ ਕੁੱਤਿਆਂ ਨੂੰ ਮਾਰਨ ਲਈ ਕਿਹਾ ਗਿਆ ਹੈ। ਜੇਕਰ ਸਦਨ ਅਵਾਰਾ ਕੁੱਤਿਆਂ ਨੂੰ ਮਾਰਨ ਦੀ ਮੁਹਿੰਮ ਚਲਾਉਣਾ ਚਾਹੁੰਦਾ ਹੈ ਤਾਂ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ।

(*Serial No.* 161)

1. **Seth Khushal Chand**
2. **Sardar Sukhdev Singh Dhindsa**
3. **Sardar Sant Singh**

: Sir, I beg to draw the attention of the Government towards a matter of urgent public importance, namely, the recent orders of the Punjab Government to increase the admission fee in the Government Hospital or dispensary for treatment from ten paise to two rupees. This unilateral sharp increase will deprive lakhs of the poor

Original with;
Punjab Vidhan Sabha
Digitized by;
Panjab Digital Library

people from approaching Government Hospitals for treatment. The decision is against the interest of the poor already hard put by high prices and also against the concept of a welfare State. The Government is requested to make a statement in the House on the point.

Health and Family Welfare Minister (Shri Joginder Pal Pandey) : Patients who come to Government hospitals, dispensaries or other medical institutions for out-door treatment have to pay a purchee fee of 10 paise. When he revisits with the same purchee he is not charged anything. The reason for charging the purchee fee is to see that the patient does not lose it otherwise the continuity of treatment would be disrupted. This rate of 10 paise per purchase was fixed in the year 1960 and the same has been continuing since then. No increase has been made in the purchee fee.

2. Patients who come to the Government Medical Institutions for indoor treatment have to pay an admission fee. In the year 1960 an admission fee of Rs. 2 was fixed for such indoor patients who did not want to take the hospital diet. Those patients who took the hospital diet had to pay admission fee of 25 paise. Different rates of admission fee for non-dieted and dieted patients were fixed on the assumption that those patients who could afford to have their own diet would be relatively well off. Experience over the past years has shown that in order to pay an admission fee of 25 paise instead of Rs. 2/, some patients would register themselves as dieted patients. They would, however, not take the diet provided to them by the hospital. Since such patients were registered as dieted patients , diet for them was also prepared in the hospital which would go waste because they would not take such diet. This was resulting in unnecessary wastage and loss of food. It was with a view to avoid this wastage that Government decided in February, 1982 to remove the distinction between the dieted and non-dieted patients and to charge uniform admission fee of Rs 2/ from all patients. I may, however, inform the House that the yellow card holders and their families will not be required to pay any admission fee. It will, therefore, be seen that the recent Government decision to charge uniform admission fee of Rs 2/ for indoor patients was intended to avoid wastage and has not caused any hardship or suffering to the poor.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਨ੍ਹਾਂ ਨੂੰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਖਬਾਰਾਂ ਵਿਚ ਆਇਆ ਹੈ ਕਿ ਆਊਟਡੋਰ ਪੇਸ਼ੈਂਟ ਦੀ ਪਰਚੀ ਬਣਾਉਣ ਲਈ ਫੀਸ 10 ਪੈਸੇ ਤੋਂ 25 ਪੈਸੇ ਕੀਤੀ ਗਈ ਹੈ, ਕੀ ਇਹ ਠੀਕ ਹੈ ? ਦੂਸਰੇ, ਕੀ ਇਹ 25 ਪੈਸੇ ਤੋਂ ਹੋਰ ਜ਼ਿਆਦਾ ਇਹ ਫੀਸ ਅੱਗੇ ਨੂੰ ਵਧਾਉਣ ਦੀ ਤਾਂ ਇਨ੍ਹਾਂ ਦੀ ਪ੍ਰਪੋਜ਼ਲ ਨਹੀਂ ਹੈ ?

ਮੰਤਰੀ : ਇਸ ਬਾਰੇ ਮੈਂ ਕੋਈ ਗੱਲ ਨਹੀਂ ਕਹਿ ਸਕਦਾ । ਪਰ ਇੱਕ ਗੱਲ ਮੇਰੀ ਸਟੇਟਮੈਂਟ ਤੋਂ ਜ਼ਾਹਿਰ ਹੈ ਕਿ 1960 ਵਿਚ 10 ਪੈਸੇ ਫੀਸ ਦੇ ਮੁੱਕਰਰ ਕੀਤੇ ਸਨ । 1960 ਤੋਂ ਲੈ ਕੇ 1982 ਆ ਗਿਆ ਹੈ । ਹੁਣ ਜਿਸ ਤਰ੍ਹਾਂ ਦੇ ਹਾਲਾਤ ਹਨ, ਫਾਇਨਾਂਸ਼ੀਅਲ ਇੰਪਲੀਕੇਸ਼ਨਜ਼ ਦੀ ਜਿੰਨੀ ਲੋੜ ਹੈ ਸਾਰੀਆਂ ਇਨਸਟੀਚਿਊਸ਼ਨਜ਼ ਨੂੰ, ਉਸ ਦੇ ਮੁਤਾਬਿਕ ਸਰਕਾਰ ਨੂੰ ਫੈਸਲਾ ਕਰਨਾ ਚਾਹੀਦਾ ਹੈ ਅਤੇ ਉਸ ਦੇ ਮੁਤਾਬਿਕ ਹੀ ਸਰਕਾਰ ਫੈਸਲਾ ਕਰੇਗੀ ।

ਸਰਦਾਰ ਹਰਭੇਦ ਸਿੰਘ ਬਰਾੜ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਤੁਸੀਂ ਸੀ. ਐਮ. ਸਾਹਿਬ ਦੇ ਨੋਟਿਸ ਵਿਚ ਲਿਆਓ ।

PAPER LAID ON THE TABLE

Finance Minister (Doctor Kewal Krishan) : Sir, I beg to lay on the Table the Statement explaining the reasons for delay in laying the Annual Administration Report of the Punjab State Electricity Board for the year 1979-80 before the House within the prescribed period.

PRESENTATION OF REPORTS OF THE COMMITTEE ON PUBLIC UNDERTAKINGS

Chairman, Committee on Public Undertakings (Comrade Raj Kumar): Sir, I beg to present the —

(i) 23rd Report of the Committee on Public Undertakings in respect of Audit paras contained in the Reports of the Comptroller and Auditor-General of India for the years 1975-76 and 1976-77 (Commercial) relating to the Punjab Dairy Development Corporation Limited; and

(ii) 24th Report of the Committee on Public Undertakings in respect of general working of the Pepsu Road Transport Corporation for the year 1981-82.

LEGISLATIVE BUSINESS

The Punjab Appropriation (No. 3) Bill, 1982

Finance Minister (Doctor Kewal Krishan) : Sir, I bet to introduce the Punjab Appropriation (No. 3) Bill.

Sir, I also beg to move—

That the Punjab Appropriation (No. 3) Bill be taken into consideration at once.

Mr Speaker : Motion moved—

That the Punjab Appropriation (No. 3) Bill be taken into consideration at once.

ਟਾਈਮ ਦੀ ਐਲੋਕੇਸ਼ਨ ਇਸ ਪ੍ਰਕਾਰ ਹੈ :

ਕਾਂਗਰਸ (ਆਈ)	..	1 ਘੰਟਾ 24 ਮਿੰਟ
ਸ਼੍ਰੋਮਣੀ ਅਕਾਲੀ ਦਲ (ਐਲ)	...	40 ਮਿੰਟ
ਸ਼੍ਰੋਮਣੀ ਅਕਾਲੀ ਦਲ (ਟੀ)	...	5 ਮਿੰਟ
ਸੀ.ਪੀ.ਆਈ.	...	12 ਮਿੰਟ
ਸੀ.ਪੀ. ਆਈ. (ਐਮ)	...	5 ਮਿੰਟ
ਬੀ.ਜੇ.ਪੀ.	...	2 ਮਿੰਟ
ਏ.ਆਈ.ਸੀ.ਪੀ.	...	2 ਮਿੰਟ

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਸਪੀਕਰ ਸਾਹਿਬ, ਅੱਜ ਐਪ੍ਰੋਪ੍ਰੀਏਸ਼ਨ ਬਿਲ ਤੇ ਬਹਿਸ ਹੋ ਰਹੀ ਹੈ। 12 ਤਾਰੀਖ ਨੂੰ ਫਾਈਨਾਂਸ ਮਨਿਸਟਰ ਸਾਹਿਬ ਨੇ ਬਜਟ ਪੇਸ਼ ਕੀਤਾ ਸੀ। ਉਸ ਬਜਟ ਤੇ ਵਿਚਾਰਾਂ ਵੀ ਹੋਈਆਂ। ਮੈਂ ਉਨ੍ਹਾਂ ਦੀ ਸਪੀਚ ਸਾਰੀ ਬੜੇ ਗੌਰ ਨਾਲ ਪੜ੍ਹੀ ਹੈ। ਬਜਟ ਵੀ ਸਾਰਾ ਬੜੀ ਅੱਛੀ ਤਰ੍ਹਾਂ ਨਾਲ ਦੇਖਿਆ ਅੱਰ ਮੈਂ ਸਾਰਾ ਕੁਝ ਦੇਖ ਕੇ ਕਹਿ ਸਕਦਾ ਹਾਂ ਕਿ ਇਹ ਜਿਹੜਾ ਬਜਟ ਹੈ ਇਹ ਇੱਕ ਹੱਪਲੈਸ ਬਜਟ ਹੈ। ਇਹ ਇਸ ਤਰ੍ਹਾਂ ਲਗਦਾ ਹੈ ਕਿ ਕਿਸੇ ਫਾਈਨੈਂਸ ਮਨਿਸਟਰ ਨੇ ਜਾਂ ਕਿਸੇ ਗੌਰਮਿੰਟ ਨੇ ਤਿਆਰ ਨਹੀਂ ਕੀਤਾ ਬਲਕਿ ਕਿਸੇ ਕਲੱਰਕ ਨੇ ਤਿਆਰ ਕੀਤਾ ਹੈ। ਇਹ ਬਹੁਤ ਹੀ ਮਾਯੂਸਕੁਨ ਬੱਜਟ ਹੈ, ਇਹ ਐਂਟੀ ਕਿਸਾਨ ਅਤੇ ਐਂਟੀ ਪੂਅਰ ਬੱਜਟ ਹੈ। ਇਸ ਬੱਜਟ ਦੇ ਨਾਲ ਸਾਡੇ ਸੂਬੇ ਦੇ ਲੋਕਾਂ ਦੀ ਹਾਲਤ ਅੱਗੇ ਨਾਲੋਂ ਵੀ ਭੈੜੀ ਹੋਣੀ ਹੈ। ਜੇ ਤੁਸੀਂ ਦੇਖੋ ਤਾਂ ਫਾਈਨੈਂਸ ਮਨਿਸਟਰ ਸਾਹਿਬ ਨੇ ਜਿਹੜੀ ਆਪਣੀ ਬੱਜਟ ਸਪੀਚ ਪੜ੍ਹੀ ਸੀ ਉਸ ਦਾ ਜਿਹੜਾ ਇੰਟਰੋਡਕਟਰੀ ਸਫਾ ਹੈ ਉਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦਾ ਪ੍ਰਾਇਮਰੀ ਆਬਜੈਕਟ ਇਹ ਹੈ ਕਿ ਜਿਹੜਾ ਪਰਾਈਡ ਪੰਜਾਬ ਦਾ ਖੁਸਿਆ ਸੀ as the most prosperous and forward looking State in the country. ਉਸ ਪਰਾਈਡ ਨੂੰ ਉਨ੍ਹਾਂ ਨੇ ਵਾਪਿਸ ਲਿਆਉਣਾ ਹੈ। ਸਪੀਕਰ ਸਾਹਿਬ, ਇਸ ਵਿਚ ਇਨ੍ਹਾਂ ਨੇ ਜਿਹੜੀ ਸਭ ਤੋਂ ਵੱਧ ਕਰੈਡਿਟ ਲੈਣ ਦੀ ਕੋਸ਼ਿਸ਼ ਕੀਤੀ ਹੈ ਉਹ ਇਹ ਕਹਿੰਦੇ ਹਨ ਕਿ 1982-83 ਵਿਚ ਜਦੋਂ ਅਕਾਲੀ ਜਨਤਾ ਪਾਰਟੀ ਦੀ ਸਰਕਾਰ ਸੀ ਤਾਂ ਉਦੋਂ 260 ਕਰੋੜ ਰੁਪਏ ਦੀ ਪਲਾਨ ਸੀ ਉਸ ਨੂੰ ਇਹ ਕਹਿੰਦੇ ਹਨ ਕਿ ਅਸੀਂ 385 ਕਰੋੜ ਰੁਪਏ ਤੇ ਲੈ ਆਂਦਾ ਹੈ। ਇਹ ਇਨ੍ਹਾਂ ਮੇਨ ਕਰੈਡਿਟ ਰੱਖਿਆ ਹੈ। ਇਸ ਨਾਲ ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਦੀ ਖੁਸ਼ਹਾਲੀ ਵਾਪਿਸ ਲਿਆਉਣੀ ਹੈ ਅਤੇ ਪੰਜਾਬ ਨੂੰ ਅਗੇ ਲਿਜਾਣਾ ਹੈ। ਸਪੀਕਰ ਸਾਹਿਬ, ਇਹ ਜੋ ਇਨਕਰੀਜ਼ ਹੋਈ ਹੈ ਅਸੀ ਦੇਖਣਾ ਹੈ ਕਿ ਇਹ ਰੀਅਲ ਹੈ ਜਾਂ ਇਲੂਅਨਰੀ ਹੈ। ਜੇ ਤਾਂ ਇਹ ਰੀਅਲ ਹੁੰਦੀ ਤਾਂ ਮੇਰੀ ਪਾਰਟੀ ਸਭ ਤੋਂ ਪਹਿਲਾਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦੀ ਲੇਕਿਨ ਅਸਲ ਗਲ ਇਹ ਹੈ ਕਿ ਇਹ ਇਲੂਅਨਰੀ ਹੈ ਅਤੇ ਰੀਅਲ ਨਹੀਂ ਹੈ। ਸਪੀਕਰ ਸਾਹਿਬ, ਜਦੋਂ ਇਹ ਪਲਾਨ ਤਿਆਰ ਹੋਈ ਤਾਂ ਤੁਹਾਨੂੰ ਪਤਾ ਹੈ ਕਿ ਇਸ ਪਲਾਨ ਦਾ ਬੇਸ 1979-80 ਦੀ ਪ੍ਰਾਈਸ ਨੂੰ ਮੁੱਖ ਰੱਖਿਆ ਗਿਆ ਪਰ ਜੇ ਅੱਜ ਦੀ ਪ੍ਰਾਈਸ ਦੇਖੀਏ ਤਾਂ 1979-80 ਦੀ ਪ੍ਰਾਈਸ ਦੇ ਮੁਕਾਬਲੇ ਤੇ ਹੁਣ ਕੋਈ 30% ਰਾਈਜ਼ ਹੋਈ ਹੈ। ਇਸ ਲਈ ਜੇ ਸਾਰਾ ਹਿਸਾਬ ਲਾਈਏ ਤਾਂ ਅੱਜ ਦੀ ਜਿਹੜੀ ਇਹ 385 ਕਰੋੜ ਰੁਪਏ ਦੀ ਪਲਾਨ ਕਹਿੰਦੇ ਹਨ ਇਹ ਸਹੀ ਮਾਅਨਿਆਂ ਵਿਚ 300 ਕਰੋੜ ਰੁਪਏ ਦੀ ਪਲਾਨ ਰਹਿ ਜਾਂਦੀ ਹੈ ਅੱਰ ਇਸ ਤਰ੍ਹਾਂ ਇਸ ਪਲਾਨ ਵਿਚ ਸਿਰਫ ਨਾਮੀਨਲ 5% ਇਨਕਰੀਜ਼ ਹੋਈ ਹੈ। ਸਪੀਕਰ ਸਾਹਿਬ, ਕਿਸੇ ਦੇਸ਼ ਦੀ ਪਲਾਨ ਹੋਵੇ, ਕੋਈ ਸੂਬੇ ਦੀ ਪਲਾਨ ਹੋਵੇ ਜੇ ਉਥੇ ਥੋੜ੍ਹੀ ਨਾਮੀਨਲ ਇਨਕਰੀਜ਼ ਹੋਈ ਹੋਵੇ ਤਾਂ ਉਹ ਬੱਜਟ ਡਿਸਗਸਟਿੰਗ ਹੋਵੇਗਾ। ਕੀ ਇਹ ਇਨ੍ਹਾਂ ਨੇ ਕਰੈਡਿਟ ਲੈਣ ਦੀ ਦਾ ਯਤਨ ਕੀਤਾ ਹੈ ? ਕੀ ਇਹੀ ਕਹਿੰਦੇ ਹਨ ਕਿ ਅਸੀਂ ਪਲਾਨ ਬਹੁਤ ਵਧਾ ਦਿੱਤੀ ਹੈ ? (ਬੰਪਿੰਗ) ਸਪੀਕਰ ਸਾਹਿਬ ਸਾਡੇ ਦੇਸ਼ ਦੀ ਪਲਾਨ ਜਿਹੜੀ ਹੈ ਉਹ ਟੋਟਲ 1957 ਕਰੋੜ ਰੁਪਏ ਦੀ ਹੈ ਅਤੇ ਇਸ ਦਾ ਬੇਸ 1979-80 ਦੀਆਂ ਪ੍ਰਾਈਸਿਜ਼ ਹਨ। ਜੇ ਇਸ ਨੂੰ ਹੁਣ ਦੀਆਂ ਪ੍ਰਾਈਸਿਜ਼ ਦੇ ਮੁਤਾਬਿਕ ਦੇਖੀਏ ਤਾਂ ਇਹ ਪਲਾਨ 2500 ਕਰੋੜ ਰੁਪਏ ਦੀ ਹੋ ਜਾਂਦੀ ਹੈ। ਪਿਛਲੇ 3 ਸਾਲਾਂ ਵਿਚ ਇਨ੍ਹਾਂ ਨੇ 1000 ਰੁਪਏ ਦੀ ਪਲਾਨ ਕਵਰ ਕੀਤੀ ਹੈ ਅਤੇ 1500 ਕਰੋੜ ਰੁਪਏ ਦੀ ਪਲਾਨ ਬਾਕੀ ਰਹਿੰਦੀ ਹੈ। ਜੇ ਇਹ 1500 ਕਰੋੜ ਰੁਪਏ 2 ਸਾਲਾਂ ਵਿਚ ਖਰਚ ਕਰਨ ਤਾਂ ਇਨ੍ਹਾਂ ਦੀ ਕੁਮਿਟਮੈਂਟ ਪੂਰੀ ਹੁੰਦੀ ਹੈ, ਅਤੇ ਫਿਜ਼ੀਕਲ ਟਾਰਗੈਟ ਇਨ੍ਹਾਂ ਦਾ ਪੂਰਾ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿ ਇਹ 1500 ਕਰੋੜ ਰੁਪਏ ਅਗਲੇ 2 ਸਾਲਾਂ ਵਿਚ ਖਰਚ ਕਰ ਸਕਣਗੇ ਅਤੇ ਆਪਣਾ ਫਿਜ਼ੀਕਲ ਟਾਰਗੈਟ ਪੂਰਾ

Original with;
Punjab Vidhan Sabha
Digitized by;
Panjab Digital Library

ਕਰ ਸਕਣਗੇ ? ਅਸਲੀ ਪਲਾਨ ਜਿਹੜੀ ਹੁੰਦੀ ਹੈ ਉਹ ਵੇਖਣੀ ਹੁੰਦੀ ਹੈ ਕਿ ਜਿਹੜੇ ਟਾਰਗੈਟ ਹਨ ਕੀ ਉਹ ਉਨ੍ਹਾਂ ਨੇ ਪੂਰੇ ਕੀਤੇ ਹਨ ਜਾਂ ਨਹੀਂ ਕੀਤੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਪਲਾਨ ਦਾ ਫਿਜ਼ੀਕਲ ਟਾਰਗੈਟ ਬਿਲਕੁਲ ਨਹੀਂ ਪੂਰਾ ਕਰ ਸਕਣਗੇ। ਦੂਜੀ ਗਲ ਜੋ ਸਭ ਤੋਂ ਭੈੜੀ ਇਨ੍ਹਾਂ ਨੇ ਇਸ ਪਲਾਨ ਵਿਚ ਕੀਤੀ ਹੈ ਉਹ ਇਹ ਹੈ ਕਿ ਇਨ੍ਹਾਂ ਨੇ ਅੱਧਾ ਖਰਚਾ ਲੋਕਾਂ ਤੇ ਟੈਕਸਾਂ ਆਦਿ ਦਾ ਭਾਰ ਪਾ ਕੇ ਪਿਛਲੇ ਸਾਲ ਪੂਰਾ ਕੀਤਾ। ਇਹ ਲੋਕਾਂ ਤੇ ਬੋਝ ਹੈ । ਇਨ੍ਹਾਂ ਨੇ ਐਡੀਸ਼ਨਲ ਰੀਸੋਰਸਿਜ਼ ਥਰੂ ਟੈਕਸੇਸ਼ਨ ਪੇਜ 3 ਲਾਸਟ ਕਾਲਮ ਵਿਚ ਲਿਖਿਆ ਹੈ ਕਿ ਅਸੀਂ 192-74 ਕਰੋੜ ਰੁਪਏ ਇਸ ਪਲਾਨ ਲਈ ਕਵਰ ਕਰਨੇ ਹਨ। ਅੱਜ ਹਿੰਦੁਸਤਾਨ ਵਿਚ ਕੋਈ ਹੋਰ ਸੂਬਾ ਨਹੀਂ ਜਿਸ ਨੇ ਐਨਾ ਭਾਰ ਪਬਲਿਕ ਤੇ ਪਾਕੇ ਆਪਣੀ ਪਲਾਨ ਵਾਸਤੇ ਰੱਖਿਆ ਹੋਵੇ। ਜੇ ਤੁਸੀਂ ਦੇਖੋ ਤਾਂ ਇਨ੍ਹਾਂ ਨੇ 3 ਤਰੀਕਿਆਂ ਨਾਲ ਪਲਾਨ ਨੂੰ ਕਵਰ ਕਰਨਾ ਹੈ। ਇਕ ਤਾਂ ਇਹ ਹੈ ਕਿ ਲੋਕਾਂ ਤੇ ਬੋਝ ਪਾਉਣਾ ਹੈ। ਦੂਜਾ ਇਹ ਕਿ ਸ਼ਰਾਬ ਦੀ ਵਿਕਰੀ ਕਰਕੇ ਪੈਸਾ ਇਕੱਠਾ ਕਰਨਾ ਹੈ ਅਤੇ ਤੀਜਾ ਇਹ ਕਿ ਓਵਰ ਡਰਾਫਟਿੰਗ ਕਰਨੀ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਸਰਕਾਰ ਸ਼ਰਾਬ ਵੇਚਕੇ, ਲੋਕਾਂ ਤੇ ਟੈਕਸ ਲਾ ਕੇ ਅਤੇ ਓਵਰ ਡਰਾਫਟਿੰਗ ਕਰਕੇ 3 ਤਰੀਕਿਆਂ ਨਾਲ ਕੰਮ ਚਲਾਉਂਦੀ ਹੈ ਤਾਂ ਉਹ ਸਰਕਾਰ ਦਾ ਕੀ ਕਰੈਡਿਟ ਹੋ ਸਕਦਾ ਹੈ । (ਥੰਪਿੰਗ) ਇਸ ਸਦਨ ਵਿਚ ਸਾਡੇ ਸਾਹਮਣੇ ਮਹਾਤਮਾ ਗਾਂਧੀ ਦੀ ਤਸਵੀਰ ਹੈ ਅਤੇ ਇਥੇ ਕਾਂਗਰਸ ਦੀ ਸਰਕਾਰ ਹੈ ਪਰ ਇਹ ਸਰਕਾਰ ਜਿਹੜੀ ਕਹਿੰਦੀ ਹੈ ਕਿ ਅਸੀਂ ਸ਼ਰਾਬ ਵੇਚਕੇ ਕੰਮ ਚਲਾਉਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਮਹਾਤਮਾ ਗਾਂਧੀ ਨੂੰ ਇਨ੍ਹਾਂ ਦੇ ਅਜਿਹੇ ਕੰਮ ਦੇਖਕੇ ਜ਼ਰੂਰ ਦੁੱਖ ਪਹੁੰਚਦਾ ਹੋਵੇਗਾ। (ਥੰਪਿੰਗ) ਸਪੀਕਰ ਸਾਹਿਬ, ਆਮ ਤੌਰ ਤੇ ਇਹ ਹੁੰਦਾ ਹੈ ਕਿ ਕਿਸੇ ਵੀ ਸਰਕਾਰ ਦਾ ਫਾਈਨੈਂਸ ਮਨਿਸਟਰ ਆਪਣੀ ਸਪੀਚ ਵਿਚ ਆਪਣੀ ਤਾਰੀਫ ਨਹੀਂ ਕਰਦਾ ਲੇਕਿਨ ਸਾਡੇ ਇਸ ਫਾਈਨੈਂਸ ਮਨਿਸਟਰ ਨੇ ਆਪਣੀ ਸਪੀਚ ਵਿਚ ਪੇਜ 59 ਤੇ ਆਪਣੀ ਤਾਰੀਫ ਆਪ ਕੀਤੀ ਹੈ । He congratulating himself by saying 'This shows a judicious and effective management of the State Finances'.

ਸਪੀਕਰ ਸਾਹਿਬ, ਮੈਂ ਇਸੇ ਪੁਆਇੰਟ ਤੇ ਇਨ੍ਹਾਂ ਨਾਲ ਗੱਲ ਕਰਨੀ ਚਾਹੁੰਦਾ ਹਾਂ। ਜਦੋਂ ਅਕਾਲੀ ਸਰਕਾਰ ਆਈ ਤਾਂ ਉਦੋਂ ਪੁਜ਼ੀਸ਼ਨ ਇਹ ਸੀ ਕਿ 68 ਕਰੋੜ ਰੁਪਏ ਦੀ ਓਵਰ ਡਰਾਫਟਿੰਗ ਸੀ ਲੇਕਿਨ ਜਿਹੜਾ ਗੈਪ ਸੀ ਉਹ 143 ਕਰੋੜ ਰੁਪਏ ਦਾ ਸੀ। ਅਸੀਂ ਉਦੋਂ ਡਿਵੈਲਪਮੈਂਟ ਵੀ ਰੱਜਕੇ ਕੀਤੀ ਅਤੇ ਫਾਈਨੈਂਸਿੰਗ ਨੂੰ ਪੂਰੀ ਤਰ੍ਹਾਂ ਕੰਟਰੋਲ ਕੀਤਾ। ਜਦੋਂ ਅਸੀਂ ਛੱਡਕੇ ਗਏ ਤਾਂ ਭਾਵੇਂ ਉਸ ਸਾਲ ਹਿੰਦੁਸਤਾਨ ਦੀ ਗਰੋਥ ਰੇਟ ਮਾਈਨਸ 5.4% ਸੀ ਲੇਕਿਨ ਸਾਰਾ ਕੁਝ ਹੋਣ ਦੇ ਬਾਅਦ 27 ਕਰੋੜ ਰੁਪਏ ਦਾ ਘਾਟਾ ਰਿਹਾ ਸੀ । ਜਦ ਇਨ੍ਹਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਬੜੇ ਦਾਅਵੇ ਕੀਤੇ ਕਿ ਅਸੀਂ 27 ਕਰੋੜ ਰੁਪਿਆ 3 ਸਾਲਾਂ ਵਿਚ ਪੂਰਾ ਕਰਨਾ ਹੈ ਤੁਸੀਂ ਅੰਦਾਜ਼ਾ ਲਗਾਓ ਕਿ ਪਿਛਲੇ ਸਾਲ ਇਨ੍ਹਾਂ ਦੀ 81 ਕਰੋੜ ਰੁਪਏ ਦੀ ਓਵਰ ਡਰਾਫਟਿੰਗ ਹੋ ਗਈ। ਇਸ ਬੱਜਟ ਵਿਚ ਇਨ੍ਹਾਂ ਨੇ ਆਪ ਮੰਨਿਆ ਹੈ ਕਿ ਇਨ੍ਹਾਂ ਦਾ ਡੈਫੀਸਿਟ/ਓਵਰ ਡਰਾਫਟਿੰਗ 127 ਕਰੋੜ ਰੁਪਏ ਦੀ ਹੋ ਜਾਵੇਗੀ। ਸਪੀਕਰ ਸਾਹਿਬ, ਇਨ੍ਹਾਂ ਦੀਆਂ ਇਹ ਫਿਗਰਜ਼ ਵੀ ਗਲਤ ਹਨ। ਹੁਣੇ ਹੀ ਪਾਰਲੀਮੈਂਟ ਵਿਚ ਸੈਂਟਰਲ ਪਲਾਨਿੰਗ ਮਨਿਸਟਰ ਨੇ 25 ਮਾਰਚ ਨੂੰ ਬਿਆਨ ਦਿਤਾ ਹੈ ਜਿਸ ਵਿਚ ਉਸ ਨੇ ਸਾਰੀਆਂ ਸਟੇਟਸ ਦੀ ਓਵਰ ਡਰਾਫਟਿੰਗ ਬਾਰੇ ਦੱਸਿਆ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਪੰਜਾਬ ਦੀ ਓਵਰ ਡਰਾਫਟਿੰਗ 138 ਕਰੋੜ ਰੁਪਏ ਹੋ ਗਈ ਹੈ। ਪੰਜਾਬ ਸਪੀਕਰ ਸਾਹਿਬ, ਜਿਥੇ ਅੱਗੇ ਖੇਤੀਬਾੜੀ ਵਿਚ ਸਭ ਤੋਂ ਅਗੇ ਸੀ ਪਰ ਇਨ੍ਹਾਂ ਦੀ ਐਨੀ ਓਵਰ ਡਰਾਫਟਿੰਗ ਦੀ ਗੱਲ ਸੁਣ ਕੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਪਾਰਲੀਮੈਂਟ ਵਿਚ ਸੈਂਟਰਲ ਪਲਾਨਿੰਗ ਮਨਿਸਟਰ ਕਹਿੰਦਾ ਹੈ ਕਿ ਪੰਜਾਬ ਦੀ ਓਵਰ ਡਰਾਫਟਿੰਗ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

138 ਕਰੋੜ ਰੁਪਏ ਦੀ ਹੋ ਗਈ ਹੈ । ਉਸ ਨੇ ਦੱਸਿਆ ਹੈ ਕਿ ਅਸੀਂ ਸਾਰੇ ਹਿੰਦੁਸਤਾਨ ਵਿਚੋਂ ਓਵਰ ਡਰਾਫਟਿੰਗ ਵਿਚ ਤੀਸਰੇ ਨੰਬਰ ਤੇ ਹਾਂ। ਮੈਂ ਕਹਿੰਦਾ ਹਾਂ ਕਿ ਅਸੀਂ ਤੀਸਰੇ ਨੰਬਰ ਤੇ ਨਹੀਂ ਹਾਂ ਕਿਉਂਕਿ ਜੇ ਆਬਾਦੀ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਅਸੀਂ ਪਹਿਲੇ ਨੰਬਰ ਤੇ ਹਾਂ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਕਰੈਡਿਟ ਕਿਸ ਚੀਜ਼ ਦਾ ਲੈਣਾ ਚਾਹੁੰਦੇ ਹੋ। ਤੁਸੀਂ ਆਪਣੇ ਫਾਈਨੈਂਸਿਜ਼ ਨੂੰ ਠੀਕ ਨਹੀਂ ਕਰ ਸਕੇ । ਹਾਲਾਂ ਤਾਂ ਮੁਲਾਜ਼ਮਾਂ ਨੂੰ ਡੀ.ਏ. ਦੀਆਂ ਇਨਸਟਾਲਮੈਂਟਸ ਨਹੀਂ ਦਿੱਤੀਆਂ। ਪੈਨਸ਼ਨਰਾਂ ਨੂੰ ਰਿਲੀਫ ਨਹੀਂ ਦਿੱਤੀ । ਜੇ ਇਹ ਸਾਰਾ ਐਡੀਸ਼ਨਲ ਖਰਚਾ 20 ਕਰੋੜ ਰੁਪਏ ਵਿਚ ਹੋਰ ਪਾਇਆ ਜਾਵੇ ਤਾਂ ਇਹ ਓਵਰ ਡਰਾਫਟਿੰਗ 160 ਕਰੋੜ ਰੁਪਏ ਦੀ ਹੋ ਜਾਣੀ ਹੈ । ਸਪੀਕਰ ਸਾਹਿਬ, ਤੁਹਾਡੇ ਕੋਲ ਪਿਛਲੀਆਂ ਪ੍ਰੋਸੀਡਿਗਜ਼ ਹਨ, ਤੁਸੀਂ ਉਸ ਨੂੰ ਦੇਖ ਲਵੋ ਇਸ ਸਰਕਾਰ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿਤੇ ਹਨ। ਇਨ੍ਹਾਂ ਦੀ 160 ਕਰੋੜ ਰੁਪਏ ਦੀ ਓਵਰ ਡਰਾਫਟਿੰਗ ਹੋ ਗਈ ਹੈ। ਅੱਜ ਐਸੇ ਹਾਲਾਤ ਹੋ ਗਏ ਹਨ ਸਾਨੂੰ ਡਰ ਲਗਦਾ ਹੈ ਕਿ ਕਿਤੇ ਸੈਂਟਰਲ ਗੌਰਮਿੰਟ ਫਾਈਨੈਂਸ਼ਲ ਐਮਰਜੈਂਸੀ ਨਾ ਡਿਕਲੇਅਰ ਕਰ ਦੇਵੇ ਅਤੇ ਇਨ੍ਹਾਂ ਦੀ ਸਰਕਾਰ ਨਾ ਜਾਂਦੀ ਰਹੇ। ਜਦ ਅਜਿਹੇ ਹਾਲਾਤ ਹੋ ਜਾਂਦੇ ਹਨ ਤਾਂ ਸੈਂਟਰਲ ਗੌਰਮਿੰਟ ਮਜ਼ਬੂਰ ਹੋ ਜਾਂਦੀ ਹੈ ਅਤੇ ਕੁਝ ਦੇਰ ਲਈ ਫਾਈਨੈਂਸ਼ੀਅਲ ਐਮਰਜੈਂਸੀ ਡਿਕਲੇਅਰ ਕਰਦੀ ਹੈ ਤਾਂਕਿ ਅੱਗੇ ਲਈ ਰਸਤਾ ਠੀਕ ਕੀਤਾ ਜਾਵੇ। ਫਿਰ ਇਨ੍ਹਾਂ ਦਾ ਆਪਣਾ ਕੰਟਰੋਲ ਚਲਾ ਜਾਣਾ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਹੀ ਦੱਸਣਾ ਚਾਹੁੰਦਾ ਹਾਂ, ਮੈਂ ਇਨ੍ਹਾਂ ਨੂੰ ਨਹੀਂ ਦੱਸਦਾ, ਤੁਸੀਂ ਹਾਊਸ ਦੀ ਜੱਜ ਦੀ ਕੁਰਸੀ ਤੇ ਬੈਠੇ ਹੋ । ਅੱਜ ਜੋ ਫਾਈਨਾਂਸ ਦੀ ਹਾਲਤ ਹੈ ਇਸ ਤੋਂ ਬਾਅਦ ਕੀ ਇਹ ਕਿਹਾ ਜਾ ਸਕਦਾ ਹੈ ਕਿ ਜੁਡੀਸ਼ੀਅਸ ਮੈਨੇਜਮੈਂਟ ਹੈ ? **Is this judicious and effective management of State Finances ?** ਜੇ ਇਸ ਨੂੰ ਜੁਡੀਸ਼ੀਅਸ ਮੈਨੇਜਮੈਂਟ ਕਹਿੰਦੇ ਹਨ ਤਾਂ ਫਿਰ ਮਿਸ-ਮੈਨੇਜਮੈਂਟ ਇਸ ਤੋਂ ਵੱਧ ਕਿਧਰੇ ਹੋਰ ਹੋ ਨਹੀਂ ਸਕਦੀ। (ਥੰਪਿੰਗ)

ਇਕ, ਸਪੀਕਰ ਸਾਹਿਬ, ਇਨ੍ਹਾਂ ਨੇ ਹੋਰ ਗੱਲ ਕਹੀ ਹੈ। ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਰੇਟ ਆਫ ਗਰੋਥ ਵਧਾਉਣਾ ਹੈ । ਮੈਨੂੰ ਬਦਕਿਸਮਤੀ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਸਾਡੇ ਇਥੇ ਇਕ ਰਿਵਾਜ ਜਿਹਾ ਪੈ ਗਿਆ ਹੈ, ਅਗੇ ਇਹ ਗੱਲ ਹੁੰਦੀ ਸੀ ਕਿ ਇਸ ਹਾਊਸ ਨੂੰ ਉਹ ਗੱਲ ਦੱਸੀ ਜਾਂਦੀ ਸੀ ਜਿਹੜੀ ਬਿਲਕੁਲ ਕੁਰੈਕਟ ਹੋਵੇ ਅਤੇ ਉਸ ਦੇ ਵਿੱਚ ਮਾਸਾ ਜਿੰਨਾ ਵੀ ਫਰਕ ਨਾ ਹੋਵੇ। ਜੇ ਕੋਈ ਮਾਮੂਲੀ ਜਿਹਾ ਵੀ ਗਲ ਵਿੱਚ ਫਰਕ ਹੋਵੇ ਤਾਂ ਹਾਊਸ ਦੀ ਤੌਹੀਨ ਸਮਝੀ ਜਾਂਦੀ ਸੀ ਪਰ ਸਪੀਕਰ ਸਾਹਿਬ, ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਦੇ ਪੇਜ 2 ਤੇ ਕਿਹਾ ਹੈ ਕਿ ਜਦੋਂ ਪੰਜਾਬ ਦੇ ਵਿੱਚ ਅਕਾਲੀ ਜਨਤਾ ਪਾਰਟੀ ਦੀ ਸਰਕਾਰ ਸੀ ਤਾਂ ਉਸ ਸਰਕਾਰ ਵੇਲੇ ਰੇਟ ਆਫ ਗਰੋਥ 2.8% ਸੀ ਔਰ ਇਨ੍ਹਾਂ ਨੇ ਇਸ ਗਲ ਦਾ ਦਾਅਵਾ ਵੀ ਕੀਤਾ ਸੀ ਕਿ ਅਸੀਂ ਪਹਿਲੇ ਸਾਲ ਇਸ ਨੂੰ 8% ਕਰ ਦੇਣਾ ਸੀ ਔਰ ਇਨ੍ਹਾਂ ਨੇ 8% ਕਰਨ ਲਈ ਆਪਣੀ ਸਟੇਟਮੈਂਟ ਦਿੱਤੀ ਸੀ, ਫਰਵਰੀ ਵਿੱਚ ਜਦੋਂ ਸਟੇਟਮੈਂਟ ਦਿੱਤੀ ਸੀ ਤਾਂ ਉਸ ਤੋਂ ਬਾਅਦ ਇਸ ਹਾਊਸ ਵਿੱਚ ਕਿਹਾ ਸੀ ਕਿ ਇਸ ਸਾਲ ਗਰੋਥ ਰੇਟ 8% ਹੋਵੇਗਾ। ਸਪੀਕਰ ਸਾਹਿਬ, ਜਦੋਂ ਸਾਡੀ ਸਰਕਾਰ ਵੇਲੇ ਗਰੋਥ ਰੇਟ 2.8% ਸੀ ਤਾਂ ਉਸ ਵੇਲੇ ਤੁਸੀਂ ਆਪ ਹੀ ਦੇਖ ਲਓ ਕਿ ਦੇਸ਼ ਦੀ ਸਰਕਾਰ ਦਾ ਮਾਈਨਸ 5.4 ਸੀ। ਤੁਸੀਂ ਆਪ ਸਟੇਟ ਦਾ ਅਤੇ ਸੈਂਟਰ ਦੀ ਸਰਕਾਰ ਦਾ ਜੋ ਰੇਟ ਆਫ ਗਰੋਥ ਸੀ ਉਹ ਦੇਖ ਲਓ ਅਤੇ ਦੇਖ ਲਓ ਕਿ ਇਨ੍ਹਾਂ ਵਿੱਚ ਫਰਕ ਕਿੰਨਾਂ ਸੀ ਲੇਕਿਨ ਇਨ੍ਹਾਂ ਨੇ ਜੋ ਇਹ ਕਹਿੰਦੇ ਸੀ ਕਿ ਅਸੀਂ 8% ਕਰਨਾ ਹੈ ਉਹ

Original with;
Punjab Vidhan Sabha
Digitized by;
Panjab Digital Library

8% ਨਹੀਂ ਕਰ ਸਕੇ ਅਤੇ 4 ਪੁਆਇੰਟ ਕੁਝ ਪਰਮੈਂਟ ਰੇਟ ਆਫ ਗਰੋਥ ਲੈ ਆਂਦਾ। ਮੈਂ ਸਮਝਦਾ ਹਾਂ ਕਿ ਜੋ ਫਾਈਨਾਂਸ ਮਨਿਸਟਰ ਸਾਹਿਬ ਨੇ ਇਤਨੀ ਗਲਤ ਬਿਆਨੀ ਥੋੜਾ ਜਿਹਾ ਚਿਰ ਪਹਿਲਾਂ ਕਿਸੇ ਸਟੇਟਮੈਂਟ ਵਿੱਚ ਫਰਵਰੀ ਵਿੱਚ ਪਹਿਲਾਂ ਕਿਹਾ ਅੋਰ ਆਪ ਹੀ ਬਜਟ ਸ਼ਪੀਚ ਵਿੱਚ ਕਿਹਾ ਕਿ ਉਸ ਸਾਲ 4% ਗਰੋਥ ਰੇਟ ਹੋਇਆ ਤਾਂ ਇਨ੍ਹਾਂ ਲਈ ਘੱਟ ਤੋਂ ਘੱਟ ਇਹ ਜ਼ਰੂਰ ਕਰਨਾ ਚਾਹੀਦਾ ਹੈ ਕਿ ਫਾਈਨਾਂਸ ਮਨਿਸਟਰ ਸਾਹਿਬ ਇਸ ਹਾਊਸ ਵਿੱਚ ਰਿਗਰੈਟ ਫੀਲ ਕਰਨ ਕਿ ਮੇਰੀ ਪਹਿਲੀ ਸਟੇਟਮੈਂਟ ਜੋ ਸੀ ਉਹ ਗਲਤ ਸੀ। ਸਪੀਕਰ ਸਾਹਿਬ, ਫਿਰ ਤੁਸੀਂ ਇਹ ਦੇਖੋ ਕਿ ਇਹ ਰੇਟ ਆਫ ਗਰੋਥ 4% ਉਸ ਵੇਲੇ ਹੋਇਆ ਹੈ ਇਸ ਸਰਕਾਰ ਦਾ ਜਦੋਂ ਹਿੰਦੁਸਤਾਨ ਦਾ 7.7 ਹੈ। ਸਾਡੇ ਵੇਲੇ ਕੀ ਪੁਜ਼ੀਸ਼ਨ ਸੀ ਅਤੇ ਹੁਣ ਕੀ ਹੈ, ਇਸ ਦਾ ਤੁਸੀਂ ਮੁਕਾਬਲਾ ਕਰਕੇ ਆਪ ਹੀ ਦੇਖ ਲਓ। ਤੁਸੀਂ ਆਪ ਹੀ ਚੰਗੀ ਤਰ੍ਹਾਂ ਦੇਖ ਸਕਦੇ ਹੋ ਕਿ ਪੰਜਾਬ ਸਰਕਾਰ ਦਾ ਫਾਈਨਾਂਸ ਇਕ ਮੇਸ ਬਣ ਚੁੱਕਾ ਹੈ। ਇਸ ਦਾ ਅੰਦਾਜ਼ਾ ਤੁਸੀਂ ਆਪ ਹੀ ਹੁਣ ਲਗਾ ਲਓ।

ਇਕ ਚੀਜ਼, ਸਪੀਕਰ ਸਾਹਿਬ, ਹੋਰ ਤੁਸੀਂ ਦੇਖੀ ਹੋਣੀ ਹੈ ਕਿ ਅੱਜ 20 ਪੁਆਇੰਟ ਪ੍ਰੋਗਰਾਮ ਦਾ ਬੜਾ ਢੰਡੋਰਾ ਪਿਟਿਆ ਜਾ ਰਿਹਾ ਹੈ। ਕੁਝ ਦੇਸ਼ ਦੀ ਬਦਕਿਸਮਤੀ ਹੈ ਕਿ ਅਸੀਂ ਢੰਡੋਰਿਆਂ, ਨਾਹਰਿਆਂ ਅਤੇ ਹੋਰ ਇਹੋ ਜਿਹੀਆਂ ਗਲਾਂ ਜਿਨ੍ਹਾਂ ਨਾਲ ਲੋਕਾਂ ਨੂੰ ਵਰਗਲਾਇਆ ਜਾ ਸਕਦਾ ਹੈ, ਜ਼ਿਆਦਾ ਜ਼ੋਰ ਦਿੰਦੇ ਹਾਂ ਅੋਰ ਸਹੀ ਮਾਅਨਿਆਂ ਵਿੱਚ ਗਲ ਘੱਟ ਕਰਦੇ ਹਾਂ। ਪਹਿਲਾਂ ਤਾਂ 25 ਪੁਆਇੰਟ ਪ੍ਰੋਗਰਾਮ ਆਇਆ ਸੀ ਅਤੇ ਉਸ ਦਾ ਬੜਾ ਢੰਡੋਰਾ ਪਿਟਿਆ ਗਿਆ ਅਤੇ ਫਿਰ ਉਸ ਵਿਚੋਂ 5 ਪੁਆਇੰਟ ਛੱਡ ਦਿੱਤੇ ਅਤੇ ਉਨ੍ਹਾਂ 5 ਪੁਆਇੰਟਾਂ ਤੇ ਕਈ ਕਨਵੈਨਸ਼ਨਜ਼ ਹੋ ਰਹੀਆਂ ਹਨ, ਮੈਂ ਇਨ੍ਹਾਂ ਗਲਾਂ ਵਲ ਨਹੀਂ ਜਾਣਾ ਚਾਹੁੰਦਾ, ਫਿਰ ਜਿਹੜਾ ਪਹਿਲਾਂ 25 ਪੁਆਇੰਟ ਪ੍ਰੋਗਰਾਮ ਦਿੱਤਾ ਗਿਆ ਸੀ ਉਹ ਬੜਾ ਰੰਗ ਬਰੰਗਾ ਦਿੱਤਾ ਗਿਆ ਸੀ ਪਰ ਇਹ 20 ਪੁਆਇੰਟ ਪ੍ਰੋਗਰਾਮ ਤਾਂ ਜਮਾਂ ਹੀ ਫਿਕਾ ਦਿੱਤਾ ਗਿਆ ਹੈ ਅਤੇ ਇਨ੍ਹਾਂ 20 ਪੁਆਇੰਟ ਪ੍ਰੋਗਰਾਮ ਦਾ ਨਾ ਕੋਈ ਰੰਗ ਹੈ ਅਤੇ ਨਾ ਕੋਈ ਸ਼ਕਲ। (ਹਾਸਾ)

ਵਿੱਤ ਮੰਤਰੀ : ਸਿਲਵਰ ਕਲਰ ਹੈ।

ਸਰਦਾਰ ਪ੍ਰਕਾਸ਼ ਸਿਘ ਬਾਦਲ : ਇਹ ਸਿਲਵਰ ਕਲਰ ਧੋਖੇ ਦਾ ਕਲਰ ਹੈ, ਸਿਲਵਰ ਰੰਗ ਨਾਲ ਧੋਖਾ ਕੀਤਾ ਹੈ। ਸਪੀਕਰ ਸਾਹਿਬ, ਸਮਾਂ ਆ ਗਿਆ ਹੈ ਹੁਣ ਸੂਬੇ ਦੇ ਲੋਕਾਂ ਨੂੰ, ਦੇਸ਼ ਦੇ ਲੋਕਾਂ ਨੂੰ ਪਾਗਲ ਨਹੀਂ ਬਣਾਇਆ ਜਾ ਸਕਦਾ, ਉਨ੍ਹਾਂ ਨੂੰ ਤੁਸੀਂ ਧੋਖਾ ਨਹੀਂ ਦੇ ਸਕਦੇ, ਉਨ੍ਹਾਂ ਨੂੰ ਤੁਸੀਂ 20 ਪੁਆਇੰਟ ਪ੍ਰੋਗਰਾਮਾਂ ਵਿੱਚ ਪਾ ਕੇ ਝਾਂਸਾ ਨਹੀਂ ਦੇ ਸਕਦੇ।

ਵਿਦਿਆ ਮੰਤਰੀ: ਸਪੀਕਰ ਸਾਹਿਬ, ਆਪਣੇ ਵੇਲੇ ਇਹ 150 ਰੁਪਏ ਕਣਕ ਦਾ ਭਾਅ ਕਹਿੰਦੇ ਸਨ ਅਤੇ ਮੁੜ ਕੇ ਜ਼ਰਾਇਤ ਮੰਤਰੀ ਬਣ ਗਏ। ਫਿਰ ਇਨ੍ਹਾਂ ਨੇ ਲੋਕਾਂ ਨੂੰ ਕੀ ਭਾਅ ਦਿੱਤਾ ਸੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇਕ ਗਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਇਨ੍ਹਾਂ ਨੂੰ ਬਾਹਰ ਇੰਟਰੈਸਟ ਘੱਟ ਹੈ ਉਹ ਗਲ ਤੁਸੀਂ ਇਥੇ ਵੀ ਦੇਖ ਲਓ ਕਿ ਮਹੀਨੇ ਤੋਂ ਸੈਸ਼ਨ ਚਲ ਰਿਹਾ ਹੈ ਤੁਸੀਂ ਰਿਕਾਰਡ ਕਢਵਾ ਕੇ ਦੇਖ ਲਓ, ਸਾਡੇ ਵੇਲੇ ਦਾ ਵੀ ਰਿਕਾਰਡ ਕਢਵਾ ਕੇ ਦੇਖ ਲਓ ਕਿ ਭਾਵੇਂ ਬਜਟ ਸੈਸ਼ਨ ਹੈ ਜਾਂ ਦੂਸਰਾ ਸੈਸ਼ਨ ਹੈ ਉਸ ਦੇ ਵਿੱਚ ਹਰ ਮਹਿਕਮੇ ਦਾ ਮਨਿਸਟਰ ਇਨਚਾਰਜ ਬਹਿਸ ਵਿੱਚ ਹਿੱਸਾ ਲੈਂਦਾ ਸੀ। ਸਰਦਾਰ ਬਲਵੰਤ ਸਿੰਘ, ਸਰਦਾਰ ਆਤਮਾ ਸਿੰਘ ਜਾਂ ਹੋਰ ਜਿਹੜਾ ਵੀ ਸਾਡੇ ਵੇਲੇ ਮਨਿਸਟਰ ਸੀ ਉਹ ਬਹਿਸ ਵਿੱਚ ਆਪਣਾ ਹਿੱਸਾ ਲੈਂਦਾ ਸੀ ਪਰ ਇਨ੍ਹਾਂ ਦੇ ਵੇਲੇ ਵੀ ਦੇਖ ਲਓ ਕਿ ਇਕ ਮਹੀਨੇ ਤੋਂ ਸੈਸ਼ਨ ਚਲ ਰਿਹਾ

Original with;
Punjab Vidhan Sabha
Digitized by;
Panjab Digital Library

[ਸ਼ਰਦਾਰ ਪ੍ਰਕਾਸ਼ ਸਿੰਘ ਬਾਦਲ]

ਹੈ ਕਿਸੇ ਮਨਿਸਟਰ ਨੇ ਬਹਿਸ ਵਿੱਚ ਹਿੱਸਾ ਨਹੀਂ ਲਿਆ । ਇਹ ਗੱਲ ਦੱਸਦੀ ਹੈ ਕਿ ਇਨ੍ਹਾਂ ਨੂੰ ਸਟੇਟ ਨਾਲ, ਲੋਕਾਂ ਨਾਲ ਕਿੰਨੀ ਕੁ ਦਿਲਚਸਪੀ ਹੈ ।

ਤੇ, ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ 20 ਨੁਕਾਤੀ ਪ੍ਰੋਗਰਾਮ ਦਾ ਬੜਾ ਢੰਢੋਰਾ ਪਿੱਟਿਆ ਜਾ ਰਿਹਾ ਹੈ। ਮੈਨੂੰ ਤਾਂ ਪਤਾ ਹੈ, ਤੁਸੀਂ ਵੀ ਜਾਣਦੇ ਹੋ, ਕਿ ਜਿਵੇਂ ਕਾਂਗਰਸ ਪਾਰਟੀ ਤੁਹਾਡੀ ਸਿਖਰੋਂ ਆਈ ਹੈ ਅਤੇ ਢੋਲ ਢਮੱਕੇ ਵਜਾਉਂਦੀ ਫਿਰਦੀ ਹੈ ਕਿ ਇਨ੍ਹਾਂ ਕਿੰਨੇ ਚੰਗੇ ਪ੍ਰੋਗਰਾਮ ਬਣਾਏ ਹਨ। ਤੁਹਾਨੂੰ ਵੀ ਅੰਮ੍ਰਿਤਸਰ ਵਿੱਚ ਢੰਢੋਰਾ ਪਿੱਟਣ ਤੇ ਮਜ਼ਬੂਰ ਸ਼ਾਇਦ ਹੋਣਾ ਪਵੇ।

ਸ੍ਰੀ ਸਪੀਕਰ : ਤੁਸੀਂ ਮੇਰੀ ਗੱਲ ਨਾ ਕਰੋ, ਆਪਣੀ ਗੱਲ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਤੁਸੀਂ, ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਪੜ੍ਹ ਲਏ ਹਨ। ਸਾਡੀ ਜਿਹੜੀ ਸਭ ਤੋਂ ਇੰਪੋਰਟੈਂਟ ਚੀਜ਼ ਹੈ ਉਹ ਹੈ ਖੇਤੀਬਾੜੀ । ਤੁਸੀਂ ਵੀ ਸਪੀਕਰ ਸਾਹਿਬ, ਇਸ ਗੱਲ ਨੂੰ ਮੰਨੋਗੇ। ਤੁਸੀਂ ਸਿਰ ਹਿਲਾ ਦਿੱਤਾ ਹੈ। ਤੁਸੀਂ ਮੰਨ ਲਿਆ ਹੈ ਕਿ ਖੇਤੀਬਾੜੀ ਸਾਡੀ ਜਿਹੜੀ ਹੈ ਉਹ ਬੜੀ ਇੰਪੋਰਟੈਂਟ ਹੈ ਸਾਡੇ ਵਾਸਤੇ ਲੇਕਿਨ ਤੁਸੀਂ 20 ਨੁਕਤੇ ਸਾਰੇ ਪੜ੍ਹ ਕੇ ਦੇਖ ਲਓ ਕਿਸੇ ਇਕ ਥਾਂ ਤੇ ਵੀ ਕਿਧਰੇ ਇਹ ਲਿਖਿਆ ਹੋਵੇ ਤਾਂ ਦੱਸ ਦਿਓ ਕਿ ਕਿਸਾਨ ਨੂੰ ਰਿਉਮਨਰੇਟਿਵ ਪ੍ਰਾਈਸਜ਼ ਦੇਣੀਆਂ ਹਨ। ਜੇ ਇਹ ਨਾ ਲਿਖਿਆ ਹੋਵੇ ਤਾਂ ਮੈਂ ਫਿਰ ਇਹੀ ਕਹਿ ਸਕਦਾ ਹਾਂ ਕਿ ਇਹ ਪਾਲਿਸੀ ਐਂਟੀ-ਕਿਸਾਨ ਹੈ, ਐਂਟੀ-ਪੀਪਲ ਹੈ। ਸਪੀਕਰ ਸਾਹਿਬ, ਜਿਥੋਂ ਪ੍ਰੋਗਰਾਮ ਸ਼ੁਰੂ ਹੋਇਆ, ਜਿਥੋਂ ਇਨ੍ਹਾਂ ਬੱਣੀ ਕੀਤੀ ਹੈ। ਪਹਿਲਾ ਪੁਆਇੰਟ ਜੋ ਹੈ ਉਸ ਵਿੱਚ ਇਨ੍ਹਾਂ ਨੇ ਲਿਖਿਆ ਹੈ--

"Increase irrigation potential, develope and disseminate technologies and inputs for dry land agriculture."

ਇਨ੍ਹਾਂ ਨੇ ਕਿਹਾ ਹੈ ਕਿ ਇਰੀਗੇਸ਼ਨ ਦੇ ਹੜ੍ਹ ਵਗਾ ਦੇਵਾਂਗੇ, ਇਰੀਗੇਸ਼ਨ ਦੀ ਇਨਕਰੀਜ਼ ਕਰ ਦੇਵਾਂਗੇ। ਇਕ ਪਾਸੇ ਇਹ ਕਹਿੰਦੇ ਹਨ ਕਿ ਨਹਿਰਾਂ ਵਗਾ ਦੇਵਾਂਗੇ, ਦੂਸਰੇ ਪਾਸੇ ਸਰਦਾਰ ਦਰਬਾਰਾ ਸਿੰਘ ਜੀ ਦਿੱਲੀ ਵਿੱਚ ਬੂਟਾ ਲਾ ਆਏ ਹਨ। ਤੁਸੀਂ ਦੱਸੋ ਕਿ ਇਸ ਬੂਟੇ ਦੇ ਲਾਉਣ ਨਾਲ ਪਾਣੀ ਵੱਧੇਗਾ ਜਾਂ ਅਗੇ ਨਾਲੋਂ ਘੱਟੇਗਾ।

ਮੁੱਖ ਮੰਤਰੀ : ਤੁਹਾਡਾ ਬੂਟਾ ਲਾਇਆ ਉਖੇੜ ਕੇ ਆਇਆ ਹਾਂ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਸ ਤੇ ਪਰਸੋਂ ਬਹਿਸ ਹੋਣੀ ਹੈ। ਇਨ੍ਹਾਂ ਨੇ ਵੀ ਕਹਿਣਾ ਹੈ, ਮੈਂ ਵੀ ਕਹਿਣਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਕੋਈ ਜੱਜ ਭਾਵੇਂ ਬਿਠਾ ਦਿਓ। ਜੇ ਮੈਨੂੰ ਝੂਠਾ ਕਹੇ ਤਾਂ ਮੈਨੂੰ ਸਜ਼ਾ ਦੇ ਦਿਓ ਅਤੇ ਜੇ ਤੁਹਾਨੂੰ ਝੂਠਾ ਕਹੇ ਤਾਂ ਤੁਹਾਨੂੰ ਫਿਰ ਸਜ਼ਾ ਮਿਲਣੀ ਚਾਹੀਦੀ ਹੈ। (ਥੰਪਿੰਗ)

ਮੁੱਖ ਮੰਤਰੀ : ਹਾਉਸ ਇਸੇ ਗੱਲ ਲਈ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਕ ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਚੰਗੀ ਗੱਲ ਕੀਤੀ ਹੈ। ਮੈਂ ਇਨ੍ਹਾਂ ਨੂੰ ਇਹ ਜ਼ਰੂਰ ਵਧਾਈ ਦੇਣੀ ਚਾਹੁੰਦਾ ਹਾਂ। ਪਹਿਲਾ ਪਾਰਟ ਇਰੀਗੇਸ਼ਨ ਇਨਕਰੀਜ਼ ਦਾ ਉਹ ਤਾਂ ਇਨ੍ਹਾਂ ਨੂੰ ਮੁਆਫ਼ਕ ਨਹੀਂ ਦੂਜਾ ਇਨ੍ਹਾਂ ਨੇ ਰੱਖ ਲਿਆ ਕਿ ਲੋਕਾਂ ਨੂੰ ਨਵੇਂ ਸਿਰਿਓਂ ਬਿਨਾ ਪਾਣੀ ਖੇਤੀ ਬਾੜੀ ਕਰਨ ਦੇ ਤਰੀਕੇ ਦੱਸਾਂਗੇ।

Chief Minister : I have to interrupt him.

Original with;
Punjab Vidhan Sabha
Digitized by;
Panjab Digital Library

Sardar Parkash Singh Badal : I do not allow.

Chief Minister : Who are you not to allow me ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਾਡਾ ਇਹ ਫੈਸਲਾ ਹੋਇਆ ਹੈ ਕਿ ਜਦੋਂ ਤੁਸੀਂ ਬੋਲਦੇ ਹੋਵੋਗੇ ਸਾਡਾ ਮੈਂਬਰ ਕੋਈ ਇਨਟ੍ਰਪਟ ਨਹੀਂ ਕਰੇਗਾ, ਜਦੋਂ ਮੈਂ ਬੋਲ ਰਿਹਾ ਹੋਵਾਂਗਾ ਤਾਂ ਉਧਰੋਂ ਕੋਈ ਇਨਟ੍ਰਪਟ ਨਹੀਂ ਕਰੇਗਾ।

ਮੁੱਖ ਮੰਤਰੀ : ਜੇ ਬਹਿਸ ਅੱਜ ਕਰਨੀ ਹੈ ਤਾਂ I can intervene.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੇਕਿਨ ਇਸ ਵਿੱਚ ਮੈਨੂੰ ਕੋਈ ਮਨਾਹੀ ਨਹੀਂ, ਭਾਵੇਂ ਮੈਂ ਸਾਰੀ ਡਿਸਕਸ਼ਨ ਅੱਜ ਕਰ ਲਵਾਂ।

ਸ਼੍ਰੀ ਸਪੀਕਰ : 40 ਮਿੰਟ ਇਨ੍ਹਾਂ ਦੇ ਹਨ। ਜੋ ਮਰਜ਼ੀ ਇਹ ਕਹਿ ਲੈਣ। (ਥੰਪਿੰਗ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਦੂਜੀ ਗੱਲ ਕਹਿ ਦਿੱਤੀ ਇਨ੍ਹਾਂ ਨੇ ਔਰ ਬੜਾ ਸਟਰੈਸ ਦਿਤਾ ਹੈ ਕਿ ਦਾਲਾਂ ਪਿਸਵਾਵਾਂਗੇ। ਮੈਂ ਕਹਿੰਦਾ ਹਾਂ ਕਿ ਕਿਉਂ ਭੱਠਾ ਬਿਠਾਉਣ ਲਗੇ ਹੋ ਲੋਕਾਂ ਦਾ ਉਹ ਬੀਜਣ ਦਿਓ ਮਹਾਰਾਸ਼ਟਰਾ ਅਤੇ ਰਾਜਿਸਥਾਨ ਨੂੰ ਸਾਡੇ ਤੇ ਨਾ ਇਹ ਸਟਰੈਸ ਦਿਓ।

ਤੀਸਰੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਐਗਰੀਕਲਚਰਲ ਲੈਂਡ ਸੀਲਿੰਗ ਕਰਾਂਗੇ । ਜ਼ਮੀਨ ਦੇਵਾਂਗੇ ਹਰੀਜਨਾਂ ਨੂੰ। ਸਪੀਕਰ ਸਾਹਿਬ, ਇਹ ਜਦੋਂ ਦੀ ਪਲੈਨਿੰਗ ਸ਼ੁਰੂ ਹੋਈ ਹੈ ਇਤਨੇ ਸਾਲ ਹੋ ਗਏ ਹਨ ਇਹ ਕੰਮ ਉਥੇ ਹੀ ਖੜਾ ਹੈ ਤੁਹਾਨੂੰ ਪਤਾ ਹੀ ਹੈ ਕਿ ਕਿੰਨਿਆਂ ਨੂੰ ਦਿੱਤੀ ਹੈ।

ਇਕ ਇਨ੍ਹਾਂ ਨੇ ਐਗਰੀਕਲਚਰਲ ਲੇਬਰ ਬਾਰੇ ਕਹੀ ਹੈ ਕਿ ਇਤਨੀ ਲੇਬਰ ਦਿਆਂਗੇ। ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਜਿਹੜੀ ਕੋਈ ਅੱਛੀ ਗੱਲ ਹੋਵੇ ਉਸ ਨੂੰ ਅੱਛਾ ਕਹਿਣਾ ਚਾਹੀਦਾ ਹੈ। ਇਨ੍ਹਾਂ ਨੇ 14 ਰੁਪਏ ਕੀਤੇ ਹਨ ਠੀਕ ਹੈ। ਮੈਂ ਇਤਨੀ ਬੇਨਤੀ ਕਰਨੀ ਚਾਹਾਂਗਾ ਇਹ ਜਿਹੜੇ 14 ਰੁਪਏ ਹਨ ਇਹ ਪਹਿਲਾਂ ਸਰਕਾਰੀ ਅਤੇ ਕੁਆਸੀ ਸਰਕਾਰੀ ਮਹਿਕਮਿਆਂ ਤੋਂ ਲਾਗੂ ਕਰਨ।

ਫਿਰ ਬਾਂਡਿਡ ਲੇਬਰ ਦੀ ਗੱਲ ਕੀਤੀ ਹੈ। ਇਸ ਬਾਰੇ ਅਰਜ਼ ਹੈ ਕਿ ਸਾਡੇ ਬਾਂਡਿਡ ਲੇਬਰ ਹੁੰਦੀ ਹੀ ਨਹੀਂ।

ਇਨ੍ਹਾਂ ਨੇ ਸ਼ਡਿਊਲਡ ਕਾਸਟਸ ਦੀ ਡਿਵੈਲਪਮੈਂਟ ਵਾਸਤੇ ਪ੍ਰੋਗਰਾਮ ਰੱਖੇ ਹਨ, ਕਾਫੀ ਲਿਸਟ ਦਿੱਤੀ ਹੈ। ਮੈਂ ਕਹਿੰਦਾ ਹਾਂ ਕਿ ਸ਼ਡਿਊਲਡ ਕਾਸਟਸ ਦੀ ਹਾਲਤ ਬੇਹਤਰ ਕਰਨ ਵਾਸਤੇ ਸਾਡਾ ਬਹੁਤ ਵੱਡਾ ਫਰਜ਼ ਹੈ। ਲੇਕਿਨ ਤੁਸੀਂ ਆਪ ਵੇਖ ਲਵੋ ਕਿ 33 ਸਾਲ ਹੋ ਗਏ ਹਨ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਪਾਰਟੀ ਨੇ ਐਕਸਪਲਾਇਟ ਤਾਂ ਜ਼ਰੂਰ ਕੀਤਾ ਹੋਵੇਗਾ ਉਨ੍ਹਾਂ ਦੀ ਹਾਲਤ ਬੇਹਤਰ ਕਰਨ ਵਾਸਤੇ ਪਰ ਤੁਸੀਂ ਵੇਖੋ ਪਿੰਡਾਂ ਵਿਚ ਬਹੁਤ ਸਾਰੇ ਸ਼ਡਿਊਲਡ ਕਾਸਟਸ ਰਹਿੰਦੇ ਹਨ। ਕੀ ਉਨ੍ਹਾਂ ਦੀ ਹਾਲਤ ਬੇਹਤਰ ਹੋਈ ਹੈ। ਜਿੰਨਾ ਰੁਪਿਆਂ ਇਨ੍ਹਾਂ ਨੇ ਇਸ ਪ੍ਰੋਗਰਾਮ ਵਿਚ ਰੱਖਿਆ ਹੈ। 8 ਕਰੋੜ ਰੁਪਿਆ ਇਸ ਮੱਦ ਵਿਚ ਰਖਿਆ ਹੈ ਸ਼ਡਿਊਲਡ ਕਾਸਟਸ ਲਈ, ਤੁਸੀਂ ਆਪ ਵੇਖ ਲਵੋ 20 ਰੁਪਏ ਇਕ ਸ਼ਡਿਊਲਡ ਕਾਸਟਸ ਦੇ ਹਿਸੇ ਵਿਚ ਆਉਂਦੇ ਹਨ। ਇਸ ਦੇ ਨਾਲ ਮਕਾਨ ਵੀ ਦੇਣੇ ਹਨ, ਜ਼ਮੀਨ ਦੇਣੀ ਹੈ, ਸਬਸਿਡੀ ਦੇਣੀ ਹੈ, ਆਈ.ਏ.ਐਸ. ਦੀ ਟਰੇਨਿੰਗ ਵੀ ਦੇਣਗੇ, ਇਸ ਤਰ੍ਹਾਂ ਦੀਆਂ 20 ਮੱਦਾਂ ਪਾਈਆਂ ਹਨ। ਇਸ ਤਰ੍ਹਾਂ ਦੀਆਂ ਤਾਂ ਇਨ੍ਹਾਂ ਦੀਆਂ ਸਕੀਮਾਂ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਫਿਰ ਇਨ੍ਹਾਂ ਨੇ ਕਿਹਾ ਹੈ ਕਿ ਮੈਕਸੀਮੱਮ ਕੋਸ਼ਿਸ਼ ਕਰਾਂਗੇ ਪੰਜਾਬ ਵਿਚ ਪਾਵਰ ਵਧਾਈ ਜਾਵੇ। ਮੈਂ ਕਹਿੰਦਾ ਹਾਂ ਕਿ ਇਲੈਕਟ੍ਰਿਸਿਟੀ ਅਥਾਰਟੀ ਜਿਹੜੀ ਹੈ ਉਸ ਦੀ ਫੈਕਸ਼ਨਿੰਗ ਠੀਕ ਕੀਤੀ ਜਾਵੇ। ਮੈਂ ਕਹਿੰਦਾ ਹਾਂ ਕਿ ਇਹ ਇਲੈਕਟ੍ਰਿਸਿਟੀ ਨਾਲ ਇਨਸਾਫ ਕਰਨ। ਇਹ ਬਹੁਤ ਵੱਡੀ ਚੀਜ਼ ਹੈ। ਇਲੈਕਟ੍ਰਿਸਿਟੀ ਬੋਰਡ ਨੂੰ ਅੱਛੀ ਤਰ੍ਹਾਂ ਚਲਾਉਣਾ ਬੜੀ ਵੱਡੀ ਗੱਲ ਹੈ। ਇਹ ਠੀਕ ਹੈ ਕਿ ਲੰਘਦੇ ਵੜਦੇ ਚੀਫ ਮਨਿਸਟਰ ਸਾਹਿਬ ਛਾਪੇ ਵੀ ਮਾਰਦੇ ਹਨ। ਇਹ ਕੀ ਕਰ ਸਕਣਗੇ ਕਿਉਂਕਿ ਇਲੈਕਟ੍ਰਿਸਿਟੀ ਬੋਰਡ ਠੀਕ ਤਰ੍ਹਾਂ ਕਾਂਸਟੀਚਿਊਟ ਹੀ ਨਹੀਂ ਹੋਇਆ ਹੋਇਆ। ਮੈਂ ਕਹਿੰਦਾ ਹਾਂ ਕਿ ਜਿਹੜੇ ਬੋਰਡ ਦੇ ਮੈਂਬਰ ਹੋਣ ਉਹ ਸਹੀ ਮਾਅਨਿਆਂ ਵਿਚ ਇਸ ਨੂੰ ਸਮਝਦੇ ਹੋਣ ਤਾਂ ਹੀ ਅੱਛਾ ਰਹਿੰਦਾ ਹੈ। ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਸ ਬੋਰਡ ਦੇ 7 ਮੈਂਬਰ ਹਨ ਉਨ੍ਹਾਂ ਵਿਚੋਂ ਇਕ ਚੇਅਰਮੈਨ ਹੈ ਜਿਹੜਾ ਟੈਕਨੀਕਲ ਮੈਂਬਰ ਹੈ ਬਾਕੀ ਸਾਰੇ ਨਾਨਟੈਕਨੀਕਲ ਹਨ। ਅਸੀਂ ਇਕ ਬਹੁਤ ਵੱਡੀ ਹਾਈ ਪਾਵਰ ਕਮੇਟੀ ਬਣਾਈ ਸੀ 'ਟੰਡਨ ਕਮੇਟੀ' ਜਿਸ ਨੇ ਦਸਣਾ ਸੀ ਕਿ ਕਿਸ ਤਰ੍ਹਾਂ ਬੋਰਡ ਦੇ ਹਾਲਾਤ ਅੱਛੇ ਹੋ ਸਕਦੇ ਹਨ। ਉਨ੍ਹਾਂ ਨੇ ਕਿਹਾ ਸੀ ਕਿ ਇਸ ਦੇ ਮੈਂਬਰ 3 ਇੰਜੀਨੀਅਰ ਟੈਕਨੀਕਲ ਹੋਣ ਅਤੇ ਇਕ ਬੜਾ ਐਕਸਪਰਟ ਜਿਸ ਨੇ ਪਬਲਿਕ ਅੰਡਰਟੇਕਿੰਗ ਵਿਚ ਕੰਮ ਕੀਤਾ ਹੋਵੇ ਉਹ ਫਾਇਨਾਂਸ ਮੈਂਬਰ ਹੋਵੇ। ਅਸੀਂ ਉਹ ਰਿਪੋਰਟ ਮੰਨ ਲਈ ਸੀ। ਇਹ ਅਜੇ ਤੱਕ ਕੋਈ ਫੈਸਲਾ ਨਹੀਂ ਕਰ ਸਕੇ ਅਤੇ ਬੋਰਡ ਨੂੰ ਠੀਕ ਢੰਗ ਨਾਲ ਆਰਗੇਨਾਈਜ਼ ਨਹੀਂ ਕਰ ਸਕੇ। ਜਿਨ੍ਹਾਂ ਨੇ ਚਲਾਉਣਾ ਹੈ ਅਗਰ ਉਨ੍ਹਾਂ ਦੀ ਬਣਤਰ ਠੀਕ ਨਾ ਹੋਵੇਗੀ ਤਾਂ ਕੰਮ ਕਿਸ ਤਰ੍ਹਾਂ ਠੀਕ ਚਲ ਸਕੇਗਾ।

ਇਨ੍ਹਾਂ ਨੇ ਹੋਰ ਕਿਹਾ ਹੈ ਕਿ ਫੈਮਿਲੀ ਪਲਾਨਿੰਗ ਕਰਾਂਗੇ, ਹੈਲਥ ਐਫੀਸ਼ੈਂਸੀ ਇੰਪਰੂਵ ਕਰਨੀ ਹੈ। ਇਹ, ਸਪੀਕਰ ਸਾਹਿਬ ਹੈਲਥ ਐਫੀਸ਼ੈਂਸੀ ਦੀ ਗੱਲ ਕਰਦੇ ਹਨ। ਕਿੰਨੇ ਹਸਪਤਾਲ ਇਹ 1982-83 ਵਿਚ ਖੋਲ੍ਹ ਰਹੇ ਹਨ। ਜਿਸ ਸਾਲ 20 ਨੁਕਾਤੀ ਪ੍ਰੋਗਰਾਮ ਚਾਲੂ ਕਰਨਾ ਹੈ ਉਸ ਸਾਲ ਵਿੱਚ ਸਿਰਫ 50 ਡਿਸਪੈਂਸਰੀਆਂ ਚਾਲੂ ਕਰਨੀਆਂ ਹਨ। ਸਾਡੇ ਵੇਲੇ ਦੀ ਗਲ ਵੇਖ ਲਵੋ ਇਕ ਸਾਲ ਵਿਚ ਸੱਤ ਸੱਤ ਸੌ ਹੈਲਥ ਸੈਂਟਰਜ਼ ਅਤੇ ਡਿਸਪੈਂਸਰੀਆਂ ਖੋਹਲਦੇ ਰਹੇ। ਮੈਂ ਦਸਦਾ ਹਾਂ ਕਿ 1979-80 ਵਿਚ ਢਾਈ ਸੌ ਰੂਰਲ ਡਿਸਪੈਂਸਰੀਆਂ ਖੋਹਲੀਆਂ, 512 ਸਬ ਸੈਂਟਰ ਅਤੇ 30, 25 ਬੈਡਿਡ ਹਸਪਤਾਲ ਖੋਹਲੇ। ਇਸ ਦੇ ਨਾਲ 70 ਬੈਡਿਡ ਵੀ ਸਨ ਅਤੇ ਉਸ ਤੋਂ ਬਾਦ 368 ਸੱਬ ਸੈਂਟਰ ਅਤੇ 130 ਡਿਸਪੈਂਸਰੀਆਂ ਖੋਲ੍ਹੀਆਂ। ਜਿਹੜੀ 1982-83 ਵਿਚ ਇਨ੍ਹਾਂ ਨੇ ਕਮਿਟਮੈਂਟ ਕੀਤੀ ਹੈ ਉਸ ਦੇ ਵਿਚ ਨਾ ਸੱਬ ਸੈਂਟਰਜ਼ ਹਨ, ਨਾ ਡਿਸਪੈਂਸਰੀਆਂ ਹਨ ਸਿਰਫ 50 ਰੂਰਲ ਹੈਲਥ ਸੈਂਟਰ ਖੋਹਲਣੇ ਹਨ।

ਇਸੇ ਤਰ੍ਹਾਂ ਹੀ ਇਨ੍ਹਾਂ ਦੀ ਐਜੂਕੇਸ਼ਨ ਦੀ ਗੱਲ ਵੇਖ ਲਵੋ। ਇਨ੍ਹਾਂ ਨੇ ਕਿਹਾ ਹੈ ਕਿ ਬਹੁਤ ਕੁਝ ਕਰਨਾ ਹੈ। ਨਵੇਂ ਸਕੂਲ ਖੋਹਲਣੇ ਹਨ, ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਸਕੂਲ ਅਪਗਰੇਡ ਕਰਨੇ ਹਨ। ਅੰਤਕੀ ਵੇਖ ਲਵੋ 1982-83 ਵਿਚ 50 ਪ੍ਰਾਇਮਰੀ ਤੋਂ ਮਿਡਲ ਅਤੇ 25 ਮਿਡਲ ਤੋਂ ਹਾਈ ਕਰਨੇ ਹਨ, ਪਰ ਪਿਛਲੇ ਸਾਲਾਂ ਵਿਚ ਤਿੰਨ-ਤਿੰਨ ਸੌ, ਚਾਰ ਚਾਰ ਸੌ ਸਕੂਲ ਹੋਏ। ਇਨ੍ਹਾਂ ਗੱਲਾਂ ਤੋਂ ਸਾਫ਼ ਜ਼ਾਹਰ ਹੈ ਕਿ ਇਨ੍ਹਾਂ ਦਾ 25 ਨੁਕਾਤੀ ਪ੍ਰੋਗਰਾਮ ਸਾਰਾ ਇਹੋ ਜਿਹਾ ਹੀ ਹੈ।

ਸਪੀਕਰ ਸਾਹਿਬ, ਪਬਲਿਕ ਡਿਸਟਰੀਬਿਊਸ਼ਨ ਸਿਸਟਮ ਵਿਚ ਸਰਦਾਰ ਬਲਵੰਤ ਸਿੰਘ ਨੇ ਕਿਹਾ ਸੀ ਕਿ 4 ਕਰੋੜ ਰੁਪਏ ਦਾ ਬਜਟ ਇਨ੍ਹਾਂ ਨੇ ਹਰੀਜਨ ਫੈਮਲੀਜ਼ ਵਾਸਤੇ ਰੱਖਿਆ ਹੈ ਜਿਹੜਾ ਕਿ 4, 4, ਜਾਂ 5, 5 ਰੁਪਏ ਇਕ ਦੇ ਹਿੱਸੇ ਵਿਚ ਆਉਣੇ ਹਨ, ਉਸ ਦਾ ਕੋਈ ਫਾਇਦਾ ਨਹੀਂ। ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 20 ਨੁਕਾਤੀ ਪ੍ਰੋਗਰਾਮ ਨਾਲ ਹਿੰਦੁਸਤਾਨ ਦਾ ਫੇਸ ਚੇਂਜ ਕਰ ਦਿਆਂਗੇ। ਮੈਂ ਕਹਿੰਦਾ ਹਾਂ ਕਿ ਇਹ ਟੋਟਲ ਮਿਸਸਟੇਟਮੈਂਟ ਹੈ। ਇਹ ਤਾਂ ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਪਾਈ

Original with;
Punjab Vidhan Sabha
Digitized by;
Panjab Digital Library

ਹੋਈ ਹੈ। ਸਪੀਕਰ ਸਾਹਿਬ, ਜੇਕਰ ਸਾਰੀਆਂ ਗੱਲਾਂ ਦਾ ਸਿੱਟਾ ਲਈਏ ਤਾਂ ਮੈਨੂੰ ਇਕ ਮਿਸਾਲ ਯਾਦ ਆਂ ਗਈ ਹੈ ਕਿ ਅਮਰੀਕਾ ਵਿਚ ਇਕ ਫੋਰਡ ਕਾਰ ਕੰਪਨੀ ਹੈ ਉਹ 15 ਮਿੰਟਾਂ ਜਾਂ ਅੱਧੇ ਘੰਟੇ ਵਿਚ ਇਕ ਕਾਰ ਤਿਆਰ ਕਰਕੇ ਖੜੀ ਕਰ ਦਿੰਦੀ ਹੈ, ਡਰਾਈਵਰ ਉਸ ਨੂੰ ਟੈਸਟ ਕਰਨ ਲਈ ਲੈ ਜਾਂਦਾ ਹੈ। ਉਹ ਬੜੀ ਰੈਪਿਊਟ ਦੀ ਕੰਪਨੀ ਹੈ। ਇਕ ਵਾਰੀ ਉਸ ਫੋਰਡ ਕੰਪਨੀ ਦੀ ਕਾਰ ਬਣ ਕੇ ਬਾਹਰ ਆਈ ਡਰਾਈਵਰ ਜਦੋਂ ਲੈ ਗਿਆ ਤਾਂ ਵੇਖਿਆ ਕਿ ਉਹ ਕਾਰ ਇਕ ਮੀਲ ਤੇ ਜਾਕੇ ਖੜੀ ਹੋ ਗਈ। ਡਰਾਈਵਰ ਬੜਾ ਪ੍ਰੇਸ਼ਾਨ ਹੋਇਆ। ਜਦੋਂ ਉਸ ਨੇ ਬੋਨਟ ਚੁੱਕ ਕੇ ਵੇਖਿਆ ਤਾਂ ਉਸ ਦੇ ਵਿਚ ਇੰਜਨ ਹੀ ਨਹੀਂ ਸੀ। ਫਿਰ ਉਹ ਸੋਚਣ ਲਗ ਪਿਆ ਜੇ ਇੰਜਨ ਨਹੀਂ ਸੀ ਤਾਂ ਇਹ ਚਲ ਕਿਸ ਤਰ੍ਹਾਂ ਪਈ। ਉਸ ਨੂੰ ਕਿਸੇ ਨੇ ਕਿਹਾ ਕਿ ਇਹ ਜਿਹੜੀ ਇਕ ਮੀਲ ਚਲੀ ਹੈ ਉਹ ਤੁਹਾਡੀ ਪੁਰਾਣੀ ਰੈਪੂਟੇਸ਼ਨ ਨਾਲ ਹੀ ਚਲੀ ਹੈ। ਇਹ ਜਿਹੜੀ ਦੋ ਸਾਲ ਤੁਹਾਡੀ ਸਰਕਾਰ ਚਲੀ ਕਿਸੇ ਨੇ ਧੱਕਾ ਮਾਰ ਦਿਤਾ ਤੇ ਇਹ ਚਲ ਪਈ। (ਹਾਸਾ) ਸਪੀਕਰ ਸਾਹਿਬ, ਇਸ ਲਈ ਇਹ ਜਿਹੜੀ ਗੱਡੀ ਖੜੀ ਹੈ, ਮੈਂ ਕਹਿੰਦਾ ਹਾਂ ਕਿ ਅੱਜ ਖੜੀ ਹੈ, ਮੈਂ, ਸਪੀਕਰ ਸਾਹਿਬ, ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ ਤੁਸੀਂ ਕਹੋਗੇ ਤਾਂ ਨਹੀਂ ਪਰ ਸਮਝ ਤਾਂ ਜਾਓਗੇ। ਪਹਿਲਾਂ ਕਹਿ ਦਿਤਾ ਕਿ 127 ਕਰੋੜ ਰੁਪਏ ਓਵਰ ਡਰਾਫਟ ਹੈ ਪਰ ਸੈਂਟਰਲ ਮਨਿਸਟਰ ਨੇ ਕਿਹਾ ਕਿ 138 ਕਰੋੜ ਰੁਪਏ ਹੈ। ਫਾਈਨਾਂਸ਼ਲ ਤੌਰ ਤੇ ਗੱਡੀ ਖੜ ਗਈ। ਪੇਜ 64 ਤੇ ਪੈਰਾ 7, 8 ਐਨੂਅਲ ਪਲਾਨ ਵਿਚ ਇਨ੍ਹਾਂ ਦੇ ਆਪਣੇ ਲਫਜ਼ ਹਨ :

"The State Government would continue to be in the grip of power famine throughout the Sixth Plan."

ਸਪੀਕਰ ਸਾਹਿਬ, ਸਾਰੀ ਛੇਵੀਂ ਪਲਾਨ ਵਿਚ ਪਾਵਰ ਫੈਮਿਨ ਰਹੇਗਾ। ਮੈਂ ਕਹਿ ਸਕਦਾ ਹਾਂ ਕਿ ਛੇਵੀਂ, ਸੱਤਵੀਂ ਜਾਂ ਅੱਠਵੀਂ ਪਲਾਨ ਹੋਵੇ ਇਹ ਸਾਰੀਆਂ ਵਿਚ ਪਾਵਰ ਫੈਮਿਨ ਰਹੇਗਾ, ਇਹ ਆਪ ਵੀ ਮੰਨਦੇ ਹਨ ਕਿ ਇਹ ਠੀਕ ਹੈ।

ਫਿਰ ਲਾਅ ਐਂਡ ਆਰਡਰ ਦੀ ਗੱਲ ਹੈ ਕਿ ਆਪਨੂੰ ਪ੍ਰੈਜ਼ੀਡੈਂਸ਼ਲ ਸਪੀਚ ਵਿਚ ਜੋ ਗੱਲਾਂ ਕਹੀਆਂ ਸਨ ਮੈਂ ਉਹ ਦੁਹਰਾਉਣਾ ਨਹੀਂ ਚਾਹੁੰਦਾ ਹਾਂ ਪਰ ਹੁਣ ਤਾਂ ਹਾਲਤ ਬਹੁਤ ਹੀ ਬੁਰੀ ਹੋ ਗਈ ਹੈ ਇਹ ਬੁਰਾ ਨਹੀਂ ਮਨਾਉਣਗੇ ਕਿਉਂਕਿ ਗੱਲ ਹੀ ਐਸੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਜਿਸ ਸਰਕਾਰ ਦੇ ਚੀਫ ਮਨਿਸਟਰ ਦੀ ਆਪਣੀ ਪੱਗ ਲਹਿ ਗਈ ਹੋਵੇ ਉਹ ਦੂਸਰੇ ਦੀ ਕਿਥੋਂ ਬਚਾ ਸਕਦਾ ਹੈ। ਇਹ ਲਾਅ ਐਂਡ ਆਰਡਰ ਹੈ। ਇਥੇ ਕੈਮਿਊਨਲ ਕਿਲਿੰਗਜ਼ ਹੋਈਆਂ, ਪੁਲਿਸ ਨੇ ਕਤਲ ਕੀਤੇ, ਜਿਹੜਾ ਪੰਜਾਬ ਦਾ ਖੂਬਸੂਰਤ ਚੇਹਰਾ ਸੀ ਉਸ ਤੇ ਬਦਨੁਮਾ ਧੱਬਾ ਲਾਇਆ। ਪੁਲਿਸ ਵਲੋਂ ਤਸੱਦਦ ਹੋ ਰਹੇ ਹਨ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜੀਸ਼ਨ ਨੇ ਪਗੜੀ ਦੀ ਗਲ ਕੀਤੀ ਹੈ, ਇਹ ਆਪ ਕਹਿੰਦੇ ਹੁੰਦੇ ਸਨ ਕਿ ਜਦੋਂ ਇਹ ਚੀਫ ਮਨਿਸਟਰ ਸਨ ਇਨ੍ਹਾਂ ਦਾ ਇਕ ਹੱਥ ਪੱਗ ਤੇ ਹੁੰਦਾ ਸ਼ੀ ਅਤੇ ਦੂਜਾ ਕੁਰਸੀ ਤੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪਰ ਮੈਂ ਆਪਣੀ ਪੱਗ ਬਚਾਈ, ਭਾਵੇਂ ਹੱਥ ਰੱਖਿਆ ਸੀ।

ਮੁੱਖ ਮੰਤਰੀ : ਹੁਣ ਵੀ ਤੁਹਾਡੀ ਪੱਗ ਬਚਾਉਣੀ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਾਰੀਆਂ ਅੱਛੀਆਂ ਸਕੀਮਾਂ ਚਾਹੇ ਆਦਰਸ਼ ਸਕੂਲ ਸਨ, 25 ਬੈਡਿਡ ਹਸਪਤਾਲ ਸਨ ਜਾਂ ਫੋਕਲ ਪੁਆਇੰਟਸ ਸਨ ਉਹ ਸਾਰੀਆਂ ਦੀਆਂ ਸਾਰੀਆਂ ਇਨ੍ਹਾਂ ਨੇ ਬੰਦ ਕਰ ਦਿੱਤੀਆਂ। ਵੈਟਰਨਰੀ ਹਸਪਤਾਲਾਂ ਦੀ ਗਲ ਹੀ ਲੈ ਲਓ। ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਤੁਸੀਂ ਆਪਣੀ ਤਸੱਲੀ ਵਾਸਤੇ ਸਾਡੇ ਮਹਿਕਮਿਆਂ ਦੀ ਰਿਪੋਰਟ ਜ਼ਰੂਰ ਪੜ੍ਹੋ । ਸਾਡੇ ਰਾਜ ਵਿਚ ਕੋਈ ਸਾਲ ਐਸਾ ਨਹੀਂ ਸੀ ਜਦੋਂ 100, 105 ਜਾਂ 106 ਵੈਟਰਨਰੀ ਹਸਪਤਾਲ ਅਸੀਂ ਨਾ ਖੋਲ੍ਹੇ ਹੋਣ। ਭਾਵੇਂ 1978-79 ਸੀ ਭਾਵੇਂ 1979-80 ਸੀ। ਕੋਈ ਸਾਲ ਵੇਖ ਲਓ। ਪਰ, ਸਪੀਕਰ, ਸਾਹਿਬ ਪਿਛਲੇ ਸਾਲ ਇਨ੍ਹਾਂ ਨੇ ਪੰਜ ਵੈਟਰਨਰੀ ਡਿਸਪੈਂਸਰੀਆਂ ਅਪਗ੍ਰੇਡ ਕੀਤੀਆਂ। ਨਵੀਆਂ ਨਹੀਂ ਖੋਲ੍ਹੀਆਂ ਅਤੇ ਐਤਕੀ 10 ਖੋਲ੍ਹ ਰਹੇ ਹਨ। ਮੈਂ, ਸਪੀਕਰ ਸਾਹਿਬ, ਕਿਸ ਤਰ੍ਹਾਂ ਨਾ ਕਹਾਂ ਕਿ ਸਥਕਾਰ ਖੜ ਗਈ ਹੈ। ਸਪੀਕਰ ਸਾਹਿਬ, ਸਕੂਲਾਂ ਦੀ ਗੱਲ ਲੈ ਲਓ। ਇਨ੍ਹਾਂ ਨੇ ਇਥੇ ਹਾਊਸ ਵਿੱਚ ਵਾਅਦਾ ਕੀਤਾ ਸੀ ਕਿ ਮੋਹਾਲੀ ਅਤੇ ਰਣਜੀਤਗੜ੍ਹ ਵਿੱਚ ਕਾਲਜ ਖੋਲ੍ਹਾਂਗੇ। ਪਰ ਕੋਈ ਕਾਲਜ ਨਹੀਂ ਖੋਲ੍ਹਿਆ ਗਿਆ। ਸਰਦਾਰ ਹਰਚੰਦ ਸਿੰਘ ਬਘਾੜ ਦਾ ਹਲਕਾ ਫਤਣਵਾਲਾ ਜੋ ਮੁਕਤਸਰ ਵਿੱਚ ਹੈ ਅਤੇ ਮੇਰੇ ਹਲਕੇ ਵਿੱਚ ਲੋਕ ਰੋਂਦੇ ਹਨ। ਉਥੇ ਸੇਮ ਕਾਰਣ ਫਲੱਡ ਆ ਗਿਆ ਹੈ। ਸੇਮ ਇਸ ਕਰਕੇ ਆਈ ਹੈ ਕਿਉਂਕਿ ਕਿਸਾਨਾਂ ਨਾਲ ਇਨ੍ਹਾਂ ਨੂੰ ਕੋਈ ਹਮਦਰਦੀ ਨਹੀਂ। ਸਿਰਫ ਚਾਰ ਕਰੋੜ ਰੁਪਿਆ ਇਸ ਸਾਲ ਦੇ ਬਜਟ ਵਿੱਚ ਡਰੇਨੇਜ ਲਈ ਰਖਿਆ ਹੈ । ਇਸ ਚਾਰ ਕਰੋੜ ਨਾਲ ਤਾਂ ਤਨਖਾਹਾਂ ਵੀ ਪੂਰੀਆਂ ਨਹੀਂ ਹੁੰਦੀਆਂ। ਸਪੀਕਰ ਸਾਹਿਬ, ਵੱਡੇ ਵੱਡੇ ਮਸਲਿਆਂ ਨੂੰ ਹੱਲ ਕਰਨ ਵਿੱਚ ਇਹ ਸਰਕਾਰ ਬਿਲਕੁਲ ਫੇਲ੍ਹ ਹੋਈ ਹੈ। ਸ਼ੁਰੂ ਸ਼ੁਰੂ ਵਿੱਚ ਸਾਨੂੰ ਇਹ ਕਹਿੰਦੇ ਰਹੇ ਕਿ ਅਸੀਂ ਅਨਡੈਮੋਕਰੇਟਿਕ ਹਾਂ। ਪਰ ਇਨ੍ਹਾਂ ਨੇ ਦੋ ਸਾਲਾਂ ਵਿੱਚ ਕਿਸੇ ਵੀ ਪੰਚਾਇਤ, ਮਿਉਂਸਪਲ ਕਮੇਟੀ ਜਾਂ ਮਿਉਂਸਪਲ ਕਾਰਪੋਰੇਸ਼ਨ ਵਿੱਚ ਇਲੈਕਸ਼ਨ ਨਹੀਂ ਕਰਾਈ। ਪਹਿਲਾਂ ਅਸੀਂ ਇਨ੍ਹਾਂ ਦੇ ਛੇ ਮਹੀਨੇ ਅਤੇ ਸਾਲ ਵੇਖਦੇ ਰਹੇ ਪਰ ਇਨ੍ਹਾਂ ਦੋ ਸਾਲਾਂ ਵਿੱਚ ਕਿਤੇ ਵੀ ਇਲੈਕਸ਼ਨ ਨਾ ਕਰਾਈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਾਰੀ ਮਸ਼ੀਨਰੀ ਸਟੈਂਡ ਸਟਿਲ ਹੈ। ਮੈਂ ਫਿਰ ਦੁਹਰਾਉਂਦਾ ਹਾਂ ਕਿ ਫੋਰਡ ਦੀ ਕਾਰ ਕੰਪਨੀ ਵਾਂਗ ਇਹ ਵੀ ਦੋ ਸਾਲ ਸਾਡੇ ਧੱਕੇ ਨਾਲ ਚਲਦੇ ਰਹੇ ਹਨ। ਹੁਣ ਇਨ੍ਹਾਂ ਨੂੰ ਆਪਣੀ ਕਾਰ ਵਿੱਚ ਨਵਾਂ ਇੰਜਣ ਪਵਾਉਣਾ ਚਾਹੀਦਾ ਹੈ ਨਹੀਂ ਤਾਂ ਇਨ੍ਹਾਂ ਦੀ ਕਾਰ ਨਹੀਂ ਚਲੇਗੀ।

ਸਪੀਕਰ ਸਾਹਿਬ, ਇਕ ਹੋਰ ਵੱਡਾ ਮਸਲਾ ਹੈ ਜਿਸਦੀ ਭਾਵੇਂ ਪਬਲਿਕ ਫੋਰਮ ਹੋਵੇ, ਅਸੈਂਬਲੀ ਹੋਵੇ ਜਾਂ ਪਾਰਲੀਮੈਂਟ ਹੋਵੇ, ਸਾਨੂੰ ਉਸਤੇ ਡਿਸਕਸ਼ਨ ਕਰਨੀ ਚਾਹੀਦੀ ਹੈ। ਉਸਨੂੰ ਐਵੇਂ ਨਹੀਂ ਟਾਲ ਦੇਣਾ ਚਾਹੀਦਾ। ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਹੋਰਾਂ ਨੂੰ ਅਤੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਅਗਰ ਪੁੱਛਾਂ ਤਾਂ ਇਹ ਬਿਲਕੁਲ ਸਾਡੀ ਰਾਇ ਨਾਲ ਮੁਤਫਿਕ ਹੋਣਗੇ। ਉਹ ਗੱਲ ਹੈ ਪ੍ਰੋਵਿੰਸ਼ਲ ਸਟੇਟਾਂ ਨੂੰ ਅਟਾਨੋਮੀ ਦੀ। ਅਟਾਨੋਮੀ ਦਾ ਬੜਾ ਬਰਨਿੰਗ ਕੁਐਸਚਨ ਹੈ। 1967 ਤੋਂ ਪਹਿਲਾਂ ਸੈਂਟਰ ਵਿੱਚ ਵੀ ਇਸੇ ਪਾਰਟੀ ਦਾ ਰਾਜ ਸੀ ਅਤੇ ਸੂਬਿਆਂ ਵਿੱਚ ਵੀ ਇਸੇ ਪਾਰਟੀ ਦਾ ਬਾਸ ਸੀ। ਇਸ ਕਾਰਣ ਕਿਸੇ ਦੀ ਜ਼ੁਰਅਤ ਨਹੀਂ ਸੀ ਕਿ ਉਹ ਅਜਿਹੀ ਆਵਾਜ਼ ਉਠਾਏ। 1967 ਤੋਂ ਬਾਅਦ ਹਾਲਾਤ ਬਦਲੇ ਅਤੇ ਬਹੁਤ ਸਾਰਿਆਂ ਸੂਬਿਆਂ ਵਿੱਚ ਨਾਨ-ਕਾਂਗਰਸ ਸਰਕਾਰਾਂ ਬਣੀਆਂ। ਇਸ ਲਈ ਉਦੋਂ ਤੋਂ ਇਹ ਡਿਮਾਂਡ ਚਲੀ ਆਈ ਹੈ। ਇਹ ਇਕੱਲੀ ਅਕਾਲੀ ਦਲ ਦੀ ਡਿਮਾਂਡ ਨਹੀਂ। ਦੇਸ਼ ਦੀਆਂ ਵੱਡੀਆਂ ਵੱਡੀਆਂ ਪਾਰਟੀਆਂ ਜਿਵੇਂ ਸੀ.ਪੀ.ਐਮ., ਸੀ.ਪੀ.ਆਈ., ਡੀ.ਐਮ.ਕੇ., ਏ.ਡੀ.ਐਮ.ਕੇ., ਨੈਸ਼ਨਲ ਕਾਨਫਰੰਸ, ਫਾਰਵਰਡ ਬਲਾਕ, ਇਨ੍ਹਾਂ ਸਾਰੀਆਂ ਪਾਰਟੀਆਂ ਨੇ ਇਸ ਮੰਗ ਨੂੰ ਜ਼ੋਰ ਨਾਲ ਉਠਾਇਆ ਹੈ। ਬਹੁਤ ਸਾਰੀਆਂ ਅਸੈਂਬਲੀਆਂ ਨੇ ਤਾਂ ਇਹ ਰੈਜ਼ੋਲਿਊਸ਼ਨ ਵੀ ਕਰ ਦਿੱਤੇ ਹਨ। ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਟਾਨੋਮੀ ਦੀ ਡਿਮਾਂਡ ਨੂੰ ਗਲਤ ਰੂਪ ਦਿੱਤਾ ਜਾਂਦਾ ਹੈ । ਇਹ ਬਿਲਕੁਲ ਸੈਸੇਸ਼ਨ ਦੀ ਡਿਮਾਂਡ ਨਹੀਂ । The demand of autonomy is not a demand for secession. We are in favour

Original with;
Punjab Vidhan Sabha
Digitized by;
Panjab Digital Library

of the autonomy of the States consistent with the integrity of the country.

ਸਪੀਕਰ ਸਾਹਿਬ, ਅਸੀਂ ਮਜ਼ਬੂਤ ਸਟੇਟਾਂ ਦੇ ਹੱਕ ਵਿੱਚ ਹਾਂ। ਲੇਕਿਨ ਅਸੀਂ ਕਦੇ ਇਹ ਨਹੀਂ ਚਾਹੁੰਦੇ ਕਿ ਸੈਂਟਰ ਕਮਜ਼ੋਰ ਹੋਵੇ। ਜੇ ਅਸੀਂ ਮਜ਼ਬੂਤ ਹਿੰਦੁਸਤਾਨ ਬਣਾਉਣਾ ਚਾਹੁੰਦੇ ਹਾਂ ਤਾਂ ਉਹ ਮਜ਼ਬੂਤ ਸਟੇਟਾਂ ਦੀ ਨੀਂਹ ਤੇ ਹੀ ਬਣ ਸਕਦਾ ਹੈ ਨਹੀਂ ਤਾਂ ਨਹੀਂ ਬਣ ਸਕਦਾ। It is a demand for giving adequate powers to the States so that the latter could also play an effective role in the nation building activity. ਸਪੀਕਰ ਸਾਹਿਬ ਅਸੀਂ ਇਹ ਡਿਮਾਂਡ ਇਸ ਲਈ ਨਹੀਂ ਮੰਗਦੇ ਕਿ ਇਥੇ ਵੱਧ ਤਾਕਤ ਨਹੀਂ ਹੈ। ਇਥੇ ਕਾਂਗਰਸ ਪਾਰਟੀ ਦਾ ਵੀ ਰਾਜ ਹੋ ਸਕਦਾ ਹੈ ਅਤੇ ਕਮਿਊਨਿਸਟ ਪਾਰਟੀ ਦੀ ਵੀ ਸਰਕਾਰ ਬਣ ਸਕਦੀ ਹੈ। ਅਸੀਂ ਇਹੋ ਜਿਹੀਆਂ ਪਾਵਰਜ਼ ਸਟੇਟ ਨੂੰ ਦਿਵਾਉਣਾ ਚਾਹੁੰਦੇ ਹਾਂ ਜਿਸ ਦੇ ਨਾਲ ਸਟੇਟਾਂ ਦੀਆਂ ਸਰਕਾਰਾਂ ਨੈਸ਼ਨਲ ਬਿਲਡਿੰਗ ਵਿੱਚ ਇਫੈਕਟਿਵ ਰੋਲ ਅਦਾ ਕਰ ਸਕਣ। ਅਸੀਂ 33 ਸਾਲਾਂ ਦਾ ਤਜਰਬਾ ਵੇਖ ਲਿਆ ਹੈ। ਇਸ ਤੋਂ ਵੱਧ ਸਟਰੌਂਗ 'ਸੈਂਟਰ ਹੋਰ ਕੀ ਹੋ ਸਕਦਾ ਹੈ ਜਦੋਂ ਕਿਸੇ ਦੀ ਜੁਰਅਤ ਨਾ ਹੋਵੇ ਕੋਈ ਗੱਲ ਕਹਿਣ ਦੀ। ਲੇਕਿਨ 33 ਸਾਲਾਂ ਤੋਂ ਬਾਅਦ ਅਸੀਂ ਵੇਖਿਆ ਹੈ ਕਿ ਹਿੰਦੁਸਤਾਨ ਦੀ ਹਾਲਤ ਕੀ ਹੈ। ਕੀ ਗਰੀਬੀ ਦੂਰ ਹੋ ਗਈ ਹੈ, ਅਨਪੜ੍ਹਤਾ ਦੂਰ ਹੋ ਗਈ ਹੈ, ਲੋਕਾਂ ਦਾ ਰਹਿਣ ਸਹਿਣ ਦਾ ਢੰਗ ਉੱਚਾ ਹੋਇਆ ਹੈ ? ਸਪੀਕਰ ਸਾਹਿਬ, ਅਗਰ ਮੈਂ ਕਹਾਂ ਤਾਂ ਸ਼ਾਇਦ ਇਨ੍ਹਾਂ ਨੂੰ ਯਕੀਨ ਨਾ ਹੋਵੇ। ਇਹ ਪਲਾਨਿੰਗ ਕਮਿਸ਼ਨ ਨੇ ਜੋ ਸਰਵੇ ਕੀਤਾ ਹੈ ਉਸਦੇ ਅੰਕੜੇ ਹਨ। ਪਲਾਨਿੰਗ ਕਮਿਸ਼ਨ ਦੇਸ਼ ਦੀ ਬੜੀ ਵੱਡੀ ਥਾਂਡੀ ਹੈ। ਇਨ੍ਹਾਂ ਅੰਕੜਿਆਂ ਦੇ ਮੁਤਾਬਿਕ 304.6 ਮਿਲੀਅਨ ਲੋਕ ਹਿੰਦੁਸਤਾਨ ਦੇ ਬੀਲੋ ਸਬਸਿਸਟੈਂਸ ਲੈਵਲ ਰਹਿ ਰਹੇ ਹਨ।

ਸ਼੍ਰੀ ਸਪੀਕਰ : ਤੁਹਾਡੀ ਪਾਰਟੀ ਦਾ ਟਾਈਮ ਖਤਮ ਹੋ ਰਿਹਾ ਹੈ। ਇਸ ਲਈ ਵਾਈਂਡ ਅਪ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਅਤੇ ਇਹ ਕਨਵੈਨਸ਼ਨ ਵੀ ਹੈ ਕਿ ਅਜਿਹੇ ਮੌਕੇ ਤੇ ਲੀਡਰ ਆਫ ਦੀ ਆਪੋਜ਼ੀਸ਼ਨ ਅਤੇ ਲੀਡਰ ਆਫ ਦੀ ਹਾਊਸ ਜਿਤਨਾ ਮਰਜ਼ੀ ਚਿਰ ਚਾਹੇ ਬੋਲ ਲੈਣ। ਬਹੁਤ ਘਟ ਮੌਕੇ ਮਿਲਦੇ ਹਨ। ਇਹ ਬਹੁਤ ਸਪੈਸ਼ਲ ਮੌਕਾ ਹੈ, ਇਸ ਲਈ ਤੁਹਾਨੂੰ ਲਿਬਰਲ ਹੋਣਾ ਚਾਹੀਦਾ ਹੈ। ਜਿਹੜਾ ਸਬਸਿਸਟੈਂਸ ਲੈਵਲ ਤੋਂ ਥਲੇ ਰਹਿੰਦਾ ਹੈ ਉਸਦੀ ਆਮਦਨ 65 ਰੁਪਏ ਬਣਦੀ ਹੈ। ਜਿਸ ਕੰਟਰੀ ਵਿਚ 45% ਆਬਾਦੀ ਬੀਲੋ ਸਬਸਿਸਟੈਂਸ ਲੈਵਲ ਰਹਿੰਦੀ ਹੋਵੇ ਤਾਂ ਦੇਸ਼ ਦੀ ਕੀ ਪੁਜ਼ੀਸ਼ਨ ਹੋ ਸਕਦੀ ਹੈ। ਮੈਂ ਸਮਝਦਾ ਹਾਂ ਕਿ ਸਮਾਂ ਆ ਗਿਆ ਹੈ ਕਿ ਹੁਣ ਸਟੇਟਾਂ ਦੀਆਂ ਸਰਕਾਰਾਂ ਅਜਿਹਾ ਰੱਵਈਆ ਬਰਦਾਸ਼ਤ ਨਹੀਂ ਕਰਣਗੀਆਂ ਜਿਵੇਂ ਕਿ ਇਕ ਹੈਡਮਾਸਟਰ ਚਾਹੁੰਦਾ ਹੈ। ਜੋ ਸ਼੍ਰੋਮਣੀ ਅਕਾਲੀ ਦਲ ਦੀ ਡਿਮਾਂਡ ਹੈ ਉਹ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਵਿਚ ਕਲੀਅਰਲੀ ਦੱਸੀ ਗਈ ਹੈ। ਸਰਦਾਰ ਬਲਵੰਤ ਸਿੰਘ ਅਤੇ ਬਰਨਾਲਾ ਸਾਹਿਬ ਨੇ ਬੜੀ ਵਜਾਹਤ ਨਾਲ ਸਾਰੇ ਪੱਖ ਦਸੇ ਹਨ। ਮੈਂ ਉਸਦੇ ਵਿਚ ਜ਼ਿਆਦਾ ਨਹੀਂ ਜਾਣਾ ਚਾਹੁੰਦਾ ਹਾਂ। ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਵਿਚ ਇਹ ਲਿਖਿਆ ਹੈ :

> 'ਸ਼੍ਰੋਮਣੀ ਅਕਾਲੀ ਦਲ ਇਹ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿੱਚ ਬਰਾਬਰ ਦਾ ਅਧਿਕਾਰ ਅਤੇ ਨੁਮਾਇੰਦਗੀ ਹੋਵੇ।'

ਸਪੀਕਰ ਸਾਹਿਬ ਅਸੀਂ ਹਿੰਦੁਸਤਾਨ ਦਾ ਸਹੀ ਫੈਡਰਲ ਢਾਂਚਾ ਚਾਹੁੰਦੇ ਹ । ਇਹ ਚੀਜ਼ ਅਸੀਂ ਅਜ ਨਹੀਂ ਕਹਿਣ ਲਗੇ। ਜਦੋਂ ਸਾਡਾ ਕੰਸਟੀਚਿਊਸ਼ਨ ਬਣਿਆ ਸੀ ਉਦੋਂ ਦੀ ਕੰਸਟੀਚਿਊਸ਼ਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਬਣਾਉਣ ਵਾਲਿਆਂ ਨੇ ਫੈਡਰਲ ਢਾਂਚੇ ਦੀ ਬੁਨਿਆਦ ਰੱਖੀ ਸੀ ਤਾਂ ਕਿ ਇੰਡੀਆ ਵਿਚ ਯੂਨਿਟੀ ਅਤੇ ਡਾਇਵਰਸਿਟੀ ਦੇ ਕਲੇਮ ਨੂੰ ਪੂਰਾ ਕੀਤਾ ਜਾਵੇ। ਹਿੰਦੁਸਤਾਨ ਬਹੁਤ ਵੱਡਾ ਮੁਲਕ ਹੈ ਜਿਸ ਦੇ ਵਿਚ ਕਈ ਕਿਸਮ ਦੇ ਧਰਮ ਹਨ, ਕਈ ਕਿਸਮ ਦੀਆਂ ਬੋਲੀਆਂ, ਕਲਚਰਲ ਗਰੁੱਪਸ, ਅਤੇ ਰੇਸਿਜ਼ ਹਨ। ਇਕਨਾਮਿਕ ਕੰਡੀਸ਼ਨਜ਼ ਵੀ ਵੱਖ ਵੱਖ ਹਨ। ਇਸ ਦੇ ਵਿਚ ਫੈਡਰਲ ਸਟਰਕਚਰ ਹੀ ਕਾਮਯਾਬ ਹੋ ਸਕਦਾ ਹੈ ਅਤੇ ਇਸ ਦੇ ਨਾਲ ਹੀ ਪੱਕੀ ਅਤੇ ਪਾਏਦਾਰ ਯੂਨਿਟੀ ਸਾਡੇ ਦੇਸ਼ ਵਿਚ ਹੋ ਸਕਦੀ ਹੈ। ਅਜ ਅਮਰੀਕਾ, ਆਸਟਰੇਲੀਆ ਅਤੇ ਯੂ.ਐੱਸ.ਐੱਸ.ਆਰ ਵਿਚ ਵੇਖ ਲਓ। ਹੋਰ ਵੀ ਬਹੁਤ ਸਾਰੇ ਮੁਲਕ ਹਨ ਜਿਥੇ ਫੈਡਰਲ ਸਿਸਟਮ ਦਾ ਢਾਂਚਾ ਹੈ । ਭਾਵੇਂ ਕੋਈ ਛੋਟਾ ਮੁਲਕ ਹੋਵੇ ਪਰ ਜਿਥੇ ਲਿੰਗੁਇਸਟਿਕ ਡਾਇਵਰਸਿਟੀ ਹੋਵੇ ਉਥੇ ਹਮੇਸ਼ਾ ਹੀ ਫੈਡਰਲ ਢਾਂਚਾ ਰਹੇਗਾ।

11.18 ਪੂਰਵ ਦੁਪਹਿਰ (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)।

ਡਿਪਟੀ ਸਪੀਕਰ ਸਾਹਿਬ, ਇਸ ਲਈ ਮੈਂ ਕਹਾਂਗਾ ਕਿ ਦੇਸ਼ ਦੇ ਇੰਟਰੈਸਟ ਨੂੰ ਮੁੱਖ ਰੱਖਦੇ ਹੋਏ ਫੈਡਰਲ ਸਟਰਕਚਰ ਦੇ ਢਾਂਚੇ ਨੂੰ ਕਮਜ਼ੋਰ ਨਾ ਕੀਤਾ ਜਾਵੇ ਬਲਕਿ ਦੇਸ਼ ਵਿਚ ਯੂਨਿਟੀ ਅਤੇ ਇੰਟੈਗਰਿਟੀ ਨੂੰ ਕਾਇਮ ਕਰਨ ਵਾਸਤੇ ਇਸ ਨੂੰ ਹੋਰ ਵੀ ਸਟਰੈਂਥਨ ਕੀਤਾ ਜਾਵੇ ਅਤੇ ਰੀਇਨ-ਫੋਰਸ ਕੀਤਾ ਜਾਵੇ। (ਆਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ) ਮੈਂ ਤਾਂ ਇਹ ਕਹਾਂਗਾ ਕਿ ਇਸਦਾ ਇਰੋਜ਼ਨ ਦੇਸ਼ ਨੂੰ ਬਹੁਤ ਹੀ ਕਮਜ਼ੋਰ ਕਰੇਗਾ। ਇਸ ਡੀਮਾਂਡ ਦੇ ਤਿੰਨ ਪੱਖ ਹਨ, ਪੁਲੀਟੀਕਲ, ਐਡਮਨਿਸਟ੍ਰੇਟਿਵ ਅਤੇ ਫਾਇਨਾਂਸ਼ਲ। ਕਿਉਂਕਿ ਅਜ ਬਜਟ ਤੇ ਬਹਿਸ ਹੋ ਰਹੀ ਹੈ ਇਸ ਲਈ ਮੈਂ ਜ਼ਿਆਦਾ ਫਾਈਨਾਂਸ਼ਲ ਪੱਖ ਵਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਇਸ ਦੀ ਕਿਉਂ ਲੋੜ ਪੈਂਦੀ ਹੈ। ਇਸ ਦੀ ਇਸ ਕਰਕੇ ਲੋੜ ਪੈਂਦੀ ਹੈ ਕਿਉਂਕਿ ਜਿਹੜੀਆਂ ਰਿਸ-ਪਾਂਸੀਬਿਲਟੀਆਂ ਕੰਸਟੀਚਿਊਸ਼ਨ ਨੇ ਸਟੇਟਾਂ ਨੂੰ ਦਿਤੀਆਂ ਹਨ ਉਹ ਇਨ੍ਹਾਂ ਰਿਸੋਰਸਿਜ਼ ਨਾਲ ਅਸੀਂ ਨਹੀਂ ਨਿਭਾ ਸਕਦੇ, ਅਸੀਂ ਨਹੀਂ ਚਲਾ ਸਕਦੇ। ਇਨ੍ਹਾਂ ਨੇ ਦੋ ਤਿੰਨ ਸਾਲ ਗੌਰਮਿਟ ਚਲਾ ਲਈ ਹੈ। ਹੁਣ ਇਨ੍ਹਾਂ ਨੂੰ ਵੀ ਇਸ ਚੀਜ਼ ਦੀ ਸਮਝ ਆ ਗਈ ਹੋਣੀ ਹੈ। ਪਾਵਰ ਸੈਕਟਰ ਨੂੰ ਹੀ ਲੈ ਲਓ। ਇਹ ਹਰ ਸਟੇਟ ਦੀ ਰਿਸਪਾਂਸੀਬਿਲਟੀ ਹੈ ਕਿ ਲੋਕਾਂ ਨੂੰ ਬਿਜਲੀ ਦੇਵੇ। ਲੇਕਿਨ ਇਥੇ ਜਿਤਨਾਂ ਵੀ ਪਾਵਰ ਲਈ ਪੈਸਾ ਲਾਇਆ ਹੈ ਉਸ ਨਾਲ ਕੁਝ ਨਹੀਂ ਬਣਨਾ ਕਿਉਂਕਿ ਜਿਤਨੀ ਪਾਵਰ ਆਉਣੀ ਹੈ, ਉਸ ਨਾਲੋਂ ਵਧ ਡਿਮਾਂਡ ਹੋ ਜਾਣੀ ਹੈ। ਹੋਰ ਕੋਈ ਸਕੀਮ ਇਨ੍ਹਾਂ ਨੇ ਲਿਆਂਦੀ ਨਹੀਂ। ਨਾ ਇਹ ਥੀਨ ਡੈਮ ਲਈ ਪੈਸੇ ਦੇ ਸਕੇ ਹਨ ਅਤੇ ਨਾ ਰੋਪੜ ਥਰਮਲ ਪਲਾਂਟ ਲਈ ਪੈਸੇ ਦੇ ਸਕੇ ਹਨ ਅਤੇ ਨਾ ਹੀ ਬਠਿੰਡਾ ਥਰਮਲ ਪਲਾਂਟ ਨੂੰ ਪੈਸੇ ਦੇ ਸਕੇ ਹਨ । ਇਹ ਪੈਸੇ ਇਸ ਕਰਕੇ ਨਹੀਂ ਦਿਤੇ ਕਿਉਂਕਿ ਸਟੇਟ ਕੋਲ ਫਾਇਨਾਂਸ਼ਲ ਰਿਸੋਰਸਿਜ਼ ਦੀ ਕਮੀ ਹੈ । ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਲਈ ਜੋ ਬਜਟ ਇਨ੍ਹਾਂ ਨੇ ਰਖਿਆ ਹੈ ਉਹ ਦੇਖ ਲਓ ਕਿ ਕਿਤਨਾ ਹੇਠਾਂ ਚਲਾ ਗਿਆ ਹੈ। ਕਿਤਨੇ ਘਟ ਸਕੂਲ ਇਹ ਅਪਗ੍ਰੇਡ ਕਰ ਰਹੇ ਹਨ। ਗੁਰੂ ਨਾਨਕ ਦੇਵ ਜੀ ਦੇ ਪਵਿਤੱਰ ਨਾਂ ਤੇ ਜੋ ਯੂਨੀਵਰਸਿਟੀ ਬਣੀ ਹੈ, ਉਸ ਦੇ ਵਿਚ 13 ਸਾਲਾਂ ਤਕ ਰਜਿਸਟਰਾਰ ਦਾ ਦਫਤਰ ਨਹੀਂ ਬਣਿਆ।

ਇਹ ਸਭ ਕੁਝ ਕਿਉਂ ਹੋ ਰਿਹਾ ਹੈ, ਕਿਉਂਕਿ ਸਾਡੇ ਪਾਸ ਪੈਸੇ ਨਹੀਂ ਹਨ। ਅਜ ਹਸਪਤਾਲਾਂ ਦੀ ਹਾਲਤ ਭੈੜੀ ਹੈ, ਨਾ ਦਵਾਈਆਂ ਹਨ, ਨਾ ਇਕੁਇਪਮੈਂਟ ਹਨ, ਕਿਉਂ ਨਹੀਂ ਹਨ ? ਕਿਉਂਕਿ ਸਾਡੇ ਪਾਸ ਪੈਸੇ ਨਹੀਂ ਹਨ। ਸਕੂਲ ਅਪਗਰੇਡ ਨਹੀਂ ਕਰਦੇ, ਕਿਉਂ ਨਹੀਂ ਕਰਦੇ ਕਿਉਂਕਿ ਪੈਸਾ

Original with;
Punjab Vidhan Sabha
Digitized by;
Panjab Digital Library

ਨਹੀਂ ਹੈ, ਅਸੀਂ ਸੜਕਾਂ ਨਹੀਂ ਬਣਾ ਸਕਦੇ, ਕਿਉਂਕਿ ਪੈਸਾ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਸ਼ਹਿਰ ਸਲੱਮਜ਼ ਬਣਦੇ ਜਾ ਰਹੇ ਹਨ, ਪਾਲਿਊਸ਼ਨ ਹੋ ਰਹੀ ਹੈ, ਐਕਸਟਰੀਮ ਪਾਪੂਲੇਸ਼ਨ ਹੋ ਜਾਂਦੀ ਹੈ, ਉਸ ਦੇ ਵਾਸਤੇ ਪ੍ਰਾਪਰ ਇੰਤਜ਼ਾਮ ਨਹੀਂ ਕਰ ਸਕਦੇ, ਕਿਉਂ ? ਕਿਉਂਕਿ ਪੈਸੇ ਨਹੀਂ ਹਨ। ਪਿੰਡਾਂ ਵਿਚ 32 ਸਾਲਾਂ ਤੋਂ ਬਾਅਦ ਵੀ ਲੋਕਾਂ ਨੂੰ ਠੀਕ ਪਾਣੀ ਨਹੀਂ ਦੇ ਸਕੇ ਅੱਜ ਹੈਬੀਟਾਟ ਬੈਟਰ ਨਹੀਂ ਕਰ ਸਕੇ, ਕਿਉਂ ਨਹੀਂ ਕਰ ਸਕੇ ? ਕਿਉਂਕਿ ਪੈਸੇ ਨਹੀਂ ਹਨ। ਇਹ ਸਭ ਕੁਝ ਪੈਸੇ ਦੀ ਘਾਟ ਕਰਕੇ ਹੋ ਰਿਹਾ ਹੈ, ਅੱਜ ਜਦੋਂ ਤਕ ਸਾਡੇ ਪਾਸ ਪੈਸਾ ਨਹੀਂ ਹੁੰਦਾ ਅਸੀਂ ਇਹ ਸਾਰੇ ਕੰਮ ਨਹੀਂ ਕਰ ਸਕਦੇ। ਸਾਨੂੰ ਇਹ ਕਹਿੰਦੇ ਹਨ ਕਿ ਮਾਮਲਾ ਇਕਠਾ ਤੁਸੀਂ ਕਰ ਸਕਦੇ ਹੋ। ਡਿਪਟੀ ਸਪੀਕਰ ਸਾਹਿਬ, ਢਾਈ ਕਰੋੜ ਮਾਮਲੇ ਦਾ ਰੁਪਿਆ ਹੁੰਦਾ ਹੈ ਅੱਜ ਚਾਰ ਕਰੋੜ ਉਸ ਨੂੰ ਇਕਠਾ ਕਰਨ ਤੇ ਲਗ ਜਾਂਦਾ ਹੈ। ਫਿਰ ਕਹਿੰਦੇ ਹਨ ਕਿ ਨਹਿਰੀ ਪਾਣੀ ਤੇ ਰੈਵੇਨਿਊ ਇਕੱਠਾ ਕਰ ਲੈਂਦੇ ਹਾਂ। 18 ਕ੍ਰ ਕਰੋੜ ਉਹ ਰੈਵੇਨਿਊ ਹੋਣਾ ਹੈ ਅੱਜ ਇਸ ਤੋਂ ਕਿਤੇ ਵਧ ਇਸ ਨੂੰ ਇਕਠਾ ਕਰਨ ਤੇ ਖਰਚ ਹੋ ਜਾਂਦਾ ਹੈ। ਲੇਕਿਨ ਸੈਂਟਰ ਪਾਸ ਸਾਰੇ ਪੈਸੇ ਦੇ ਸਾਧਨ ਹਨ। ਸੋ, ਹੁਣ ਸਾਰੀ ਬਹਿਸ ਦਾ ਅਸੈਂਸ ਇਹ ਨਿਕਲਦਾ ਹੈ ਕਿ :—

The time has come when distribution of resources between the Centre and the States should be re-distributed so that both the States and the Centre can fulfil their respective responsibilities.

ਅਸੀਂ ਹੋਰ ਕੁਝ ਨਹੀਂ ਚਾਹੁੰਦੇ। ਚਾਹੇ ਸਾਡੀ ਸਟੇਟ ਹੋਵੇ ਜਾਂ ਹਰਿਆਣਾ ਸਟੇਟ ਹੋਵੇ ਜਾਂ ਕੋਈ ਹੋਰ ਸਟੇਟ ਹੋਵੇ ਅਸੀਂ ਚਾਹੁੰਦੇ ਹਾਂ ਕਿ ਜੋ ਰਿਸਪਾਂਸੇਬਿਲਿਟੀਜ਼ ਕਾਂਸਟੀਚਿਊਸ਼ਨ ਨੇ ਸਟੇਟ ਗੌਰਮਿੰਟਸ ਨੂੰ ਦਿਤੀਆਂ ਹਨ ਉਨ੍ਹਾਂ ਨੂੰ ਨਿਭਾਉਣ ਵਾਸਤੇ ਸਟੇਟਸ ਪਾਸ ਪੂਰੇ ਸਾਧਨ ਹੋਣੇ ਚਾਹੀਦੇ ਹਨ, ਪੂਰੇ ਫੰਡ ਹੋਣੇ ਚਾਹੀਦੇ ਹਨ। ਇਹ ਅਸੈਂਸ ਹੈ ਜਿਹੜਾ ਕਿ ਫਾਇਨਾਂਸੀਅਲ ਪਾਰਟ ਅਟਾਨੌਮੀ ਦਾ ਹੈ। ਹੁਣ ਕੀ ਹੋ ਰਿਹਾ ਹੈ ਇਕ ਫਾਇਨਾਂਸ ਕਮਿਸ਼ਨ ਬਣ ਜਾਂਦਾ ਹੈ ਅੱਜ ਸੈਂਟਰ ਦੇ ਫਾਰਮੂਲੇ ਨਾਲ ਸਟੇਟਸ ਨੂੰ ਪੈਸਾ ਮਿਲ ਜਾਂਦਾ ਹੈ। ਇਕ ਐਕਸਾਈਜ਼ ਡਿਊਟੀ ਹੈ ਜਿਹੜੀ ਕਿ ਸੂਬੇ ਦੀ ਇਨਕਮ ਦੀ ਵੱਡੀ ਸੋਰਸ ਹੁੰਦੀ ਹੈ ਲੇਕਿਨ ਕੁਝ ਫਾਰਮੂਲੇ ਅੱਜ ਸੈਂਟਰ ਦੇ ਜਿਸ ਨਾਲ ਕਿ ਜਿਤਨਾ ਪੈਸਾ ਮਿਲਣਾ ਚਾਹੀਦਾ ਹੈ ਉਹ ਨਹੀਂ ਮਿਲਦਾ। 3055 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਵੰਡਦੀ ਹੈ ਅੱਜ ਸਾਡੇ ਹਿਸੇ ਸਿਰਫ ਅੱਧਾ ਪਰਸੈਂਟ ਆਉਂਦਾ ਹੈ। ਜਿਨ੍ਹਾਂ ਮਦਾਂ ਤੇ ਐਕਸਾਈਜ਼ ਡਿਊਟੀ ਲਗਦੀ ਹੈ, ਇਹ ਅਗਰ ਇਸ ਹਿਸਾਬ ਨਾਲ ਮਿਲੇ ਕਿ ਜਿਤਨੀਂ ਕੋਈ ਕਨਜ਼ਿਊਮ ਸਟੇਟ ਕਰਦੀ ਹੈ ਅਗਰ ਉਸ ਦੀ ਪਰਸੈਂਟੇਜ ਦੇ ਹਿਸਾਬ ਨਾਲ ਮਿਲੇ ਤਾਂ ਮੈਂ ਸਮਝਦਾ ਹਾਂ ਕਿ ਕੋਈ ਛੇ ਪਰਸੈਂਟ ਐਕਸਾਈਜ਼ ਡਿਊਟੀ ਦਾ ਪੈਸਾ ਮਿਲ ਸਕਦਾ ਹੈ। ਜਿਹੜਾ 44 ਕਰੋੜ ਰੁਪਿਆ ਮਿਲਦਾ ਹੈ ਉਹ ਫਿਰ 44 ਕਰੋੜ ਦੀ ਬਜਾਏ 220 ਕਰੋੜ ਰੁਪਿਆ ਮਿਲ ਸਕਦਾ ਹੈ। ਇਸ ਤਰ੍ਹਾਂ ਨਾਲ ਸਾਨੂੰ 176 ਕਰੋੜ ਰੁਪਏ ਘਟ ਮਿਲਦੇ ਹਨ।

ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਤਿੰਨ ਮਦਾਂ ਤੇ ਇਕਠਾ ਕੀਤਾ ਜਾਂਦਾ ਹੈ, ਕਪੜਾ, ਖੰਡ ਤੇ ਤਮਾਕੂ। ਪਰ ਸੈਂਟਰਲ ਕਮੇਟੀ ਇਕ ਬਣੀ ਹੋਈ ਹੈ। ਉਹ ਕਹੀ ਜਾਂਦੀ ਹੈ ਕਿ ਸੇਲਜ਼ ਟੈਕਸ ਖਤਮ ਹੀ ਕਰ ਦਿਤਾ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਇਹ ਖਤਮ ਹੀ ਹੋਣਾ ਹੈ ਤਾਂ ਸਟੇਟਸ ਦੀ ਬੈਂਕਰਪਸੀ ਵਧ ਜਾਣੀ ਹੈ। ਹਰ ਪਾਸੇ ਮੈਂ ਕਹਿੰਦਾ ਹਾਂ ਕਿ ਵੇਖ ਲਵੋ ਸੈਂਟਰ ਨੂੰ ਅਧਿਕਾਰ ਹਨ, ਸਟੇਟਸ ਨੂੰ ਅਧਿਕਾਰ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਕਈ ਮੇਰੇ ਭਰਾ ਕਹਿੰਦੇ ਹਨ ਕਿ ਅਸੀਂ ਜਦੋਂ ਸਾਡੀ ਮਨਿਸਟਰੀ ਸੀ, ਸ਼ਹਿਰਾਂ ਵਾਸਤੇ ਕੁਝ ਨਹੀਂ ਕੀਤਾ, ਪਿੰਡਾ ਦਾ ਹੀ ਸੁਧਾਰ ਕਰਦੇ ਰਹੇ। ਪਰ ਇਹ ਗੱਲ ਨਹੀਂ ਹੈ। ਅਸੀਂ ਦੋ ਸਾਲਾਂ ਵਿਚ ਵਰਲਡ ਬੈਂਕ ਤੋਂ ਤਿੰਨ ਪ੍ਰਜੈਕਟ ਲਿਆਂਦੇ ਸਨ ਸ਼ਹਿਰਾਂ ਵਾਸਤੇ। ਇਕ ਵਾਟਰ ਸਪਲਾਈ ਦਾ, ਸੈਨੀਟੇਸ਼ਨ ਦਾ, ਕੰਡੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਏਰੀਆ ਵਾਸਤੇ ਲਾਈਨਿੰਗ ਦਾ ਇਸ ਤਰ੍ਹਾਂ ਦੇ ਤਿੰਨ ਪ੍ਰਾਜੈਕਟ ਇਹ ਸ਼ਹਿਰਾਂ ਵਾਸਤੇ ਲਿਆਂਦੇ ਸਨ। ਪਰ ਇਨ੍ਹਾਂ ਪ੍ਰਾਜੈਕਟਾਂ ਵਿਚ ਜਿਹੜੇ ਕਿ ਬਾਹਰੋਂ ਲਿਆਏ ਜਾਂਦੇ ਹਨ ਸੈਂਟਰ ਦੀ ਸਰਕਾਰ ਜਿਸ ਤਰ੍ਹਾਂ ਕਿ ਕੋਈ ਬਣੀਆ ਹੁੰਦਾ ਹੈ ਅੱਰ ਉਹ ਕੰਡੀ ਮਾਰਦਾ ਹੈ, ਉਸ ਤਰ੍ਹਾਂ ਕਰਦੀ ਹੈ। ਸਾਰੀ ਸਕੀਮ ਦਾ 70% ਉਹ ਸਾਨੂੰ ਦਿੰਦੇ ਹਨ ਅੱਰ 30% ਆਪਣੇ ਪਾਸ ਰਖਦੇ ਹਨ ਅੱਰ 5% ਸਟੇਟ ਗੌਰਮਿੰਟ ਤੋਂ ਹੋਰ ਲਈ ਜਾਂਦੇ ਹਨ। ਇਸ ਲਈ ਹੀ ਮੈਂ ਕਹਿੰਦਾ ਹਾਂ ਕਿ ਸੈਂਟਰ ਦੀ ਸਰਕਾਰ ਦੀ ਨੀਤੀ ਸੂਬਿਆਂ ਦੇ ਖਿਲਾਫ ਹੈ।

So we demand that the State's share may be permanently fixed at a proper level so that States could get their due share as a matter of their right to discharge their responsibilities.

ਇਸ ਲਈ ਇਸ ਤਰ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਰੇੜਕੇ ਵਿਚ ਨਾ ਪਾਈ ਰਖਣ। ਫਾਇਨਾਂਸ ਕਮਿਸ਼ਨ ਕੀ ਦਿੰਦਾ ਹੈ, ਪਲਾਨਿੰਗ ਕਮਿਸ਼ਨ ਕੀ ਦਿੰਦਾ ਹੈ, ਇਸ ਬਾਰੇ ਸਾਰਿਆਂ ਨੂੰ ਪਤਾ ਹੀ ਹੈ, ਮੈਂ ਜ਼ਿਆਦਾ ਸਮਾਂ ਨਹੀਂ ਲੈਂਦਾ। ਪਰ ਮੈਂ ਇਹ ਕਹਿੰਦਾ ਹਾਂ ਕਿ ਕੋਈ ਪੱਕਾ ਸਿਸਟਮ ਹੋਣਾ ਚਾਹੀਦਾ ਹੈ। ਇਸ ਲਈ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਇਸ ਹਾਊਸ ਵਿਚ ਦਸਣ ਕਿ ਜਿਤਨਾ ਪੈਸਾ ਇਨ੍ਹਾਂ ਨੂੰ ਮਿਲ ਰਿਹਾ ਹੈ ਕੀ ਇਹ ਉਸ ਨਾਲ ਸੈਟਿਸਫਾਈਡ ਹਨ ਅੱਰ ਕੰਮ ਚਲਾ ਸਕਦੇ ਹਨ ? ਅਸੀਂ ਤਾਂ ਵੇਖਿਆ ਹੈ ਕਿ ਜਿਤਨਾਂ ਪੈਸਾ ਉਤੋਂ ਮਿਲਦਾ ਹੈ, ਜਾਂ ਜਿਹੜੇ ਆਪਣੇ ਸਾਧਨ ਹਨ, ਉਨ੍ਹਾਂ ਨਾਲ ਕੰਮ ਨਹੀਂ ਚਲ ਸਕਦਾ। ਸੈਂਟਰ ਦੀ ਇਹ ਨੀਤੀ ਸਟੇਟਸ ਦੇ ਹਿੱਤ ਵਿਚ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਸੈਂਟਰ ਅੱਰ ਸਟੇਟਸ ਦੇ ਰਿਲੇਸ਼ਨਜ਼ ਬੜੇ ਹੀ ਚੰਗੇ ਹੋਣੇ ਚਾਹੀਦੇ ਹਨ ਪਰ ਤੁਸੀਂ ਉਨ੍ਹਾਂ ਲੱਛਾਂ ਵਲ ਵੇਖ ਲਵੋ, ਉਥੇ ਬੰਗਲਾ ਦੇਸ਼ ਵਿਚ ਕੀ ਹੋਇਆ ਹੈ। ਉਥੇ ਸਾਰੀ ਪਾਵਰ ਸੈਂਟਰੇਲਾਈਜ਼ਡ ਸੀ। ਉਸ ਦੇ ਖਿਲਾਫ ਆਵਾਜ਼ ਉਠੀ ਅੱਰ ਦੇਸ਼ ਟੁੱਟ ਗਿਆ। ਡਿਪਟੀ ਸਪੀਕਰ ਸਾਹਿਬ, ਇਹ ਜੋ ਸਾਹਮਣੇ ਭਰਾ ਬੈਠੇ ਹਨ ਇਹ ਦਸਣ ਕਿ ਕੀ ਸੈਂਟਰ ਦਾ ਇਹ ਐਟੀਚਿਊਡ, ਕੀ ਸੈਂਟਰ ਦੇ ਪਾਸ ਸਾਰੀਆਂ ਪਾਵਰਾਂ ਦਾ ਹੋਣਾ ਇਹ ਠੀਕ ਸਮਝਦੇ ਹਨ। ਅਸੀਂ ਦੇਸ਼ ਦੀ ਏਕਤਾ ਚਾਹੁੰਦੇ ਹਾਂ ਅੱਰ ਦੇਸ਼ ਦੀ ਏਕਤਾ ਵਾਸਤੇ, ਇਸ ਦੀ ਅਖੰਡਤਾ ਵਾਸਤੇ ਅਸੀਂ ਹਰ ਕੁਰਬਾਨੀ ਕਰਨ ਵਾਸਤੇ ਤਿਆਰ ਹਾਂ ਅੱਰ ਕਰਾਂਗੇ ਲੇਕਿਨ ਇਹ ਜਿਹੜੀਆਂ ਗਲਤੀਆਂ ਕਰ ਰਹੇ ਹਨ। ਅਸੀਂ ਤਾਂ ਸ਼ਾਇਦ ਕੁਝ ਨਾ ਕਰੀਏ ਲੇਕਿਨ ਹੋ ਸਕਦਾ ਹੈ ਕਿ ਕਿਸੇ ਹੋਰ ਪਾਸਿਓਂ ਆਵਾਜ਼ ਉਠ ਖੜੇ। ਜੋ ਸਟੇਟਾਂ ਨਾਲ ਬੇਇਨਸਾਫੀ ਹੁੰਦੀ ਹੈ ਹੋ ਸਕਦਾ ਹੈ ਕਿਸੇ ਹੋਰ ਪਾਸਿਓਂ ਇਸ ਖਿਲਾਫ ਕੋਈ ਆਵਾਜ਼ ਉਠੇ। ਡਿਪਟੀ ਸਪੀਕਰ ਸਾਹਿਬ, ਜਦੋਂ ਅਸੀਂ ਕੋਈ ਗੱਲ ਕਰਦੇ ਹਾਂ ਤਾਂ ਇਹ ਸਾਨੂੰ ਕਹਿਣਾ ਸ਼ੁਰੂ ਕਰ ਦਿੰਦੇ ਹਨ ਕਿ ਅਸੀਂ ਸੈਪੇਰੇਟਿਸਟਾ ਵਾਲੀਆਂ ਗੱਲਾਂ ਕਰਦੇ ਹਾਂ। ਮੈਂ ਕਹਿੰਦਾ ਹਾਂ ਕਿ ਅਸੀਂ ਅਗਰ ਕੋਈ ਸੈਪੇਰੇਟਿਸਟਸ ਵਾਲੀ ਕੋਈ ਗੱਲ ਕੀਤੀ ਹੋਵੇ ਤਾ ਉਹ ਦਸ ਦਿਓ। ਲੇਕਿਨ ਡਿਪਟੀ ਸਪੀਕਰ ਸਾਹਿਬ, ਇਹ ਥੋੜਾ ਜਿਹਾ ਪੁਲੀਟੀਕਲ ਫਾਇਦਾ ਲੈਣ ਵਾਸਤੇ, ਜਾਂ ਸਿਆਸੀ ਲਾਭ ਉਠਾਉਣ ਵਾਸਤੇ ਜਾਂ ਹਿੰਦੂ-ਸਿੱਖਾਂ ਵਿਚ ਫੁੱਟ ਪਾਉਣ ਵਾਸਤੇ ਇਸ ਤਰ੍ਹਾਂ ਦਾ ਕੋਈ ਨਾ ਕੋਈ ਸ਼ੋਸ਼ਾ ਛੱਡ ਦਿੰਦੇ ਹਨ। ਪਿੱਛੇ ਜਿਹੇ ਜਿਹੜਾ ਇਨ੍ਹਾਂ ਨੇ ਆਪ ਹੀ ਸ਼ੋਸ਼ਾ ਛੱਡਿਆ ਸੀ ਉਸ ਦਾ ਖ਼ਮਿਆਜ਼ਾ ਇਨ੍ਹਾਂ ਨੇ ਆਪ ਹੀ ਭੁਗਤ ਲਿਆ ਹੈ। ਮੈਂ ਤੁਹਾਡੇ ਰਾਹੀਂ ਸਾਹਮਣੇ ਬੈਠੇ ਭਰਾਵਾਂ ਨੂੰ ਪੁਰਜ਼ੋਰ ਬੇਨਤੀ ਕਰਾਂਗਾ ਕਿ ਦੇਸ਼ ਦੇ ਹਿਤ ਨੂੰ ਮੁੱਖ ਰੱਖ ਕੇ, ਸੂਬੇ ਦੇ ਹਿਤਾਂ ਨੂੰ ਮੁੱਖ ਰੱਖ ਕੇ, ਆਪਣੀ ਜ਼ਮੀਰ ਦੀ ਆਵਾਜ਼ ਨੂੰ ਸਾਹਮਣੇ ਰੱਖ ਕੇ ਦੱਸਣ ਕੀ ਪ੍ਰੋਵਿਨਸ਼ੀਅਲ ਅਟਾਨੋਮੀ ਦੀ ਮੰਗ ਠੀਕ ਹੈ ਜਾਂ ਨਹੀਂ, ਕੀ ਇਹ ਦੇਸ਼ ਵਿਚ ਹੋਣੀ ਚਾਹੀਦੀ ਹੈ ਜਾਂ ਨਹੀਂ ? ਜੇਕਰ ਹੋਣੀ ਚਾਹੀਦੀ

Original with;
Punjab Vidhan Sabha
Digitized by;
Panjab Digital Library

ਹੈ ਤਾਂ ਫਿਰ ਇਨ੍ਹਾਂ ਨੂੰ ਇਸ ਕਾਜ਼ ਦੀ ਮੱਦਦ ਕਰਨੀ ਚਾਹੀਦੀ ਹੈ। ਪਰ ਮੈਨੂੰ ਪਤਾ ਹੈ ਕਿ ਇਹ ਆਪਣੀਆਂ ਕੁਰਸੀਆਂ ਦੇ ਲਾਲਚ ਵਿਚ ਕੋਈ ਗੱਲ ਇਸ ਤਰ੍ਹਾਂ ਦੀ ਨਹੀਂ ਕਹਿ ਸਕਦੇ। ਇਨ੍ਹਾਂ ਨੂੰ ਪਤਾ ਹੀ ਹੈ ਕਿ ਥੋੜ੍ਹੇ ਮਹੀਨਿਆਂ ਵਿਚ ਜਿਨ੍ਹਾਂ ਨੇ ਥੋੜ੍ਹੀ ਜਿਹੀ ਗਲਤੀ ਕੀਤੀ ਸੀ ਉਹ ਮਨਿਸਟਰੀਆਂ ਸੂਬਿਆਂ ਵਿਚ ਬਦਲ ਦਿੱਤੀਆਂ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਟਰੈਸ ਫਾਇਨਾਂਸ਼ੀਅਲ ਆਸਪੈਕਟ ਤੇ ਹੀ ਦਿੰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਵਾਈਂਡ ਅੱਪ ਕਰੋ ਜੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਛੋਟੇ ਛੋਟੇ ਹਿੰਟ ਹੀ ਦੇਣਾ ਚਾਹੁੰਦਾ ਹਾਂ। ਸਾਡੇ ਜਿਹੜੇ ਮੇਜਰ ਡਿਪਾਰਟਮੈਂਟ ਹਨ, ਜਿਸ ਤਰ੍ਹਾਂ ਕਿ ਰੇਲਵੇ ਹੈ, ਪੀ.ਐਂਡ ਟੀ. ਹੈ, ਫਾਰਨ ਅਫੇਅਰਜ਼ ਹੈ, ਕਰੰਸੀ ਦਾ ਹੈ ਇਸ ਤਰ੍ਹਾਂ ਦੇ ਜਿਹੜੇ ਮੇਜਰ ਡਿਪਾਰਟਮੈਂਟਸ ਨੈਸ਼ਨਲ ਲੈਵਲ ਦੇ ਹਨ ਇਹ ਸੈਂਟਰ ਆਪਣੇ ਪਾਸ ਰੱਖ ਲਵੇ ਅੱਤ ਅਸੀਂ ਕਹਿੰਦੇ ਹਾਂ ਕਿ ਬਾਕੀ ਦੇ ਸ਼ਰਦਾਰ ਦਰਬਾਰਾ ਸਿੰਘ ਜੀ ਨੂੰ ਦੇ ਦੇਣ, ਅਸੀਂ ਤਾਂ ਇਨ੍ਹਾਂ ਦੀ ਹੀ ਵਕਾਲਤ ਕਰਦੇ ਹਾਂ।

ਮੁੱਖ ਮੰਤਰੀ : ਜੇਕਰ ਤੁਹਾਡੇ ਵਰਗੇ ਸਾਡੇ ਵਕੀਲ ਹੋ ਜਾਣ ਤਾਂ ਕਿਹੜੀ ਗੱਲ ਹੈ। (ਹਾਸਾ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਅੱਜ ਹਾਲਤ ਕੀ ਹੈ ਕਿ ਜੇਕਰ ਚੀਫ ਮਨਿਸਟਰ ਇਹ ਕਹੇ ਕਿ ਮੈਂ ਸੂਬੇ ਵਿਚ ਕੋਈ ਖੰਡ ਮਿੱਲ ਲਗਵਾ ਦੇਵਾਂ ਤਾਂ ਉਹ ਵੀ ਨਹੀਂ ਲਗਵਾ ਸਕਦਾ। ਜੇਕਰ ਇਨ੍ਹਾਂ ਨੇ ਖੰਡ ਦੀ ਮਿੱਲ ਲਗਾਉਣੀ ਹੋਵੇ, ਕੱਪੜੇ ਦੀ ਮਿੱਲ ਲਗਾਉਣੀ ਹੋਵੇ ਤਾਂ ਦਿੱਲੀ ਜਾਣਾ ਪੈਂਦਾ ਹੈ ਅੱਤ ਕਹਿਣਾ ਪੈਂਦਾ ਹੈ ਕਿ ਬੀਬੀ ਜੀ ਸਾਨੂੰ ਖੰਡ ਦੀ ਮਿੱਲ ਲਗਾ ਲੈਣ ਦਿਓ। ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਹੀ ਗੱਲ ਦੱਸਦਾ ਹਾਂ। ਮੇਰੇ ਹਲਕੇ ਵਿਚ ਦੋ ਪਿੰਡ ਹਨ, ਇਕ ਹੈ ਕੁਤਿਆਂ ਵਾਲੀ ਅੱਤ ਇਕ ਹੈ ਝੋਟਿਆਂ ਵਾਲੀ। ਇਕ ਵਾਰੀ ਮੈਂ ਉਥੇ ਗਿਆ ਤਾਂ ਲੋਕ ਮੈਨੂੰ ਕਹਿਣ ਲੱਗੇ ਕਿ ਸਾਡੇ ਪਿੰਡਾਂ ਦਾ ਨਾਮ ਬਦਲ ਦਿਓ। ਮੈਂ ਕਿਹਾ ਕਿ ਇਹ ਕਿਹੜੀ ਗੱਲ ਹੈ। ਮੈਂ ਨੋਟ ਲਿਖ ਕੇ ਭੇਜ ਦਿੱਤਾ। ਫਾਇਨਾਂਸ ਸੈਕਟਰੀ ਸਾਹਿਬ ਆ ਗਏ ਤੇ ਕਹਿਣ ਲੱਗੇ ਕਿ ਇਹ ਤਾਂ ਤੁਹਾਡੀ ਪਾਵਰ ਵਿਚ ਹੀ ਨਹੀਂ ਹੈ। ਮੈਂ ਕਿਹਾ ਕਿ ਫਿਰ ਮੇਰੀ ਪਾਵਰ ਵਿਚ ਹੋਰ ਕੀ ਹੈ। ਮੇਰਾ ਮਤਲਬ ਹੈ ਕਿ ਸਕੂਲ ਅਸੀਂ ਅਪਗਰੇਡ ਕਰ ਸਕਦੇ ਹਾਂ, ਪਰ ਪੈਸਾ ਨਹੀਂ ਹੁੰਦਾ। ਚਲੋ ਜੇਕਰ ਪੈਸਾ ਹੋਵੇ ਤਾਂ ਚੀਫ ਮਨਿਸਟਰ ਹੋਇਆ ਦੋ ਚਾਰ ਸਕੂਲ ਅੱਪਗਰੇਡ ਕਰ ਦੇਵੇ, ਕਿਧਰੇ ਦੋ ਸੜਕਾਂ ਬਣਾ ਦੇਵੇ ਜਾਂ ਦੌਰੇ ਕਰ ਲਵੇ ਪਰ ਇਨ੍ਹਾਂ ਤਾਕਤਾਂ ਨਾਲ, ਇਨ੍ਹਾਂ ਪੈਸਿਆਂ ਨਾਲ ਉਹ ਲੋਕਾਂ ਦੀ ਭਲਾਈ ਨਹੀਂ ਕਰ ਸਕਦਾ ਅੱਤ ਸੂਬੇ ਨੂੰ ਕੈਨੇਡਾ ਵਰਗੇ ਹੋਰ ਮੁਲਕਾਂ ਵਾਂਗ ਅੱਗੇ ਨਹੀਂ ਲੈ ਜਾ ਸਕਦਾ। ਜਿਹੜੀ ਅਟਾਨੋਮੀ ਅਸੀਂ ਮੰਗਦੇ ਹਾਂ, ਜੇਕਰ ਉਹ ਸੂਬਿਆਂ ਦੀਆਂ ਸਰਕਾਰਾਂ ਨੂੰ ਦਿੱਤੀ ਜਾਵੇ ਤਾਂ ਪੰਜ ਦਸ ਸਾਲਾਂ ਵਿਚ ਹੀ ਹਰ ਘਰ ਵਿਚ ਸਕੂਟਰ ਜਾਂ ਕਾਰ ਨਾ ਹੋਵੇ ਤਾਂ ਮੈਨੂੰ ਕਹਿ ਦੇਣ।

ਜੇ ਇਥੇ ਤੁਸੀਂ ਸਿਰਫ ਰਾਜਭਾਗ ਹੀ ਚਲਾਉਣਾ ਹੈ ਅੱਤ ਕੁਝ ਨਹੀਂ ਲੋਕਾਂ ਲਈ ਕਰਨਾ ਤਾਂ ਚਲਾਈ ਜਾਓ ਪਰ ਅਸੀਂ ਤਾਂ ਜਿਹੜੀਆਂ ਕੁਰਬਾਨੀਆਂ ਦੇਣੀਆਂ ਹਨ ਉਹ ਉਨ੍ਹਾਂ ਲੋਕਾਂ ਲਈ ਦੇਵਾਂਗੇ। ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਮੋਟਾ ਮੋਟਾ ਰੈਫਰੈਂਸ ਹੀ ਦੇਵਾਂਗਾ ਕਿਉਂਕਿ ਸਮਾਂ ਥੋੜ੍ਹਾ ਹੈ ਪਰ ਮੈਂ ਇਹ ਕਹਾਂਗਾ ਕਿ ਸਾਡੇ ਸੂਬੇ ਕੋਲ ਕੋਈ ਤਾਕਤਾਂ ਨਹੀਂ ਹਨ। ਤੁਸੀਂ ਵੇਖੋ ਇਥੇ ਚਾਹੇ 100 ਮੈਂਬਰ ਹੋਣ ਜਾਂ 117 ਹੋਣ, ਗਵਰਨਰ ਸਾਹਿਬ ਜਦ ਚਾਹੁੰਣ ਸਰਕਾਰ ਤੋੜ ਦੇਣ, ਪਲਾਨਿੰਗ ਕਮਿਸ਼ਨ ਤੇ ਸਾਡਾ ਕੋਈ ਕੰਟਰੋਲ ਨਹੀਂ। ਜੁਡੀਸ਼ਰੀ ਤੇ ਕੋਈ ਹੱਕ ਨਹੀਂ ਅੱਤ ਇਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਤੋਂ ਇਲਾਵਾ ਸੈਂਟਰ ਗੌਰਮਿੰਟ ਕੋਈ ਵੀ ਪਾਵਰ ਲੈਣਾ ਚਾਹੇ ਉਹ ਅੰਮਰਜੰਸੀ ਦੇ ਨਾਂ ਤੇ ਲੈ ਸਕਦੀ ਹੈ। ਅਸੀਂ ਕੋਈ ਇੰਡਸਟਰੀ ਨਹੀਂ ਲਾ ਸਕਦੇ, ਸਿਰਫ ਇਹ ਲੈਟਰ ਆਫ ਇੰਟੈਟਸ ਉਨ੍ਹਾਂ ਕੋਲੋਂ ਲੈ ਆਉਂਦੇ ਹਨ, ਪਰ ਇੰਡਸਟਰੀ ਨਹੀਂ ਮਿਲਦੀ। ਪਿਛਲੇ ਸਾਲ ਇਥੇ ਫਿਨਾਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ 153 ਲੈਟਰ ਆਫ ਇੰਟੈਂਟ ਲੈ ਆਏ ਹਨ। ਮੈਂ ਤਾਂ ਇਹ ਕਹਾਂਗਾ ਕਿ ਜਿਹੜਾ ਕੋਈ ਵੀ ਸੂਬਾ ਹੋਰ ਇਹ ਲੈਟਰ ਆਫ ਇੰਟੈਂਟ ਲੈਣ ਨੂੰ ਤਿਆਰ ਨਹੀਂ ਹੁੰਦਾ ਉਹ ਇਹ ਪੰਜਾਬ ਨੂੰ ਦੇ ਦਿੰਦੇ ਹਨ, ਪਰ ਇੰਡਸਟਰੀ ਫਿਰ ਵੀ ਕੋਈ ਨਹੀਂ ਲਗਦੀ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਲੋਕਾਂ ਨਾਲ ਬੜਾ ਭਾਰੀ ਧੱਕਾ ਹੈ। ਮੈਂ ਤੁਹਾਨੂੰ ਦਸਦਾ ਹਾਂ ਕਿ ਮੁਕਤਸਰ ਦੇ ਇਲਾਕੇ ਵਿਚ ਬਹੁਤ ਸੇਮ ਆ ਗਈ ਹੈ ਉਥੇ ਲੋਕਾਂ ਦੀ ਮੰਗ ਹੈ ਕਿ ਜੇ ਕੋਈ ਖੰਡ ਦੀ ਮਿੱਲ ਲਗ ਜਾਵੇ ਤਾਂ ਉਨ੍ਹਾਂ ਦੀ ਕੁਝ ਤਕਲੀਫ ਦੂਰ ਹੋ ਸਕਦੀ ਹੈ ਪਰ ਇਹ ਕਹਿੰਦੇ ਹਨ ਕਿ ਇਨ੍ਹਾਂ ਕੋਲ ਪਾਵਰ ਹੀ ਨਹੀਂ, ਇਸ ਲਈ ਇੰਡਸਟਰੀ ਨਹੀਂ ਲਗ ਸਕਦੀ।

ਫਿਰ ਸੈਂਟਰਲ ਪੁਲਿਸ ਵੇਖ ਲਓ, ਜਿਥੇ ਮਰਜ਼ੀ ਚਾਹੁੰਣ ਸੈਂਟਰ ਵਾਲੇ ਆਪਣੀ ਪੁਲਿਸ ਡਿਪਲਾਇ ਕਰ ਦਿੰਦੇ ਹਨ। ਮੈਂ ਹੁਣੇ ਪਿਛੇ ਅੰਮ੍ਰਿਤਸਰ ਗਿਆ ਸੀ ਤਾਂ ਉਥੇ ਵੇਖਿਆ ਕਿ ਕਿੰਨੀ ਹੀ ਸੈਂਟਰ ਦੀ ਪੁਲਿਸ ਉਥੇ ਬੈਠੀ ਹੈ। ਇਨ੍ਹਾਂ ਨੂੰ ਕੋਈ ਪੁਛਦਾ ਨਹੀਂ। ਮੈਂ ਸਮਝਦਾ ਹਾਂ ਕਿ ਸਟੇਟ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਤੁਸੀਂ ਥੋੜ੍ਹਾ ਇਰੀਟੇਟ ਹੋ ਰਹੇ ਹੋਵੋਗੇ ਪਰ ਮੈਂ ਬਸ ਇਕ ਆਖਰੀ ਗਲ ਐਗਰੀਕਲਚਰ ਬਾਰੇ ਕਹਿ ਕੇ ਖਤਮ ਕਰ ਦਿੰਦਾ ਹਾਂ। ਮੈਂ ਥੋੜ੍ਹਾ ਜਿਹਾ ਹੀ ਟਾਈਮ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਕਿਸਾਨਾਂ ਨਾਲ ਸਰਕਾਰ ਬਹੁਤ ਜ਼ਿਆਦਾ ਧ੍ਰੋਹ ਕਰ ਰਹੀ ਹੈ। ਸੀ ਫੈਕਟਸ ਵੇਖੇ ਜਾਣ, ਚਾਹੇ ਇਨ੍ਹਾਂ ਦੇ ਆਪਣੇ ਦਿੱਤੇ ਹੋਏ ਹੀ ਫੈਕਟਸ ਵੇਖੀਏ ਤਾਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਸਾਨਾਂ ਨਾਲ ਇਨ੍ਹਾਂ ਨੇ ਬਿਲਕੁਲ ਹੀ ਇਨਸਾਫ ਨਹੀਂ ਕੀਤਾ। ਜਿਨ੍ਹਾਂ ਲੋਕਾਂ ਨੇ ਸਾਡਾ ਪੇਟ ਭਰਿਆ, ਸਾਡੇ ਦੇਸ਼ ਦਾ ਪੇਟ ਭਰਿਆ ਉਨ੍ਹਾਂ ਕਿਸਾਨਾਂ ਨੂੰ ਇਨ੍ਹਾਂ ਨੇ ਉਨ੍ਹਾਂ ਦੀ ਪਰੋਡਕਸ਼ਨ ਦਾ ਰਿਊਮਨਰੇਟਿਵ ਭਾਅ ਨਹੀਂ ਦਿੱਤਾ। ਜਿਹੜੇ ਭਾਅ ਉਸ ਦੇ ਇਨਪੁਟਸ ਦੇ ਹਨ ਉਸ ਨਾਲ ਹਿਸਾਬ ਲਾਈਏ ਤਾਂ ਪਤਾ ਲਗਦਾ ਹੈ ਕਿ ਕਿਸਾਨ ਨਾਲ ਬਹੁਤ ਧੱਕਾ ਹੋਇਆ ਹੈ। ਮੈਂ ਦਸਦਾ ਹਾਂ ਕਿ ਜੇ ਅਸੀਂ 1970-71 ਦੇ ਈਅਰ ਨੂੰ ਹੀ ਬੇਸ ਈਅਰ ਮੰਨ ਲਈਏ ਤਾਂ ਜੇ ਉਸ ਵੇਲੇ ਪ੍ਰਾਈਸ ਇੰਡੈਕਸ 100 ਰੁਪਏ ਦਾ ਸੀ ਤਾਂ ਅੱਜ 1980-81 ਵਿਚ ਇਹ 232 ਹੋ ਗਿਆ ਹੈ। ਪਰ ਦੂਜੇ ਪਾਸੇ ਜਦੋਂ ਅਸੀਂ ਵ੍ਹੀਟ ਦੇ ਬਾਰੇ ਵੇਖਦੇ ਹਾਂ ਤਾਂ ਜੇ ਉਸ ਵੇਲੇ ਵ੍ਹੀਟ ਦਾ ਇੰਡੈਕਸ 100 ਰੁਪਏ ਬਣਦਾ ਸੀ ਤਾਂ ਅੱਜ 171 ਰੁਪਏ ਹੋਇਆ ਹੈ। ਹੁਣ ਤੁਸੀਂ ਵੇਖ ਲਓ ਕਿ ਕਿੰਨਾਂ ਫਰਕ ਪੈ ਗਿਆ ਹੈ। ਇਕਨਾਮਿਕਸ ਦਾ ਡਿਮਿਨਿਸ਼ਿੰਗ ਰਿਟਰਨ ਦਾ ਜਿਹੜਾ ਫਾਰਮੂਲਾ ਹੈ ਉਹ ਚਲ ਰਿਹਾ ਹੈ। ਮੈਂ ਤਾਂ ਸਮਝਦਾ ਹਾਂ ਕਿ ਇਹ ਕਿਸਾਨਾਂ ਨੂੰ ਸਲੋਅ ਪੁਆਇਜ਼ਨਿੰਗ ਦਿੱਤੀ ਜਾ ਰਹੀ ਹੈ, ਆਹਸਤਾ ਆਹਸਤਾ ਕਿਸਾਨਾਂ ਨੂੰ ਮਾਰਿਆ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, 1970-71 ਵਿਚ ਕਿਸਾਨਾਂ ਤੇ 22.14 ਕਰੋੜ ਰੁਪਏ ਦਾ ਕਰਜ਼ਾ ਸੀ ਪਰ 1979-80 ਵਿਚ ਇਹ 53 ਕਰੋੜ ਹੋ ਗਿਆ। ਇਸ ਦਾ ਮਤਲਬ ਇਹ ਨਹੀਂ ਕਿ ਉਸ ਨੇ ਸ਼ਰਾਬ ਆਦਿ ਤੇ ਖਰਚ ਲਿਆ ਹੈ, ਬਲਕਿ ਇਹ ਕਿ ਜਿਹੜੇ ਉਸ ਦੇ ਇਨਪੁਟਸ ਦੇ ਖਰਚ ਸਨ ਉਹ ਵੱਧ ਗਏ ਹਨ। ਇਸ ਦੇ ਨਾਲ, ਡਿਪਟੀ ਸਪੀਕਰ ਸਾਹਿਬ ਪਰੋਡਕਸ਼ਨ ਵੀ ਘਟੀ ਹੈ। ਪੈਡੀ ਦੀ ਪੈਦਾਵਾਰ 1978 ਵਿਚ ਜਿਹੜੀ 29.37 ਟਨ ਪਰ ਹੈਕਟਰ ਸੀ ਉਹ ਹੁਣ ਘਟ ਕੇ 27 ਰਹਿ ਗਈ ਹੈ। ਇਸੇ ਤਰ੍ਹਾਂ ਵ੍ਹੀਟ ਵਿਚ ਇਹ ਪਰੋਡਕਸ਼ਨ ਸਟੈਗਨੈਂਟ ਹੋ ਗਈ ਹੈ। ਇਸੇ ਤਰ੍ਹਾਂ ਹੋਰ ਚੀਜ਼ਾਂ ਵਿਚ ਵੀ ਪਰੋਡਕਸ਼ਨ

Original with;
Punjab Vidhan Sabha
Digitized by;
Panjab Digital Library

ਕਾਫੀ ਘਟੀ ਹੈ। ਇਸ ਤੋਂ ਇਲਾਵਾ ਹੋਰ ਵੇਖ ਲਓ, ਮੈਂ ਦਸਦਾ ਹਾਂ ਕਿ 1970-71 ਵਿਚ ਸਟੇਟ ਦੀ ਕੁੱਲ ਇਨਕਮ ਦਾ 60.34% ਪੈਸਾ ਕਿਸਾਨਾਂ ਦੇ ਕੋਲ ਹੁੰਦਾ ਸੀ ਪਰ ਹੁਣ 1980-81 ਵਿਚ ਇਹ ਘੱਟ ਕੇ 50.14% ਰਹਿ ਗਿਆ ਹੈ। ਇਸੇ ਤਰ੍ਹਾਂ ਜੇ ਕਿਸੇ ਪਾਸੇ ਵੀ ਵੇਖ ਲਈਏ ਤਾਂ ਕਿਸਾਨ ਜਿਹੜਾ ਹੈ ਉਸ ਨੂੰ ਦਿਨ ਬਦਿਨ ਦਬਾਇਆ ਜਾ ਰਿਹਾ ਹੈ। ਗੱਲਾਂ ਵਿਚ ਇਹ ਕਹਿ ਦਿੰਦੇ ਹਨ ਕਿ ਅਸੀਂ ਕਿਸਾਨਾਂ ਨੂੰ ਸਬਸਿਡੀ ਦਿੱਤੀ ਹੈ। 90 ਕਰੋੜ ਦੀ ਬਿਜਲੀ ਵਿਚ ਔਰ 14 ਕਰੋੜ ਦੀ ਪਾਣੀ ਵਿਚ ਸਬਸਿਡੀ ਦਿੱਤੀ ਹੈ, ਮੈਂ ਤੁਹਾਨੂੰ ਦਸਦਾ ਹਾਂ ਕਿ ਇਹ ਇਕ ਆਈ-ਵਾਸ਼ ਹੈ । ਇਹ ਸਬਸਿਡੀ ਦਾ ਬਹਾਨਾ ਲਾਕੇ ਇਨ੍ਹਾਂ ਨੇ ਉਨ੍ਹਾਂ ਤੇ ਟੈਕਸ ਲਾਉਣ ਦੀ ਕੋਸਿਸ਼ ਕੀਤੀ ਹੈ। ਪਾਣੀ ਦਾ ਮਾਮਲਾ ਵੀ ਵਧਾਉਣ ਵਾਲੇ ਪਾਸੇ ਇਹ ਤੁਲੇ ਹਨ। ਮੈਨੂੰ ਪਤਾ ਹੈ। ਇਸ ਗਲ ਤੇ ਇਨ੍ਹਾਂ ਦੀ ਆਪਣੀ ਪਾਰਟੀ ਵਿਚ ਰਿਵੋਲਟ ਆ ਗਿਆ ਸੀ। ਕਈ ਕਹਿੰਦੇ ਸਨ ਕਿ ਇਹ ਗਲਤ ਗੱਲ ਹੈ ਅਸੀਂ ਕਿਸਾਨਾਂ ਨੂੰ ਮੂੰਹ ਕਿਵੇਂ ਜਾ ਕੇ ਵਿਖਾਵਾਂਗੇ। ਇਸ ਤੇ ਇਨ੍ਹਾਂ ਨੇ ਪਹਿਲੇ ਸਬਸਿਡੀ ਦਾ ਵਿਖਾਵਾ ਕਰਕੇ ਫਿਰ ਕਿਸਾਨਾਂ ਤੇ ਟੈਕਸ ਲਾ ਦਿੱਤਾ ਹੈ। ਇਹ ਜਿਹੜੀ ਸਬਸਿਡੀ ਦਿੱਤੀ ਹੈ ਇਹ ਤਾਂ ਇਕ ਟੈਕਸ ਲਾਉਣ ਲਈ ਬੈਕਗ੍ਰਾਊਂਡ ਬਣਾਈ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਹੋਰ ਗੱਲ ਦਸਦਾ ਹਾਂ ਇਹ ਸਰਕਾਰ ਹਰ ਸਾਲ ਕਿਸਾਨ ਤੋਂ 500 ਕਰੋੜ ਰੁਪਿਆ ਖੋਹ ਰਹੀ ਹੈ। ਇਨ੍ਹਾਂ ਨੇ ਜਿਹੜਾ ਕਿਸਾਨ ਨੂੰ ਕਣਕ ਦਾ ਭਾਅ ਦਿੱਤਾ ਸੀ ਉਹ 135 ਰੁਪਏ ਸੀ ਪਰ ਜਿਹੜੀ ਕਣਕ ਅਮਰੀਕਾ ਤੋਂ ਪ੍ਰੋਕਿਉਰ ਕੀਤੀ ਉਸ ਦਾ ਭਾਅ 195 ਰੁਪਏ ਦਿੱਤਾ। ਕੋਈ 4 ਮਿਲੀਅਨ ਟਨ ਪ੍ਰੋਕਿਉਰ ਹੋਈ ਔਰ ਇਹ ਜਿਹੜਾ 60 ਰੁਪਏ ਦਾ ਫਰਕ ਹੈ ਇਸ ਹਿਸਾਬ ਨਾਲ ਪੰਜਾਬ ਦੇ ਕਿਸਾਨ ਨੂੰ 240 ਕਰੋੜ ਰੁਪਏ ਦਾ ਫਰਕ ਪਿਆ ਹੈ। ਇਹ ਪੰਜਾਬ ਦੇ ਕਿਸਾਨ ਨੂੰ 240 ਕਰੋੜ ਰੁਪਏ ਦਾ ਘਾਟਾ ਹੋਇਆ ਹੈ । ਇਸੇ ਤਰ੍ਹਾਂ ਹੋਰ ਚੀਜ਼ਾਂ ਵਿਚ ਕੀਤਾ ਹੈ ਔਰ ਜੇ ਉਨ੍ਹਾਂ ਸਾਰਿਆਂ ਦਾ ਹਿਸਾਬ ਲਾਈਏ ਤਾਂ ਕਿਸਾਨ ਨੂੰ ਹਰ ਸਾਲ 500 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ । ਇਸ ਦਾ ਵੱਡਾ ਕਾਰਣ ਇਹ ਹੈ ਕਿ ਇਨ੍ਹਾਂ ਦੀਆਂ ਆਪਣੀ ਪਾਰਟੀ ਦੀਆਂ ਪਾਲਿਸੀਜ਼ ਠੀਕ ਨਹੀਂ, ਦੂਜੇ ਲੋਕਾਂ ਦੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਮੈਂ ਹੋਰ ਦਸਦਾ ਹਾਂ ਕਿ ਅੰਗ੍ਰੇਜ਼ਾਂ ਦੇ ਰਾਜ ਵਿਚ ਔਰ 32 ਸਾਲ ਕਾਂਗ੍ਰਸ ਦੇ ਰਾਜ ਵਿਚ ਕਿਸੇ ਨੇ ਇਹ ਕੰਮ ਨਹੀਂ ਕੀਤਾ ਜਿਹੜਾ ਕਿ ਇਹ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪਹਿਲੀ ਦਫਾ ਕਿਸਾਨ ਤੇ ਜਜ਼ੀਆ ਲਾ ਦਿੱਤਾ ਹੈ। ਜਦੋਂ ਵੀ ਕਿਸਾਨ ਮੰਡੀ ਵਿਚ ਆਪਣੀ ਫਸਲ ਲੈਕੇ ਜਾਵੇਗਾ ਤਾਂ ਉਸ ਤੇ ਇਕ ਪਰਸੈਂਟ ਜਜ਼ੀਆ ਲਿਆ ਜਾਵੇਗਾ । ਇਹ ਕਹਿੰਦੇ ਹਨ ਕਿ ਪਹਿਲੇ ਮਾਰਕਿਟ ਫੀਸ ਲਗਦੀ ਸੀ। ਪਰ ਮੈਂ ਦਸਦਾ ਹਾਂ ਕਿ ਉਹ ਫੀਸ ਜਿਹੜੀ ਲਈ ਜਾਂਦੀ ਸੀ ਉਹ ਵਪਾਰੀ ਤੇ ਲਗਦੀ ਸੀ, ਕਿਸਾਨ ਤੇ ਨਹੀਂ ਲਗਦੀ ਸੀ। ਜੇ ਕਣਕ ਦਾ ਭਾਅ 135 ਰੁਪਏ ਫਿਕਸ ਕੀਤਾ ਸੀ ਤਾਂ ਉਸ ਨੂੰ 135 ਰੁਪਏ ਹੀ ਮਿਲਦੇ ਸਨ ਪਰ ਹੁਣ ਇਨ੍ਹਾਂ ਨੇ ਇਸ ਤੇ 1% ਜਜ਼ੀਆ ਲਾ ਦਿੱਤਾ ਹੈ। ਇਹ ਪੈਸੇ ਕੱਟ ਕੇ ਉਸ ਨੂੰ ਭਾਅ ਦਿੱਤਾ ਜਾਵੇਗਾ। ਇਸੇ ਤਰ੍ਹਾਂ ਜਿਹੜੇ ਦੂਜੇ ਟੈਕਸ ਲਾਏ ਹਨ ਉਨ੍ਹਾਂ ਦਾ ਜ਼ਿਆਦਾ ਬੋਝ ਕਿਸਾਨ ਤੇ ਹੀ ਪਿਆ ਹੈ। ਇਸ ਤਰ੍ਹਾਂ ਨਾਲ ਕੋਈ 32 ਕਰੋੜ ਰੁਪਏ ਦਾ ਬੋਝ ਪੰਜਾਬ ਦੇ ਕਿਸਾਨ ਤੇ ਪਿਆ ਹੈ। ਇਸ ਲਈ ਮੈਂ ਕਹਿ ਸਕਦਾ ਹਾਂ ਕਿ ਇਹ ਸਰਕਾਰ ਕਿਸਾਨਾਂ ਨਾਲ ਬਹੁਤ ਜ਼ਿਆਦਾ ਬੇਇਨਸਾਫੀ ਕਰ ਰਹੀ ਹੈ, ਲੋਕਾਂ ਨਾਲ ਧੱਕਾ ਹੋ ਰਿਹਾ ਹੈ, ਤਰੱਕੀ ਨਹੀਂ ਹੋ ਰਹੀ। ਇਸ ਤਰ੍ਹਾਂ ਦੇ ਹਾਲਾਤ ਹੋ ਗਏ ਹਨ ਕਿ ਜੇ ਕੋਈ ਚੰਗੀ ਸਰਕਾਰ ਹੋਵੇ ਔਰ ਆਪਣੇ ਆਪ ਨੂੰ ਕਿਸਾਨਾਂ ਦਾ ਹਿਤੈਸ਼ੀ ਮੰਨਦੀ ਹੋਵੇ ਤਾਂ ਜੋ ਸੂਬੇ ਦੇ ਹਾਲਾਤ ਹਨ ਉਨ੍ਹਾਂ ਨੂੰ ਵੇਖ ਕੇ ਆਪਣੇ ਆਪ ਹੀ ਅਸਤੀਫਾ ਦੇ ਦੇਵੇ ਔਰ ਰੀਇਲੈਕਸ਼ਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਕਰਾਏ ਤਾਕਿ ਜਿਹੜੇ ਲੋਕਾਂ ਦੇ ਸਹੀ ਨੁਮਾਇੰਦੇ ਹਨ, ਉਨ੍ਹਾਂ ਦੀ ਭਲਾਈ ਕਰਨ ਵਾਲੇ ਹਨ, ਉਹ ਇਥੇ ਆ ਸਕਣ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅੌਰ ਇਹ ਬੇਨਤੀ ਕਰਦਾ ਹਾਂ ਕਿ ਜੇ ਕੋਈ ਗਲਤ ਅਲਫਾਜ਼ ਕਹੇ ਗਏ ਹੋਣ ਤਾਂ ਮੈਂ ਖਿਮਾਂ ਮੰਨਦਾ ਹਾਂ।

ਸਰਦਾਰ ਹਰਚਰਨ ਸਿੰਘ ਹੀਰੋ (ਜ਼ੀਰਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੈਪ੍ਰੋਪਰੀਏਸ਼ਨ ਬਿਲ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਬਾਦਲ ਸਾਹਿਬ ਦੀ ਸਾਰੀ ਸਪੀਚ ਬੜੇ ਧਿਆਨ ਨਾਲ ਸੁਣੀ ਹੈ। ਮੈਂ ਇਹ ਨੋਟ ਕੀਤਾ ਹੈ ਕਿ ਇਨ੍ਹਾਂ ਨੇ ਬਿਲਕੁਲ ਉਹੀ ਸਪੀਚ ਕੀਤੀ ਹੈ ਜਿਹੜੀ ਕਦੇ ਇਹ ਜਿਸ ਵੇਲੇ ਚੀਫ਼ ਮਨਿਸਟਰ ਹੁੰਦੇ ਸਨ ਤਾਂ ਕੀਤਾ ਕਰਦੇ ਸਨ। ਉਸ ਸਪੀਚ ਅੌਰ ਇਸ ਸਪੀਚ ਵਿਚ ਬਿਲਕੁਲ ਕੋਈ ਫ਼ਰਕ ਨਹੀਂ। ਜਿਸ ਤਰ੍ਹਾਂ ਇਹ ਪਹਿਲੇ ਇਨ੍ਹਾਂ ਸਪੀਚਾਂ ਦੇ ਨਾਲ ਸੂਬੇ ਦੇ ਲੋਕਾਂ ਨੂੰ ਗੁਮਰਾਹ ਕਰਦੇ ਸਨ ਉਸੇ ਤਰ੍ਹਾਂ ਇਥੇ ਹੁਣ ਕੋਸ਼ਿਸ਼ ਕੀਤੀ ਹੈ ਅੌਰ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਵੇਲੇ ਬੜਾ ਚੰਗਾ ਰਾਜ ਭਾਗ ਚਲਦਾ ਸੀ ਅੌਰ ਹੁਣ ਮਾੜਾ ਚਲਦਾ ਹੈ। (ਵਿਘਨ)

Mr. Deputy Speaker : No interruption please.

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਇਹ ਸੁਣਨ ਨੂੰ ਤਿਆਰ ਨਹੀਂ। ਇਹ ਆਪਣੇ ਆਪ ਨੂੰ ਕਿਸਾਨਾਂ ਦੇ ਨੁਮਾਇੰਦੇ ਕਹਿੰਦੇ ਹਨ ਪਰ ਮੈਂ ਤੁਹਾਨੂੰ ਦਸਦਾ ਹਾਂ ਕਿ ਇਹ ਬਿਲਕੁਲ ਗਲਤ ਗਲ ਹੈ। ਜਦੋਂ 1977 ਵਿਚ ਬਾਦਲ ਸਾਹਿਬ ਆਪ ਅੈਗਰੀਕਲਚਰ ਮਨਿਸਟਰ ਸਨ, ਉਸ ਵੇਲੇ ਉਤੇ ਵੀ ਇਨ੍ਹਾਂ ਦਾ ਰਾਜ ਸੀ ਅਤੇ ਇਥੇ ਵੀ ਇਨ੍ਹਾਂ ਦਾ ਰਾਜ ਸੀ, ਉਸ ਵੇਲੇ ਵੀ ਇਹ ਬੜੀਆਂ ਲੱਛੇਦਾਰ ਸਪੀਚਾਂ ਕਰਦੇ ਸਨ ਅਤੇ ਇਹ ਕਹਿੰਦੇ ਸਨ ਕਿ ਅਸੀਂ ਤੁਹਾਨੂੰ 150 ਰੁਪਏ ਕਣਕ ਦਾ ਭਾਅ ਦਿਆਂਗੇ। (ਵਿਘਨ)

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਬੜੇ ਧਿਆਨ ਨਾਲ ਅਤੇ ਸ਼ਾਂਤੀ ਨਾਲ ਸੁਣਿਆ ਹੈ ਅੌਰ ਇਹ ਹੁਣ ਸਾਡੇ ਮੈਂਬਰ ਨੂੰ ਬੋਲਣ ਨਹੀਂ ਦੇ ਰਹੇ। ਤੁਹਾਡਾ ਮੈਂਬਰ ਨਹੀਂ ਉਹ ਸਾਡਾ ਮੈਂਬਰ ਹੈ। ਤੁਹਾਡੇ ਵਲੋਂ ਹੋਰ ਮੈਂਬਰ ਆਉਣ ਵਾਸਤੇ ਤਿਆਰ ਹਨ।

ਸਰਦਾਰ ਰਵੀਇੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਤੁਸੀਂ ਸੀ.ਅੈਮ ਸਾਹਿਬ ਨੂੰ ਕਿਸ ਰੂਲ ਦੇ ਥੱਲੇ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦੀ ਇਜਾਜ਼ਤ ਦਿੱਤੀ ਹੈ ?

ਸ਼੍ਰੀ ਡਿਪਟੀ ਸਪੀਕਰ : ਸਾਰੇ ਮੈਂਬਰ ਸਾਹਿਬਾਨ ਦਾ ਰਾਈਟ ਹੈ, ਉਹ ਪੁਆਇੰਟ ਆਫ ਆਰਡਰ ਰੇਜ਼ ਕਰ ਸਕਦੇ ਹਨ ਅਤੇ ਲੀਡਰ ਆਫ ਦੀ ਹਾਊਸ ਕਿਸੇ ਵਕਤ ਵੀ ਇੰਟਰਵੀਨ ਕਰ ਸਕਦਾ ਹੈ।

ਸਰਦਾਰ ਰਵੀਇੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਵਿਦਿਨ ਰੂਲਜ਼ ਹੀ ਬੋਲ ਸਕਦੇ ਹਨ। ਇਹ ਕਿਥੋਂ ਦਾ ਕਾਨੂੰਨ ਹੋਇਆ ਕਿ ਉਹ ਕਾਨੂੰਨ ਥੱਲੇ ਨਾ ਬੋਲਣ। ਰੂਲ 95 ਦੇ ਅਧੀਨ ਅਗਰ ਉਹ ਪੁਆਇੰਟ ਆਫ ਆਰਡਰ ਰੇਜ਼ ਕਰਦੇ ਹਨ ਫੇਰ ਤੁਸੀਂ ਆਪਣੀ ਉਸ ਤੇ ਰੂਲਿੰਗ ਦਿਓ।

ਸ਼੍ਰੀ ਡਿਪਟੀ ਸਪੀਕਰ : ਲੀਡਰ ਆਫ ਦੀ ਹਾਊਸ, ਹਾਊਸ ਦੇ ਵਿਚ ਕਿਸੇ ਵਕਤ ਇੰਟਰਵੀਨ ਕਰ ਸਕਦੇ ਹਨ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਡੀ ਪਾਰਟੀ ਵਿਚੋਂ ਮੈਂਬਰ ਆਉਣ ਵਾਸਤੇ ਤਿਆਰ ਹਨ। ਪਹਿਲੇ ਇਹ ਮੇਨਕਾ ਨੂੰ ਸੰਭਾਲ ਲੈਣ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸੀ.ਐਮ. ਸਾਹਿਬ, ਸਾਡੇ ਬੰਦਿਆਂ ਤੋਂ ਸਾਡੇ ਖਿਲਾਫ ਕਿਉਂ ਬੁਲਾਉਂਦੇ ਹਨ। ਇਹ ਆਪਣੀ ਪਾਰਟੀ ਦੇ ਮੈਂਬਰ ਨੂੰ ਕਿਉਂ ਨਹੀਂ ਬੋਲਣ ਦਿੰਦੇ।

ਸਰਦਾਰ ਬਲਦੇਵ ਸਿੰਘ ਮਾਨ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਵਿਚ ਜਦ ਕੋਈ ਵੀ ਮੈਂਬਰ ਬੋਲ ਰਿਹਾ ਹੋਵੇ ਉਸ ਨੂੰ ਸਾਨੂੰ ਸਾਰਿਆਂ ਨੂੰ ਸੁਨਣਾ ਚਾਹੀਦਾ ਹੈ ਪਰ ਇਥੇ ਸੀ.ਐਮ. ਸਾਹਿਬ ਨੇ ਆਪਣੀਆਂ ਤਿੰਨ ਗਊਆਂ ਖੜੀਆਂ ਕੀਤੀਆਂ ਹੋਈਆਂ ਹਨ ਜਿਹੜੀਆਂ ਹਾਊਸ ਦੇ ਵਿਚ ਬੋਲਦੀਆਂ ਰਹਿੰਦੀਆਂ ਹਨ। ਇਹ ਸਾਡੇ ਬੰਦੇ ਤੋਂ ਕਿਉਂ ਬੁਲਾਉਂਦੇ ਹਨ ?

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਪਰ ਜਿਸ ਵਕਤ ਸਾਡੇ ਆਪੋਜ਼ੀਸ਼ਨ ਵਲੋਂ ਕੋਈ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰਦਾ ਹੈ ਉਸ ਵਕਤ ਤੁਸੀਂ ਰੂਲਿੰਗ ਦੇ ਦਿੰਦੇ ਹੋ ਕਿ ਨੋ ਪੁਆਇੰਟ ਆਫ ਆਰਡਰ ਪਰ ਜਿਸ ਵਕਤ ਰੂਲਿੰਗ ਪਾਰਟੀ ਦਾ ਮੈਂਬਰ ਕੋਈ ਪੁਆਇੰਟ ਆਫ ਆਰਡਰ ਰੇਜ਼ ਕਰ ਦਿਦਾ ਹੈ ਤਾਂ ਤੁਸੀਂ ਕੋਈ ਰੂਲਿੰਗ ਨਹੀਂ ਦਿੰਦੇ। ਤੁਸੀਂ ਸਾਡੇ ਨਾਲ ਵਿਤਕਰਾ ਕਰ ਰਹੇ ਹੋ ਅੰਰ ਤੁਸੀਂ ਉਨ੍ਹਾਂ ਦਾ ਲਿਹਾਜ਼ ਕਰਦੇ ਹੋ। ਕਦੇ ਮਨਿਸਟਰ ਉਠ ਪੈਂਦਾ ਹੈ ਤੇ ਕਦੇ ਸੀ.ਐਮ. ਸਾਹਿਬ ਉਠ ਪੈਂਦੇ ਹਨ।

ਸ਼੍ਰੀ ਡਿਪਟੀ ਸਪੀਕਰ : ਮਨਿਸਟਰ ਕਿਸੇ ਵਕਤ ਵੀ ਇੰਟਰਵੀਨ ਕਰ ਸਕਦਾ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਰੂਲ 105 ਅੰਡਰ ਮੇਰਾ ਪੁਆਇੰਟ ਆਫ ਆਰਡਰ ਹੈ। ਹੀਰੋ ਸਾਹਿਬ ਬੋਲ ਰਹੇ ਸਨ। ਇਨ੍ਹਾਂ ਨੂੰ ਮਜ਼ਬੂਰ ਹੋ ਕੇ ਸਾਡੇ ਖਿਲਾਫ ਬੋਲਣਾ ਪੈਂਦਾ ਹੈ। ਇਨ੍ਹਾਂ ਦੀ ਹਾਲਤ ਉਹਦੇ ਵਰਗੀ ਹੈ ਜਿਸ ਤਰ੍ਹਾਂ ਇਕ ਕਲੰਦਰ ਕੋਲ ਦੋ ਬੰਦਰ ਸਨ ਅਤੇ ਉਹ ਉਨ੍ਹਾਂ ਨੂੰ ਖੀਰ ..... (ਵਿਘਨ)

ਸ਼੍ਰੀ ਡਿਪਟੀ ਸਪੀਕਰ : ਬੈਠੋ ਤੁਸੀਂ ਬਾਦਲ ਸਾਹਿਬ।

Sardar **Gurnaib Singh Brar** : Clause (ii) of Rule 90 reads as under:—

"90:—Whilst the House is sitting, a member—

(ii) shall not interrupt any Member while speaking by disorderly expression or noises or in any other disorderly manner.

ਹੁਣ ਤੁਸੀਂ ਦੱਸੋ ਇਹ ਕਿਸ ਰੂਲ ਥੱਲੇ ਸੀਟਾਂ ਤੇ ਬੈਠ ਕੇ ਸਾਡੇ ਮੈਂਬਰ ਸਾਹਿਬਾਨ ਨੂੰ ਡਿਸਟਰਬ ਕਰ ਰਹੇ ਹਨ ? ਤੁਸੀਂ ਇਨ੍ਹਾਂ ਨੂੰ ਰੋਕੋ।

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਜਦੋਂ ਬਾਦਲ ਸਾਹਿਬ ਸੈਂਟਰ ਵਿਚ ਐਗਰੀਕਲਚਰਲ ਮਨਿਸਟਰ ਬਣੇ ਸਨ ਤੇ ਥੱਲੇ ਵੀ ਇਨ੍ਹਾਂ ਦਾ ਰਾਜਭਾਗ ਸੀ। ਮੈਂ ਬਾਦਲ ਸਾਹਿਬ ਨੂੰ ਕਿਹਾ ਕਿ ਤੁਸੀਂ ਕਹਿੰਦੇ ਸੀ ਕਿ ਨਮੇ ਦਾ ਭਾਅ 600 ਰੁਪਿਆ ਅਤੇ ਕਣਕ ਦਾ ਭਾਅ 150

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਰੁਪਿਆ ਹੋਵੇਗਾ ਅੌਰ ਇਹ ਗੱਲ ਸੁਣ ਕੇ ਬਾਦਲ ਸਾਹਿਬ ਪੀਲੇ ਰੰਗ ਵਾਂਗ ਹੋ ਗਏ ਅਤੇ ਸੁਕ ਗਏ ਅੌਰ ਕਹਿਣ ਲਗੇ ਕਿ ਮੈਂ ਕੁਝ ਵੀ ਨਹੀਂ ਕਰ ਸਕਦਾ। ਇਨ੍ਹਾਂ ਨੇ 112.50 ਰੁਪਏ ਕਣਕ ਦੇ ਭਾਅ ਤੋਂ 115 ਰੁਪਏ ਕੀਤਾ ਸੀ। ਇਨ੍ਹਾਂ ਨੇ ਇਹ ਪੰਜਾਬ ਦੇ ਕਿਸਾਨ ਦਾ ਇੰਟਰੈਸਟ ਵਾਚ ਕੀਤਾ ਅੌਰ ਜਦੋਂ ਦੇਸਾਈ ਸਾਹਿਬ ਨੇ ਇਨ੍ਹਾਂ ਨੂੰ ਘੁਰਕੀ ਮਾਰੀ ਤਾਂ ਇਹ ਬਿਮਾਰ ਹੋ ਗਏ ਅਤੇ ਪਾਰਲੀਮੈਂਟ ਵਿਚ ਵੜੇ ਨਹੀਂ ਅਤੇ ਫੇਰ ਇਹ ਮਿੰਨਤਾ ਤਰਲੇ ਕਰਕੇ ਪੰਜਾਬ ਦੇ ਸੀ.ਐਮ. ਬਣ ਗਏ। ਮੈਂ ਕਿਹਾ ਕਿ ਹੁਣ ਤਾਂ ਇਹ ਪੰਜਾਬ ਦੇ ਕਿਸਾਨ ਦਾ ਭਲਾ ਕਰਨਗੇ ਅਤੇ ਇਨ੍ਹਾਂ ਨੇ ਬਰਨਾਲਾ ਸਾਹਿਬ ਨੂੰ ਦਿੱਲੀ ਭੇਜ ਦਿੱਤਾ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਜ਼ਿੰਮੀਦਾਰਾਂ ਦੇ ਕਿੰਨੇ ਹਮਦਰਦ ਸਨ।

ਡਿਪਟੀ ਸਪੀਕਰ ਸਾਹਿਬ, ਇਹ ਕਿਸਾਨਾਂ ਨੂੰ ਕਹਿੰਦੇ ਸਨ ਕਿ ਕਣਕ ਦਾ ਭਾਅ ਤੁਹਾਨੂੰ 150 ਰੁਪਏ ਦਿਵਾਵਾਂਗੇ। ਸਰਦਾਰ ਸੁਰਜੀਤ ਸਿੰਘ ਬਰਨਾਲਾ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਕਿਸਾਨਾਂ ਨੂੰ ਜੋ ਭਾਅ ਉਸ ਵੇਲੇ ਕਣਕ ਦਾ ਦਿਵਾਇਆ, ਉਹ ਸਿਰਫ ਦੋ ਰੁਪਏ ਹੀ ਵੱਧ ਦਿਵਾਇਆ। 115 ਰੁਪਏ ਤੋਂ ਸਿਰਫ 117 ਰੁਪਏ ਹੀ ਦਿਵਾਇਆ। ਜਦੋਂ, ਡਿਪਟੀ ਸਪੀਕਰ ਸਾਹਿਬ, ਇਹ ਕੁਰਸੀਆਂ ਤੋਂ ਥੱਲੇ ਆ ਜਾਂਦੇ ਹਨ ਤਾਂ ਜ਼ਿਮੀਂਦਾਰਾਂ ਦਾ ਇੰਟਰੈਸਟ ਚੇਤੇ ਆਉਂਦਾ ਹੈ। ਜਦੋਂ ਅਕਾਲੀਆਂ ਨੂੰ ਕੁਰਸੀਆਂ ਮਿਲ ਜਾਂਦੀਆਂ ਹਨ ਤਾਂ ਇਨ੍ਹਾਂ ਨੂੰ ਜ਼ਿਮੀਂਦਾਰਾਂ ਦਾ ਇੰਟਰੈਸਟ ਭੁੱਲ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਅਕਾਲੀਆਂ ਨੂੰ ਉਸ ਵੇਲੇ ਚੇਤਾ ਨਹੀਂ ਆਇਆ ਜ਼ਿਮੀਂਦਾਰਾਂ ਦਾ ਜਦੋਂ ਜ਼ਿਮੀਦਾਰਾਂ ਦਾ ਨਰਮਾ ਸੜ ਰਿਹਾ ਸੀ ਅਤੇ ਨਰਮਾ 260 ਰੁਪਏ ਵਿਕਿਆ ਸੀ। ਜ਼ਿਮੀਂਦਾਰਾਂ ਦਾ ਉਸ ਵੇਲੇ ਚੇਤਾ ਨਾ ਆਇਆ ਜਦੋਂ ਜ਼ਿਮੀਂਦਾਰਾਂ ਦਾ ਆਲੂ ਸੜ ਰਿਹਾ ਸੀ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਨਰਮੇ ਦਾ ਭਾਅ 580—590 ਰੁਪਏ ਤੱਕ ਦਾ ਦਿਵਾਇਆ (ਥੰਪਿੰਗ) ਇਸ ਤੋਂ ਤੁਸੀਂ ਡਿਪਟੀ ਸਪੀਕਰ ਸਾਹਿਬ, ਅੰਦਾਜ਼ਾ ਲਗਾ ਲਵੋ ਕਿ ਜ਼ਿਮੀਂਦਾਰਾਂ ਦੇ ਇਹ ਹਾਮੀ ਹਨ ਜਾਂ ਅਸੀਂ ਜ਼ਿਮੀਂਦਾਰਾਂ ਦੇ ਹਾਮੀ ਹਾਂ। ਅਸੀਂ ਕਣਕ ਦਾ ਭਾਅ 117 ਰੁਪਏ ਤੋਂ 130 ਰੁਪਏ ਦਾ ਦਿਵਾਇਆ ਅਤੇ ਹੁਣ 142 ਰੁਪਏ ਦਾ ਦਿਵਾ ਰਹੇ ਹਾਂ।

ਸਰਦਾਰ ਸੰਤ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਹੀਰੋ ਸਾਹਿਬ ਨੂੰ ਇੰਟਰਪਟ ਨਾ ਕਰੋ ਅਤੇ ਉਨ੍ਹਾਂ ਨੂੰ ਸੁਣੋ।

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਨੂੰ ਇੰਟਰਪਟ ਨਹੀਂ ਕੀਤਾ। ਇਹ ਮੈਨੂੰ ਸੁਣ ਲੈਣ। ਮੈਂ ਫਿਗਰਜ਼ ਦੇ ਕੇ ਦਸਦਾ ਹਾਂ। ਮੈਨੂੰ 5—10 ਮਿੰਟ ਬੋਲ ਲੈਣ ਦਿਓ। ਡਿਪਟੀ ਸਪੀਕਰ ਸਾਹਿਬ, ਇਹ ਮੈਥੋਂ ਡਰਦੇ ਹਨ। ਇਸ ਲਈ ਇਹ ਰੌਲਾ ਪਾਉਂਦੇ ਹਨ ਕਿ ਇਹ ਸਪੀਚ ਕਰ ਨਾ ਲੈਣ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਤੋਂ ਬੈਠੇ ਬੈਠੇ ਬੋਲ ਰਹੇ ਸਨ। ** ** **)

ਸ਼੍ਰੀ ਡਿਪਟੀ ਸਪੀਕਰ : ਜੋ ਬਗੈਰ ਪਰਮਿਸ਼ਨ ਤੋਂ ਬੈਠੇ ਬੈਠੇ ਬੋਲ ਰਹੇ ਹਨ, ਉਹ ਰਿਕਾਰਡ ਨਹੀਂ ਕਰਨਾ। ਹੀਰੋ ਸਾਹਿਬ, ਤੁਸੀਂ ਬੋਲੋ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪਿਛੇ ਵਾਲੀ ਤਿੰਨ ਸਾਲ ਰਾਜ ਕੀਤਾ। 260 ਕਰੋੜ ਰੁਪਏ ਦਾ ਇਨ੍ਹਾਂ ਨੇ ਬਜਟ ਰਖਿਆ ਸੀ ਪਰ ਡਿਪਟੀ ਸਪੀਕਰ ਸਾਹਿਬ, 1981-82 ਵਿਚ ਸਾਡੀ ਸਰਕਾਰ ਨੇ 340 ਕਰੋੜ ਰੁਪਏ ਦਾ ਬਜਟ ਰਖਿਆ ਅਤੇ 1982-83 ਲਈ 385 ਕਰੋੜ ਰੁਪਏ ਦਾ ਬਜਟ ਰਖਿਆ। ਇਨ੍ਹਾਂ ਨਾਲੋਂ 125 ਕਰੋੜ ਰੁਪਏ ਦਾ ਬਜਟ ਫਾਲਤੂ ਰਖਿਆ ਹੈ। ਇਹ ਰੁਪਿਆ ਅਸੀਂ ਡਿਪਟੀ ਸਪੀਕਰ ਸਾਹਿਬ, ਲੋਕਾਂ ਦੀ ਭਲਾਈ ਵਾਸਤੇ ਖਰਚ ਕਰਨਾ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਜਦੋਂ ਬਾਹਰ ਜਾ ਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਸਨ ਤਾਂ ਹਮੇਸ਼ਾ ਕਹਿੰਦੇ ਸਨ ਕਿ ਕਿਸਾਨ ਭਰਾਵੋ ਮੈਂ ਤੁਹਾਡੀਆਂ ਸਾਰੀਆਂ ਪਰਾਬਲਮਜ਼ ਹੱਲ ਕਰ ਦੇਣੀਆਂ ਹਨ। ਤੁਹਾਡੇ ਛੱਪੜ ਸੀਮਿੰਟ ਦੇ ਨਾਲ ਪੱਕੇ ਕਰ ਦਿਆਂਗੇ। ਪਿੰਡਾਂ ਵਿਚ ਕਾਰਖਾਨੇ ਲਗਵਾ ਦੇਵਾਂਗੇ। ਇਹ ਇਨ੍ਹਾਂ ਦੀ ਹਮੇਸ਼ਾਂ ਪਬਲੀਕਲੀ ਸਪੀਚ ਹੁੰਦੀ ਸੀ। ਕਿਸਾਨ ਭਰਾਵੋ ਤੁਹਾਡੇ ਮੁਰਗੀਆਂ ਦੇ ਫੰਗ 40 ਰੁਪਏ ਨੂੰ ਵਿਕਣੇ ਹਨ। (ਹਾਸਾ) ਡਿਪਟੀ ਸਪੀਕਰ ਸਾਹਿਬ, ਉਦੋਂ 40 ਰੁਪਏ ਨੂੰ ਮੁਰਗੀ ਵੀ ਨਹੀਂ ਵਿਕੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੇਲੇ ਜਦੋਂ ਨੀਂਹ ਪੱਥਰ ਰਖੇ ਜਾਂਦੇ ਸਨ ਤਾਂ ਬਾਅਦ ਵਿਚ ਉਥੇ ਕੋਈ ਕੰਮ ਨਹੀਂ ਸੀ ਹੁੰਦਾ। ਬਾਦਲ ਸਾਹਿਬ ਨੇ ਮੇਰੇ ਇਲਾਕੇ ਵਿਚ ਵੀ 25--30 ਬੈਡਿਡ ਹਸਪਤਾਲ ਦਾ ਨੀਂਹ ਪੱਥਰ ਰਖਿਆ ਪਰ ਉਥੇ ਕੋਈ ਹਸਪਤਾਲ ਨਹੀਂ ਬਣਿਆ। ਕੋਈ ਉਥੇ ਸੜਕ ਤਕ ਨਹੀਂ ਬਣੀ। ਜਦੋਂ ਲੋਕਾਂ ਨੇ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਧਰੋਂ ਉਧਰ ਬਿਠਾ ਦਿਤਾ ਅਤੇ ਕੁਰਸੀਆਂ ਇਨ੍ਹਾਂ ਦੇ ਥਲਿਉਂ ਖਿਸਕ ਗਈਆਂ ਤਾਂ ਫਿਰ ਜ਼ਿਮੀਂਦਾਰਾਂ ਦਾ ਚੇਤਾ ਆ ਗਿਆ। ਕਿਸਾਨਾਂ ਦਾ ਅਤੇ ਗਰੀਬਾਂ ਦਾ ਚੇਤਾ ਆ ਗਿਆ। ਜਦੋਂ ਇਹ ਕੁਰਸੀਆਂ ਤੇ ਬੈਠੇ ਸਨ ਤਾਂ ਜ਼ਿਮੀਂਦਾਰਾਂ ਦਾ ਚੇਤਾ ਨਹੀਂ ਸੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। No interruption please.

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਇਹ ਰੌਲਾ ਕਿਉਂ ਪਾਉਂਦੇ ਹਨ। ਕਿਉਂਕਿ ਇਨ੍ਹਾਂ ਦੇ ਬੰਦੇ ਗੈਲਰੀਆਂ ਵਿਚ ਬੈਠੇ ਹਨ ਅਤੇ ਇਹ ਰੌਲਾ ਪਾਕੇ ਦੱਸ ਰਹੇ ਹਨ ਕਿ ਅਸੀਂ ਹੀਰੋ ਸਾਹਿਬ ਨੂੰ ਸਪੀਚ ਨਹੀਂ ਕਰਨ ਦਿੰਦੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਫਿਗਰਜ਼ ਦੇਕੇ ਦੱਸਦਾ ਹਾਂ ਇਨ੍ਹਾਂ ਵੇਲੇ 25 ਬੈਡ ਹਸਪਤਾਲ ਮੌਹ, 25 ਬੈੱਡ ਹਸਪਤਾਲ ਮਾਲੇਵਾਲਾ ਅਤੇ 50 ਬੈੱਡ ਹਸਪਤਾਲ ਜ਼ੀਰਾ ਦੇ ਨੀਂਹ ਪੱਥਰ ਰਖੇ ਗਏ। ਮੈਂ ਅੰਕੜੇ ਦੇਕੇ ਦੱਸ ਰਿਹਾ ਹਾਂ। ਇਹ ਨੀਂਹ ਪੱਥਰ ਹੀ ਰਹਿ ਗਏ ਅਤੇ ਇਨ੍ਹਾਂ ਵੇਲੇ ਹੋਇਆ ਕੁਝ ਨਹੀਂ।

ਸਰਦਾਰ ਬਲਦੇਵ ਸਿੰਘ ਖਿਆਲਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

PERSONAL EXPLANATION BY SARDAR BIRDEVINDER SINGH

ਸਰਦਾਰ ਬੀਰਦਵਿੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਸਰਦਾਰ ਬਲਵੰਤ ਸਿੰਘ ਵਲੋਂ ਕਹੀ ਗਲ ਦਾ ਜਵਾਬ ਦੇਣ ਲਈ ਉਠਿਆ ਸੀ ਪਰ ਉਸ ਤੋਂ ਬਾਅਦ ਅਚਾਨਕ ਇੱਕ ਹੋਰ ਇਸ ਤਰ੍ਹਾਂ ਦਾ ਫਰਮਾਨ ਉਨ੍ਹਾਂ ਦੀ ਤਰਫੋਂ ਸ਼ੁਰੂ ਹੋਇਆ ਹੈ। ਇਸ ਲਈ ਹੁਣ ਮੈਂ ਪਰਸਨਲ ਐਕਸਪਲੇਨੇਸ਼ਨ ਤੇ ਬੋਲ ਰਿਹਾ ਹਾਂ। ਪਹਿਲਾਂ ਉਸ ਪਾਸਿਉਂ ਕਿਹਾ ਗਿਆ ਸੀ ਕਿ ਇਸ ਪਾਸੇ ਵਾਲੇ ਉਹ ਮੁਸਲਮਾਨ ਹਨ। ਹੁਣ ਫਿਰ ਇਹ ਕਿਹਾ ਗਿਆ ਹੈ ਕਿ ਮੈਂ ਦੂਸਰਾ ਮੁਸਲਮਾਨ ਹਾਂ।

Mr. Deputy Speaker, tell them to be-have as Members. No Member has a right to pass aspersions on any body's religion.

ਜਿਥੋਂ ਤੱਕ ਸਿੱਖੀ ਦਾ ਸਵਾਲ ਹੈ ਅਸੀਂ ਉਨ੍ਹਾਂ ਤੋਂ ਬਹੁਤਿਆਂ ਤੋਂ ਚੰਗੇ ਹਾਂ। ਲੀਡਰ ਆਫ ਦੀ ਆਪੋਜ਼ੀਸ਼ਨ ਇਥੇ ਬੈਠੇ ਹਨ ਇਹ ਜਿਹੜੇ ਮਰਜ਼ੀ ਸਿੱਖੀ ਇਤਿਹਾਸ ਤੇ, ਗੁਰਬਾਣੀ ਤੇ ਅਤੇ ਧਰਮ ਤੇ ਆਪਣੇ ਪਾਸਿਉਂ ਪੜ੍ਹਨਾ ਸ਼ੁਰੂ ਕਰਨ ਔਰ ਅਸੀਂ ਇਧਰੋਂ ਪੜ੍ਹਣਾ ਸ਼ੁਰੂ ਕਰ ਦਿੰਦੇ ਹਾਂ। ਸਿੱਖੀ ਸਿਧਾਂਤ ਦੀ ਡਿਸਕਸ਼ਨ ਤੇ ਅਸੀਂ ਕਦੇ ਵੀ ਮਾਰ ਨਹੀਂ ਖਾ ਸਕਦੇ। ਲੀਡਰ ਆਫ ਦੀ ਅਕਾਲੀ ਲੈਜਿਸਲੇਚਰ ਪਾਰਟੀ ਤੋਂ ਜੇਕਰ ਧਾਰਮਿਕ ਈਸ਼ੂ ਤੇ ਇਨ੍ਹਾਂ ਤੋਂ ਮਾਰ ਖਾ ਜਾਈਏ ਤਾਂ ਮੈਂ ਅਸਤੀਫਾ ਦੇਣ ਲਈ ਤਿਆਰ ਹਾਂ ਨਹੀਂ ਤਾਂ ਇਹ ਦੇ ਦੇਣ। ਦੋ ਲਫਜ਼ ਕਹੇ ਗਏ ਹਨ ਜਿਸ ਤੇ ਮੈਂ ਸਖਤ ਇਤਰਾਜ਼ ਕੀਤਾ ਸੀ। ਰਿਲੇਜਨ ਬਾਰੇ ਕਿਸੇ ਨੂੰ ਕਿਸੇ ਤੇ ਟੀਕਾ ਟਿਪਣੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਕਿਸੇ ਇੱਕ ਸਿੱਖ ਨੂੰ ਦੂਸਰੇ ਸਿੱਖ ਨੂੰ ਮੁਸਲਮਾਨ ਕਹਿਣ ਦਾ ਕੋਈ ਅਧਿਕਾਰ ਨਹੀਂ ਹੈ।

I request the Chair that Member should be asked to withdraw their words otherwise Deputy Speaker should name them.

ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਤਾਂ ਦੂਸਰੀ ਪਾਰਟੀ ਦੀ ਟਿਕਟ ਤੇ ਇਲੈਕਸ਼ਨਜ਼ ਲੜ ਕੇ ਇਨ੍ਹਾਂ ਦੀ ਪਾਰਟੀ ਨੂੰ ਸਰੇ ਮੈਦਾਨ ਹਾਰ ਦੇਕੇ ਫਿਰ ਅਸੈਂਬਲੀ ਵਿਚ ਆਏ ਹਾਂ।

ਸ਼੍ਰੀ ਡਿਪਟੀ ਸਪੀਕਰ : ਜੋ ਤੁਸੀਂ ਕਿਹਾ ਹੈ, ਉਨ੍ਹਾਂ ਦਾ ਨੋ ਪੁਆਇੰਟ ਆਫ ਆਰਡਰ ਹੋ ਗਿਆ ਹੈ।

ਸਰਦਾਰ ਬੀਰਦਵਿੰਦਰ ਸਿੰਘ : ਮੈਂ ਇਹ ਕਹਿੰਦਾ ਹਾਂ ਕਿ ਇਹ ਸਾਰੇ ਅਕ੍ਰਿਤਘਣ ਬੈਠੇ ਹਨ। ਚੋਰੀ ਕਰਨ ਵਾਲੇ ਇਹ ਮੁਸਲਮਾਨ ਸਾਰੇ ਬੈਠੇ ਹਨ। (ਵਿਘਨ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ। (ਸ਼ੋਰ) (ਵਿਘਨ)

THE PUNJAB APPROPRIATION (NO. 3) BILL, 1982
(Resumption of Consideration)

ਸਰਦਾਰ ਹਰਚਰਨ ਸਿੰਘ ਹੀਰੋ : ਇਨ੍ਹਾਂ ਦੀਆਂ ਕਰਤੂਤਾਂ ਤੋਂ ਤੰਗ ਆ ਕੇ ਮੈਂ ਪਾਰਟੀ ਛਡੀ ਹੈ। ਇਨ੍ਹਾਂ ਦਾ ਕਦੇ ਵੀ ਇਕ ਸਟੈਪ ਨਹੀਂ ਰਿਹਾ। ਕਦੇ ਇਹ ਕਹਿੰਦੇ ਹਨ ਕਿ ਅਟੌਨੋਮੀ ਮਿਲਣੀ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਚਾਹੀਦੀ ਹੈ ਕਦੇ ਕੁਝ ਕਹਿੰਦੇ ਹਨ । (ਵਿਘਨ) ਇਨ੍ਹਾਂ ਨੇ ਆਪਣੇ ਚਿਡ ਵਧਾ ਲਏ ਹਨ । ਇਨ੍ਹਾਂ ਦੀਆਂ ਕਰਤੂਤਾਂ ਜੇਕਰ ਮੈਂ ਦਸਣ ਲਗਾ ਤਾਂ ਸ਼ਰਮ ਨਾਲ ਸਿਰ ਝੁਕ ਜਾਏਗਾ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਚੰਗੀ ਤਰ੍ਹਾਂ ਨਾਲ ਗੱਲ ਕਰੋ ਅੰਰ ਬਜਟ ਤੇ ਗੱਲ ਕਰੋ । ਬਾਦਲ ਸਾਹਿਬ, ਤੁਸੀਂ ਵੀ ਆਪਣੀ ਪਾਰਟੀ ਵਾਲਿਆਂ ਨੂੰ ਕਹੋ ਕਿ ਉਹ ਵੀ ਕੰਟਰੋਲ ਵਿਚ ਰਹਿਣ ।

ਸਰਦਾਰ ਹਰਚਰਨ ਸਿੰਘ ਹੀਰੋ : ਇਨ੍ਹਾਂ ਨੇ ਸਪੀਚ ਕੀਤੀ ਹੈ ਅੰਰ ਆਪਣੇ ਰਾਜ ਭਾਗ ਵੇਲੇ ਦਸਿਆ ਹੈ ਕਿ ਅਸੀਂ ਇਹ ਕੀਤਾ, ਇਹ ਕੀਤਾ । ਮੈਂ ਦੱਸ ਰਿਹਾ ਸੀ ਕਿ ਇਨ੍ਹਾਂ ਨੇ ਕੀ ਕੀਤਾ । ਮੈਨੂੰ ਪਤਾ ਹੈ ਕਿ ਇਹ ਕੀ ਕੁਝ ਕਰਦੇ ਰਹੇ ਹਨ । ਇਹ ਕਹਿੰਦੇ ਹਨ ਕਿ ਇਨ੍ਹਾਂ ਵੇਲੇ ਗਰੀਬੀ ਦੂਰ ਹੋਈ ਹੈ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਗਰੀਬੀ ਤਾਂ ਕੀ ਦੂਰ ਕਰਨੀ ਸੀ ਹਾਂ ਇਹ ਜ਼ਰੂਰ ਹੈ ਕਿ ਇਨ੍ਹਾਂ ਨੇ ਆਪਣੀ ਗਰੀਬੀ ਜ਼ਰੂਰ ਦੂਰ ਕੀਤੀ ਹੈ । 50 ਕਰੋੜ ਰੁਪਏ ਦੀ ਕੰਸਟਰਕਸ਼ਨ ਦੀ ਕੰਪਨੀ ਕਿਥੋਂ ਆਈ ? ਸਰਦਾਰ ਹਰਚੰਦ ਸਿੰਘ ਬਰਾੜ ਦੇ ਚਾਰ ਸਿਨਮੇ ਹਨ (ਵਿਘਨ) ਇਨ੍ਹਾਂ ਵੇਲੇ ਨਰਮੇ ਤੇ ਦਵਾਈ ਛਿੜਕੀ ਗਈ ਅਤੇ ਇਨ੍ਹਾਂ ਨੇ ਉਸ ਦਵਾਈ ਵਿਚੋਂ 30 ਲੱਖ ਦਾ ਕਮਿਸ਼ਨ ਲਿਆ। ਦਵਾਈ ਦੀ ਬਜਾਏ ਨਿਰਾ ਪਾਣੀ ਛਿੜਕਿਆ ਗਿਆ। ਇਸ ਗਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। 30 ਲੱਖ ਰੁਪਿਆ ਦਵਾਈ ਵਿਚੋਂ ਇਹ ਆਪ ਖਾ ਗਏ। ਮੈਂ ਜ਼ਿਮੇਵਾਰੀ ਨਾਲ ਇਸ ਹਾਊਸ ਵਿਚ ਇਸ ਬਾਰੇ ਇਲਜ਼ਾਮ ਲਗਾਉਂਦਾ ਹਾਂ । ਮੈਂ ਪਹਿਲਾਂ ਵੀ ਕਿਹਾ ਸੀ ਅਤੇ ਚੌਧਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਕਿ ਅਸੀਂ ਇਨਕੁਆਇਰੀ ਕਰਾਂਗੇ । ਇਸ ਦੀ ਇਨਕੁਆਇਰੀ ਜ਼ਰੂਰ ਹੋਣੀ ਚਾਹੀਦੀ ਹੈ । ਜੇ ਮੈਂ ਇਨ੍ਹਾਂ ਦੀਆਂ ਸਾਰੀਆਂ ਕਰਤੂਤਾਂ ਦਸਾਂ ਤਾਂ ਇਨ੍ਹਾਂ ਦਾ ਸਿਰ ਸ਼ਰਮ ਨਾਲ ਝੁਕ ਜਾਵੇਗਾ । ਜਦੋਂ ਲੋਕ ਇਨ੍ਹਾਂ ਨੂੰ ਕੁਰਸੀ ਤੋਂ ਲਾਹ ਦਿੰਦੇ ਹਨ ਤਾਂ ਇਨ੍ਹਾਂ ਨੂੰ ਲੋਕ ਭਲਾਈ ਦੀਆਂ ਗੱਲਾਂ ਯਾਦ ਆਉਂਦੀਆਂ ਹਨ, ਫਿਰ ਇਨ੍ਹਾਂ ਨੂੰ ਜ਼ਿਮੀਂਦਾਰਾਂ ਦੀਆਂ ਫਸਲਾਂ, ਬਿਜਲੀ ਅਤੇ ਪਾਣੀ ਯਾਦ ਆਉਂਦਾ ਹੈ । ਮੈਂ ਸਰਦਾਰ ਦਰਬਾਰਾ ਸਿੰਘ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਸ ਨੇ ਬਿਜਲੀ ਲਈ 189 ਕਰੋੜ ਰੁਪਿਆ ਰੱਖਿਆ ਹੈ । ਇਹ ਲੋਂਗ ਰਨ ਪਾਲਿਸੀ ਹੈ । ਸਾਡਾ ਇਨ੍ਹਾਂ ਵਾਂਗਰ ਕੋਈ 9 ਮਹੀਨਿਆਂ ਦਾ ਰਾਜ ਨਹੀਂ । ਅਸੀਂ ਇਨ੍ਹਾਂ ਵਾਂਗਰ 9 ਮਹੀਨੇ ਰਾਜ ਨਹੀਂ ਕਰਨਾ। ਜਦੋਂ ਵੀ ਕਾਂਗਰਸ ਸਰਕਾਰ ਆਈ ਹੈ ਤਾਂ ਉਹ ਆਪਣਾ 5 ਸਾਲ ਦਾ ਸਮਾਂ ਪੂਰਾ ਕਰਦੀ ਹੈ। ਇਸ ਸਰਕਾਰ ਨੇ 5 ਸਾਲ ਪੂਰੇ ਕਰਨੇ ਹਨ । (ਥੰਪਿੰਗ) ਇਨ੍ਹਾਂ ਦੀ ਸਰਕਾਰ ਰਹੀ ਹੈ ਪਰ ਇਨ੍ਹਾਂ ਦੇ ਵੇਲੇ ਅਨੰਦਪੁਰ-ਹਾਈਡਲ ਪ੍ਰਾਜੈਕਟ ਅਤੇ ਮੁਕੇਰੀਆਂ—ਹਾਈਡਲ ਪ੍ਰਾਜੈਕਟ ਆਦਿ ਮੁਕੰਮਲ ਨਹੀਂ ਹੋਏ । ਮਗਰ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਹ ਪ੍ਰਾਜੈਕਟ ਜਲਦੀ ਕੰਪਲੀਟ ਕਰਨੇ ਹਨ । ਡਿਪਟੀ ਸਪੀਕਰ ਸਾਹਿਬ. ਮੈਂ ਪਬਲਿਕ ਅੰਡਰਟੇਕਿੰਗਜ਼-ਕਮੇਟੀ ਦਾ ਮੈਂਬਰ ਹਾਂ । ਸਾਡੀ ਕਮੇਟੀ ਉਥੇ ਗਈ ਸੀ । ਅਸੀਂ ਜਾ ਕੇ ਦੇਖਿਆ ਡਿਪਟੀ ਸਪੀਕਰ ਸਾਹਿਬ, ਜਿੰਨੀ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਦੇ ਰਾਜ ਵਿਚ ਚੋਰੀ ਹੋਈ ਉਤਨੀ ਕਿਸੇ ਵੇਲੇ ਨਹੀਂ ਹੋਈ । ਇਨ੍ਹਾਂ ਮਸ਼ੀਨਰੀ ਠੀਕ ਨਹੀਂ ਖਰੀਦੀ । (ਵਿਘਨ) ਜਿਹੜੀ ਖਰੀਦੀ ਉਸ ਦੀ ਪੂਰੀ ਯੂਟੇਲਾਈਜ਼ੇਸ਼ਨ ਨਹੀਂ ਹੋਈ । (ਵਿਘਨ) ਬਾਦਲ ਸਾਹਿਬ ਕਹਿੰਦੇ ਹਨ ਕਿ ਅਸੀਂ ਬਿਜਲੀ ਪੈਦਾ ਕਰਨ ਵਿਚ ਬਹੁਤ ਕੰਮ ਕੀਤਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਟਾਈਮ ਵਿਚ ਡੀਜ਼ਲ ਪੰਪਾਂ ਤੇ ਲਾਈਨਾਂ ਲਗੀਆਂ ਰਹਿੰਦੀਆਂ ਸਨ ਅਤੇ ਲੋਕਾਂ ਤੇ ਗੋਲੀਆਂ ਚਲਾਈਆਂ ਗਈਆਂ । ਹੁਣ ਡੀਜ਼ਲ ਵਾਧੂ ਮਿਲ ਰਿਹਾ ਹੈ। (ਥੰਪਿੰਗ) ਤੁਹਾਨੂੰ ਪਤਾ ਹੈ ਕਿ ਝੋਨੇ ਦੀ ਫਸਲ ਵੇਲੇ ਮੀਂਹ ਨਹੀਂ ਪਿਆ ਪਰ ਸਾਡੀ ਸਰਕਾਰ ਨੇ ਦਸਤਕਾਰਾਂ ਦੀ ਬਿਜਲੀ ਬੰਦ ਕਰ ਕੇ ਜ਼ਿਮੀਂਦਾਰਾਂ ਨੂੰ ਬਿਜਲੀ ਦਿੱਤੀ ਜਿਸ ਦਾ ਨਤੀਜਾ ਇਹ ਹੋਇਆ ਕਿ 51 ਲੱਖ ਟਨ ਪੈਡੀ ਹੋਈ ਅਤੇ ਇਸ ਤਰ੍ਹਾਂ ਪੈਡੀ ਦੀ ਫਸਲ ਵਿਚ ਰਿਕਾਰਡ ਕਾਇਮ ਕਰ ਦਿੱਤਾ। (ਥੰਪਿੰਗ) ਇਹ ਰਿਕਾਰਡ ਤੋੜ ਫਸਲ ਇਸ ਕਰਕੇ ਹੋਈ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਕਿਉਂ ਕਿ ਜ਼ਿਮੀਂਦਾਰਾਂ ਨੂੰ ਬਿਜਲੀ ਦੀ ਸਪਲਾਈ ਕੰਟੀਨਿਊਸ ਮਿਲੀ । ਲੋਕਾਂ ਨੂੰ ਕਰਜ਼ੇ ਦਿੱਤੇ ਗਏ ਅਤੇ ਡੀਜ਼ਲ ਦੀ ਕੋਈ ਤੋੜ ਨਹੀਂ ਆਉਣ ਦਿਤੀ । ਬਿਜਲੀ ਲੋਕਾਂ ਨੂੰ ਪੂਰੀ ਮਿਲੀ । ਇਹ ਸਾਰੀਆਂ ਚੀਜ਼ਾਂ ਉਨ੍ਹਾਂ ਨੂੰ ਅਵੇਲੇਬਲ ਕੀਤੀਆਂ ਤਾਂ ਐਨੀ ਫਸਲ ਹੋਈ । ਡਿਪਟੀ ਸਪੀਕਰ ਸਾਹਿਬ, ਜੇ ਪ੍ਰਮਾਤਮਾ ਨੇ ਮੇਹਰ ਰੱਖੀ ਤਾਂ ਕਣਕ ਦੀ ਪੈਦਾਵਾਰ 80 ਲਖ ਟਨ ਹੋਵੇਗੀ । (ਥੰਪਿੰਗ) ਇਸ ਦਾ ਕਾਰਨ ਇਹ ਹੈ ਕਿ ਖਾਦ, ਦਵਾਈਆਂ, ਬਿਜਲੀ ਅਤੇ ਪਾਣੀ ਜ਼ਿਮੀਂਦਾਰਾਂ ਨੂੰ ਟਾਈਮ ਨਾਲ ਅਤੇ ਪੂਰੀ ਮਿਕਦਾਰ ਵਿਚ ਦਿਤਾ ਗਿਆ ਹੈ । ਇਸ ਗਲ ਦਾ ਗੌਰਮਿੰਟ ਨੂੰ ਕਰੈਡਿਟ ਜਾਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਫੋਕਲ ਪੁਆਇੰਟਾਂ ਦਾ ਕੰਮ ਸ਼ੁਰੂ ਕੀਤਾ । ਮੈਂ ਉਨ੍ਹਾਂ ਨੂੰ ਫੋਕੇ ਪੁਆਇੰਟ ਕਹਾਂਗਾ । ਇਨ੍ਹਾਂ ਨੇ ਇਸ ਕੰਮ ਤੇ 2 ਕਰੋੜ ਰੁਪਿਆ ਖਰਚਿਆ । ਕਿਸੇ ਫੋਕਲ ਪੁਆਇੰਟ ਤੇ ਪੱਥਰ ਰੱਖ ਦਿੱਤੇ, ਕਿਸੇ ਤੇ ਇੱਟਾਂ ਰੱਖ ਦਿਤੀਆਂ ਪਰ ਕੰਪਲੀਟ ਨਹੀਂ ਹੋਏ । ਸਰਦਾਰ ਦਰਬਾਰਾ ਸਿੰਘ ਨੇ ਇਹ ਕੰਮ ਕੰਪਲੀਟ ਕੀਤਾ ਹੈ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਡ ਅਪ ਕਰੋ ।

ਸਰਦਾਰ ਹਰਚਰਨ ਸਿੰਘ ਹੀਰੋ : ਫਿਰ ਆਦਰਸ਼ ਸਕੂਲਾਂ ਦੀ ਗੱਲ ਹੈ । ਇਨ੍ਹਾਂ ਨੇ ਦੋ ਦੋ ਕਰੋੜ ਰੁਪਿਆ ਆਦਰਸ਼ ਸਕੂਲਾਂ ਤੇ ਖਰਚਿਆ । ਇਕ ਪਾਸੇ ਤਾਂ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ ਪਰ ਦੂਜੇ ਪਾਸੇ ਇਹ ਆਦਰਸ਼ ਸਕੂਲਾਂ ਤੇ ਐਨਾ ਖਰਚਾ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਅਤੇ ਚੀਫ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣੀਆਂ ਸ਼ੁਰੂ ਕੀਤੀਆਂ ਹਨ । ਜਿਸ ਚੀਜ਼ ਦੀ ਜ਼ਿਆਦਾ ਨਸੈਸਟੀ ਹੈ ਪਹਿਲੇ ਉਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਇਸੇ ਲਈ ਸਾਡੀ ਸਰਕਾਰ ਨੇ ਪਹਿਲਾਂ ਇਸ ਪਾਸੇ ਧਿਆਨ ਦਿਤਾ ਹੈ । ਪਿੰਡਾਂ ਦੀਆਂ ਗਲੀਆਂ, ਨਾਲੀਆਂ ਪੱਕੀਆਂ ਹੋ ਰਹੀਆਂ ਹਨ । ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਇਹ ਸਰਕਾਰ ਬਹੁਤ ਚੰਗੀ ਹੈ ਜਿਸ ਨੇ ਸਾਡਾ ਗੰਦ ਕਢਿਆ ਹੈ । ਚੰਗੀਆਂ ਗੱਲਾਂ ਨੂੰ ਚੰਗਾ ਕਹਿਣਾ ਚਾਹੀਦਾ ਹੈ ਅਤੇ ਚੰਗੀਆਂ ਗੱਲਾਂ ਲਈ ਸਰਕਾਰ ਨੂੰ ਕਰੈਡਿਟ ਦੇਣਾ ਚਾਹੀਦਾ ਹੈ । ਆਪੋਜ਼ੀਸ਼ਨ ਦਾ ਮਤਲਬ ਇਹ ਨਹੀਂ ਕਿ ਚੰਗੇ ਕੰਮਾਂ ਨੂੰ ਮਾੜਾ ਕਿਹਾ ਜਾਵੇ । ਚੰਗੇ ਕੰਮਾਂ ਲਈ ਸਰਕਾਰ ਨੂੰ ਵਧਾਈ ਦੇਣੀ ਚਾਹੀਦੀ ਹੈ । ਮਾੜੀਆਂ ਗਲਾਂ ਬਾਰੇ ਨੁਕਤਾਚੀਨੀ ਕਰੋ । ਜੇ ਮਾੜੀਆਂ ਗੱਲਾਂ ਹੋਣ ਤਾਂ ਅਸੀਂ ਵੀ ਸਰਕਾਰ ਵਿਚ ਰਹਿ ਕੇ ਨੁਕਤਾਚੀਨੀ ਕਰਦੇ ਹਾਂ, ਤੁਸੀਂ ਵੀ ਕਰ ਸਕਦੇ ਹੋ ਪਰ ਚੰਗੇ ਕੰਮਾਂ ਦੀ ਤਾਰੀਫ ਕਰਨੀ ਚਾਹੀਦੀ ਹੈ ।

ਫਿਰ ਟਰੱਕਾਂ ਤੇ ਟੈਕਸ ਲਾਇਆ ਹੈ, ਇਹ ਉਨ੍ਹਾਂ ਨੇ ਦੇਣਾ ਹੈ । ਉਨ੍ਹਾਂ ਦੇ ਡੈਪੂਟੇਸ਼ਨ ਨੂੰ ਮਿਲੋ, ਉਨ੍ਹਾਂ ਨਾਲ ਗਲਬਾਤ ਕਰੋ ਅਤੇ ਉਨ੍ਹਾਂ ਦੀਆਂ ਜੋ ਤਕਲੀਫਾਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ । ਐਨੀ ਗੱਲ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

PERSONAL EXPLANATION BY SARDAR HARCHAND SINGH BRAR

ਸਰਦਾਰ ਹਰਚੰਦ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਹੀਰੋ ਨੇ ਮੇਰੇ ਤੇ ਇਲਜ਼ਾਮ ਲਗਾਏ ਹਨ, ਮੈਂ ਉਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੀ ਅਤੇ ਹੀਰੋ ਦੀ ਇਨਕੁਆਇਰੀ ਕਰਵਾ ਲਵੋ ਕਿ ਮੇਰੀ ਕਿੰਨੀ ਹਸਤੀ ਹੈ ਅਤੇ ਹੀਰੋ ਕਿੰਨੀ ਹਸਤੀ ਦਾ ਮਾਲਿਕ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਬੱਸ ਕੰਡਕਟਰ ਰਿਹਾ ਹੈ ਅਤੇ ਇਹ ਬੱਸਾਂ ਵਿਚ ਹੋਕੇ ਦਿਆ

Original with;
Punjab Vidhan Sabha
Digitized by;
Panjab Digital Library

ਕਰਦਾ ਸੀ ਕਿ ਇਹ ਤਲਵੰਡੀ ਨੂੰ ਬੱਸ ਜਾ ਰਹੀ ਹੈ। ਤੁਸੀਂ ਸਾਡੀ ਦੋਨਾਂ ਦੀ ਇਨਕੁਆਇਰੀ ਕਰਵਾ ਲਵੋ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੈਠੋ।

ਸਰਦਾਰ ਨੱਥਾ ਸਿੰਘ ਦਾਲਮ : ਡਿਪਟੀ ਸਪੀਕਰ ਸਾਹਿਬ, ਉਹ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ, ਉਨ੍ਹਾਂ ਦੀ ਗਲ ਤਾਂ ਪੂਰੀ ਸੁਣ ਲਵੋ।

ਸਰਦਾਰ ਹਰਚੰਦ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਹੀਰੋ ਡਰਦਾ ਮਾਰਾ ਕਾਂਗਰਸ ਪਾਰਟੀ ਵਿਚ ਚਲਾ ਗਿਆ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੈਠੋ, ਤੁਹਾਡਾ ਪੁਆਇੰਟ ਆ ਗਿਆ ਹੈ।

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਜੋ ਇਹ ਕਹਿੰਦੇ ਹਨ ਮੈਂ ਉਸ ਨੂੰ ਚੈਲੰਜ ਕਰਦਾ ਹਾਂ। (ਵਿਘਨ) (ਸ਼ੋਰ)

Shri Brahm Mohindra : Mr. Deputy Speaker, please control the House.

ਸਰਦਾਰ ਹਰਚੰਦ ਸਿੰਘ ਬਰਾੜ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਬੀਰਦਵਿੰਦਰ ਸਿੰਘ : ** ** **

Mr. Deputy Speaker : This is no Point of Order.

ਸਰਦਾਰ ਰਵੀਇੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਹਾਊਸ ਵਿਚ ਬੜੀ ਤਲਖੀ ਹੋਈ ਹੈ। ਦੋ ਮੈਂਬਰਾਂ ਨੇ ਇਕ ਦੂਜੇ ਉਤੇ ਸੰਗੀਨ ਐਲੀਗੇਸ਼ਨ ਲਗਾਏ ਹਨ। ਮਾਨਯੋਗ ਮੈਂਬਰ ਨੇ ਪਰਸਨਲ ਐਕਸਪਲੇਨੇਸ਼ਨ ਦਿੰਦੇ ਹੋਏ ਬੜੀ ਕਲੀਅਰ ਦਸਿਆ ਹੈ। ਇਸ ਦੀ ਅਸਲੀਅਤ ਦਾ ਪਤਾ ਲਗਾਉਣ ਲਈ, ਇਸ ਦੀ ਸਚਾਈ ਕੀ ਹੈ ਉਸ ਦੀਆਂ ਜੜ੍ਹਾਂ ਤਕ ਪਹੁੰਚਣ ਲਈ ਹਾਊਸ ਦੀ ਕਮੇਟੀ ਬਣਾਈ ਜਾਵੇ ਤਾਂਕਿ ਆਪੋਜ਼ੀਸ਼ਨ ਦੇ ਮੈਂਬਰ ਵੀ ਸਮਝਣ ਕਿ ਅਸੀਂ ਵੀ ਉਧਰਲੇ ਮੈਂਬਰਾਂ ਦੇ ਬਰਾਬਰ ਹਾਂ। (ਵਿਘਨ) ਇਸ ਤਰ੍ਹਾਂ ਖੁਲ੍ਹੀ ਛੁਟੀ ਦੇਈ ਜਾਣਾ ਠੀਕ ਗਲ ਨਹੀਂ ਹੈ। ਇਸ ਤਰ੍ਹਾਂ ਤਾਂ ਫਿਰ ਕੋਈ ਵੀ ਮਰਜ਼ੀ ਨਾਲ ਐਲੀਗੇਸ਼ਨ ਲਗਾਈ ਜਾਵੇਗਾ। It can be carried too far.

ਸ਼੍ਰੀ ਡਿਪਟੀ ਸਪੀਕਰ : ਉਨ੍ਹਾਂ ਦਾ ਪੁਆਇੰਟ ਆ ਗਿਆ ਹੈ।

THE PUNJAB APPROPRIATION (NO. 3) BILL, 1982
(Resumption of consideration)

ਕਾਮਰੇਡ ਸੱਘੜ ਸਿੰਘ : ਡਿਪਟੀ ਸਪੀਕਰ ਸਾਹਿਬ, ਸਾਨੂੰ ਸਾਢੇ 12 ਮਿੰਟ ਅਲਾਟ ਕੀਤੇ ਗਏ ਹਨ। ਇਸ ਲਈ ਸਾਨੂੰ ਵੀ ਬੋਲਣ ਲਈ ਟਾਈਮ ਦਿਓ।

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਇਨ੍ਹਾਂ ਤੋਂ ਬਾਅਦ ਤੁਸੀਂ ਬੋਲ ਲੈਣਾ ।

ਸ਼੍ਰੀ ਜੋਗਿੰਦਰ ਨਾਥ (ਗੜ੍ਹਦੀਵਾਲਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਸਾਡੇ ਖਜ਼ਾਨਾ ਮੰਤਰੀ ਜੀ ਨੇ ਜਿਹੜਾ ਬਜਟ ਪੇਸ਼ ਕੀਤਾ ਹੈ ਉਹ ਬੜਾ ਸੂਝਵਾਨ ਤਰੀਕੇ ਨਾਲ ਪੇਸ਼ ਕੀਤਾ ਹੈ। ਪੰਜਾਬ ਦੇ ਵਿਚ ਇੰਡਸਟਰੀ ਵਧਾਈ ਜਾਵੇ, ਇੰਡਸਟਰੀ ਜ਼ਿਆਦਾ ਤੋਂ ਜ਼ਿਆਦਾ ਲਗਾਈ ਜਾਵੇ, ਅਨਾਜ ਦੇ ਵਿਚ ਵਾਧਾ ਕੀਤਾ ਜਾਵੇ, ਪੈਦਾਵਾਰ ਦੇ ਸਾਧਨ ਵਧਾਏ ਜਾਣ ਤਾ ਕਿ ਅਨਾਜ ਜ਼ਿਆਦਾ ਤੋਂ ਜ਼ਿਆਦਾ ਹੋਵੇ ਇਸ ਨਿਸ਼ਾਨੇ ਨੂੰ ਪੂਰਾ ਕਰਨ ਵਾਸਤੇ ਪੰਜਾਬ ਸਰਕਾਰ ਨੇ ਬਿਜਲੀ ਵੱਲ ਆਪਣਾ ਪੂਰਾ ਧਿਆਨ ਦਿਤਾ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਸਾਲ 1981-82 ਅਤੇ ਸਾਲ 1982-83 ਦੇ ਪਲੈਨ ਵਿਚ ਬਜਟ ਵਿਚੋਂ ਬਿਜਲੀ ਲਈ ਜ਼ਿਆਦਾ ਪੈਸਾ ਖਰਚ ਕਰਨ ਦੀ ਪਲੈਨ ਬਣਾਈ ਹੈ। ਜਿਹੜੀ ਪਲੈਨ ਬਣਾਈ ਹੈ ਇਸ ਦੇ ਵਿਚ ਇਸ ਬਿਜਲੀ ਵੱਲ ਜ਼ਿਆਦਾ ਧਿਆਨ ਦਿਤਾ ਗਿਆ ਹੈ।

Sardar Ravi Inder Singh : Sir, on a Point of Order. Sir, he cannot read out his speech. He should not be allowed to read out the written speech

ਸ਼੍ਰੀ ਜੋਗਿੰਦਰ ਨਾਥ : ਡਿਪਟੀ ਸਪੀਕਰ ਸਾਹਿਬ, ਸਾਲ 1980-81 ਵਿਚ 1537 ਮੈਗਾਵਾਟ ਤਕ ਬਿਜਲੀ ਵਧਾ ਕੇ ਪੈਦਾ ਕੀਤੀ ਗਈ ਹੈ । ਸਾਲ 1981-82 ਵਿਚ ਪਲੈਨ 340 ਕਰੋੜ ਰੁਪਏ ਦਾ ਸੀ ਅਤੇ ਇਸ ਦੇ ਵਿਚੋਂ 137.36 ਕਰੋੜ ਰੁਪਿਆ ਬਿਜਲੀ ਪੈਦਾ ਕਰਨ ਵਾਸਤੇ ਖਰਚ ਕੀਤਾ ਗਿਆ ਸੀ ।

ਸ਼੍ਰੀ ਡਿਪਟੀ ਸਪੀਕਰ : ਸ਼੍ਰੀ ਜੋਗਿੰਦਰ ਨਾਥ ਜੀ, ਪੇਪਰ ਰੀਡ ਨਾ ਕਰੋ । ਅੰਪਰੋਪ੍ਰੀਏਸ਼ਨ ਬਿਲ ਤੇ ਬੋਲੋ ।

ਸ਼੍ਰੀ ਜੋਗਿੰਦਰ ਨਾਥ : ਸਾਲ 1982-83 ਵਿਚ 385 ਕਰੋੜ ਰੁਪਿਆ ਪਲੈਨ ਵਿਚ ਰਖਿਆ ਗਿਆ ਹੈ ਅਤੇ ਇਸ ਦੇ ਵਿਚੋਂ 189.18 ਕਰੋੜ ਰੁਪਿਆ ਯਾਨੀ 50% ਬਿਜਲੀ ਲਈ, ਪਾਵਰ ਲਈ ਖਰਚ ਕਰਨਾ ਹੈ । ਇਹ ਦੋਨੋਂ ਪਲਾਨਜ਼ ਪਾਵਰ ਪਲਾਨਜ਼ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ** ** ** **

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਪਾਂਧੀ ਸਾਹਿਬ ਵਿਦਾਊਟ ਪ੍ਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ।

Sardar Birdevinder Singh: Sir, I am on a Personal Explanation. I have a right to submit. Whatever Mr. Pandhi has said, it should be expunged.

Mr. Deputy Speaker: Nothing has been recorded. Sardar Birdevinder Singh Ji, please sit down.

ਸ਼੍ਰੀ ਜੋਗਿੰਦਰ ਨਾਥ : ਸਾਲ 1982-83 ਵਿੱਚ 1755 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਮੇਰੀ ਅਰਜ਼ ਹੈ ਕਿ ਇਸ ਸਰਕਾਰ ਨੇ ਬਿਜਲੀ ਜ਼ਿਆਦਾ ਪੈਦਾ ਕਰਨ ਵਾਸਤੇ ਜ਼ਿਆਦਾ ਬਜਟ ਰੱਖਿਆ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੋ ਆਪੋਜੀਸ਼ਨ ਦੇ ਲੀਡਰ ਹਨ ਇਨ੍ਹਾਂ ਨੇ ਕਿਹਾ ਹੈ ਕਿ ਜਿਹੜਾ ਬਜਟ ਹੈ ਇਹ ਹੋਪਲੈਸ ਹੈ, ਇਹ ਕਿਸੇ ਕਲੱਰਕ ਨੇ ਤਿਆਰ ਕੀਤਾ ਹੈ, ਇਹ ਐਂਟੀ ਕਿਸਾਨ ਬਜਟ ਹੈ, ਐਂਟੀ ਸ਼ੈਡਿਊਲਡ ਕਾਸਟਸ ਬਜਟ ਹੈ, ਐਂਟੀ ਪੂਅਰ ਪੀਪਲਜ਼ ਬਜਟ ਹੈ। ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਸ ਬਜਟ ਨੂੰ ਧਿਆਨ ਨਾਲ ਨਹੀਂ ਪੜ੍ਹਿਆ। ਜੇ ਇਨ੍ਹਾਂ ਨੇ ਧਿਆਨ ਨਾਲ ਪੜ੍ਹਿਆ ਹੁੰਦਾ ਤਾਂ ਉਹ ਕਦੇ ਵੀ ਇਹ ਗੱਲ ਨਾ ਕਹਿੰਦੇ। ਸਾਡੀ ਜਿਹੜੀ 1982-83 ਦੀ ਪਲੈਨ ਹੈ ਇਸ ਦੇ ਵਿੱਚ ਬਿਜਲੀ ਦੇ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਇਸ ਦਾ ਰਿਜ਼ਲਟ ਇਹ ਹੋਵੇਗਾ ਕਿ ਐਗਰੀਕਲਚਰ ਦਾ ਜਿਹੜਾ ਸੈਕਟਰ ਹੈ ਇਸ ਦੇ ਵਿੱਚ ਅਸੀਂ ਜ਼ਿਆਦਾ ਡਿਵੈਲਪਮੈਂਟ ਕਰਾਂਗੇ। ਕਹਿਣ ਨੂੰ ਤਾਂ ਇਨ੍ਹਾਂ ਨੇ ਕਹਿ ਦਿੱਤਾ ਕਿ ਇਹ ਐਂਟੀ ਕਿਸਾਨ ਬਜਟ ਹੈ ਅਤੇ ਗਰੀਬਾਂ ਦਾ ਇਸ ਦੇ ਵਿੱਚ ਕੋਈ ਧਿਆਨ ਨਹੀਂ ਦਿੱਤਾ ਪਰ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਾਰੀ ਜ਼ਮੀਨ ਇਨ੍ਹਾਂ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਭਰਾਵਾਂ ਕੋਲ ਹੈ ਅਤੇ ਜਿਹੜੇ ਬਿਜਲੀ ਦੇ ਜਾਂ ਹੋਰ ਸਾਧਨ ਪੈਦਾ ਕਰਨੇ ਹਨ ਪੈਦਾਵਾਰ ਵਧਾਉਣ ਵਾਸਤੇ ਉਸ ਦੇ ਨਾਲ ਇਨ੍ਹਾਂ ਨੂੰ ਹੀ ਫਾਇਦਾ ਹੋਵੇਗਾ। ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਸਾਡੀ ਪਲੈਨ ਜਿਹੜੀ ਹੈਗੀ ਉਹ ਐਂਟੀ ਕਿਸਾਨ ਹੈ, ਐਂਟੀ ਪੀਪਲ ਹੈ ਅਤੇ ਗਰੀਬ ਆਦਮੀ ਦੇ ਇਹ ਐਂਟੀ ਹੈ। ਅਗਰ ਇਹ ਧਿਆਨ ਨਾਲ ਸਰਕਾਰ ਦੇ ਚੰਗੇ ਕੰਮਾਂ ਵੱਲ ਦੇਖਣ ਤਾਂ ਇਨ੍ਹਾਂ ਨੂੰ ਪਤਾ ਲਗੇਗਾ ਕਿ ਪਿੰਡਾਂ ਦੇ ਵਿੱਚ ਗਰੀਬ ਲੋਕਾਂ ਵਾਸਤੇ ਯੈਲੋ ਕਾਰਡ ਬਣਾਏ ਗਏ ਹਨ। ਗਰੀਬ ਲੋਕਾਂ ਨੂੰ ਫੀਡ ਕਰਨ ਵਾਸਤੇ ਪੰਜਾਬ ਗੌਰਮਿੰਟ ਨੇ ਰਾਸ਼ਨ ਡਿਪੂ ਥਾਂ ਥਾਂ ਤੇ ਖੋਲ੍ਹੇ ਹੋਏ ਹਨ। ਗਰੀਬ ਆਦਮੀ ਨੂੰ ਉਨ੍ਹਾਂ ਕਾਰਡਾਂ ਤੇ ਸਸਤੇ ਭਾਅ ਤੇ ਚੀਜ਼ਾਂ ਮਿਲਣਗੀਆਂ। ਗਰੀਬ ਆਦਮੀ ਨੂੰ ਸਬਸਿਡੀ ਦਿੱਤੀ ਜਾਵੇਗੀ ਅਤੇ ਗਰੀਬ ਆਦਮੀ ਦੇ ਭਲੇ ਲਈ ਸਰਕਾਰ ਨੇ ਇਹ ਬੜਾ ਚੰਗਾ ਕੰਮ ਕੀਤਾ ਹੈ।

ਸ਼੍ਰੀ ਡਿਪਟੀ ਸਪੀਕਰ : ਹੁਣ ਵਾਈਂਡ ਅੱਪ ਕਰ ਦਿਓ।

ਸ਼੍ਰੀ ਜੋਗਿੰਦਰ ਨਾਥ : ਬਾਦਲ ਸਾਹਿਬ ਨੇ, ਡਿਪਟੀ ਸਪੀਕਰ ਸਾਹਿਬ, ਕਿਹਾ ਹੈ ਕਿ ਗਰੀਬ ਲੋਕਾਂ ਵਾਸਤੇ ਇਸ ਸਰਕਾਰ ਨੇ ਕੁਝ ਨਹੀਂ ਕੀਤਾ, ਗਰੀਬ ਹਰੀਜਨਾਂ ਵਾਸਤੇ ਕੁਝ ਨਹੀਂ ਕੀਤਾ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 1980-81 ਵਿੱਚ ਇਸ ਸਰਕਾਰ ਨੇ ਵੀਕਰ ਸੈਕਸ਼ਨ ਲਈ 10,697 ਮਕਾਨ ਬਣਾਏ ਹਨ ਅਤੇ ਸਾਲ 1981-82 ਵਿਚ 10,000 ਮਕਾਨ ਬਣਾਏ ਹਨ। ਲੇਕਿਨ 1981-82 ਦੇ ਪਲੈਨ ਦੇ ਮੁਕਾਬਲੇ ਵਿੱਚ ਇਨ੍ਹਾਂ ਨੇ ਆਪਣੇ ਢਾਈ ਸਾਲਾਂ ਦੇ ਰਾਜ ਵਿੱਚ ਸਿਰਫ 778 ਮਕਾਨ ਬਣਾਏ ਹਨ ਜਿਹੜੇ ਸਾਲ ਵਿੱਚ ਤਕਰੀਬਨ 300 ਦੇ ਕਰੀਬ ਬਣਦੇ ਹਨ। ਇਹ ਤਾਂ ਇਨ੍ਹਾਂ ਨੇ ਹਰੀਜਨਾਂ ਦੇ ਲਈ, ਵੀਕਰ ਸੈਕਸ਼ਨ ਲਈ ਕੀਤਾ ਹੈ। ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਲੋਨ ਦੀ ਗੱਲ ਹੈ, ਸਾਡੀ ਸਰਕਾਰ ਨੇ ਇਨਟਰੈਸਟ ਫਰੀ ਲੋਨ ਦੇਣਾ ਸ਼ੁਰੂ ਕੀਤਾ ਹੈ। ਪਿੰਡਾਂ ਦੇ ਵਿਚ ਗਰੀਬ ਲੋਕਾਂ ਨੂੰ, ਹਰੀਜਨਾਂ ਨੂੰ, ਵੀਕਰ ਸੈਕਸ਼ਨ ਨੂੰ ਇਨਟਰੈਸਟ ਫਰੀ ਲੋਨਜ਼ ਦਿੱਤੇ ਗਏ ਹਨ ਤਾਂਕਿ ਉਹ ਸਮਾਲ ਸਕੇਲ ਇੰਡਸਟਰੀਜ਼ ਲਗਾ ਸਕਣ ਅਤੇ ਹੋਰ ਤਰੱਕੀ ਦੇ ਕੰਮ ਕਰ ਸਕਣ।

ਸ਼੍ਰੀ ਡਿਪਟੀ ਸਪੀਕਰ : ਹੁਣ ਵਾਈਂਡ ਅੱਪ ਕਰ ਦਿਓ।

ਸ਼੍ਰੀ ਜੋਗਿੰਦਰ ਨਾਥ : ਡਿਪਟੀ ਸਪੀਕਰ ਸਾਹਿਬ, ਇਕ ਪੁਆਇੰਟ ਹੋਰ ਕਹਿ ਕੇ ਮੈਂ ਵਾਈਂਡ ਅੱਪ ਕਰ ਦਿੰਦਾ ਹਾਂ। ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਬਲਵੰਤ ਸਿੰਘ ਅਤੇ ਹੋਰ ਕਈ ਮਾਨਯੋਗ ਮੈਂਬਰਜ਼ ਨੇ ਕਿਹਾ ਹੈ ਕਿ ਫੈਡਰਲ ਕੰਸਟੀਚਿਊਸ਼ਨ ਹੋਣਾ ਚਾਹੀਦਾ ਹੈ। ਇਸ ਦੇ ਬਾਰੇ ਇਨ੍ਹਾਂ ਨੇ ਕਾਫੀ ਕੁਝ ਕਿਹਾ ਹੈ। ਪਹਿਲੀ ਗੱਲ ਦਾ ਤਾਂ ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੋਗਿੰਦਰ ਨਾਥ]

ਜਿਸ ਵੇਲੇ ਕੰਸਟੀਚਿਊਸ਼ਨ ਬਣਿਆ ਤਾਂ ਸੈਂਟਰਲ ਸਬਜੈਕਟ ਅਤੇ ਸਟੇਟ ਸਬਜੈਕਟ ਜਿਹੜੇ ਹਨ ਉਨ੍ਹਾਂ ਦੀ ਲਿਸਟ ਬਣਾ ਕੇ ਕਲੀਅਰ ਕੀਤਾ ਹੋਇਆ ਹੈ ਕਿ ਇਹ ਇਹ ਸੈਂਟਰਲ ਸਬਜੈਕਟਸ ਹਨ ਅਤੇ ਇਹ ਸਟੇਟ ਦੇ ਸਬਜੈਕਟ ਹਨ। ਕੁਝ ਕਨਕਰੰਟ ਸਬਜੈਕਟਸ ਵੀ ਦੱਸੇ ਹੋਏ ਹਨ। ਇਸ ਤਰੀਕੇ ਨਾਲ ਸਾਰੀ ਚੀਜ਼ ਵਾਜ਼ੇ ਤੌਰ ਤੇ, ਕਲੀਅਰਲੀ ਦੱਸੀ ਹੋਈ ਹੈ। ਕਨਸਟੀਚਿਊਸ਼ਨ ਦਾ ਜਿਹੜਾ ਸਟਰੱਕਚਰ ਹੈ ਉਹ ਫੈਡਰਲ ਵੀ ਹੈ ਅਤੇ ਯੂਨੀਟਰੀ ਵੀ ਹੈ। ਜਦੋਂ ਕੰਸਟੀਚਿਊਸ਼ਨ ਬਣਿਆ ਸੀ ਤਾਂ ਪਹਿਲਾਂ ਪਹਿਲਾਂ ਇਸ ਗੱਲ ਤੇ ਬਹਿਸ ਚਲੀ ਸੀ। ਇਸ ਦੇ ਉਤੇ ਡਾਕਟਰ ਅੰਬੇਦਕਰ ਜੀ ਦੇ ਰਿਮਾਰਕਸ ਹਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਇਹ ਕੰਸਟੀਚਿਊਸ਼ਨ ਜਿਹੜਾ ਹੈ ਇਹ ਜਿਸ ਵੇਲੇ ਪੀਸ ਟਾਈਮ ਹੋਵੇ ਉਸ ਵੇਲੇ ਇਹ ਫੈਡਰਲ ਹੈ ਅਤੇ ਜਦੋਂ ਵਾਰ ਟਾਈਮ ਹੋਵੇਗਾ ਇਹ ਯੂਨੀਟਰੀ ਹੋਵੇਗਾ। ਸੋ ਫੈਡਰਲ-ਕਮ-ਯੂਨੀਟਰੀ ਸਾਡਾ ਕੰਸਟੀਚਿਊਸ਼ਨ ਹੈ। (ਘੰਟੀ) ਬਸ ਜੀ ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਬੈਠ ਜਾਂਦਾ ਹਾਂ।

PERSONAL EXPLANATION BY SARDAR BALWANT SINGH

ਸਰਦਾਰ ਬਲਵੰਤ ਸਿੰਘ: ਡਿਪਟੀ ਸਪੀਕਰ ਸਾਹਿਬ ਆਨ ਏ ਪੁਆਇੰਟ ਆਫ਼ ਪਰਸਨਲ ਅੰਕਸਪਲੇਨੇਸ਼ਨ, ਸਰ। ਮੈਨੂੰ ਪਤਾ ਲਗਾ ਹੈ ਕਿ ਆਨਰੇਬਲ ਮੈਂਬਰ ਸਰਦਾਰ ਹਰਚਰਨ ਸਿੰਘ ਹੀਰੋ ਨੇ ਇਲਜ਼ਾਮ ਲਗਾਇਆ ਹੈ ਕਿ ਬਲਵੰਤ ਸਿੰਘ ਕਿਸੇ ਜ਼ਮਾਨੇ ਵਿਚ ਬੀ. ਡੀ. ਓ. ਹੁੰਦਾ ਸੀ ਅਤੇ ਅੱਜ ਪੰਜ ਸੌ ਕਰੋੜ ਰੁਪਏ ਦੀ ਕੰਪਨੀ ਦਾ ਚੇਅਰਮੈਨ ਹੈ। ਮੈਨੂੰ ਇਸ ਗਲ ਦਾ ਫ਼ਖਰ ਹੈ। ਮੈਂ ਇਹ ਗਲ ਦੱਸਣੀ ਚਾਹੁੰਦਾ ਹਾਂ ਕਿ ਜਿਸ ਕੰਪਨੀ ਦਾ ਮੈਂ ਚੇਅਰਮੈਨ ਹਾਂ ਉਹ ਇਕ ਪ੍ਰਾਈਵੇਟ ਲਿਮਿਟਿਡ ਕੰਪਨੀ ਹੈ ਉਸ ਵਿਚ ਸੈਂਕੜੇ ਸ਼ੇਅਰ ਹੋਲਡਰਜ਼ ਹਨ, ਮੈਂ ਵੀ ਸ਼ੇਅਰ ਹੋਲਡਰ ਹਾਂ। ਉਨ੍ਹਾਂ ਨੇ ਮੈਨੂੰ ਇਲੈਕਟ ਕਰਕੇ ਚੇਅਰਮੈਨ ਬਣਾਇਆ ਹੈ। ਮੈਂ ਨਾਮੀਨੇਟਿਡ ਨਹੀਂ ਹਾਂ। 50 ਹਜ਼ਾਰ ਰੁਪਏ ਦੇ ਮੇਰੇ ਆਪਣੇ ਨਾਂ ਤੇ ਸ਼ੇਅਰਜ਼ ਹਨ ਜਿਹੜੇ ਕਿ ਇਨਕਮ ਟੈਕਸ ਵਗੈਰਾ ਵਿਚ ਡਿਕਲੇਅਰਡ ਹਨ। ਮੈਨੂੰ ਅਫ਼ਸੋਸ ਹੈ ਕਿ ਹੀਰੋ ਸਾਹਿਬ ਨੂੰ ਪਤਾ ਨਹੀਂ ਕਿ ਕੰਪਨੀ ਸਿਸਟਮ ਕੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਇਸ ਕੰਪਨੀ ਬਾਰੇ ਕਿ ਪੰਜਾਬ ਨੂੰ ਇਸ ਤੇ ਫ਼ਖਰ ਹੋਣਾ ਚਾਹੀਦਾ ਹੈ, ਇਹ ਹਿੰਦੁਸਤਾਨ ਦੀਆਂ ਕੰਪਨੀਆਂ ਵਿਚੋਂ ਇਕ ਹੈ ਜਿਹੜੀ ਕਿ ਤੀਜੀ ਲਾਰਜੈਸਟ ਕੰਪਨੀ ਹੈ। ਅਸੀਂ ਦੋ ਸਾਲਾਂ ਵਿਚ ਇਸ ਨੂੰ ਸਭ ਤੋਂ ਵੱਡਾ ਬਣਾਉਣ ਦੇ ਯਤਨ ਕਰਾਂਗੇ। ਇਸ ਵੇਲੇ 5 ਹਜ਼ਾਰ ਪੰਜਾਬੀਆਂ ਨੂੰ ਐਮਪਲਾਇਮੈਂਟ ਦਿਤੀ ਹੋਈ ਹੈ। ਇਸ ਵਿਚ ਕਰੋੜਾਂ ਰੁਪਏ ਆ ਰਹੇ ਹਨ। ਅਗਰ ਹੀਰੋ ਸਾਹਿਬ ਨੂੰ ਥੋੜ੍ਹੀ ਜਿਹੀ ਅਕਲ ਹੁੰਦੀ, ਸਮਝ ਹੁੰਦੀ ਤਾਂ ਉਹ ਇਸ ਕੰਪਨੀ ਦੀ ਤਾਰੀਫ਼ ਕਰਦੇ, ਉਸ ਬੱਚੇ ਦੀ ਤਾਰੀਫ਼ ਕਰਦੇ ਜਿਹੜਾ ਟੈਲੈਂਟ ਬੇਸ ਤੇ ਹਜ਼ਾਰਾਂ ਸ਼ੇਅਰ ਹੋਲਡਰਜ਼ ਨੇ ਚੁਣ ਕੇ ਚੇਅਰਮੈਨ ਬਣਾਇਆ। ਮੈਂ ਇਨ੍ਹਾਂ ਸ਼ਬਦਾਂ ਨਾਲ ਇੰਨੀ ਐਕਸਪਲਾਨੇਸ਼ਨ ਦੇਣੀ ਸੀ।

ਸ਼੍ਰੀ ਵਿਨੋਦ ਸ਼ਰਮਾ: ** ** **

Mr. Deputy Speaker: This is no Point of Order.

THE PUNJAB APPROPRIATION (NO. 3) BILL, 1982
(Resumption of consideration)

ਕਾਮਰੇਡ ਸਰਵਣ ਸਿੰਘ ਧਰਮਕੋਟ, (ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਸ ਬਜਟ ਵਿਚ ਕਰੋੜਾਂ ਰੁਪਏ ਰਖੇ ਗਏ ਹਨ ਅਤੇ ਇਹ ਬਜਟ ਲਿਸ਼ਕਾ ਪੁਸ਼ਕਾ ਕੇ ਪੇਸ਼ ਕੀਤਾ ਗਿਆ ਹੈ। ਮੈਂ ਅਰਜ਼ ਕਰਾਂਦਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹਾਂ ਕਿ ਪਿਛੇ ਇਹ ਸੀ ਕਿ ਜਿਹੜੇ ਲੋਕਾਂ ਦੇ ਹਾਦਸਿਆਂ ਨਾਲ ਅੰਗ ਕਟ ਜਾਂਦੇ ਸਨ ਉਨ੍ਹਾਂ ਨੂੰ 5, 5/7, 7 ਹਜ਼ਾਰ ਰੁਪਿਆ ਸਰਕਾਰੀ ਫੰਡਜ਼ ਵਿਚੋਂ ਦਿਤਾ ਜਾਂਦਾ ਸੀ। ਬੜੇ ਜ਼ੁਲਮ ਦੀ ਗਲ ਹੈ ਕਿ ਇਸ ਬਜਟ ਵਿਚ ਇਕ ਵੀ ਪੈਸਾ ਨਹੀਂ ਰੱਖਿਆ ਗਿਆ। ਮਾਰਕੀਟਿੰਗ ਬੋਰਡ ਦੇ ਫੰਡਜ਼ ਭਾਵੇਂ ਸੁਪਰੀਮ ਕੋਰਟ ਨੇ ਇਕ ਰਿਟ ਤੇ ਬੰਦ ਕਰ ਦਿਤੇ ਪਰ ਸਰਕਾਰ ਨੂੰ ਕਾਨੂੰਨ ਵਿਚ ਤਰਮੀਮ ਕਰਕੇ ਇਹ ਪੈਸੇ ਜ਼ਰੂਰ ਰੱਖਣੇ ਚਾਹੀਦੇ ਸੀ ਅਤੇ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਸੀ।

ਡਿਪਟੀ ਸਪੀਕਰ ਸਾਹਿਬ, ਪੈਨਸ਼ਨਾਂ ਦਾ ਸੁਆਲ ਹੈ ਚੰਗੀ ਗਲ ਹੋਈ ਜ਼ਿਲ੍ਹਿਆਂ ਵਿਚ ਚਲੇ ਗਏ, ਪਰ ਇਹ ਵੇਖਣ ਦੀ ਲੋੜ ਹੈ ਕਿ ਜਿਹੜੇ ਪੈਨਸ਼ਨ ਵਾਲੇ ਲੋਕ ਹਨ ਉਹ ਜ਼ਿਲ੍ਹਿਆਂ ਵਿਚ ਜਾਂਦੇ ਹਨ ਤਾਂ ਦਫਤਰਾਂ ਦੇ ਬਾਬੂ ਜਾਣ ਬੁਝ ਕੇ ਪੈਨਸ਼ਨ ਬੰਦ ਕਰ ਦਿੰਦੇ ਹਨ। ਫਿਰ ਚਿਠੀਆਂ ਪਾ ਕੇ ਸਦ ਲੈਂਦੇ ਹਨ ਤੇ ਉਨ੍ਹਾਂ ਨਾਲ ਮਹੀਨਾ ਕੀਤਾ ਜਾਂਦਾ ਹੈ ਕਿ ਇਕ ਮਹੀਨਾ ਸਾਡਾ ਦੋ ਮਹੀਨੇ ਤੇਰੇ। ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਬੜੀ ਤਕੜੀ ਕੁਰੱਪਸ਼ਨ ਹੈ ਇਧਰ ਖਾਸ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਪਛੜੇ ਲੋਕਾਂ ਦੀ ਵਿਦਿਆ ਦਾ ਸੁਆਲ ਹੈ ਉਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਹੁਸ਼ਿਆਰਪੁਰ ਜ਼ਿਲ੍ਹਾ ਸਾਡੀ ਕਮੇਟੀ ਨੇ ਚੈਕ ਕੀਤਾ ਸੀ ਜਦੋਂ ਸਰਦਾਰ ਦਰਸ਼ਨ ਸਿੰਘ ਕੇ. ਪੀ. ਉਸ ਦੇ ਚੇਅਰਮੈਨ ਸਨ। ਮੈਂ ਤਾਂ ਇਕ ਜ਼ਿਲ੍ਹੇ ਦਾ ਨਮੂਨਾ ਦਸਦਾ ਹਾਂ। ਉਥੇ ਅੱਧੇ ਬੱਚਿਆਂ ਨੂੰ ਵਜ਼ੀਫੇ ਨਹੀਂ ਮਿਲੇ ਸਨ, ਕਿਤਾਬਾਂ ਨਹੀਂ ਸਨ ਮਿਲੀਆਂ ਜਦੋਂ ਕਿ ਇਮਤਿਹਾਨ ਸਿਰ ਤੇ ਸਨ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਬਸਤੀਆਂ ਬਣਾਉਣ ਦਾ ਸੁਆਲ ਹੈ ਜਾਂ ਜਿਸ ਤਰ੍ਹਾਂ ਸਾਡੀ ਸਰਕਾਰ ਕਹਿੰਦੀ ਹੈ ਕਿ 10 ਹਜ਼ਾਰ ਮਕਾਨ ਬਣਾਕੇ ਦਿਆਂਗੇ। ਮੈਂ ਕਹਿੰਦਾ ਹਾਂ ਕਿ ਜੇਕਰ ਉਹ ਮਕਾਨ ਵੇਖੀਏ ਤਾਂ ਉਹ ਜਿਸ ਤਰ੍ਹਾਂ ਸੂਰਾਂ ਦੇ ਖੁਡੇ ਹੁੰਦੇ ਹਨ ਉਹ ਬੰਦਿਆਂ ਦੇ ਰਹਿਣ ਵਾਲੇ ਹਨ। ਨਾ ਉਥੇ ਬਿਜਲੀ ਦਾ ਪ੍ਰਬੰਧ, ਨਾ ਪਾਣੀ ਦਾ ਪ੍ਰਬੰਧ, ਨਾ ਸੜਕਾਂ ਨਾਲ ਜੋੜੇ ਗਏ, ਨਾ ਹਸਪਤਾਲ ਤੇ ਨਾ ਕੋਈ ਹੋਰ ਸਹੂਲਤ। ਇਹ ਕੋਈ ਫਖਰ ਵਾਲੀ ਗੱਲ ਨਹੀਂ ਹੈ ਪਿੰਡ ਤੋਂ ਬਾਹਰ ਉਨ੍ਹਾਂ ਲੋਕਾਂ ਦੀ ਕਾਲੋਨੀ ਬਣਾ ਦਿਤੀ।

ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਪਛੜੇ ਲੋਕਾਂ ਦੇ ਨਾਲ ਹਮਦਰਦੀ ਹੈ, ਮੈਨੂੰ ਦੁੱਖ ਨਾਲ ਇਹ ਕਹਿਣਾ ਪੈਦਾ ਹੈ ਕਿ ਇਥੇ ਬਜਟ ਵਿਚ ਇਹ ਮਦ ਦਿਤੀ ਹੈ ਕਿ 4.25 ਕਰੋੜ ਰੁਪਿਆ ਸਬਸਿਡੀ ਵਜੋਂ ਇਨ੍ਹਾਂ ਲੋਕਾਂ ਨੂੰ ਦੇਣਾ ਹੈ ਸਰਕਾਰ ਦੇ ਆਪਣੇ ਆਂਕੜੇ ਹਨ ਮੈਂ ਕੋਲੋਂ ਨਹੀਂ ਦਸ ਰਿਹਾ। ਇਥੇ 40 ਲੱਖ ਆਬਾਦੀ ਹੈ ਹਰੀਜਨਾਂ ਦੀ। ਜੇਕਰ ਰੇਟ ਕਢੀਏ ਤਾਂ ਪੰਜ ਰੁਪਏ ਇਕ ਬੰਦੇ ਲਈ ਬਣਦੇ ਹਨ ਯਾਨੀ 3 ਪੈਸੇ ਇਕ ਜੀਅ ਨੂੰ ਦਿਹਾੜੀ ਦੇ ਆਉਂਦੇ ਹਨ। ਇਹ ਉਨ੍ਹਾਂ ਲੋਕਾਂ ਨਾਲ ਮਖੌਲ ਹੈ। ਪੀਲੇ ਕਾਰਡ ਦੀ ਗਲ ਲੈ ਲਵੋ। ਮੈਂ ਆਪਣੇ ਹਲਕੇ ਦੇ 3, 4 ਪਿੰਡਾਂ ਵਿਚ ਸਕੂਟਰ ਤੇ ਦੌਰਾ ਕੀਤਾ ਉਨ੍ਹਾਂ ਵਿਚ ਇਹ ਗਲ ਚਲ ਰਹੀ ਹੈ ਕਿ ਆਪਰੇਸ਼ਨ ਕਰਵਾਓ ਤੇ ਪੀਲੇ ਕਾਰਡ ਲਵੋ। ਆਮਦਨ ਦੀ ਕੋਈ ਗਲ ਨਹੀਂ। ਫਿਰ ਇਹ ਕਹਿੰਦੇ ਹਨ ਕਿ ਪੀਲੇ ਕਾਰਡਾਂ ਵਾਲਿਆਂ ਨੂੰ ਰਿਆਇਤਾਂ ਦੇਣੀਆਂ ਹਨ। ਅੱਜ ਜਿਹੜੀਆਂ ਰਿਆਇਤਾਂ ਦੇਣੀਆਂ ਹਨ ਉਨ੍ਹਾਂ ਬਾਰੇ ਬਜਟ ਵਿਚ ਦਸਿਆ ਹੈ। ਮੈਂ ਦਸਦਾ ਹਾਂ ਕਿ ਜੇ ਕਿਤੇ ਆਟਾ ਹੈ ਤਾਂ ਦਾਲ ਨਹੀਂ ਜੇ ਦਾਲ ਹੈ ਤਾਂ ਘੀ ਨਹੀਂ। ਜਿਸ ਦੇ ਪੀਲੇ ਕਾਰਡ ਬਣਾਉਣੇ ਹਨ ਉਨ੍ਹਾਂ ਲੋਕਾਂ ਦੇ ਘਰ ਵਿਚ ਚਲੇ ਜਾਂਦੇ ਹਨ ਅਤੇ ਪੁਛਦੇ ਹਨ ਕਿ ਕੀ ਤੁਹਾਡੇ ਘਰ ਬਕਰੀ ਹੈ, ਦੋ ਕੁਕੜੀਆਂ ਹਨ ਜਾਂ ਕੱਟੀ ਹੈ ਜਾਂ ਨਲਕਾ ਲਗਾ ਹੋਇਆ ਹੈ, ਐਸੇ ਹਾਲਾਤ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ]

ਵਿਚ ਪੀਲਾ ਕਾਰਡ ਨਹੀਂ ਬਣ ਸਕੇਗਾ। ਪੀਲਾ ਕਾਰਡ ਉਸ ਦਾ ਬਣੇਗਾ ਜਿਸ ਦੇ ਬੁੜੇ ਦੇ ਨਾਂ 100 ਕਿਲੇ ਜ਼ਮੀਨ ਹੈ, ਤਿੰਨ ਟਰੈਕਟਰ ਹਨ ਇਕ ਸ਼ੈਲਰ ਹੈ, ਉਸ ਦੇ ਨਾਂ ਤੇ ਨਹੀਂ, ਉਸ ਦਾ ਪੀਲਾ ਕਾਰਡ ਬਣ ਰਿਹਾ ਹੈ। ਫਿਰ ਇਨ੍ਹਾਂ ਨੇ ਹੱਦ ਰੱਖੀ ਹੈ 3600 ਰੁਪਏ ਦੀ। ਖੇਤ ਮਜ਼ਦੂਰ ਦੀ ਦਿਹਾੜੀ 14 ਰੁਪਏ ਕਰ ਦਿਤੀ ਹੈ। ਹੱਦ ਮੁਤਾਬਕ ਤਿੰਨ ਸੌ ਰੁਪਏ ਮਹੀਨਾ ਇਨਕਮ ਚਾਹੀਦੀ ਹੈ। 14 ਰੁਪਏ ਨਾਲ 420 ਰੁਪਏ ਇਨਕਮ ਬਣਦੀ ਹੈ। ਇਸ ਤਰ੍ਹਾਂ ਉਸ ਦਾ ਪੀਲਾ ਕਾਰਡ ਨਹੀਂ ਬਣੇਗਾ। ਮੈਂ ਕਹਿੰਦਾ ਹਾਂ ਕਿ ਉਸ ਖੇਤ ਮਜ਼ਦੂਰ ਨਾਲ ਬੜਾ ਧੱਕਾ ਕੀਤਾ ਹੈ।

ਜਿਥੋਂ ਤੱਕ ਵਿਆਜ ਰਹਿਤ ਕਰਜ਼ੇ ਦਾ ਤੁਅੱਲਕ ਹੈ, ਇਹ ਕਹਿੰਦੇ ਹਨ ਕਿ ਕਰੋੜਾਂ ਰੁਪਏ ਵੰਡ ਦਿਤੇ ਹਨ। ਵੰਡੇ ਇਸ ਤਰ੍ਹਾਂ ਕਿ ਕਾਗਜ਼ ਲੋਕਾਂ ਦੇ ਬੈਂਕਾਂ ਵਿਚ ਭੇਜ ਦਿਤੇ ਪਰ ਬੈਂਕਾਂ ਨੇ ਕੋਈ ਕਰਜ਼ਾ ਨਹੀਂ ਦਿਤਾ। ਲੋਕਾਂ ਦੀਆਂ ਕਤਾਰਾਂ ਲਗੀਆਂ ਹੋਈਆਂ ਹਨ। ਉਹ ਬੈਂਕਾਂ ਵਾਲੇ ਕਹਿੰਦੇ ਹਨ ਕਿ ਜ਼ਿਮੀਦਾਰ ਲਿਆਓ ਜਾਂ ਆੜਤੀਆ ਲਿਆਓ ਜਾਂ ਉਸ ਨੂੰ ਲਿਆਓ ਜਿਸ ਦਾ ਬੈਂਕ ਵਿਚ ਹਿਸਾਬ ਕਿਤਾਬ ਹੋਵੇ। ਮੈਂ ਮੰਤਰੀ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਹ ਕਰਜ਼ੇ ਕਾਰਪੋਰੇਸ਼ਨ ਰਾਹੀਂ ਦਿਓ ਤਾਂ ਹੀ ਲੋਕਾਂ ਨੂੰ ਫ਼ਾਇਦਾ ਹੋ ਸਕਦਾ ਹੈ। ਬੈਂਕਾਂ ਵਾਲੇ ਇਨ੍ਹਾਂ ਵਿਚਾਰਿਆਂ ਨੂੰ ਦੁਖੀ ਕਰਦੇ ਹਨ ਉਹ ਲੋਕ ਦੋ ਦੋ ਚਾਰ ਚਾਰ ਸੌ ਰੁਪਏ ਲਾ ਕੇ ਬੈਠ ਗਏ ਹਨ। ਸਰਕਾਰ ਆਪ ਗਰੰਟੀ ਬਣ ਕੇ ਕਾਰਪੋਰੇਸ਼ਨ ਰਾਹੀਂ ਕਰਜ਼ਾ ਦੇਵੇ ਨਹੀਂ ਤਾਂ ਉਨ੍ਹਾਂ ਲੋਕਾਂ ਨੂੰ ਕੋਈ ਕਰਜ਼ਾ ਨਹੀਂ ਮਿਲਣਾ। ਜਿਥੋਂ ਤੱਕ ਕੁਆ ਪ੍ਰੋਟਿਵ ਬੈਂਕਾਂ ਦਾ ਸੁਆਲ ਹੈ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੇਰੇ ਹਲਕੇ ਵਿਚ ਕੁਝ ਵੱਡੇ ਵੱਡੇ ਪਿੰਡ ਹਨ ਜਿਵੇਂ ਕਿਸ਼ਨਪੁਰਾ, ਫਤਿਹਗੜ੍ਹ, ਖਾਸੋ ਆਦਿ ਇਨ੍ਹਾਂ ਵਿਚ ਸੱਤ ਸੱਤ ਹਜ਼ਾਰ ਵੋਟਾਂ ਹਨ। ਇਥੇ ਕੋਈ ਤੀਜਾ ਹਿਸਾ ਵਸੋਂ ਗਰੀਬਾਂ ਦੀ ਹੈ। ਹਰ ਬੈਂਕ ਵਿਚ ਕਿਸਾਨਾਂ ਦੇ ਕਿਤੇ ਸੌ ਮੈਂਬਰ ਹਨ ਕਿਤੇ ਡੇਢ ਸੌ ਉਹ ਗਰੀਬ ਲੋਕ ਤਰਸਦੇ ਹਨ ਬੈਨ ਲਾ ਦਿਤਾ ਕਿ ਨਾਨ-ਐਗਰੀਕਲਚਰਸਿਟਸ ਨੂੰ ਕਰਜ਼ਾ ਦੇਣ ਦਾ ਇਥੇ ਕਿਹਾ ਗਿਆ ਕਿ ਅਸੀਂ ਗਰੀਬ ਲੋਕਾਂ ਦੀ ਬਹੁਤ ਸੇਵਾ ਕਰਦੇ ਹਾਂ। ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਬੈਂਕਾਂ ਵੱਲੋਂ ਜੋ ਕਰਜ਼ੇ ਦਿੱਤੇ ਜਾਂਦੇ ਹਨ ਉਸ ਦਾ ਸੁਆਲ ਹੈ ਉਸ ਸਬੰਧ ਵਿੱਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਵੇਲੇ ਇੰਡਸਟਰੀ ਨੂੰ ਕਰਜ਼ਾ ਦਿੱਤਾ ਜਾਂਦਾ ਹੈ ਤਾਂ ਢਾਈ ਫੀ ਸਦੀ ਸੂਦ ਤੇ ਦਿੱਤਾ ਜਾਂਦਾ ਹੈ ਪਰ ਖੇਤੀਬਾੜੀ ਵਾਲਿਆਂ ਨੂੰ 12, 18 ਅਤੇ 24 ਪਰਸੈਂਟ ਸੂਦ ਤੇ ਕਰਜ਼ਾ ਦਿੱਤਾ ਜਾਂਦਾ ਹੈ। ਜਦੋਂ ਕਿਸਾਨ ਬੈਂਕ ਤੋਂ ਕਰਜ਼ਾ ਲੈਂਦਾ ਹੈ ਤਾਂ ਉਸ ਦਾ ਸੂਦ 12 ਪਰਸੈਂਟ ਹੁੰਦਾ ਹੈ। ਜੇ ਕਿਤੇ ਉਸਦੀ ਇੱਕ ਕਿਸ਼ਤ ਟੁੱਟ ਜਾਵੇ ਤਾਂ ਸੂਦ ਦਾ ਰੇਟ 18 ਫੀ ਸਦੀ ਹੋ ਜਾਂਦਾ ਹੈ ਅਤੇ ਜੇ ਕਿਧਰੇ ਦੋ ਕਿਸ਼ਤਾਂ ਟੁੱਟ ਜਾਣ ਤਾਂ ਕਹਿੰਦੇ ਹਨ ਕਿ ਪਿਛਲਾ ਖਤਮ ਹੁਣ ਮੁੜਕੇ ਫਿਰ ਪੈਸਾ ਦੇਣਾ ਪੈਂਦਾ ਹੈ। ਇਥੇ ਕਿਹਾ ਜਾਂਦਾ ਹੈ ਕਿ ਕਿਸਾਨ ਦੇਸ਼ ਦੀ ਰੀੜ ਦੀ ਹੱਡੀ ਹੈ। ਪਰ ਦੂਜੇ ਪਾਸੇ ਉਸੇ ਕਿਸਾਨ ਦੀ ਰੀੜ ਦੀ ਹੱਡੀ ਤੇ ਸੱਟ ਮਾਰੀ ਜਾਂਦੀ ਹੈ। ਜਿਸ ਪੰਜਾਬ ਦੇ ਕਿਸਾਨ ਨੇ ਦੇਸ਼ ਦੇ ਲੀਡਰਾਂ ਦੇ ਹੱਥਾਂ ਵਿੱਚੋਂ ਠੂੱਠੇ ਅਤੇ ਡੰਗੋਰੀਆਂ, ਜਿਨ੍ਹਾਂ ਨੂੰ ਫੜ ਕੇ ਉਹ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਣ ਜਾਂਦੇ ਸਨ, ਤੋੜ ਦਿੱਤੀਆਂ ਅੱਜ ਉਸ ਕਿਸਾਨ ਦੀ ਕੀ ਹਾਲਤ ਹੈ। (ਘੰਟੀ)

ਡਿਪਟੀ ਸਪੀਕਰ ਸਾਹਿਬ, ਜਿਹੜੇ ਸਾਡੇ ਦੇਸ਼ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਟੀਚਰ ਹਨ ਜਿਨ੍ਹਾਂ ਨੇ ਸਾਡੇ ਦੇਸ਼ ਨੂੰ ਅੱਗੇ ਲਿਜਾਣ ਵਾਸਤੇ ਇਸ ਪਨੀਰੀ ਨੂੰ ਵਿਦਿਆ ਦੇਣੀ ਹੈ ਅਤੇ ਪ੍ਰੋਫੈਸਰ, ਡਾਕਟਰ ਅਤੇ ਇੰਜੀਨੀਅਰ ਬਣਾਉਣਾ ਹੈ ਅੱਜ ਉਨ੍ਹਾਂ ਦੋ, ਤਿੰਨ ਹਜ਼ਾਰ ਟੀਚਰਾਂ ਨੂੰ ਕੱਢਣ ਦੀ ਵਿਉਂਤ ਬਣ ਰਹੀ ਹੈ। ਇਸ ਕਾਰਣ ਉਨ੍ਹਾਂ ਵਿੱਚ ਬੇਚੈਨੀ ਹੈ। ਸਰਕਾਰ ਇਥੇ ਡੀਂਗਾਂ ਮਾਰਦੀ ਹੈ ਕਿ ਸਾਡਾ ਬਜਟ ਬਹੁੱਤ ਚੰਗਾ ਹੈ, ਇਸ ਨੇ ਸੂਬੇ ਨੂੰ ਤਰੱਕੀ ਵੱਲ ਲੈ ਜਾਣਾ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਇੱਕ ਮਿੰਟ ਵਿੱਚ ਵਾਈਂਡ ਅਪ ਕਰੋ।

ਕਾਮਰੇਡ ਸਰਵਣ ਸਿੰਘ ਧਰਮਕੋਟ : ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਤਿੰਨ, ਤਿਨ ਜ਼ਿਲ੍ਹਿਆਂ ਦੀਆਂ ਮੀਟਿੰਗਾਂ ਬੁਲਾਈਆਂ ਅਤੇ ਉਨ੍ਹਾਂ ਮੀਟਿੰਗਾਂ ਵਿੱਚ ਭਰੋਸੇ ਦਿੱਤੇ ਕਿ ਬੇਟ ਦੇ ਹਲਕੇ ਨੂੰ ਬੜੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਡਿਪਟੀ ਸਪੀਕਰ ਸਾਹਿਬ, ਇਥੇ ਕਈ ਸੱਜਣ ਬੈਠੇ ਹਨ ਜਿਨ੍ਹਾਂ ਨੇ ਕਿਹਾ ਹੈ ਕਿ ਬੇਟ ਦੇ ਹਲਕੇ ਵਿੱਚ ਬੜੀਆਂ ਵੱਡੀਆਂ ਵੱਡੀਆਂ ਇਮਾਰਤਾਂ ਸਰਕਾਰ ਨੇ ਬਣਾਈਆਂ ਹਨ ਜਿਨ੍ਹਾਂ ਵਿੱਚ ਬੱਚੇ ਬੈਠ ਕੇ ਪੜ੍ਹਦੇ ਹਨ। ਮੈਂ ਕਹਿੰਦਾ ਹਾਂ ਕਿ ਹਾਊਸ ਦੀ ਇੱਕ ਕਮੇਟੀ ਬਣਾ ਦਿਓ। ਮੈਂ ਉਸ ਨੂੰ ਵਿਖਾ ਸਕਦਾ ਹਾਂ ਕਿ ਸਿਧਵਾਂ ਤੋਂ ਲੈ ਕੇ ਮੱਖੂ ਤੱਕ ਬੱਚੇ ਦਰੱਖਤਾਂ ਹੇਠਾਂ ਬੈਠ ਕੇ ਪੜ੍ਹਦੇ ਹਨ । ਮੀਂਹ, ਹਨੇਰੀ, ਸਰਦੀ ਅਤੇ ਜੇਠ ਹਾੜ ਦੀਆਂ ਧੁੱਪਾਂ ਵਿੱਚ ਸਾਡੇ ਦੇਸ਼ ਦੀ ਇਹ ਪਨੀਰੀ ਰੁੱਲ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਜੇ ਕੋਈ ਬੰਦਾ ਬਿਮਾਰ ਹੋ ਜਾਵੇ ਤਾਂ ਉਸ ਨੂੰ ਡਾਕਟਰ ਕੋਲ ਲਿਜਾਇਆ ਜਾ ਸਕਦਾ ਹੈ। ਪਰ ਜੇ ਕੋਈ ਪਸ਼ੂ ਬੀਮਾਰ ਹੋ ਜਾਵੇ ਤਾਂ ਉਸ ਨੂੰ ਚੁੱਕ ਕੇ ਲਿਜਾਣਾ ਬੜਾ ਮੁਸ਼ਕਲ ਹੈ। ਇਨ੍ਹਾਂ ਦੋ ਸਾਲਾਂ ਵਿੱਚ ਇੱਕ ਡੰਗਰ ਹਸਪਤਾਲ ਇਨ੍ਹਾਂ ਨੇ ਖੋਲ੍ਹਿਆ ਹੈ। 40 ਮੀਲ ਦੂਰ ਲੋਕ ਕਿਸ ਤਰ੍ਹਾਂ ਆਪਣੇ ਬਿਮਾਰ ਪਸ਼ੂ ਨੂੰ ਚੁੱਕ ਕੇ ਲੈ ਜਾ ਸਕਦੇ ਹਨ। ਜਿਥੇ ਲੋਕ ਹੜ੍ਹਾਂ ਦੇ ਮਾਰੇ ਹੋਣ ਅਤੇ ਪਸ਼ੂਆਂ ਦੇ ਤਨ ਭੁੱਖ ਕਰਕੇ ਸੁੱਕ ਕੇ ਨਾਲ ਲੱਗੇ ਹੋਣ, ਉਹ ਲੋਕ ਕਿਸ ਤਰ੍ਹਾਂ ਆਪਣੇ ਪਸ਼ੂਆਂ ਦੀ ਪਾਲਣਾ ਕਰ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਕਿਹਾ ਹੈ ਕਿ ਅਸੀਂ ਪੱਛੜੇ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦੇ ਰਹੇ ਹਾਂ । ਮੈਂ ਕਹਿੰਦਾ ਹਾਂ ਕਿ ਉਹ ਮੁਫਤ ਕਾਨੂੰਨੀ ਸਹਾਇਤਾ ਕਿਥੇ ਦੇ ਰਹੇ ਹਨ। ਉਥੇ ਤਾਂ ਕੋਈ ਵਕੀਲ ਹੀ ਨਜ਼ਰ ਨਹੀਂ ਆਉਂਦਾ । ਇਥੇ ਇਹ ਵੀ ਕਿਹਾ ਗਿਆ ਕਿ ਅਸੀਂ 2000 ਰੁਪਿਆ ਗਰਾਂਟ ਉਨ੍ਹਾਂ ਨੂੰ ਦਿੰਦੇ ਹਾਂ ਜਿਹੜੇ ਚਮੜਾ ਲਾਉਂਦੇ ਹਨ, ਚਮੜਾ ਰੰਗਦੇ ਹਨ ਜਾਂ ਗੰਦ ਆਪਣੇ ਸਿਰ ਤੇ ਚੁੱਕਦੇ ਹਨ। ਮੈਂ ਕਹਿੰਦਾ ਹਾਂ ਕਿ ਦੋ ਹਜ਼ਾਰ ਰੁਪਿਆ ਦੇ ਕੇ ਉਨ੍ਹਾਂ ਦੀ ਗਰੀਬੀ ਨਾਲ ਮਜ਼ਾਕ ਕਰਨਾ ਹੈ । ਅੱਜ 2000 ਰੁਪਏ ਨਾਲ ਕੀ ਬਣਦਾ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਤਹਿਸੀਲ ਵੈਲਫੇਅਰ ਅਫਸਰ ਦੇ ਹੇਠਾਂ ਜੀਪ ਹੋਵੇ ਤਾਂਕਿ ਉਹ ਸਾਰੇ ਕੰਮ ਦੀ ਦੇਖ ਭਾਲ ਕਰ ਸਕਣ ਕਿ ਕਿਥੇ ਰੁਪਿਆ ਲਗ ਰਿਹਾ ਹੈ ਅਤੇ ਕਿਥੇ ਨਹੀਂ ਲਗ ਰਿਹਾ। ਡਿਪਟੀ ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਨੇ ਕਿਹਾ ਸੀ ਕਿ ਪੈਸੇ ਨਹੀਂ ਹਨ। ਮੈਨੂੰ ਪਤਾ ਨਹੀਂ ਕਿ ਖਜ਼ਾਨਾ ਮੰਤਰੀ ਕਾਹਦਾ ਹੈ ਜਿਸ ਨੂੰ ਇਹ ਹੀ ਪਤਾ ਨਹੀਂ ਕਿ ਪੈਸੇ ਹਨ ਜਾਂ ਨਹੀਂ। (ਘੰਟੀ)

ਸਰਦਾਰ ਸ਼ਮਸ਼ੇਰ ਸਿੰਘ (ਖੰਨਾ, ਐਸ. ਸੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅਪਰੋਪ੍ਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਸਾਹਮਣੇ ਬੈਠੇ ਵੀਰਾਂ ਨੇ ਸਾਡੇ ਬਜਟ ਨੂੰ ਐਂਟੀ ਵੀਕਰ ਸੈਕਸ਼ਨ, ਐਂਟੀ ਕਿਸਾਨ ਕਿਹਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਇਹ ਗਰੀਬ ਮਾਰੂ ਬਜਟ ਹੈ। ਜਦੋਂ ਡਿਪਟੀ ਸਪੀਕਰ ਸਾਹਿਬ, ਸਾਹਮਣੇ ਬੈਠੇ ਵੀਰਾਂ ਦੀ ਸਰਕਾਰ ਸੀ ਤਾਂ ਉਦੋਂ ਇਨ੍ਹਾਂ ਦੀ ਆਪਣੀ ਕਰਤੂਤ ਕਾਰਨ ਦੋ ਸਾਲਾਂ ਬਾਅਦ ਇਨ੍ਹਾਂ ਦੀ ਸਰਕਾਰ ਆਪ ਟੁੱਟ ਗਈ। ਸਾਡਾ ਬਜਟ 385 ਕਰੋੜ ਦਾ ਹੈ। ਮੈਂ ਸਮਝਦਾ ਹਾਂ ਕਿ ਸਾਰਾ ਬਜਟ ਹੀ ਪ੍ਰੋਡਕਸ਼ਨ ਤੇ ਬੇਸਡ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਕਿਸਾਨ ਅਤੇ ਇੰਡਸਟਰੀ ਨੂੰ ਤਾਂ ਹੀ ਫਾਇਦਾ ਹੋ ਸਕਦਾ ਹੈ ਅਗਰ ਪਾਵਰ ਦੀ ਕਮੀ ਨਾ ਹੋਵੇ। ਅਗਰ ਪਾਵਰ ਦੀ ਕਮੀ ਹੋਵੇ ਤਾਂ ਕੋਈ ਸੈਕਟਰ ਨਹੀਂ ਚਲ ਸਕਦਾ। ਅੱਜ ਦੇ ਇਨਸਾਨ ਦੀ ਤਰੱਕੀ ਪਾਵਰ ਤੇ ਮੁਨਸਰ ਹੈ। ਇਸ ਲਈ ਸਾਡੇ ਬਜਟ ਦਾ ਤਕਰੀਬਨ ਅੱਧਾ ਹਿੱਸਾ ਪਾਵਰ ਜੈਨਰੇਸ਼ਨ ਤੇ ਲਗਾਇਆ ਗਿਆ ਹੈ ਕਿਉਂਕਿ ਬਿਜਲੀ ਦੀ ਕਮੀ ਕਾਰਨ ਕਿਸਾਨ ਨੂੰ ਵੀ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ]

ਇੰਡਸਟਰੀ ਨੂੰ ਵੀ ਨੁਕਸਾਨ ਹੁੰਦਾ ਹੈ। ਇਸੇ ਤਰ੍ਹਾਂ ਖੇਤ ਮਜ਼ਦੂਰ ਅਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਜੋ ਮਜ਼ਦੂਰ ਹਨ। ਉਨ੍ਹਾਂ ਨੂੰ ਵੀ ਬਹੁੱਤ ਵੱਡੀ ਕਠਿਨਾਈ ਦਾ ਮੁਕਾਬਲਾ ਕਰਨਾ ਪੈਂਦਾ ਹੈ, ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਇਹ ਪਹਿਲੀ ਸਰਕਾਰ ਹੈ ਜਿਸ ਨੇ ਪੰਜਾਬ ਵਿੱਚ ਸਮਾਜ ਦੇ ਗਰੀਬ ਲੋਕਾਂ ਨੂੰ ਆਈਡੈਂਟੀਫਾਈ ਕਰਨ ਲਈ ਸਰਵੇ ਕਰਵਾਇਆ। ਪੰਜਾਬ ਵਿੱਚ 8 ਲੱਖ 20 ਹਜ਼ਾਰ ਫੈਮਿਲੀਜ਼ ਐਸੀਆਂ ਹਨ ਜਿਹੜੀਆਂ ਕਿ ਪਾਵਰਟੀ ਲਾਈਨ ਦੇ ਥੱਲੇ ਰਹਿੰਦੀਆਂ ਹਨ। ਜਿਨ੍ਹਾਂ ਲੋਕਾਂ ਦੀ ਆਮਦਨ 3600 ਰੁਪਏ ਸਾਲ ਤੋਂ ਘੱਟ ਹੈ ਉਨ੍ਹਾਂ ਦੇ ਪੀਲੇ ਰਾਸ਼ਨ ਕਾਰਡ ਬਣਾਏ ਗਏ ਹਨ। ਮੈਂ ਸਮਝਦਾ ਹਾਂ ਕਿ ਜਿਹੜੀ 3600 ਰੁਪਏ ਦੀ ਸੀਲਿੰਗ ਰੱਖੀ ਗਈ ਹੈ, ਇਹ ਬਹੁਤ ਘੱਟ ਹੈ। ਅੱਜ ਕੱਲ ਦੇ ਮਹਿੰਗਾਈ ਦੇ ਜ਼ਮਾਨੇ ਵਿੱਚ ਇੱਕ ਫੋਰਥ ਕਲਾਸ ਇੰਪਲਾਈ ਦਾ ਗੁਜ਼ਾਰਾ ਹੋਣਾ ਬਹੁਤ ਹੀ ਮੁਸ਼ਕਲ ਹੈ। ਇਸ ਲਈ ਉਨ੍ਹਾਂ ਨੂੰ ਵੀ ਸਬਸੀਡਾਇਜ਼ਡ ਰੇਟ ਤੇ ਇਨ੍ਹਾਂ ਦੁਕਾਨਾਂ ਤੋਂ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਐਜੂਕੇਸ਼ਨ, ਡਿਵੈਲਪਮੈਂਟ ਅਤੇ ਲਾਅ ਐਂਡ ਆਰਡਰ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਹਾਲਤ ਬੜੇ ਵਿਗੜੇ ਹੋਏ ਹਨ ਅਤੇ ਇਥੇ ਕੋਈ ਸ਼ਰੀਫ ਆਦਮੀ ਇਕੱਲਾ ਸ਼ਾਮ ਦੇ ਵਕਤ ਤੁਰ ਨਹੀਂ ਸਕਦਾ। ਇਸ ਤਰ੍ਹਾਂ ਦੀਆਂ ਗੱਲਾਂ ਸੁਣਨ ਵਿੱਚ ਆਈਆਂ ਹਨ। ਪਰ ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਬਣੇ ਹੋਏ ਦੋ ਸਾਲ ਹੋਏ ਹਨ ਪਰ ਇਸ ਵਕਤ ਜਿਤਨੀ ਨੱਥ ਸਮਗਲਿੰਗ ਨੂੰ ਪਾਈ ਗਈ ਹੈ ਅਤੇ ਲਾਅ ਐਂਡ ਆਰਡਰ ਨੂੰ ਕਾਇਮ ਕੀਤਾ ਗਿਆ ਹੈ, ਇਸਦਾ ਕੋਈ ਮੁਕਾਬਲਾ ਨਹੀਂ। ਇਥੇ ਇਹ ਵੀ ਕਿਹਾ ਗਿਆ ਕਿ ਪੰਜਾਬ ਦੇ ਹਾਲਤ ਕਾਂਗਰਸੀਆਂ ਨੇ ਆਪ ਖਰਾਬ ਕੀਤੇ ਹੋਏ ਹਨ। ਮੈਂ ਸਾਹਮਣੇ ਬੈਠੇ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਅੱਤਵਾਦੀ ਤਾਕਤਾਂ ਉਭਰ ਰਹੀਆਂ ਹਨ ਉਨ੍ਹਾਂ ਤਾਕਤਾਂ ਦੇ ਪਿੱਛੇ ਕੌਣ ਲੋਕ ਹਨ। ਜਿਨ੍ਹਾਂ ਲੋਕਾਂ ਨੇ ਕਤਲ ਕੀਤੇ, ਦਹੇੜੂ ਵਿੱਚ ਕਈ ਪੁਲਿਸ ਕਰਮਚਾਰੀ ਵੀ ਮਾਰੇ ਗਏ, ਉਥੇ ਲੌਂਗੋਵਾਲ ਸਾਹਿਬ, ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਆਪ ਜਾ ਕੇ ਕਨਵੈਨਸ਼ਨਾਂ ਕਰਦੇ ਹਨ ਉਥੇ ਬੀਬੀ ਅਮਰਜੀਤ ਕੌਰ ਨਾਲ ਵਾਅਦਾ ਕੀਤਾ ਗਿਆ ਕਿ ਉਨ੍ਹਾਂ ਦੇ ਕੇਸ ਉਹ ਲੜਨਗੇ ਅਤੇ ਜੋ ਉਨ੍ਹਾਂ ਦੀ ਪ੍ਰਾਪਰਟੀ ਦਾ ਨੁਕਸਾਨ ਹੋਇਆ ਹੈ, ਉਹ ਦੇਣਗੇ।

ਜੇ ਅਕਾਲੀ ਦਲ ਇਸ ਤਰ੍ਹਾਂ ਅੱਤਿਵਾਦੀ ਤਾਕਤਾਂ ਨੂੰ ਸ਼ਹਿ ਦੇਵੇ ਤਾਂ ਮੈਂ ਸਮਝਦਾ ਹਾਂ ਕਿ ਠੀਕ ਨਹੀਂ ..

ਸਰਦਾਰ ਸਰਵਣ ਸਿੰਘ ਫਿਲੌਰ : ਪੁਆਇੰਟ ਆਫ ਆਰਡਰ, ਸਰ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਸਰਵਣ ਸਿੰਘ ਜੀ, ਟਾਈਮ ਥੋੜਾ ਹੈ, ਤੁਸੀਂ ਬੈਠੋ।

ਸਰਦਾਰ ਸਰਵਣ ਸਿੰਘ ਫਿਲੌਰ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਕਦੇ ਵੀ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਅਲਾਓ ਨਹੀਂ ਕਰਦੇ।

ਸ਼੍ਰੀ ਡਿਪਟੀ ਸਪੀਕਰ : ਦੱਸੋ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

ਸਰਦਾਰ ਸਰਵਣ ਸਿੰਘ ਫਿਲੌਰ : ਡਿਪਟੀ ਸਪੀਕਰ ਸਾਹਿਬ, ਠੀਕ ਹੈ ਮੈਂਬਰ ਸਾਹਿਬ ਬੋਲ ਰਹੇ ਹਨ, ਇਹ ਗੌਰਮਿੰਟ ਨੂੰ ਡੀਫੈਂਡ ਕਰਨ। ਚੰਗਾ ਬੋਲ ਰਹੇ ਹਨ ਲੇਕਿਨ ਜਿਹੜਾ ਮੈਂਬਰ ਹਾਊਸ ਵਿਚ ਮੌਜੂਦ ਨਹੀਂ ਹੈ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੀਦਾ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਠੀਕ ਹੈ, ਦੂਲੋ' ਸਾਹਿਬ, ਇਸ ਗੱਲ ਦਾ ਖਿਆਲ ਰੱਖੋ ।

ਸਰਦਾਰ ਸ਼ਮਸ਼ੇਰ ਸਿੰਘ : ਅਸਲ ਵਿਚ ਅੱਤਿਵਾਦੀ ਤਾਕਤਾਂ ਨੂੰ ਸ਼ਹਿ ਦਿੱਤੀ ਜਾਂਦੀ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖ ਲਵੋ ਕਿ ਉਨ੍ਹਾਂ ਅੱਤਿਵਾਦੀ ਤਾਕਤਾਂ ਦੀਆਂ ਜ਼ਮਾਨਤਾਂ ਕਿਹੜੇ ਲੋਕਾਂ ਨੇ ਦਿੱਤੀਆਂ ਹਨ ?

ਫਿਰ ਇਥੇ ਵਿਦਿਆ ਦੀ ਗੱਲ ਕੀਤੀ ਗਈ ਹੈ। ਮੈਂ ਪਿਛਲੀ ਦਫਾ ਵੀ ਕਿਹਾ ਸੀ ਕਿ ਪੰਜਾਬ ਦੇ ਵਿਚ ਐਜੂਕੇਸ਼ਨ ਦੇ ਮਾਮਲੇ ਵਿਚ ਵਿਤਕਰਾ ਹੁੰਦਾ ਹੈ ਅੰਰ ਸਟੇਟ ਗੌਰਮਿੰਟ ਦੇ ਸਕੂਲਾਂ ਦਾ ਮਿਆਰ ਗਿਰਦਾ ਜਾ ਰਿਹਾ ਹੈ। (ਘੰਟੀ) ਮੈਂ ਕਹਿੰਦਾ ਹਾਂ ਕਿ ਅਫਸਰਸ਼ਾਹੀ ਇਸ ਗੱਲ ਨੂੰ ਬੜਾਵਾ ਦਿੰਦੀ ਹੈ। ਮੇਰੀ ਇਹ ਸੁਜੈਸ਼ਨ ਹੈ ਕਿ ਜਿਹੜੇ ਵੀ ਗੌਰਮਿੰਟ ਦੇ ਸਕੂਲ ਹਨ ਉਨ੍ਹਾਂ ਸਾਰਿਆਂ ਵਿਚ ਮਾਡਲ ਸਕੂਲਾਂ ਦੀ ਤਰ੍ਹਾਂ ਵਿਦਿਆ ਪੜ੍ਹਾਈ ਜਾਇਆ ਕਰੇ ਤਾਂਕਿ ਇਹ ਡਿਸਪੈਰਿਟੀ ਦੂਰ ਹੋ ਸਕੇ। ਸਾਡੀ ਸਰਕਾਰ ਨੇ ਸਵਾ ਚਾਰ ਸੌ ਸਕੂਲ ਦੋ ਸਾਲਾਂ ਵਿਚ ਅੱਪਗਰੇਡ ਕੀਤੇ ਹਨ ਅੰਰ 75 ਸਕੂਲ ਪ੍ਰਾਇਮਰੀ ਅੰਰ ਮਿਡਲ ਅਪਗਰੇਡ ਕੀਤੇ ਜਾਣੇ ਹਨ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ।

ਸਰਦਾਰ ਸ਼ਮਸ਼ੇਰ ਸਿੰਘ : ਅਜੇ ਤਾਂ ਜੀ ਦੋ ਮਿੰਟ ਹੀ ਹੋਏ ਹਨ।

ਸ਼੍ਰੀ ਡਿਪਟੀ ਸਪੀਕਰ : ਟਾਈਮ ਨਹੀਂ ਹੈ।

ਸਰਦਾਰ ਸ਼ਮਸ਼ੇਰ ਸਿੰਘ : ਤੁਸੀਂ ਟਾਈਮ ਐਕਸਟੈਂਡ ਕਰ ਲਵੋ ਜੀ।

ਡਿਪਟੀ ਸਪੀਕਰ ਸਾਹਿਬ, ਇਥੇ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਕਿ ਸਿੱਖਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੌਣ ਕਹਿੰਦਾ ਹਾਂ ਕਿ ਸਿੱਖਾਂ ਨਾਲ ਵਿਤਕਰਾ ਹੁੰਦਾ ਹੈ ? ਅੱਜ ਗਿਆਨੀ ਜ਼ੈਲ ਸਿੰਘ ਜੀ ਹੋਮ ਮਨਿਸਟਰ ਬਣੇ ਹੋਏ ਹਨ, ਉਹ ਸਿੱਖ ਹਨ। ਫਿਰ ਸਰਦਾਰ ਬੂਟਾ ਸਿੰਘ ਜੀ ਰੀਹੈਬਿਲੀਟੇਸ਼ਨ ਮਨਿਸਟਰ ਬਣੇ ਹੋਏ ਹਨ, ਉਹ ਸਿੱਖ ਹਨ। ਪੰਜਾਬ ਨੂੰ ਇਸ ਗੱਲ ਦਾ ਫਖਰ ਹੈ ਕਿ ਲੋਕ ਸਭਾ ਦਾ ਸਪੀਕਰ ਵੀ ਪੰਜਾਬਵਾਸੀ ਬਣਿਆ ਹੋਇਆ ਹੈ। (ਬੰਪਿੰਗ) ਕੈਨੇਡਾ ਵਿਚ ਸਰਦਾਰ ਗੁਰਦਿਆਲ ਸਿੰਘ ਢਿੱਲੋਂ ਇੰਬੈਸੇਡਰ ਦੇ ਤੌਰ ਤੇ ਲੱਗੇ ਹੋਏ ਹਨ। ਉਹ ਸਿੱਖਾਂ ਦੀ ਗੱਲ ਕਰਨ ਵਾਲੇ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਮੇਰੇ ਵੀਰਾਂ ਨੇ ਆਪ ਵੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਮਾਰਗ ਬਣਿਆ ਸੀ ਅੰਰ ਉਹ ਗਿਆਨੀ ਜ਼ੈਲ ਸਿੰਘ ਜੀ ਜਦੋਂ ਚੀਫ ਮਨਿਸਟਰ ਸਨ ਤਾਂ ਉਸ ਵੇਲੇ ਬਣਿਆ ਸੀ। ਫਿਰ ਅੰਮ੍ਰਿਤਸਰ ਵਿਚ ਗੁਰੂ ਤੇਗ ਬਹਾਦਰ ਹਸਪਤਾਲ ਦਾ ਨਾਉਂ ਗੁਰੂ ਸਾਹਿਬ ਦੇ ਨਾਉਂ ਤੇ ਰੱਖਿਆ ਗਿਆ ਜਿਸ ਨਾਲ ਗੁਰੂ ਸਾਹਿਬਾਨ ਦਾ ਅੰਰ ਸਿੱਖੀ ਦਾ ਨਾਮ ਉੱਚਾ ਹੋਇਆ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੀ ਸਾਡੀ ਸਰਕਾਰ ਦੀ ਹੀ ਦੇਣ ਹੈ। ਮੈਂ ਇਨ੍ਹਾਂ ਵੀਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਣ ਕਿ ਸਿੱਖੀ ਦੇ ਪਰਚਾਰ ਲਈ ਕਿਤਨੀਆਂ ਸੰਸਥਾਵਾਂ ਹਨ ਅੰਰ ਕਿਤਨਾਂ ਪੈਸਾ ਖਰਚ ਕੀਤਾ ਜਾਂਦਾ ਹੈ . . . .

ਸ਼੍ਰੀ ਡਿਪਟੀ ਸਪੀਕਰ : ਟਾਈਮ ਨਹੀਂ ਹੈ, ਦੂਲੋ' ਸਾਹਿਬ, ਬੈਠੋ ਤੁਸੀਂ। ਹਾਂ ਜੀ ਝਬਾਲ ਸਾਹਿਬ।

ਸਰਦਾਰ ਸ਼ਮਸ਼ੇਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਪੁਆਇੰਟ ਹੋਰ ਕਹਿ ਲੈਣ ਦਿਓ ਜੀ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਦੀਆਂ ਆਪਣੀਆਂ ਕਰਤੂਤਾਂ ਦੇ ਨਾਲ ਹੀ ਇਹ ਪੰਜਾਬ ਛੋਟਾ ਜਿਹਾ ਬਣ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਝਬਾਲ ਸਾਹਿਬ, ਟਾਈਮ ਦਾ ਖਿਆਲ ਰੱਖਣਾ। ਪੰਜਾਂ ਮਿੰਟਾਂ ਵਿਚ ਖਤਮ ਕਰ ਦੇਣਾ ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਪੰਜ ਮਿੰਟਾਂ ਵਿਚ ਕੋਈ ਗੱਲ ਨਹੀਂ ਕਹੀ ਜਾ ਸਕਦੀ ਜੀ। ਅਸੀਂ ਇਸ ਵੇਲੇ ਬਜਟ ਤੇ ਬਹਿਸ ਕਰ ਰਹੇ ਹਾਂ । ਲੋਕ ਆਸ ਕਰਦੇ ਸਨ ਕਿ ਸ਼ਾਇਦ ਇਸ ਬਜਟ ਵਿਚ ਲੋਕਾਂ ਨੂੰ ਕੁਝ ਰਾਹਤ ਮਿਲੇਗੀ ਪਰ ਇਸ ਸਰਕਾਰ ਨੇ ਇਸ ਬਜਟ ਵਿਚ ਬਜਾਏ ਕੋਈ ਰਾਹਤ ਦੇਣ ਦੇ ਉਨ੍ਹਾਂ ਤੇ ਹੋਰ ਭਾਰ ਪਾ ਦਿੱਤਾ ਹੈ। ਸਰਕਾਰੀ ਬੈਂਚਾਂ ਤੋਂ ਬੋਲਦਿਆਂ ਭਾਵੇਂ ਕਾਂਗਰਸ ਪਾਰਟੀ ਵਾਲਿਆਂ ਨੂੰ ਸਰਕਾਰ ਨੂੰ ਵਧਾਈ ਦੇਣੀ ਪੈਂਦੀ ਹੈ ਪਰ ਵਿਚ ਵਿਚ ਬੋਲਦੇ ਬੋਲਦੇ ਕਹਿ ਦਿੰਦੇ ਹਨ ਕਿ ਇਹ ਜਿਹੜਾ ਫਲਾਣਾ ਟੈਕਸ ਹੈ ਇਹ ਮਾੜਾ ਹੈ, ਇਹ ਨਹੀਂ ਸੀ ਲਗਣਾ ਚਾਹੀਦਾ। ਇਹ ਗੱਲ ਪ੍ਰੈਸ ਵਾਲਿਆਂ ਵੀ ਕਹੀ ਹੈ ਅਤੇ ਕਾਂਗਰਸੀਆਂ ਨੇ ਵੀ ਇਹ ਗੱਲ ਕਹੀ ਹੈ ਕਿ ਇਹ ਬਜਟ ਲੋਕ ਵਿਰੋਧੀ ਹੈ।

ਡਿਪਟੀ ਸਪੀਕਰ ਸਾਹਿਬ, 125 ਕਰੋੜ ਰੁਪਏ ਦਾ ਘਾਟਾ ਹੈ ਜਿਹੜਾ ਕਿ ਬਜਟ ਵਿਚ ਵਿਖਾਇਆ ਗਿਆ ਹੈ । 65 ਕਰੋੜ ਬਾਰੇ ਕਿਹਾ ਗਿਆ ਹੈ ਕਿ ਸੈਂਟਰ ਨੇ ਅਜੇ ਲੈਣਾ ਨਹੀਂ ਹੈ, ਉਹ ਅਗਾਂਹ ਪਾ ਦਿਤਾ ਗਿਆ ਹੈ, 40 ਕਰੋੜ ਦੇ ਟੈਕਸ ਲਗਾ ਦਿਤੇ ਗਏ ਹਨ ਅੋਰ 20 ਕਰੋੜ ਦੇ ਟੈਕਸ ਅਜੇ ਹੋਰ ਲਗਾਉਣੇ ਹਨ । ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਅਜੇ ਵੀ 85 ਕਰੋੜ ਰੁਪਏ ਦੀ ਤਲਵਾਰ ਲੋਕਾਂ ਦੇ ਸਿਰਾਂ ਤੇ ਲਟਕਦੀ ਹੈ ਜੋ ਕਿ ਪੰਜਾਬ ਸਰਕਾਰ ਨੇ ਲਗਾਉਣੇ ਹਨ, ਲੋਕਾਂ ਤੇ ਅਜੇ ਹੋਰ ਭਾਰ ਪੈਣਾ ਹੈ । ਇਨ੍ਹਾਂ ਨੂੰ ਸੈਂਟਰ ਵੱਲੋਂ ਵੀ ਇਸ਼ਾਰਾ ਮਿਲਿਆ ਹੈ ਕਿ ਤੁਸੀਂ ਆਪਣੇ ਸਾਧਨ ਆਪ ਲੱਭੋ । ਵਿੱਤ ਮੰਤਰੀ ਸਾਹਿਬ ਨੇ ਆਪ ਹੀ ਕਿਹਾ ਹੈ ਕਿ ਬਿਜਲੀ ਤੇ ਪਾਣੀ ਤੇ ਸਬਸਿਡੀ ਦਿੰਦੇ ਹਾਂ । 100 ਕਰੋੜ ਰੁਪਿਆ ਉਹ ਨਹੀਂ ਦਿਤਾ ਜਾ ਸਕਦਾ ਕਿਉਂਕਿ ਅਗਰ ਉਹ ਦੇਈਏ ਤਾਂ ਤਰੱਕੀ ਦੇ ਕੰਮ ਬੰਦ ਹੋ ਜਾਣਗੇ । ਆਈ. ਓ. ਐਫ. ਦੇ ਜ਼ਰੀਏ ਵੀ ਇਨ੍ਹਾਂ ਨੂੰ ਹਦਾਇਤਾਂ ਹਨ ਕਿ ਸਬਸਿਡੀਆਂ ਦੇਣੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ।

(12.57 ਵਜੇ ਬਾਅਦ ਦੁਪਹਿਰ) (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਇਹ ਕੋਈ ਦਿਆਇਤ ਨਹੀਂ ਹੈ । ਪੰਜਾਬ ਦਾ ਕਿਸਾਨ ਸਬਸਿਡੀ ਨੂੰ ਇਸਤੇਮਾਲ ਕਰਕੇ ਸੈਂਟਰਲ ਪੂਲ ਵਿਚ ਅਨਾਜ ਭੇਜਦਾ ਹੈ, ਕਣਕ ਭੇਜਦਾ ਹੈ । ਡਿਪਟੀ ਸਪੀਕਰ ਸਾਹਿਬ, ਕਣਕ ਬਾਰੇ ਵੇਖ ਲਵੋ, ਪਿਛਲੇ ਸਾਲ ਕਿਸਾਨਾਂ ਤੋਂ 130 ਰੁਪਏ ਕਣਕ ਖਰੀਦੀ ਗਈ ਅੋਰ ਬਾਹਰੋਂ ਅਮਰੀਕਾ ਤੋਂ 190 ਰੁਪਏ ਤੋਂ ਵੱਧ ਰੇਟ ਤੇ ਇਨ੍ਹਾਂ ਨੂੰ ਕਣਕ ਪਈ ਹੈ। ਇਸ ਦਾ ਮਤਲਬ ਹੈ ਕਿ 60 ਰੁਪਏ ਸਾਡੇ ਕਿਸਾਨ ਦੀ ਕਣਕ ਤੋਂ ਉਹ ਵੱਧ ਬਾਹਰਲੀ ਕਣਕ ਪਈ ਹੈ । ਇਸ ਤਰ੍ਹਾਂ ਨਾਲ ਤਿੰਨ ਅਰਬ ਰੁਪਿਆ ਕਣਕ ਵਿਚੋਂ ਅੋਰ ਦੋ ਅਰਬ ਰੁਪਿਆ ਚੌਲਾਂ ਵਿਚੋਂ ਘਟ ਸਾਡੇ ਕਿਸਾਨਾਂ ਨੂੰ ਦਿੱਤਾ ਗਿਆ ਹੈ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ । ਦੋ ਮਿੰਟ ਤੁਹਾਡੇ ਹੋਰ ਰਹਿੰਦੇ ਹਨ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਸਰਕਾਰ ਨੂੰ ਚਾਹੀਦਾ ਹੈ ਕਿ ਸਸਤੀ ਖਾਦ ਦਿੰਦੀ ਪਰ ਉਹ ਵੀ ਨਹੀਂ ਦਿਤੀ । ਦਵਾਈਆਂ ਨਹੀਂ ਦਿੱਤੀਆਂ ਜਿਹੜੀਆਂ ਦਵਾਈਆਂ ਦਿੱਤੀਆਂ ਉਨ੍ਹਾਂ ਵਿਚ ਨੁਕਸ ਸੀ । ਉਨ੍ਹਾਂ ਨੇ ਪੂਰਾ ਕੰਮ ਨਹੀਂ ਕੀਤਾ । ਮੈਂ ਕਹਿੰਦਾ ਹਾਂ ਕਿ ਪੰਜਾਬ ਦਾ ਕਿਸਾਨ

Original with;
Punjab Vidhan Sabha
Digitized by;
Panjab Digital Library

ਬਹੁਤ ਮਿਹਨਤ ਕਰਦਾ ਹੈ, ਉਹ ਆਪਣਾ ਅਨਾਜ ਪੈਦਾ ਕਰਕੇ ਸੈਂਟਰਲ ਪੂਲ ਵਿਚ ਦਿੰਦਾ ਹੈ ਪਰ ਉਸ ਦੀ ਜਿਣਸ ਦੇ ਭਾਅ ਠੀਕ ਮੁਕੱਰਰ ਨਹੀਂ ਹੁੰਦੇ । ਚਾਹੀਦਾ ਤਾਂ ਇਹ ਹੈ ਕਿ ਜਦੋਂ ਕਣਕ ਦੀ ਬਿਜਾਈ ਹੋਣੀ ਹੋਵੇ ਉਦੋਂ ਹੀ ਭਾਅ ਨਿਯੁਕਤ ਕੀਤਾ ਜਾਵੇ ਤਾਕਿ ਕਿਸਾਨ ਹਿਸਾਬ ਨਾਲ ਆਪਣੀ ਬਿਜਾਈ ਕਰ ਸਕੇ ।

ਫਿਰ ਸਪੀਕਰ ਸਾਹਿਬ, ਥੀਨ ਡੈਮ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਾਸਤੇ ਬਹੁਤ ਹੀ ਥੋੜ੍ਹਾ ਰੁਪਿਆ ਰੱਖਿਆ ਗਿਆ ਹੈ । ਹੁਣ ਸਾਡਾ ਪਾਣੀ ਦਾ ਬਹੁਤ ਨੁਕਸਾਨ ਹੋ ਰਿਹਾ ਹੈ । ਸਰਕਾਰ ਨੇ ਸਿਰਫ 12 ਕਰੋੜ ਰੁਪਿਆ ਰੱਖਿਆ ਹੈ । ਜਿਹੜਾ ਪਾਣੀ ਬਾਰੇ ਅੰਡਰਟੇਕਿੰਗ ਸੀ ਉਹ ਵੀ ਪੂਰਾ ਹੋ ਚੁੱਕਿਆ ਹੈ । ਇਸ ਥੋੜ੍ਹੇ ਜਿਹੇ ਪੈਸੇ ਨਾਲ ਤਾਂ ਕਈ ਸਾਲ ਇਹ ਡੈਮ ਪੂਰਾ ਨਹੀਂ ਹੋ ਸਕਣਾ। ਸਪੀਕਰ ਸਾਹਿਬ, ਸਰਕਾਰ ਨੇ 14 ਰੁਪਏ ਮਜ਼ਦੂਰ ਦੀ ਦਿਹਾੜੀ ਰੱਖ ਦਿੱਤੀ ਹੈ ਪਰ ਜਿਹੜੀਆਂ ਮਸ਼ੀਨਾਂ ਚਲਦੀਆਂ ਹਨ, ਜਿਹੜਾ ਉਸ ਨਾਲ ਨੁਕਸਾਨ ਹੋ ਜਾਂਦਾ ਹੈ, ਹੱਥ ਕੱਟੇ ਜਾਂਦੇ ਹਨ, ਉਸ ਦੇ ਵਾਸਤੇ ਕੋਈ ਗਰਾਂਟ ਵਗੈਰਾ ਨਹੀਂ ਦਿਤੀ ਜਾਂਦੀ । ਇਸ ਲਈ ਗਰਾਂਟ ਦੇਣ ਦੀ ਪ੍ਰੋਵੀਜ਼ਨ ਹੋਣੀ ਚਾਹੀਦਾ ਹੈ ।

ਸ਼੍ਰੀ ਸਪੀਕਰ : ਬੱਸ ਜੀ, ਝਬਾਲ ਸਾਹਿਬ, ਬੈਠੋ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਬੱਸ ਜੀ ਇਕ ਮਿੰਟ ਕਹਿ ਲੈਣ ਦਿਓ । ਮੈਂ ਪੁਲਿਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦਾ ਕੀ ਹਾਲ ਹੈ, ਇਹ ਕੀ ਕਰਦੀ ਹੈ। ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਪਿੰਡ ਦਾਉਕੇ ਵਿਚ ਪੁਲਿਸ ਨੇ ਕਿਸ ਤਰ੍ਹਾਂ ਨਾਲ ਅੱਤਿਆਚਾਰ ਕੀਤਾ ਹੈ, ਉਥੇ ਇਕ ਗਰੀਬ ਆਦਮੀ ਜੁੱਤੀਆਂ ਬਣਾਉਂਦਾ ਸੀ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਉਸ ਵਿਚਾਰੇ ਨੂੰ ਬਹੁਤ ਹੀ ਬੁਰੀ ਤਰ੍ਹਾਂ ਨਾਲ ਪੁਲਿਸ ਨੇ ਕੁੱਟਣਾ ਸ਼ੁਰੂ ਕਰ ਦਿੱਤਾ ।

ਸ਼੍ਰੀ ਸਪੀਕਰ : ਬੱਸ ਜੀ, ਬੈਠੋ, ਝਬਾਲ ਸਾਹਿਬ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਇਕ ਮਿੰਟ ਹੋਰ ਬੋਲ ਲੈਣ ਦਿਓ ਜੀ । ਸਪੀਕਰ ਸਾਹਿਬ, ਉਸ ਦੀ ਕੋਈ 16/17 ਸਾਲਾਂ ਦੀ ਲੜਕੀ ਨੇ ਕਿਹਾ ਕਿ ਮੇਰਾ ਕੋਈ ਭਰਾ ਨਹੀਂ ਹੈ, ਮੇਰੇ ਬਾਪ ਨੂੰ ਨਾ ਮਾਰੋ । ਫਿਰ ਉਸ ਦੀ ਵਹੁਟੀ ਨੇ ਦੁਹਾਈ ਪਾਈ ਪਰ ਪੁਲਿਸ ਨੇ ਇਕ ਨਾ ਸੁਣੀ ਅੱਤੇ ਉਸ ਗਰੀਬ ਵਿਚਾਰੇ ਦੇ ਕੁੱਟ ਕੁੱਟ ਕੇ ਹੱਡ ਤੋੜ ਦਿੱਤੇ । ਸਪੀਕਰ ਸਾਹਿਬ, ਉਥੇ ਪੁਲਿਸ ਨੇ ਇਤਨਾ ਅੱਤਿਆਚਾਰ ਕੀਤਾ ਹੈ ਕਿ ਤੁਸੀਂ ਸਾਰਾ ਸੁਣ ਕੇ ਹੈਰਾਨ ਹੋਵੋਗੇ । ਹੁਣ ਸਰਕਾਰੀ ਬੈਂਚਾਂ ਤੇ ਜਿਹੜੇ ਬੈਠੇ ਹਨ ਉਹ ਉਸ ਬਾਰੇ ਰਿਪੋਰਟ ਪੇਸ਼ ਨਹੀਂ ਕਰਨ ਦੇ ਰਹੇ । ਇਹ ਬੇਇਨਸਾਫੀ ਹੈ ।

ਸ਼੍ਰੀ ਸਪੀਕਰ : ਝਬਾਲ ਸਾਹਿਬ, ਤੁਸੀਂ ਬੈਠੋ । ਲੂੰਬਾ ਜੀ, ਤੁਸੀਂ ਸ਼ੁਰੂ ਕਰੋ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੈਨੂੰ ਖਤਮ ਕਰ ਲੈਣ ਦਿਓ । ਮੈਂ ਹੁਣੇ ਹੀ ਖਤਮ ਕਰ ਦਿੰਦਾ ਹਾਂ । ਇਸ ਲਈ ਮੈਂ ਇਹ ਅਰਜ਼ ਕਰਦਾ ਹਾਂ ਕਿ ਸੀ. ਐਮ. ਸਾਹਿਬ ਨੂੰ ਆਪ ਜਾ ਕੇ ਇਹ ਵੇਖਣਾ ਚਾਹੀਦਾ ਹੈ । ਉਥੇ ਪੁਲਿਸ ਨੇ ਜੋ ਜ਼ਿਆਦਤੀ ਕੀਤੀ ਹੈ, ਉਸ ਨੂੰ ਆਪ ਜਾਕੇ ਵੇਖਣ ।

ਇਸ ਤੋਂ ਇਲਾਵਾ ਜਿਹੜੀਆਂ ਪੈਨਸ਼ਨਾਂ ਹਨ ਉਹ ਲੋਕਾਂ ਨੂੰ ਨਹੀਂ ਮਿਲ ਰਹੀਆਂ, ਉਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬੈਂਕਾਂ ਰਾਹੀਂ ਗਰੀਬਾਂ ਨੂੰ ਕਰਜ਼ਾ ਮਿਲਣਾ ਹੈ, ਉਸ ਦਾ ਚੌਥਾ ਹਿੱਸਾ ਹੀ ਉਨ੍ਹਾਂ ਨੂੰ ਮਿਲਦਾ ਹੈ, ਬਾਕੀ ਦਾ ਪੈਸਾ ਉਹ ਆਪ ਖਾ ਜਾਂਦੇ ਹਨ। ਉਹ ਪੂਰਾ ਕਰਜ਼ਾ ਨਹੀਂ ਦੇ ਰਹੇ । ਸਰਕਾਰ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ।

ਮੈਂ ਹਾਲੇ ਬਹੁਤ ਸਾਰੀਆਂ ਗੱਲਾਂ ਕਰਨੀਆਂ ਸਨ ਪਰ ਟਾਈਮ ਨਾ ਮਿਲਣ ਕਰਕੇ ਨਹੀਂ ਕਰ ਸਕਦਾ । ਪਰ ਇਕ ਗੱਲ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਸ਼ੈਡਿਊਲਡ ਕਾਸਟ ਕਮਿਸ਼ਨ ਦੀ ਰਿਪੋਰਟ ਆਈ ਹੈ, ਉਸ ਵਿਚ ਵੀ ਇਹ ਗੱਲ ਕਹੀ ਗਈ ਹੈ ਕਿ ਕਿ ਸ਼ੈਡਿਊਲਡ ਕਾਸਟਸ ਨਾਲ ਝੂਠ ਲਾਰੇ ਲਾਏ ਗਏ ਹਨ । ਉਨ੍ਹਾਂ ਦਾ ਕੋਈ ਕੰਮ ਨਹੀਂ ਹੋਇਆ । ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਦਾ ਤਾਂ ਉਹ ਹਾਲ ਹੈ ਕਿ ਇਕ ਆਦਮੀ ਸੀ ਉਹ ਆਪਣਾ ਗੱਡਾ ਲੈ ਕੇ ਜਲੰਧਰ ਤੋਂ ਅੰਮ੍ਰਿਤਸਰ ਨੂੰ ਜਾ ਰਿਹਾ ਸੀ। ਪਰ ਰਸਤੇ ਵਿਚ ਕਿਸੇ ਨੇ ਪੁੱਛਿਆ ਕਿ ਤੂੰ ਕਿਥੇ ਜਾ ਰਿਹਾ ਹੈਂ ਤਾਂ ਉਹ ਕਹਿਣ ਲਗਾ ਕਿ ਮੈਂ ਦਿੱਲੀ ਜਾ ਰਿਹਾ ਹਾਂ ਸੋ ਉਹ ਹਾਲ ਇਨ੍ਹਾਂ ਦਾ ਹੈ। ਜਾ ਰਹੇ ਹਨ ਸਰਮਾਏਦਾਰੀ ਨੂੰ, ਜ਼ਿਮੀਂਦਾਰਾਂ ਵਲ, ਪਰ ਨਾਂ ਲੈਂਦੇ ਹਨ ਗਰੀਬ ਦਾ। ਸੋ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਉਨ੍ਹਾਂ ਗਰੀਬਾਂ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਪਰ ਇਤਨਾ ਜ਼ਰੂਰ ਕਹਿੰਦਾ ਹਾਂ ਕਿ ਜਦ ਵੀ ਸਾਨੂੰ ਟਾਈਮ ਦਿੱਤਾ ਕਰੋ, ਜ਼ਿਆਦਾ ਦਿੱਤਾ ਕਰੋ ਤਾਕਿ ਅਸੀਂ ਆਪਣੇ ਹਲਕੇ ਦੀਆਂ ਕੁੱਝ ਗੱਲਾਂ ਇਥੇ ਦੱਸ ਸਕੀਏ । ਅੱਜ ਮੈਨੂੰ ਜ਼ਿਆਦਾ ਸਮਾਂ ਨਾ ਮਿਲਣ ਕਰਕੇ ਮੈਂ ਕਈ ਗਲਾਂ ਨਹੀਂ ਕਰ ਸਕਿਆ।

ਸ਼੍ਰੀ ਸਪੀਕਰ : ਲੰਬਾ ਸਾਹਿਬ, ਤੁਸੀਂ 2 ਮਿੰਟ ਬੋਲ ਲਵੋ ।

ਕਾਮਰੇਡ ਬਲਦੇਵ ਸਿੰਘ ਲੰਬਾ (ਸ਼ੁਤਰਾਣਾ ਐਸ. ਸੀ.) : ਮੈਂ ਚਾਰ ਮਿੰਟ ਲਵਾਂਗਾ ਜੀ। ਪਹਿਲੀ ਗੱਲ ਤਾਂ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਬੜੀ ਚਰਚਾ ਹੋਈ ਸੀ ਕਿ ਸੈਂਟਰ ਨੇ 4 ਕਿਸ਼ਤਾਂ ਇੰਪਲਾਈਜ਼ ਨੂੰ ਦੇ ਦਿਤੀਆਂ ਹਨ । ਇਸ ਤੇ ਐਫ. ਐਮ. ਸਾਹਿਬ ਨੇ ਕਿਹਾ ਵੀ ਸੀ ਕਿ ਚਿੱਠੀ ਆਉਣ ਤੇ ਫੈਸਲਾ ਕਰ ਦੇਵਾਂਗੇ । ਹੁਣ ਮੇਰਾ ਖਿਆਲ ਹੈ ਕਿ ਚਿੱਠੀ ਆ ਗਈ ਹੋਣੀ ਹੈ। ਇਸ ਲਈ ਇਨ੍ਹਾਂ ਨੂੰ ਉਨ੍ਹਾਂ 4 ਕਿਸ਼ਤਾਂ ਦਾ ਇਥੇ ਐਲਾਨ ਕਰਨਾ ਚਾਹੀਦਾ ਹੈ।

ਦੂਜਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਭੂਮੀ ਸੁਧਾਰ ਕਾਨੂੰਨ ਬਾਰੇ ਬੜਾ ਕੁਝ ਕਿਹਾ ਜਾਂਦਾ ਹੈ, ਪਰ ਅੱਜ ਤੱਕ ਉਸ ਤੇ ਠੀਕ ਤਰ੍ਹਾਂ ਅਮਲ ਨਹੀਂ ਕੀਤਾ ਗਿਆ। ਹਾਲੇ ਵੀ ਬੇਨਾਮੀ ਜ਼ਮੀਨਾਂ ਪਈਆਂ ਹਨ ਅਤੇ ਜਿਹੜੇ ਭੂਮੀਹੀਣ ਕਿਸਾਨ ਹਨ, ਉਨ੍ਹਾਂ ਨੂੰ ਉਹ ਜ਼ਮੀਨਾਂ ਨਹੀਂ ਮਿਲ ਰਹੀਆਂ । ਇਸ ਲਈ, ਮੈਂ ਕਹਾਂਗਾ ਕਿ ਇਸ ਭੂਮੀ ਸੁਧਾਰ ਦੇ ਕਾਨੂੰਨ ਨੂੰ ਬੜੀ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਅੱਰ ਜਿਹੜੇ ਬੇਜ਼ਮੀਨੇ ਲੋਕ ਹਨ ਉਨ੍ਹਾਂ ਨੂੰ ਉਹ ਜ਼ਮੀਨ ਦੇਣੀ ਚਾਹੀਦੀ ਹੈ।

ਇਸ ਤੋਂ ਇਲਾਵਾ, ਮੈਂ ਅਗਲੀ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਟਰਾਂਸਪੋਰਟ ਦੇ ਮੁਤੱਲਕ ਵੀ ਇਥੇ ਕਾਫੀ ਕੁਝ ਕਿਹਾ ਜਾਂਦਾ ਹੈ । ਅੱਜ ਸਵੇਰੇ ਵੀ ਇਕ ਸਵਾਲ ਦੇ ਜਵਾਬ ਵਿਚ ਇਹ ਚੀਜ਼ ਸਾਡੇ ਨੋਟਿਸ ਵਿਚ ਆਈ ਹੈ ਕਿ 1980-81 ਅੱਤੇ 1981-82 ਇਨ੍ਹਾਂ ਦੋ ਸਾਲਾਂ ਵਿਚ ਪ੍ਰਾਈਵੇਟ ਟਰਾਂਸਪੋਰਟਰਜ਼ ਨੂੰ 3-3 ਕਰੋੜ ਰੁਪਿਆ ਹੋਰ ਸਰਕਾਰ ਨੂੰ ਪੈਸੰਜਰ ਟੈਕਸ ਦਾ ਦੇਣਾ ਚਾਹੀਦਾ ਸੀ ਜਿਹੜਾ ਕਿ ਸਰਕਾਰੀ ਬੱਸਾਂ ਦੇ ਰੂਟਸ ਦੇ ਮੁਤਾਬਿਕ ਬਣਦਾ ਹੈ । ਲੇਕਿਨ ਉਹ ਪੈਸਾ ਟੈਕਸ ਦਾ ਸਰਕਾਰ ਕੋਲ ਨਹੀਂ ਆਇਆ । ਇਹ 3 ਕਰੋੜ ਰੁਪਏ ਦਾ ਘਾਟਾ ਹਰ ਸਾਲ ਸਰਕਾਰ ਨੂੰ ਪੈ ਰਿਹਾ ਹੈ। ਇਸ ਲਈ,

Original with;
Punjab Vidhan Sabha
Digitized by;
Panjab Digital Library

ਮੈਂ ਇਹ ਕਹਿੰਦਾ ਹਾਂ ਕਿ ਜੇ ਟਰਾਂਸਪੋਰਟ ਨੈਸ਼ਨੇਲਾਈਜ਼ ਹੋ ਜਾਏ ਤਾਂ ਇਹ ਜਿਹੜਾ ਘਾਟਾ ਹੈ ਇਹ ਵੀ ਨਹੀਂ ਰਹੇਗਾ ਅਤੇ ਬੱਸਾਂ ਦਾ ਇੰਤਜ਼ਾਮ ਵੀ ਠੀਕ ਹੋ ਜਾਵੇਗਾ ।

ਇਸ ਤੋਂ ਅਗਲੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਟੇਟ ਤੇ ਐਡਮਨਿਸਟਰੇਸ਼ਨ ਦਾ ਕੁਝ ਵਾਧੂ ਭਾਰ ਪਾਇਆ ਹੋਇਆ ਹੈ । ਕਈ ਆਈ. ਏ. ਐਸ. ਅਫ਼ਸਰ ਔਰ ਦੂਜੇ ਅਫ਼ਸਰ ਦਫ਼ਤਰਾਂ ਵਿਚ ਵਿਹਲੇ ਬੈਠੇ ਹਨ । ਜੇ ਉਨ੍ਹਾਂ ਨੂੰ ਪੁਛੋ ਤਾਂ ਆਪ ਕਹਿੰਦੇ ਹਨ ਕਿ ਕੰਮ ਕੋਈ ਨਹੀਂ ਦਿਤਾ ਹੋਇਆ । ਜੇ ਕਦੇ ਕੋਈ ਮਾੜੀ ਮੋਟੀ ਫਾਈਲ ਆ ਜਾਂਦੀ ਹੈ ਤਾਂ ਕੱਢ ਦਿੰਦੇ ਹਨ ਨਹੀਂ ਤਾਂ ਬੈਠੇ ਰਹਿੰਦੇ ਹਨ । ਮੈਂ ਸਮਝਦਾ ਹਾਂ ਕਿ ਇਹ ਸਾਡੇ ਸੂਬੇ ਦੇ ਵਾਈਟ ਐਲੀਫੈਂਟ ਬੈਠੇ ਹਨ । ਇਸ ਲਈ ਇਹ ਜਿਹੜਾ ਵਾਧੂ ਭਾਰ ਪਾਇਆ ਹੋਇਆ ਹੈ ਇਸ ਨੂੰ ਜ਼ਰੂਰ ਘਟਾਉਣਾ ਚਾਹੀਦਾ ਹੈ।

ਆਖਰ ਵਿਚ ਮੈਂ ਟਾਈਮ ਜ਼ਿਆਦਾ ਨਾ ਲੈਂਦਾ ਹੋਇਆ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਥੇ ਜਿਹੜੀ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਔਰ ਖਾਲਿਸਤਾਨ ਇਸ਼ੂ ਬਾਰੇ ਜਿਹੜੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਉਸ ਸਬੰਧ ਵਿਚ ਅੱਜ ਬਾਦਲ ਸਾਹਿਬ ਨੇ ਇਥੇ ਬੋਲਦੇ ਹੋਏ ਬੜੀ ਖੁਲ੍ਹਦਿਲੀ ਦੇ ਨਾਲ ਇਹ ਗੱਲ ਕਹੀ ਹੈ ਕਿ ਉਹ ਦੇਸ਼ ਦੀ ਅਖੰਡਤਾ ਦੇ ਹੱਕ ਵਿਚ ਹਨ, ਉਹ ਦੇਸ਼ ਨੂੰ ਵੰਡਣਾ ਨਹੀਂ ਚਾਹੁੰਦੇ । ਪਰ ਆਪਣੀ ਸਪੀਚ ਦੇ ਆਖਰ ਵਿਚ ਉਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਪ੍ਰੋਵਿੰਸ਼ੀਅਲ ਅਟਾਨੋਮੀ ਹੋਣੀ ਚਾਹੀਦੀ ਹੈ ਔਰ ਇਹ ਚੀਜ਼ ਇਨ੍ਹਾਂ ਦੇ ਅਨੰਦਪੁਰ ਸਾਹਿਬ ਦੇ ਮਤੇ ਵਿਚ ਵੀ ਆਈ ਹੈ । ਇਨ੍ਹਾਂ ਦੀ ਇਸ ਪ੍ਰੋਵਿੰਸ਼ੀਅਲ ਅਟਾਨੋਮੀ ਦਾ ਮਤਲਬ, ਮੈਂ ਜੋ ਪੜ੍ਹਿਆ ਹੈ, ਉਸ ਦੇ ਮੁਤਾਬਿਕ ਤਾਂ ਇਹ ਹੁੰਦਾ ਹੈ ਕਿ 'ਖੁਦ ਮੁਖਤਿਆਰੀ' ਔਰ ਮੈਂ ਸਮਝਦਾ ਹਾਂ ਕਿ ਖੁਦ ਮੁਖਤਿਆਰੀ ਦਾ ਦੂਜਾ ਨਾਂ ਖਾਲਿਸਤਾਨ ਹੈ। ਮੈਂ ਇਸ ਦਾ ਮਤਲਬ ਇਹ ਸਮਝ ਸਕਿਆ ਹਾਂ । ਇਨ੍ਹਾਂ ਦਾ ਪਤਾ ਨਹੀਂ ਕੀ ਮਤਲਬ ਹੈ । ਪਰ ਜੇ ਬਾਦਲ ਸਾਹਿਬ ਇਹ ਸਮਝਦੇ ਹਨ ਕਿ ਇਨ੍ਹਾਂ ਦਾ ਇਸ ਪ੍ਰੋਵਿੰਸ਼ੀਅਲ ਅਟਾਨੋਮੀ ਤੋਂ ਇਹ ਮਤਲਬ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਇਹ ਭੁਲੇਖਾ ਲੋਕਾਂ ਦੇ ਮਨ ਤੋਂ ਦੂਰ ਕਰਨਾ ਚਾਹੀਦਾ ਹੈ । ਇਹ ਲੋਕਾਂ ਨੂੰ ਪ੍ਰੋਵਿੰਸ਼ੀਅਲ ਅਟਾਨੋਮੀ ਦਾ ਨਾਂ ਕਹਿ ਕੇ ਭੁਲੇਖੇ ਵਿਚ ਨਾ ਪਾਉਣ । ਜੋ ਇਹ ਚਾਹੁੰਦੇ ਹਨ ਕਿ ਇਨ੍ਹਾਂ ਦਾ ਮਤਲਬ ਦੇਸ਼ ਨੂੰ ਵੰਡਣ ਨਾਲ ਨਹੀਂ ਹੈ ਤਾਂ ਇਹ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਇਹ ਭੁਲੇਖਾ ਲੋਕਾਂ ਦੇ ਮਨਾਂ ਵਿਚੋਂ ਜ਼ਰੂਰ ਦੂਰ ਕਰਨਾ ਚਾਹੀਦਾ ਹੈ। ਜੇ ਇਹ ਪ੍ਰੋਵਿੰਸ਼ੀਅਲ ਅਟਾਨੋਮੀ ਦੇ ਨਾਂ ਤੇ ਸਟੇਟ ਲਈ ਸ਼ਕਤੀਆਂ ਹੋਰ ਲੈਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਸਾਫ਼ ਕਹਿਣਾ ਚਾਹੀਦਾ ਹੈ ਕਿ ਮੋਰ ਪਾਵਰ ਟੂ ਦਾ ਸਟੇਟ । ਇਹ ਕਹਿਣਾ ਚਾਹੀਦਾ ਹੈ ਕਿ ਸਟੇਟ ਕੋਲ ਅਧਿਕਾਰ ਜ਼ਿਆਦਾ ਹੋਣੇ ਚਾਹੀਦੇ ਹਨ । ਇਸ ਲਈ, ਮੈਂ, ਫਿਰ ਕਹਿੰਦਾ ਹਾਂ ਕਿ ਮੈਂ ਤਾਂ ਜੋ ਪੜ੍ਹਿਆ ਹੈ ਉਸ ਦੇ ਮੁਤਾਬਿਕ ਇਹ ਸਮਝ ਸਕਿਆ ਹਾਂ ਕਿ ਪ੍ਰੋਵਿੰਸ਼ੀਅਲ ਅਟਾਨੋਮੀ ਦਾ ਮਤਲਬ ਹੈ ਖੁਦ-ਮੁਖਤਿਆਰੀ ਔਰ ਖੁਦ-ਮੁਖਤਿਆਰੀ ਦਾ ਦੂਜਾ ਨਾਂ ਖਾਲਿਸਤਾਨ ਹੈ । ਇਸ ਲਈ, ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਇਹ ਲਫਜ਼ ਅਨੰਦਪੁਰ ਸਾਹਿਬ ਦੇ ਮਤੇ ਵਿਚ ਕੱਢ ਦੇਣੇ ਚਾਹੀਦੇ ਹਨ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਮੈਂ ਹਾਊਸ ਵਿਚ ਹਾਜ਼ਰ ਨਹੀਂ ਸੀ। ਮੈਨੂੰ ਪਤਾ ਲਗਿਆ ਹੈ ਕਿ ਮੇਰਾ ਨਾਂ ਲੈਕੇ ਹੀਰੋ ਸਾਹਿਬ ਨੇ ਕੁਝ ਗਲਤ ਇਲਫਾਜ਼ ਕਹੇ ਹਨ । ਮੈਂ ਇਥੇ ਇਕ ਵਾਰ ਨਹੀਂ ਕਈ ਵਾਰ ਕਹਿ ਚੁਕਾ ਹਾਂ ਕਿ ਇਹ ਸ਼ੋਭਦਾ ਨਹੀਂ । ਇਹ ਚੰਗਾ ਨਹੀਂ ਹੁੰਦਾ ਕਿਸੇ ਤੇ ਚਿਕੜ ਸੁਟਿਆ ਜਾਵੇ । ਇਸ ਦੇ ਬਾਵਜੂਦ ਇਥੇ ਅੱਜ ਕੁਝ ਗਲਤ ਇਲਫਾਜ਼ ਕਹਿ ਗਏ ਹਨ । ਇਸ ਲਈ ਪਹਿਲਾਂ ਤਾਂ ਮੇਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਅਰਜ਼ ਇਹ ਹੈ ਕਿ ਉਸ ਨੂੰ ਐਕਸਪੰਜ ਕਰਾਓ । ਦੂਜਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਕਿਸ ਕਿਸਮ ਦੀ ਪੁਲੀਟੀਕਲ ਲਾਈਫ ਰਹੀ ਹੈ ਉਹ ਸਭ ਨੂੰ ਪਤਾ ਹੈ । 1972 ਦਾ ਮੈਂ ਐਮ. ਐਲ. ਏ. ਬਣਿਆ ਆ ਰਿਹਾ ਹਾਂ । ਲੋਕਾਂ ਨੂੰ ਮੇਰੀ ਜਾਇਦਾਦ ਦੇ ਬਾਰੇ ਔਰ ਮੇਰੀ ਲਾਈਫ ਦੇ ਬਾਰੇ ਸਭ ਪਤਾ ਹੈ । ਜੇ ਕੋਈ ਇਸ ਕਿਸਮ ਦੇ ਇਲਜ਼ਾਮ ਲਾਉਣੇ ਹਨ ਤਾਂ ਮੇਰੀ ਅਰਜ਼ ਹੈ ਕਿ ਕੋਈ ਹਾਈ ਕੋਰਟ ਦਾ ਜੱਜ ਮੁਕੱਰਰ ਕਰ ਦਿਓ ਜਿਹੜਾ ਇਨ੍ਹਾਂ ਸਾਰੀਆਂ ਗੱਲਾਂ ਦੀ ਪੜਤਾਲ ਕਰੇ । ਐਵੇਂ ਗਲਤ ਔਰ ਬੇ-ਬੁਨਿਆਦ ਗੱਲਾਂ ਕਰਨਾ ਠੀਕ ਨਹੀਂ । ਕੀ ਉਹ ਲਫਜ਼ ਐਕਸਪੰਜ ਕਰਵਾ ਦਿੱਤੇ ਹਨ ?

ਸ਼੍ਰੀ ਸਪੀਕਰ : ਮੈਂ ਵੇਖ ਲਵਾਂਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੇਰੀ ਤਾਂ ਜਿੰਨੀ ਜਾਇਦਾਦ ਸ਼ੁਰੂ ਦੀ ਰਹੀ ਹੈ ਉਹ ਸਭ ਨੂੰ ਪਤਾ ਹੈ । ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਬੰਦਾ ਜਿਹੜਾ ਬੱਸ ਅੱਡੇ ਤੇ ਖੜ੍ਹਾ ਹੋਕੇ ਹਾਕਾਂ ਮਾਰਿਆ ਕਰਦਾ ਸੀ ਕਿ ਤਰਨ ਤਾਰਨ ਦੀ ਬੱਸ ਲੈ ਲਓ, ਤਲਵੰਡੀ ਦੀ ਬੱਸ ਲੈ ਲਓ, ਉਹ ਜੇ ਅਜ 60 ਲੱਖ ਦਾ ਮਾਲਕ ਬਣ ਗਿਆ ਹੈ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ । ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ।

Mr. Speaker: This is no personal explanation.

ਸਰਦਾਰ ਹਰਚਰਨ ਸਿੰਘ ਹੀਰੇ : ** ** **

ਸ਼੍ਰੀ ਸਪੀਕਰ : ਮੈਂ ਇਹ ਅਲਾਓ ਨਹੀਂ ਕਰਦਾ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਵੈਸੇ ਹਾਊਸ ਦੇ ਵਿਚ ਬੈਡ-ਟੇਸਟ ਦੀਆਂ ਗੱਲਾਂ ਸਾਨੂੰ ਨਹੀਂ ਕਰਨੀਆਂ ਚਾਹੀਦੀਆਂ । ਮੈਂ ਇਸ ਗੱਲ ਦੇ ਨਾਲ ਬਿਲਕੁਲ ਸਹਿਮਤ ਹਾਂ । ਬਾਕੀ ਬਿਲ ਤੇ ਜਵਾਬ ਐਫ. ਐਮ. ਸਾਹਿਬ ਦੇਣਗੇ । ਥੋੜੀਆਂ ਜਿਹੀਆਂ ਇਥੇ ਅੱਜ ਪੁਲੀਟੀਕਲ ਗੱਲਾਂ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕੀਤੀਆਂ ਹਨ ਉਸ ਦਾ ਜਵਾਬ ਦੇਣ ਲਈ ਖੜ੍ਹਾ ਹੋਇਆ ਹਾਂ । ਇਨ੍ਹਾਂ ਨੇ ਬੜੀਆਂ ਉਦਾਹਰਣਾਂ ਦਿਤੀਆਂ ਹਨ ਅਟਾਨੋਮੀ ਦੇ ਸਬੰਧ ਵਿਚ । ਇਨ੍ਹਾਂ ਨੇ ਆਨੰਦਪੁਰ ਸਾਹਿਬ ਦੇ ਮਤੇ ਵਿਚ ਅਟਾਨੋਮੀ ਦੀ ਮੰਗ ਕੀਤੀ ਹੈ । ਇਹ ਮਤਾ 2-3 ਵਾਰ ਛੱਪ ਚੁਕਾ ਹੈ ਅਤੇ ਇਸ ਦੇ ਮੁਖਤਿਲਿਫ ਕਿਸਮ ਦੇ ਮਾਅਨੇ ਕੱਢੇ ਗਏ ਹਨ । ਇਹ ਮਾਅਨੇ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਦੂਜੇ ਸਜਣਾਂ ਨੇ ਕੱਢੇ ਹਨ । ਡਿਕਸ਼ਨਰੀ ਦੇ ਵਿਚ ਅਟਾਨੋਮੀ ਦਾ ਮਤਲਬ ਹੁੰਦਾ ਹੈ ਕਿ ਖੁਦ ਮੁਖਤਿਆਰੀ, ਜਿਸ ਦੇ ਵਿਚ ਕੋਈ ਦਖਲ ਅੰਦਾਜ਼ੀ ਨਾ ਹੋਵੇ । ਜੋ ਬਾਦਲ ਸਾਹਿਬ ਨੇ ਕਿਹਾ ਉਸ ਦੀ ਮੁਰਾਦ ਅਟਾਨੋਮੀ ਤੋਂ ਹੋਰ ਕੀ ਹੋ ਸਕਦੀ ਹੈ ਅਤੇ ਕੀ ਹੈ । ਇਸ ਬਾਰੇ ਮੈਂ ਕੁਝ ਨਹੀਂ ਕਹਾਂਗਾ ਪਰ ਇਨ੍ਹਾਂ ਨੇ ਆਪਣੀ ਸਪੀਚ ਸੰਜੀਦਗੀ ਨਾਲ ਕੀਤੀ ਅਤੇ ਆਖਿਰ ਵਿਚ ਪ੍ਰੋਵਿੰਸ਼ੀਅਲ ਅਟਾਨੋਮੀ ਦਾ ਲਫਜ਼ ਕਹਿ ਕੇ ਆਪਣੀ ਸਾਰੀ ਗੱਲ ਨੂੰ ਜ਼ਿੰਦਰਾ ਮਾਰ ਦਿਤਾ ਹੈ ਅਤੇ ਇਹ ਹੋਰ ਕੋਈ ਮਾਅਨਾ ਨਹੀਂ ਕੱਢ ਸਕੇ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਪ੍ਰੋਵਿੰਸ਼ੀਅਲ ਅਟਾਨੋਮੀ ਦੇ ਨਾਲ ਕੰਸਟੀਚਿਊਸ਼ਨ ਨੂੰ ਬਦਲ ਦਿੱਤਾ ਜਾਵੇ ਅਤੇ ਸਾਨੂੰ ਵੱਧ ਅਧਿਕਾਰ ਦਿਤੇ ਜਾਣ ਜਿਸ ਵਿਚ ਦਖਲ ਅੰਦਾਜ਼ੀ ਨਾ ਹੋਵੇ । ਫੇਰ ਇਨ੍ਹਾਂ ਦੇ ਕਹਿਣ ਦਾ ਭਾਵ ਹੋਰ ਕੀ ਹੋ ਸਕਦਾ ਹੈ । ਪਿਛੇ ਜਦੋਂ ਇਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੀ ਨੂੰ ਮਿਲੇ ਅਤੇ ਇਨ੍ਹਾਂ ਨੇ ਸਵਾਲ ਉਠਾਇਆ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਜਿਹੜੇ ਸੂਬੇ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਲੀ ਤੌਰ ਤੇ ਕਮਜ਼ੋਰ ਹਨ ਉਨ੍ਹਾਂ ਦੀ ਮਾਲੀ ਸਹਾਇਤਾ ਕਰਨਾ ਸਾਡਾ ਹੱਕ ਹੈ ਪਰ ਉਨ੍ਹਾਂ ਨੇ ਕਦੇ ਪ੍ਰੋਵਿੰਸ਼ੀਅਲ ਅਟਾਨੋਮੀ ਨੂੰ ਕਦੇ ਨਹੀਂ ਮੰਨਿਆ ਕਿਉਂਕਿ ਇਸ ਦੇ ਨਾਲ ਮੁਲਕ ਦੀ ਇਨਟੈਗਰਿਟੀ ਖਤਰੇ ਵਿਚ ਪੈਂਦੀ ਹੈ ਅਤੇ ਸਟੇਬਿਲਟੀ ਖਤਮ ਹੁੰਦੀ ਹੈ। ਹਰ ਕਮਿਉਨਿਟੀ ਬੇਸ ਕਰਦੀ ਹੈ ਕਿਸੇ ਸੈਕਸ਼ਨ ਤੇ ਔਰ ਸਾਰੇ ਕਹਿਣਗੇ ਕਿ ਸਾਨੂੰ ਅਧਿਕਾਰ ਮਿਲ ਜਾਣ ਅਤੇ ਹੋਰ ਕਿਸੇ ਕੋਲ ਅਧਿਕਾਰ ਨਾ ਰਹਿਣ। ਮੈਂ ਕਹਿੰਦਾ ਹਾਂ ਕਿ ਸੈਂਟਰ ਦੀ ਸਟੇਬਿਲਟੀ, ਸਟਰੈਂਗ ਹੋਣ ਵਿਚ ਮੁਲਕ ਦੀ ਇੰਟੈਗਰਿਟੀ ਕਾਇਮ ਰਹਿ ਸਕਦੀ ਹੈ। ਐਂਟੀਨੇਸ਼ਨ ਐਲੀਮੈਂਟ ਨੂੰ ਸਟਰੈਂਗ ਨੇਸ਼ਨ ਅਤੇ ਸੈਂਟਰ ਹੀ ਖਤਮ ਕਰ ਸਕਦਾ ਹੈ ਅਤੇ ਬਾਈਫਰਕੇਸ਼ਨ, ਡਿਸਟਾਰਸ਼ਨ, ਡਿਸਸਟੈਬਿਲਟੀ ਫੋਰਸਿਜ਼ ਨੂੰ ਸਟਰੈਂਗ ਸੈਂਟਰ ਨਿਪਟ ਸਕਦਾ ਹੈ। ਤੁਹਾਡਾ ਪਿਛਲੇ 3 ਸਾਲਾਂ ਦੇ ਵਿਚ ਰਾਜ ਰਿਹਾ ਹੈ ਅਤੇ ਕਿੰਨੇ ਵੱਧ ਅਧਿਕਾਰ ਤੁਸੀਂ ਦੇਸਾਈ ਕੋਲੋਂ ਲੈ ਸਕੇ ਹੋ ਅਤੇ ਅਟਾਨੋਮੀ ਲੈ ਸਕੇ ਹੋ। ਆਇਆ ਉਸ ਨੇ ਤੁਹਾਡੀਆਂ ਸਾਰੀਆਂ ਗੱਲਾਂ ਮੰਨ ਲਈਆਂ। ਇਕ ਚੰਗਾ ਸਿੱਖ, ਹਿੰਦੂ ਅਤੇ ਮੁਸਲਮਾਨ ਦੀ ਕੁਮਿਉਨਿਟੀ ਹੀ ਇਕ ਨੇਸ਼ਨ ਬਣਾਉਂਦੀ ਹੈ। ਤੁਸੀਂ ਚਾਹੁੰਦੇ ਹੋ ਕਿ ਪੰਜਾਬ ਅਲੱਗ ਹੋ ਜਾਵੇ ਅਤੇ ਦੂਜੇ ਸੂਬਿਆਂ ਨਾਲੋਂ ਕੱਟ ਆਫ ਹੋ ਜਾਵੇ। ਤੁਹਾਡੀ ਮੁਰਾਦ ਅਟਾਨੋਮੀ ਦੀ ਇਹੋ ਹੈ ਪਰ ਦੂਜੇ ਪਾਸੇ ਇਹ ਕਹਿੰਦੇ ਹਨ ਕਿ ਅਸੀਂ ਹਿੰਦੁਸਤਾਨ ਵਿਚ ਰਹਿਣਾ ਚਾਹੁੰਦੇ ਹਾਂ ਅਤੇ ਚਾਹੁੰਦੇ ਹਾਂ ਕਿ ਇਹ ਦੇਸ਼ ਤਰੱਕੀ ਕਰੇ ਅਤੇ ਕੌਮ ਤਰੱਕੀ ਕਰੇ ਪਰ ਨਾਲ ਇਹ ਪ੍ਰੋਵਿੰਸ਼ੀਅਲ ਅਟਾਨੋਮੀ ਕਹਿ ਦਿੰਦੇ ਹਨ। ਰਿਲੀਜਨ ਇਸ਼ੂ ਤੇ ਅਸੀਂ ਕੋਈ ਫੈਸਲਾ ਕਰ ਸਕਦੇ ਹਾਂ ਅਤੇ ਦੂਜੇ ਪੌਲੀਟੀਕਲ ਮਸਲੇ ਤੇ ਹੋ ਸਕਦਾ ਹੈ ਕਿ ਅਸੀਂ ਕੰਪਰੋਮਾਈਜ਼ ਨਾ ਕਰ ਸਕੀਏ। ਕਿਉਂ ਕਿ ਜੋ ਇਸ ਸੂਬੇ ਦੀ ਇਕਾਨੋਮੀ ਹੈ ਇਸ ਦੇ ਨਾਲ ਅਸੀਂ ਸਾਰੇ ਇਫੈਕਟਿਡ ਹਾਂ। ਕੇਵਲ ਸਿੱਖ ਹੀ ਨਹੀਂ ਬਲਕਿ ਸਾਰੇ ਪੰਜਾਬੀ ਇਫੈਕਟਿਡ ਹਨ। ਜਦੋਂ ਕਦੇ ਬਾਹਰਲੇ ਸੂਬਿਆਂ ਦੇ ਵਿਚ ਖਰਾਬੀ ਆਉਂਦੀ ਹੈ ਉਸ ਦਾ ਸਵਾਲ ਉਠਦਾ ਹੈ ਅਤੇ ਅਸੀਂ ਵੀ ਸਵਾਲ ਉਠਾਉਂਦੇ ਹਾਂ। ਕੀ ਇਨ੍ਹਾਂ ਨੇ ਖੜ੍ਹੇ ਹੋ ਕੇ ਡਿਕਲੇਰੇਸ਼ਨ ਕੀਤੀ ਹੈ ਕਿ ਅਸੀਂ ਪ੍ਰੋਵਿੰਸ਼ੀਅਲ ਅਟਾਨੋਮੀ ਚਾਹੁੰਦੇ ਹਾਂ। ਇਸ ਨੂੰ ਇਹ ਤੋੜ ਮੋੜ ਕੇ ਕਹਿ ਦਿੰਦੇ ਹਨ ਅਤੇ ਇਸ ਦੇ ਵਿਚ ਸਾਬਿਤ ਹੋ ਜਾਂਦਾ ਹੈ ਕਿ ਇਹ ਅਲਹਿਦਗੀ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਦੀਆਂ ਗੱਲਾਂ ਦਾ ਪਤਾ ਹੋਣਾ ਚਾਹੀਦਾ ਹੈ ਅਤੇ ਇਹ ਸੂਬਾ ਬਾਰਡਰ ਦਾ ਹੈ। ਇਸ ਦੀ ਹਿਫਾਜ਼ਤ ਕਰਨਾ ਸਾਡਾ ਫਰਜ਼ ਹੈ। ਅਸੀਂ ਹਿੰਦੁਸਤਾਨ ਦਾ ਇਕ ਹਿੱਸਾ ਹਾਂ। ਪਰ ਬਾਦਲ ਸਾਹਿਬ ਇਸ ਗੱਲ ਨੂੰ ਟਵਿਸਟ ਕਰ ਗਏ ਹਨ। ਇਨ੍ਹਾਂ ਵਿਚ ਕਲੈਰਿਟੀ ਆਫ ਮਾਈਂਡ ਹੋਣੀ ਚਾਹੀਦੀ ਹੈ। ਪੰਜਾਬ ਇਕ ਬਹਾਦਰ ਸੂਬਾ ਹੈ। ਇਨ੍ਹਾਂ ਦੀ ਇਕ ਗੱਲ ਨੂੰ ਮੈਂ ਵੈਲਕੰਮ ਕਰਦਾ ਹਾਂ ਕਿ ਇਨ੍ਹਾਂ ਨੇ ਸਿਸੈਸ਼ਨਿਸ਼ਟਾਂ ਦੇ ਖਿਲਾਫ ਕਿਹਾ ਹੈ ਪਰ ਕਈ ਵਾਰ ਇਹ ਐਸੀ ਗਲ ਕਹਿ ਦਿੰਦੇ ਹਨ ਪਰ ਮੈਂ ਉਸ ਨੂੰ ਛੇੜਣਾ ਨਹੀਂ ਚਾਹੁੰਦਾ ਕਿਉਂਕਿ ਇਨ੍ਹਾਂ ਨੂੰ ਔਖਿਆਈ ਹੋਵੇਗੀ। ਇਨ੍ਹਾਂ ਨੇ ਮੇਰੀ ਪੱਗ ਦੀ ਗੱਲ ਕੀਤੀ ਪਰ ਮੈਂ ਦੱਸ ਸਕਦਾ ਹਾਂ ਕਿ ਮੈਂ ਤਾਂ ਹਮੇਸ਼ਾ ਤੁਹਾਡੀ ਪੱਗ ਬਚਾਉਣ ਦੀ ਕੋਸ਼ਿਸ਼ ਕਰਦਾ ਹਾਂ ਪਰ ਮੇਰੀ ਪੱਗ ਨੂੰ ਕਿਸ ਨੇ ਹੱਥ ਪਾਇਆ ਉਹ ਮੈਂ ਜਾਣਦਾ ਹਾਂ ਕਿ ਉਸ ਦੇ ਪਿਛੇ ਕੌਣ ਸੀ ਅਤੇ ਕੌਣ ਕਰਵਾਉਣ ਵਾਲਾ ਸੀ। ਮੈਂ ਇਸ ਗੱਲ ਦੇ ਵਿਚ ਨਹੀਂ ਜਾਣਾ ਚਾਹੁੰਦਾ। ਅਗਰ ਤੁਹਾਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਕੁਝ ਲਾਭ ਹੁੰਦਾ ਹੈ ਤਾਂ ਤੁਸੀਂ ਜ਼ਰੂਰ ਕਰੋ ਪਰ ਜੇਕਰ ਕੋਈ ਲਾਭ ਨਹੀਂ ਹੈ ਫੇਰ ਇਥੇ ਇਸ ਤਰ੍ਹਾਂ ਦੀਆਂ ਗੱਲਾਂ ਕਿਉਂ ਕਰਦੇ ਹੋ। ਮੈਂ ਹਾਊਸ ਵਿਚ ਕਿਸੇ ਮੈਂਬਰ ਜਾਂ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਖਿਲਾਫ ਐਸੇ ਕੋਈ ਲਫਜ਼ ਇਸਤੇਮਾਲ ਨਹੀਂ ਕਰਦਾ ਜਿਸ ਨਾਲ ਕਿਸੇ ਨੂੰ ਤਕਲੀਫ ਹੋਵੇ ਪਰ ਜੇਕਰ ਮੈਂ ਮਜ਼ਾਕ ਕਰਦਾ ਹਾਂ ਉਹ ਵੀ ਲਤੀਫ ਢੰਗ ਨਾਲ ਹੋ ਸਕਦਾ ਹੈ। ਤੁਸੀਂ ਉਨ੍ਹਾਂ ਫੋਰਸਿਜ਼, ਜਿਹੜੀਆਂ ਦੇਸ਼ ਵਿਚ ਇੰਨਸਟੇਬਿਲਟੀ ਪੈਦਾ ਕਰਨਾ ਚਾਹੁੰਦੀਆਂ ਹਨ, ਬਾਈਫਰਕੇਟ ਕਰਨਾ ਚਾਹੁੰਦੀਆਂ ਹਨ ਅਤੇ ਇੰਟੈਗਰਿਟੀ ਨੂੰ ਖਤਮ ਕਰਨਾ ਚਾਹੁੰਦੀਆਂ ਹਨ ਉਨ੍ਹਾਂ ਨੂੰ ਤੁਹਾਡੀ ਪਾਰਟੀ ਡਾਇਰੈਕਟਲੀ ਜਾਂ ਇਨਡਾਇਰੈਕਟਲੀ ਸਪੋਰਟ ਕਰਦੀ ਹੈ। ਇਹ ਮੈਨੂੰ ਦੱਸ ਦੇਣ ਇਹ ਕਿਥੋਂ ਕਿੰਨਾ ਪੈਸਾ ਲੈ ਕੇ ਆਏ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਨ । ਸਾਨੂੰ ਕਹਿੰਦੇ ਹਨ ਕਿ ਪੈਸੇ ਘੱਟ ਲਿਆਏ ਹਾਂ । ਸਪੀਕਰ ਸਾਹਿਬ, ਜਿਤਨਾ ਪੈਸਾ ਅਸੀਂ ਲਿਆਏ, ਜਿਤਨੇ ਇੰਡਸਟਰੀਅਲ ਲਸੰਸ ਅਸੀਂ ਲਿਆਏ ਅਤੇ ਜਿਤਨੀਆਂ ਫੈਕਟਰੀਆਂ ਲਿਆਏ, ਉਹ ਪਹਿਲਾਂ ਇਹ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਨਹੀਂ ਲਿਆ ਸਕੇ ਸਨ । ਸਪੀਕਰ ਸਾਹਿਬ, ਮੈਂ ਸਿਰਫ ਇਤਨਾ ਹੀ ਕਹਿਣਾ ਚਾਹੁੰਦਾ ਹਾਂ । ਮੈਂ ਆਪਣੀ ਸਪੀਚ ਨੂੰ ਸਹਿਦੂਦ ਕਰਦਾ ਹਾਂ ਅਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਵਕਤ ਦਿਤਾ ਹੈ।

EXTENSION OF TIME OF THE SITTING

ਸ਼੍ਰੀ ਸਪੀਕਰ : ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ ਇਕ ਘੰਟਾ ਵਧਾ ਦਿਤਾ ਜਾਵੇ ।

ਅਵਾਜ਼ਾਂ : ਹਾਂ ਜੀ, ਹਾਂ ਜੀ ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 2.30 ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ।

ਸਰਦਾਰ ਸ਼ਮਸ਼ੇਰ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਚੰਦ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਡਾਕਟਰ ਸਾਹਿਬ, ਤੁਸੀਂ ਬੋਲੋ ।

THE PUNJAB APPROPRIATION (No. 3) BILL, 1982

(Resumption of consideration)

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਇਸ ਹਾਊਸ ਨੇ ਬਜਟ ਉਤੇ ਪਿਛਲੇ ਸੱਤ ਦਿਨਾਂ ਤੋਂ ਬਹਿਸ ਕੀਤੀ ਹੈ । ਅੱਜ ਐਪਰੋਪਰੀਏਸ਼ਨ ਬਿਲ ਤੇ ਮਾਨਯੋਗ ਮੈਂਬਰਾਂ ਨੇ ਬਹਿਸ ਵਿਚ ਹਿੱਸਾ ਲਿਆ ਹੈ। ਆਪੋਜ਼ੀਸ਼ਨ ਦੇ ਮੈਂਬਰਾਂ ਨੇ ਅਤੇ ਆਪੋਜ਼ੀਸ਼ਨ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਬਹਿਸ ਵਿਚ ਹਿੱਸਾ ਲਿਆ ਹੈ। ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਸਭ ਤੋਂ ਵੱਧ ਸਮਾ ਲੈ ਕੇ ਆਪਣੇ ਖਿਆਲ ਹਾਊਸ ਵਿਚ ਪਰਗਟ ਕੀਤੇ ਹਨ। ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਦੀਆਂ ਪਿਛਲੀਆਂ ਕੀਤੀਆਂ ਹੋਈਆਂ ਸਪੀਚਾਂ ਕਢਾਈਆਂ ਹਨ ਅਤੇ ਵੇਖੀਆਂ ਹਨ ਜੋ ਪਿਛੇ ਹਾਊਸ ਵਿਚ ਇਥੇ ਕੀਤੀਆਂ ਹਨ। ਜੋ ਗੱਲ ਪਿਛੇ ਕਹੀ ਹੈ, ਉਹੀ ਗੱਲ ਹੁਣ ਬਾਦਲ ਸਾਹਿਬ ਵਲੋਂ ਇਥੇ ਹਾਊਸ ਵਿਚ ਕਹੀ ਗਈ ਹੈ ਕਿ ਇਹ ਬਜਟ ਕਿਸਾਨਮਾਰੂ ਹੈ, ਇਹ ਬਜਟ ਗਰੀਬਮਾਰੂ ਹੈ, ਇਹ ਬਜਟ ਕਰਮਚਾਰੀਮਾਰੂ ਹੈ ਅਤੇ ਇਹ ਬਜਟ ਪੰਜਾਬ ਮਾਰੂ ਹੈ। ਇਹ ਤਾਂ ਗਿਰਦਾਨ ਹੀ ਪੜ੍ਹੀ ਜਾ ਰਹੀ ਹੈ । ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਕਹੀ ਹੋਈ ਗੱਲ ਨੂੰ ਥੋੜਾ ਜਿਹਾ ਠੀਕ ਕਰ ਦਿੰਦਾ ਹਾਂ ਕਿ ਇਹ 33 ਸਾਲ ਨਹੀਂ ਬਲਕਿ 34 ਸਾਲ ਹੈ । 1947 ਤੋਂ ਲੈ ਕੇ 1982 ਤੱਕ 34 ਸਾਲ ਕਾਂਗਰਸ

**Expunged as ordered by the Chair

Original with;
Punjab Vidhan Sabha
Digitized by;
Panjab Digital Library

ਪਾਰਟੀ ਦਾ ਰਾਜ ਰਿਹਾ ਹੈ। ਪੰਜਾਬ ਦੀ ਜੋ ਇਸ ਸਮੇਂ ਦੇ ਦੌਰਾਨ ਖੁਸ਼ਹਾਲੀ ਹੋਈ ਹੈ, ਪੰਜਾਬ ਅਗੇ ਵਧਿਆ ਹੈ, ਪੰਜਾਬ ਨੇ ਜੋ ਤਰੱਕੀ ਕੀਤੀ ਹੈ ਉਸ ਦੀ ਕਾਂਗਰਸ ਪਾਰਟੀ ਹੀ ਜ਼ਿੰਮੇਦਾਰ ਹੈ। ਕਾਂਗਰਸ ਪਾਰਟੀ ਨੇ ਹੀ ਪੰਜਾਬ ਦੀ ਸੇਵਾ ਕੀਤੀ ਹੈ। ਕਾਂਗਰਸ ਪਾਰਟੀ ਤੋਂ ਇਲਾਵਾ ਕਿਸੇ ਹੋਰ ਪਾਰਟੀ ਨੇ ਪੰਜਾਬ ਦੀ ਸੇਵਾ ਨਹੀਂ ਕੀਤੀ। ਸਪੀਕਰ ਸਾਹਿਬ, ਛੱਜ ਤਾਂ ਬੋਲੇ ਪਰ ਛਾਨਣੀ ਕੀ ਬੋਲੇ। ਸਪੀਕਰ ਸਾਹਿਬ, ਛੱਜ ਤਾਂ ਬੋਲ ਸਕਦਾ ਹੈ ਪਰ ਛਾਣਨੀ ਨਹੀਂ ਬੋਲ ਸਕਦੀ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ, ਮੈਂਬਰ ਸਾਹਿਬਾਨ ਨੂੰ ਵੀ ਪਤਾ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਵੀ ਪਤਾ ਹੈ। 1967, 1969 ਅਤੇ 1977 ਵਿਚ ਦੋ ਵਾਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਸਨ। ਬਾਦਲ ਸਾਹਿਬ ਬੜੇ ਮਿੱਠੇ ਬੋਲਦੇ ਹਨ। ਮਿੱਠਾ ਬੋਲ ਬੋਲਕੇ ਲੋਕਾਂ ਨੂੰ ਫੁਸਲਾਅ ਲੈਂਦੇ ਹਨ। ਮੈਂਬਰਾਂ ਨੂੰ ਵੀ ਮਿਠੇ ਬੋਲ ਬੋਲ ਕੇ ਫੁਸਲਾਅ ਲੈਂਦੇ ਹਨ ਅਤੇ ਆਪਣੇ ਨਾਲ ਕਰ ਲੈਂਦੇ ਹਨ। ਇੱਕ ਸ਼ੇਅਰ ਹੈ, ਸਪੀਕਰ ਸਾਹਿਬ ਕਿ :—

ਇਕਬਾਲ ਬੜਾ ਉਪਦੇਸ਼ਕ ਹੈ, ਮਨ ਬਾਤੋਂ ਸੇ ਮੋਹ ਲੇਤਾ ਹੈ।

ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਜੋ ਕਹਿੰਦੇ ਹਨ ਕਾਸ਼ ਕਿ ਉਹ 1967, 1969 ਅਤੇ 1977 ਵਿਚ ਕਰ ਕੇ ਵਿਖਾਉਂਦੇ। ਜੇਕਰ ਉਹ ਕੁਝ ਕਰ ਕੇ ਵਿਖਾਉਂਦੇ ਤਾਂ ਮੈਂ ਸਮਝ ਸਕਦਾ ਕਿ ਉਹ ਜੋ ਕੁਝ ਬੋਲ ਰਹੇ ਹਨ, ਉਹ ਦਿਲੋਂ ਬੋਲ ਰਹੇ ਹਨ ਪਰ ਸਪੀਕਰ ਸਾਹਿਬ, ਉਹ ਦਿਲੋਂ ਨਹੀਂ ਬੋਲ ਰਹੇ। ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਦੋ ਵਾਰ ਮੁੱਖ ਮੰਤਰੀ ਬਣਾਇਆ ਅੱਰ ਇਹ ਕਦੇ ਜਨ ਸੰਘ (ਬੀ. ਜੇ ਪੀ.) ਨਾਲ ਮਿਲੇ ਅਤੇ ਸੀ. ਪੀ. ਆਈ. ਅਤੇ ਸੀ. ਪੀ. ਐਮ. ਨਾਲ ਕਦੇ ਮਿਲੇ ਅੱਰ ਸਾਰੀਆਂ ਪਾਰਟੀਆਂ ਨੇ ਮਿਲ ਕੇ ਸਰਕਾਰ ਬਣਾਈ ਸੀ। ਪਰ ਸਪੀਕਰ ਸਾਹਿਬ, ਇਨ੍ਹਾਂ ਦੇ ਸਾਥੀਆਂ ਨੇ ਕੁਝ ਦੇਰ ਬਾਅਦ ਇਨ੍ਹਾਂ ਦਾ ਸਾਥ ਛੱਡ ਦਿਤਾ ਅਤੇ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦਾ ਸਾਥ ਛੱਡ ਦਿਤਾ। ਫਿਰ ਇਨ੍ਹਾਂ ਨੂੰ ਆਪਣੀ ਸਰਕਾਰ ਤੋੜਨੀ ਪਈ। (ਵਿਘਨ) (ਸ਼ੋਰ)

Mr. Speaker: No interruption please.

ਵਿੱਤ ਮੰਤਰੀ: ਸਪੀਕਰ ਸਾਹਿਬ, ਦੋ ਵਾਰ ਇਨ੍ਹਾਂ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ। ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਸੇਵਾ ਨਹੀਂ ਕੀਤੀ ਜਿਸ ਕਰਕੇ ਲੋਕਾਂ ਨੇ ਇਨ੍ਹਾਂ ਨੂੰ ਇਧਰੋਂ ਉਧਰ ਬਿਠਾ ਦਿਤਾ। (ਥੰਪਿੰਗ) ਸਪੀਕਰ ਸਾਹਿਬ, ਲੋਕਾਂ ਨੇ ਇਨ੍ਹਾਂ ਨੂੰ ਸਜ਼ਾ ਦਿੱਤੀ ਹੈ। ਲੋਕਾਂ ਨੇ ਸਜ਼ਾ ਇਨ੍ਹਾਂ ਨੂੰ ਇੱਕ ਵਾਰ ਨਹੀਂ ਦਿੱਤੀ ਬਲਕਿ ਦੋ ਵਾਰ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਸਜਾ ਦਿੱਤੀ ਹੈ। ਇਸ ਕਰਕੇ ਹੀ ਇਨ੍ਹਾਂ ਦੀ ਸਰਕਾਰ ਪੰਜਾਬ ਵਿਚ ਨਹੀਂ ਬਣ ਸਕੀ। ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੀ ਸਰਕਾਰ ਨੂੰ ਤੋੜਨ ਲਈ ਮਜ਼ਬੂਰ ਕਰ ਦਿਤਾ। ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਪੰਜਾਬ ਦੀ ਕਾਂਗਰਸ ਪਾਰਟੀ ਨੇ ਪੰਜਾਬ ਦੀ ਤਰੱਕੀ ਕੀਤੀ ਹੈ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ ਹੈ। ਇਸੇ ਕਰਕੇ ਹੀ ਪੰਜਾਬ ਵਿਚ ਕਾਂਗਰਸ ਸਰਕਾਰ ਬਣੀ। ਸਪੀਕਰ ਸਾਹਿਬ ਜੇਕਰ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਪੰਜਾਬ ਦੀ ਸੇਵਾ ਕੀਤੀ ਹੁੰਦੀ ਤਾਂ ਮੁੜ ਇਨ੍ਹਾਂ ਦੀ ਸਰਕਾਰ ਬਣਦੀ। ਜੇਕਰ ਕਾਂਗਰਸ ਦੇ ਲੋਕ ਖਿਲਾਫ ਹੁੰਦੇ ਤਾਂ ਇਨ੍ਹਾਂ ਨੂੰ ਤਾਕਤ ਤੋਂ ਹਟਾਉਂਦੇ। ਪਰ ਬਾਰ ਬਾਰ ਕਾਂਗਰਸ ਨੂੰ ਵੋਟਾਂ ਦੇ ਕੇ ਲੋਕਾਂ ਨੇ ਕਾਂਗਰਸ ਨੂੰ ਮਜ਼ਬੂਤ ਕੀਤਾ ਹੈ। ਪਰ ਜਦੋਂ ਇਨ੍ਹਾਂ ਨੂੰ ਰਾਜ ਕਰਨ ਦਾ ਮੌਕਾ ਮਿਲਿਆ ਤਾਂ ਉਸ ਤੋਂ ਇਨ੍ਹਾਂ ਨੇ ਕੋਈ ਫਾਇਦਾ ਨਹੀਂ ਉਠਾਇਆ। ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਫਾਇਨਾਂਸ਼ੀਅਲ ਆਸਪੈਕਟ ਦਾ ਬੜਾ ਜ਼ਿਕਰ ਕੀਤਾ ਕਿ ਜੋ ਪੈਸੇ ਪਲੈਨ ਲਈ ਰੱਖੇ ਗਏ ਹਨ ਇਹ ਕੁਝ ਨਹੀਂ ਹਨ। ਕਿਹਾ ਗਿਆ ਕਿ 385 ਕਰੋੜ ਦਾ

Original with;
Punjab Vidhan Sabha
Digitized by:
Panjab Digital Library

[ਵਿੱਤ ਮੰਤਰੀ]

ਪਲੈਨ ਕੀ ਹੁੰਦਾ ਹੈ। ਇਹ ਵੀ ਕਿਹਾ ਗਿਆ ਕਿ ਇਸ ਨਾਲ ਕੀ ਹੋਣਾ ਹੈ ਕਿਉਂਕਿ ਇਨਫਲੇਸ਼ਨ ਬਹੁਤ ਵਧ ਗਈ ਹੈ। ਸਪੀਕਰ ਸਾਹਿਬ, ਉਸ ਦਿਨ ਇਹ ਤਸ਼ਰੀਫ ਨਹੀਂ ਰੱਖ ਰਹੇ ਸਨ ਜਿਸ ਦਿਨ ਮੈਂ ਸਰਦਾਰ ਬਲਵੰਤ ਸਿੰਘ ਅੌਰ ਬਰਨਾਲਾ ਸਾਹਿਬ ਦਾ ਜਵਾਬ ਦਿੱਤਾ ਸੀ। ਕਿਉਂਕਿ ਇਨ੍ਹਾਂ ਨੇ ਅੱਜ ਫਿਰ ਇਸ ਬਾਰੇ ਜ਼ਿਕਰ ਕੀਤਾ ਹੈ, ਇਸ ਲਈ ਮੇਰਾ ਫਰਜ਼ ਬਣਦਾ ਹੈ ਕਿ ਮੈਂ ਆਪਣੀ ਆਵਾਜ਼ ਇਨ੍ਹਾਂ ਦੇ ਕੰਨਾਂ ਤੱਕ ਪਹੁੰਚਾਵਾਂ। ਮੈਂ ਬਾਦਲ ਸਾਹਿਬ ਨੂੰ ਤੁਹਾਡੇ ਦੁਆਰਾ ਦਸਣਾ ਚਾਹੁੰਦਾ ਹਾਂ ਕਿ ਇਹ ਜਦੋਂ ਚੀਫ ਮਨਿਸਟਰ ਸਨ ਤਾਂ ਉਸ ਵੇਲੇ ਇਨ੍ਹਾਂ ਦੀ ਪਲੈਨ ਕਦੇ ਵੀ 260 ਕਰੋੜ ਤੋਂ ਜ਼ਿਆਦਾ ਨਹੀਂ ਬਣਾਈ ਗਈ ਸੀ। ਉਸ ਵਿਚੋਂ ਵੀ ਜੋ ਪਲੈਨ ਲਈ ਰੁਪਿਆ ਰਖਿਆ ਜਾਂਦਾ ਸੀ ਇਨ੍ਹਾਂ ਨੇ 93 ਕਰੋੜ ਉਸ ਵਿਚੋਂ ਕੱਟ ਦਿੱਤਾ। ਹੁਣ ਸਾਨੂੰ ਕਹਿੰਦੇ ਹਨ ਕਿ ਮਿਸ-ਮੈਨੇਜਮੈਂਟ ਕੀਤੀ ਜਾ ਰਹੀ ਹੈ। ਇਨ੍ਹਾਂ ਨੇ ਜੋ ਪਲੈਨ ਟਾਰਗੈਟ ਰਖਿਆ ਸੀ ਉਸ ਵਿਚੋਂ ਇਨ੍ਹਾਂ ਨੇ 93 ਕਰੋੜ ਦੀ ਕੱਟ ਲਗਾ ਦਿੱਤੀ ਸੀ। ਕੀ ਇਹ ਅੱਛੀ ਮੈਨੇਜਮੈਂਟ ਕਹੀ ਜਾ ਸਕਦੀ ਹੈ। ਜਿਸ ਸਰਕਾਰ ਨੇ ਪਲੈਨ ਵਾਸਤੇ ਰਖੇ ਪੈਸੇ ਵਿਚੋਂ ਕੱਟ ਲਗਾ ਦਿੱਤੀ ਹੋਵੇ ਪਰ ਜਿਸ ਸਰਕਾਰ ਨੇ ਜੋ ਰੁਪਿਆ ਪਲੈਨ ਵਾਸਤੇ ਰੱਖਿਆ ਉਹ ਪੂਰਾ ਲਗਾਇਆ। ਜੇਕਰ 300 ਕਰੋੜ ਦੀ ਇਸ ਸਰਕਾਰ ਨੇ ਪਲੈਨ ਬਣਾਈ ਤਾਂ 300 ਕਰੋੜ ਹੀ ਖਰਚਿਆ। ਜੇਕਰ 340 ਕਰੋੜ ਦੀ ਪਲੈਨ ਚਲ ਰਹੀ ਹੈ ਤਾਂ 340 ਕਰੋੜ ਹੀ ਖਰਚ ਹੋਵੇਗਾ ਅੌਰ ਇਸ ਤੋਂ ਜ਼ਰਾ ਵੀ ਘਟ ਖਰਚ ਨਹੀਂ ਹੋਵੇਗਾ। ਸਪੀਕਰ ਸਾਹਿਬ, ਅਸੀਂ ਇਸ ਗੱਲ ਦਾ ਖਿਆਲ ਰਖਿਆ ਕਿ ਅੈਨੇ ਪੈਸੇ ਨਾਲ ਕਿਸੇ ਸਰਕਾਰ ਦਾ ਕੰਮ ਨਹੀਂ ਚਲ ਸਕਦਾ। ਅਸੀਂ ਖਾਸ ਤੌਰ ਤੇ ਫਾਈਨਾਂਸ਼ੀਅਲ ਇਨਸਟੀਚਿਊਸ਼ਨ ਨਾਲ ਰਾਬਤਾ ਕਾਇਮ ਕੀਤਾ ਅੌਰ ਇਸ ਲਈ ਇਕ ਅਲੈਹਿਦਾ ਮਹਿਕਮਾ ਬਣਾਇਆ ਅੌਰ ਉਸ ਲਈ ਇਕ ਡਾਇਰੈਕਟਰ ਮੁਕਰਰ ਕੀਤਾ ਤਾਕਿ ਫਾਈਨਾਂਸ਼ੀਅਲ ਇਨਸਟੀਚਿਊਸ਼ਨ ਤੋਂ ਮਦਦ ਮਿਲੇ। ਮੈਨੂੰ ਇਹ ਦਸਣ ਵਿਚ ਖੁਸ਼ੀ ਹੈ ਕਿ 1980-81 ਵਿਚ ਅਸੀਂ 300 ਕਰੋੜ ਹੀ ਨਹੀਂ ਖਰਚਿਆ ਬਲਕਿ 127 ਕਰੋੜ ਹੋਰ ਫਾਈਨਾਂਸ਼ੀਅਲ ਇਨਸਟੀਚਿਊਸ਼ਨ ਤੋਂ ਲੈ ਕੇ ਕੁੱਲ ਇਸ ਲਈ 427 ਕਰੋੜ ਖਰਚਿਆ। ਇਸੇ ਤਰ੍ਹਾਂ ਹੀ 1981-82 ਲਈ 340 ਕਰੋੜ ਦੀ ਪਲੈਨ ਸੀ। ਪਰ ਅਸੀਂ 225 ਕਰੋੜ ਹੋਰ ਫਾਈਨਾਂਸ਼ੀਅਲ ਇਨਸਟੀਚਿਊਸ਼ਨ ਤੋਂ ਲੈ ਕੇ ਕੁੱਲ ਇਸ ਸਾਲ 565 ਕਰੋੜ ਪੰਜਾਬ ਦੀ ਡਿਵੈਲਪਮੈਂਟ ਤੇ ਖਰਚ ਹੋਵੇਗਾ। ਇਨ੍ਹਾਂ ਦੇ ਸਮੇਂ 220 ਕਰੋੜ ਜਾਂ 210 ਕਰੋੜ ਖਰਚ ਹੁੰਦਾ ਸੀ ਜਦ ਕਿ ਹੁਣ ਸਾਡੇ ਵੇਲੇ ਇਹ ਖਰਚਾ 427 ਕਰੋੜ ਅੌਰ 565 ਕਰੋੜ ਹੋ ਰਿਹਾ ਹੈ। ਇਸ ਤੋਂ ਅੱਛੀ ਮੈਨੇਜਮੈਂਟ ਹੋਰ ਕਿਹੜੀ ਹੋ ਸਕਦੀ ਹੈ। ਜਿਸ ਦੇ ਪੱਲੇ ਕੁਝ ਨਹੀਂ ਹੁੰਦਾ ਉਸ ਨੇ ਖਰਚਣਾ ਕੀ ਹੈ। ਜੇਕਰ ਇਨ੍ਹਾਂ ਵੇਲੇ ਪਲੈਨ ਵਿਚ ਪੈਸੇ ਹੀ ਨਹੀਂ ਸਨ ਫਿਰ ਉਸ ਵੇਲੇ ਖਰਚ ਕੀ ਹੋਣਾ ਸੀ। ਇਹ ਕਹਿੰਦੇ ਹਨ ਕਿ ਇਨ੍ਹਾਂ ਦੇ ਵੇਲੇ ਫੋਕਲ ਪੁਆਇੰਟ ਬਣਾਏ ਗਏ ਪਰ ਲੋਕ ਉਨ੍ਹਾਂ ਨੂੰ ਫੋਕੇ ਪੁਆਇੰਟ ਕਹਿੰਦੇ ਹਨ। ਕੋਈ ਫੋਕਲ ਪੁਆਇੰਟ ਕਿਤੇ ਨਜ਼ਰ ਨਹੀਂ ਆਉਂਦਾ ਹੈ। ਇਸੇ ਤਰ੍ਹਾਂ ਹੀ ਇਹ ਕਹਿੰਦੇ ਹਨ ਕਿ ਇਨ੍ਹਾਂ ਵੇਲੇ ਆਦਰਸ਼ ਸਕੂਲ ਖੋਲ੍ਹੇ ਗਏ। ਪਰ ਜੋ ਹਾਲਤ ਆਦਰਸ਼ ਸਕੂਲਾਂ ਦੀ ਹੋਈ ਹੈ, ਉਸ ਬਾਰੇ ਸਾਰਿਆਂ ਨੂੰ ਪਤਾ ਹੈ। ਇਨ੍ਹਾਂ ਬਾਰੇ ਕਈ ਵਾਰੀ ਸਾਡੇ ਸਿਖਿਆ ਮੰਤਰੀ ਦਸ ਚੁੱਕੇ ਹਨ ਕਿ ਕਿਸ ਤਰ੍ਹਾਂ ਦਾ ਇਸ ਸਬੰਧੀ ਮੈਸ ਬਣਿਆ ਹੋਇਆ ਸੀ। ਫਿਰ ਇਨ੍ਹਾਂ ਨੇ ਕਿਹਾ ਕਿ ਡਿਵੈਲਪਮੈਂਟ ਇੰਟੈਗਰੇਸ਼ਨ ਸਕੀਮ ਸ਼ੁਰੂ ਕੀਤੀ ਅਤੇ ਉਸ ਲਈ ਕਿਹਾ ਗਿਆ ਕਿ 302 ਕਰੋੜ ਰੁਪਿਆ ਰਖਿਆ ਗਿਆ ਹੈ। ਪਰ ਖਰਚ ਕੀਤਾ ਗਿਆ ਸਿਰਫ 17 ਕਰੋੜ। ਤੁਸੀਂ ਆਪ ਹੀ ਵੇਖ ਲਓ ਕਿ ਉਸ ਵੇਲੇ, ਇਨ੍ਹਾਂ ਦੇ ਵੇਲੇ ਕਿੰਨੀ ਮਿਸਮੈਨੇਜਮੈਂਟ ਹੋ ਰਹੀ ਸੀ। ਇਸੇ ਦਾ ਹੀ ਨਤੀਜਾ ਹੈ ਕਿ ਲੋਕਾਂ ਨੇ ਅੱਜ ਇਨ੍ਹਾਂ ਨੂੰ ਇਧਰੋਂ ਚੁਕ ਕੇ ਉਧਰ ਆਪੋਜ਼ੀਸ਼ਨ ਵਿਚ ਬਿਠਾ ਦਿੱਤਾ ਹੈ। ਅੱਜ ਇਹ ਕਹਿ ਰਹੇ ਹਨ ਕਿ ਇਸ ਸਰਕਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਪਰ ਮੈਂ ਬਾਦਲ ਸਾਹਿਬ ਨੂੰ ਦਸਣਾ

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਇਹ ਸਰਕਾਰ ਲੋਕਾਂ ਦੀ ਸੇਵਾ ਕਰੇਗੀ (ਥੰਪਿੰਗ) ਅੌਰ ਸੇਵਾ ਨਾਲ ਹੀ ਇਹ ਲੋਕਾਂ ਦੇ ਦਿਲ ਜਿੱਤੇਗੀ। ਲੋਕ ਖੁਸ਼ ਹੋ ਕੇ ਇਸ ਪਾਰਟੀ ਨੂੰ ਵੋਟਾਂ ਦੇਣਗੇ ਅੌਰ ਮੁੜ ਫਿਰ ਇਸ ਪਾਰਟੀ ਨੂੰ ਰਾਜ ਭਾਗ ਸੰਭਾਲਣਗੇ। ਲੋਕ ਇਨ੍ਹਾਂ ਨੂੰ ਵੋਟਾਂ ਦੇਣਗੇ ਅੌਰ ਮੁੜ ਫਿਰ ਜਿਤਾਉਣਗੇ। ਜਿਹੜੇ ਪੰਜਾਬ ਦੇ ਭਲੇ ਵਾਸਤੇ ਗਲ ਨਹੀਂ ਕਰਦੇ ਲੋਕ ਉਨ੍ਹਾਂ ਨੂੰ ਮੂੰਹ ਕਿਉਂ ਲਗਾਉਣਗੇ। ਇਹ ਇੱਕ ਛੋਟਾ ਜਿਹਾ ਪੈਮਫਲਿਟ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਪੰਜਾਬ ਹਿੰਦੁਸਤਾਨ ਦੀਆਂ ਬਹੁਤ ਸਾਰੀਆਂ ਸਟੇਟਾਂ ਨਾਲੋਂ ਅੱਗੇ ਹੈ। ਇਹ ਕਿਸ ਦੀ ਬਦੌਲਤ ਹੈ? ਇਸ ਦੀ ਬਦੌਲਤ ਪੰਜਾਬ ਵਿਚ ਸਟੇਬਲ ਕਾਂਗਰਸ ਮਨਿਸਟਰੀਆਂ ਰਹੀਆਂ ਅੌਰ ਉਨ੍ਹਾਂ ਨੇ ਅੌਗਰੀਕਲਚਰ ਸਫੀਅਰ ਵਿਚ, ਡਿਵੈਲਪਮੈਂਟ ਦੇ ਸਫੀਅਰ ਵਿਚ, ਅੌਜੂਕੇਸ਼ਨ ਦੇ ਸਫੀਅਰ ਵਿਚ ਅੌਰ ਹਰ ਸਫੀਅਰ ਵਿਚ ਤਰੱਕੀ ਕੀਤੀ ਹੈ। ਇਹ ਤਸਵੀਰ ਹੈ ਜਿਸ ਵਿਚ ਇਹ ਦਰਸਾਇਆ ਗਿਆ ਹੈ ਕਿ ਪਿਛਲੇ ਸਾਲਾਂ ਵਿਚ ਕਾਂਗਰਸ ਸਰਕਾਰ ਦੀ ਬਦੌਲਤ ਕੀ ਕੁਝ ਕੀਤਾ ਗਿਆ ਹੈ।

ਸਪੀਕਰ ਸਾਹਿਬ, ਇਨ੍ਹਾਂ ਨੇ 385 ਕਰੋੜ ਦੀ ਪਲੈਨ ਨੂੰ ਕਿਹਾ ਹੈ ਕਿ ਇਹ ਪਲੈਨ ਘਟ ਜਾਵੇਗੀ। ਸ਼ਾਇਦ ਇਨ੍ਹਾਂ ਨੇ ਅਖਬਾਰਾਂ ਵਿਚ ਪੜ੍ਹਿਆ ਨਹੀਂ ਹੈ ਕਿ ਇਨਫਲੇਸ਼ਨ ਰੇਟ ਘਟ ਗਿਆ ਹੈ ਅੌਰ ਇਹ ਘਟ ਕੇ 5% ਤੋਂ ਵੀ ਥੱਲੇ 2% ਤਕ ਚਲਾ ਗਿਆ ਹੈ। ਮੈਂ ਇਸ ਬਾਰੇ ਟ੍ਰਿਬਿਊਨ ਦਾ ਹਵਾਲਾ ਦੇਕੇ ਦਸਿਆ ਸੀ। ਇਹ ਮੈਂ ਫਿਰ ਦਸਣਾ ਚਾਹੁੰਦਾ ਹਾਂ ਕਿ ਜੋ ਪਲੈਨ ਟਾਰਗੈਟ ਮੁਕੱਰਰ ਕੀਤਾ ਹੈ, ਉਹ ਸਾਰੇ ਦਾ ਸਾਰਾ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਖਰਚ ਹੋਵੇਗਾ। ਇਕ ਹੋਰ ਇਥੇ ਜ਼ਿਕਰ ਕੀਤਾ ਗਿਆ ਸੀ ਕਿ ਇਹ ਗਾਂਧੀ ਦੇ ਭਗਤ ਹਨ ਪਰ ਸ਼ਰਾਬ ਦੇ ਪੈਸੇ ਨਾਲ ਇਥੇ ਕੰਮ ਕਰਨਾ ਚਾਹੁੰਦੇ ਹਨ। ਮੈਂ ਬਾਦਲ ਸਾਹਿਬ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਦੋਂ ਸੈਂਟਰ ਵਿਚ ਜਨਤਾ ਪਾਰਟੀ ਦਾ ਰਾਜ ਬਣਿਆ ਤਾਂ ਮਹਾਤਮਾ ਗਾਂਧੀ ਦੀ ਸਮਾਧ ਤੇ ਇਹ ਵੀ ਪਹੁੰਚੇ ਸੀ ਅੌਰ ਇਨ੍ਹਾਂ ਨੇ ਉਥੇ ਸਿਰ ਝੁਕਾ ਕੇ ਸਹੁੰ ਖਾਧੀ ਸੀ। ਮਗਰੋਂ ਇਨ੍ਹਾਂ ਦੀ ਜਵਾਬ ਤਲਬੀ ਹੋ ਗਈ. ਉਸ ਵਿਚ ਮੈਂ ਜਾਣਾ ਨਹੀਂ ਚਾਹੁੰਦਾ। ਇਨ੍ਹਾ ਨੇ ਮਹਾਤਮਾ ਗਾਂਧੀ ਜੀ ਦੀ ਸਮਾਧ ਤੇ ਸੁਗੰਧ ਖਾਧੀ ਕਿ ਅਸੀਂ ਇਕੱਠੇ ਰਹਾਂਗੇ। ਪਰ ਇਸ ਗੱਲ ਨੂੰ ਲੋਕਾਂ ਨੇ ਦੇਖ ਲਿਆ ਹੈ। ਉਸ ਵੇਲੇ ਮੋਰਾਰਜੀ ਦਿਸਾਈ ਦਾ ਹੁਕਮ ਸੀ ਕਿ ਨਸ਼ਾਬੰਦੀ ਕਰੋ। (ਆਵਾਜ਼ਾਂ: ਤੁਸੀਂ ਨਸਬੰਦੀ ਪ੍ਰੋਗਰਾਮ ਤੇ ਜ਼ੋਰ ਦੇ ਰਹੇ ਹੋ) ਨਸਬੰਦੀ ਅੱਛਾ ਪ੍ਰੋਗਰਾਮ ਹੈ। ਫੈਮਿਲੀ ਪਲੈਨਿੰਗ ਜ਼ਰੂਰ ਹੋਣੀ ਚਾਹੀਦੀ ਹੈ। ਇਨ੍ਹਾਂ ਨੇ ਉਸ ਵੇਲੇ ਕਿਹਾ ਕਿ ਤੁਹਾਡੇ ਹੁਕਮ ਅਨੁਸਾਰ ਅਸੀਂ ਨਸ਼ਾਬੰਦੀ ਕਰਾਂਗੇ ਅੌਰ ਜੋ ਪ੍ਰਾਈਮ ਮਨਿਸਟਰ ਦੀ ਨਸੀਹਤ ਹੈ ਉਸ ਅਨੁਸਾਰ ਕੰਮ ਕਰਾਂਗੇ। ਇਨ੍ਹਾਂ ਨੇ ਕਿਹਾ ਕਿ ਨਾਲੇ ਵੀ ਹੋਣਗੇ। ਹੋਰ ਵੀ ਬਹੁਤ ਕੁਝ ਕੀਤਾ ਗਿਆ। ਨਤੀਜਾ ਕੀ ਹੋਇਆ? ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਅੈਕਸਾਈਜ਼ ਦਾ ਬਜਟ 66 ਕਰੋੜ ਦਾ ਵਧ ਕੇ 88 ਕਰੋੜ ਹੋ ਗਿਆ। ਇਨ੍ਹਾਂ ਨੇ ਇਸ ਵਿਚੋਂ 22 ਕਰੋੜ ਦੀ ਫਾਲਤੂ ਕਮਾਈ ਕੀਤੀ। ਇਸ ਦਾ ਵੀ ਇਨ੍ਹਾਂ ਨੂੰ ਖਿਆਲ ਰਖਣਾ ਚਾਹੀਦਾ ਹੈ। ਹੁਣ ਜੇਕਰ ਸਟੇਟ ਕੋਲ ਪੈਸੇ ਜ਼ਿਆਦਾ ਆ ਗਏ ਹਨ ਅੌਰ ਮਿਲਾਵਟ ਕਰਨ ਵਾਲਿਆਂ ਤੇ ਅਸੀਂ ਸਖਤ ਕਦਮ ਉਠਾਏ ਹਨ ਤਾਂ ਬਾਦਲ ਸਾਹਿਬ ਤੋਂ ਇਸ ਬਾਰੇ ਤਾਰੀਫ ਨਹੀਂ ਕੀਤੀ ਗਈ। ਅਸੀਂ ਵੀ ਨਸ਼ਾਬੰਦੀ ਦੇ ਹੱਕ ਵਿਚ ਹਾਂ। ਸ਼ਰਾਬ ਅਮੀਰ ਆਦਮੀ ਹੀ ਪੀਂਦਾ ਹੈ। ਇਹ ਅਸ਼ੈਸ਼ਿਅਲ ਕਮੌਡਿਟੀ ਨਹੀਂ ਹੈ। ਜੇਕਰ ਅੈਕਸਾਈਜ਼ ਪਾਲਿਸੀ ਨਾਲ ਜ਼ਿਆਦਾ ਪੈਸੇ ਆ ਜਾਂਦੇ ਹਨ ਤਾਂ ਇਨ੍ਹਾਂ ਨੂੰ ਖੁਸ਼ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਥੇ ਇਹ ਵੀ ਕਿਹਾ ਗਿਆ ਹੈ ਕਿ ਓਵਰਡਰਾਫਟ ਬਹੁਤ ਵਧ ਗਿਆ ਹੈ। ਬਾਦਲ ਸਾਹਿਬ ਹਿੰਦੁਸਤਾਨ ਇੱਕ ਹੈ ਅੌਰ ਪੰਜਾਬ ਉਸ ਦਾ ਹਿੱਸਾ ਹੈ। ਹਿੰਦੁਸਤਾਨ ਮਜ਼ਬੂਤ ਰਖਣਾ ਅੌਰ ਹਿੰਦੁਸਤਾਨ ਦੇ ਕਮਜ਼ੋਰ ਸੂਬਿਆਂ ਨੂੰ ਉਨ੍ਹਾਂ ਦੀ ਤਰੱਕੀ ਵਾਸਤੇ ਜ਼ਿਆਦਾ ਦੇਣਾ ਬਹੁਤ ਜ਼ਰੂਰੀ ਹੈ। ਜੇਕਰ ਓਵਰ ਡਰਾਫਟ ਹੁੰਦਾ ਹੈ ਤਾਂ ਸੈਂਟਰ ਮਦਦ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਰਦਾ ਹੈ। ਇਨ੍ਹਾਂ ਨੇ ਆਪਣੇ ਵੇਲੇ 93 ਕਰੋੜ ਦੀ ਕੱਟ ਲਗਾ ਦਿੱਤੀ ਅੱਰ ਪਲੈਨ ਲਈ ਪੂਰਾ ਪੈਸਾ ਨਹੀਂ ਦਿੱਤਾ। ਓਵਰਡਰਾਫਟ ਇਹ ਵੀ ਲੈ ਲੈਂਦੇ। ਪਹਿਲਾਂ ਇਹ ਮੰਨਦੇ ਨਹੀਂ ਸਨ ਪਰ ਬਾਦਲ ਸਾਹਿਬ ਨੇ ਉਸ ਵੇਲੇ 27 ਕਰੋੜ ਦੇ ਘਾਟੇ ਬਾਰੇ ਮੰਨ ਲਿਆ ਹੈ। ਸਰਦਾਰ ਬਲਵੰਤ ਸਿੰਘ ਸਾਬਕਾ ਐਫ,ਐਮ. ਸਾਹਿਬ ਇਸ ਨੂੰ ਮੰਨਣ ਨੂੰ ਬਿਲਕੁਲ ਤਿਆਰ ਨਹੀਂ ਸਨ। ਪੇ-ਕਮਿਸ਼ਨ ਦੀਆਂ ਕੰਮੂਟੇਸ਼ਨ. ਏ.ਡੀ.,ਏ. ਦੀਆਂ ਕਿਸ਼ਤਾਂ ਦੇ ਕੇ 54 ਕਰੋੜ ਰੁਪਏ ਦਾ ਘਾਟਾ ਤੁਸੀਂ ਛੱਡ ਗਏ ਸੀ। ਉਸ ਦੇ ਬਾਅਦ ਅਸੀਂ 9 ਕਿਸ਼ਤਾਂ ਹੋਰ ਏ.ਡੀ.ਏ. ਦੀਆਂ ਦਿੱਤੀਆਂ। ਪੇ ਕਮਿਸ਼ਨ ਦੀਆਂ ਰੀਕੂਮੈਂਡੇਸ਼ਨ ਪੂਰੀਆਂ ਕੀਤੀਆਂ। ਉਸ ਦੇ ਨਾਲ ਸਾਨੂੰ ਓਵਰ ਡਰਾਫਟ ਕਰਨੀ ਪਈ। ਅਸੀਂ ਸੈਂਟਰਲ ਗੌਰਮਿੰਟ ਦੇ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਸਾਨੂੰ ਪਲਾਨ ਕੱਟਣ ਵਾਸਤੇ ਨਹੀਂ ਕਿਹਾ। ਉਨ੍ਹਾਂ ਨੇ ਸਾਨੂੰ ਕਿਹਾ ਕਿ ਤੁਸੀਂ ਪੰਜਾਬ ਦੀ ਤਰੱਕੀ ਵਾਸਤੇ ਕੰਮ ਕਰੋ। ਅਸੀਂ ਤੁਹਾਡੀ ਮੱਦਦ ਕਰਾਂਗੇ। (ਥੰਪਿੰਗ) ਸੈਂਟਰਲ ਗੌਰਮਿੰਟ ਨੇ 65 ਕਰੋੜ ਰੁਪਏ ਦਾ ਓਵਰਡਰਾਫਟ ਅਗਲੇ ਸਾਲ ਵਾਸਤੇ ਲੈ ਜਾਣ ਲਈ ਸਾਨੂੰ ਇਜਾਜ਼ਤ ਦਿੱਤੀ ਹੈ। ਇਸ ਨੂੰ ਅਸੀਂ 3 ਸਾਲਾਂ ਵਿਚ ਕਵਰ ਕਰਾਂਗੇ। ਸਾਨੂੰ ਇਸ ਵਿਚ ਕੋਈ ਸ਼ਰਮ ਨਹੀਂ ਹੈ। ਸ਼ਰਮ ਉਸ ਨੂੰ ਹੈ ਜਿਹੜਾ ਪੰਜਾਬ ਦੀ ਸੇਵਾ ਨਾ ਕਰ ਸਕੇ। ਅਸੀਂ ਪੰਜਾਬ ਦੀ ਸੇਵਾ ਕਰਦੇ ਹਾਂ ਇਸ ਕਰਕੇ ਉਹ ਸਾਡੀ ਪਲਾਨ ਨੂੰ ਨਹੀਂ ਕੱਟਦੇ। ਸਾਨੂੰ ਸੈਂਟਰ ਤੇ ਨਾਜ਼ ਹੈ। ਅਸੀਂ ਹਿੰਦੁਸਤਾਨ ਵਿਚ ਅਤੇ ਹਿੰਦੁਸਤਾਨ ਦੇ ਨਾਲ ਰਹਿਣ ਵਾਲੇ ਹਿੰਦੁਸਤਾਨੀ ਹਾਂ। ਸੈਂਟਰਲ ਗੌਰਮਿੰਟ ਸਾਡੀ ਮੱਦਦ ਕਰਦੀ ਹੈ। ਅਸੀਂ ਖੁਸ਼ ਹਾਂ ਅਤੇ ਉਨ੍ਹਾਂ ਦੇ ਮਸ਼ਕੂਰ ਵੀ ਹਾਂ।

ਹੁਣ ਮੈਂ ਸੈਂਟਰਲ ਸਟੇਟ ਰੀਲੇਸ਼ਨਜ਼ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਇਥੇ ਸੀ. ਐਮ. ਸਾਹਿਬ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਸੀ, ਮੈਂ ਵੀ ਕਿਹਾ ਸੀ ਲੇਕਿਨ ਫਿਰ ਵੀ ਮੈਂ ਇਸ ਬਾਰੇ ਆਪਣੇ ਵਿਚਾਰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸੈਂਟਰ ਦੇ ਨਾਲ ਇਸ ਤਰ੍ਹਾਂ ਦੇ ਰੀਲੇਸ਼ਨਜ਼ ਹਨ ਜਿਹੜੇ ਕਿ ਸਾਡੇ ਮਾਨਯੋਗ ਮੈਂਬਰਾਂ ਦੀ ਨਜ਼ਰ ਵਿਚ ਜ਼ਰੂਰ ਆਉਣੇ ਚਾਹੀਦੇ ਹਨ। ਬਰਨਾਲਾ ਜੀ ਨੇ ਉਸ ਦਿਨ ਕਿਹਾ ਸੀ ਕਿ ਰਸ਼ੀਆ ਵਿਚ ਫੈਡਰਲ ਸਟਰੱਕਚਰ ਹੈ, ਉਹ ਬੜਾ ਚੰਗਾ ਹੈ। ਨਾਲ ਹੀ ਉਨ੍ਹਾਂ ਨੇ ਕਿਹਾ ਸੀ ਕਿ ਅਮਰੀਕਾ ਦਾ ਫੈਡਰਲ ਸਟਰੱਕਚਰ ਬੜਾ ਚੰਗਾ ਹੈ। ਉਹ ਐਨੇ ਸਮਝਦਾਰ ਹਨ, ਪੜ੍ਹੇ ਲਿਖੇ ਹਨ ਅਤੇ ਸੈਂਟਰ ਵਿਚ ਵਜ਼ੀਰ ਵੀ ਰਹੇ ਹਨ। ਉਹ ਰਸ਼ੀਆ ਨੂੰ, ਅਮਰੀਕਾ ਨੂੰ ਗੌਰਮਿੰਟ ਸਿਸਟਮ ਨਾਲ ਮਿਲਾ ਦੇਣ ਅਤੇ ਦੋਨਾਂ ਸਟਰੱਕਚਰਜ਼ ਨੂੰ ਫੈਡਰਲ ਸਟਰੱਕਚਰ ਕਹਿ ਦੇਣ ਤਾਂ ਫਿਰ ਮੈਨੂੰ ਤਾਂ ਸ਼ੱਕ ਹੁੰਦਾ ਹੈ। ਕੀ ਉਹ ਰਸ਼ੀਆ ਟਾਈਪ ਗੌਰਮਿੰਟ ਚਾਹੁੰਦੇ ਹਨ ਜਾਂ ਅਮਰੀਕਾ ਟਾਈਪ ਗੌਰਮਿੰਟ ਚਾਹੁੰਦੇ ਹਨ। ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਅਮਰੀਕਨ ਸਟਰੱਕਚਰ ਜਿਹੜਾ ਹੈ ਉਹ ਪਾਰਲੀਮੈਂਟਰੀ ਹੈ ਅਤੇ ਉਸ ਦੇ ਵਿਚ ਪ੍ਰੈਜ਼ੀਡੈਂਟ ਨੂੰ ਬਹੁਤ ਜ਼ਿਆਦਾ ਪਾਵਰਜ਼ ਹਨ। ਉਸ ਪਾਸ ਵਾਸਟ ਪਾਵਰਜ਼ ਹਨ। ਪਰ ਰਸ਼ੀਆ ਵਿਚ ਇਕ ਪਾਰਟੀ ਦਾ ਰਾਜ ਹੈ। ਉਥੇ ਦੂਜੀ ਪਾਰਟੀ ਬਣਨ ਨਹੀਂ ਦਿੰਦੇ। ਇਹ ਜਿਹੜਾ ਪੰਜਾਬ ਹੈ, ਇਹ ਪਰੋ ਇੰਡੀਆ ਹੈ, ਪਰੋ ਹਿੰਦੁਸਤਾਨ ਹੈ। ਜੋ ਹਿੰਦੁਸਤਾਨ ਦਾ ਸੰਵਿਧਾਨ ਹੈ ਅਸੀਂ ਉਸ ਦਾ ਸਮੱਰਥਨ ਕਰਦੇ ਹਾਂ। ਅਸੀਂ ਨਾ ਪਰੋ ਰਸ਼ੀਆ ਹਾਂ ਅਤੇ ਨਾ ਪਰੋ ਅਮਰੀਕਾ ਹਾਂ। ਅਸੀਂ ਹਿੰਦੁਸਤਾਨੀ ਹਾਂ। ਅਸੀਂ ਹਿੰਦੁਸਤਾਨੀ ਰਹਾਂਗੇ, ਹਿੰਦੁਸਤਾਨੀ ਜੀਆਂਗੇ ਅਤੇ ਹਿੰਦੁਸਤਾਨੀ ਮਰਾਂਗੇ। (ਥੰਪਿੰਗ)

ਹੁਣ ਮੈਂ ਪਰ ਕੈਪੀਟਾ ਇਨਕਮ ਬਾਰੇ ਕਹਿਣਾ ਚਾਹੁੰਦਾ ਹਾਂ। ਸਾਡੀ ਪਰ ਕੈਪੀਟਾ ਇਨਕਮ ਵਧੀ ਹੈ। ਇਹ ਕਿਉਂ ਵਧੀ ਹੈ ? ਜੇ ਮੈਂ ਇਹ ਕਹਾਂ ਤਾਂ ਇਹ ਗਲਤ ਨਹੀਂ ਹੋਵੇਗਾ ਕਿ ਐਗਰੀਕਲਚਰਲ ਪਰੋਡਿਊਸ ਦੀ ਬਦੌਲਤ, ਮਿਹਨਤੀ ਪੰਜਾਬ ਦੇ ਕਿਸਾਨ ਦੀ ਮਿਹਨਤ ਦੀ ਬਦੌਲਤ

Original with;
Punjab Vidhan Sabha
Digitized by;
Panjab Digital Library

ਸਾਡੀ ਪਰ ਕੈਪੀਟਾ ਇਨਕਮ ਵਧੀ ਹੈ। ਲੇਕਿਨ ਇਸ ਪਰ ਕੈਪੀਟਾ ਇਨਕਮ ਵਧਣ ਦੇ ਪਿਛੇ ਜੋ ਸੈਂਟਰਲ ਗੌਰਮਿੰਟ ਸਾਨੂੰ ਮੱਦਦ ਦਿੰਦੀ ਹੈ ਅਗਰ ਉਸ ਵੱਲ ਦੇਖਕੇ ਅੱਖਾਂ ਬੰਦ ਕਰ ਲਈਏ ਅਤੇ ਇਹ ਕਹੀਏ ਕਿ ਸੈਂਟਰ ਨੇ ਸਾਨੂੰ ਕੋਈ ਮੱਦਦ ਨਹੀਂ ਦਿੱਤੀ ਤਾਂ ਮੈਂ ਸਮਝਦਾ ਹਾਂ ਕਿ ਇਹ ਫਿਰ ਇਸ ਦੁਨੀਆਂ ਵਿਚ ਨਹੀਂ ਰਹਿੰਦੇ ਇਹ ਕਿਸੇ ਹੋਰ ਦੁਨੀਆਂ ਦੀ ਗੱਲ ਕਰਦੇ ਹੋਣਗੇ । ਜੋ ਫਰਟੇ-ਲਾਈਜ਼ਰ ਮਿਲਦੀ ਹੈ ਉਹ ਸੈਂਟਰ ਦੀ ਬਦੌਲਤ ਮਿਲਦੀ ਹੈ। ਭਾਖੜਾ ਡੈਮ ਦੀ ਉਸਾਰੀ ਜੋ ਹੋਈ ਹੈ ਉਹ ਸੈਂਟਰ ਦੀ ਬਦੌਲਤ ਹੋਈ ਹੈ। (ਵਿਘਨ) ਸਪੀਕਰ ਸਾਹਿਬ 1600 ਕਰੋੜ ਰੁਪਿਆ ਸੈਂਟਰ ਇਥੇ ਦੀਆਂ ਏਜੰਸੀਆਂ ਨੂੰ ਐਗਰੀਕਲਚਰਲ ਪਰੋਡਿਊਸ ਖਰੀਦਣ ਵਾਸਤੇ ਹਰ ਸਾਲ ਦਿੰਦਾ ਹੈ ਤਾਕਿ ਪੰਜਾਬ ਦੇ ਕਿਸਾਨ ਨੂੰ ਪੂਰੀ ਕੀਮਤ ਮਿਲੇ। ਬਾਦਲ ਸਾਹਿਬ ਨੇ ਕਿਹਾ ਕਿ 20-ਨੁਕਾਤੀ ਪ੍ਰੋਗਰਾਮ ਵਿਚ ਰਿਊਮਨਰੇਟਿਵ ਪ੍ਰਾਈਸ ਦਾ ਜ਼ਿਕਰ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਰਹੇ ਹਨ, ਉਥੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਅਤੇ ਉਹ ਕੀਮਤਾਂ ਮੁਕੱਰਰ ਕਰਦਾ ਹੈ। ਸਟੇਟ ਗੌਰਮਿੰਟ ਰੀਕੁਮੈਂਡ ਕਰਦੀ ਹੈ ਕਿ ਸਾਨੂੰ ਐਨੀ ਕੀਮਤ ਚਾਹੀਦੀ ਹੈ। ਇਨ੍ਹਾਂ ਨੂੰ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ। ਇਸ ਲਈ ਇਹ ਗੱਲ 20-ਨੁਕਾਤੀ ਪ੍ਰੋਗਰਾਮ ਦਾ ਹਿਸਾ ਕਿਵੇਂ ਬਣ ਸਕਦੀ ਹੈ। (ਵਿਘਨ) ਐਗਰੀਕਲਚਰਲ ਰਿਊਮਨਰੇਟਿਵ ਪ੍ਰਾਈਸ ਪਿਛਲੇ ਸਾਲਾਂ ਨਾਲੋਂ ਜ਼ਿਆਦਾ ਮਿਲੀਆਂ ਹਨ। ਠੀਕ ਹੈ ਫਰਟੇਲਾਈਜ਼ਰ ਮਹਿੰਗੀ ਹੋਈ ਹੈ, ਬਿਜਲੀ ਦੀ ਕੀਮਤ ਵਧੀ ਹੈ। (ਵਿਘਨ) ਇਨ੍ਹਾਂ ਸਾਰੀਆਂ ਚੀਜ਼ਾਂ ਦਾ ਹਿਸਾਬ ਲਾ ਕੇ ਅਤੇ ਜੋ ਪਿਛਲੇ ਸਾਲਾਂ ਵਿਚ ਕਿਸਾਨ ਨੂੰ ਜ਼ਿਆਦਾ ਕੀਮਤਾਂ ਮਿਲੀਆਂ ਹਨ ਅਗਰ ਇਨ੍ਹਾਂ ਸਾਰੀਆਂ ਗੱਲਾਂ ਦਾ ਹਿਸਾਬ ਕਿਤਾਬ ਲਾਇਆ ਜਾਵੇ ਤਾਂ ਜਿਸ ਤਰ੍ਹਾਂ ਐਗਰੀਕਲਚਰ ਮਨਿਸਟਰ ਸਾਹਿਬ ਨੇ ਕਿਹਾ ਸੀ, ਮੈਂ ਵੀ ਕਹਿੰਦਾ ਹਾਂ ਕਿ 137 ਕਰੋੜ ਰੁਪਿਆ ਪਿਛਲੇ ਸਾਲ ਮਿਲਿਆ ਔਰ 157 ਕਰੋੜ ਰੁਪਿਆ ਇਸ ਸਾਲ ਦੇ ਆਖਿਰ ਤੱਕ ਪਿਛਲੇ ਸਾਲ ਨਾਲੋਂ ਫਾਲਤੂ ਸਾਡੇ ਜ਼ਿਮੀਦਾਰ ਭਰਾਵਾਂ ਨੂੰ ਮਿਲੇਗਾ। ਇਹ ਰਿਊਮਨਰੇਟਿਵ ਪ੍ਰਾਈਸ ਦੀ ਬਦੌਲਤ ਹੈ ਜਿਹੜਾ ਕਿ ਇਨਹਾਂਸ ਕਰਕੇ ਸੈਂਟਰਲ ਗੌਰਮਿੰਟ ਨੇ ਦੇਣਾ ਹੈ ।

ਹੁਣ ਮੈਂ ਪਰ ਕੈਪੀਟਾ ਸੈਂਟਰਲ ਅਸਿਸਟੈਂਸ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਹ ਕਿੰਨੀ ਮਿਲਦੀ ਹੈ । ਇਥੇ ਇਹ ਕਹਿੰਦੇ ਹਨ ਕਿ ਇਸ ਵਿਚ ਸਾਨੂੰ ਕੁਝ ਨਹੀਂ ਮਿਲਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਰ ਕੈਪੀਟਾ ਸੈਂਟਰਲ ਅਸਿਸਟੈਂਸ ਜੋ ਪੰਜਾਬ ਨੂੰ ਮਿਲਦੀ ਹੈ ਉਤਨੀ ਹੋਰ ਕਿਸੇ ਨੂੰ ਨਹੀਂ ਮਿਲਦੀ ਸਿਵਾਏ ਕੇਰਲਾ ਅਤੇ ਉੜੀਸਾ ਦੇ, ਜਿਥੇ ਕਿ ਗਰੀਬੀ ਵੀ ਹੈ । (ਥੰਪਿੰਗ) ਇਸ ਬਾਰੇ ਮੇਰੇ ਕੋਲ ਫਿਗਰਜ਼ ਹਨ। ਆਂਧਰਾ ਪ੍ਰਦੇਸ਼ ਨੂੰ ਪਰ ਕੈਪੀਟਾ ਸੈਂਟਰਲ ਅਸਿਸਟੈਂਸ 33 ਮਿਲਦੀ ਹੈ। ਬਿਹਾਰ ਨੂੰ 36%, ਗੁਜਰਾਤ ਨੂੰ 32%, ਹਰਿਆਣਾ ਨੂੰ 36%, ਕਰਨਾਟਕਾ ਨੂੰ 29%, ਕੇਰਲਾ ਨੂੰ 44%, ਮੱਧ ਪ੍ਰਦੇਸ਼ ਨੂੰ 37%, ਮਹਾਰਾਸ਼ਟਰ ਨੂੰ 28%, ਉੜੀਸਾ ਨੂੰ 52%, ਪੰਜਾਬ ਨੂੰ 38%, ਰਾਜਸਥਾਨ ਨੂੰ 36%, ਤਾਮਿਲ ਨਾਡੂ ਨੂੰ 27%, ਯੂ. ਪੀ. ਨੂੰ 27% ਅਤੇ ਵੈਸਟ ਬੰਗਾਲ ਨੂੰ 26% ਮਿਲਦੀ ਹੈ।

ਹੁਣ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਟੈਕਸਾਂ ਵਿਚੋਂ ਕਿੰਨਾ ਸ਼ੇਅਰ ਮਿਲਦਾ ਹੈ। ਇਸ ਬਾਰੇ ਫਾਈਨੈਂਸ ਕਮਿਸ਼ਨ ਮੁਕਰਰ ਕੀਤਾ ਜਾਂਦਾ ਹੈ । ਉਹ ਸਾਰੇ ਸੂਬਿਆਂ ਨੂੰ ਪੈਸੇ ਦਿੰਦਾ ਹਾਂ। ਪੰਜਵੇਂ ਫਾਈਨੈਂਸ ਕਮਿਸ਼ਨ ਨੇ 113 ਕਰੋੜ ਰੁਪਏ ਦਿੱਤੇ ਸੀ। ਛੇਵੇਂ ਫਾਈਨੈਂਸ ਕਮਿਸ਼ਨ ਨੇ 168 ਕਰੋੜ ਰੁਪਏ ਦਿੱਤੇ ਸਨ। ਸੱਤਵੇਂ ਫਾਈਨੈਂਸ ਕਮਿਸ਼ਨ ਨੇ 419 ਕਰੋੜ 5 ਸਾਲਾ ਪਲਾਨ ਵਾਸਤੇ 1979-80 ਵਿਚ ਦਿੱਤੇ ਸਨ। ਉਸ ਵਿਚ ਸਾਡੇ ਸੂਬੇ ਨੂੰ ਪਿੱਛੇ ਨਹੀਂ ਰੱਖਿਆ। (ਵਿਘਨ) ਪੂਰਾ ਪੈਸਾ ਸਾਨੂੰ ਮਿਲਦਾ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹੁਣ ਮੈਂ ਇਨਕਮ ਟੈਕਸ ਦੇ ਬਾਰੇ ਦੱਸਣਾ ਚਾਹੁੰਦਾ ਹਾਂ। ਸਾਡੀ ਪਾਪੂਲੇਸ਼ਨ ਦਾ ਹਿੱਸਾ 2.4% ਹੈ ਅਤੇ ਇਸ ਆਬਾਦੀ ਦੇ ਮੁਤਾਬਿਕ ਜਿਹੜਾ ਸਾਨੂੰ ਇਨਕਮ ਟੈਕਸ ਦਾ ਹਿੱਸਾ ਮਿਲਦਾ ਹੈ ਉਹ 2.71% ਸਾਨੂੰ ਮਿਲਦਾ ਹੈ। 1973-74 ਵਿਚ ਸਾਰੇ ਨੈਟ ਇਨਕਮ ਟੈਕਸ ਇਥੇ ਦੇ ਇਕੱਠੇ ਕੀਤੇ 22 ਕਰੋੜ 62 ਲੱਖ ਅਤੇ ਪੰਜਾਬ ਨੂੰ ਮਿਲੇ 13 ਕਰੋੜ 31 ਲੱਖ ਰੁਪਏ। 1974-75 ਵਿਚ ਇਕੱਠੇ ਕੀਤੇ 14 ਕਰੋੜ 65 ਲੱਖ ਪਰ ਸਾਨੂੰ ਮਿਲੇ 14 ਕਰੋੜ 9 ਲੱਖ ਰੁਪਏ। 1975-76 ਵਿਚ ਇਕੱਠੇ ਕੀਤੇ 16 ਕਰੋੜ ਪਰ ਸਾਨੂੰ ਮਿਲੇ 20 ਕਰੋੜ ਰੁਪਏ। ਇਸ ਤਰ੍ਹਾਂ ਸੈਂਟਰਲ ਗੌਰਮਿੰਟ ਨੇ ਸਾਨੂੰ ਵੱਧ ਪੈਸੇ ਦਿੱਤੇ ਹਨ।

ਸ਼ੇਅਰ ਐਕਸਾਈਜ਼ ਡਿਊਟੀ ਦਾ ਜੋ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਐਕਸਾਈਜ਼ ਡਿਊਟੀ ਦਾ ਸ਼ੇਅਰ 68½% ਸਾਨੂੰ ਮਿਲਦਾ ਹੈ। ਕਦੇ, ਸਪੀਕਰ ਸਾਹਿਬ, ਜੋ ਪੰਜਾਬ ਨੂੰ ਐਕਸਾਈਜ਼ ਡਿਊਟੀ ਦਾ ਸ਼ੇਅਰ ਮਿਲਦਾ ਸੀ ਉਹ 43% ਸੀ, ਜਦੋਂ ਇਨ੍ਹਾਂ ਦੀ ਸਰਕਾਰ ਸੀ ਅਤੇ ਬੜਾ ਕਹਿੰਦੇ ਹੁੰਦੇ ਸਨ ਕਿ ਸਾਡੇ ਹਿਤੈਸ਼ੀ ਪ੍ਰਾਈਮ ਮਨਿਸਟਰ ਆ ਗਏ ਹਨ, ਅਸੀਂ ਪੰਜਾਬ ਵਾਸਤੇ ਬੜਾ ਕੁਝ ਲੈ ਆਏ ਹਾਂ। ਉਦੋਂ, ਸਪੀਕਰ ਸਾਹਿਬ, ਪੰਜਾਬ ਨੂੰ 43% ਮਿਲਦਾ ਸੀ ਅਤੇ ਹੁਣ ਐਕਸਾਈਜ਼ ਡਿਊਟੀ ਦਾ ਸ਼ੇਅਰ 68½% ਪੰਜਾਬ ਨੂੰ ਮਿਲਦਾ ਹੈ। (ਥੰਪਿੰਗ) ਪਹਿਲੇ ਨਾਲੋਂ ਤਕਰੀਬਨ ਡਿਓੜਾ ਮਿਲਦਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਜ਼ਿਕਰ ਕੀਤਾ ਸੀ ਖਾਸ ਤੌਰ ਤੇ ਤਮਾਕੂ ਦਾ, ਤਮਾਕੂ ਦਾ ਮੈਂ ਨਾਮ ਨਹੀਂ ਸੀ ਲੈਣਾ ਚਾਹੁੰਦਾ, ਇਨ੍ਹਾਂ ਨੇ ਤਮਾਕੂ ਦਾ ਨਾਮ ਲਿਆ ਹੈ, ਦੂਸਰਾ ਸ਼ੂਗਰ ਦਾ ਕਿਹਾ ਹੈ ਅਤੇ ਤੀਸਰਾ ਟੈਕਸਟਾਈਲ ਦਾ ਨਾਮ ਇਨ੍ਹਾਂ ਨੇ ਲਿਆ ਹੈ। ਇਨ੍ਹਾਂ 3 ਚੀਜ਼ਾਂ ਤੇ ਸੇਲਜ਼ ਟੈਕਸ ਹਟਾ ਕੇ ਐਕਸਾਈਜ਼ ਡਿਊਟੀ ਲਗਾਈ ਹੈ। ਇਸ ਦੇ ਵਿੱਚ ਕੋਈ ਸ਼ੱਕ ਨਹੀਂ ਹੈ। ਇਸ ਦੇ ਨਾਲ ਸੈਂਟਰ ਮਜ਼ਬੂਤ ਹੁੰਦਾ ਹੈ ਅੱਤੇ ਸੈਂਟਰ ਨੂੰ ਮਜ਼ਬੂਤ ਕਰਨ ਦੇ ਲਈ ਪੰਜਾਬ ਹਰ ਵੇਲੇ ਕੁਰਬਾਨੀ ਕਰਦਾ ਰਿਹਾ ਹੈ ਅੱਤੇ ਕੁਰਬਾਨੀ ਕਰਨ ਨੂੰ ਤਿਆਰ ਹੈ। (ਥੰਪਿੰਗ) ਉਨ੍ਹਾਂ ਦੀ ਪਾਲਿਸੀ ਦੇ ਮੁਤਾਬਿਕ, ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ, ਸਾਡੀ 2.4% ਆਬਾਦੀ ਹੈ ਟੋਟਲ ਪਾਪੂਲੇਸ਼ਨ ਦੀ, ਸਾਨੂੰ ਜੋ ਵੀ ਮਿਲ ਰਿਹਾ ਹੈ ਉਸ ਦੇ ਮੁਤਾਬਿਕ ਮਿਲ ਰਿਹਾ ਹੈ। ਜਿਹੜੀਆਂ ਫਿਗਰਜ਼, ਸਪੀਕਰ ਸਾਹਿਬ, ਮੈਂ ਦੇ ਰਿਹਾ ਹਾਂ ਉਹ ਅਥੈਂਟੀਕੇਟਿਡ ਫਿਗਰਜ਼ ਦੇ ਰਿਹਾਂ ਹਾਂ। ਤਬਾਕੂ ਪੀਣ ਵਾਲੇ ਹੋਰ ਵੀ ਬਹੁਤ ਸਾਰੇ ਲੋਕ ਹਨ, ਇਹ ਗੱਲ ਸੁਣ ਕੇ ਸਭ ਨੂੰ ਖੁਸ਼ੀ ਹੋਵੇਗੀ ਕਿ ਸਾਡੀ ਆਬਾਦੀ 2.4% ਟੋਟਲ ਆਬਾਦੀ ਦੀ ਹੈ ਅੱਤੇ ਸਾਨੂੰ ਤੰਬਾਕੂ ਦੇ ਵਿੱਚ 6.22% ਐਕਸਾਈਜ਼ ਡਿਊਟੀ ਦਾ ਸਾਨੂੰ ਹਿੱਸਾ ਮਿਲਦਾ ਹੈ। ਟੈਕਸਟਾਈਲ ਦਾ ਸਾਨੂੰ 27% ਹਿੱਸਾ ਮਿਲਦਾ ਹੈ।

ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸੈਂਟਰ ਵਾਲੇ ਇਥੇ ਲਾਉਂਦੇ ਕੁਝ ਨਹੀਂ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 1965-66 ਤਕ ਜਦੋਂ ਇਨ੍ਹਾਂ ਦੀ ਸਰਕਾਰ 1967 ਵਿੱਚ ਬਣੀ ਸੀ ਉਦੋਂ ਤਕ ਸਿਰਫ 39 ਕਰੋੜ ਰੁਪਏ ਦੀ ਸੈਂਟਰ ਦੀ ਇਨਵੈਸਟਮੈਂਟ ਇੰਡਸਟਰੀਜ਼ ਵਿੱਚ ਸੀ ਅਤੇ ਹੁਣ ਸਾਲ 1981-82 ਤਕ 400 ਕਰੋੜ ਰੁਪਿਆ ਸੈਂਟਰਲ ਗੌਰਮਿੰਟ ਦੀ ਇਨਵੈਸਟਮੈਂਟ ਹੋ ਚੁੱਕੀ ਹੈ।

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਮੇਰਾ ਖਿਆਲ ਹੈ ਹੁਣ ਵਾਈਂਡ ਅੱਪ ਕਰ ਲਓ।

ਵਿੱਤ ਮੰਤਰੀ: ਸਪੀਕਰ ਸਾਹਿਬ, ਜੋ ਇਨ੍ਹਾਂ ਨੇ 20-ਪੁਆਇੰਟ ਪ੍ਰੋਗਰਾਮ ਦਾ ਜ਼ਿਕਰ ਕੀਤਾ ਹੈ ਅੱਤੇ ਮੈਨੂੰ ਇਸ ਗੱਲ ਦਾ ਬੜਾ ਅਫ਼ਸੋਸ ਵੀ ਹੈ ਕਿ ਉਨ੍ਹਾਂ ਪ੍ਰੋਗਰਾਮਜ਼ ਦੇ ਬਾਰੇ ਇਨ੍ਹਾਂ ਨੇ ਮਜ਼ਾਕੀਆ ਗੱਲ ਕੀਤੀ ਸੀ, ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪੰਜਾਬ ਹਰਾਂ ਇਨਕਲਾਬ ਲਿਆ ਚੁੱਕਿਆ ਹੈ, ਇਹ ਇਕ ਐਡਮਿਟਿਡ ਫੈਕਟ ਹੈ, ਪੰਜਾਬ ਨੇ ਹਰਾ ਇਨਕਲਾਬ ਲਿਆ ਕੇ ਇਕ ਮਹਾਨ ਤਬਦੀਲੀ ਲਿਆਂਦੀ ਹੈ, ਉਸੇ ਤਰ੍ਹਾਂ ਪੰਜਾਬ ਚਾਹੁੰਦਾ ਹੈ ਕਿ ਅਸੀਂ ਇੰਡਸਟਰੀ ਦੀ ਸਾਈਡ ਤੋਂ ਵੀ

Original with;
Punjab Vidhan Sabha
Digitized by;
Panjab Digital Library

ਤਰੱਕੀ ਕਰਨੀ ਹੈ। ਅਸੀਂ ਬਹੁਤ ਮੇਜਰ ਹਿੱਸਾ ਅਨੂਅਲ ਪਲੈਨ ਵਿੱਚ ਬਿਜਲੀ ਪੈਦਾ ਕਰਨ ਵਾਸਤੇ ਰਖਿਆ ਹੈ। ਜੇ ਬਿਜਲੀ ਸੂਬੇ ਵਿਚ ਜ਼ਿਆਦਾ ਪੈਦਾ ਹੋਵੇਗੀ ਤਾਂ ਇੰਡਸਟਰੀ ਜ਼ਿਆਦਾ ਪ੍ਰਫੁੱਲਤ ਹੋਵੇਗ ੀ। ਜੇ ਸੂਬੇ ਵਿੱਚ ਬਿਜਲੀ ਜ਼ਿਆਦਾ ਪੈਦਾ ਨਹੀਂ ਹੋਵੇਗੀ ਤਾਂ ਇਸ ਤੋਂ ਬਿਨਾਂ ਨਾ ਇੰਡਸਟਰੀ ਚਲ ਸਕਦੀ ਹੈ ਅਤੇ ਨਾ ਕੋਈ ਹੋਰ ਕੰਮ ਚਲਦਾ ਸਕਦਾ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 20 ਪੁਆਇੰਟ ਪ੍ਰੋਗਰਾਮ ਦੇ ਵਿੱਚ ਜੋ ਤਰੱਕੀ ਦੇ ਪ੍ਰੋਗਰਾਮ ਦੱਸੇ ਗਏ ਹਨ ਉਨ੍ਹਾਂ ਨੂੰ ਪੂਰਾ ਕਰਨ ਦੇ ਲਈ ਪੰਜਵਾਂ ਹਿੱਸਾ ਤਕਰੀਬਨ ਰੱਖਿਆ ਹੈ। ਸਾਰੇ ਪੰਜਾਬ ਦਾ ਬਜਟ 2300 ਕਰੋੜ ਰੁਪਏ ਦਾ ਹੈ ਅਤੇ ਇਸ ਦੇ ਵਿਚੋਂ ਤਕਰੀਬਨ 1/5 ਹਿੱਸਾ, 444 ਕਰੋੜ ਰੁਪਿਆ, ਅਸੀਂ 20 ਪੁਆਇੰਟ ਪ੍ਰੋਗਰਾਮ ਨੂੰ ਪੂਰਾ ਕਰਨ ਵਾਸਤੇ ਰਖਿਆ ਹੈ। (ਥੰਪਿੰਗ) ਸਾਨੂੰ ਇਹ ਪ੍ਰਾਈਮ ਮਨਿਸਟਰ ਸਾਹਿਬ ਦਾ ਹੁਕਮ ਹੈ, ਔਰ ਅਸੀਂ ਇਨ੍ਹਾਂ ਪ੍ਰੋਗਰਾਮਾਂ ਨੂੰ ਪੂਰਾ ਕਰਨਾ ਹੈ, ਉਨ੍ਹਾਂ ਤੇ ਅਮਲ ਕਰਦਿਆਂ ਹੋਇਆਂ ਹਰ ਸੂਰਤ ਵਿੱਚ ਪੰਜਾਬ ਸਰਕਾਰ ਕੰਮ ਪੂਰੇ ਕਰੇਗੀ।

ਕੁਝ, ਸਪੀਕਰ ਸਾਹਿਬ, ਇਨ੍ਹਾਂ ਨੇ ਐਜੂਕੇਸ਼ਨ ਦੇ ਬਾਰੇ ਜ਼ਿਕਰ ਕੀਤਾ ਸੀ। ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਬਣੀ ਸੀ ਤਾਂ ਉਸ ਵੇਲੇ ਆਪ ਇਨ੍ਹਾਂ ਨੇ ਐਜੂਕੇਸ਼ਨ ਵੱਲ ਕੋਈ ਧਿਆਨ ਨਹੀਂ ਦਿੱਤਾ। ਵੋਕੇਸ਼ਨੇਲਾਈਜ਼ੇਸ਼ਨ ਬੜਾ ਜ਼ਰੂਰੀ ਹਿੱਸਾ ਸੀ ਐਜੂਕੇਸ਼ਨ ਵਿੱਚ ਲੇਕਿਨ ਇਹ ਇਸ ਗੱਲ ਨੂੰ ਨੈਗਲੈਕਟ ਕਰਦੇ ਰਹੇ। ਠੀਕ ਹੈ ਉਦੋਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ, ਸਕੂਲ ਖੋਲ੍ਹੇ ਗਏ ਅਤੇ ਖੋਲ੍ਹਣ ਵਾਸਤੇ ਹੀ ਇਹ ਜ਼ੋਰ ਲਾਉਂਦੇ ਰਹੇ ਪਰ ਕਿਧਰੇ ਬਿਲਡਿੰਗ ਨਹੀਂ, ਕਿਧਰੇ ਫਰਨੀਚਰ ਨਹੀਂ, ਕਿਧਰੇ ਟੀਚਰਜ਼ ਨਹੀਂ, ਕਿਧਰੇ ਨਰਸਾਂ ਨਹੀਂ ਅਤੇ ਕਿਧਰੇ ਡਾਕਟਰਜ਼ ਨਹੀਂ। ਐਵੇਂ ਢਾਂਚਾ ਬਣਾਉਣਾ ਤਾਂ ਸੌਖਾ ਹੈ, ਇਨ੍ਹਾਂ ਨੇ ਢਾਂਚਾ ਬਣਾ ਦਿੱਤਾ ਪਰ ਵਿੱਚ ਕੁਝ ਨਹੀਂ ਸੀ। ਹੁਣ ਇਸ ਦੀ ਸਾਰੀ ਜ਼ਿਮੇਵਾਰੀ ਕਾਂਗਰਸ ਸਰਕਾਰ ਦੀ ਆ ਗਈ ਹੈ ਅਤੇ ਉਹ ਆਪਣੀ ਜ਼ਿਮੇਵਾਰੀ ਪੂਰੀ ਤਰ੍ਹਾਂ ਨਿਭਾਏਗੀ ਔਰ ਸਾਡੇ ਤੇ ਲੋਕਾਂ ਨੇ ਵਿਸ਼ਵਾਸ ਕੀਤਾ ਹੈ, ਅਸੀਂ ਇਸ ਦੇ ਵਿੱਚ ਕੁਤਾਹੀ ਨਹੀਂ ਕਰਾਂਗੇ। (ਘੰਟੀ)

ਠੀਕ ਹੈ, ਤੁਹਾਡਾ ਇਸ਼ਾਰਾ ਹੋ ਗਿਆ ਹੈ। ਮੈਂ ਵਾਈਂਡ ਅੱਪ ਕਰ ਦਿੰਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਗੱਲ ਦਾ ਬੜਾ ਜ਼ਿਕਰ ਕੀਤਾ ਹੈ ਕਿ ਰੂਰਲ ਏਰੀਏ ਦੇ ਲੋਕ ਮਰ ਰਹੇ ਹਨ, ਪਿੰਡਾਂ ਦੇ ਲੋਕ ਮਰ ਗਏ ਹਨ, ਉਨ੍ਹਾਂ ਦਾ ਬੜਾ ਬੁਰਾ ਹਾਲ ਹੈ। ਬਾਦਲ ਸਾਹਿਬ ਤਾਂ ਉਠ ਕੇ ਚਲੇ ਗਏ ਹਨ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ,ਢਾਈ ਤਿੰਨ ਸਾਲ ਇਸ ਪੰਜਾਬ ਦੇ ਅੰਦਰ ਉਨ੍ਹਾਂ ਦਾ ਰਾਜ ਰਿਹਾ, ਇਹ ਕਹਿੰਦੇ ਹਨ ਕਿ ਕਿਸਾਨ ਮਰ ਗਏ ਹਨ, ਪੰਜਾਬ ਦੇ ਲੋਕਾਂ ਦੀਆਂ ਅੱਖਾਂ, ਹਿੰਦੁਸਤਾਨ ਦੇ ਲਕਾਂ ਦੀਆਂ ਅੱਖਾਂ ਪੰਜਾਬ ਦੇ ਖੁਸ਼ਹਾਲ ਕਿਸਾਨ ਵੱਲ ਦੇਖ ਰਹੀਆਂ ਹਨ ਅਤੇ ਸਾਨੂੰ ਇਹ ਕਹਿੰਦਿਆਂ ਖੁਸੀ ਹੁੰਦੀ ਹੈ ਕਿ ਪੰਜਾਬ ਨੂੰ ਸਾਰੇ ਹਿੰਦੁਸਤਾਨ ਤੋਂ ਵਧਾਈ ਮਿਲਦੀ ਹੈ। ਜਿਥੇ ਅਸੀਂ ਜਾਂਦੇ ਹਾਂ ਲੋਕ ਸਾਨੂੰ ਮੁਬਾਰਕਵਾਦ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਤੁਸੀਂ ਅੰਨ ਦਾਤਾ ਹੋ, ਤੁਸੀਂ ਸਰਪਲੱਸ ਅਨਾਜ ਪੈਦਾ ਕਰਕੇ ਸੈਂਟਰਲ ਪੂਲ ਵਿੱਚ ਦਿੰਦੇ ਹੋ, ਲੋਕੀਂ ਸਾਨੂੰ ਵਧਾਈਆਂ ਦਿੰਦੇ ਹਨ। ਇਹ ਕਹਿੰਦੇ ਹਨ ਕਿ ਕਿਸਾਨ ਮਰ ਗਿਆ, ਮੈਂ ਕਹਿੰਦਾ ਹਾਂ ਕਿਸਾਨ ਜ਼ਿੰਦਾ ਹੈ, ਕਿਸਾਨ ਤਾਕਤਵਰ ਹੈ, ਕਿਸਾਨ ਪੰਜਾਬ ਦਾ ਜੋ ਹੈ ਉਸ ਨੇ ਹਿੰਦੁਸਤਾਨ ਦੀ ਸੇਵਾ ਕੀਤੀ ਹੈ ਅਤੇ ਪੰਜਾਬ ਦਾ ਕਿਸਾਨ ਹਿੰਦੁਸਤਾਨ ਦੀ ਸੇਵਾ ਹੋਰ ਵੀ ਵੱਧ ਚੜ੍ਹ ਕੇ ਕਰੇਗਾ। (ਥੰਪਿੰਗ) ਚਿੜੀਆਂ ਦੇ ਕਹਿਣ ਨਾਲ ਕਦੇ ਬਾਜ਼ ਨਹੀਂ ਮਰਦਾ। ਇਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਕਿਸਾਨ ਤੇ ਕੋਈ ਅਸਰ ਨਹੀਂ। ਮੈਂ, ਸਪੀਕਰ ਸਾਹਿਬ, ਇਕ ਛੋਟੀ ਜਿਹੀ ਮਿਸਾਲ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਪਿੰਡਾਂ ਵਿੱਚ ਜਿਹੜੇ ਬੈਂਕ ਹਨ ਜਾਂ ਹੋਰ ਦੂਸਰੇ ਬੈਂਕ ਹਨ ਉਨ੍ਹਾਂ ਦੀ ਮੈਂ ਫਿਗਰ ਮੰਗਵਾਈ ਹੈ ਕਿ ਪਿੰਡਾਂ ਦੇ ਲੋਕਾਂ ਦਾ ਬੈਂਕ ਵਿੱਚ ਕਿੰਨਾ ਰੁਪਿਆ ਜਮ੍ਹਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹੈ। ਬੈਂਕਾਂ ਵਿੱਚ ਰੁਪਿਆ, ਸਪੀਕਰ ਸਾਹਿਬ, ਤਾਂ ਹੀ ਰੱਖਿਆ ਜਾਂਦਾ ਹੈ ਜੇ ਕਿਸੇ ਦੇ ਕੋਲ ਕੋਈ ਹੋਵੇ ਜਾਂ ਜੇ ਕੋਈ ਬੱਚਤ ਕਰਦਾ ਹੈ ਤਾਂ ਹੀ ਬੈਂਕਾਂ ਵਿੱਚ ਪੈਸਾ ਜਮ੍ਹਾਂ ਕਰਵਾਉਂਦਾ ਹੈ। 1969 ਵਿੱਚ ਸਾਰੇ ਪੰਜਾਬ ਦੇ ਕਿਸਾਨਾਂ ਦਾ 18 ਕਰੋੜ ਰੁਪਿਆ ਸਿਰਫ ਜਮ੍ਹਾਂ ਸੀ। 1972 ਵਿੱਚ ਵੱਧ ਕੇ ਇਹ 77 ਕਰੋੜ ਰੁਪਏ ਦੀ ਫਿਗਰ ਹੋ ਗਈ। ਸਪੀਕਰ ਸਾਹਿਬ, ਹਾਊਸ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ, ਇਨ੍ਹਾਂ ਨੂੰ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਸ਼ਾਇਦ ਖੁਸ਼ੀ ਹੋਵੇ ਜਾਂ ਨਹੀਂ ਕਿਉਂਕਿ ਇਨ੍ਹਾਂ ਨੇ ਤਾਂ ਮੈਂ ਨਾ ਮਾਨੂੰ ਵਾਲੀ ਰੱਟ ਪਕੜੀ ਹੋਈ ਹੈ ਅੱਜ ਕਿਉਂਕਿ ਇਹ ਉਧਰ ਬੈਠੇ ਹਨ ਇਨ੍ਹਾਂ ਨੇ ਹੁਣ ਇਹੀ ਕਹਿਣਾ ਹੈ। ਲੇਕਿਨ ਪੰਜਾਬ ਦੇ ਲੱਕਾਂ ਨੂੰ ਖੁਸ਼ੀ ਹੋਵੇਗੀ ਕਿ ਹੁਣ ਫਿਗਰ ਜਿਹੜੀ ਹੈ ਇਹ 423 ਕਰੋੜ ਰੁਪਏ ਦੀ ਹੋ ਗਈ ਹੈ। ਪੰਜਾਬ ਦੇ ਕਿਸਾਨਾਂ ਦਾ 423 ਕਰੋੜ ਰੁਪਿਆ ਇਸ ਵੇਲੇ ਬੈਂਕਾਂ ਵਿੱਚ ਜਮ੍ਹਾਂ ਹੈ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦਾ ਕਿਸਾਨ ਹੋਰ ਵੀ ਖੁਸ਼ਹਾਲ ਹੋਵੇ, ਪੰਜਾਬ ਦਾ ਕਿਸਾਨ ਇੰਡਸਟਰੀ ਦੇ ਮੈਦਾਨ ਵਿੱਚ ਵੀ ਇਤਨੀ ਤਰੱਕੀ ਕਰ ਸਕੇ ਅਤੇ ਉਸ ਦਾ ਪੈਸਾ ਵਧਦਾ ਹੀ ਜਾਵੇ।

ਸਪੀਕਰ ਸਾਹਿਬ, ਇਕ ਗੱਲ ਦਾ ਮੈਂ ਹੋਰ ਜ਼ਿਕਰ ਕਰਨਾ ਚਾਹੁੰਦਾ ਹਾਂ, ਇਨ੍ਹਾਂ ਨੂੰ ਵੀ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਸੀ ਜਿਹੜੇ ਆਪਣੇ ਆਪ ਨੂੰ ਕਿਸਾਨਾਂ ਦੇ ਬੜੇ ਹਿਤੈਸ਼ੀ ਕਹਿੰਦੇ ਹਨ ਅਤੇ ਹੁਣ ਕਹਿੰਦੇ ਹਨ ਕਿ ਕਿਸਾਨ ਨੂੰ ਮਾਰ ਦਿੱਤਾ, ਪਿੰਡਾਂ ਦੇ ਲੋਕਾਂ ਨੂੰ ਮਾਰ ਦਿੱਤਾ, ਇਨ੍ਹਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 64,65 ਜਾਂ 66% ਤੋਂ ਵੱਧ ਐਗਰੀਕਲਚਰਲ ਸੈਕਟਰ ਵਾਸਤੇ, ਪਿੰਡਾਂ ਵਾਸਤੇ ਪੈਸਾ ਨਹੀਂ ਸੀ ਰੱਖਿਆ। ਸਪੀਕਰ ਸਾਹਿਬ, ਇਹ ਜਿਹੜਾ ਸਾਡਾ ਪਲਾਨ 1980-81 ਦਾ ਹੈ ਇਸ ਵਿਚ 299.79 ਯਾਨੀ 300 ਕਰੋੜ ਰੁਪਏ ਅਸੀਂ ਪਿੰਡਾਂ ਦੇ ਵਿਕਾਸ ਵਾਸਤੇ ਪਲਾਨ ਵਿਚ ਖਰਚ ਕੀਤਾ। ਜਿਹੜਾ ਕਿ 80% ਬਣਦਾ ਹੈ। ਇਸੇ ਤਰ੍ਹਾਂ 340 ਕਰੋੜ ਰੁਪਏ ਵਿਚੋਂ 223 ਕਰੋੜ ਰੁਪਿਆ ਖਰਚ ਕਰ ਰਹੇ ਹਾਂ ਜਿਹੜਾ ਕਿ 83% ਬਣਦਾ ਹੈ। ਇਹ 1982-83 ਵਿਚ ਪਿੰਡਾਂ ਦੇ ਵਿਕਾਸ ਵਾਸਤੇ ਐਗਰੀਕਲਚਰ ਸੈਕਟਰ ਵਾਸਤੇ ਪਿੰਡਾਂ ਦੇ ਲੋਕਾਂ ਤੇ ਖਰਚ ਕਰ ਰਹੇ ਹਾਂ। ਇਸ ਦਾ ਮਤਲਬ ਇਹ ਨਹੀਂ ਕਿ ਅਰਬਨ ਸਾਈਡ ਓਝਲ ਹੈ। ਇਹ ਵਰਲਡ ਬੈਂਕ ਨਾਲ ਗੱਲ ਕਰਕੇ ਕਹਿੰਦੇ ਹਨ ਕਿ ਅਸੀਂ ਸ਼ਹਿਰਾਂ ਵਿਚ ਸੀਵਰੇਜ਼ ਦਾ ਕੰਮ ਸ਼ੁਰੂ ਕਰ ਗਏ। ਹੁਣ ਸਪੀਕਰ ਸਾਹਿਬ ਬਰਾਬਰ ਦੇ ਪੈਸੇ ਦੇਣ ਦੀ ਬੜੀ ਸਮੱਸਿਆ ਹੈ। ਪੰਜਾਬ ਸਰਕਾਰ ਸ਼ਹਿਰਾਂ ਦੀ ਸਮੱਸਿਆ ਨੂੰ ਹੱਲ ਕਰੇਗੀ। ਇਸ ਸਾਲ ਵਿਚ ਇਕ ਕਰੋੜ ਰੁਪਿਆ ਗਰਾਂਟ ਦੇ ਤੌਰ ਤੇ ਅਤੇ 80 ਲੱਖ ਰੁਪਿਆ ਛੋਟੀਆਂ ਮਿਉਂਨਿਸਪਲ ਕਮੇਟੀਆਂ ਨੂੰ ਸਲੱਮ ਕਲੀਅਰੈਂਸ ਵਾਸਤੇ ਦਿੱਤਾ ਹੈ। ਇਸ ਤੋਂ ਪਹਿਲਾਂ ਐਡੀ ਵੱਡੀ ਰਕਮ ਕਦੇ ਨਹੀਂ ਸੀ ਕਿਸੇ ਨੇ ਦਿੱਤੀ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ. ਇਕ ਘੰਟਾ ਟਾਈਮ ਹੋਰ ਵਧਾ ਲਵੋ। ਅਸੀਂ ਵੀ ਬਾਅਦ ਵਿਚ ਬੋਲਣਾ ਹੈ ਕਿਉਂਕਿ ਇਹ ਝੂਠ ਬੋਲ ਰਹੇ ਹਨ।

ਵਿੱਤ ਮੰਤਰੀ: ਮੈਂ ਜੋ ਕੁਝ ਕਹਿ ਰਿਹਾ ਹਾਂ ਪੂਰੀ ਜ਼ਿਮੇਵਾਰੀ ਨਾਲ ਕਹਿ ਰਿਹਾ ਹਾਂ। ਸਪੀਕਰ ਸਾਹਿਬ. ਨਵੀਆਂ ਚੀਜ਼ਾਂ ਜਿਹੜੀਆਂ ਕਦੇ ਨਹੀਂ ਹੋਈਆਂ ਸਨ ਉਨ੍ਹਾਂ ਦਾ ਜ਼ਿਕਰ ਕਰਨਾ ਚਾਹਾਂਗਾ। ਲੋਕ ਆਜ਼ਾਦੀ ਦੀ ਲੜਾਈ ਵਿਚ ਲੜੇ ਬੇਲਾਸ ਖਿਦਮਤ ਕਰਕੇ ਦੇਸ਼ ਦੀ ਸੇਵਾ ਕੀਤੀ। ਉਨ੍ਹਾਂ ਲੋਕਾਂ ਨੇ ਕਦੇ ਆਪਣੀ ਜ਼ਬਾਨ ਤੋਂ ਇਹ ਨਹੀਂ ਸੀ ਕਿਹਾ ਕਿ ਸਾਨੂੰ ਕੁਝ ਦਿਓ. ਲੇਕਿਨ ਹਿੰਦੁਸਤਾਨ ਦੀ ਕਾਂਗਰਸ ਸਰਕਾਰ ਨੇ ਉਨ੍ਹਾਂ ਫਰੀਡਮ ਫਾਈਟਰਜ਼ ਦੀਆਂ ਫੈਮਲੀਜ਼ ਬਾਰੇ ਸੋਚਿਆ। ਮੈਂ ਕਹਿੰਦਾ ਹਾਂ. ਕਿ ਜੇ ਕਦੇ ਕਿਸੇ ਨੇ ਸੋਚਿਆ ਤਾਂ ਕਾਂਗਰਸ ਪਾਰਟੀ ਨੇ ਸੋਚਿਆ ਹੋਰ ਕਿਸੇ ਨੇ ਨਹੀਂ ਸੋਚਿਆ। ਪੰਜਾਬ ਸਰਕਾਰ ਸਰਦਾਰ ਦਰਬਾਰਾ ਸਿੰਘ ਦੀ ਰਹਿਨੁਮਾਈ ਥੱਲੇ ਇਨ੍ਹਾਂ ਫਰੀਡਮ ਫਾਈਟਰ ਲਈ ਪਹਿਲਾਂ 30 ਲੱਖ ਰੁਪਿਆ ਖਰਚ ਹੁੰਦਾ ਸੀ ਹੁਣ ਇਕ ਕਰੋੜ ਰੁਪਏ ਤੋਂ ਵੱਧ ਖਰਚ ਕਰਨਾ ਹੈ। ਉਨ੍ਹਾਂ ਨੂੰ ਹੋਰ ਸਹੂ-

Original with;
Punjab Vidhan Sabha
Digitized by;
Panjab Digital Library

ਲਤਾਂ ਵੀ ਦਿਆਂਗੇ। ਇਨ੍ਹਾਂ ਨੇ ਵੀ ਸਹੂਲਤਾਂ ਦਿੱਤੀਆਂ ਸਨ ਪਰ ਕਿਨ੍ਹਾਂ ਨੂੰ ਜਿਹੜੇ ਕਹਾਉਂਦੇ ਸਨ ਐਮਰਜੈਂਸੀ ਦੇ ਸਫ਼ਰਰ ਆਜ਼ਾਦ ਹਿੰਦੁਸਤਾਨ ਤੋਂ ਬਾਅਦ ਜਿਨ੍ਹਾਂ ਨੇ ਦੇਸ਼ ਦੀ ਤਰੱਕੀ ਵਾਸਤੇ ਰੁਕਾਵਟ ਪੈਦਾ ਕੀਤੀ ਜਿਨ੍ਹਾਂ ਨੇ ਲੋਕਾਂ ਨੂੰ ਗੁਮਰਾਹ ਕੀਤਾ ਗਲਤ ਨਾਅਰੇ ਲਗਾ ਕੇ, ਤਸ਼ੱਦਦ ਕਰਕੇ ਜਾਂ ਆਪਣੇ ਹੱਥ ਵਿਚ ਕਾਨੂੰਨ ਲੈ ਕੇ ਜਿਨ੍ਹਾਂ ਨੇ ਜੇਲ੍ਹਾਂ ਵਿਚ ਸਜ਼ਾਵਾਂ ਕੁਰਤੀਆਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਉਹ ਫਰੀਡਮ ਫਾਈਟਰਜ਼ ਹਨ ਅਤੇ ਉਨ੍ਹਾਂ ਤੇ ਲੱਖਾਂ ਰੁਪਿਆ ਖਰਚ ਕੀਤਾ। ਪੈਨਸ਼ਨਾਂ ਦਿੱਤੀਆਂ ਉਨ੍ਹਾਂ ਦੇ ਬੱਚਿਆਂ ਨੂੰ ਦਾਖਲੇ ਦਿੱਤੇ। ਮੈਂ ਸਮਝਦਾ ਹਾਂ ਕਿ ਉਹ ਦਿਨ ਪੰਜਾਬ ਦੇ ਵਿਚ ਨਹੀਂ ਹਿੰਦੁਸਤਾਨ ਵਿਚ ਬੁਰਾ ਦਿਨ ਸੀ ਜਦੋਂ ਕੋਈ ਐਜੀਟੇਸ਼ਨ ਚੱਲੀ ਅਤੇ ਕੋਈ ਮੂਵਮੈਂਟ ਚਲੀ ਕਿ ਆਜ਼ਾਦੀ ਤੋਂ ਬਾਅਦ ਜੇ ਕਿਸੇ ਨੇ ਜੇਲ੍ਹ ਕੱਟੀ ਤਾਂ ਉਨ੍ਹਾਂ ਨੂੰ ਪੈਨਸ਼ਨ ਦਿਓ। ਇਹ ਸੋਚ ਇਸ ਆਪੋਜ਼ੀਸ਼ਨ ਦੀ ਤਰਫੋਂ ਹੋ ਸਕਦੀ ਹੈ ਇਹ ਦੇਸ਼ ਭਗਤਾਂ ਦੀ ਸੋਚ ਨਹੀਂ ਹੋ ਸਕਦੀ ਜਿਨ੍ਹਾਂ ਨੇ ਦੇਸ਼ ਦੀ ਤਰੱਕੀ ਵਾਸਤੇ ਕੁਝ ਕਰਨਾ ਹੈ।

ਸਪੀਕਰ ਸਾਹਿਬ, ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹਾਂਗਾ ਕਿ ਬਾਦਲ ਸਾਹਿਬ ਨੇ ਵੀ ਅੱਜ ਆਨੰਦਪੁਰ ਸਾਹਿਬ ਦੇ ਰੈਜੋਲਿਊਸ਼ਨ ਦਾ ਜ਼ਿਕਰ ਕੀਤਾ ਹੈ ਇਸ ਤੋਂ ਪਹਿਲਾਂ ਸਰਦਾਰ ਬਲਵੰਤ ਸਿੰਘ ਨੇ ਵੀ ਕੀਤਾ ਸੀ ਅਤੇ ਬਰਨਾਲਾ ਜੀ ਨੇ ਕੀਤਾ। ਮੈਂ ਇੰਨਾ ਕਹਾਂਗਾ ਕਿ ਫਿਰਕਾਪ੍ਰਸਤੀ ਕਰਕੇ ਪਾਕਿਸਤਾਨ ਬਣਿਆ, ਹਿੰਦੁਸਤਾਨ ਦੇ ਟੁਕੜੇ ਹੋਏ, ਫਿਰਕਾਪ੍ਰਸਤੀ ਇਕ ਜ਼ਹਿਰ ਹੈ, ਹਿੰਦੁਸਤਾਨ ਦਾ ਦੁਸ਼ਮਣ ਹੈ. ਹਿੰਦੁਸਤਾਨ ਸੈਕੂਲਰ ਲੀਹਾਂ ਤੇ ਚੱਲ ਰਿਹਾ ਹੈ. ਡੈਮੋਕਰੈਟਿਕ ਲੀਹਾਂ ਤੇ ਚੱਲ ਰਿਹਾ ਹੈ ਅੱਜ ਪਿਛਲੇ 34 ਸਾਲਾਂ ਵਿਚ ਮਜ਼ਬੂਤੀ ਨਾਲ ਅੱਗੇ ਵੱਧ ਰਿਹਾ ਹੈ ਅੱਜ ਵੱਧਦਾ ਰਹੇਗਾ। ਫਿਰਕਾਪ੍ਰਸਤੀ ਤਾਕਤਾਂ ਨੇ ਪਿੱਛੇ ਜਿਹੇ ਕੋਸ਼ਿਸ਼ ਕੀਤੀ ਆਪਣਾ ਸਿਰ ਚੁੱਕਣ ਦੀ ਤਾਂ ਸਿਰ ਦੇ ਭਾਰ ਡਿੱਗਣਾ ਪਿਆ। ਪੰਜਾਬੀ ਕਿਸੇ ਫਿਰਕਾਪ੍ਰਸਤ ਤਾਕਤ ਨੂੰ ਅੱਗੇ ਨਹੀਂ ਆਉਣ ਦੇਵੇਗਾ। ਫਿਰਕਾਪ੍ਰਸਤੀ ਇਕ ਅੈਸਾ ਜ਼ਹਿਰ ਹੈ ਜਿਹੜਾ ਹਿੰਦੁਸਤਾਨ ਨੂੰ ਤਬਾਹ ਤੇ ਬਰਬਾਦ ਕਰ ਦੇਵੇਗਾ ਜਿਸ ਤਰ੍ਹਾਂ ਪਹਿਲੇ ਹਿੰਦੁਸਤਾਨ ਦੇ ਟੁਕੜੇ ਹੋਏ ਸੀ। ਸਪੀਕਰ ਸਾਹਿਬ ਸੱਚੀ ਗੱਲ ਹਮੇਸ਼ਾਂ ਕੌੜੀ ਲਗਦੀ ਹੈ। ਜੇ ਕੌੜੀ ਚੀਜ਼ ਨਿਗਲ ਲਈ ਜਾਵੇ ਤਾਂ ਫਾਇਦਾ ਹੁੰਦਾ ਹੈ ਅੱਤੇ ਜੇ ਨਾ ਨਿਗਲੀ ਜਾਵੇ ਤਾਂ ਉਸ ਦਾ ਕੋਈ ਇਲਾਜ ਨਹੀਂ। ਉਸ ਦੀ ਫਿਰ ਅਰਥੀ ਉਠਦੀ ਹੈ। ਪੰਜਾਬ ਗੌਰਮੈਂਟ ਸਚਾਈ ਦੇ ਅਦਰਸ਼ਾਂ ਨੂੰ ਅਪਨਾ ਕੇ, ਸੈਕੂਲਰ ਅਦਰਸ਼ਾਂ ਨੂੰ, ਨੈਸ਼ਨਲ ਅਦਰਸ਼ਾਂ ਨੂੰ ਅਪਨਾ ਕੇ ਹਿੰਦੁਸਤਾਨ ਦੇ ਹਿੰਦੂ, ਸਿਖ, ਮੁਸਲਮਾਨ ਈਸਾਈਆਂ ਸਭ ਲਈ ਕੰਮ ਕਰ ਰਹੀ ਹੈ। ਪੰਜਾਬ ਗੌਰਮੈਂਟ ਹਿੰਦੁਸਤਾਨ ਗੌਰਮੈਂਟ ਦਾ ਇਕ ਅਟੁੱਟ ਹਿੱਸਾ ਹੈ ਅਤੇ ਜਿਹੜੀਆਂ ਤਾਕਤਾਂ ਇਸ ਦੇ ਟੁਕੜੇ ਕਰਨ ਲਈ ਤੁਲੀਆਂ ਹੋਈਆਂ ਹਨ ਉਨ੍ਹਾਂ ਨੂੰ ਖਤਮ ਕਰਕੇ ਅੱਗੇ ਵਧੀ ਜਾਣਾ ਹੈ। ਇਕ ਪਾਸੇ ਕਹਾਉਂਦੇ ਹਨ ਕਿ ਦੇਸ਼ ਭਗਤ ਹਾਂ ਦੂਜੇ ਪਾਸੇ ਪ੍ਰੋਵਿੰਸ਼ਲ ਆਟਾਨੋਮੀ, ਸੂਬਾਜਾਤ ਖੁਦਮੁਖਤਿਆਰੀ ਚਾਹੁੰਦੇ ਹਨ ਇਹ ਦੇਸ਼ ਨੂੰ ਕਮਜ਼ੋਰ ਕਰਨ ਵਾਲੀ ਗੱਲ ਹੈ ਇਸ ਤਰ੍ਹਾਂ ਨਾਲ ਕੋਈ ਦੇਸ਼ ਮਜ਼ਬੂਤ ਨਹੀਂ ਰਹਿ ਸਕਦਾ ਅੱਤੇ ਇਹ ਚੀਜ਼ ਕਬੂਲ ਨਹੀਂ ਕੀਤੀ ਜਾ ਸਕਦੀ। (ਜੈ ਹਿੰਦ)

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਖਜ਼ਾਨਾ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ। ਦਿਲ ਤਾਂ ਨਹੀਂ ਸੀ ਕਰਦਾ ਜਿਸ ਤਰ੍ਹਾਂ ਦਾ ਮਾਹੌਲ ਪੈਦਾ ਕੀਤਾ ਹੈ ਸਪੀਕਰ ਸਾਹਿਬ ਜਿਹੜੇ ਗਰੀਬ ਬੰਦੇ ਹਨ ਜਿਨ੍ਹਾਂ ਦੀ 25% ਆਬਾਦੀ ਹੈ ਉਨ੍ਹਾਂ ਨਾਲ ਪਿਛਲੇ ਦੋ ਸਾਲਾਂ ਵਿਚ ਸਭ ਤੋਂ ਵੱਡੀ ਠੱਗੀ ਪੀਲੇ ਕਾਰਡ ਬਣਾ ਕੇ ਮਾਰੀ ਗਈ ਹੈ। ਸਾਰਿਆਂ ਨੂੰ ਪੀਲੇ ਕਾਰਡ ਨਹੀਂ ਮਿਲੇ। ਦੋ ਸਾਲ ਹੋ ਗਏ ਹਨ ਹਾਲੇ ਤੱਕ ਉਨ੍ਹਾਂ ਨੂੰ ਨਹੀਂ ਮਿਲੇ। ਉਨ੍ਹਾਂ ਲਈ 3600 ਰੁਪਏ ਇਨਕਮ ਦੀ ਹੱਦ ਰੱਖੀ ਹੈ। ਜਿਸ ਦੇ 5/6 ਜੀ ਕਮਾਉਣ ਵਾਲੇ ਹਨ ਤੁਸੀਂ ਦਸੋ ਉਨ੍ਹਾਂ ਦੀ ਕਿੰਨੀ ਆਮਦਨ ਹੋ ਸਕਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਹੀ ਮਾਨਿਆਂ ਵਿਚ ਗਰੀਬ ਆਦਮੀ ਨੂੰ ਖਾਸ ਕਰਕੇ ਸ਼ਡਿਊਲਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਕਾਸਟਸ ਜਿਸ ਨੂੰ ਕਹਿੰਦੇ ਹਨ ਉਨ੍ਹਾਂ ਨੂੰ ਪੀਲੇ ਕਾਰਡ ਹਾਲੇ ਤੱਕ ਨਹੀਂ ਮਿਲੇ ਔਰ ਜ਼ਿਮੀਦਾਰਾਂ ਨੂੰ, ਸਾਹੂਕਾਰਾਂ ਨੂੰ ਜਾਂ ਕਿਸਾਨਾਂ ਨੂੰ ਮਿਲ ਗਏ ਹਨ। ਨਾ ਤਾਂ ਉਨ੍ਹਾਂ ਗਰੀਬਾਂ ਨੂੰ ਸਹੀ ਮਾਨ੍ਹਿਆਂ ਵਿਚ ਕੁਝ ਸਰਵਿਸ ਵਿਚ ਮਿਲਿਆ ਹੈ ਨਾ ਬੈਂਕਾਂ ਰਾਹੀਂ ਕਰਜ਼ੇ ਮਿਲੇ ਹਨ ਨਾ ਮਿਲ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਹ ਇਨਕਮ ਦੀ ਹੱਦ ਪੀਲੇ ਕਾਰਡ ਬਣਾਉਣ ਲਈ 8.9 ਹਜ਼ਾਰ ਤੱਕ ਕਰਨ ਨੂੰ ਤਿਆਰ ਹਨ ਤਾਂ ਕਿ ਉਨ੍ਹਾਂ ਨੂੰ ਕੋਈ ਫ਼ਾਇਦਾ ਮਿਲ ਸਕੇ ਜਾਂ ਇਸ ਤੇ ਕੋਈ ਵਿਚਾਰ ਕਰਨਗੇ?

ਸਰਦਾਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਪਿਛਲੀ ਸਪੀਚ ਵੇਲੇ ਦੋ ਇਸ਼ੂ ਰੇਜ਼ ਕੀਤੇ ਸਨ, ਆਇਆ ਪੰਜਾਬ ਦੀ ਪਰ ਕੈਪਿਟਾ ਇਨਕਮ ਹਾਈਐਸਟ ਹੈ; ਐਗਰੀਕਲਚਰ ਸੈਸ ਕਿਸਾਨ ਤੇ ਪਵੇਗਾ ਜਾਂ ਕਿਸ ਤੇ ਪਵੇਗਾ। ਅੱਜ ਮੈਂ ਇਹ ਰੇਜ਼ ਨਹੀਂ ਕਰਾਂਗਾ ਜੇ ਮੁਨਾਸਬ ਸਮਝਣ ਤਾਂ ਜਵਾਬ ਦੇ ਦੇਣ।

ਇਨ੍ਹਾਂ ਨੇ ਕਿਹਾ ਹੈ ਕਿ ਬਾਦਲ ਸਾਹਿਬ ਨੇ ਆਪਣੀ ਸਪੀਚ ਵਿਚ ਕਿਹਾ ਸੀ ਕਿ ਸੈਂਟਰਲ ਅਸਿਸਟੈਂਸ ਸਾਨੂੰ ਘੱਟ ਮਿਲੀ ਹੈ. ਇਨ੍ਹਾਂ ਨੇ ਸਟੇਟਿਸਟਿਕਸ ਤਰੋੜ ਮਰੋੜ ਕੇ ਦੱਸਿਆ ਹੈ ਕਿ ਬਹੁਤ ਕੁੱਝ ਮਿਲਦਾ ਹੈ। ਮੈਂ ਸਟ੍ਰੇਟ ਸੁਆਲ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਪਿਛਲੇ ਸਾਲ ਐਕਨਾਮਿਕ ਸਰਵੇ ਦਿੱਤਾ ਹੈ ਉਸ ਦੇ ਵਿਚ ਸੈਂਟਰਲ ਅਸਿਸਟੈਂਸ ਬਹੁਤ ਹੀ ਘੱਟ ਦੱਸੀ ਹੈ, ਇਸ ਦੀ ਕੀ ਵਜ੍ਹਾ ਹੈ?

After every rupee spent in the plan we get lowest central assistance. Why it is this?

ਹਰ ਜੀਅ ਮਗਰ ਪੰਜਾਬ ਨੂੰ ਸੈਂਟਰਲ ਅਸਿਸਟੈਂਸ ਲੋਐਸਟ ਹੈ ਯਾਨੀ 15 ਪੈਸੇ ਇਕ ਰੁਪਏ ਪਿੱਛੇ। ਪਰ ਇਸ ਪਲਾਨ ਵਿਚ 13 ਪੈਸੇ ਜਿਹੜੇ ਕਿ ਸਭ ਤੋਂ ਘੱਟ ਹਨ।

ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਬਾਦਲ ਸਾਹਿਬ ਦੇ ਜ਼ਮਾਨੇ ਵਿਚ ਪਲਾਨ ਕੱਟ ਦਿੱਤੀ ਗਈ ਸੀ। ਉਨ੍ਹਾਂ ਦਾ ਐਕਨਾਮਿਕ ਸਰਵੇ ਜਿਹੜਾ ਕਿ ਇਸ ਸਾਲ ਦੇ ਬਜਟ ਨਾਲ ਸਾਨੂੰ ਦਿੱਤਾ ਹੋਇਆ 1981-82 ਦਾ ਉਸ ਦੇ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਪਲਾਨ ਤੇ ਕੱਟ ਲਗਾਈ ਸੀ ਤਾਂ ਸਾਡੇ ਜ਼ਮਾਨੇ ਵਿਚ ਗਰੋਥ ਰੇਟ ਹਾਈਐਸਟ ਕਿਉਂ ਸੀ ਅਤੇ ਇਨ੍ਹਾਂ ਦੇ ਆਪਣੇ ਪੇਜ 46 ਤੇ ਲਿਖਿਆ ਹੈ ਕਿ 1978-79 ਵਿਚ ਐਗਰੀਕਲਚਰਲ ਗਰੋਥ ਰੇਟ 9% ਸੀ ਅਤੇ ਇੰਡਸਟਰੀ ਦਾ 11.6%। ਪਿਛਲੇ 25 ਸਾਲਾਂ ਵਿੱਚ ਐਨਾ ਗਰੋਥ ਰੇਟ ਕਿਉਂ ਨਹੀਂ ਹੋਇਆ। ਜੇ ਅਸੀਂ ਪਲਾਨ ਵਿੱਚ ਕੱਟ ਕਰਦੇ ਸੀ ਤਾਂ ਗਰੋਥ ਰੇਟ ਕਿਉਂ ਹਾਈ ਸੀ, ਇਹ ਕੰਟਰਾਡਿਕਸ਼ਨ ਕਿਉਂ ਹੈ, ਕੀ ਇਨ੍ਹਾਂ ਦੀ ਇਸ ਕਿਤਾਬ ਨੇ ਗਲਤ ਗੱਲ ਛਾਪੀ ਹੈ, ਕੀ ਇਹ ਇਸ ਅਨਾਮਲੀ ਨੂੰ ਐਕਸਪਲੇਨ ਕਰਨਗੇ। ਇਨ੍ਹਾਂ ਨੇ ਤਰੋੜ ਮਰੋੜ ਕੇ ਫੈਕਟਸ ਪੁੱਟ ਕੀਤੇ ਹਨ। ਸਪੀਕਰ ਸਾਹਿਬ, ਮੇਰਾ ਤੀਸਰਾ ਪੁਆਇੰਟ ਇਹ ਹੈ ਕਿ ਇੱਕ ਪਾਸੇ ਇਨ੍ਹਾਂ ਨੇ ਪਿਛਲੀ ਸਪੀਚ ਵਿੱਚ ਕਿਹਾ ਕਿ ਸਾਡੇ ਟੈਕਸ ਰੈਵੇਨਿਊਜ਼, ਐਕਸਾਈਜ਼ ਐਂਡ ਟੈਕਸੇਸ਼ਨ ਦੇ ਉਨ੍ਹਾਂ ਵਿੱਚ 21% ਵਾਧਾ ਹੋਇਆ, ਸਾਨੂੰ ਖੁਸ਼ੀ ਹੈ ਕਿ ਮੋਬੀਲਾਈਜੇਸ਼ਨ ਆਫ ਰਿਸੋਰਸਿਜ਼ ਹੋਈ, ਪਰ ਇਸ ਦੇ ਨਾਲ ਨਾਲ ਓਵਰ ਡਰਾਫਟ ਕਿਉਂ ਵੱਧ ਰਿਹਾ ਹੈ। ਜਿਸ ਦਿਨ ਬਜਟ ਪੇਸ਼ ਕੀਤਾ ਸੀ ਉਸ ਦਿਨ 127 ਕਰੋੜ ਰੁਪਏ ਸੀ ਉਸ ਦੇ ਬਾਅਦ ਠੇਕਿਆਂ ਦੀਆਂ ਨੀਲਾਮੀਆਂ ਹੋਈਆਂ, ਰੇਜ਼ ਐਂਡ ਮੀਨਜ਼ ਪੁਜੀਜ਼ਨ ਇੰਪਰੂਵ ਹੋਣੀ ਚਾਹੀਦੀ ਸੀ। ਇਸ ਲਈ ਇਹ ਦੱਸਣ ਕਿ ਜੇ ਇਨ੍ਹਾਂ ਦੇ ਟੈਕਸ ਰੈਵੇਨਿਊਜ਼ ਵੱਧ ਰਹੇ ਹਨ ਤਾਂ ਦੂਜੇ ਪਾਸੇ ਓਵਰ-ਡਰਾਫਟ ਕਿਉਂ ਵੱਧ ਰਿਹਾ ਹੈ, ਕੀ ਇਹ ਇਸ ਕੰਟਰਾਡਿਕਸ਼ਨ ਨੂੰ ਐਕਸਪਲੇਨ ਕਰਨਗੇ?

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ ਇਸ ਸੈਸ਼ਨ ਵਿੱਚ ਵਜ਼ੀਰ ਸਾਹਿਬ ਨੇ ਇੱਕ ਸਵਾਲ ਦੇ ਜਵਾਬ ਵਿੱਚ ਮੰਨਿਆ ਸੀ ਕਿ ਸਰਕਾਰੀ ਕਰਮਚਾਰੀਆਂ ਨੂੰ ਡੀ. ਏ. ਦੀਆਂ ਕਿਸ਼ਤਾਂ ਦਿੱਤੀਆਂ ਜਾਣਗੀਆਂ ਜਦੋਂ ਸੈਂਟਰ ਵੱਲੋਂ ਚਿੱਠੀ ਆ ਜਾਵੇਗੀ। ਉਹ ਚਿੱਠੀ ਆ ਗਈ ਹੈ। ਕੀ ਹੁਣ ਇਹ ਕਿਸ਼ਤਾਂ ਦੇਣ ਦਾ ਐਲਾਨ ਕਰਣਗੇ? ਨੰਬਰ ਦੋ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵੱਖ ਵੱਖ ਮਹਿਕਮਿਆਂ ਵਿੱਚ ਚਾਹੇ ਬਿਜਲੀ ਬੋਰਡ ਹੈ, ਪੀ. ਡਬਲਿਊ. ਡੀ. ਹੈ ਜਾਂ ਪਬਲਿਕ ਹੈਲਥ ਹੈ, ਇਨ੍ਹਾਂ ਮਹਿਕਮਿਆਂ ਵਿੱਚ 10 ਸਾਲ, 20 ਸਾਲਾਂ ਤੋਂ ਵਰਕ ਚਾਰਜਡ ਕਰਮਚਾਰੀ ਰੈਗੂਲਰ ਨਹੀਂ ਕੀਤੇ ਗਏ, ਕੀ ਉਨ੍ਹਾਂ ਨੂੰ ਰੈਗੂਲਰ ਕਰਨ ਲਈ ਉਪਰਾਲੇ ਕਰਨਗੇ ਅਤੇ ਇਹ ਵੀ ਦੱਸਣਗੇ ਕਿ ਰੈਗੂਲਰ ਕਰਨ ਲਈ ਨਾਰਮਜ਼ ਕੀ ਹਨ?

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਛੱਜ ਕੌਣ ਹੈ। ਕੀ ਅਸੀਂ ਇਨ੍ਹਾਂ ਦਾ ਨਾਂ ਡਾਕਟਰ ਕੇਵਲ ਕ੍ਰਿਸ਼ਨ ਛੱਜ ਰੱਖ ਲਈਏ। ਇਨ੍ਹਾਂ ਨੇ ਫੈਕਟਸ ਤਰੋੜ ਮਰੋੜ ਕੇ ਦੱਸਿਆ ਹੈ ਕਿ ਸਾਨੂੰ 38 ਰੁਪਏ ਪਰ ਕੈਪੀਟਾ ਮਿਲਦੇ ਹਨ। ਇਹ ਦੱਸ ਦੇਣ ਕਿ ਸਟੇਟ-ਵਾਈਜ਼ ਟੋਟਲ ਅਸਿਸਟੈਂਸ ਕਿਤਨੀ ਕਿਤਨੀ ਮਿਲੀ ਹੈ ਅਤੇ ਉਸ ਵਿੱਚ ਪੰਜਾਬ ਨੂੰ ਕਿਤਨੀ ਮਿਲੀ ਹੈ। ਇਨ੍ਹਾਂ ਨੇ ਇਸ ਸਾਲ ਦੀ ਪਲਾਨ ਵਿੱਚ ਤਕਰੀਬਨ 50% ਪਾਵਰ ਜੈਨਰੇਸ਼ਨ ਲਈ ਰੱਖਿਆ ਹੈ ਪਰ ਇਸ ਦੇ ਨਾਲ ਬਿਜਲੀ 1036 ਮੈਗਾਵਾਟ ਤੋਂ ਵੱਧ ਕੇ 1083 ਮੈਗਾਵਾਟ ਹੋਣੀ ਹੈ। ਕੀ ਸਿਰਫ 47 ਮੈਗਾਵਾਟ ਵੱਧ ਬਿਜਲੀ ਪੈਦਾ ਕਰਨ ਵਾਸਤੇ ਇਹ ਇਤਨੇ ਪੈਸੇ ਖਰਚ ਰਹੇ ਹਨ। ਇਸ ਤਰ੍ਹਾਂ ਬਿਜਲੀ ਦੀ ਕੀ ਹਾਲਤ ਸੂਬੇ ਵਿੱਚ ਹੋਵੇਗੀ? ਇਸ ਸਰਕਾਰ ਨੇ ਇਹ ਵੀ ਕਿਹਾ ਸੀ ਕਿ ਅਸੀਂ ਐਡਹਾਕਿਜ਼ਮ ਖਤਮ ਕਰ ਦਿਆਂਗੇ। ਜਿਹੜੇ ਕਾਲਜ ਲੈਕਚਰਾਰ ਦੀਆਂ ਇੰਟਰਵਿਊਜ ਹੁੰਦੀਆਂ ਹਨ ਉਹ ਇੱਕ ਇੱਕ ਪੋਸਟ ਦੀਆਂ ਹੁੰਦੀਆਂ ਹਨ। ਪੰਜ ਪੰਜ ਬੰਦੇ ਐਡਹਾਕ ਪੋਸਟਾਂ ਤੇ ਕੰਮ ਕਰਦੇ ਹਨ, ਉਹ ਇੰਟਰਵਿਊ ਦੇਣ ਲਈ ਚਲੇ ਗਏ ਹਨ। ਕੀ ਇਹ ਡਿਪਾਰਟਮੈਂਟਸ ਵੱਲੋਂ ਪਬਲਿਕ ਸਰਵਿਸ ਕਮਿਸ਼ਨ ਨੂੰ ਸਾਰੀਆਂ ਪੋਸਟਾਂ ਭਜਵਾਉਣਗੇ ਤਾਂ ਕਿ ਐਡਹਾਕਿਜ਼ਮ ਨੂੰ ਖਤਮ ਕੀਤਾ ਜਾਵੇ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਕੀਮ ਸਾਹਿਬ ਤੋਂ ਜਾਣਕਾਰੀ ਲੈਣਾ ਚਾਹੁੰਦਾ ਹਾਂ। ਇਨ੍ਹਾਂ ਨੇ ਦੱਸਿਆ ਹੈ ਕਿ ਕਿਸਾਨਾਂ ਦਾ ਪਹਿਲਾਂ ਬੈਂਕਾਂ ਵਿੱਚ ਇਤਨਾ ਪੈਸਾ ਸੀ। 1947 ਤੋਂ ਅੰਕੜੇ ਦੇਣੇ ਸ਼ੁਰੂ ਕੀਤੇ। ਇੱਕ ਤਾਂ ਇਹ ਦੱਸਣ ਕਿ 1947 ਵਿਚ ਕੀ ਲੋਕ ਟਰੈਕਟਰਾਂ ਨਾਲ ਵਾਹੀ ਕਰਦੇ ਸਨ ਜਾਂ ਬਲਦਾਂ ਨਾਲ। ਦੂਸਰਾਂ ਕੀ ਉਦੋਂ ਮੋਟਰਾਂ ਚਲਦੀਆਂ ਸਨ, ਟਿਊਬਵੈਲ ਚਲਦੇ ਸਨ? ਇਨ੍ਹਾਂ ਨੇ ਦੱਸਿਆ ਹੈ ਕਿ 400 ਕਰੋੜ ਕਿਸਾਨਾਂ ਦਾ ਬੈਂਕਾਂ ਵਿੱਚ ਅੱਜ ਜਮ੍ਹਾਂ ਹੈ। ਇਹ ਲੋਕਾਂ ਦੀ ਮਿਹਨਤ ਦੇ ਸਦਕਾ ਹੈ। ਇਹ ਦੱਸਣ ਕਿ ਪਹਿਲਾਂ ਜ਼ਮੀਨ ਦਾ ਕੀ ਭਾਅ ਸੀ ਅਤੇ ਹੁਣ ਕੀ ਹੈ। ਇਨ੍ਹਾਂ ਨੇ ਦੱਸਿਆ ਹੈ ਕਿ ਕਿਸਾਨਾਂ ਦਾ 400 ਕਰੋੜ ਰੁਪਿਆ ਬੈਂਕਾਂ ਵਿੱਚ ਜਮ੍ਹਾਂ ਪਿਆ ਹੈ, ਇਹ ਕਿਰਪਾ ਕਰਕੇ ਦੱਸਣ ਕਿ ਜ਼ਿਮੀਦਾਰ ਦੇ ਸਿਰ ਕਰਜ਼ਾ ਕਿਤਨਾ ਹੈ ?

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਪੀਲੇ ਕਾਰਡ ਉਨ੍ਹਾਂ ਦੇ ਬਣਾਏ ਜਾਂਦੇ ਹਨ ਜਿਨ੍ਹਾਂ ਦੀ ਆਮਦਨ 3600 ਰੁਪਏ ਤੋਂ ਘੱਟ ਹੈ। ਮਿਨੀਮਮ ਵੇਜਿਜ਼ ਐਕਟ ਦੇ ਮੁਤਾਬਿਕ ਇੰਡਸਟਰੀਅਲ ਵਰਕਰ ਦੀ 14 ਰੁਪਏ ਦਿਹਾੜੀ ਹੈ ਅਤੇ ਜਿਹੜਾ ਖੇਤ ਮਜ਼ਦੂਰ ਹੈ ਉਸ ਦੀ 13 ਰੁਪਏ ਦਿਹਾੜੀ ਹੈ। ਇਸ ਹੱਦ ਦੇ ਵਿੱਚ ਤਾਂ ਇਹ ਦੋਵੇਂ ਨਹੀਂ ਆ ਸਕਦੇ। ਕੀ ਇਸ 3600 ਰੁਪਏ ਦੀ ਸੀਲਿੰਗ ਨੂੰ ਵਧਾ ਕੇ 6000 ਰੁਪਿਆ ਕਰਨਗੇ ਤਾਂ ਕਿ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਅਤੇ ਖੇਤ ਮਜ਼ਦੂਰ ਦੋਵਾਂ ਨੂੰ ਇਹ ਰਾਹਤ ਮਿਲ ਸਕੇ ?

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇੱਕ ਤਾਂ ਫਾਈਨਾਂਸ ਮਨਿਸਟਰ ਸਾਹਿਬ ਨੇ ਆਖਣੀ ਸਪੀਚ ਵਿੱਚ ਕਿਹਾ ਹੈ ਕਿ ਜਦੋਂ ਐਮਰਜੰਸੀ ਦੇ ਦੌਰਾਨ ਲੋਕ ਜੇਲ੍ਹਾਂ ਵਿੱਚ ਗਏ ਸਨ ਉਨ੍ਹਾਂ ਨੂੰ ਅਸੀਂ ਪੈਨਸ਼ਨਾਂ ਦਿੱਤੀਆਂ ਹਨ। ਮੈਂ ਇਨ੍ਹਾਂ ਤੋਂ ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਬਜ਼ੁਰਗਾਂ ਨੇ ਮੁਲਕ ਆਜ਼ਾਦ ਕਰਵਾਇਆ ਸੀ ਉਸ ਤੋਂ ਬਾਅਦ ਪਹਿਲੀ ਵਾਰ ਲੋਕਾਂ ਦੀ ਆਜ਼ਾਦੀ ਖਤਮ ਕੀਤੀ ਗਈ, ਲੋਕਾਂ ਦਾ ਬੋਲਣਾ, ਲਿਖਣਾ ਅਤੇ ਇਥੋਂ ਤਕ ਵੋਟਾਂ ਪਾਉਣ ਦਾ ਹੱਕ ਬੰਦ ਕੀਤਾ ਗਿਆ। ਸਾਰੀਆਂ ਡੈਮੋਕਰੇਟਿਕ ਇੰਸਟੀਚਿਊਸਨਜ਼ ਬੰਦ ਕੀਤੀਆਂ ਗਈਆਂ ਅਤੇ ਫੰਡਾਮੈਂਟਲ ਰਾਈਟਸ ਖਤਮ ਕਰ ਦਿੱਤੇ। ਜੇ ਅਸੀਂ ਉਦੋਂ ਐਮਰਜੰਸੀ ਦੇ ਖਿਲਾਫ ਲੜਾਈ ਨਾ ਲੜਦੇ, ਜੇਲ੍ਹਾਂ ਵਿਚ ਨਾ ਜਾਂਦੇ ਤਾਂ ਨਾ ਇਨ੍ਹਾਂ ਨੇ ਫਾਈਨਾਂਸ ਮਨਿਸਟਰ ਹੋਣਾ ਸੀ ਅਤੇ ਨਾ ਸਰਦਾਰ ਦਰਬਾਰਾ ਸਿੰਘ ਨੇ ਚੀਫ ਮਨਿਸਟਰ ਹੋਣਾ ਸੀ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਅੱਗੇ ਨੂੰ ਵੀ ਇਸ ਤਰ੍ਹਾਂ ਦੇ ਕੇਸ ਹੋਏ ਤਾਂ ਅਸੀਂ ਉਨ੍ਹਾਂ ਲੋਕਾਂ ਨੂੰ ਆਨਰ ਕਰਾਂਗੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਐਮਰਜੰਸੀ ਦੇ ਦੌਰਾਨ ਜਿਹੜੇ ਜੇਲ੍ਹਾਂ ਵਿਚ ਗਏ ਉਨ੍ਹਾਂ ਦੀਆਂ ਪੈਨਸ਼ਨਾਂ ਲਗਾਈਆਂ ਗਈਆਂ। ਮੈਂ ਕਹਿੰਦਾ ਹਾਂ ਕਿ ਉਹ ਇਕ ਗਲਤ ਕੰਮ ਸੀ। ਉਹ ਦੇਸ਼ ਭਗਤਾਂ ਦੇ ਮੱਥੇ ਤੇ ਬਦਨੁਮਾ ਧੱਬਾ ਸੀ। ਉਨ੍ਹਾਂ ਨੂੰ ਦੇਸ਼ ਭਗਤ ਕਹਿਣਾ ਬਹੁਤ ਗਲਤ ਗੱਲ ਹੈ। ਅਸੀਂ ਹੁਣ ਵੀ ਉਸਦੀ ਮੁਖਾਲਫਤ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਡੈਮੋਕਰੇਟਿਕ ਸੈਟ-ਅੱਪ ਵਿੱਚ ਹਰ ਪਾਰਟੀ ਨੂੰ ਆਪਣੇ ਵਿਚਾਰ ਰੱਖਣ, ਐਜੀਟੇਸ਼ਨ ਕਰਨ ਦਾ ਹੱਕ ਹੈ ਪਰ ਜੇ ਉਹ ਜੇਲ੍ਹਾਂ ਵਿੱਚ ਆਪਣੀ ਮਰਜ਼ੀ ਨਾਲ ਜਾਣਾ ਚਾਹੁੰਣ ਤਾਂ ਕੋਈ ਪਾਬੰਦੀ ਨਹੀਂ ਲੇਕਿਨ ਜੇਲ੍ਹਾਂ ਵਿੱਚ ਜਾ ਕੇ ਕੀਮਤ ਲੈਣਾ ਕੋਈ ਠੀਕ ਗੱਲ ਨਹੀਂ।

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮੈਂ 1947 ਦੀਆਂ ਫਿਗਰਜ਼ ਦੱਸੀਆਂ ਹਨ। ਇਨ੍ਹਾਂ ਨੂੰ ਸੁਣਨ ਵਿੱਚ ਭੁਲੇਖਾ ਲੱਗਿਆ ਹੈ। ਮੈਂ 1969 ਦੀਆਂ ਫਿਗਰਜ਼ ਦਿੱਤੀਆਂ ਸਨ। ਉਦੋਂ 18 ਕਰੋੜ ਰੁਪਏ ਕਿਸਾਨਾਂ ਦੇ ਬੈਂਕਾਂ ਵਿਚ ਜਮ੍ਹਾਂ ਸਨ ਅਤੇ 1979 ਵਿਚ 400 ਕਰੋੜ ਰੁਪਏ ਜਮ੍ਹਾਂ ਸਨ। ਕਿਸਾਨਾਂ ਦੀ ਖੁਸ਼ਹਾਲੀ ਦੀ ਸਾਨੂੰ ਖੁਸ਼ੀ ਹੈ। ਵਾਹਿਗੁਰੂ ਕਰੇ, ਪਰਮਾਤਮਾ ਕਰੇ, ਪੰਜਾਬ ਦਾ ਕਿਸਾਨ ਹੋਰ ਖੁਸ਼ਹਾਲ ਹੋਵੇ।

ਸਪੀਕਰ ਸਾਹਿਬ, ਸੈਂਟਰ ਤੋਂ ਟੋਟਲ ਅਸਿਸਟੈਂਸ 96 ਕਰੋੜ ਰੁਪਏ ਦੀ ਮਿਲੀ ਹੈ। ਐਡੀਆਂ ਵੱਡੀਆਂ ਕਿਤਾਬਾਂ ਹਨ, ਉਨ੍ਹਾਂ ਦੇ ਵਿਚ ਪੂਰੀ ਡੀਟੇਲ ਨਾਲ ਹਰ ਚੀਜ਼ ਦੱਸੀ ਗਈ ਹੈ। ਮਾਨਯੋਗ ਮੈਂਬਰ ਉਨ੍ਹਾਂ ਨੂੰ ਪੜ੍ਹਨ ਦਾ ਕਸ਼ਟ ਕਰਨ, ਉਨ੍ਹਾਂ ਦੀ ਮੇਹਰਬਾਨੀ ਹੋਵੇਗੀ। ਬਿਨਾਂ ਪੜ੍ਹੇ ਗਲਾਂ ਕਰਨਾ ਮੁਨਾਸਿਬ ਨਹੀਂ। ਜਿਹੜੇ ਵਰਕਚਾਰਜਡ ਇੰਪਲਾਈਜ਼ ਇਕ ਸਾਲ ਸਰਵਿਸ ਕਰ ਲੈਂਦੇ ਹਨ ਉਸ ਤੋਂ ਬਾਅਦ ਉਨ੍ਹਾਂ ਨੂੰ ਪੱਕਾ ਕੀਤਾ ਜਾਂਦਾ ਹੈ, ਮੈਰਿਟ ਦੇ ਮੁਤਾਬਿਕ ਫੈਸਲਾ ਹੋ ਰਿਹਾ ਹੈ। ਏ.ਡੀ.ਏ. ਦੀਆਂ ਕਿਸ਼ਤਾਂ ਦੇਣ ਲਈ ਅਸੀਂ ਵਚਨਬੱਧ ਹਾਂ। ਜਦੋਂ ਸੈਂਟਰਲ ਗੌਰਮਿੰਟ ਦੇ ਦਿੰਦੀ ਹੈ ਤਾਂ ਪੰਜਾਬ ਗੌਰਮਿੰਟ ਵਿਚਾਰ ਕਰਕੇ ਫੈਸਲਾ ਕਰਦੀ ਹੈ। ਇਹ ਅਸੀਂ ਜ਼ਰੂਰ ਦੇਵਾਂਗੇ। ਵਕਤ, ਮਿਤੀ ਅਤੇ ਸਮਾਂ ਨਹੀਂ ਦੱਸਿਆ ਜਾ ਸਕਦਾ। ਜੇ ਅੱਗੇ 9 ਕਿਸ਼ਤਾਂ ਦਿੱਤੀਆਂ ਹਨ ਪਿਛਲੇ ਦੋ ਸਾਲਾਂ ਵਿਚ ਤਾਂ ਅਗਲੀਆਂ ਕਿਸ਼ਤਾਂ ਵੀ ਜ਼ਰੂਰ ਦੇਵਾਂਗੇ। ਸਪੀਕਰ ਸਾਹਿਬ, ਇਨ੍ਹਾਂ ਨੇ ਐਕਸਾਈਜ਼ ਰੈਵੇਨਿਊ ਦਾ ਜ਼ਿਕਰ ਕੀਤਾ ਸੀ। ਪਿਛਲੇ ਸਾਲ ਵਲਾਇਤੀ ਸ਼ਰਾਬ ਦੀ ਲਾਇਸੈਂਸ ਫੀਸ 7 ਕਰੋੜ ਰੁਪਏ ਸੀ ਪਰ ਠੇਕੇ ਆਕਸ਼ਨ ਕਰਨ ਨਾਲ ਉਹ 28 ਕਰੋੜ ਰੁਪਏ ਹੋਈ ਹੈ। ਇਸ ਤਰ੍ਹਾਂ 400 ਪਰਸੈਂਟ ਅਗਰੇਜ਼ੀ ਸ਼ਰਾਬ ਦੀ ਬੋਲੀ ਵਿਚ ਆਮਦਨ ਵਿਚ ਵਾਧਾ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਟੈਕਸ ਰੈਵੇਨਿਊਜ਼ ਵਿਚ ਵਾਧਾ ਹੋਇਆ ਹੈ। ਲੇਕਿਨ ਓਵਰ-ਡਰਾਫਟ ਦੇ ਸਾਰੇ ਰੀਜ਼ਨ ਜਾਣਨ ਲਈ

Original with;
Punjab Vidhan Sabha
Digitized by;
Panjab Digital Library

ਸਾਬਕਾ ਫਾਇਨਾਂਸ ਮਨਿਸਟਰ ਸਾਹਿਬ ਬਜਟ ਸਪੀਚ ਪੜ੍ਹਨ ਦੀ ਕਿਰਪਾ ਕਰਨ ਕਿ ਓਵਰ-ਡਰਾਫਟ ਕਿਉਂ ਹੈ ? ਬੜਾ ਐਕਸਪਲੇਨ ਕੀਤਾ ਹੋਇਆ ਹੈ। ਪੇ ਕਮਿਸ਼ਨ ਦੀ ਰਿਕੁਮੈਂਡੇਸ਼ਨ ਸੀ, ਫਿਰ ਪੈਨਸ਼ਨ ਬੈਨੀਫਿਟਸ ਦੇਣੇ ਪਏ ਸਨ। ਇਹ ਇਨ੍ਹਾਂ ਦਾ ਹੀ ਘਾਟਾ ਸੀ ਜਿਹੜਾ ਸਾਨੂੰ ਦਿੱਤਾ ਗਿਆ ਸੀ। ਇਸ ਲਈ ਮੈਂਬਰ ਸਾਹਿਬਾਨ ਉਹ ਸਾਰੀ ਚੀਜ਼ ਪੜ੍ਹਨ ਦੀ ਕੋਸ਼ਿਸ਼ ਕਰਨ। ਸਪੀਕਰ ਸਾਹਿਬ, ਪਰ ਕੈਪੀਟਾ ਇਨਕਮ ਬਾਰੇ ਮੈਂ ਐਕਸਪਲੇਨ ਕਰ ਚੁੱਕਾ ਹਾਂ। ਯੈਲੋ ਕਾਰਡਜ਼ ਬਾਰੇ ਮੈਂ ਜ਼ਰੂਰ ਦੱਸਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਪੰਜਾਬ ਸਰਕਾਰ ਹਿੰਦੁਸਤਾਨ ਦੇ ਵਿਚ ਪਹਿਲੀ ਸਰਕਾਰ ਹੈ ਜਿਸ ਨੇ ਗਰੀਬਾਂ ਨੂੰ ਪਹਿਚਾਨਿਆਂ ਹੈ, ਜਿਸ ਨੇ ਯੈਲੋ ਕਾਰਡ ਇਸ਼ੂ ਕੀਤੇ ਹਨ ਅੌਰ ਉਨ੍ਹਾਂ ਗਰੀਬਾਂ ਦੀ ਮੱਦਦ ਵਾਸਤੇ ਪ੍ਰਬੰਧ ਕੀਤਾ ਹੈ। ਮੈਂਬਰ ਸਾਹਿਬਾਨ 3600 ਦੀ ਇਨਕਮ ਵਧਾਉਣ ਬਾਰੇ ਕਹਿੰਦੇ ਸਨ। ਸਪੀਕਰ ਸਾਹਿਬ, ਮੈਂ ਇਹ ਤੋਖਲਾ ਕਲੀਅਰ ਕਰਨਾ ਚਾਹੁੰਦਾ ਹਾਂ। ਅਸੀਂ 8 ਲੱਖ 23 ਹਜ਼ਾਰ ਪਰਿਵਾਰਾਂ ਨੂੰ ਆਈਡੈਂਟੀਫਾਈ ਕੀਤਾ ਹੈ ਅੌਰ ਕਾਚਡ ਇਸ਼ੂ ਕੀਤੇ ਹਨ। ਦੋ ਲੱਖ ਪਰਿਵਾਰਾਂ ਨੂੰ ਇੰਟਰੈਸਟ ਫਰੀ ਲੋਨ ਦਿੱਤੇ ਗਏ ਹਨ। ਇਸ ਤਰ੍ਹਾਂ ਛੇ ਲੱਖ ਪਰਿਵਾਰ ਬਾਕੀ ਰਹਿੰਦੇ ਹਨ। ਜੇਕਰ ਇਹ ਆਮਦਨ ਦੀ ਹੱਦ ਨੂੰ ਵਧਾ ਕੇ ਚਾਰ ਹਜ਼ਾਰ, ਪੰਜ ਹਜ਼ਾਰ ਜਾਂ ਛੇ ਹਜ਼ਾਰ ਕਰ ਦਿੱਤਾ ਜਾਵੇ ਤਾਂ ਜਿਹੜੇ ਲੋਕਾਂ ਦੀ ਅਸੀਂ ਮੱਦਦ ਕਰਨ ਵਾਸਤੇ ਆਈਡੈਂਟੀਫਾਈ ਕੀਤਾ ਹੋਇਆ ਹੈ, ਉਹ ਲੋਕ ਰਹਿ ਜਾਣਗੇ। ਇਸ ਲਈ, ਇਹ 3600 ਰੁਪਏ ਦੀ ਆਮਦਨ ਵਾਲਿਆਂ ਦੀ ਅਸੀਂ ਮੱਦਦ ਕਰਨੀ ਚਾਹੁੰਦੇ ਹਾਂ।

14 ਰੁਪਏ ਦਿਹਾੜੀ ਦੇ ਤੌਰ ਤੇ ਮਿਨੀਮੱਮ ਵੇਜਿਜ਼ ਇਸ ਕਰਕੇ ਰੱਖੀ ਹੈ ਕਿ ਜਿਹੜਾ ਆਮ ਆਦਮੀ ਹੈ ਉਸ ਦੀ ਵੀ ਹਾਲਤ ਅੱਛੀ ਹੋ ਸਕੇ। ਸਪੀਕਰ ਸਾਹਿਬ, ਇਕ ਟਰੱਕ ਓਪਰੇਟਰਜ਼ ਦੀ ਰੀਪ੍ਰੈਜ਼ੈਂਟੇਸ਼ਨ ਆਈ ਸੀ। ਉਸ ਤੇ ਚੀਫ ਮਨਿਸਟਰ ਸਾਹਿਬ, ਹਮਦਰਦੀ ਨਾਲ ਵਿਚਾਰ ਕਰ ਰਹੇ ਹਨ ਸਮਾਂ ਆਉਣ ਤੇ ਹੀ ਕੁਝ ਕਿਹਾ ਜਾ ਸਕਦਾ ਹੈ।

Mr. Speaker : Question is—

That the Punjab Appropriation (No. 3) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

Clause 2

Mr. Speaker : Question is—

That clause 2 stands part of the Bill.

The motion was carried.

Clause 3

Mr. Speaker : Question is—

That clause 3 stands part of the Bill.

The motion was carried

Original with;
Punjab Vidhan Sabha
Digitized by;
Panjab Digital Library

The Schedule

Mr. Speaker : Question is—

That the Schedule stands part of the Bill.

The motion was carried.

Clause 1

Mr. Speaker : Question is—

That Clause 1 stands part of the Bill.

The motion was carried.

Title

Mr. Speaker : Question is—

That title be the Title of the Bill.

The motion was carried.

Finance Minister (Doctor Kewal Krishan): Sir, I beg to move that the Punjab Appropriation (No. 3) Bill be passed.

Mr. Speaker : Motion moved—

That the Punjab Appropriation (No. 3) Bill be passed.

EXTENSION OF TIME OF THE SITTING OF THE HOUSE

Mr. Speaker: Is it the pleasure of the House that the time of the sitting of the House be extended by another 15 minutes?

(Voices : Yes, Yes)

Mr. Speaker : The time of the sitting of the House is extended by another 15 minutes.

THE PUNJAB APPROPRIATION (No. 3) BILL, 1982

(Resumption of Consideration)

Mr. Speaker : Question is—

That the Punjab Appropriation (No. 3) Bill be passed.

(After ascertaining the votes of the House by voices, Mr. Speaker said 'I think Ayes have it' This opinion was challenged. The bells were sounded. The question was put again and Mr. Sp aker said, I think Ayes have it'. Again it was challenged. Then Members were asked to rise in their seats. 58 Members rose in support of the Motion and 38 against the Motion. The motion was declared as carried).

The motion was carried.

Mr. Speaker: The House stands adjourned till 9.00 A.M. on Tuesday the 30th March, 1982.

*8.28 P. M. | *(The Sabha then adjourned till 9.00 A.M. on Tuesday, the 30th March, 1982).*

Original with;
Punjab Vidhan Sabha
Digitized by;
Panjab Digital Library

APPENDIX TO PUNJAB VIDHAN SABHA DEBATES

Dated 29th March, 1982.

Vol. IV—No. 21

UNSTARRED QUESTIONS AND ANSWERS

With holding the payments of Old age Pension, Widow Pension etc. in District Faridkot

228. **Comrade Saghar Singh** : Will the Minister for W[illegible] and Labour be pleased to State :—

(a) the number and names of the recipients of Old Age Widow Pension and financial assistance for dependent children in district Faridkot whose Pension/Financial assistance has since been with held since the opening of Social Welfare office at Faridkot;

the reasons for withholding the said Pension/Financial assistance together with the date since when it has been withheld in each case;

(c) whether the reasons for with holding the said pension assistance had been conveyed to all the cencerned person, if not the reason for the same?

ਚੌਧਰੀ ਜਗਤ ਰਾਮ: (ੳ) ਅਤੇ (ਅ) ਲੋੜੀਂਦੀ ਸੂਚਨਾ ਅਨੁਲੱਗ [illegible], ਸਦਨ ਦੀ ਮੇਜ਼* ਤੇ ਰੱਖੀ ਜਾਂਦੀ ਹੈ ।

(ੲ) ਹਾਂ ਜੀ।

Non-Payment of Entertainment Tax by Cinema Houses

229. 1. **Master Babu Singh:**
2. **Comrade Saghar Singh** : Will the Minister for Finance be pleased to state:

(a) the amount of entertainment tax collected month-wise, from each cinema House in the cities of Moga, Muktsar, Malout and Faridkot during the financial year 1979-80, 1980-81 and 1981-82 (to-date) together with the seating capacity of each cinema ;

(b) whether any complaint was received from the Muncipal Committee members, Moga against any of the cinema houses in the said cities regarding non-payment of entertainment tax during the aforesaid period ; if so, the names of such cinema houses together with the action taken by the Government in this behalf ?

Doctor Kewal Krishan: (a) Year-wise statements are enclosed.

(b) No such complaint was received from the Municipal Committee members, Moga.

---

*Placed in the Libarary.

Original with;
Punjab Vidhan Sabha
Digitized by;
Panjab Digital Library

Original with: Punjab Vidhan Sabha
Digitized by: Panjab Digitized by

ANNEXURE 'A'

Collection (Rs.)

1979-80

Sr. No.	Name of the Cinema	Seating capacity	April	May	June	July	Aug.	Sept.	Oct.	Nov.	Dec.	Jan.	Feb.	Mar.
1	Jubilee Cinema, Faridkot	621	46,565	45,269	52,028	41,010	50,250	46,115	55,349	47,266	48,362	43,057	44,089	49,934
2	Geeta Theatre, Moga	980	57,313	57,044	86,452	60,053	44,906	66,891	73,652	47,652	48,590	53,881	57,548	57,824
3	Magestic Theatre, Moga ..	494	33,831	46,496	36,756	49,321	43,932	35,133	24,266	34,091	30,212	29,475	25,335	23,511
4	Bhag Cinema, Moga	999	41,109	44,480	39,920	45,426	77,235	57,644	83,972	68,193	49,982	48,849	62,461	87,256
5	Ajit Theatre, Muktsar	410	11,220	11,271	10,947	11,841	16,613	14,053	15,017	9,364	9,828	15,155	9,676	13,251
6	Cine Payal Theatre, Muktsar ..	683	35,346	24,903	27,334	25,625	34,607	28,925	37,526	41,024	24,175	27,599	23,381	24,445
7	Rajpal Theatre, Muktsar ..	864	20,781	19,668	26,629	33,514	24,999	18,930	20,429	28,201	23,058	35,052	22,774	23,418
8	Jaswant Theatre, Malout ..	642	42,408	47,330	24,131	46,079	45,492	36,622	37,455	42,433	42,599	41,456	38,041	39,666
9	Adarsh Theatre, Malout ..	732	42,519	47,062	48,718	55,044	44,906	47,758	44,489	59,107	43,038	37,060	41,172	56,060

Original with: Punjab Vidhan Sabha
Digitized by Panjab Digital Library

ANNEXURE 'A'

Statement showing the month-wise Cinema-wise and year-wise Collection (Rs.)

Sr. No.	Name of the Cinema	Seating capacity	1980-81											
			April	May	June	July	August	Sept.	Oct.	Nov.	Dec.	Jan.	Feb.	March
1	Jubilee Cinema, Faridkot ..	621	35,636	59,485	57,807	58,723	53,664	45,431	54,854	52,872	46,067	53,262	41,570	57,013
2	Swaran Palace, Faridkot ..	804	Started w.e.f. 31-7-81											
3	Geeta Theatre, Moga	980	68,817	61,487	56,085	73,424	70,864	66,734	68,431	59,893	57,160	50,664	39,785	63,920
4	Majestic Theatre, Moga ..	494	23,511	21,947	19,392	20,277	25,908	25,346	22,288	19,675	22,503	24,807	23,025	29,737
5	Bhag Cinema, Moga	999	70,446	86,981	62,054	86,053	84,486	54,972	80,310	65,726	60,579	44,718	44,198	38,636
6	Rattan Palace, Moga	902	..			(Started w.e.f. 9-4-81)								
7	Ajit Theatre, Muktsar ..	410	13,229	12,027	11,319	10,409	16,760	12,561	10,297	8,121	9,308	15,000	(Closed w.e.f.	
								(23-1-81 and reopened 3-4-81)						
8	Cine Payal Theatre, Muktsar ..	683	25,647	23,510	19,897	19,933	25,551	19,915	27,419	16,966	21,970	22,867	18,641	29,565
9	Raj Pal, Muktsar	864	26,023	28,238	39,844	20,950	23,692	15,659	20,100	17,802	16,864	32,977	7,016	18,324
10	Karnail Palace, Muktsar ..	903	(Started w.e.f. 5-9-80)					28,507	18,038	32,336	19,991	19,210	32,555	30,169
11	Jaswant Theatre, Malout ..	642	49,025	48,618	46,012	41,738	45,578	40,203	44,506	45,114	41,136	40,556	40,291	17,268
12	Adarsh Theatre, Malout	732	40,255	48,436	61,900	45,769	49,081	53,751	41,660	42,991	46,458	39,655	39,164	46,726


Original with: Punjab Vidhan Sabha
Digitized by: Panjab Digital Library

ANNEXURE 'A'

Collection (Rs).

Serial No	Name of the Cinema	Seating capacity	1981-82 (upto February, 1982) April	May	June	July	August	Sept.	Oct	Nov.	Dec.	Jan.	Feb.	March
1	Jubilee Cinema Faridkot ..	621	60,439	67,674	64,646	64,715	52,366	45,557	40,665	34,754	57,775	63,668	49,211	..
2	Swaran Palace, Faridkot	804	Started w.e.f. 31-7-81			4,509	63,978	58,197	31,617	53,190	54,122	36,869	37,535	..
3	Geeta Theatre, Moga	980	45,994	47,246	32,715	71,096	61,186	57,111	46,387	71,515	54,960	64,122	52,094	..
4	Majestic Theatre, Moga	494	16,694	14,188	21,582	26,782	25,720	23,581	21,939	21,321	22,169	20,180	21,296	..
5	Bhag Cinema, Moga	999	46,226	33,162	60,898	55,788	55,682	64,686	79,722	28,489	28,958	30,589	44,219	..
6	Rattan Place, Moga	902	55,255	65,229	74,348	69,689	71,538	64,033	53,254	71,627	52,676	49,520	37,486	..
7	Ajit Theatre, Muktsar ..	410	13,068	8,647	4,491	5,716	(Closed w.e.f.1-8-81 & restarted w.e.f. 1-1-1982)					15,338	46,74	..
8	Cine Payal Theatre, Muktsar ..	683	29,424	18,408	20,938	25,501	28,860	27,564	26,277	27,135	24,247	32,603	18,159	..
9	Raj Pal Theatre, Muktsar ..	851	20,819	14,988	16,024	20,905	24,017	16,844	33,180	23,113	22,559	16,391	11,656	..
10	Karnail Palace, Muktsar	903	20,810	33,977	25,261	25,172	28,779	45,219	32,622	39,390	41,073	30,874	24,778	..
11	Jaswant Theatre Malout ..	642	40,441	47,160	53,298	44,886	51,587	57,657	50,402	55,292	43,639	50,640	43,958	..
12	Adarsh Theatre, Malout	732	48,677	61,822	48,781	47,693	51,410	50,200	54,543	52,011	46,467	56,141	44,189	..

5471—PVS—Govt. Press, U.T. Chd.



Original with:
Punjab Vidhan Sabha
Digitized by:
Panjab Digital Library

©1982.

Published under the authority of the Punjab Vidhan Sabha and printed by the Controller, Govt. Press, U. T., Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

30th March, 1982

Vol. IV—No. 22

OFFICIAL REPORT

CONTENTS

Tuesday, the 30th March, 1982

	Page
Postponed Starred Question and Answer . .	(22) 1
Starred Questions and Answers . .	(22)17
Written Answers to Starred Questions laid on the Table of the House under Rule 38 . .	(22)34
Statement by the Chief Minister *re* : agitation by Sugarcane Growers at Bhogpur Sugar Mill . .	(22)41
Walk-out . .	(22)43
Presentation of Report of the Committee on Public Accounts . .	(22)43
Walk-out . .	(22)43
Presentation of Reports :—	
(i) Committee on Estimates . .	(22)44
(ii) Committee on Subordinate Legislation . .	(22)44
Legislative Business :—	
Resolution under Article 213(2)(a) of the Constitution disapproving the Punjab Panchayat Samitis and Zila Parishads (Temporary Supersession) Second Amendment Ordinance, 1981 (Punjab Ordinance No. 11 of 1981)	
and	
The Punjab Panchayat Samitis and Zila Parishads (Temporary Supersession) Amendment Bill, 1982 . .	(22)44
Walk-out . .	(22)46

Punjab Vidhan Sabha Secretariat, Chandigarh.

Price : Rs. 50.50

Original with;
Punjab Vidhan Sabha
Digitized by;
Panjab Digital Library

Resolution under Article 213 (2) (a) of the Constitution disapproving the Punjab Panchayat Samitis and Zila Parishads (Temporary Supersession) Second Amendment Ordinance, 1981, (Punjab Ordinance No. 11 of 1981)

and

The Punjab Panchayat Samitis and Zila Parishads (Temporary Supersession) Amendment Bill, 1982 (*Resumption of consideration*) .. (22)46

Personal explanation by Sardar Atma Singh ..(22)50

Resolution under Article 213(2)(a) of the Constitution disapproving the Punjab Panchayat Samitis and Zila Parishads (Temporary Supersession) Second Amendment Ordinance, 1981 (Punjab Ordinance No. 11 of 1981) ..

and

The Punjab Panchayat Samitis and Zila Parishads (Temporary Supersession) Amendment Bill, 1982 (*Resumption of consideration*) .. (22)50

Resolution under Article 213(2) (a) of Constitution disapproving the Punjab Agricultural Produce Markets (Second Amendment) Ordinance, 1981 (Punjab Ordinance No. 12 of 1981)

and

The Punjab Agricultural Produce Markets (Amendment) Bill, 1982 .. (22)60

The Punjab New Townships (Street Lighting and Water Supply) Fees (Repealing) Bill, 1982 .. (22)75

The Punjab Official Language (Amendment) Bill, 1982 .. (22)82

The Indian Stamp (Punjab Amendment) Bill, 1982 .. (22)91

Fourth Report of the Business Advisory Committee .. (22)93

The Indian Stamp (Punjab Amendment) Bill, 1982 (*Resumption of consideration*) .. (22)94

Decision *re.* Short Adjournment of the House .. (22)94

The Indian Stamp (Punjab Amendment) Bill, 1982 (*Resumption of consideration*) .. (22)95

Short Adjournment of the House .. (22)96

The Indian Stamp (Punjab Amendment) Bill, 1982 (*Resumption of consideration*) .. (22)97

The Punjab Entertainments Duty (Amendment) Bill, 1982 .. (22)100

Resolution under Article 213 (2)(a) of the Constitution disapproving the Punjab General Sales Tax (Amendment) Ordinance, 1982 (Punjab Ordinance No. 1 of 1982) ..

and

The Punjab General Sales Tax (Amendment) Bill, 1982 .. (22)110

The Punjab Legislators (Allowances and Amenities) Modification, Bill, 1982 .. (22)124

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Tuesday, the 30th March, 1982

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

POSTPONED STARRED QUESTION AND ANSWER

Suspended Employees of the Panchayats and Development Department

***1478. Sardar Atma Singh :** Will the Minister for Development be pleased to state—

(a) the names of the Gazetted and Non-gazetted employees of the Panchayats and Development Department who were under suspension as on 31st January, 1980 and against whom departmental enquiries were pending alongwith the details of charges against each ;

(b) the names of officers and officials out of those referred to in part (a) above against whom action has been taken on the completion of enquiries together with the details thereof ;

(c) the names of officers and officials out of those referred to in part (a) above who have since been exonerated and reinstated together with the date of their reinstatements ;

(d) the time by which the pending enquiries are likely to be completed ?

Sardar Ujagar Singh (Deputy Minister, Development) : A statement is laid on the Table of the House.

STATEMENT

1. PART (a)

Names of the Gazetted and Non-gazetted employees of Rural Development and Panchayats Department, who were under suspension as on 31st January, 198 and against whom departmental enquiries were pending alongwith the details of charges against each

Names	Details of Charges
Gazetted Officers :	
Sarvshri—	
1. Kartar Singh Mahal, District Development and Panchayat Officer, Gurdaspur, holding additional charge of the post of Secretary, Zila Parishad, Gurdaspur (now Principal Community Development Training Centre, Batala).	List of charges given in Annexure 1.

Original with;
Punjab Vidhan Sabha
Digitized by;
Panjab Digital Library

Names	Details of Charges
Sarvshri—	
2. Lakhmir Singh Randhawa, Secretary, Zila Parishad, Bhatinda (now Secretary, Zila Parishad, Gurdaspur).	List of charges given in Annexure 2.
3. Mukhtiar Singh Sidhu, District Development and Panchayat Officer, Sangrur (now under suspension).	List of charges given in Annexure 3.
4. Gurdip Singh Gill, District Development and Panchayat Officer, Faridkot (now Secretary, Zila Parishad, Faridkot).	List of charges given in Annexure 4.
5. Surjit Singh, Block Development and Panchayat Officer, Lehragaga (now at Patti).	List of charges given in Annexure 5.
6. Roshan Lal, Block Development and Panchayat Officer, Dasuya (now at Bhunga).	List of charges given in Annexure 6.
7. Pal Singh, Block Development and Panchayat Officer, Shahkot (now at Doraha).	List of charges given in Annexure 7.
8. Jaswant Singh, Block Development and Panchayat Officer, Nadala (now Senior Instructor Panchayats at Community Development Training Centre, Batala).	List of charges given in Annexure 8.
9. Harmohinder Singh Bhuller, Block Development and Panchayat Officer, Kapurthala (now Joint Secretary, Punjab, Panchayati Raj Khed Parishad, Chandigarh).	List of charges given in Annexure 9.
10. Darbara Singh, Sub-Divisional Officer (Panchayati Raj), Muktsar (now retired).	List of charges given in Annexure 10.
Non-Gazetted employees :	
Sarvshri—	
11. Krishan Lal Bhatia, Social Education and Panchayat Officer, Phillaur now Block Development and Panchayat Officer, Ropar)	List of charges given in Annexure 11.
12. Harbans Singh, Social Education and Panchayat Officer, Nabha (now at Bassi Pathana).	List of charges given in Annexure 12.
13. Kulwant Rai, Social Education and Panchayat Officer, Malout (now at Phillaur).	List of charges given in Annexure 13.
14. Gian Singh, Social Education and Panchayat Officer, Guru Har Sahai (now at Ropar)	List of charges given in Annexure 14.
15. Ashok Kumar Chopra, Accountant, Moga Block (now dismissed).	List of charges given in Annexure 15.
16. Khushi Ram Dhami, Accountant, Dasuya Block (now dismissed).	List of charges given in Annexure 16.
17. Smt. Sudarshan Bedi, Mukhya Sevika, Phagwara, Block (now at Rurka Kalan).	List of charges given in Annexure 17.
18. Gurcharan Singh, Gram Sevak, Barnala Block (now at Lehragaga).	List of charges given in Annexure 18.

Original with;
Punjab Vidhan Sabha
Digitized by;
Panjab Digital Library

Names	Details of Charges
Sarvshri—	
19. Amarjit Singh, Sectional Officer, Khuian Sarwar Block (since resigned).	List of charges given in Annexure 19.
20. Om Parkash Goel, Sectional Officer, Sri Hargobind Pur Block (now in the office of Superintending Engineer, Panchyati Raj Circle, Punjab, Chandigarh).	List of charges given in Annexure 20.
21. Joga Singh, Sectional Officer, (Electrical), Division Jullundur, (Present whereabouts not known).	List of charges given in Annexure 21.
22. Satnam Singh, Sectional Officer, Dhariwal Block (now at Bhikhiwind).	List of charges given in Annexure 22.
23. Ramesh Kumar Mahajan, Steno-Typist, Office of Director, Rural Development and Panchayats, Punjab, Chandigarh (now dismissed).	List of charges given in Annexure 23.
24. Naib Singh, Steno-Typist Office of the Divisional Deputy Director, Ferozepur (now in Gidderbaha Block)	List of charges given in Annexure 24.
25. Pritam Singh, Clerk. Narot Jaimal Singh Block.	List of charges given in Annexure 25.
26. Kulwant Rai, Cinema Operator. Sangrur Block (now at Patiala).	List of charges give in Annexure 26.
27. Pritam Singh, Driver Tarsikka Block (now at Patti)	List of charges given in Annexure 27.
28. Lal Singh, Cattle Fair Officer, Amritsar (now at Ludhiana)	List of charges given in Annexure 28.
29. Satnam Sihgh. Peon, posted in Hoshiarpur District	List of charges given in Annexure 29.

2. PART (b)

Names of officers/officials out of those referred to in part (a) above against whom action has been taken on completion of enquiries together with the details thereof

Names	Details of action taken
Sarvshri—	
1. Karter Singh Mahal, District Development and Panchayat Officer, Gurdaspur, holding additional charge of the post of Secretary Zila Parishad Gurdaspur (Now Principal, Sardar Vallabh Bhai Patel Community Develop-ment Training Centre, Batala).	Issued warning with a copy placed in his character roll file.
2. Surjit Singh, Block Development and Panchayat Officer, Lehragaga (Now at Patti).	Two annual increments with cumulative effect were stopped.
3. Roshan Lal, Block Development and Panchayat Officer, Dasuya (Now at Bhunga).	Two annual increments without cumulative effect were stopped.

Original with;
Punjab Vidhan Sabha
Digitized by;
Panjab Digital Library

[Deputy Minister, Development]

Names	Details of action taken
4. Ashok Kumar Chopra, Accountant, Moga	Dismissed.
5. Khushi Ram Dhammi, Accountant, Dasuya	Dismissed.
6. Amarjit Singh, Sectional Officer, Khuian Sarwar Block (since resigned).	His two annual increments without cumulative effect were stopped.
7. Om Parkash Goel, Sectional Officer, Sri Hargobind Pur Block (now in the office of Superintending Engineer, Panchayati Raj Circle, Punjab, Chandigarh).	His two annual increments with cumulative effect were stopped.
8. Ramesh Kumar Mahajan, Steno-Typist, office of Director, Rural Development and Panchayats, Punjab, Chandigarh.	Dismissed.
9. Pritam Singh, Clerk, Narot Jaimal Singh Block	Censured.
10. Lal Singh, Cattle Fair Officer, Amritsar (now at Ludhiana).	Censured.

3. PART (c)

Names of the officers/officials out of those referred to in part (a) who have since been exonerated and reinstated to gether with the dates of reinstatements

Names	Dates of reinstatement
Sarvshri—	
1. Lakhmir Singh Randhawa, Secretary, Zila Parishad Bhatinda (now Secretary), Zila Parishad, Gurdaspur).	27th March, 1980
2. Pal Singh, Block Development and Panchayat Officer, Shahkot (Now at Doraha).	10th March, 1980
3. Darbara Singh, Sub-Divisional Officer (Panchayati Raj), Mukatsar (Now retired).	1st October, 1980
4. Krishan Lal Bhatia, Social Education and Panchayat Officer, Phillaur (Now Block Development and Panchayat Officer, Ropar).	3rd September, 1980
5. Kulwant Rai, Social Education and Panchayat Officer, Malout (Now at Phillaur).	9th May, 1980
6. Harbans Singh, Social Education and Panchayat Officer, Nabha (Now at Bassi-Pathana).	12th May, 1980
7. Smt. Sudarshan Bedi, Mukhya Sevika, Phagwara Block (Now at Rurka-Kalan).	21st March, 1980
8. Gucharan Singh, Gram Sevak, Barnala Block (Now at Lehragaga).	19th March, 1982

Original with;
Punjab Vidhan Sabha
Digitized by;
Panjab Digital Library

Names	Details of action taken
Sarvshri—	
9. Naib Singh, Steno-Typist, office of the Divisional Deputy Director, Ferozepur (Now in Gidderbaha Block).	8th July, 1980
10. Kulwant Rai, Cinema Operator, Sangrur Block (Now at Patiala).	5th June, 1980
11. Pritam Singh, Driver Tarsikka Block (Now at Patti.)	14th April, 1980

4. PART (d)

Th time by which the pending enquiries are likely to be completed :—

1. Mukhtiar Singh Sidhu, District Development and Panchayat Officer, Sangrur (Now under suspension)	The inquiry report has since been received. Final action on it is likely to be completed soon.
2. Gurdip Singh Gill, District Development and Panchayat Officer, Faridkot (now Secretary, Zila Parishad, Faridkot).	Regular inquiry about the charges is being conducted. The inquiry report is expacted shortly. He had been reinstated on 11th July, 1980 without prejudice to the results of enquiry.
3. Jaswant Singh, Block Development and Pachayat Officer, Nadala (Now Senior Instructor, Panchayats, Community Development Training Centre, Batala).	The enquiry report has been received. It is under consideration of Government Action is expected to be finalized soon. He was reinstated on 23rd September, 1980 without prejudice to the results of enquiry.
.4 Harmohinder Singh Bhullar, Block Development and Panchayat Officer, Kapurthala (Now Joint Secretary, Punjab Panchayati Raj Khed Parishad).	The inquiry report has been received. It is under consideration of Government. Further action is likely to be taken soon. He was reinstated on 23rd September, 1980 without prejudice to the results of inquiry.
5. Gian Singh, Social Education and Panchayat Officer, Guru-Har Sahai (Now at Ropar).	He was reinstated with effect from 12th May, 1980 without prejudice to the results of enuiry. The enquiry report has been received and is under consideration. Efforts are being made for settle mnt of the case shortly.
6. Joga Singh, Sectional Officer, Electrical, Jullundur Division (Present whereabouts not known).	The enquiry is being conducted by the Vigilance Bureau, Kapurthala. Matter is being pursued with the Vigilance Department.
7. Satnam Singh Sectional Officer, Block Dhariwal, District Gurdaspur (Now at Bhikhiwind).	Deputy Director, Panchayats has been appointed as Enquiry Officer. Matter is being pursued with him to finalise the enquiry at an early date. He was reinstated on 5th March, 1981 without prejudice to the results of inquiry.

Original with;
Punjab Vidhan Sabha
Digitized by;
Panjab Digital Library

[Deputy Minister Development]

8. Satnam Singh, Peon, Posted in Hoshiarpur District	He was suspended on 23rd January, 1980, but was subsequently reinstated without prejudice to the results of the enquiry on 31st December, 1980. After charge sheeting, a regular enquiry is being conducted by the Block Development and Panchayat Officer, Hoshiarpur-II which is likely to be completed soon.

ANNEXURE—1

List of charges against S. Kartar Singh Mahal, District Development and Panchayat Officer, holding the additional charge of the post of Secretary, Zila Parishad, Gurdaspur (Now Principal S. V. B. P. C. D. Training Centre, Batala)

While holding the additional charge of the post of Secretary, Zila Parishad, Gurdaspur, he committed the following irregularities :—

1. Drew funds from Zila Parishad without any necessity ;
2. Did not account for the amount of self cheques in the cash book ;
3. Out of the withdrawn amount, an amount of Rs. 13,750.57 was kept in the box of S. Mehnga Singh, Accountant and this amount was not given to the Head Clerk on his return from leave ;
4. Made payment of fee to an advocate twice in one case ;
5. The fees were given to the advocate without keeping in view the Financial rules of Zila Parishad ;
6. Violated the financial rules deliberately.

ANNEXURE—2

List of charges against S. Lakhmir Singh Randhawa, Secretary, Zila Parishad, Bhatinda (Now Secretary, Zila Parishad, Gurdaspur)

1. Used the services of staff of Zila Parishad, Gurdaspur, for felling the trees from the territory of Pakistan during the Indo-Pak war in 1971 ;
2. Did not examine the promotion case of S. Mehnga Singh, Accountant properly ;
3. Caused a loss of Rs. 40,120 to Zila Parishad, Gurdaspur, in the purchase of cement ;
4. Utilised the services of class-IV employees for his personal works ;
5. Advanced the amount of Rs. 14,300 irregularly to two firms of Delhi for the purchase of tyres ;
6. Accepted T.V. set from Zila Parishad, Gurdaspur, without the approval of Government.

ANNEXURE 3

List of charges against S. Mukhtiar Singh Sidhu, District Development and Panchayat Officer, Sangrur (now under suspension).

1. While working as District Development and Panchayat Officer, Sangrur, he took an advance of Rs. 500 on 29th September, 1976, for the purchase of petrol in connection with Family Planning Campaign and he did not render the accounts nor refunded the amount ;
2. He did not give reply to Government Memo No. 8645-5ECDI-77/276, dated 6th January, 1978 and Memo dated 28th February, 1980.

Original with;
Punjab Vidhan Sabha
Digitized by;
Panjab Digital Library

ANNEXURE—4

List of Charges against S. Gurdip Singh Gill, District Development and Panchayat Officer, Faridkot (Now Secretary, Zila Parishad, Faridkot)

1. S. Gurdip Singh while working as District Development and Panchayat Officer, Faridkot, withdraw an amount of Rs. 67,726 from the treasury vide Voucher No. 23 dated 23rd October, 1976, but this amount was not accounted for in the Cash Book. This amount was embezzled by him individually or in connivance with S. Darshan Singh, Clerk, and he violated the rules ;
2. He embezzled an amount of Rs. 17,488.43 and violated the rules ;
3. Committed temporary embezzlement of Rs. 17,056 from 8th August, 1976 to 14th October, 1976 ;
4. Committed temporary embezzlement of Rs. 50,106.45 from 15th October 1976 to 11th November, 1976.
5. Committed temporary embezzlement of Rs. 50,106.45 rom 30th July, 1976 to 8th August, 1976 for ten days ;
6. Committed temporary embezzlement of Rs. 7,145.39 and Rs. 8,927.14 for 2 months and seven days and one month and twenty days respectively ;
7. Committed temporary embezzlement of Rs. 33,404.30 from 4th March, 1977 to 31st March, 1977 for twenty eight days ;
8. Committed temporary embezzlement of Rs. 15,293.44 for two months ;
9. Committed temporary embezzlement of Rs. 61.30 for 27 days ;
10. Committed temporary embezzlement of Rs. 10,511 from 18th November, 1976 to 23rd November, 1976 for 6 days ;
11. Committed temporary embezzlement of Rs. 10,000 from 14th March, 1977 to 21st April, 1977 for one month and eight days.

ANNEXURE—5

List of charges against S. Surjit Singh, Block Development and Panchayat Officer, Lehragaga (Now at Patti)

Detailed audit of accounts of Panchayat Samiti, Lehragaga, was done from 1st November, 1977 to 31st January, 1978 and he was found guilty of the following irregularities/lapses :—

1. Incurred expenditure of Rs. 6,323.10 instead of Rs. 5,000 on the purchase/repair of jeep in violation of Government instructions dated 11th December, 1975 ;
2. Violated the provisions of Rule 48 of the Punjab Panchayat Samiti and Zila Parishad (General) Financial, Accounts and Audit Rules, 1964, by not keeping accounts of printed receipt books;
3. Employed Shri Amar Nath, Driver, on daily wages from 25th November, 1977 to 28th November, 1977 unauthorisedly and thus committed an irregularity ;
4. Disbursed grants of Rs. 1,22,500 to Panchayats for pavements of streets, construction of school buildings and culverts etc. but no proper procedure was adopted. In disbursement of these grants Government instructions dated 30th July, 1976 and 15th September, 1977 were not followed ;
5. Incurred an expenditure of Rs. 6,211.47 for the purchase of sports goods and for award of prizes for conducting of tournament at block level during November and December, 1977 and January, 1978. In these purchases he committed irregularities in as much as he did not invite quotations nor did he verify the details of goods and their quality ;

Original with;
Punjab Vidhan Sabha
Digitized by;
Panjab Digital Library

[Deputy Minister Development]

6. Purchased Zinc Phosphate worth Rs. 4,591.80 in January, 1978. Did not prepare the estimates of its requirement. Neither the quotations were called for at the time of purchase of material nor the account of its distribution was maintained ;

7. Purchased different kinds of fertilizers worth Rs. 7,134.50 and seeds costing Rs. 2,542.60 in January, 1980 but did not maintain the accounts in a proper manner ;

8. Paid the telephonic charges amounting to Rs. 279.50 for the period from 18th July. 1977 to 13th December, 1977 but did not maintain the requisite account in the prescribed register ;

9. Received payments of fee for Panchayat Samiti work by him and the block Accountant without getting the fee bills countersigned by the District Development and Panchayat Officer ;

10. While he took charge of the office of Block Development and Panchayat Officer, Lehragaga, in September, 1977, there was a balance of Rs. 1,74,572.52 in the Samiti fund, but the Samiti came to a minus balance of Rs. 36,793.20 on 31st January, 1978. Thus, he violated the Punjab Panchayat Samitis and Zila Parishad (General) Financial, Accounts and Audit Rules, 1964.

ANNEXURE—6

List of Charges against Shri Roshan Lal, Block Development and Panchayat Officer, Dasuya (Now at Bhunga)

The following embezzlements were found in the Samiti funds of Panchayat Samiti, Dasuya, and he was found guilty of the following charges :—

1. A temporary advance of Rs. 2,500.00 was given to Shri Khushi Ram Dhami, Accountant on 13th September, 1977 for the repair of jeep for which he did not obtain any account from the Accountant ;

2. The District Development and Panchayat Officer, Hoshiarpur, sent a bank draft of Rs. 6,648.70 on account of salary of Panchayat Secretaries under the 'Half-a-Million Job Programme'. This draft was encashed on 19th January, 1978 but it ws not entered in any record of the office. At the time of audit the amount of Rs. 7,000.00 was shown as advance in the name of Shri Khushi Ram, Accountant, on 20th December, 1977 by tampering with the record ;

3. An amount of Rs. 4,000.00 was given to S. Shangara Singh, Tax Collector, on 3rd April, 1978 as temporary advance, for the purchase of fans but its account was not taken ;

4. A cheque, dated 31st March, 1978 of Rs. 9,000 was encashed on 3rd April, 1978 but this was not entered in any record and later on an amount of Rs. 8,949.15 was deposited in the treasury by tampering with the record. The amount of Rs. 9,000.00 was thus embezzled temporarily by him.

ANNEXURE—7

List of charges against S. Pal Singh, Block Development and Panchayat Officer, Shahkot (Now at Doraha)

While working as Block Development and Panchayat Officer, Shahkot, S. Pal Singh, sold Red Cross tickets of the value of Rs. 1 each for Rs. 10.00 at the time of disbursement of flood relief grants to the flood effected persons of villages Usafpur, Darewal and Kalu Mundi.

Original with;
Punjab Vidhan Sabha
Digitized by;
Panjab Digital Library

ANNEXURE—8

List of charges against S. Jaswant Singh, Block Dvelopment and Panchayat Officer, Nadala now Senior Instructor Panchayat, S. Vallabh Bhai Patel, C.D. Training Centre, Batala

The Controller, Panchayati Raj Finances made a report after checking of accounts regarding the purchase of Ballot Boxes and Locks during Panchayat elections, when S. Jaswant Singh, was working as Block Development and Panchayat Officer, Nadala. According to the report he was guilty of the following charges :-

1. He handed over the set of keys of cash chest to S. Kuljit Singh Clerk and thus violated the rules ;
2. Misused the cash which was found short in the cash chest and therefore violated the rules ;
3. He misused the amount of securities of Panchayat elections to the tune of Rs. 1,453.00 from 17th August, 1978 to 14th September, 1978 and violated Rule 7 of Punjab Gram Panchayat Election Rule, 1960 ;
4. He embezzled an amount of Rs. 690.00 out of Panchayat funds in connection with the purchase of Ballot Boxes and Locks and also caused a loss of Rs. 24.50 on account of shortage of 49 locks ;
5. He made wrong statement to the Deputy Commissioner, Kapurthala, regarding purchase of Ballot Boxes and Locks ;
6. He tampered with the records and prepared forged record after the checking of accounts by the Controller, Panchayati Raj Finances.

ANNEXURE—9

List of charges against S. Harmohinder Singh Bhuller, Block Development and Panchayat Officer, Kapurthala, now Joint Secretary, Punjab Panchayati Raj Khed Parishad

1. In March, 1973, he purchased five Motors of three Horse Power and three Motors of One Horse Power at an expenditure of Rs. 11,491.19 out of these he embezzled a Motor of One Horse Power :
2. He paid the amount of Rs. 1,173.71 on 10th July, 1972 for the purchase of material for Tubewells, but no Tubewell was installed at common facilities workshop at Kala Sangia. Thus, he embezzled this amount ;
3. He showed an amount of advance of Rs. 2,975.00 for the purchase of cement in the name of Shri Sudharshan Lal, Overseer, in the month of April, 1973 and embezzled this amount for one year and eight months ;
4. He embezzled an amount of Rs. 200.00 for one year and seven months by showing advance in the name of Shri Darshan Lal, Driver, in May, 1973 ;
5. He embezzled the amount of Rs. 3,145.40 for the purchase of petrol in May, 1973.

ANNEXURE—10

List of charges against S. Darbara Singh, Sub-Divisional Officer (Panchayati Raj) Muktsar (Now retired)

1. He remained absent from duty without getting the leave sanctioned for 27th October, 1978, 5th, 6th December, 1978 and also remained absent at the time of inspection of Focal Point, Thandewal ;
2. Remained absent at Focal Point, Assa Butter, when 1,000 Ft. covered area slab was being laid ;

Original with;
Punjab Vidhan Sabha
Digitized by;
Panjab Digital Library

[Deputy Minister, Development]

3. Did not use material for the construction of Focal Point, Kallar Khera, according to Specified quantity ;

4. Works were got executed without issuing any work orders and payments were made thus violating the rules ;

5. He opened a Government account in the State Bank of India, Kot Kapura Road, Muktsar, but did not maintain accounts in the cash book properly and, thus, violated the financial rules ;

6. Entries of construction works were made in the Measurement Books No. 6 and 44 and payments allowed without C & B (Check and Bill) done in violation of rules ;

7. Delayed the Payments of Contractors, Labourers and work charge establishment.

ANNEXURE—11

List of charges against Shri Krishan Lal Bhatia, Social Education and Panchayat Officer, Phillaur (now Block Development and Panchayat Officer, Ropar)

The Panchayat Samiti, Phillaur, vide its resolution No. 103, dated 10th March, 1978, formed a Committee with following members for the purchase of tats for supply to schools on 50 per cent subsidy out of the F—Education grant :—

1. Shri Krishan Lal Bhatia, Social Education and Panchayat Officer.
2. Shri Ram Lal, Member, Panchayat Samiti.
3. Shri Surjit Singh, Accountant.

On the basis of the above said Resolution of Panchayat Samiti, he alongwith other members went to Ludhiana on 14th March, 1978 for the purchase of Tat and purchased 3920 M. Tat @ Rs. 4.90 from M/s. Naween Bharat, Stores. According to the complaint of Shri Sunder Lal, Vice-President, Janta Party Rural, Ludhiana, the rate of Tats was Rs. 3.70. Thus he embezzled a huge amount resulting in great loss to Panchayat Samiti.

ANNEXURE—12

List of charges against Shri Harbans Singh, Social Education and Panchayat Officer, Nabha (now at Bassi Pathana)

He despite reminder by the Department did not get the charge handed over from Ex-Sarpanch, Gram Panchayat, Mahesh to the newly elected Sarpanch Shri Gurbachan Singh and thus indulged in negligence of his duties with the result that it had not been possible to hold enquiry against the Ex-Sarpanch for the embezzlement of Rs. 40,000.00.

ANNEXURE—13

List of charges against Shri Kulwant Rai, Social Education and Panchayat Officer, Malout (Now at Phillaur)

1. Under the influence of liquor Shri Kulwant Rai, Social Education and Panchayat Officer, damaged the block jeep in his possession which was involved in an accident on the night of 6th August, 1978 and remained absent from duty since then. Such an act on his part amounted to indiscipline and damage to Government Vehicle ;

2. He took no interest in Panchayat Elections resulting in negligence of his duties ;

3. During December, 1977, he was given Rs. 500.00 as advance for block Tournament but he did not give any account of this amount and it was feared that he embezzled the said amount ;

Original with;
Punjab Vidhan Sabha
Digitized by;
Panjab Digital Library

4. By not inspecting the Panchayats he disobeyed the Government instructions ;

5. Neither he made efforts in the collections of House Tax nor gave co-operation to the Panchayat Secretaries in the collection of House Tax. He also did not maintain the House Tax Register properly and thus proved to be negligent in performance of his duties ;

6. He did not send monthly reports regarding Cash-in-hand by the Sarpanches and thus showed carelessness in his duties ;

7. He was allotted a Government quarter in the Block Office building and he used to take alcohal daily in the premises in the company of 5 to 7 friends. He thus mis-used the Government accommodation which brought bad name to the Department ;

8. He was advanced a sum of Rs. 1,116.00 as pay of Panchayat Secretaries, Tournament fund and Khed Parishad fund but he refunded only Rs. 1,000.00 from this amount and embezzled the balance amount of Rs. 116.00.

9. He made collection of Rs. 600.00 from Gram Panchayat, Malout. He neither gave an account of this amount to the Sarpanch nor did he deposit the same in the Bank. Thus he embezzled this amount.

ANNEXURE- 14

List of charges against Shri Gian Singh, Social Education and Panchayat Officer, Guru Har Sahai (now at Ropar)

1. Shri Gian Singh, Social Education and Panchayat Officer, during the Panchayat Elections in 1978, instead of collecting Ballot Boxes and locks from the Panchayats of Rajpura block purchased these articles at his level from the open market without inviting any quotations and keeping any account for the same. Thus he over-ruled and disobeyed the Government instructions and thus showed negligence in performance of his duties ;

2. The expenditure on Ballot boxes and locks only was declared as fit charge on the Panchayat fund but he out of the fund, collected from Panchayats, purchased stationery and Loud-speakers etc. and thus mis-utilised Rs. 239.37— and embezzled Rs. 140.00.

3. He was transferred from Rajpura block to Guru-Har-Sahai block,—*vide* this Department letter datdd 16th January, 1979. He was directed on 22nd January, 1979 by the Block Development and Panchayat Officer, Rajpura, to hand over the charge and report for duty at Guru-Har-Sahai block. He was relieved on 25th January, 1979 from his duties. Intimation about this was sent to Shri Gian Singh, at his home address by the Block Development and Panchayat Officer, Rajura, under registered cover but this registered letter was received back in the office of Block Development and Panchayat Officer, Rajpura, undelivered. Thus, he remained absent willfully from the office of the Block Development and Panchayat Officer, Guru-Har-Sahai, As such he disobeyed the Government orders by not handing over charge at Rajpura block which amounted to negligence of duties on his part as Social Education and Panchayat Officer ;

4. He did not hand over the A.N.P. Motor Cycle which was in his charge to Block Development and Panchayat Officer, Rajpura and misused the same.

ANNEXURE—15

List of charges against Shri Ashok Kumar Chopra, Accountant Moga (now dismissed from Government Service)

While working as Accountant in Moga block he committed the following irregularities:

He disobeyed orders, showed indiscipline and absented himself without permission.

Original with;
Punjab Vidhan Sabha
Digitized by;
Panjab Digital Library

[Deputy Minister, Development]

ANNEXURE—16

List of Charges against Shri Khushi Ram Dhami, Accountant, Dasuya (now dismissed).

While working as Accountant at Dasuya block, he committed the following irregularities :—

1. He embezzled a sum of Rs. 2,500.00 as per report of Senior Auditor (Shri Nirmal Singh) and Uggar Sen, Assistant Controller, Panchayati Raj Finances ;

2. He absented himself for the period 8th January, 1978 to 20th January, 1979 from Mahilpur block without getting his leave sanctioned.

ANNEXURE—17

List of charges against Smt. Sudarshan Bedi, Mukhya Sevika, Block Phagwara (Now at Rurka Kalan)

1. She did not hand over charge on her transfer to Baghapurana Block during June, 1979 ;
2. She did not comply with the Government instructions/orders ;
3. She violated the Services Conduct Rules ;
4. She tampered with the office record ;
5. She gave false statement, did false attestation and showed favouritism ;
6. She cheated and usurped Government articles ;
7. She embezzled the public money.

ANNEXURE—18

List of charges against Shri Gurcharan Singh, Gram Sewak, Block Barnala (Now at Lehragaga)

While on duty in the Cattle Fair held at Baranala on 7th November, 1978, he took Rs. 100.00 as illegal gratification from Shri Bhan Chand of village Ghanauri and allowed him to go contrary to the orders of the Cattle FairOfficer.

ANNEXURE—19

List of charges against Shri Amarjit Singh, Sectional Officer, Block Khuian Sarwar at Abohar (Since resigned).

1. He was guilty of not maintaining muster roll No. 8, dated 15th January, 1979. He obtained stamped receipt of one Shri Hans Raj, on this very muster roll which is otherwise blank and does not show the name, attendance and amount paid to said Shri Hans Raj ;
2. He was guilty of making delayed payments to the labour ;
3. He was guilty of delaying the submission of accounts of works entrusted to him.

ANNEXURE—20

List of charges against Shri Om Parkash Goel, Sectional Officer, Block Shri Hargobindpur [now in the office of Superintending Engineer (P.R.C.) Punjab, Chandigarh]

1. During his posting as Sectional Officer, Samana Block, Shri Om Parkash Goel was found guilty of not complying with the orders of the Sub-Divisional Officer, misuse of Government funds and delaying preparation of bills of works under his charge ;

Original with;
Punjab Vidhan Sabha
Digitized by;
Panjab Digital Library

2. Shri Om Parkash Goel, was guilty of leaving his headquarter during suspension without permission of the competent authority and remaining absent for long time.

ANNEXURE—21

List of charges against Shri Joga Singh, Sectional Officer (Electrical) Division Jullundur (Present whereabouts not known)

Shri Joga Singh, Sectional Officer (Electrical) Jullundur Sub-Division was placed under suspension with effect from 17th September, 1974, in connection with his involvement for making defalcation of Panchayat Samiti funds, Phagwara, concerning execution of various works.

ANNEXURE—22

List of charges against Shri Satnam Singh, Sectional Officer, Dhariwal, District Gurdaspur (now at Bhikhiwind).

1. When he was posted at Kalanaur Block he made excess payments in connivance with the contractors and harmed Government interest financially. He was responsible for making good the loss ;

2. The works he executed in Dhariwal Blocks were below specifications. He was directly responsible for making excess payments to the contractors. He was responsible for the loss which he had caused in connivance with the contractors ;

3. He had shown gross negligence in his functioning as Government official which was very reprehensible. He had not discharged his duties properly and had thus violated Government rules.

ANNEXURE—23

List of charges against Shri Romesh Kumar Mahajan, Steno-typist, office of Director, Rural Development and Panchayats, Punjab, Chandigarh (now dismissed)

1. On 23rd February, 1978 he misbehaved with Shri Om Parkash Chowkidar, using bad language and catching him by the neck, manhandled him ;

2. Complaint lodged by Shri Om Parkash, Chowkidar, regarding the aforesaid incident, was removed by him from the table of the Joint Director Panchayats. This clearly showed that he was in the habit of removing papers of his interest from the table of officers ;

3. On 5th October, 1978 he abused Shri Mohan Behal Accountant and threatened him that he should come down. When Shri Behal, came down at 5.00 P.M. he caught hold of Shri Behal and man-handled him and Shri Behal was able to extricate himself by coming up ;

4. He was in the habit of leaking out office secrets ;

5. His behaviour with Peons and other colleagues was not good. Mostly his behaviour was offensive and rude ;

6. He never took interest in his work and was careless in his duties ;

7. On 25th June, 1978 he visited the house of Shri Gurbachan Singh Ex-Sarpanch Godhani Kalan in his village and told him that he is being suspended and that he had been sent by the Deputy Director Panchayats for the reason, that in case the Sarpanch wanted to escape suspension he should hand over to him Rs. 1500.00 and Shri Romesh Kumar Mahajan in turn promised to handover the entire file from the office which could be then burnt. Shri Gurbachan Singh gave him Rs. 20 and promised to give rest of the amount at Chandigarh. Subsequently when Shri Gurbachan Singh came to Chandigarh in the office and enquired about the file from Shri Romesh Kumar Mahajan, then he asked the Sarpanch to give him the money before the file could be burnt. Since the orders of suspension of the Sarpanch had

Original with;
Punjab Vidhan Sabha
Digitized by;
Panjab Digital Library

already been issued so he refused to give the amount demanded. Whenever the Sarpanch (Gurbachan Singh) visited the office in connection with the enquiry, Shri Mahajan, used to threaten him that he would harm the Sarpanch to the maximum. This showed that Shri Romesh Kumar Mahajan, was guilty of tampering with the office record after taking bribe.

ANNEXURE—24

List of charges against Shri Naib Singh, Steno-typist, office of the Divisional Deputy Director, Rural Development and Panchayats, Ferozepur (Now as Steno-typist block Gidderbaha)

While working as Steno-typist in the office of the Divisional Deputy Director, Rural Development and Panchayats, Punjab, Ferozepur, he misplaced the file relating to the enquiry against Shri Sampuran Singh, Sarpanch, Gram Panchayat, Dan Singh Wala, District Bhatinda.

ANNEXURE—25

List of charges against Shri Pritam Singh, Clerk, performing the duties of Accountant, in the office of the Block Development and Panchayat Officer, Narot Jaimal Singh (Now Clerk at Narot Jaimal Singh)

1. He remained absent without leave ;
2. He kept office amount with himself unauthorisedly ;
3. He disobeyed orders.

ANNEXURE- 26

List of charges against Shri Kulwant Rai, Cinema Operator, Block Sangrur (now at Patiala)

1. Claimed bogus T.A. bill ;
2. He produced bills regarding repair of projector from such a firm which was actually not doing the repair work of such projector ;
3. Repairs undertaken during 1976-77 and 78 were at high rates. The firm was paid in advance while the amount was drawn from the Treasury in his own name ;
4. The Generator was got repaired at short intervals and at high rates while it is used rarely ;
5. Block Voltage transformer was got repaired and later on a new transformer was purchased which was not required.

ANNEXURE—27

List of Charges against Shri Pritam Singh, Driver, Tarsikka Block (Now at Patti)

1. Came late on 15th March, 1979 in the office of Block Development and Panchayat Officer, Tarsikka;
2. Humiliated the Block Development and Panchayat Officer.
3. Absented from the Government duty and created indiscipline

Original with;
Punjab Vidhan Sabha
Digitized by;
Panjab Digital Library

ANNXURE—28

List of Charges against S. Lal Singh, Cattle Fair Officer, Amritsar (now Cattle Fair Officer, Ludhiana)

1. Was found absent without leave on 9th July, 1978 after 2.00 P.M.
2. Was careless in the performance of his duties ;
3. Was absent from the Headquarters fixed during his suspension.

ANNEXURE— 29

List of charges against Shri Satnam Singh, Peon, posted in Hoshiarpur District

He was found absent from duty.

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ 4-5 ਸਪਲੀਮੈਂਟਰੀ ਕਰਨੇ ਹਨ ਇਸ ਕਰਕੇ ਮੈਨੂੰ ਆਗਿਆ ਦੇ ਦੇਣਾ। ਡਿਪਟੀ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ 31 ਜਨਵਰੀ, 1980 ਤਕ ਜਦੋਂ ਕਿ 29 ਅਫ਼ਸਰ ਡਿਵੈਲਪਮੈਂਟ ਡਿਪਾਰਟਮੈਂਟ ਦੇ ਮੁਅੱਤਲੀ ਅਧੀਨ ਸਨ, ਉਨ੍ਹਾਂ ਵਿਚੋਂ 5 ਐਸੇ ਹਨ ਜਿਨ੍ਹਾਂ ਵਿਚੋਂ 3 ਡਿਸਮਿਸ ਹੋਏ ਅਤੇ 2 ਸਿਨਸ਼ਿਉਰ ਹੋਏ। ਇਨ੍ਹਾਂ ਵਿਚੋਂ 6 ਅਫ਼ਸਰਾਂ ਨੂੰ ਰਾਸ਼ਟਰਪਤੀ ਰਾਜ ਸਮੇਂ ਬਹਾਲ ਕਰ ਦਿੱਤਾ ਗਿਆ। 8 ਐਸੇ ਅਫ਼ਸਰ ਹਨ ਜਿਹੜੇ 2 ਸਾਲ ਤੋਂ ਅਜੇ ਤਕ ਮੁਅੱਤਲੀ ਅਧੀਨ ਹਨ ਜਦ ਕਿ ਉਨ੍ਹਾਂ ਦੀ ਇਨਕੁਆਇਰੀ ਮੁਕੰਮਲ ਹੋ ਚੁੱਕੀ ਹੈ ਪਰ ਅਜੇ ਤਕ ਕੋਈ ਕਾਰਵਾਈ ਨਹੀਂ ਹੋਈ।

ਸ਼੍ਰੀ ਸਪੀਕਰ : ਜ਼ਰਾ ਸੰਖੇਪ ਵਿਚ ਪੁੱਛੋ।

ਸਰਦਾਰ ਆਤਮਾ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਫ਼ਸਰ ਬਰੀ ਕੀਤੇ ਗਏ ਹਨ ਰਾਸ਼ਟਰਪਤੀ ਰਾਜ ਸਮੇਂ, ਇਨ੍ਹਾਂ ਵਿਚ ਸਰਦਾਰ ਲਖਮੀਰ ਸਿੰਘ ਰੰਧਾਵਾ, ਸਕੱਤਰ, ਜ਼ਿਲ੍ਹਾ ਪਰੀਸ਼ਦ, ਲੁਧਿਆਣਾ, ਹੁਣ ਗੁਰਦਾਸਪੁਰ ਹੈ, ਤੇ ਕੀ ਇਲਜ਼ਾਮ ਲਗਾਏ ਗਏ ਸਨ ?...

ਸ਼੍ਰੀ ਸਪੀਕਰ : ਮੈਂ ਕਿਹਾ ਹੈ ਜ਼ਰਾ ਸੰਖੇਪ ਕਰੋ। 3 ਮਿੰਟ ਵਿਚ ਇਕ ਸਵਾਲ ਕਰਨਾ ਹੈ।

ਸਰਦਾਰ ਆਤਮਾ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 11 ਅਫ਼ਸਰ ਇਲਜ਼ਾਮਾਂ ਤੋਂ ਬਰੀ ਕੀਤੇ ਗਏ, ਜਿਨ੍ਹਾਂ ਵਿਚੋਂ 6 ਐਸੇ ਅਫ਼ਸਰ ਹਨ ਜੋ ਰਾਸ਼ਟਰਪਤੀ ਰਾਜ ਸਮੇਂ, ਇਸ ਸਰਕਾਰ ਦੇ ਆਉਣ ਤੋਂ ਪਹਿਲਾਂ, ਬਰੀ ਕੀਤੇ ਗਏ ਸਨ ; ਕੀ ਮੰਤਰੀ ਸਾਹਿਬ ਉਨ੍ਹਾਂ ਦੇ ਖਿਲਾਫ਼ ਦੁਬਾਰਾ ਇਨਕੁਆਇਰੀ ਕਰਾਉਣਗੇ ?

ਉਪ ਮੰਤਰੀ, ਵਿਕਾਸ : ਸਪੀਕਰ ਸਾਹਿਬ, ਗਜ਼ਟਿਡ ਅਫ਼ਸਰ 11 ਨਹੀਂ ਬਲਕਿ 10 ਸਨ ਜਿਹੜੇ ਬਰੀ ਹੋ ਚੁੱਕੇ ਹਨ। ਉਨ੍ਹਾਂ ਦੇ ਖਿਲਾਫ਼ ਦੁਬਾਰਾ ਇਨਕੁਆਇਰੀ ਨਹੀਂ ਹੋ ਸਕਦੀ। ਜੇ ਕੋਈ ਹੋਰ ਸ਼ਿਕਾਇਤ ਹੈ ਤਾਂ ਦੱਸ ਦੇਣ, ਇਨਕੁਆਇਰੀ ਕਰਵਾ ਲਵਾਂਗੇ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਸ ਹਾਊਸ ਵਿਚ ਹਰ ਮਨਿਸਟਰ ਸਾਹਿਬ ਅਤੇ ਟਰੈਜ਼ਰੀ ਬੈਂਚਿਜ਼ ਦੇ ਹਰ ਐਮ. ਐਲ. ਏ. ਇਹ ਕਹਿੰਦੇ ਹਨ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪੰਜਾਬ ਵਿਚ ਸਵੱਛ ਰਾਜ ਪ੍ਰਬੰਧ ਦੇਣਾ ਹੈ, ਕੁਰੱਪਸ਼ਨ ਦੂਰ ਕਰਨੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਆਤਮਾ ਸਿੰਘ]

ਹੈ। ਮੁੱਖ ਮੰਤਰੀ ਸਾਹਿਬ ਨੇ ਆਪ ਵੀ ਇਸ ਹਾਊਸ ਵਿਚ ਕਈ ਵਾਰ ਕਿਹਾ ਹੈ ਕਿ ਪੰਜਾਬ ਵਿਚੋਂ ਕੁਰੱਪਸ਼ਨ ਨੂੰ ਜੜ੍ਹੋਂ ਪੁੱਟਣਾ ਹੈ। ਮੈਂ ਵੀ ਇਨ੍ਹਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਕੁਰੱਪਸ਼ਨ ਦੂਰ ਕਰਨ ਦੇ ਸਬੰਧ ਵਿਚ ਸਾਡੀ ਹਮਾਇਤ ਤੁਹਾਡੇ ਨਾਲ ਹੈ। ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਪਾਸੋਂ ਪੁਛਣਾ ਚਾਹੁੰਦਾ ਹਾਂ ਕਿ ਉਹ ਇਸ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਜਿਹੜੇ ਕੇਸਾਂ ਵਿਚ ਅਫ਼ਸਰਾਂ ਨੂੰ ਬਰੀ ਕੀਤਾ ਗਿਆ ਹੈ ਉਹ ਕੇਸ ਫਿਰ ਵਿਜੀਲੈਂਸ ਨੂੰ ਦੇ ਕੇ ਦੁਬਾਰਾ ਇਨਕੁਆਇਰੀ ਕਰਾਉਣ ਲਈ ਤਿਆਰ ਹਨ ? ਮੈਂ ਦੱਸਦਾ ਹਾਂ ਕਿ ਇਹ ਐਸੇ ਅਫ਼ਸਰ ਹਨ ਜਿਨ੍ਹਾਂ ਨੂੰ ਰਾਸ਼ਟਰਪਤੀ ਰਾਜ ਸਮੇਂ ਇਕ ਦਿੱਲੀ ਦੇ ਮਨਿਸਟਰ ਦੇ ਕਹਿਣ ਤੇ, ਉਸ ਦੇ ਦਬਾਅ ਨਾਲ, ਇਨ੍ਹਾਂ ਅਫਸਰਾਂ ਨੂੰ ਬਹਾਲ ਕੀਤਾ ਗਿਆ ਸੀ। ਇਸ ਲਈ ਕੀ ਇਹ ਦੁਬਾਰਾ ਇਨਕੁਆਇਰੀ ਕਰਾਉਣ ਲਈ ਤਿਆਰ ਹਨ ?

ਉਪ ਮੰਤਰੀ : ਸਪੀਕਰ ਸਾਹਿਬ, ਇਹ ਸਰਕਾਰ ਹੁਣ ਵੀ ਵਚਨਬੱਧ ਹੈ ਕਿ ਕਿਸੇ ਵੀ ਕੁਰਪਟ ਅਫ਼ਸਰ ਨੂੰ ਬਹਾਲ ਨਹੀਂ ਕੀਤਾ ਜਾਵੇਗਾ। ਜੇ ਕੋਈ ਖਾਸ ਇਲਜ਼ਾਮ ਕਿਸੇ ਅਫ਼ਸਰ ਦੇ ਖਿਲਾਫ਼ ਹੈ ਤਾਂ ਇਹ ਲਿਖ ਕੇ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਹ ਇਲਜ਼ਾਮਾਂ ਦਾ ਚਿੱਠਾ ਮੇਰੇ ਕੋਲ ਹੈ ਅਤੇ ਮੰਤਰੀ ਸਾਹਿਬ ਪਾਸ ਵੀ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਸਤਿਕਾਰ ਨਾਲ ਇਹ ਬੇਨਤੀ ਕਰਾਂਗਾ ਕਿ ਮੈਨੂੰ ਕਿਸੇ ਨਾਲ ਵੈਰ ਨਹੀਂ, ਪਰ ਮੇਰੇ ਸਾਹਮਣੇ ਇਕੋ ਨਿਸ਼ਾਨਾ ਹੈ ਕਿ ਪੰਜਾਬ ਵਿਚੋਂ ਕੁਰੱਪਸ਼ਨ ਨੂੰ ਦੂਰ ਕੀਤਾ ਜਾਵੇ। ਇਸ ਲਈ ਕੀ ਮੁੱਖ ਮੰਤਰੀ ਸਾਹਿਬ ਇਨ੍ਹਾਂ ਕੇਸਾਂ ਨੂੰ ਦੁਬਾਰਾ ਰਿਵਿਊ ਕਰਾਉਣਗੇ ?

ਉਪ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਹਾਊਸ ਵਿਚ ਬਾਰ ਬਾਰ ਭਰੋਸਾ ਦਿਵਾਉਂਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ ਹਰ ਮਨਿਸਟਰ ਵਚਨਬੱਧ ਹੈ ਕਿ ਕੁਰੱਪਟ ਅਫਸਰਾਂ ਨੂੰ ਕਦੇ ਮੁਆਫ ਨਹੀਂ ਕਰਨਾ ਹੈ। ਇਸ ਲਈ ਜੇ ਕਿਸੇ ਕਿਸਮ ਦਾ ਇਤਰਾਜ਼ ਕਿਸੇ ਦੇ ਖਿਲਾਫ ਹੈ ਤਾਂ ਇਹ ਲਿਖ ਕੇ ਦੇ ਦੇਣ, ਵੇਖ ਲਵਾਂਗੇ। ਬਾਕੀ ਜਿਹੜੇ 5-7 ਬੰਦੇ ਰਹਿੰਦੇ ਹਨ ਜਿਨ੍ਹਾਂ ਦੇ ਖਿਲਾਫ਼ ਇਨਕੁਆਇਰੀ ਪੈਂਡਿੰਗ ਹੈ, ਅਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਵੇਖ ਲਵਾਂਗੇ।

ਸ਼੍ਰੀ ਸਪੀਕਰ : ਉਨ੍ਹਾਂ ਦਾ ਸਵਾਲ ਇਹ ਹੈ ਕਿ ਜਿਹੜੇ ਬਹਾਲ ਕੀਤੇ ਗਏ ਹਨ ਉਨ੍ਹਾਂ ਦੇ ਖਿਲਾਫ ਇਨਕੁਆਇਰੀ ਕਰਾਉਗੇ ?

ਉਪ ਮੰਤਰੀ : ਸਪੀਕਰ ਸਾਹਿਬ, ਬਹਾਲ ਹੋਣ ਤੇ ਸਾਡੇ ਵੱਸ ਦੀ ਗਲ ਨਹੀਂ। ਕਈ ਕੋਰਟ ਤੋਂ ਬਹਾਲ ਹੋਏ ਹੋਣਗੇ।

ਸਰਦਾਰ ਨੱਥਾ ਸਿੰਘ ਦਾਲਮ : ਸਪੀਕਰ ਸਾਹਿਬ, ਮੈਂਬਰ ਸਾਹਿਬ ਪੁੱਛਦੇ ਹਨ ਕਿ ਇਨਕੁਆਇਰੀ ਮੁਕੰਮਲ ਨਹੀਂ ਹੋਈ ਅੱਤੇ ਉਨ੍ਹਾਂ ਨੂੰ ਬਹਾਲ ਕਰ ਦਿੱਤਾ ਗਿਆ। ਕੀ ਉਨ੍ਹਾਂ ਦੀ ਦੁਬਾਰਾ ਇਨਕੁਆਇਰੀ ਕਰਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਇਸ ਸਾਰੇ ਜਵਾਬ ਦਾ ਪਤਾ ਨਹੀਂ। ਪਰ ਮੈਂ ਜਨਰਲ ਰੂਪ ਵਿਚ ਇਹ ਕਹਿ ਸਕਦਾ ਹਾਂ ਕਿ ਅਜਿਹੇ ਕਿਸੇ ਦੇ ਖਿਲਾਫ਼ ਇਨਕੁਆਇਰੀ ਚਲ

Original with;
Punjab Vidhan Sabha
Digitized by;
Panjab Digital Library

ਰਹੀ ਹੋਵੇ ਅਗਰ 6 ਮਹੀਨੇ ਵਿਚ ਇਨਕੁਆਇਰੀ ਕੰਪਲੀਟ ਨਾ ਹੋਵੇ ਤਾਂ ਉਸ ਵੇਲੇ ਜਾਂ ਤਾਂ ਇਨਕੁਆਇਰੀ ਦੀ ਐਕਸਟੈਨਸ਼ਨ ਲਈ ਜਾਂਦੀ ਹੈ ਜਾਂ ਫਿਰ ਉਸ ਨੂੰ ਬਹਾਲ ਕਰ ਦਿੱਤਾ ਜਾਂਦਾ ਹੈ ਅਤੇ ਇਨਕੁਆਇਰੀ ਬਾਅਦ ਵਿਚ ਵੀ ਚਲਦੀ ਰਹਿੰਦੀ ਹੈ। ਇਹ ਰੂਲਜ਼ ਹਨ ਜਿਸ ਦਾ ਮੈਨੂੰ ਪਤਾ ਹੈ। ਇਸ ਲਈ ਅਗੱਰ ਕੋਈ ਐਸੀ ਇਨਕੁਆਇਰੀ ਪੈਂਡਿੰਗ ਪਈ ਹੈ ਅੱਰ ਉਹ ਕੋਰਟ ਵਿਚ ਕੇਸ ਨਹੀਂ ਗਿਆ ਤਾਂ ਉਸ ਨੂੰ ਵੇਖ ਸਕਦੇ ਹਾਂ। ਪਰ ਇਸ ਤੋਂ ਇਲਾਵਾ ਜੇ ਕੋਈ ਹੋਰ ਸੀਰੀਅਸ ਇਲਜ਼ਾਮ ਕਿਸੇ ਦੇ ਖਿਲਾਫ਼ ਹਨ ਤਾਂ ਇਹ ਲਿਖ ਕੇ ਦੇ ਦੇਣ ਅਸੀਂ ਵੇਖ ਲਵਾਂਗੇ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਸਰਦਾਰ ਗੁਰਚਰਨ ਸਿੰਘ, ਡਵੀਜ਼ਨਲ ਡਿਪਟੀ ਡਾਇਰੈਕਟਰ ਨੂੰ ਕੁਰੱਪਸ਼ਨ ਦੇ ਕਾਰਨ ਜ਼ਬਰੀ ਰਿਟਾਇਰ ਕੀਤਾ ਗਿਆ ਸੀ। ਉਹ ਹਾਈ ਕੋਰਟ ਵਿਚ ਵੀ ਗਿਆ ਪਰ ਉਸ ਦੀ ਰਿਟ ਖਾਰਜ ਹੋ ਗਈ। ਪਰ ਇਨ੍ਹਾਂ ਨੇ ਉਸ ਨੂੰ ਫਿਰ ਬਹਾਲ ਕਰ ਦਿੱਤਾ। ਇਕ ਬੀ.ਡੀ.ਓ. ਬੰਗਾ ਦਾ ਹੈ ਜਿਹੜਾ ਦਫ਼ਤਰ ਵਿਚ ਬੈਠਾ ਇਕ ਵਜੇ ਸ਼ਰਾਬ ਪੀ ਰਿਹਾ ਸੀ, ਉਹ ਮੌਕੇ ਤੇ ਫੜਿਆ ਗਿਆ ਅੱਰ ਡਾਕਟਰੀ ਮੁਆਇਨਾ ਵੀ ਕਰਾਇਆ ਗਿਆ ; ਉਸ ਨੂੰ ਵੀ ਜ਼ਬਰੀ ਰਿਟਾਇਰ ਕੀਤਾ ਪਰ .. ..

ਸ਼੍ਰੀ ਸਪੀਕਰ : ਤੁਸੀਂ ਇਹ ਸਾਰੇ ਕੇਸ ਲਿਖ ਕੇ ਦੇ ਦਿਓ । ਇਹ ਜਵਾਬ ਦੇ ਦੇਣਗੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੇ ਐਸੇ ਕੇਸ ਹਨ, ਮੈਂ ਅਰਜ਼ ਕੀਤੀ ਹੈ ਕਿ ਲਿਖ ਕੇ ਦੇ ਦੇਣ, ਵੇਖ ਲਵਾਂਗੇ।

STARRED QUESTIONS AND ANSWERS

Construction of Building of Civil Hospital in Balachaur

***1231. Master Dalip Chand**: Will the Minister for Health be pleased to state the approximate time by which the land for the Civil Hospital in Balachaur, sanctioned since long, is likely to be acquired and the construction work thereon is proposed to be taken in hand ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਿਵਲ ਹਸਪਤਾਲ, ਬਲਾਚੌਰ ਲਈ ਨਵੀਂਥਾਂ ਪਰਾਪਤ ਕਰਨ ਲਈ ਕਦਮ ਚੁਕੇ ਜਾ ਰਹੇ ਹਨ । ਭੌਂ ਪ੍ਰਾਪਤੀ ਲਈ ਐਕਟ 1894 ਦੀ ਧਾਰਾ 4 ਅਧੀਨ ਨੋਟੀਫੀਕੇਸ਼ਨ ਜਲਦੀ ਹੀ ਜਾਰੀ ਕੀਤੇ ਜਾਣ ਦੀ ਆਸ ਹੈ । ਇਸ ਸਟੇਜ ਤੇ ਇਹ ਦੱਸਣਾ ਸੰਭਵ ਨਹੀਂ ਕਿ ਉਸ ਥਾਂ ਤੇ ਉਸਾਰੀ ਦਾ ਕੰਮ ਕਦ ਸ਼ੁਰੂ ਕੀਤਾ ਜਾ ਸਕੇਗਾ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਲਾਚੌਰ ਸਬ ਡਵੀਜ਼ਨ ਵਿਚ 50 ਬਿਸਤਰਿਆਂ ਦਾ ਹਸਪਤਾਲ ਮਨਜ਼ੂਰ ਹੈ, ਸਟਾਫ ਵੀ ਪੂਰਾ ਆ ਚੁੱਕਾ ਹੈ। ਪੰਜਾਬ ਵਿਚ ਕੋਈ ਐਸਾ ਸਬ-ਡਵੀਜ਼ਨ ਨਹੀਂ ਜਿਥੇ ਸਿਵਿਲ ਹਸਪਤਾਲ ਦੀ ਬਿਲਡਿੰਗ ਨਾ ਹੋਵੇ। ਇਸ ਵਿਤਕਰੇ ਨੂੰ ਦੂਰ ਕਰਨ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾ ਕਿ ਕੀ ਬਿਲਡਿੰਗ ਦਾ ਕੰਮ ਜ਼ਮੀਨ ਐਕੁਆਇਰ ਕਰਕੇ ਅੱਰ ਨੋਟੀਫਿਕੇਸ਼ਨ ਕਰਨ ਤੋਂ ਬਾਅਦ ਜਲਦੀ ਮੁਕੰਮਲ ਕਰਨ ਤੇ ਵਿਚਾਰ ਕਰਨਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਬੜਾ ਪਾਜ਼ੇਟਿਵ ਜਵਾਬ ਦਿੱਤਾ ਹੈ ਕਿ ਭੋਂ ਪ੍ਰਾਪਤੀ ਐਕਟ ਦੀ ਧਾਰਾ 4 ਅਧੀਨ ਨੋਟੀਫੀਕੇਸ਼ਨ ਜਲਦੀ ਤੋਂ ਜਲਦੀ ਕੀਤੇ ਜਾਣ ਦੀ ਆਸ ਹੈ। ਇਸ ਤੋਂ ਬਾਦ ਹੀ ਕੰਮ ਸ਼ੁਰੂ ਹੋਵੇਗਾ। ਹਾਲਾਂ ਪੁਰਾਣੀ ਥਾਂ ਤੇ ਕੰਮ ਬਿਹਤਰ ਚਲ ਰਿਹਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਲੋਕਾਂ ਨੇ ਲੱਖਾਂ ਰੁਪਏ ਲਗਾ ਕੇ ਹਸਪਤਾਲ ਕੰਪਲੀਟ ਕੀਤਾ ਹੋਇਆ ਹੈ। ਉਸ ਹਸਪਤਾਲ ਦਾ ਉਦਘਾਟਨ ਕਦੋਂ ਤੱਕ ਇਹ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।

Chowkidars

***1498. 1. Comrade Buta Singh**
2. Comrade Sarwan Singh Dharamkot } :Will the Minister for Revenue be pleased to state whether the Government propose to declare the Chowkidars working in the villages as class IV employees; if so, the time by which it is likely to be done ?

Sardar Darbara Singh (Chief Minister) : No such proposal is under consideration of the Government at present.

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਚੌਕੀਦਾਰਾਂ ਨੇ ਪਿਛਲੇ ਦਿਨਾਂ ਵਿਚ ਬਠਿੰਡੇ, ਸੰਗਰੂਰ, ਫਰੀਦਕੋਟ ਅਤੇ ਫਿਰੋਜ਼ਪੁਰ ਵਿਚ ਮੁਜ਼ਾਹਰੇ ਕੀਤੇ ਸਨ ਪਰ ਇਸ ਸਵਾਲ ਨੂੰ ਹਾਲ ਸਰਕਾਰ ਹੱਲ ਨਹੀਂ ਕਰ ਸਕੀ ਕਿ ਚੌਕੀਦਾਰਾਂ ਨੂੰ ਕਲਾਸ ਫੋਰ ਮੁਲਾਜ਼ਮ ਦੇ ਬਰਾਬਰ ਦਾ ਦਰਜਾ ਦਿੱਤਾ ਜਾ ਸਕੇ ਜਦ ਕਿ ਉਹ ਸਰਕਾਰ ਦੇ 24 ਘੰਟੇ ਨੌਕਰ ਹਨ। ਕੀ ਇਨ੍ਹਾਂ ਨੂੰ ਕਲਾਸ ਫੋਰ ਦਾ ਦਰਜਾ ਦੇਣ ਲਈ ਸਰਕਾਰ ਤਿਆਰ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਹਾਲੇ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਕਾਮਰੇਡ ਸਰਵਣ ਸਿੰਘ ਧਰਮਕੋਟ : ਸਪੀਕਰ ਸਾਹਿਬ, ਚੌਕੀਦਾਰ ਇਕ ਅਜਿਹਾ ਮੁਲਾਜ਼ਮ ਹੈ ਜਿਸ ਨੂੰ ਪਿੰਡ ਵਿਚ ਪੁਲਿਸ ਹਰ ਕੇਸ ਵਿਚ ਖਿਚਦੀ ਫਿਰਦੀ ਹੈ। ਉਹ ਪਟਵਾਰੀ ਦਾ ਨੌਕਰ ਹੈ ਅਤੇ ਤਹਿਸੀਲਦਾਰ ਦਾ ਵੀ ਨੌਕਰ ਹੈ। ਇਸ ਗੱਲ ਨੂੰ ਮੁਖ ਰੱਖਦੇ ਹੋਏ ਕੀ ਸਰਕਾਰ ਉਨ੍ਹਾਂ ਨੂੰ ਕਲਾਸ ਫੋਰ ਦਾ ਦਰਜਾ ਦੇਣ ਲਈ ਤਿਆਰ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਹਾਲੇ ਵਿਚਾਰ ਗੋਚਰੇ ਨਹੀਂ ਹੈ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਬਹੁਤ ਸਾਰੇ ਪਿੰਡ ਕਾਰਪੋਰੇਸ਼ਨ ਦੀ ਹਦੂਦ ਵਿਚ ਆ ਗਏ ਹਨ ਜਾਂ ਵੱਡੀਆਂ ਮਿਊਂਸਪਲ ਕਮੇਟੀਆਂ ਦੀ ਹਦੂਦ ਵਿਚ ਆ ਗਏ ਹਨ। ਉਥੋਂ ਦੇ ਚੌਕੀਦਾਰਾਂ ਦਾ ਫੈਸਲਾ ਕਦੋਂ ਤੱਕ ਸ਼ਰਕਾਰ ਕਰ ਦੇਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਤੇ ਪਹਿਲੇ ਦੋ ਸਪਲੀਮੈਂਟਰੀਜ਼ ਹੋ ਚੁੱਕੀਆਂ ਹਨ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਸਰਕਾਰ ਨੇ ਮਿਹਰਬਾਨੀ ਕੀਤੀ ਕਿ ਚੌਕੀਦਾਰਾਂ ਦੇ ਤਨਖਾਹ 60 ਰੁਪਏ ਤੋਂ 100 ਰੁਪਏ ਮਹੀਨਾ ਕਰ ਦਿੱਤੀ ਹੈ ਅੱਰ ਉਨ੍ਹਾਂ ਨੂੰ ਤਨਖਾਹ ਸਰਕਾਰੀ ਮੁਲਾਜ਼ਮਾਂ ਵਾਂਗ ਖਜ਼ਾਨੇ ਵਿਚੋਂ ਮਿਲੇਗੀ। ਇਨ੍ਹਾਂ ਨੂੰ ਮੈਡੀਕਲ ਅਲਾਉਂਸ ਅਤੇ ਵਰਦੀਆਂ ਕਦੋਂ ਤੱਕ ਦੇਣ ਦਾ ਐਲਾਨ ਸਰਕਾਰ ਕਰ ਦੇਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਹਾਲੇ ਇਹ ਸਵਾਲ ਵਿਚਾਰ ਗੋਚਰੇ ਨਹੀਂ ਹੈ।

Starting of Bus Service from Chandigarh to Malewal Kandi via Kathgarh, Bhaddi etc.

*1238. **Master Dalip Chand** : Will the Minister of State for Transport be pleased to state whether the Government propose to start a bus service from (i) Chandigarh to Malewal Kandi Via Kathgarh Bhaddi; (ii) Chandigarh to Jhangi via Saroya and Pojewal ; and (iii) Nawanshahar to Ropar via Balachaur Sujowal, Nanowal Niyan, Garlorn Bet, Dugri Thathiala, Mehmoodpur, Tej Plane, Boothgarh, Manewala, Soodha Majra (Bet); if so, when ?

ਸਰਦਾਰ ਅਵਤਾਰ ਸਿੰਘ ਗਟਵਾਲੀ : (ੳ) ਅਤੇ (ਏ) ਹਾਲੇ ਨਹੀਂ ਜੀ।

(ਅ) ਹਾਂ ਜੀ। ਬਸ ਸੇਵਾ ਜਲਦੀ ਚਾਲੂ ਹੋਣ ਦੀ ਸੰਭਾਵਨਾ ਹੈ ਜੀ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਸਰਕਾਰ ਨੇ ਮੇਰੇ ਹਲਕੇ ਵਿਚ ਚੰਡੀਗੜ੍ਹ–ਝੰਗੀ ਵਾਇਆ ਸਰੋਇਆ ਅਤੇ ਪੋਜੇਵਾਲ ਬਸ ਚਲਾ ਦਿੱਤੀ ਹੈ। ਇਸ ਦੇ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ। ਅਤੇ ਹੁਣ ਚੰਡੀਗੜ੍ਹ ਤੋਂ ਮਾਲੇਵਾਲ ਕੰਡੀ ਵਾਇਆ ਕਾਠਗੜ੍ਹ ਭੁੱਦੀ ਅਤੇ ਨਵਾਂ ਸ਼ਹਿਰ ਤੋਂ ਰੋਪੜ ਵਾਇਆ ਬਲਾਚੌਰ ਮਹਿਮੂਦਪੁਰ, ਤੇਜ ਪਲਾਨ, ਬੂਥਗੜ੍ਹ, ਮਾਨੇਵਾਲਾ, ਸੂਢਾ ਮਾਜਰਾ (ਬੇਟ) ਸੜਕਾਂ ਦਾ ਦੌਰਾ ਮੈਂ ਡੀ.ਟੀ.ਓ., ਹੁਸ਼ਿਆਰਪੁਰ ਦੇ ਨਾਲ 27 ਤਾਰੀਖ ਨੂੰ ਕੀਤਾ ਸੀ ਇਹ ਸੜਕਾਂ ਠੀਕ ਹਨ ਅਤੇ ਇਥੇ ਬਸਾਂ ਚਲ ਸਕਦੀਆਂ ਹਨ। ਇਨ੍ਹਾਂ ਰੂਟਾਂ ਤੇ ਬਸਾਂ ਕਦੋਂ ਤੱਕ ਇਹ ਚਲਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਹਾਲੇ ਇਨ੍ਹਾਂ ਸੜਕਾਂ ਦੀ ਹਾਲਤ ਇੰਨੀ ਚੰਗੀ ਨਹੀਂ ਹੈ ਪਰ ਜੇਕਰ ਮਾਸਟਰ ਜੀ ਕਹਿੰਦੇ ਹਨ ਕਿ ਬਸਾਂ ਚਲਾ ਦਿੱਤੀਆਂ ਜਾਣ, ਫੇਰ ਅਸੀਂ ਚਲਾ ਦੇਵਾਂਗੇ।

Loan for Fertilizers

*1375. **Chaudhri Jagjit Singh** : Will the Minister of State for Co-operation be pleased to state—

(a) the total amount of loan for fertilizer given through Co-operative Banks in the State druing 1980-81 ;

(b) the amount of loan out of that referred to in part (a) above which has since been recovered together with the steps being taken to recover the remaining amonnt ?

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰ ਪਾਲ ਸਿੰਘ : (ੳ) ਸਾਲ 1980–81 ਵਿਚ ਕੇਂਦਰੀ ਸਹਿਕਾਰੀ ਬੈਂਕਾਂ ਦੁਆਰਾ ਰਾਜ ਵਿਚ 145.21 ਕਰੋੜ ਰੁਪਏ ਦੇ ਕਰਜ਼ੇ ਕਾਈਂਡ ਕੰਪੋਨੈਂਟ ਦੇ ਤੌਰ ਤੇ ਖਾਦ ਲਈ ਦਿਤੇ ਗਏ ਸਨ ।

(ਅ) ਕੇਂਦਰੀ, ਸਹਿਕਾਰੀ ਬੈਂਕਾਂ ਦੁਆਰਾ ਕਾਂਈਂਡ ਕੰਪੋਨੈਂਟ ਖਾਦ ਲਈ ਦਿਤੇ ਕਰਜ਼ਿਆਂ ਦੀ ਵਸੂਲੀ ਦਾ ਕੋਈ ਅਲੱਗ ਹਿਸਾਬ ਨਹੀਂ ਰੱਖਿਆ ਜਾਂਦਾ । ਪਰੰਤੂ ਸਾਲ 1980-81 ਵਿਚ 189.29 ਕਰੋੜ ਰੁਪਏ ਦੇ ਕਰਜ਼ੇ ਨਕਦੀ ਅਤੇ ਕਾਂਈਂਡ ਕੰਪੋਨੈਂਟ ਦੇ ਵਜੋਂ ਵਸੂਲੇ ਗਏ ਸਨ । ਪ੍ਰਾਇਮਰੀ ਖੇਤੀ ਬਾੜੀ ਸਭਾਵਾਂ ਦੇ ਨਾਦਹਿੰਦ ਮੈਂਬਰਾਂ ਜਿੰਮੇ ਬਾਕੀ ਰਹਿੰਦੇ ਕਰਜ਼ੇ ਦੀ ਵਸੂਲੀ ਲਈ ਪੰਜਾਬ ਸਹਿਕਾਰੀ ਸਭਾਵਾਂ, ਐਕਟ 1961 ਦੀ ਧਾਰਾਵਾਂ 67 ਏ ਅਤੇ 63 ਸੀ ਅਧੀਨ ਕਾਰਵਾਈ ਕੀਤੀ ਜਾ ਰਹੀ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਿਆ ਸੀ ਕਿ ਪੰਜਾਬ ਵਿਚ ਕਿੰਨਾ ਫਰਟੇਲਾਈਜ਼ਰ ਤੇ ਲੋਨ ਡਿਸਟ੍ਰੀਬਿਊਟ ਕੀਤਾ ਗਿਆ ਅਤੇ ਇਸ ਤੋਂ ਕਿੰਨੀ ਰਿਕਵਰੀ ਕੀਤੀ ਗਈ ਪਰ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਫਰਟੇਲਾਈਜ਼ਰ ਤੇ ਲੋਨ ਦਾ ਵੱਖਰਾ ਹਿਸਾਬ ਨਹੀਂ ਰਖਿਆ ਜਾਂਦਾ । ਪਰ ਜਲੰਧਰ ਜ਼ਿਲ੍ਹੇ ਵਿਚ ਬਟਾਲਾ ਐਗਰੀਕਲਚਰਲ ਕੋਆਪਰੇਟਿਵ ਸੋਸਾਇਟੀ ਹੈ। ਇਥੋਂ ਦੇ ਇਨਫਲੂਐਂਸ਼ਲ ਜ਼ਿਮੀਂਦਾਰ ਹਨ ਜਿਨ੍ਹਾਂ ਕੋਲੋਂ ਬੜਾ ਲੋਨ ਵਸੂਲ ਕਰਨ ਵਾਲਾ ਹੈ। ਕੀ ਮਨਿਸਟਰ ਸਾਹਿਬ ਧਾਰਾ 67--ਏ ਦੇ ਅਧੀਨ ਇਨ੍ਹਾਂ ਡੀਫਾਲਟਰਜ਼ ਕੋਲੋਂ ਵਸੂਲੀ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਇਸ ਵਿਚ ਮੈਂ ਦੱਸਦਾ ਹਾਂ ਕਿ ਕੁਲ ਕਰਜ਼ਾ ਅਸੀਂ 220 ਕਰੋੜ ਰੁਪਏ ਦਾ ਕੈਸ਼ ਅਤੇ ਕਾਈਂਡ ਕੰਪੋਨੈਂਟ ਦੇ ਤੌਰ ਤੇ ਖਾਦ ਲਈ ਦਿੱਤਾ ਸੀ ਅਤੇ ਇਸ ਵਿਚੋਂ ਅਸੀਂ 189.29 ਕਰੋੜ ਰੁਪਏ ਦੀ ਵਸੂਲੀ ਕਰ ਲਈ ਹੈ। ਇਨ੍ਹਾਂ ਨੇ ਜਲੰਧਰ ਦੀ ਸੁਸਾਇਟੀ ਦਾ ਜ਼ਿਕਰ ਕੀਤਾ ਹੈ, ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਧਾਰਾ 67-ਏ ਅਧੀਨ ਵਸੂਲੀ ਦੀ ਕਾਰਵਾਈ ਜਲਦੀ ਕਰਾਂਗੇ ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਫੀਰੋਜ਼ਪੁਰ ਵਿਚ ਇਕ ਬਹੁਤ ਵੱਡਾ ਲੈਂਡਲਾਰਡ ਹੈ ਅਤੇ ਉਹ ਇਸ ਹਾਊਸ ਦਾ ਮੈਂਬਰ ਵੀ ਰਿਹਾ ਹੈ। ਉਸ ਕੋਲੋਂ 7,8 ਲੱਖ ਰੁਪਿਆ ਲੈਣਾ ਹੈ । ਵਸੂਲੀ ਕਰਨ ਲਈ ਅਕਾਲੀ ਰਾਜ ਵੇਲੇ ਵੀ ਬੜੇ ਯਤਨ ਕੀਤੇ ਗਏ ਸਨ। ਕੀ ਵਜ਼ੀਰ ਸਾਹਿਬ ਉਪਰਾਲੇ ਕਰਕੇ ਉਸ ਤੋਂ 7-8 ਲੱਖ ਰੁਪਏ ਦੀ ਵਸੂਲੀ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਇਸ ਵਸੂਲੀ ਲਈ ਜਲਦੀ ਉਪਰਾਲੇ ਕਰਾਂਗੇ ।

ਪੰਡਿਤ **ਸਰਵਣ ਰਾਮ :** ਸਪੀਕਰ ਸਾਹਿਬ, ਪੰਜਾਬ ਵਿਚ ਕੋਆਪਰੇਟਿਵ ਲੋਨ ਦਿੱਤੇ ਗਏ ਅਤੇ ਛੋਟੇ ਲੋਨੀਜ਼ ਕੋਲੋਂ ਤਾਂ ਇਨ੍ਹਾਂ ਨੇ ਜ਼ਬਰਦਸਤੀ ਨਾਲ ਵਸੂਲ ਕਰ ਲਏ ਹਨ ਪਰ ਵੱਡਿਆਂ ਨੂੰ ਹੱਥ ਨਹੀਂ ਪਾਉਂਦੇ । ਕੀ ਇਹ ਉਨ੍ਹਾਂ ਨੂੰ ਵੀ ਹੱਥ ਪਾਉਣਗੇ ? ਮੇਰੇ ਹਲਕੇ ਵਿਚ 50--60 ਸੋਸਾਇਟੀਆਂ ਹਨ, ਉਹ ਬਿਲਕੁਲ ਖ਼ਤਮ ਹੋ ਗਈਆਂ ਹਨ। ਉਨ੍ਹਾਂ ਦਾ ਕਿਸੇ ਨੇ ਵੀ ਆਡਿਟ ਨਹੀਂ ਕੀਤਾ। ਉਨ੍ਹਾਂ ਦਾ ਕਿਸੇ ਨੇ ਪੈਸਾ ਜਮ੍ਹਾਂ ਨਹੀਂ ਕਰਾਇਆ

Original with;
Punjab Vidhan Sabha
Digitized by;
Panjab Digital Library

ਅਤੇ ਆਪ ਹੀ ਛਕੀ ਜਾਂਦੇ ਹਨ। ਇਸ ਲਈ ਕੀ ਮਨਿਸਟਰ ਸਾਹਿਬ ਉਨ੍ਹਾਂ ਪਿੰਡਾਂ ਦੀਆਂ ਸੋਸਾਇਟੀਆਂ ਦਾ ਆਡਿਟ ਕਰਵਾਉਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਪੰਡਿਤ ਸਰਵਣ ਰਾਮ ਆਨਰੇਬਲ ਮੈਂਬਰ ਨੂੰ ਯਕੀਨ ਦਿਵਾਉਂਦਾ ਹਾਂ ਕਿ ਉਹ ਸਪੈਸੀਫਿਕ ਤੌਰ ਤੇ ਕਿਸੇ ਪਿੰਡ ਜਾਂ ਸੋਸਾਇਟੀ ਬਾਰੇ ਲਿਖਕੇ ਦੇ ਦੇਣ ਤਾਂ ਮੈਂ ਆਡਿਟ ਕਰਵਾ ਦੇਵਾਂਗਾ।

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਬਰਾੜ ਸਾਹਿਬ ਨੇ ਵੀ ਕਿਹਾ ਹੈ ਕਿ ਕਈਆਂ ਨੇ ਪੰਜ-ਪੰਜ, ਛੇ-ਛੇ ਲੱਖ ਰੁਪਿਆ ਕਰਜ਼ਾ ਵਾਪਿਸ ਨਹੀਂ ਕੀਤਾ। ਜਿਥੇ ਕਰਜ਼ਾ ਵਾਪਿਸ ਨਾ ਕਰਨ ਵਾਲਿਆਂ ਦਾ ਕਸੂਰ ਹੈ, ਉਥੇ ਜਿਨ੍ਹਾਂ ਨੇ ਕਰਜ਼ਾ ਦਿੱਤਾ ਉਨ੍ਹਾਂ ਨੇ ਉਦੋਂ ਬਗੈਰ ਸਿਕਿਉਰਿਟੀ ਤੋਂ ਕਰਜ਼ਾ ਦਿੱਤਾ ਅਤੇ ਕੋਈ ਜ਼ਮੀਨ ਦੀ ਸਿਕਿਉਰਿਟੀ ਆਦਿ ਨਹੀਂ ਲਈ। ਕੀ ਮਨਿਸਟਰ ਸਾਹਿਬ ਉਨ੍ਹਾਂ ਅਫ਼ਸਰਾਂ ਦੇ ਖਿਲਾਫ ਵੀ ਕਾਰਵਾਈ ਕਰਨਗੇ ਜਿਨ੍ਹਾਂ ਨੇ ਗਲਤ ਕੰਮ ਕੀਤਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਅਫ਼ਸਰ ਨੇ ਕੁਤਾਹੀ ਕੀਤੀ ਹੋਵੇਗੀ ਅਤੇ ਗਲਤ ਕੰਮ ਕੀਤਾ ਹੋਵੇਗਾ ਤਾਂ ਉਸ ਦੇ ਖਿਲਾਫ ਲਾਜ਼ਮੀ ਤੌਰ ਤੇ ਐਕਸ਼ਨ ਲਿਆ ਜਾਵੇਗਾ।

Chief Minister : Mr. Speaker, just a minute.

ਮੈਂ ਹਾਊਸ ਵਿਚ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਜੇਕਰ ਕਿਸੇ ਨੂੰ ਕਿਸੇ ਕੇਸ ਦਾ ਪਤਾ ਹੋਵੇ ਤਾਂ ਉਹ ਸਰਕਾਰ ਨੂੰ ਦੱਸਣ। ਅਸੀਂ ਆਪਣੇ ਤੌਰ ਤੇ ਵੀ ਲਿਸਟ ਬਣਾਵਾਂਗੇ ਕਿ ਜਿਨ੍ਹਾਂ ਦੇ ਜ਼ਿੰਮੇ ਲੱਖਾਂ ਰੁਪਏ ਦਾ ਕਰਜ਼ਾ ਹੈ, ਉਨ੍ਹਾਂ ਤੋਂ ਤੁਰਤ ਵਸੂਲੀ ਕੀਤੀ ਜਾਏ।

(ਇਸ ਵੇਲੇ ਕਈ ਮਾਨਯੋਗ ਮੈਂਬਰ ਸਪਲੀਮੈਂਟਰੀ ਪੁੱਛਣ ਦੀ ਮੰਗ ਕਰ ਰਹੇ ਸਨ।)

ਸ਼੍ਰੀ ਸਪੀਕਰ : ਮੁੱਖ ਮੰਤਰੀ ਜੀ ਦੇ ਜਵਾਬ ਦੇਣ ਤੋਂ ਬਾਅਦ ਕੋਈ ਸਪਲੀਮੈਂਟਰੀ ਪੁੱਛਣ ਦੀ ਲੋੜ ਨਹੀਂ ਰਹਿੰਦੀ।

Recovery of loan from Solvent Extraction Oil Plants

***1468. Shri Gopal Krishan Chatrath** : Will the Chief Minister be pleased to state —

(a) the amount of loans due to be recovered by the Industries Department /Financial Institutions of the State from Solvent Extraction Oil Plants in the State of Punjab as on 1st January, 1982;

(b) the names of the plants referred to in para(a) above alongwith the amount outstanding against each Plant district-wise;

(c) the names and details of the plants which have become defaulters;

(d) the steps taken or proposed to be taken to recover loans?

Original with;
Punjab Vidhan Sabha
Digitized by;
Panjab Digital Library

Sardar Darbara Singh; (a) The loans due to be recovered upto 1st January, 1982 are as under :—

Department/Financial Institutions	*Amount* (Rupees in Lakhs)
1. Punjab State Industrial Development Corporation ..	150.58 (term loans)
2. Punjab Financial Corporation ..	339.01 (term loans)
3. Department of Industries, Punjab ..	Nil
Total ..	489.59

(b) The requisite information is given in Annexure 'A'.

(c) The requisite information is given in Annexure 'B'.

(d) Steps being taken for recovery of loans from each defaulting unit is indicated in Annexure 'C'.

ANNEXURE 'A'

1. Punjab State Industrial Development Corporation

Ditrict	Serial No.	Name of the Plant	Amount outstanding (Rs. in lacs)
1	2	3	4
Bhatinda	1	M/s Roshan Lal Oil Mills ..	13.00
Bhatinda	2	M/s Bhatinda Chemicals and Vanaspati (P)Ltd.	15·00
Bhatinda	3	M/s Chattar Extraction (P) Ltd. ..	11·58
Bhatinda	4	M/s Malwa Cotton Seed Production Ltd.	60·00
Ludhiana	5	M/s Oswal Agro Mills Ltd. ..	51·00
		Total ..	150·58

2. Punjab Financial Corporation

Amritsar	1	M/s Amritsar Solvex P. Ltd., Jandiala ..	30.00
	2	M/s Vardhwan Oil Extractions (P) Ltd. ..	28·14
Bhatinda	3	M/s Roshan Lal Oil Mills, Bhatinda ..	17·68
Bhatinda	4	M/s Chatar Extraction (P) Ltd., Bhatinda ..	26·48

Original with;
Punjab Vidhan Sabha
Digitized by;
Panjab Digital Library

District	Serial No.	Name of the Plant	Amount outstanding (Rs. in lacs
1	2	3	4
Bhatinda	5	M/s. Bhatinda Chemical and Vanaspati Mills (P) Ltd., Bhatinda ..	14·25
	6	M/s. Malwa Cotton Seed Products Ltd., Doonwal ..	30·00
Faridkot	7	M/s. Sarawati Extraction(P) Ltd., Kotkapura	13·49
Faridkot	8	M/s. Morinda Solvex (P) Ajitwal ..	32·83
Ferozepur	9	M/s. Joshi Solvent(P) Ltd. Ferozepur ..	21·96
Gurdaspur	10	M/s. Batala Vegetables Oils Mills Batala ..	6·80
Ludhiana	11	M/s. Oswal Agro Mills Ltd., Ludhiana ..	30·00
Patiala	12	M/s. Jain Solvents Extraction (P) Ltd., Patiala	6·76
Patiala	13	M/s. Swastika Oil Mills (P) Ltd., Bahadur Garh, Patiala ..	3·65
Sangrur	14	M/s. J.R. Solvents(P) Ltd. ..	25·70
Sangrur	15	M/s. Anil Modi Oils (P) Ltd., Sunam ..	23·45
Sangrur	16	M/s. Sant Oils and Oils Machinery, Manufactures (P) Ltd., Dhuri ..	15·24
Sangrur	17	M/s. Ganesh Solvex Malerkotla	12·58
		Total ..	339·01

ANNEXURE 'B'

1. Punjab State Industrial Development Corporation

No Loanee unit is in default

2. Punjab Financial Corporation

District	Serial No.	Name of the Plant	Amount in default (Rs. in lakhs)
Faridkot	1	M/s. Sarawati Extraction (P) Ltd., Kotkapura	2·90
Gurdaspur	2	M/s. Batala Vegetables Oils Mills, Batala ..	6·80
Sangrur	3	M/s. Ganesh Solvent Malerkotla ..	12·58
Patiala	4	M/s. Jain Solvent Extraction (P) Ltd., Patiala ..	6·76
		Total ..	29·04

3 Department of Industries Punjab

No loanee unit is in default.

Original with;
Punjab Vidhan Sabha
Digitized by;
Panjab Digital Library

ANNEXURE 'C'

Serial No.	Name of the Plant	Amount outstanding (Rs. in lakhs)	Steps being taken for recovery of loan
1	2	3	4
1	M/s. Batala Vegetables Oil Mills, Batala	6·80	The Punjab Financial Corporation has already filed a suit under section 21 of the State Finance Corporation. Act 1951 for the recovery of the dues. All the cases are pending in the Court.
2	M/s. Ganesh Solvex Malerkotla	12·58	
3	M/s. Jain Solvent Extraction Ltd., Patiala.	6·76	
4	M/s. Saraswati Extraction (P) Ltd., Kotkapura	2·90	The Punjab Financial Corporation has obtained compromise decree but the company has committed default of compromise decree in the payment of instalment which fell due on 15th December, 1981. The Company has proposedto make the payment of the same by 15th May, 1982. The Company has been advised to furnish finance statements to support its request.

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਹ ਤਕਰੀਬਨ 489.59 ਲੱਖ ਰੁਪਏ ਦੇ ਲੋਨ ਕੁਝ ਫਰਮਾਂ ਵਲ ਆਉਟਸਟੈਂਡਿੰਗ ਹਨ। ਇਸ ਵਿਚ ਕੁਝ ਨੇ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਵਲੋਂ ਵੀ ਲੋਨ ਲਿਆ ਹੈ ਅਤੇ ਪੰਜਾਬ ਫਾਈਨੈਂਸ਼ਲ ਕਾਰਪੋਰੇਸ਼ਨ ਵਲੋਂ ਵੀ ਲੋਨ ਲਿਆ ਹੈ। ਸਪੀਕਰ ਸਾਹਿਬ, ਜਿਨ੍ਹਾਂ ਬੰਦਿਆਂ ਨੇ ਲੋਨ ਲਿਆ ਹੈ, ਉਨ੍ਹਾਂ ਦੇ ਪਲਾਂਟ ਚਲ ਨਹੀਂ ਰਹੇ । ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਵਲੋਂ ਇਨ੍ਹਾਂ ਕਰਜ਼ਿਆਂ ਨੂੰ ਵਸੂਲ ਕਰਨ ਲਈ ਕੀ ਸਟੈਪਸ ਲਏ ਗਏ ਹਨ ਅਤੇ ਇਹ ਸਾਰੀ ਕਾਰਵਾਈ ਕਿਤਨੇ ਚਿਰ ਤਕ ਕੰਪਲੀਟ ਹੋ ਜਾਵੇਗੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਅਨੈਕਸਚਰ 'ਸੀ' ਵਿਚ ਦੱਸਿਆ ਗਿਆ ਹੈ ਕਿ ਚਾਰ ਫਰਮਾਂ ਸਨ। ਤਿੰਨ ਫਰਮਾਂ ਦੇ ਕੇਸ ਅਜੇ ਕੋਰਟ ਵਿਚ ਪੈਂਡਿੰਗ ਸਨ । ਚੌਥੀ ਫਰਮ ਕਮਪਰੋਮਾਈਜ਼ ਕਰਕੇ ਗਈ ਸੀ ਕਿ 15 ਮਈ, 1982 ਤਕ ਉਹ ਰਕਮ ਦੇ ਦੇਣਗੇ । ਅਗਰ ਫਰਮ ਵਲੋਂ ਪੇਮੈਂਟ ਉਸ ਮਿਤੀ ਤਕ ਨਾ ਕੀਤੀ ਗਈ ਤਾਂ ਉਸ ਫਰਮ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਬਾਕੀ, ਸਪੀਕਰ ਸਾਹਿਬ, ਤਿੰਨ ਸਾਲ ਲਈ ਕਰਜ਼ੇ ਹੁੰਦੇ ਹਨ ਅਤੇ ਉਹ ਅਜੇ ਡਿਊ ਨਹੀ ਹੋਏ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਜੇਕਰ ਅਨੈਕਸ਼ਚਰ 'ਸੀ' ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਫਾਈਨੈਂਸ਼ਲ ਕਾਰਪੋਰੇਸ਼ਨ ਨੇ ਤਾਂ ਕਰਜ਼ਿਆਂ ਦੀ ਵਸੂਲੀ ਲਈ ਕਾਰਵਾਈ ਕੀਤੀ ਹੈ ਪਰ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਕਰਜ਼ਿਆਂ ਦੀ

Original with;
Punjab Vidhan Sabha
Digitized by
Panjab Digital Library

ਵਾਲੀ ਨਈ ਕਾਰਵਾਈ ਨਹੀਂ ਕੀਤੀ । ਜੋ ਲਿਸਟ ਦਿਤੀ ਹੈ, ਉਸ ਤੋਂ ਪਤਾ ਲਗਦਾ ਹੈ ਕਿ ਅਜੇ ਅਮਾਉਂਟ ਡਿਉ ਹੈ। ਇਸ ਲਈ ਕੀ ਸੀ.ਐਮ. ਸਾਹਿਬ ਹਾਉਸ ਨੂੰ ਭਰੋਸਾ ਦਵਾਉਣਗੇ ਕਿ ਸਾਰੀ ਕਾਰਵਾਈ ਇਨ ਡਿਉ ਕੋਰਸ ਕਰਵਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਇਹ ਕੋਸ਼ਿਸ਼ ਹੋਵੇਗੀ ਕਿ ਵੱਡੇ ਵੱਡੇ ਕਰਜ਼ਿਆਂ ਦੀ ਰਿਕਵਰੀ ਕਰਨ ਲਈ ਪ੍ਰਾਇਰਿਟੀ ਉਨ੍ਹਾਂ ਨੂੰ ਦਿੱਤੀ ਜਾਵੇ ਤਾਕਿ ਰਿਕਵਰੀ ਹੋ ਸਕੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਕਈ ਪੰਜਾਬ ਵਿਚ ਇਸ ਤਰ੍ਹਾਂ ਦੇ ਪਲਾਂਟ ਲਗਾਏ ਗਏ ਹਨ ਪਰ ਬਾਅਦ ਵਿਚ ਬੰਦ ਕਰ ਦਿਤੇ ਗਏ ਹਨ। ਪੰਜਾਬ ਸਪਿਨਿੰਗ ਮਿੱਲਜ਼ ਬਠਿੰਡਾ ਨੂੰ ਬੋਰਡ ਨੇ ਚੀਪ ਰੇਟ ਤੇ ਦਿਤਾ ਹੈ। ਪਬਲਿਕ ਸੈਕਟਰ ਵਿਚ ਮਿੱਲਾਂ ਨੂੰ ਪੰਜਾਬ ਵਿਚੋਂ ਖ਼ਤਮ ਨਾ ਕੀਤਾ ਜਾਵੇ । ਕੀ ਪੰਜਾਬ ਵਿਚ ਵੱਡੇ ਵੱਡੇ ਕਾਰਖਾਨੇ ਗੌਰਮਿੰਟ ਵਲੋਂ ਖ਼ਤਮ ਤਾਂ ਨਹੀਂ ਕੀਤੇ ਜਾ ਰਹੇ ਹਨ ?

ਸ੍ਰੀ ਸਪੀਕਰ : ਪਾਂਧੀ ਜੀ, ਤੁਹਾਡਾ ਇਹ ਸਪਲੀਮੈਂਟਰੀ ਇਸ ਸਵਾਲ ਨੂੰ ਰੀਲੇਟ ਨਹੀਂ ਕਰਦਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਕਈਆਂ ਨੇ ਕਰਜ਼ੇ ਮਿਸਯੂਜ਼ ਕੀਤੇ ਹਨ। ਦੂਸਰਾ, ਸਪੀਕਰ ਸਾਹਿਬ, ਕਰਜ਼ਿਆਂ ਨੂੰ ਵਸੂਲ ਕਰਨ ਬਾਰੇ ਅਜੇ ਤਕ ਸਰਕਾਰ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਕੀ ਮੁੱਖ ਮੰਤਰੀ ਜੀ ਉਨ੍ਹਾਂ ਦੇ ਖਿਲਾਫ ਪਰਚੇ ਦਰਜ ਕਰਾਉਣਗੇ ਤਾਕਿ ਰਿਕਵਰੀ ਤੇਜ਼ ਹੋ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪਰਚਿਆਂ ਨਾਲੋਂ ਰਿਕਵਰੀ ਕਰਨਾ ਨਿਹਾਇਤ ਜ਼ਰੂਰੀ ਹੈ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਪੰਜਾਬ ਵਿਚ ਬਹੁਤ ਕਾਰਖਾਨੇ ਚਲਦੇ ਹਨ ਅਤੇ ਕਈ ਕਾਰਖਾਨੇ ਬੰਦ ਹੋ ਜਾਂਦੇ ਹਨ । ਰਾਈਸ ਬਰਾਨ ਆਇਲ ਜੋ ਹੁੰਦਾ ਹੈ, ਉਸ ਵਿੱਚ ਤੇਲ ਘੱਟ ਪਾਇਆ ਜਾਂਦਾ ਹੈ ਅਤੇ ਉਸ ਤੇਲ ਨੂੰ ਸਾਫ ਕਰਨ ਵਾਸਤੇ ਪੰਜਾਬ ਵਿਚ ਕੋਈ ਵੱਡਾ ਕਾਰਖਾਨਾ ਨਹੀਂ ਹੈ। ਇਸ ਲਈ ਪੰਜਾਬ ਦੇ ਕਾਰਖਾਨੇ ਘਾਟੇ ਵਿਚ ਜਾ ਰਹੇ ਹਨ। ਸਰਕਾਰ ਇਸ ਦਾ ਕੋਈ ਪ੍ਰਬੰਧ ਕਰੇ ਅਤੇ ਪੰਜਾਬ ਵਿਚ ਕੋਈ ਵੱਡਾ ਤੇਲ ਸਾਫ ਕਰਨ ਦਾ ਪਲਾਂਟ ਲਗਾਵੇ ਤਾਕਿ ਪੰਜਾਬ ਦੇ ਲੋਕਾਂ ਨੂੰ ਫਾਇਦਾ ਹੋ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਸੁਝਾਓ ਬੜਾ ਅੱਛਾ ਹੈ। ਇਸ ਲਈ ਜੇ ਅਸੀਂ ਕਰ ਸਕਦੇ ਹੋਵਾਂਗੇ ਤਾਂ ਇਸ ਵੱਲ ਜ਼ਰੂਰ ਧਿਆਨ ਦੇਵਾਂਗੇ।

Industrial Sheds constructed in villages of District Jullundur

***1585. 1. Comrade Kulwant Singh**
2. Comrade Sarwan Singh Cheema } **:Will the Chief Minister be pleased to state :—**

(a) the total number of Industrial sheds constructed in the villages of district Jullundur, so far;

Original with;
Punjab Vidhan Sabha
Digitized by;
Panjab Digital Library

[Comrade Kulwant Singh]

(b) the number of sheds out of those mentioned in part(a) above which have started functioning ;

(c) the number of sheds out of those mentioned in part(a) above which have not started functioning together with the reasons therefor ?

ਸਰਦਾਰ ਦਰਬਾਰਾ ਸਿੰਘ : (ੳ) 37

(ਅ) 26

(ੲ) 11 ਕਿਉਂਕਿ ਇਹ ਉਨ੍ਹਾਂ ਪੇਂਡੂ ਇਲਾਕਿਆਂ ਵਿਚ ਸਥਿਤ ਹਨ ਜਿਹੜੇ ਲੋਕ-ਪ੍ਰਿਯ ਨਹੀਂ ।

ਕਾਮਰੇਡ ਸਰਵਣ ਸਿੰਘ ਚੀਮਾ : ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ 11 ਪਿੰਡਾਂ ਦੇ ਨਾਂ ਕੀ ਹਨ ਜਿਥੇ ਇਹ ਨਹੀਂ ਬਣਾਏ ਜਾ ਰਹੇ ? ਉਹ ਪਾਪੂਲਰ ਥਾਂ ਕਿਉਂ ਨਹੀਂ ਹੈ? ਇਸ ਬਾਰੇ ਦੱਸਿਆ ਜਾਏ ?

ਮੁੱਖ ਮੰਤਰੀ : ਨਕੋਦਰ, ਆਦਮਪੁਰ, ਭੁੜਕਾ ਕਲਾਂ ਅਤੇ ਮਹਾਲਮ ਵਿਖੇ ਸ਼ੁਰੂ ਕੀਤੇ ਸੀ ਲੇਕਿਨ ਥੋੜ੍ਹੇ ਲੋਕ ਉਥੇ ਗਏ ਹਨ। ਕਈਆਂ ਨੇ ਉਥੇ ਆਕੂਪਾਈ ਨਹੀਂ ਕੀਤਾ ਕਿਉਂਕਿ ਕੋਈ ਹੋਰ ਆਲਟਰਨੇਟਿਵ ਉਨ੍ਹਾਂ ਨੂੰ ਚੰਗਾ ਲਗਦਾ ਹੋਏਗਾ ।

ਕਾਮਰੇਡ ਸਰਵਣ ਸਿੰਘ ਚੀਮਾ : ਜਿਹੜਾ 37 ਇੰਡਸਟਰੀਅਲ ਸ਼ੈਡਜ਼ ਬਾਰੇ ਕਿਹਾ ਗਿਆ ਹੈ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਥੇ ਕਦੋਂ ਤਕ ਕੰਮ ਕਾਜ ਆਰੰਭ ਕਰ ਦਿੱਤਾ ਜਾਏਗਾ ?

ਮੁੱਖ ਮੰਤਰੀ : ਉਥੇ ਕਈਆਂ ਨੇ ਆਕੂਪਾਈ ਨਹੀਂ ਕੀਤਾ ਅਤੇ ਇਹ ਖਾਲੀ ਹਨ।

ਸਰਦਾਰ ਬਲਦੇਵ ਸਿੰਘ ਮਾਨ : ਸਰਕਾਰ ਕਹਿੰਦੀ ਹੈ ਕਿ ਇੰਡਸਟਰੀ ਨੂੰ ਪਿੰਡਾਂ ਵਿਚ ਲੈ ਜਾਣਾ ਹੈ। ਪਿੰਡਾਂ ਨੂੰ ਬਿਜਲੀ ਬਹੁਤ ਘੱਟ ਸਪਲਾਈ ਹੁੰਦੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼ਹਿਰਾਂ ਵਿਚ ਇੰਡਸਟਰੀਅਲ ਸ਼ੈਡਜ਼ ਬਣਾਏ ਗਏ ਹਨ ਕੀ ਉਸੇ ਤਰ੍ਹਾਂ ਹੀ ਪਿੰਡਾਂ ਵਿਚ ਵੀ ਇੰਡਸਟਰੀਅਲ ਸ਼ੈਡਜ਼ ਬਣਾਏ ਜਾਣਗੇ ਤਾਕਿ ਪਿੰਡਾਂ ਦੇ ਲੋਕਾਂ ਨੂੰ ਇਸ ਸਬੰਧ ਵਿਚ ਸਹੂਲਤਾਂ ਮਿਲ ਸਕਣ ਅੌਰ ਉਹ ਲੋਕ ਪਿੰਡਾਂ ਵਿਚ ਹੀ ਇੰਡਸਟਰੀ ਲਗਾ ਸਕਣ ?

ਮੁੱਖ ਮੰਤਰੀ : ਜਿਥੋਂ ਤਕ ਪਿੰਡਾਂ ਨੂੰ ਬਿਜਲੀ ਦੀ ਸਪਲਾਈ ਦਾ ਸਵਾਲ ਹੈ, ਇਹ 44 ਲੱਖ ਟਨ ਤੋਂ 55 ਲੱਖ ਟਨ ਅਨਾਜ ਪਿੰਡਾਂ ਵਿਚ ਕੀ ਬਗੈਰ ਬਿਜਲੀ ਤੋਂ ਹੀ ਹੋ ਗਿਆ ? ਇਹ ਅਨਾਜ ਬਿਜਲੀ ਦੀ ਸਪਲਾਈ ਕਰਨ ਨਾਲ ਹੀ ਹੋਇਆ ਹੈ। ਇੰਡਸਟਰੀ ਲਈ ਵੀ ਅਸੀਂ ਉਨ੍ਹਾਂ ਨੂੰ ਸਹੂਲਤਾਂ ਦੇਵਾਂਗੇ ਅੌਰ ਇਸ ਲਈ ਬਿਜਲੀ ਵੀ ਉਨ੍ਹਾਂ ਨੂੰ ਦੇਵਾਂਗੇ ਲੇਕਿਨ ਇਹ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਜਿਹੜਾ ਇਸ ਲਈ ਸਪਲਾਈ ਕਰੇ ਉਹ ਜ਼ਰੂਰ ਉਥੇ ਸ਼ਿਫਟ ਕਰੇ ।

Original with;
Punjab Vidhan Sabha
Digitized by;
Panjab Digital Library

Panchayat Land under Illegal Possession

*1374. **Chaudhri Jagjit Singh**: Will the Minister for Development be pleased to state—

(a) the district-wise area of Panchayat land under the illegal possession in the State ;

(b) the steps being taken by the Government for getting the land referred in part (a) above vacated together with the time by which the same is likely to be got vacated and handed over to the respective village Panchayats?

Sardar Ujagar Singh (Deputy Minister, Development): (a) A statement showing the position as on 31st January, 1982 in this regard is placed on the Table of the House.

(b) Instructions to the Gram Panchayat through the District Development and Panchayat Officers have already been issued to get the cases registered against the illegal occupants under the Punjab Village Common Lands (Regulation) Act, 1961. Besides, the Social Education and Panchayat Officers have also been authorised to institute cases where the Panchayats fail to do so. The District Development and Panchayat Officers who have been given the powers of "Collector", under the Punjab Village Common Lands (Regulation) Act, 1961 and the Punjab Gram Panchayat (Common Purpose Land) Eviction and Rent Recovery Act, 1976, and who have also been directed to decide the cases within the shortest possible period. The progress made by each of the District Development and Panchayat Officer is reviewed regularly by the Officers of the Department in Departmental meetings at Headquarter. No time limit can be fixed for the vacation of the said land and its being handed over to the respective village Panchayats as affected persons go in appeals and judicial procedures take their own time.

ANNEXURE 'A'

Districtwise area of Panchayat Land under illegal possession (as on 31st January, 1982).

Serial No.	Name of District		Acres
1.	Amritsar	..	351
2.	Bhatinda	..	500
3.	Faridkot	..	257
4.	Ferozepur	..	1,370
5.	Gurdaspur	..	676
6.	Hoshiarpur	..	1,786
7.	Jullundur	..	212

Original with;
Punjab Vidhan Sabha
Digitized by;
Panjab Digital Library

[Deputy Minister, Developmenf]

Serial No.	Name of District		Acres
8.	Kapurthala	..	1,035
9.	Ludhiana	..	638
10.	Patiala	..	6,718
11.	Roop Nagar	..	13,454
12.	Sangrur	..	366
	Total Area	..	27,363

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਪੰਚਾਇਤਾਂ ਦੀ ਕਿੰਨੀ ਜ਼ਮੀਨ ਹੈ ਜੋ ਕਿ ਨਾਜਾਇਜ਼ ਕਬਜ਼ੇ ਥਲੇ ਹੈ। ਦੱਸਿਆ ਗਿਆ ਹੈ ਕਿ 27,363 ਏਕੜ ਜ਼ਮੀਨ ਨਾਜਾਇਜ਼ ਕਬਜ਼ੇ ਅਧੀਨ ਹੈ। ਬਹੁਤ ਸਾਰੀਆਂ ਪੰਚਾਇਤਾਂ ਦੀ ਆਮਦਨ ਜ਼ਮੀਨਾਂ ਦੀ ਨਿਲਾਮੀ ਕਰਕੇ ਪੈਸੇ ਵੱਟ ਕੇ ਹੁੰਦੀ ਹੈ। ਇਨ੍ਹਾਂ ਨੇ ਦੱਸਿਆ ਹੈ ਕਿ ਡੀ.ਡੀ.ਪੀ. ਓਜ਼ ਨੂੰ ਕੁਲੈਕਟਰ ਦੀਆਂ ਪਾਵਰਜ਼ ਦੇ ਦਿੱਤੀਆਂ ਹਨ ਅੱਰ ਐਸ.ਈ.ਪੀ.ਓਜ਼ ਨੂੰ ਪਾਵਰਜ਼ ਦੇ ਦਿੱਤੀਆਂ। ਇਹ ਵੀ ਕਿਹਾ ਗਿਆ ਹੈ ਕਿ ਟਾਈਮ ਲਿਮਿਟ ਇਸ ਸਬੰਧ ਵਿਚ ਨਹੀਂ ਫਿਕਸ ਅੱਪ ਕੀਤਾ ਜਾ ਸਕਦਾ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਜਿਹੜੇ ਡੀ.ਡੀ.ਪੀ.ਓਜ਼ ਅੱਰ ਐਸ.ਈ. ਪੀ.ਓਜ਼ ਹਨ, ਕੀ ਉਨ੍ਹਾਂ ਲਈ ਇਹ ਕੋਈ ਟਾਰਗੈਟ ਫਿਕਸ ਕਰਨਗੇ ਕਿ ਉਹ ਐਨੀ ਐਨੀ ਜ਼ਮੀਨ ਨਾਜਾਇਜ਼ ਕਬਜ਼ੇ ਤੋਂ ਛੁਡਵਾ ਲੈਣਗੇ ਅੱਰ ਪੰਚਾਇਤ ਨੂੰ ਉਸ ਦਾ ਕਬਜ਼ਾ ਦਿਵਾ ਦੇਣਗੇ ?

ਉਪ ਮੰਤਰੀ, ਵਿਕਾਸ : ਹਰ ਮੀਟਿੰਗ ਵਿਚ ਜਿਹੜੇ ਅਫ਼ਸਰਾਂ ਨੂੰ ਬੁਲਾਇਆ ਜਾਂਦਾ ਹੈ ਉਨ੍ਹਾਂ ਤੋਂ ਪ੍ਰੋਗਰੈਸ ਰਿਪੋਰਟ ਬਾਰੇ ਪੁਛਿਆ ਜਾਂਦਾ ਹੈ ਕਿ ਕੀ ਹੈ। ਜੇਕਰ ਉਨ੍ਹਾਂ ਦਾ ਜਵਾਬ ਤਸੱਲੀ-ਬਖਸ਼ ਨਾ ਹੋਵੇ ਤਾਂ ਉਨ੍ਹਾਂ ਦੀ ਜਵਾਬਤਲਬੀ ਕੀਤੀ ਜਾਂਦੀ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਜ਼ਮੀਨ ਕਿਉਂ ਨਹੀਂ ਕਢਵਾ ਰਹੇ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਸਪੈਸੀਫੀਕਲੀ ਪੁਛਿਆ ਸੀ ਕਿ ਕੀ ਡੀ.ਡੀ. ਪੀ. ਓਜ਼ ਅੱਰ ਐਸ.ਈ.ਪੀ.ਓਜ਼ ਲਈ ਕੋਈ ਟਾਰਗੈਟ ਫਿਕਸ ਕਰਨਗੇ ਕਿ ਐਨੀ ਐਨੀ ਜ਼ਮੀਨ ਉਨ੍ਹਾਂ ਨੇ ਨਾਜਾਇਜ਼ ਕਬਜ਼ੇ ਤੋਂ ਕਢਵਾਉਣੀ ਹੈ ?

ਉਪ ਮੰਤਰੀ : ਕੋਈ ਟਾਰਗੈਟ ਫਿਕਸ ਨਹੀਂ ਕੀਤਾ ਜਾਂਦਾ। ਲੇਕਿਨ ਉਨ੍ਹਾਂ ਨੂੰ ਇਹ ਜ਼ਰੂਰ ਕਿਹਾ ਜਾਂਦਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਜ਼ਮੀਨ ਕਢਵਾ ਕੇ ਪੰਚਾਇਤਾਂ ਨੂੰ ਦਿਓ।

ਮਾਸਟਰ ਚੰਦ ਸਿੰਘ : ਕਈ ਪੰਚਾਂ ਅੱਰ ਸਰਪੰਚਾਂ ਦੇ ਭਰਾ ਜ਼ਮੀਨ ਦੱਬੀ ਬੈਠੇ ਹਨ ਅੱਰ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਾਂਦਾ। ਜਿਹੜੀ ਨਾਜਾਇਜ਼ ਜ਼ਮੀਨ ਪੰਚਾਂ ਅਤੇ ਸਰਪੰਚਾਂ ਦੇ ਭਰਾ ਦੱਬੀ ਬੈਠੇ ਹਨ, ਕੀ ਇਹ ਇਸ ਗਲ ਦਾ ਭਰੋਸਾ ਦਿਵਾਉਣਗੇ ਕਿ ਪੰਚਾਇਤ ਐਕਟ ਵਿਚ ਤਰਮੀਮ ਕਰਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਏਗਾ ਅੱਰ ਨਾਜਾਇਜ਼ ਜ਼ਮੀਨਾਂ ਉਨ੍ਹਾਂ ਤੋਂ ਕਢਵਾਈਆਂ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

ਉਪ ਮੰਤਰੀ : ਵਿਧਾਨ ਨੇ ਹਰ ਬੰਦੇ ਨੂੰ ਹੱਕ ਦਿੱਤਾ ਹੈ। ਜੇਕਰ ਕੋਈ ਪੰਚ ਜਾਂ ਸਰਪੰਚ ਦਾ ਭਰਾ ਜ਼ਮੀਨ ਲੈ ਲੈਂਦਾ ਹੈ ਤਾਂ ਉਸ ਨੂੰ ਰੋਕਿਆ ਨਹੀਂ ਜਾ ਸਕਦਾ।

ਸ਼੍ਰੀ ਸਪੀਕਰ: ਮੈਂਬਰ ਸਾਹਿਬ ਨੇ ਪੁਛਿਆ ਹੈ ਕਿ ਕੀ ਕਾਨੂੰਨ ਵਿਚ ਸੋਧ ਕਰੋਗੇ ਕਿ ਨਹੀਂ ?

ਮਾਸਟਰ ਚੰਦ ਸਿੰਘ : ਜੋ ਪੰਚ ਔਰ ਸਰਪੰਚ ਆਪਣੇ ਭਰਾਵਾਂ ਦੇ ਨਾਂ ਤੇ ਜ਼ਮੀਨਾਂ ਦੱਬੀ ਬੈਠੇ ਹਨ ਇਨ੍ਹਾਂ ਲਈ ਪੰਚਾਇਤ ਐਕਟ ਵਿਚ ਕੋਈ ਪ੍ਰੋਵੀਜ਼ਨ ਨਹੀਂ ਕਿ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ। ਕੀ ਇਹ ਪੰਚਾਇਤ ਐਕਟ ਵਿਚ ਤਰਮੀਮ ਕਰਕੇ ਅਜਿਹੇ ਕੇਸਿਜ਼ ਵਿਚ ਐਕਸ਼ਨ ਲੈਣਗੇ ?

ਉਪ ਮੰਤਰੀ : ਇਸ ਕਿਸਮ ਦਾ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ। ਉਨ੍ਹਾਂ ਦੇ ਭਰਾਵਾਂ ਨੂੰ ਹੱਕ ਹੈ ਕਿ ਉਹ ਜ਼ਮੀਨ ਬੋਲੀ ਦੇ ਕੇ ਲੈ ਸਕਣ।

ਕਾਮਰੇਡ ਬਲਦੇਵ ਸਿੰਘ ਲੁੰਬਾ : ਇਹ ਜ਼ਮੀਨ ਦਾ ਕਾਫੀ ਗੰਭੀਰ ਮਾਮਲਾ ਹੈ। ਕਈ ਪੰਚਾਇਤਾਂ ਦੀਆਂ ਜ਼ਮੀਨਾਂ ਦੋ, ਦੋ ਸੌ ਔਰ ਚਾਰ, ਚਾਰ ਸੌ ਏਕੜ ਦੱਬੀਆਂ ਹੋਈਆਂ ਹਨ ਔਰ ਕੁਝ ਲੋਕ ਚਾਰ, ਪੰਜ ਏਕੜ ਤੇ ਹੀ 20-25 ਸਾਲ ਤੋਂ ਬੈਠੇ ਹਨ। ਕੀ ਵਜ਼ੀਰ ਸਾਹਿਬ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਜਿਹੜੇ ਚਾਰ, ਪੰਜ ਏਕੜ ਜ਼ਮੀਨ ਵਾਲੇ ਵੀਹ, ਵੀਹ ਪੱਚੀ ਪੱਚੀ ਸਾਲਾਂ ਤੋਂ ਉਥੇ ਬੈਠੇ ਹਨ ਉਨ੍ਹਾਂ ਨੂੰ ਉਸ ਦੀ ਮਾਲਕੀ ਦਿਵਾਉਣਗੇ ਔਰ ਜਿਹੜੇ ਸੈਂਕੜੇ ਏਕੜ ਜ਼ਮੀਨ ਦੱਬੀ ਬੈਠੇ ਹਨ ਉਨ੍ਹਾਂ ਤੋਂ ਸਖਤੀ ਨਾਲ ਜ਼ਮੀਨ ਕਢਵਾਉਣਗੇ ?

ਉਪ ਮੰਤਰੀ : ਜਿਨ੍ਹਾਂ ਨੂੰ ਗਰੋਮੋਰ ਫੂਡ ਤਹਿਤ ਜ਼ਮੀਨ ਦਿਤੀ ਗਈ ਸੀ ਔਰ ਉਹ ਲੋਕ ਉਥੇ ਬੈਠੇ ਹਨ ਉਨ੍ਹਾਂ ਦਾ ਮਾਮਲਾ ਵਿਚਾਰ ਅਧੀਨ ਹੈ ਔਰ ਜਿਨ੍ਹਾਂ ਨੇ ਜ਼ਬਰਦਸਤੀ ਕਈ ਏਕੜ ਜ਼ਮੀਨ ਦੱਬੀ ਹੋਈ ਹੈ ਉਨ੍ਹਾਂ ਤੋਂ ਜ਼ਰੂਰ ਕਢਵਾਵਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਡਿਸਟ੍ਰਿਕਟ ਸੰਗਰੂਰ ਵਿਚ ਬਾਗੜੀਆਂ ਵਿਖੇ ਉਥੇ ਦੀ ਪੰਚਾਇਤ ਦੇ ਕੁਝ ਮੈਂਬਰਾਂ ਨੇ ਮਿਲ ਕੇ 25 ਵਿਘੇ ਜ਼ਮੀਨ ਵੇਚ ਦਿੱਤੀ ਔਰ ਤਿੰਨ ਚਾਰ ਦਿਨ ਹੋਏ ਇਸ ਦੀ ਮਨਜ਼ੂਰੀ ਵੀ ਲੈ ਲਈ ਗਈ ਹੈ ਜਦੋਂ ਕਿ ਪੰਚਾਇਤ ਦੀ ਜ਼ਮੀਨ ਵੇਚਣ ਵਾਸਤੇ ਕਈ ਕਈ ਸਾਲ ਲਗ ਜਾਂਦੇ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਗੈਰ-ਕਾਨੂੰਨੀ ਕੰਮ ਕੀਤਾ ਹੈ ਔਰ ਜ਼ਮੀਨ ਦੱਬੀ ਹੈ ਕੀ ਉਨ੍ਹਾਂ ਦੇ ਖਿਲਾਫ ਪੜਤਾਲ ਕਰਾਉਣਗੇ ?

ਉਪ ਮੰਤਰੀ : ਇਹ ਜਿਹੜਾ ਮਾਮਲਾ ਹੈ ਇਸ ਬਾਰੇ ਕਿਸੇ ਆਦਮੀ ਤੋਂ ਦਰਖਾਸਤ ਦਿਵਾ ਦਿਓ, ਅਸੀਂ ਛੇਤੀ ਤੋਂ ਛੇਤੀ ਇਨਕੁਆਇਰੀ ਕਰਵਾ ਦਿਆਂਗੇ।

ਆਵਾਜ਼ਾਂ : ਸਪੀਕਰ ਸਾਹਿਬ, ਸਾਡੇ ਸਵਾਲਾਂ ਦਾ ਜਵਾਬ ਠੀਕ ਨਹੀਂ ਆ ਰਿਹਾ।

ਉਪ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ ਫੈਸਲਾ ਹੈ ਕਿ ਜਿਹੜੇ ਥੋੜ੍ਹੀ ਥੋੜ੍ਹੀ ਜ਼ਮੀਨ ਵਾਲੇ ਬੰਦੇ ਹਨ ਉਨ੍ਹਾਂ ਵਾਸਤੇ ਵਿਚਾਰ ਕਰ ਕੇ ਉਨ੍ਹਾਂ ਨੂੰ ਜ਼ਰੂਰ ਰਲੀਫ ਦਿਆਂਗੇ ਪਰ ਜਿਹੜੇ ਮੱਗਰਮੱਛ ਜ਼ਮੀਨਾਂ ਦਬੀ ਬੈਠੇ ਹਨ, ਜਦੋਂ ਉਨ੍ਹਾਂ ਬਾਰੇ ਸਾਡੇ ਨੋਟਿਸ ਵਿਚ ਆ ਗਿਆ ਤਾਂ ਉਨ੍ਹਾਂ ਨੂੰ ਮੁਆਫ ਨਹੀਂ ਕਰਾਂਗੇ।

Original with;
Punjab Vidhan Sabha
Digitized by;
Panjab Digital Library

Samples of Urea Fertilizers

*1367. **Comrade Darshan Singh Jhabal:** Will the Minister for Agriculture and Irrigation be pleased to state—

(a) whether it is a fact that the samples of urea fertilizer are taker by the Department ;

(b) if the reply to part (a) above be in the affirmative, whether it is also a fact that the Government has issued instructions not to take samples of the urea fertilizers during this season when it is being used; if so, the reasons therefor ?

ਚੌਧਰੀ ਕਾਂਸ਼ੀ ਰਾਮ : (ੳ) ਹਾਂ ਜੀ ।

(ਅ) ਨਹੀਂ ਜੀ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੈਂ ਪੁਛਿਆ ਸੀ ਕਿ ਕੀ ਯੂਰੀਆ ਖਾਦ ਵਿਚ ਤੁਸੀਂ ਕੋਈ ਸੈਂਪਲ ਲੈਂਦੇ ਹੋ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਹਾਂ ਲੈਂਦੇ ਹਾਂ । ਦੂਜਾ ਮੈਂ ਇਹ ਪੁਛਿਆ ਸੀ ਕਿ ਕੀ ਕੋਈ ਹਦਾਇਤਾਂ ਹਨ ਕਿ ਸੈਂਪਲ ਨਾ ਲਏ ਜਾਣ ਤਾਂ ਉਸ ਦਾ ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਨਹੀਂ ਜੀ । ਸਪੀਕਰ ਸਾਹਿਬ, ਤੁਸੀਂ ਅਖਬਾਰਾਂ ਵਿਚ ਖ਼ਬਰਾਂ ਪੜ੍ਹਦੇ ਹੋ ਕਿ ਖਾਦ ਵਿਚ ਮਿਲਾਵਟ ਹੁੰਦੀ ਹੈ । ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿੰਨੇ ਸੈਂਪਲ ਭਰੇ ਹਨ ਅਤੇ ਕਿੰਨਿਆਂ ਨੂੰ ਸਜ਼ਾ ਦਿਤੀ ਹੈ ?

ਮੰਤਰੀ : ਪਿਛਲਾ ਕੁਆਰਟਰ ਜਿਹੜਾ ਦਸੰਬਰ, 1981 ਨੂੰ ਖਤਮ ਹੋਇਆ ਹੈ, ਤਕ ਅਸੀਂ 375 ਸੈਂਪਲ ਭਰੇ ਸਨ ਜਿਨ੍ਹਾਂ ਵਿਚੋਂ 119 ਸੈਂਪਲ ਯੂਰੀਏ ਦੇ ਸਨ।

ਸ੍ਰੀ ਸਪੀਕਰ : ਕੀ ਕੋਈ ਸੈਂਪਲ ਫੇਲ੍ਹ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਤੁਸੀਂ ਸਵਾਲ ਕੀਤਾ ਹੈ, ਮੈਂ ਇਸ ਲਈ ਤਿਆਰ ਨਹੀਂ ਸੀ ਹੁੱਕੇ ਆਇਆ।

ਸਰਦਾਰ ਪ੍ਰਿਥੀਪਾਲ ਸਿੰਘ : ਯੂਰੀਆ ਖਾਦ ਵਿਚ ਲੂਣ ਮਿਲਾਉਂਦੇ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਐਸੇ ਕਿੰਨੇ ਕੇਸ ਪਕੜੇ ਹਨ ?

ਮੰਤਰੀ : ਇਹ ਤੌਖਲੇ ਦੀਆਂ ਗਲਾਂ ਹਨ। ਅਖਬਾਰਾਂ ਵਿਚ ਪਤਾ ਨਹੀਂ ਕੀ ਕੁਝ ਆਉਂਦਾ ਹੈ, ਮੈਂ ਉਸ ਦੀ ਜ਼ਿੰਮੇਵਾਰੀ ਨਹੀਂ ਲੈ ਸਕਦਾ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਸਵਾਲ ਕੀਤਾ ਸੀ ਕਿ ਸਰਹਿੰਦ ਬਲਾਕ ਵਿਚ ਚਨਾਰਥਲ ਕਲਾਂ ਵਿਚ ਸੈਂਪਲ ਭਰਿਆ ਗਿਆ ਸੀ, ਉਸ ਦਾ ਕੀ ਬਣਿਆ ਹੈ ?

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

ਮੰਤਰੀ : ਸਪੀਕਰ ਸਾਹਿਬ, ਜੋ ਸਰਦਾਰ ਪ੍ਰਿਥੀਪਾਲ ਸਿੰਘ ਨੇ ਸਵਾਲ ਕੀਤਾ ਹੈ, ਹਾਊਸ ਮੈਨੂੰ ਮੁਆਫ ਕਰੇਗਾ that question was in too vague a term. ਬਾਕੀ ਜਿਹੜਾ ਪਾਂਧੀ ਜੀ ਦਾ ਸਵਾਲ ਹੈ, ਜੇ ਉਹ ਸਾਬਤ ਹੋ ਗਿਆ ਤਾਂ ਗੌਰਮਿੰਟ ਜ਼ਰੂਰ ਐਕਸ਼ਨ ਲਵੇਗੀ।

Original with;
Punjab Vidhan Sabha
Digitized by;
Panjab Digital Library

Mr. Speaker: Next question.

ਸਰਦਾਰ ਦਲੀਪ ਸਿੰਘ ਪਾਂਧੀ: ਇਹ ਜਿਹੜਾ ਦੱਸਿਆ ਗਿਆ ਹੈ ਕਿ 119 ਸੈਂਪਲ ਫੂਡੀਏ ਦੇ ਸਨ, ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ 119 ਸੈਂਪਲਾਂ ਦਾ ਲੇਬਾਰਟਰੀ ਵਿਚ ਕੀ ਟੈਸਟ ਆਇਆ ਹੈ ? (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਕੁਐਸ਼ਚਨ ਨੰ: 1502 ਕਾਲ ਅਪਾਨ ਕਰ ਲਿਆ ਹੈ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਇਕ ਸਵਾਲ ਪੁਛਣਾ ਹੈ। (ਵਿਘਨ) ਤੁਸੀਂ ਇਕ ਸਵਾਲ ਨਹੀਂ ਪੁਛਣ ਦਿੰਦੇ।

Adoption of Gratuity Act, 1972 for Employees of Mandi Board/ Market Committees

***1502. (1) Comrade Buta Singh**
(2) Comrade Raj Kumar } :Will the Minister for Agriculture and Irrigation be pleased to state whether Government has any proposal under its consideration to adopt Gratuity Act, 1972 for the employees of Mandi Board/Market Committes in the State ; if so, the details thereof alongwith the present position in this behalf ?

Chaudhri Kanshi Ram : No please.

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ .. ..

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਪਹਿਲੇ ਸਵਾਲ ਤੇ ਇਕ ਸਪਲੀਮੈਂਟਰੀ ਕਰਨੀ ਹੈ, ਤੁਸੀਂ ਟਾਈਮ ਨਹੀਂ ਦਿੰਦੇ। ਤੁਸੀਂ ਮੇਰੀ ਪਾਰਟੀ ਨੂੰ ਇਕ ਸਪਲੀਮੈਂਟਰੀ ਕਰਨ ਵਾਸਤੇ ਟਾਈਮ ਨਹੀਂ ਦਿੰਦੇ।

ਸ਼੍ਰੀ ਸਪੀਕਰ : ਸਵਾਲ ਨੰ: 1502 ਲੈ ਲਿਆ ਗਿਆ ਹੈ, ਮੈਂ ਤੁਹਾਨੂੰ ਇਸ ਸਵਾਲ ਤੇ ਸਪਲੀਮੈਂਟਰੀ ਲਈ ਟਾਈਮ ਦਿਆਂਗਾ।

ਕਾਮਰੇਡ ਬੂਟਾ ਸਿੰਘ : ਸਰਕਾਰ ਨੇ ਆਪਣਾ ਇਕ ਗਰੈਚੁਟੀ ਐਕਟ ਬਣਾਇਆ ਹੈ। ਸਰਕਾਰ ਦਾ ਆਪਣਾ ਬਣਾਇਆ ਹੋਇਆ ਕਾਨੂੰਨ ਉਹ ਆਪਣੇ ਅਦਾਰੇ ਵਿਚ ਲਾਗੂ ਨਹੀਂ ਕਰ ਸਕਦੀ। ਮਾਰਕੀਟਿੰਗ ਬੋਰਡ ਅਤੇ ਮਾਰਕਿਟ ਕਮੇਟੀਆਂ ਸਰਕਾਰ ਦਾ ਅਦਾਰਾ ਹੈ। ਜੇ ਸਰਕਾਰ ਦਾ ਬਣਾਇਆ ਹੋਇਆ ਕਾਨੂੰਨ ਉਹ ਆਪਣੇ ਅਦਾਰੇ ਤੇ ਲਾਗੂ ਨਹੀਂ ਕਰ ਸਕਦੀ, ਫਿਰ ਜਿਹੜੇ ਪ੍ਰਾਈਵੇਟ ਅਦਾਰੇ ਹਨ ਉਨ੍ਹਾਂ ਤੋਂ ਕੀ ਤਵੱਕੋ ਰਖਦੇ ਹੋ ਕਿ ਉਹ ਅਮਲ ਕਰਨਗੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੀ ਮਨਿਸਟਰ ਸਾਹਿਬ ਤਸੱਲੀ ਕਰਾਉਣਗੇ ਕਿ ਕੀ ਕਾਰਵਾਈ ਉਹ ਕਰ ਰਹੇ ਹਨ ?

ਮੰਤਰੀ : ਸਪੀਕਰ ਸੋਹਿਬ, ਮਾਰਕੀਟਿੰਗ ਬੋਰਡ ਅਤੇ ਮਾਰਕਿਟ ਕਮੇਟੀਆਂ ਦੇ ਜਿਹੜੇ ਇੰਪਲਾਈਜ਼ ਹਨ they are paid contributory provident fund under the Punjab State Agricultural Marketing Board and Market Committees Employees Provident Fund and Gratuity Rules, 1965.

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਇਸ ਕੇਸ ਦੀ ਹਿਸਟਰੀ ਇਹ ਹੈ। ਇਕ ਗਲ ਇਹ ਕਹਿ ਦਿੰਦੇ ਹਨ ਅਤੇ ਉਸ ਨੂੰ ਫਿਰ ਦੱਬੀ ਤੁਰੇ ਆਉਂਦੇ ਹਨ, ਦੱਬੀ ਤੁਰੇ ਆਉਂਦੇ ਹਨ। ਸਪੀਕਰ ਸਾਹਿਬ, ਇਸ ਸਿਲਸਿਲੇ ਵਿੱਚ ਇਕ ਸਵਾਲ ਆਇਆ ਸੀ ਅਤੇ ਉਸ ਦੇ ਵਿੱਚ ਐਸ਼ੋਰੈਂਸ ਵੀ ਬਣ ਗਈ ਸੀ 30 ਅਪ੍ਰੈਲ, 1979 ਨੂੰ ਕਾਮਰੇਡ ਸੱਤ ਪਾਲ ਡਾਂਗ, ਐਕਸ. ਐਮ. ਐਲ. ਏ. ਨੇ ਕੋਈ ਚਿਠੀ ਲਿਖੀ ਸੀ। ਫਿਰ ਉਸ ਸਿਲ ਸਿਲੇ ਵਿਚ ਸਵਾਲ ਆਇਆ ਸੀ ਅਤੇ ਉਸ ਦੇ ਵਿਚ ਸਾਰੀ ਦੀ ਸਾਰੀ ਐਸ਼ੋਰੈਂਸ ਬਣ ਗਈ ਸੀ।

There was an Assurance No. 259 of June/July Budget Session of 1980 regarding application of Gratuity Act, 1972 to the employees of the arketing Board and Market Committees. For the reasons indicated in para 2 above, the Marketing Board was not in favour of adoption of the Gratuity Act, 1972 and this position was brought to the notice of the Assurance Committee. The above Assurance No. 259 was dropped by the Assurance Committee of the Vidhan Sabha in their meeting dated 21st December, 1981.

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਪਹਿਲੇ ਸਵਾਲ ਤੇ ਸਪਲੀਮੈਂਟਰੀ ਰਿਪੀਟ ਕਰਨਾ ਚਾਹੁੰਦਾ ਹਾਂ ਅਤੇ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਿੰਨੇ ਸੈਂਪਲ ਲਏ ਗਏ ਹਨ ਅਤੇ ਕਿੰਨੇ ਸੈਂਪਲ ਫੇਲ੍ਹ ਹੋਏ ਹਨ ? ਵਜ਼ੀਰ ਸਾਹਿਬ ਨੇ ਫਰਮਾਇਆ ਸੀ ਕਿ ਮੈਂ ਤਿਆਰ ਹੋ ਕੇ ਨਹੀਂ ਆਇਆ। ਮੈਂ ਕਹਿੰਦਾ ਹਾਂ ਕਿ ਇਹ ਬੇਸ਼ੱਕ ਕੱਲ ਨੂੰ ਇਸ ਗਲ ਦਾ ਜਵਾਬ ਦੇ ਦੇਣ ਕਿ ਕਿੰਨੇ ਸੈਂਪਲ ਲਏ ਗਏ ਹਨ ਅਤੇ ਕਿੰਨੇ ਸੈਂਪਲ ਫੇਲ੍ਹ ਹੋਏ ਹਨ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਓਰਿਜਨਲ ਕੁਐਸ਼ਚਨ ਹੈ ਉਹ ਇਹ ਹੈ ਕਿ ਕੀ ਸਰਕਾਰ ਨੇ ਯੂਰੀਆ ਦੇ ਸੈਂਪਲ ਭਰੇ ਹਨ ਅਤੇ ਕੀ ਸਰਕਾਰ ਨੇ ਕੋਈ ਡਾਇਰੈਕਟਿਵ ਦਿਤਾ ਹੈ ਕਿ ਯੂਰੀਆ ਦੇ ਸੈਂਪਲ ਨਾ ਭਰੇ ਜਾਣ। ਇਹ ਬੇਸਿਕ ਕੁਐਸ਼ਚਨ ਹੈ। ਇਸ ਦਾ ਜਵਾਬ ਮੈਂ ਦਿਤਾ ਹੈ ਪਹਿਲੇ ਭਾਗ ਦੇ ਜਵਾਬ ਵਿਚ 'ਹਾਂ ਜੀ' ਅਤੇ ਦੂਸਰੇ ਭਾਗ ਦੇ ਜਵਾਬ ਵਿਚ 'ਨਹੀਂ ਜੀ'। ਫਿਰ ਸਪਲੀਮੈਂਟਰੀ ਦੇ ਜਵਾਬ ਵਿਚ ਮੈਂ ਦੱਸਿਆ ਹੈ ਕਿ 375 ਸੈਂਪਲ ਭਰੇ ਗਏ ਅੌਰ 119 ਸੈਂਪਲ ਇਨ੍ਹਾਂ ਵਿਚੋਂ ਅਸੀਂ ਯੂਰੀਆ ਦੇ ਭਰੇ ਹਨ। ਹੁਣ ਗਲ ਇਸ ਤੋਂ ਅਗੇ ਵੱਧ ਗਈ ਹੈ ਕਿ ਕਿੰਨੇ ਸੈਂਪਲ ਫੇਲ੍ਹ ਹੋਏ ਅਤੇ ਕੀ ਕਾਰਵਾਈ ਹੋਈ ਹੈ। ਸਪੀਕਰ ਸਾਹਿਬ, ਮੈਂ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਬਿਲਕੁਲ ਭਰੋਸੇ ਨਾਲ ਕਹਿੰਦਾ ਹਾਂ ਕਿ ਜੇ ਕਿਸੇ ਦਾ ਸੈਂਪਲ ਫੇਲ੍ਹ ਹੋਇਆ ਤਾਂ ਅੰਡਰ ਫਰਟੇਲਾਈਜ਼ ਐਕਟ ਗੌਰਮਿੰਟ ਐਕਸ਼ਨ ਲਵੇਗੀ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਾਡੀ ਗਲ ਦਾ ਜਵਾਬ ਨਹੀਂ ਆਇਆ।

ਡਾਕਟਰ ਭਗਤ ਸਿੰਘ : ਜੇ ਹੁਣ ਤੁਸੀਂ ਤਿਆਰ ਨਹੀਂ ਤਾਂ ਕੱਲ ਨੂੰ ਇਸ ਦਾ ਜਵਾਬ ਦੇ ਦੇਣਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਸਵਾਲ ਨੰ: 1502 ਦਾ ਜੋ ਜਵਾਬ ਮਤਰੀ ਜੀ ਨੇ ਦਿੱਤਾ ਹੈ, ਉਸ ਸਬੰਧ ਵਿਚ ਮੈਂ ਗੱਲ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਮੰਡੀ ਬੋਰਡ ਅਤੇ ਮਾਰਕਿਟ ਕਮੇਟੀਆਂ ਦੇ ਇੰਪਲਾਈਜ਼ ਨੂੰ ਗਰੈਚੁਟੀ ਐਕਟ, 1972 ਦੇ ਥਲੇ ਗਰੈਚੁਟੀ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਜ਼ੇਰੇ ਗੌਰ ਨਹੀਂ ਅੌਰ ਇਨ੍ਹਾਂ ਨੇ ਇਹ ਵੀ ਕਿਹਾ ਕਿ ਐਸ਼ੋਰੈਂਸ ਕਮੇਟੀ ਨੇ ਇਹ ਮਾਮਲਾ ਡਰਾਪ ਕਰ ਦਿੱਤਾ ਹੈ। ਮੈਂ ਇਹ ਪੁਛਣਾ ਚਾਹੁਦਾ ਹਾਂ ਕਿ ਜਦੋਂ ਐਸ਼ੋਰੈਂਸ

Original with;
Punjab Vidhan Sabha
Digitized by
Panjab Digital Library

ਕਮੇਟੀ ਨੇ ਮਾਮਲਾ ਡਰਾਪ ਕਰ ਦਿਤਾ ਹੈ ਅੱਰ ਇਨ੍ਹਾਂ ਦੀ ਨਾਲਿਜ ਦੇ ਮੁਤਾਬਿਕ ਕੋਈ ਦਖਵੀਜ਼ ਅੰਡਰ ਕੰਸਿਡਰੇਸ਼ਨ ਨਹੀਂ ਹੈ ਤਾਂ ਮੇਰੇ ਕੋਲ ਦੋ ਚਿਠੀਆਂ ਆਈਆਂ ਹਨ, ਇਕ ਜੁਆਇੰਟ ਸੈਕਟਰੀ, ਡਿਵੈਲਪਮੈਂਟ ਦੀ ਹੈ ਅਤੇ ਦੂਸਰੀ ਡਿਪਟੀ ਸੈਕਟਰੀ, ਡਿਵੈਲਪਮੈਂਟ ਡੀਪਾਰਟਮੈਂਟ ਦੀ ਹੈ, ਇਕ ਚਿਠੀ 31 ਜਨਵਰੀ, 1980 ਹੈ ਅਤੇ ਦੂਸਰੀ ਚਿਠੀ 27 ਮਈ1980 ਦੀ। ਇਸ ਵਿਚ ਜੋ ਲਿਖਿਆ ਹੈ ਉਹ ਮੈਂ ਕੁਝ ਲਾਈਨਾਂ ਪੜ੍ਹ ਦਿੰਦਾ ਹਾਂ।

"I am directed to refer to the endst. dated 3rd May, 1979 from the Agriculture and Forest Minister on the subject noted above and to state that the proposal regarding adoption of Gratuity Act, 1972 for employees of Mandi Board Market Committees is under active consideration of the Government."

ਹੁਣ ਮੈਂ ਰੋਜ਼ ਦਿਹਾੜੇ ਤਾਂ, ਸਪੀਕਰ ਸਾਹਿਬ, ਪ੍ਰਿਵਿਲਜ ਮੋਸ਼ਨ ਦਿੰਦਾ ਚੰਗਾ ਨਹੀਂ ਲਗਦਾ। ਮੈਂ ਵੀ ਆਪਣੇ ਪੈਡ ਤੋਂ ਦੱਸ ਰਿਹਾ ਹਾਂ ਅਤੇ ਇਨ੍ਹਾਂ ਨੇ ਵੀ ਆਪਣੇ ਪੈਡ ਤੋਂ ਜੋ ਇਨ੍ਹਾਂ ਨੂੰ ਡੀਪਾਰਟਮੈਂਟ ਨੇ ਦਿਤਾ ਹੈ ਉਸ ਤੋਂ ਪੜ੍ਹਿਆ ਹੈ। ਸਾਨੂੰ ਇਹ ਹਾਊਸ ਵਿਚ ਕਹਿੰਦੇ ਹਨ ਕਿ ਅੰਡਰ ਕੰਸਿਡਰੇਸ਼ਨ ਨਹੀਂ ਹੈ ਪਰ ਇਨ੍ਹਾਂ ਦਾ ਡੀਪਾਰਟਮੈਂਟ ਕਹਿੰਦਾ ਹੈ ਕਿ ਅੰਡਰ ਕੰਸਡਿਰੇਸ਼ਨ ਹੈ ?

ਮੰਤਰੀ : ਸਪੀਕਰ ਸਾਹਿਬ, ਮੈਨੂੰ ਬੜੇ ਖੇਦ ਨਾਲ ਕਹਿਣਾ ਪੈਂਦਾ ਹੈ ਕਿ ਕਾਮਰੇਡ ਰਾਜ ਕੁਮਾਰ ਜੀ ਨੇ ਐਵੇਂ ਬਿਨਾ ਮਤਲਬ ਗਲ ਕਰ ਦਿਤੀ ਹੈ। ਜੇ ਇਹ ਚਿਠੀ 21 ਦਸੰਬਰ, 1981 ਤੋਂ ਬਾਅਦ ਦੀ ਹੁੰਦੀ ਤਾਂ ਮੈਂ ਜ਼ਰੂਰ ਇਸ ਗਲ ਨੂੰ ਘੋਖ ਲੈਂਦਾ। ਮੈਂ ਕਿਹਾ ਹੈ ਕਿ 21 ਦਸੰਬਰ, 1981 ਨੂੰ ਐਸ਼ੋਰੈਂਸ ਕਮੇਟੀ ਨੇ ਡਰਾਪ ਕਰ ਦਿਤਾ ਹੈ। ਅਗਰ ਇਸ ਤੋਂ ਬਾਅਦ ਦੀ ਇਹ ਚਿਠੀ ਹੈ ਤਾਂ ਮੈਂ ਦੇਖ ਲੈਂਦਾ ਹਾਂ।

ਕਾਮਰੇਡ ਰਾਜ ਕੁਮਾਰ : ਆਈ ਡੌਂਟ ਹੈਵ ਦੈਟ ਕਿ ਅਸ਼ੋਰੈਂਸ ਕਮੇਟੀ ਨੇ ਕੀ ਡਰਾਪ ਕੀਤਾ ਹੈ ਜਾਂ ਕੀ ਨਹੀਂ ਡਰਾਪ ਕੀਤਾ। ਸਪੀਕਰ ਸਾਹਿਬ, ਜਿੰਨੀ ਦੇਰ ਤਕ ਅਸ਼ੋਰੈਂਸ ਕਮੇਟੀ ਦੀ ਰਿਪੋਰਟ ਨਾ ਆਵੇ ਘਟੋ ਘਟ ਜਿਹੜੇ ਮੈਂਬਰਜ਼ ਐਜੀਟੇਟਿਡ ਫੀਲ ਕਰ ਰਹੇ ਹਨ ਉਨ੍ਹਾਂ ਨੂੰ ਇਹ ਜ਼ਰੂਰ ਦੱਸਿਆ ਜਾਵੇ ਕਿ ਜਿਹੜੇ ਮੈਂਟਰ ਨੂੰ ਕੰਸਿਡਰ ਕੀਤਾ ਹੈ ਉਸ ਦੇ ਕੀ ਰਿਜ਼ਲਟਸ ਹਨ ਕਾਮਰੇਡ ਬੂਟਾ ਸਿੰਘ ਜੀ ਨੇ ਠੀਕ ਹੀ ਪੁਛਿਆ ਹੈ ਕਿ ਜੇ ਸਰਕਾਰ ਆਪਣੇ ਬਣਾਏ ਐਕਟ ਨੂੰ ਆਪਣੇ ਅਦਾਰਿਆਂ ਤੇ ਲਾਗੂ ਨਹੀਂ ਕਰ ਸਕਦੀ ਤਾਂ ਬਾਕੀ ਅਦਾਰਿਆਂ ਤੇ ਇਹ ਕਿਵੇਂ ਲਾਗੂ ਕਰਾਉਣਗੇ। ਮਨਿਸਟਰ ਸਾਹਿਬ ਇਸ ਦੇ ਰੀਜ਼ਨਜ਼ ਤਾਂ ਘਟੋ ਘਟ ਦੇਣ ਕਿ ਕਿਉਂ ਐਸਾ ਕੀਤਾ ਹੈ ?

ਸਰਦਾਰ ਦਲੀਪ ਸਿੰਘ ਪੰਧੀ : ਸਪੀਕਰ ਸਾਹਿਬ, ਇਹ ਕੰਟਰਾਡਿਕਟਰੀ ਸਟੇਟਮੈਂਟ ਹੈ। ਇਹ ਕਹਿੰਦੇ ਹਨ ਕਿ ਵਿਚਾਰ ਅਧੀਨ ਨਹੀਂ ਹੈ, ਉਹ ਕਹਿੰਦੇ ਹਨ ਕਿ ਵਿਚਾਰ ਅਧੀਨ ਹੈ। ਐਸ਼ੋਰੈਂਸ ਕਮੇਟੀ ਨੂੰ ਕਿਵੇਂ ਇਸ ਹਾਊਸ ਵਿੱਚ ਡਿਸਕਸ ਕੀਤਾ ਜਾ ਸਕਦਾ ਹੈ ?

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਐਸ਼ੋਰੈਂਸ ਕਮੇਟੀ ਨੇ ਡਰਾਪ ਕਰ ਦਿਤਾ ਹੈ, ਇਹ ਕਰ ਕੇ ਨਹੀਂ ਹੋ ਸਕਦਾ। ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਾਊਸ ਦੀਆਂ ਕਮੇਟੀਆਂ ਬਣੀਆਂ ਹੋਈਆਂ ਹਨ ਉਨ੍ਹਾਂ ਦੀ ਰਿਪੋਰਟ ਇਥੇ ਡਿਸਕਸ ਨਹੀਂ ਹੁੰਦੀ। ਇਸ ਕੇਸ ਵਿਚ ਡਿਸਕਸ ਕਰਨ ਦਾ ਕੀ ਮਤਲਬ ਹੈ ?

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਕੀ ਰੀਜ਼ਨਜ਼ ਹਨ ਡਰਾਪ ਕਰਨ ਦੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਬੜੇ ਵਿਸਥਾਰ ਨਾਲ ਦੱਸਿਆ ਹੈ ਤਾਂ ਕਿ ਕਾਮਰੇਡ ਸਾਹਿਬ ਦੀ ਤਸੱਲੀ ਹੋ ਜਾਵੇ।

ਕਾਮਰੇਡ ਰਾਜ ਕੁਮਾਰ : ਤੁਸੀਂ ਰੀਜ਼ਨਜ਼ ਦੱਸੋ ਕੀ ਹਨ ?

ਮੰਤਰੀ : ਤੁਸੀਂ ਸਾਡੇ ਰੀਜ਼ਨਜ਼ ਨੂੰ ਛੱਡੋ, ਉਨ੍ਹਾਂ ਨਾਲ ਤੁਹਾਡੀ ਤਸੱਲੀ ਨਹੀਂ ਹੋਵੇਗੀ ।

Comrade Raj Kumar : You are answerable to this House.

Minister : I seek your protection.

ਸਪੀਕਰ ਸਾਹਿਬ, ਸੁਆਲ ਇਹ ਸੀ ਕਿ ਸੰਨ 1972 ਦਾ ਗਰੈਚੁਟੀ ਐਕਟ ਲਾਗੂ ਕਰਨਗੇ ਜਾਂ ਨਹੀਂ । ਇਸ ਦੀ ਘੋਖ ਕੀਤੀ ਗਈ ਹੈ ਅਤੇ ਮਾਰਕੀਟਿੰਗ ਬੋਰਡ ਨੇ ਇਹ ਸਮਝਿਆ ਕਿ It is not in the benefit of the employees. So, these people are to be governed by the Act of 1975.

Sardar Dalip Singh Pandhi : We are not satisfied with the reply. There should be a Committee of the House to enquire whether this reply is correct or not.

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

U.G.C. Grades for D.P.E. Teachers and Librarians Etc.

***1469. Shri Gopal Krishan Chatrath :** Will the Minister for Education be pleased to state whether there is any proposal under the consideration of Government to grant U.G.C. grades to D.P.E. teachers and Librarians working in the privately managed colleges on the pattern of the Government Colleges ; if so, the time by which it is likely to materialise ?

ਸਰਦਾਰ ਹਰਚਰਨ ਸਿੰਘ ਅਜਨਾਲਾ : ਕੇਸ ਸਰਕਾਰ ਦੇ ਵਿਚਾਰ ਅਧੀਨ ਹੈ ।

Taking over of Girls High Schools Neh Kulak Village Ghariala, District Amritsar

***1487. Comrade Darshan Singh Jhabal :** Will the Minister for Education be pleased to state :—

(a) the date on which the Girls High School, Neh Kulak Village Ghariala, District Amritsar was taken over by the Government ;

Original with;
Punjab Vidhan Sabha
Digitized by;
Panjab Digital Library

(b) whether the services of the staff of the said school have since been regularised, if not, the reasons therefor ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਸਕੂਲ ਦਾ ਨਾਂ ਨੇਹ ਕੁਲੰਕ ਹੈ ਨਾਂ ਕਿ ਨੇਹ ਕੁਲਕਾ ਜਿਹੜਾ ਕਿ ਮਿਤੀ 6 ਫਰਵਰੀ, 1978 ਨੂੰ ਸਰਕਾਰ ਅਧੀਨ ਲਿਆ ਗਿਆ ਹੈ ।

(ਅ) ਨਹੀਂ, ਸੇਵਾਵਾਂ ਨਿਯਮਤ ਕਰਨ ਦਾ ਮਾਮਲਾ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਕੋਲ ਲੰਬਿਤ ਹੈ ।

Judicial Inquiry in respect of the Death of Sardar Amar Singh, Advocate of Phagwara

***159. 1. Sardar Sarwan Singh Phillaur**
2. Sardar Atma Singh } : Will the Chief Minister be pleased to state—

(a) the date on which the Judicial inquiry in respect of the death of Sardar Amar Singh Gill, Advocate, Phagwara was ordered by the Government ;

(b) whether the judicial inquiry referred to in part(a) above has since been completed and the Government has received the Inquiry Report, if so, a copy thereof be laid on the Table of the House ;

(c) whether the Government has taken any follow up action on the basis of the said Inquiry Report, if so, the details thereof ?

ਸਰਦਾਰ ਦਰਬਾਰਾ ਸਿੰਘ: (ੳ) ਮਿਤੀ 19 ਸਤੰਬਰ, 1981 ਨੂੰ ।

(ਅ) ਨਹੀਂ ਜੀ ।

(ਏ) ਸਵਾਲ ਪੈਦਾ ਨਹੀਂ ਹੁੰਦਾ ।

Construction of a Bridge on Kail Nullah

***1543. (1) Sardar Atma Singh**
(2) Giani Kundan Singh Patang } :Will the Minister for Agriculture and Irrigation be pleased to state :—

(a) whether it is a fact that the Market Committee, Phagwara deposited any amount with the Drainage Department, Punjab for the construction of a bridge over Kail Nullah near village Gulabgarh, Tehsil Phagwara in the month of March, 1979 ;

Original with;
Punjab Vidhan Sabha
Digitized by;
Panjab Digital Library

[Sardar Atma Singh]

(b) if the reply to part (a) above be in the affirmative, whether the said bridge has since been constructed ; if not, the reasons therefor and the action, if any, being taken in this respect ?

ਚੌਧਰੀ ਕਾਂਸ਼ੀ ਰਾਮ : (ੳ) ਹਾਂ ਜੀ, ਮਾਰਕੀਟ ਕਮੇਟੀ, ਫਗਵਾੜਾ ਨੇ ਅਪ੍ਰੈਲ, 1979 ਵਿਚ ਹੇਠ ਦਸੇ 4 ਪੁਲਾਂ ਦੀ ਉਸਾਰੀ ਲਈ 1,71,389 ਰੁਪਏ ਜਮ੍ਹਾਂ ਕਰਾਏ :—

(1) ਫਗਵਾੜਾ ਸੁਲੇਜ ਡਰੇਨ ਦੀ ਬੁਰਜੀ 23,500 ਤੇ ਵੀ. ਆਰ. ਪੁਲ ਬਣਾਉਣ ਲਈ ।

(2) ਖਲਵਾੜਾ ਬਰੂਆ ਡਰੇਨ ਦੀ ਬੁਰਜੀ 12,500 ਤੇ ਵੀ.ਆਰ.ਆਰ. ਪੁਲ ਬਣਾਉਣ ਲਈ ।

(3) ਪਿੰਡ ਰਾਮਗੜ ਦੇ ਸਾਹਮਣੇ ਕੇਲ ਨਾਲਾ ਦੀ ਬੁਰਜੀ 20,800 ਤੇ ਵੀ. ਆਰ. ਪੁਲ ਬਣਾਉਣ ਲਈ ।

(4) ਪਿੰਡ ਗੁਲਾਬਗੜ ਦੇ ਸਾਹਮਣੇ ਕੇਲ ਨਾਲਾ ਦੀ ਬੁਰਜੀ 32,200 ਤੇ ਵੀ. ਆਰ. ਬਣਾਉਣ ਲਈ ।

(ਅ) ਪਿੰਡ ਗੁਲਾਬਗੜ ਦੇ ਨਜ਼ਦੀਕ ਕੇਲ ਨਾਲਾ ਦਾ ਪੁਲ ਨਹੀਂ ਉਸਾਰਿਆ ਗਿਆ ਕਿਉਂ ਜੋ ਦੂਸਰੇ ਤਿੰਨ ਪੁਲਾਂ ਦੀ ਉਸਾਰੀ ਤੇ 1,28,425 ਰੁਪਏ ਦੀ ਲਾਗਤ ਆਈ ਹੈ ਅਤੇ ਜੋ ਪੈਸਾ ਬਕਾਇਆ ਬਚਿਆ ਹੈ ਉਹ ਇਸ ਪੁਲ ਦੀ ਉਸਾਰੀ ਲਈ ਕਾਫੀ ਨਹੀਂ ਹੈ ।

Bridge over Golewala Drain

*1579. **Seth Khushhal Chand :** Will the Minister for Agriculture and Irrigation be pleased to state whether the Government has under its consideration a proposal to construct a bridge over Golewala Drain to village Jaindwala and Rattawala in Ferozpur District, if so, the time by which it is likely to be materialised ?

ਸਰਦਾਰ ਬੇਅੰਤ ਸਿੰਘ (ਲੋਕ ਨਿਰਮਾਣ ਮੰਤਰੀ) : ਨਹੀਂ ਜੀ ।

Handing Over of Government schools to the Panchayat and a Local Bodies

*1592. **Master Chand Singh :** Will the Minister for Education be pleased to state whether there is any proposal under the consideration of the Government to hand over the managements of Government schools upto the Middle standard to the Panchayats and Local Bodies in the State, if so, the details thereof?

ਸਰਦਾਰ ਹਰਚਰਨ ਸਿੰਘ ਅਜਨਾਲਾ : ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

Tours of the D.P.I. (Colleges)

*1600. **Sardar Atma Singh** : Will the Minister for Education be pleased to state—

(a) the date on which the present incumbent took over as the charge as D.P.I. (Colleges) ;

(b) the names of the colleges, institutions and other places visited by the said officer during the period from the date referred to in part(a) above to 28th February, 1982 together with the amount of T.A./D.A. claimed by the said officer and also the expenditure incurred on account of the petrol charges, repair and maintenance of the car alongwith the purpose of each of his visits ?

ਸਰਦਾਰ ਹਰਚਰਨ ਸਿੰਘ ਅਜਨਾਲਾ : (ਏ) ਮੌਜੂਦਾ ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਕਾਲਜਾਂ ਨੇ ਮਿਤੀ 5 ਨਵੰਬਰ, 1981 (ਬਾਅਦ ਦੁਪਿਹਰ) ਨੂੰ ਇਸ ਅਹੁਦੇ ਦਾ ਚਾਰਜ ਸੰਭਾਲਿਆ ।

(ਬੀ) ਮੰਗੀ ਗਈ ਲੋੜੀਂਦੀ ਸੂਚਨਾ ਅਨੁਲਗ 'ਉ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲਗ 'ਉ'

ਲੜੀ ਨੰ:	ਮਿਤੀ	ਜਿਸ ਥਾਂ ਦਾ ਦੌਰਾ ਕੀਤਾ	ਦੌਰੇ ਦਾ ਮੰਤਵ	ਖਰਚਾ		
				ਪੈਟਰੋਲ	ਮੁਰੰਮਤ	ਟੀ.ਏ.
1	2	3	4	5	6	7
				ਰੁਪਏ	ਰੁਪਏ	ਰੁਪਏ
1.	6-11-81	ਪਟਿਆਲਾ	ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਦੀ ਮੀਟਿੰਗ	282.81	...	30
2.	10-11-81	ਪਟਿਆਲਾ	ਪੰਜਾਬੀ ਯੂਨੀਵਰਸਿਟੀ ਸੈਨੇਟ ਸਬ ਕਮੇਟੀ ਦੀ ਮੀਟਿੰਗ	236.40	...	...
3.	13-11-81	ਪਟਿਆਲਾ	ਸੈਨੇਟ ਆਫ ਪੰਜਾਬੀ ਯੂਨੀਵਰਸਿਟੀ ਦੀ ਮੀਟਿੰਗ	243.40	...	30

Original with;
Punjab Vidhan Sabha
Digitized by;
Panjab Digital Library

1	2	3	4	5	6	7
4.	15-11-81	ਲੁਧਿਆਣਾ	ਚਾਰ ਦੇਸ਼ਾਂ ਦੀਆ ਖੇਡਾਂ ਦਾ ਟੈਸਟ	177.30	...	30
5.	18-11-81	ਲੁਧਿਆਣਾ	ਕਾਸ਼ਪ ਪ੍ਰੋਜੈਕਟ-ਖਾਲਸਾ ਕਾਲਜ	190.30	...	30
6.	24-11-81	ਲੁਧਿਆਣਾ	ਕੌਮੀ ਏਕਤਾ ਫੰਕਸ਼ਨ ਸਰਕਾਰੀ ਕਾਲਜ, ਲੁਧਿਆਣਾ	295.25	...	30
7.	25-11-81	ਲੁਧਿਆਣੇ ਤੋਂ ਅੰਮ੍ਰਿਤਸਰ ਅਤੇ ਚੰਡੀਗੜ੍ਹ	ਅਕਾਦਮਿਕ ਕੌਂਸਲ ਮੀਟਿੰਗ ਗੁਰੂ ਨਾਨਕ ਦੇਵ ਯੂਨੀਵਰਸਿਟੀ	183.35	20	30
8.	28-11-81	ਡੇਰਾ ਬੱਸੀ	ਸਰਕਾਰੀ ਕਾਲਜ ਦਾ ਫੰਕਸ਼ਨ	118.20	25	30
9.	12-12-81	ਲੁਧਿਆਣਾ	ਸਾਲਾਨਾ ਖੇਡ ਮੁਕਾਬਲੇ-ਆਰੀਆ ਕਾਲਜ	177.30	...	30
10.	18/12 ਤੋਂ 20-12-81	ਦਿਲੀ	ਪਲੈਨਿਗ ਦੀ ਮੀਟਿੰਗ	485.69	...	120
11.	21-12-81	ਪਟਿਆਲਾ	ਪੰਜਾਬੀ ਯੂਨੀਵਰਸਿਟੀ ਸਬ-ਕਮੇਟੀ ਦੀ ਮੀਟਿੰਗ	177.30	...	30
12.	26-12-81	ਜਲੰਧਰ	ਔਰੀਏਂਟੇਸ਼ਨ ਕੋਰਸ-ਸਟੇਟ ਕਾਲਜ ਆਫ ਐਜੂਕੇਸ਼ਨ	195.03	...	30
13.	31-12-81	ਪਟਿਆਲਾ	ਪੰਜਾਬੀ ਯੂਨੀਵਰਸਿਟੀ ਦੀ ਵਿਉਂਤਬੰਦੀ ਵਿਭਾਗ ਦੀ ਮੀਟਿੰਗ	177.30	...	...

Original with;
Punjab Vidhan Sabha
Digitized by;
Panjab Digital Library

1	2	3	4	5	6	7
14.	16-1-82	ਪਟਿਆਲਾ	ਪੰਜਾਬੀ ਯੂਨੀਵਰਸਿਟੀ ਦੇ ਸਿੰਡੀਕੇਟ ਦੀ ਮੀਟਿੰਗ	272.95	20	30
15.	31-1-82 ਤੋਂ 1-2-1982	ਦਿੱਲੀ	ਸਰਕਾਰੀ ਕੰਮ ਲਈ ਭਾਰਤ ਸਰਕਾਰ ਸਿਖਿਆ ਮੰਤਰਾਲੇ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ	389.06	...	...
16.	13-2-82	ਸਿਧਵਾਂ ਖੁਰਦ	ਖਾਲਸਾ ਕਾਲਜ ਦੀ ਕਨਵੋਕੇਸ਼ਨ ਲਈ	236.40	...	30
17.	19-2-82	ਅੰਮ੍ਰਿਤਸਰ	ਸਰਕਾਰੀ ਕਾਲਜ ਇਸਤਰੀਆਂ ਦੀ ਕਨਵੋਕੇਸ਼ਨ ਲਈ	243.40	29	30
18.	27-2-82 ਤੋਂ 1-3-1982	ਦਿੱਲੀ	ਸਰਕਾਰੀ ਕੰਮ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵਿਖੇ	460.99	...	...

Nijjar--Link Drain

***1580. Seth Khushhal Chand :** Will the Minister for Agriculture and Irrigation be pleased to state whether the Government has under its consideration a proposal to construct Nijjar Link drain in Block Guru Har Sahai ; if so, the time by which it is likely to materialise ?

ਚੌਧਰੀ ਕਾਂਸ਼ੀ ਰਾਮ : ਹਾਂ ਜੀ। ਡਰੇਨ ਦੀ ਖੁਦਾਈ ਦਾ ਕੰਮ ਭੋਂ ਪ੍ਰਾਪਤੀ ਤੋਂ ਬਾਅਦ ਕੀਤਾ ਜਾਵੇਗਾ ।

Construction of a Bridge on the Mingerwal Choe at Tandi near Bhogpur

***1286. 1. Comrade Kulwant Singh**
2. Comrade Sarwan Singh Cheema } : Will the Minister for Agriculture and Irrigation be pleased to state whether there is

Original with;
Punjab Vidhan Sabha
Digitized by;
Panjab Digital Library

[Comrade Kulwant Singh]

any scheme under the consideration of the Government to construct a bridge on Mingerwal Choe at Tandi near Bhogpur, if so, the details thereof?

ਚੌਧਰੀ ਕਾਂਸ਼ੀ ਰਾਮ : ਹਾਂ ਜੀ । ਮਹਿੰਗਰਵਾਲ ਚੋਅ (ਨਾ ਕਿ ਮਿੰਗਰਵਾਲ ਚੋਅ) ਨੂੰ ਜਿਥੇ ਲੜੋਹਾ, ਭੋਗਪੁਰ, ਟਾਂਡਾ ਸੜਕ ਕਟਦੀ ਹੈ ਉਥੇ ਇਕ ਸਬਮਰਸੀਬਲ ਕਿਸਮ ਦਾ ਪੁਲ ਬਣਾਉਣ ਦੀ ਤਜਵੀਜ਼ ਹੈ । ਇਸ ਪੁਲ ਦਾ ਡੀਜ਼ਾਈਨ ਮਨਜੂਰ ਹੈ ।

Appointment of the Chairman, Text Book Board

***1603. 1. Sardar Balwinder Singh Bhunder**
2. Sardar Sarwan Singh Phillaur } : Will the Minister for Education be pleased to state—

(a) the date of appointment, qualifications, date of birth of the present Chairman of the Text Book Board, Punjab together with the details of pay, allowances and other facilities being given to him ;

(b) whether any age limit has been fixed for the post mentioned in part (a) above ; if so, what?

ਸਰਦਾਰ ਹਰਚਰਨ ਸਿੰਘ ਅਜਨਾਲਾ : (ਏ) ਬੋਰਡ ਦੇ ਆਰਟੀਕਲ ਆਫ ਐਸੋਸੀਏਸ਼ਨ ਦੇ ਆਰਟੀਕਲ 1 (ਏ) ਅਨੁਸਾਰ ਸਿਖਿਆ ਮੰਤਰੀ, ਪੰਜਾਬ ਆਪਣੇ ਅਹੁਦੇ ਵਜੋਂ ਪੰਜਾਬ ਸਟੇਟ ਯੂਨੀਵਰਸੀਟੀ ਟੈਕਸਟ ਬੁੱਕ ਬੋਰਡ ਦੇ ਚੇਅਰਮੈਨ ਹਨ ।

(ਬੀ) ਨਹੀਂ ਜੀ।

Thresher Accidents

***1593. Master Chand Singh :** Will the Minister for Agriculture and Irrigation be pleased to state—

(a) the total number of accidents occurred while operating the threshers during the last three years ;

(b) whether any compensation has been paid to the victims of accidents referred to in para (a) above, if so; the amount of compensation paid ; if not, the steps being taken for making the payment thereof ;

(c) whether the Government propose to reintroduce the system of payment of Compensation to the victims by making necessary amendment in the Punjab Agricultural Produce Marketing Act, 1961 ?

Original with;
Punjab Vidhan Sabha
Digitized by;
Panjab Digital Library

ਚੌਧਰੀ ਕਾਂਸ਼ੀ ਰਾਮ : (ਏ)

	1979-80	1980-81	1981-82
	425	295	454
(ਬੀ) ਹਾਂ ਜੀ ਰੁਪੈ	18000/-	35840/-	ਸੂਚਨਾ ਇੱਕਠੀ ਕੀਤੀ ਜਾ ਰਹੀ ਹੈ।

(ਸੀ) ਨਹੀਂ ਜੀ।

ਸਰਦਾਰ ਬਲਦੇਵ ਸਿੰਘ ਮਾਨ : ** ** **

Mr. Speaker : This is no point of order.

(At this stage some hon. Members rose to speak ** **)

Mr. Speaker Nothing should be recorded.

ਕਾਮਰੇਡ ਬਲਦੇਵ ਸਿੰਘ ਲੂੰਬਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਰਸੋਂ ਭੋਗ ਪੁਰ ਸ਼ੁਗਰ ਮਿੱਲ ਵਿਚ ਲਾਠੀ ਚਾਰਜ ਹੋਇਆ। ਦਰਜਨਾਂ ਪੰਚਾਂ ਅਤੇ ਸਰਪੰਚਾਂ ਦੀਆਂ ਬਾਹਾਂ ਟੁੱਟੀਆਂ ਅਤੇ ਇਕ ਐਮ. ਐਲ. ਏ. ਨੂੰ ਕੁੱਟਿਆ ਗਿਆ .....।

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ, ਸੀ. ਐਮ. ਸਾਹਿਬ ਨੇ ਇਸ ਬਾਰੇ ਸਟੇਟਮੈਂਟ ਦੇਣੀ ਹੈ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜਦੋਂ ਕੱਲ੍ਹ ਇਹ ਮਾਮਲਾ ਉਠਿਆ ਸੀ ਤਾਂ ਚੀਫ਼ ਮਨਿਸਟਰ ਸਾਹਿਬ ਨੇ ਇਮੀਜੀਏਟਲੀ ਇੰਟਰ ਵੀਨ ਕਰ ਕੇ ਕਿਹਾ ਸੀ ਕਿ ਉਹ ਇਸ ਬਾਰੇ ਸਟੇਟਮੈਂਟ ਕਰਨਗੇ। ਮੈਂ ਇਸ ਕਰ ਕੇ ਇਹ ਪੁਆਇੰਟ ਰੇਜ਼ ਕਰ ਰਿਹਾ ਹਾਂ ਕਿ ਇਸ ਹਾਊਸ ਵਿਚ ਮੈਂਬਰਜ਼ ਦੇ ਪ੍ਰਿਵਿਲਿਜ ਬਾਰੇ ਐਸ਼ੋਰੈਂਸਿਜ਼ ਦਿਤੀਆਂ ਸਨ ਕਿ ਜਦੋਂ ਐਮ. ਐਲ. ਏਜ਼ ਨੂੰ ਆਫੀਸਰ ਮਿਲਣਗੇ ਤਾਂ ਸਤਿਕਾਰ ਕਰਨਗੇ, ਆਦਰ ਕਰਨਗੇ। ਉਨ੍ਹਾਂ ਨੇ ਜਿਹੜੀਆਂ ਸਤਿਕਾਰ ਅਤੇ ਆਦਰ ਬਾਰੇ ਐਸ਼ੋਰੈਂਸਿਜ਼ ਦਿਤੀਆਂ ਸਨ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਕੱਲ੍ਹ ਹੀ ਹੋ ਗਈ ਕਿ ਇਕ ਐਮ. ਐਲ. ਏ ਨੂੰ ਮਾਰ ਮਾਰ ਕੇ ਅਧ ਮੋਇਆ ਕਰ ਦਿਤਾ।

ਸ਼੍ਰੀ ਸਪੀਕਰ : ਹਾਂ ਜੀ, ਸੀ. ਐਮ. ਸਾਹਿਬ।

STATEMENT BY THE CHIEF MINISTER REGARDING THE AGITATION BY SUGARCANE GROWERS AT BHOGPUR SUGAR MILL

Chief Minister (Sardar Darbara Singh) : I am going to make a statement. The Co-operative Sugar Mill, Bhogpur, as per past practice, bounded the quantity of 26 lakhs of sugarcane in the current crushing season.

---

*Expuged/not recorded as ordered by the Chair.

Original with;
Punjab Vidhan Sabha
Digitized by;
Panjab Digital Library

ਅਵਾਜ਼ : ਪੰਜਾਬੀ ਵਿਚ ਸਟੇਟਮੈਂਟ ਕਰੋ ਜੀ।

ਮੁੱਖ ਮੰਤਰੀ : ਮੈਂ ਜਲਦੀ ਜਲਦੀ ਵਿਚ ਅੰਗਰੇਜ਼ੀ ਵਿਚ ਕਰ ਕੇ ਲਿਆਇਆ ਸੀ। ਅੱਛਾ, ਮੈਂ ਪੰਜਾਬੀ ਵਿਚ ਉਲੱਥਾ ਕਰ ਦਿੰਦਾ ਹਾਂ।

ਸਪੀਕਰ ਸਾਹਿਬ, ਕੋਆਪ੍ਰੇਟਿਵ ਮਿੱਲ ਭੋਗ ਪੁਰ ਨੇ, ਜਿਸ ਤਰ੍ਹਾਂ ਪਹਿਲਾਂ ਪ੍ਰੈਕਟਿਸ ਹੈ 26 ਲੱਖ ਕੁਇੰਟਲ ਗੰਨਾ ਇਸ ਸਾਲ ਵਿਚ ਕਰਸ਼ਿੰਗ ਸੀਜ਼ਨ ਵਿਚ ਕਰਸ਼ ਕਰਨਾ ਹੈ। ਇਹ ਜਿਹੜਾ ਬਾਂਡਿਡ ਕੇਨ ਹੈ ਉਹ ਮਿੱਲ ਨੇ ਚੁਕਣਾ ਹੈ। ਚੁਕਣਾ ਇਸ ਢੰਗ ਨਾਲ ਹੈ ਕਿ ਜਿਵੇਂ ਗੰਨਾ ਪਕਦਾ ਹੈ ਉਵੇਂ ਉਵੇਂ ਚੁੱਕੀ ਜਾਣਾ ਹੈ। ਇਕ ਮੋਢਾ ਕਮਾਦ ਹੈ ਜਿਹੜਾ ਪਹਿਲੋਂ ਪਕ ਜਾਂਦਾ ਹੈ, ਉਸ ਨੂੰ ਪਹਿਲੋਂ ਪੀੜਿਆ ਜਾਏਗਾ। ਗੰਨੇ ਦੀਆਂ ਚਾਰ ਕਿਸਮਾਂ ਹਨ ਅੱਰ ਚਾਰੇ ਕਿਸਮਾਂ ਦਾ ਗੰਨਾ ਅਖੀਰ ਤਕ ਚੁਕਣਾ ਹੈ। ਇਹ ਜਿਹੜੀਆਂ ਪਰਚੀਆਂ ਹਨ ਇਨ੍ਹਾਂ ਦਾ ਸੀਰੀਅਲ ਨੰਬਰ ਜਿਹੜਾ ਹੈ ਉਨ੍ਹਾਂ ਦਾ ਇਕ ਕਲੰਡਰ ਬਣਿਆ ਹੋਇਆ ਹੈ ਉਸ ਦੇ ਮੁਤਾਬਕ ਚੁਕਦੇ ਹਨ ਅੱਰ ਮਿੱਲ ਉਸ ਕਲੰਡਰ ਨੂੰ ਤੋੜਨ ਲਈ ਤਿਆਰ ਨਹੀਂ। ਇਨ੍ਹਾਂ ਦਾ ਕੁਐਸ਼ਚਨ ਹੈ ਕਿ ਕਲੰਡਰ ਤੋੜਿਆ ਜਾਵੇ। ਕਲੰਡਰ ਤੋੜਨ ਨਾਲ ਜਿਨ੍ਹਾਂ ਲੋਕਾਂ ਦਾ ਗੰਨਾ ਜਿਸ ਢੰਗ ਨਾਲ ਲੈਣਾ ਹੈ, ਉਨ੍ਹਾਂ ਨੂੰ ਨੁਕਸਾਨ ਹੁੰਦਾ ਹੈ। ਹੁਣ ਤਕ 3 ਕੈਟੇਗਰੀਜ਼ ਵਿਚੋਂ 13 ਲੱਖ ਕੁਇੰਟਲ ਗੰਨਾ ਚੁਕਿਆ ਜਾ ਚੁਕਾ ਹੈ ਜਿਹੜੀ ਚੌਥੀ ਕੈਟੇਗਰੀ ਹੈ, ਜਿਹੜੀ ਲੇਟ ਪਕਦੀ ਹੈ, ਉਨ੍ਹਾਂ ਦੀ ਵਾਰੀ ਹਾਲੇ ਨਹੀਂ ਆਈ। ਮਿਤੀ 22 ਫਰਵਰੀ, 1982 ਨੂੰ ਇਕ ਮੀਟਿੰਗ ਹੋਈ, ਇਸ ਸਾਰੇ ਗੰਨੇ ਬਾਰੇ ਕਿਹਾ ਗਿਆ ਤੇ ਫੈਸਲਾ ਹੋਇਆ ਕਿ 30 ਅਪ੍ਰੈਲ, 1982 ਤਕ 65% ਗੰਨਾ ਚੁਕਿਆ ਜਾਏਗਾ ਅਤੇ ਉਸ ਦੇ ਮੁਤਾਬਕ ਪਰਚੀਆਂ ਜਿਹੜੀਆਂ ਹਨ ਉਹ ਅਲਾਟ ਕਰ ਦਿਤੀਆਂ, ਲੇਕਿਨ ਉਥੇ ਜਨਰਲ ਮੈਨੇਜਰ ਦਾ ਘਿਰਾਓ ਕੀਤਾ ਗਿਆ। ਜਦੋਂ 22 ਫਰਵਰੀ, 1982 ਦੀ ਮੀਟਿੰਗ ਵਿਚ ਫੈਸਲਾ ਹੋਇਆ ਫਿਰ ਘਿਰਾਓ ਕੀਤਾ ਗਿਆ ਅੱਰ ਘਿਰਾਓ ਕਰਨ ਤੋਂ ਬਾਅਦ ਲੋਕਲ ਪੁਲਿਸ ਨੇ ਇੰਟਰਵੈਨਸ਼ਨ ਕੀਤੀ। ਪਹਿਲੀ ਮੀਟਿੰਗ ਵਿਚ ਜਿਹੜਾ ਕਿਸਾਨਾਂ ਨਾਲ ਫੈਸਲਾ ਕੀਤਾ ਕਿ 30 ਅਪ੍ਰੈਲ, 1982 ਤਕ 65% ਸ਼ੂਗਰ ਕੇਨ ਚੁਕ ਲਿਆ ਜਾਵੇਗਾ ਅੱਰ ਇਹ 65% ਪੂਰਾ ਕਰ ਦਿਤਾ ਜਾਏਗਾ ਪਰ ਫਿਰ 19 ਮਾਰਚ ਨੂੰ ਜਨਰਲ ਮੈਨੇਜਰ ਅੱਰ ਚੀਫ ਇੰਜੀਨੀਅਰ ਦਾ ਘਿਰਾਓ ਕੀਤਾ ਗਿਆ, ਕਾਮਰੇਡ ਕੁਲਵੰਤ ਸਿੰਘ, ਐਮ. ਐਲ. ਏ. ਵੀ ਨਾਲ ਸਨ। ਇਹ ਕੇਸ ਰਜਿਸਟਰ ਹੋਇਆ ਹੈ। ਇਕ ਹੋਰ ਰੈਲੀ ਹੋਈ ਅਤੇ 100/125 ਆਦਮੀਆਂ ਦਾ ਧਰਨਾ ਅਰੇਂਜ ਕੀਤਾ ਗਿਆ ਇਨ੍ਹਾਂ ਐਮ. ਐਲ. ਏ. ਸਾਹਿਬ ਦੀ ਲੀਡਰਸ਼ਿਪ ਥਲੇ। ਡੀ. ਸੀ. ਸਾਹਿਬ, ਐਜੀਟੇਟਰਜ਼ ਨੇ ਜੋ ਸੁਆਲ ਉਠਾਏ ਸਨ, ਉਨ੍ਹਾਂ ਬਾਰੇ ਉਹ ਫੈਸਲਾ ਕਰਨ ਵਾਸਤੇ ਗਏ ਸਨ। ਲੇਕਿਨ ਜਿਹੜੇ ਬਾਹਰ ਗੇਟ ਤੇ ਧਰਨੇ ਤੇ ਬੈਠੇ ਸਨ ਉਨ੍ਹਾਂ ਨੇ ਅੰਦਰ ਜਾ ਕੇ ਗੇਟ ਕਰਸ਼ ਕਰ ਲਿਆ, ਜਦੋਂ ਡੀ. ਸੀ. ਅੰਦਰ ਗਿਆ ਤਾਂ ਪਥਰ ਮਾਰਨੇ ਸ਼ੁਰੂ ਕਰ ਦਿਤੇ ਇਸ ਨਾਲ ਆਫੀਸ਼ਲ ਇਨਸਪੈਕਟਰਜ਼ 3, ਨਾਨ ਗਜ਼ਟਿਡ ਅਫਸਰ 3, ਹੈਡ ਕਾਂਸਟੇਬਲ 10 ਅਤੇ ਕਾਂਸਟੇਬਲ 16 ਜ਼ਖਮੀ ਹੋਏ ਹਨ। ਇਸ ਦੇ ਬਾਦ ਇਹ ਠੀਕ ਹੈ ਕਿ ਟੀਅਰ ਗੈਸ ਸਾਥ ਨੂੰ ਡਿਸਪਰਸ ਕਰਨ ਵਾਸਤੇ ਛੱਡੀ ਗਈ, ਪਰ ਫਿਰ ਵੀ ਬ੍ਰੂਕ ਬੈਟਿੰਗ ਜਾਰੀ ਰਹੀ। ਡਿਸਬਰਸਮੈਂਟ ਕੀਤੀ ਗਈ ਅਤੇ ਇਸ ਵਕਤ ਸਿਚੂਏਸ਼ਨ ਜਿਹੜੀ ਹੈ ਉਹ ਅੰਡਰ ਕੰਟਰੋਲ ਹੈ। ਮਿੱਲ ਵਿਚ ਬਾਂਡਿਡ ਕੇਨ ਅੰਡਰ ਕਰਸ਼ਿੰਗ ਹੈ ਅੱਰ ਮੈਂ ਦੱਸਣਾ ਚਾਹੁੰਦਾ ਹਾਂ ਕਿ 1979-80 ਵਿਚ 6.46 ਲੱਖ ਕੁਇੰਟਲ ਗੰਨਾ ਕਰਸ਼ ਕੀਤਾ ਗਿਆ ਸੀ ਅਤੇ 1980-81 ਵਿਚ 6.92 ਲੱਖ ਕੁਇੰਟਲ ਕਰਸ਼ ਕੀਤਾ ਗਿਆ ਸੀ ਪਰ ਹੁਣ 13 ਲੱਖ ਕੁਇੰਟਲ ਗੰਨਾ ਕਰਸ਼ ਹੋ ਚੁਕਾ ਹੈ।

Original with;
Punjab Vidhan Sabha
Digitized by;
Panjab Digital Library

Comrade Raj Kumar : On a point of clarification, Sir.

Mr. Speaker : No discussion please. Now we will take up the business of presentation of reports.

Comrade Raj Kumar : Chief Minister has made a statement. We have got every right to seek clarification. We must get points of clarifications. (Interruption and noise)

Mr. Speaker : No clarification after the statement of the Chief Minister please. (Interruption and noise) Chairman, PAC may please present his report.

(At this stage Opposition Members were standing in their seats asking for Points of Order).

WALK-OUT

(At this stage all the Members of CPI (M) present in the House and the lone Member of All India Communist Party staged a walk-out).

Finance Minister : Sir, you have started next business.

PRESENTATION OF REPORT OF THE COMMITTEE ON PUBLIC ACCOUNTS

Chairman, Public Accounts Committee (Shri Gopal Krishan Chatrath) : Sir, I beg to present 47th Report of the Committee on Public Accounts on the Appropriation Accounts of the Government of Punjab for the year 1975-76 and the Report of the Comptroller and Auditor General of India for the year 1975-76) (Revenue Receipts).

(ਇਸ ਸਮੇਂ ਕਈ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ **

**

ਸਿਹਤ ਮੰਤਰੀ : ਸਪੀਕਰ ਸਾਹਿਬ, ਇਹ ਜੋ ਕੁਝ ਬੋਲ ਰਹੇ ਹਨ, ਇਹ ਸਾਰੀ ਚੀਜ਼ ਰਿਕਾਰਡ ਤੇ ਨਹੀਂ ਆਉਣੀ ਚਾਹੀਦੀ ।

ਸ਼੍ਰੀ ਸਪੀਕਰ : ਕੋਈ ਚੀਜ਼ ਰਿਕਾਰਡ ਨਹੀਂ ਹੋ ਰਹੀ ।

WALK-OUT

(ਇਸ ਸਮੇਂ ਸੀ. ਪੀ. ਆਈ. ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਵਾਕ ਆਉਟ ਕਰ ਗਏ)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

PRESENTATION OF REPORTS

(i) Committee on Estimates

Chairman, Committee on Estimates (Sardar Natha Singh Dalam) : Sir, I beg to present the Report of the Committee on Estimates on the Budget Estimates for the year 1981-82 of the Industries Department, Punjab.

(ii) Committee on Subordinate Legislation

Chairman, Committee on Subordinate Legislation (Prof. Darbari Lal) : Sir, I beg to present 20th Report of the Committee on Subordinate Legislation for the year 1981-82.

ਸਰਦਾਰ ਆਤਮਾ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਆਤਮਾ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

LEGISLATIVE BUSINESS

RESOLUTION UNDER ARTICLE 213 (2) (a) OF THE CONSTITUTION DISAPPROVING THE PUNJAB PANCHAYAT SAMITIS AND ZILA PARISHADS (TEMPORARY SUPERSESSION) SECOND AMENDMENT ORDINANCE, 1981 (PUNJAB ORDINANCE NO. 11 OF 1981) AND THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1982

Comrade Raj Kumar : Sir, I beg to move—

That this House disapproves the Punjab Panchayat Samitis and Zila Parishads (Temporary Supersession) Second Amendment Ordinance, 1981 (Punjab Ordinance No. 11 of 1981).

Mr. Speaker : Motion moved—

That his House disapploves the Punjab Panchayat Samitis and Zila Parishads (Temporary Supersessiflh) Second Amendment Ordinance, 1981 (Punjab Ordinance No. 11 of 1981).

Deputy Minister, Development (Sardar Ujagar Singh) : Sir, I beg to move—

That the Punjab Panchayat Samitis and Zila Parishads (Temporary Supersession) Amendment Bill be taken into consideration at once.

Mr. Speaker : Motion moved—

That the Punjab Panchayat Samitis and Zila Parishads (Temporary Supersession) Amendment Bill be taken into consideration at once.

**Expunged as ordered by the Chair.

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213(2)(a) OF THE CONSTITUTION DISAPPROVING THE PUNJAB PANCHAYAT SAMITIS AND ZILA PARISHADS (TEMPORARY SUPERSESSION) SECOND AMENDMENT ORDINANCE, 1981 (PUNJAB ORDINANCE NO. 11 OF 1981)
AND
THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1981

The practice in the past has been that the resolution disapproving the Ordinance and the Bill seeking replacement of the Ordinance are discussed together though voting takes place on each item separately. If the House agrees, the resolution disapproving the Ordinance and the Bill seeking its replacement may be discussed together.

(Voices : Yes, yes)

Mr. Speaker : Both the motion will be discussed together.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਸਰਕਾਰ ਝੂਠ ਬੋਲਦੀ ਹੈ। ਤੁਸੀਂ ਸਰਕਾਰ ਦੀ ਪ੍ਰੋਟੈਕਸ਼ਨ ਕਰਦੇ ਹੋ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਪੁਆਇੰਟ ਆਫ ਆਰਡਰ, ਸਰ।

ਸ਼੍ਰੀ ਸਪੀਕਰ : ਸਰਦਾਰ ਬਲਵਿੰਦਰ ਸਿੰਘ ਜੀ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਜਿਹੜਾ ਬਹੁਤਾ ਰੌਲਾ ਪਾਉਂਦਾ ਹੈ ਤੁਸੀਂ ਉਸ ਨੂੰ ਟਾਈਮ ਦਿੰਦੇ ਹੋ, ਮੇਰੀ ਗਲ ਤੁਸੀਂ ਸੁਣਦੇ ਨਹੀਂ। ਮੈਨੂੰ ਇਕ ਮਿੰਟ ਵਾਸਤੇ ਟਾਈਮ ਦੇ ਦਿਓ।

ਸ਼੍ਰੀ ਸਪੀਕਰ : ਭੁੰਦੜ ਸਾਹਿਬ ਦੇ ਬਾਅਦ ਤੁਸੀਂ ਕਹਿ ਲੈਣਾ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਹਾਂ ਜੀ, ਜੱਥੇਦਾਰ ਉਮਰਾਨੰਗਲ ਜੀ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਸੀ. ਐਮ. ਸਾਹਿਬ ਨੂੰ ਤੁਸੀਂ ਲਿਖ ਕੇ ਦੇ ਦਿਓ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

Mr. Speaker. Nothing to be recorded.

ਮਾਸਟਰ ਬਾਬੂ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਮੈਂ ਗੱਲ ਕਰਦਾ ਹਾਂ, ਮੇਰੀ ਗਲ ਤਾਂ ਸੁਣ ਲਵੋ ਜੀ ..... ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ. ਸੀ.) : ਸਪੀਕਰ ਸਾਹਿਬ, ਜੱਥੇਦਾਰ ਹੋਰਾਂ ਨੂੰ ਬਿਠਾਓ ਜੀ, ਇਨ੍ਹਾਂ ਨੂੰ ਪੈਣ ਆਈ ਹੋਈ ਹੈ । (ਹਾਸਾ) ਤੁਸੀਂ ਮੈਨੂੰ ਬੋਲਣ ਲਈ ਇਜਾਜ਼ਤ ਦਿਤੀ ਹੈ । ਹੁਣ ਇਨ੍ਹਾਂ ਨੂੰ ਬਿਠਾਓ ਜੀ ।

ਸਪੀਕਰ ਸਾਹਿਬ, ਮੈਂ ਪੰਚਾਇਤ ਸੰਮਤੀ ਐਂਡ ਜ਼ਿਲ੍ਹਾ ਪ੍ਰੀਸ਼ਦ ਅਮੈਂਡਮੈਂਟ ਬਿਲ ਦੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ ।

(ਇਸ ਸਮੇਂ ਮਾਨਯੋਗ ਮੈਂਬਰ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਖੜੇ ਸਨ ।)

Mr. Speaker: Please sit down. I do not allow.

WALK-OUT

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਸਰਕਾਰ ਜ਼ਿਮੇਵਾਰੀ ਨਹੀਂ ਲੈਂਦੀ । ਤੁਸੀਂ ਮੇਰੀ ਗਲ ਨਹੀਂ ਸੁਣਦੇ ਇਸ ਲਈ ਮੈਂ ਵਾਕ ਆਊਟ ਕਰਦਾ ਹਾਂ। ਉਥੇ ਤਿੰਨ ਬੰਦੇ ਮਰ ਗਏ , ਪਰਚਾ ਦਰਜ ਨਹੀਂ ਹੋਇਆ ।

(ਇਸ ਸਮੇਂਮਾਨ ਯੋਗ ਮੈਂਬਰ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਸਦਨ ਵਿਚੋਂ ਵਾਕ-ਆਊਟ ਕਰ ਗਏ ।)

RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB PANCHAYAT SAMITIS AND ZILA PARISHADS (TEMPORARY SUPERSESSION) SECOND AMENDMENT ORDINANCE, 1981) (PUNJAB ORDINANCE NO. 11 OF 1981)
AND
THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1982
(Resumption of Consideration)

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਅਮੈਂਡਮੈਂਟ ਬਿੱਲ ਦੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ .....।

**Not recorded/expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਜਸਦੇਵ ਕੌਰ ਸੰਧੂ : ਪੁਆਇੰਟ ਆਫ ਆਰਡਰ, ਸਰ ।

ਸਰਦਾਰ ਸੰਤ ਸਿੰਘ : ਸਪੀਕਰ ਸਾਹਿਬ, ਮੈਨੂੰ ਟਾਈਮ ਦਿਓ ਜੀ। ਮੇਰਾ ਪੁਆਇੰਟ ਆਫ ਆਰਡਰ ਹੈ .....

Mr. Speaker: Please sit down. ਹਾਊਸ ਨੂੰ ਇੰਟਰੱਪਟ ਨਾ ਕਰੋ । ਬੀਬੀ ਜੀ, ਤੁਸੀਂ ਬੋਲੋ ।

ਸਰਦਾਰਨੀ ਜਸਦੇਵ ਕੌਰ ਸੰਧੂ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰਨੀ ਜਸਦੇਵ ਕੌਰ ਸੰਧੂ : ਸਪੀਕਰ ਸਾਹਿਬ, ਇਥੇ ਜੇਕਰ ਅਸੀਂ ਆਪਣੇ ਇਲਾਕੇ ਦੀ ਗੱਲ ਵੀ ਨਹੀਂ ਕਰ ਸਕਦੇ ਤਾਂ ਫਿਰ ਕਰਨਾ ਕੀ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਉਥੇ ਗੜੇ ਪਏ ਹਨ, ਬੜਾ ਅਹਿਮ ਮਾਮਲਾ ਹੈ ਜੀ .....

ਸ਼੍ਰੀ ਸਪੀਕਰ : ਭੂੰਦੜ ਜੀ, ਤੁਸੀਂ ਬੜੇ ਸੀਜ਼ੰਡ ਪਾਰਲੀਮੈਂਟੇਰੀਅਨ ਹੋ। ਜੇਕਰ ਕੋਈ ਬਿਜ਼ਨੈਸ ਕਾਂਡਕਟ ਹੋ ਰਿਹਾ ਹੋਵੇ ਤਾਂ ਉਸ ਦੇ ਬਾਰੇ ਅਗਰ ਕੋਈ ਗੱਲ ਕਹਿਣੀ ਹੋਵੇ ਤਾਂ ਪੁਆਇੰਟ ਆਫ ਆਰਡਰ ਰਾਹੀਂ ਕਹੀ ਜਾ ਸਕਦੀ ਹੈ । ਜੇਕਰ ਕਿਸੇ ਥਾਂ ਗੜੇ ਪਏ ਹਨ ਤਾਂ ਉਸ ਦੇ ਬਾਰੇ ਸਰਕਾਰ ਦਾ ਧਿਆਨ ਦਿਵਾਉਣ ਲਈ ਹੋਰ ਪ੍ਰੋਸੀਜਰ ਹੈ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਹਿਮਾਇਤ ਕਰਨ ਲਈ ਖੜਾ ਹੋਇਆ ਹਾਂ। ਸਪੀਕਰ ਸਾਹਿਬ, ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਅੌਰ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਸੁਪਨਾ ਪੂਰਾ ਕਰਨ ਲਈ ਕਾਂਗਰਸ ਸਰਕਾਰ ਨੇ ਹੇਠਾਂ ਪਾਵਰ ਦੇ ਕੇ ਪੰਜਾਬ ਵਿਚ ਪੰਚਾਇਤੀ ਰਾਜ ਕਾਇਮ ਕੀਤਾ ਹੈ ....

ਸਰਦਾਰ ਦਲੀਪ ਸਿੰਘ ਪਾਂਧੀ : ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਹੇ ਹਨ, ਇਹ ਰਿਕਾਰਡ ਨਹੀਂ ਕਰਨਾ ।

**Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਕਾਂਗਰਸ ਸਰਕਾਰ ਨੇ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦਾ ਸਿਸਟਮ ਲਾਗੂ ਕੀਤਾ ਹੈ। ਸਪੀਕਰ ਸਾਹਿਬ, ਜੇਕਰ ਮੈਂ ਇਹ ਕਹਾਂ ਕਿ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਪਿੰਡਾਂ ਦੀ ਡਿਵੈਲਪਮੈਂਟ ਔਰ ਪੈਦਾਵਾਰ ਵਿਚ ਅਹਿਮ ਰੋਲ ਅਦਾ ਕਰਦੀਆਂ ਹਨ ਤਾਂ ਇਹ ਗੱਲ ਵੀ ਠੀਕ ਹੋਵੇਗੀ । ਪਰ, ਸਪੀਕਰ ਸਾਹਿਬ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮਹਾਤਮਾ ਗਾਂਧੀ ਜੀ ਦਾ ਜਿਹੜਾ ਸੁਪਨਾ ਸੀ, ਜਿਹੜਾ ਪੰਡਿਤ ਜਵਾਹਰ ਲਾਲ ਜੀ ਦਾ ਸੁਪਨਾ ਸੀ ਔਰ ਜਿਸ ਨੂੰ ਪੂਰਾ ਕਰਨ ਲਈ ਕਾਂਗਰਸ ਸਰਕਾਰ ਨੇ ਹੇਠਾਂ ਪਾਵਰ ਦਿਤੀ ਸੀ, ਜਦੋਂ ਅਕਾਲੀ-ਜਨਤਾ ਸਰਕਾਰ ਪਾਵਰ ਵਿਚ ਆਈ ਤਾਂ ਉਸ ਨੇ ਆਉਂਦਿਆਂ ਹੀ ਉਸ ਨੂੰ, ਉਸ ਪੰਚਾਇਤੀ ਰਾਜ ਸਿਸਟਮ ਨੂੰ ਖਤਮ ਕਰ ਦਿਤਾ । ਪੰਚਾਇਤ ਸੰਮਿਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਸੀ । ਉਹ ਪੰਚਾਇਤ ਸੰਮਿਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਪਿੰਡਾਂ ਦੀ ਡਿਵੈਲਪਮੈਂਟ ਦੇ ਕੰਮ ਕਰਦੀਆਂ ਸਨ। ਪਿੰਡਾਂ ਨੂੰ ਅੱਛਾ ਬਣਾਉਣ ਦਾ ਯਤਨ ਕੀਤਾ ਜਾਂਦਾ ਸੀ ਔਰ ਉਸ ਵਿਚ ਪਿੰਡਾਂ ਦੇ ਪੰਚ ਔਰ ਸਰਪੰਚ ਆਪਣਾ ਆਪਣਾ ਹਿਸਾ ਪਾਉਂਦੇ ਸਨ । (ਵਿਘਨ) ਪਰ ਜਦੋਂ, ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ ਆਈ ਤਾਂ ਉਸ ਨੇ ਆਉਂਦਿਆਂ ਹੀ ਇਨ੍ਹਾਂ ਨੂੰ ਹੱਥ ਪਾਇਆ। ਜ਼ਿਲ੍ਹਾ ਪ੍ਰੀਸ਼ਦਾਂ ਨੂੰ ਤੋੜਿਆ, ਮਾਰਕਿਟ ਕਮੇਟੀਆਂ ਨੂੰ ਤੋੜਿਆ ਔਰ ਜਿਹੜਾ ਡੈਮੋਕ੍ਰੈਟਿਕ ਢਾਂਚਾ ਕਾਂਗਰਸ ਪਾਰਟੀ ਦੀ ਸਰਕਾਰ ਨੇ ਕਾਇਮ ਕੀਤਾ ਸੀ, ਉਸ ਨੂੰ ਦਰਹਮ-ਬਰਹਮ ਕਰ ਦਿਤਾ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੀ ਪ੍ਰਿਵਿਲੇਜ ਮੋਸ਼ਨ ਹੈ ਜੀ ।

ਸ਼੍ਰੀ ਸਪੀਕਰ : ਪਲੀਜ਼, ਇੰਟਰੱਪਟ ਨਾ ਕਰੋ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਪਹਿਲਾਂ ਇਹ ਸਿਸਟਮ ਹੁੰਦਾ ਸੀ ਕਿ ਪੰਚਾਇਤ ਸੰਮਿਤੀ ਦੇ ਦਫਤਰ ਵਿਚ, ਬੀ. ਡੀ. ਓ. ਦੇ ਦਫਤਰ ਵਿਚ, ਪਿੰਡਾਂ ਦੀ ਤਰੱਕੀ ਨਾਲ ਸਬੰਧ ਰੱਖਣ ਵਾਲੇ ਬਾਕੀ ਦੇ ਦਫਤਰ ਹੁੰਦੇ ਸਨ। ਉਥੇ ਓਵਰਸੀਅਰ ਹੁੰਦਾ ਸੀ, ਇੰਡਸਟਰੀਜ਼ ਇਨਸਪੈਕਟਰ ਅਤੇ ਐਗਰੀਕਲਚਰਲ ਇਨਸਪੈਕਟਰ ਦਾ ਦਫਤਰ ਹੁੰਦਾ ਸੀ, ਐਕਸਟੈਨਸ਼ਨ ਦਾ ਜੋ ਮਹਿਕਮਾ ਹੈ, ਉਸ ਦਾ ਅਫਸਰ ਹੁੰਦਾ ਸੀ। ਇਹ ਸਾਰੇ ਦਫਤਰ ਬੀ. ਡੀ. ਓ. ਦੇ ਦਫਤਰ ਵਿਚ ਔਰ ਜਾਂ ਪੰਚਾਇਤ ਸੰਮਿਤੀ ਦੇ ਦਫਤਰ ਵਿਚ ਹੁੰਦੇ ਸਨ ਤਾਕਿ ਪਿੰਡਾਂ ਦੇ ਲੋਕ ਜਦੋਂ ਬੀ. ਡੀ. ਓ. ਦੇ ਦਫਤਰ ਵਿਚ ਆਉਣ, ਉਹ ਉਥੇ ਹੀ ਆਪਣੇ ਤਰੱਕੀ ਦੇ ਕੰਮ ਕਰਵਾ ਸਕਣ, ਪੰਜਾਬ ਦੀ ਪੈਦਾਵਾਰ ਖਾਸ ਤੌਰ ਤੇ ਐਗਰੀਕਲਚਰ ਦੀ ਪੈਦਾਵਾਰ ਵਿਚ ਵਾਧਾ ਕਰ ਸਕਣ, ਖੇਤੀ ਬਾੜੀ ਦੀ ਆਮਦਨ ਵਿਚ ਸਾਡੀ ਸਟੇਟ ਅੱਗੇ ਨਿਕਲ ਸਕੇ ਔਰ ਪਿੰਡਾਂ ਦੀ ਤਰੱਕੀ ਦੇ ਹੋਰ ਚੰਗੇ ਸਾਧਨ ਜੁਟਾ ਸਕਣ । ਲੇਕਿਨ ਇਨ੍ਹਾਂ ਸੱਜਣਾਂ ਨੇ ਆਉਂਦਿਆਂ ਹੀ ਸਾਰਾ ਇਹ ਸਿਸਟਮ ਖਤਮ ਕਰ ਦਿਤਾ ਔਰ ਪੰਚਾਇਤ ਸੰਮਿਤੀਆਂ ਔਰ ਬੀ. ਡੀ. ਓ. ਦੇ ਦਫਤਰ ਤੋਂ ਐਗਰੀਕਲਚਰ ਇਨਸਪੈਕਟਰ ਦਾ ਔਰ ਇੰਡਸਟਰੀਜ਼ ਇਨਸਪੈਕਟਰ ਦਾ ਦਫਤਰ ਔਰ ਹੋਰ ਜਿਹੜੇ ਪਿੰਡਾਂ ਦੀ ਤਰੱਕੀ ਨਾਲ ਤੁਅੱਲਕ ਰੱਖਣ ਵਾਲੇ ਦਫਤਰ ਸਨ, ਦੂਰ ਕਰ ਦਿੱਤੇ ਗਏ, ਬਾਹਰ ਕੱਢ ਦਿਤੇ ਗਏ, ਜਿਸ ਨਾਲ ਪਿੰਡਾਂ ਵਾਲੇ ਲੋਕਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਗਿਆ । ਪਹਿਲਾਂ ਬੀ. ਡੀ. ਓ. ਹੀ ਐਕਸਟੈਨਸ਼ਨ ਅਫਸਰ ਦੀ ਕਾਨਫੀਡੈਂਸ਼ੀਅਲ ਰਿਪੋਰਟ ਲਿਖਦਾ ਹੁੰਦਾ ਸੀ ਪਰ ਉਹ ਵੀ ਤਰੀਕਾ ਇਨ੍ਹਾਂ ਨੇ ਖਤਮ ਕਰ ਦਿਤਾ। ਇਨ੍ਹਾਂ ਨੇ ਸੋਚਿਆ ਕਿ ਇਸ ਢਾਂਚੇ ਨੂੰ ਖਰਾਬ ਹੀ ਕਰਨਾ ਹੈ--ਔਰ ਉਹ ਇਨ੍ਹਾਂ ਨੇ ਕਰ ਦਿਤਾ । ਸਰਦਾਰ ਆਤਮਾ ਸਿੰਘ ਵੀ ਇਸ ਗੱਲ ਨੂੰ ਜਾਣਦੇ ਹਨ । ਇਨ੍ਹਾਂ ਨੇ ਇਹ ਸੋਚਿਆ ਕਿ ਜਿਹੜੇ ਲੋਕ ਅਗਾਂਹ

Original with;
Punjab Vidhan Sabha
Digitized by;
Panjab Digital Library

ਵਧੂ ਹਨ, ਉਨ੍ਹਾਂ ਨੂੰ ਕਿਸੇ ਢੰਗ ਨਾਲ ਇਸ ਲੋਕ-ਰਾਜੀ ਢਾਂਚੇ ਤੋਂ ਦੂਰ ਰੱਖਿਆ ਜਾਵੇ। ਇਸ ਦੇ ਵਾਸਤੇ ਇਨ੍ਹਾਂ ਨੇ ਨਵਾਂ ਸਿਸਟਮ ਲਾਗੂ ਕੀਤਾ ਕਿ ਪਿੰਡਾਂ ਵਿਚ ਲੋਕਾਂ ਲਈ ਮੁਫ਼ ਪੰਚ ਜਾਂ ਸਰਪੰਚ ਬਣਨ ਵਾਸਤੇ, ਚੋਣ ਵਿਚ ਖੜਾ ਹੋਣ ਤੋਂ ਪਹਿਲਾਂ ਸਬੰਧਤ ਬੀ. ਡੀ. ਓ. ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਇਸ ਆਦਮੀ ਦੇ ਜ਼ਿਮੇ ਕੋਈ ਪੈਸਾ ਬਕਾਇਆ ਨਹੀਂ ਹੈ। ਜੇਕਰ ਉਹ ਇਸ ਤਰ੍ਹਾਂ ਦਾ ਸਰਟੀਫਿਕੇਟ ਦੇਵੇ ਤਾਂ ਹੀ ਉਹ ਆਦਮੀ ਖੜਾ ਹੋ ਸਕਦਾ ਹੈ। ਇਸ ਤਰ੍ਹਾਂ ਨਾਲ, ਸਪੀਕਰ ਸਾਹਿਬ, ਜਿਹੜੇ ਲੋਕ ਅਗਾਂਹ ਵਧੂ ਸਨ ਉਨ੍ਹਾਂ ਨੂੰ ਪੰਚ ਜਾਂ ਸਰਪੰਚ ਬਣਨ ਤੋਂ ਰੋਕ ਦਿਤਾ ਗਿਆ, ਕਈਆਂ ਨੂੰ ਸਰਟੀਫਿਕੇਟ ਨਹੀਂ ਦਿਤੇ ਗਏ, ਉਹ ਵਿਚਾਰੇ ਮਾਰੇ ਮਾਰੇ ਫਿਰਦੇ ਰਹੇ। ਮੇਰੇ ਹਲਕੇ ਜਲੰਧਰ ਵੈਸਟ ਬਲਾਕ ਵਿਚ ਕਿਤਨੇ ਹੀ ਲੋਕ ਸਰਟੀਫਿਕੇਟ ਲੈਣ ਲਈ ਮਾਰੇ ਮਾਰੇ ਫਿਰਦੇ ਰਹੇ ਤਾਂ ਕਿ ਉਨ੍ਹਾਂ ਨੂੰ ਸਰਟੀਫਿਕੇਟ ਮਿਲ ਜਾਣ ਅੱਰ ਉਹ ਪੰਚਾਇਤ ਸੰਮਿਤੀ ਵਿਚ ਜਾ ਸਕਣ ਲੇਕਿਨ ਸਰਟੀਫਿਕੇਟ ਨਹੀਂ ਦਿਤੇ ਗਏ। ਇਥੇ ਹੀ ਬੱਸ ਨਹੀਂ ਹੈ ਜੋ ਵੀ ਪੰਚਾਇਤ ਸੰਮਿਤੀਆਂ ਆਪਣੇ ਇਲਾਕੇ ਵਿਚ ਤਰੱਕੀ ਕਰਨੀ ਚਾਹੁੰਦੀਆਂ ਸਨ ਉਨ੍ਹਾਂ ਨੂੰ ਤੋੜਿਆ ਗਿਆ। ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਮਹਾਤਮਾ ਗਾਂਧੀ ਜੀ ਦਾ ਸੁਪਨਾ ਸੀ ਉਸ ਨੂੰ ਪੂਰਾ ਕਰਨ ਲਈ ਜੋ ਪੰਚਾਇਤੀ ਰਾਜ ਦਾ ਸਿਸਟਮ ਕਾਂਗਰਸ ਸਰਕਾਰ ਨੇ ਚਾਲੂ ਕੀਤਾ ਸੀ ਉਸ ਨੂੰ ਫਿਰ ਲਾਗੂ ਕੀਤਾ ਜਾਵੇ ਅੱਰ ਪੰਜਾਬ ਵਿਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਇਲੈਕਸ਼ਨ ਜਲਦੀ ਕਰਵਾਏ ਜਾਣ ਤਾਕਿ ਸਹੀ ਮਾਅਨਿਆਂ ਵਿਚ ਉਥੇ ਲੋਕਾਂ ਦੇ ਰਿਪ੍ਰੀਜ਼ੈਂਟੇਟਿਵ ਆ ਕੇ ਲੋਕਾਂ ਦੀ ਨੁਮਾਇੰਦਗੀ ਕਰ ਸਕਣ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੰਚਾਇਤਾਂ ਦੇ ਸੈਕਟਰੀ ਹੁੰਦੇ ਹਨ ਉਹ ਪੰਚਾਇਤ ਸੰਮਤੀਆਂ ਦੇ ਮੁਲਾਜ਼ਮ ਹੁੰਦੇ ਹਨ। ਉਨ੍ਹਾਂ ਨੂੰ ਤਨਖਾਹ ਪੰਚਾਇਤ ਸੰਮਿਤੀ ਦਿੰਦੀ ਹੈ ਪਰ ਉਨ੍ਹਾਂ ਕੋਲ ਆਮਦਨੀ ਦੇ ਕੋਈ ਸਾਧਨ ਨਹੀਂ, ਇਸ ਲਈ ਉਹ ਯੋਗ ਤਨਖਾਹ ਉਨ੍ਹਾਂ ਨੂੰ ਨਹੀਂ ਮਿਲ ਸਕਦੀ ਅਤੇ ਨਾ ਹੀ ਉਨ੍ਹਾਂ ਦੀ ਸਰਵਿਸ ਪ੍ਰੋਵਿਜ਼ੇ-ਲਾਈਜ਼ ਕੀਤੀ ਗਈ ਹੈ। ਪੰਚਾਇਤ ਸੰਮਤੀਆਂ ਦੇ ਆਮਦਨੀ ਦੇ ਸਾਧਨ ਬੜੇ ਲਿਮਿਟਿਡ ਹੁੰਦੇ ਹਨ ਇਸ ਕਰਕੇ ਉਨ੍ਹਾਂ ਨੂੰ ਕਾਫੀ ਅੜਚਨਾਂ ਆਉਂਦੀਆਂ ਹਨ। ਇਸ ਗਲ ਲਈ ਮੈਂ ਫਿਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਪਿੰਡਾਂ ਵਿਚ ਜਿਹੜੇ ਸ਼ਰਾਬ ਦੇ ਠੇਕੇ ਖੁੱਲ੍ਹੇ ਹੋਏ ਹਨ, ਉਨ੍ਹਾਂ ਨੂੰ ਆਪਣੀ ਇਕ ਬੋਤਲ ਪਿਛੇ ਇਕ ਰੁਪਿਆ ਰੈਵੇਨਿਊ ਦੇ ਤੌਰ ਤੇ ਪੰਚਾਇਤ ਸੰਮਿਤੀਆਂ ਨੂੰ ਦੇਣਾ ਪਵੇਗਾ। ਇਸ ਨਾਲ ਉਨ੍ਹਾਂ ਦੀ ਕੁਝ ਆਮਦਨੀ ਵਿਚ ਫਰਕ ਪਏਗਾ। ਪਰ ਮੈਂ ਫਿਰ ਵੀ ਕਹਿੰਦਾ ਹਾਂ ਕਿ ਇਕ ਤਾਂ ਉਨ੍ਹਾਂ ਦੀ ਆਮਦਨੀ ਦੇ ਸਾਧਨ ਹੋਰ ਵਧਾਏ ਜਾਣ ਅੱਰ ਦੂਸਰੇ ਉਨ੍ਹਾਂ ਦੀਆਂ ਇਲੈਕਸ਼ਨਾਂ ਜਲਦੀ ਕਰਵਾਈਆਂ ਜਾਣ ਤਾਕਿ ਸਹੀ ਲੋਕ ਆ ਕੇ ਨੁਮਾਇੰਦਗੀ ਕਰ ਸਕਣ। ਇਸ ਤਰ੍ਹਾਂ ਨਾਲ ਪੰਜਾਬ ਤਰੱਕੀ ਦੇ ਰਾਹ ਤੇ ਜਾਏਗਾ ਅੱਰ ਜੋ ਪੰਜਾਬ ਸਰਕਾਰ ਨੇ ਤਰੱਕੀ ਦੇ ਕੰਮ ਕੀਤੇ ਹਨ ਉਹ ਹੋਰ ਵੀ ਜ਼ਿਆਦਾ ਹੋਣਗੇ। ਇਸ ਦੀ ਮੈਂ ਮਿਸਾਲ ਦਿੰਦਾ ਹਾਂ ਕਿ ਪੰਜਾਬ ਦੇ ਪਿੰਡਾਂ ਵਿਚ ਡਿਵੈਲਪਮੈਂਟ ਡਿਪਾਰਟਮੈਂਟ ਨੇ ਗਲੀਆਂ ਨਾਲੀਆਂ ਪੱਕੀਆਂ ਕਰਨ ਦਾ ਕੰਮ ਬੜੇ ਜ਼ੋਰ ਨਾਲ ਸ਼ੁਰੂ ਕੀਤਾ ਹੈ। ਇਹ ਇਨਕਲਾਬੀ ਪ੍ਰੋਗਰਾਮ ਹਰ ਪਿੰਡ ਵਿਚ ਚਲ ਰਿਹਾ ਹੈ। ਇਸ ਤਰ੍ਹਾਂ ਨਾਲ ਜਲਦੀ ਹੀ ਇਹ ਸਾਰੇ ਪਿੰਡ ਸ਼ਾਨਦਾਰ ਬਣ ਜਾਣਗੇ ਅੱਰ ਪੰਜਾਬ ਤਰੱਕੀ ਦੇ ਰਾਹ ਤੇ ਵਧਦਾ ਜਾਵੇਗਾ। ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਪੰਜਾਬ ਜਿਨੀ ਵੀ ਤਰੱਕੀ ਕਰ ਰਿਹਾ ਹੈ ਇਸ ਵਿਚ ਪੰਚਾਇਤ ਸੰਮਤੀਆਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਦਾ ਖਾਸ ਰੋਲ ਹੈ । ਇਸ ਲਈ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਦੀ ਸਰਕਾਰ ਨੇ ਇਸ ਤਰੱਕੀ ਦੇ ਕੰਮਾਂ ਵਿਚ ਯੋਗ ਹਿਸਾ ਪਾਇਆ ਹੈ । ਮੈਂ ਅੰਤ ਵਿਚ ਇਹ ਕਹਿੰਦਾ ਹਾਂ ਕਿ ਇਸ ਬਿਲ ਨੂੰ ਸਰਵ ਸੰਮਤੀ ਨਾਲ ਪਾਸ ਕੀਤਾ ਜਾਵੇ ।

PERSONAL EXPLANATION BY SARDAR ATMA SINGH

ਸਰਦਾਰ ਆਤਮਾ ਸਿੰਘ : ਮੈਂ ਪਰਸਨਲ ਐਕਸਪਲੇਨੇਸ਼ਨ ਦੇਣੀ ਹੈ। ਚੌਧਰੀ ਸਾਹਿਬ ਨੇ ਕਿਹਾ ਹੈ ਕਿ ਜਦੋਂ ਮੈਂ ਪੰਚਾਇਤ ਮਨਿਸਟਰ ਸੀ ਤਾਂ ਮੈਂ ਇਕ ਆਰਡਰ ਜਾਰੀ ਕੀਤਾ ਸੀ ਕਿ ਜਿਸ ਨੇ ਵੀ ਪੰਚ ਜਾਂ ਸਰਪੰਚ ਦੀ ਚੋਣ ਲੜਨੀ ਹੈ ਉਹ ਬੀ. ਡੀ. ਓ. ਤੋਂ ਕਲੀਅਰੈਂਸ ਸਰਟੀਫਿਕੇਟ ਲਵੇਗਾ, ਇਸ ਨਾਲ ਬਹੁਤ ਭਾਰੀ ਕੁਰੱਪਸ਼ਨ ਫੈਲੀ ਹੈ। ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਅਸੀਂ ਇਹ ਕੰਮ ਪੰਜਾਬ ਦੇ ਭਲੇ ਲਈ ਕੀਤਾ ਸੀ । ਇਸ ਤੋਂ ਪਹਿਲਾਂ ਜਿਨ੍ਹਾਂ ਸਰਪਚਾਂ ਨੇ ਰੁਪਿਆ ਗਬਨ ਕੀਤਾ ਹੁੰਦਾ ਸੀ ਉਹ ਵੀ ਦੁਬਾਰਾ ਸਰਪੰਚ ਬਣ ਜਾਂਦੇ ਸਨ ਪਰ ਇਹ ਆਰਡਰ ਹੋਣ ਨਾਲ ਲੱਖਾਂ ਰੁਪਿਆ ਅਸੀਂ ਉਨ੍ਹਾਂ ਕੋਲੋਂ ਕਢਵਾਇਆ ਹੈ ਇਹ ਆਰਡਰ ਅਸੀਂ ਪੰਚਾਇਤਾਂ ਨੂੰ ਚੰਗੀ ਤਰ੍ਹਾਂ ਕੰਮ ਕਰਨ ਲਈ ਕੀਤਾ ਸੀ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਬਿਲਕੁਲ ਗਲਤ, ਇਸ ਦੇ ਉਲਟ ਕਹਿ ਰਹੇ ਹਨ । ਬਲਕਿ ਉਸ ਨੂੰ ਸਰਟੀਫਿਕੇਟ ਦਿਤਾ ਜਾਂਦਾ ਸੀ ਜਿਸ ਨੇ ਕਛਹਿਰਾ ਪਾਇਆ ਹੁੰਦਾ ਸੀ, ਕੜਾ ਪਾਇਆ ਹੁੰਦਾ ਸੀ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਇਸ ਗਲ ਨੂੰ ਚੈਲੰਜ ਕਰਦਾ ਹਾਂ; ਤੁਸੀਂ ਇਨਕੁਆਇਰੀ ਕਰਵਾ ਲਓ ।

RESOLUTION UNDER ARTICLE 213(2) (a) OF THE CONSTITUTION OF INDIA DISAPPROVING THE PUNIAB PANCHAYAT SAMITIS AND ZILA PARISHADS (TEMPORARY SUPERSESSION) SECOND AMENDMENT ORDINANCE, 1981 (PUNJAB ORDINANCE NO. 11 OF 1981) AND THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1982. (*Resumption of Consideration*)

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.) : ਸਪੀਕਰ ਸਾਹਿਬ, ਇਕ ਤਾਂ ਮੈਂ ਪ੍ਰਿਵਿਲਜ ਮੋਸ਼ਨ ਨੰਬਰ 4 ਬਾਰੇ ਕਹਿਣਾ ਹੈ ਜਿਸ ਵਿਚ ਮੈਂ ਕਿਹਾ ਸੀ ਕਿ ਟ੍ਰਿਬਿਊਨ ਅਖਬਾਰ ਨੇ ਸਾਨੂੰ ਜੋਕਰ ਕਿਹਾ ਹੈ । ਉਹ ਮੈਂ ਪੜ੍ਹ ਦਿੰਦਾ ਹਾਂ .....

> "ਜਦੋਂ ਵਿਧਾਇਕ ਸ਼ੋਰ ਸ਼ਰਾਬੇ ਤੇ ਉਤਰ ਆਉਂਦੇ ਹਨ ਜਾਂ ਸਰਕਸ ਦੇ ਜੋਕਰਾਂ ਵਾਂਗ ਪ੍ਰਦਰਸ਼ਨ ਕਰਦੇ ਹਨ ਤਾਂ ਉਹ ਪੜ੍ਹੇ ਲਿਖੇ ਅਤੇ ਸੋਚੇਤ ਵੋਟਰਾਂ ਦੀ ਨਜ਼ਰ ਵਿਚ ਆਪਣੇ ਆਪ ਨੂੰ ਡੇਗ ਲੈਂਦੇ ਹਨ ਤੇ ਉਨ੍ਹਾਂ ਦੀ ਸੇਵਾ ਨਹੀਂ ਕਰ ਰਹੇ ਹੁੰਦੇ ।"

ਇਹ 27 ਮਾਰਚ ਦੀ ਟ੍ਰਿਬਿਊਨ ਵਿਚ ਆਇਆ ਸੀ । ਇਸ ਸਬੰਧ ਵਿਚ ਮੈਂ ਪ੍ਰਿਵਿਲਜ ਮੋਸ਼ਨ ਦਿਤੀ ਸੀ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਉਹ ਮੈਂ ਡਿਸਅਲਾਓ ਕਰ ਦਿਤੀ ਸੀ। ਜੇ ਤੁਸੀਂ ਕੁਝ ਕਹਿਣਾ ਹੈ ਤਾਂ ਮੇਰੇ ਕੋਲ ਚੈਂਬਰ ਵਿਚ ਆ ਜਾਣਾ, ਡਿਸਕਸ ਕਰ ਲਵਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ** ** **

Mr. Speaker : Not to be recorded. ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਮੈਂ ਸੈਟਿਸਫਾਈ ਕਰ ਦੇਵਾਂਗਾ ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਇਹ ਜੋ ਕੁਝ ਹੁਣ ਪ੍ਰਿਵਿਲਜ ਮੋਸ਼ਨ ਬਾਰੇ ਕਹਿ ਰਹੇ ਹਨ, ਉਹ ਰਿਕਾਰਡ ਨਹੀਂ ਹੋਣਾ ਚਾਹੀਦਾ।

ਸ਼੍ਰੀ ਸਪੀਕਰ : ਇਹ ਰਿਕਾਰਡ ਨਹੀਂ ਹੋ ਰਿਹਾ।

ਸਰਦਾਰ ਦਲੀਪ ਸਿੰਘ ਪਾਂਧੀ : ਹੁਣ ਸਪੀਕਰ ਸਾਹਿਬ, ਮੈਂ ਇਸ ਬਿਲ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਆਰਡੀਨੈਂਸ ਜਾਰੀ ਕੀਤਾ ਗਿਆ ਹੈ ਇਹ ਠੀਕ ਨਹੀਂ ਹੈ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦਾ ਕੰਮ ਬਿਲਕੁਲ ਰੁਕਿਆ ਪਿਆ ਹੈ, ਕੋਈ ਡਿਵੈਲਪਮੈਂਟ ਨਹੀਂ ਹੋ ਰਹੀ । ਪੰਚਾਇਤ ਸੰਮਤੀਆਂ ਦੇ ਇਹ ਇਲੈਕਸ਼ਨ ਨਹੀਂ ਕਰਵਾ ਰਹੇ । ਬਜਾਏ ਇਲੈਕਸ਼ਨ ਕਰਾਉਣ ਦੇ ਇਹ ਹੋਰ ਪਾਸੇ ਲਗੇ ਹੋਏ ਹਨ। ਇਨ੍ਹਾਂ ਨੂੰ ਆਪਣਾ ਡਰ ਹੈ, ਹੁਣ ਇਨ੍ਹਾਂ ਦਾ ਬੋਲ ਬਾਲਾ ਨਹੀਂ ਰਿਹਾ, ਇਸ ਲਈ ਇਹ ਚੋਣਾਂ ਨਹੀਂ ਕਰਵਾਉਣਾ ਚਾਹੁੰਦੇ । ਅੱਜ ਸਰਦਾਰ ਆਤਮਾ ਸਿੰਘ ਨੇ ਇਕ ਸਵਾਲ ਕੀਤਾ ਸੀ ਭ੍ਰਿਸ਼ਟਾਚਾਰ ਦੇ ਬਾਰੇ ਤਾਂ ਉਨ੍ਹਾਂ ਨੇ ਇਸ ਹਾਊਸ ਵਿਚ ਦੱਸਿਆ ਸੀ ਕਿ ਕਿਸ ਤਰ੍ਹਾਂ ਨਾਲ ਭ੍ਰਿਸ਼ਟਾਚਾਰੀ, ਅਫਸਰਾਂ ਨੂੰ ਮੁੜ ਬਹਾਲ ਕੀਤਾ ਗਿਆ। ਬੀ. ਡੀ. ਓ. ਨੂੰ ਦੁਬਾਰਾ ਲਾਇਆ ਗਿਆ ਤਾ ਕਿ ਇਨ੍ਹਾਂ ਦੀ ਪੰਚਾਇਤਾਂ ਵਿਚ ਮਦਦ ਹੋ ਸਕੇ। ਇਹ ਸਰਕਾਰ ਬਿਲਕੁਲ ਨਿਕੰਮੀ ਹੈ ਅਤੇ ਪਿੰਡਾਂ ਦੇ ਮਾਮਲੇ ਵਿਚ ਬਿਲਕੁਲ ਫੇਲ੍ਹ ਹੋਈ ਹੈ । ਸਾਰੇ ਪੰਚ, ਸਰਪੰਚ ਜਿੰਨੇ ਹਨ ਉਹ ਬੀ. ਡੀ. ਓ. ਦੀ ਮਰਜ਼ੀ ਤੇ ਨਚਦੇ ਹਨ। ਜੇ ਉਹ ਕੋਈ ਕੰਮ ਉਸ ਦੀ ਮਰਜ਼ੀ ਨਾਲ ਨਹੀਂ ਕਰਦੇ ਤਾਂ ਉਨ੍ਹਾਂ ਤੇ 105 ਸੈਕਸ਼ਨ ਥਲੇ ਕਾਰਵਾਈ ਕੀਤੀ ਜਾਂਦੀ ਹੈ । ਜਿਹੜੇ ਵਿਰੋਧੀ ਪਾਰਟੀ ਦੇ ਪੰਚ, ਸਰ ਪੰਚ ਹਨ ਉਨ੍ਹਾਂ ਨੂੰ ਬਿਲਕੁਲ ਲਿਤਾੜਿਆ ਜਾ ਰਿਹਾ ਹੈ । ਡਿਵੈਲਪਮੈਂਟ ਰੁਕੀ ਪਈ ਹੈ। ਦੋ ਸਾਲ ਦੇ ਸਮੇਂ ਵਿਚ ਇਹ ਸਰਕਾਰ ਫੇਲ੍ਹ ਹੋਈ ਹੈ ।

ਚੌਧਰੀ ਜਗਜੀਤ ਸਿੰਘ : ** ** **

ਸ਼੍ਰੀ ਸਪੀਕਰ : ਤੁਸੀਂ ਬੈਠੋ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਪਿੰਡਾਂ ਦੀ ਗਲ ਕਰ ਰਿਹਾ ਹਾਂ, ਇਨ੍ਹਾਂ ਦੀ ਗਲ ਨਹੀਂ ਕਰ ਰਿਹਾ । ਇਹ ਆਪ ਮਾਰਕਿਟ ਕਮੇਟੀ ਦੇ ਚੇਅਰਮੈਨ ਹੁੰਦੇ ਸਨ ਤਾਂ ਕੁਰੱਪਸ਼ਨ ਚਲਦੀ ਸੀ । ਮੈਂ ਪੰਚਾਇਤ ਸੰਮਿਤੀ ਦੇ ਮੁਤੱਲਕ ਅਰਜ਼ ਕਰ ਰਿਹਾ ਹਾਂ । ਇਸ ਦਾ ਬਾਪ ਵਜ਼ੀਰ ਸੀ ਤਾਂ ਉਸ ਨੇ ** ** **

Mr. Speaker : Nothing is to be said about it.

ਸਰਦਾਰ ਦਲੀਪ ਸਿੰਘ ਪਾਂਧੀ : ਅੱਛਾ ਜੀ, ਮੈਂ ਇਹ ਅਰਜ਼ ਕਰਦਾ ਹਾਂ ਕਿ ਅੱਜ ਵੀ ਪਿੰਡਾਂ ਵਿਚ 27,363 ਏਕੜ ਜ਼ਮੀਨ ਨਜਾਇਜ਼ ਕਬਜ਼ੇ ਥਲੇ ਪਈ ਹੋਈ ਹੈ ਜਿਸ ਲਈ ਕਿ ਪੰਚ ਅਤੇ ਸਰਪੰਚ ਐਕਸਕਲੂਸਿਵ ਡਿਗਰੀ ਕਰਵਾ ਕੇ ਆਪਣੇ ਨਾਂ ਤੇ ਕਰਵਾ ਰਹੇ ਹਨ । ਸਪੀਕਰ ਸਾਹਿਬ, ਫੈਸਲਾ ਇਹ ਸੀ ਕਿ 26 ਜਨਵਰੀ, 1950 ਨੂੰ ਜਿਹੜੇ ਆਦਮੀ ਦਾ ਜਿਸ ਜ਼ਮੀਨ ਤੇ ਕਬਜ਼ਾ ਨਹੀਂ ਹੋਵੇਗਾ ਉਹ ਆਦਮੀ ਉਸ ਦਾ ਮਾਲਕ ਨਹੀਂ ਹੋ ਸਕਦਾ । ਪਰ ਤੁਸੀਂ ਵੇਖ ਲਓ ਮੈਂ ਦਸਦਾ ਹਾਂ ਕਿ ਇਕ ਅੰਮ੍ਰਿਤਸਰ ਤੋਂ ਕਾਂਗਰਸੀ ਨੂੰ ਬੁਲਾ ਕੇ ਉਸ ਨੂੰ ਸਮਾਣੇ ਵਿਚ ਕਬਜ਼ਾ ਦਿਤਾ ਗਿਆ ਹੈ ਜਿਹੜਾ ਕਿ ਨਜਾਇਜ਼ ਹੈ । ਅਸੂਲ ਇਹ ਵੀ ਹੈ ਕਿ ਨਜਾਇਜ਼ ਜ਼ਮੀਨ ਦਾ ਵੰਨ ਥਰਡ ਸ਼ੇਅਰ ਸ਼ਡਿਊਲਡ ਕਾਸਟਸ ਦੇ ਵਿਅਕਤੀਆਂ ਨੂੰ ਮਿਲੇਗਾ ਪਰ ਉਹ ਨਹੀਂ ਮਿਲ ਰਿਹਾ । ਉਹ ਜ਼ਮੀਨਾਂ ਨਿਲਾਮ ਹੋ ਰਹੀਆਂ ਹਨ । ਮੈਂ ਇਕ ਹੋਰ ਦੱਸਦਾ ਹਾਂ ਕਿ ਕੋਲਗੜ੍ਹ ਦਾ ਇਕ ਸਰਪੰਚ ਸਸਪੈਂਡ ਕੀਤਾ ਗਿਆ । ਇਨ੍ਹਾਂ ਨੂੰ ਉਸਨੂੰ 20 ਹਜ਼ਾਰ ਰੁਪਿਆ ਦੇਣਾ ਪੈਣਾ ਹੈ । ਪੰਚਾਇਤਾਂ ਦੇ ਮਹਿਕਮੇ ਵਿਚ ਬੜੀ ਭਾਰੀ ਘਪਲੇਬਾਜ਼ੀ ਹੋ ਰਹੀ ਹੈ। ਕੁਲੈਕਟਰ ਦੀਆਂ ਪਾਵਰਜ਼ ਮੇਰੇ ਜ਼ਿਲ੍ਹੇ ਵਿਚ ਕਿਸ ਢੰਗ ਨਾਲ ਵੰਡੀਆਂ ਗਈਆਂ ਹਨ। ਜਿਵੇਂ ਸਰਹਿੰਦ ਬਲਾਕ ਦੀਆਂ ਪਾਵਰਜ਼ ਡਿਪਟੀ ਡਾਇਰੈਕਟਰ, ਪਟਿਆਲਾ ਕੋਲ ਅਤੇ ਨਾਭੇ ਬਲਾਕ ਦੀਆਂ ਪਾਵਰਜ਼ ਪ੍ਰਿੰਸੀਪਲ ਗਰਾਮ ਸੇਵਕ, ਟਰੇਨਿੰਗ ਸੈਂਟਰ, ਨਾਭਾ ਨੂੰ ਦਿੱਤੀਆਂ ਗਈਆਂ ਹਨ ਜਦ ਕਿ ਸਾਰੇ ਪੰਜਾਬ ਵਿਚ ਇਹ ਪਾਵਰਜ਼ ਐਸ.ਡੀ.ਓ. (ਸ਼ਿਵਲ) ਕੋਲ ਹਨ। ਇਸ ਇਲਾਕੇ ਦੇ ਲੋਕ ਤੰਗ ਹੋ ਰਹੇ ਹਨ ਕਿਉਂਕਿ ਅਸੀਂ ਵਿਰੋਧੀ ਪਾਰਟੀ ਨਾਲ ਸਬੰਧ ਰੱਖਦੇ ਹਾਂ। ਜੇਕਰ ਅਸੀਂ ਕਹਿੰਦੇ ਹਾਂ ਤਾਂ ਕੋਈ ਸਾਡੀ ਸੁਣਦਾ ਨਹੀਂ ਹੈ । ਸਾਡੇ ਇਲਾਕੇ ਦੇ ਸਰਪੰਚਾਂ ਨੂੰ ਲਿਤਾੜਿਆ ਜਾ ਰਿਹਾ ਹੈ। ਕੁਲੈਕਟਰਜ਼ ਨੂੰ ਪਾਵਰਜ਼ ਇਸ ਕਰਕੇ ਦਿੱਤੀਆਂ ਗਈਆਂ ਤਾਂਕਿ ਨਜਾਇਜ਼ ਜ਼ਮੀਨਾਂ ਦੇ ਕਬਜ਼ੇ ਛੁਡਵਾਏ ਜਾ ਸਕਣ । ਚਨਾਰਥਲ ਖੁਰਦ ਪਿੰਡ ਵਿਚ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਇਨਕੁਆਇਰੀ ਦੇ ਆਰਡਰ ਹੋ ਚੁੱਕੇ ਹਨ ਪਰ ਇਹ ਇਨਕੁਆਇਰੀ ਕੋਈ ਕਰਦਾ ਨਹੀਂ ਹੈ। ਸਰਪੰਚਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਜ਼ਮੀਨਾਂ ਦੀਆਂ ਐਕਸਕਲੂਸਿਵ ਡਿਗਰੀਆਂ ਹੋ ਰਹੀਆਂ ਹਨ ਅਤੇ ਜ਼ਮੀਨਾਂ ਤੇ ਕਬਜ਼ਾ ਕੀਤਾ ਜਾ ਰਿਹਾ ਹੈ। ਸਰਹਿੰਦ ਬਲਾਕ ਵਿਚ ਪਿੰਡ ਭਾਂਬਰੀ ਹੈ, ਇਸ ਪਿੰਡ ਦੇ ਕਾਂਗਰਸੀ ਨੇ ਪਿੰਡ ਦੀ ਗਲੀ ਬੰਦ ਕਰਵਾ ਦਿੱਤੀ ਅਤੇ ਪਿੰਡ ਦਾ ਸਾਰਾ ਪਾਣੀ ਖੜਾ ਹੋ ਗਿਆ ਹੈ ਪਰ ਉਸ ਨੂੰ ਠੀਕ ਕਰਨ ਲਈ ਕੋਈ ਤਿਆਰ ਨਹੀਂ ਹੈ। ਅਫਸਰ ਵੀ ਕਾਂਗਰਸੀਆਂ ਦੇ ਨਾਲ ਮਿਲੇ ਹੋਏ ਹਨ। ਇਨ੍ਹਾਂ ਦੀ ਪਾਰਟੀ ਵਿਚੋਂ ਹੁਣ ਮੇਨਕਾ ਚਲੀ ਗਈ ਹੈ । ਇਨ੍ਹਾਂ ਨੂੰ ਕੁਲੈਕਟਰ ਦੀਆਂ ਪਾਵਰਜ਼ ਨੂੰ ਫੇਅਰਲੀ ਵਰਤਣਾ ਚਾਹੀਦਾ ਹੈ। ਇਹ ਮਾਮਲੇ ਨੂੰ ਸਿਵਲ ਕੋਰਟ ਵਿਚ ਜਾਣ ਹੀ ਨਹੀਂ ਦਿੰਦੇ। ਇਸ ਲਈ ਤੁਸੀਂ ਪਾਵਰਜ਼ ਨੂੰ ਠੀਕ ਤਰੀਕੇ ਨਾਲ ਵਰਤਿਆ ਕਰੋ ਅਤੇ ਘਪਲੇਬਾਜ਼ੀ ਨੂੰ ਖਤਮ ਕਰੋ। (ਘੰਟੀ) ਸਪੀਕਰ ਸਾਹਿਬ, ਹਰ ਸਰਪੰਚ ਨੂੰ ਹਾੜੀ ਅਤੇ ਸਾਉਣੀ ਵਿਚ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੀਟਿੰਗ ਕਰਨੀ ਚਾਹੀਦੀ ਹੈ ਪਰ ਕੋਈ ਮੀਟਿੰਗ ਨਹੀਂ ਹੁੰਦੀ। ਮੀਟਿੰਗ ਦੇ ਅੰਗੂਠੇ ਮੈਂਬਰਾਂ ਤੋਂ ਲਗਵਾ ਲਏ ਜਾਂਦੇ ਹਨ। ਐਕਸਕਲੂਸਵਲੀ ਡਿਗਰੀਆਂ ਲਈਆਂ ਜਾਂਦੀਆਂ ਹਨ । ਇਨ੍ਹਾਂ ਦੇ ਖਿਲਾਫ ਸਰਕਾਰ ਨੂੰ ਰੂਲ 7 ਦੇ ਅਧੀਨ ਗ੍ਰਾਮ ਪੰਚਾਇਤ ਕਾਮਨ ਲੈਂਡ ਐਕਟ ਰਾਹੀਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਸਮਾਣਾ ਅਤੇ ਪੰਜਾਬ ਵਿਚ ਹੋਰ ਕਈ ਜਗ੍ਹਾਂ ਤੇ ਵੱਡੇ ਵੱਡੇ ਸਰਮਾਏਦਾਰਾਂ ਨੇ ਪੰਚਾਇਤਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕੀਤਾ ਹੋਇਆ ਹੈ, ਇਨ੍ਹਾਂ ਜ਼ਮੀਨਾਂ ਨੂੰ ਛੁਡਵਾ ਕੇ ਇਸ ਦਾ 1/3 ਹਿੱਸਾ ਸ਼ਡਿਊਲਡ ਕਾਸਟਾਂ ਵਿਚ ਵੰਡ ਦਿੱਤਾ ਜਾਵੇ ਜਾਂ ਫੇਰ ਇਨ੍ਹਾਂ ਲੋਕਾਂ ਦੀਆਂ ਸੁਸਾਇਟੀਆਂ ਬਣਾ ਕੇ ਜ਼ਮੀਨਾਂ ਵਾਹੀ ਲਈ ਦੇ ਦੇਣੀਆਂ ਚਾਹੀਦੀਆਂ ਹਨ।

Mr. Speaker: Wind up please.

ਸਰਦਾਰ ਦਲੀਪ ਸਿੰਘ ਪਾਂਧੀ: ਬਸ, ਸਪੀਕਰ ਸਾਹਿਬ, ਮੈਂ ਖਤਮ ਕਰਨ ਵਾਲਾ ਹਾਂ । ਸਰਕਾਰ ਨੂੰ ਬਾਗੜੀਆਂ ਭਾਈਕਾ ਦੀ ਗੱਲ ਸੁਣਨੀ ਚਾਹੀਦੀ ਹੈ । ਜਿਥੇ ਗਰੀਬਾਂ ਦਾ ਬਾਈਕਾਟ ਹੋਵੇ, ਸ਼ਡਿਊਲਡ ਕਾਸਟਾਂ ਦਾ ਬਾਈਕਾਟ ਹੋਵੇ ਉਥੇ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਮੱਦਦ ਕਰੇ । ਇਸ ਪੰਚਾਇਤੀ ਰਾਜ ਦੇ ਮਹਿਕਮੇ ਵਿਚ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਨਹੀਂ ਹੈ, ਇਸ ਨੂੰ ਪੂਰਾ ਕਰਨਾ ਚਾਹੀਦਾ ਹੈ । ਇਹ ਜਿਹੜੀ ਆਰਡੀਨੈਂਸ ਰਾਹੀਂ ਸਰਕਾਰ ਨੇ ਅਮੈਂਡਮੈਂਟ ਲਿਆਂਦੀ ਹੈ ਇਸ ਨੂੰ ਵਾਪਿਸ ਲਿਆ ਜਾਵੇ ਅਤੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਦਾ ਐਲਾਨ ਕਰੇ ਤਾਕਿ ਉਹ ਵੀ ਕੰਮ ਕਾਰ ਸਕਣ। (ਘੰਟੀ)

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ): ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਸਬੰਧ ਵਿਚ ਜ਼ਿਕਰ ਕਰਦਾ ਹਾਂ ਕਿ ਬਹੁਤ ਦੇਰ ਹੋ ਚੁੱਕੀ ਹੈ, ਪੰਚਾਇਤਾਂ ਦੀਆਂ ਇਲੈਕਸ਼ਨਾਂ ਸਰਕਾਰ ਨਹੀਂ ਕਰਵਾ ਸਕੀ। ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਵੀ ਨਹੀਂ ਹੋਈਆਂ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਟਰਮ ਮੁਕ ਗਈ ਸੀ ਅਤੇ ਇਹ ਕਿਹਾ ਜਾਂਦਾ ਸੀ ਕਿ ਅਸੀਂ ਜਲਦੀ ਹੀ ਕਰਵਾ ਦੇਵਾਂਗੇ। ਫੇਰ ਅਕਾਲੀ ਜਨਤਾ ਰਾਜ ਵੇਲੇ ਵੀ ਨਹੀਂ ਹੋਈਆਂ । ਮੇਰੇ ਜ਼ਿਲ੍ਹੇ ਵਿਚ ਕਾਂਗਰਸੀ ਮੈਂਬਰਾਂ ਨੂੰ ਜ਼ਿਲ੍ਹਾ ਪ੍ਰੀਸ਼ਦ ਲਈ ਨੌਮੀਨੇਟ ਕੀਤਾ ਸੀ ਪਰ ਇਸ ਵਿਚ ਆਪਸੀ ਧੜੇਬਾਜ਼ੀ ਹੋਣ ਕਰਕੇ ਕੋਈ ਮੀਟਿੰਗ ਨਹੀਂ ਹੋ ਸਕੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਨੇ ਕੋਈ ਫੰਕਸ਼ਨ ਨਹੀਂ ਕੀਤਾ। ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸੰਮਤੀਆਂ ਅਤੇ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਕਰਵਾ ਦੇਣੀਆਂ ਚਾਹੀਦੀਆਂ ਹਨ। (ਘੰਟੀ)

10.46
ਪੂਰਵ ਦੁਪਹਿਰ

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਮੇਰੇ ਇਲਾਕੇ ਵਿਚ ਇਕ ਗੁਬਵਾ ਪਿੰਡ ਹੈ। ਇਹ ਹਰੀਜਨਾਂ ਦਾ ਪਿੰਡ ਹੈ । ਇਥੇ ਪਿੰਡ ਦੇ ਰਹਿਣ ਵਾਲੇ ਸਾਰੇ ਗਰੀਬ ਲੋਕ ਹਨ। ਇਸ ਪਿੰਡ ਦੀ ਗ੍ਰਾਂਟ 40 ਹਜ਼ਾਰ ਰੁਪਏ ਦੀ ਮਨਜ਼ੂਰ ਹੋਈ ਸੀ ਪਰ ਹੁਣ ਉਸ ਗ੍ਰਾਂਟ ਨੂੰ ਕੈਂਸਲ ਕੀਤਾ ਜਾ ਰਿਹਾ ਹੈ । ਇਸ ਨੂੰ ਕੈਂਸਲ ਨਹੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਕਰਨਾ ਚਾਹੀਦਾ। ਸਰਕਾਰ ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤਾਂ ਦੀਆਂ ਚੋਣਾਂ ਜਲਦੀ ਤੋਂ ਜਲਦੀ ਕਰਵਾ ਦੇਣੀਆਂ ਚਾਹੀਦੀਆਂ ਹਨ ਅਤੇ ਇਥੇ ਪੰਚਾਂ ਅਤੇ ਸਰਪੰਚਾਂ ਨੂੰ ਨੌਮੀਨੇਟ ਨਾ ਕੀਤਾ ਜਾਵੇ। (ਘੰਟੀ) ਮੇਰੇ ਹਲਕੇ ਵਿਚ ਭੂੰਦੜ ਪਿੰਡ ਹੈ। ਇਹ ਬਹੁਤ ਵੱਡਾ ਪਿੰਡ ਹੈ (ਵਿਘਨ) ਇਸ ਪਿੰਡ ਦੇ ਸਰਪੰਚ ਨੂੰ ਮਹਿਕਮੇ ਨੇ ਜਾਣ ਬੁਝ ਕੇ ਸਸਪੈਂਡ ਕਰ ਦਿੱਤਾ ਹੈ ਅਤੇ ਉਸ ਦੀ ਥਾਂ ਤੇ ਨੌਮੀਨੇਟ ਸਰਪੰਚ ਲਗਾ ਰਹੀ ਹੈ। ਇਸ ਤਰ੍ਹਾਂ ਸਰਕਾਰ ਨੂੰ ਨਹੀਂ ਕਰਨਾ ਚਾਹੀਦਾ। ਉਸ ਸਰਪੰਚ ਦੀ ਕੋਈ ਗਲਤੀ ਨਹੀਂ ਹੈ। ਉਸ ਨੂੰ ਇਸ ਕਰਕੇ ਸਸਪੈਂਡ ਕੀਤਾ ਗਿਆ ਕਿਉਂਕਿ ਉਹ ਇਨ੍ਹਾਂ ਦੀ ਪਾਰਟੀ ਦਾ ਨਹੀਂ ਹੈ।

ਕਾਮਰੇਡ ਅਮਰ ਸਿੰਘ (ਲਹਿਰਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਸਰਕਾਰ ਨੇ ਆਰਡੀਨੈਂਸ ਤੋਂ ਬਾਅਦ ਅਮੈਂਡਮੈਂਟ ਕਰਕੇ ਲਿਆਂਦਾ ਹੈ, ਇਹ ਬੜਾ ਗਲਤ ਤਰੀਕਾ ਹੈ। ਸਰਕਾਰ ਹਾਊਸ ਵਿਚ ਅਮੈਂਡਮੈਂਟ ਕਰਵਾਉਣ ਤੋਂ ਕਿਉਂ ਭੱਜਦੀ ਹੈ। ਇਸ ਬਿਲ ਨੂੰ ਡੈਮੋਕਰੇਸੀ ਦੇ ਤਰੀਕੇ ਨਾਲ ਅਮੈਂਡ ਕੀਤਾ ਜਾਣਾ ਚਾਹੀਦਾ ਹੈ ਪਰ ਇਹ ਹਰ ਕੰਮ ਆਰਡੀਨੈਂਸ ਰਾਹੀਂ ਕਰਦੇ ਹਨ। ਇਨ੍ਹਾਂ ਨੂੰ ਇਸ ਦੀ ਅਮੈਂਡਮੈਂਟ ਨੂੰ ਵੋਟਾਂ ਪਵਾ ਕੇ ਪਾਸ ਕਰਵਾਉਣਾ ਚਾਹੀਦਾ ਹੈ। ਜਿਸ ਤਰ੍ਹਾਂ ਕਲ੍ਹ ਇਥੇ ਰਾਜ ਸਭਾ ਦੀ ਇਲੈਕਸ਼ਨ ਵੇਲੇ ਤੁਹਾਡੀ ਪਾਰਟੀ ਦੇ ਇਕ ਮੈਂਬਰ ਨੇ ਅਮਰਜੀਤ ਕੌਰ ਨੂੰ ਵੋਟ ਨਹੀਂ ਪਾਈ। ਉਸ ਨੇ ਉਸ ਦੇ ਵਿਰੋਧ ਵਿਚ ਵੋਟ ਪਾਈ ਕਿਉਂਕਿ ਉਹ ਸਮਝਦਾ ਹੈ ਕਿ ਇਹ ਨੌਮੀਨੇਟਿਡ ਮੈਂਬਰ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦੇ। (ਵਿਘਨ) ਹਜ਼ਾਰਾਂ ਏਕੜਾਂ ਜ਼ਮੀਨ ਤੇ ਵੱਡੇ ਵੱਡੇ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ, ਇਨ੍ਹਾਂ ਤੋਂ ਕਬਜ਼ੇ ਛੁਡਵਾਉਣੇ ਚਾਹੀਦੇ ਹਨ ਅਤੇ ਗਰੀਬਾਂ ਵਿਚ ਜ਼ਮੀਨਾਂ ਵੰਡ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਮੇਰੀ ਬੇਨਤੀ ਹੈ ਕਿ ਤੁਸੀਂ ਪੰਚਾਇਤਾਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਇਲੈਕਸ਼ਨਾਂ ਮਈ, ਜੂਨ ਦੇ ਮਹੀਨੇ ਵਿਚ ਕਰਵਾ ਦਿਓ ਤਾਕਿ ਇਲੈਕਟਿਡ ਸਰਪੰਚ ਅਤੇ ਪੰਚ ਸਹੀ ਮਾਅਨਿਆਂ ਵਿਚ ਲੋਕਾਂ ਦੀ ਨੁਮਾਇੰਦਗੀ ਕਰ ਸਕਣ। ਡਾਇਰੈਕਟਰ ਕਈ ਅਕਾਲੀ ਪਾਰਟੀ ਦੇ ਸਰਪੰਚਾਂ ਨੂੰ ਜਾਣ ਬੁਝ ਕੇ ਸਸਪੈਂਡ ਕਰ ਰਿਹਾ ਹੈ ਅਤੇ ਕਾਂਗਰਸੀਆਂ ਨੂੰ ਉਥੇ ਨੌਮੀਨੇਟ ਕਰੀ ਜਾ ਰਿਹਾ ਹੈ। ਇਸ ਨੂੰ ਰੋਕਣਾ ਚਾਹੀਦਾ ਹੈ। ਸਰਕਾਰ ਇਸ ਬਿਲ ਨੂੰ ਵਾਪਸ ਲਏ ਅਤੇ ਰਾਜ ਵਿਚ ਜਲਦੀ ਤੋਂ ਜਲਦੀ ਇਲੈਕਸ਼ਨਾਂ ਦਾ ਐਲਾਨ ਕਰੇ। ਇਸ ਦੇ ਨਾਲ ਹੀ ਮਾਰਕਿਟ ਕਮੇਟੀਆਂ ਦੀਆਂ ਇਲੈਕਸ਼ਨਾਂ ਜਲਦੀ ਤੋਂ ਜਲਦੀ ਕਰਵਾ ਦੇਣੀਆਂ ਚਾਹੀਦੀਆਂ ਹਨ।

ਸਰਦਾਰ ਬੀਰਦਵਿੰਦਰ ਸਿਘ (ਸਰਹਿੰਦ): ਡਿਪਟੀ ਸਪੀਕਰ ਸਾਹਿਬ, ਮੈਂ ਸੋਧਨਾ ਬਿਲ 1982 ਪੰਜਾਬ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਜੋ ਪੇਸ਼ ਹੋਇਆ ਹੈ, ਉਸ ਤੇ ਆਪਣ ਵਿਚਾਰ ਰਖਣ ਲਈ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲਾਂ ਵਿਚ ਇਹ ਦੇਖਣ ਵਿਚ ਆਇਆ ਹੈ ਕਿ ਪੰਚਾਇਤੀ ਰਾਜ ਸਿਸਟਮ ਬਾਰੇ ਜੋ ਸਾਡੇ ਕੰਸਟੀਚਿਊਸ਼ਨ ਵਿਚ ਤਹਿ ਹੋਇਆ ਸੀ ਉਸ ਨੂੰ ਲਗਾਤਾਰ ਕਈ ਸਾਲਾਂ ਤੋਂ ਬੇਜਾਨ ਬਣਾ ਦਿਤਾ ਗਿਆ, ਜਿਵੇਂ ਕਿ ਪਹਿਲਾਂ ਵੀ ਇਸ ਬਾਰੇ ਜ਼ਿਕਰ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਨੂੰ ਜੋ ਪਾਵਰਾਂ ਸਨ, ਜਿਸ ਤਰੀਕੇ ਨਾਲ ਪੰਚਾਇਤ ਸੰਮਤੀ ਆਪਣੇ ਅਧਿਕਾਰ ਖੇਤਰ ਵਿਚ ਡਿਵੈਲਪਮੈਂਟ ਕਰਦੀ ਸੀ ਅੋਰ ਜਿਤਨੀ ਡਿਵੈਲਪਮੈਂਟ ਕੰਸਟੀਚਿਊਸ਼ਨ ਵਿਚ ਸੀ, ਉਹ ਕੋਆਰਡੀਨੇਟ ਕਰਦੇ ਸਨ। ਡਿਪਟੀ ਸਪੀਕਰ ਸਾਹਿਬ, ਜੇਕਰ ਤੁਸੀਂ ਦੇਖੋ ਤਾਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਬਲਾਕ ਅਫਸਰਾਂ ਨਾਲ ਸਿੱਧੇ ਤੌਰ ਤੇ ਸਬੰਧ ਰਖਦੇ ਹਨ। ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦਾ ਬਲਾਕ ਅਫਸਰਾਂ

Original with;
Punjab Vidhan Sabha
Digitized by;
Panjab Digital Library

ਉਤੇ ਕੋਈ ਕੰਟਰੋਲ ਨਹੀਂ ਹੈ, ਜਿਤਨੇ ਵੀ ਇੰਸਪੈਕਸ਼ਨ ਅਫਸਰ ਹਨ ਉਨ੍ਹਾਂ ਨੇ ਇਕ ਇਕ ਕਰਕੇ ਸਾਰੇ ਅਧਿਕਾਰ ਬਲਾਕ ਸੰਮਤੀਆਂ ਕੋਲੋਂ ਲੈ ਲਏ ਹਨ। ਇਸੇ ਤਰ੍ਹਾਂ ਹੀ ਜ਼ਿਲ੍ਹਾ ਪ੍ਰੀਸ਼ਦ ਦਾ ਹਾਲ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੇਰੀ ਇਕ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਗੁਜ਼ਾਰਿਸ਼ ਹੈ ਅਤੇ ਮੇਰੇ ਤੋਂ ਪਹਿਲਾਂ ਚੌਧਰੀ ਜਗਜੀਤ ਸਿੰਘ ਹੋਰਾਂ ਨੇ ਵੀ ਕਿਹਾ ਹੈ ਕਿ ਸਰਦਾਰ ਆਤਮਾ ਸਿੰਘ ਵੇਲੇ ਤਕਰੀਬਨ ਦੋ ਤਿੰਨ ਸਾਲ ਜਦੋਂ ਉਨ੍ਹਾਂ ਦੀ ਸਰਕਾਰ ਸੀ ਤਾਂ ਉਹ ਸਰਕਾਰ ਕਨਫਿਊਜ਼ਨ ਵਿਚ ਰਹੀ ਕਿ ਪੰਜਾਬ ਵਿਚ ਪੰਚਾਇਤੀ ਰਾਜ ਕਿਸ ਕਿਸਮ ਦਾ ਲਾਗੂ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਬਲਵੰਤ ਰਾਏ ਮਹਿਤਾ ਕਮੇਟੀ ਦੀ ਰਿਪੋਰਟ ਵੀ ਇਨ੍ਹਾਂ ਦੇ ਸਾਹਮਣੇ ਸੀ ਪਰ ਅਕਾਲੀ ਸਰਕਾਰ ਇਹ ਫੈਸਲਾ ਨਹੀਂ ਕਰ ਸਕੀ ਕਿ ਪੰਜਾਬ ਵਿਚ ਥਰੀ ਟਾਇਰ ਸਿਸਟਮ ਲਾਗੂ ਹੋਵੇ ਜਾਂ ਟੂ ਟਾਇਰ ਸਿਸਟਮ ਲਾਗੂ ਹੋਵੇ। ਪੰਚਾਇਤੀ ਰਾਜ ਦੀ ਕਿਹੜੀ ਪ੍ਰਣਾਲੀ ਪੰਜਾਬ ਵਿਚ ਲਾਗੂ ਕੀਤੀ ਜਾਵੇ, ਇਹ ਇਸ ਚੀਜ਼ ਦਾ ਫੈਸਲਾ ਨਹੀਂ ਕਰ ਸਕੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਲਾਰਾ ਦਿਤਾ ਕਿ ਪੰਜਾਬ ਵਿਚ ਪੰਚਾਇਤੀ ਰਾਜ ਦੀ ਨਵੀਂ ਪ੍ਰਣਾਲੀ ਲਾਗੂ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਭੰਗ ਕਰ ਦਿਤਾ। ਪੰਚਾਇਤਾਂ ਦੀਆਂ ਚੋਣਾਂ ਠੀਕ ਸਮੇਂ ਨਹੀਂ ਹੋਈਆਂ। ਡਿਪਟੀ ਸਪੀਕਰ ਸਾਹਿਬ, ਮੈਂ ਉਸ ਵੇਲੇ ਬਲਾਕ ਸੰਮਤੀ ਬਸੀ ਪਠਾਣਾਂ ਦਾ ਚੇਅਰਮੈਨ ਹੁੰਦਾ ਸੀ। ਮੇਰੇ ਤੇ ਵੀ ਅਕਾਲੀਆਂ ਵਲੋਂ ਹਮਲਾ ਕੀਤਾ ਗਿਆ ਪਰ ਮੈਂ ਡਟਿਆ ਰਿਹਾ। 16 ਅਗਸਤ, 1978 ਨੂੰ ਸਵੇਰੇ 4.00 ਵਜੇ ਮੈਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਅਤੇ ਪਟਿਆਲੇ ਜੇਲ੍ਹ ਵਿਚ ਲਿਆਂਦਾ ਗਿਆ। ਮੇਰੇ ਤੇ ਝੂਠਾ ਮੁਕੱਦਮਾ ਇਨ੍ਹਾਂ ਵਲੋਂ ਬਣਾਇਆ ਗਿਆ। ਡਿਪਟੀ ਸਪੀਕਰ ਸਾਹਿਬ, ਮੈਂ ਜੇਲ੍ਹ ਵਿਚੋਂ ਹੀ ਨਾਮੀਨੇਸ਼ਨ ਦੇ ਕਾਗਜ਼ ਭਰ ਦਿਤੇ ਅਤੇ ਇਲੈਕਸ਼ਨ ਜਿਤੀ। ਇਸ ਗਲ ਦਾ ਜ਼ਿਕਰ ਮੈਂ ਇਸ ਕਰਕੇ ਕੀਤਾ ਹੈ ਕਿ ਸਾਬਕਾ ਵਿਕਾਸ ਮੰਤਰੀ ਜੀ ਨੇ ਹਾਊਸ ਵਿਚ ਉਸ ਵੇਲੇ ਕਿਹਾ ਸੀ ਕਿ ਚੋਣਾਂ ਵਿਚ ਕਿਸੇ ਕਿਸਮ ਦੀ ਗਲਤੀ ਜਾਂ ਵਧੀਕੀ ਨਹੀਂ ਕੀਤੀ ਗਈ। ਦੂਸਰਾ ਡਿਪਟੀ ਸਪੀਕਰ ਸਾਹਿਬ, 16 ਅਗਸਤ, 1978 ਨੂੰ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਜੋ ਵੋਟਰ ਲਿਸਟ ਸੀ, ਉਹ ਬਣ ਚੁਕੀ ਸੀ। 1978 ਤੋਂ ਲੈ ਕੇ 1980 ਤਕ ਸਾਹਮਣੇ ਬੈਠੇ ਵੀਰ ਸੋਚਦੇ ਹੀ ਰਹੇ। ਇਹ ਦੋ ਸਾਲ ਦਾ ਸਮਾਂ ਕਾਫੀ ਹੁੰਦਾ ਹੈ। ਇਹ ਫੈਸਲਾ ਕਰਨ ਲਈ ਕਿ ਚੋਣਾਂ ਕਰਵਾਉਣੀਆਂ ਹਨ ਜਾਂ ਨਹੀਂ ਕਰਵਾਉਣੀਆਂ ਅੱਰ ਇਹ ਫੈਸਲਾ ਕਰਨ ਲਈ ਕਿ ਪੰਜਾਬ ਵਿਚ ਟੂ ਟਾਇਰ ਸਿਸਟਮ ਲਾਗੂ ਕਰਨਾ ਹੈ ਜਾਂ ਥਰੀ ਟਾਇਰ ਸਿਸਟਮ ਲਾਗੂ ਕਰਨਾ ਹੈ, ਡਿਪਟੀ ਸਪੀਕਰ ਸਾਹਿਬ, ਫੈਸਲਾ ਨਹੀਂ ਸੀ ਕਰ ਸਕੇ। ਪੰਚਾਇਤੀ ਰਾਜ ਸਿਸਟਮ ਵਿਚ ਮੁਢਲੀ ਤਬਦੀਲੀ ਲਿਆਉਣ ਦੀ ਲੋੜ ਹੈ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਸਿਰਫ ਇਹੀ ਬੇਨਤੀ ਕਰਨੀ ਹੈ ਕਿ :-- They should be brought under the effective control of Panchayat Samitis and Zila Parishads ਤਾਕਿ ਪਿੰਡਾਂ ਦੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੀ ਸਹੀ ਸੇਵਾ ਕਰ ਸਕਣ। ਡਿਪਟੀ ਸਪੀਕਰ ਸਾਹਿਬ, ਏਨਾਕ ਡਿਵੈਲਪਮੈਂਟ ਅਫਸਰ ਜਿਹੜੇ ਹੋਣ, ਉਹ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮਤਹਿਤ ਹੋਣ। ਉਨ੍ਹਾਂ ਅਫਸਰਾਂ ਦੀਆਂ ਕਨਫੀਡੈਂਸ਼ਲ ਰਿਪੋਰਟਾਂ ਪੰਚਾਇਤ ਸੰਮਤੀ ਦੇ ਚੇਅਰਮੈਨ ਲਿਖਣ ਤਾਂਕਿ ਉਹ ਉਨ੍ਹਾਂ ਅਫਸਰਾਂ ਦੇ ਕੰਮ ਨੂੰ ਵੇਖ ਸਕਣ। ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਉਨ੍ਹਾਂ ਅਫਸਰਾਂ ਤੇ ਕੰਟ੍ਰੋਲ ਹੋਵੇ, ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਉਨ੍ਹਾਂ ਦੇ ਕੰਮ ਕਾਰ ਵਿਚ ਟਿਪਣੀ ਕਰ ਸਕਣ ।

ਦੂਸਰਾ, ਡਿਪਟੀ ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਏਜੰਸੀ ਜੋ ਹੁੰਦੀ ਹੈ, ਉਹ ਸਾਰੇ ਜ਼ਿਲ੍ਹੇ ਵਿਚ ਇੱਕ ਹੀ ਹੁੰਦੀ ਹੈ ਅਤੇ ਜੋ ਆਦਮੀ ਦਰਖਾਸਤ ਦਿੰਦਾ ਹੈ, ਉਸ ਦਾ ਰਿਕਾਰਡ ਸਿਰਫ ਰੂਰਲ ਡਿਵੈਲਪਮੈਂਟ ਏਜਸੀ ਦੇ ਹੈਡਕੁਆਰਟਰ ਕੋਲ ਹੀ ਹੁੰਦਾ ਹੈ। ਉਹ ਸਾਰਾ ਰਿਕਾਰਡ ਬਲਾਕ ਸੰਮਤੀ ਕੋਲ ਵੀ ਹੋਣਾ ਚਾਹੀਦਾ ਹੈ ਤਾਂਕਿ ਜਕਰ ਉਹ ਆਦਮੀ ਜਿਸ ਨੇ ਦਰਖਾਸਤ ਦਿੱਤੀ ਹੁੰਦੀ ਹੈ, ਉਹ ਪਤਾ ਕਰਨ ਲਈ ਬਲਾਕ ਸੰਮਤੀ ਕੋਲ ਜਾਵੇ ਤਾਂ ਉਸ ਆਦਮੀ ਨੂੰ ਉਥੋਂ ਹੀ ਪਤਾ ਲਗ ਸਕੇ ਪਰ ਇਸ ਵਕਤ ਕੋਈ ਰਿਕਾਰਡ ਬਲਾਕ ਸਮਤੀ ਕੋਲ ਨਹੀਂ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਬਕਾਇਦਾ ਸਾਰਾ ਰਿਕਾਰਡ ਬਲਾਕ ਸੰਮਿਤੀ ਕੋਲ ਹੋਵੇ ਅਤੇ ਚਿੱਠੀ ਪੱਤਰ ਆਉਂਦੀ ਜਾਂਦੀ ਰਹੇ ਜੋ ਕਾਰਵਾਈ ਹੈਡਕੁਆਟਰ ਤੇ ਹੋਵੇ । ਸਾਹਮਣੇ ਬੈਠੇ ਵੀਰਾਂ ਨੇ ਪਿਛੇ ਦੋ ਸਾਲ ਦਾ ਸਮਾਂ ਲੰਘਾ ਦਿਤਾ ਪਰ ਕੋਈ ਫੈਸਲਾ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸੋਧਨਾ ਬਿਲ ਹੁਣ ਲਿਆਂਦਾ ਹੈ, ਇਹ ਬੜਾ ਚੰਗਾ ਕੀਤਾ ਹੈ। ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਹਰ ਪੱਖੋਂ ਵਿਚਾਰ ਕਰ ਲੈਣੀ ਚਾਹੀਦੀ ਹੈ। ਸਰਕਾਰ ਨੂੰ ਹਰ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ। ਪਿੰਡਾਂ ਵਿਚ ਜੋ ਪਾਪੂਲਰ ਬੰਦੇ ਅਗੇ ਨਹੀਂ ਆ ਸਕੇ, ਉਨ੍ਹਾਂ ਦਾ ਵੀ ਸਰਕਾਰ ਨੂੰ ਖਿਆਲ ਰਖਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਜੋ ਮੌਜੂਦਾ ਵੋਟਰ ਲਿਸਟਾਂ ਹਨ, ਉਸ ਹਿਸਾਬ ਨਾਲ ਚੋਣਾ ਕਰਵਾਉਣੀਆਂ ਹਨ ਜਾਂ ਪੰਚਾਇਤ ਸੰਮਿਤੀ ਦੀਆਂ ਨਵੀਆਂ ਚੋਣਾ ਹੋਣ ਤੋਂ ਬਾਅਦ ਉਸ ਮੁਤਾਬਿਕ ਚੋਣਾ ਕਰਵਾਉਣੀਆਂ ਹਨ, ਇਸ ਸਾਰੀ ਚੀਜ਼ ਦਾ ਫੈਸਲਾ ਸਰਕਾਰ ਨੂੰ ਜਲਦੀ ਤੋਂ ਜਲਦੀ ਕਰ ਲੈਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਲੋਕਾਂ ਨੂੰ ਮੁਸੀਬਤਾਂ ਦਾ ਸਾਹਮਣਾ ਨਾ ਕਰਨਾ ਪਵੇ। ਪਿੰਡਾਂ ਵਿਚ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਮਜ਼ਬੂਤ ਹੋਣ। ਪਿੰਡਾਂ ਦੀ ਡਿਵੈਲਪਮੈਂਟ ਤੇ ਪੰਚਾਇਤ ਸੰਮਤੀਆਂ ਦੇ ਮੈਂਬਰ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੈਂਬਰ ਨਿਗਾਹ ਰਖ ਸਕਣ। ਉਨ੍ਹਾਂ ਨੂੰ ਕੋਈ ਤਕਲੀਫਾਂ ਦਾ ਸਾਹਮਣਾ ਨਾ ਕਰਨਾ ਪਵੇ। ਪਿੰਡਾਂ ਵਿਚੋਂ ਹੀ ਅਤੇ ਆਮ ਲੋਕਾਂ ਵਿਚੋਂ ਹੀ ਲੀਡਰਸ਼ਿਪ ਪੈਦਾ ਹੁੰਦੀ ਹੈ । ਇਸ ਵਾਸਤੇ ਉਨ੍ਹਾਂ ਲੋਕਾਂ ਨੂੰ ਪਿੰਡਾਂ ਦੀ ਉਸਾਰੀ ਵਾਸਤੇ ਅੌਰ ਪਿੰਡਾਂ ਦੇ ਲੋਕਾਂ ਦੀ ਬਿਹਤਰੀ ਵਾਸਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ (ਘੰਟੀ) ਮੈਂ ਇਨ੍ਹਾਂ ਸ਼ਬਦਾਂ ਨਾਲ ਸਰਕਾਰ ਵਲੋਂ ਜੋ ਪੰਜਾਬ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ (ਟੈਂਪਰੇਰੀ ਸੁਪਰਸੈਸ਼ਨ) ਸੋਧਨਾ ਬਿਲ ਪੇਸ਼ ਕੀਤਾ ਗਿਆ ਹੈ, ਉਸ ਦੀ ਹਮਾਇਤ ਕਰਦਾ ਹਾਂ।

ਉਪ ਮੰਤਰੀ, ਵਿਕਾਸ (ਸਰਦਾਰ ਉਜਾਗਰ ਸਿੰਘ) : ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਬਿਲਕੁਲ ਜਿਸ ਤਰ੍ਹਾਂ **ਪੰਚ** ਪ੍ਰਵਾਨ, ਪੰਚ ਪ੍ਰਧਾਨ ਵਾਲੀ ਗਲ ਹੈ, ਇਸ ਤੇ ਅਮਲ ਕਰਦੀ ਹੈ। ਅਸੀਂ ਪੰਚ, ਸਰਪੰਚ ਅਤੇ ਪੰਚਾਇਤੀ ਰਾਜ ਦਾ ਆਦਰ ਕਰਦੇ ਹਾਂ । ਸਾਹਮਣੇ ਬੈਠੇ ਵੀਰਾਂ ਨੇ 12 ਅਕਤੂਬਰ, 1978 ਨੂੰ ਸੰਮਤੀਆਂ ਤੋੜ ਕੇ ਸਾਰੇ ਪੰਚਾਂ ਅਤੇ ਸਰਪੰਚਾਂ ਦਾ ਅਪਮਾਨ ਕੀਤਾ ਹੈ। ਇਹ ਸੰਮਤੀਆਂ ਚਲ ਸਕਦੀਆਂ ਸਨ ਜਿੰਨਾਂ ਚਿਰ ਨਵੀਆਂ ਸੰਮਤੀਆਂ ਦੀ ਚੋਣ ਨਾ ਹੋ ਜਾਂਦੀ। ਇਹ ਸਾਨੂੰ ਕਹਿੰਦੇ ਹਨ ਕਿ ਤੁਸੀਂ ਫੈਸਲਾ ਨਹੀਂ ਕਰਦੇ ਅੌਰ ਸੰਮਿਤੀਆਂ ਦੀਆਂ ਚੋਣਾਂ ਨਹੀਂ ਕਰਾਉਂਦੇ ਅੌਰ ਦੋ ਸਾਲ ਲਗਾ ਦਿੱਤੇ ਹਨ। ਇਸ ਸਿਲਸਿਲੇ ਵਿਚ ਅਸੀਂ ਕੀ ਕਰਨਾ ਹੈ। ਮਿਤੀ 7 ਫਰਵਰੀ, 1980 ਨੂੰ ਅਸੀਂ ਬਲਾਕ **ਡਿਵੈਲਪਮੈਂਟ** ਬੋਰਡ ਬਣਾ ਲਿਆ

Original with;
Punjab Vidhan Sabha
Digitized by;
Panjab Digital Library

ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਤੋੜ ਕੇ। ਪਿਛੇ ਜਿਹੇ ਆਲ ਇੰਡੀਆ ਪੰਚਾਇਤ ਪ੍ਰੀਸ਼ਦ ਦੀ ਮੀਟਿੰਗ ਹੋਈ ਸੀ ਕੁਰਕਸ਼ੇਤਰ ਵਿਚ ਜਿਥੇ ਸਰਦਾਰ ਦਰਬਾਰਾ ਸਿੰਘ ਸਾਡੇ ਮੁੱਖ ਮੰਤਰੀ ਜੀ ਨੇ ਐਲਾਨ ਕੀਤਾ ਸੀ ਕਿ ਅਸੀਂ ਬਲਵੰਤ ਰਾਏ ਮਹਿਤਾ ਕਮੇਟੀ ਦੀ ਰਿਪੋਰਟ ਤੇ, ਜਿਹੜੀ ਕਿ ਤਿੰਨ ਟਾਇਰ ਸਿਸਟਮ ਪੰਚਾਇਤੀ ਰਾਜ ਦੀ ਸਥਾਪਨਾ ਕਰਦੀ ਹੈ, ਅਮਲ ਕਰਕੇ ਚੋਣਾਂ ਕਰਾਈਆਂ ਜਾਣਗੀਆਂ। ਜਨਵਰੀ, 1981 ਵਿਚ ਅਸੀਂ ਚੋਣਾਂ ਕਰਾਉਣ ਦਾ ਪ੍ਰੋਗਰਾਮ ਬਣਾ ਲਿਆ ਸੀ ਲੇਕਿਨ ਉਨ੍ਹਾਂ ਦਿਨਾਂ ਵਿਚ ਸਾਰੇ ਦੇਸ਼ ਭਰ ਵਿਚ ਸੈਂਸਿਜ਼ ਦਾ ਪ੍ਰੋਗਰਾਮ ਚਲ ਰਿਹਾ ਸੀ, ਸਾਰੇ ਚੀਫ ਮਨਿਸਟਰਜ਼ ਨੂੰ ਹੋਮ ਮਨਿਸਟਰ ਦੀਆਂ ਹਦਾਇਤਾਂ ਆ ਗਈਆਂ ਸਨ ਅਤੇ ਉਸ ਅਨੁਸਾਰ ਜਿਹੜੀਆਂ ਚੋਣਾਂ ਭਾਵੇਂ ਲੋਕਲ ਬਾਡੀਜ਼ ਦੀਆਂ ਚੋਣਾਂ ਹੋਣ, ਇਥੋਂ ਤਕ ਕਿ ਜੇਕਰ ਕੋਈ ਹੋਰ ਚੋਣ ਰਹਿੰਦੀ ਹੋਵੇ, ਬਾਈ ਇਲੈਕਸ਼ਨ ਵਗੈਰਾ ਅਸੰਬਲੀ ਦੀ, ਉਹ ਵੀ ਨਾ ਕਰਾਈਆਂ ਜਾਣ।

ਡਿਪਟੀ ਸਪੀਕਰ ਸਾਹਿਬ, ਪੰਚਾਇਤ ਸੰਮਿਤੀ ਤਾਂ ਮੁਕੰਮਲ ਹੁੰਦੀ ਹੈ ਜੇ ਕਰ ਇਸ ਵਿਚ 3 ਸੰਸਥਾਵਾਂ ਦੇ ਮੈਂਬਰ ਹੋਣ। ਇੱਕ ਮਾਰਕਿਟ ਕਮੇਟੀ ਵਲੋਂ ਆਉਂਦਾ ਹੈ, ਦੂਜਾ ਕੋਆਪ੍ਰੇਟਿਵ ਸੁਸਾਇਟੀ ਵਲੋਂ ਅਤੇ ਤੀਜਾ ਪੰਚਾਇਤ ਵਾਲੇ ਚੁਣਦੇ ਹਨ। ਅਸੀਂ ਇਸ ਕਰਕੇ ਇਹ ਚੋਣਾਂ ਨਹੀਂ ਕਰਾ ਸਕੇ ਕਿਉਂਕਿ ਮਾਰਕਿਟ ਕਮੇਟੀਆਂ ਵਲੋਂ ਨੁਮਾਇੰਦੇ ਨਹੀਂ ਆ ਸਕਦੇ। ਡਿਪਟੀ ਸਪੀਕਰ ਸਾਹਿਬ, ਅਸੀਂ ਵਧ ਤੋਂ ਵਧ ਅਖਤਿਆਰ ਦੇਣਾ ਚਾਹੁੰਦੇ ਹਾਂ ਪੰਚਾਂ ਨੂੰ, ਸਰਪੰਚਾਂ ਨੂੰ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਅਤੇ ਸੰਮਿਤੀਆਂ ਨੂੰ। ਇਨ੍ਹਾਂ ਦੇ ਰਾਜ ਵਿਚ ਪਹਿਲਾਂ 5,000 ਰੁਪਏ ਪੰਚਾਇਤ ਖਰਚ ਕਰ ਸਕਦੀ ਸੀ ਉਸ ਦੀ ਹੱਦ ਵਧਾਕੇ ਅਸੀਂ 10,000 ਰੁਪਏ ਤਕ ਛੱਟ ਦਿੱਤੀ ਹੈ। ਪੰਚਾਇਤ ਸੰਮਿਤੀ ਜਿਹੜੀ ਕਿ ਪਹਿਲਾਂ 40,000 ਰੁਪਏ ਤਕ ਖਰਚ ਕਰ ਸਕਦੀ ਸੀ ਉਸ ਲਈ 50,000 ਰੁਪਏ ਦੀ ਹਦ ਮੁਕੱਰਰ ਕੀਤੀ ਹੈ। ਇਸੇ ਤਰ੍ਹਾਂ ਹੀ ਜ਼ਿਲ੍ਹਾ ਪ੍ਰੀਸ਼ਦ ਜੋ ਕਿ ਪਹਿਲਾਂ 50,000 ਰੁਪਏ ਤਕ ਖਰਚ ਕਰ ਸਕਦੀ ਸੀ ਇਸ ਦੀ ਹੱਦ ਵਧਾਕੇ 1 ਲੱਖ ਰੁਪਏ ਕਰ ਦਿਤੀ ਹੈ । ਇਨ੍ਹਾਂ ਪੰਚਾਇਤ ਸੰਮਿਤੀਆਂ ਦੀ ਆਮਦਨ ਵਧਾਉਣ ਵਾਸਤੇ ਸਰਕਾਰ ਨੇ ਦੇਸੀ ਸ਼ਰਾਬ ਦੀ ਬੋਤਲ ਤੇ ਪਿਛਲੇ ਸਾਲ 75 ਪੈਸੇ ਟੈਕਸ ਲਗਾਇਆ ਸੀ ਇਸ ਨਾਲ 79.11 ਲੱਖ ਰੁਪਏ ਦੀ ਆਦਮਨੀ ਹੋਈ ਹੈ। ਇਸ ਸਾਲ ਇਸ ਤੇ 1 ਰੁਪਿਆ ਟੈਕਸ ਹੋਣ ਕਰ ਕੇ 1 ਕਰੋੜ ਰੁਪਏ ਦੀ ਆਮਦਨੀ ਹੋਏਗੀ।

ਡਿਪਟੀ ਸਪੀਕਰ ਸਾਹਿਬ, ਅਸੀਂ ਹੋਰ ਵੀ ਫੈਸਲਾ ਕੀਤਾ ਹੈ । ਪਿੰਡਾਂ ਵਿਚ ਅਸੀਂ ਗਰੀਬਾਂ ਨੂੰ ਕਰਜ਼ੇ ਦਿੱਤੇ ਹਨ ਔਰ ਇਸ ਦੇ ਨਾਲ ਹੀ ਨਾਲ ਸਬਸਿਡੀ ਵੀ ਦਿੱਤੀ ਹੈ। ਇਹ ਸਾਰੀ ਰਕਮ 1471.9 ਲੱਖ ਰੁਪਏ ਬਣਦੀ ਹੈ । ਪਿੰਡਾਂ ਵਿਚ ਵਿਹਲੇ ਔਰ ਬੇਰੁਜ਼ਗਾਰ ਬੱਚੇ ਜਿਹੜੇ ਸਿਖਲਾਈ ਲੈਣਗੇ ਉਨ੍ਹਾਂ ਨੂੰ 50 ਰੁਪਏ ਮਹੀਨਾ ਔਰ ਜਿਹੜੇ ਪਿੰਡ ਤੋਂ ਬਾਹਰ ਜਾਣਗੇ ਉਨ੍ਹਾਂ ਨੂੰ 100 ਰੁਪਏ ਮਹੀਨਾ ਦਿੱਤੇ ਜਾਂਦੇ ਹਨ। ਇਹ ਸਿਖਲਾਈ ਦਾ ਕੰਮ ਸ਼ੁਰੂ ਕਰ ਦਿੱਤਾ ਹੈ । ਇਸ ਸਕੀਮ ਤਹਿਤ ਜਿਹੜੇ ਰੂਰਲ ਏਰੀਆ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਕਰਜ਼ੇ ਦਿੰਦੇ ਹਾਂ ਔਰ ਕਾਰਖਾਨਿਆਂ ਵਿਚ ਕੰਮ ਕਾਜ ਲਈ ਭੇਜਦੇ ਹਾਂ। ਸਾਡੇ ਪਿੰਡਾਂ ਦੀ ਨੁਹਾਰ ਨੂੰ ਸੁੰਦਰ ਬਣਾਉਣ

Original with;
Punjab Vidhan Sabha
Digitized by;
Panjab Digital Library

[ਉਪ ਮੰਤਰੀ, ਵਿਕਾਸ]

ਵਾਸਤੇ ਕੰਮ ਕੀਤਾ ਜਾ ਰਿਹਾ ਹੈ। ਇਹ ਆਮ ਕਹਾਵਤ ਹੈ ਕਿ ਪੰਜਾਬ ਦੇ ਲੋਕ ਮੁੰਡਕ ਨਾਲ ਤੁਰਦੇ ਹਨ। ਸਾਡੇ ਕਮਿਊਨਿਸਟ ਭਰਾ ਕਹਿੰਦੇ ਹਨ ਕਿ ਗਰੀਬ ਲੋਕਾਂ ਨੂੰ ਕੁਲੀ ਦਿਤੀ ਜਾਏ। ਉਹ ਇਹ ਨਹੀਂ ਕਹਿੰਦੇ ਕਿ ਪੰਜਾਬ ਦੇ ਲੋਕ ਸੁੰਦਰ ਮਕਾਨਾਂ ਵਿਚ ਰਹਿਣ। ਇਹ ਕੁਲੀ ਵਾਲੀ ਗਲ ਛੱਡ ਕੇ ਅਸੀਂ ਤਾਂ ਪਿੰਡਾਂ ਦੀ ਨੁਹਾਰ ਬਦਲਣ ਵਾਸਤੇ 1980-81 ਵਿਚ ਇਨ੍ਹਾਂ ਲਈ 645 ਲੱਖ ਰੁਪਿਆ ਰਖਿਆ ਸੀ ਅਤੇ ਇੱਕ ਹਜ਼ਾਰ ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਸੀ। ਫਿਰ 1981-82 ਲਈ 894.35 ਲੱਖ ਰੁਪਿਆ ਰਖਿਆ ਗਿਆ ਅੌਰ 1517 ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਗਿਆ। ਇਨ੍ਹਾਂ ਦੇ ਵੇਲੇ 1978–80 ਵਿਚ ਇਸ ਲਈ ਸਿਰਫ 625 ਲੱਖ ਰੁਪਿਆ ਰਖਿਆ ਗਿਆ ਅੌਰ 131 ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਗਿਆ। ਫਿਰ ਇਹ ਕਹਿੰਦੇ ਹਨ ਕਿ ਅਸੀਂ ਕੰਮ ਕੁਝ ਨਹੀਂ ਕੀਤਾ ਜਦ ਕਿ ਅਸੀਂ ਇਨ੍ਹਾਂ ਪਿੰਡਾਂ ਨੂੰ ਸੁੰਦਰ ਬਣਾਉਣ ਵਾਸਤੇ ਕਿੰਨਾਂ ਕੰਮ ਕੀਤਾ ਹੈ। 31 ਜਨਵਰੀ, 1982 ਤਕ ਅਸੀਂ 755 ਪਿੰਡਾਂ ਵਿਚ ਕੰਮ ਮੁਕੰਮਲ ਕਰ ਚੁਕੇ ਹਾਂ।

ਡਿਪਟੀ ਸਪੀਕਰ ਸਾਹਿਬ, ਜੇਕਰ ਇਹ ਬਿਲ ਨਾ ਪਾਸ ਕੀਤਾ ਗਿਆ ਤਾਂ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦਾ ਕੰਮ 9 ਅਪ੍ਰੈਲ, 1982 ਤੋਂ ਬਾਅਦ ਖੜਾ ਹੋ ਜਾਏਗਾ, ਅਤੇ ਇਨ੍ਹਾਂ ਦੇ ਕਰਮਚਾਰੀਆਂ ਨੂੰ ਮਾਲੀ ਖਰਚਿਆਂ ਦਾ ਸਾਹਮਣਾ ਕਰਨਾ ਪਏਗਾ। ਇਸ ਕਰਕੇ ਇਹ ਅਤਿ ਜ਼ਰੂਰੀ ਬਿਲ ਹੈ, ਇਸ ਨੂੰ ਪਾਸ ਕੀਤਾ ਜਾਏ।

Mr. Deputy Speaker : Question is—

That this House disapproves the Punjab Panchayat Samitis and Zila Parishads (Temporary Supersession) Second Amendment Ordinance, 1981 (Punjab Ordinance No. 11 of 1981.)

The motion was lost.

Mr. Deputy Speaker : Question is—

That the Punjab Panchayat Samitis and Zila Parishad (Temporary Supersession) Amendment Bill be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

Sub-Clause (2) of Clause 1

Mr. Deputy Speaker : Question is—

That Sub-Clause (2) of Clause 1 stand part of the Bill.

The motion was carried.

Clause 2

Mr. Deputy Speaker : Question is—

That Clause 2 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

Clause 3

Mr. Deputy Speaker : Question is—

That Clause 3 stand part of the Bill.

The motion was carried.

Sub-Clause (1) of Clause 1

Mr. Deputy Speaker : Question is—

That Sub-Clause (1) of Clause 1 stand part of the Bill.

The motion was carried.

Title

Mr. Deputy Speaker : Question is—

That title be the Title of the Bill.

The motion was carried.

Deputy Minister, Development : Sir, I beg to move—

That the Punjab Panchayat Samitis and Zila Parishads (Temporary Supersession) Amendment Bill be passed.

Mr. Deputy Speaker : Motion moved—

That the Punjab Panchayat Samitis and Zila Parishads (Temporary Supersession) Amendment Bill) be passed

Mr. Deputy Speaker : Question is—

That the Punjab Panchayat Samitis and Zila Parishads (Temporary Supersession) Amendment Bill be passed.

The motion was carried.

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB AGRICULTURAL PRODUCE MARKETS (SECOND AMENDMENT) ORDINANCE, 1981 (PUNJAB ORDINANCE NO. 12 OF 1981) AND THE PUNJAB AGRICULTURAL PRODUCE MARKETS (AMENDMENT) BILL, 1982.

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਰਾਜ ਕੁਮਾਰ, ਸਰਦਾਰ ਦਲੀਪ ਸਿੰਘ ਪਾਂਧੀ, ਕਾਮਰੇਡ ਬਲਦੇਵ ਸਿੰਘ ਲੁੰਬਾ, ਸਰਦਾਰ ਨੱਥਾ ਸਿੰਘ ਦਾਲਮ, ਸਰਦਾਰ ਪਰਸ਼ੋਤਮ ਸਿੰਘ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਅਤੇ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਵਲੋਂ ਇਸ ਆਰਡੀਨੈਂਸ ਦੀ ਡਿਸਅਪਰੂਵਲ ਲਈ ਨੋਟਿਸ ਆਇਆ ਹੈ । ਇਨ੍ਹਾਂ ਮੈਂਬਰ ਸਾਹਿਬਾਨ ਵਿਚੋਂ ਜਿਹੜਾ ਮੂਵ ਕਰਨਾ ਚਾਹੁੰਦਾ ਹੈ ਉਹ ਮੂਵ ਕਰ ਲਵੇ ।

Sardar Dalip Singh Pandhi : Sir, I beg to move—

That this House disapproves the Punjab Agricultural Produce Markets (Second Amendment) Ordinance, 1981 (Punjab Ordinance No. 12 of 1981.)

Mr. Deputy Speaker : Motion moved—

That this House disapproves the Punjab Agricultural Produce Markets (Second Amendment) Ordinance, 1981 (Punjab Ordinance No. 12 of 1981.)

Agriculture Minister (Chaudhri Kanshi Ram) : Sir, I beg to move—

That the Punjab Agricultural Produce Markets (Amendment) Bill be taken into consideration at once.

Mr. Deputy Speaker : Motion moved—

That the Punjab Agricultural Produce Markets (Amendment) Bill be taken into consideration at once.

Mr. Deputy Speaker : The practice in the past has been that the resolution disapproving the Ordinance and the Bill seeking replacement of the Ordinance are discussed together though voting take place on each item separately. If the House agrees, the Resolution disapproving the Ordinance and the Bill seeking its replacement be discussed together.

(Voices : Yes, yes.)

Mr. Deputy Speaker : Both the motions will be discussed together.

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ) : ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਅਸੀਂ ਤਾਂ ਸਾਡੀ ਸਰਕਾਰ ਤੋਂ ਅਤੇ ਚੌਧਰੀ ਸਾਹਿਬ ਤੋਂ ਬੜੀ ਤਵੱਕੋ ਰਖਦੇ ਸੀ ਕਿ ਉਹ ਡੈਮੋਕਰੇਟਿਕ ਮਾਈਂਡੀਡ ਦੇ ਹਨ ਲੇਕਿਨ ਇਸ ਅਮੈਂਡਮੈਂਟ ਨੂੰ ਦੇਖਕੇ ਇਹ ਪਤਾ ਲਗਦਾ ਹੈ ਕਿ ਜਿਸ ਤਰ੍ਹਾਂ ਸੈਂਟਰਲ ਗੌਰਮਿੰਟ ਰਾਸ਼ਟਰਪਤੀ ਦਾ ਰਾਜ ਲਾਗੂ ਕਰਨ ਵਲ ਜਾ ਰਹੀ ਹੈ, ਉਸ ਪਾਸੇ ਨੂੰ ਇਹ ਜਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਐਕਟ ਜਿਹੜਾ ਹੋਣਾ ਚਾਹੀਦਾ ਹੈ that should be very well considered, previse and farsighted ਲੇਕਿਨ, ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਹੀ ਦੇਖ ਲਵੋ ਕਿ ਕਿੰਨੀਆਂ ਰਪੀਟਡ ਅਮੈਂਡਮੈਂਟਸ ਆਉਂਦੀਆਂ ਹਨ। ਜਦੋਂ ਸੈਸ਼ਨ ਉਠ ਜਾਂਦਾ ਹੈ ਤਾਂ ਇਹ ਆਰਡੀਨੈਂਸ ਜਾਰੀ ਕਰ ਦਿੰਦੇ ਹਨ ਅਤੇ ਅਗਲੇ ਸੈਸ਼ਨ ਵਿਚ ਅਮੈਂਡਮੈਂਟ ਲੈ ਆਉਂਦੇ ਹਨ। ਇਸ ਤਰ੍ਹਾਂ ਡੈਮੋਕਰੇਟਿਕ ਢਾਂਚੇ ਦੀਆਂ

Original with;
Punjab Vidhan Sabha
Digitized by;
Panjab Digital Library

ਧੱਜੀਆਂ ਉੜਾ ਰਹੇ ਹਨ। ਪਹਿਲਾਂ ਸਾਡੇ ਡਿਪਟੀ ਮਨਿਸਟਰ ਨੇ ਪੰਚਾਇਤਾਂ ਬਾਰੇ ਕਿਹਾ ਕਿ ਮਰਦਮਸ਼ੁਮਾਰੀ ਆ ਗਈ ਸੀ ਜਿਸ ਕਰਕੇ ਸਾਨੂੰ ਇਲੈਕਸ਼ਨ ਪੋਸਟਪੋਨ ਕਰਨੇ ਪਏ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ ਤਾਂ ਕੋਈ ਮਰਦਮਸ਼ੁਮਾਰੀ ਨਹੀਂ ਹੈ। ਕਿਸੇ ਬਦੇਸ਼ੀ ਤਾਕਤ ਨੇ ਸਾਡੇ ਤੇ ਹਮਲਾ ਨਹੀਂ ਕੀਤਾ ਜਿਸ ਕਰਕੇ ਤੁਸੀਂ ਇਸ ਨੂੰ ਜਸਟੀਫਾਈ ਕਰ ਸਕਦੇ। ਡਿਪਟੀ ਸਪੀਕਰ ਸਾਹਿਬ, ਇਹ ਡੈਮੋਕਰੇਸੀ ਨੂੰ ਕੁਚਲਣਾ ਚਾਹੁੰਦੇ ਹਨ। ਜਿਹੜੇ ਅਸਲੀ ਨੁਮਾਇੰਦੇ ਚੋਣ ਦੇ ਰਾਹੀਂ ਆਉਣੇ ਚਾਹੀਦੇ ਸੀ ਉਸ ਚੀਜ਼ ਨੂੰ ਇਹ ਖਤਮ ਕਰ ਰਹੇ ਹਨ। ਨਵੀਆਂ ਪੰਚਾਇਤਾਂ ਦੀਆਂ ਚੋਣਾਂ ਹੋ ਜਾਣੀਆਂ ਹਨ। ਨਵੇਂ ਸਰਪੰਚ ਆ ਜਾਣਗੇ ਪਰ ਉਹ ਮਾਰਕਿਟ ਕਮੇਟੀਆਂ ਵਿਚ ਨਹੀਂ ਜਾ ਸਕਣਗੇ, ਬਲਾਕ ਸੰਮਤੀਆਂ ਵਿਚ ਨਹੀਂ ਜਾ ਸਕਣਗੇ। ਪੁਰਾਣੇ ਕਹਿਣਗੇ ਕਿ ਸਾਡੀ ਟਰਮ 3 ਸਾਲ ਦੀ ਹੈ। ਇਸ ਤਰ੍ਹਾਂ ਉਨ੍ਹਾਂ ਦਾ ਆਫਿਸ ਵਿਚ ਕਲੈਸ਼ ਹੋਵੇਗਾ। ਇਸ ਦੇ ਏਮ ਐਂਡ ਆਬਜੈਕਟਸ ਤੋਂ ਕਲੀਅਰ ਪਤਾ ਲਗਦਾ ਹੈ ਕਿ ਇਹ ਆਜ਼ਾਦੀ ਦਾ ਗਲਾ ਘੁਟਣ ਵਾਲੀ ਗਲ ਹੈ। ਇਹ ਹੁਣ ਦੀ ਡੇਟ ਫਿਕਸ ਕਰ ਲੈਣ ਇਲੈਕਸ਼ਨ ਵਾਸਤੇ। ਰੰਧਾਵਾ ਜੀ ਇਥੇ ਆਏ ਨਹੀਂ ਹਨ, ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ। ਅਸੀਂ ਉਨ੍ਹਾਂ ਨੂੰ ਰਪੀਟਡਲੀ ਰਿਕੁਐਸਟ ਕੀਤੀ ਕਿ ਤੁਸੀਂ ਸਾਨੂੰ ਡੇਟ ਬਾਊਂਡ ਕਰੋ ਪਰ ਉਨ੍ਹਾਂ ਨੇ ਕਿਹਾ ਐਜ਼ ਸੂਨ ਐਜ਼ ਪਾਸੀਬਲ ਅਸੀਂ ਕਰਾਂਗੇ। ਇਸ ਤਰ੍ਹਾਂ ਕਰਦਿਆਂ ਉਨ੍ਹਾਂ ਨੇ 2 ਸਾਲ ਲੰਘਾ ਦਿਤੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਡੈਮੋਕਰੇਸੀ ਦੀਆਂ ਧੱਜੀਆਂ ਉੜਾ ਰਹੇ ਹਨ। ਇਨ੍ਹਾਂ ਨੇ ਇਸ ਦੇ ਪੈਰਾ ਨੰ: 4 ਵਿਚ ਕਲੀਅਰ ਲਿਖਿਆ ਹੈ ਕਿ ਅਸੀਂ ਤਾਂ ਮੈਂਬਰ ਨਾਮੀਨੇਟ ਕਰਨੇ ਹਨ। ਫਿਰ ਵਾਈਸ ਚੇਅਰਮੈਨ ਅਤੇ ਚੇਅਰਮੈਨ ਨਾਮੀਨੇਟ ਕਰਨੇ ਹਨ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੋਣਾ ਹੈ ਇਨ੍ਹਾਂ ਕਾਂਗਰਸੀ ਭਾਈਆਂ ਨੇ ਹਰ ਜ਼ਿਲ੍ਹੇ ਵਿਚ, ਹਰ ਹਲਕੇ ਵਿਚ ਜਾ ਕੇ 2,2 ਹਜ਼ਾਰ ਰੁਪਏ ਦਾ ਪੈਟਰੋਲ ਫੂਕ ਦਿੱਤਾ ਅਤੇ ਉਥੇ ਕਿਹਾ ਕਿ ਅਸੀਂ ਮਾਰਕੀਟ ਕਮੇਟੀਆਂ ਵਿਚ ਨਾਮੀਨੇਸ਼ਨ ਕਰਨੀ ਹੈ। (ਵਿਘਨ) ਰਾਮਪੁਰਾ ਫੂਲ, ਬਠਿੰਡਾ, ਗੋਨੇਆਣਾ, ਜਲੰਧਰ, ਲੁਧਿਆਣਾ, ਯਾਨੀ ਕਿ ਹਰ ਜ਼ਿਲ੍ਹੇ ਅਤੇ ਹਰ ਹਲਕੇ ਵਿਚ ਪਿੰਡ ਪਿੰਡ ਵਿਚ ਇਹ ਗਏ ਅਤੇ ਇਨ੍ਹਾਂ ਨੇ 2 2 ਹਜ਼ਾਰ ਰੁਪਏ ਦਾ ਪੈਟਰੋਲ ਫੂਕ ਦਿਤਾ ਅਤੇ ਕਿਹਾ ਕਿ ਅਸੀਂ ਨਾਮੀਨੇਸ਼ਨ ਕਰਨੀ ਹੈ। ਸਾਡੇ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਕਿਸੇ ਨੇ ਨਾਮੀਨੇਟ ਨਹੀਂ ਕਰਨਾ। (ਵਿਘਨ) ਇਹ ਆਪਣੇ ਬੰਦਿਆਂ ਨੂੰ ਨਾਮੀਨੇਟ ਕਰਕੇ ਉਨ੍ਹਾਂ ਦਾ ਮੂੰਹ ਬੰਦ ਕਰਨਾ ਚਾਹੁੰਦੇ ਹਨ। ਇਹ ਉਨ੍ਹਾਂ ਨੂੰ ਲਾਲਚ ਦੇਣਾ ਚਾਹੁੰਦੇ ਹਨ। ਕਰੋੜਾਂ ਰੁਪਿਆ ਮਾਰਕਿਟ ਕਮੇਟੀਆਂ ਵਿਚ ਪਿਆ ਹੈ, ਇਨ੍ਹਾਂ ਦੇ ਨਾਮੀਨੇਟ ਕੀਤੇ ਬੰਦੇ ਆਪਣੀ ਮਰਜ਼ੀ ਨਾਲ ਰੁਪਏ ਨੂੰ ਵਰਤਣਗੇ। ਕਿੰਨਾਂ ਚੰਗਾ ਹੁੰਦਾ ਅਤੇ ਮੈਂ ਇਨ੍ਹਾਂ ਦੀ ਤਾਈਦ ਕਰਦਾ ਜੇ ਇਹ ਇਲੈਕਸ਼ਨ ਵਾਸਤੇ ਡੇਟ ਮੁਕਰਰ ਕਰ ਦੇਣ। ਚਾਹੇ ਇਹ ਜੂਨ ਜਾਂ ਜੁਲਾਈ ਦੀ ਡੇਟ ਫਿਕਸ ਕਰ ਦੇਣ। ਕਿਉਂਕਿ ਆਰਡੀਨੈਂਸ ਐਕਸਪਾਇਰ ਹੋ ਰਿਹਾ ਹੈ ਇਸ ਕਰਕੇ ਇਹ ਹਾਊਸ ਤੋਂ ਅਪਰੂਵ ਕਰਾਉਣਾ ਚਾਹੁੰਦੇ ਹਨ। (ਘੰਟੀ) ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਡੈਮੋਕਰੇਸੀ ਨੂੰ ਅਪਣਾਇਆ ਹੈ ਇਸ ਲਈ ਮੈਂ ਚੌਧਰੀ ਸਾਹਿਬ ਤੋਂ ਮੰਗ ਕਰਾਂਗਾ ਕਿ ਕਮ-ਅਜ਼-ਕਮ ਇਲੈਕਸ਼ਨ ਦੀ ਡੇਟ ਮੁਕਰਰ ਕਰ ਦੇਣ, ਚਾਹੇ ਜੁਲਾਈ ਦੀ ਕਰ ਦੇਣ, ਅਗੱਸਤ ਜਾਂ ਸਤੰਬਰ ਦੀ ਡੇਟ ਫਿਕਸ ਕਰ ਦੇਣ। ਲੇਕਿਨ ਸਾਨੂੰ ਪਤਾ ਹੈ ਕਿ ਇਨ੍ਹਾਂ ਦੀ ਇਨਟੈਨਸ਼ਨ ਮਾੜੀ ਹੈ। ਇਹ ਨਾਮੀਨੇਸ਼ਨ ਵਾਲੇ ਪਾਸੇ ਨੂੰ ਚੱਲਣਗੇ। ਫਿਰ ਇਨ੍ਹਾਂ ਨੇ ਮਾਰਕੀਟ ਕਮੇਟੀਆਂ ਨੂੰ ਪਾਵਰ ਦਿੱਤੀ ਹੈ ਕਿ ਉਹ ਮੁਲਾਜ਼ਮ 140 ਰੁਪਏ ਦੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਥਾਂ ਤੇ 500 ਰੁਪਏ ਦੀ ਤਨਖਾਹ ਤੱਕ ਰੱਖ ਸਕਦੇ ਹਨ। ਇਸ ਗਲ ਨੂੰ ਇਨ੍ਹਾਂ ਨੇ ਜਸਟੀਫਾਈ ਕਰਨ ਦੀ ਕੋਸ਼ਿਸ਼ ਕੀਤੀ ਹੈ। (ਘੰਟੀ) ਫਿਰ ਇਹ 14 ਮੈਂਬਰਾਂ ਦੀ ਬਜਾਏ 16 ਮੈਂਬਰ ਕਰ ਰਹੇ ਹਨ। 2 ਮੈਂਬਰ ਹੋਰ ਵਧਾਉਣੇ ਹਨ। ਉਹ ਵੀ ਨਾਮੀਨੇਟ ਕਰਨੇ ਹਨ। ਮੈਂ ਚੌਧਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਹਾਰਟੀਕਲਚਰ ਦਾ ਵੱਖਰਾ ਡਿਪਾਰਟਮੈਂਟ ਬਣਾ ਦਿਤਾ ਹੈ ਪਰ ਜਿਹੜਾ ਇਹ ਜੁਆਇੰਟ ਸੈਕਟਰੀ ਅਤੇ ਡਾਇਰੈਕਟਰ ਹਾਰਟੀਕਲਚਰ ਨੂੰ ਇਸ ਵਿਚ ਪਾ ਰਹੇ ਹਨ ਇਹ ਠੀਕ ਨਹੀਂ ਹੈ।

Mr Deputy Speaker: Wind up please.

ਮਾਸਟਰ ਬਾਬੂ ਸਿੰਘ : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਨੀਆਂ ਅਮੈਂਡਮੈਂਟਸ ਪਾਸ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਦੇਖਕੇ ਐਡਵੋਕੇਟ ਬੜੇ ਹੱਸਦੇ ਹਨ। ਉਹ ਕਹਿੰਦੇ ਹਨ ਕਿ ਹਰ ਰੋਜ਼ ਹੀ ਅਮੈਂਡਮੈਂਟ ਆਉਂਦੀ ਹੈ। ਮੈਂ ਬੇਨਤੀ ਕਰਾਂਗਾ ਕਿ ਕਮ-ਅਜ਼-ਕਮ ਇਲੈਕਸ਼ਨ ਦੀ ਕੋਈ ਡੇਟ ਮੁਕਰਰ ਕਰ ਦੇਣ। ਜੇ ਪਹਿਲਾਂ ਨਹੀਂ ਕੀਤੀ ਤਾਂ ਜਵਾਬ ਦੇਣ ਲੱਗੇ ਹੀ ਕਰ ਦੇਣ ਨਹੀਂ ਤਾਂ ਕਲੈਸ਼ ਹੋਣਾ ਹੈ। ਨਵੀਆਂ ਪੰਚਾਇਤਾਂ ਦੀਆਂ ਚੋਣਾਂ ਹੋ ਜਾਣੀਆਂ ਹਨ। ਉਨ੍ਹਾਂ ਦਾ ਹੱਕ ਡੀਬਾਰ ਹੋ ਜਾਣਾ ਹੈ। ਉਹ ਮਾਰਕਿਟ ਕਮੇਟੀਆਂ ਅਤੇ ਬਲਾਕ ਸੰਮਤੀਆਂ ਵਿਚ ਨਹੀਂ ਜਾ ਸਕਣਗੇ ਕਿਉਂਕਿ ਪੁਰਾਣੇ ਮੈਂਬਰ ਕਹਿਣਗੇ ਕਿ ਸਾਡੀ 3 ਸਾਲ ਦੀ ਟਰਮ ਹੈ। ਫਿਰ ਉਹ ਹਾਈ ਕੋਰਟ ਵਿਚ ਜਾਣਗੇ। ਇਸ ਵਾਸਤੇ ਮੈਂ ਬੇਨਤੀ ਕਰਦਾ ਹਾਂ ਕਿ ਇਲੈਕਸ਼ਨ ਦੀ ਡੇਟ ਸਾਡੀ ਸਰਕਾਰ ਤਹਿ ਕਰੇ। ਇਹ ਭਾਵੇਂ 6 ਮਹੀਨਿਆਂ ਨੂੰ ਹੋਵੇ ਜਾਂ 5 ਮਹੀਨਆਂ ਨੂੰ ਹੋਵੇ ਪਰ ਹਾਊਸ ਦੇ ਮਾਨ-ਯੋਗ ਮੈਂਬਰਾਂ ਨੂੰ ਭਰੋਸੇ ਵਿੱਚ ਲੈ ਕੇ ਇਹ ਕੋਈ ਡੇਟ ਨੀਯਤ ਕਰ ਦੇਣ ਕਿ ਫਲਾਣੀ ਤਾਰੀਖ ਨੂੰ ਚੋਣਾ ਕਰਵਾ ਦੇਵਾਂਗੇ। ਪਹਿਲਾਂ ਮਰਦਮਸ਼ੁਮਾਰੀ ਦਾ ਕਹਿ ਦਿੱਤਾ ਸੀ, ਅਗੇ ਨੂੰ ਸ਼ਾਇਦ ਹੜ੍ਹ ਆ ਜਾਣ ਤਾਂ ਇਹ ਕਹਿ ਦੇਣ ਕਿ ਹੁਣ ਹੜ੍ਹ ਆ ਗਏ ਹਨ ਜਾਂ ਜਿਸ ਤਰ੍ਹਾਂ ਇਹ ਨਸਬੰਦੀ ਦੇ ਉਪਰੇਸ਼ਨ ਜ਼ਬਰਦਸਤੀ ਕਰਕੇ ਕਰ ਦਿੰਦੇ ਹਨ ਅਤੇ ਫਿਰ ਕਹਿ ਦੇਣਗੇ ਕਿ ਹੁਣ ਫੈਮਿਲੀ ਪਲੈਨਿੰਗ ਦਾ ਜ਼ੋਰ ਹੈ ਜਾਂ ਕੋਈ ਤੇਈਏ ਦਾ ਤਾਪ ਦਾ ਜ਼ੋਰ ਹੈ, ਇਹ ਕੋਈ ਕਾਰਨ ਨਹੀਂ ਬਣਦੇ। ਇਸ ਲਈ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਦੇ ਲਈ ਕੋਈ ਡੇਟ ਮੁਕਰੱਰ ਹੋਣੀ ਚਾਹੀਦੀ ਹੈ ਕਿ ਜਦੋਂ ਤਕ ਇਹ ਇਲੈਕਸ਼ਨ ਕਰਵਾ ਦੇਣਗੇ। ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜੋ ਬਿਲ ਸਾਡੇ ਖੇਤੀਬਾੜੀ ਮੰਤਰੀ ਜੀ ਨੇ The Punjab Agricultural Produce Markets (Amendment) Bill 1982 ਇਸ ਹਾਊਸ ਵਿਚ ਇੰਟਰੋ-ਡਿਊਸ ਕੀਤਾ ਹੈ, ਇਸ ਦੀ ਹਮਾਇਤ ਵਾਸਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਐਗਰੀਕਲਚਰਲ ਮਾਰਕੀਟਿੰਗ ਬੋਰਡ ਇਕ ਬਹੁਤ ਇਮਪਾਰਟੈਂਟ ਅਦਾਰਾ ਹੈ। ਅਸੀਂ ਆਪਣੇ ਮੰਤਰੀ ਜੀ ਨੂੰ ਇਸ ਗਲ ਦੀ ਵਧਾਈ ਦਿੰਦੇ ਹਾਂ ਕਿ ਇਨ੍ਹਾਂ ਨੇ ਕੋਈ ਕਦਮ ਚੁੱਕਿਆ ਹੈ, ਇਹ ਬਿਲ ਇਥੇ ਲਿਆਂਦਾ ਹੈ ਅੱਰ ਇਹ ਫੈਸਲਾ ਕੀਤਾ ਹੈ ਕਿ ਜਲਦੀ ਹੀ ਅਸੀਂ ਨੋਮੀ-ਨੇਸ਼ਨਜ਼ ਕਰਾਂਗੇ। ਜਦੋਂ ਇਨ੍ਹਾਂ ਦੀ ਸਰਕਾਰ (ਵਿਰੋਧੀ ਪਾਰਟੀ ਵਲ ਇਸ਼ਾਰਾ) ਸੀ ਤਾਂ ਇਨ੍ਹਾਂ ਨੇ ਆਪਣੇ ਢਾਈ ਸਾਲ ਦੇ ਰਾਜ ਵਿੱਚ ਕੁਝ ਨਹੀਂ ਕੀਤਾ ਪਰ ਹੁਣ ਸਾਡੀ ਸਰਕਾਰ ਕੁਝ ਕਰਨ

Original with;
Punjab Vidhan Sabha
Digitized by;
Panjab Digital Library

ਲਗੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਲਦੀ ਤੋਂ ਜਲਦੀ ਕੀਤਾ ਜਾਵੇ ਤਾਂਕਿ ਮਾਰਕਿਟ ਕਮੇਟੀਆਂ ਬਣਾਈਆਂ ਜਾਣ। ਡਿਪਟੀ ਸਪੀਕਰ ਸਾਹਿਬ, ਜੋ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਪਹਿਲੇ ਸਮਿਆਂ ਵਿੱਚ ਕੰਮ ਕੀਤਾ ਸੀ ਉਹ ਇਨ੍ਹਾਂ ਨੇ (ਵਿਰੋਧੀ ਧਿਰ ਵਲ ਇਸ਼ਾਰਾ) ਆਉਣ ਤੇ ਸਾਰਾ ਕੁਝ ਖਤਮ ਕਰ ਦਿੱਤਾ। ਜੋ ਰੂਰਲ ਡਿਵੈਲਪਮੈਂਟ ਸੀ ਉਹ ਸਾਰੀ ਰੁੱਕ ਗਈ। ਇਨ੍ਹਾਂ ਨੇ ਮਾਰਕਿਟ ਫੀਸ ਵਧਾਈ ਜਿਹੜੀ ਸੁਪਰੀਮ ਕੋਰਟ ਨੇ ਸਟਰੱਕ ਡਾਊਨ ਕਰ ਦਿੱਤੀ। ਸਟਰੱਕ ਡਾਊਨ ਕਰਨ ਨਾਲ ਸਰਕਾਰ ਤੇ ਬੰਦਸ਼ ਲਗ ਗਈ ਕਿ ਉਹ ਪੈਸਾ ਪਿੰਡਾਂ ਦੀਆਂ ਸੜਕਾਂ ਤੇ ਨਹੀਂ ਲਾ ਸਕਦੀ। ਉਸ ਰੂਲਿੰਗ ਦੀ ਬੰਦਸ਼ ਨਾਲ ਡਿਵੈਲਪਮੈਂਟ ਦਾ ਕਾਫੀ ਕੰਮ ਜੋ ਸੀ ਉਸ ਵਿੱਚ ਰੁਕਾਵਟ ਪੈ ਗਈ। ਇਸ ਤੋਂ ਪਹਿਲਾਂ ਮਾਰਕਿਟ ਕਮੇਟੀਆਂ ਜੋ ਸਨ ਉਹ ਪਿੰਡਾਂ ਦੇ ਲੋਕਾਂ ਨੂੰ ਸਬਸਿਡੀ ਉਤੇ ਸੀਡਜ਼ ਦਿੰਦੀਆਂ ਸਨ, ਬਿਨਜ਼ ਵਗੈਰਾ ਸਬਸਿਡੀ ਦਿੰਦੀਆਂ ਸਨ ਤਾਕਿ ਕਿਸਾਨ ਆਪਣੀ ਕਣਕ ਉਨ੍ਹਾਂ ਬਿਨਜ਼ ਵਿੱਚ ਰਖ ਸਕੇ, ਸਪਰੇ ਪੰਪਜ਼ ਲਈ ਸਬਸਿਡੀ ਦਿੰਦੀਆਂ ਸਨ, ਤਰਪਾਲਾਂ ਵਾਸਤੇ ਦਿੰਦੀਆਂ ਸਨ ਤਾਂਕਿ ਅਨਾਜ ਜੋ ਕਿਸਾਨ ਨੇ ਪੈਦਾ ਕੀਤਾ ਹੈ ਉਸ ਨੂੰ ਮੀਂਹ ਹਨੇਰੀ ਤੋਂ ਬਚਾਉਣ ਲਈ ਉਸ ਤੇ ਤਰਪਾਲਾਂ ਪਾਈਆਂ ਜਾਣ। ਲੇਕਿਨ ਜਦੋਂ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਦੀ ਸਰਕਾਰ ਵੇਲੇ ਇਹ ਸਾਰੀਆਂ ਚੀਜ਼ਾਂ ਇਨ੍ਹਾਂ ਨੇ ਬੰਦ ਕਰ ਦਿੱਤੀਆਂ। ਅਸੀਂ ਚਾਹੁੰਦੇ ਹਾਂ ਕਿ ਇਹ ਮਾਰਕਿਟ ਕਮੇਟੀਆਂ ਰੀਕੰਸਟੀਚਿਊਟ ਹੋ ਜਾਣ ਅੱਤੇ ਲੋਕਾਂ ਦੀ ਭਲਾਈ ਦੇ ਕੰਮ ਇਹ ਸ਼ੁਰੂ ਕਰ ਦੇਣ।

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਦੋ ਚਾਰ ਸੁਝਾਓ ਮੰਤਰੀ ਜੀ ਨੂੰ ਦੇਣਾ ਚਾਹਾਂਗਾ। ਜਿਥੇ ਮਾਰਕਿਟ ਯਾਰਡ ਨਹੀਂ ਹਨ ਜਾਂ ਯਾਰਡ ਕੱਚੇ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੱਕਿਆਂ ਕੀਤਾ ਜਾਵੇ। ਦੂਸਰਾ ਸੁਝਾਓ ਮੈਂ ਇਹ ਦੇਣਾ ਚਾਹੁੰਦਾ ਹਾਂ ਕਿ ਕਿਸਾਨਾਂ ਦੇ ਵਾਸਤੇ ਮਾਰਕਿਟ ਕਮੇਟੀਆਂ ਬਣੀਆਂ ਹਨ ਉਥੇ ਕਿਸਾਨ ਘਰ ਬਣਾਏ ਜਾਣੇ ਚਾਹੀਦੇ ਹਨ ਕਿਉਂਕਿ ਕਈ ਕਈ ਦਫ਼ਾ ਕਿਸਾਨਾਂ ਨੂੰ ਇਕ ਇਕ, ਦੋ ਦੋ ਦਿਨ ਮੰਡੀ ਵਿੱਚ ਰਹਿਣਾ ਪੈਂਦਾ ਹੈ। ਅੱਜ ਕੱਲ ਅਨਾਜ ਮੰਡੀਆਂ ਵਿੱਚ ਜ਼ਿਆਦਾ ਆਉਂਦਾ ਹੈ ਕਿਉਂਕਿ ਅਨਾਜ ਦੀ ਪੈਦਾਵਾਰ ਹੀ ਜ਼ਿਆਦਾ ਹੋ ਗਈ ਹੈ ਇਸ ਲਈ ਸਾਰੇ ਜ਼ਿਮੀਂਦਾਰਾਂ ਦਾ ਅਨਾਜ ਕਈ ਵਾਰੀ ਇਕ ਦਿਨ ਵਿੱਚ ਨਹੀਂ ਚੁਕਿਆ ਜਾਂਦਾ ਹੈ ਅਤੇ ਉਸ ਨੂੰ ਕਈ ਵਾਰੀ ਉਥੇ ਰਹਿਣਾ ਪੈਂਦਾ ਹੈ। ਇਸ ਲਈ ਮੈਂ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਰਹਿਣ ਸਹਿਣ ਦਾ ਉਥੇ ਪ੍ਰਬੰਧ ਕੀਤਾ ਜਾਵੇ ਅਤੇ ਉਥੇ ਕਿਸਾਨ ਘਰ ਬਣਾਏ ਜਾਣ। ਇਸ ਦੇ ਨਾਲ ਹੀ ਮੈਂ ਇਹ ਵੀ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਕਿਸਾਨ ਜੋ ਹੈ ਉਹ ਆਪਣਾ ਆਨਾਜ ਗੱਡਿਆਂ ਤੇ ਲਿਆਉਂਦਾ ਹੈ, ਹੁਣ ਤਾਂ ਟਰੈਕਟਰ ਟਰਾਲੀਆਂ ਵਿੱਚ ਅਨਾਜ ਕਿਸਾਨ ਲਿਆਉਂਦਾ ਹੈ ਪਰ ਬਹੁਤ ਸਾਰੇ ਕਿਸਾਨ ਗੱਡਿਆਂ ਤੇ ਵੀ ਆਪਣਾ ਅਨਾਜ ਲੈ ਕੇ ਮੰਡੀਆਂ ਵਿੱਚ ਆਉਂਦੇ ਹਨ। ਇਸ ਲਈ ਉਨ੍ਹਾਂ ਦੇ ਜਾਨਵਰਾਂ ਲਈ, ਡੰਗਰਾਂ ਲਈ ਪੀਣ ਦੇ ਪਾਣੀ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਡਿਰਿੰਕਿੰਗ ਵਾਟਰ ਦੀ ਫੈਸਿਲਿਟੀਜ਼ ਮਾਰਕਿਟ ਕਮੇਟੀਆਂ ਵਿਚ ਪ੍ਰੋਵਾਈਡ ਕਰਨੀਆਂ ਚਾਹੀਦੀਆਂ ਹਨ। ਸਾਡੇ ਤੇ ਇਹ ਬੰਦਸ਼ ਲਗੀ ਹੋਈ ਸੀ ਕਿ ਇਹ ਪੈਸਾ ਉਥੇ ਖਰਚ ਕੀਤਾ ਜਾ ਸਕਦਾ ਜਿਸ ਥਾਂ ਤੋਂ ਮਾਰਕਿਟ ਫੀਸ ਲਈ ਜਾਵੇ। ਇਹ ਕਾਨੂੰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਦੀ ਗਲ ਹੈ, ਮੈਂ ਇਸ ਤੇ ਕੋਈ ਕਿੰਤੂ ਨਹੀਂ ਕਰਨਾ ਚਾਹੁੰਦਾ। ਮੈਂ ਕਾਨੂੰਨ ਦੀ ਬੈਕਗਰਾਉਂਡ ਵਿੱਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਸਰਕਾਰ ਨੇ ਇਸ ਦੇ ਬਾਰੇ ਸੋਚਿਆ ਹੈ ਕਿ ਜੋ ਸੜਕਾਂ ਮਾਰਕਿਟ ਕਮੇਟੀਆਂ ਨੂੰ ਕੁਨੈਕਟ ਕਰਦੀਆਂ ਹਨ ਉਨ੍ਹਾਂ ਦੀ ਮੁਰੰਮਤ ਜਲਦੀ ਤੋਂ ਜਲਦੀ ਕਰਵਾਈ ਜਾਵੇ। ਇਕ, ਡਿਪਟੀ ਸਪੀਕਰ ਸਾਹਿਬ, ਮਾਰਕੀਟਿੰਗ ਬੋਰਡ ਨੇ ਕੰਨਸਟਰੱਕਸ਼ਨ ਬੋਰਡ ਬਣਾਇਆ ਹੈ ਉਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਦੇ ਕੰਮ ਨੂੰ ਮੰਤਰੀ ਜੀ ਤੇਜ਼ੀ ਵਿੱਚ ਲਿਆਉਣ। ਕਿਸਾਨਾਂ ਲਈ ਕਿਸਾਨ ਘਰ ਬਣਾਏ ਜਾਣ। ਇਸ ਦੇ ਲਈ ਕੋਈ ਸੀਮਿੰਟ ਦਾ ਬਹਾਨਾ ਇਨ੍ਹਾਂ ਨੂੰ ਮਿਲ ਜਾਂਦਾ ਹੈ ਕਿ ਸਾਡੇ ਕੋਲ ਸੀਮਿੰਟ ਨਹੀਂ ਹੈ। ਮੇਰੀ ਬੇਨਤੀ ਹੈ ਕਿ ਜਿਵੇਂ ਰੰਧਾਵਾ ਸਾਹਿਬ ਨੇ ਸੀਮਿੰਟ ਦਾ ਅਲਹਿਦਾ ਕੋਟਾ ਲਿਆ ਹੈ ਆਪਣੇ ਡਿਵੈਲਪਮੈਂਟ ਦੇ ਕੰਮਾਂ ਵਾਸਤੇ ਉਸੇ ਤਰ੍ਹਾਂ ਤੁਸੀਂ ਵੀ ਕੋਈ ਸੈਪਰੇਟ ਕੋਟਾ ਲਓ ਤਾਕਿ ਕਿਸਾਨ ਘਰ ਬਣਾਉਣਾ ਹੈ ਜਾਂ ਕੋਈ ਹੋਰ ਬਿਲਡਿੰਗ ਬਣਾਉਣੀ ਹੈ ਉਸ ਤੇ ਉਹ ਸੀਮਿੰਟ ਲਾਇਆ ਜਾ ਸਕੇ ਜਾਂ ਹੋਰ ਡਿਵੈਲਪਮੈਂਟ ਦੇ ਕੰਮ ਜਲਦੀ ਤੋਂ ਜਲਦੀ ਕੀਤੇ ਜਾ ਸਕਣ।

ਡਿਪਟੀ ਸਪੀਕਰ ਸਾਹਿਬ, ਅਨਾਜ ਜੋ ਮੰਡੀਆਂ ਵਿੱਚ ਆਉਂਦਾ ਹੈ ਉਸ ਦੀ ਹਾਲਤ ਬਾਰਸ਼ਾਂ ਦੇ ਦਿਨਾਂ ਵਿੱਚ ਬੜੀ ਖਸਤਾ ਹੋ ਜਾਂਦੀ ਹੈ। ਮਾਰਕਿਟ ਕਮੇਟੀਆਂ ਕੋਲ ਅਨਾਜ ਨੂੰ ਢੱਕਣ ਲਈ ਤਰਪਾਲਾਂ ਦੀ ਗਿਣਤੀ ਥੋੜ੍ਹੀ ਹੈ। ਪੰਜਾਬ ਵਿੱਚ ਅਨਾਜ ਦੀ ਪੈਦਾਵਾਰ ਬਹੁਤ ਜ਼ਿਆਦਾ ਹੋ ਗਈ ਹੈ ਅਤੇ ਉਹ ਅਨਾਜ ਜਦੋਂ ਹੁਣ ਮੰਡੀਆਂ ਵਿੱਚ ਆਉਂਦਾ ਹੈ ਤਾਂ ਉਸ ਦੇ ਲਈ ਇਹ ਤਰਪਾਲਾਂ ਸਫੀਸ਼ੀਐਂਟ ਗਿਣਤੀ ਵਿੱਚ ਨਹੀਂ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਸਫੀਸ਼ੀਐਂਟ ਤਰਪਾਲਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ 5—7 ਸਾਲ ਤੋਂ ਕੋਈ ਮੰਡੀ ਨਹੀਂ ਬਣ ਰਹੀ। ਵਿਰੋਜ਼ਪੁਰ ਛਾਉਣੀ ਵਿੱਚ ਮੰਡੀ ਦੇ ਲਈ ਮੈਂ ਮੰਤਰੀ ਜੀ ਨੂੰ ਬੇਨਤੀ ਵੀ ਕੀਤੀ ਸੀ ਅਤੇ ਉਨ੍ਹਾਂ ਨੇ ਵਾਇਦਾ ਵੀ ਕੀਤਾ ਸੀ ਕਿ ਜਲਦੀ ਤੋਂ ਜਲਦੀ ਬਣਾ ਦੇਵਾਂਗੇ। ਇਹ ਮੰਡੀ ਜਲਦੀ ਤੋਂ ਜਲਦੀ ਬਣਾ ਦਿੱਤੀ ਜਾਣੀ ਚਾਹੀਦੀ ਹੈ। ਮੇਰੇ ਹਲਕੇ ਵਿੱਚ ਮਾਰਕਿਟ ਕਮੇਟੀ ਦੀ ਵੀ ਹਾਲਤ ਮਾੜੀ ਹੈ। ਬਾਦਲ ਸਾਹਿਬ ਆਪਣੀ ਸਰਕਾਰ ਵੇਲੇ ਉਥੇ ਕੋਈ ਮੁਸਲਿਮ ਪ੍ਰਾਪਰਟੀ ਤੇ ਪੱਥਰ ਰੱਖ ਕੇ ਆਏ ਸੀ ਕਿ ਇਥੇ ਮੰਡੀ ਬਣਾਈ ਜਾਵੇਗੀ। ਵੋਟਾਂ ਲੈਣ ਲਈ ਉਨ੍ਹਾਂ ਨੇ ਕਈ ਲੋਕਾਂ ਨੂੰ ਖੁਸ਼ ਕਰ ਦਿੱਤਾ ਕਿ ਇਥੇ ਮੰਡੀ ਬਣਾਈ ਜਾਵੇਗੀ।

ਸ਼੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਇਕ ਮਿੰਟ। With the pleasure of the House the Punjab General Sales Tax (Amendment) Ordinance 1982 (Punjab Ordinance No. 1 of 1982). The Punjab General Sales Tax (Amendment) Bill 1982 ਜਿਹੜਾ ਇਸ ਬਿਲ ਤੋਂ ਬਾਅਦ ਡਿਸਕਸ ਹੋਣਾ ਸੀ, ਕਿਉਂਕਿ ਡਾਕਟਰ ਸਾਹਿਬ ਨੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਜਾਣਾ ਹੈ, ਇਸ ਲਈ ਇਹ ਸਾਰਿਆਂ ਤੋਂ ਬਾਅਦ ਡਿਸਕਸ ਹੋਵੇਗਾ।

ਸਰਦਾਰ ਗੁਰਨੈਬ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਉਥੇ ਬਾਦਲ ਸਾਹਿਬ ਨੀਂਹ ਪੱਥਰ ਰੱਖ ਆਏ ਸੀ ਪਰ ਜ਼ਮੀਨ ਐਕੁਆਇਰ ਨਹੀਂ ਹੋਈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜਲਦੀ ਤੋਂ ਜਲਦੀ ਵਿਰੋਜ਼ਪੁਰ ਛਾਉਣੀ ਦੇ ਲੋਕਾਂ ਵਾਸਤੇ ਮੰਡੀ ਦਾ ਪ੍ਰਬੰਧ ਕੀਤਾ ਜਾਵੇ। (ਘੰਟੀ)

Original with;
Punjab Vidhan Sabha
Digitized by;
Panjab Digital Library

ਇਕ, ਡਿਪਟੀ ਸਪੀਕਰ ਸਾਹਿਬ, ਮੈਂ ਸਟਾਫ ਦੀ ਗਲ ਕਰਨਾ ਚਾਹੁੰਦਾ ਹਾਂ। ਮਾਰਕਿਟ ਕਮੇਟੀਆਂ ਵਿੱਚ ਸਟਾਫ ਦੀ ਬੜੀ ਘਾਟ ਹੈ, ਇਨ੍ਹਾਂ ਵਿੱਚ ਮੁਲਾਜ਼ਮ ਬੜੇ ਘੱਟ ਹਨ ਅਤੇ ਕਈ ਵਾਰੀ ਤਿੰਨ ਤਿੰਨ , ਚਾਰ ਚਾਰ ਮਹੀਨਿਆਂ ਵਾਸਤੇ ਟੈਮਪ੍ਰੇਰੀ ਸਟਾਫ ਰਖਿਆ ਜਾਂਦਾ ਹੈ। ਬਹੁਤ ਸਾਰੀਆਂ ਆਸਾਮੀਆਂ ਖਾਲੀ ਪਈਆਂ ਰਹਿੰਦੀਆਂ ਹਨ । ਮੈਂ ਇਸ ਸਬੰਧ ਵਿੱਚ ਬੇਨਤੀ ਕਰਾਂਗਾ ਕਿ ਇਸ ਦੇ ਲਈ ਪੱਕਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਜੋ ਖਾਲੀ ਆਸਾਮੀਆਂ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਭਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਆਸ ਕਰਦੇ ਹਾਂ ਕਿ ਜੋ ਇਨ੍ਹਾਂ ਨੇ ਮਾਰਕਿਟ ਕਮੇਟੀਆਂ ਵਿਚ ਫੀਸ ਦਾ ਵਾਧਾ ਕੀਤਾ ਹੈ ਉਸ ਨਾਲ ਲੋਕਾਂ ਦੀ ਭਲਾਈ ਦੇ ਕੰਮ, ਕਿਸਾਨਾਂ ਦੀ ਭਲਾਈ ਦੇ ਕੰਮ, ਜਿਵੇਂ ਸੜਕਾਂ ਜਿਹੜੀਆਂ ਟੁੱਟੀਆਂ ਭੱਜੀਆਂ ਹਨ ਉਨ੍ਹਾਂ ਦੀ ਮੁਰੰਮਤ ਜਾਂ ਹੋਰ ਮੰਡੀਆਂ ਨਾਲ ਕੁਨੈਕਟ ਕਰਨ ਦਾ ਪ੍ਰਬੰਧ ਕਰਨਗੇ ਤਾਕਿ ਕਿਸਾਨਾਂ ਨੂੰ ਸੌਖ ਹੋ ਸਕੇ। ਇਨ੍ਹਾਂ ਸ਼ਬਦਾਂ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਅਮੈਂਡਮੈਂਟਸ ਵੀ ਦਿੱਤੀਆਂ ਹਨ, ਇਹ ਸਰਬਸੰਮਤੀ ਨਾਲ ਤਸਲੀਮ ਕਰ ਲਓ ਕਿਉਂਕਿ ਇਹ ਨੌਮੀਨੇਸ਼ਨਜ਼ ਦੇ ਖਿਲਾਫ਼ ਹਨ ਇਕ ਪਾਰਟੀ ਦਾ ਰਾਜ ਹੈ ਅਤੇ ਉਹ ਵੀ ਇਕ ਬੰਦੇ ਦਾ ਅਤੇ ਦੂਜੇ ਨੂੰ ਉਹ ਨੇੜੇ ਨਹੀਂ ਹੋਣ ਦਿੰਦਾ ; ਜੇ ਕੋਈ ਹੋਣ ਲਗਦਾ ਹੈ ਤਾਂ ਫਿਰ ਇਹ ਮੁਜ਼ਾਹਰੇ ਕਰਦੇ ਹਨ। ਇਹ ਬਿਊਰੋਕਰੇਸੀ ਦਾ ਰਾਜ ਹੈ। ਡਿਪਟੀ ਸਪੀਕਰ ਸਾਹਿਬ, ਮਾਰਕਿਟ ਕਮੇਟੀਆਂ ਜਿਨ੍ਹਾਂ ਨੇ ਪਿੰਡਾਂ ਦੇ ਲੋਕਾਂ ਦੀ ਸੇਵਾ ਕਰਨੀ ਹੈ, ਕਿਸਾਨਾਂ ਦੀ ਸੇਵਾ ਕਰਨੀ ਹੈ ਉਨ੍ਹਾਂ ਵਿੱਚ ਅਫ਼ਸਰ ਭਰ ਦਿੱਤੇ ਗਏ ਜਿਸ ਦੇ ਖਿਲਾਫ਼ ਸਾਰੇ ਪੰਜਾਬ ਦੀ ਜਨਤਾ ਹੈ। ਇਹ ਮਾਰਕਿਟ ਕਮੇਟੀਆਂ ਅੱਤ ਮਾਰਕੀਟਿੰਗ ਬੋਰਡ ਵਿੱਚ ਨੌਮੀਨੇਸ਼ਨਜ਼ ਕਰ ਰਹੇ ਹਨ। ਇਹ ਸਰਕਾਰ ਦੇ ਆਪਣੇ ਫੈਸਲੇ ਦੇ ਉਲਟ ਜਾ ਰਹੇ ਹਨ। ਇਹ ਕਹਿੰਦੇ ਹਨ ਕਿ ਅਸੀਂ ਡੈਮੋਕਰੇਸੀ ਵਿੱਚ ਵਿਸ਼ਵਾਸ ਰਖਦੇ ਹਾਂ। ਪਿੱਛੇ ਜਿਹੇ ਵਜ਼ੀਰ ਸਾਹਿਬ ਨੇ ਬੜਾ ਜ਼ੋਰ ਦੇ ਕੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਇਲੈਕਸ਼ਨ ਕਰਵਾਵਾਂਗੇ ਪਰ ਇਸ ਨੂੰ ਇਹ ਹੋਰ ਅਗੇ ਲੈ ਗਏ, ਹੋਰ ਅਗੇ ਲੈ ਗਏ। ਇਨ੍ਹਾਂ ਦੀ ਸਰਕਾਰ ਤਾਂ ਹੁਣ ਰਹਿਣੀ ਨਹੀਂ। ਸਾਨੂੰ ਖੁਸ਼ੀ ਹੈ ਕਿ ਇਕ ਇਨ੍ਹਾਂ ਵਿਚੋਂ ਬਹਾਦਰ ਪੈਦਾ ਹੋਇਆ ਹੈ ਅਤੇ ਇਕ ਵੋਟ ਇਧਰ ਆ ਗਈ ਹੈ। ਇਹ ਆਪਣੀ ਫੁੱਟ ਨੂੰ ਰੋਕਣ। ਮਾਰਕੀਟਿੰਗ ਬੋਰਡ ਬਾਰੇ ਸੁਪਰੀਮ ਕੋਰਟ ਨੇ ਜੋ ਫੈਸਲਾ ਕੀਤਾ ਹੈ ਉਹ ਇਕ ਗਲੋਂ ਦਰੁਸਤ ਹੈ। ਜਿਹੜੇ ਕਮੇਟੀਆਂ ਦੇ ਚੇਅਰਮੈਨ ਸਨ ਉਹ ਪੈਸੇ ਦੀ ਸਾਰੀ ਦੁਰਵਰਤੋਂ ਕਰਦੇ ਸਨ। ਜਦੋਂ ਮਨਿਸਟਰ ਸਾਹਿਬ ਦੌਰੇ ਤੇ ਜਾਂਦੇ ਸਨ, ਜਿਵੇਂ ਕੋਈ ਨਵੀਂ ਵਿਹਾਈ ਦਾ ਸਵਾਗਤ ਕਰਨਾ ਹੋਵੇ, ਉਸ ਤਰ੍ਹਾਂ ਇਨ੍ਹਾਂ ਲਈ ਗੇਟ ਮਾਰਕੀਟ ਕਮੇਟੀਆਂ ਜਾਂ ਮਿਉਂਸਪਲ ਕਮੇਟੀਆਂ ਬਣਾਉਂਦੀਆਂ ਸਨ। ਇਹ ਠੀਕ ਨਹੀਂ ਸੀ। ਕਿਸਾਨ ਦੀ ਫ਼ਸਲ ਬਰਬਾਦ ਹੋ ਰਹੀ ਹੈ ਇਧਰ ਕੋਈ ਧਿਆਨ ਨਹੀਂ। ਸਤਲੁਜ ਲਿੰਕ ਦੇ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ ਪਰ ਇਹ ਖੁਸ਼ੀਆਂ ਮਨਾ ਰਹੇ ਹਨ। ਪਬਲਿਕ ਹੈਲਥ ਦੇ ਮਹਿਕਮੇ ਦੀ ਗਲ ਵੇਖ ਲਵੋ ਮੁਹਾਲੀ ਦਾ ਅੈਕਸੀਅਨ ਹੈ ਉਹ ਸਾਰੇ ਏਅਰ ਕੰਡੀਸ਼ਨਜ਼ ਸਸਤੇ ਵੇਚ ਕੇ ਪੈਸੇ ਖਾ ਗਿਆ ਹੈ ; ਇਸੇ ਤਰ੍ਹਾਂ ਬਠਿੰਡੇ ਵਾਲਾ ਹੈ। ਇਨ੍ਹਾਂ ਨੂੰ ਐਸ.ਈ. ਬਣਾਇਆ ਜਾ ਰਿਹਾ ਹੈ। ਮਾਰਕੀਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਕਮੇਟੀਆਂ ਵਿਚ ਕਰੋੜਾਂ ਰੁਪਏ ਦੀ ਦੁਰਵਰਤੋਂ ਹੋ ਰਹੀ ਹੈ। ਭਰਤੀ ਦਾ ਕੋਈ ਅਸੂਲ ਨਹੀਂ। ਰਿਜ਼ਰਵੇਸ਼ਨ ਪਾਲੀਸੀ ਲਾਗੂ ਨਹੀਂ ਕੀਤੀ ਜਾ ਰਹੀ। ਸੀ.ਐਮ. ਸਾਹਿਬ ਨੂੰ ਸੁਆਲ ਕੀਤਾ ਉਹ ਜਵਾਬ ਨਹੀਂ ਦਿੰਦੇ। ਸ਼ਡਿਊਲਡ ਕਾਸਟਸ ਵੈਲਫੇਅਰ ਦੀ ਕਮੇਟੀ ਵਿਚ ਦੱਸਿਆ ਗਿਆ ਕਿ ਭਰਤੀ ਤਾਂ ਕੀਤੀ ਹੈ ਪਰ ਬਾਲਮੀਕੀਆਂ ਦੀ। ਅਸੀਂ ਕਹਿੰਦੇ ਹਾਂ ਕਿ ਲਾਓ ਦੂਸਰਿਆਂ ਨੂੰ ਸਫਾਈ ਤੇ ਉਨ੍ਹਾਂ ਨੂੰ ਵੀ ਪਤਾ ਲਗੇ। ਰਿਜ਼ਰਵੇਸ਼ਨ ਬਿਲਕੁਲ ਕੋਈ ਨਹੀਂ ਅੋਰ ਨਾ ਹੀ ਉਨ੍ਹਾਂ ਨੂੰ ਕੋਈ ਕਹਿਣ ਵਾਲਾ ਹੈ ਜਿੰਨੇ ਅਫਸਰ ਹਨ ਉਹ ਵੱਧ ਤੋਂ ਵੱਧ ਐਸ਼ ਕਰ ਰਹੇ ਹਨ। ਹੈਸਟ ਹਾਊਸਾਂ ਦੀ ਦੁਰਵਰਤੋਂ ਹੋ ਰਹੀ ਹੈ। ਇਕ ਕਾਂਗਰਸੀ ਗੋਬਿੰਦਗੜ੍ਹ ਰਹਿੰਦਾ ਹੈ, ਉਹ 12 ਲੱਖ ਰੁਪਏ ਦਾ ਗਬਨ ਕਰ ਗਿਆ, ਕੋਈ ਪੁਛਣ ਵਾਲਾ ਨਹੀਂ। ਮਜਮੇ ਲਗ ਰਹੇ ਹਨ। ਵਿੱਤ ਮੰਤਰੀ ਸਾਹਿਬ ਵੀ ਉਥੇ ਗਏ ਸਨ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਗਏ ਸੀ ਪਰ ਵਾਪਸ ਆ ਗਏ ਸੀ ਕਿਉਂਕਿ ਉਰਦੂ ਦੇ ਸ਼ੇਅਰ ਸਮਝ ਵਿਚ ਨਹੀਂ ਸੀ ਆਉਂਦੇ। ਉਸ ਮਜਮੇ ਵਿਚ 30 ਹਜ਼ਾਰ ਰੁਪਿਆ ਖਰਚ ਹੋ ਗਿਆ। ਸਾਰੇ ਪੈਸੇ ਦੀ ਦੁਰਵਰਤੋਂ ਹੋ ਰਹੀ ਹੈ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਅਗਰ ਸਰਕਾਰ ਦੇ ਸਾਰੇ ਅਫਸਰ, ਐਲ.ਆਰ. ਅਤੇ ਐਡਵੋਕੇਟ ਜਨਰਲ ਸਾਰੇ ਨਾਲਾਇਕ ਹਨ ਤਾਂ ਸਾਡੇ ਵਿਧਾਇਕਾਂ ਦੀ ਇਕ ਕਮੇਟੀ ਬਣਾ ਦਿਓ ਤਾਕਿ ਕਾਨੂੰਨ ਵਿਚ ਅਮੈਂਡਮੈਂਟ ਕਰ ਸਕੀਏ ਕਿਉਂਕਿ ਇਤਨੀ ਦੇਰ ਹੋ ਗਈ ਹੈ ਮਾਰਕੀਟਿੰਗ ਬੋਰਡ ਦੇ ਕਾਨੂੰਨ ਵਿਚ ਕੋਈ ਅਮੈਂਡਮੈਂਟ ਸਰਕਾਰ ਨਹੀਂ ਲਿਆ ਸਕੀ। ਦੂਸਰੇ ਪਾਸੇ ਮੀਂਹ ਨਾਲ ਸਾਰੀਆਂ ਸੜਕਾਂ ਟੁੱਟ ਗਈਆਂ ਹਨ। ਸੰਜੇ ਗਾਂਧੀ ਦੇ ਬੁੱਲਡੋਜ਼ਰ ਫੇਰੇ ਹੋਏ ਸਨ, ਉਥੇ ਹੁਣ ਮਿੱਟੀ ਪਾਈ ਜਾ ਰਹੀ ਹੈ। ਸੀਮਿੰਟ ਦੀ ਬੁਰੀ ਹਾਲਤ ਹੈ। 70 ਰੁਪਏ ਬੋਰੀ ਦੀ ਕੀਮਤ ਹੋ ਗਈ। ਆਰਾਮ ਘਰ ਨਹੀਂ ਬਣ ਸਕੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਹਾਰਾ ਲੈ ਕੇ ਸਾਰੀਆਂ ਸੜਕਾਂ ਦਾ ਕੰਮ ਬੰਦ ਹੋ ਗਿਆ। ਮੈਂ ਕਹਿੰਦਾ ਹਾਂ ਕਿ ਹਰਿਆਣੇ ਤੇ ਵੀ ਤਾਂ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਹੋਣਾ ਹੈ ਉਨ੍ਹਾਂ ਨੇ ਸਾਰੀਆਂ ਸੜਕਾਂ ਬਣਾ ਦਿੱਤੀਆਂ ਉਥੇ ਸਾਰੇ ਕੰਮ ਕਾਰ ਹੋ ਗਏ। ਵਿੱਤ ਮੰਤਰੀ ਸਾਹਿਬ ਜਦੋਂ ਸਪੀਚ ਕਰਦੇ ਹਨ ਤਾਂ ਕਹਿੰਦੇ ਹਨ ਕਿ ਬੜਾ ਪੈਸਾ ਹੈ, ਬੜਾ ਪੈਸਾ ਹੈ, ਬੜੀ ਤਰੱਕੀ ਹੋ ਰਹੀ ਹੈ, ਬੜੀ ਤਰੱਕੀ ਹੋ ਰਹੀ ਹੈ। ਤਰੱਕੀ ਕਿਥੇ ਹੋ ਰਹੀ ਹੈ ? ਇਨ੍ਹਾਂ ਦੀਆਂ ਆਪਣੀਆਂ ਕਾਰਾਂ ਵਿਚ, ਆਪਣੀਆਂ ਕੋਠੀਆਂ ਵਿਚ। ਮਾਰਕੀਟ ਕਮੇਟੀਆਂ ਵਿਚ ਨਾ ਕਿਸਾਨ ਘਰ ਬਣ ਰਹੇ ਹਨ, ਨਾ ਉਨ੍ਹਾਂ ਲਈ ਕੋਈ ਤਰਪਾਲਾਂ ਲਿਆਂਦੀਆਂ ਜਾ ਰਹੀਆਂ ਹਨ ਅਤੇ ਨਾ ਹੀ ਕੋਈ ਹੋਰ ਸਹੂਲਤਾਂ ਕਿਸਾਨਾਂ ਵਾਸਤੇ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਮਹਿਕਮੇ ਨੇ ਗੁੱਲੀ ਡੰਡੇ ਦੀ ਕੋਈ ਦਵਾਈ ਨਹੀਂ ਅਰੇਂਜ ਕੀਤੀ। ਕਰਨਲ ਬੰਟ ਲਗਾ ਹੋਇਆ ਹੈ, ਕਣਕ ਤਬਾਹ ਹੋ ਰਹੀ ਹੈ, ਇਨ੍ਹਾਂ ਨੇ ਆਪਣਾ ਟੀਚਾ ਪੂਰਾ ਨਹੀਂ ਕਰ ਸਕਣਾ। ਰਾਜ ਸਭਾ ਵਿਚ ਕਿਹਾ ਗਿਆ ਹੈ ਕਿ 25% ਕਣਕ ਦੀ ਫਸਲ ਦਾ ਨੁਕਸਾਨ ਹੋ ਗਿਆ ਹੈ, ਪਰ ਸਾਡੇ ਵਜ਼ੀਰ ਸਾਹਿਬ ਮੰਨਦੇ ਹੀ ਨਹੀਂ। ਇਹ ਦਵਾਈਆਂ ਨਹੀਂ ਦੇ ਸਕਦੇ। ਅਨ-ਟੇਟਿਡ ਦਵਾਈਆਂ ਵਰਤੀਆਂ ਜਾਂਦੀਆਂ ਹਨ। ਸਾਰੀ ਸਟੇਟ ਦੀ ਕਣਕ ਬਰਬਾਦ ਹੋ ਗਈ ਹੈ।

ਫੋਰਥ ਕਲਾਸ ਲਈ ਜਿਹੜੀਆਂ ਵਰਦੀਆਂ ਲਈਆਂ ਜਾਂਦੀਆਂ ਹਨ ਉਨ੍ਹਾਂ ਵਿਚ ਹੇਰਾਫੇਰੀ ਹੋ ਰਹੀ ਹੈ। ਮਾਰਕੀਟ ਕਮੇਟੀਆਂ ਅਤੇ ਮਾਰਕੀਟਿੰਗ ਬੋਰਡ ਵਿਚ ਕਰਮਚਾਰੀਆਂ ਨੂੰ ਵਰਦੀਆਂ ਦਿੱਤੀਆਂ ਹੀ ਨਹੀਂ ਜਾਂਦੀਆਂ ਇਹ ਵਰਦੀਆਂ ਸਮੇਂ ਸਿਰ ਸੈਕਰੀਟੇਰੀਏਟ ਵਿਚ ਨਹੀਂ ਦਿੱਤੀਆਂ ਜਾਂਦੀਆਂ। ਸੈਕਟਰੀਆਂ ਦੇ ਕਮਰੇ ਜਾ ਕੇ ਵੇਖੋ ਕਿਸ ਤਰ੍ਹਾਂ ਸਜੇ ਹੋਏ ਹਨ। ਜਾਂ ਤਾਂ ਵਜ਼ੀਰਾਂ ਨੂੰ ਪਤਾ ਹੀ ਨਹੀਂ ਅੋਰ ਅਗਰ ਪਤਾ ਹੈ ਤਾਂ ਸੈਕਟਰੀਆਂ ਤੇ ਇਨ੍ਹਾਂ ਦਾ ਕੰਟਰੋਲ ਹੀ ਨਹੀਂ। ਮੁਲਾਜ਼ਮ ਸਰਦੀਆਂ ਵਿਚ ਮਰ ਗਏ ਉਨ੍ਹਾਂ ਨੂੰ ਕੋਈ ਵਰਦੀਆਂ ਨਹੀਂ ਮਿਲੀਆਂ। ਗਰੀਬ ਦੇ ਨਿਆਣੇ ਨੇ ਅੰਮ੍ਰਿਤਸਰ ਵਿਚ ਖੁਦਕਸ਼ੀ ਕੀਤੀ, ਸਰਦੀ ਸੀ, ਵਰਦੀ ਨਹੀਂ ਦੇ ਸਕੇ।

Original with;
Punjab Vidhan Sabha
Digitized by;
Panjab Digital Library

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਨਰੇਬਲ ਮੈਂਬਰ ਜਿਸ ਵੇਲੇ ਬੋਲਣ ਲਗਦੇ ਹਨ, ਜਿਸ ਤਰ੍ਹਾਂ ਟੇਪ ਰਿਕਾਰਡ ਲਾ ਲਿਆ ਤੇ ਸ਼ੁਰੂ ਹੋ ਗਿਆ, ਉਸੇ ਤਰ੍ਹਾਂ ਹੀ ਬੋਲਦੇ ਹਨ। ਜਿਹੜਾ ਬਿਜ਼ਨੈਸ ਹਾਊਸ ਦੇ ਸਾਹਮਣੇ ਹੈ ਕੀ ਉਸ ਨਾਲ ਇਸ ਦੀ ਕੋਈ ਰੈਲੇਵੈਂਸੀ ਹੈ ?

ਸਰਦਾਰ ਦਲੀਪ ਸਿਘ ਪਾਂਧੀ : ਇਹ, ਡਿਪਟੀ ਸਪੀਕਰ ਸਾਹਿਬ, ਤੁਸੀਂ ਦੱਸੋ ...

ਸ਼੍ਰੀ ਡਿਪਟੀ ਸਪੀਕਰ : ਰੈਲੇਵੈਂਸੀ ਹੈ, ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਸਾਰੇ ਹਿੰਦੁਸਤਾਨ ਵਿਚ 259.06 ਮਿਲੀਅੱਨ ਬੀਲੋ ਪਾਵਰਟੀ ਲਾਈਨ ਹਨ ਅਤੇ 16.6 ਮਿਲੀਅਨ ਲੱਕ ਬੇਰੁਜ਼ਗਾਰ ਬੈਠੇ ਹਨ। ਕਿਸਾਨਾਂ ਨੂੰ ਠੀਕ ਭਾਅ ਨਹੀਂ ਮਿਲਦੇ। ਫ਼ਰਟੇਲਾਈਜ਼ਰ ਠੀਕ ਨਹੀਂ, 78% ਤਕ ਖਾਦ ਵਿਚ ਮਿਲਾਵਟ ਹੈ ਪਰ ਨਾ ਬਹੁਤ ਸੋਹਣਾ ਰਖ ਲਿਆ। ਵਜ਼ੀਰ ਸਾਹਿਬ ਆਪਣੇ ਮਹਿਕਮੇ ਨੂੰ ਕਾਬੂ ਵਿਚ ਰਖਣ ਤਾਂ ਖਾਦ ਵਿਚ, ਦਵਾਈਆਂ ਵਿਚ ਅਤੇ ਹੋਰ ਚੀਜ਼ਾਂ ਵਿਚ ਕੋਈ ਮਿਲਾਵਟ ਨਹੀਂ ਹੋ ਸਕਦੀ ਅਤੇ ਮਾਰਕੀਟ ਕਮੇਟੀਆਂ ਅਤੇ ਮਾਰਕੀਟਿੰਗ ਬੋਰਡ ਦੇ ਫੰਡਾਂ ਦੀ ਦੁਰਵਰਤੋਂ ਨਾ ਹੋਵੇ। ਪਟਿਆਲਾ ਦੀ ਮਾਰਕੀਟ ਕਮੇਟੀ ਦੀ ਗਲ ਹੈ; ਐਮਰਜੰਸੀ ਦੇ ਦੌਰਾਨ ਰੈਜ਼ੀਡੈਂਸ਼ੂਲ ਕਵਾਟਰ ਦਾ ਮਾਮਲਾ ਸੀ ਜਿਸ ਵਿਚ ਇਕ ਕੁਲੈਕਟਰ ਇਨਵਾਲਵਡ ਸੀ। ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾ ਰਹੀ ਸੀ, ਇਨ੍ਹਾਂ ਦੀ ਹੁਣ ਗੌਰਮਿੰਟ ਆ ਗਈ ਤੇ ਉਹ ਕੇਸ ਰੱਦ ਕੀਤਾ ਗਿਆ। ਮੈਂ ਕਹਿੰਦਾ ਹਾਂ ਕਿ ਇਹ ਨਾਮੀਨੇਸ਼ਨਾਂ ਬੰਦ ਕਰੋ। ਅਗੇ ਵਿਧਾਨ ਸਭਾਵਾਂ 6 ਸਾਲਾਂ ਲਈ ਕਰ ਲਈਆਂ ਸਨ ਹੁਣ ਕਿਤੇ ਇੰਦਰਾ-ਗਾਂਧੀ 100 ਸਾਲ ਲਈ ਨਾ ਕਰ ਲਵੇ ਅਤੇ ਆਪ ਹੀ ਉਤੇ ਬੈਠ ਜਾਏ। ਚੋਣਾ ਕਰਵਾਓ ਅਤੇ ਮਾਰਕੀਟ ਕਮੇਟੀਆਂ ਦੇ ਪੈਸੇ ਦੀ ਠੀਕ ਵਰਤੋਂ ਕਰਕੇ ਲੋਕਾਂ ਦਾ ਭਲਾ ਕਰੋ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ) : ਡਿਪਟੀ ਸਪੀਕਰ ਸਾਹਿਬ, ਮੈਂ ਮਾਰਕੀਟ ਕਮੇਟੀਆਂ ਦੇ ਸਬੰਧ ਵਿਚ ਕੁਝ ਕਹਿਣ ਲਈ ਖੜਾ ਹੋਇਆ ਹਾਂ। ਮੈਂ ਤੁਹਾਡਾ ਬਹੁਤਾ ਸਮਾਂ ਨਹੀਂ ਲਵਾਂਗਾ। ਮੈਨੂੰ ਖੁਸ਼ੀ ਹੁੰਦੀ ਕਿ ਮਨਿਸਟਰ ਸਾਹਿਬ ਚੋਣਾ ਦੀ ਕੋਈ ਤਾਰੀਖ ਲੈ ਕੇ ਆਉਂਦੇ। ਸਾਰੇ ਹਾਊਸ ਦੀ ਇਸ ਗਲ ਨਾਲ ਸਹਿਮਤੀ ਹੈ ਕਿ ਚੋਣਾ ਕਰਾਈਆਂ ਜਾਣ । ਫਿਰ ਇਥੇ ਡਿਸਕਸ਼ਨ ਦੀ ਲੋੜ ਨਾ ਪੈਂਦੀ। ਪਹਿਲੀ ਗੌਰਮਿੰਟ ਨੇ ਚੋਣਾਂ ਨਹੀਂ ਕਰਵਾਈਆਂ ਸਨ, ਉਸ ਨੇ ਗਲਤੀ ਕੀਤੀ। ਹੁਣ ਇਹ ਗੌਰਮਿੰਟ ਹੈ ਜਦੋਂ ਸੈਸ਼ਨ ਆਉਂਦਾ ਹੈ, ਅਗੇ ਪਾ ਦਿੰਦੇ ਹਨ। ਮੈਨੂੰ ਸਮਝ ਨਹੀਂ ਆਉਂਦੀ ਜਦੋਂ ਸੈਸ਼ਨ ਆਉਂਦਾ ਹੈ ਕਹਿ ਦਿੰਦੇ ਹਨ ਅਗੇ ਪਾ ਦਿਤਾ, ਅਗੇ ਪਾ ਦਿਤਾ। ਕਦੋਂ ਤਕ ਅਗੇ ਪਾਈ ਜਾਣਗੇ ? ਅਸੀਂ ਚਾਹੁੰਦੇ ਹਾਂ ਕਿ ਚੋਣਾਂ ਕਰਵਾਓ। ਨਾਮੀਨੇਸ਼ਨਜ਼ ਕਰਨੀਆਂ ਹਨ ਤਾਂ ਨਾਮੀਨੇਸ਼ਨਜ਼ ਕਰੋ ਤਾਕਿ ਬੰਦੇ ਸੰਮਤੀਆਂ ਵਿਚ ਆ ਸਕਣ। ਨਾ ਮਾਰਕੀਟ ਕਮੇਟੀਆਂ ਦੀਆਂ ਚੋਣਾਂ ਹੁੰਦੀਆਂ ਹਨ, ਨਾ ਸੰਮਤੀਆਂ ਦੀਆਂ ਹੁੰਦੀਆਂ ਹਨ। ਇਨ੍ਹਾਂ ਨੇ ਬੋਲਣਾ ਹੈ ਇਸ ਲਈ ਫੋਰੀ ਤੌਰ ਤੇ ਵਜ਼ੀਰ ਸਾਹਿਬ ਐਲਾਨ ਕਰਨ ਕਿ ਇਸ ਮਹੀਨੇ ਜਾਂ ਅਗਲੇ ਮਹੀਨੇ ਚੋਣਾਂ ਕਰਾ ਦਿਆਂਗੇ। ਕੋਈ ਡੇਟ ਫਿਕਸ ਕਰ ਲੈਣ ਕਿ ਫਲਾਂਨੀ ਡੇਟ ਨੂੰ ਕਰਾ ਦਿਆਂਗੇ। ਅਗੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਗਰਮੀਆਂ ਆ ਰਹੀਆਂ ਹਨ, ਫਸਲਾਂ ਨੇ ਆਉਣਾ ਹੈ। ਮੰਡੀਆਂ ਵਿਚ ਨਾ ਕੋਈ ਪੀਣ ਦੇ ਪਾਣੀ ਦਾ, ਨਾ ਪਸ਼ੂਆਂ ਦੇ ਪਾਣੀ ਦਾ ਪ੍ਰਬੰਧ ਹੈ, ਨਾ ਗਡੇ ਖੜਾਉਣ ਲਈ ਕੋਈ ਸ਼ੈਡਜ਼ ਹਨ। ਮੇਰੇ ਜਲੰਧਰ ਵਿਚ ਤਾਂ ਕਿਸੇ ਮੰਡੀ ਵਿਚ ਪ੍ਰਬੰਧ ਨਹੀਂ। ਜੇਕਰ ਇਲੈਕਟਿਡ ਮੈਂਬਰ ਹੋਣਗੇ ਤਾਂ ਉਨ੍ਹਾਂ ਵਾਸਤੇ ਕੋਈ ਨਾ ਕੋਈ ਪ੍ਰਬੰਧ ਕਰਨਗੇ ਕਿਉਂਕਿ ਉਨ੍ਹਾਂ ਨੇ ਲੋਕਾਂ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ। ਉਹ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨਗੇ। ਮੈਂ ਦੱਸਦਾ ਹਾਂ ਕਿ ਮਾਰਕੀਟ ਕਮੇਟੀਆਂ ਵਿਚ ਜਿੰਨੇ ਕਰਮਚਾਰੀ ਹਨ ਉਨ੍ਹਾਂ ਵਿਚੋਂ 60% ਦਾ ਹਾਊਸ ਰੈਂਟ ਬੰਦ ਕਰ ਦਿੱਤਾ; ਉਹ ਵਿਚਾਰੇ 10, 12 ਸਾਲਾਂ ਤੋਂ ਲੈ ਰਹੇ ਸਨ। ਜੇਕਰ ਲੋਕਾਂ ਦੇ ਨੁਮਾਇੰਦੇ ਆਉਣਗੇ, ਉਨ੍ਹਾਂ ਨੂੰ ਹਾਊਸ ਰੈਂਟ ਮਿਲੇਗਾ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਐਲਾਨ ਕਰਨ ਕਿ ਅਪ੍ਰੈਲ ਵਿਚ ਜਾਂ ਮਈ ਵਿਚ ਚੋਣਾ ਕਰਾ ਦੇਣਗੇ ਤਾਕਿ ਮਾਰਕੀਟ ਕਮੇਟੀਆਂ ਵਿਚ ਦੁਬਾਰਾ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਆ ਸਕਣ।

ਸਰਦਾਰ ਸ਼ਮਸੇਰ ਸਿੰਘ (ਖੰਨਾ, ਅੰਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ (ਅਮੈਂਡਮੈਂਟ) ਬਿਲ ਤੇ ਬੋਲਣ ਲਈ ਸਮਾਂ ਦਿੱਤਾ ਹੈ। ਮਾਰਕੀਟਿੰਗ ਬੋਰਡ ਮੈਂ ਸਮਝਦਾ ਹਾਂ ਕਿ ਇੱਕ ਅਹਿਮ ਅਦਾਰਾ ਹੈ ਜਿਸ ਦੇ ਨਾਲ ਕਿਸਾਨਾਂ ਨੂੰ ਕਾਫੀ ਸਹੂਲਤਾਂ ਮਿਲਦੀਆਂ ਹਨ; ਚਾਹੇ, ਉਹ ਪੈਸਟੀਸਾਈਡਜ਼ ਜਾਂ ਚੰਗੇ ਸੀਡ ਸਪਲਾਈ ਕਰਦਾ ਹੈ ਜਾਂ ਹੋਰ ਸਹੂਲਤਾਂ ਮੁਹਈਆ ਕਰਦਾ ਹੈ। ਮਾਰਕਿਟ ਕਮੇਟੀਆਂ ਦਾ ਬੜਾ ਅਹਿਮ ਰੋਲ ਹੈ। ਇਹ ਕਿਸਾਨਾਂ ਨੂੰ ਅਤੇ ਆੜ੍ਹਤੀਆਂ ਨੂੰ ਸਹੂਲਤਾਂ ਦਿੰਦਾ ਹੈ। ਪਰ ਸਹੂਲਤਾਂ ਤਦ ਹੀ ਮਿਲ ਸਕਦੀਆਂ ਹਨ ਅਗਰ ਪਬਲਿਕ ਦੇ ਨੁਮਾਇੰਦੇ ਉਥੇ ਹੋਣ। ਇਹ ਜਿਹੜਾ ਬਿਲ ਲਿਆਂਦਾ ਹੈ, ਇਹ ਬੜੀ ਅੱਛੀ ਗਲ ਹੈ। 1978 ਤੋਂ ਮਾਰਕਿਟ ਕਮੇਟੀਆਂ ਉਤੇ ਬਿਊਰੋਕਰੇਸੀ ਹਾਵੀ ਹੈ। ਬਿਊਰੋਕਰੇਸੀ ਕਿਸਾਨਾਂ ਅਤੇ ਆੜ੍ਹਤੀਆ ਦੇ ਮਸਲਿਆਂ ਨੂੰ ਇਗਨੋਰ ਕਰਦੀ ਹੈ ਅਤੇ ਸਹੀ ਤਰੀਕੇ ਨਾਲ ਕੰਮ ਨਹੀਂ ਕਰਦੀ। ਮਾਰਕੀਟਿੰਗ ਬੋਰਡ ਵਿੱਚ ਇੱਕ ਕੰਸਟਰੱਕਸ਼ਨ ਡਵੀਜ਼ਨ ਹੈ ਪਰ ਉਹ ਕੋਈ ਅੱਛਾ ਕੰਮ ਨਹੀਂ ਕਰ ਰਿਹਾ। ਪਰਚੇਜ਼ਿੰਗ ਸੈਂਟਰ ਉਜਾੜ ਵਿੱਚ ਬਣਾਏ ਗਏ ਹਨ। ਜਦੋਂ ਕਿਸਾਨ ਆਪਣੀ ਫਸਲ ਉਥੇ ਲੈ ਕੇ ਜਾਂਦਾ ਹੈ ਤਾਂ ਉਸਨੂੰ ਬੈਠਣ ਲਈ ਕੋਈ ਜਗ੍ਹਾ ਨਹੀਂ ਮਿਲਦੀ। ਆੜ੍ਹਤੀਏ ਵੀ ਟੈਂਟ ਲਾ ਕੇ ਬੈਠੇ ਹੁੰਦੇ ਹਨ ਅਤੇ ਕਿਸਾਨ ਧੁੱਪੇ ਬੈਠਾ ਰਹਿੰਦਾ ਹੈ। ਮੀਂਹ ਕਣੀ ਕਾਰਨ ਵੀ ਫਸਲ ਦਾ ਨੁਕਸਾਨ ਹੁੰਦਾ ਹੈ। ਅਗਰ ਪਬਲਿਕ ਦੇ ਨੁਮਾਇੰਦੇ ਨਾਮੀ-ਨੇਸ਼ਨ ਰਾਹੀਂ ਜਾਂ ਇਲੈਕਸ਼ਨ ਰਾਹੀਂ ਉਥੇ ਹੋਣਗੇ ਤਾਂ ਲੋਕਾਂ ਦੀਆਂ ਤਕਲੀਫਾਂ ਅਤੇ ਦੁੱਖਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਪਹਿਲਾਂ ਮਾਰਕੀਟਿੰਗ ਬੋਰਡ ਅਤੇ ਮਾਰਕਿਟ ਕਮੇਟੀਆਂ ਦੇ ਪੈਸੇ ਨਾਲ ਪਿੰਡਾਂ ਦੀਆਂ ਸੜਕਾਂ ਬਣਾਈਆਂ ਜਾਂਦੀਆਂ ਸਨ ਕਿਉਂਕਿ ਕਿਸਾਨ ਸੜਕਾਂ ਤੇ ਹੀ ਆਪਣੇ ਗੱਡੇ ਆਦਿ ਵਿੱਚ ਫਸਲ ਲੈ ਕੇ ਆਉਂਦਾ ਸੀ। ਸੁਪਰੀਮ ਕੋਰਟ ਦੀ ਰੂਲਿੰਗ ਆਉਣ ਨਾਲ ਉਹ ਪੈਸਾ ਹੁਣ ਖਰਚ ਨਹੀਂ ਕੀਤਾ ਜਾ ਸਕਦਾ ਪਿੰਡਾਂ ਦੀ ਡਿਵੈਲਪਮੈਂਟ ਲਈ ਜਾਂ ਸੜਕਾਂ ਬਣਾਉਣ ਲਈ। ਸੜਕਾਂ ਦੀ ਹਾਲਤ ਬਹੁਤ ਖਰਾਬ ਹੈ। ਜਿਹੜੀਆਂ ਸੜਕਾਂ ਫੋਕਲ ਪੁਆਇੰਟਾਂ, ਸਬ ਯਾਰਡਾਂ ਜਾਂ ਪਰਚੇਜ਼ਿੰਗ ਸੈਂਟਰ, ਜੋ ਪਿੰਡਾਂ ਵਿੱਚ ਬਣਾਏ ਗਏ ਹਨ, ਉਨ੍ਹਾਂ ਨੂੰ ਲਿੰਕ ਕਰਦੀਆਂ ਹਨ ਜਾਂ ਮਿਸਿੰਗ ਲਿੰਕ ਜੋ ਹਨ ਉਨ੍ਹਾਂ ਨੂੰ ਜੋੜਨਾ ਹੈ, ਉਨ੍ਹਾਂ ਤੇ ਪੈਸਾ ਖਰਚ ਕੀਤਾ ਜਾਣਾ ਚਾਹੀਦਾ ਹੈ। ਮਾਰਕੀਟਿੰਗ ਬੋਰਡ ਲੋਨ ਵਜੋਂ ਪੀ.ਡਬਲਿਊ.ਡੀ, ਨੂੰ ਪੈਸੇ ਭਾਵੇਂ ਦੇ ਦੇਵੇ ਪਰ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਅਤੇ ਸੜਕਾਂ ਦੀ ਹਾਲਤ ਠੀਕ ਕੀਤੀ ਜਾਵੇ। (ਘੰਟੀ)

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮਾਰਕੀਟਿੰਗ ਬੋਰਡ ਅਤੇ ਮਾਰਕਿਟ ਕਮੇਟੀਆਂ ਵਿੱਚ ਰਿਜ਼ਰਵੇਸ਼ਨ ਦਾ ਕੋਈ ਖਿਆਲ ਨਹੀਂ ਰਖਿਆ ਜਾਂਦਾ। ਫੋਰਥ ਕਲਾਸ ਜਾਂ ਛੋਟੇ ਜੋ ਕਰਮਚਾਰੀ ਹਨ ਉਹ ਤਾਂ ਬਾਲਮੀਕੀ ਜਾਂ ਹੋਰ ਸ਼ਡਿਊਲਡ ਕਾਸਟਸ ਵਗੈਰਾ ਲੱਖ ਲਏ ਜਾਂਦੇ ਹਨ ਪਰ ਕਲੈਰੀਕਲ ਸਟਾਫ ਦੀ ਰਿਕਰੂਟਮੈਂਟ ਵਿੱਚ ਬਿਲਕੁਲ ਉਨ੍ਹਾਂ ਨੂੰ ਇਗਨੋਰ ਕੀਤਾ ਜਾਂਦਾ ਹੈ । ਮਾਰਕੀਟਿੰਗ ਬੋਰਡ ਵਿੱਚ ਖਾਸ ਤੌਰ ਤੇ ਰਿਜ਼ਰਵੇਸ਼ਨ ਦੀ ਪਾਲਿਸੀ ਅਡਾਪਟ ਨਹੀਂ ਕੀਤੀ ਗਈ। ਮੈਂ ਵਜ਼ੀਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਸ ਬੋਰਡ ਵਿੱਚ ਖਾਸ ਤੌਰ ਤੇ ਰਿਜ਼ਰਵੇਸ਼ਨ ਦੇ ਬੈਕਲਾਗ ਨੂੰ ਆਉਣ ਵਾਲੇ ਸੈਸ਼ਨ ਤੋਂ ਪਹਿਲਾਂ ਦੂਰ ਕੀਤਾ ਜਾਵੇ ਜਾਂ ਕੋਈ ਸਮਾਂ ਨਿਸ਼ਚਿਤ ਕਰ ਦੇਣ ਕਿ ਜਿਤਨੀ ਗੈਰ ਸ਼ਡਿਊਲਡ ਕਾਸਟਸ, ਬੈਕਵਰਡ ਕਲਾਸਿਜ਼ ਦੀ ਭਰਤੀ ਪੂਰੀ ਨਹੀਂ ਹੋ ਜਾਂਦੀ ਤਦ ਤਕ ਦੂਜੀ ਭਰਤੀ ਨਹੀਂ ਕੀਤੀ ਜਾਵੇਗੀ। ਇੱਕ ਅਮੈਂਡਮੈਂਟ ਇਹ ਲਿਆਂਦੀ ਗਈ ਹੈ ਕਿ ਇੰਪਲਾਈਜ਼ ਦੀ ਭਰਤੀ ਲਈ 114 ਰੁਪਏ ਦੀ ਥਾਂ 500 ਰੁਪਏ ਪੇ ਲਿਮਿਟ ਕਰ ਦਿੱਤੀ ਹੈ। ਇਹ ਬੜੀ ਖੁਸ਼ੀ ਦੀ ਗਲ ਹੈ। ਇੰਪਲਾਈਜ਼ ਨੂੰ ਹਾਊਸਰੈਂਟ ਅਤੇ ਟੀ.ਏ./ਡੀ.ਏ. ਜਾਂ ਦੂਜੀਆਂ ਸਹੂਲਤਾਂ ਹੋਰਨਾਂ ਅਦਾਰਿਆਂ ਦੇ ਮੁਤਾਬਿਕ ਦੇਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦੀ ਸਹੂਲਤ ਲਈ ਇਨ੍ਹਾਂ ਨੇ ਇੱਕ ਹਾਰਟੀਕਲਚਰ ਵਿੰਗ ਬਣਾਇਆ ਹੈ, ਉਸ ਦਾ ਡਾਇਰੈਕਟੋਰੇਟ ਕਾਇਮ ਕੀਤਾ ਹੈ । ਇਸ ਦੇ ਲਈ ਮੈਂ ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਜੇ ਪਬਲਿਕ ਦੇ ਨੁਮਾਇੰਦੇ ਨਾਮੀਨੇਸ਼ਨ ਰਾਹੀਂ ਉਥੇ ਜਾਣਗੇ ਤਾਂ ਕਿਸਾਨਾਂ ਅਤੇ ਆੜਤੀਆਂ ਦੀਆਂ ਦੁੱਖ ਤਕਲੀਫਾਂ ਨੂੰ ਦੂਰ ਕਰ ਸਕਣਗੇ । ਐਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ।

ਖੇਤੀਬਾੜੀ ਮੰਤਰੀ (ਚੌਧਰੀ ਕਾਸ਼ੀ ਰਾਮ) : ਡਿਪਟੀ ਸਪੀਕਰ ਸਾਹਿਬ, ਗਲ ਤਾਂ ਛੋਟੀ ਜਿਹੀ ਸੀ ਪਰ ਇਨ੍ਹਾਂ ਲੋਕਾਂ ਨੇ ਉਸ ਦਾ ਅਫਸਾਨਾ ਬਣਾ ਦਿੱਤਾ ਹੈ। ਪਹਿਲਾਂ ਸੁਪਰਸੈਸ਼ਨ ਦੀ ਮਿਆਦ ਸਾਢੇ ਚਾਰ ਸਾਲ ਸੀ, ਹੁਣ ਪੰਜ ਸਾਲ ਕਰਨ ਲਈ ਬਿਲ ਦੀ ਸ਼ਕਲ ਵਿੱਚ ਇਸ ਨੂੰ ਰੈਗੂਲਰਾਈਜ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਕਾਮਰੇਡ ਭਰਾਵਾਂ ਨੂੰ ਡੈਮੋਕਰੇਸੀ ਦੀ ਬੜੀ ਯਾਦ ਆਉਂਦੀ ਹੈ। ਜਿਥੋਂ ਇਹ ਇਨਸਪੀਰੇਸ਼ਨ ਲੈਂਦੇ ਹਨ ਉਥੇ ਤਾਂ ਵੰਨ-ਪਾਰਟੀ ਰੂਲ ਹੈ । ਪਤਾ ਨਹੀਂ ਇਨ੍ਹਾਂ ਨੂੰ ਡੈਮੋਕਰੇਸੀ ਦਾ ਫੋਬੀਆ ਹੋ ਗਿਆ ਹੈ। ਇਸ ਬਿਲ ਵਿੱਚ ਇਹ ਸਾਫ ਲਿਖਿਆ ਹੈ ਕਿ ਅਸੀਂ ਤਿੰਨ ਸਾਲ ਦੇ ਪੀਰੀਅਡ ਲਈ ਨਾਮੀਨੇਸ਼ਨਜ਼ ਕਰ ਰਹੇ ਹਾਂ। ਮੈਨੂੰ ਇਸ ਗਲ ਦਾ ਬੜਾ ਅਫਸੋਸ ਹੈ ਕਿ ਇਹ ਪਾਂਧੀ ਸਾਹਿਬ ਦੇ ਮਗਰ ਲੱਗ ਜਾਂਦੇ ਹਨ ਅਤੇ ਬਿਨਾਂ ਮਤਲਬ ਬੋਲੀ ਜਾਂਦੇ ਹਨ। ਇਸ ਬਿਲ ਵਿੱਚ ਸਾਫ ਲਿਖਿਆ ਹੈ ਕਿ ਅਸੀਂ ਨਾਮੀਨੇਸ਼ਨ ਕਰਾਂਗੇ ਅਤੇ ਤਿੰਨ ਸਾਲ ਉਨ੍ਹਾਂ ਦੀ ਟੈਨਿਉਰ ਹੋਵੇਗੀ। ਮੈਨੂੰ ਸਮਝ ਨਹੀਂ ਆਈ ਕਿ ਇਹ ਡੈਮੋਕਰੇਸੀ ਦੇ ਖਤਮ ਕਰਨ ਦੀ ਰੱਟ ਕਿਸ ਪਾਸਿਉਂ ਲੈ ਆਏ ਹਨ। ਮੈਂ ਸਮਝਦਾ ਹਾਂ ਕਿ ਸਰਕਾਰ ਦੀ ਇਨਟੈਨਸ਼ਨ ਇਸ ਨਾਲੋਂ ਹੋਰ ਕੀ ਕਲੀਅਰ ਹੋ ਸਕਦੀ ਹੈ ਕਿ ਅਸੀਂ ਬਿਲ ਦੀ ਸ਼ਕਲ ਵਿੱਚ ਇਹ ਚੀਜ਼ ਲੈ ਆਏ ਹਾਂ ਕਿ ਨਾਮੀਨੇਸ਼ਨ ਕਰਾਂਗੇ। ਫਿਰ ਇਹ ਹਰ ਵਕਤ ਕਹਿੰਦੇ ਹਨ ਕਿ ਕੁਰੱਪਸ਼ਨ ਬੜੀ ਹੋਵੇਗੀ ! ਇਹ ਬੜੀਆਂ ਘਟੀਆ ਗੱਲਾਂ ਕਰਦੇ ਹਨ। ਬਗੈਰ ਸੋਚੇ ਸਮਝੇ ਗਲਾਂ ਕਰਦੇ ਹਨ । ਜੇ ਇਲੈਕਸ਼ਨਾਂ ਰਾਹੀਂ ਬੰਦੇ ਲਾਈਏ ਤਾਂ ਵੀ ਇਹ ਕਹਿੰਦੇ ਹਨ ਕਿ ਕੁਰੱਪਸ਼ਨ ਹੋਵੇਗੀ, ਜੇ ਨਾਮੀਨੇਟ ਕਰੀਏ ਤਾਂ ਵੀ ਕਹਿੰਦੇ ਹਨ ਕਿ ਕੁਰੱਪਸ਼ਨ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਆਮ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਪਿੰਡਾਂ ਵਿਚ ਜਦੋਂ ਸੁਹਾਗਣਾਂ ਸੱਦਿਆਂ ਦੇ ਜਾਂਦੀਆਂ ਹਨ ਤਾਂ ਚੂੜੀਆਂ ਪਾ ਕੇ ਜਾਂਦੀਆਂ ਹਨ। ਜਿਹੜੇ ਅੰਤਰੇ ਬੁਢੇ ਹੁੰਦੇ ਹਨ ਉਹ ਕਹਿੰਦੇ ਹਨ ਕਿ ਇਹ ਰਸਤੇ ਵਿੱਚ ਟੁੱਟ ਜਾਣਗੀਆਂ। ਮੈਨੂੰ ਸਮਝ ਨਹੀਂ ਆਉਂਦੀ ਸਾਰੀ ਦਿਹਾੜੀ ਇਨ੍ਹਾਂ ਨੂੰ ਕਮਲ ਕਿਉਂ ਚੜ੍ਹਿਆ ਰਹਿੰਦਾ ਹੈ। ਮੈਨੂੰ ਇਸ ਗਲ ਦਾ ਬੜਾ ਅਫ਼ਸੋਸ ਹੈ ਕਿ ਇਹ ਬਿਨਾਂ ਜ਼ਿਮੇਵਾਰੀ ਰਿਅਲਾਈਜ਼ ਕੀਤੇ ਗਲਾਂ ਕਰੀ ਜਾਂਦੇ ਹਨ। ਅਜਿਹੀਆਂ ਗੱਲਾਂ ਸਾਨੂੰ ਨਹੀਂ ਕਰਨੀਆਂ ਚਾਹੀਦੀਆਂ। ਇਹ ਸੰਸਾਰ ਦਾ ਪਹਿਲਾ ਅਸੂਲ ਹੈ ਕਿ ਕੋਈ ਬੰਦਾ ਉਤਨਾ ਹੀ ਅੱਛਾ ਹੈ ਜਿਤਨਾ ਤੁਸੀਂ ਉਸ ਨੂੰ ਸਮਝਦੇ ਹੋ ਅਤੇ ਉਤਨਾ ਹੀ ਬੁਰਾ ਹੈ ਜਿਤਨਾ ਤੁਸੀਂ ਉਸਨੂੰ ਬੁਰਾ ਸਮਝਦੇ ਹੋ। ਜੇ ਤੁਸੀਂ ਸਾਰੇ ਜਹਾਨ ਨੂੰ ਮਾੜਾ ਸਮਝਣਾ ਹੈ ਤਾਂ ਜਹਾਨ ਕਿਉਂ ਨਹੀਂ ਤੁਹਾਨੂੰ ਮਾੜਾ ਸਮਝੇਗਾ। ਕਾਨੂੰਨ ਸਾਰਿਆਂ ਤੇ ਲਾਗੂ ਹੈ। ਇਥੇ ਇੱਕ ਗਲ ਇਹ ਬੜੀ ਆਈ ਕਿ ਮਾਰਕੀਟਿੰਗ ਵਿੱਚ ਅਫ਼ਸਰ ਬੜੇ ਨਾਮੀਨੇਟ ਕਰ ਦਿੱਤੇ ਹਨ। ਅਸੀਂ ਡਾਇਰੈਕਟਰ ਕਾਲੋਨਾਈਜ਼ੇਸ਼ਨ ਅਤੇ ਜੁਆਇੰਟ ਸੈਕਟਰੀ, ਫਾਈਨਾਂਸ ਨੂੰ ਨਾਮੀਨੇਟ ਕੀਤਾ ਹੈ। ਭੇਖਲਾ ਇਨ੍ਹਾਂ ਦਾ ਇਹ ਹੈ ਕਿ ਅਫ਼ਸਰਸ਼ਾਹੀ ਹੋ ਗਈ ਹੈ। ਕੋਈ ਅਫ਼ਸਰ ਅਨਟੱਚੇਬਲ ਨਹੀਂ ਹੈ, ਕੋਈ ਅਛੂਤ ਨਹੀਂ ਹੈ। ਉਸਨੂੰ ਕੋਈ ਪਲੇਗ ਦੀ ਬਿਮਾਰੀ ਨਹੀਂ ਹੈ। ਸਾਨੂੰ ਅਫ਼ਸਰਾਂ ਨਾਲ ਘਿਣਾ ਡਿਵੈਲਪ ਨਹੀਂ ਕਰਨੀ ਚਾਹੀਦੀ। ਅਫ਼ਸਰ ਇੱਕ ਐਸੀ ਏਜੰਸੀ ਹੈ ਜਿਸ ਨੇ ਸਰਕਾਰ ਦੇ ਸਾਰੇ ਡਸੀਜ਼ਨਜ਼ ਨੂੰ ਇੰਪਲੀਮੈਂਟ ਕਰਨਾ ਹੈ, ਉਸ ਨੂੰ ਕੈਰੀ-ਆਊਟ ਕਰਨਾ ਹੈ। ਅਸੀਂ ਉਨ੍ਹਾਂ ਨੂੰ ਹਦਾਇਤ ਦੇ ਦਿੱਤੀ ਕਿ ਮਾਰਕਿਟ ਕਮੇਟੀਆਂ ਨਾਮੀਨੇਟ ਕਰਨੀਆਂ ਹਨ। ਮਾਰਕੀਟਿੰਗ ਬੋਰਡ ਦਾ ਚੇਅਰਮੈਨ ਪ੍ਰਾਈਵੇਟ ਬੰਦਾ ਹੋਵੇਗਾ। ਜੇ ਸਾਡਾ ਬੰਦਾ ਹੀ ਚਪੜਾਸੀ ਦੇ ਥੱਲੇ ਲਗ ਜਾਵੇ ਤਾਂ ਇਸ ਵਿੱਚ ਸਾਡਾ ਕਸੂਰ ਹੈ, ਅਫ਼ਸਰਾਂ ਦਾ ਕੋਈ ਕਸੂਰ ਨਹੀਂ। ਇਥੇ ਗਲ ਨੂੰ ਵਧਾਇਆ ਨਾ ਕਰੋ। ਰੈਲੇਵੈਂਟ ਗਲਾਂ ਕਰਿਆ ਕਰੋ। ਇਸ ਵਿੱਚ ਇਹ ਦੋ ਤਿੰਨ ਪੁਆਇੰਟ ਸਨ। ਕੋਈ ਵਾਧੂ ਗਲ ਨਹੀਂ ਸੀ। ਹਰ ਵਕਤ ਡੈਮੋਕਰੇਸੀ ਦਾ ਨਾਅਰਾ ਲਾਉਣ ਵਾਲੇ ਆਪ ਵੇਖਣ। ਸੰਨ 1977 ਤੋਂ ਬਾਅਦ ਤਿੰਨ ਸਾਲ ਇਹ ਆਪ ਇਥੇ ਰਹੇ। 13 ਮਈ, 1977 ਨੂੰ ਪਹਿਲੀ ਵਾਰ ਸੁਪਰਸੈਸ਼ਨ ਹੋਈ, ਜਦੋਂ ਗਵਰਨਰ ਦਾ ਰੂਲ ਸੀ। ਇਹ ਆਪ 1980 ਵਿੱਚ ਇਥੋਂ ਗਏ ਹਨ। ਤਿੰਨ ਸਾਲਾਂ ਤਕ ਇਹ ਸੁਪਰਸੈਸ਼ਨ ਦੇ ਹੱਕ ਵਿੱਚ ਵੋਟਾਂ ਪਾਉਂਦੇ ਰਹੇ। ਉਦੋਂ ਉਨ੍ਹਾਂ ਨਾਲ ਪੀਂਘਾਂ ਪਾਉਂਦੇ ਰਹੇ। ਅੱਜ ਕਹਿੰਦੇ ਹਨ ਕਿ ਡੈਮੋਕਰੇਸੀ ਨੂੰ ਖਤਰਾ ਹੋ ਗਿਆ ਹੈ ਜਿਵੇਂ ਕਿ ਮਾਰਕਿਟ ਕਮੇਟੀਆਂ ਦੀਆਂ ਇਲੈਕਸ਼ਨਾਂ ਵਿੱਚ ਹੀ ਡੈਮੋਕਰੇਸੀ ਖੜੀ ਹੈ। ਮਾਰਕਿਟ ਕਮੇਟੀਆਂ ਵਿੱਚ ਨਾਮੀਨੇਸ਼ਨਜ਼ ਹੋਣ ਨਾਲ ਮੈਨੂੰ ਪੂਰਾ ਯਕੀਨ ਹੈ ਕਿ ਡੈਮੋਕਰੇਸੀ ਨੂੰ ਕੋਈ ਖਤਰਾ ਨਹੀਂ ਹੋਣ ਲੱਗਾ।

ਸਾਡੇ ਪ੍ਰਾਈਵੇਟ ਬੰਦੇ ਹੀ ਹੋਣਗੇ ਜਿਹੜੇ ਕਿ ਨਾਮੀਨੇਟ ਦੱਣਗੇ। ਇਕ ਇਕ ਕਮੇਟੀ ਵਿਚ ਅੱਠ ਅੱਠ, ਨੌਂ ਨੌਂ, ਸੋਲਾਂ ਸੋਲਾਂ ਬੰਦੇ ਨਾਮੀਨੇਟ ਹੋਣੇ ਹਨ। ਉਹ ਵੀ ਤਾਂ ਪ੍ਰਾਈਵੇਟ ਬੰਦੇ ਹੀ ਹੋਣਗੇ। ਤੁਸੀਂ ਐਵੇਂ ਹੀ ਡੈਮੋਕਰੇਸੀ ਦਾ ਰੌਲਾ ਪਾਈ ਜਾਂਦੇ ਹੋ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਤਾਂ ਉਹ ਗੱਲ ਹੈ ਇਕ ਵਾਰ ਸਾਹਿਬ, ਇਕ ਭਲਾ ਬੰਦਾ ਇਕ ਤੇਲੀ ਦੇ ਕੋਹਲੂ ਤੇ ਤੇਲ ਲੈਣ ਚਲਾ ਗਿਆ। ਉਸ ਵੇਲੇ ਤੇਲੀ ਕਿਧਰੇ ਬਾਹਰ ਗਿਆ ਹੋਇਆ ਸੀ। ਕੋਹਲੂ ਚੱਲੀ ਜਾ ਰਿਹਾ ਸੀ। ਉਹ ਫਿਲਾਸਫਰ ਬਲਦ ਦੇ ਖੱਪੇ ਵੇਖਕੇ ਸੋਚੀ ਜਾਵੇ ਕਿ ਕਿਸ ਤਰ੍ਹਾਂ ਨਾਲ ਆਪੇ ਹੀ ਬਲਦ ਚੱਲੀ ਜਾ ਰਿਹਾ ਹੈ। ਇਤਨੇ ਨੂੰ ਤੇਲੀ ਵਾਪਸ ਆ ਗਿਆ ਤਾਂ ਉਹ ਫਿਲਾਸਫਰ ਉਸ ਨੂੰ ਪੁੱਛਣ ਲੱਗਾ ਕਿ ਭਈ, ਪਹਿਲਾਂ ਤੂੰ ਇਹ ਦੱਸ ਕਿ ਬਲਦ ਦੇ ਗੱਲ ਇਹ ਟੱਲੀ ਕਿਉਂ ਬੰਨ੍ਹੀ ਹੋਈ ਹੈ। ਉਸ ਨੇ ਕਿਹਾ ਕਿ ਸਾਹਿਬ, ਮੈਂ ਕਿਸੇ ਵੇਲੇ ਇਧਰ ਉਧਰ

Original with;
Punjab Vidhan Sabha
Digitized by;
Panjab Digital Library

ਹੋ ਜਾਂਦਾ ਹਾਂ ਤਾਂ ਟੱਲੀ ਵੱਜਦੀ ਮੈਨੂੰ ਸੁਣਦੀ ਰਹਿੰਦੀ ਹੈ ਔਰ ਮੈਂ ਸਮਝ ਲੈਂਦਾ ਹਾਂ ਕਿ ਕੋਹਲੂ ਚਲ ਰਿਹਾ ਹੈ। ਇਸ ਤੇ ਫਿਲਾਸਫਰ ਨੇ ਕਿਹਾ ਅਗਰ ਬਲਦ ਖੜਾ ਹੋ ਕੇ ਧੌਣ ਮਾਰਨ ਲਗ ਜਾਵੇ ਤਾਂ ਤੇਰਾ ਤਾਂ ਭੱਠਾ ਹੀ ਬੈਠ ਗਿਆ ਨਾ। ਤੇਲੀ ਵਿਚਾਰਾ ਸੋਚ ਕੇ ਕਹਿਣ ਲੱਗਾ ਕਿ ਸਾਹਿਬ, ਇਹ ਤੁਹਾਡੇ ਜਿਤਨਾਂ ਨਹੀਂ ਪੜ੍ਹਿਆ ਹੋਇਆ। (ਬਹੁਤ ਹਾਸਾ) ਤੋ, ਡਿਪਟੀ ਸਪੀਕਰ ਸਾਹਿਬ, ਅਸੀਂ ਇਨ੍ਹਾਂ ਜਿਤਨਾਂ ਨਹੀਂ ਪੜ੍ਹੇ ਹੋਏ ਪਰ ਇਨ੍ਹਾਂ ਦੀ ਡੈਮੋਕਰੇਸੀ ਵੀ ਬਲਦ ਦੀ ਟੱਲੀ ਵਾਂਗ ਹੀ ਹੈ। ਮੈਂ ਜਾਣਦਾ ਹਾਂ ਤੁਹਾਡੀ (ਕਮਿਉਨਿਸਟ ਪਾਰਟੀ ਵੱਲ ਇਸ਼ਾਰਾ) ਡੈਮੋਕਰੇਸੀ ਨੂੰ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਇਹ ਮੇਰੇ ਦੋਸਤ ਡੈਮੋਕਰੇਸੀ ਦੀ ਜੱਟ ਲਗਾਈ ਜਾਂਦੇ ਹਨ। ਇਨ੍ਹਾਂ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੀਦੀ ਸੀ ਕਿ ਅਸੀਂ ਨਾਮੀਨੇਸ਼ਨ ਕਰਨ ਦਾ ਫੈਸਲਾ ਕਰ ਲਿਆ ਹੈ। ਇਨ੍ਹਾਂ ਨੇ ਤਾਂ ਤਿੰਨ ਸਾਲਾਂ ਵਿਚ ਇਹ ਵੀ ਫੈਸਲਾ ਨਹੀਂ ਸੀ ਕੀਤਾ। ਉਸ ਦੇ ਬਾਰੇ ਤਾਂ ਇਹ ਫਿੱਟੇ ਮੂੰਹ ਕਹਿਣ ਲਈ ਵੀ ਤਿਆਰ ਨਹੀਂ ਹਨ। ਬਾਬਾ, ਤੁਹਾਡਾ ਤਾਂ ਇਹ ਧਰਮ ਹੀ ਬਣ ਗਿਆ ਹੈ ਕਿ ਜਿਹੜੀ ਵੀ ਅਸੀਂ ਚੰਗੀ ਗੱਲ ਕਰੀਏ ਤੁਸੀਂ ਉਸ ਨੂੰ ਚੰਗਾ ਨਹੀਂ ਕਹਿਣਾ।

ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਦੋਸਤ ਪਾਂਧੀ ਸਾਹਿਬ ਬੈਠੇ ਹਨ। ਇਹ ਇੱਰੈਲੇਵੈਂਟ ਗੱਲਾਂ ਕਹੀ ਜਾਂਦੇ ਹਨ। ਕਿੱਥੇ ਯਾਰੋ ਖਾਦ ਦਾ ਝਗੜਾ, ਕਿੱਥੇ ਸਵਾਗਤ ਦੀ ਗੱਲ ਔਰ ਕਿੱਥੇ ਇਹ ਮਾਰਕਿਟ ਕਮੇਟੀਆਂ ਦੀ ਗੱਲ। ਪਤਾ ਨਹੀਂ ਹੈ ਕਿਥੇ ਦੀ ਗੱਲ ਇਹ ਕਿਥੇ ਮਿਲਾ ਦਿੰਦੇ ਹਨ ਔਰ ਇਸ ਤਰ੍ਹਾਂ ਦੀਆਂ ਇੱਰੈਲੇਵੈਂਟ ਗੱਲਾਂ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਰਿਕਾਰਡ ਕਰਵਾਈ ਗਏ ਹੋ। ਇਤਨਾਂ ਕਹਿ ਕੇ ਸਾਹਿਬ, ਮੈਂ ਇਹ ਗੁਜ਼ਾਰਿਸ਼ ਕਰਾਂਗਾ ਕਿ ਇਸ ਬਿੱਲ ਨੂੰ ਪਾਸ ਕੀਤਾ ਜਾਵੇ।

Mr. Deputy Speaker : Question is—

That this House disapproves the Punjab Agricultural Produce Markets (Second Amendment) Ordinance, 1981 (Punjab Ordinance No. 12 of 1981.)

The motion was lost.

Mr. Deputy Speaker : Question is—

That the Punjab Agricultural Produce Markets (Amendment) Bill be taken into consideration at once.

The motion was carried.

Mr. Deputy Speaker : Now the House will consider the Bill Clause by Clause.

Sub-clause (2) of Clause 1

Mr. Deputy Speaker : Question is—

That Sub-clause (2) of Clause 1 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

Clause 2

Mr. Deputy Speaker : There is a notice of amendment to this Clause by Sardar Dalip Singh Pandhi. He may please move his amendment.

Sardar Dalip Singh Pandhi : Sir, I beg to move—

That in part (i), line (2) *for* "sixteen other members of whom eight" *substitute* "fifteen other members of whom nine'."

ਡਿਪਟੀ ਸਪੀਕਰ ਸਾਹਿਬ, ਇਹ ਅਮੈਂਡਮੈਂਟ ਬਹੁਤ ਅੱਛੀ ਹੈ ਔਰ ਇਹ ਸਰਵਸੰਮਤੀ ਨਾਲ ਪਰਵਾਨ ਕਰ ਲੈਣੀ ਚਾਹੀਦੀ ਹੈ। ਇਹ ਇਨ੍ਹਾਂ ਦੇ ਫਾਇਦੇ ਦੀ ਗੱਲ ਰਹੇਗੀ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਇਹ ਇਨ੍ਹਾਂ ਦੇ ਭਲੇ ਦੀਆਂ ਗੱਲਾਂ ਹਨ। ਇਹ ਨਾਮੀਨੇਸ਼ਨ ਵਰਡ ਵਿਦਡਰਾ ਕਰ ਲੈਣ, ਅਸੀਂ ਇਸ ਬਿੱਲ ਨੂੰ ਸਰਵਸੰਮਤੀ ਨਾਲ ਪਾਸ ਕਰ ਦੇਵਾਂਗੇ, ਇਹ ਕੰਟ੍ਰੋਲ ਨਹੀਂ ਕਰ ਸਕਦੇ। ਚੁਣ ਕੇ ਜਿਹੜੇ ਬੰਦੇ ਮਰਜ਼ੀ ਹੈ ਇਨ੍ਹਾਂ ਦੀ ਲੈ ਆਉਣ, ਸਾਨੂੰ ਕੋਈ ਇਤਰਾਜ਼ ਨਹੀਂ ਹੈ, ਚੰਗੇ ਆ ਜਾਣ, ਮੰਦੇ ਆ ਜਾਣ, ਸਮੱਗਲਰ ਆ ਜਾਣ, ਬਦਮਾਸ਼ ਆ ਜਾਣ ਪਰ ਇਨ੍ਹਾਂ ਨੂੰ ਨਾਮੀਨੇਸ਼ਨ ਦਾ ਵਰਡ ਵਿਦਡਰਾ ਕਰਨਾ ਚਾਹੀਦਾ ਹੈ ਔਰ ਉਸ ਦੀ ਜਗਾਹ ਇਲੈਕਸ਼ਨ ਦਾ ਵਰਡ ਪਾ ਲੈਣਾ ਚਾਹੀਦਾ ਹੈ। ਇਸ ਨਾਲ ਇਨ੍ਹਾਂ ਦੇ ਵਰਕਰ ਵੀ ਖੁਸ਼ ਹੋਣਗੇ ** ** **

ਜਦੋਂ ਸਾਡਾ ਰਾਜ ਸੀ ਅਸੀਂ ਵੀ ਅਮੈਂਡਮੈਂਟ ਲਈ ਕਿਹਾ ਸੀ, ਹੁਣ ਇਹ ਕਰ ਲੈਣ। ਮਾਰਕਿਟ ਕਮੇਟੀਆਂ ਹਨ ਜਾਂ ਮਾਰਕੀਟਿੰਗ ਬੋਰਡ ਹੈ, ਉਸ ਵਿਚ ਜਿੰਨੇ-ਇਨ੍ਹਾਂ ਦੇ ਵਰਕਰ ਪ੍ਰੇਸ਼ਾਨ ਬੈਠੇ ਹਨ ਉਨ੍ਹਾਂ ਨੂੰ ਐਡਜਸਟ ਕਰ ਲੈਣਾ। ਜਿਹੜੇ ਕਾਂਗਰਸ ਦੇ ਵਰਕਰ ਹਨ ਇਸ ਨਾਲ ਉਹ ਵੀ ਖੁਸ਼ ਹੋ ਜਾਣਗੇ। ਉਨ੍ਹਾਂ ਦੀ ਸੇਵਾ ਹੋਵੇਗੀ ** ** **
ਇਸ ਵੇਲੇ ਤਾਂ ਬੁਰਾ ਹਾਲ ਹੈ। ਮਾਰਕਿਟ ਕਮੇਟੀ ਦਾ ਸੈਕਟਰੀ ਵੀ ਐਮ.ਐਲ.ਏਜ਼ ਦੀ ਗੱਲ ਨਹੀਂ ਸੁਣਦਾ। ਵਿਧਾਇਕਾਂ ਦੀ ਇਹ ਹਾਲਤ ਹੈ। ਇਸ ਕਰਕੇ ਮੇਰੀ ਅਮੈਂਡਮੈਂਟ ਨੂੰ ਸਰਵਸੰਮਤੀ ਨਾਲ ਤਸਲੀਮ ਕਰ ਲੈਣ। ਇਨ੍ਹਾਂ ਦੇ ਆਪਣੇ ਆਦਮੀ ਚੁਣ ਕੇ ਆ ਜਾਣਗੇ। ਅਸੀਂ ਵੀ ਉਨ੍ਹਾਂ ਨੂੰ ਮਿਲ ਲਿਆ ਕਰਾਂਗੇ।

ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਬੋਲਦਿਆਂ ਹੋਇਆਂ ਕਈ ਗੱਲਾਂ ਮੈਂਬਰਾਂ ਦੇ ਬਾਰੇ ਡੈਰੋਗੇਟਰੀ ਕਹੀਆਂ ਹਨ। ਉਹ ਔਕਸਪੰਜ ਹੋਣੀਆਂ ਚਾਹੀਦੀਆਂ ਹਨ।

ਸ਼੍ਰੀ ਡਿਪਟੀ ਸਪੀਕਰ : ਜੋ ਡੈਰੋਗੇਟਰੀ ਲਫਜ਼ ਮੈਂਬਰਜ਼ ਦੇ ਬਾਰੇ ਹਨ, ਉਹ ਔਕਸਪੰਜ ਕੀਤੇ ਜਾਂਦੇ ਹਨ।

Mr. Deputy Speaker : Motion moved—

That in part (i), line2, *for* " sixteen other members of whom eight" *substitute* "fifteen other members of whom nine."

**Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Deputy Speaker : Question is—

That in part (i), line 2, *for* "sixteen other members of whom eight" *substitute* "fifteen other members of whom nine".

The motion was lost.

Mr. Deputy Speaker : Question is—

That Clause 2 stand part of the Bill.

The motion was carried.

Clause 3

Mr. Deputy Speaker : Question is—

That Clause 3 stand part of the Bill.

The motion was carried.

Clause 4

Mr. Deputy Speaker : Question is—

That Clause 4 stand part of the Bill.

The motion was carried.

Clause 5

Mr. Deputy Speaker : There is a notice of amendment to this Clause by Sardar Dalip Singh Pandhi. He may please move his amendment.

Sardar Dalip Singh Pandhi : Sir I beg to move—

That in line 2, *for* "five hundred" *substitute* "one thousand".

ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਵਾਧਾ ਹੀ ਕਰ ਰਿਹਾ ਹਾਂ। ਮੈਂ ਤਾਂ ਇਕ ਹਜ਼ਾਰ ਹੀ ਕਹਿੰਦਾ ਹਾਂ। ਇਹ ਇਸ ਨੂੰ ਤਸਲੀਮ ਕਰ ਲੈਣ। ਇਸ ਨਾਲ ਮਾਰਕਿਟ ਕਮੇਟੀਆਂ ਦੀ ਆਮਦਨ ਵਧੇਗੀ ਜਿਸ ਨਾਲ ਕਿ ਇਹ ਸਹੂਲਤਾਂ ਜ਼ਿਆਦਾ ਦੇ ਸਕਣਗੇ। ਜਿਹੜੇ ਆਦਮੀ ਇਹ ਨਾਮੀਨੇਟ ਕਰਨਗੇ ਉਨ੍ਹਾਂ ਨੂੰ ਜ਼ਿਆਦਾ ਤਨਖਾਹ ਦੇ ਸਕਣਗੇ। ਰੈਸਟ ਹਾਊਸਿਜ਼ ਵਿਚ ਜ਼ਿਆਦਾ ਸੈਰਾਂ ਕਰ ਸਕਣਗੇ। ਡਿਪਟੀ ਸਪੀਕਰ ਸਾਹਿਬ, ਸਾਡਾ ਅਮਲੋਹ ਰੈਸਟ ਹਾਊਸ ਨਹੀਂ ਬਣ ਰਿਹਾ। ਮੈਂ ਵਜ਼ੀਰ ਸਾਹਿਬ ਨੂੰ ਚਿੱਠੀ ਵੀ ਭੇਜੀ ਹੈ। ਮੰਡੀਆਂ ਦੀ ਵੀ ਬੁਰੀ ਹਾਲਤ ਹੈ, ਨਾ ਤਾਂ ਉਥੇ ਲਾਈਟ ਹੈ, ਨਾ ਥੜ੍ਹੇ ਬਣਦੇ ਹਨ। ਜੇਕਰ ਆਮਦਨ ਵੱਧ ਹੋ ਜਾਵੇਗੀ ਤਾਂ ਇਹ ਵੀ ਕੰਮ ਸਰਕਾਰ ਨੂੰ ਕਰਨੇ ਸੌਖੇ ਹੋ ਜਾਣਗੇ। ਇਹ ਆੜ੍ਹਤੀਆਂ ਤੋਂ ਪੈਸਾ ਲਿਆ ਜਾਵੇ। ਇਸ ਨਾਲ ਕਲਾਸ ਚਾਰ ਇੰਪਲਾਈਜ਼ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਇਹ ਸਹੂਲਤਾਂ ਦੇ ਸਕਣਗੇ ; ਉਨ੍ਹਾਂ ਵਿਚਾਰਿਆਂ ਨੂੰ ਵਰਦੀਆਂ ਨਹੀਂ ਮਿਲਦੀਆਂ। ਜਿਹੜੀ ਅਫਸਰਸ਼ਾਹੀ ਦੀ ਇਨ੍ਹਾਂ ਨੇ ਆਮਦਨ ਦੀ ਕਟੌਤੀ ਕੀਤੀ ਹੋਈ ਹੈ, ਉਹ ਠੀਕ ਕਰ ਸਕਣਗੇ। ਮਾਰਕਿਟ ਕਮੇਟੀ ਐਮ.ਐਲ.ਏਜ਼ ਲਈ ਰੈਸਟ ਹਾਊਸਿਜ਼ ਬਣਾ ਸਕੇਗੀ। ਸਮਾਣੇ ਰੈਸਟ ਹਾਊਸ ਵਿਚ ਇਕ ਡੀ.ਐਸ.ਪੀ. ਬੈਠਾ ਹੈ, ਉਸ ਨੇ ਇਨਕਰੋਚਮੈਂਟ ਕੀਤੀ ਹੋਈ ਹੈ ਪਰ ਦੂਸਰੇ ਪਾਸੇ ਕਿਸਾਨ ਵਿਚਾਰੇ ਪ੍ਰੇਸ਼ਾਨ ਹੋ ਰਹੇ ਹਨ। ਉਸ ਨੇ ਉਥੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਇਸ ਤਰ੍ਹਾਂ ਹੋਰ ਵੀ ਕਈਆਂ ਥਾਵਾਂ ਤੇ ਨਜਾਇਜ਼ ਕਬਜ਼ੇ ਹੋਏ ਹੋਏ ਹਨ, ਮੁਕਦਮੇ ਵੀ ਹੋਏ ਹਨ ਪਰ ਉਹ ਲੋਕ ਉਥੇ ਹੀ ਬੈਠੇ ਹਨ। ਮੈਂ ਕਹਿੰਦਾ ਹਾਂ ਕਿ ਇਹ ਇਨਕੁਆਇਰੀ ਕਰਵਾਉਣ, ਉਨ੍ਹਾਂ ਦੇ ਖਿਲਾਫ਼ ਜਿਹੜੇ ਇਸ ਤਰ੍ਹਾਂ ਨਾਲ ਨਾਜਾਇਜ਼ ਕਬਜ਼ਾ ਕਰੀ ਬੈਠੇ ਹਨ, ਕੇਸ ਦਰਜ ਕਰਾਉਣ ਤਾਕਿ ਅੱਗੇ ਨੂੰ ਕੋਈ ਇਸ ਤਰ੍ਹਾਂ ਕਰਨ ਦੀ ਜੁਰਅੱਤ ਨਾ ਕਰੇ।

Mr. Deputy Speaker : Motion moved—

That in line 2, *for* "five hundred" *substitute* "one thousand."

Mr. Deputy Speaker : Question is—

That in line 2, *for* "five hundred" *substitute* "one thousand".

The motion was lost.

Mr. Deputy Speaker : Question is—

That Clause 5 stand part of the Bill.

The motion was carried.

Clause 6

Mr. Deputy Speaker : Question is—

That Clause 6 stand part of the Bill.

The motion was carried.

Sub-clause (1) of Clause 1

Mr. Deputy Speaker : Question is—

That Sub-clause (1) of Clause 1 stand part of the Bill.

The motion was carried.

Title

Mr. Deputy Speaker : Question is—

That Title be the Title of the Bill.

The motion was carried.

Original with;
Punjab Vidhan Sabha
Digitized by;
Panjab Digital Library

Agriculture Minitser : Sir, I beg to move—

That the Punjab Agricultural Produce Markets (Amendment) Bill be passed.

Mr. Deputy Speaker : Motion moved—

That the Punjab Agricultural Produce Markets (Amendment) Bill be passed.

Mr. Deputy Speaker : Question is—

That the Punjab Agricultural Produce Markets (Amendment) Bill be passed.

The motion was carried.

THE PUNJAB NEW TOWNSHIPS (STREET LIGHTING AND WATER SUPPLY) FEES (REPEALING) BILL, 1982

ਰਾਜ ਮੰਤਰੀ, ਉਦਯੋਗ (ਸਰਦਾਰ ਦਰਸ਼ਨ ਸਿੰਘ ਕੇ. ਪੀ.) ; ਮੈਂ ਪ੍ਰਸਤਾਵ ਕਰਦਾ ਹਾਂ ਕਿ ਪੰਜਾਬ ਨਿਊ ਟਾਊਨਸ਼ਿਪ (ਗਲੀਆਂ ਵਿਚ ਰੋਸ਼ਨੀ ਕਰਨਾ ਅਤੇ ਪਾਣੀ ਦੀ ਸਪਲਾਈ) ਫੀਸ (ਮਨਸੂਖੀ) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

Mr. Deputy Speaker : Motion moved—

That the Punjab New Townships (Street Lighting and Water Supply) Fees (Repealing) Bill be taken into consideration at once.

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ): ਡਿਪਟੀ ਸਪੀਕਰ ਸਾਹਿਬ, ਮੈਂ ਜਿਹੜਾ ਬਿਲ ਪੇਸ਼ ਹੋਇਆ ਹੈ ਉਸ ਦੀ ਸਪੋਰਟ ਵਾਸਤੇ ਖੜ੍ਹਾ ਹੋਇਆ ਹਾਂ । ਠੀਕ ਹੈ ਇਹ ਰੀਪੀਲਿੰਗ ਕਰਨੀ ਚਾਹੀਦੀ ਹੈ । ਇਸ ਬਿਲ ਦੇ Statement of Objects and Reasons ਵਿਚ ਲਿਖਿਆ ਹੈ :—

"Soon after partition, new townships were constructed in the State of Punjab for providing residential accommodation to the displaced persons migrating from Pakistan. Arrangements for street lighting, water supply etc., were made in these townships. For water supply, a uniform fee of Rs. 6.50 per month was recovered from the purchasers of the houses in Model Town Jullundur, Hoshiarpur, Khanna, Ludhiana and Phagwara. This rate was fixed as far back as 1950. After 1950, Municipal Committees/Corporations have been revising water supply fee for the localities under their control off and on."

ਮੇਰਾ ਦੱਸਣ ਦਾ ਮਤਲਬ ਇਹ ਹੈ ਕਿ ਇਸ ਦਾ ਡਿਫਰੈਂਸ ਹੈ ਹੁਣ ਦੇ ਰੇਟ ਵਿਚ ਅਤੇ ਪੁਰਾਣੇ ਰੇਟ ਵਿਚ। ਜਦੋਂ ਇਹ ਨਿਊ ਟਾਊਨਸ਼ਿਪ ਬਣੇ ਸਨ ਤਾਂ ਉਸ ਵੇਲੇ ਇਹ ਜ਼ਰੂਰੀ ਸੀ ਕਿਉਂਕਿ ਲੋਕ ਪਾਕਿਸਤਾਨ ਤੋਂ ਉਜੜ ਕੇ ਇਥੇ ਆਏ ਸਨ ਅਤੇ ਆਪਣਾ ਸਾਰਾ ਕੁਝ ਗਵਾ ਕੇ ਇਥੇ ਆਏ ਸਨ। ਉਸ ਵੇਲੇ ਉਨ੍ਹਾਂ ਲੋਕਾਂ ਨੂੰ ਇਹ ਕਨਸੈਸ਼ਨ ਪਾਣੀ ਦੀ ਸਪਲਾਈ ਤੋਂ ਮਿਲਿਆ ਸੀ ਅੱਜ ਕੋਈ ਮੀਟਰ ਨਹੀਂ ਸੀ ਲਾਇਆ ਬਲਕਿ ਸਾਢੇ ਛੇ ਰੁਪਏ ਪਰ ਮੰਥ ਲਿਆ ਜਾਂਦਾ ਸੀ। ਹੁਣ ਤੁਹਾਨੂੰ ਪਤਾ ਹੈ ਕਿ 1947 ਵਿਚ ਕੀ ਹਾਲ ਹੋਇਆ ਸੀ। 1947 ਵਿਚ ਅੰਗਰੇਜ਼ ਨੇ ਡੀ-ਵਾਈਡ ਐਂਡ ਰੂਲ ਵਾਲੀ ਪਾਲਿਸੀ ਅਖਤਿਆਰ ਕਰਕੇ ਲੋਕਾਂ ਨੂੰ ਕਮਿਊਨਿਜ਼ਮ ਵਿਚ ਵੰਡ ਦਿੱਤਾ ਸੀ ਅੱਜ ਇਸ ਲਿਹਾਜ਼ ਨਾਲ ਇਸ ਦੇਸ਼ ਦੀ ਤਕਸੀਮ ਕੀਤੀ ਸੀ। ਉਸ ਤਕਸੀਮ ਦਾ ਨਤੀਜਾ ਅੱਜ ਵੀ ਤੁਸੀਂ ਪਾਕਿਸਤਾਨ ਵਿਚ ਵੇਖ ਰਹੇ ਹੋ ਕਿ ਕੀ ਹਾਲ ਹੋ ਰਿਹਾ ਹੈ। ਉਥੇ ਕੋਈ ਡੈਮੋਕਰੇਸੀ ਨਹੀਂ, ਉਥੇ ਡਿਕਟੇਟਰਸ਼ਿਪ ਚਲਦੀ ਹੈ। ਇਸੇ ਤਰ੍ਹਾਂ ਇਥੇ ਸਾਡੇ ਵੀ ਕੁਝ ਸਾਥੀ ਉਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਪਾਸੇ ਵਾਲੇ ਇਹ ਰੌਲਾ ਪਾਉਂਦੇ ਹਨ ਅਤੇ ਪਿਛੇ ਕੁਝ ਪੰਜਾਬ ਵਿਚ ਤਸ਼ੱਦਦ ਅਤੇ ਕਤਲ ਵੀ ਹੋਏ ਸਨ। ਉਹ ਭਾਵੇਂ ਸਾਹਮਣੇ ਤਾਂ ਨਹੀਂ ਪਰ ਪਰਦੇ ਦੇ ਪਿਛੇ ਵਖਰਾ ਸੂਬਾ ਬਣਾਉਣਾ ਚਾਹੁੰਦੇ ਹਨ। ਉਹ ਪ੍ਰੋਵਿਸ਼ਿਅਲ ਅਟਾਨੋਮੀ ਦੀ ਮੰਗ ਕਰਦੇ ਹਨ ਅੱਰ ਉਹ ਹਾਲ ਕਰਨਾ ਚਾਹੁੰਦੇ ਹਨ ਜਿਹੜਾ ਪਹਿਲੇ ਹੋ ਚੁੱਕਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਮੁਲਕ ਵਿਚ ਕੋਈ 8-9 ਧਰਮ ਹੋਣਗੇ ਅਤੇ 10-12 ਜ਼ਬਾਨਾਂ ਬੋਲੀਆਂ ਜਾਂਦੀਆਂ ਹੋਣਗੀਆਂ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਜੋ ਕੁਝ ਬੋਲ ਰਹੇ ਹਨ, ਇਸ ਦਾ ਬਿਲ ਨਾਲ ਕੋਈ ਤੁਅੱਲਕ ਨਹੀਂ । ਜੇ ਅਸੀਂ ਬੋਲਦੇ ਹਾਂ ਤਾਂ ਤੁਹਾਨੂੰ ਤਕਲੀਫ ਹੁੰਦੀ ਹੈ ਪਰ ਇਹ ਬੋਲਦੇ ਹਨ ਤਾਂ ਤਕਲੀਫ਼ ਨਹੀਂ ਹੁੰਦੀ। ਤੁਸੀਂ ਦਸੋ ਕੀ ਇਹ ਬਿਲ ਨਾਲ ਸਬੰਧਤ ਹੈ ?

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੈਠੋ। ਗੁਪਤਾ ਜੀ, ਤੁਸੀਂ ਰੈਲੇਵੈਂਟ ਬੋਲੋ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਪਾਰਟੀਸ਼ਨ ਦੇ ਜਿਹੜੇ ਨਤੀਜੇ ਹਨ ਉਹ ਮੈਂ ਦੱਸ ਰਿਹਾ ਹਾਂ। ਹੁਣ ਇਹ ਪਾਰਟੀਸ਼ਨ ਕਰਨਾ ਚਾਹੁੰਦੇ ਹਨ। ਇਸ ਲਈ ਮੈਂ ਇਹ ਗੱਲ ਕੀਤੀ ਹੈ। ਚਲੋ, ਮੈਂ ਇਹ ਗਲ ਛੱਡ ਦਿੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪਾਣੀ ਉਨ੍ਹਾਂ ਨੂੰ ਕਨਸੈਸ਼ਨਲ ਰੇਟ ਤੇ ਮਿਲਦਾ ਸੀ, ਹੁਣ ਤਾਂ ਪਾਣੀ ਦੇ ਰੇਟ ਕਾਫੀ ਵਧਾ ਦਿੱਤੇ ਹਨ, ਕਾਰਪੋਰੇਸ਼ਨਾਂ ਨੇ ਜਿਹੜੇ ਇਹ ਰੇਟ ਵਧਾਏ ਹਨ, ਇਹ ਉਨ੍ਹਾਂ ਨਾਲ ਜ਼ਿਆਦਤੀ ਹੋ ਰਹੀ ਹੈ । ਇਹ ਰੇਟ ਇਤਨੇ ਹਾਈ ਚਲੇ ਗਏ ਹਨ ਕਿ ਆਮ ਲੋਕ ਇਹ ਬਰਦਾਸ਼ਤ ਨਹੀਂ ਕਰ ਸਕਦੇ। ਇਸ ਦੇ ਨਾਲ ਹੁਣ ਜਿਹੜਾ ਕਾਰਪੋਰੇਸ਼ਨਾਂ ਵਿਚ ਸੀਵਰੇਜ ਦਾ ਕੰਮ ਚਲ ਰਿਹਾ ਹੈ, ਇਸ ਦਾ ਬਿਲ ਵੀ ਉਸੇ ਤਰ੍ਹਾਂ ਹੀ ਪੈਣਾ ਹੈ । ਮੈਂ ਦੱਸਦਾ ਹਾਂ ਕਿ ਜਦੋਂ ਅਸੀਂ ਇਲੈਕਸ਼ਨ ਲੜੇ ਸੀ ਤਾਂ ਉਸ ਵੇਲੇ ਅਸੀਂ ਆਪਣੇ ਮੈਨੀਫੈਸਟੋ ਵਿਚ ਇਹ ਕਿਹਾ ਸੀ ਕਿ ਅਸੀਂ ਸੀਵਰੇਜ ਅੱਰ ਪਾਣੀ ਦੇ ਬਿਲਾਂ ਨੂੰ ਘਟਾਵਾਂਗੇ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਰੀਪੀਲਿੰਗ ਤਾਂ ਠੀਕ ਹੈ ਪਰ ਜਿਹੜੀ ਪਾਣੀ ਦੇ ਰੇਟ ਵਿਚ ਡਿਸਪੈਰਿਟੀ ਹੈ ਇਸਨੂੰ ਜ਼ਰੂਰ ਦੂਰ ਕਰਨਾ ਚਾਹੀਦਾ ਹੈ । ਇਹ ਜਿਹੜੇ ਹਾਈ ਰੇਟ ਕੀਤੇ ਹਨ, ਇਸ ਦਾ ਲੋਕਾਂ ਤੇ ਬੋਝ ਪੈਣਾ ਹੈ। ਮੈਂ ਦੱਸਦਾ ਹਾਂ ਕਿ ਉਹ ਲੋਕ ਬੜੀ ਮਿਹਨਤ ਕਰਕੇ ਇਥੇ ਸੈਟਲ ਹੋਏ ਹਨ, ਇਸ ਲਈ ਲੋਕਲ ਬਾਡੀਜ਼ ਦੇ ਮਨਿਸਟਰ ਸਾਹਿਬ ਇਸ ਤੇ ਦੁਬਾਰਾ ਸੋਚ ਲੈਣ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਕੁਝ ਕਨਸੈਸ਼ਨ ਹੋਣਾ ਚਾਹੀਦਾ ਹੈ। Thank you very much.

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਕਿਹਾ ਹੈ, ਰਿਕਾਰਡ ਨਹੀਂ ਕਰਨਾ। ਪਾਂਧੀ ਸਾਹਿਬ, ਬਿਲ ਤੇ ਬੋਲੋ।

ਸਰਦਾਰ ਦਲੀਪ ਸਿੰਘ ਪਾਂਧੀ : ਅੱਛਾ ਜੀ, ਮੈਂ ਤਾਂ ਇਨ੍ਹਾਂ ਦੀ ਗੱਲ ਦਾ ਜਵਾਬ ਦੇ ਰਿਹਾ ਸੀ। ਮੈਂ ਇਸ ਤੇ ਜ਼ਿਆਦਾ ਨਹੀਂ ਬੋਲਣਾ। ਮੈਂ ਇਹ ਦੱਸਦਾ ਹਾਂ ਕਿ ਅੱਗੇ ਹੀ ਲੋਕਾਂ ਉਤੇ ਕਾਫੀ ਬੋਝ ਹੈ, ਉਨ੍ਹਾਂ ਨੂੰ ਹੋਰ ਬੋਝ ਪਾ ਕੇ ਦਬਾਉਣਾ ਨਹੀਂ ਚਾਹੀਦਾ । ਪਹਿਲੇ ਵੀ ਜਿਥੇ ਟਾਊਨ-

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼ਿਪ ਬਣੇ ਸਨ ਉਥੇ ਦਾ ਤੁਹਾਨੂੰ ਪਤਾ ਹੋਣਾ ਹੈ। ਖੰਨੇ ਵਿਚ ਟਾਊਨਸ਼ਿਪ ਬਣਿਆ ਸੀ ਤਾਂ ਉਥੇ ਸਸਤੇ ਰੇਟ ਤੇ ਲੋਕਾਂ ਨੂੰ ਪਾਣੀ ਦਿੱਤਾ ਸੀ।

ਪਟਿਆਲੇ ਵਿਚ ਮੱਛਰ ਬਹੁਤ ਹੈ। ਹੁਣ ਇਸ ਮੱਛਰ ਤੇ ਦਵਾਈ ਵੀ ਕੰਮ ਨਹੀਂ ਕਰਦੀ ਅਤੇ ਇਹ ਮਰਦਾ ਨਹੀਂ ਹੈ। ** ** **

ਸ਼੍ਰੀ ਡਿਪਟੀ ਸਪੀਕਰ : ਇਹ ਇਰੈਲੇਵੈਂਟ ਪੋਰਸ਼ਨ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ : ਮਿਉਂਸਪਲ ਕਮੇਟੀਆਂ ਵਿਚ ਵਾਟਰ ਸਪਲਾਈ ਪੂਰੀ ਨਹੀਂ ਦਿੱਤੀ ਜਾਂਦੀ। ਸਲੱਮ ਏਰੀਆਜ਼ ਵਿਚ ਗਰੀਬਾਂ ਲਈ ਨਾ ਰਹਿਣ ਵਾਸਤੇ ਮਕਾਨ ਹਨ ਨਾ ਉਥੇ ਕੋਈ ਸਕੂਲ ਹੈ, ਨਾ ਕੋਈ ਹਸਪਤਾਲ ਹੈ ਅਤੇ ਨਾ ਕੋਈ ਉਥੇ ਸਰਕਾਰ ਵਲੋਂ ਸਫਾਈ ਕੀਤੀ ਜਾਂਦੀ ਹੈ। 48% ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ। ਕਾਂਗਰਸੀ ਆਪ ਸਾਰੇ ਠੇਕੇ ਲਈ ਜਾਂਦੇ ਹਨ। ਇਹ ਮੈਨੂੰ ਦੱਸ ਦੇਣ ਕਿ 10% ਵੀ ਕਿਸੇ ਸ਼ਡਿਊਲਡ ਕਾਸਟਾਂ ਨੇ ਠੇਕੇ ਲਏ ਹੋਣ (ਵਿਘਨ) (ਘੰਟੀ)

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੇ ਏਮਜ਼ ਐਂਡ ਓਬਜੈਕਟਸ ਵਿਚ ਦਿੱਤਾ ਹੋਇਆ ਹੈ ਕਿ ਪਹਿਲੇ ਸਰਕਾਰ ਇਸ ਤੇ $6\frac{1}{2}\%$ ਵਾਟਰ ਰੇਟ ਲਗਾਉਂਦੀ ਸੀ ਅਤੇ ਹੁਣ ਇਹ 5 ਮਾਡਲ ਟਾਊਨਾਂ ਤੇ ਲਗਾਏਗੀ। ਪਰ, ਪਾਂਧੀ ਸਾਹਿਬ ਐਵੇਂ ਇਰਰੈਲੇਵੈਂਟ ਬੋਲੀ ਜਾ ਰਹੇ ਹਨ। ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ ਅਤੇ ਬਿਲ ਉਤੇ ਵਿਚਾਰ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ (**) ਪਾਉਣੀ ਚਾਹੀਦੀ ਹੈ।

ਸ਼੍ਰੀ ਡਿਪਟੀ ਸਪੀਕਰ : ** ਲਫਜ਼ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਗਰੀਬ ਲੋਕਾਂ ਨੂੰ ਸਰਕਾਰ ਵਲੋਂ ਪਾਣੀ ਅਤੇ ਬਿਜਲੀ ਮਿਲਦੀ ਨਹੀਂ ਹੈ ਪਰ ਰੇਟ $6\frac{1}{2}\%$ ਲਈ ਜਾ ਰਹੀ ਹੈ। ਇਨ੍ਹਾਂ ਨੂੰ ਬਿਜਲੀ, ਪਾਣੀ ਅਤੇ ਮਕਾਨ ਮੁਫਤ ਦੇਣੇ ਚਾਹੀਦੇ ਹਨ। ਗੋਬਿੰਦਗੜ੍ਹ ਦੀ ਹੀ ਇਨਕੁਆਇਰੀ ਕਰਵਾ ਲੈਣ (ਘੰਟੀ) ਜਿੰਨਾਂ ਵਾਧੂ ਪੈਸਾ ਮਿਉਂਸਪਲ ਕਮੇਟੀਆਂ ਵਾਟਰ ਰੇਟ ਤੋਂ ਇਕੱਠਾ ਕਰਨ ਉਨਾਂ ਪੈਸਾ ਸਰਕਾਰ ਆਪਣੇ ਕੋਲੋਂ ਦੇਵੇ ਅੌਰ ਇਸ ਪੈਸੇ ਨਾਲ ਗਰੀਬਾਂ ਨੂੰ ਮੁਫਤ ਵਾਟਰ ਸਪਲਾਈ ਅਤੇ ਬਿਜਲੀ ਦਿੱਤੀ ਜਾਵੇ। ਮਿਉਂਸਪਲ ਕਾਰਪੋਰੇਸ਼ਨ ਕੋਲ ਇਹ ਕਹਿੰਦੇ ਹਨ ਕਿ ਬਸਾਂ ਨਹੀਂ, ਪੀਪੇ ਗਏ ਸਨ ਪਰ ਤੁਸੀਂ ਤਾਂ ਉਨ੍ਹਾਂ ਪੀਪਿਆਂ ਨੂੰ ਠੀਕ ਨਹੀਂ ਕਰਵਾ ਸਕੇ। ਇੰਪਰੂਵਮੈਂਟ ਟਰੱਸਟਾਂ ਨੂੰ ਤੁਸੀਂ ਤੋੜ ਦਿੱਤਾ ਸੀ ਅਤੇ ਹੁਣ ਹਾਈ ਕੋਰਟ ਨੇ ਬਹਾਲ ਕਰ ਦਿੱਤਾ ਹੈ। ਇਥੇ ਹੁਣ ਚੇਅਰ-ਮੈਨ ਲਗਾ ਦੇਣੇ ਚਾਹੀਦੇ ਹਨ। (ਘੰਟੀ) ਤੁਸੀਂ ਮੇਨਕਾ ਗਾਂਧੀ ਦੇ 5 ਪੁਆਇੰਟ ਪ੍ਰੋਗਰਾਮ ਨੂੰ ਲਾਗੂ ਕਰੋ। ਇਸ ਨੂੰ ਲਾਗੂ ਨਾ ਕਰਨ ਕਰਕੇ ਉਹ ਘਰੋਂ ਚਲੀ ਗਈ ਹੈ। ਤੁਸੀਂ ਐਮਰਜੰਸੀ ਵਿਚ ਜ਼ਬਰਦਸਤੀ ਸਟਰਲਾਈਜ਼ੇਸ਼ਨ ਕੀਤੀ ਅਤੇ ਕੁਵਾਰੇ ਮੁੰਡਿਆਂ ਦੀ ਸਟਰਲਾਈਜ਼ੇਸ਼ਨ ਕਰ ਦਿੱਤੇ ਤੁਸੀਂ 20 ਪੁਆਇੰਟ ਦੇ ਨਾਲ 5 ਪੁਆਇੰਟ ਮੇਨਕਾ ਦੇ ਵੀ ਜੋੜ ਦਿਓ ਕਿਉਂਕਿ ਉਹ ਕਹਿੰਦੀ ਹੈ ਕਿ ਸਲੱਮ ਦੀ ਕਲੀਅਰੈਂਸ ਹੋਣੀ ਚਾਹੀਦੀ ਹੈ। ਸਰਕਾਰ ਇਸ ਬਿਲ ਨੂੰ ਵਾਪਸ ਲਵੇ। ਇਸ ਨੂੰ ਪਾਸ ਨਾ ਕੀਤਾ ਜਾਵੇ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਅਗਰ ਤੁਸੀਂ ਇਸ ਬਿਲ ਰਾਹੀਂ ਡਿਸਪੈਰਿਟੀ ਦੂਰ ਕਰਨੀ ਸੀ ਤਾਂ ਫੇਰ ਤੁਹਾਨੂੰ ਸੋਸ਼ਲਿਸਟਿਕ ਪੈਟਰਨ ਆਫ ਸੋਸਾਇਟੀ ਦੇ ਬੇਸ ਤੇ ਦੂਰ ਕਰਨੀ ਚਾਹੀਦੀ ਸੀ ਅਤੇ ਸਟੇਟ ਨੂੰ ਇਸ ਕੰਮ ਵਿਚ ਸਟੇਟ ਫਾਰਵਡ ਹੋਣਾ ਚਾਹੀਦਾ ਸੀ। ਪੀਲੇ ਕਾਰਡਾਂ ਵਾਲਿਆਂ ਨੂੰ ਬਿਲ ਵਿਚ ਕੋਈ ਰਿਆਇਤ ਨਹੀਂ ਦਿੱਤੀ ਗਈ, ਜਿਨ੍ਹਾਂ ਦੀ ਇਨਕਮ 3,600 ਰੁਪਏ ਹੈ। ਮੇਰੀ ਜਾਤੀ ਰਾਏ ਹੈ ਕਿ ਇਹ ਇਨਕਮ 6,000 ਰੁਪਏ ਤੱਕ ਕਰ ਦਿੱਤੀ ਜਾਵੇ ਤਾਂ ਹੀ ਲੋਕਾਂ ਨੂੰ ਫੈਸਿਲਿਟੀਜ਼ ਮਿਲ ਸਕਦੀਆਂ ਹਨ। ਮਹਿੰਗਾਈ ਬਹੁਤ ਵੱਧ ਗਈ ਹੈ ਪਰ ਸਾਡੇ ਖਜ਼ਾਨਾ ਮੰਤਰੀ ਜੀ ਕਹਿੰਦੇ ਹਨ ਕਿ ਮਹਿੰਗਾਈ ਨਹੀਂ ਵਧੀ। ਜੇ ਇਹ ਬਾਜ਼ਾਰ ਜਾ ਕੇ ਦੇਖਣ ਅਤੇ ਲੂਣ ਤੇਲ ਖਰੀਦ ਕੇ ਵੇਖਣ ਤਾਂ ਪਤਾ ਲਗ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਸਲੱਮ ਏਰੀਆ ਵਿਚ ਪਾਣੀ ਖੜ੍ਹਾ ਰਹਿੰਦਾ ਹੈ। ਉਥੇ ਨਾ ਕੋਈ ਸਫਾਈ ਹੁੰਦੀ ਹੈ ਅਤੇ ਉਸ ਰਸਤੇ ਤੋਂ 2-2 ਸਾਲ ਕੋਈ ਲੰਘ ਨਹੀਂ ਸਕਦਾ। ਇਸੇ ਤਰ੍ਹਾਂ ਰਾਮਪੁਰਾ ਅਤੇ ਫੂਲ ਵਿਖੇ ਲਾਈਟਿੰਗ ਦਾ ਕੋਈ ਇੰਤਜ਼ਾਮ ਨਹੀਂ ਹੈ। ਉਥੇ ਹਨੇਰਾ ਹੀ ਹਨੇਰਾ ਹੁੰਦਾ ਹੈ, ਲੋਕਾਂ ਨੂੰ ਆਉਣ ਜਾਣ ਵਿਚ ਬੜੀ ਤੰਗੀ ਹੁੰਦੀ ਹੈ। ਮੰਡੀ ਫੂਲ ਵਿਚ ਲਾਈਟ ਦਾ ਪ੍ਰਬੰਧ ਕਰ ਦਿੱਤਾ ਜਾਵੇ। ਇਸ ਦੇ ਨਾਲ ਇਕ ਦਾਨਾ ਮੰਡੀ ਬਣ ਰਹੀ ਹੈ ਉਥੇ ਵੀ ਲਾਈਟ ਦਾ ਪ੍ਰਬੰਧ ਕਰ ਦਿੱਤਾ ਜਾਵੇ। ਸ਼ਹਿਰਾਂ ਵਿਚ ਲੋਕਾਂ ਕੋਲ ਫਰਿਜ, ਕੂਲਰ ਹਨ ਪਰ ਸਲੱਮ ਏਰੀਆਜ਼ ਵਿਚ ਨਾ ਕੋਈ ਉਥੇ ਪਾਣੀ ਹੈ, ਨਾ ਬਿਜਲੀ ਹੈ ਅਤੇ ਨਾ ਕੋਈ ਸਫਾਈ ਦਾ ਪ੍ਰਬੰਧ ਹੈ। ਐਮਰਜੰਸੀ ਵਿਚ ਜਿਸ ਤਰ੍ਹਾਂ ਤੁਰਕਮੈਨ ਗੇਟ ਵਿਚੋਂ ਫੋਰਸੀਬਲੀ ਖਾਲੀ ਕਰਵਾਇਆ ਗਿਆ ਸੀ ਉਸੇ ਤਰ੍ਹਾਂ ਸਰਕਾਰ ਸਲੱਮ ਏਰੀਆਜ਼ ਨੂੰ ਖਾਲੀ ਕਰਵਾ ਲੈਂਦੀ ਹੈ। ਪਰ ਸਰਕਾਰ ਹਮੇਸ਼ਾ ਕਹਿੰਦੀ ਹੈ ਕਿ ਅਸੀਂ ਗਰੀਬਾਂ ਦੇ ਬੜੇ ਹਮਾਇਤੀ ਹਾਂ। ਇਨ੍ਹਾਂ ਕਾਂਗਰਸੀਆਂ ਦੀ ਗੱਲ ਫੱਫੇ ਕੁੱਟਣ ਵਾਲੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਦੀ ਨਿਖੇਧੀ ਕਰਨੀ ਚਾਹੀਦੀ ਹੈ। ਸਾਨੂੰ ਇਸ ਤੋਂ ਸਬਕ ਸਿਖਣਾ ਚਾਹੀਦਾ ਹੈ। ਹਰੀਜਨਾਂ ਅਤੇ ਬਾਲਮੀਕੀਆਂ ਤੇ ਅਤਿਆਚਾਰ ਹੋ ਰਹੇ ਹਨ। ਇੱਕ ਡਾਕਟਰ ਨੇ ਕਰਨੈਲ ਸਿੰਘ ਦਾ ਫੋਰਸੀਬਲੀ ਅਪਰੇਸ਼ਨ ਕਰ ਦਿੱਤਾ, ਉਸ ਨਾਲ ਕਿਹੜੀ ਲੜਕੀ ਵਿਆਹ ਕਰਾਏਗੀ। ਉਸ ਡਾਕਟਰ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਭੁੱਖ ਨਾਲ ਗਰੀਬ ਲੋਕ ਮਰ ਰਹੇ ਹਨ, ਐਕਸੀਡੈਂਟ ਨਾਲ ਬੰਦੇ ਮਰ ਰਹੇ ਹਨ ਪਰ ਕਾਂਗਰਸੀ ਖੁਸ਼ ਹੋ ਰਹੇ ਹਨ। ਸਰਕਾਰ ਨੂੰ ਐਲਾਨ ਕਰਨਾ ਚਾਹੀਦਾ ਹੈ ਕਿ ਅਸੀਂ ਗਰੀਬਾਂ ਵਾਸਤੇ ਇਹ ਕਰਾਂਗੇ, ਉਹ ਕਰਾਂਗੇ।

ਗਿਆਨੀ ਕੁੰਦਨ ਸਿੰਘ ਪਤੰਗ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਜਲੰਧਰ, ਹੁਸ਼ਿਆਰਪੁਰ, ਖੰਨਾ, ਲੁਧਿਆਣਾ ਅਤੇ ਫਗਵਾੜਾ ਵਿਚ ਮਾਡਲ ਪਿੰਡ ਵਸਾਏ ਗਏ ਸਨ। ਉਨ੍ਹਾਂ ਕੋਲੋਂ ਸਾਢੇ ਛੇ ਰੁਪਏ ਮਹੀਨੇ ਦੇ ਪਾਣੀ ਦੇ ਲਏ ਗਏ। ਮਿਉਂਸਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਵਿਚ ਜਿਹੜੇ ਰੇਟ ਪਾਣੀ ਦੇ ਵਧਾਏ ਗਏ ਹਨ, ਉਹ ਰੇਟ ਨਹੀਂ ਵਧਾਉਣੇ ਚਾਹੀਦੇ ਕਿਉਂਕਿ ਜਿਹੜੇ ਲੋਕ ਬਾਹਰੋਂ ਇਥੇ ਉਜੜ ਕੇ ਆਏ ਸਨ, ਉਹ ਚੰਗੀ ਤਰ੍ਹਾਂ ਵਸੇ ਵੀ ਨਹੀਂ ਹਨ। ਕੋਈ ਛੋਟੀ ਮੋਟੀ ਦੁਕਾਨ ਕਰਦਾ ਹੈ ਅਤੇ ਕੋਈ ਰੇਹੜੀ ਲਾ ਕੇ ਆਪਣਾ ਪੇਟ ਭਰਦਾ ਹੈ। ਉਨ੍ਹਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਗਰੀਬਾਂ ਉਤੇ ਟੈਕਸ ਨਹੀਂ ਲਗਾਉਣੇ ਚਾਹੀਦੇ। ਉਨ੍ਹਾਂ ਗਰੀਬ ਹਰੀਜਨਾਂ ਉਤੇ ਟੈਕਸ ਦਾ ਭਾਰ ਨਹੀਂ ਪਾਉਣਾ ਚਾਹੀਦਾ। ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣੇ ਦੀਆਂ ਕਾਰਪੋਰੇਸ਼ਨਾਂ ਨੇ ਅਤੇ ਹੋਰ ਮਿਉਂਨਸਪਲ ਕਮੇਟੀਆਂ ਨੇ ਸੀਵਰੇਜ ਬਣਾਉਣ ਲਈ ਗਰੀਬਾਂ ਉਪਰ ਟੈਕਸ ਲਗਾਇਆ ਹੈ। ਡਿਪਟੀ ਸਪੀਕਰ ਸਾਹਿਬ, ਗਰੀਬ ਅਗੇ ਹੀ ਦਬਿਆ ਹੋਇਆ ਹੈ। ਗਰੀਬ ਲੋਕਾਂ ਨਾਲ ਜ਼ਿਆਦਤੀ ਹੋਈ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਗਰੀਬਾਂ ਉਤੇ ਹੋਰ ਬੋਝ ਨਹੀਂ ਪਾਉਣਾ ਚਾਹੀਦਾ। ਸਰਕਾਰ ਨੂੰ ਇਹ ਬੋਝ ਗਰੀਬ ਹਰੀਜਨਾਂ ਤੋਂ ਹਟਾ ਦੇਣਾ ਚਾਹੀਦਾ ਹੈ। ਸੀਵਰੇਜ ਦਾ ਹਾਲ ਇਹ ਹੈ ਕਿ ਸੀਵਰੇਜ ਦਾ ਕੰਮ ਦੋ, ਦੋ ਸਾਲ ਚਲਦਾ ਰਹਿੰਦਾ ਹੈ। ਲੁਧਿਆਣੇ ਸ਼ਹਿਰ ਵਿਚ ਕਾਰਖਾਨਿਆਂ ਕਰਕੇ ਪੀਣ ਵਾਲਾ ਪਾਣੀ ਗੰਦਾ ਹੋ ਗਿਆ ਹੈ। ਗੰਦੇ ਪਾਣੀ ਨਾਲ, ਡਿਪਟੀ ਸਪੀਕਰ ਸਾਹਿਬ, ਕਈ ਆਦਮੀਆਂ ਦੀਆਂ ਮੌਤਾਂ ਹੋਈਆਂ ਹਨ ਅਤੇ ਪਸ਼ੂਆਂ ਦੀਆਂ ਮੌਤਾਂ ਹੋਈਆਂ ਹਨ। ਇਸ ਵਾਸਤੇ ਸਰਕਾਰ ਨੂੰ ਇਸ ਪਾਸੇ ਧਿਆਨ ਦੇ ਕੇ ਲੋਕਾਂ ਦੀ ਜ਼ਿੰਦਗੀ ਬਚਾਉਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਹੋ ਜਿਹੀਆਂ ਬਸਤੀਆਂ ਗਰੀਬਾਂ ਵਾਸਤੇ ਬਣਾਕੇ ਦਿੱਤੀਆਂ ਹਨ ਜਿਨ੍ਹਾਂ ਵਿਚ ਸੂਰ ਵੀ ਨਹੀਂ ਰਹਿ ਸਕਦੇ, ਉਥੇ ਇਨਸਾਨ ਆਪਣੀ ਜ਼ਿੰਦਗੀ ਬਸਰ ਕਰ ਰਹੇ ਹਨ। ਉਨ੍ਹਾਂ ਬਸਤੀਆਂ ਨੂੰ ਵੇਖਕੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗਰੀਬ ਆਦਮੀ ਬੜੇ ਔਖੇ ਹਨ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਲੋਕਾਂ ਨਾਲ ਧੱਕਾ ਨਾ ਕਰਨ। ਮਿਉਂਸਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਨੂੰ ਬਰਾਬਰ ਲਿਆਉਣਾ ਚਾਹੀਦਾ ਹੈ।

ਰਾਜ ਮੰਤਰੀ, ਉਦਯੋਗ (ਸਰਦਾਰ ਦਰਸ਼ਨ ਸਿੰਘ ਕੇ.ਪੀ.) : ਡਿਪਟੀ ਸਪੀਕਰ ਸਾਹਿਬ, ਇਸ ਬਿਲ ਤੇ ਮਾਸਟਰ ਬਾਬੂ ਸਿੰਘ, ਸਰਦਾਰ ਦਲੀਪ ਸਿੰਘ ਪਾਂਧੀ ਅਤੇ ਕਾਮਰੇਡ ਦਰਸ਼ਨ ਸਿੰਘ ਝਬਾਲ ਨੇ ਬੋਲਦੇ ਹੋਏ ਇਸ ਤਰ੍ਹਾਂ ਭਾਸ਼ਣ ਕੀਤੇ ਹਨ ਜਿਵੇਂ ਪਾਰਟੀ ਇਲੈਕਸ਼ਨਾਂ ਵਿਚ ਲੋਕਾਂ ਕੋਲੋਂ ਵੋਟਾਂ ਲੈਣ ਲਈ ਸਪੀਚਾਂ ਕਰਦੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਵੋਟਾਂ ਦਾ ਕੰਮ ਨਹੀਂ ਬਲਕਿ ਪੰਜਾਬ ਦੀ ਉਸਾਰੀ ਦਾ ਕੰਮ ਹੈ, ਪੰਜਾਬ ਦੀ ਤਰੱਕੀ ਦਾ ਕੰਮ ਹੈ। ਪੰਜਾਬ ਵਿਚ ਇਸ ਵੇਲੇ ਬਹੁਤ ਤਰੱਕੀ ਹੋ ਰਹੀ ਹੈ। ਉਸ ਵਕਤ ਸਾਢੇ ਛੇ ਰੁਪਏ ਦਾ ਰੇਟ ਸੀ ਜਦੋਂ ਪਾਕਿਸਤਾਨ ਤੋਂ ਲੋਕ ਹਿੰਦੁਸਤਾਨ ਵਿਚ ਆਏ ਸਨ। ਜਲੰਧਰ, ਹੁਸ਼ਿਆਰਪੁਰ, ਖੰਨਾ, ਲੁਧਿਆਣਾ ਅਤੇ ਫਗਵਾੜੇ ਵਿਚ ਮਾਡਲ ਟਾਊਨ ਵਸਾਏ ਗਏ ਸਨ। 34 ਸਾਲ ਹੋ ਗਏ ਹਨ। ਜੋ ਮੁਲਕ ਦੀ ਤਰੱਕੀ ਹੋਈ ਅਤੇ ਜੋ ਪੰਜਾਬ ਦੀ ਤਰੱਕੀ ਹੋਈ ਹੈ, ਡਿਪਟੀ ਸਪੀਕਰ ਸਾਹਿਬ, ਉਹ ਤੁਹਾਡੇ ਸਾਹਮਣੇ ਹੈ। ਜਦੋਂ ਮੁਲਕ ਦੀ ਵੰਡ ਹੋਈ ਤਾਂ ਉਸ ਵੇਲੇ ਅਨਾਜ ਦੀ ਕੀ ਦਸ਼ਾ ਸੀ ? ਖਾਦ ਕੋਈ ਖੇਤਾਂ ਵਿਚ ਪਾਉਂਦਾ ਨਹੀਂ ਸੀ। ਯੂਨੀਵਰਸਿਟੀਆਂ ਬਣੀਆਂ, ਡੈਮ ਬਣੇ ਅਤੇ ਬਿਜਲੀ ਦੀ ਤਰੱਕੀ ਹੋਈ ਅੱਜ ਸਾਰੇ ਪੰਜਾਬ ਦੀ ਤਰੱਕੀ ਹੋ ਰਹੀ ਹੈ। ਅੱਜ ਪੰਜਾਬ ਵਿਚ ਸੀਵਰੇਜ ਬੋਰਡ ਸ਼ਹਿਰਾਂ ਵਿਚ ਕੰਮ ਕਰ ਰਿਹਾ ਹੈ। ਸਾਰੇ ਸਲੱਮ ਏਰੀਆਜ਼ ਦਰੁਸਤ ਕਰਨੇ ਹਨ। ਸਾਡੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਜੋ 20 ਨੁਕਾਤੀ ਪ੍ਰੋਗਰਾਮ ਲਿਆਂਦਾ ਹੈ, ਉਸ ਵਿਚ ਸਤਵਾਂ ਅਤੇ ਅੱਠਵਾਂ ਪੁਆਇੰਟ ਪਿੰਡਾਂ ਅਤੇ ਸ਼ਹਿਰਾਂ ਦੇ ਸਲੱਮ ਏਰੀਏ ਬਾਰੇ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਸਲੱਮ ਏਰੀਏ ਅਸੀਂ ਦਰੁਸਤ ਕਰਨੇ ਹਨ। ਗਰੀਬਾਂ ਲਈ ਪਿੰਡਾਂ ਵਿਚ ਲਾਈਟਿੰਗ ਦਾ ਪ੍ਰਬੰਧ ਕਰਨਾ ਹੈ। 1985 ਤਕ ਸਾਰੀ ਚੀਜ਼ ਦਰੁਸਤ ਕਰਨੀ ਹੈ ਅੱਰ ਡੀਟੇਲ ਉਸ ਵਿਚ ਦਿੱਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਕੋਈ ਪਿੰਡ ਜਾਂ ਸ਼ਹਿਰ ਰਹਿ ਜਾਵੇਗਾ ਤਾਂ ਉਥੇ ਦਾ 1990 ਤਕ ਹਰ ਹਾਲਤ ਵਿਚ ਸਲੱਮ ਏਰੀਆ ਠੀਕ ਕਰਨਾ ਹੈ। ਗਰੀਬ ਹਰੀਜਨ ਵੀ ਇਨਸਾਨ ਹਨ। ਉਨ੍ਹਾਂ ਗਰੀਬ ਹਰੀਜਨਾਂ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਉਦਯੋਗ,]

ਨੂੰ ਉਪਰ ਚੁੱਕਣਾ ਹੈ। ਗਰੀਬ ਪਹਿਲਾਂ ਜਿਹੜਾ ਸਿਰ ਤੇ ਗੰਦ ਚੁੱਕਦਾ ਸੀ, ਉਹ ਹੁਣ ਨਹੀਂ ਚੁਕੇਗਾ। (ਥੰਪਿੰਗ) ਗਰੀਬ ਹਰੀਜਨਾਂ ਦੇ ਬੱਚੇ, ਡਿਪਟੀ ਸਪੀਕਰ ਸਾਹਿਬ, ਅੱਜ ਆਈ.ਏ.ਐਸ., ਪੀ.ਸੀ.ਐਸ. ਅਤੇ ਸੈਕਟਰੀ ਬਣ ਰਹੇ ਹਨ। ਕੋਈ ਐਸੀ ਗੱਲ ਨਹੀਂ ਹੈ। ਪੰਜਾਬ ਨੇ ਤਰੱਕੀ ਕਰਨੀ ਹੈ ਔਰ ਪੰਜਾਬ ਤਰੱਕੀ ਕਰ ਰਿਹਾ ਹੈ। ਪੰਜਾਬ ਵਿਚ ਵਸਣ ਵਾਲੇ ਲੋਕ ਭਾਵੇਂ ਕਿਸੇ ਜਾਤੀ ਦੇ ਹੋਣ, ਗਰੀਬ ਹੋਣ, ਉਨ੍ਹਾਂ ਗਰੀਬਾਂ ਨੂੰ ਅਸੀਂ ਉਪਰ ਚੁੱਕਣਾ ਹੈ। ਅਮੀਰਾਂ ਨੂੰ ਕਹਿਣਾ ਹੈ ਕਿ ਨੀਚੇ ਦੇਖੋ ਔਰ ਗਰੀਬ ਦੀ ਮੱਦਦ ਸਰਕਾਰ ਨੇ ਕਰਨੀ ਹੈ। ਇਥੇ ਪੰਜਾਬ ਵਿਚ ਪਹਿਲਾਂ ਰਾਜੇ ਮਹਾਰਾਜਿਆਂ ਦਾ ਰਾਜ ਵੀ ਰਹਿ ਚੁੱਕਾ ਹੈ। ਮਹਾਰਾਜਾ ਪਟਿਆਲੇ ਦਾ ਵੀ ਰਾਜ ਰਿਹਾ ਹੈ। ਕਪੂਰਥਲਾ ਅਤੇ ਨਾਭੇ ਦੇ ਮਹਾਰਾਜਿਆਂ ਦਾ ਵੀ ਰਾਜ ਰਿਹਾ ਹੈ। ਉਨ੍ਹਾਂ ਮਹਾਰਾਜਿਆਂ ਨੇ ਪੰਜਾਬ ਦੇ ਸਲੱਮ ਏਰੀਏ ਨੂੰ ਠੀਕ ਨਹੀਂ ਕਰਵਾਇਆ। ਉਨ੍ਹਾਂ ਮਹਾਰਾਜਿਆਂ ਨੇ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਨੂੰ ਕਦੇ ਵੀ ਪੱਕਾ ਨਹੀਂ ਕਰਵਾਇਆ। ਇਹ ਸ਼੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਹੀ ਹੈ ਜਿਸ ਨੇ ਗਰੀਬਾਂ ਨੂੰ ਉਪਰ ਚੁੱਕਿਆ ਹੈ। ਅਮੀਰ ਅਤੇ ਗਰੀਬ ਦੇ ਪਾੜੇ ਨੂੰ ਦੂਰ ਕਰਨਾ ਹੈ।

ਥੋੜ੍ਹੇ ਦਿਨ ਹੋਏ ਦਿੱਲੀ ਵਿਖੇ ਇੱਕ ਮੀਟਿੰਗ ਹੋਈ ਸੀ ਜਿਸ ਵਿਚ ਲੋਕਲ ਬਾਡੀਜ਼ ਮਨਿਸਟਰ, ਕਪੂਰ ਸਾਹਿਬ, ਮੈਂ ਔਰ ਪਬਲਿਕ ਹੈਲਥ ਦੇ ਚੀਫ ਇੰਜੀਨੀਅਰ ਉਹ ਮੀਟਿੰਗ ਅਟੈਂਡ ਕਰਨਾ ਲਈ ਗਏ ਸੀ। ਉਸ ਮੀਟਿੰਗ ਨੂੰ ਉੱਪ-ਰਾਸ਼ਟਰਪਤੀ ਜੀ ਨੇ ਸੰਬੋਧਨ ਕੀਤਾ ਸੀ। ਸ਼੍ਰੀ ਭੀਸ਼ਮ ਨਾਰਾਇਣ ਸਿੰਘ, ਪਾਰਲੀਮੈਂਟਰੀ ਮਨਿਸਟਰ ਨੇ 3 ਦਿਨ ਮੀਟਿੰਗਾਂ ਕੀਤੀਆਂ। ਉਥੇ ਹਰ ਇੱਕ ਨੂੰ ਆਪਣੇ ਆਪਣੇ ਕੰਮਾਂ ਦੇ ਤਰੀਕੇ ਦੱਸਣੇ ਪਏ। ਉਸ ਤੋਂ ਬਾਅਦ 20 ਨੁਕਾਤੀ ਪ੍ਰੋਗਰਾਮ ਸ਼ੁਰੂ ਹੋ ਗਿਆ। ਉਸ ਵਿਚ ਦੱਸਿਆ ਗਿਆ ਕਿ ਸਲੱਮ ਏਰੀਆਜ਼ ਨੂੰ ਠੀਕ ਕਰਨਾ ਹੈ।

ਡਿਪਟੀ ਸਪੀਕਰ ਸਾਹਿਬ, ਪਿੰਡਾਂ ਦੀ ਹਾਲਤ ਨੂੰ ਸੁਧਾਰਨ ਵਾਸਤੇ ਵੈਲਫੇਅਰ ਮਨਿਸਟਰ ਸਾਹਿਬ ਨੇ ਹਰੀਜਨ ਬਸਤੀ ਸੁਧਾਰ ਸਕੀਮ ਲਈ ਕਾਫੀ ਰੁਪਏ ਦਿੱਤੇ ਹਨ। ਦੋ-ਦੋ, ਤਿੰਨ-ਤਿੰਨ ਲੱਖ ਰੁਪਿਆ ਹਰੀਜਨ ਬਸਤੀ ਸੁਧਾਰ ਸਕੀਮ ਲਈ ਭੇਜਿਆ ਜਾਂਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਕਾਂਗਰਸ ਜਮਾਤ ਨੇ ਸਾਰਿਆਂ ਪੱਖਾਂ ਨੂੰ ਦੇਖਣਾ ਹੈ। ਕਿਸਾਨਾਂ ਨੂੰ, ਦੁਕਾਨ-ਦਾਰਾਂ ਨੂੰ ਅਤੇ ਕਾਰਖਾਨੇਦਾਰਾਂ ਨੂੰ ਸਾਰਿਆਂ ਨੂੰ ਦੇਖਣਾ ਹੈ। ਇਨ੍ਹਾਂ ਦੀ ਮਜ਼ਦੂਰੀ ਵਧਾਈ ਗਈ ਹੈ। ਇਹ ਕੰਮ ਕਾਂਗਰਸ ਸਰਕਾਰ ਹੀ ਕਰ ਸਕਦੀ ਹੈ ਔਰ ਹੋਰ ਕੋਈ ਸਰਕਾਰ ਨਹੀਂ ਕਰ ਸਕਦੀ। ਕਾਂਗਰਸ ਤੋਂ ਇਲਾਵਾ ਜਿਹੜੀ ਇਥੇ ਸਰਕਾਰ ਰਹੀ ਹੈ ਉਹ ਸਿਰਫ ਆਪਸ ਵਿਚ ਲੜਨ ਦੇ ਉਸ ਨੇ ਹੋਰ ਕੋਈ ਕੰਮ ਨਹੀਂ ਕੀਤਾ। ਇਨ੍ਹਾਂ ਦੇ ਵੇਲੇ ਕਦੇ ਕੁਝ ਹੋ ਗਿਆ ਅਤੇ ਕਦੇ ਕੁਝ ਹੋ ਗਿਆ ਔਰ ਕਦੇ ਬਲਵੰਤ ਸਿੰਘ ਹੋਰੀਂ ਬਜਟ ਹੀ ਪੇਸ਼ ਨਹੀਂ ਕਰ ਸਕੇ। ਪਰ ਕਾਂਗਰਸ ਸਰਕਾਰ ਦੀ ਜ਼ਿਮੇਵਾਰੀ ਹੈ ਕਿ ਗਰੀਬਾਂ ਨੂੰ ਤਕੜਾ ਕਰਨਾ ਹੈ ਔਰ ਇਨ੍ਹਾਂ ਦੀ ਹੌਂਸਲਾ ਅਫਜ਼ਾਈ ਕਰਨੀ ਹੈ। ਪੁਰਸ਼ਾਰਥ ਕਰਨਾ ਇਹ ਇੱਕ ਬੜੀ ਵੱਡੀ ਗੱਲ ਹੈ। ਗੁਰੂ ਸਾਹਿਬਾਨ ਨੇ ਕਿਹਾ ਹੈ ਕਿ ਨੀਚਾ ਦੇਖ। ਸਾਡੇ ਪ੍ਰਾਈਮ-ਮਨਿਸਟਰ ਸਾਹਿਬਾ ਨੇ ਵੀ ਕਿਹਾ ਹੈ ਕਿ ਬਹੁਤਾ ਅਮੀਰ ਬਣਨਾ ਠੀਕ ਨਹੀਂ ਹੈ। ਗਰੀਬਾਂ ਦੀ ਸਰਕਾਰ ਮਦਦ ਕਰਦੀ ਹੈ। ਅਸੀਂ ਉਨ੍ਹਾਂ ਨੂੰ ਮਕਾਨ ਬਣਾ ਕੇ ਦੇ ਰਹੇ ਹਾਂ। ਵਿੱਦਿਆ ਲਈ ਅਸੀਂ ਉਨ੍ਹਾਂ ਦੇ ਬੱਚਿਆਂ ਨੂੰ ਵਜ਼ੀਫੇ ਦਿੰਦੇ ਹਾਂ ਔਰ ਉਨ੍ਹਾਂ ਨੂੰ ਨੌਕ-ਰੀਆਂ ਦਿਵਾਉਣ ਵਿਚ ਵੀ ਉਨ੍ਹਾਂ ਦੀ ਵੱਧ ਤੋਂ ਵੱਧ ਮੱਦਦ ਕਰਦੇ ਹਾਂ। ਜਿੰਨੀ ਜ਼ਿਆਦਾ ਮੱਦਦ ਇਨ੍ਹਾਂ ਗਰੀਬ ਲੋਕਾਂ ਦੀ ਕੀਤੀ ਜਾਏ ਉਨੀ ਥੋੜ੍ਹੀ ਹੈ ਔਰ ਕਰਨੀ ਚਾਹੀਦੀ ਹੈ। ਇਸ ਕਰਕੇ ਪਤੰਗ ਜੀ ਜ਼ਿਆਦਾ ਅਮੀਰ ਬਣਨਾ ਕੋਈ ਠੀਕ ਗਲ ਨਹੀਂ ਹੈ। ਇਹ ਆਮ ਕਰਕੇ ਕਿਹਾ ਜਾਂਦਾ

Original with;
Punjab Vidhan Sabha
Digitized by;
Panjab Digital Library

ਹੈ ਕਿ ਜਿਹੜਾ ਜ਼ਿਆਦਾ ਅਮੀਰ ਬਣਨ ਦੀ ਖਾਹਿਸ਼ ਰਖਦਾ ਹੋਵੇ ਉਹ ਸੱਪ ਦੀ ਜੂਨ ਵਿਚ ਪੈਂਦਾ ਹੈ। ਆਪਣੇ ਸੂਬੇ ਦੇ ਗਰੀਬਾਂ ਦੀ ਮੱਦਦ ਕਰੋ ਤਾਕਿ ਉਹ ਤਕੜੇ ਹੋਣ ।

ਐਨਾ ਕਹਿੰਦਾ ਹੋਇਆ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕੀਤਾ ਜਾਏ।

Mr. Deputy Speaker : Question is—

That the Punjab New Townships (Street Lighting and Water Supply) Fees (Repealing) Bill be taken into consideration at once.

The Motion was carried.

Mr. Deputy Speaker : Now the House will consider the Bill clause by clause.

Clause 2

Mr. Deputy Speaker : Question is—

That Clause 2 stand part of the Bill.

The Motion was carried.

Clause 1

Mr. Deputy Speaker : Question is—

That Clause 1 stand part of the Bill.

The Motion was carried.

Title

Mr. Deputy Speaker : Question is—

That Title be the Title of the Bill.

The Motion was carried.

ਰਾਜ ਮੰਤਰੀ, ਉਦਯੋਗ : ਮੈਂ ਪ੍ਰਸਤਾਵ ਕਰਦਾ ਹਾਂ ਕਿ ਪੰਜਾਬ ਨਿਊ ਟਾਊਨਸ਼ਿਪ (ਗਲੀਆਂ ਵਿਚ ਰੋਸ਼ਨੀ ਕਰਨਾ ਅਤੇ ਪਾਣੀ ਦੀ ਸਪਲਾਈ) ਫੀਸ (ਮਨਸੂਖੀ) ਬਿਲ ਪਾਸ ਕੀਤਾ ਜਾਵੇ ।

Mr. Deputy Speaker : Motion moved—

That the Punjab New Towhships (Street Lighting and Water Supply) Fees (Repealing) Bill be passed.

Mr. Deputy Speaker : Question is—

That the Punjab New Townships (Street Lighting and Water Supply) Fees (Repealing) Bill be passed.

The Motion was carried.

Original with;
Punjab Vidhan Sabha
Digitized by;
Panjab Digital Library

THE PUNJAB OFFICIAL LANGUAGE (AMENDMENT) BILL, 1982

Education Minister (Sardar Harcharan Singh Ajnala) : Sir, I beg to move—

That the Punjab Official Language (Amendment) Bill be taken into consideration at once.

Mr. Deputy Speaker : Motion moved—

That the Punjab Official Language (Amendment) Bill be taken into consideration at once.

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਬਿਲ ਲਿਆਂਦਾ ਗਿਆ ਹੈ, ਪੰਜਾਬੀ ਜਿਹੜੀ ਬੋਲੀ ਹੈ ਉਸ ਲਈ ਯੋਗ ਥਾਂ ਦੇਣ ਲਈ ਇਹ ਬਿਲ ਬਹੁਤ ਲੇਟ ਆਇਆ ਹੈ ਕਿਉਂਕਿ ਤੁਹਾਨੂੰ ਪਤਾ ਹੈ ਕਿ 1966 ਵਿਚ ਪੰਜਾਬੀ ਬੋਲੀ ਦੇ ਅਧਾਰ ਤੇ ਸੂਬਾ ਬਣਿਆ ਸੀ ਪਰ ਅੱਜ ਵੀ ਸਾਡੇ ਪੰਜਾਬ ਵਿਚ ਪੰਜਾਬੀ ਬੋਲੀ ਤੋਂ ਇਲਾਵਾ ਦੂਸਰੀਆਂ ਬੋਲੀਆਂ ਵਿਚ ਜ਼ਿਆਦਾ ਕੰਮ ਕੀਤਾ ਜਾਂਦਾ ਹੈ। ਪਤਾ ਨਹੀਂ ਇਹ ਇਨ੍ਹਾਂ ਦੀ ਆਪਣੀ ਪਾਰਟੀ ਦੀ ਪਾਲਿਸੀ ਹੈ ਜਿਸ ਕਰਕੇ ਸਮੇਂ ਸਮੇਂ ਤੇ ਇਹ ਪੰਜਾਬੀ ਨੂੰ ਇਗਨੋਰ ਕਰਦੇ ਰਹੇ ਹਨ ਅੌਰ ਦੂਸਰੀਆਂ ਬੋਲੀਆਂ ਦਾ ਵਿਕਾਸ ਕਰਦੇ ਰਹੇ। ਤੁਹਾਨੂੰ ਯਾਦ ਹੋਵੇਗਾ ਕਿ ਮਰਦਮਸ਼ੁਮਾਰੀ ਵੇਲੇ ਜਦੋਂ ਹਾਊਸ ਵਿਚ ਸਵਾਲ ਉਠਿਆ ਸੀ ਕਿ ਪੰਜਾਬ ਦੀ ਬੋਲੀ ਪੰਜਾਬੀ ਹੈ ਤਾਂ ਇਨ੍ਹਾਂ ਵਿਚੋਂ ਕਿਸੇ ਨੇ ਉਠ ਕੇ ਇਹ ਨਹੀਂ ਕਿਹਾ ਕਿ ਸਾਨੂੰ ਪੰਜਾਬੀ ਬੋਲੀ ਲਿਖਵਾਉਣੀ ਚਾਹੀਦੀ ਹੈ। ਇਨ੍ਹਾਂ ਦੀ ਪਾਰਟੀ ਦੇ ਬੰਦਿਆਂ ਨੇ ਪੰਜਾਬ ਵਿਚ ਅਪੀਲ ਕੀਤੀ ਕਿ ਸਾਨੂੰ ਆਪਣੀ ਬੋਲੀ ਹਿੰਦੀ ਲਿਖਵਾਉਣੀ ਚਾਹੀਦੀ ਹੈ। ਇਸ ਤਰ੍ਹਾਂ ਨਾਲ ਫਿਰਕਾਪ੍ਰਸਤੀ ਫੈਲਦੀ ਹੈ ਅੌਰ ਪੰਜਾਬੀ ਜ਼ਬਾਨ ਇਗਨੋਰ ਹੁੰਦੀ ਹੈ। ਪਿਛਲੇ ਸਮੇਂ ਵਿਚ ਇਨ੍ਹਾਂ ਵਿਚ ਕਾਫੀ ਇਸ ਤਰ੍ਹਾਂ ਦਾ ਰੁਝਾਨ ਰਿਹਾ ਹੈ। ਖੁਦ ਇਨ੍ਹਾਂ ਦੇ ਵਜ਼ੀਰ ਸਾਹਿਬ ਕਦੇ ਕਦੇ ਸ਼ਾਇਰੀ ਕਰਦੇ ਹਨ ਅੌਰ ਅੰਗਰੇਜ਼ੀ ਬੋਲਦੇ ਹਨ । ਅੱਜ ਸਰਦਾਰ ਉਜਾਗਰ ਸਿੰਘ, ਉਪ-ਮੰਤਰੀ, ਨੇ ਵੀ ਅੰਗਰੇਜ਼ੀ ਵਿਚ ਪੜ੍ਹਿਆ ਹੈ। ਜੋ ਇਨ੍ਹਾਂ ਦੇ ਅਫ਼ਸਰ ਬਣਾਕੇ ਇਨ੍ਹਾਂ ਨੂੰ ਦੇ ਦਿੰਦੇ ਹਨ ਉਹੀ ਇਹ ਪੜ੍ਹ ਦਿੰਦੇ ਹਨ । ਇਸ ਨਾਲ ਟਾਈਮ ਵੇਸਟ ਹੁੰਦਾ ਹੈ ਅੌਰ ਕਈ ਸ਼ਬਦਾਂ ਦਾ ਪਤਾ ਵੀ ਨਹੀਂ ਲਗਦਾ। ਇਸ ਨੂੰ ਛੱਡ ਕੇ ਅੰਗਰੇਜ਼ੀ ਨੂੰ ਤਰਜੀਹ ਦੇਣੀ ਚਾਹੀਦੀ ਹੈ। ਪੰਜਾਬ ਵਿਚ ਥਾਂ ਥਾਂ ਤੇ ਬੋਰਡ ਲਗੇ ਹੋਏ ਹਨ ਪਰ ਉਥੇ ਵੀ ਅੰਗਰੇਜ਼ੀ ਲਿਖੀ ਹੁੰਦੀ ਹੈ ਅੌਰ ਪੰਜਾਬੀ ਨੂੰ ਸੈਕੰਡਰੀ ਕਰਕੇ ਲਿਖਿਆ ਹੁੰਦਾ ਹੈ । ਇਸ ਤਰ੍ਹਾਂ ਨਾਲ ਪੰਜਾਬੀ ਨਾਲ ਵਿਤਕਰਾ ਕੀਤਾ ਜਾਂਦਾ ਹੈ। ਮੈਂ ਕਹਾਂਗਾ ਕਿ ਪੰਜਾਬੀ ਬੋਲੀ ਦੀ ਡਿਵੈਲਪਮੈਂਟ ਲਈ ਬੇਸਿਕ ਪੱਧਰ ਤੇ ਸਟੇਟ ਪੱਧਰ ਤੇ ਸੈਮੀਨਾਰ ਆਯੋਜਿਤ ਕਰਨੇ ਚਾਹੀਦੇ ਹਨ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਪੋਸਟ-ਗਰੈਜੂਏਟ ਇਮਤਿਹਾਨ ਹਨ ਜਿਵੇਂ ਕਿ ਐਮ.ਏ.,ਆਈ.ਏ.ਐਸ. ਅੌਰ ਪੀ.ਸੀ.ਐਸ. ਦੇ ਇਮਤਿਹਾਨ ਹਨ ਉਥੇ ਅੰਗਰੇਜ਼ੀ ਵਰਤੀ ਜਾਂਦੀ ਹੈ। ਇਹ ਪੰਜਾਬੀ ਬੋਲੀ ਦੇ ਅਧਾਰ ਤੇ ਹੀ ਸੂਬਾ ਬਣਿਆ ਹੈ ਇਸ ਲਈ ਇਥੇ ਪੰਜਾਬੀ ਵਿਚ ਇਮਤਿਹਾਨ ਹੋਣੇ ਚਾਹੀਦੇ ਹਨ। ਕੁਐਸ਼ਚਨ ਪੇਪਰ ਹਾਲੇ ਵੀ ਅੰਗਰੇਜ਼ੀ ਵਿਚ ਆ ਰਹੇ ਹਨ। ਇਹ ਅੰਗਰੇਜ਼ੀ ਦੀ ਬਜਾਏ ਪੰਜਾਬੀ ਵਿਚ ਹੋਣੇ ਚਾਹੀਦੇ ਹਨ। ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਤਕਰੀਬਨ ਸਾਰੇ ਦਫ਼ਤਰਾਂ ਵਿਚ ਅੰਗਰੇਜ਼ੀ ਵਿਚ ਲੈਟਰਜ਼ ਲਿਖੇ ਜਾਂਦੇ ਹਨ। ਮੈਨੂੰ ਵੀ ਇੱਕ ਲੈਟਰ ਆਪਣੇ ਸਕੱਤਰੇਤ ਵਲੋਂ ਟੈਲੀਫੂਨ ਦੇ ਬਾਰੇ ਅੰਗਰੇਜ਼ੀ ਵਿਚ ਆਇਆ ਹੈ । ਪਿਛਲੇ ਸਮੇਂ ਸਿਕਿਉਰਿਟੀਆਂ ਭਰੀਆਂ। ਮੈਂ ਵੀ ਅੰਗਰੇਜ਼ੀ ਵਿਚ ਦੇ ਦਿੱਤੀ। ਕਈ ਵਾਰੀ ਸਮਝ ਵਿਚ ਵੀ ਨਹੀਂ ਆਉਂਦਾ ਅੌਰ ਨਾ ਹੀ ਪੈਸੇ

Original with;
Punjab Vidhan Sabha
Digitized by;
Panjab Digital Library

ਰਿਫੰਡ ਹੁੰਦੇ ਹਨ। ਪੈਸੇ ਰਿਫੰਡ ਕਰਨ ਲਈ ਤਿਆਰ ਨਹੀਂ। ਅੰਗਰੇਜ਼ੀ ਵਿਚ ਲੈਟਰ ਦੇ ਦਿੰਦੇ ਹਨ ਜਿਸ ਦੀ ਸਮਝ ਨਹੀਂ ਆਉਂਦੀ। ਸਾਰੇ ਦਫ਼ਤਰਾਂ ਵਿਚ ਅਫਸਰ ਅੰਗਰੇਜ਼ੀ ਵਿਚ ਲੈਟਰਜ਼ ਡਿਕਟੇਟ ਕਰਾਉਂਦੇ ਹਨ। ਜੇਕਰ ਮੇਰੇ ਵਰਗਾ ਉਨ੍ਹਾਂ ਕੋਲ ਚਲਾ ਜਾਏ ਤਾਂ ਗੱਲ ਅੰਗਰੇਜ਼ੀ ਵਿਚ ਕਰਦੇ ਹਨ। ਪੰਜਾਬੀ ਬੋਲੀ ਸਾਡੀ ਆਪਣੀ ਮਾਤਰੀ ਭਾਸ਼ਾ ਹੈ, ਇਸ ਨੂੰ ਯੋਗ ਥਾਂ ਦੇਣੀ ਚਾਹੀਦੀ ਹੈ। ਸਾਰੇ ਡਿਪਾਰਟਮੈਂਟਸ ਨੂੰ ਹਦਾਇਤ ਕਰਨੀ ਚਾਹੀਦੀ ਹੈ ਅੰਰ ਪੰਜਾਬੀ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਜੇਕਰ ਕੋਈ ਅਫ਼ਸਰ ਅਣਗਰਿਲੀ ਕਰਦਾ ਹੈ ਤਾਂ ਉਸ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਪੰਜਾਬੀ ਬੋਲੀ ਨੂੰ ਹਰ ਪੱਧਰ ਤੇ ਯੋਗ ਥਾਂ ਦੇਣੀ ਚਾਹੀਦੀ ਹੈ। ਪੰਜਾਬੀ ਪੰਜਾਬ ਦੀ ਮਾਤਰੀ ਭਾਸ਼ਾ ਹੈ। ਇਸ ਨੂੰ ਸਾਰੇ ਦਫ਼ਤਰਾਂ ਵਿਚ, ਬੋਰਡਾਂ ਵਿਚ ਅਤੇ ਕਾਰ-ਪੋਰੇਸ਼ਨਾਂ ਵਿਚ ਲਾਗੂ ਕਰੋ ਤਾਕਿ ਇਸ ਦਾ ਸਹੀ ਮਾਣ ਹੋ ਸਕੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ): ਮੈਂ ਪੰਜਾਬ ਆਫੀਸ਼ਲ ਲੈਂਗੂਏਜ (ਅਮੈਂਡ-ਮੈਂਟ) ਬਿਲ ਤੇ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਇਸ ਬਿਲ ਦੇ ਲਿਆਉਣ ਦੇ ਦੋ ਕਾਰਨ ਹਨ। ਡਿਪਟੀ ਸਪੀਕਰ ਸਾਹਿਬ, ਪਹਿਲੀ ਗਲ ਤਾਂ ਇਹ ਹੈ ਕਿ ਜਦੋਂ ਪੰਜਾਬ ਵਿਚ ਮਾਤਰੀ ਭਾਸ਼ਾ ਪੰਜਾਬੀ ਨੂੰ ਸਵੀਕਾਰ ਕਰ ਲਿਆ ਗਿਆ ਤਾਂ ਉਸ ਦਾ ਫੈਲਾਓ ਜ਼ਰੂਰੀ ਹੈ। ਅੰਗਰੇਜ਼ੀ ਵਿਚ ਲਿਖੇ ਸਾਰੇ ਐਕਟ ਜਿਨ੍ਹਾਂ ਨੂੰ ਪੰਜਾਬੀ ਪੜ੍ਹੇ ਲਿਖੇ ਲੋਕ ਪੜ੍ਹਕੇ ਅੱਗੇ ਅੰਦਾਜ਼ਾ ਨਹੀਂ ਸੀ ਲਾ ਸਕਦੇ, ਇਹ ਉਨ੍ਹਾਂ ਵਾਸਤੇ ਸਹੂਲਤ ਹੈ। ਇਸ ਦੇ ਨਾਲ ਨਾਲ ਕੋਰਟਸ ਵਿਚ ਡਸਕੱਸ ਕਰਨ ਵਾਸਤੇ, ਉਸ ਦੀ ਆਥੈਂਟਿਸਿਟੀ ਵਾਸਤੇ, ਉਸ ਨੂੰ ਆਥੋਰਾਈਜ਼ ਕਰਨ ਵਾਸਤੇ ਜ਼ਰੂਰੀ ਸੀ ਕਿ ਉਹ ਐਕਟ ਜਿਹੜੇ ਸਾਡੇ ਦੇਸ਼ ਵਿਚ ਕੰਸਟੀਚਿਊਸ਼ਨ ਬਣਨ ਤੋਂ ਪਹਿਲਾਂ ਬਣੇ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਜਾਂ ਕੰਸਟੀਚਿਊਸ਼ਨ ਬਣਨ ਤੋਂ ਬਾਅਦ ਬਣੇ, ਸਾਡੀ ਸਰਕਾਰ ਨੇ ਸੈਂਟਰਲ ਗੌਰਮਿੰਟ ਨੂੰ ਬੇਨਤੀ ਕੀਤੀ ਕਿ ਜਿਹੜੇ ਸਾਡੇ ਵਾਸਤੇ ਕਾਨੂੰਨ ਬਣਾਏ ਜਾਣ, ਉਨ੍ਹਾਂ ਦਾ ਪੰਜਾਬੀ ਵਿਚ ਤਰਜਮਾ ਕੀਤਾ ਜਾਵੇ। ਜਦੋਂ ਪੰਜਾਬੀ ਵਿਚ ਤਰਜਮਾ ਕੀਤਾ ਗਿਆ ਤਾਂ ਇਹ ਹੋਇਆ ਕਿ ਜਿਹੜਾ ਲਾਅ ਕੋਰਟ ਵਿਚ ਐਕਟ ਬਣੇ ਉਸ ਦੀ ਕੋਈ ਇੰਟਰਪਰੈਟੇਸ਼ਨ ਹੋਵੇ ਤਾਂ ਪੰਜਾਬੀ ਵਿਚ ਲਿਖੇ ਹੋਏ ਤਰਜਮੇ ਨੂੰ ਉਸੇ ਤਰ੍ਹਾਂ ਸਵੀਕਾਰ ਕੀਤਾ ਜਾਵੇ ਜਿਸ ਤਰ੍ਹਾਂ ਕਿ ਓਰਿਜੀਨਲ ਐਕਟ ਹੈ। ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਸਮੁੱਚੇ ਦੇਸ਼ ਨੂੰ ਜਾਣਨ ਵਾਸਤੇ ਇਹ ਜ਼ਰੂਰੀ ਹੈ ਕਿ ਪੰਜਾਬੀ ਪੜ੍ਹੇ ਲਿਖਿਆਂ ਨੂੰ ਉਹ ਸਾਰੀਆਂ ਚੀਜ਼ਾਂ ਆਪਣੀ ਮਾਤਰੀ ਜ਼ਬਾਨ ਵਿਚ ਮਿਲਣ ਤਾਕਿ ਉਹ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦੇ ਵੇਲੇ ਦੇ 1861 ਦੇ ਬਣੇ ਕਾਨੂੰਨ ਅਤੇ ਫਿਰ ਉਸ ਦੇ 1892, 1902 ਅਤੇ 1919 ਦੇ ਬਣੇ ਕਾਨੂੰਨਾਂ ਨੂੰ ਸਮਝ ਸਕਣ। ਫਿਰ 1935 ਵਿਚ ਹੋਰ ਐਕਟ ਬਣਿਆ। ਬਾਅਦ ਵਿਚ ਉਸ ਦਾ ਸਾਡੇ ਦੇਸ਼ ਵਿਚ ਕਾਫੀ ਹਿੱਸਾ ਲਿਆ ਗਿਆ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਸਾਰੇ ਐਕਟ ਅੰਗਰੇਜ਼ੀ ਵਿਚ ਲਿਖੇ ਹੋਏ ਹੋਣ ਚਾਹੇ ਉਨ੍ਹਾਂ ਦਾ ਪੰਜਾਬੀ ਵਿਚ ਤਰਜਮਾ ਹੋਇਆ ਹੋਵੇ ਮਗਰ ਪੰਜਾਬ ਦੇ ਉਹ ਲੋਕ ਜਿਹੜੇ ਪੰਜਾਬੀ ਜਾਣਦੇ ਹਨ ਉਹ ਇਨ੍ਹਾਂ ਐਕਟਸ ਨੂੰ ਚੰਗੀ ਤਰ੍ਹਾਂ ਨਹੀਂ ਸੀ ਪੜ੍ਹ ਸਕਦੇ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ।

ਪ੍ਰੋਫੈਸਰ ਦਰਬਾਰੀ ਲਾਲ: ਰੂਲਜ਼ ਐਂਡ ਰੈਗੂਲੇਸ਼ਨਜ਼ ਦਾ ਵੀ ਪੰਜਾਬੀ ਵਿਚ ਤਰਜਮਾ ਕੀਤਾ ਜਾ ਸਕੇਗਾ। 26 ਜਨਵਰੀ, 1950 ਵਿਚ ਜਦੋਂ ਤੋਂ ਕੰਸਟੀਚਿਊਸ਼ਨ ਲਾਗੂ ਹੋਇਆ, ਪੰਜਾਬ ਸਰਕਾਰ ਨੇ ਸੈਂਟਰ ਨੂੰ ਰਿਕੁਐਸਟ ਕੀਤੀ ਕਿ ਜਿਹੜੇ ਐਕਟ ਬਣੇ ਹਨ ਲੋਕਾਂ ਦੀ ਸਹੂਲਤ ਵਾਸਤੇ ਉਨ੍ਹਾਂ ਦਾ ਪੰਜਾਬੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਵਿਚ ਤਰਜਮਾ ਕੀਤਾ ਜਾਵੇ ਤਾਂਕਿ ਪੰਜਾਬੀ ਲੋਕ ਉਸ ਨੂੰ ਸਮਝ ਸਕਣ। ਹਾਲਾਂ ਤਕ ਉਸ ਦਾ ਪੰਜਾਬੀ ਵਿਚ ਤਰਜਮਾ ਨਹੀਂ ਹੋਇਆ। (ਘੰਟੀ)

ਡਿਪਟੀ ਸਪੀਕਰ ਸਾਹਿਬ, ਪੰਜਾਬੀ ਭਾਸ਼ਾ ਦੇ ਬਾਰੇ ਮੈਂ ਕਹਾਂਗਾ ਕਿ ਇਸ ਦੇ ਫੈਲਾਓ ਵਾਸਤੇ ਸਭ ਤੋਂ ਜ਼ਿਆਦਾ ਕੰਮ ਕਾਂਗਰਸ ਸਰਕਾਰ ਨੇ ਕੀਤਾ। ਇਹ ਕਹਿੰਦੇ ਹਨ ਕਿ ਕਾਂਗਰਸ ਨੇ ਪੰਜਾਬੀ ਨਾਲ ਧੱਕਾ ਕੀਤਾ ਹੈ। ਮੈਂ ਕਹਿ ਸਕਦਾ ਹਾਂ ਕਿ ਕਾਂਗਰਸ ਸਰਕਾਰ ਨੇ ਪੰਜਾਬੀ ਦੇ ਫੈਲਾਓ ਵਾਸਤੇ ਬਹੁਤ ਕੁਝ ਕੀਤਾ ਹੈ। ਜਦੋਂ ਅਕਾਲੀ-ਜਨਤਾ ਸਰਕਾਰ ਸੀ ਤਾਂ ਇਨ੍ਹਾਂ ਨੇ ਜਾਣ ਬੁਝਕੇ ਜਨਸੰਘੀਆਂ ਨਾਲ ਰਲਕੇ ਆਪਣੀ ਮਾਤਰੀ ਭਾਸ਼ਾ ਪੰਜਾਬੀ ਦੀ ਥਾਂ ਤੇ ਨੈਸ਼ਨਲ ਲੈਂਗੂਏਜ ਲਿਖਾਈ। ਇਨ੍ਹਾਂ ਦਾ ਆਪਸੀ ਝਗੜਾ ਸੀ। ਇਨ੍ਹਾਂ ਨੇ ਜਨਸੰਘ ਨਾਲ ਜੱਫਾ ਪਾਕੇ ਸਰਕਾਰ ਬਣਾਈ।

ਸ਼੍ਰੀ ਡਿਪਟੀ ਸਪੀਕਰ : ਤੁਸੀ ਵਾਈਂਡ ਅੱਪ ਕਰੋ।

ਪ੍ਰੋਫੈਸਰ ਦਰਬਾਰੀ ਲਾਲ : ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਐਜੂਕੇਸ਼ਨ ਮਨਿਸਟਰ ਸਰਦਾਰ ਅਜਨਾਲਾ ਜੀ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬੀ ਨੂੰ ਪ੍ਰੋਤਸਾਹਨ ਦੇਣ ਲਈ ਬਹੁਤ ਕੰਮ ਕੀਤਾ ਹੈ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਾਹੀਂ ਪਾਕਿਸਤਾਨ ਵਿਚ ਪੰਜਾਬੀ ਵਿਚ ਇਮਤਿਹਾਨ ਲੈਣੇ ਸ਼ੁਰੂ ਕੀਤੇ ਹਨ। ਮੈਂ ਇਸ ਗਲ ਦੀ ਇਨ੍ਹਾਂ ਦੀ ਸ਼ਲਾਘਾ ਕਰਦਾ ਹਾਂ ਅਤੇ ਪ੍ਰਸ਼ੰਸਾ ਕਰਦਾ ਹਾਂ। (ਘੰਟੀ) ਇਨ੍ਹਾਂ ਨੇ ਪੰਜਾਬੀ ਦੇ ਵਿਕਾਸ ਲਈ ਬਹੁਤ ਕੁਝ ਕੀਤਾ ਹੈ। ਐਨਾ ਕਹਿੰਦਾ ਹੋਇਆ ਮੈਂ ਬੇਨਤੀ ਕਰਾਂਗਾ ਕਿ ਇਸ ਅਮੈਂਡਮੈਂਟ ਨੂੰ ਸਵੀਕਾਰ ਕੀਤਾ ਜਾਵੇ। ਧੰਨਵਾਦ।

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਪੰਜਾਬੀ ਭਾਸ਼ਾ ਦੀ ਬਾਬਤ ਬਹੁਤ ਚਿਰ ਤੋਂ ਪੁਰਾਣੀ ਸੱਭਿਅਤਾ ਜੁੜੀ ਹੋਈ ਹੈ। ਬਦਕਿਸਮਤੀ ਸਾਡੀ ਇਹ ਹੈ ਕਿ ਇਸ ਨੂੰ ਲਾਗੂ ਕੋਈ ਨਹੀਂ ਕਰਦਾ। ਮੈਨੂੰ ਇਕ ਗਲ ਯਾਦ ਆ ਗਈ ਹੈ ਕਿ ਜਿਸ ਵੇਲੇ ਇਥੇ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਸ ਵੇਲੇ ਗਿਆਨੀ ਹਰਦਿੱਤ ਸਿੰਘ ਨੇ ਪੰਜਾਬੀ ਦੀਆਂ ਕਲਾਸਾਂ ਲਾਈਆਂ। ਉਹ ਆਪ ਪ੍ਰੋਫੈਸਰ ਪੰਜਾਬੀ ਦੇ ਰਹੇ। ਉਦੋਂ ਤੋਂ ਲੈ ਕੇ ਇਸ ਬਾਰੇ ਕੁਝ ਨਾ ਕੁਝ ਹੁੰਦਾ ਰਿਹਾ। ਜਿੰਨੇ ਵੀ ਅਸੀਂ ਇਸ ਅਸੈਂਬਲੀ ਵਿਚ ਮੈਂਬਰ ਜਾਂ ਵਜ਼ੀਰ ਬੋਲਦੇ ਹਾਂ ਤਾਂ ਅਸੀਂ ਸਾਰੇ ਇਹੋ ਕਹਿੰਦੇ ਹਾਂ ਕਿ ਪੰਜਾਬੀ ਲਾਗੂ ਕਰੋ, ਪੰਜਾਬੀ ਲਾਗੂ ਕਿਉਂ ਨਹੀਂ ਕਰਦੇ। ਚੰਗੀ ਗਲ ਹੈ ਇਸ ਨੂੰ ਲਾਗੂ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਗਲ ਯਾਦ ਆ ਗਈ ਹੈ। ਮਲੇਰਕੋਟਲੇ ਦਾ ਇਕ ਪਿੰਡ ਭੂਦਨਾ ਹੈ, ਉਥੇ ਸੌ ਸਾਲ ਪੁਰਾਣਾ ਸੰਤਾਂ ਦਾ ਇਕ ਗ੍ਰੰਥ ਲਿਖਿਆ ਹੋਇਆ ਪਿਆ ਹੈ। ਉਸ ਦਾ ਨਾਮ ਗੁਰੂ ਨਾਨਕ ਵਿਜੇ ਗ੍ਰੰਥ ਹੈ। ਉਸ ਦੇ ਸਾਰੇ ਅੱਖਰ ਪੰਜਾਬੀ ਦੇ ਹਨ। ਉਸ ਗ੍ਰੰਥ ਨੂੰ ਭਾਸ਼ਾ ਵਿਭਾਗ ਨੇ ਛਾਪਿਆ ਹੈ। ਮੈਂ ਉਸ ਨੂੰ ਪੜ੍ਹਕੇ ਆਇਆ ਹਾਂ। ਉਸ ਨੂੰ ਹਿੰਦੀ ਵਿਚ ਛਾਪ ਦਿਤਾ ਹੈ। ਉਸ ਦੇ ਹਿੰਦੀ ਦੇ ਅੱਖਰ ਹਨ। ਉਹ ਗ੍ਰੰਥ ਪੰਜਾਬ ਵਿਚ ਬਣਿਆ। ਉਸ ਨੂੰ ਪੰਜਾਬ ਦੇ ਸੰਤਾਂ ਨੇ ਬਣਾਇਆ। ਉਹ ਪੰਜਾਬ ਦੇ ਪਿੰਡ ਵਿਚ ਬਣਿਆ। ਉਸ ਨੂੰ ਪੰਜਾਬੀ ਭਾਸ਼ਾ ਵਿਚ ਛਾਪਣਾ ਚਾਹੀਦਾ ਸੀ। (ਘੰਟੀ)।

ਡਿਪਟੀ ਸਪੀਕਰ ਸਾਹਿਬ, ਸਾਨੂੰ ਜਿਹੜੀਆਂ ਚਿੱਠੀਆਂ ਆਉਂਦੀਆਂ ਹਨ ਉਹ ਅੰਗਰੇਜ਼ੀ ਵਿਚ ਆਉਂਦੀਆਂ ਹਨ। ਇਹ ਮੈਨੂੰ ਇਕ ਚਿੱਠੀ ਆਈ ਹੈ, ਇਹ ਅੰਗਰੇਜ਼ੀ ਵਿਚ ਆਈ ਹੈ। ਮੈਂ 1931 ਤੋਂ ਲੈ ਕੇ ਪੰਜਾਬੀ ਪੜ੍ਹਾਉਂਦਾ ਚਲਿਆ ਆਇਆ ਹਾਂ। ਮੈਂ 22 ਸਾਲ ਪੰਜਾਬੀ ਪੜ੍ਹਾਈ ਹੈ। ਇਥੇ ਜਿਹੜੇ

Original with;
Punjab Vidhan Sabha
Digitized by;
Panjab Digital Library

ਬੋਲਦੇ ਹਨ ਉਹ ਅੰਗਰੇਜ਼ੀ ਬੋਲਣ ਦੀ ਕੋਸ਼ਿਸ਼ ਕਰਦੇ ਹਨ। ਮੈਂ ਕੇ. ਪੀ. ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਪੰਜਾਬੀ ਵਿਚ ਕਿਹਾ ਕਿ ਇਹ ਬਿੱਲ ਪਾਸ ਕਰਨਾ ਚਾਹੀਦਾ ਹੈ। ਜਿਹੜੇ ਥੋੜ੍ਹੇ ਪੜ੍ਹੇ ਹੋਏ ਵੀ ਹੁੰਦੇ ਹਨ ਉਹ ਅੰਗਰੇਜ਼ੀ ਦੇ ਸ਼ਬਦ ਵਰਤਣ ਦੀ ਕੋਸ਼ਿਸ਼ ਕਰਦੇ ਹਨ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ** ** **

Mr. Deputy Speaker : This is no point of order.

ਗਿਆਨੀ ਕੁੰਦਨ ਸਿੰਘ ਪਤੰਗ : ਇਨ੍ਹਾਂ ਦੀ ਨੀਅਤ ਵਿਚ ਫਰਕ ਹੈ। ਇਨ੍ਹਾਂ ਨੇ ਭੱਜਣਾ ਆਪ ਸੀ ਪਰ ਉਲਾਂਭੇ ਸਾਨੂੰ ਦਿੰਦੇ ਹਨ। ਇਹ ਆਪ ਵਜ਼ੀਰ ਹੁੰਦੇ ਹੋਏ ਪਾਰਟੀ ਛੱਡ ਗਏ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਬੈਠੋ ਜੀ।

ਗਿਆਨੀ ਕੁੰਦਨ ਸਿੰਘ ਪਤੰਗ : ਪੰਜਾਬੀ ਬੋਲੀ ਨੂੰ ਲਾਗੂ ਕਰਨਾ ਚਾਹੀਦਾ ਹੈ।

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ): ਪੰਜਾਬ ਆਫੀਸ਼ਲ ਲੈਂਗੂਏਜ (ਅਮੈਂਡਮੈਂਟ) ਬਿਲ, 1982 ਚੰਗਾ ਹੈ ਭਾਵੇਂ ਇਹ ਕੁਝ ਲੇਟ ਹੀ ਆਇਆ ਹੈ। ਪਰ ਇਸ ਦੇ ਨਾਲ ਹੀ ਸਾਡੀ ਫਿਰਕਾਪ੍ਰਸਤੀ ਦੀ ਜਿਹੜੀ ਹਵਾ ਹੈ ਉਹ ਆ ਗਈ ਅਤੇ ਹਿੰਦੀ ਪੰਜਾਬੀ ਦੇ ਨਾਮ ਤੇ ਝਗੜਾ ਪੈ ਗਿਆ ਜਿਸ ਨਾਲ ਸਾਡਾ ਮਾਹੌਲ ਖਰਾਬ ਹੁੰਦਾ ਰਿਹਾ। ਪੰਜਾਬੀ ਸੂਬਾ ਬਣਿਆ ਉਸ ਦੇ ਵਿਚ ਜਿਹੜੇ ਨਾਲ ਲਗਦੇ ਪਿੰਡਾਂ ਵਿੱਚ ਬੋਲੀ ਬੋਲਦੇ ਹਨ ਉਹ ਨਾਲ ਲਗਦੇ ਪਿੰਡਾਂ ਨੂੰ ਇਕਾਈ ਮੰਨ ਕੇ ਲੈਣਾ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ। ਉਹ ਇਸ ਗਲ ਦਾ ਗਿਲਾ ਨਾ ਕਰਨ ਕਿਉਂਕਿ ਉਹ ਕਈ ਵਾਰੀ ਗਿਲਾ ਵੀ ਕਰ ਦਿੰਦੇ ਹਨ। ਪਿੱਛੇ ਜਿਹੇ ਇਕ ਟੈਸਟ ਰਖਿਆ ਹੋਇਆ ਸੀ ਕਿ ਜਿਹੜਾ ਪੰਜਾਬ ਵਿੱਚ ਕੋਈ ਆਫੀਸ਼ੀਅਲ ਹੈ ਜਾਂ ਕੋਈ ਅਫ਼ਸਰ ਹੈ ਉਸ ਨੂੰ ਪੰਜਾਬੀ ਦਾ ਟੈਸਟ ਪਾਸ ਕਰਨਾ ਚਾਹੀਦਾ ਹੈ ਅੱਰ ਇਹ ਟੈਸਟ ਪੰਜਾਬੀ ਦਾ ਪਾਸ ਕਰਨਾ ਉਨ੍ਹਾਂ ਵਾਸਤੇ ਲਾਜ਼ਮੀ ਹੈ। ਮੈਂ ਕਿਸੇ ਤੇ ਕੋਈ ਅੈਸਪਰਸ਼ਨ ਨਹੀਂ ਕਰਨਾ ਚਾਹੁੰਦਾ, ਇਸ ਵੇਲੇ ਸਾਡੇ ਕਈ ਸੈਕਟਰੀ ਸਾਹਿਬਾਨ ਹਨ ਜਦੋਂ ਉਨ੍ਹਾਂ ਦੇ ਕੋਲ ਕੋਈ ਪੰਜਾਬੀ ਦਾ ਨੋਟ ਜਾਂਦਾ ਹੈ ਅਸਿਸਟੈਂਟ ਦਾ ਤਾਂ ਉਹ ਉਸ ਅਸਿਸਟੈਂਟ ਨੂੰ ਬੁਲਾ ਕੇ ਕਹਿੰਦੇ ਹਨ ਕਿ ਦੱਸ ਭਈ ਇਸ ਵਿੱਚ ਕੀ ਲਿਖਿਆ ਹੈ। ਆਫੀਸ਼ੀਅਲਜ਼ ਲਈ, ਆਫੀਸਰਜ਼ ਲਈ ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਤਨਾ ਜ਼ਰੂਰ ਚਾਹੀਦਾ ਹੈ ਕਿ ਕਮ-ਅਜ਼-ਕਮ-ਮੈਟਰਿਕ ਸਟੈਂਡਰਡ ਤਕ ਡੀਪਾਰਟਮੈਂਟਲ ਤੌਰ ਤੇ ਪੰਜਾਬੀ ਦਾ ਟੈਸਟ ਪਾਸ ਕਰਨ। ਮੈਂ ਇਹ ਵੀ ਕਹਿੰਦਾ ਹਾਂ ਕਿ ਜ਼ਰੂਰੀ ਨਹੀਂ ਕਿ ਇਸ ਦੇ ਲਈ ਕੋਈ ਸਰਟੀਫਿਕੇਟ ਦਿੱਤਾ ਜਾਵੇ ਪਰ ਇਸ ਵਿੱਚ ਇਹ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਉਸ ਨੂੰ ਪੰਜਾਬੀ ਆ ਜਾਵੇ, ਉਹ ਪੰਜਾਬੀ ਬੋਲੀ ਸਮਝ ਸਕਣ। ਪੰਜਾਬੀ ਜ਼ਬਾਨ ਸਾਡੀ ਬਹੁਤ ਮਿਠੀ ਤੇ ਪਿਆਰੀ ਬੋਲੀ ਹੈ। ਵਜ਼ੀਰ ਸਾਹਿਬ ਨੇ ਸੁਣਿਆ ਹੋਣਾ ਹੈ ਜਦੋਂ ਇਥੇ ਨੂਰਜਹਾਂ ਮਲਕਾ-ਏ-ਤਰੱਨਮ ਆਈ ਸੀ ਤਾਂ ਕਿੰਨੀ ਮਿਠੀ ਤੇ ਸੁਰੀਲੀ ਆਵਾਜ਼ ਵਿੱਚ ਗਾਇਆ ਗਿਆ ਸੀ ਜਿਸ ਤੇ ਲੋਕੀ ਅਸ਼ ਅਸ਼ ਕਰ ਉਠੇ ਸਨ। ਇਤਨੀ ਮਿਠੀ ਤੇ ਸੁਰੀਲੀ ਬੋਲੀ ਹੈ ਇਹ ਪੰਜਾਬੀ ਕਿ ਇਸ ਵੱਲ ਇਨ੍ਹਾਂ ਨੂੰ ਲੋਕਾਂ ਦੀ ਰੁਚੀ ਵਧਾਉਣੀ ਚਾਹੀਦੀ ਹੈ। ਹੁੰਦਾ ਕੀ ਹੈ ਕਿ ਜਦੋਂ ਕੋਈ ਮੁੰਡਾ ਬੀ.ਏ. ਪਾਸ ਕਰ ਲੈਂਦਾ ਹੈ ਤਾਂ ਜਦੋਂ ਤਕ ਉਹ ਅੰਗਰੇਜ਼ੀ ਦੇ ਚਾਰ ਅਖਰ ਬੋਲ ਨਾ ਲਵੇ ਉਹ ਫਖਰ ਨਹੀਂ ਸਮਝਦਾ। ਅੰਗਰੇਜ਼ੀ ਬੋਲਣਾ ਲੋਕੀ ਫਖਰ ਸਮਝਦੇ ਹਨ। ਲੋਕੀਂ ਇਹ ਫਖਰ ਮਹਿਸੂਸ ਕਰਦੇ ਹਨ ਕਿ ਮੈਂ ਅੰਗਰੇਜ਼ੀ ਵਿੱਚ ਬੋਲ ਰਿਹਾ ਹਾਂ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ: ਡਿਪਟੀ ਸਪੀਕਰ ਸਾਹਿਬ, ਮਾਸਟਰ ਬਾਬੂ ਸਿੰਘ ਜੀ ਦੀ ਆਵਾਜ਼ ਵੀ ਮਲਕਾ ਏ ਤਰੱਨਮ ਵਰਗੀ ਹੀ ਹੈ।

ਮਾਸਟਰ ਬਾਬੂ ਸਿੰਘ: ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਮ-ਅਜ਼-ਕਮ ਅਫ਼ਸਰ ਸਾਹਿਬਾਨ ਨੂੰ ਜਿਹੜੇ ਨੋਟ ਵਗੈਰਾ ਪੰਜਾਬੀ ਵਿੱਚ ਆਉਂਦੇ ਹਨ, ਉਸ ਦੀ ਉਨ੍ਹਾਂ ਨੂੰ ਸਮਝ ਹੋਣੀ ਚਾਹੀਦੀ ਹੈ। ਇਹ ਤਾਂ ਹੀ ਪਾਸੀਬਲ ਹੈ ਜੇ ਉਨ੍ਹਾਂ ਨੂੰ ਪੰਜਾਬੀ ਆਉਂਦੀ ਹੋਵੇਗੀ। ਮੈਂ ਕੋਈ ਸਟੇਟ ਤੋਂ ਬਾਹਰ ਦੇ ਜਿਹੜੇ ਆਈ. ਏ. ਐਸ. ਅਫ਼ਸਰ ਹਨ ਉਨ੍ਹਾਂ ਨੂੰ ਨਹੀਂ ਕਹਿਣਾ ਚਾਹੁੰਦਾ ਪਰ ਮੈਂ ਕਹਿੰਦਾ ਹਾਂ ਕਿ ਜੇ ਕਿਸੇ ਨੂੰ ਆਉਂਦੀ ਹੋਵੇ ਤਾਂ ਕੋਈ ਮਾੜੀ ਗਲ ਵੀ ਨਹੀਂ। ਪੰਜਾਬੀ ਸਾਡੀ ਮਾਂ ਬੋਲੀ ਹੈ। ਇਸ ਵਲ ਸਾਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਕਈ, ਡਿਪਟੀ ਸਪੀਕਰ ਸਾਹਿਬ, ਸਾਡੇ ਮੁੰਡੇ ਇਸ ਕਰਕੇ ਰਹਿ ਜਾਂਦੇ ਹਨ ਕਿ ਉਨ੍ਹਾਂ ਨੂੰ ਅੰਗਰੇਜ਼ੀ ਦੀ ਸਮਝ ਨਹੀਂ ਆਉਂਦੀ। ਜੇ ਉਨ੍ਹਾਂ ਨੂੰ ਉਹੀ ਮੈਟਰ ਪੰਜਾਬੀ ਵਿੱਚ ਦੱਸਿਆ ਜਾਵੇ, ਜੇ ਉਹੀ ਵਿਸ਼ਾ ਉਨ੍ਹਾਂ ਨੂੰ ਪੰਜਾਬੀ ਵਿੱਚ ਦੱਸਿਆ ਜਾਵੇ, ਪੜ੍ਹਾਇਆ ਜਾਵੇ ਤਾਂ ਉਹ ਆਸਾਨੀ ਨਾਲ ਸਮਝ ਜਾਂਦੇ ਹਨ। ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਆਪਣਾ ਧਿਆਨ ਇਸ ਪਾਸੇ ਵਲ ਦੇਣ। ਜਿਵੇਂ ਇਥੇ ਹੁਣੇ ਹੀ ਧੰਨੋਵਾਲੀਆ ਜੀ ਨੇ ਕਿਹਾ ਹੈ, ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਭਾਵੇਂ ਸਰਦਾਰ ਲਛਮਣ ਸਿੰਘ ਜੀ ਦੀ ਸਰਕਾਰ ਕਿਵੇਂ ਵੀ ਬਣੀ ਲੇਕਿਨ ਪੰਜਾਬੀ ਲਾਗੂ ਕਰਨ ਲਈ ਜੋ ਉਨ੍ਹਾਂ ਨੇ ਕੰਮ ਕੀਤਾ ਮੈਂ ਇਨ੍ਹਾਂ ਨੂੰ ਇਸ ਗਲ ਦੀ ਵਧਾਈ ਦਿੰਦਾ ਹਾਂ। ਇਨ੍ਹਾਂ ਨੇ ਛੁੱਟੀ ਵੀ ਕਰ ਦਿੱਤੀ ਸੀ ਭਾਵੇਂ ਗਵਰਨਰ ਸਾਹਿਬ ਵਲੋਂ ਬਿਲ ਦੀ ਮਨਜ਼ੂਰੀ ਵੀ ਨਹੀਂ ਸੀ ਆਈ ਲੇਕਿਨ ਇਨ੍ਹਾਂ ਨੇ ਛੁੱਟੀ ਵੀ ਕਰ ਦਿੱਤੀ ਸੀ। ਜੇ, ਡਿਪਟੀ ਸਪੀਕਰ ਸਾਹਿਬ, ਪੰਜਾਬੀ ਦੀ ਅਸੀਂ ਤਰੱਕੀ ਚਾਹੁੰਦੇ ਹਾਂ ਤਾਂ ਆਫੀਸਰਜ਼ ਲਈ, ਆਫੀਸ਼ੀਅਲਜ਼ ਲਈ ਜ਼ਰੂਰ ਕੋਈ ਨਾ ਕੋਈ ਨਿਯਮ ਬਣਾਇਆ ਜਾਵੇ ਅਤੇ ਕੋਈ ਸਟੈਂਡਰਡ ਮੁਕੱਰਰ ਕੀਤਾ ਜਾਵੇ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਐਸ. ਐਸ. ਐਸ. ਬੋਰਡ ਜੋ ਹੈ, ਉਸ ਵਿੱਚ ਤਾਂ ਪੰਜਾਬ ਦੀਆਂ ਪੋਸਟਾਂ ਹੁੰਦੀਆਂ ਹਨ ਉਨ੍ਹਾਂ ਵਿੱਚ ਪੰਜਾਬੀ ਆਸਾਨੀ ਨਾਲ ਲਾਗੂ ਕੀਤੀ ਜਾ ਸਕਦੀ ਹੈ। ਪਬਲਿਕ ਸਰਵਿਸ ਕਮਿਸ਼ਨ ਜੋ ਹੈ ਉਸ ਵਿੱਚ ਵੀ ਇਸ ਤਰ੍ਹਾਂ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਉਸ ਦਾ ਜਿਹੜਾ ਐਗਜ਼ਾਮ ਹੋਵੇ, ਟੈਸਟ ਹੋਵੇ ਉਹ ਪੰਜਾਬੀ ਵਿੱਚ ਦਿੱਤਾ ਜਾ ਸਕੇ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਹੁਣ ਵਾਈਂਡ ਅੱਪ ਕਰ ਦਿਓ।

ਮਾਸਟਰ ਬਾਬੂ ਸਿੰਘ: ਮੈਂ ਹੁਣੇ ਹੀ ਵਾਈਂਡ ਅਪ ਕਰ ਦਿੰਦਾ ਹਾਂ ਜੀ।

ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਇਕ ਨੈਸ਼ਨਲ ਪਾਰਟੀ ਹੈ। ਇਸ ਦੇ ਵਿੱਚ ਜਿਹੜਾ ਹਿੰਦੀ ਪੰਜਾਬੀ ਦਾ ਵਾਦ ਵਿਵਾਦ ਚਲਦਾ ਹੈ, ਇਹ ਆਪਣਾ ਦੇਖ ਲੈਣ। ਮਰਦਮਸ਼ੁਮਾਰੀ ਜਦੋਂ ਹੋਈ, ਵਾਕਿਆਈ ਇਹ ਗਲ ਦੇਖੀ ਗਈ ਹੈ ਕਿ ਕੁਝ ਕਾਂਗਰਸੀ ਸੱਜਣਾਂ ਨੇ ਜਾਣ ਬੁਝ ਕੇ ਆਪਣੀ ਬੋਲੀ ਹਿੰਦੀ ਲਿਖਾਈ ਹੈ। ਤੁਸੀਂ ਦੇਖੋ ਕਿ ਜਿਹੜਾ ਛੋਟਾ ਜਿਹਾ ਦੁੱਧ ਪੀਂਦਾ ਬੱਚਾ ਹੈ ਉਸ ਨੂੰ ਵੀ ਢਾਈ ਤਿੰਨ ਸਾਲ ਤਕ ਆਪਣੀ ਮਾਂ ਬੋਲੀ ਸਮਝਾਈ ਜਾਂਦੀ ਹੈ ਅਤੇ ਮਾਂ ਬੋਲੀ ਦਾ ਪਿਆਰ ਉਸ ਦੇ ਅੰਦਰ ਕੁੱਟ ਕੁੱਟ ਕੇ ਭਰਿਆ ਜਾਂਦਾ ਹੈ। (ਘੰਟੀ) ਇਹ ਬੜੀ ਮਿੱਠੀ ਤੇ ਪਿਆਰੀ ਬੋਲੀ ਹੈ, ਇਸ ਵਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਮੈਨੂੰ ਉਮੀਦ ਹੈ ਵਜ਼ੀਰ ਸਾਹਿਬ ਆਪਣਾ ਪੂਰਾ ਪੂਰਾ ਧਿਆਨ ਪੰਜਾਬੀ ਬੋਲੀ ਵਲ ਦੇਣਗੇ।

ਵਿਦਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜਨਾਲਾ): ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਗੌਰਵ ਹੈ ਕਿ ਜਿਹੜਾ ਅਮੈਂਡਿੰਗ ਬਿਲ ਇਹ ਸਦਨ ਦੇ ਸਾਹਮਣੇ ਆਇਆ ਹੈ, ਮੈਨੂੰ

Original with;
Punjab Vidhan Sabha
Digitized by;
Panjab Digital Library

ਪੇਸ਼ ਕਰਨ ਦਾ ਮੌਕਾ ਮਿਲਿਆ ਹੈ। 1967 ਵਿੱਚ ਪੰਜਾਬੀ ਲੈਂਗੂਏਜ, ਪੰਜਾਬੀ ਆਫੀਸ਼ੀਅਲ ਲੈਂਗੂਏਜ ਐਕਟ ਬਣਿਆ ਲੇਕਿਨ ਉਸ ਵਿੱਚ ਕਈ ਤਰੁੱਟੀਆਂ ਰਹਿ ਗਈਆਂ ਸਨ। ਸਮੇਂ ਦੇ ਨਾਲ ਉਹ ਤਰੁੱਟੀਆਂ ਦੂਰ ਕੀਤੀਆਂ ਜਾਂਦੀਆਂ ਰਹੀਆਂ ਅੰਰ 1969 ਵਿੱਚ ਇਹ ਅਵੱਸਥਾ ਇਸ ਐਕਟ ਵਿੱਚ ਬਣ ਗਈ ਕਿ ਇਕ ਪੰਜਾਬੀ ਦੇ ਤਰਜਮੇ ਖਾਹ ਉਹ ਸੈਂਟਰਲ ਐਕਟ ਦੇ ਹੋਣ, ਸਟੇਟ ਐਕਟ ਦੇ ਹੋਣ, ਰੂਲਜ਼ ਐਂਡ ਰੈਗੂਲੇਸ਼ਨਜ਼ ਦੇ ਹੋਣ, ਉਨ੍ਹਾਂ ਤਰਜਮਿਆਂ ਨੂੰ ਮਾਨਤਾ ਮਿਲੇ। ਲੇਕਿਨ ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਇਕ ਅਵੱਸਥਾ ਸੀ ਕਿ ਇਕ ਨੋਟੀਫੀਕੇਸ਼ਨ ਇਸ਼ੂ ਕਰਨਾ ਸੀ ਅਤੇ ਉਸ ਨੋਟੀਫੀਕੇਸ਼ਨ ਦੇ ਵਿੱਚ ਡੇਟ ਨੀਅਤ ਕੀਤੀ ਜਾਂਦੀ ਸੀ ਕਿ ਇਸ ਡੇਟ ਤੋਂ ਉਨ੍ਹਾਂ ਤਰਜਮਿਆਂ ਨੂੰ ਮਾਨਤਾ ਮਿਲਣੀ ਸੀ ਪਰ ਤੁਸੀਂ, ਡਿਪਟੀ ਸਪੀਕਰ ਸਾਹਿਬ, ਸੁਣ ਕੇ ਹੈਰਾਨ ਹੋਵੋਗੇ ਕਿ 1969 ਦੀ ਉਹ ਅਵੱਸਥਾ ਜੋ ਸੀ ਉਸ ਦਾ 1980 ਤਕ ਕੋਈ ਅਮਲ ਨਹੀਂ ਹੋਇਆ। ਪਤੰਗ ਸਾਹਿਬ ਵੀ ਆਪਣੀ ਪਾਰਟੀ ਦੀ ਤਰਫ ਤੋਂ ਬੋਲੇ ਹਨ ਅਤੇ ਆਪਣੇ ਖਿਆਲਾਤ ਦਾ ਇਜ਼ਹਾਰ ਇਨ੍ਹਾਂ ਨੇ ਕੀਤਾ ਹੈ ਕਿ ਪੰਜਾਬੀ ਜ਼ਬਾਨ ਜੋ ਹੈ ਇਸ ਦੇ ਬੜ੍ਹਾਵੇ ਲਈ ਕੰਮ ਕਰਨਾ ਚਾਹੀਦਾ ਹੈ। ਪਰ ਮੈਨੂੰ ਇਸ ਗਲ ਦੀ, ਡਿਪਟੀ ਸਪੀਕਰ ਸਾਹਿਬ, ਬੜੀ ਹੈਰਾਨੀ ਹੁੰਦੀ ਹੈ ਜਿਹੜੇ ਲੋਕ ਪੰਜਾਬ ਦੇ ਅਲੰਬਰਦਾਰ ਬਣਦੇ ਹਨ ਉਨ੍ਹਾਂ ਨੇ ਆਪਣੇ ਵੇਲੇ ਪੰਜਾਬੀ ਬੋਲੀ ਲਈ ਕੁਝ ਨਹੀਂ ਕੀਤਾ। ਇਹ ਕਰੈਡਿਟ ਜਾਂਦਾ ਹੈ ਸਰਦਾਰ ਦਰਬਾਰਾ ਸਿੰਘ ਜੀ ਨੂੰ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ, ਜਿਸ ਨੇ ਕੋਈ ਵੀ ਚੰਗੀ ਗਲ ਹੋਵੇ ਉਹ ਕਰਦੀ ਹੈ ਅਤੇ ਉਸ ਦਾ ਪੂਰਾ ਖਿਆਲ ਕਰਦੀ ਹੈ। ਇਹ ਇਕ ਫੰਡਾਮੈਂਟਲ ਹਕੀਕਤ ਹੈ, ਰਿਐਲਿਟੀ ਹੈ, ਅਸਲੀਅਤ ਹੈ। ਇਹ ਨੋਟੀਫੀਕੇਸ਼ਨ ਹੁਣ ਹੋਈ, ਅੰਰ 1 ਨਵੰਬਰ, 1980 ਤੋਂ ਉਸ ਦੀ ਤਾਰੀਖ ਨਿਸ਼ਚਿਤ ਕਰ ਦਿੱਤੀ ਗਈ ਹੈ ਕਿ ਉਸ ਦੇ ਬਾਅਦ ਜਿਹੜੇ ਤਰਜਮੇ ਹੋਏ ਹਨ ਉਨ੍ਹਾਂ ਨੂੰ ਮਾਨਤਾ ਮਿਲੇ ਅੰਰ ਸਾਰੇ ਐਕਟ ਦੇ ਹੀ ਅਸੀਂ ਤਰਜਮੇ ਕਰ ਰਹੇ ਹਾਂ ਤਾਂਕਿ ਪੰਜਾਬੀ ਬੋਲੀ ਨੂੰ ਉਸ ਦਾ ਪੂਰਾ ਸਥਾਨ ਮਿਲੇ। ਇਸ ਦੀ ਡਿਵੈਲਪਮੈਂਟ ਵਾਸਤੇ ਜੋ ਉਪਰਾਲੇ ਵੱਧ ਤੋਂ ਵੱਧ ਕੀਤੇ ਜਾ ਸਕੇ ਉਹ ਅਸੀਂ ਜ਼ਰੂਰ ਕਰਾਂਗੇ।

ਡਿਪਟੀ ਸਪੀਕਰ ਸਾਹਿਬ, ਜਿਹੜਾ ਅਮੈਂਡਿੰਗ ਬਿਲ ਤੁਹਾਡੇ ਸਾਹਮਣੇ ਆਇਆ ਹੈ ਇਸ ਵਿੱਚ ਦੋ ਚੀਜ਼ਾਂ ਦੀ ਅਵੱਸਥਾ ਹੈ। ਇਕ, 1969 ਦੇ ਤਰਮੀਮੀ ਬਿਲ ਵਿੱਚ ਜੋ ਤਰੁੱਟੀ ਰਹਿ ਗਈ ਸੀ ਕਿ ਕੁਝ ਐਸੇ ਸੈਂਟਰਲ ਐਕਟ ਸਨ ਜਿਹੜੇ ਕੰਸਟੀਚਿਊਸ਼ਨ ਦੀ ਇੰਟਰੋਡਕਸ਼ਨ ਤੋਂ ਪਹਿਲਾਂ ਦੇ ਬਣੇ ਹੋਏ ਸਨ ਅੰਰ ਦੂਜੀ ਅਵਸਥਾ ਇਹ ਰਹਿ ਗਈ ਸੀ ਕਿ ਕੰਸਟੀਚਿਊਸ਼ਨ ਦੀ 252 ਧਾਰਾ ਦੇ ਥਲੇ ਜਿਸ ਵੇਲੇ ਸਟੇਟ ਪਾਰਲੀਮੈਂਟ ਨੂੰ ਰਿਕੁਐਸਟ ਕਰਦੀ ਹੈ ਕਿ ਸਾਡੇ ਲਈ ਐਕਟ ਬਣਾਇਆ ਜਾਵੇ ਉਹ ਇਸ ਦੇ ਵਿੱਚ ਚੀਜ਼ ਨਹੀਂ ਹੈ। ਸੋ ਇਨ੍ਹਾਂ ਦੋ ਕਮੀਆਂ ਨੂੰ ਪੂਰਾ ਕਰਨ ਲਈ ਇਹ ਅਮੈਂਡਿੰਗ ਬਿਲ ਸਦਨ ਦੇ ਸਾਹਮਣੇ ਆਇਆ ਹੈ। ਇਸ ਦੇ ਪਾਸ ਹੋਣ ਨਾਲ ਇਹ ਕਮੀਆਂ ਪੂਰੀਆਂ ਹੋ ਜਾਣਗੀਆਂ। ਮੈਨੂੰ ਆਸ ਹੈ ਕਿ ਇਹ ਜਿਹੜਾ ਬਿਲ ਹੈ ਇਹ ਸਾਡੀ ਮਾਂ ਬੋਲੀ ਨੂੰ, ਰਾਜ ਭਾਸ਼ਾ ਨੂੰ ਆਪਣਾ ਸਥਾਨ ਦਿਵਾਉਣ ਲਈ ਬੜਾ ਵੱਡਾ ਕਦਮ ਹੈ ਅੰਰ ਇਸ ਨੂੰ ਸਾਰੇ ਮੁਤਫਿਕਾ ਤੌਰ ਤੇ ਪਾਸ ਕਰੋਗੇ।

ਡਿਪਟੀ ਸਪੀਕਰ ਸਾਹਿਬ, ਇਥੇ ਮਾਸਟਰ ਬਾਬੂ ਸਿੰਘ ਜੀ ਨੇ ਅਤੇ ਮਾਸਟਰ ਚੰਦ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਪਬਲਿਕ ਸਰਵਿਸ ਕਮਿਸ਼ਨ ਦੇ ਜਿਹੜੇ ਇਮਤਿਹਾਨ ਹਨ ਕੰਪੀਟੀਸ਼ਨ ਦੇ, ਉਨ੍ਹਾਂ ਲਈ ਵੀ ਪੰਜਾਬੀ ਜ਼ਬਾਨ ਹੋਣੀ ਚਾਹੀਦੀ ਹੈ। ਪਬਲਿਕ ਸਰਵਿਸ ਕਮਿਸ਼ਨ ਨੇ ਬਹੁਤ ਦੇਰ ਹੋਈ ਪੰਜਾਬ ਸਰਕਾਰ ਨੂੰ ਲਿਖਿਆ ਸੀ, ਉਸ ਵੇਲੇ ਬਾਦਲ ਸਾਹਿਬ ਦੀ ਸਰਕਾਰ ਸੀ ਅੰਰ ਇਹ ਸਾਡੇ ਸਾਹਮਣੇ ਬੈਠੇ ਵੀਰ ਉਸ ਵੇਲੇ ਟਰੈਜ਼ਰੀ ਬੈਂਚਿਜ਼ ਤੇ ਬੈਠੇ ਸਨ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਲੇਕਿਨ, ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਇਨ੍ਹਾਂ ਦੀਆਂ ਪਿਆਰ ਦੀਆਂ ਪੀਘਾਂ ਉਨ੍ਹਾਂ ਵਿਅਕਤੀਆਂ ਨਾਲ ਸਨ ਜਿਹੜੇ ਪੰਜਾਬੀ ਨੂੰ ਕਿਸੇ ਸੂਰਤ ਵਿਚ ਝੱਲਦੇ ਨਹੀਂ ਸਨ। ਮੇਰੀ ਮੁਰਾਦ, ਇਸ ਵੇਲੇ ਤਾਂ ਉਹ ਮੌਜੂਦ ਨਹੀਂ, ਉਨ੍ਹਾਂ ਤੋਂ ਹੈ ਜਿਨ੍ਹਾਂ ਦਾ ਨਿਸ਼ਾਨ ਦੀਵਾ ਸੀ। ਉਨ੍ਹਾਂ ਨਾਲ ਇਨ੍ਹਾਂ ਦਾ ਪਿਆਰ ਸੀ ਅੱਜ ਉਹ ਇਸ ਦੇ ਮੁਖਾਲਫ ਸਨ ਅਤੇ ਹਿੰਦੀ ਦੇ ਮੁਦਈ ਸਨ। ਮੈਂ ਕਹਿੰਦਾ ਹਾਂ ਕਿ ਹਿੰਦੀ ਹੋਣੀ ਚਾਹੀਦੀ ਹੈ, ਸਾਡੀ "ਨੈਸ਼ਨਲ ਲੈਂਗੂਏਜ" ਹੈ, ਸਾਨੂੰ ਸਿਖਣੀ ਅਤੇ ਪੜ੍ਹਨੀ ਚਾਹੀਦੀ ਹੈ। ਲੇਕਿਨ ਉਹ ਪੰਜਾਬੀ ਨਹੀਂ ਸਨ ਝੱਲ ਸਕਦੇ। ਅੱਜ ਲੀਡਰ ਆਫ ਦੀ ਆਪੋਜ਼ੀਸ਼ਨ ਨਹੀਂ ਬੈਠੇ ਨਹੀਂ ਤਾਂ ਮੈਂ ਉਨ੍ਹਾਂ ਨੂੰ ਮੁਖਾਤਬ ਹੋ ਕੇ ਕਹਿੰਦਾ ਕਿ ਬਾਦਲ ਸਾਹਿਬ, ਉਹ ਦਿਨ ਯਾਦ ਕਰੋ ਜਦੋਂ ਤੁਸੀਂ ਫੈਸਲਾ ਹੀ ਨਹੀਂ ਸੀ ਕਰ ਸਕੇ ਕਿ ਪਬਲਿਕ ਸਰਵਿਸ ਕਮਿਸ਼ਨ ਵਿਚ ਪੰਜਾਬੀ ਨੂੰ ਕਿਸ ਤਰ੍ਹਾਂ ਲਾਗੂ ਕਰਨਾ ਹੈ। ਇਹ ਕਰੈਡਿਟ ਸਰਦਾਰ ਦਰਬਾਰਾ ਸਿੰਘ ਨੂੰ ਜਾਂਦਾ ਹੈ ਜਿਨ੍ਹਾਂ ਨੇ ਇਹ ਸਰਕੂਲਰ ਇਸ਼ੂ ਕੀਤਾ ਹੈ ਕਿ ਅੰਗਰੇਜ਼ੀ ਦੇ ਨਾਲ ਨਾਲ ਉਸੇ ਪੱਧਰ ਤੇ ਪੰਜਾਬੀ ਨੂੰ ਵੀ ਮੀਡੀਅਮ ਬਣਾਇਆ ਜਾਏ। ਇਹ ਇਕ ਸ਼ਲਾਘਾਯੋਗ ਕਦਮ ਉਠਾਇਆ ਗਿਆ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਕਿਹੜੀ ਤਾਰੀਖ ਨੂੰ ਨੋਟੀਫਿਕੇਸ਼ਨ ਕੀਤਾ ਹੈ ?

ਵਿਦਿਆ ਮੰਤਰੀ : ਮੇਰੇ ਚੈਂਬਰ ਵਿਚ ਆ ਜਾਣਾ, ਉਹ ਵੀ ਦੱਸ ਦਿਆਂਗੇ।

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਅਰਜ਼ ਹੈ ਕਿ ਸਪੀਕਰ ਸਾਹਿਬ ਨੂੰ ਕੋਈ ਚੀਜ਼ ਪੁੱਛਦੇ ਹਾਂ ਤਾਂ ਉਹ ਕਹਿ ਦਿੰਦੇ ਹਨ ਕਿ ਚੈਂਬਰ ਵਿਚ ਆ ਜਾਓ, ਅੈਜੂਕੇਸ਼ਨ ਮਨਿਸਟਰ ਸਾਹਿਬ ਵੀ ਕਹਿੰਦੇ ਹਨ ਕਿ ਚੈਂਬਰ ਵਿਚ ਆ ਜਾਓ। ਮੈਂ ਕਹਿੰਦਾ ਹਾਂ ਕਿ ਕੀ ਇਹ ਚੈਂਬਰ ਹੈ ਜਾਂ ਅਨਾਰ-ਕਲੀ ਬਾਜ਼ਾਰ ਹੈ ?

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਭਰਾਵਾਂ ਨੂੰ ਦੱਸਾਂਗਾ, ਤੁਹਾਡੇ ਰਾਹੀਂ ਦੱਸਾਂਗਾ, ਸਾਹਮਣੇ ਮੁਖਾਤਬ ਨਹੀਂ ਕਰਾਂਗਾ। ਡਿਪਟੀ ਸਪੀਕਰ ਸਾਹਿਬ ਸਾਡੇ ਡਿਸਟ੍ਰਿਕਟ ਲੈਂਗੂਏਜ ਅਫਸਰ ਹਰ ਜ਼ਿਲ੍ਹੇ ਵਿਚ ਹਨ, ਉਹ ਹਰ ਦਫ਼ਤਰ ਵਿਚ ਜਾ ਕੇ ਸੁਪਰਵੀਜ਼ਨ ਕਰਦੇ ਹਨ ਕਿ ਕਿੰਨਾਂ ਕੰਮ ਦਫ਼ਤਰਾਂ ਵਿਚ ਪੰਜਾਬੀ ਵਿਚ ਹੁੰਦਾ ਹੈ। ਜਦੋਂ ਇਨ੍ਹਾਂ ਦੀ ਸਰਕਾਰ ਆਈ, ਇਨ੍ਹਾਂ ਨੇ ਉਨ੍ਹਾਂ ਕੋਲੋਂ ਉਹ ਸੁਪਰਵਾਈਜ਼ਰੀ ਪਾਵਰਜ਼ ਵਾਪਸ ਲੈ ਲਈਆਂ। ਪਤਾ ਨਹੀਂ ਉਸ ਵੇਲੇ ਕਿਹੜਾ ਵਿਦਿਆ ਮੰਤਰੀ ਸੀ। ਉਹ ਪਾਵਰਜ਼ ਖੋਹ ਲਈਆਂ ਤੇ ਅੱਜ ਇਹ ਪੰਜਾਬੀ ਦੀਆਂ ਦੁਹਾਈਆਂ ਦਿੰਦੇ ਹਨ। ਫਿਰ ਹੁਣ ਜਦੋਂ ਸਰਦਾਰ ਦਰਬਾਰਾ ਸਿੰਘ ਦੀ ਗੌਰਮਿੰਟ ਆਈ ਤਾਂ ਉਸ ਨੇ ਉਨ੍ਹਾਂ ਦੀਆਂ ਇਹ ਪਾਵਰਜ਼ ਬਹਾਲ ਕੀਤੀਆਂ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬੀ ਜ਼ਬਾਨ ਲਈ ਚੰਗੇ ਕਦਮ ਉਠਾਉਣੇ ਚਾਹੀਦੇ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਜਿਹੜੇ ਪੰਜਾਬੀ ਦੇ ਸਾਹਿਤਕਾਰ ਹਨ ਉਹ ਸਾਡੇ ਪੰਜਾਬ ਦੇ ਖ਼ਜ਼ਾਨਾ ਹਨ, ਗੌਰਵ ਹਨ, ਮਾਣ ਹਨ। ਸਾਡਾ ਫ਼ਰਜ਼ ਬਣਦਾ ਹੈ, ਹੱਕ ਬਣਦਾ ਹੈ ਕਿ ਪੰਜਾਬੀ ਦੇ ਸਾਹਿਤਕਾਰਾਂ ਨੂੰ ਸਨਮਾਨਿਆ ਜਾਏ। ਉਨ੍ਹਾਂ ਨੂੰ ਹਰ ਸਾਲ ਸਨਮਾਨਿਆ ਕਰਦੇ ਸੀ। ਪਰ ਜਦੋਂ ਤਕ ਇਨ੍ਹਾਂ ਦੀ ਸਰਕਾਰ ਰਹੀ ਉਨ੍ਹਾਂ ਨੂੰ ਸਨਮਾਨ ਨਹੀਂ ਸਕੀ। ਇਹ 1978-79 ਅਤੇ 1979-80 ਦੇ ਅਵਾਰਡਜ਼ ਡਿਸਾਈਡ ਨਹੀਂ ਸੀ ਕਰ ਸਕੇ ਅਤੇ ਸਾਹਿਤਕਾਰਾਂ ਨੂੰ ਨਹੀਂ ਸੀ ਦੇ ਸਕੇ ਪਰ ਅਸੀਂ ਆਕੇ 1978-79, 1979-80, 1980-81 ਅਤੇ 1981-82 ਚਾਰ ਸਾਲਾਂ ਦੇ ਅਵਾਰਡਜ਼ ਦੇ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

ਇਥੇ ਹੀ ਬਸ ਨਹੀਂ, ਇਹ ਜਿਹੜੀ ਪੰਜਾਬੀ ਜ਼ਬਾਨ ਹੈ ਇਹ ਬੜੀ ਮਿੱਠੀ ਬੋਲੀ ਹੈ। ਮੈਂ ਮਾਸਟਰ ਬਾਬੂ ਸਿੰਘ ਨਾਲ ਸਹਿਮਤ ਹਾਂ ਕਿ ਇਹ ਮਿੱਠੀ ਬੋਲੀ ਹੈ। ਅਸੀਂ ਇਸ ਨੂੰ ਪੰਜਾਬ ਤਕ ਹੀ ਸੀਮਿਤ ਨਹੀਂ ਰਹਿਣ ਦਿੱਤਾ। ਜਿਹੜੇ ਪੰਜਾਬੀ ਬਾਹਰਲੇ ਦੇਸ਼ਾਂ ਵਿਚ, ਜਿਨ੍ਹਾਂ ਦਾ ਬੇਸ ਪੰਜਾਬ ਹੈ, ਪੰਜਾਬੀ ਦੀ ਖਿਦਮਤ ਕਰ ਰਹੇ ਹਨ, ਚੰਗੇ ਕੰਮ ਕਰ ਰਹੇ ਹਨ ਅਸੀਂ ਉਨ੍ਹਾਂ ਦੀ ਵੀ ਸੇਵਾ ਕਰਦੇ ਹਾਂ। ਮਿਸਟਰ ਰਵਿੰਦਰ ਬਾਹਰਲੇ ਦੇਸ਼ ਵਿਚ ਹੈ, ਉਸ ਨੇ ਪੰਜਾਬੀ ਦੀ ਸੇਵਾ ਕੀਤੀ, ਅਸੀਂ ਉਸ ਨੂੰ ਸਨਮਾਨਤ ਕੀਤਾ ਹੈ। ਇਸੇ ਤਰ੍ਹਾਂ ਗਿਆਨੀ ਕੇਸਰ ਸਿੰਘ ਹੈ, ਜਿਨ੍ਹਾਂ ਦਾ ਪੰਜਾਬੀ ਦਾ ਬੜਾ ਇਤਿਹਾਸ ਹੈ।

ਇਥੇ ਚੋਪੜਾ ਸਾਹਿਬ ਨੇ ਸੈਮੀਨਾਰ ਦੀ ਗਲ ਕੀਤੀ ਸੀ ਅਸੀਂ ਡਿਸਟ੍ਰਿਕਟ ਲੈਵਲ ਤੇ ਪੰਜਾਬੀ ਦਾ ਸੈਮੀਨਾਰ ਕਰਦੇ ਹਾਂ।

ਸਰਦਾਰ ਪ੍ਰਿਥੀਪਾਲ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਵਿਦਿਆ ਮੰਤਰੀ : ਉਥੋਂ ਦੇ ਐਸ.ਐਸ. ਅਮੋਲ ਹਨ, ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ ਪੰਜਾਬੀ ਨੂੰ, ਉਨ੍ਹਾਂ ਨੂੰ ਸਨਮਾਨਤ ਕਰਾਂਗੇ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਮੁਤਫ਼ਿਕਾ ਤੌਰ ਤੇ ਅਤੇ ਸਰਬਸੰਮਤੀ ਨਾਲ ਪਾਸ ਕੀਤਾ ਜਾਏ, ਕਿਉਂਕਿ ਇਸ ਵਿਚ ਚੰਗੇ ਕਦਮ ਉਠਾਏ ਗਏ ਹਨ।

ਸਰਦਾਰ ਦਲੀਪ ਸਿੰਘ ਪੰਧੀ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਵਿਚ ਪੰਜਾਬੀ ਲਾਗੂ ਹੈ ਤਾਂ ਗਜ਼ਟ ਨੋਟੀਫਿਕੇਸ਼ਨ ਪੰਜਾਬੀ ਵਿਚ ਕਿਉਂ ਨਹੀਂ ?

ਦੂਸਰੇ ਡਾਕਟਰ ਦੀਵਾਨ ਸਿੰਘ ਜੋ ਕਾਲੇ ਪਾਣੀ ਵਿਚ ਸਨ ਅਤੇ ਜਿਹੜੇ ਹਿੰਦੁਸਤਾਨ ਵਾਸਤੇ ਸ਼ਹੀਦ ਹੋਏ ਸਨ 1976 ਵਿਚ ਤੇ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਉਨ੍ਹਾਂ ਦਾ ਸਾਲ ਮਨਾਵਾਂਗੇ, ਉਸ ਬਾਰੇ ਕੀ ਕਾਰਵਾਈ ਕੀਤੀ ਹੈ ਕਮੈਮੋਰੇਟ ਕਰਨ ਲਈ ? ਉਹ ਬੜੇ ਭਾਰੀ ਸਾਹਿਤਕਾਰ ਸਨ, ਲੇਖਕ ਸਨ, ਫਰੀਡਮ ਫਾਈਟਰ ਸਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਮੈਂ ਇਨਫ਼ਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਹੜੀਆਂ ਅਟਾਨਮੱਸ ਬਾਡੀਜ਼ ਹਨ ਉਨ੍ਹਾਂ ਵਿਚ ਪੰਜਾਬੀ ਲੈਂਗੂਏਜ ਕਿੰਨੀ ਲਾਗੂ ਕੀਤੀ ਹੈ ? ਮੇਰੀ ਇਨਫ਼ਰਮੇਸ਼ਨ ਹੈ ਕਿ ਕਾਰਪੋਰੇਸ਼ਨਾਂ ਤੇ ਬੋਰਡਾਂ ਵਿਚ 5% ਤੋਂ ਉਪਰ ਨਹੀਂ ਹੈ। ਉਨ੍ਹਾਂ ਲਈ ਕੋਈ ਉਪਰਾਲੇ ਕੀਤੇ ਹਨ ਕਿ ਉਥੇ ਵੀ ਸੈਂਟ ਪਰ ਸੈਂਟ ਲਾਗੂ ਹੋ ਸਕੇ ?

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਦੀਵਾਨ ਸਿੰਘ ਕਾਲੇ ਪਾਣੀ ਵਾਲੇ ਬਾਰੇ ਪੁਛਿਆ ਗਿਆ ਹੈ। ਮੈਂ ਬੇਨਤੀ ਕਰਾਂਗਾ ਕਿ ਪੰਜਾਬੀ ਦੀ ਡਿਵੈਲਪਮੈਂਟ ਵਾਸਤੇ ਇਕ ਵਖਰਾ ਬੋਰਡ ਬਣਿਆ ਹੋਇਆ ਹੈ ਜਿਹੜਾ ਇਨ੍ਹਾਂ ਦੇ ਵੇਲੇ ਕੰਸਟੀਚਿਊਟਿਡ ਨਹੀਂ ਸੀ। ਮੇਰਾ ਖਿਆਲ ਹੈ ਕਿ ਵਿਦਿਆ ਦਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਮਹਿਕਮਾ ਢੀਂਡਸਾ ਸਾਹਿਬ ਕੋਲ ਸੀ। ਉਹ ਬੋਰਡ ਸਾਰੇ ਸਾਹਿਤਕਾਰਾਂ ਦਾ ਕੰਮ ਵੇਖਦਾ ਹੈ, ਉਨ੍ਹਾਂ ਦੀਆਂ ਰਾਈਟਿੰਗਜ਼ ਵੇਖਦਾ ਹੈ ਅੌਰ ਉਸ ਦੇ ਮੁਤਾਬਿਕ ਫੈਸਲਾ ਕਰਦਾ ਹੈ ਕਿ ਕਿਸ ਆਦਮੀ ਨੂੰ ਸਨਮਾਨਤ ਕੀਤਾ ਜਾਣਾ ਹੈ। ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਇਹ ਉਸ ਪੰਜਾਬੀ ਡਿਵੈਲਪਮੈਂਟ ਬੋਰਡ ਦੇ ਸਾਹਮਣੇ ਰਖ ਦਿੱਤਾ ਜਾਏਗਾ।

ਢੀਂਡਸਾ ਸਾਹਿਬ ਨੇ ਜੋ ਕਿਹਾ ਹੈ ਉਸ ਬਾਰੇ ਇਹ ਹੈ ਕਿ ਉਨ੍ਹਾਂ ਦੀ ਸਰਕਾਰ ਵੇਲੇ ਇਹ ਚੀਜ਼ ਹੋਣੀ ਹੈ ਪਰ ਅਸੀਂ ਹਮੇਸ਼ਾਂ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਲਈ ਕੋਸ਼ਿਸ਼ ਕਰਦੇ ਰਹੇ ਹਾਂ। ਉਪਰਾਲੇ ਕੀਤੇ ਜਾ ਰਹੇ ਹਨ ਤਾਕਿ ਪੰਜਾਬੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਇਆ ਕਰੇ। ...

Mr. Deputy Speaker : Question is—

That the Punjab Official Language (Amendment) Bill be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

Clause 2

Mr. Deputy Speaker : Question is—

That Clause 2 stand part of the Bill.

The motion was carried.

Clause 1

Mr. Deputy Speaker : Question is—

That Clause 1 stand part of the Bill.

The motion was carried.

Title

Mr. Deputy Speaker : Question is—

That Title be the Title of the Bill.

The motion was carried.

Education Minister : Sir, I beg to move—

That the Punjab Official Language (Amendment) Bill be passed.

Mr. Deputy Speaker : Motion moved—

That the Punjab Official Language (Amendment) Bill be passed.

Mr. Deputy Speaker : Question is—

That the Punjab Official Language (Amendment) Bill be passed.

The motion was carried.

Original with;
Punjab Vidhan Sabha
Digitized by;
Panjab Digital Library

THE INDIAN STAMP (PUNJAB AMENDMENT) BILL, 1982

Revenue Minister (Sardar Gurdarshan Singh) : Sir, I beg to introduce the Indian Stamp (Punjab Amendment) Bill.

Sir, I also beg to move—

That the Indian Stamp (Punjab Amendment) Bill be taken into consideration at once.

Mr. Deputy Speaker : Motion moved—

That the Indian Stamp (Punjab Amendment) Bill be taken into consideration at once.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਸਟੈਂਪ ਡਿਊਟੀ ਦੀ ਬੜੀ ਚੋਰੀ ਹੁੰਦੀ ਹੈ। ਸਟੈਂਪ ਵੈਂਡਰ ਬਹੁਤ ਹੇਰਾ ਫੇਰੀ ਕਰਦੇ ਹਨ। ਪਟਿਆਲੇ ਵਿੱਚ ਖਾਸ ਤੌਰ ਤੇ ਇਹ ਕਰਦੇ ਹਨ ਜਿਥੋਂ ਦੇ ਕਿ ਵਜ਼ੀਰ ਸਾਹਿਬ ਹਨ। ਉਥੇ ਦੇ ਇਕ ਸਟੈਂਪ ਵੈਂਡਰ ਦੇ ਖਿਲਾਫ ਕੇਸ ਰਜਿਸਟਰ ਕਰਵਾਇਆ ਸੀ। ਉਹ ਹਲਫੀਆ ਬਿਆਨ ਅਤੇ ਸੌ ਸੌ ਸਾਲ ਦੀਆਂ ਪਿਛਲੀਆਂ ਵਸੀਅਤਾਂ ਕਰਦੇ ਸਨ। ਆਪਣੇ ਰਜਿਸਟਰਾਂ ਵਿਚ ਜਗ੍ਹਾ ਖਾਲੀ ਰਖਦੇ ਹਨ। ਰਜਿਸਟਰੇਸ਼ਨ ਐਕਟ ਥੱਲੇ ਉਨ੍ਹਾਂ ਨੂੰ ਆਪਣੇ ਰੇਟ ਡਿਸਪਲੇ ਕਰਨੇ ਪੈਣਗੇ ਕਿ ਕਿਸ ਚੀਜ਼ ਲਈ ਕਿਤਨੇ ਪੈਸੇ ਲੈਣਗੇ। ਵਕੀਲਨਾਮੇ ਦਾ ਫਾਰਮ 10 ਪੈਸੇ ਦਾ ਹੈ, ਸੀਮਿੰਟ ਦਾ ਫਾਰਮ 10 ਪੈਸੇ ਦਾ ਹੈ। ਪਰ ਇਸ ਵਿੱਚ ਵੀ ਬੜੀ ਲੁੱਟ ਖਸੁੱਟ ਹੋ ਰਹੀ ਹੈ। ਉਨ੍ਹਾਂ ਦੇ ਰਜਿਸਟਰੀਆਂ ਲਿਖਣ ਦੇ ਰੇਟ ਠੀਕ ਨਹੀਂ ਹਨ। ਜਿਹੜੇ ਬੈਕ ਡੇਟਸ ਵਿਚ ਡਾਕੂਮੈਂਟਸ ਰੈਗੂਲਾਈਜ਼ ਕਰਨ ਵਾਸਤੇ ਬੈਕ-ਡੇਟ ਰਖਿਆ ਹੋਇਆ ਹੈ, ਉਸ ਤੇ ਸਰਕਾਰ ਸਖਤੀ ਨਾਲ ਕਾਰਵਾਈ ਕਰੇ। 3.25 ਰੁਪਏ ਦੇ ਅਸ਼ਟਾਮ ਪੇਪਰ ਨਹੀਂ ਮਿਲਦੇ। ਅਗਰ ਕੋਈ ਜ਼ਮੀਨ ਮਿਊਂਸਪਲ ਕਮੇਟੀ ਦੀ ਹਦੂਦ ਵਿੱਚ 1976 ਦੇ ਬਾਅਦ ਸ਼ਾਮਲ ਹੋਈ ਹੈ ਤਾਂ ਕਾਲੋਨਾਈਜ਼ੇਸ਼ਨ ਐਕਟ ਅਧੀਨ ਅਗਰ ਵੇਚਣ ਵਾਲਾ ਜਾਂ ਖਰੀਦਣ ਵਾਲਾ 10 ਪੈਸੇ ਦੇ ਅਸ਼ਟਾਮ ਪੇਪਰ ਤੇ ਇਹ ਲਿਖ ਕੇ ਦੇ ਦੇਵੇ ਕਿ ਮੈਂ ਕੋਈ ਜ਼ਮੀਨ ਨਹੀਂ ਵੇਚ ਰਿਹਾ ਤਾਂ ਉਹ ਮੰਨ ਲਈ ਜਾਂਦੀ ਹੈ। ਇਸ ਤਰ੍ਹਾਂ ਬਹੁਤ ਚੋਰੀ ਹੋ ਰਹੀ ਹੈ। ਜਿਹੜਾ ਏਰੀਆ ਮਿਊਂਸਿਪਲ ਕਮੇਟੀ ਵਿਚ ਸ਼ਾਮਲ ਨਹੀਂ, ਕਮੇਟੀ ਨੇ ਲਿਆ ਨਹੀਂ, ਉਸਦੇ ਡਿਪਾਰਟਮੈਂਟਲ ਚਾਰਜਿਜ਼ ਕਾਹਦੇ ਹੋਣੇ ਹਨ। ਹੁਣ ਉਸ ਏਰੀਏ ਨੂੰ ਡਿਵੈਲਪ ਕੀਤਾ ਜਾ ਰਿਹਾ ਹੈ। ਸਬ-ਤਹਿਸੀਲਾਂ ਇਨ੍ਹਾਂ ਨੇ ਬਣਾਉਣੀਆਂ ਸਨ, ਉਹ ਨਹੀਂ ਬਣਾਈਆਂ ਗਈਆਂ। ਪਟਵਾਰ ਸਰਕਲ, ਕਾਨੂੰਗੋ ਸਰਕਲ ਨਹੀਂ ਬਣਾਏ ਗਏ। ਚੌਕੀਦਾਰਾਂ ਨੂੰ ਇਹ ਕਹਿੰਦੇ ਹਨ ਕਿ ਸੌ ਰੁਪਏ ਮਹੀਨਾ ਦਿਆਂਗੇ ਉਹ ਅਜੇ ਤਕ ਨਹੀਂ ਦਿੱਤਾ। ਲੋਕਾਂ ਤੋਂ ਪੈਸੇ ਉਗਰਾਹ ਕੇ ਦੇਣਗੇ। ਇਹ ਆਪਣੇ ਖਜ਼ਾਨੇ ਵਿੱਚੋਂ ਪੈਸੇ ਦੇਣ। ਉਨ੍ਹਾਂ ਨੂੰ ਚੌਥੇ ਦਰਜੇ ਦਾ ਮੁਲਾਜ਼ਮ ਤਸੱਵਰ ਕਰਨ ਅਤੇ ਉਨ੍ਹਾਂ ਨੂੰ ਹੋਰ ਸਹੂਲਤਾਂ ਦੇਣ।

1.12 ਬਾਅਦ ਦੁਪਹਿਰ | (ਇਸ ਸਮੇਂ ਸ਼੍ਰੀ ਓਮ ਪ੍ਰਕਾਸ਼ ਗੁਪਤਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਰੀਆਰਗੇਨਾਈਜ਼ੇਸ਼ਨ ਐਕਟ ਅਧੀਨ ਤਹਿਸੀਲਾਂ ਬਣਨੀਆਂ ਹਨ, ਸਬ-ਤਹਿਸੀਲਾਂ ਬਣਨੀਆਂ ਹਨ, ਜ਼ਿਲ੍ਹੇ ਬਣਨੇ ਹਨ। ਪਤਾ ਨਹੀਂ ਸਰਕਾਰ ਕਿਉਂ ਨਹੀਂ ਉਹ ਲਾਗੂ ਕਰ ਰਹੀ। ਉਸਦੇ ਨਾਲ ਸਰਕਾਰ ਦੀ ਆਮਦਨ ਵਧੇਗੀ। ਪੀ.ਏ.ਸੀ. ਵਿਚ ਸਟੈਂਪ ਡਿਊਟੀ ਦੀ ਚੋਰੀ ਦੇ ਕੇਸ ਆਏ ਸਨ,

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਧੀ]

ਬੜਾ ਬਕਾਇਆ ਪਿਆ ਹੈ। ਸਟੈਂਪ ਡਿਊਟੀ ਦੀ ਬਹੁਤ ਚੋਰੀ ਹੁੰਦੀ ਹੈ। ਇਕ ਕਰਮ ਸਿੰਘ ਐਕਸ-ਸਰਪੰਚ ਪਿੰਡ ਬੜੌਦਾ ਨੇ ਗਲਤ ਤਸਦੀਕ ਕੀਤਾ ਪਰ ਅਜੇ ਤਕ ਉਸਦਾ ਚਲਾਨ ਨਹੀਂ ਕੀਤਾ ਗਿਆ। ਸਟੈਂਪ ਡਿਊਟੀ ਦੀ ਵਸੂਲੀ ਕਰਨ ਲਈ ਠੀਕ ਤਰੀਕੇ ਅਪਨਾਉਣੇ ਚਾਹੀਦੇ ਹਨ। ਸਰਕਾਰ ਨੂੰ ਇਸ ਕਾਰਨ ਬੜਾ ਭਾਰੀ ਘਾਟਾ ਪੈ ਰਿਹਾ ਹੈ। ਸਬ-ਰਜਿਸਟਰਾਰ ਠੀਕ ਕੰਮ ਨਹੀਂ ਕਰ ਰਹੇ। ਇਸ ਅਮੈਂਡਮੈਂਟ ਵਿੱਚ ਬੜੀ ਘਾਟੇ ਵਾਲੀ ਗੱਲ ਲਿਆਂਦੀ ਗਈ ਹੈ, ਪਾਵਰਾਂ ਸਬ-ਰਜਿਸਟਰਾਰ ਨੂੰ ਦਿੱਤੀਆਂ ਗਈਆਂ ਹਨ ਕਿ ਜੇ ਉਸ ਨੂੰ ਇਹ ਪਤਾ ਲੱਗੇ ਕਿ ਕੋਈ ਜ਼ਮੀਨ ਵੇਚਣ ਵਾਲਾ ਘਟ ਕੀਮਤ ਤੇ ਜ਼ਮੀਨ ਵੇਚ ਰਿਹਾ ਹੈ ਤਾਂ ਉਹ ਆਪ ਉਸਦਾ ਫੈਸਲਾ ਨਹੀਂ ਕਰੇਗਾ। ਉਹ ਕੇਸ ਡੀ. ਸੀ. ਨੂੰ ਭੇਜੇਗਾ। ਇਸ ਤਰ੍ਹਾਂ ਲਿਟੀਗੇਸ਼ਨ ਵਧੇਗੀ। ਰਜਿਸਟਰਾਰ ਅਤੇ ਸਬ-ਰਜਿਸਟਰਾਰ ਪੈਸੇ ਲੈ ਕੇ ਰਜਿਸਟਰੀਆਂ ਕਰਦੇ ਹਨ। ਜੇ ਮੇਰੀ ਜ਼ਮੀਨ ਹੈ, ਮੈਂ ਉਸ ਨੂੰ ਪੰਜ ਰੁਪਏ ਦੀ ਵੇਚਾਂ ਜਾਂ ਦੱ ਰੁਪਏ ਦੀ ਵੇਚਾਂ, ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਇਸਦੇ ਵਿੱਚ ਦਖਲ ਅੰਦਾਜ਼ੀ ਕਰੇ। ਸਬ-ਰਜਿਸਟਰਾਰ ਨੂੰ ਸਰਕਾਰ ਨੇ ਅਧਿਕਾਰ ਦੇ ਦਿੱਤਾ ਹੈ ਕਿ ਉਹ ਕੁਲੈਕਟਰ ਨੂੰ ਕੇਸ ਰੈਫਰ ਕਰੇ ਅਤੇ ਕੁਲੈਕਟਰ ਦੇ ਫੈਸਲੇ ਦੇ ਬਾਅਦ ਉਹ ਡਿਸਟ੍ਰਿਕਟ ਜੱਜ ਕੋਲ ਕੇਸ ਜਾਵੇ। ਮੈਂ ਇਸ ਦੇ ਬਾਰੇ ਅਮੈਂਡਮੈਂਟ ਦਿਤੀ ਸੀ। ਕੁਲੈਕਟਰ ਨੂੰ ਰੈਫਰ ਕਰਨ ਵਾਲੀ ਚੀਜ਼ ਕੱਢ ਦਿਤੀ ਜਾਵੇ। ਅਗਰ ਸਬ-ਰਜਿਸਟਰਾਰ ਨੂੰ ਸ਼ੱਕ ਪੈਂਦਾ ਹੈ ਤਾਂ ਉਹ ਆਪ ਫੈਸਲਾ ਕਰ ਦੇਵੇ। ਉਸਦੀ ਅਪੀਲ 30 ਦਿਨਾਂ ਦੇ ਅੰਦਰ ਡਿਸਟ੍ਰਿਕਟ ਜੱਜ ਕੋਲ ਜਾਵੇ। ਇਹ ਕਾਂਗਰਸ ਪਾਰਟੀ ਪਾਰਟੀ-ਬਾਜ਼ੀ ਪੈਦਾ ਕਰਨਾ ਚਾਹੁੰਦੀ ਹੈ। ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਮਾਰਕਿਟ ਪ੍ਰਾਈਸ ਵੇਖੇ ਜਾਂ ਹੋਰ ਅੜਚਣਾਂ ਪਾਵੇ। ਮੇਰੀ ਜ਼ਮੀਨ ਹੈ, ਮੈਂ ਜਿਸ ਮਰਜ਼ੀ ਭਾਅ ਵੇਚਾਂ। ਜਾਂ ਤਾਂ ਕੋਈ ਇਹ ਹੋਰ ਕਾਨੂੰਨ ਬਣਾ ਦੇਣ। ਪਿੱਕ ਐਂਡ ਚੂਜ਼ ਵਾਲੀ ਗਲ ਕਿਉਂ ਕਰ ਰਹੇ ਹਨ। ਕਾਂਗਰਸੀਆਂ ਨੇ ਸਬ-ਰਜਿਸਟਰਾਰ ਨੂੰ ਕਹਿ ਦੇਣਾ ਹੈ ਕਿ ਮੈਂ ਇਤਨੇ ਵਿੱਚ ਰਜਿਸਟਰੀ ਕਰਾਉਣੀ ਹੈ, ਉਸ ਸਬ-ਰਜਿਸਟਰਾਰ ਨੇ ਕੁਝ ਨਹੀਂ ਕਹਿਣਾ। ਪਰ ਜਿਹੜੇ ਸਾਡੀ ਪਾਰਟੀ ਦੇ ਵਰਕਰਜ਼ ਹਨ, ਉਨ੍ਹਾਂ ਦੇ ਸਿਰ ਤੇ ਖਾਹ ਮਖਾਹ ਇਹ ਮੁਸੀਬਤ ਪਾਈ ਜਾਵੇਗੀ। ਉਨ੍ਹਾਂ ਦੇ ਕੇਸ ਹਾਈ ਕੋਰਟ ਤਕ ਜਾਣਗੇ। ਇਹ ਬੜਾ ਮਾੜਾ ਕਾਨੂੰਨ ਹੈ। ਮੈਂ ਕਹਿੰਦਾ ਹਾਂ ਕਿ ਸਰਦਾਰ ਗੁਰਦਰਸ਼ਨ ਸਿੰਘ ਨੇ ਕਿਹੜੀ ਖੇਤੀ ਕੀਤੀ ਹੈ। ਨਾਂ ਉਨ੍ਹਾਂ ਨੇ ਜ਼ਮੀਨ ਲਈ, ਨਾ ਕੋਈ ਸੀਰੀ ਪਾਲਿਆ। ਇਹ ਜਹਾਜ਼ਾਂ ਵਿੱਚ ਸਫਰ ਕਰਨ ਵਾਲੇ ਹਨ। ਕਿਸਾਨ ਨੂੰ ਹੀ ਪਤਾ ਲਗ ਸਕਦਾ ਹੈ ਕਿ ਤਹਿਸੀਲਦਾਰ ਕੋਲ ਜਾ ਕੇ ਕਿਤਨੀ ਡਿਫੀਕਲਟੀ ਹੁੰਦੀ ਹੈ। ਪਿੱਛੇ ਰੈਡ ਕਰਾਸ ਦੇ ਮੇਲੇ ਕਰਾਏ ਗਏ ਅਤੇ ਉਨ੍ਹਾਂ ਦੀਆਂ ਪੰਜ ਪੰਜ ਹਜ਼ਾਰ ਦੀਆਂ ਟਿਕਟਾਂ ਤਹਿਸੀਲਦਾਰਾਂ ਨੂੰ ਵੇਚਣ ਲਈ ਦਿਤੀਆਂ ਗਈਆਂ। ਉਹ ਅਗੇ ਕਿਸਾਨਾਂ ਨੂੰ ਪਰੇਸ਼ਾਨ ਕਰਦੇ ਹਨ। ਇਹ ਕਿਸਾਨ ਮਾਰੂ ਅਮੈਂਡਮੈਂਟ ਲਿਆ ਰਹੇ ਹਨ। ਇਹ ਮੁਕੱਦਮੇਬਾਜ਼ੀ ਪੈਦਾ ਕਰੇਗਾ ਅਤੇ ਲੜਾਈਆਂ ਪੈਦਾ ਕਰੇਗਾ। ਜਿਹੜਾ ਹੱਕ -ਸੁਫਾ ਦਾ ਐਕਟ ਸੀ ਉਸ ਦੇ ਨਾਲ ਸਾਰੀਆਂ ਲੜਾਈਆਂ ਖਤਮ ਹੋ ਗਈਆਂ ਸਨ। ਪਰ ਹੁਣ ਕਤਲੇਆਮ ਹੋਵੇਗਾ, 107/151 ਦੇ ਕੇਸ ਬਣਨਗੇ। ਤਹਿਸੀਲਦਾਰ ਨੂੰ ਹੱਕ ਦੇ ਦਿੱਤਾ ਹੈ ਕਿ ਉਹ ਕਹੇ ਕਿ ਮੈਂ ਤੁਹਾਡੀ ਕੀਮਤ ਜੋ ਲੈ ਰਹੇ ਹੋ, ਠੀਕ ਨਹੀਂ ਸਮਝਦਾ। ਹਾਈ ਕੋਰਟ ਵਿੱਚ ਇਹ ਕਾਨੂੰਨ ਰੱਦ ਹੋ ਜਾਵੇਗਾ। ਕਾਂਗਰਸੀਆਂ ਨੇ ਜਿਹੜੀਆਂ ਸਰਪਲੱਸ ਜ਼ਮੀਨਾਂ ਹਨ, ਉਹ ਵੇਚਣੀਆਂ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਕਾਨੂੰਨ ਦੇ ਨਾਲ ਹੋਰ ਬੜੇ ਝਗੜੇ ਪੈਦਾ ਹੋਣੇ ਹਨ। ਇਸ ਨੂੰ ਵਾਪਸ ਲੈ ਕੇ ਸਿਲੈਕਟ ਕਮੇਟੀ ਨੂੰ ਭੇਜਣ। ਇਹ ਅਮੈਂਡਮੈਂਟ ਬਿਲ ਕਿਸਾਨ ਮਾਰੂ ਹੈ। ਇਹ ਐਂਟੀ-ਕਿਸਾਨ ਸੋਧ ਲਿਆ ਰਹੇ ਹਨ। ਮੈਂ ਕਹਿੰਦਾ ਹਾਂ ਕਿ ਤਹਿਸੀਲਦਾਰ ਕੋਲ ਕੀ ਮੈਕਨਾਤੀਸ ਲੱਗਾ ਹੈ ਜਿਸ ਨੂੰ ਵੇਖ ਕੇ ਉਹ ਕਹੇ ਕਿ ਕਿਸੇ ਜ਼ਿਮੀਂਦਾਰ

Original with;
Punjab Vidhan Sabha
Digitized by;
Panjab Digital Library

ਦੀ ਜ਼ਮੀਨ ਦੀ ਕੀਮਤ ਠੀਕ ਨਹੀਂ ਲੱਗੀ। ਉਹ ਤਾਂ ਪੀ. ਸੀ. ਐਸ. ਜਾਂ ਆਈ. ਏ. ਐਸ. ਅਫਸਰ ਹੁੰਦੇ ਹਨ। ਇਸ ਲਈ ਇਸ ਐਕਟ ਨੂੰ ਸਿਲੈਕਟ ਕਮੇਟੀ ਨੂੰ ਭੇਜਿਆ ਜਾਵੇ।

ਸਰਦਾਰ ਜਗਦੇਵ ਸਿੰਘ ਜੱਸੋਵਾਲ (ਰਾਏ ਕੋਟ): ਪਰਮ ਸਤਿਕਾਰਯੋਗ ਚੇਅਰਮੈਨ ਸਾਹਿਬ, ਇਹ ਜੋ ਬਿਲ ਹਾਊਸ ਦੇ ਸਾਹਮਣੇ ਅੱਜ ਲਿਆਂਦਾ ਗਿਆ ਹੈ, ਇੰਡੀਅਨ ਸਟੈਂਪ (ਪੰਜਾਬ ਅਮੈਂਡਮੈਂਟ) ਬਿਲ, ਇਹ ਇਕ ਬੜਾ ਅਹਿਮ ਬਿਲ ਹੈ ਜਿਸ ਦਾ ਸਬੰਧ ਪੰਜਾਬ ਦੇ ਸਮੁੱਚੇ ਲੋਕਾਂ ਨਾਲ ਹੈ, ਕਿਉਂਕਿ ਰਾਈਟ ਟੂ ਪ੍ਰਾਪਰਟੀ ਦਾ ਕੰਸਟੀਚਿਊਸ਼ਨਲ ਅਧਿਕਾਰ ਸਾਨੂੰ ਮਿਲਿਆ ਹੈ। ਹਰ ਆਦਮੀ ਚਾਹੇ ਛੋਟਾ ਹੈ ਚਾਹੇ ਵੱਡਾ ਹੈ ਉਹ ਜ਼ਮੀਨ ਵੇਚਦਾ ਵੀ ਹੈ ਅਤੇ ਖਰੀਦਦਾ ਵੀ ਹੈ। ਇਸਦੇ ਅੰਦਰ ਜੋ ਸੈਕਸ਼ਨ 47 ਇਨਕਾਰਪੋਰੇਟ ਕੀਤੀ ਗਈ ਹੈ, ਇਹ ਵੀ ਬਹੁਤ ਜ਼ਰੂਰੀ ਸੀ, ਕਿਉਂਕਿ ਆਮ ਤੌਰ ਤੇ ਵੇਖਣ ਵਿਚ ਆਇਆ ਹੈ . . .।

ਸ਼੍ਰੀ ਸਭਾਪਤੀ: ਤੁਸੀਂ ਛੇਤੀ ਵਾਈਂਡ ਅਪ ਕਰੋ। ਟਾਈਮ ਬਹੁਤ ਥੋੜ੍ਹਾ ਰਹਿੰਦਾ ਹੈ।

1.20 ਬਾਅਦ ਦੁਪਹਿਰ | (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)।

FOURTH REPORT OF THE BUSINESS ADVISORY COMMITTEE

Mr. Speaker : I have to present to the House the Fourth Report of the business Advisory Committee. The report reads :—

After some discussion, it was recommended that the House will also hold its second sitting on the 31st March, 1982 from 3·00 P. M. to 7·30 P.M. and the following Business will be transacted thereat:—

(i) Motion regarding adjournment of the House *sine die*.

(ii) Motion for the discussion of the 26th Report of the Commissioner for Scheduled Castes and Scheduled Tribes for the year 1978-79 (Part-I).

(iii) Motion for the discussion of the Administration Report of the Punjab State Electricity Board for the year 1980-81.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recomendations, that rule/those rules will stand suspended to that extent.

Finance Minister (Doctor Kewal Krishan) : Sir, I beg to move—

That this House agrees with the recommendations contained in the Fourth Report of the Business Advisory Committee.

Mr. Speaker : Motion moved—

That this House agreed with the recommendations contained in the Fourth Report of the Business Advisory Committee.

Mr. Speaker : Question is—

That this House agrees with the recommendations contained in the Fourth Report of the Business, Advisory Committee.

The motion was carried unanimously.

Original with;
Punjab Vidhan Sabha
Digitized by;
Panjab Digital Library

THE INDIAN STAMP (PUNJAB AMENDMENT) BILL, 1982
(Resumption of consideration)

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਮੈਂ ਬੋਲ ਰਿਹਾ ਸੀ ਜੀ। ਸਪੀਕਰ ਸਾਹਿਬ, ਇਹ ਠੀਕ ਹੈ ਕਿ ਅੱਜ ਦੇ ਯੁਗ ਵਿਚ ਜੋ ਓਫੈਂਡਰ ਹੈ, ਉਹ ਨਾਰਮਲ ਲਾਅ ਐਂਡ ਆਰਡਰ ਨੂੰ ਤਾਂ ਓਫੈਂਡ ਕਰਦਾ ਹੀ ਹੈ ਪਰ ਇਕਨਾਮਿਕ ਓਫੈਂਡਰ ਵੀ ਬਹੁਤ ਹਨ। ਮੈਟੀਰੀਅਲਿਸਟਿਕ ਏਜ ਆ ਗਈ ਹੈ। ਇਸ ਲਈ ਇੰਡੀਅਨ ਸਟੈਂਪ ਐਕਟ ਦੀ ਅਮੈਂਡਮੈਂਟ ਦੀ ਲੋੜ ਪੈ ਗਈ ਹੈ ਤਾਂਕਿ ਜਿਹੜੇ ਇਕਨਾਮਿਕ ਓਫੈਂਡਰ ਹਨ, ਪੈਸੇ ਦੀ ਚੋਰੀ ਕਰਦੇ ਹਨ, ਸਟੈਂਪ ਡਿਊਟੀ ਦੀ ਚੋਰੀ ਕਰਦੇ ਹਨ ਉਨ੍ਹਾਂ ਨੂੰ ਰੋਕਿਆ ਜਾ ਸਕੇ। ਇਸ ਵਿਚ, ਸਪੀਕਰ ਸਾਹਿਬ, ਜੋ ਵਿਵੱਸਥਾ ਕੀਤੀ ਗਈ ਹੈ ਉਹ ਸਿਰਫ ਇਹ ਹੀ ਹੈ ਕਿ ਜੇਕਰ ਰਜਿਸਟਰਾਰ ਨੂੰ ਪਤਾ ਲੱਗ ਜਾਵੇ ਕਿ ਘੱਟ ਕੀਮਤ ਤੇ ਰਜਿਸਟਰੀ ਵਿਖਾਈ ਗਈ ਹੈ ਤਾਂ ਉਹ ਕੁਲੈਕਟਰ ਕੋਲ ਠੀਕ ਕੀਮਤ ਲਗਾਉਣ ਵਾਸਤੇ ਭੇਜ ਸਕਦਾ ਹੈ ਅੱਰ ਕੁਲੈਕਟਰ ਦੋ ਸਾਲਾਂ ਦੇ ਅੰਦਰ ਅੰਦਰ ਉਸ ਦੀ ਠੀਕ ਕੀਮਤ ਲਗਾ ਕੇ ਦੋਹਾਂ ਪਾਰਟੀਆਂ ਨੂੰ ਸੁਣ ਕੇ, ਆਪਣਾ ਫੈਸਲਾ ਦੇ ਸਕਦਾ ਹੈਅੱਰ ਉਸ ਦੀ ਅਪੀਲ ਜੱਜ ਪਾਸ ਤੀਹ ਦਿਨਾਂ ਦੇ ਅੰਦਰ ਅੰਦਰ ਹੋ ਸਕਦੀ ਹੈ।

ਮਾਨਯੋਗ ਸਪੀਕਰ ਸਾਹਿਬ, ਇਸ ਹੋ ਰਹੀ ਚੋਰੀ ਦੇ ਕਾਰਨ ਵੀ ਸਾਨੂੰ ਜਾਣਨੇ ਚਾਹੀਦੇ ਹਨ। ਇਸ ਦਾ ਕਾਰਨ ਸਾਫ ਹੈ ਕਿ ਜਦੋਂ ਦੀ ਪੰਜਾਬ ਸਰਕਾਰ ਨੇ ਲੈਂਡ ਪ੍ਰੀਅੰਪਸ਼ਨ ਯਾਨੀ ਹਕਸ਼ੁਫੇ ਨੂੰ ਬੰਦ ਕੀਤਾ ਹੈ, ਇਹ ਚੋਰੀ ਸ਼ੁਰੂ ਹੋਈ ਹੈ। ਹਕਸ਼ੁਫੇ ਦੇ ਕਾਨੂੰਨ ਨੂੰ ਬੰਦ ਕਰਨ ਦਾ ਇਰਾਦਾ ਇਹ ਸੀ ਕਿ ਅੰਨਨਸੈਸਰਲੀ ਪਿੰਡਾਂ ਦੇ ਲੋਕਾਂ ਵਿਚ ਲਿਟੀਗੇਸ਼ਨ ਨਾ ਹੋਵੇ। ਇਸ ਲਈ ਹੱਕਸ਼ੁਫਾ ਖਤਮ ਕਰ ਦਿੱਤਾ ਗਿਆ ਸੀ। ਇਹ ਚੰਗੀ ਗੱਲ ਸੀ। ਲੇਕਿਨ ਇਸ ਹਕਸ਼ੁਫੇ ਕਾਨੂੰਨ ਦੇ ਬੰਦ ਹੋਣ ਨਾਲ, ਹਕਸ਼ੁਫੇ ਦੀ ਪਾਬੰਦੀ ਨਾ ਰਹਿਣ ਨਾਲ ਲੋਕਾਂ ਨੇ ਇਸ ਦਾ ਨਾਜਾਇਜ਼ ਫਾਇਦਾ ਉਠਾਉਣਾ ਸ਼ੁਰੂ ਕੀਤਾ ਜਿਸ ਦਾ ਨਤੀਜਾ ਇਹ ਹੋਇਆ ਕਿ ਲੋਕਾਂ ਨੇ ਰਜਿਸਟਰੀਆਂ ਅੰਡਰ ਵੈਲਿਊ ਕਰਵਾਉਣੀਆਂ, ਸ਼ੁਰੂ ਕਰ ਦਿਤੀਆਂ ਅੱਰ ਟੈਕਸ ਦੀ ਭਾਰੀ ਚੋਰੀ ਹੋਣੀ ਸ਼ੁਰੂ ਹੋ ਗਈ। ਵੱਡੇ ਪੈਮਾਨੇ ਦੇ ਉਤੇ, ਜਿਹੜੇ ਸ਼ਹਿਰਾਂ ਵਿਚ ਪ੍ਰਾਪਰਟੀ ਡੀਲਰਜ਼ ਹਨ, ਅਫ਼ਸਰ ਹਨ, ਉਨ੍ਹਾਂ ਦਾ ਇਕ ਗੈਂਗ ਬਣ ਗਿਆ, ਇਕ ਗਰੁੱਪ ਜਿਹਾ ਬਣ ਗਿਆ ਜੋ ਕਿ ਥੋੜੀ ਕੀਮਤ ਤੇ ਮਿਲ ਮਿਲਾ ਕੇ ਰਜਿਸਟਰੀਆਂ ਕਰਵਾ ਕੇ ਦੇਣ ਲਗ ਪਿਆ। ਅਦਾਲਤ ਵਿਚ ਅੰਡਰ ਦੀ ਟੇਬਲ ਜਾਂ ਅਦਾਲਤ ਤੋਂ ਬਾਹਰ ਪੈਸੇ ਲੈ ਲਏ ਜਾਂਦੇ ਅੱਰ ਰਜਿਸਟਰੀ ਥੋੜੀ ਕੀਮਤ ਦੀ ਕਰਵਾ ਲਈ ਜਾਂਦੀ ਜਿਸ ਨਾਲ ਸਰਕਾਰ ਦੇ ਖਜ਼ਾਨੇ ਤੇ ਬੋਝ ਪੈਣ ਲਗ ਪਿਆ। ਸਟੈਂਪ ਡਿਊਟੀ ਦੀ ਚੋਰੀ ਹੋਣ ਲਗ ਪਈ, ਲੋਕਾਂ ਦੀ ਡਿਵੈਲਪਮੈਂਟ ਦੇ ਕੰਮ ਰੁਕਣ ਲਗ ਪਏ। ਸਪੀਕਰ ਸਾਹਿਬ, ਚਾਹੀਦਾ ਤਾਂ ਇਹ ਸੀ ਕਿ ਇਹ ਵਿਵੱਸਥਾ ਕੀਤੀ ਜਾਂਦੀ ਕਿ ਜਿਹੜਾ ਸੱਜਣ ਸਟੈਂਪ ਡਿਊਟੀ ਦੀ ਚੋਰੀ ਕਰੇ ਉਸ ਨੂੰ ਸਿਰਫ ਜੁਰਮਾਨਾ ਹੀ ਨਾ ਕੀਤਾ ਜਾਂਦਾ ਬਲਿਕ ਉਸ ਨੂੰ ਕੈਦ ਦੀ ਸਜ਼ਾ ਵੀ ਹੁੰਦੀ।

DECISION *RE.* SHORT ADJOURNMENT OF THE HOUSE

ਸ਼੍ਰੀ ਸਪੀਕਰ : ਜੱਸੋਵਾਲ ਸਾਹਿਬ, ਜ਼ਰਾ ਬੈਠਣਾ। ਮੈਂ ਹਾਊਸ ਦੀ ਰਾਏ ਲੈਣੀ ਚਾਹੁੰਦਾ ਹਾਂ ਕਿ ਹਾਊਸ ਦਾ ਕੀ ਵਿਚਾਰ ਹੈ ਆਇਆ ਡੇਢ ਵਜੇ ਬਰੇਕ ਕਰਕੇ ਰੀਅੈਸੈਂਬਲ ਕਰਨਾ ਚਾਹੁੰਦੇ ਹਨ ਜਾਂ ਟਾਈਮ ਐਕਸਟੈਂਡ ਕਰਨਾ ਚਾਹੁੰਦੇ ਹਨ ?

ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਠੀਕ ਹੈ ਜੀ, ਡੇਢ ਵਜੇ ਐਡਜਰਨ ਕਰ ਦਿਓ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਹਾਊਸ ਦੀ ਕੀ ਰਾਏ ਹੈ ?

ਵਿੱਤ ਮੰਤਰੀ : ਤਿੰਨ ਛੋਟੇ ਛੋਟੇ ਬਿੱਲ ਰਹਿੰਦੇ ਹਨ ਜੀ, ਇਸ ਲਈ ਦੋ ਵਜੇ ਤਕ ਐਕਸ-ਟੈਂਡ ਕਰ ਲਵੋ।

ਸ਼੍ਰੀ ਸਪੀਕਰ : ਨਹੀਂ ਚਾਰ ਹੀ ਕਹੋ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਕਹਿ ਦਿਓ ਜੀ ਕਿ ਜਿਹੜੇ ਕਾਂਗਰਸੀ ਸੱਜਣ ਘਰਾਂ ਨੂੰ ਜਾਣਾ ਚਾਹੁਣ ਉਹ ਜਾ ਸਕਦੇ ਹਨ। (ਹਾਸਾ)

Mr. Speaker : with the pleasure of the house. ਹਾਊਸ ਦੇ ਵਜੇ ਤਕ ਕਰ ਲੈਂਦੇ ਹਾਂ, ਜੇਕਰ ਦੋ ਵਜੇ ਤਕ ਬਿਜ਼ਨੈਸ ਖਤਮ ਨਾ ਹੋਇਆ ਤਾਂ ਫਿਰ ਸੋਚ ਲਵਾਂਗੇ।

(ਵਿਰੋਧੀ ਧਿਰ ਵਲੋਂ ਆਵਾਜ਼ਾਂ : ਨਹੀਂ ਜੀ, ਨਹੀਂ ਜੀ, ਡੇਢ ਵਜੇ ਐਡਜਰਨ ਕਰੋ।)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਡੇਢ ਵਜੇ ਹਾਊਸ ਖਤਮ ਕਰਕੇ ਲੰਚ ਤੋਂ ਮਗਰੋਂ ਫਿਰ ਸਿਟਿੰਗ ਕਰ ਲੈਣਾ।

ਸਰਦਾਰ ਦਲੀਪ ਸਿੰਘ ਪਾਂਧੀ : ਠੀਕ ਹੈ ਜੀ, ਪਰਸ਼ਾਦ ਪਾਣੀ ਛੱਕ ਕੇ ਫਿਰ ਬਿੱਲ ਪਾਸ ਕਰਾ ਲੈਣਾ।

ਸਰਦਾਰ ਨੱਥਾ ਸਿੰਘ ਦਾਲਮ : ਸਪੀਕਰ ਸਾਹਿਬ, ਚਾਰ ਬਿਲ ਇਤਨੀ ਜਲਦੀ ਕਿਵੇਂ ਪਾਸ ਹੋ ਸਕਦੇ ਹਨ। ਇਸ ਲਈ ਡੇਢ ਵਜੇ ਐਡਜਰਨ ਕਰਕੇ ਫਿਰ ਲੰਚ ਤੋਂ ਬਾਅਦ ਸਿਟਿੰਗ ਕਰ ਲਵੋ।

ਸ਼੍ਰੀ ਸਪੀਕਰ : ਹਾਂ ਜੀ, ਡਾਕਟਰ ਸਾਹਿਬ, ਤੁਸੀਂ ਰਾਏ ਦੱਸੋ।

ਵਿੱਤ ਮੰਤਰੀ : ਅਗਰ ਇਨ੍ਹਾਂ ਦੀ ਮਨਸ਼ਾ ਹੈ ਕਿ ਰੋਟੀ ਪਾਣੀ ਖਾ ਪੀ ਕੇ ਬਾਕੀ ਕੰਮ ਕਰਨਾ ਹੈ ਤਾਂ ਠੀਕ ਹੈ।

ਸ਼੍ਰੀ ਸਪੀਕਰ : ਹਾਉਸ ਡੇਢ ਵਜੇ ਐਡਜ਼ਾਰਨ ਕਰਾਂਗੇ ਔਰ ਢਾਈ ਵਜੇ ਹਾਊਸ ਰੀਅਸੈਂਬਲ ਹੋਵੇਗਾ।

THE INDIAN STAMP(PUNJAB AMENDMENT) BILL 1982 (*Resumption of Consideration*)

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਮੈਂ ਸਟੈਂਪ ਡਿਊਟੀ ਦੀ ਚੋਰੀ ਬਾਰੇ ਅਰਜ਼ ਕਰ ਰਿਹਾ ਸੀ। ਸਪੀਕਰ ਸਾਹਿਬ, ਜ਼ਮੀਨਾਂ ਜ਼ਿਆਦਾ ਸ਼ਹਿਰਾਂ ਵਿਚ ਹੀ ਸੇਲ ਹੁੰਦੀਆਂ ਹਨ ਔਰ ਉਥੇ ਹੀ ਉਨ੍ਹਾਂ ਦੀ ਜ਼ਿਆਦਾ ਰੀਸੇਲ ਹੁੰਦੀ ਹੈ। ਸਿਆਣੇ ਕਹਿੰਦੇ ਹਨ ਕਿ ਜੱਟ ਜੁਰਮਾਨੇ ਤੋਂ ਡਰਦਾ ਹੈ ਤੇ ਬਾਣੀਆ ਕੈਦ ਤੋਂ ਡਰਦਾ ਹੈ। ਇਸ ਲਈ ਜਿਤਨਾ ਚਿਰ ਤਕ ਬਕਾਇਦਾ ਤੌਰ ਤੇ ਸਟੈਪ ਐਕਟ ਦੇ ਓਫੈਂਡਰਜ਼ ਵਾਸਤੇ ਕੈਦ ਦਾ ਪ੍ਰੋਵੀਜ਼ਨ ਨਹੀ ਕੀਤਾ ਜਾਂਦਾ, ਮੈਂ ਸਮਝਦਾ ਹਾਂ ਕਿ ਇਹ ਚੋਰੀ ਰੁਕਣੀ ਮੁਸ਼ਕਿਲ ਹੋ ਜਾਵੇਗੀ। ਜੁਰਮਾਨਾ 50 ਰੁਪਏ ਕਰ ਲਵੋ, 100 ਰੁਪਏ ਕਰ ਲਵੋ ਪਰ ਜੇਕਰ ਇਸ ਦੇ ਨਾਲ ਛੇ ਮਹੀਨੇ ਦੀ ਜਾਂ ਸਾਲ ਦੀ ਕੈਦ ਰੱਖ ਦਿਓ ਤਾਂ ਓਫੈਂਡਰ ਡਰੇਗਾ। ਲੇਕਿਨ ਇਹ ਅਫ਼ਸੋਸ ਦੀ ਗੱਲ ਹੈ ਕਿ ਭਾਰੀ ਇਕਨਾਮਿਕ ਓਫੈਂਸ ਹੋ ਰਿਹਾ ਹੈ ਔਰ ਅਸੀਂ ਇਸ ਦੇ ਬਾਰੇ ਚੁਪ ਧਾਰੀ ਬੈਠੇ ਹਾਂ। ਸ਼ਹਿਰ ਦਾ ਬਾਣੀਆ ਇਕ ਲੱਖ ਰੁਪਿਆ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਜੁਰਮਾਨਾ ਦੇਣ ਲਈ ਤਿਆਰ ਹੈ ਪਰ ਉਹ ਇਕ ਦਿਨ ਦੀ ਕੈਦ ਕੱਟਣ ਵਾਸਤੇ ਤਿਆਰ ਨਹੀਂ ਹੈ। ਇਸ ਲਈ ਮੇਰਾ ਸੁਝਾਓ ਹੈ ਕਿ ਇਸ ਦੀ ਵੀ ਵਿਵਸਥਾ ਹੋਣੀ ਚਾਹੀਦੀ ਹੈ। ਓਫੈਂਡਰ ਨੂੰ ਪਤਾ ਹੋਵੇ ਕਿ ਮੈਨੂੰ ਕੈਦ ਵੀ ਹੋ ਸਕਦੀ ਹੈ ਜੇਕਰ ਅਸੀਂ ਸਹੀ ਮਾਅਨਿਆਂ ਵਿਚ ਇਸ ਚੋਰੀ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਕਾਨੂੰਨ ਵਿਚ ਓਫੈਂਡਰ ਵਾਸਤੇ ਕੈਦ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਮਾਨਯੋਗ ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਸਰਕਾਰ ਨੂੰ ਅਪੀਲ ਹੈ ਕਿ ਇਕ ਚੀਜ਼ ਹੋਰ ਹੈ ਜਿਸ ਨੂੰ ਸਾਨੂੰ ਵੇਖਣਾ ਚਾਹੀਦਾ ਹੈ। ਪਿੱਛੇ ਜਿਹੇ ਸਟੈਂਪ ਐਕਟ ਥਲੇ ਫੀਸ ਵਧਾਈ ਗਈ ਸੀ। ਇਹ 12% ਕਰ ਦਿਤੀ ਸੀ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਹਰ ਆਦਮੀ ਦੀ ਕੋਸ਼ਿਸ਼ ਹੁੰਦੀ ਹੈ ਕਿ ਬਾਹਰੋਂ ਬਾਹਰ ਪੈਸੇ ਦੇ ਦਿਓ ਅੰਦਰ ਆਪਣੀ ਜਾਨ ਛੁਡਾਓ। ਇਸ ਲਈ, ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਅਸੀਂ ਕੁਝ ਲੋਕਾਂ ਨੂੰ ਇਨਸੈਂਟਿਵ ਦੇਈਏ। ਹਰ ਆਦਮੀ ਸਮਝੇਗਾ ਕਿ ਅਗਰ ਮੈਂ ਇਸ ਤਰ੍ਹਾਂ ਦਾ ਓਫੈਂਸ ਕੀਤਾ ਤਾਂ ਮੈਨੂੰ ਕੈਦ ਹੋਵੇਗੀ, ਇਸ ਲਈ ਉਹ ਪੂਰੀ ਕੀਮਤ ਦੀ ਰਜਿਸਟਰੀ ਕਰਵਾਏਗਾ ਜਿਸ ਨਾਲ ਸਰਕਾਰ ਦੇ ਖਜ਼ਾਨੇ ਵਿਚ ਵੀ ਵਾਧਾ ਹੋਵੇਗਾ।

ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਪਿਛਲੇ ਕਾਫੀ ਸਮੇਂ ਤੋਂ ਇਕ ਕਿਸਮ ਦਾ ਪ੍ਰਾਪਰਟੀ ਡੀਲਰਜ਼ ਦਾ ਗਰੁਪ ਕਾਇਮ ਹੋਇਆ ਹੋਇਆ ਹੈ, ਜਿਹੜੇ ਕਿ ਏਜੰਟਾਂ ਦੇ ਤੌਰ ਤੇ ਕੰਮ ਕਰਦੇ ਹਨ। ਇਸ ਲਈ ਜੇਕਰ ਅਸੀਂ ਵੱਡੇ ਵੱਡੇ ਟਰਾਂਸਪੋਰਟਰਜ਼ ਨੂੰ ਹੱਥ ਪਾਉਣ ਦਾ ਯਤਨ ਕਰ ਸਕਦੇ ਹਾਂ ਤਾਂ ਸਰਕਾਰ ਇਸ ਤਰ੍ਹਾਂ ਦੇ ਮਿਡਲ ਮੈਨ ਨੂੰ, ਜਿਹੜੇ ਕਿ ਏਜੰਟਾਂ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਐਵਾਇਡ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਦੀ ਬਜਾਏ ਕੁਝ ਅਫਸਰ ਜਾਂ ਕਰਮਚਾਰੀ ਨਿਯੁਕਤ ਕਰ ਦੇਣੇ ਚਾਹੀਦੇ ਹਨ ਅੰਦਰ ਉਨ੍ਹਾਂ ਨੂੰ ਜਿਸ ਤਰ੍ਹਾਂ ਕਿ ਪਿੰਡਾਂ ਵਿਚ ਮਾਲੀਆ ਉਗਰਾਹੁਣ ਵਾਲੇ ਨੂੰ ਚਕੋਤਾ ਦਿਤਾ ਜਾਂਦਾ ਹੈ ਉਸ ਤਰ੍ਹਾਂ ਦਾ ਕੋਈ ਪ੍ਰੋਵੀਜ਼ਨ ਕਰ ਦਿਓ। ਉਹ ਵੇਚਣ ਵਾਲੇ ਨਾਲ ਖਰੀਦਣ ਵਾਲੇ ਦਾ ਮੇਲ ਕਰਵਾ ਦਿਆ ਕਰੇ। ਜਿਸ ਤਰ੍ਹਾਂ ਪਿੰਡਾਂ ਵਿਚ ਦਾਲ ਬਣ ਜਾਂਦੀ ਹੈ ਅੰਦਰ ਪੈਸੇ ਇਕੱਠੇ ਕਰਨ ਵਾਲੇ ਨੂੰ ਫੀਸ ਮਿਲ ਜਾਂਦੀ ਹੈ ਉਸ ਤਰ੍ਹਾਂ ਹੀ ਉਨ੍ਹਾਂ ਕਰਮਚਾਰੀਆਂ ਨੂੰ ਫੀਸ ਮਿਲ ਜਾਇਆ ਕਰੇ। ਸਰਕਾਰੀ ਫੀਸ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਹੋ ਜਾਇਆ ਕਰੇ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਜੋ ਵਿਵਸਥਾ ਕੀਤੀ ਗਈ ਹੈ ਕਿ ਦੋ ਸਾਲਾਂ ਦੇ ਅੰਦਰ ਕੁਲੈਕਟਰ ਆਪਣਾ ਫੈਸਲਾ ਦੇ ਦੇਵੇ, ਇਹ ਵੱਡਾ ਫੈਸਲਾ ਹੈ। ਪਰ ਜ਼ਿਆਦਾ ਜ਼ਮੀਨ ਜਾਂ ਪਲਾਟਾਂ ਨੂੰ ਵੇਚਣ ਵਾਲੇ ਸ਼ਹਿਰਾਂ ਵਿਚ ਹੀ ਹਨ, ਪਿੰਡਾਂ ਵਿਚ ਨਾ ਜ਼ਮੀਨ ਵੇਚਣ ਵਾਲੇ ਹਨ ਅੰਦਰ ਨਾ ਹੀ ਖਰੀਦਣ ਵਾਲੇ ਹਨ; ਇਸ ਕਰਕੇ ਹੀ ਮੈਂ ਆਖਿਆ ਸੀ ਕਿ ਕੈਦ ਦੀ ਵਿਵਸਥਾ ਹੋਣੀ ਚਾਹੀਦੀ ਹੈ।

SHORT ADJOURNMENT OF THE HOUSE

Mr. Speaker : The House stands adjourned till 2·30 P.M. today the 30th March, 1982.

*1.30 P.M. | *(The Sabha then *adjourned and reassembled at 2·30 P.M.)*

Original with;
Punjab Vidhan Sabha
Digitized by;
Panjab Digital Library

THE INDIAN STAMP (PUNJAB AMENDMENT) BILL, 1982
(Resumption of consideration)

ਸ਼੍ਰੀ ਸਪੀਕਰ: ਜੱਸੋਵਾਲ ਸਾਹਿਬ, ਜਲਦੀ ਵੇਹਲਾ ਹੋਣਾ ਚਾਹੁੰਦੇ ਹੋ ਤਾਂ ਸਪੀਚਾਂ ਘੱਟ ਕਰੋ।

ਸਰਦਾਰ ਜਗਦੇਵ ਸਿੰਘ ਜੱਸੋਵਾਲ: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਬਿਲ ਦੇ ਵਿਚ ਇਕ ਵਿਵਸਥਾ ਕੀਤੀ ਗਈ ਹੈ ਕਿ 30 ਦਿਨਾਂ ਤਕ ਅਪੀਲ ਹੋ ਸਕਦੀ ਹੈ ਪਰ ਮੈਂ ਦੱਸਦਾ ਹਾਂ ਕਿ ਇਸ ਵਿਚ ਇਕ ਲਕੂਨਾ ਰਹਿ ਗਿਆ ਹੈ। ਟਾਈਮ ਨਿਸ਼ਚਿਤ ਨਹੀਂ ਕੀਤਾ ਗਿਆ ਕਿ ਕਿਤਨੇ ਦਿਨਾਂ ਦੇ ਅੰਦਰ ਡਿਸਟ੍ਰਿਕਟ ਜੱਜ ਆਪਣਾ ਫੈਸਲਾ ਦੇ ਦੇਵੇਗਾ। ਉਹ 2 ਮਹੀਨੇ ਵੀ ਲੈ ਸਕਦਾ ਹੈ, 2 ਸਾਲ ਵੀ ਲੈ ਸਕਦਾ ਹੈ ਅਤੇ 5 ਸਾਲ ਵੀ ਲੈ ਸਕਦਾ ਹੈ। ਇਸ ਲਈ ਮੇਰਾ ਸੁਝਾਓ ਹੈ ਕਿ ਇਹ ਟਾਈਮ ਜ਼ਰੂਰ ਨਿਸ਼ਚਿਤ ਕਰ ਦੇਣਾ ਚਾਹੀਦਾ ਹੈ। ਕਹਿੰਦੇ ਹਨ ਕਿ justice delayed is justice denied. ਇਸ ਲਈ ਮੈਂ ਕਹਿੰਦਾ ਹਾਂ ਕਿ ਟਾਈਮ ਜ਼ਰੂਰ ਨਿਸ਼ਚਿਤ ਕਰ ਦੇਣਾ ਚਾਹੀਦਾ ਹੈ।

ਦੂਜੀ ਮੇਰੀ ਬੇਨਤੀ ਇਹ ਹੈ ਕਿ ਅਦਾਲਤਾਂ ਦੇ ਅੰਦਰ ਕਈ ਵਾਰ ਜਿਹੜੇ ਸਟੈਂਪ ਵੈਂਡਰਜ਼ ਹਨ ਉਹ ਟੈਂਪਰੇਰੀ ਟਿਕਟਾਂ ਦੀ ਸਕੈਅਰਸਿਟੀ ਸ਼ੋ ਕਰਦੇ ਹਨ ਭਾਵੇਂ ਸਰਕਾਰ ਪਾਸ ਟਿਕਟਾਂ ਦੀ ਕਮੀ ਨਹੀਂ ਹੁੰਦੀ, ਪਰ ਉਹ ਕੁਝ ਟਿਕਟਾਂ ਹੋਰਡ ਕਰਕੇ ਟਿਕਟਾਂ ਦੀ ਸਕੈਅਰਸਿਟੀ ਸ਼ੋ ਕਰਦੇ ਹਨ ਅੱਗੇ ਬਾਅਦ ਵਿਚ ਉਹ ਟਿਕਟਾਂ ਵੱਧ ਪੈਸੇ ਤੇ ਵੇਚਦੇ ਹਨ। ਮੈਂ ਸਮਝਦਾ ਹਾਂ ਕਿ ਇਹ ਜਿਹੜੇ ਪੈਸੇ ਹਨ ਇਹ ਗੌਰਮਿੰਟ ਕੋਲ ਨਹੀਂ ਜਾਂਦੇ ਬਲਕਿ ਉਹ ਪੈਸੇ ਉਨ੍ਹਾਂ ਦੀ ਜੇਬ ਵਿਚ ਜਾਂਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਪਾਸੇ ਵੀ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਜਿਹੜੇ ਉਹ ਆਪਣੀ ਮਨ ਮਰਜ਼ੀ ਕਰਦੇ ਹਨ, ਉਹ ਨਾ ਕਰ ਸਕਣ। ਇਸ ਲਈ ਇਸ ਤੇ ਜ਼ਰੂਰ ਨਜ਼ਰ ਰਖਣੀ ਚਾਹੀਦੀ ਹੈ।

ਸਪੀਕਰ ਸਾਹਿਬ, ਡੈਮੋਕਰੇਸੀ ਬਾਰੇ ਕਿਹਾ ਜਾਂਦਾ ਹੈ ਕਿ democracy is of the people, for the people and by the people. ਇਸ ਦੇ ਅੰਦਰ ਜਿਹੜੇ ਸਬ ਰਜਿਸਟਰਾਰ ਦੀ ਵਿਵਸਥਾ ਕੀਤੀ ਗਈ ਹੈ, ਇਸ ਲਈ ਮੈਂ ਕਿਸੇ ਦੀ ਇੰਟੈਗਰਿਟੀ ਤੇ ਡਾਊਟ ਤਾਂ ਨਹੀਂ ਕਰਦਾ, ਪਰ ਮੇਰਾ ਇਹ ਸੁਝਾਓ ਹੈ ਕਿ ਇਹ ਜਿਹੜੇ ਸਬ ਰਜਿਸਟਰਾਰ ਲਾਏ ਜਾਣੇ ਹਨ ਇਹ ਪੁਲੀਟੀਕਲ ਐਕਸਪੀਰੀਐਂਸ ਦੇ ਬੰਦੇ ਹੋਣੇ ਚਾਹੀਦੇ ਹਨ ਕਿਉਂਕਿ only the wearer knows where the shoe pinches. ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕਿਥੇ ਕਿਹੜੀ ਕਮੀ ਹੈ। ਇਸ ਦੇ ਇਲਾਵਾ ਇਹ ਲੋਕ ਆਨਅਰੇਬਲ ਵੀ ਹਨ। ਇਸ ਲਈ ਇਹ ਜਰੂਰੀ ਹੈ ਕਿ ਇਸ ਲੋਕ ਰਾਜ ਦੇ ਅੰਦਰ ਵੱਧ ਤੋਂ ਵੱਧ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾਣ। ਇਤਨਾ ਕਹਿਕੇ ਮੈਂ ਇਸ ਬਿਲ ਦੀ ਹਮਾਇਤ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.): ਸਪੀਕਰ ਸਾਹਿਬ, ਇਹ ਜਿਹੜਾ ਬਿਲ ਸਰਦਾਰ ਗੁਰਦਰਸ਼ਨ ਸਿੰਘ ਨੇ ਇਥੇ ਪੇਸ਼ ਕੀਤਾ ਹੈ, ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਮੇਰਾ ਸੁਝਾਓ ਹੈ ਕਿ ਇਸ ਬਿਲ ਨੂੰ ਬਜਾਉਣ ਵਿਚ ਜਲਦੀ ਨਹੀਂ ਕਰਨੀ ਚਾਹੀਦੀ। ਇਸ ਨੂੰ ਚੰਗੀ ਤਰ੍ਹਾਂ ਘੋਖ ਕੇ ਪਾਸ ਕਰਨਾ ਚਾਹੀਦਾ ਹੈ। ਚੰਗਾ ਹੁੰਦਾ ਜੇ ਇਹ ਬਿਲ ਪਹਿਲੇ ਸਿਲੈਕਟ ਕਮੇਟੀ ਕੋਲ ਭੇਜ ਦਿਤਾ ਜਾਂਦਾ। ਉਥੇ ਇਸ ਬਿਲ ਦੇ ਸਾਰੇ ਆਸਪੈਕਟਸ ਨੂੰ ਵੇਖਿਆ ਜਾਂਦਾ। ਪਰ ਹੁਣ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਜਦੋਂ ਇਹ ਬਿਲ ਇਥੇ ਆ ਗਿਆ ਹੈ ਤਾਂ, ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੀ ਮੈਜਾਰਿਟੀ ਨਾਲ ਪਾਸ ਤਾਂ ਕਰਵਾ ਲੈਣਾ ਹੈ। ਮੈਂ ਸਮਝਦਾ ਹਾਂ ਕਿ ਇਹ ਬਿਲ ਲਿਆ ਕੇ ਜਿਹੜੀ ਇਸ ਵਿਚ ਕੁਰੱਪਸ਼ਨ ਕੀਤੀ ਜਾਂਦੀ ਹੈ ਉਸ ਨੂੰ ਲੀਗੇਲਾਈਜ਼ ਕਰਨ ਵਾਲੀ ਗਲ ਹੈ। ਕਿਉਂਕਿ ਹੁਣ ਜਦੋਂ ਕੋਈ ਕਿਸਾਨ ਤਹਿਸੀਲਦਾਰ ਕੋਲ ਰਜਿਸਟਰੀ ਕਰਾਉਣ ਜਾਂਦਾ ਹੈ ਤਾਂ ਜਦੋਂ ਤਕ ਉਸਨੂੰ ਪੈਸੇ ਨਹੀਂ ਦਿੱਤੇ ਜਾਂਦੇ ਉਹ ਰਜਿਸਟਰੀ ਪਰੇ ਵਗ੍ਹਾ ਕੇ ਮਾਰਦਾ ਹੈ। ਉਸਨੂੰ ਜਦੋਂ ਪੈਸੇ ਦੇ ਦਿੱਤੇ ਜਾਂਦੇ ਹਨ ਤਾਂ ਫਿਰ ਉਹੀ ਰਜਿਸਟਰੀ ਹੋ ਜਾਂਦੀ ਹੈ, ਫਿਰ ਉਹ ਨਹੀਂ ਵੇਖਦਾ ਭਾਵੇਂ ਸਟੈਂਪ ਡਿਊਟੀ ਘੱਟ ਲਗੀ ਹੋਵੇ। ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗਲਾਂ ਤੇ ਰੋਕ ਲਾਉਣੀ ਚਾਹੀਦੀ ਹੈ। ਇਕ ਮੈਂ ਹੋਰ ਦੱਸਦਾ ਹਾਂ ਕਿ ਜਦੋਂ ਕਿਸੇ ਕਿਸਾਨ ਦੀ ਜ਼ਮੀਨ ਅੰਕੁਆਇਰ ਕੀਤੀ ਜਾਂਦੀ ਹੈ ਤਾਂ ਭਾਵੇਂ ਉਹ ਬਹੁਤ ਜ਼ਿਆਦਾ ਫਰਟਾਈਲ ਹੁੰਦੀ ਹੈ ਤਾਂ ਉਸ ਨੂੰ ਇਕ ਹਜ਼ਾਰ ਰੁਪਏ ਦੇ ਕੇ ਲੈ ਲਈ ਜਾਂਦੀ ਹੈ ਪਰ ਜੇ ਕੋਈ ਹੋਰ ਜ਼ਮੀਨ ਹੋਰ ਉਹੀ ਖਰੀਦਦਾ ਹੈ ਤਾਂ ਉਸੇ ਜ਼ਮੀਨ ਦੀ 5000 ਰੁਪਏ ਤੋਂ ਘੱਟ ਦੀ ਰਜਿਸਟਰੀ ਨਹੀਂ ਕੀਤੀ ਜਾਂਦੀ। ਇਸ ਲਈ ਮੇਰਾ ਸੁਝਾਓ ਹੈ ਕਿ ਇਸ ਤੇ ਵੀ ਜ਼ਰੂਰ ਕੋਈ ਨਾ ਕੋਈ ਕੰਟਰੋਲ ਹੋਣਾ ਚਾਹੀਦਾ ਹੈ। ਇਸ ਵਿਚ ਜਿਹੜੀ ਅਦਾਲਤਾਂ ਵਿਚ ਕੁਰੱਪਸ਼ਨ ਕੀਤੀ ਜਾਂਦੀ ਹੈ ਇਸ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਰਜਿਸਟਰਾਰ ਕਿਸੇ ਵੀ ਕੇਸ ਨੂੰ ਕੁਲੈਕਟਰ ਕੋਲ ਭੇਜ ਸਕਦਾ ਹੈ ਅਤੇ ਬਾਅਦ ਵਿਚ ਉਸਦੀ ਅਪੀਲ ਜੱਜ ਕੋਲ ਹੋ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਹ ਲੋਕਾਂ ਨੂੰ ਹੋਰ ਵੀ ਹੈਰਾਨ ਕਰਨ ਵਾਲੀ ਗਲ ਹੈ। ਅਗੇ ਹੀ ਲੋਕਾਂ ਤੇ ਬਿਓਰੋਕਰੇਸੀ ਦਾ ਕਾਫੀ ਬੋਝ ਹੈ। ਇਹ ਜਿਹੜਾ ਅਫ਼ਸਰਸ਼ਾਹੀ ਦਾ ਸਿਸਟਮ ਹੈ ਇਹ ਲੋਕਾਂ ਨੂੰ ਖਰਾਬ ਕਰਦਾ ਹੈ ਅਤੇ ਜਲਦੀ ਨਾਲ ਉਨ੍ਹਾਂ ਦਾ ਕੰਮ ਨਹੀਂ ਹੁੰਦਾ। ਇਸ ਦੇ ਹੋਣ ਨਾਲ ਕਿਸਾਨਾਂ ਤੇ ਹੋਰ ਵੀ ਭਾਰ ਪਵੇਗਾ। ਮੈਂ ਸਮਝਦਾ ਹਾਂ ਕਿ ਸਾਨੂੰ ਤਾਂ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਵਾਲੇ ਪਾਸੇ ਤੁਰਨਾ ਚਾਹੀਦਾ ਹੈ ਪਰ ਇਹ ਇਸ ਪਾਸੇ ਨਹੀਂ ਤੁਰ ਰਹੇ। ਹੁਣ ਜੇ ਕੋਈ ਮਰ ਜਾਂਦਾ ਹੈ ਤਾਂ ਉਸ ਦੀ ਵਸੀਅਤ ਤੇ ਡੈਥ ਡਿਊਟੀ ਪਾ ਦਿਤੀ ਜਾਂਦੀ ਹੈ। ਸੈਂਟਰ ਵਿਚ 2 ਲੱਖ ਰੁਪਏ ਤਕ ਕੋਈ ਡਿਊਟੀ ਨਹੀਂ ਲਗਦੀ ਪਰ ਇਹ ਸਰਕਾਰ ਉਸ ਪਾਸੇ ਨਹੀਂ ਤੁਰਦੀ। ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਡੈਥ ਡਿਊਟੀ ਲਗਦੀ ਹੈ ਇਹ ਸੈਂਟਰ ਦੀ ਤਰ੍ਹਾਂ ਮੁਆਫ ਕਰਨੀ ਚਾਹੀਦੀ ਹੈ। ਇਹ ਜਿਹੜਾ ਬਿਲ ਪਾਸ ਕੀਤਾ ਜਾ ਰਿਹਾ ਹੈ ਇਸ ਨਾਲ ਮੁਕੱਦਮੇਬਾਜ਼ੀ ਹੋਰ ਜ਼ਿਆਦਾ ਵਧੇਗੀ, ਕੁਰੱਪਸ਼ਨ ਹੋਰ ਜ਼ਿਆਦਾ ਵਧੇਗੀ। ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ। ਆਖਿਰ ਵਿਚ ਮੈਂ ਇਹ ਵੀ ਕਹਿੰਦਾ ਹਾਂ ਕਿ ਤੁਹਾਨੂੰ ਪਤਾ ਹੈ ਕਿ ਰਜਿਸਟਰੀ ਕਰਨ ਵੇਲੇ ਇਕ ਹੋਰ ਸ਼ਰਤ ਵੀ ਲਾ ਦਿਤੀ ਜਾਂਦੀ ਹੈ ਕਿ ਫੈਮਿਲੀ ਪਲਾਨਿੰਗ ਲਈ ਜਿਹੜੇ 1 ਤੋਂ 5 ਕੇਸਾਂ ਤਕ ਨਹੀਂ ਦੇਣਗੇ ਉਨ੍ਹਾਂ ਤੇ ਸਟੈਂਪ ਡਿਊਟੀ ਜ਼ਿਆਦਾ ਲਗੇਗੀ। ਇਸ ਤਰ੍ਹਾਂ ਨਾਲ ਉਨ੍ਹਾਂ ਗਰੀਬ ਕਿਸਾਨਾਂ ਤੇ ਹਰ ਤਰ੍ਹਾਂ ਨਾਲ ਬੋਝ ਪਾਇਆ ਜਾਂਦਾ ਹੈ। ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਇਹ ਬਿਲ ਵਾਪਿਸ ਲੈ ਲੈਣਾ ਚਾਹੀਦਾ ਹੈ ਅੱਤੇ ਸਿਲੈਕਟ ਕਮੇਟੀ ਕੋਲ ਭੇਜ ਦੇਣਾ ਚਾਹੀਦਾ ਹੈ ਤਾਂਕਿ ਇਸ ਤੇ ਪੂਰਾ ਪੂਰਾ ਵਿਚਾਰ ਕੀਤਾ ਜਾ ਸਕੇ। ਇਸ ਨਾਲ ਕੁਰੱਪਸ਼ਨ ਤੇ ਕੰਟਰੋਲ ਨਹੀਂ ਹੋਣਾ ਬਲਕਿ ਆਉਣ ਵਾਲੇ ਸਮੇਂ ਵਿਚ ਕੁਰੱਪਸ਼ਨ ਹੋਰ ਵਧੇਗੀ। ਇਸ ਕਰਕੇ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ਅਤੇ ਆਪਦਾ ਧੰਨਵਾਦ ਕਰਦਾ ਹਾਂ।

ਕਾਮਰੇਡ ਬੂਟਾ ਸਿੰਘ (ਮਾਨਸਾ): ਸਪੀਕਰ ਸਾਹਿਬ, ਇਹ ਜਿਹੜੀ ਸਟੈਂਪ ਡਿਊਟੀ ਹੁੰਦੀ ਹੈ ਇਸ ਦੀ ਚੋਰੀ ਦੀ ਮਿਸਾਲ ਮੈਂ ਇਕ ਆਪ ਨੂੰ ਦੇਣਾ ਚਾਹੁੰਦਾ ਹਾਂ। ਇਹ ਕੋਈ ਛੋਟੀ

Original with;
Punjab Vidhan Sabha
Digitized by;
Panjab Digital Library

ਮੋਟੀ ਮਿਸਾਲ ਨਹੀਂ ਬਲਕਿ ਸਰਕਾਰ ਨੂੰ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਮੈਂ ਦਸਦਾ ਹਾਂ ਕਿ ਮਾਨਸਾ ਸਟੇਟ ਬੈਂਕ ਦੀ ਬਿਲਡਿੰਗ ਦੀ ਰਜਿਸਟਰੀ ਜਿਹੜੀ ਕਿ 12 ਲੱਖ ਰੁਪਏ ਦੀ ਹੋਣੀ ਚਾਹੀਦੀ ਸੀ, ਉਹ 48 ਹਜ਼ਾਰ ਰੁਪਏ ਵਿਚ ਕਰ ਦਿਤੀ ਗਈ। ਇਹ ਸਭ ਨੂੰ ਪਤਾ ਹੈ ਕਿ ਉਸ ਦੀ ਕੀਮਤ 12 ਲੱਖ ਤੋਂ ਘੱਟ ਨਹੀਂ ਹੈ ਪਰ ਤੁਸੀਂ ਅੰਦਾਜ਼ਾ ਲਗਾਓ ਕਿ ਉਸ 12 ਲੱਖ ਦੀ ਰਜਿਸਟਰੀ ਨੂੰ 48 ਹਜ਼ਾਰ ਵਿਚ ਕਿਵੇਂ ਕਰ ਦਿਤਾ ਗਿਆ ਹੋਣਾ ਹੈ। ਇਹ ਇਕ ਮਿਸਾਲ ਨਹੀਂ, ਇਹੋ ਜਿਹੀਆਂ ਕਈ ਮਿਸਾਲਾਂ ਹਨ। ਇਸ ਤੋਂ ਇਲਾਵਾ ਜਿਹੜੀ ਦੂਸਰੀ ਗੱਲ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਕੁਲੈਕਟਰਾਂ ਨੂੰ ਪਾਵਰਾਂ ਦਿੱਤੀਆਂ ਜਾ ਰਹੀਆਂ ਹਨ, ਇਹ ਠੀਕ ਨਹੀਂ ਉਹ ਲੋਕ ਆਪਣੀਆਂ ਪਾਵਰਾਂ ਦਾ ਨਜ਼ਾਇਜ਼ ਇਸਤੇਮਾਲ ਕਰਨਗੇ। ਇਸ ਲਈ ਮੈਂ ਇਹ ਗਲ ਰਿਕਾਰਡ ਤੇ ਲਿਆਉਣਾ ਚਾਹੁੰਦਾ ਹਾਂ ਕਿ ਇਸ ਦੀ ਜ਼ਰੂਰ ਰੋਕ ਕਰਨੀ ਚਾਹੀਦੀ ਹੈ।

ਇਕ ਮੈਂ ਹੋਰ ਇਹ ਗਲ ਕਰਨੀ ਚਾਹੁੰਦਾ ਹਾਂ ਕਿ ਮਾਨਸਾ ਵਿਚ ਪਿਛਲੇ 2 ਸਾਲਾਂ ਵਿਚ ਜ਼ਮੀਨ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ। ਸਰਕਾਰ ਨੇ ਹੁਣ ਉਥੇ ਜ਼ਮੀਨ ਲਈ ਹੈ ਉਸ ਦੀ ਕੀਮਤ 85 ਹਜ਼ਾਰ ਰੁਪਏ ਸ਼ੋ ਕੀਤੀ ਗਈ ਹੈ ਜਦ ਕਿ ਇਸ ਜ਼ਮੀਨ ਦੀ ਕੀਮਤ ਘੱਟੋ ਘੱਟ 8--10 ਲੱਖ ਰੁਪਏ ਹੋਣੀ ਹੈ। ਇਸ ਵਿਚ ਸਟੈਂਪ ਡਿਊਟੀ ਦੀ ਚੋਰੀ ਕੀਤੀ ਗਈ ਸੀ ਅੱਤੇ ਸਰਕਾਰ ਨੇ ਇਹ ਜ਼ਮੀਨ ਰਜਿਸਟਰੀ ਦੇ ਹਿਸਾਬ ਨਾਲ ਲੈ ਲਈ। ਸਰਕਾਰ ਨੂੰ ਰਜਿਸਟਰੀ ਦੇਖ ਕੇ ਪੈਸੇ ਨਹੀਂ ਦੇਣੇ ਚਾਹੀਦੇ ਬਲਕਿ ਜ਼ਮੀਨ ਦੀ ਵੈਲਿਊ ਵੇਖ ਕੇ ਪੈਸੇ ਦੇਣੇ ਚਾਹੀਦੇ ਹਨ। ਪਹਿਲੇ ਰਜਿਸਟਰੀਆਂ ਜ਼ਿਆਦਾ ਪੈਸਿਆਂ ਦੀਆਂ ਕਰਵਾਈਆਂ ਜਾਂਦੀਆਂ ਸਨ ਪਰ ਹੁਣ ਇਹ ਰਜਿਸਟਰੀਆਂ ਘੱਟ ਪੈਸਿਆਂ ਦੀਆਂ ਕਰਵਾਉਣ ਲਗ ਗਏ ਹਨ ਤਾਕਿ ਸਟੈਂਪ ਡਿਊਟੀ ਘੱਟ ਲਗੇ। ਪਿਛਲੇ ਦਿਨੀ ਮਾਸਟਰ ਬਾਬੂ ਸਿੰਘ ਜੀ ਨੇ ਹਾਊਸ ਵਿਚ ਦੱਸਿਆ ਸੀ ਕਿ ਰਜਿਸਟਰਾਰ ਨੇ ਇਕ ਅੰਨੀ ਅਤੇ ਗੁੰਗੀ ਔਰਤ ਕੋਲੋਂ ਘੱਟ ਪੈਸਿਆਂ ਦੀ ਰਜਿਸਟਰੀ ਕਰਵਾ ਦਿੱਤੀ। ਮੇਰੀ ਬੇਨਤੀ ਹੈ ਕਿ ਤੁਸੀਂ ਸਟੈਂਪ ਡਿਊਟੀ ਨੂੰ 10% ਤੱਕ ਕਰ ਦਿਓ। 12% ਬਹੁਤ ਜ਼ਿਆਦਾ ਹੈ।

ਮਾਲ ਮੰਤਰੀ (ਸਰਦਾਰ ਗੁਰਦਰਸ਼ਨ ਸਿੰਘ) : ਸਪੀਕਰ ਸਾਹਿਬ, ਅਸੀਂ ਇਹ ਬਿਲ ਸਟੈਂਪ ਡਿਊਟੀ ਦੀ ਇਵੇਜ਼ਨ ਨੂੰ ਰੋਕਣ ਲਈ ਲਿਆਂਦਾ ਹੈ। ਇਹ ਇਕ ਛੋਟੀ ਜਿਹੀ ਤਰਮੀਮ ਹੈ। ਇਸ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ। ਇਸ ਬਿਲ ਦੇ ਮੁਤਾਬਿਕ ਪਹਿਲੇ ਰਜਿਸਟਰੀ ਸਬ-ਰਜਿਸਟਰਾਰ ਕੋਲ ਜਾਵੇਗੀ, ਅਗਰ ਜ਼ਮੀਨ ਅੰਡਰ ਵੈਲਿਊ ਹੋਵੇਗੀ ਤਾਂ ਫੇਰ ਕੇਸ ਕੁਲੈਕਟਰ ਕੋਲ ਜਾਵੇਗਾ ਅੱਤੇ ਰਜਿਸਟਰੀ ਕਰਵਾਉਣ ਵਾਲਾ ਕੁਲੈਕਟਰ ਕੋਲ ਰਿਪ੍ਰੀਜ਼ੈਂਟ ਕਰੇਗਾ ਅਤੇ ਉਹ ਅੰਡਰ ਹੁਲਜ਼ ਆਪਣਾ ਫੈਸਲਾ ਦੇਵੇਗਾ। ਇਸ ਫੈਸਲੇ ਲਈ ਅਸੀਂ ਟਾਈਮ ਫਿਕਸ ਨਹੀਂ ਕਰ ਸਕਦੇ ਲੇਕਿਨ ਅਸੀਂ ਹੁਲਜ਼ ਦਿਤੇ ਹਾਂ ਕਿ ਉਹ ਜਲਦੀ ਤੋਂ ਜਲਦੀ ਆਪਣਾ ਫੈਸਲਾ ਦੇ ਦੇਵੇ। ਕੁਲੈਕਟਰ ਦੇ ਖਿਲਾਫ ਉਹ 30 ਦਿਨਾਂ ਦੇ ਵਿਚ ਸੈਸ਼ਨ ਜੱਜ ਕੋਲ ਅਪੀਲ ਕਰ ਸਕਦਾ ਹੈ । ਇਹ ਸਾਰਾ ਕੁਝ ਟੈਕਸ ਦੀ ਇਵੇਜ਼ਨ ਨੂੰ ਰੋਕਣ ਵਾਸਤੇ ਕੀਤਾ ਗਿਆ ਹੈ । ਬੇਨਤੀ ਹੈ ਕਿ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ। ਸਰਦਾਰ ਜਗਦੇਵ ਸਿੰਘ ਜੱਸੋਵਾਲ ਜੀ ਨੇ ਜਿਹੜੀਆਂ ਸੁਜੈਸ਼ਨਾਂ ਦਿੱਤੀਆਂ ਹਨ ਕਿ ਆਨਰੇਰੀ ਸਬ-ਰਜਿਸਟਰਾਰ ਲਗਾ ਦਿੱਤੇ ਜਾਣ, ਇਹ ਗੱਲ ਸਰਕਾਰ ਦੇ ਅੰਡਰ ਕੰਸਿਡਰੇਸ਼ਨ ਹੈ।

Mr. Speaker : Question is—

That the Indian Stamp (Punjab Amendment) Bill be taken into consideration at once.

The motion was carried.

Original with;
Punjab Vidhan Sabha
Digitized by;
Panjab Digital Library

Mr. Speaker : Now the House will proceed to consider the Bill Clause by Clause.

Sub-Clause (2) of Clause 1

Mr.Speaker : Question is—

That Sub-Clause (2) of Clause 1 stand part of the Bill.

The motion was carried.

Clause 2

Mr. Speaker : Question is—

That Clause 2 stand part of the Bill.

The motion was carried.

Sub-Clause (1) of Clause 1

Mr. Speaker : Question is—

That Sub-Clause (1) of Clause 1 stand part of the Bill.

The motion was carried.

Title

Mr.Speaker : Question is—

That Title be the Title of the Bill.

The motion was carried.

Revenue Minister : Sir, I beg to move—

That the Indian Stamp(Punjab Amendment) Bill be passed.

Mr. Speaker : Motion moved—

That the Indian Stamp (Punjab Amendment) Bill be passed.

Mr.Speaker : Question is—

That the Indian Stamp (Punjab Amendment) Bill be passed.

The motion was carried.

THE PUNJAB ENTERTAINMENTS DUTY (AMENDMENT) BILL, 1982

Finance Minister (Doctor Kewal Krishan) : Sir, I beg to introduce the Punjab Entertainments Duty (Amendment) Bill.

Sir, I also beg to move—

That the Punjab Entertainments Duty (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

Mr. Speaker : Motion moved—

That the Punjab Entertainments Duty (Amendment) Bill be taken into consideration at once.

ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ ਦੱਖਣ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇੰਟਰਟੇਨਮੈਂਟ ਡਿਊਟੀ (ਅਮੈਂਡਮੈਂਟ) ਬਿਲ ਤੇ ਬੋਲਣ ਲਈ ਵਕਤ ਦਿੱਤਾ ਹੈ। ਇਸ ਬਿਲ ਵਿਚ ਜਿਹੜਾ ਇਨ੍ਹਾਂ ਨੇ ਜੁਰਮਾਨਾ ਇਕ ਹਜ਼ਾਰ ਤੋਂ 20 ਹਜ਼ਾਰ ਰੁਪਿਆ ਕਰ ਦਿੱਤਾ ਹੈ, ਇਹ ਬਹੁਤ ਅੱਛੀ ਗੱਲ ਹੈ। ਇਸ ਨਾਲ ਜਿਹੜੇ ਇੰਟਰਟੇਨਮੈਂਟ ਟੈਕਸ ਦੀ ਚੋਰੀ ਕਰਦੇ ਸਨ ਉਨ੍ਹਾਂ ਨੂੰ ਨੱਥ ਪਈ ਹੈ ਅਤੇ ਇਹ ਸਜ਼ਾ ਵਾਜਬ ਹੈ। 200 ਤੋਂ 500 ਰੁਪਏ ਤੱਕ ਉਹ ਜੁਰਮਾਨਾ ਪੇ ਕਰ ਦਿੰਦੇ ਸਨ ਅਤੇ ਚੋਰੀ ਕਰਨ ਤੋਂ ਟਲਦੇ ਨਹੀਂ ਸਨ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪਿਛਲੇ ਸੈਸ਼ਨ ਵਿਚ ਮੈਂ ਇਸ ਸਬੰਧ ਵਿਚ ਹਾਊਸ ਵਿਚ ਸਵਾਲ ਉਠਾਇਆ ਸੀ ਅਤੇ ਸਰਕਾਰ ਨੂੰ ਦੱਸਿਆ ਸੀ ਕਿ ਕਿਸ ਤਰੀਕੇ ਨਾਲ ਸਿਨੇਮਾ ਵਾਲੇ ਟੈਕਸ ਦੀ ਚੋਰੀ ਕਰ ਰਹੇ ਹਨ। ਇਸ ਨਾਲ ਸਰਕਾਰ ਨੂੰ 10 ਲੱਖ ਰੁਪਏ ਦਾ ਫਾਇਦਾ ਹੋਇਆ ਹੈ ਅਤੇ ਟੈਕਸ ਦੀ ਇਵੇਜ਼ਨ ਰੁਕੀ ਹੈ। 2 ਹਜ਼ਾਰ ਰੁਪਏ ਤੋਂ 10 ਹਜ਼ਾਰ ਰੁਪਿਆ ਜਿਹੜਾ ਇਸ ਬਿਲ ਰਾਹੀਂ ਕੀਤਾ ਗਿਆ ਹੈ ਇਹ ਅਮੈਂਡਮੈਂਟ ਵੀ ਵਾਜਬ ਹੈ। ਇਸ ਨਾਲ ਜਿਹੜਾ ਸਿਨਮਾ ਟੈਕਸ ਦੀ ਚੋਰੀ ਪਹਿਲੀ ਵਾਰ, ਦੂਜੀ ਵਾਰ ਛੱਡ ਕੇ ਜਦੋਂ ਤੀਜੀ ਵਾਰ ਟੈਕਸ ਦੀ ਚੋਰੀ ਕਰਦਾ ਫੜਿਆ ਜਾਵੇਗਾ ਤਾਂ ਉਸ ਦਾ ਲਾਈਸੰਸ ਕੈਂਸਲ ਕਰ ਦਿੱਤਾ ਜਾਵੇਗਾ। ਇਹ ਬੜੀ ਸ਼ਲਾਘਾਯੋਗ ਗੱਲ ਕੀਤੀ ਗਈ ਹੈ। ਡਾਕਟਰ ਸਾਹਿਬ, ਜਦੋਂ ਸਿਨਮੇ ਵਿਚ ਨਵੀਂ ਫਿਲਮ ਲਗਦੀ ਹੈ ਉਹ ਟਿਕਟ 5 ਰੁਪਏ ਦੀ 25—30 ਰੁਪਏ ਵਿਚ ਬਲੈਕ ਵਿਚ ਵੇਚਦੇ ਹਨ। ਇਸ ਦੇ ਨਾਲ ਸਰਕਾਰ ਨੂੰ ਨੁਕਸਾਨ ਹੁੰਦਾ ਹੈ। ਸਰਕਾਰ ਨੂੰ ਟਿਕਟ ਦੇ ਰੇਟ ਵਧਾ ਦੇਣੇ ਚਾਹੀਦੇ ਹਨ। ਇਸ ਨਾਲ ਬਲੈਕ ਘੱਟ ਜਾਵੇਗੀ। ਇਸ ਦੇ ਨਾਲ ਹੀ ਅੰਮ੍ਰਿਤਸਰ ਦੇ ਸਿਨਮਿਆਂ ਤੇ ਕਾਰਪੋਰੇਸ਼ਨ ਦਾ ਟੈਕਸ 5 ਪੈਸੇ ਪਰ ਟਿਕਟ ਲਗਦਾ ਹੈ, ਉਹ ਟੈਕਸ ਕਾਰਪੋਰੇਸ਼ਨ ਨੂੰ ਜਾਂਦਾ ਹੈ ਜਦ ਕਿ ਲੁਧਿਆਣੇ ਵਿਚ ਇਹ 10 ਪੈਸੇ ਟੈਕਸ ਹੈ। ਇਸ ਲਈ ਅੰਮ੍ਰਿਤਸਰ ਵਿਚ ਵੀ 10 ਪੈਸੇ ਕਾਰਪੋਰੇਸ਼ਨ ਟੈਕਸ ਕਰ ਦੇਣਾ ਚਾਹੀਦਾ ਹੈ।

ਸ਼੍ਰੀ ਰਾਮ ਲਾਲ ਚਿੱਟੀ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਸਰਦਾਰ ਪ੍ਰਿਥੀਪਾਲ ਸਿੰਘ ਨੇ ਹਾਊਸ ਵਿਚ ਸਰਕਾਰ ਨੂੰ ਇਨਫਰਮੇਸ਼ਨ ਦੇ ਕੇ ਸਰਕਾਰ ਦਾ ਫਾਇਦਾ 10 ਲੱਖ ਰੁਪਏ ਦਾ ਕੀਤਾ ਹੈ। ਅਗਰ ਇਹ ਇਨਫਰਮੇਸ਼ਨ ਇਨਕਮ ਟੈਕਸ ਵਾਲਿਆਂ ਨੂੰ ਦਿੱਤੀ ਜਾਵੇ ਤਾਂ ਉਹ ਰਕਮ ਦਾ 10% ਦਿੰਦੇ ਹਨ। ਕੀ ਸਰਕਾਰ ਇਨ੍ਹਾਂ ਨੂੰ ਵੀ 10% ਸ਼ੇਅਰ ਦੇਣ ਲਈ ਤਿਆਰ ਹੈ ?

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ 5 ਪੈਸੇ ਕਾਰਪੋਰੇਸ਼ਨ ਟੈਕਸ ਥੋੜ੍ਹਾ ਹੈ। ਇਸ ਲਈ ਇਸ ਨੂੰ 10 ਪੈਸੇ ਕਰ ਦੇਣਾ ਚਾਹੀਦਾ ਹੈ। ਟੈਕਸ ਤਿੰਨ ਤਰ੍ਹਾਂ ਦਾ ਹੁੰਦਾ ਹੈ। 'ਏ' ਕਲਾਸ ਸ਼ੋ ਟੈਕਸ 15 ਰੁਪਏ 'ਬੀ' ਕਲਾਸ ਸ਼ੋ ਟੈਕਸ 10 ਰੁਪਏ ਅਤੇ 'ਸੀ' ਕਲਾਸ ਸ਼ੋ ਟੈਕਸ 5 ਰੁਪਏ ਹੈ। ਸਪੀਕਰ ਸਾਹਿਬ, 'ਸੀ' ਕਲਾਸ ਨੂੰ ਛੱਡਕੇ ਬਾਕੀ ਦਾ ਸ਼ੋ ਟੈਕਸ ਜ਼ਰੂਰ ਵਧਾਉਣਾ ਚਾਹੀਦਾ ਹੈ। ਜੇਕਰ, ਸਪੀਕਰ ਸਾਹਿਬ, ਤੁਸੀਂ ਦਿੱਲੀ ਸਿਨਮਾ ਵੇਖਣ ਜਾਓ ਤਾਂ ਪੰਜਾਬ ਨਾਲੋਂ ਜ਼ਿਆਦਾ ਟੈਕਸ ਉਥੇ ਦੇਣਾ ਪੈਂਦਾ ਹੈ। ਦਿੱਲੀ ਸਿਨਮਿਆਂ ਦੀਆਂ ਟਿਕਟਾਂ ਦਾ ਰੇਟ ਵੀ ਜ਼ਿਆਦਾ ਹੈ। ਜਿਸ ਤਰ੍ਹਾਂ ਸ਼ਰਾਬ ਦੇ ਮੁਤੱਲਕ ਕਿਹਾ ਗਿਆ ਹੈ ਕਿ ਸ਼ਰਾਬ ਉਹੀ ਆਦਮੀ ਪੀਂਦਾ ਹੈ ਜਿਸ ਕੋਲ ਪੈਸੇ ਜ਼ਿਆਦਾ ਹੁੰਦੇ ਹਨ, ਜਿਸ ਕੋਲ ਪੈਸੇ ਨਾ ਹੋਣ, ਉਹ ਸ਼ਰਾਬ ਕੀ ਨਹੀਂ ਪੀਵੇਗਾ। ਇਸੇ ਤਰ੍ਹਾਂ ਹੀ ਜਿਸ ਕੋਲ ਪੈਸੇ ਹੋਣਗੇ,

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਉਹੀ ਆਦਮੀ ਸਿਨਮਾ ਵੇਖਣ ਜਾਵੇਗਾ। ਜਿਸ ਆਦਮੀ ਕੋਲ ਪੈਸੇ ਨਹੀਂ ਹੋਣਗੇ, ਉਹ ਸਿਨਮਾ ਵੇਖਣ ਨਹੀਂ ਜਾਂਦਾ। ਇਸ ਲਈ, ਸਪੀਕਰ ਸਾਹਿਬ, ਐਂਟਰਟੇਨਮੈਂਟ ਟੈਕਸ ਜ਼ਰੂਰ ਹੋਰ ਵਧਾਉਣਾ ਚਾਹੀਦਾ ਹੈ, ਇਸ ਨਾਲ ਸਰਕਾਰ ਨੂੰ ਆਮਦਨ ਵੀ ਜ਼ਿਆਦਾ ਹੋਵੇਗੀ। ਐਂਟਰਟੇਨਮੈਂਟ ਟੈਕਸ ਵੀ ਕਾਰਪੋਰੇਸ਼ਨਾਂ ਨੂੰ ਦਿਤਾ ਜਾਏ, ਇਹ ਵੀ ਠੀਕ ਹੈ। ਸਪੀਕਰ ਸਾਹਿਬ, ਲੁਧਿਆਣੇ ਦੀ ਇੱਕ ਫਰਮ 10 ਲੱਖ ਰੁਪਿਆ ਟੈਕਸ ਦਾ ਦਿੰਦੀ ਹੈ ਪਰ ਅੰਮ੍ਰਿਤਸਰ ਵਾਲੀ ਫਰਮ 5 ਲੱਖ ਰੁਪਿਆ ਟੈਕਸ ਦਾ ਦਿੰਦੀ ਹੈ। ਇਸ ਲਈ ਸਰਕਾਰ ਨੂੰ ਟੈਕਸ ਦੀ ਚੋਰੀ ਰੋਕਣੀ ਚਾਹੀਦੀ ਹੈ। ਸਰਕਾਰ ਨੂੰ, ਸਪੀਕਰ, ਸਾਹਿਬ, ਚੁਕੰਨਾ ਹੋਣਾ ਚਾਹੀਦਾ ਹੈ। ਪੰਜਾਬ ਐਂਟਰਟੇਨਮੈਂਟਸ ਡਿਊਟੀ (ਅਮੈਂਡਮੈਂਟ) ਬਿਲ ਲਿਆਉਣ ਨਾਲ ਸਰਕਾਰ ਨੂੰ ਫਾਇਦਾ ਹੋਵੇਗਾ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਅੰਮ੍ਰਿਤਸਰ ਐਂਟਰਟੇਨਮੈਂਟ ਯੂਥ ਹੋਸਟਲ ਹੈ ਅਤੇ ਡੀ.ਸੀ. ਸਾਹਿਬ ਉਸ ਦੇ ਚੇਅਰਮੈਨ ਹਨ। ਉਥੇ ਇਕ ਲੰਬੇ ਚੋਗੇ ਵਾਲਾ ਆਦਮੀ ਹੈ। ਉਹ ਬੰਦਾ ਸੀ.ਐਮ. ਸਾਹਿਬ ਦੇ ਬਹੁਤ ਨੇੜੇ ਹੈ।

ਸ਼੍ਰੀ ਸਪੀਕਰ : ਪਾਂਧੀ ਜੀ, ਤੁਹਾਨੂੰ ਇਹੋ ਜਿਹੀਆਂ ਗਲਾਂ ਨਹੀਂ ਕਰਨੀਆਂ ਚਾਹੀਦੀਆਂ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਉਥੇ ਸਮਗਲਿੰਗ ਦਾ ਅੱਡਾ ਹੈ। ਲੜਕੀਆਂ ਦਾ ਉਥੇ ਬੁਰਾ ਹਾਲ ਹੈ। ਪਹਿਲਾਂ ਪੰਜਾਬ ਸਰਕਾਰ ਕਹਿੰਦੀ ਸੀ ਕਿ ਸਿਨਮਿਆਂ ਦਾ ਕੌਮੀਕਰਨ ਕਰ ਦਿਆਂਗੇ ਪਰ ਜਦ ਸਿਨਮਿਆਂ ਵਾਲਿਆਂ ਨੇ ਪੈਸੇ ਦੇ ਦਿੱਤੇ ਤਾਂ ਗੱਲ ਮੁਕ ਗਈ।

ਸ਼੍ਰੀ ਸਪੀਕਰ : ਇਹ ਗੱਲ ਝੂਠੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਿਹਾ ਕਿ ਬੱਸਾਂ ਦਾ ਕੌਮੀਕਰਨ ਕਰਾਂਗੇ। ਜਦ ਬੱਸਾਂ ਦੇ ਮਾਲਕਾਂ ਨੇ ਇਨ੍ਹਾਂ ਨੂੰ ਪੈਸੇ ਦੇ ਦਿਤੇ ਤਾਂ ਕੌਮੀਕਰਨ ਨਹੀਂ ਹੋਇਆ। ਅੱਜ ਹੀ, ਸਪੀਕਰ ਸਾਹਿਬ, ਅਖਬਾਰ ਪੜ੍ਹਕੇ ਵੇਖ ਲਵੋ ਕਿ ਪੀ.ਆਰ.ਟੀ.ਸੀ. ਵਿਚ ਕਿਤਨਾ ਘਾਟਾ ਪਿਆ ਹੈ। ਪੰਜਾਬ ਰੋਡਵੇਜ਼ ਨੂੰ ਕਿਤਨਾ ਘਾਟਾ ਪਿਆ ਹੈ। ਸਪੀਕਰ ਸਾਹਿਬ, ਗੋਬਿੰਦਗੜ੍ਹ ਵਿਚ ਸਿਨਮੇ ਦੇ ਮਾਲਕ ਨੇ ਗੱਤੇ ਦੀਆਂ ਟਿਕਟਾਂ ਬਣਾਈਆਂ ਹੋਈਆਂ ਹਨ, ਉਹ ਲੋਕਾਂ ਨੂੰ ਗੱਤੇ ਦੀਆਂ ਟਿਕਟਾਂ ਦੇ ਕੇ ਟੈਕਸ ਦੀ ਚੋਰੀ ਕਰੀ ਜਾਂਦਾ ਹੈ। ਉਹ ਬੰਦਾ ਸੀ.ਐਮ. ਸਾਹਿਬ ਦੇ ਬਹੁਤ ਨੇੜੇ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਿਨਮਿਆਂ ਵਾਲੇ ਸਰਕਾਰ ਨੂੰ ਟੈਕਸ ਦਿੰਦੇ ਹੀ ਨਹੀਂ ਹਨ। ਇਹ ਤਾਂ ਰਵਾਇਤ ਹੀ ਪੈ ਗਈ ਹੈ। ਪਹਿਲਾਂ ਅਫ਼ਸਰ ਜੋ ਰਿਟਾਇਰ ਹੁੰਦਾ ਸੀ ਤਾਂ ਉਸ ਨੂੰ ਰਿਟਾਇਰਮੈਂਟ ਤੋਂ 4—6 ਮਹੀਨੇ ਪਹਿਲਾਂ ਛੁੱਟੀ ਤੇ ਭੇਜ ਦਿੱਤਾ ਜਾਂਦਾ ਸੀ ਪਰ ਹੁਣ ਸਰਕਾਰ ਨੇ ਅਮੈਂਡਮੈਂਟ ਕਰ ਦਿਤੀ ਹੈ, ਅਤੇ ਅਫ਼ਸਰ ਰਿਟਾਇਰ ਹੋਣ ਤਕ ਦਫ਼ਤਰ ਆਉਂਦਾ ਰਹਿੰਦਾ ਹੈ ਅਤੇ ਉਸਨੂੰ ਛੁੱਟੀਆਂ ਦੀ ਤਨਖਾਹ ਮਿਲ ਜਾਂਦੀ ਹੈ। ਇਸ ਲਈ ਉਹ ਅਫ਼ਸਰ ਜੋ ਰਿਟਾਇਰ ਹੋਣ ਵਾਲੇ ਹਨ, ਉਹ ਮਨਮਰਜ਼ੀਆਂ ਕਰਦੇ ਹਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਅਸੀਂ ਤਾਂ ਰਿਟਾਇਰ ਹੋਣ ਵਾਲੇ ਹਾਂ, ਇਸ ਲਈ ਜਾਂਦੇ ਜਾਂਦੇ ਪੈਸਾ ਛੱਕ ਜਾਂਦੇ ਹਨ। ਪਟਿਆਲੇ ਵਿਚ ਮਾਲਵਾ ਸਿਨਮਾ ਹੈ । ਰਾਜਪੁਰੇ ਦਾ ਸਿਨਮਾ ਹੈ, ਜੰਤਾ ਟਾਕੀ ਹੈ। (ਵਿਘਨ) ਸਪੀਕਰ ਸਾਹਿਬ, ਇੰਜੀਨੀਅਰਿੰਗ ਕਾਲਜ ਦੇ ਨੇੜੇ ਇਕ ਸਿਨਮਾ ਖੋਲ੍ਹਿਆ ਪਰ ਉਹ ਉਥੇ ਕਾਮਯਾਬ ਨਾ ਹੋਇਆ ਤਾਂ ਉਸ ਦੇ ਮਾਲਕ ਨੇ ਰੋਪੜ ਜਾ ਕੇ ਸਿਨਮਾ ਗੁਰਦੁਆਰੇ ਦੇ ਨੇੜੇ ਖੋਲ੍ਹ ਦਿੱਤਾ। ਉਥੇ ਪੁਲਿਸ ਲਾਈਨ ਵੀ ਨੇੜੇ ਹੀ ਹੈ। ਪੁਲਿਸ ਵਾਲਿਆਂ ਨੂੰ ਮੌਜ ਬਣ ਗਈ, ਪੁਲਿਸ ਵਾਲੇ ਸਿਨਮਾ ਵੇਖਣ ਜਾਂਦੇ ਹਨ।

ਸ਼੍ਰੀ ਸਪੀਕਰ: ਪਾਂਧੀ ਸਾਹਿਬ, ਫਿਰ ਤਾਂ ਤੁਹਾਨੂੰ ਗੌਰਮਿੰਟ ਨੂੰ ਵਧਾਈ ਦੇਣੀ ਚਾਹੀਦੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਿਨਮੇ ਵਾਲੇ ਟੈਕਸ ਦੀ ਚੋਰੀ ਕਰਦੇ ਹਨ ਐਸੇ ਸਿਨਮਾ ਮਾਲਕਾਂ ਨੂੰ ਸਰਕਾਰ ਵਲੋਂ ਸਖਤੀ ਨਾਲ ਕਾਬੂ ਕਰਨਾ ਚਾਹੀਦਾ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ** ** **

ਸ਼੍ਰੀ ਸਪੀਕਰ: ਇਸ ਤਰ੍ਹਾਂ ਸਿਟਿੰਗ ਮੈਂਬਰਜ਼ ਦੇ ਖਿਲਾਫ ਐਲੀਗੇਸ਼ਨ ਨਹੀਂ ਲਗਾਏ ਜਾ ਸਕਦੇ। ਇਸ ਲਈ ਇਹ ਸਾਰਾ ਐਕਸਪੰਜ ਕੀਤਾ ਜਾਂਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਕਾਰਪੋਰੇਸ਼ਨ ਨੇ ਜਿਹੜੇ ਸਿਨਮੇ ਪਿੰਡਾਂ ਵਿਚ ਬਣਾਏ ਸਨ ਉਨ੍ਹਾਂ ਸਿਨਮਿਆਂ ਵਿਚ ਕਬੂਤਰ ਬੋਲਦੇ ਹਨ। ਪਿੰਡਾਂ ਵਿਚ ਗਰੀਬ ਹਰੀਜਨਾਂ ਵਾਸਤੇ ਕੋਈ ਸਿਨਮੇ ਨਹੀਂ ਹਨ। ਇਸ ਵਿਚ, ਸਪੀਕਰ ਸਾਹਿਬ, ਪਿੰਡਾਂ ਦੇ ਗਰੀਬ ਲੋਕਾਂ ਦਾ ਕੀ ਕਸੂਰ ਹੈ ?

Mr. Speaker : **Wind up please.**

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਕਾਰਪੋਰੇਸ਼ਨ ਦੀ ਇਨਕੁਆਇਰੀ ਕਰਾਓ। ਪੰਜਾਬ ਸਰਕਾਰ ਨੂੰ ਗਰੀਬ ਹਰੀਜਨਾਂ ਵਾਸਤੇ ਅਤੇ ਗਰੀਬ ਵਰਗ ਵਾਸਤੇ ਮੁਫਤ ਸਿਨਮੇ ਵਿਖਾਉਣੇ ਚਾਹੀਦੇ ਹਨ। ਪੰਜਾਬ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਰਾਹੀਂ ਗਰੀਬ ਹਰੀਜਨਾਂ ਨੂੰ ਅਤੇ ਗਰੀਬ ਵਰਗ ਦੇ ਲੋਕਾਂ ਨੂੰ ਸੋਸਾਇਟੀਆਂ ਬਣਾਕੇ, ਉਨ੍ਹਾਂ ਲੋਕਾਂ ਵਾਸਤੇ ਸਿਨਮੇ ਬਣਾਕੇ ਸਰਕਾਰ ਦੇਵੇ ਤਾਕਿ ਗਰੀਬ ਲੋਕਾਂ ਨੂੰ ਵੀ ਫਾਇਦਾ ਹੋ ਸਕੇ। ਜਿਹੜੇ ਅਫ਼ਸਰ ਸਿਨਮਾ ਮਾਲਿਕ ਦੀ ਚੋਰੀ ਨੂੰ ਨਹੀਂ ਫੜਦੇ, ਉਨ੍ਹਾਂ ਅਫ਼ਸਰਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ। ਜਿਹੜੇ ਨਵੇਂ ਲਸੰਸ ਦਿਤੇ ਜਾਂਦੇ ਹਨ, ਉਨ੍ਹਾਂ ਵਿਚ ਅਫ਼ਸਰ ਆਪਣੀਆਂ ਮਨਮਾਨੀਆਂ ਕਰਦੇ ਹਨ, ਉਨ੍ਹਾਂ ਨੂੰ ਰੋਕਿਆ ਜਾਵੇ। ਸਿਨਮਿਆਂ ਵਿਚ ਟੈਕਸ ਦੀ ਜੋ ਚੋਰੀ ਹੁੰਦੀ ਹੈ, ਉਸ ਨੂੰ ਰੋਕਿਆ ਜਾਵੇ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਸਪੀਕਰ ਸਾਹਿਬ, ਮਨੋਰੰਜਨ ਟੈਕਸ ਦੀ ਜੋ ਚੋਰੀ ਹੁੰਦੀ ਹੈ, ਉਸ ਨੂੰ ਪੰਜਾਬ ਸਰਕਾਰ ਨੂੰ ਰੋਕਣਾ ਚਾਹੀਦਾ ਹੈ। ਇਸ ਲਈ ਪਾਏਦਾਰ ਕਦਮ ਪੁਟਣੇ ਚਾਹੀਦੇ ਹਨ। ਜਦੋਂ ਮਿਨਿਸਟਰ ਸਾਹਿਬ ਜਵਾਬ ਦੇਣਗੇ ਤਾਂ ਵੇਖਾਂਗੇ ਕਿ ਇਸ ਦੇ ਮੁਤੱਲਕ ਕੀ ਕਹਿੰਦੇ ਹਨ। ਸਪੀਕਰ ਸਾਹਿਬ, ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਵੀ ਕਿਹਾ ਹੈ ਕਿ ਗੱਤੇ ਦੀਆਂ ਟਿਕਟਾਂ ਬਣਾਕੇ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਸਿਨਮੇ ਦੇ ਮਾਲਕ ਟੈਕਸ ਦੀ ਚੋਰੀ ਕਰਦੇ ਹਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਗੱਤੇ ਦੀਆਂ ਟਿਕਟਾਂ ਤਾਂ ਸਾਈਕਲਾਂ ਲਈ ਦਿੱਤੀਆਂ ਜਾਂਦੀਆਂ ਹਨ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਰੋਡਵੇਜ਼ ਵਿਚ ਬੱਸਾਂ ਦੀਆਂ ਟਿਕਟਾਂ ਦਿੱਤੀਆਂ ਜਾਂਦੀਆਂ ਹਨ ਅਤੇ ਉਸ ਟਿਕਟ ਉਪਰ ਹੀ ਟੈਕਸ ਛਪਿਆ ਹੁੰਦਾ ਹੈ, ਉਸੇ ਤਰ੍ਹਾਂ ਹੀ ਸਿਨਮਿਆਂ ਦੀਆਂ ਟਿਕਟਾਂ ਲੋਕਾਂ ਨੂੰ ਸਪਲਾਈ ਕਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਟੈਕਸ ਦੀ ਚੋਰੀ ਘੱਟ ਸਕਦੀ ਹੈ, ਨਹੀਂ ਤਾਂ ਇਹ ਚੋਰੀ ਘਟਣੀ ਨਹੀਂ ਹੈ ਅੱਰ ਇਹ ਚੋਰੀ ਕਰਦੇ ਰਹਿਣਗੇ। ਬਾਕੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਪਿਛਲੇ ਸਮੇਂ ਵਿਚ ਲੋਕਾਂ ਤੇ ਬੜਾ ਟੈਕਸ ਲਗਿਆ ਹੈ, ਇਨ੍ਹਾਂ ਨੂੰ ਇਹ ਸਿੱਧੇ ਤੌਰ ਤੇ ਟੈਕਸ ਲਗਾਉਣੇ ਚਾਹੀਦੇ ਹਨ। ਇਨ੍ਹਾਂ ਦੇ ਪਿਛਲੇ ਸਮੇਂ ਵਿਚ ਸਿਨਮੇ ਵਾਲੇ ਬੜੇ ਖੁਸ਼ਹਾਲ ਸਨ। ਉਨ੍ਹਾਂ ਨੇ ਕਿਹਾ ਕਿ ਸਿਨਮੇ ਨੈਸ਼ਨੇਲਾਈਜ਼ ਕਰ ਦਿਆਂਗੇ। ਪਰ ਉਹ ਵੋਟਾਂ ਵੇਲੇ ਹੀ ਇਸ ਤਰ੍ਹਾਂ ਕੀਤਾ ਜਾਂਦਾ ਹੈ ਅੱਰ ਵੋਟਾਂ ਦੇ ਬਾਅਦ ਫਿਰ ਉਹ ਸਾਰਾ ਕੁਝ ਰਹਿ ਜਾਂਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਨਮੇ ਨੈਸ਼ਨੇਲਾਈਜ਼ ਕਰੋ ਅੱਰ ਉਨ੍ਹਾਂ ਦੀ ਆਮਦਨ ਤੇ ਟੈਕਸ ਲਗਾਓ। ਸਿਨਮੇ ਮਾਲਕਾਂ ਦੀ ਦਿਨ ਦੀ ਆਮਦਨ ਲੈ ਕੇ ਉਸ ਦੀ ਪਰਸੈਂਟੇਜ ਸਰਕਾਰ ਨੂੰ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਹੀ ਰਿਕਵਰੀ ਹੋ ਸਕਦੀ ਹੈ। ਇਸ ਤਰ੍ਹਾਂ ਸਿਨਮੇ ਮਾਲਕਾਂ ਤੇ ਬੋਝ ਪਏਗਾ।

ਤੁਹਾਨੂੰ ਪਤਾ ਹੈ ਕਿ ਹਿੰਦੁਸਤਾਨ ਵਿਚ ਬਹੁਤੀ ਪੇਂਡੂ ਵਸੋਂ ਹੈ ਅੱਰ ਪਿੰਡਾਂ ਵਿਚ ਗਰੀਬ ਲੋਕ ਰਹਿੰਦੇ ਹਨ ਜੋ ਕਿ 24 ਘੰਟੇ ਕੰਮ ਕਰਦੇ ਹਨ। ਕੰਮ ਕਰਨ ਨਾਲ ਉਨ੍ਹਾਂ ਨੂੰ ਥਕਾਵਟ ਹੁੰਦੀ ਹੈ ਪਰ ਪਿੰਡਾਂ ਵਿਚ ਕੋਈ ਸਿਨਮਾ ਨਾ ਹੋਣ ਕਰਕੇ ਉਹ ਵਿਚਾਰੇ ਅਪਣਾ ਮਨੋਰੰਜਨ ਨਹੀਂ ਕਰ ਸਕਦੇ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਸਿਨਮੇ ਵਧ ਤੋਂ ਵਧ ਖੋਲ੍ਹਣੇ ਚਾਹੀਦੇ ਹਨ। ਪਿਛਲੇ ਸਮੇਂ ਵਿਚ ਇਨ੍ਹਾਂ ਨੇ ਕੋਸ਼ਿਸ਼ ਕੀਤੀ ਸੀ ਅੱਰ ਕਈ ਥਾਂ ਤੇ ਖੋਲ੍ਹੇ ਵੀ ਗਏ ਸਨ ਪਰ ਕਈ ਥਾਵਾਂ ਤੇ ਨਹੀਂ ਵੀ ਖੋਲ੍ਹੇ ਗਏ। ਸ਼ੇਰ ਪੁਰ ਅਤੇ ਭਦੌੜ ਵਿਖੇ ਸਿਨਮੇ ਖੋਲ੍ਹਣੇ ਚਾਹੀਦੇ ਹਨ। ਇਸ ਦੇ ਨਾਲ ਹੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਲਈ ਸਿਨਮੇ ਦੀਆਂ ਟਿਕਟਾਂ ਸਸਤੀਆਂ ਮਿਲਣੀਆਂ ਚਾਹੀਦੀਆਂ ਹਨ। ਇਨ੍ਹਾਂ ਗਰੀਬ ਲੋਕਾਂ ਲਈ ਸਸਤੇ ਰੇਟ ਦੇ ਟਿਕਟ ਹੋਣੇ ਚਾਹੀਦੇ ਹਨ ਤਾਂਕਿ ਇਹ ਲੋਕ ਵੀ ਮਨੋਰੰਜਨ ਦਾ ਆਨੰਦ ਮਾਣ ਸਕਣ।

ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ, ਐਸ. ਸੀ) : ਸਪੀਕਰ ਸਾਹਿਬ, ਮਨੋਰੰਜਨ ਟੈਕਸ ਦੀ ਚੋਰੀ ਤੇ ਰੋਕ ਲਗਾਉਣ ਲਈ ਸਰਕਾਰ ਨੇ ਚੰਗੇ ਕਦਮ ਚੁੱਕੇ ਹਨ। ਇਸ ਬਿਲ ਰਾਹੀਂ ਸਰਕਾਰ ਨੇ 1,000 ਰੁਪਏ ਜੁਰਮਾਨੇ ਦੀ ਬਜਾਏ 20,000 ਰੁਪਏ ਜੁਰਮਾਨਾ ਕਰ ਦਿਤਾ ਹੈ। ਇਹ ਚੰਗੀ ਗਲ ਕੀਤੀ ਗਈ ਹੈ। ਸਾਡੇ ਅਫ਼ਸਰਾਂ ਦੀ ਪੂਰੀ ਚੈਕਸੀ ਨਾ ਹੋਣ ਕਰਕੇ ਇਹ ਚੋਰੀਆਂ ਹੁੰਦੀਆਂ ਹਨ। ਕਈ ਲੋਕ ਮਨੋਰੰਜਨ ਲਈ ਬੜੀ ਭੁੱਖ ਰਖਦੇ ਹਨ। ਮੇਰੇ ਦੇਖਣ ਦੀ ਗੱਲ ਹੈ ਕਿ ਕਈ ਵਾਰੀ ਕੋਈ ਪਿਕਚਰ ਐਸੀ ਆ ਜਾਂਦੀ ਹੈ ਜਿਸ ਦੇ ਗਾਣੇ ਬਹੁਤ ਅਟਰੈਕਟਿਵ ਹੁੰਦੇ ਹਨ ਤਾਂ ਉਸ ਪਿਕਚਰ ਲਈ ਮੁੰਡੇ 20-20, 25-25 ਮੀਲ ਤੋਂ ਦੇਖਣ ਵਾਸਤੇ ਜਾਂਦੇ ਹਨ। ਫਿਰ ਟੈਕਸ ਦੀ ਚੋਰੀ ਹੁੰਦੀ ਹੈ; ਭਾਵੇਂ ਚੰਡੀਗੜ੍ਹ ਦਾ ਸਿਨਮਾ ਹੋਵੇ ਅੱਰ ਭਾਵੇਂ ਮੋਗੇ ਦਾ ਸਿਨਮਾ ਹੋਵੇ, ਹਰ ਥਾਂ ਤੇ ਟੈਕਸ ਦੀ ਚੋਰੀ ਹੋ ਰਹੀ ਹੈ। ਅਫ਼ਸਰਾਂ ਦੇ ਬਾਰੇ ਮੈਂ ਸਮਝ ਨਹੀਂ ਸਕਿਆ ਕਿ ਇਨ੍ਹਾਂ ਲਈ ਵੀ ਕੋਈ ਸਜ਼ਾ ਰਖੀ ਹੈ ਜਾਂ ਨਹੀਂ। ਜੇਕਰ ਇਸ ਟੈਕਸ ਦੀ ਚੋਰੀ ਵਿਚ ਕਿਸੇ ਅਫ਼ਸਰ

Original with;
Punjab Vidhan Sabha
Digitized by;
Panjab Digital Library

ਦਾ ਹੱਥ ਹੋਵੇ ਤਾਂ ਉਸ ਨੂੰ ਵੀ ਸਜ਼ਾ ਹੋਣੀ ਚਾਹੀਦੀ ਹੈ। ਮੈਂ ਇੱਕ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਬਗੈਰ ਅਫ਼ਸਰਾਂ ਦੇ ਮਿਲੇ ਦੇ ਟੈਕਸ ਵਿਚ ਚੋਰੀ ਨਹੀਂ ਹੁੰਦੀ। ਮੈਂ ਇਸ ਸਿਲਸਿਲੇ ਵਿਚ ਮੋਗੇ ਦੀ ਮਿਸਾਲ ਦੇਣਾ ਚਾਹੁੰਦਾ ਹਾਂ। ਉਥੋਂ ਦੇ ਨੌਜਵਾਨ ਵਿਦਿਆਰਥੀ ਕੀ ਕਹਿੰਦੇ ਸਨ। ਉਹ ਕਹਿੰਦੇ ਸਨ ਕਿ ਟਿਕਟਾਂ ਦੀ ਬਲੈਕ ਹੁੰਦੀ ਹੈ। ਟਿਕਟਾਂ ਦੀ ਬਲੈਕ ਨਾ ਹੋਵੇ ਇਸ ਲਈ ਜਿਹੜਾ ਸਰਕਾਰੀ ਰੇਟ ਹੈ ਉਸ ਦੇ ਮੁਤਾਬਿਕ ਹੀ ਟਿਕਟਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਸਨ। ਨੌਜਵਾਨ ਵਿਦਿਆਰਥੀ ਕਿਸੇ ਵੇਲੇ ਸਿਨਮਾ ਦੇਖਣ ਗਏ, ਉਥੇ ਝਗੜਾ ਹੋਣ ਕਰਕੇ ਉਹ ਅਫ਼ਸਰਾਂ ਦੇ ਪੇਸ਼ ਹੋ ਗਏ ਪਰ ਅਫ਼ਸਰਾਂ ਨੇ ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿਤਾ। ਇਸ ਲਈ ਮੁੰਡਿਆਂ ਦੀ ਸਿੱਧੀ ਟੱਕਰ ਸਿਨਮਾ ਮਨੇਜਰ ਨਾਲ ਹੋ ਗਈ। ਇਹ ਰੀਗਲ ਸਿਨਮਾ ਹੈ ਜਿਸ ਦੀ ਮੈਂ ਮਿਸਾਲ ਦਿਤੀ ਹੈ।

ਮਾਸਟਰ ਬਾਬੂ ਸਿੰਘ : ਸਰਦਾਰ ਉਜਾਗਰ ਸਿੰਘ ਜੀ ਨੂੰ ਜਗਾਓ ਉਹ ਸੁੱਤੇ ਪਏ ਹਨ। (ਵਿਘਨ) ਇਧਰ ਮੰਡਲੀ ਲਗੀ ਹੋਈ ਹੈ, ਇਨ੍ਹਾਂ ਨੂੰ ਵੀ ਆਪਣੀਆਂ ਆਪਣੀਆਂ ਸੀਟਾਂ ਤੇ ਬਿਠਾਓ।

ਸਰਦਾਰ ਬੀਰਦਵਿੰਦਰ ਸਿੰਘ : ਮਾਸਟਰ ਬਾਬੂ ਸਿੰਘ ਨੇ ਸਾਨੂੰ ਮੰਡਲੀ ਕਿਹਾ ਹੈ। ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਦੇ ਨਾਂ ਅਗੇ ਮੰਡਲੀ ਲਿਖ ਦਿਓ।

ਮਾਸਟਰ ਬਾਬੂ ਸਿੰਘ : ਮੈਂ ਤਾਂ ਮਿਨੀ ਕੈਬਨਿਟ ਕਿਹਾ ਹੈ।

ਕਾਮਰੇਡ ਸੱਘੜ ਸਿੰਘ : ਸਾਰੇ ਬੋਲਣ ਵਾਲਿਆਂ ਨੇ ਕਿਹਾ ਹੈ ਪਰ ਜਿਹੜੀ ਗਲ ਚੋਪੜਾ ਜੀ ਨੇ ਕਹੀ ਹੈ ਉਹ ਠੀਕ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਿਨਮਿਆਂ ਦੀਆਂ ਟਿਕਟਾਂ ਸਰਕਾਰ ਵਲੋਂ ਛਪਣੀਆਂ ਚਾਹੀਦੀਆਂ ਹਨ ਤਾਂ ਫਿਰ ਪਤਾ ਲਗ ਸਕਦਾ ਹੈ ਕਿ ਕਿਹੜੀ ਟਿਕਟ ਜਾਇਜ਼ ਹੈ ਅੌਰ ਕਿਹੜੀ ਟਿਕਟ ਨਾਜਾਇਜ਼ ਹੈ। ਉਹ ਗੌਰਮਿੰਟ ਨੂੰ ਆਪਣਾ ਹਿਸਾਬ ਕਿਤਾਬ ਦੇਣ। ਜਿਹੜਾ ਗਰੀਬ ਰਿਕਸ਼ਾ ਵਾਲਾ ਹੈ ਉਹ ਵਿਚਾਰਾ ਰੋਜ਼ ਦੇ ਚਾਰ ਰੁਪਏ ਕਮਾਉਂਦਾ ਹੈ ਤੇ ਮਨੋਰੰਜਨ ਦੀ ਭੁੱਖ ਕਰਕੇ ਉਹ ਸਿਨਮੇ ਜਾਂਦਾ ਹੈ। ਇਸ ਲਈ ਜਿਹੜਾ ਸਿਨਮੇ ਜਾਂਦਾ ਹੈ ਉਸ ਨੂੰ ਕੋਈ ਅੌਕੜ ਨਹੀਂ ਆਉਣੀ ਚਾਹੀਦੀ। (ਵਿਘਨ) ਮੇਰਾ ਇਹ ਸੁਝਾਓ ਹੈ ਕਿ ਟੈਕਸ ਦੀ ਚੋਰੀ ਰੋਕਣ ਵਾਸਤੇ ਠੋਸ ਕਦਮ ਚੁਕਣੇ ਚਾਹੀਦੇ ਹਨ ਤਾਕਿ ਟੈਕਸ ਦੀ ਕੋਈ ਚੋਰੀ ਨਾ ਹੋਏ ਅੌਰ ਜੋ ਉਨ੍ਹਾਂ ਵਲ ਟੈਕਸ ਦਾ ਬਕਾਇਆ ਪਿਆ ਹੈ ਉਹ ਵੀ ਰਿਕਵਰ ਹੋ ਸਕੇ। ਬਹੁਤ ਸਾਰੇ ਭਾਸ਼ਨ ਹੋਏ ਹਨ ਕਿ ਕਰੋੜਾਂ ਰੁਪਏ ਸਿਨਮੇ ਦੇ ਮਾਲਕਾਂ ਵਲ ਅੌਰ ਪ੍ਰਾਈਵੇਟ ਬੱਸਾਂ ਵਾਲਿਆਂ ਵਲ ਬਕਾਏ ਦੇ ਪਏ ਹਨ, ਉਸ ਨੂੰ ਉਗਰਾਹੁਣ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮੈਂ ਸਾਰੇ ਮਾਨਯੋਗ ਮੈਂਬਰਾਂ ਦਾ ਮਸ਼ਕੂਰ ਹਾਂ ਕਿਉਂਕਿ ਆਮ ਤੌਰ ਤੇ ਸਾਰਿਆਂ ਨੇ ਇਸ ਅਮੈਂਡਮੈਂਟ ਦਾ ਸਵਾਗਤ ਕੀਤਾ ਹੈ, ਜਿਸ ਰਾਹੀਂ ਟੈਕਸਾਂ ਦੀ ਇਵੇਜ਼ਨ ਨੂੰ ਰੋਕਣ ਵਾਸਤੇ ਸਰਕਾਰ ਵਲੋਂ ਉਠਾਏ ਗਏ ਕਦਮਾਂ ਬਾਰੇ ਦੱਸਿਆ ਗਿਆ ਹੈ। ਇਸ ਅਮੈਂਡਮੈਂਟ ਨਾਲ ਸਿਕਿਉਰਿਟੀ ਦੀ ਰਕਮ ਵਧਾ ਦਿੱਤੀ ਹੈ। ਇਹ 1,000 ਤੋਂ 20,000 ਰੁਪਏ ਤਕ ਕਰ ਦਿੱਤੀ ਹੈ ਅੌਰ ਜੁਰਮਾਨਾ 2,000 ਰੁਪਏ ਤੋਂ 10,000 ਰੁਪਏ ਤਕ ਕਰ ਦਿਤਾ ਹੈ। ਇਹ ਇਸ ਕਰਕੇ ਕੀਤਾ ਗਿਆ ਹੈ ਤਾਕਿ ਟੈਕਸ ਇਵੇਜ਼ਨ ਨਾ ਹੋਵੇ। ਮੈਂਬਰ ਸਾਹਿਬਾਨ ਨੇ ਤੌਖਲਾ ਜ਼ਾਹਿਰ ਕੀਤਾ ਹੈ ਕਿ ਇਸ ਇਵੇਜ਼ਨ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁਕੇ ਗਏ। ਮੈਂ ਇਨ੍ਹਾਂ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਟੈਕਸ ਇਵੇਜ਼ਨ ਨੂੰ ਰੋਕਣ ਵਾਸਤੇ ਬਿਲਕੁਲ ਸਤੱਰਕ ਹੈ। ਕਈ ਰੇਡ ਇਸ ਸਿਲਸਿਲੇ ਵਿਚ ਕੀਤੇ ਗਏ ਹਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਡਿਟੈਕਸ਼ਨਜ਼ ਕੀਤੀਆਂ ਗਈਆਂ ਹਨ ਅੌਰ ਜਿਹੜੇ ਬੜੇ ਬਦਨਾਮ ਸਿਨਮੇ ਸਨ ਜਿਥੇ ਬਹੁਤ ਜ਼ਿਆਦਾ ਟੈਕਸ ਦੀ ਚੋਰੀ ਹੁੰਦੀ ਸੀ ਉਥੇ ਪਰਮਾਨੈਂਟਲੀ ਅਫ਼ਸਰ ਦੀ ਡਿਊਟੀ ਲਗਾ ਦਿਤੀ ਗਈ ਹੈ। ਉਨ੍ਹਾਂ ਨੂੰ ਹਦਾਇਤਾਂ ਕੀਤੀਆਂ ਹੋਈਆਂ ਹਨ ਕਿ ਹਰ ਸ਼ੋ ਦੇਖਣ ਕਿ ਕਿਤੇ ਚੋਰੀ ਤਾਂ ਨਹੀਂ ਹੋ ਰਹੀ। ਨਤੀਜੇ ਵਜੋਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਐਂਟਰਟੇਨਮੈਂਟ ਟੈਕਸ ਤੋਂ ਜਿਹੜੀ ਆਮਦਨ 1978-79 ਵਿਚ ਹੋਈ ਸੀ ਉਹ ਲਗ ਭਗ 7 ਕਰੋੜ ਰੁਪਏ ਸੀ। ਸਾਡੇ ਵਲੋਂ ਮਈਅਰਜ਼ ਲੈਣ ਤੇ 1981-82 ਵਿਚ ਇਹ ਆਮਦਨ 10.40 ਕਰੋੜ ਰੁਪਏ ਹੋ ਗਈ ਹੈ। ਸਾਨੂੰ ਬੜੀ ਉਮੀਦ ਹੈ ਕਿ 1981-82 ਦੇ ਅੰਤ ਤਕ ਇਹ 10.50 ਕਰੋੜ ਰੁਪਏ ਜ਼ਰੂਰ ਹੋ ਜਾਏਗੀ ਅੌਰ ਅਗਲੇ ਸਾਲ ਹੋਰ ਵਧੇਗੀ।

ਜਿੰਨੇ ਵੀ ਐਮ. ਐਲ. ਏ. ਸਾਹਿਬਾਨ ਨੇ ਸਾਡਾ ਸਾਥ ਦਿਤਾ ਹੈ ਪੰਜਾਬ ਸਰਕਾਰ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 1980-81 ਵਿਚ 193 ਡਿਟੈਕਸ਼ਨਜ਼ ਹੋਈਆਂ ਅਤੇ ਜੁਰਮਾਨਾ 1,13,576 ਰੁਪਏ ਕੀਤਾ ਗਿਆ। ਦਸੰਬਰ, 1981 ਤਕ 175 ਦੇ ਕਰੀਬ ਡਿਟੈਕਸ਼ਨਜ਼ ਹੋਈਆਂ ਅਤੇ 40 ਲੱਖ ਦੇ ਕਰੀਬ ਜੁਰਮਾਨਾ ਕਰ ਚੁੱਕੇ ਹਾਂ। 31 ਮਾਰਚ ਤਕ ਇਹ ਰਕਮ ਹੋਰ ਵਧ ਜਾਵੇਗੀ। ਸਾਡੀ ਪਾਰਟੀ ਠੀਕ ਡਾਇਰੈਕਸ਼ਨ ਵਲ ਜਾ ਰਹੀ ਹੈ।

ਇਥੇ ਸਿਨਮਿਆਂ ਦੇ ਐਂਟਰਟੇਨਮੈਂਟ ਟੈਕਸ ਦੇ ਸਬੰਧ ਵਿਚ ਕੁਝ ਗਲਾਂ ਹੋਈਆਂ। ਸਿਨਮਾ ਚੀਪੈਸਟ ਐਂਟਰਟੇਨਮੈਂਟ ਹੈ। ਮਾਨਯੋਗ ਮੈਂਬਰ ਨੇ ਕਿਹਾ ਕਿ ਇਹ ਚੀਪ ਹੋਣਾ ਚਾਹੀਦਾ ਹੈ ਅਤੇ ਹਰ ਪਿੰਡ ਵਿਚ ਸਿਨਮਾ ਖੋਲ੍ਹ ਦੇਣਾ ਚਾਹੀਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਿਨਮੇ ਫਿਲਮ ਨਿਊਜ਼ ਕਾਰਪੋਰੇਸ਼ਨ ਦੇ ਰਾਹੀਂ ਖੋਲ੍ਹਣ ਦੀ ਕੋਸ਼ਿਸ਼ ਕੀਤੀ ਸੀ ਤਾਂਕਿ ਪਿੰਡਾਂ ਵਿਚ ਲੋਕਾਂ ਦਾ ਐਂਟਰਟੇਨਮੈਂਟ ਹੋ ਸਕੇ ਲੇਕਿਨ ਇਹ ਸਾਰੀ ਦੀ ਸਾਰੀ ਸਕੀਮ ਬਲਾਕ ਹੋ ਗਈ। ਉਥੇ ਇਹ ਸਕੀਮ ਪਾਪੂਲਰ ਨਹੀਂ ਹੋਈ।

ਫਿਰ ਇਥੇ ਜ਼ਿਕਰ ਕੀਤਾ ਗਿਆ ਕਿ ਫਲਾਣੇ ਫਲਾਣੇ ਸਿਨਮੇ ਵਿਚ ਚੋਰੀ ਹੁੰਦੀ ਹੈ। ਮੈਂ ਉਨ੍ਹਾਂ ਮਾਨਯੋਗ ਮੈਂਬਰਾਂ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਇਹ ਪੁਆਇੰਟ ਉਠਾਇਆ ਹੈ। ਅਸੀਂ ਖਾਸ ਕਰਕੇ ਦੱਸੇ ਗਏ ਸਿਨਮਿਆਂ ਦਾ ਪੂਰਾ ਖਿਆਲ ਰੱਖਾਂਗੇ। ਅਸੀਂ ਉਨ੍ਹਾਂ ਦੇ ਬਾਰੇ ਜੋ ਕੁਝ ਵੀ ਹੋਇਆ, ਕਰਾਂਗੇ। ਅਸੀਂ ਉਨ੍ਹਾਂ ਦੀ ਚੈਕਿੰਗ ਵੀ ਕਰਾਂਗੇ। (ਘੰਟੀ)

ਕੁਝ ਮਾਨਯੋਗ ਮੈਂਬਰ ਇਥੇ ਉਲਟੀਆਂ ਸਿੱਧੀਆਂ ਗੱਲਾਂ ਕਰਦੇ ਹਨ ਅਤੇ ਇਸ ਵਿਚ ਸਰਕਾਰ ਨੂੰ ਇਨਵਾਲਵ ਕਰਦੇ ਹਨ। ਮੈਂ ਉਨ੍ਹਾਂ ਦਾ ਭਰਮ ਦੂਰ ਕਰਨਾ ਚਾਹੁੰਦਾ ਹਾਂ। ਪੰਜਾਬ ਸਰਕਾਰ ਟੈਕਸਾਂ ਦੇ ਮਾਮਲੇ ਵਿਚ ਪੂਰੀ ਸੁਜੱਗ ਹੈ ਅਤੇ ਪੂਰੀ ਸਖਤੀ ਨਾਲ ਅਮਲ ਕੀਤਾ ਜਾ ਰਿਹਾ ਹੈ। ਟੈਕਸੇਸ਼ਨ ਡਿਪਾਰਟਮੈਂਟ ਦੇ ਅਫ਼ਸਰਾਂ ਨੂੰ ਇਨਸਟਰੱਕਸ਼ਨਜ਼ ਜਾਰੀ ਹੋ ਗਈਆਂ ਹਨ। ਅਗਰ ਕੋਈ ਵੀ ਅਫ਼ਸਰ ਆਪਣੀ ਪੋਜ਼ੀਸ਼ਨ ਦਾ ਨਾਜਾਇਜ਼ ਫਾਇਦਾ ਉਠਾਉਂਦਾ ਹੈ, ਬੱਸ ਵਿਚ ਫਰੀ ਸਫਰ ਕਰਦਾ ਹੈ, ਸਿਨਮਾ ਫਰੀ ਦੇਖਦਾ ਹੈ, ਕਿਸੇ ਤੋਂ ਸ਼ਰਾਬ ਲੈ ਕੇ ਫਾਇਦਾ ਉਠਾਉਂਦਾ ਹੈ ਤਾਂ ਉਸਦੇ ਖਿਲਾਫ ਪੰਜਾਬ ਸਰਕਾਰ ਸਖਤ ਤੋਂ ਸਖਤ ਐਕਸ਼ਨ ਲਵੇਗੀ ਅੌਰ ਅਜਿਹੇ ਅਫ਼ਸਰ ਨੂੰ ਮੁਆਫ ਨਹੀਂ ਕੀਤਾ ਜਾਵੇਗਾ। (ਥੰਪਿੰਗ) ਮੈਂ ਮਾਨਯੋਗ ਮੈਂਬਰਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਗਰ ਉਨ੍ਹਾਂ ਦੇ ਧਿਆਨ ਵਿਚ ਕੋਈ ਐਸੀ ਗਲ ਆਵੇ, ਕਿਸੇ ਅਫਸਰ ਦੇ ਖਿਲਾਫ ਕੋਈ ਸ਼ਿਕਾਇਤ ਹੋਵੇ, ਉਹ ਦੱਸਣ, ਪੰਜਾਬ ਸਰਕਾਰ ਉਸ ਦੀ ਪੂਰੀ ਘੋਖ ਕਰੇਗੀ ਅਤੇ ਇਹੋ ਜਿਹੇ ਮਾਮਲੇ ਨਾਲ ਬਿਲਕੁਲ ਅੱਡੀ ਤਰ੍ਹਾਂ ਸਖਤੀ ਨਾਲ ਨਿਪਟੇਗੀ। ਟੈਕਸ ਇਵੇਜ਼ਨ ਰੋਕਣ ਲਈ ਕਦਮ ਉਠਾਏ ਗਏ ਹਨ। ਮੈਂ ਮਾਨਯੋਗ

Original with;
Punjab Vidhan Sabha
Digitized by;
Panjab Digital Library

ਮੈਂਬਰਾਂ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਸ਼ਲਾਘਾ ਕੀਤੀ ਹੈ। ਮੈਂ ਕਹਾਂਗਾ ਕਿ ਇਸ ਅਮੈਂਡਿੰਗ ਬਿਲ ਨੂੰ ਸਰਵ ਸੰਮਤੀ ਨਾਲ ਪਾਸ ਕਰ ਦਿਤਾ ਜਾਵੇ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਤੁਸੀਂ ਵੀ ਇਸ਼ਾਰਾ ਕੀਤਾ ਹੈ ਕਿ ਪਰਸੋਂ ਉਨ੍ਹਾਂ ਨੂੰ ਹਲਫ ਦਿਵਾਇਆ ਜਾ ਰਿਹਾ ਹੈ। ਸੀ. ਐਮ. ਸਾਹਿਬ ਨੇ ਵੀ ਇਸ਼ਾਰਾ ਕੀਤਾ ਸੀ ਕਿ ਪਰਸੋਂ ਉਨ੍ਹਾਂ ਨੂੰ ਹਲਫ ਦੁਆ ਰਹੇ ਹਾਂ। ਇਨ੍ਹਾਂ ਨੂੰ, ਜੱਸੋਵਾਲ ਜੀ ਨੂੰ ਅਤੇ ਹੀਰੋ ਸਾਹਿਬ ਨੂੰ ਤੁਸੀਂ ਪਰਸੋਂ ਹਲਫ ਦੁਆ ਦਿਓ। (ਹਾਸਾ)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਦਾ ਦੋ ਵਾਰ ਲਾਈਸੈਂਸ ਸਸਪੈਂਡ ਹੋ ਜਾਵੇ ਤਾਂ ਕੀ ਤੀਸਰੀ ਵਾਰ ਉਨ੍ਹਾਂ ਦਾ ਇਹ ਲਾਈਸੈਂਸ ਕੈਂਸਲ ਕਰਨਗੇ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਸਿਨਮਿਆਂ ਅੰਦਰ ਲੋਕੀਂ ਫਰੀ ਬੈਠੇ ਹੁੰਦੇ ਹਨ ਅਤੇ ਉਨ੍ਹਾਂ ਨੇ ਟਿਕਟਾਂ ਨਹੀਂ ਲਈਆਂ ਹੁੰਦੀਆਂ। ਇਸ ਤਰ੍ਹਾਂ ਟੈਕਸ ਦੀ ਇਵੇਜ਼ਨ ਹੁੰਦੀ ਹੈ। ਜਦ ਸਟਾਫ ਦੇ ਆਦਮੀ ਚੈਕਿੰਗ ਬਾਰੇ ਜਾਂਦੇ ਹਨ ਤਾਂ ਸਿਨਮੇ ਦੇ ਮੈਨੇਜਰ ਉਨ੍ਹਾਂ ਨੂੰ ਸੋਡਾ ਆਦਿ ਪਿਲਾਕੇ ਟਰਕਾ ਦਿੰਦੇ ਹਨ ਅਤੇ ਸਟਾਫ ਨੂੰ ਅੰਦਰ ਨਹੀਂ ਜਾਣ ਦਿੰਦੇ। ਇਸ ਬਾਰੇ ਇਹ ਕੀ ਕਰ ਰਹੇ ਹਨ।

ਸ਼੍ਰੀ ਰਾਮ ਸਵਰੂਪ ਬਾਗੀ : ਅਸੀ ਐਫ. ਐਮ. ਸਾਹਿਬ ਦੀ ਸ਼ਲਾਘਾ ਕਰਦੇ ਹਾਂ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਅਸੀ ਅਫ਼ਸਰਾਂ ਨੂੰ ਕੰਟਰੋਲ ਕਰਾਂਗੇ। ਪਰ, ਸਪੀਕਰ ਸਾਰਿਬ, ਮੈ ਤੁਹਾਡੇ ਰਾਹੀਂ ਉਨ੍ਹਾਂ ਕੋਲੋਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਇਹ ਇਕ ਆਮ ਸਿਨਮਿਆਂ ਵਿਚ ਪ੍ਰੈਕਟਿਸ ਸਟਾਰਟ ਹੋ ਗਈ ਹੈ ਕਿ ਥੱਡ੍ਹੀਆਂ ਜਿਹੀਆਂ ਟਿਕਟਾਂ ਵੇਚ ਕੇ ਸਿਨਮਿਆਂ ਦੇ ਮਾਲਕ ਬਾਹਰ ਫਟਾ ਲਿਖਕੇ ਲਾ ਦਿੰਦੇ ਹਨ ਕਿ ਹਾਊਸ ਫੁਲ ਹੈ। ਇਸ ਤਰ੍ਹਾਂ ਲੋੜਵੰਦ ਲੋਕਾਂ ਨੂੰ ਟਿਕਟ ਨਹੀ ਮਿਲਦੇ ਪਰ ਜਿਹੜੇ ਸਿਨਮਾ ਮਾਲਿਕਾਂ ਦੇ ਚਮਚੇ ਹੁੰਦੇ ਹਨ ਉਹ ਟਿਕਟਾਂ ਲੈ ਕੇ ਬਲੈਕ ਵਿਚ ਵੇਚ ਦਿੰਦੇ ਹਨ ਅਤੇ ਜਿਹੜੇ ਗਰੀਬ ਆਦਮੀ ਸਿਨਮਾ ਦੇਖਣ ਜਾਂਦੇ ਹਨ ਉਹ ਵਾਪਿਸ ਆ ਜਾਂਦੇ ਹਨ। ਇਸ ਤਰ੍ਹਾਂ ਉਥੇ ਬਲੈਕ ਚਲਦੀ ਹੈ। ਲੋਕਾਂ ਨੂੰ ਠੀਕ ਟਿਕਟਾਂ ਨਹੀ ਮਿਲਦੀਆਂ। ਕੀ ਇਹ ਇਸ ਦਾ ਕੋਈ ਇੰਤਜ਼ਾਮ ਕਰਨਗੇ ?

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਸੁਜੈਸਟ ਕਰਾਂਗਾ ਕਿ ਐਫ. ਐਮ. ਸਾਹਿਬ ਇਸ ਗਲ ਲਈ ਲੈਜਿਸਲੇਟਰਜ਼ ਦੀ ਇਕ ਕਮੇਟੀ ਬਣਾ ਦੇਣ, ਇਹ ਕਮੇਟੀ ਵੱਡੇ ਵੱਡੇ ਸ਼ਹਿਰਾਂ ਦੇ ਸਿਨਮਿਆਂ ਦੀ ਖੁਦ ਜਾ ਕੇ ਚੈਕਿੰਗ ਕਰਕੇ ਦੇਖੇ ਅਤੇ ਇਨ੍ਹਾਂ ਨੂੰ ਰਿਪੋਰਟ ਕਰੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਐਫ. ਐਮ. ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਖੰਨੇ ਵਿਚ ਇਕ ਨਟਰਾਜ ਸਿਨਮਾ ਹੈ। ਉਥੇ ਐਸ. ਐਸ. ਗਿਆਨੀ, ਏ. ਟੀ. ਸੀ. ਲੁਧਿਆਣਾ ਨੇ ਛਾਪਾ ਮਾਰਿਆ। ਉਸਨੇ ਉਥੇ ਬਲੈਕ ਹੁੰਦੀ ਪਕੜੀ। ਉਸ ਨੂੰ ਬਦਲ ਦਿੱਤਾ ਗਿਆ। (ਵਿਘਨ) ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਲਵੇ ਪਟਿਆਲਾ ਚ ਕਰਾਂਤੀ ਵਿਚ ਬਲੈਕ ਚਲਦੀ ਸੀ, ਮੈਂ ਲਿਖਕੇ ਦਿਤਾ ਸੀ ਪਰ ਹਾਲਾਂ ਤਕ ਕੋਈ ਕਾਰਵਾਈ ਨਹੀਂ ਕੀਤੀ, ਕੋਈ ਪੜਤਾਲ ਨਹੀਂ ਹੋਈ। ਇਸ ਬਾਰੇ ਇਹ ਦੱਸਣ ?

ਸ਼੍ਰੀ ਸੰਤ ਰਾਮ ਸਿੰਗਲਾ : ਮੈਂ ਐਫ. ਐਮ. ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਿਨਮਿਆਂ ਦੀ ਕੰਟਰੋਲਿੰਗ ਅਥਾਰਿਟੀ ਅਤੇ ਲਾਈਸੈਂਸਿੰਗ ਅਥਾਰਟੀ ਡਿਸਟ੍ਰਿਕਟ ਮੈਜਿਸਟਰੇਟ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੰਤ ਰਾਮ ਸਿੰਗਲਾ]

ਲੇਕਿਨ ਸਿਨਮਿਆਂ ਦੀ ਇਨਸਪੈਕਸ਼ਨ ਨਹੀਂ ਕੀਤੀ ਜਾਂਦੀ। ਕਾਗਜ਼ਾਂ ਵਿਚ ਇਨਸਪੈਕਸ਼ਨ ਹੁੰਦੀ ਹੈ। ਜੇ ਤੁਸੀਂ ਸਿਨਮਿਆਂ ਵਿਚ ਜਾ ਕੇ ਦੇਖੋ ਤਾਂ ਉਥੇ ਹਾਈਜੀਨਿਕ ਇੰਤਜ਼ਾਮ ਠੀਕ ਨਹੀਂ ਹੈ, ਕੰਟੀਨ ਦੀ ਹਾਲਤ ਬੜੀ ਭੈੜੀ ਹੈ। ਸਫਾਈ ਦਾ ਇੰਤਜ਼ਾਮ ਨਹੀਂ ਹੈ। ਇਸ ਲਈ ਕੀ ਇਹ ਡਿਸਟ੍ਰਿਕਟ ਮੈਜਿਸਟਰੇਟ ਨੂੰ ਹਦਾਇਤ ਕਰਨਗੇ ਕਿ ਉਹ ਸਿਨਮਿਆਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਿਆ ਕਰਨ ?

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਜਦੋਂ ਕੋਈ ਅੱਛੀ ਫਿਲਮ ਲਗਦੀ ਹੈ ਤਾਂ ਸਿਨਮੇ ਦੇ ਮਾਲਕ ਐਕਸਟਰਾ ਚੇਅਰਜ਼ ਲਗਾ ਦਿੰਦੇ ਹਨ ਜੋ ਕਿ ਗੈਰ ਕਾਨੂੰਨੀ ਗਲ ਹੈ। ਕੀ ਮਨਿਸਟਰ ਸਾਹਿਬ ਇਸ ਬਾਰੇ ਵਿਚਾਰ ਕਰਨਗੇ ਕਿ ਕੋਈ ਐਕਸਟਰਾ ਚੇਅਰ ਨਾ ਲਗੇ ਤਾਂ ਕਿ ਲੋਕਾ ਨੂੰ ਇਨਕਨਵੀਨੀਐਂਸ ਨਾ ਹੋਵੇ ?

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਬਾਗੀ ਜੀ ਨੇ ਦਰੁਸਤ ਕਿਹਾ ਹੈ ਕਿ ਸਿਨਮੇ ਦੇ ਮਾਲਿਕ ਹਾਊਸ ਫੁੱਲ ਦਾ ਫੱਟਾ ਲਾ ਦਿੰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕੀ ਪਰੋਸੀਜ਼ਰ ਬਣਾਇਆ ਹੈ ਜਾਂ ਬਣਾਉਣਗੇ ਜਿਸ ਨਾਲ ਇਹ ਹੋਵੇ ਕਿ ਐਡਵਾਂਸ ਬੁਕਿੰਗ ਕਿੰਨੀ ਹੋ ਸਕਦੀ ਹੈ, ਕਿਉਂਕਿ ਉਹ ਸਾਰੀ ਐਡਵਾਂਸ ਬੁਕਿੰਗ ਦਿਖਾ ਦਿੰਦੇ ਹਨ। ਇਹ ਸਿਸਟਮ ਚੰਡੀਗੜ੍ਹ ਵਿਚ ਚਾਲੂ ਕੀਤਾ ਸੀ ਅਤੇ ਇਸ ਤੇ ਬੜਾ ਰੌਲਾ ਪਿਆ ਸੀ। 50% ਜਾਂ ਜਿੰਨੀ ਵੀ ਮੁਨਾਸਿਬ ਸਮਝੋ ਕਿ ਇਸ ਤੋਂ ਵੱਧ ਐਡਵਾਂਸ ਬੁਕਿੰਗ ਨਹੀਂ ਹੋ ਸਕਦੀ, ਇਸ ਤਰ੍ਹਾਂ ਕਰ ਦਿਓ ਤਾਂਕਿ ਜਿਹੜੇ ਗਰੀਬ ਲੋਕੀਂ ਸਿਨਮਾ ਦੇਖਣ ਜਾਂਦੇ ਹਨ ਉਨ੍ਹਾਂ ਨੂੰ ਟਿਕਟ ਮਿਲ ਸਕੇ ?

ਵਿੱਤ ਮੰਤਰੀ : ਮੈਨੂੰ ਬੜੀ ਖੁਸ਼ੀ ਹੈ ਕਿ ਮਾਨਯੋਗ ਮੈਂਬਰਾਂ ਨੇ ਸਿਨਮਿਆਂ ਦੇ ਬਾਰੇ ਬੜੀ ਦਿਲਚਸਪੀ ਲਈ ਹੈ ਅਤੇ ਬੜੇ ਚੰਗੇ ਸੁਝਾਓ ਦਿੱਤੇ ਹਨ। ਪੰਜਾਬ ਵਿਚ 162 ਸਿਨਮੇ ਹਨ ਅਤੇ ਉਨ੍ਹਾਂ ਵਿਚ 1 ਲੱਖ 3 ਹਜ਼ਾਰ ਦੀ ਸੀਟਿੰਗ ਕਪੈਸਟੀ ਹੈ।

ਮਾਨਯੋਗ ਮੈਂਬਰਾਂ ਨੇ ਬਲੈਕ ਦਾ ਜ਼ਿਕਰ ਕੀਤਾ ਹੈ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਹੋਮ ਡਿਪਾਰਟਮੈਂਟ ਨਾਲ ਮਿਲਕੇ ਇਸ ਦਾ ਇੰਤਜ਼ਾਮ ਕਰਾਂਗੇ ਕਿਉਂਕਿ ਇਸ ਦਾ ਲਾਅ ਐਂਡ ਆਰਡਰ ਨਾਲ ਵੀ ਤੁਅੱਲਕ ਹੈ। (ਥੰਪਿੰਗ) ਅਸੀਂ ਕੋਸ਼ਿਸ਼ ਕਰਾਂਗੇ ਤਾਂਕਿ ਬਲੈਕ ਨਾ ਹੋਵੇ ਅਤੇ ਲੋਕਾਂ ਨੂੰ ਟਿਕਟਾਂ ਮਿਲ ਸਕਣ।

ਸਿਨਮਿਆਂ ਦੇ ਰੂਲਜ਼ ਦੇ ਮੁਤਾਬਿਕ ਹੀ ਸੀਟਿੰਗ ਕਪੈਸਿਟੀ ਹੈ, ਉਸ ਤੋਂ ਵੱਧ ਉਹ ਸੀਟਿੰਗ ਕਪੈਸਿਟੀ ਬਣਾ ਨਹੀਂ ਸਕਦੇ। ਜਿਹੜਾ ਇਨ੍ਹਾਂ ਰੂਲਜ਼ ਦੀ ਵਾਇਉਲੇਸ਼ਨ ਕਰੇਗਾ ਅਸੀਂ ਉਸਦੇ ਖਿਲਾਫ ਐਕਸ਼ਨ ਲਵਾਂਗੇ। ਜਿਹੜੇ ਸਿਨਮੇ ਬਾਰੇ ਵੀ ਸਾਡੇ ਨੋਟਿਸ ਵਿਚ ਆਵੇਗਾ, ਅਸੀਂ ਉਸਦੇ ਖਿਲਾਫ ਐਕਸ਼ਨ ਲਵਾਂਗੇ। (ਥੰਪਿੰਗ)

ਸਰਦਾਰ ਦਲੀਪ ਸਿੰਘ ਪਾਂਧੀ : ਜਿਹੜੇ ਅਫ਼ਸਰ ਕਰਦੇ ਹਨ, ਉਨ੍ਹਾਂ ਬਾਰੇ ਵੀ ਦੱਸ ਦਿਓ ?

ਵਿੱਤ ਮੰਤਰੀ : ਕੋਈ ਵੀ ਹੋਵੇ, ਭਾਵੇਂ ਅਫ਼ਸਰ ਹੋਵੇ, ਅਸੀਂ ਉਸ ਦੇ ਖਿਲਾਫ ਐਕਸ਼ਨ ਲਵਾਂਗੇ।

ਜਿਥੋਂ ਤੱਕ ਸਿਨਮੇ ਦੀ ਸਫਾਈ ਦਾ ਤੁਅੱਲਕ ਹੈ, ਇਸ ਬਾਰੇ ਸਬੰਧਤ ਡੀ. ਸੀ. ਨੂੰ ਲਾਈਸੈਂਸ ਦੇਣ ਅਤੇ ਕੈਂਸਲ ਕਰਨ ਦਾ ਹੱਕ ਹੈ। ਇਸ ਬਾਰੇ ਆਲਰੈਡੀ ਪਰੋਵੀਜ਼ਨ ਹੈ। ਅਗਰ ਕਿਸੇ ਦਾ

Original with;
Punjab Vidhan Sabha
Digitized by:
Panjab Digital Library

ਲਾਈਸੈਂਸ 3 ਵਾਰ ਸਸਪੈਂਡ ਹੋ ਜਾਵੇ ਤਾਂ ਉਹ ਕੈਂਸਲ ਵੀ ਕਰ ਸਕਦਾ ਹੈ ਗੌਰਮਿੰਟ ਦੀ ਮਰਜ਼ੀ ਨਾਲ। ਅਗਰ ਕੋਈ ਇਸ ਤਰ੍ਹਾਂ ਦੀ ਸ਼ਿਕਾਇਤ ਆਵੇ, 3 ਵਾਰ ਸਸਪੈਂਡ ਹੋ ਜਾਵੇ ਤਾਂ ਅਸੀਂ ਉਸ ਦਾ ਲਾਈਸੈਂਸ ਕੈਂਸਲ ਕਰਨ ਤੋਂ ਗੁਰੇਜ਼ ਨਹੀਂ ਕਰਾਂਗੇ।

ਸਪੀਕਰ ਸਾਹਿਬ ਇਥੇ ਸਰਦਾਰ ਪ੍ਰਿਥੀਪਾਲ ਸਿੰਘ ਜੀ ਨੇ ਅੰਮ੍ਰਿਤਸਰ ਦਾ ਜ਼ਿਕਰ ਕੀਤਾ ਹੈ ਉਸਦਾ ਅਸੀਂ ਖਾਸ ਧਿਆਨ ਰੱਖਾਂਗੇ। ਮੇਰੇ ਕੰਨ ਵਿਚ ਵੀ ਉਹ ਕੁਝ ਕਹਿ ਗਏ ਹਨ। ਅਸੀਂ ਕਿਸੇ ਨੂੰ ਮੁਆਫ ਨਹੀਂ ਕਰਾਂਗੇ।

ਸ਼੍ਰੀ ਸਪੀਕਰ : ਹਾਊਸ ਵਿਚ ਕੋਈ ਪ੍ਰਾਈਵੇਟ ਗਲ ਨਹੀਂ ਹੋ ਸਕਦੀ।

ਵਿੱਤ ਮੰਤਰੀ : ਉਨ੍ਹਾਂ ਨੇ ਮੇਰੇ ਨਜ਼ਦੀਕ ਆਕੇ ਕੋਈ ਗਲ ਕੀਤੀ ਹੈ। ਕਈ ਐਸੀਆਂ ਗੱਲਾਂ ਹੁੰਦੀਆਂ ਹਨ ਜਿਹੜੀਆਂ ਪ੍ਰਸਨਲੀ ਕੀਤੀਆਂ ਜਾਂਦੀਆਂ ਹਨ।

ਚਤਰਥ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਕੋਈ ਹਾਊਸ ਦੀ ਕਮੇਟੀ ਬਣਾਈ ਜਾਵੇ। ਮੈਂ ਸਮਝਦਾ ਹਾਂ ਕਿ ਕਮੇਟੀ ਬਣਾਉਣ ਦੀ ਕੋਈ ਜ਼ਰੂਰਤ ਨਹੀਂ ਹੈ ਕਿਉਂਕਿ ਅਸੀਂ ਸਮਝਦੇ ਹਾਂ ਕਿ ਮੈਂਬਰ ਸਾਹਿਬਾਨ ਨੂੰ ਸਿਨਮਿਆਂ ਵਿਚ ਭੇਜਣ ਦੀ ਜ਼ਰੂਰਤ ਨਹੀਂ ਹੈ।

Mr. Speaker : Question is—

That the Punjab Entertainments Duty (Amendment) Bill be taken into consideration at once.

The motion was carried

Mr. Speaker : Now the House will proceed to consider the Bill Clause by Clause.

Sub-Clause (2) of Clause 1

Mr. Speaker : Question is—

That Sub-Clause (2) of Clause 1 stand part of the Bill.

The motion was carried.

Sardar Dalip Singh Pandhi : Sir, the Minister has not replied to my supplementaries. I have also written letters to the Minister in this connection.

Mr. Speaker : You may send a copy of those letters to me.

Clause 2

Mr. Speaker : Question is—

That Clause 2 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

Clause 3

Mr. Speaker : Question is—

That Clause 3 stand part of the Bill.

The motion was carried.

Sub-Clause (1) of Clause 1

Mr. Speaker : Question is—

That Sub-Clause (1) of Clause 1 stand part of the Bill.

The motion was carried.

Title

Mr. Speaker : Question is—

That Title be the Title of the Bill.

The motion was carried.

Finance Minister: Sir, I beg to move—

That the Punjab Entertainments Duty (Amendment) Bill be passed.

Mr. Speaker : Motion moved—

That the Punjab Entertainments Duty (Amendment) Bill be passed.

Mr. Speaker : Question is—

That the Punjab Entertainments Duty (Amendment) Bill be passed.

The motion was carried.

RESOLUTION UNDER ARTICLE 213/(2) (A) OF THE CONSTITUTION OF INDIA DISAPPROVING THE PUNJAB GENERAL SALES TAX (AMENDMENT) ORDINANCE, 1982 (PUNJAB ORDINANCE NO. 1 OF 1982) AND THE PUNJAB GENERAL SALES TAX (AMENDMENT) BILL, 1982

Sardar Dalip Singh Pandhi : Sir, I beg to move—

That this House disapproves the Punjab General Sales Tax (Amendment) Ordinance, 1982 (Punjab Ordinance No. 1 of 1982).

Mr. Speaker : Motion moved—

That this House disapproves the Punjab General Sales Tax (Amendment) Ordinance, 1982 (Punjab Ordinance No. 1 of 1982).

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213(2)(a) OF THE CONSTITUTION DISAPPROVING THE PUNJAB GENERAL SALES TAX (AMENDMENT) ORDINANCE, 1982 (PUNJAB ORDINANCE NO. 1 OF 1982) AND THE PUNJAB GENERAL SALES TAX (AMENDMENT) BILL, 1982

Finance Minister (Doctor Kewal Krishan) : Sir, I beg to introduce the Punjab General Sales Tax (Amendment) Bill.

Sir, I also beg to move—

That the Punjab General Sales Tax (Amendment) Bill be taken into consideration at once

Mr. Speaker : Motion moved—

That the Punjab General Sales Tax (Amendment) Bill be taken into consideration at once.

Mr. Speaker : The practice in the past has been that the Resolution disapproving the Ordinance and the Bill seeking replacement of the Ordinance are discussed together though voting takes place on each item separately. If the House agrees, the Resolution disapproving the Ordinance and the Bill be discussed together.

(Voices : Yes, yes.)

Mr. Speaker : Both these motions will be discussed together.

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਸਪੀਕਰ ਸਾਹਿਬ, ਜੋ ਪੰਜਾਬ ਜਨਰਲ ਸੇਲਜ਼ ਟੈਕਸ (ਅਮੈਂਡਮੈਂਟ) ਬਿਲ, 1982 ਸਾਡੇ ਸਾਹਮਣੇ ਆਇਆ ਹੈ ਇਸ ਦੀ ਸਪੋਰਟ ਵਾਸਤੇ ਮੈਂ ਖੜ੍ਹਾ ਹੋਇਆ ਹਾਂ। ਇਸ ਦੇ Statement of objects and reasons ਵਿਚ ਇਹ ਲਿਖਿਆ ਹੈ :--

"Amendments of sub-section (3) of section 10 and sub-section (3) of section 26 of the Punjab General Sales Tax Act, 1948 are aimed at plugging loopholes and checking the evasion of sales tax by unscrupulcus dealers.

3.26 ਬਾਅਦ ਦੁਪਹਿਰ | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਟੈਕਸ ਵਿਚ ਚੋਰੀ ਬਹੁਤ ਹੁੰਦੀ ਹੈ ਪਰ ਇਸ ਵਿੱਚ ਡੀਲਰ ਨੂੰ, ਸਾਰਿਆਂ ਡੀਲਰਜ਼ ਨੂੰ ਅਨਸਕਰੂਪਲਸ ਦੱਸਿਆ ਗਿਆ ਹੈ। ਮੇਰਾ ਖਿਆਲ ਹੈ ਕਿ ਐਸੀ ਗਲ ਨਹੀਂ ਹੈ। ਇਸ ਕਰਕੇ ਇਹ ਟੈਕਸ ਇਵੇਜ਼ਨ ਹੁੰਦੀ ਹੈ ਕਿਉਂਕਿ ਟੈਕਸੇਸ਼ਨ ਜ਼ਿਆਦਾ ਹੁੰਦੀ ਜਾ ਰਹੀ ਹੈ। ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਯਾਦ ਹੋਵੇਗਾ ਕਿ ਪਾਰਟੀਸ਼ਨ ਤੋਂ ਪਹਿਲਾਂ ਸਰਕਾਰ ਨੇ 4 ਆਨੇ ਟੈਕਸ ਲਾਇਆ ਸੀ, ਤਾਂ ਉਸਤੇ ਬਹੁਤ ਵੱਡੀ ਐਜੀਟੇਸ਼ਨ ਹੋਈ ਸੀ ਅੰਦਰ ਵਪਾਰੀ ਮੰਡਲ ਦੇ ਪ੍ਰਧਾਨ ਸਵਰਗੀਆ ਸ਼੍ਰੀ ਬਿਹਾਰੀ ਲਾਲ ਚਾਨਣਾ ਦਾ ਜੋ ਐਡਾ ਵਡਾ ਜਲੂਸ ਨਿਕਾਲਿਆ ਗਿਆ ਸੀ ਉਸਦਾ ਮੁਕਾਬਲਾ ਨਹੀਂ ਸੀ। ਇਸ ਦੇ ਬਾਰੇ ਇਕ ਮਹੀਨਾ ਹੜਤਾਲ ਰਹੀ ਸੀ। ਇਸ ਤੋਂ ਬਾਅਦ ਤਕਸੀਮ ਹੋ ਗਈ ਅੰਰ ਫਿਰ ਅਸੀਂ ਇਧਰ ਆ ਗਏ। ਇਧਰ ਆਉਣ ਨਾਲ ਸੈਂਟਰ ਦੀ ਸਰਕਾਰ ਨੂੰ, ਪੰਜਾਬ ਦੀ ਸਰਕਾਰ ਨੂੰ ਫਾਈਨਾਂਸਿਜ਼ ਚਾਹੀਦੇ ਸੀ। ਤੁਹਾਨੂੰ ਪਤਾ ਹੈ ਕਿ ਫਾਈਨਾਂਸਿਜ਼ ਦਾ ਕੋਈ ਨਾ ਕੋਈ ਤਰੀਕਾ ਜੋ ਹੁੰਦਾ ਹੈ ਉਹ ਟੈਕਸੇਸ਼ਨ ਦਾ ਮਾੜਾ ਮੋਟਾ ਚਲਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਹੈ ਪਰ ਜੇ ਸਾਰਾ ਬਰਡਨ ਹੀ ਵਪਾਰੀ ਤੇ, ਮੈਨੂਫੈਕਚਰਰ ਤੇ ਹੀ ਪ ਜਾਵੇ ਤਾਂ ਬੜੀ ਮੁਸ਼ਕਿਲ ਹੁੰਦੀ ਹੈ। ਤੁਹਾਡੇ ਸਾਹਮਣੇ ਕਿਥੇ 4 ਆਨੇ ਸੌ ਰੁਪਏ ਪਿਛੇ ਟੈਕਸ ਸੀ ਅਤੇ ਕਿਥੇ ਹੁਣ ਘੱਟ ਤੋਂ ਘੱਟ 4 ਰੁਪਏ ਅਤੇ ਵੱਧ ਤੋਂ ਵੱਧ 14 ਰੁਪਏ ਸੌ ਪਿੱਛੇ ਟੈਕਸ ਹੋ ਗਿਆ ਹੈ ਅੋਰ ਬਹੁਤ ਸਾਰਾ ਬਰਡਨ ਵਪਾਰੀ ਅੋਰ ਕਾਰਖਾਨੇਦਾਰ ਤੇ ਪਿਆ ਹੈ। ਮੇਰੀ ਬੇਨਤੀ ਹੈ ਕਿ ਅਗਰ ਇਹ ਬਰਡਨ ਵੰਡਿਆ ਜਾਵੇ ਤਾਂ ਜ਼ਿਆਦਾ ਮੁਨਾਸਿਬ ਹੈ। ਫਿਰ ਚੋਰੀ ਜਿਹੜੀ ਟੈਕਸ ਵਿਚ ਹੁੰਦੀ ਹੈ ਉਹ ਵੀ ਆਪ ਨੂੰ ਪਤਾ ਹੈ ਕਿ ਵਪਾਰੀ ਜਾਂ ਦੂਸਰਾ ਕੋਈ ਇਕੱਲਾ ਨਹੀਂ ਕਰ ਸਕਦਾ, ਉਸ ਦੇ ਨਾਲ ਮੁਲਾਜ਼ਮਾਂ ਦੀ ਮਿਲੀ-ਭਗਤ ਹੁੰਦੀ ਹੈ। ਜਿਹੜੀ ਟੈਕਸੇਸ਼ਨ ਹੈ ਉਹ 90% ਕਾਰਖਾਨੇਦਾਰ ਅੋਰ ਵਪਾਰੀ ਤੇ ਹੈ। ਤੁਸੀਂ ਦੇਖਿਆ ਹੈ ਕਿ ਐਗਰੀਕਲਚਰ ਤੇ ਕੋਈ ਕਿਸੇ ਕਿਸਮ ਦਾ ਟੈਕਸ ਨਹੀਂ ਲੇਕਿਨ ਆਮਦਨੀ ਇਤਨੀ ਹੋ ਗਈ ਹੈ ਜਿਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਅੱਜ ਜੋ ਬੈਂਕਾਂ ਵਿਚ ਫਿਕਸਡ ਡਿਪਾਜ਼ਿਟਸ ਹਨ ਉਹ 450 ਕਰੋੜ ਰੁਪਏ ਦੇ ਕਰੀਬ ਵਡੇ ਵਡੇ ਜ਼ਿਮੀਦਾਰਾਂ ਦੇ ਹਨ ਲੇਕਿਨ ਵਪਾਰੀ ਦੇ ਫਿਕਸਡ ਡਿਪਾਜ਼ਿਟਸ ਤੁਹਾਨੂੰ ਕਿਧਰੇ ਨਹੀਂ ਲਭਣਗੇ। ਡਿਪਟੀ ਸਪੀਕਰ ਸਾਹਿਬ, ਦੋ ਚੀਜ਼ਾਂ ਹਨ। ਇਕ ਤਾਂ ਵਪਾਰੀਆਂ ਦੇ ਨਾਲ ਮੁਲਾਜ਼ਮ ਰਲ ਗਏ ਹਨ ਤਾਂ ਟੈਕਸ ਦੀ ਚੋਰੀ ਹੁੰਦੀ ਹੈ ਅਤੇ ਦੂਸਰਾ ਐਗਰੀਕਲਚਰ ਪ੍ਰੋਡਿਊਸ ਤੇ ਕੋਈ ਟੈਕਸ ਨਹੀਂ ਜਿਸ ਕਰਕੇ ਸਾਰਾ ਟੈਕਸ ਇਕ ਤਬਕੇ ਤੋਂ ਇਕੱਠਾ ਹੁੰਦਾ ਹੈ ਤਾਂ ਇਸ ਤਰ੍ਹਾਂ ਦੀ ਗਲ ਹੁੰਦੀ ਹੈ। ਅਸੀਂ ਚਾਹੁੰਦੇ ਹਾਂ ਕਿ ਟੈਕਸੇਸ਼ਨ ਵਿੱਚ ਥੋੜ੍ਹਾ ਬਹੁਤ ਬਰਡਨ ਜ਼ਰੂਰ ਦੂਸਰੇ ਪਾਸੇ ਸ਼ਿਫਟ ਹੋਣਾ ਚਾਹੀਦਾ ਹੈ ਤਾਂਕਿ ਵਪਾਰੀ, ਇਕ ਤਾਂ ਵੈਸੇ ਹੀ ਬਦਨਾਮ ਹੋ ਚਿਹਾ ਹੈ ਤੇ ਬਰਡਨ ਘਟ ਸਕੇ। ਫਿਰ ਤੁਸੀਂ ਦੇਖੋ ਕਿ ਉਸ ਨੂੰ ਟੈਕਸਾਂ ਦੇ ਲਈ ਕਿੰਨੀ ਕਿਸਮ ਦੇ ਫਾਰਮ ਯੂਜ਼ ਕਰਨੇ ਪੈਂਦੇ ਹਨ, ਕਿਨੀਆਂ ਉਸਦੀਆਂ ਇੰਸਪੈਕਸ਼ਨਜ਼ ਹੁੰਦੀਆਂ ਹਨ। ਹਰ ਵੇਲੇ ਇੰਨਸਪੈਕਟਰਜ਼ ਉਨ੍ਹਾਂ ਤੇ ਰੇਡ ਕਰਦੇ ਰਹਿੰਦੇ ਹਨ ਚਾਹੇ ਕੋਈ ਰਜਿਸਟਰਡ ਡੀਲਰ ਹੈ, ਚਾਹੇ ਕੋਈ ਅਨਰਜਿਸਟਰਡ ਡੀਲਰ ਹੈ। ਇਸ ਵਾਸਤੇ ਇਥੇ ਇਹ ਬਹੁਤ ਪ੍ਰਾਬਲਮ ਹੈ। ਹੁਣ ਡਾਕਟਰ ਸਾਹਿਬ ਨੇ ਬਜਟ ਵਿਚ ਇਕ ਪਰਸੈਂਟ ਸੇਲਜ਼ ਟੈਕਸ ਵਧਾਇਆ ਹੈ। ਠੀਕ ਹੈ ਸਾਨੂੰ ਪੈਸੇ ਦੀ ਲੋੜ ਹੈ, ਟੈਕਸੇਸ਼ਨ ਕਰਨੀ ਹੈ। ਮੇਰੇ ਲੁਧਿਆਣਾ ਵਿਚ ਪਾਰਟੀਸ਼ਨ ਤੋਂ ਬਾਅਦ ਸਾਈਕਲ ਇੰਡਸਟਰੀ ਸ਼ੁਰੂ ਹੋਈ ਸੀ। ਇਹ ਛੋਟੇ ਲੈਵਲ ਤੋਂ ਸ਼ੁਰੂ ਹੋਈ ਹੁਣ ਬਹੁਤ ਵੱਡੇ ਲੈਵਲ ਤਕ ਪਹੁੰਚ ਚੁਕੀ ਹੈ। ਇਥੇ ਕੋਈ ਚਾਰ ਪੰਜ ਹਜ਼ਾਰ ਦੇ ਕਰੀਬ ਛੋਟੇ ਮੋਟੇ ਕਾਰਖਾਨੇ ਹਨ ਜਿਹੜੇ ਕਿ ਸਾਈਕਲਾਂ ਦੇ ਪੁਰਜ਼ੇ ਬਣਾਉਂਦੇ ਹਨ। ਉਨ੍ਹਾਂ ਤੇ ਸੇਲਜ਼ ਟੈਕਸ ਦਾ ਬਹੁਤ ਬਰਡਨ ਪਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਕਈ ਰਿਟਰਨਜ਼ ਦੇਣੀਆਂ ਪੈਂਦੀਆਂ ਹਨ। ਇਸ ਇਕ ਪਰਸੈਂਟ ਵਾਧੂ ਸੇਲਜ਼ ਟੈਕਸ ਦੇ ਬਾਰੇ ਉਨ੍ਹਾਂ ਦੀ ਐਸੋਸੀਏਸ਼ਨ ਨੇ ਇਕ ਮੀਟਿੰਗ ਕੀਤੀ ਸੀ। ਉਨ੍ਹਾਂ ਵਿਚ ਇਕ ਯੂਨਾਈਟਿਡ ਸਾਈਕਲ ਐਂਡ ਪਾਰਟਸ ਮੈਨੂੰਫੈਕਚਰਰਜ਼ ਐਸੋਸੀਏਸ਼ਨ, ਲੁਧਿਆਣਾ ਸਾਈਕਲ ਐਂਡ ਪਾਰਟਸ ਸਪਲਾਇਰਜ਼ ਐਸੋਸੀਏਸ਼ਨ ਹੋਲਸੇਲ ਸਾਈਕਲ ਡੀਲਰਜ਼ ਐਸੋਸੀਏਸ਼ਨ, ਪੰਜਾਬ ਸਿਊਂਗ ਮਸ਼ੀਨ ਇੰਡਸਟਰੀਜ਼ ਐਸੋਸੀਏਸ਼ਨ ਨੱਟ ਬੋਲਟਸ ਐਸੋਸੀਏਸ਼ਨ ਅਤੇ ਸਾਈਕਲ ਪਾਰਟਸ ਸਪਲਾਇਰਜ਼ ਐਸੋਸੀਏਸ਼ਨ ਨੇ ਇਕ ਮੈਮੋਰੰਡਮ ਸਰਕਾਰ ਨੂੰ ਭੇਜਿਆ ਸੀ, ਉਸ ਤੇ ਗੌਰ ਕਰਨ ਦੀ ਲੋੜ ਹੈ। ਉਨ੍ਹਾਂ ਨੇ ਦਸਿਆ ਹੈ ਕਿ ਇਹ ਜਿਹੜੇ ਸਾਈਕਲ ਬਣਦੇ ਹਨ ਉਨ੍ਹਾਂ ਵਿਚੋਂ 90% ਬਾਹਰ ਜਾਂ ਫਾਰਨ ਵਿਚ ਚਲੇ ਜਾਂਦੇ ਹਨ, ਬਾਕੀ 10% ਇਥੇ ਪੰਜਾਬ ਵਿਚ ਵਿਕਦੇ ਹਨ। ਇਸ ਦੇ ਨਾਲ ਹੀ ਤੁਸੀਂ ਵੇਖਿਆ ਹੈ ਕਿ ਇਸ ਵਕਤ ਸਾਈਕਲ ਸਭ ਨਾਲੋਂ ਇਕ ਚੀਪ ਸਵਾਰੀ ਹੈ। ਇਹ ਇਕ ਛੋਟੇ ਜ਼ਿਮੀਂਦਾਰ ਦੀ ਅਤੇ ਗਰੀਬ ਦੀ ਸਵਾਰੀ ਹੈ, ਇਸ ਤੇ ਜਿਹੜਾ ਸੇਲਜ਼ ਟੈਕਸ ਵਧਾਇਆ ਜਾ ਰਿਹਾ ਹੈ ਇਹ ਉਨ੍ਹਾਂ ਗਰੀਬਾਂ ਤੇ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਮਹਾਂਰਾਸ਼ਟਰਾ ਵਿਚ ਇਸ ਤੇ 1% ਰਹਿ ਗਿਆ ਹੈ, ਚਾਹੇ ਸਾਈਕਲ ਹੈ ਜਾਂ

Original with;
Punjab Vidhan Sabha
Digitized by;
Panjab Digital Library

ਸਾਈਕਲ ਪਾਰਟ ਹੈ, ਚਾਹੇ ਰਜਿਸਟਰਡ ਡੀਲਰ ਹੈ, ਚਾਹੇ ਅਨਰਜਿਸਟਰਡ ਡੀਲਰ ਹੈ। ਬਾਕੀ 'ਸੀ' ਫਾਰਮ ਵਗੈਰਾ ਨਹੀਂ ਲੈ ਜਾਂਦੇ, ਮਾਲ ਲੈ ਜਾਂਦੇ, ਜਿਹਾ ਡੈਕਲੇਰੇਸ਼ਨ ਲੈ ਲੈਂਦੇ ਹਨ। ਇਸੇ ਤਰ੍ਹਾਂ ਤਾਮਿਲਨਾਡੂ ਵਿਚ ਵੀ ਇਕ ਪਰਸੈਂਟ ਹੈ। ਤੁਹਾਨੂੰ ਪਤਾ ਹੋਵੇਗਾ ਕਿ ਪੰਜਾਬ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਜਦੋਂ ਚੀਫ ਮਨਿਸਟਰ ਸਨ, ਸੈਂਟਰਲ ਐਕਸਾਈਜ਼ ਬੰਦ ਕਰਾਈ ਸੀ ਨਟਾਂ ਤੇ ਐਕਸਾਈਜ਼ ਬੰਦ ਕਰ ਦਿਤੀ। ਇਹ ਚੀਜ਼ ਗਰੀਬ ਮਜ਼ਦੂਰ ਹਰੀਜਨ ਕੋਲੋਂ ਲੈਣੀ ਹੈ। ਉਨ੍ਹਾਂ ਕੋਲ ਅਗੇ ਕੋਈ ਕਨਵੇਐਂਸ ਨਹੀਂ ਸੀ। ਹੁਣ ਕਮ-ਅਜ਼-ਕਮ ਉਸ ਕੋਲ ਇਕ ਸਾਈਕਲ ਹੁੰਦਾ ਹੈ ਜਿਸ ਤੇ ਉਹ 10, 15 ਕਿਲੋਮੀਟਰ ਸਫਰ ਕਰਕੇ ਘਰੋਂ ਆ ਜਾਂਦਾ ਹੈ ਅਤੇ ਸ਼ਾਮ ਨੂੰ ਵਾਪਸ ਚਲਾ ਜਾਂਦਾ ਹੈ। ਇਸ ਲਈ ਅਰਜ਼ ਹੈ ਕਿ ਉਨ੍ਹਾਂ ਦਾ ਇਹ ਮੈਮੋਰੰਡਮ ਕੰਸਿਡਰ ਕੀਤਾ ਜਾਵੇ। ਇਕ ਹੋਰ ਚੀਜ਼ ਹੈ, ਕਿਤੇ 10% ਹੈ, ਕਿਤੇ 7% ਹੈ, ਕਿਤੇ 6% ਹੈ, ਇਹ ਟੋਟਲ ਕੋਈ 14% ਹੋ ਜਾਂਦਾ ਹੈ, ਇਸ ਦੀ ਯੂਨੀਫਰਮਿਟੀ ਹੋਣੀ ਚਾਹੀਦੀ ਹੈ। ਫਿਰ ਜਿਹੜੀਆਂ ਰਿਟਰਨਜ਼ ਹਨ ਕੋਈ 'ਸੀ' ਫਾਰਮ ਹੈ, ਕੋਈ 'ਡੀ' ਫਾਰਮ ਹੈ, ਕੋਈ ਐਸ. ਟੀ. ਹੈ, ਕੋਈ 22 ਨੰਬਰ ਹੈ, ਇਹ ਬਹੁਤ ਜ਼ਿਆਦਾ ਵਧ ਗਈ ਹਨ। ਇਨ੍ਹਾਂ ਨੂੰ ਘਟਾਇਆ ਜਾਵੇ। ਪਹਿਲਾਂ ਪਰਚੇਜ਼ ਸਟੇਟਮੈਂਟ ਨਹੀਂ ਸੀ ਦਿਤੀ ਜਾਂਦੀ, ਉਹ ਸੇਲਜ਼ ਵਾਲੇ ਦਿੰਦੇ ਸਨ, ਹੁਣ ਕਰ ਦਿਤਾ ਹੈ ਕਿ ਉਹ ਸਾਰੇ ਦੇਣ ਜਿਹੜੇ ਰਜਿਸਟਰਡ ਡੀਲਰ ਹਨ। ਹੁਣ ਪਰਚੇਜ਼ ਦੀ ਸਟੇਟਮੈਂਟ ਵੀ ਨਾਲ ਨੱਥੀ ਕਰਨੀ ਪਏਗੀ, ਰੀਜ਼ਨ ਇਹ ਦਿਤਾ ਹੈ ਕਿ ਸੇਲਜ਼ ਟੈਕਸ ਦੇ ਲੂਪ ਹੋਲਜ਼ ਨੂੰ ਬੰਦ ਕੀਤਾ ਹੈ ਪਰ ਇਸ ਨਾਲ ਉਨ੍ਹਾਂ ਕੋਲ ਕੰਮ ਬਹੁਤ ਵਧ ਗਿਆ ਹੈ। ਜਿਹੜੇ ਸੇਲਜ਼ ਟੈਕਸ ਦੇ ਮਹਿਕਮੇਂ ਵਾਲੇ ਹਨ ਉਹ ਡੀਲ ਕਰਦੇ ਹਨ ਅਤੇ ਚੈਕਿੰਗ ਕਰਦੇ ਹਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਹੜਾ ਸੇਲਜ਼ ਟੈਕਸ ਹੈ, ਜਿਹੜੀਆਂ ਚੀਜ਼ਾਂ ਇਥੇ ਅਸੀਂ ਪ੍ਰੋਡਿਊਸ ਕਰਦੇ ਹਾਂ, ਮੈਨੂੰਫੈਕਚਰ ਕਰਦੇ ਹਾਂ, ਉਨ੍ਹਾਂ ਤੇ ਲਗਦਾ ਹੈ। ਸਾਡੇ ਲੁਧਿਆਣੇ ਨੂੰ ਮਾਨਚੈਸਟਰ ਕਿਹਾ ਜਾਂਦਾ ਸੀ। ਪਰ ਹੁਣ ਸਾਡੀ ਇੰਡਸਟਰੀ ਤਾਮਿਲਨਾਡੂ, ਮਹਾਂਰਾਸ਼ਟਰਾ, ਆਂਧਰਾ ਆਦਿ ਪ੍ਰਦੇਸ਼ਾਂ ਵਿਚ ਸ਼ਿਫਟ ਹੋ ਰਹੀ ਹੈ ਕਿਉਂਕਿ ਉਥੇ ਬਹੁਤ ਸਾਰੀਆਂ ਫੈਸਿਲਿਟੀਜ਼ ਦਿਤੀਆਂ ਜਾ ਰਹੀਆਂ ਹਨ। ਇਹ ਜਿਹੜੇ ਟੈਕਸਿਜ਼ ਹਨ ਇਨਕਮ ਟੈਕਸ ਹੈ, ਸੇਲਜ਼ ਟੈਕਸ ਹੈ ਜਾਂ ਐਕਸਾਈਜ਼ ਹੈ, ਕੋਈ 90% ਵਪਾਰੀਆਂ ਅੱਜ ਮੈਨੂਫੈਕਚਰਰਜ਼ ਤੇ ਪੈ ਰਿਹਾ ਹੈ। ਮੇਰੀ ਬੇਨਤੀ ਹੈ ਕਿ ਅਸੀਂ ਟੈਕਸ ਲਾਉਣੇ ਹਨ, ਫਾਈਨਾਂਸਿੰਜ਼ ਪੈਦਾ ਕਰਨੇ ਹਨ, ਮਗਰ ਜਿੰਨਾ ਆਸਾਨ ਤੋਂ ਆਸਾਨ ਕੰਮ ਹੋ ਸਕਦਾ ਹੈ, ਕੀਤਾ ਜਾਵੇ। ਸਾਡੇ ਇਥੇ ਗਲ ਚਲਦੀ ਸੀ ਕਿ ਇਨਸਪੈਕਟਰ ਥੋੜ੍ਹੇ ਕਰ ਦਿਆਂਗੇ, ਪਰ ਦੋ ਸਾਲ ਹੋ ਗਏ ਹਨ ਇਸ ਬਾਰੇ ਕੋਈ ਗੱਲ ਸਾਹਮਣੇ ਨਹੀਂ ਹੈ ਕਿ ਕਿਸ ਤਰ੍ਹਾਂ ਇਨਸਪੈਕਟਰ ਕਮ ਕਰਨੇ ਹਨ। ਵਪਾਰੀਆਂ ਨੂੰ ਇਨ੍ਹਾਂ ਤੋਂ ਬੜੀ ਪਰੇਸ਼ਾਨੀ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਕਈ ਵਾਰੀ ਰਜਿਸਟਰਡ ਡੀਲਰ ਦਾ ਮਾਲ ਜਾਂਦਾ ਹੋਇਆ ਇਨਸਪੈਕਟਰ ਫੜ ਲੈਂਦਾ ਹੈ, ਵਪਾਰੀ ਘਬਰਾ ਜਾਂਦਾ ਹੈ ਉਹ ਪੈਸੇ ਦੇ ਕੇ ਖਹਿੜਾ ਛੁਡਾਉਂਦਾ ਹੈ। ਇਨ੍ਹਾਂ ਚੀਜ਼ਾਂ ਨੂੰ ਰੋਕਣ ਵਾਸਤੇ ਕੁਝ ਕਰਨਾ ਚਾਹੀਦਾ ਹੈ। ਦੂਸਰਾ ਵਪਾਰੀ ਜਿਹੜਾ ਇਤਨਾ ਟੈਕਸ ਦਿੰਦਾ ਹੈ ਉਸ ਦਾ ਅਸੀਂ ਕੁਝ ਇਜ਼ਤ ਮਾਣ ਵੀ ਕਰਿਆ ਕਰੀਏ। ਇਨਸਪੈਕਟਰ ਗਲ ਪਏ ਹੋਏ ਹਨ, ਅਫਸਰ ਵੀ ਉਨ੍ਹਾਂ ਦੇ ਗਲ ਪਏ ਹੋਏ ਹਨ; ਅਸੀਂ ਪੁਲੀਟੀਕਲ ਬੰਦੇ ਵੀ ਉਨ੍ਹਾਂ ਦੇ ਗਲ ਪਏ ਰਹਿੰਦੇ ਹਾਂ; ਇਸ ਚੀਜ਼ ਨੂੰ ਐਵਾਇਡ ਕਰਨਾ ਚਾਹੀਦਾ ਹੈ।

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਪੰਜਾਬ ਸੇਲਜ਼ ਟੈਕਸ (ਅਮੈਂਡਮੈਂਟ) ਬਿਲ, 1982 ਤੇ ਬੋਲ ਰਿਹਾ ਹਾਂ। ਮੇਰੀ ਅਰਜ਼ ਹੈ ਕਿ ਇਹ ਟੈਕਸ ਮੁੱਢਲੇ

Original with;
Punjab Vidhan Sabha
Digitized by:
Panjab Digital Library

[ਮਾਸਟਰ ਬਾਬੂ ਸਿੰਘ]

ਪੜਾਅ ਤੇ ਹੀ ਲਾਇਆ ਜਾਏ ਨਹੀਂ ਤਾਂ ਸੇਲ ਅਤੇ ਪਰਚੇਜ਼ ਕਰਨ ਵਾਲਿਆਂ ਦੋਨਾਂ ਨੂੰ ਦਿਕਤਾਂ ਆਉਂਦੀਆਂ ਹਨ। ਦੂਸਰੀ ਗੱਲ ਹੈ ਕਿ ਟੈਕਸ ਗਰੇਡਿਡ ਹੋਣਾ ਚਾਹੀਦਾ ਹੈ। ਗੁਪਤਾ ਜੀ ਨੇ ਬੜਾ ਸੁਹਣਾ ਪੁਆਇੰਟ ਰੇਜ਼ ਕੀਤਾ ਹੈ ਕਿ ਸਾਈਕਲ ਦੇ ਜਿਹੜੇ ਪੁਰਜੇ ਹਨ ਉਨ੍ਹਾਂ ਤੇ ਇਹ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਈਕਲ ਕੋਈ ਬਿਰਲੇ ਟਾਂਵੇ ਨਹੀਂ ਵਰਤਦੇ, ਇਹ ਤਾਂ ਗਰੀਬ ਹਰੀਜਨ, ਕਿਸਾਨ ਤੇ ਲੇਬਰ ਹੀ ਵਰਤੋਂ ਕਰਦੇ ਹਨ। ਜੇ ਵਾਕਈ ਦੂਜੀਆਂ ਸਟੇਟਾਂ ਮਹਾਂਰਾਸ਼ਟਰਾ, ਤਾਮਿਲਨਾਡੂ ਆਦਿ ਵਿਚ ਇਕ ਪਰਸੈਂਟ ਹੈ ਤਾਂ ਸਾਨੂੰ ਵੀ ਰਿਲੀਫ ਜ਼ਰੂਰ ਦੇਣਾ ਚਾਹੀਦਾ ਹੈ ਜਾਂ ਗਰੇਡਿਡ ਟੈਕਸ ਲਾ ਦਿਓ ਇਸ ਵਿਚ ਕੋਈ ਘਾਟੇ ਵਿਚ ਨਹੀਂ ਰਹਿੰਦਾ। ਗੁਪਤਾ ਜੀ ਇਹ ਵੀ ਇਸ਼ਾਰਾ ਕਰ ਗਏ ਹਨ ਕਿ ਅਸੀਂ ਵੀ ਪੁਲੀਟੀਕਲ ਬੰਦੇ ਉਨ੍ਹਾਂ ਦੇ ਗਲ ਪਏ ਹੋਏ ਹਾਂ, ਮਤਲਬ ਇਹ ਹੈ ਕਿ ਜਦੋਂ ਕੋਈ ਰਾਜਸੀ ਪਾਰਟੀ ਕੁਝ ਕਰਦੀ ਹੈ ਤਾਂ ਫੰਡਜ਼ ਲੈਂਦੇ ਹਾਂ। ਹੁਣ ਇਕ ਨਵੀਂ ਹਰਡਲ ਪੈਦਾ ਕਰ ਦਿਤੀ ਹੈ ਕਿ ਜਿਹੜਾ ਚੀਜ਼ ਪਰਚੇਜ਼ ਕਰਨ ਵਾਲਾ ਹੈ ਉਹ ਵੀ ਪਰਚੇਜ਼ ਦੀ ਲਿਸਟ ਨਾਲ ਲਾਵੇ। ਉਸ ਦੇ ਨਾਲ ਸੇਲ ਵਾਲਾ ਵੀ ਲਿਸਟ ਲਾਵੇ ਫਿਰ ਕੰਪਿਊਟਰਾਈਜ਼ੇਸਨ ਹੁੰਦੀ ਰਹੇਗੀ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਇਸ ਉਲਝਣ ਵਿਚ ਹੀ ਪਏ ਰਹਿਣਾ ਹੈ। ਐਸੀ ਪਾਲਿਸੀ ਅਪਣਾਓ ਅਤੇ ਗਰੇਡਿਡ ਟੈਕਸ ਲਗਾਓ, ਚਾਹੇ ਇੰਡਾਇਰੈਕਟ ਹੋਵੇ ਚਾਹੇ ਡਾਇਰੈਕਟ ਹੋਵੇ। ਇਹ ਜਿਹੜੇ ਸੈਲਰਜ਼ ਹਨ ਇਹ ਕੁਲੈਕਟਿੰਗ ਏਜੰਸੀ ਹੈ, ਉਹ ਪੈਸੇ ਇਕੱਠੇ ਕਰਕੇ ਦਿੰਦੇ ਹਨ। ਦੂਸਰੇ ਇਹ ਜਿਹੜੇ ਅਫਸਰ ਹਨ ਜਿੰਨਾ ਮਰਜ਼ੀ ਆਏ, ਘੱਖ ਲੈਣ, ਉਨ੍ਹਾਂ ਨੇ ਲੰਡਿਆਂ ਵਿਚ ਲਿਖ ਕੇ ਜਾਂ 2, 3 ਬਹੀਆਂ ਖੋਲ੍ਹ ਕੇ ਆਪਣਾ ਉਲੂ ਸਿਧਾ ਕਰ ਲੈਂਦਾ ਹੈ ਔਰ ਅਫਸਰ ਦੇ ਪੰਜੇ ਤੋਂ ਬਚ ਜਾਂਦੇ ਹਨ। ਜਿਹੜਾ ਇਹ ਹੈ ਕਿ ਕਿਹੜੀ ਫਰਮ ਤੋਂ ਮਾਲ ਲਿਆ ਹੈ ਇਥੇ ਹਜ਼ਾਰਾਂ, ਸੈਂਕੜੇ ਫਰਮਾਂ ਹਨ। ਬਹੁਤ ਸਾਰੀਆਂ ਬੋਗਸ ਫਰਮਾਂ ਹਨ ਜਿਨ੍ਹਾਂ ਨੇ ਸੇਲਜ਼ ਟੈਕਸ ਦੀ ਚੋਰੀ ਕਰਨੀ ਹੈ। ਉਸ ਨੇ ਕਿਸੇ ਬੋਗਸ ਫਰਮ ਦਾ ਨਾਂ ਦੇ ਦੇਣਾ ਹੈ ਔਰ ਡਿਡਕਟ ਕਰੀ ਜਾਵੋ। ਨਾ ਇਸ ਨਾਲ ਪੰਜਾਬ ਦਾ ਭਲਾ ਹੋ ਸਕਦਾ ਹੈ ਅਤੇ ਨਾ ਹੀ ਕੋਈ ਹੋਰ। ਬਾਕੀ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਗਰੇਡਿਡ ਟੈਕਸ ਹੋਵੇ ਭਾਵੇਂ ਆਮਦਨ ਦੇ ਲਿਹਾਜ਼ ਨਾਲ ਟੈਕਸ ਲਾਇਆ ਜਾਵੇ। ਅਰਬਾਂ ਰੁਪਏ ਪਏ ਹਨ ਟਾਟਾ ਬਿਰਲਾ ਕੋਲ ਏਰੀਆਰਜ਼ ਆਫ ਟੈਕਸਿਜ਼ ਦੇ। ਅਖਬਾਰ ਵਿਚ ਆਇਆ ਸੀ ਕਿ 10 ਕਰੋੜ ਰੁਪਿਆ ਇਕ ਸੇਠ ਵਲ ਬਕਾਇਆ ਪਿਆ ਹੈ ਇਨਕਮ ਟੈਕਸ ਦਾ। ਇਸੇ ਤਰ੍ਹਾਂ ਹਰ ਕਿਸਮ ਦੇ ਟੈਕਸਿਜ਼ ਦੇ ਏਰੀਅਰਜ਼ ਹਨ, ਜੇਕਰ ਉਗਰਾਹੀ ਕੀਤੀ ਜਾਵੇ ਤਾਂ ਪੰਜਾਬ ਵਿਚ ਕਈ ਭਾਖੜਾ ਡੈਮ ਅਤੇ ਅਟਾਮਿਕ ਪਲਾਂਟਸ ਲਗ ਸਕਦੇ ਹਨ ਅਤੇ ਸੈਂਟਰ ਵਿਚ ਵੀ ਲਗ ਸਕਦੇ ਹਨ, ਪਰ ਇਧਰ ਕੋਈ ਧਿਆਨ ਨਹੀਂ ਦਿੰਦਾ। ਇਕ ਤਾਂ ਇਹ ਮੁਢਲੇ ਪੜਾਅ ਤੇ ਹੋਣਾ ਚਾਹੀਦਾ ਹੈ। ਰੋਡਵੇਜ਼ ਦੀਆਂ ਬੱਸਾਂ ਹਨ, ਕਾਰਪੋਰੇਸ਼ਨ ਦੀਆਂ ਬੱਸਾਂ ਹਨ, ਉਨ੍ਹਾਂ ਦੀਆਂ ਟਿਕਟਾਂ ਤੇ ਟੈਕਸ ਛਪਿਆ ਹੋਇਆ ਹੁੰਦਾ ਹੈ ਪਰ ਜਿਹੜੀਆਂ ਪਰਾਈਵੇਟ ਬੱਸਾਂ ਵਾਲੇ ਹਨ ਉਹ ਟੈਕਸ ਲਾਉਂਦੇ ਹੀ ਨਹੀਂ ਤੁਸੀਂ ਕਦੇ ਆਪ ਉਨ੍ਹਾਂ ਵਿਚ ਸਫਰ ਕਰਕੇ ਵੇਖ ਲਵੋ, ਪਤਾ ਲਗ ਜਾਏਗਾ ਕਿ ਜਿਹੜੀ ਉਹ ਟਿਕਟ ਦਿੰਦੇ ਹਨ ਉਸ ਤੇ ਟੈਕਸ ਲੱਗਾ ਹੀ ਨਹੀਂ ਹੁੰਦਾ। ਸਰਕਾਰ ਦਾ, ਪ੍ਰੈਸ ਦਾ ਕੀ ਖਰਚਾ ਹੋ ਜਾਵੇਗਾ ਜੇ ਇਹ ਟਿਕਟਾਂ ਛਾਪ ਕੇ ਦੇ ਦੇਵੇਗੀ। ਇਸ ਦੇ ਵਿਚ ਚੋਰੀ ਦੀ ਸੰਭਾਵਨਾ ਵੀ ਘੱਟ ਜਾਵੇਗੀ। ਫਿਰ ਜੇ ਚੋਰੀ ਫੜੀ ਜਾਵੇ ਤਾਂ 20,000 ਦੀ ਬਜਾਏ 40,000 ਰੁਪਏ ਜੁਰਮਾਨਾ ਕਰ ਦੇਣ। ਅਫਸਰਾਂ ਨੂੰ ਜਿਹੜੇ ਦੋਸ਼ੀ ਹੋਣ, ਪੀਨਲਾਈਜ਼ ਕਰਨ ਲਈ ਵੀ ਕਲਾਜ਼ ਰਖਣੀ ਚਾਹੀਦੀ ਹੈ। ਬਾਕੀ ਮੁਢਲੇ ਪੜਾਅ ਤੇ ਹੀ ਅਗਰ ਸੇਲਜ਼ ਟੈਕਸ ਲਾ ਦੇਣ ਤਾਂ ਇਸਦੀ ਚੋਰੀ ਦਾ ਨਾ ਡਰ ਰਹੇਗਾ, ਨਾ ਫਿਰ ਕੰਪਿਊਟਰਾਈਜੇਸ਼ਨ ਦੀ ਲੋੜ ਹੋਵੇਗੀ ਅਤੇ ਨਾ ਹੀ ਬੋਗਸ ਫਰਮਾਂ ਅਗੈਸਟ ਕਰਨਗੀਆਂ

Original with;
Punjab Vidhan Sabha
Digitized by;
Panjab Digital Library

ਜੇ ਇਹ ਵਾਕਈ ਇਮਾਨਦਾਰੀ ਨਾਲ ਸੋਚਦੇ ਹਨ ਤਾਂ ਮੁਢਲੇ ਪੜਾਅ ਤੇ ਗਰੇਡਿਡ ਟੈਕਸ ਲਾਉਣਾ ਚਾਹੀਦਾ ਹੈ ਨਹੀਂ ਤਾਂ ਡਾਇਰੈਕਟਲੀ ਜਾਂ ਇਨਡਾਇਰੈਕਟਲੀ ਇਸਦਾ ਭਾਰ ਪੀਲੇ ਕਾਰਡਾਂ ਵਾਲਿਆਂ ਤੇ ਹੀ ਜ਼ਿਆਦਾ ਪੈਂਦਾ ਹੈ। ਇਸ ਤੋਂ ਗਰੀਬ ਆਦਮੀ ਨੂੰ ਰਾਹਤ ਦਿਵਾਉਣੀ ਚਾਹੀਦੀ ਹੈ।

ਸ਼੍ਰੀ ਗੁਰਦਿਆਲ ਸੈਣੀ (ਜਲੰਧਰ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ। ਮੈਂ ਇਸ ਦੀ ਪੁੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਡਾਕਟਰ ਸਾਹਿਬ ਅਤੇ ਇਨ੍ਹਾਂ ਤੇ ਸਰਕਾਰੀ ਨੁਮਾਇੰਦਿਆਂ ਨੇ ਜੋ ਸ਼ਰਾਬ ਦੀ ਪਾਲਿਸੀ ਲਿਆਂਦੀ ਹੈ ਇਸ ਨਾਲ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਦੇਸ਼ ਵਿਚ ਇੱਕ ਮਿਸਾਲ ਪੈਦਾ ਕੀਤੀ ਹੈ।

ਸਰਦਾਰ ਦਲੀਪ ਸਿੰਘ ਪੰਧੀ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਗੁਰਦਿਆਲ ਸੈਣੀ: ਮੈਂ ਇਸ ਗਲ ਦਾ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਜੇ ਉਸ ਆਦਮੀ ਨੇ ਇਕ ਪੈਸੇ ਦੀ ਵੀ ਹੇਰਾ ਫੇਰੀ ਕੀਤੀ ਹੋਵੇ ਤਾਂ ਮੈਂ ਹਾਊਸ ਦੀ ਮੈਂਬਰੀ ਛੱਡ ਦਿਆਂਗਾ ਨਹੀਂ ਤਾਂ ਇਹ ਹਾਊਸ ਦੀ ਮੈਂਬਰੀ ਛੱਡ ਦੇਣ।

ਸਥਾਨਕ ਸਰਕਾਰ ਮੰਤਰੀ: ਡਿਪਟੀ ਸਪੀਕਰ ਸਾਹਿਬ, ਇਸ ਨੂੰ ਸਮਝਾਓ। ਇਹ ਕਦੇ ਤਾਂ ਕੋਈ ਚੰਗੀ ਗਲ ਕਰਿਆ ਕਰਨ। ਇਹ ਹਮੇਸ਼ਾ ਹੀ ਸੜੀ ਹੋਈ ਗਲ ਕਰਦਾ ਹੈ।

ਸ਼੍ਰੀ ਗੁਰਦਿਆਲ ਸੈਣੀ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕੋਲੇ ਦੀ ਮਕ ਆਏ ਜੋ ਕੰਟਰਾਜ਼ ਹੁੰਦੇ ਹਨ ਉਸਦੇ ਵਿਚ ਕੋਈ ਫਰਕ ਦਾ ਪਤਾ ਨਹੀਂ। ਪਤਾ ਨਹੀਂ ਲਾਅ ਇਨ੍ਹਾਂ ਕਿਥੋਂ ਕੀਤੀ ਹੈ। ਮੈਂ ਇਨ੍ਹਾਂ ਨੂੰ ਫਿਰ ਚੈਲੰਜ ਕਰਦਾ ਹਾਂ ਕਿ ਜਾਂ ਤਾਂ ਮੈਂ ਮੈਂਬਰੀ ਛੱਡ ਦਿਆਂਗਾ ਨਹੀਂ ਤਾਂ ਇਹ ਮੈਂਬਰੀ ਛੱਡ ਦੇਣ।

ਡਿਪਟੀ ਸਪੀਕਰ ਸਾਹਿਬ, ਜੋ ਕੁਝ ਸਰਕਾਰ ਨੇ ਇਸ ਵਾਰੀ ਕੀਤਾ ਹੈ, ਸਾਰੇ ਦੇਸ਼ ਵਿੱਚ ਇਸ ਗਲ ਦੀ ਚਰਚਾ ਹੈ ਕਿ ਡਾਕਟਰ ਕੇਵਲ ਕ੍ਰਿਸ਼ਨ ਅਤੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਹ ਸ਼ਰਾਬ ਦੀ ਨਵੀਂ ਪਾਲਿਸੀ ਲਿਆ ਕੇ ਕਮਾਲ ਹੀ ਕਰ ਦਿੱਤਾ ਹੈ। ਇਸ ਨਾਲ ਜਿਹੜਾ 28 ਕਰੋੜ ਰੁਪਿਆ ਆਮਦਨ ਵਿੱਚ ਵਾਧਾ ਹੋਇਆ ਹੈ, ਇਸ ਲਈ ਇਹ ਵਧਾਈ ਦੇ ਪਾਤਰ ਹਨ। ਸ਼ਰਾਬ ਉਪਰ ਸੇਲਜ਼ ਟੈਕਸ ਪਹਿਲਾਂ ਹੀ ਲਗਾ ਦਿੱਤਾ ਹੈ। ਜਿਸ ਤਰ੍ਹਾਂ ਮਾਸਟਰ ਬਾਬੂ ਸਿੰਘ ਜੀ ਨੇ ਦਸਿਆ ਹੈ ਅਗਰ ਹੋਰ ਚੀਜ਼ਾਂ ਤੇ ਵੀ ਟੈਕਸ ਪਹਿਲੇ ਪੜਾਅ ਤੇ ਹੀ ਲਗਾਇਆ ਜਾਵੇ ਤਾਂ ਉਸਦੇ ਨਾਲ ਟੈਕਸ ਦੀ ਚੋਰੀ ਖਤਮ ਹੋ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਦੱਸਣਾ ਚਾਹੁੰਦਾ ਹਾਂ। ਇਹ ਧਿਆਨ ਨਾਲ ਸੁਣੀ ਜਾਣ। ਸਾਡੇ ਪੰਜਾਬ ਵਿੱਚ ਹਾਲੇ ਤਕ 6%

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੁਰਦਿਆਲ ਸੈਣੀ]

ਸੇਲਜ਼ ਟੈਕਸ ਹੈ ਲੇਕਿਨ ਹਰਿਆਣੇ ਵਿੱਚ 7% ਹੈ। ਬਹੁਤ ਸਾਰੇ ਵਪਾਰੀ ਕੀ ਕਰਦੇ ਹਨ ਕਿ ਉਹ ਹਰਿਆਣੇ ਵਿਚੋਂ ਖੱਲ ਖਰੀਦ ਲੈਂਦੇ ਹਨ ਬਗੈਰ ਸੇਲਜ਼ ਟੈਕਸ ਦੇ ਅਤੇ ਉਸਨੂੰ ਪੰਜਾਬ ਵਿਚ ਬੋਗਸ ਨਾਂ ਤੇ ਲਿਆ ਕੇ ਵੇਚ ਦਿੰਦੇ ਹਨ ਅਤੇ ਇਸ ਤਰ੍ਹਾਂ 6% ਇਹ ਮੁਨਾਫਾ ਵੀ ਖਾ ਜਾਂਦੇ ਹਨ। ਸਾਡੀ ਸਰਕਾਰ ਇਸ ਪਾਸੇ ਧਿਆਨ ਦੇਵੇ। ਸਾਡੀ ਸਰਕਾਰ ਨੂੰ ਵੇਖਣਾ ਚਾਹੀਦਾ ਹੈ ਕਿ ਨਾਲ ਦੇ ਸੂਬੇ ਵਿੱਚ ਉਹ ਕਿਸੇ ਚੀਜ਼ ਤੇ ਟੈਕਸ ਨਹੀਂ ਦਿੰਦੇ ਅਤੇ ਬੇਨਾਮੀ ਨਾਵਾਂ ਤੇ ਲਿਆ ਕੇ ਇਥੇ ਵੇਚ ਦਿੰਦੇ ਹਨ। ਲੱਖਾਂ ਰੁਪਏ ਦਾ ਨੁਕਸਾਨ ਸਰਕਾਰ ਨੂੰ ਹੋ ਰਿਹਾ ਹੈ। ਇਸ ਇਕੱਲੀ ਆਈਟਮ ਵਿਚ ਸਰਕਾਰ ਨੂੰ ਬਹੁਤ ਫਾਇਦਾ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਟੈਕਸ ਵਧਾਉਣ ਦੀ ਕੋਈ ਲੋੜ ਨਹੀਂ। ਕਈ ਵਪਾਰੀ ਕੀ ਕਰਦੇ ਹਨ ਕਿ ਉਹ ਇੱਕ ਫਰਮ ਹਰਿਆਣੇ ਵਿੱਚ ਬਣਾ ਲੈਂਦੇ ਹਨ। ਇਕ ਜਲੰਧਰ ਵਿਚ ਅਤੇ ਇਕ ਹਿਮਾਚਲ ਵਿੱਚ। ਹਰਿਆਣੇ ਦੀ ਫਰਮ ਵਿੱਚੋਂ ਮਾਲ ਚੁਕ ਕੇ ਹਿਮਾਚਲ ਵਿੱਚ ਲੈ ਜਾਂਦੇ ਹਨ। ਅਫਸਰ ਜਦੋਂ ਚੈਕ ਕਰਨ ਆਉਂਦੇ ਹਨ ਤਾਂ ਉਨ੍ਹਾਂ ਨੂੰ ਦਸ ਦਿੰਦੇ ਹਨ ਕਿ ਮਾਲ ਹਿਮਾਚਲ ਵਿਚ ਚਲਾ ਗਿਆ ਹੈ ਅਤੇ ਹਿਮਾਚਲ ਵਿੱਚੋਂ ਉਹ ਚੀਜ਼ਾਂ ਜਲੰਧਰ ਲਿਆ ਕੇ ਵੇਚ ਦਿੰਦੇ ਹਨ। ਇਸੇ ਤਰ੍ਹਾਂ ਜਲੰਧਰ ਦੀ ਫਰਮ ਵਿੱਚੋਂ ਮਾਲ ਲੈ ਕੇ ਹਿਮਾਚਲ ਵਿੱਚ ਵੇਚ ਦਿੰਦੇ ਹਨ ਤਿੰਨ ਚਾਰ ਜਗ੍ਹਾ ਹੁਣ ਅਫਸਰ ਕਿਸ ਤਰ੍ਹਾਂ ਉਨ੍ਹਾਂ ਦੇ ਨੰਬਰ ਚੈਕ ਕਰ ਸਕਦੇ ਹਨ। ਕਈ ਬੰਦਿਆਂ ਨੇ ਅਕਾਲੀ ਜਨਤਾ ਸਰਕਾਰ ਤੋਂ ਪੰਜ ਪੰਜ ਛੇ ਛੇ ਰਜਿਸਟਰਡ ਲਾਇਸੈਂਸ ਲਏ ਹਨ। ਮੇਰੇ ਕੋਲ ਇਨ੍ਹਾਂ ਦੇ ਨਾਵਾਂ ਦੀ ਲਿਸਟ ਹੈ, ਮੈਂ ਇਹ ਡਾਕਟਰ ਸਾਹਿਬ ਨੂੰ ਦੇ ਦਿਆਂਗਾ ਕਿ ਕਿਹੜੇ ਕਿਹੜੇ ਆਦਮੀ ਨੇ ਕਿਤਨੇ ਕਿਤਨੇ ਲਾਈਸੈਂਸ ਇਨ੍ਹਾਂ ਦੇ ਰਿਜ਼ੀਮ ਵਿਚ ਲਏ ਹਨ ਅਤੇ ਕਿਸ ਤਰ੍ਹਾਂ ਲੱਖਾਂ ਰੁਪਏ ਦਾ ਘਪਲਾ ਕੀਤਾ ਹੈ। ਇਸ ਵਿਚ ਬਹੁਤ ਸਾਰੇ ਆਦਮੀ ਇਨਵਾਲਵਡ ਹਨ। ਖਾਦੀ ਬੋਰਡ ਵਿਚ ਡੀਲ ਕਰਨ ਵਾਲੀਆਂ ਕਈ ਫਰਮਾਂ ਹਨ ਜਿਨ੍ਹਾਂ ਦੇ ਕੇਸ ਵਿੱਚ ਇਹ ਪ੍ਰੋਵੀਜ਼ਨ ਕੀਤਾ ਗਿਆ ਹੈ ਕਿ ਅਗਰ ਉਹ ਫਰਮਾਂ ਪੰਜ ਲਖ ਦੀ ਸੇਲ ਕਰਨ ਤਾਂ ਕੋਈ ਸੇਲਜ਼ ਟੈਕਸ ਨਹੀਂ ਦੇਣਾ ਅਤੇ ਜੇ 4 ਲੱਖ ਦੇ ਮਾਲ ਦੀ ਪਰਚੇਜ਼ ਕਰਨ ਤਾਂ ਵੀ ਕੋਈ ਟੈਕਸ ਨਹੀਂ ਦੇਣਾ। ਇਸ ਤਰ੍ਹਾਂ 10, 12 ਆਦਮੀਆਂ ਨੇ ਯੂਨਿਟ ਬਣਾਏ ਹਨ ਜਿਨ੍ਹਾਂ ਨੇ ਪੰਜਾਬ ਸਰਕਾਰ ਦਾ 20, 20 ਲੱਖ ਰੁਪਿਆ ਖਾਧਾ ਹੈ। ਮੇਰੇ ਕੋਲ ਲਿਸਟ ਹੈ ਕਿ ਇਨ੍ਹਾਂ ਨੇ ਕਿਸ ਤਰ੍ਹਾਂ 1967 ਵਿੱਚ ਖਾਦੀ ਬੋਰਡ ਦੀ ਯੂਨੀਅਨ ਬਣਾ ਕੇ ਸੇਲਜ਼ ਟੈਕਸ ਖਾਧਾ ਹੈ। ਇਥੇ ਕਈ ਜੰਨ ਸੰਘੀਆਂ ਨੇ ਜਲੰਧਰ ਸ਼ਹਿਰ ਵਿੱਚ ਇਹ ਰੁਪਿਆ ਸਰਕਾਰ ਦਾ ਦੇਣਾ ਹੈ। ਖਾਦੀ ਬੋਰਡ ਵਲੋਂ ਜੋ ਪਰਮਿਸ਼ਨ ਸੀ ਕਿ ਪੰਜ ਲੱਖ ਰੁਪਏ ਦਾ ਮਾਲ ਪਰਚੇਜ਼ ਕਰ ਲਓ, ਤੁਹਾਨੂੰ ਉਸਤੇ ਕੋਈ ਟੈਕਸ ਨਹੀਂ ਲੱਗੇਗਾ ਪਰ ਬਗੈਰ ਪਰਮਿਸ਼ਨ ਲਏ ਇਨ੍ਹਾਂ ਨੇ 10, 10 ਲੱਖ ਰੁਪਏ ਦਾ ਮਾਲ ਪਰਚੇਜ਼ ਕਰ ਲਿਆ, ਅਤੇ ਇਸੇ ਤਰ੍ਹਾਂ ਵਾਧੂ ਸੇਲ ਕਰ ਦਿਤੀ ਅਤੇ ਇਸ ਤਰ੍ਹਾਂ ਤਿੰਨ ਤਿੰਨ ਚਾਰ ਚਾਰ ਲੱਖ ਰੁਪਿਆ ਕਮਾ ਲਿਆ। ਅਗੋਰ ਇਹ ਚੀਜ਼ ਵੀ ਧਿਆਨ ਨਾਲ ਵੇਖ ਲਈ ਜਾਵੇ ਤਾਂ ਵੀ ਹੋਰ ਟੈਕਸ ਲਾਉਣ ਦੀ ਲੋੜ ਹੀ ਨਾ ਪਵੇ। ਡਿਪਟੀ ਸਪੀਕਰ ਸਾਹਿਬ, ਗੁਪਤਾ ਜੀ ਨੇ ਦਸਿਆ ਹੈ ਕਿ ਸਾਈਕਲ ਦੇ ਸਪੇਅਰ ਪਾਰਟਸ, ਜੋ ਕਿ ਗਰੀਬ ਆਦਮੀ ਖਰੀਦਦਾ ਹੈ, ਉਸ ਤੇ ਸੇਲਜ਼ ਟੈਕਸ ਨਹੀਂ ਹੋਣਾ ਚਾਹੀਦਾ। ਇਸੇ ਤਰ੍ਹਾਂ ਜਲੰਧਰ ਵਿਚ ਸਪੋਰਟਸ ਇੰਡਸਟਰੀ ਹੈ ਜਿਹੜੀ ਕਿ ਬਾਲਾਂ ਅਤੇ ਚਿੜੀਆਂ ਆਦਿ ਬਣਾਉਂਦੇ ਹਨ ਜਿਨ੍ਹਾਂ ਨਾਲ ਸਾਡੇ ਬੱਚੇ ਖੇਡਦੇ ਹਨ ਉਨ੍ਹਾਂ ਉਪਰ ਵੀ ਸੇਲਜ਼ ਟੈਕਸ ਦੀ ਛੋਟ ਹੋਣੀ ਚਾਹੀਦੀ ਹੈ। ਇਨ੍ਹਾਂ ਲੋਕਾਂ ਨੇ ਪੰਜ ਪੰਜ ਹਜ਼ਾਰ ਰੁਪਿਆ ਲੋਨ ਲੈ ਕੇ ਇਹ ਸਮਾਲ ਸਕੇਲ ਇੰਡਸਟਰੀਆਂ ਲਾਈਆਂ ਹਨ। ਉਨ੍ਹਾਂ ਨੂੰ ਸੇਲਜ਼ ਟੈਕਸ ਦੀ ਜ਼ਰੂਰ ਛੋਟ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213(2)(a) OF THE CONSTITUTION DISAPPROVING THE PUNJAB GENERAL SALES TAX (AMENDMENT) ORDINANCE, 1982 (PUNJAB ORDINANCE NO. 1 OF 1982)
AND
THE PUNJAB GENERAL SALES TAX (AMENDMENT) BILL, 1982

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਟਕਰ ਸਾਹਿਬ ਦਾ ਧਿਆਨ ਇੱਕ ਗਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਵਪਾਰੀਆਂ ਨੂੰ ਬੜੀ ਪ੍ਰਾਬਲਮ ਆਉਂਦੀ ਹੈ ਜਦੋਂ ਅੱਠ ਅੱਠ ਦੱਕਰ ਟੈਕਸ ਜਮ੍ਹਾਂ ਕਰਾਉਣ ਲਈ ਲਾਉਂਦਾ ਹੈ। ਵਪਾਰੀ ਨੂੰ ਬੜੀ ਬੇਆਰਮੀ ਹੁੰਦੀ ਹੈ। ਉਸਦਾ ਧੁੱਪ ਵਿਚ ਬੁਰਾ ਹਾਲ ਹੋ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਵਪਾਰੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਫਲਾਣੇ ਦਿਨ ਫਲਾਣੇ ਸਮੇਂ ਤੁਸੀਂ ਆਉਣਾ ਹੈ ਅਤੇ ਇਤਨੇ ਵਜੇ ਤੁਹਾਨੂੰ ਫਾਰਗ ਕਰ ਦਿਤਾ ਜਾਵੇਗਾ ਅਤੇ ਤੁਸੀਂ ਵਾਪਸ ਚਲੇ ਜਾਓਗੇ। ਜਦੋਂ ਵਪਾਰੀ ਨੂੰ ਆਪਣੇ ਪੈਸੇ ਜਮ੍ਹਾਂ ਕਰਾਉਣ ਲਈ 8, 9 ਤਾਰੀਖਾਂ ਮਿਲ ਜਾਂਦੀਆਂ ਹਨ ਤਾਂ ਉਸ ਦਾ ਬੁਰਾ ਹਾਲ ਹੋ ਜਾਂਦਾ ਹੈ। ਆਪਣੀ ਮਰਜ਼ੀ ਨਾਲ ਅਫਸਰ ਉਨ੍ਹਾਂ ਨੂੰ ਇਸ ਤਰ੍ਹਾਂ ਬਾਰ ਬਾਰ ਤਾਰੀਖਾਂ ਨਾ ਦੇਣ। ਮੈਂ ਕਹਿੰਦਾ ਹਾਂ ਕਿ 31 ਮਾਰਚ ਤੋਂ ਪਹਿਲਾਂ ਪੈਸੇ ਜਮ੍ਹਾਂ ਕਰਾਉਣ ਵਾਸਤੇ ਉਸ ਨੂੰ ਜ਼ਿਆਦਾ ਚੱਕਰ ਨਾ ਲਵਾਏ ਜਾਣ। ਇਸ ਤਰ੍ਹਾਂ ਦਾ ਮਾਹੌਲ ਕਾਇਮ ਕੀਤਾ ਜਾਵੇ। ਇਸ ਗਲ ਨਾਲ ਲੋਕਾਂ ਨੇ ਡਾਕਟਰ ਸਾਹਿਬ ਨੂੰ ਵਧਾਈ ਦੇਣੀ ਹੈ। ਇਹ ਟਾਈਮ ਦੀ ਰਿਕਸੇਸ਼ਨ ਕਰ ਦੇਣ ਕਿ ਇਸ ਟਾਈਮ ਤੁਸੀਂ ਆਓ ਅਤੇ ਇਸ ਟਾਈਮ ਵਾਪਸ ਚਲੇ ਜਾਣਾ। (ਘੰਟੀ) ਡਿਪਟੀ ਸਪੀਕਰ ਸਾਹਿਬ, ਕੰਪਿਊਟਰ ਸਿਸਟਮ ਨਾਲ ਖਰਚਾ ਬੜਾ ਘੱਟ ਆਵੇਗਾ। ਇਹ ਬੜੀ ਵਧੀਆ ਗੱਲ ਹੈ। ਇਸ ਤਰ੍ਹਾਂ ਟੈਕਸਾਂ ਦੀ ਚੋਰੀ ਘਟੇਗੀ ਅਤੇ ਹੋਰ ਟੈਕਸ ਲਾਉਣ ਦੀ ਲੋੜ ਨਹੀਂ ਰਹੇਗੀ। ਇਥੇ ਜਦੋਂ ਕੋਈ ਟੈਕਸ ਵਧਦਾ ਹੈ ਤਾਂ ਕਈ ਸਾਥੀ ਐਮ. ਐਲ. ਏ. ਕਹਿੰਦੇ ਹਨ ਕਿ ਇਸ ਦਾ ਬੋਝ ਕਿਸਾਨ ਤੇ ਪੈਣਾ ਹੈ। ਇਸ ਲਈ ਇਹ ਪੈਸਾ ਮਾਰਕਿਟ ਕਮੇਟੀਆਂ ਕਿਸਾਨਾਂ ਉਪਰ ਖਰਚ ਕਰਨ। ਮੈਂ ਕਹਿੰਦਾ ਹਾਂ ਕਿ ਇਹ ਜਿਹੜਾ 1% ਸੇਲਜ਼ ਟੈਕਸ ਵਧਾਇਆ ਜਾ ਰਿਹਾ ਹੈ, ਇਸ ਵਿੱਚੋਂ ਕੁਝ ਹਿੱਸਾ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਫੰਡ ਦੇ ਤੌਰ ਤੇ ਰਖਿਆ ਜਾਵੇ।

ਸਰਦਾਰ ਦਲੀਪ ਸਿੰਘ ਪੰਧੀ (ਅਮਲੋਹ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਾਨਯੋਗ ਮੈਂਬਰ ਨੂੰ ਕਹਿੰਦਾ ਹਾਂ ਕਿ ਇਹ ਆਪਣੀ ਚਾਹ ਪਾਣੀ ਛਕਣ, ਆਪਾਂ ਵੋਟਾਂ ਨਹੀਂ ਇਸ ਬਿਲ ਤੇ ਪੁਆਉਂਦੇ। ਡਿਪਟੀ ਸਪੀਕਰ ਸਾਹਿਬ, ਪਰਸੋਂ ਵਿੱਤ ਮੰਤਰੀ ਸਾਹਿਬ ਮੁਕੇਰੀਆਂ ਗਏ ਹੋਏ ਸੀ। ਉਥੇ ਇਨ੍ਹਾਂ ਦਾ ਰਿੱਸ਼ੇਦਾਰ ਮਿਉਂਸਪਲ ਕਮੇਟੀ ਦਾ ਪ੍ਰੈਜ਼ੀਡੈਂਟ ਰਾਜਿੰਦਰ ਕੁਮਾਰ ਹੈ। ਇਹ ਪ੍ਰੋਵੀਜ਼ਨ ਹੈ ਕਿ ਨੈਸ਼ਨਲ ਹਾਈਵੇ ਤੋਂ 45 ਫੁਟ ਦੀ ਦੂਰੀ ਤਕ, ਸ਼ਡਿਊਲਡ ਕਾਸਟਸ ਬਸਤੀਆਂ, ਮੰਦਰਾਂ ਅਤੇ ਗੁਰਦਵਾਰਿਆਂ ਦੇ ਨੇੜੇ ਠੇਕੇ ਦੀ ਦੁਕਾਨ ਨਹੀਂ ਖੋਲ੍ਹੀ ਜਾ ਸਕਦੀ।

ਪਰ, ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਦੁਕਾਨਾਂ ਉਥੇ ਖੁਲ੍ਹਦੀਆਂ ਹਨ। ਮੈਨੂੰ ਇਸ ਗੱਲ ਦਾ ਵੀ ਅਫਸੋਸ ਹੈ ਕਿ ਇਨ੍ਹਾਂ ਪਾਸ ਪੈਸੰਜਰ ਟੈਕਸ ਦਾ ਟਿਕਟ ਨਹੀਂ ਹੈ, ਉਹ ਛਪਵਾਉਂਦੇ ਨਹੀਂ ਹਨ, ਅੱਰ ਮੂੰਹ ਜ਼ਬਾਨੀ ਹੀ ਕਹਿ ਦਿੰਦੇ ਹਨ ਕਿ ਇਤਨਾ ਪੈਸੰਜਰ ਟੈਕਸ ਬਣਿਆ ਹੈ। ਇਸ ਦੇ ਬਕਾਏ ਦੇ ਬਹੁਤ ਹੀ ਕੇਸਿਜ਼ ਪਏ ਹਨ। ਅਸੀਂ ਐਸਟੀਮੇਟਸ ਕਮੇਟੀ ਔਰ ਪੀ. ਏ. ਸੀ. ਵਿਚ ਵੀ ਵੇਖਿਆ ਹੈ। ਲੋਕਾਂ ਨੇ ਬੇਨਾਮੀ ਠੇਕੇ ਲਏ ਹਨ। ਉਹ ਇਨ੍ਹਾਂ ਦੀ ਮਿਲੀਭੁਗਤ ਹੈ। ਇਨ੍ਹਾਂ ਦੀ ਮਰਜ਼ੀ ਤੋਂ ਬਗੈਰ ਕੰਦੇ ਇਸ ਤਰ੍ਹਾਂ ਹੋ ਨਹੀਂ ਸਕਦਾ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਕ ਮਿਸਾਲ ਪਟਿਆਲੇ ਦੀ ਦੱਸਦਾ ਹਾਂ। ਉਥੇ ਇਕ ਸ਼ਰਾਬ ਦਾ ਠੇਕੇਦਾਰ ਹੈ ਜਿਸ ਦਾ ਨਾਮ ਹੈ * *। ਵੈਸੇ ਤਾਂ ਸ਼ਰਾਬ ਦੀ ਠੇਕੇਦਾਰੀ ਨੂੰ ਮਾੜਾ ਹੀ ਸਮਝਿਆ ਜਾਂਦਾ ਹੈ ਪਰ ਚਲੋ ਅਗਲੇ ਦਾ ਬਿਜ਼ਨੈਸ ਹੈ, ਪਰ ਇਨ੍ਹਾਂ ਨੇ ਕੀ ਕੀਤਾ ਹੈ ਉਸ ਨੂੰ ਰੈਡ ਕਰਾਸ ਸੋਸਾਇਟੀ ਦਾ ਆਨਰੇਰੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ **ਦਲੀਪ** ਪਾਂਧੀ]

ਮੀਤ ਪ੍ਰਧਾਨ ਬਣਾ ਲਿਆ ਹੈ। ਇਸ ਕਰ ਕੇ ਹੀ ਮੈਂ ਕਹਿੰਦਾ ਹਾਂ ਕਿ ਇਹ ਸਾਰਾ ਕੁਝ ਇਨ੍ਹਾਂ ਦੀ ਮਿਲੀ ਭੁਗਤ ਨਾਲ ਹੁੰਦਾ ਹੈ ।

ਸ਼੍ਰੀ ਸੰਤ ਰਾਮ ਸਿੰਗਲਾ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਪਾਂਧੀ ਸਾਹਿਬ ਨੇ ** ** ਦਾ ਨਾਮ ਲਿਆ ਹੈ। ਹੋ ਸਕਦਾ ਹੈ ਉਹ ਠੇਕੇਦਾਰ ਵੀ ਹੋਣਾ ਹੈ। ਉਸ ਦਾ ਨਾਮ ਕਾਰਵਾਈ ਵਿਚੋਂ ਐਕਸਪੰਜ ਹੋਣਾ ਚਾਹੀਦਾ ਹੈ। ਜਦੋਂ ਇੰਦਰਾ ਗਾਂਧੀ ਜੀ ਨੂੰ ਪਾਰਲੀਮੈਂਟ ਨੇ ਐਕਸਪੈਲ ਕੀਤਾ ਸੀ, ਉਸ ਨੇ ਜੇਲ੍ਹ ਕੱਟੀ ਸੀ । ਉਹ ਕਾਂਗਰਸ ਪਾਰਟੀ ਦਾ ਵੱਡਾ ਵਰਕਰ ਹੈ। ਉਸ ਦਾ ਨਾਮ ਕਾਰਵਾਈ ਵਿਚ ਨਹੀਂ ਆਉਣਾ ਚਾਹੀਦਾ ।

ਸ਼੍ਰੀ ਡਿਪਟੀ ਸਪੀਕਰ : ਠੀਕ ਹੈ, ਉਸ ਦਾ ਨਾਮ ਐਕਸਪੰਜ ਕਰ ਦਿਓ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਮਿਹਰਬਾਨੀ ਹੈ, ਇਨ੍ਹਾਂ ਨੇ ਮੇਰਾ ਪੁਆਇੰਟ ਸਬਸਟਾਂਸ਼ੀਏਟ ਕਰ ਦਿਤਾ ਹੈ। ਇਨ੍ਹਾਂ ਨੇ ਆਪ ਹੀ ਕਹਿ ਦਿਤਾ ਹੈ ਕਿ ਉਹ ਆਦਮੀ ਵੱਡਾ ਕਾਂਗਰਸੀ ਵਰਕਰ ਹੈ ਅੱਤ ਸ਼ਰਾਬ ਦਾ ਠੇਕੇਦਾਰ ਵੀ ਹੈ। ਇਨ੍ਹਾਂ ਦੇ ਇਹ ਗੱਲ ਕਹਿਣ ਨਾਲ ਮੇਰਾ ਤਾਂ ਪੁਆਇੰਟ ਸਬਸਟਾਂਸ਼ੀਏਟ ਹੋ ਗਿਆ ਹੈ। ਸਿੰਗਲਾ ਸਾਹਿਬ ਦੀ ਬੜੀ ਮਿਹਰਬਾਨੀ ਹੈ । ਸ਼ਰਾਬ ਦੇ ਠੇਕੇਦਾਰ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਕੀ ਕਰਦੇ ਹਨ, ਕਿਸ ਤਰ੍ਹਾਂ ਦੀ ਸਪੂਰੀਅਸ ਸ਼ਰਾਬ ਵੇਚਦੇ ਹਨ । ਬਾਰਾਂ ਮਰੇ ਹਨ ਅੱਤ ਇਹ ਕਹਿੰਦੇ ਹਨ ਕਿ ਹੂਚ ਟਰੈਜਡੀ ਕੋਈ ਨਹੀਂ ਹੋਈ, ਪਰ 12 ਮਾੜੀ ਸ਼ਰਾਬ ਕਰ ਕੇ ਮਰੇ ਹਨ। ਕੋਈ ਅੱਜ ਮਰ ਗਿਆ ਤੇ ਕੋਈ ਕੱਲ੍ਹ ਮਰ ਗਿਆ । ਡਿਪਟੀ ਸਪੀਕਰ ਸਾਹਿਬ, ਇਹ ਕਿਉਂ ਨਹੀਂ ਪੈਸੰਜਰ ਟੈਕਸ ਟਿਕਟ ਛਪਵਾਉਂਦੇ, ਟਰਾਂਸਪੋਰਟ ਨੂੰ ਕਿਉਂ ਨਹੀਂ ਨੈਸ਼ਨੇਲਾਈਜ਼ ਕਰਦੇ, ਕਿਉਂ ਨਹੀਂ ਇਹ ਸਖਤੀ ਕਰਦੇ, ? ਡਿਪਟੀ ਸਪੀਕਰ ਸਾਹਿਬ, ਸਖਤੀ ਇਹ ਕਰ ਨਹੀਂ ਸਕਦੇ ਕਿਉਂ ਕਿ ਇਨ੍ਹਾਂ ਦੇ ਹੀ ਉਹ ਬੰਦੇ ਹਨ । ਇਕ ਵਾਲੀਆ ਸਾਹਿਬ ਅਫਸਰ ਹਨ, ਖੈਰ ਮੈਂ ਕਿਸੇ ਦਾ ਨਾਮ ਨਹੀਂ ਲੈਂਦਾ, ਉਸ ਨੇ ਗੋਬਿੰਦ ਗੜ੍ਹ ਵਿਚੋਂ ਜਾਹਲੀ ਤੌਰ ਤੇ ਪੈਸੇ ਵਸੂਲ ਕਰ ਲਏ । ਮੈਂ ਸਰਦਾਰ ਬੇਅੰਤ ਸਿੰਘ ਹੋਰਾਂ ਨੂੰ ਵੀ ਲਿਖਿਆ, ਇਨ੍ਹਾਂ ਵਿਚਾਰਿਆਂ ਨੇ ਵੀ ਕਾਫੀ ਇੰਟਰੈਸਟ ਲਿਆ, ਮੁੱਖ ਮੰਤਰੀ ਜੀ ਨੂੰ ਅੱਤ ਡਾਕਟਰ ਸਾਹਿਬ ਨੂੰ ਵੀ ਮੈਂ ਲਿਖਿਆ ਲੇਕਿਨ ਕੋਈ ਬਾਤ ਨਹੀਂ ਬਣੀ । ਸਾਡੇ ਗੋਬਿੰਦਗੜ੍ਹ ਵਿਚ ਇਕ ਜਾਹਲੀ ਐਕਸਾਈਜ਼ ਐਂਡ ਟੈਕਸੇਸ਼ਨ ਅਫਸਰ ਬਣ ਗਿਆ । ਰਿਕਾਰਡ ਵੀ ਸੀਲ ਹੋ ਗਿਆ । ਉਹ ਫਿਰ ਆਦਮੀ ਫੜ ਵੀ ਲਿਆ ਗਿਆ । ਲੇਕਿਨ ਉਸ ਆਦਮੀ ਨੂੰ ਬਚਾਉਣ ਲਈ ਸਾਰਾ ਮਹਿਕਮਾ ਲੱਗਿਆ ਹੋਇਆ ਹੈ । ਉਸ ਦੇ ਖਿਲਾਫ ਪੁਲਿਸ ਸਟੇਸ਼ਨ, ਗੋਬਿੰਦ ਗੜ੍ਹ ਵਿਚ ਕੇਸ ਰਜਿਸਟਰ ਹੋਇਆ ਹੈ ਪਰ ਉਸ ਦੇ ਖਿਲਾਫ ਕਾਰਵਾਈ ਨਹੀਂ ਹੋ ਰਹੀ, ਉਸ ਨੂੰ ਬਚਾਇਆ ਜਾ ਰਿਹਾ ਹੈ। ਉਸ ਨੂੰ ਮਹਿਕਮੇ ਵੱਲੋਂ ਕਿਹਾ ਜਾ ਰਿਹਾ ਹੈ ਕਿ ਤੂੰ ਚੰਗਾ ਕੰਮ ਕੀਤਾ ਹੈ। ਮੇਰਾ ਮਤਲਬ ਹੈ ਕਿ ਐਸੇ ਲੋਕਾਂ ਨਾਲ ਇਹ ਰਲੇ ਹੋਏ ਹਨ, ਇਨ੍ਹਾਂ ਦੀ ਸ਼ਹਿ ਤੇ ਉਹ ਇਸ ਤਰ੍ਹਾਂ ਦੇ ਕੰਮ ਕਰਦੇ ਹਨ। ਠੀਕ ਹੈ, ਇਹ ਜੋ ਮਰਜ਼ੀ ਹੈ ਕਰਨ ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਬਿਜ਼ਨੈਸਮੈਨ ਦਾ ਕਚੂਮਰ ਕਿਉਂ ਕੱਢਦੇ ਹੋ। ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਕਹਿੰਦਾ ਹਾਂ ਕਿ ਦੋ ਨੰਬਰ ਦਾ ਬਿਜ਼ਨੈਸ ਇਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਨਹੀਂ ਹੋ ਸਕਦਾ। ਠੀਕ ਹੈ, ਅਸੀਂ ਕਹਿੰਦੇ ਹਾਂ ਕਿ ਤੁਸੀਂ ਜੋ ਮਰਜ਼ੀ ਹੈ ਉਨ੍ਹਾਂ ਤੋਂ ਲਓ, ਠੇਕਿਆਂ ਤੋਂ ਲਓ ਲੇਕਿਨ ਲੋਕਾਂ ਦਾ, ਬਿਜ਼ਨੈਸਮੈਨ ਦਾ ਕਚੂਮਰ ਨਾ ਕੱਢੋ । ਡਿਪਟੀ ਸਪੀਕਰ ਸਾਹਿਬ, ਸਾਡਾ ਸੇਲਜ਼ ਟੈਕਸ ਸੰਨ 1948 ਦਾ ਬਹੁਤ ਅੱਛਾ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹਜ਼ਾਰ ਸਾਲ ਬਾਅਦ ਵੀ ਬਿਜ਼ਨੈਸਮੈਨ ਨੂੰ ਇਹ ਛੜ ਸਕਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਨਸਪੈਕਟਰਾਂ ਨੂੰ ਪਾਵਰਾਂ ਦਿਓ, ਉਨ੍ਹਾਂ ਨੂੰ ਕਹੋ ਉਹ ਦੋ ਨੰਬਰ ਦਾ ਧੰਦਾ ਕਰਨ ਵਾਲਿਆਂ ਨੂੰ ਫੜਨ। ਪਰ ਹੁਣ ਕੀ ਹੈ ਕਿ ਸੈਕਸ਼ਨ 21(2) ਹੇਠ ਕੇਵਲ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰਾਂ ਨੂੰ ਹੀ ਪਾਵਰਾਂ ਹਨ। ਉਸ ਪਾਸ ਹਜ਼ਾਰਾਂ ਕੇਸ ਪਏ ਹਨ ਅੱਜ ਉਹ ਤਾਂ ਮੇਰਾ ਖਿਆਲ ਹੈ ਕਿ ਉਨ੍ਹਾਂ ਕੇਸਾਂ ਦਾ ਫੈਸਲਾ 100 ਸਾਲ ਵੀ ਨਹੀਂ ਕਰ ਸਕਦੇ। ਇਸ ਲਈ ਜਿਹੜੀਆਂ ਬੱਗੀ ਫਿਸ਼ਿਜ਼ ਹਨ, ਜਿਨ੍ਹਾਂ ਤੋਂ ਇਲੈਕਸ਼ਨਾਂ ਵਿਚ ਫਾਇਦਾ ਲੈਂਦੇ ਹੋ, ਉਨਾਂ ਨੂੰ ਪੜੋ ਤਾਂ ਹੀ ਤੁਹਾਡਾ ਕੰਮ ਬਣੇਗਾ, ਤਾਂ ਹੀ ਉਹ ਤੁਹਾਡੇ ਨੇੜੇ ਆਉਣਗੇ।

ਫਿਰ, ਡਿਪਟੀ ਸਪੀਕਰ ਸਾਹਿਬ, ਪਬਲਿਕ ਕੈਰੀਅਰਜ਼ ਦੀ ਗੱਲ ਹੈ। ਇਹ ਟਰੱਕਾਂ ਵਾਲਿਆਂ ਨੂੰ ਬੜਾ ਤੰਗ ਕਰਦੇ ਹਨ, ਪਰ ਜਿਥੇ ਨੰਬਰ ਦੋ ਦਾ ਕੰਮ ਚਲਦਾ ਹੈ, ਉਸ ਪਾਸੇ ਧਿਆਨ ਵੀ ਨਹੀਂ ਦਿੰਦੇ। ਹੁਣ ਤਾਂ ਦੋ ਨੰਬਰ ਲਈ ਹੋਰ ਹੀ ਢੰਗ ਕੱਢ ਲਿਆ ਹੈ। ਮਾਲ ਲੱਦ ਦਿਤਾ ਜਾਂਦਾ ਹੈ ਜੇਕਰ ਤਾਂ ਉਹ ਰਸਤੇ ਵਿਚ ਫੜਿਆ ਗਿਆ ਤਾਂ ਤੇ ਸਾਰਾ ਹਿਸਾਬ ਕਿਤਾਬ ਕਰ ਲਿਆ ਜਾਂਦਾ ਹੈ ਪਰ ਜੇਕਰ ਨਿਕਲ ਗਿਆ ਤਾਂ ਉਸ ਦੇ ਕਾਗਜ਼ ਪਾੜ ਦਿਤੇ ਜਾਂਦੇ ਹਨ। ਮੈਂ ਕਹਿੰਦਾ ਹਾਂ ਕਿ ਇਹ ਦੋ ਨੰਬਰ ਦਾ ਕੰਮ ਮਹਿਕਮੇ ਦੀ ਕਨਾਈਵੈਂਸ ਤੋਂ ਬਗੈਰ ਨਹੀਂ ਹੋ ਸਕਦਾ। ਇਸ ਲਈ ਡਾਕਟਰ ਸਾਹਿਬ, ਜੇਕਰ ਤੁਸੀਂ ਇਮਾਨਦਾਰ ਹੋ, ਜੇਕਰ ਤੁਸੀਂ ਕੋਈ ਬੇਨਾਮੀ ਠੇਕਾ ਨਹੀਂ ਲਿਆ ਹੋਇਆ ਤਾਂ ਇਹ ਦੋ ਨੰਬਰ ਦਾ ਜੋ ਬਿਜ਼ਨੈਸ ਹੋ ਰਿਹਾ ਹੈ ਇਸ ਨੂੰ ਚੈਕ ਕਰੋ। ਉਨ੍ਹਾਂ ਨੂੰ ਫੜੋ। ਡਿਪਟੀ ਸਪੀਕਰ ਸਾਹਿਬ, ਜਦੋਂ ਇਲੈਕਸ਼ਨ ਆਉਂਦੇ ਹਨ ਤਾਂ ਇਨ੍ਹਾਂ ਹੀ ਦੋ ਨੰਬਰ ਵਾਲਿਆਂ ਤੋਂ ਪੈਸਾ ਲਿਆ ਜਾਂਦਾ ਹੈ। ਇਹ ਹਿਸਟਰੀ ਵਿਚ ਪਹਿਲੀ ਵਾਰੀ ਹੋਇਆ ਹੈ ਕਿ ਬੋਤਲਾਂ ਦਾ ਸਟਾਕ ਅਗਲੇ ਸਾਲ ਲਈ ਕੈਰੀ ਫਾਰਵਰਡ ਹੋਇਆ ਹੈ। ਇਹ ਅਫਸਰਾਂ ਦੀ ਮਿਲੀ ਭਗਤ ਨਾਲ ਹੁੰਦਾ ਹੈ। ਇਹ ਕੇਸ ਸਾਡੇ ਗੋਬਿਦ ਗੜ੍ਹ ਵਿਚ ਹੋਇਆ ਹੈ। ਇਕ ਅਮਲੋਹ ਦਾ ਦਿਲਬਾਗ ਰਾਏ ਠੇਕੇਦਾਰ ਹੈ। ਉਸ ਨੂੰ ਹੀ ਬਚਾਉਣ ਤੇ ਮਹਿਕਮਾਂ ਲੱਗਿਆ ਹੋਇਆ ਹੈ। ਕੋਈ ਕਾਰਵਾਈ ਉਸ ਦੇ ਬਾਰੇ ਨਹੀਂ ਕੀਤੀ ਜਾਂਦੀ। ਸਿਫਾਰਸ਼ਾਂ ਨਾਲ ਦਬਾਅ ਪੈ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਸਾਨੂੰ ਸ਼ਰਾਬ ਦੇ ਠੇਕਿਆਂ ਦਾ ਕੀ ਲਾਭ ਹੈ। ਇਹ ਠੇਕੇ ਤਾਂ ਅਮੀਰ ਆਦਮੀ ਹੀ ਲੈਂਦੇ ਹਨ, ਸਾਡੇ ਮਜ਼ਬੂਰੀ ਗਰੀਬਾਂ ਕੋਲ ਪੈਸੇ ਕਿਥੇ ਹਨ। ਇਹ ਠੇਕਿਆਂ ਵਿਚ ਸਾਡੀ ਰਿਜ਼ਰਵੇਸ਼ਨ ਕਿਉਂ ਨਹੀਂ ਕਰਦੇ, ਸਾਨੂੰ ਬੱਸਾਂ ਕਿਉਂ ਨਹੀਂ ਦਿੰਦੇ।

ਸਰਦਾਰ ਗੁਰਨੇਬ ਸਿੰਘ ਬਰਾੜ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਬਹੁਤ ਹੀ ਹੇਰਾ ਫੇਰੀ ਹੁੰਦੀ ਹੈ। ਸਪੂਰੀਅਸ ਲਿਕਰ ਇਨ੍ਹਾਂ ਦੀ ਮਰਜ਼ੀ ਨਾਲ ਬਣਦੀ ਹੈ। ਮੇਰੇ ਨਾਲ ਅਫਸਰਾਂ ਤੇ ਹੋਰ ਲੋਕਾਂ ਨੇ ਵੀ ਗੱਲ ਕੀਤੀ ਹੈ। ਮੈਂ ਨੂੰ ਦੱਸਿਆ ਹੈ ਕਿ ਨਵਾਂ ਸਿਸਟਮ ਜਿਹੜਾ ਸਰਕਾਰ ਨੇ ਚਲਾਇਆ ਸੀ ਉਹ ਫੇਲ੍ਹ ਹੋ ਗਿਆ ਹੈ। ਡਿਗਰੀ ਜ਼ਰੂਰ ਸ਼ਰਾਬ ਦੀ ਵਧਾ ਦਿਤੀ ਹੈ। ਪਰ ਸਰਕਾਰ ਇਸ ਪਾਸੇ ਜੇਕਰ ਇਮਾਨਦਾਰ ਹੈ ਤਾਂ ਜਿਹੜੀ ਹੇਰਾ ਫੇਰੀ ਹੁੰਦੀ ਹੈ ਉਸ ਨੂੰ ਰੋਕੇ। ਨਵਾਂ ਸਿਸਟਮ ਤਾਂ ਇਨ੍ਹਾਂ ਦਾ ਫੇਲ੍ਹ ਹੋ ਗਿਆ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਅਮੈਂਡਮੈਂਟ ਨੂੰ ਸਿਲੈਕਟ ਕਮੇਟੀ ਪਾਸ ਭੇਜਿਆ ਜਾਵੇ। ਪਹਿਲਾਂ ਉਹ ਪਾਸ ਕਰੇ ਫਿਰ ਅਸੀਂ ਪਾਸ ਕਰਾਂਗੇ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਡਿਪਟੀ ਸਪੀਕਰ ਸਾਹਿਬ, ਪਾਂਧੀ ਸਾਹਿਬ ਦੀ ਤਰਫੋਂ ਡਿਸਅਪਰੂਵਲ ਦਾ ਨੋਟਿਸ ਆਇਆ ਹੈ ਜੋ ਕਿ ਇਸ ਵੇਲੇ ਡਿਸਕਸ ਹੋ ਰਿਹਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਪਾਂਧੀ ਸਾਹਿਬ ਐਡਵੋਕੇਟ ਵੀ ਹਨ ਪਰ ਬਿੱਲ ਉਪਰ ਉਨ੍ਹਾਂ ਨੇ ਇਕ ਵੀ ਸ਼ਬਦ ਨਹੀਂ ਕਿਹਾ। ਇਸ ਤਰ੍ਹਾਂ ਲਗਦਾ ਹੈ ਜਿਵੇਂ ਉਨ੍ਹਾਂ ਨੂੰ ਚੜ੍ਹੀ ਹੋਈ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਬਿਲ ਕੀ ਹੈ, ਇਸ ਦੇ ਬਾਰੇ ਇਨ੍ਹਾਂ ਨੇ ਗੱਲ ਤਕ ਵੀ ਨਹੀਂ ਕੀਤੀ। ਸ਼ਰਾਬ ਦੇ ਇਲਾਵਾ ਇਨ੍ਹਾਂ ਨੇ ਹੋਰ ਕੋਈ ਗੱਲ ਨਹੀਂ ਕੀਤੀ ਹਾਲਾਂ ਕਿ ਸ਼ਰਾਬ ਦੀ ਕੋਈ ਡਿਸਕਸ਼ਨ ਨਹੀਂ ਹੋ ਰਹੀ। ਐਕਸਾਈਜ਼ ਦਾ ਮਾਮਲਾ ਸਾਹਮਣੇ ਨਹੀਂ ਹੈ ਲੇਕਿਨ ਸਾਰਾ ਜੋ ਕੁਝ ਵੀ ਇਨ੍ਹਾਂ ਨੇ ਕਿਹਾ ਹੈ ਇੰਜ ਲਗਦਾ ਸੀ ਜਿਸ ਤਰ੍ਹਾਂ ਕਿ ਇਹ ਇਸ ਦੁਨੀਆਂ ਵਿਚ ਨਹੀਂ, ਬਲਕਿ ਖੁਆਬਾਂ ਦੀ ਦੁਨੀਆਂ ਵਿਚ ਗੱਲਾਂ ਕਰਦੇ ਹਨ। ਜੇਕਰ ਇਹ ਕੋਈ ਕਨਸਟਰਕਟਿਵ ਸੁਝਾਓ ਦਿੰਦੇ ਤਾਂ ਮੈਨੂੰ ਖੁਸ਼ੀ ਹੁੰਦੀ। ਇਹ ਦਲੀਲਾਂ ਨਾਲ ਕਹਿੰਦੇ ਕਿ ਅਸੀਂ ਇਸ ਕਰ ਕੇ ਇਸ ਬਿਲ ਨੂੰ ਡਿਸਅਪਰੂਵ ਕਰਦੇ ਹਾਂ। ਗੁਪਤਾ ਸਾਹਿਬ ਨੇ ਠੀਕ ਕਿਹਾ ਸੀ ਕਿ ਪੰਜਾਬ ਜਨਰਲ ਸੇਲਜ਼ ਟੈਕਸ 1948 ਦੇ ਵਿਚ ਇਕ ਅਮੈਂਡਮੈਂਟ ਹੈ, ਉਹ ਕੀ ਹੈ ਵਪਾਰੀਆਂ ਨੇ ਟਰੇਡਰਜ਼ ਨੇ, ਜੋ ਉਹ ਪਰਚੇਜ਼ ਕਰਦੇ ਹਨ, ਉਨ੍ਹਾਂ ਦਾ ਡੈਕਲੇਰੇਸ਼ਨ ਦੇਣਾ ਹੈ। ਉਸ ਦਾ ਹਿਸਾਬ ਕਿਤਾਬ ਦੇਣਾ ਹੈ। ਉਹ ਕਿਉਂ ਦੇਣਾ ਹੈ? ਇਸ ਕਰ ਕੇ ਕਿ ਵਪਾਰੀ ਸੇਲ ਦਾ ਤਾਂ ਹਿਸਾਬ ਕਿਤਾਬ ਦਿੰਦਾ ਹੈ, ਡੈਕਲੇਰੇਸ਼ਨ ਦਿੰਦਾ ਹੈ ਪਰ ਐਕਟ ਦੇ ਮੁਤਾਬਿਕ ਉਹ ਜ਼ਰੂਰੀ ਨਹੀਂ ਸੀ ਕਿਉਂ ਕਿ ਹੁਣ ਜ਼ਮਾਨਾ ਬਦਲ ਗਿਆ ਹੈ ਔਰ ਇਸ ਵੇਲੇ 95 ਹਜ਼ਾਰ ਦੇ ਕਰੀਬ ਰਜਿਸਟਰਡ ਡੀਲਰਜ਼ ਪੰਜਾਬ ਵਿਚ ਹਨ ਔਰ ਇਨ੍ਹਾਂ ਸਾਰੇ ਡੀਲਰਾਂ ਦੀ ਸੇਲ, ਪਰਚੇਜ਼ ਚੈਕ ਕਰਨਾ ਅਤੇ ਕਰਾਸ ਚੈਕ ਕਰਨਾ ਇਹ ਮੈਨੂਅਲ ਪਾਵਰ ਤੋਂ ਬਾਹਰ ਦੀ ਗਲ ਹੋ ਗਈ ਹੈ। ਇਸ ਲਈ ਹੀ ਇਸ ਨੂੰ ਕੰਪਿਊਟੇਰਾਈਜ਼ ਕਰਨਾ ਜ਼ਰੂਰੀ ਹੋ ਗਿਆ ਹੈ। ਮਿਸਾਲ ਦੇ ਤੌਰ ਤੇ ਪੰਜਾਬ ਵਿਚ 90 ਹਜ਼ਾਰ ਤੋਂ 95 ਹਜ਼ਾਰ ਦੇ ਕਰੀਬ ਡੀਲਰਜ਼ ਹਨ। ਜੇ ਇਕ ਡੀਲਰ ਇਕ ਟਰਾਂਜ਼ੈਕਸ਼ਨ ਗਲਤ ਕਰਦਾ ਹੈ ਤਾਂ ਉਸ ਦੇ ਇਕ ਟਰਾਂਜ਼ੈਕਸ਼ਨ ਗਲਤ ਕਰਨ ਨਾਲ 28 ਲੱਖ ਤੱਕ ਟਰਾਂਜ਼ੈਕਸ਼ਨ ਗਲਤ ਹੋ ਸਕਦੀ ਹੈ। ਇਸ ਲਈ ਕੋਈ ਟਰਾਂਜ਼ੈਕਸ਼ਨ ਗਲਤ ਨਾ ਹੋਵੇ, ਬੋਗਸ ਨਾ ਹੋਵੇ, ਇਸ ਨੂੰ ਰੋਕਣ ਲਈ ਇਹ ਕਦਮ ਚੁਕਿਆ ਹੈ। ਇਸ ਨਾਲ ਪੰਜਾਬ ਸਰਕਾਰ ਨੂੰ ਪੈਸਾ ਵੀ ਆਏਗਾ।

ਇਥੇ ਸ਼੍ਰੀ ਓ. ਪੀ. ਗੁਪਤਾ ਜੀ ਨੇ ਕਿਹਾ ਹੈ ਕਿ ਇਸ ਵਿਚ ਸਕਰੂਪਲਸ ਦਾ ਲਫਜ਼ ਇਸਤੇਮਾਲ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੇ ਟੈਕਸ ਦੀ ਚੋਰੀ ਕਰਦੇ ਹਨ ਜੇ ਉਨ੍ਹਾਂ ਲਈ ਕੁਝ ਵੀ ਕਹਿ ਲਿਆ ਜਾਵੇ ਤਾਂ ਕੋਈ ਗਲ ਨਹੀਂ। ਬਹੁਤ ਸਾਰੇ ਐਸੇ ਵਪਾਰੀ ਹਨ ਜਿਹੜੇ ਸਾਨੂੰ ਟੈਕਸ ਕੁਲੈਕਟ ਕਰ ਕੇ ਦਿੰਦੇ ਹਨ ਅਤੇ ਟੈਕਸ ਦੀ ਚੋਰੀ ਨਹੀਂ ਹੋਣ ਦਿੰਦੇ। ਅਸੀਂ ਉਨ੍ਹਾਂ ਦੀ ਇਜ਼ਤ ਕਰਦੇ ਹਾਂ ਅਤੇ ਉਨ੍ਹਾਂ ਨੂੰ ਇਨਕਰੇਜ ਕਰਨਾ ਚਾਹੁੰਦੇ ਹਾਂ। ਇਸ ਪੱਖ ਨੂੰ ਪੂਰਾ ਕਰਨ ਲਈ ਮੇਰਾ ਖਿਆਲ ਹੈ ਕਿ ਸ਼ਾਇਦ ਮੈਂਬਰਾਂ ਨੇ ਬਜਟ ਸਪੀਚ ਵਿਚ ਉਸ ਚੈਪਟਰ ਨੂੰ ਨਹੀਂ ਪੜ੍ਹਿਆ ਜਿਸ ਵਿਚ ਇਹ ਲਿਖਿਆ ਹੈ ਕਿ ਪੰਜਾਬ ਵਿਚ ਇਕ ਲੱਖ ਤੋਂ ਦੋ ਲੱਖ ਦੀ ਸੇਲ ਕਰਨ ਵਾਲੇ ਵਪਾਰੀ ਨੂੰ ਸੈਲਫ ਰਿਸਪੈਕਟ ਦਾ ਅਧਿਕਾਰ ਦੇ ਦਿਤਾ ਹੈ। ਇਹ ਸੈਲਫ ਰਿਸਪੈਕਟ ਦੇ ਅਧਿਕਾਰਾਂ ਨਾਲ ਹੁਣ ਉਹ ਪਰੇਸ਼ਾਨ ਨਹੀਂ ਹੋਵੇਗਾ। ਮੈਨੂੰ ਪਤਾ ਹੈ ਕਿ ਜਿਸ ਵੇਲੇ ਉਨ੍ਹਾਂ ਵਪਾਰੀਆਂ ਨੂੰ ਆਪਣਾ ਕਾਰੋਬਾਰ ਛੱਡ ਕੇ ਅਸੈਸਿੰਗ ਅਥਾਰਿਟੀ ਕੋਲ ਜਾਣਾ ਪੈਂਦਾ ਹੈ ਤਾਂ ਉਥੇ ਵੀ ਕਈ ਵਾਰ ਜਾ ਕੇ ਦੂਜੀ ਪੇਸ਼ੀ ਪੈ ਜਾਂਦੀ ਹੈ ਔਰ ਇਸ ਤਰ੍ਹਾਂ ਨਾਲ ਮੈਨੂੰ ਪਤਾ ਹੈ ਕਿ ਕਈ ਵਪਾਰੀਆਂ ਨੂੰ 40-40 ਵਾਰ ਪੇਸ਼ੀ ਤੇ ਜਾਣਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਵਪਾਰੀਆਂ

Original with;
Punjab Vidhan Sabha
Digitized by;
Panjab Digital Library

ਦਾ ਟਾਈਮ ਵੀ ਜ਼ਾਇਆ ਹੁੰਦਾ ਹੈ, ਕਾਰੋਬਾਰ ਵੀ ਬੰਦ ਹੁੰਦਾ ਹੈ, ਦਿਮਾਗੀ ਪਰੇਸ਼ਾਨੀ ਵੀ ਹੁੰਦੀ ਹੈ ਅਤੇ ਕਈ ਵਾਰ ਮਜਬੂਰ ਹੋ ਕੇ ਇਸ ਬਿਮਾਰੀ ਤੋਂ ਬਚਣ ਲਈ ਜਿਹੜੇ ਕੋਈ ਕੁਰੱਪਟ ਆਦਮੀ ਹੁੰਦੇ ਹਨ ਉਨ੍ਹਾਂ ਨੂੰ ਰਿਸ਼ਵਤ ਦੇਣ ਦਾ ਤਰੀਕਾ ਵੀ ਅਖਤਿਆਰ ਕਰਨਾ ਪੈਂਦਾ ਹੈ। ਇਸ ਕਰ ਕੇ ਉਨ੍ਹਾਂ ਦੀ ਤਕਲੀਫ ਨੂੰ ਮੁੱਖ ਰਖ ਕੇ ਅਸੀਂ ਇਹ ਤਰੀਕਾ ਅਖਤਿਆਰ ਕੀਤਾ ਹੈ ਅੱਤ ਇਕ ਬਹੁਤ ਵੱਡਾ ਰਲੀਫ ਵਪਾਰੀ ਨੂੰ ਦਿੱਤਾ ਹੈ ਜਿਸ ਨਾਲ ਮੈਂ ਸਮਝਦਾ ਹਾਂ ਕਿ ਸਾਡਾ ਰੈਵੇਨਿਊ ਵੀ ਵਧੇਗਾ ਅੱਤ ਵਪਾਰੀ ਵੀ ਖੁਸ਼ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਇਕ ਹੋਰ ਚੀਜ਼ ਜਿਹੜੀ ਸਾਡੇ ਸਾਹਮਣੇ ਆਈ ਹੈ ਉਹ ਇਹ ਹੈ ਕਿ ਸੇਲਜ਼ ਟੈਕਸ ਸਭ ਤੋਂ ਵੱਡਾ ਸਰਕਾਰ ਦਾ ਆਮਦਨੀ ਦਾ ਸੰਰਸ ਹੈ। ਇਸ ਸੰਰਸ ਵਿਚ ਲਗ ਭਗ ਪਿਛਲੇ ਸਾਲਾਂ ਨਾਲੋਂ ਹੁਣ ਜ਼ਿਆਦਾ ਬੜੋਤਰੀ ਹੋ ਰਹੀ ਹੈ। ਇਹ ਰਾਸ਼ੀ ਜਿਹੜੀ ਪਹਿਲੇ 113 ਕਰੋੜ ਦੀ ਸੀ ਉਹ 175 ਕਰੋੜ ਤਕ ਪਹੁੰਚ ਗਈ ਹੈ। ਇਸ ਕਰ ਕੇ ਹੀ ਅਸੀਂ ਸੈਲਫ ਰਿਸਪੈਕਟ ਦਾ ਅਧਿਕਾਰ ਵਪਾਰੀ ਨੂੰ ਦਿੱਤਾ ਹੈ। ਉਸ ਦੀ ਸਹੂਲਤ ਲਈ ਇਹ ਵੀ ਕਰ ਦਿਤਾ ਹੈ ਕਿ ਜਿਸ ਵਪਾਰੀ ਨੂੰ ਸੰਵੇਰੇ ਪੇਸ਼ੀ ਤੇ ਸਦਿਆ ਜਾਵੇਗਾ ਉਸ ਨੂੰ ਦੁਪਹਿਰ ਤਕ ਵਿਹਲਾ ਕਰ ਦਿਤਾ ਜਾਵੇਗਾ, ਅੱਤ ਜਿਸ ਵਪਾਰੀ ਨੂੰ ਬਾਅਦ ਦੁਪਹਿਰ ਸਦਿਆ ਜਾਵੇਗਾ ਉਸ ਨੂੰ ਸ਼ਾਮ ਤਕ ਵਿਹਲਾ ਕਰ ਦਿਤਾ ਜਾਵੇਗਾ ਇਸ ਤਰ੍ਹਾਂ ਉਸ ਨੂੰ ਬੁਲਾ ਕੇ ਸਾਰਾ ਦਿਨ ਖਰਾਬ ਨਹੀਂ ਕੀਤਾ ਜਾਵੇਗਾ ਇਹ ਇਨਸਟਰਕਸ਼ਨਜ਼ ਕਰ ਦਿੱਤੀਆਂ ਗਈਆਂ ਹਨ ਜਿਹੜਾ ਵੀ ਆਦਮੀ ਇਨ੍ਹਾਂ ਇਨਸਟ੍ਰਕਸ਼ਨਾਂ ਦੀ ਵਾਇਉਲੇਸ਼ਨ ਕਰੇਗਾ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ। ਇਸ ਦੇ ਨਾਲ ਇਹ, ਵੀ ਕਰ ਦਿਤਾ ਗਿਆ ਹੈ ਕਿ ਅਸੈਸਮੈਂਟ ਵਾਸਤੇ ਜ਼ਿਆਦਾ ਤੋਂ ਜ਼ਿਆਦਾ 3 ਪੇਸ਼ੀਆਂ ਪਾਈਆਂ ਜਾਣ ਤਾਂ ਕਿ ਵਪਾਰੀ ਪਰੇਸ਼ਾਨ ਨਾ ਹੋਵੇ। ਮੈਂ ਇਹ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਹ ਚੀਜ਼ ਸਾਡੇ ਨੋਟਿਸ ਵਿਚ ਆਈ ਹੈ ਕਿ ਸਾਡੇ ਪਾਸ ਜਿੰਨਾ ਸੇਲਜ਼ ਟੈਕਸ ਦਾ ਰੈਵੇਨਿਊ ਇਕਠਾ ਹੁੰਦਾ ਹੈ ਉਸ ਦਾ 85% ਰੈਵੇਨਿਊ 15% ਵਪਾਰੀ ਦਿੰਦੇ ਹਨ ਅਤੇ 15% ਰੈਵੇਨਿਊ 85% ਵਪਾਰੀ ਦਿੰਦੇ ਹਨ। ਇਸ ਚੀਜ਼ ਨੂੰ ਮੁੱਖ ਰਖ ਕੇ ਕਿ ਛੋਟੇ ਵਪਾਰੀ ਨੂੰ ਪਰੇਸ਼ਾਨ ਘੱਟ ਕੀਤਾ ਜਾਵੇ ਅਸੀਂ ਐਸਾ ਤਰੀਕਾ ਅਪਣਾਇਆ ਹੈ ਕਿ ਇਸ ਵਰਗ ਨੂੰ ਸਹੂਲਤਾਂ ਦੇਣ ਲਈ ਪੂਰਾ ਇੰਤਜ਼ਾਮ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਅਰਜ਼ ਮੈਂ ਇਹ ਕਰਨੀ ਚਾਹਵਾਂਗਾ ਕਿ 1% ਜਿਹੜਾ ਸੇਲਜ਼ ਟੈਕਸ ਵਧਿਆ ਹੈ ਇਸ ਦਾ ਕਾਫੀ ਰੌਲਾ ਪਾਇਆ ਗਿਆ ਹੈ। ਮੈਂ ਦੱਸਦਾ ਹਾਂ ਕਿ ਇਸ ਵੇਲੇ ਪੰਜਾਬ ਦੀ ਆਬਾਦੀ 1 ਕਰੋੜ 68 ਲੱਖ ਹੋ ਗਈ ਹੈ ਅੱਤ ਇਸ ਟੈਕਸ ਦਾ ਬੋਝ ਕਿਸੇ ਖਾਸ ਵਰਗ ਤੇ ਨਹੀਂ ਬਲਕਿ ਸਾਰਿਆਂ ਤੇ ਪੈਣਾ ਹੈ। ਹਰ ਆਦਮੀ ਸੇਲਜ਼ ਟੈਕਸ ਵਿਚ ਕੰਟਰੀਬਿਊਟ ਕਰਦਾ ਹੈ। ਇਸ ਵਿਚ ਪਿੰਡਾਂ ਦੇ ਲੋਕ ਵੀ ਆ ਜਾਂਦੇ ਹਨ ਅਤੇ ਸ਼ਹਿਰਾਂ ਦੇ ਵੀ ਆ ਜਾਂਦੇ ਹਨ। ਇਹ ਮੇਰੇ ਭਰਾ ਇਸ ਕਰ ਕੇ ਪਰੇਸ਼ਾਨ ਹੁੰਦੇ ਹਨ ਕਿ ਇਹ ਸਾਰਾ ਬੋਝ ਵਪਾਰੀ ਤੇ ਪਾ ਦਿੱਤਾ ਗਿਆ ਹੈ। ਮੈਂ ਦੱਸਦਾ ਹਾਂ ਕਿ ਇਸ ਦਾ ਬੋਝ ਵਪਾਰੀ ਤੇ ਤਾਂ ਬਿਲਕੁਲ ਨਹੀਂ ਪੈਣਾ। ਵਪਾਰੀ ਨੇ ਤਾਂ ਸਿਰਫ ਟੈਕਸ ਕੁਲੈਕਟ ਕਰ ਕੇ ਪਹਿਲੇ 3 ਮਹੀਨੇ ਆਪਣੇ ਕੋਲ ਰਖਣਾ ਹੈ ਅਤੇ ਫਿਰ ਜਮ੍ਹਾਂ ਕਰਾਉਣਾ ਹੈ। ਫਿਰ ਇਸ ਦਾ ਬੋਝ ਜਿਹੜੇ ਜ਼ਿਆਦਾ ਪਰਚੇਜ਼ ਕਰਦੇ ਹਨ ਉਨ੍ਹਾਂ ਤੇ ਜ਼ਿਆਦਾ ਪਵੇਗਾ ਅਤੇ ਜਿਹੜੇ ਥੋੜ੍ਹੀ ਪਰਚੇਜ਼ ਕਰਦੇ ਹਨ ਉਨ੍ਹਾਂ ਤੇ ਥੋੜ੍ਹਾ ਪਵੇਗਾ। ਇਸ ਲਈ ਇਹ ਕਹਿਣਾ ਕਿ ਇਹ ਵਪਾਰੀ ਨੂੰ ਪਰੇਸ਼ਾਨ ਕਰਨਾ ਹੈ, ਮੈਨੂੰ ਤਾਂ ਇਸ ਦੀ ਸਮਝ ਨਹੀਂ ਆਉਂਦੀ। ਫਿਰ ਇਥੇ ਇਹ ਵੀ ਕਿਹਾ ਗਿਆ ਹੈ ਕਿ ਵਪਾਰੀ ਇਥੋਂ ਮੁੰਤਕਲ ਹੋ ਜਾਵੇਗਾ। ਇਹ ਕਹਿੰਦੇ ਹਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਿ ਵਪਾਰੀ ਮੁੰਤਕਲ ਹੋ ਕੇ ਕਿਸੇ ਹੋਰ ਥਾਂ ਚਲਾ ਜਾਵੇਗਾ। ਮੈਂ ਇਹ ਪੁੱਛਦਾ ਹਾਂ ਕਿ ਉਹ ਕਿਥੇ ਜਾਵੇਗਾ ? ਹਰਿਆਣੇ ਵਿੱਚ ਇਹ 7% ਹੈ, ਹਿਮਾਚਲ ਵਿਚ ਇਹ 7% ਹੈ ਅਤੇ ਰਾਜਸਥਾਨ ਵਿਚ ਇਹ 8% ਹੈ। ਜਿਸ ਨੇ ਚੀਜ਼ ਖਰੀਦਣੀ ਹੈ ਉਸ ਨੂੰ ਬਾਹਰ ਜਾ ਕੇ ਘੱਟ ਰੇਟ ਤੇ ਨਹੀਂ ਮਿਲਣੀ। ਸੋ ਇਹ ਕੋਈ ਪਰੇਸ਼ਾਨੀ ਵਾਲੀ ਗਲ ਨਹੀਂ ਹੈ। ਜੇ ਕੋਈ ਵਪਾਰੀ ਨੂੰ ਪਰੇਸ਼ਾਨੀ ਆਉਂਦੀ ਹੈ ਤਾਂ ਉਸ ਨੂੰ ਦੂਰ ਕਰਨ ਲਈ ਅਸੀਂ ਜ਼ਿੰਮੇਵਾਰ ਹਾਂ। ਲੇਕਿਨ ਜੇ ਕੋਈ ਟੈਕਸ ਦੀ ਚੋਰੀ ਕਰਦਾ ਹੈ ਤਾਂ ਉਸ ਤੇ ਜ਼ਰੂਰ ਨਜ਼ਰ ਰਖਣੀ ਚਾਹੀਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਅਜਿਹੀ ਗਲ ਨਹੀਂ ਹੈ।

ਟੈਕਸ ਸੋਰਸ ਤੇ ਲਗਣ ਵਾਲੀ ਗਲ ਇਥੇ ਕਹੀ ਗਈ ਹੈ। ਮੈਂ ਦਸਦਾ ਹਾਂ ਕਿ ਸੋਰਸ ਤੇ ਐਕਸਾਈਜ਼ ਡਿਊਟੀ ਵੀ ਲਗੀ ਹੋਈ ਹੈ। ਇਸ ਤੋਂ ਇਲਾਵਾ ਕਈ ਮੈਂਬਰਾਂ ਨੇ ਜਨਰਲ ਚੀਜ਼ਾਂ ਤੇ ਸੇਲਜ਼ ਟੈਕਸ ਵਿਚ ਛੋਟ ਦੇਣ ਦੀ ਗਲ ਕੀਤੀ ਹੈ। ਸਾਈਕਲ ਬਾਰੇ ਇਥੇ ਕਿਹਾ ਗਿਆ ਹੈ। ਇਸ ਲਈ ਅਸੀਂ ਇਹ ਕੀਤਾ ਹੈ ਕਿ ਸਾਈਕਲ ਇਕ ਆਮ ਗਰੀਬ ਆਦਮੀ ਦੀ ਜ਼ਰੂਰਤ ਹੈ। ਇਸ ਲਈ ਸਾਡੀ ਸਰਕਾਰ ਨੇ ਇਸ ਤੇ 2% ਸੇਲਜ਼ ਟੈਕਸ ਵਿਚ ਛੋਟ ਦਿਤੀ ਹੈ। ਜੇ 6% ਲਗਦਾ ਹੈ ਤਾਂ ਇਹ ਟੈਕਸ 4% ਲਗੇਗਾ ਅੋਰ ਜੇ 7% ਲਗਦਾ ਹੈ ਤਾਂ 5% ਲਗੇਗਾ। ਇਹ ਛੋਟ ਸਾਈਕਲ ਤੇ ਅਤੇ ਸਾਈਕਲ ਪਾਰਟਸ ਤੇ ਦੇ ਦਿਤੀ ਗਈ ਹੈ। ਬਾਕੀ ਜਿਹੜੇ ਕਦਮ ਅਸੀਂ ਚੁਕੇ ਹਨ ਉਹ ਟੈਕਸ ਦੀ ਇਵੇਜ਼ਨ ਨੂੰ ਰੋਕਣ ਲਈ ਚੁੱਕੇ ਗਏ ਹਨ ਜਿਸ ਦਾ ਹਾਊਸ ਦੇ ਮੈਂਬਰਾਂ ਨੂੰ ਸਵਾਗਤ ਕਰਨਾ ਚਾਹੀਦਾ ਹੈ। ਐਨਾ ਕਹਿ ਕੇ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਡਿਪਟੀ ਸਪੀਕਰ ਸਾਹਿਬ, 10% ਸਾਈਕਲ ਮੁਲਕ ਵਿਚ ਵਿਕਦੇ ਹਨ ਅਤੇ 90% ਸਾਈਕਲ ਪਾਰਟਸ ਐਕਸਪੋਰਟ ਹੁੰਦੇ ਹਨ। ਅਗਰ ਐਫ. ਐਮ. ਸਾਹਿਬ ਇਸ ਤੇ 5% ਟੈਕਸ ਦੀ ਬਜਾਏ 1% ਕਰ ਦੇਣ ਤਾਂ ਸਰਕਾਰ ਨੂੰ ਕੋਈ ਜ਼ਿਆਦਾ ਫਰਕ ਨਹੀਂ ਪਵੇਗਾ ਕਿਉਂਕਿ ਇਹ ਇਕ ਗਰੀਬ ਦੀ ਸਵਾਰੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ: ਡਿਪਟੀ ਸਪੀਕਰ ਸਾਹਿਬ, ਐਸ. ਟੀ. 22 ਫਾਰਮ ਦੀ ਵੜੀ ਸ਼ਾਰਟੇਜ ਹੈ। 18 ਮਾਰਚ, 1982 ਨੂੰ ਪਟਿਆਲੇ ਦੇ ਐਕਸਾਈਜ਼ ਅਫਸਰਾਂ ਨੇ ਗੋਬਿੰਦਗੜ੍ਹ ਦੀ ਡੀਰਜਿਸਟਰਡ ਫਰਮ ਤੇ ਛਾਪਾ ਮਾਰਿਆ ਅਤੇ 38 ਐਸ. ਟੀ. 22 ਫਾਰਮ ਫੜੇ ਗਏ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲੇ ਹੀ 2% ਛੋਟ ਸਾਈਕਲ ਪਾਰਟਸ ਤੇ ਐਲਾਨ ਕਰ ਚੁੱਕਾ ਹਾਂ। ਗੁਪਤਾ ਜੀ ਨੇ ਕਿਹਾ ਹੈ ਕਿ ਇਸ ਨੂੰ ਹੋਰ ਘਟਾ ਦਿਤਾ ਜਾਵੇ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ। ਐਸ. ਟੀ. 22 ਫਾਰਮ ਦੀ ਸ਼ਾਰਟੇਜ ਨਹੀਂ ਹੋਣ ਦਿੱਤੀ ਜਾਵੇਗੀ। ਇਹ ਸਾਰਾ ਕੁਝ ਟੈਕਸ ਇਵੇਜ਼ਨ ਨੂੰ ਰੋਕਣ ਲਈ ਕੀਤਾ ਗਿਆ ਹੈ, ਇਸ ਤਰ੍ਹਾਂ ਸਰਕਾਰ ਨੂੰ 25 ਕਰੋੜ ਰੁਪਏ ਦੀ ਵਸੂਲੀ ਹੋਈ ਹੈ। ਬਾਕੀ ਮੈਂ ਦੱਸਦਾ ਹਾਂ ਕਿ ਅਸੀਂ ਸੈਸ਼ਨ ਤੋਂ ਬਾਅਦ ਵਪਾਰੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਾਂਗੇ ਅੋਰ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ।

Mr. Deputy Speaker : Question is—

That this House disapproves the Punjab Genral Sales Tax (Amendment) Ordinance, 1982 (Punjab Ordinance No. 1 of 1982).

The motion was lost.

Original with;
Punjab Vidhan Sabha
Digitized by;
Panjab Digital Library

Mr. Deputy Speaker : Question is—

That the Punjab General Sales Tax (Amendment) Bill be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

Sub-Clause (2) of Clause 1

Mr. Deputy Speaker : Question is—

That Sub-Clause (2) of Clause 1 stand part of the Bill.

The motion was carried.

Clause 2

Mr. Deputy Speaker : Question is—

That Clause 2 stand part of the Bill.

The motion was carried.

Clause 3

Mr. Deputy Speaker : Question is—

That Clause 3 stand part of the Bill.

The motion was carried.

Clause 4

Mr. Deputy Speaker : Question is—

That Clause 4 stand part of the Bill.

The motion was carried.

Sub-Clause (1) of Clause 1

Mr. Deputy Speaker : Question is—

That Sub-Clause (1) of Clause 1 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

Title

Mr. Deputy Speaker : Question is—

That Title be the Title of the Bill.

The motion was carried.

Finance Minister : Sir, I beg to move—

That the Punjab General Sales Tax (Amendment) Bill be passed.

Mr. Deputy Speaker : Motion moved—

That the Punjab General Sales Tax (Amendment) Bill be passed.

Mr. Deputy Speaker : Question is—

That the Punjab General Sales Tax (Amendment) Bill be passed.

The motion was carried.

THE PUNJAB LEGISLATORS (ALLOWANCES AND AMENITIES) MODIFICATION BILL, 1982

Minister for Parliamentary Affairs (Shri Joginder Pall Pandey) : Sir, I beg to introduce the Punjab Legislators (Allowances and Amenities) Modification Bill.

Sir, I also beg to move—

That the Punjab Legislators (Allowances and Amenities) Modification Bill be taken into consideration at once.

Mr. Deputy Speaker : Motion moved—

That the Punjab Legislators (Allowances and Amenities) Modification Bill be taken into consideration at once.

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੰਗਰੂਰ) : ਡਿਪਟੀ ਸਪੀਕਰ ਸਾਹਿਬ, ਇਹ ਬਿਲ ਜਿਹੜਾ ਪਾਂਡੇ ਸਾਹਿਬ ਨੇ ਲਿਆਂਦਾ ਹੈ ਇਸ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ । ਜਿਹੜੀਆਂ ਸਹੂਲਤਾਂ ਮੈਂਬਰਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਇਹ ਵਾਜਬ ਹਨ। ਇਹ ਹੋਰ ਵੀ ਮਿਲਣੀਆਂ ਚਾਹੀਦੀਆਂ ਹਨ । ਵਿਧਾਨ ਸਭਾ ਦੀ ਜਨਰਲ ਪਰਪਜ਼ਿਜ਼ ਕਮੇਟੀ ਵਿਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਹੁੰਦੇ ਹਨ ਅਤੇ ਕਮੇਟੀ ਦੀਆਂ ਰਿਕੁਮੈਂਡੇਸ਼ਨ ਨੂੰ ਸਰਕਾਰ ਨੂੰ ਹੂ-ਬਹੂ ਮੰਨ ਲਣਾ ਚਾਹੀਦਾ ਹੈ ਨਾ ਕਿ ਦੋ ਅਫਸਰਾਂ ਦੇ ਓਬਜੈਕਸ਼ਨਜ਼ ਲਗਾਉਣ ਤੇ ਜਾਂ ਕੈਬਨਿਟ ਉਸ ਰਿਕੁਮੈਂਡੇਸ਼ਨ ਨੂੰ ਘਟਾ ਦੇਵੇ । ਅਗਰ ਸਰਕਾਰ ਸਮਝਦੀ ਹੈ ਕਿ ਇਸ ਵਿਚ ਕੋਈ ਖਾਮੀ ਹੈ ਜਾਂ ਜ਼ਿਆਦਾ ਹੈ ਤਾਂ ਸਰਕਾਰ ਨੂੰ ਉਸ ਰਿਕੁਮੈਂਡੇਸ਼ਨ ਨੂੰ ਘਟਾਉਣ ਦੀ ਬਜਾਏ ਦੁਬਾਰਾ ਜਨਰਲ ਪਰਪਜ਼ਿਜ਼ ਕਮੇਟੀ ਕੋਲ ਰੈਫਰ ਕਰ ਦੇਣਾ ਚਾਹੀਦਾ ਹੈ ਤਾਕਿ ਕਮੇਟੀ ਦੁਬਾਰਾ ਉਸ ਤੇ ਵਿਚਾਰ ਕਰ ਸਕੇ । ਕਮੇਟੀ ਦੀ ਰਿਕੁਮੈਂਡੇਸ਼ਨ ਨੂੰ ਕੱਟਣ ਨਾਲ ਹਾਊਸ ਦੀ ਤੌਹੀਨ ਹੋਵੇਗੀ । ਦੂਜੀ ਗੱਲ ਜਿਹੜਾ ਮੈਂਬਰਾਂ ਨੂੰ ਲੋਨ ਦਿੱਤਾ ਜਾਂਦਾ ਹੈ ਉਸ ਦਾ ਪ੍ਰੋਸੀਜਰ ਬੜਾ ਔਖਾ ਹੈ। ਜਿਵੇਂ ਕਾਰ ਲੋਨ ਤੇ 500 ਰੁਪਏ ਦੇ ਸਟੈਂਪ ਲਗ ਜਾਂਦੇ ਹਨ । ਪਾਂਡੇ ਸਾਹਿਬ, ਪ੍ਰਾਈਵੇਟਲੀ ਇਸ ਡਿਫੀਕਲਟੀ ਨੂੰ ਮਹਿਸੂਸ ਕਰਦੇ ਹਨ ਕਿ ਇਸ

Original with;
Punjab Vidhan Sabha
Digitized by;
Panjab Digital Library

ਦੇ ਰੂਲਜ਼ ਵਿਚ ਅਮੈਂਡਮੈਂਟ ਕਰਨ ਦੀ ਲੋੜ ਹੈ। ਮੈਂ ਕਾਰ ਲੋਨ ਇਨ ਟਾਈਮ ਲਿਆ ਅਤੇ ਇਨ ਟਾਈਮ ਖਰੀਦ ਵੀ ਲਈ ਪਰ ਇਸ ਕਾਰ ਦੀ ਰਜਿਸਟਰੇਸ਼ਨ ਕੁਝ ਦਿਨ ਲੇਟ ਹੋ ਗਈ ਔਰ ਮੇਰੇ ਤੇ ਪੀਨਲ ਇੰਟਰੈਸਟ ਲਗਾ ਦਿੱਤਾ ਗਿਆ ਜਦ ਕਿ ਇਹ ਨਹੀਂ ਸੀ ਹੋਣਾ ਚਾਹੀਦਾ। ਕਿਉਂਕਿ ਮੈਂ ਟਾਈਮ ਸਿਰ ਕਾਰ ਖਰੀਦ ਲਈ ਸੀ। ਅਗਰ ਨਾ ਖਰੀਦੀ ਹੁੰਦੀ ਤਾਂ ਮੈਂ ਇਨਕਾਰ ਕਰ ਦਿੰਦਾ ਜਾਂ ਲੋਨ ਵਾਪਸ ਕਰ ਦਿੰਦਾ। ਇਸ ਪ੍ਰੋਸੀਜਰ ਨੂੰ ਸਿੰਪਲੀਫਾਈ ਕਰਨਾ ਚਾਹੀਦਾ ਹੈ ਤਾਕਿ ਜ਼ਿਆਦਾ ਮੈਂਬਰ ਇਸ ਫੈਸਿਲਟੀ ਨੂੰ ਅਵੇਲ ਕਰ ਸਕਣ। ਆਮ ਤੌਰ ਤੇ ਹਾਊਸ ਵਿਚ ਇਹ ਸਰਬਸੰਮਤੀ ਹੋਈ ਹੈ ਕਿ ਟੈਲੀਫੂਨ ਦਾ ਖਰਚਾ 3,600 ਰੁਪਏ ਤੋਂ 4,800 ਰੁਪਏ ਕਰ ਦਿਤਾ ਜਾਵੇ, ਔਰ ਇਹ ਮੈਂਬਰਾਂ ਨੂੰ ਨਕਦ ਮਿਲਣਾ ਚਾਹੀਦਾ ਹੈ। ਸਾਲ ਬਾਅਦ ਹਿਸਾਬ ਕਰ ਲੈਣਾ ਚਾਹੀਦਾ ਹੈ ਕਿਉਂਕਿ ਕਈ ਵਾਰ ਬਿਲ ਗੁੰਮ ਹੋ ਜਾਂਦਾ ਹੈ ਜਾਂ ਟਾਈਮ ਸਿਰ ਜਮ੍ਹਾਂ ਕਰਾਉਣਾ ਹੁੰਦਾ ਹੈ, ਇਸ ਲਈ ਰੂਲਜ਼ ਵਿਚ ਅਮੈਂਡਮੈਂਟ ਕਰ ਦੇਣੀ ਚਾਹੀਦੀ ਹੈ।

ਇਕ ਗੱਲ ਹੋਰ ਮੇਰੇ ਨੋਟਿਸ ਵਿਚ ਆਈ ਹੈ ਕਿ ਜਿਨ੍ਹਾਂ ਮੈਂਬਰਾਂ ਨੇ ਡਿਸਕ੍ਰੀਸ਼ਨਰੀ ਕੋਟੇ ਵਿਚੋਂ ਪਲਾਟ ਲਏ ਸਨ ਉਨ੍ਹਾਂ ਨੂੰ ਬਿਲਡਿੰਗ ਲੋਨ ਨਹੀਂ ਦਿਤਾ ਜਾ ਰਿਹਾ। ਸਰਕਾਰ ਨੂੰ ਇਸ ਤਰ੍ਹਾਂ ਦੀ ਬੈਨ ਨਹੀਂ ਲਗਾਉਣੀ ਚਾਹੀਦੀ ਔਰ ਇਸ ਬੈਨ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ। ਅਗਲੀ ਗੱਲ ਕਾਰ ਲੋਨ ਲਈ ਟਾਈਮ ਲਿਮਿਟ ਵਧਾ ਦੇਣੀ ਚਾਹੀਦੀ ਹੈ ਅਤੇ ਮੈਂਬਰਜ਼ ਨੂੰ ਪ੍ਰਾਇਮਰੀ ਬੇਸਿਜ਼ ਤੇ ਮਿਲਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਨਰਲ ਪਰਪਜ਼ਿਜ਼ ਕਮੇਟੀ ਨੇ ਹਾਊਸ ਲੋਨ ਲਈ 2 ਲੱਖ ਰੁਪਿਆ ਰਿਕਮੈਂਡ ਕੀਤਾ ਸੀ। ਉਸ ਮੁਤਾਬਿਕ ਸਰਕਾਰ ਵਿਚਾਰ ਕਰ ਲਵੇ। ਸਪੀਕਰ ਸਾਹਿਬ ਨੂੰ ਅਧਿਕਾਰ ਹੈ ਕਿ ਉਹ ਕਾਰ ਮਾਈਲੇਜ ਪਰ ਕਿਲੋਮੀਟਰ ਵਧਾ ਸਕਦੇ ਹਨ ਅਤੇ ਫਿਰ ਸਰਕਾਰ ਵਧਾ ਦੇਵੇ। ਬਾਕੀ, ਸਪੀਕਰ ਸਾਹਿਬ, ਜੋ ਜਨਰਲ ਪਰਪਜ਼ਿਜ਼ ਕਮੇਟੀ ਦੀਆਂ ਰਿਕਮੈਂਡੇਸ਼ਨਜ਼ ਹਨ, ਉਨ੍ਹਾਂ ਤੇ ਵੀ ਵਿਚਾਰ ਕਰ ਲੈਣ। ਇਸ ਕਰ ਕੇ ਮੇਰੀ ਇਹ ਬੇਨਤੀ ਹੈ ਕਿ ਇਹ ਬਿਲ ਹਾਊਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਲੈਜਿਸਲੇਟਰਜ਼ (ਅਲਾਊਂਸਿਜ਼ ਐਂਡ ਅਮੈਨਿਟੀਜ਼) ਮੋਡੀਫੀਕੇਸ਼ਨ ਬਿਲ, 1982 ਲਿਆਂਦਾ ਹੈ, ਇਹ ਬੜੀ ਚੰਗੀਗਲ ਹੈ। ਚੀਂਡਸਾ ਸਾਹਿਬ ਨੇ ਜੋ ਵਿਚਾਰ ਪਰਗਟ ਕੀਤੇ ਹਨ ਉਸ ਨਾਲ ਮੇਰਾ ਖਿਆਲ ਹੈ ਕਿ ਸਾਰੇ ਹਾਊਸ ਦੇ ਮੈਂਬਰ ਸਹਿਮਤ ਹਨ। ਜੋ ਟੈਲੀਫੂਨ ਦਾ ਬਿਲ 3,600 ਰੁਪਏ ਤੋਂ 4,800 ਰੁਪਏ ਕੀਤਾ ਗਿਆ ਹੈ, ਇਹ ਵੀ ਸ਼ਲਾਘਾਯੋਗ ਗਲ ਹੈ। ਟੈਲੀਫੂਨ ਦੇ ਬਿਲ ਦੇ ਰੇਟਸ ਵੱਧ ਗਏ ਹਨ। ਨੌ, ਨੌ ਸੌ ਦੇ ਬਿਲ ਆ ਜਾਂਦੇ ਹਨ। ਹਾਊਸ ਲੋਨ ਬਾਰੇ ਜੋ ਗੱਲ ਕੀਤੀ ਗਈ ਹੈ ਕਿ ਪੈਸੇ ਵਧਾਏ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਗਏ ਹਨ । ਡਿਪਟੀ ਸਪੀਕਰ ਸਾਹਿਬ, ਪਿਛੇ ਵੀ ਹਾਊਸ ਲੌਨ ਦੀ ਦੋ ਲੱਖ ਰੁਪਏ ਦੀ ਗੱਲ ਚਲ ਰਹੀ ਸੀ । ਕੱਲ ਹੀ ਮੁਹਾਲੀ ਵਿਚ ਦੋ ਢਾਈ ਲੱਖ ਰੁਪਏ ਦਾ ਪਲਾਟ ਵਿਕਿਆ ਹੈ । ਸਵਾ ਲੱਖ ਰੁਪਿਆ ਹਾਊਸ ਲੌਨ ਬਹੁਤ ਥੋੜ੍ਹਾ ਹੈ । ਇਹ ਦੋ ਲੱਖ ਰੁਪਿਆ ਹੋਣਾ ਚਾਹੀਦਾ ਹੈ । ਕਾਰ ਦਾ ਲੌਨ 40,000 ਰੁਪਏ ਤੋਂ 70,000 ਰੁਪਏ ਕਰ ਦਿਤਾ ਗਿਆ ਹੈ, ਇਹ ਬਿਲਕੁਲ ਠੀਕ ਹੈ । ਇਕ ਕਾਰ ਦੀ ਕੀਮਤ 90,000 ਰੁਪਏ ਤੋਂ ਘੱਟ ਨਹੀਂ ਹੈ । ਲੌਨ ਲੈਣ ਵਿਚ ਬਹੁਤ ਡਿਫੀਕਲਟੀਜ਼ ਮੈਂਬਰਾਂ ਨੂੰ ਆਉਂਦੀਆਂ ਹਨ । ਇਸ ਲਈ ਲੌਨ ਲੈਣ ਲਈ ਇਜ਼ੀ ਮੈਥਡ ਅਡਾਪਟ ਕਰਨਾ ਚਾਹੀਦਾ ਹੈ । ਲੌਨ ਦੇਣ ਦਾ ਪ੍ਰੋਸੀਜਰ, ਡਿਪਟੀ ਸਪੀਕਰ ਸਾਹਿਬ, ਸਿੰਪਲੀਫਾਈ ਕਰਨਾ ਚਾਹੀਦਾ ਹੈ।

ਇੱਕ ਗੱਲ ਮੈਂ ਹੋਰ ਕਰਨੀ ਹੈ। ਸਾਡੇ ਮੈਂਬਰ ਜੋ ਹੋਸਟਲ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਬਾਹਰ ਬਠਿੰਡੇ ਸੰਗਰੂਰ ਆਦਿ ਟੈਲੀਫੂਨ ਪਬਲਿਕ ਵਾਸਤੇ ਕਰਨੇ ਪੈਂਦੇ ਹਨ । ਉਹ ਬਿਲ ਦੇ ਪੈਸੇ ਬਿਲ ਵਿਚ ਐਡ ਨਹੀਂ ਹੁੰਦੇ ਇਸ ਲਈ, ਡਿਪਟੀ ਸਪੀਕਰ ਸਾਹਿਬ, ਉਹ ਬਿਲ ਮੈਂਬਰਾਂ ਕੋਲੋਂ ਲੈ ਕੇ ਬਿਲ ਵਿਚ ਐਡ ਕਰਨੇ ਚਾਹੀਦੇ ਹਨ ।

ਸ਼੍ਰੀ ਰਾਮ ਸਵਰੂਪ ਬਾਗੀ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਮੁਖਾਲਫਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ ।

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੋ ਮੈਂਬਰ ਸਾਹਿਬਾਨ ਇਸ ਬਿਲ ਦੀ ਮੁਖਾਲਫਤ ਕਰਨ ਉਹ ਨਾਲ ਦੀ ਨਾਲ ਇਹ ਵੀ ਕਹਿ ਦੇਣ ਕਿ ਅਸੀਂ ਨਹੀਂ ਲਵਾਂਗੇ ।

ਕਾਮਰਡ ਸਰਵਣ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਜੇਕਰ ਇਹ ਬਿਲ ਪਾਸ ਨਾ ਕਰੋ ਤਾਂ ਅਸੀਂ ਬਿਲਕੁਲ ਡਿਮਾਂਡ ਨਹੀਂ ਕਰਾਂਗੇ ।

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜੇ ਮੈਂਬਰ ਵਧੇ ਹੋਏ ਪੈਸੇ ਨਹੀਂ ਲੈਣਾ ਚਾਹੁੰਦੇ, ਉਹ ਸਟੇਟਮੈਂਟ ਕਰਨ ਕਿ ਅਸੀਂ ਨਹੀਂ ਲੈਣਾ ਚਾਹੁੰਦੇ ਅਤੇ ਉਹ ਸਟੇਟਮੈਂਟ ਉਨ੍ਹਾਂ ਤੇ ਬਾਈਂਡਿੰਗ ਹੋਵੇ ।

ਸ਼੍ਰੀ ਸੰਤ ਰਾਮ ਸਿੰਗਲਾ : ਡਿਪਟੀ ਸਪੀਕਰ ਸਾਹਿਬ, ਇਹ ਲੌਨ ਫੋਰਸੀਬਲੀ ਨਹੀਂ ਹੈ, ਜੇਕਰ ਕੋਈ ਮੈਂਬਰ ਨਾ ਲੈਣਾ ਚਾਹੇ ਤਾਂ ਨਾ ਲਵੇ। ਇਹ ਹਿਪੋਕ੍ਰੇਸੀ ਦਾ ਬੀਹੇਵ ਕਰਨਾ ਇਥੇ ਠੀਕ ਨਹੀਂ ਹੈ। ਜੇਕਰ ਕੋਈ ਟੈਲੀਫੂਨ ਦਾ ਬਿਲ ਨਹੀਂ ਲੈਣਾ ਚਾਹੁੰਦਾ ਤਾਂ ਉਹ ਨਾ ਲਵੇ। ਕਮਿਊਨਿਸਟ ਭਰਾ ਜੋ ਬੀਹੇਵ ਕਰਦੇ ਹਨ, ਉਹ ਠੀਕ ਨਹੀਂ ਹੈ।

**Expunged as ordered by the Chair

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਰਵਣ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਟੈਲੀਫੂਨ ਦਾ ਬਿਲ 3,600 ਰੁਪਏ ਤੋਂ 4,800 ਰੁਪਏ ਕੀਤਾ ਹੈ। ਕਾਰ ਲਈ 40,000 ਰੁਪਏ ਤੋਂ 70,000 ਰੁਪਏ ਕੀਤਾ ਹੈ। ਹਾਊਸ ਲੋਨ ਲਈ ਇਕ ਲੱਖ ਤੋਂ ਸਵਾ ਲੱਖ ਰੁਪਿਆ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਛੇ ਮਹੀਨਿਆਂ ਬਾਅਦ ਫਿਰ ਇਹ ਕਹਿਣਗੇ ਕਿ ਇਹ ਦੁਗਣਾ ਕਰ ਦਿਤਾ ਜਾਵੇ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਭਾਵੇਂ ਕਾਂਗਰਸ (ਆਈ) ਹੋਵੇ, ਅਕਾਲੀ ਹੋਣ, ਸੀ. ਪੀ. ਆਈ. ਹੋਵੇ ਜਾਂ ਸੀ. ਪੀ. ਆਈ. (ਐਮ) ਹੋਵੇ ਜਾਂ ਕੋਈ ਹੋਰ ਹੋਵੇ, ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ ਅਤੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਾਂ। ਇਸ ਲਈ ਸਾਨੂੰ ਪੈਸਿਆਂ ਮਗਰ ਨਹੀਂ ਜਾਣਾ ਚਾਹੀਦਾ। ਪੈਸੇ ਤਾਂ ਅਸੀਂ ਹੋਰ ਧੰਦਿਆਂ ਵਿਚ ਹੀ ਕਮਾ ਸਕਦੇ ਹਾਂ। ਡਿਪਟੀ ਸਪੀਕਰ ਸਾਹਿਬ, ਜੋ ਐਕਸ-ਐਮ. ਐਲ. ਏ. ਬਣ ਜਾਂਦਾ ਹੈ, ਉਸ ਨੂੰ ਬੱਸ ਵਿਚ ਫਰੀ ਟਰੈਵਲ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਸ ਬਾਰੇ ਬਰਾੜ ਸਾਹਿਬ ਨੇ ਵ ਕਿਹਾ ਹੈ ਕਿ ਜੋ ਟੈਲੀਫੂਨ ਅਸੀਂ ਐਮ. ਐਲ. ਏਜ਼ ਹੋਸਟਲ ਵਿਚੋਂ ਕਰਦੇ ਹਾਂ, ਉਹ ਬਿਲ ਲਿਆ ਕੇ ਅਸੀਂ ਦਫਤਰ ਵਿਚ ਦੇ ਦਿਆ ਕਰਾਂਗੇ ਅਤੇ ਉਸ ਦੇ ਪੈਸੇ ਸਾਨੂੰ ਮਿਲ ਜਾਇਆ ਕਰਨ। ਇਸ ਗਲ ਦੀ ਮੈਂ ਸਪੋਰਟ ਕਰਦਾ ਹਾਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਬਾਬੂ ਸਿੰਘ (ਰਾਮ ਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਵੈਸੇ ਤਾਂ ਐਮ. ਐਲ. ਏਜ਼ ਨੂੰ ਖੁਸ਼ ਕਰਨ ਵਾਸਤੇ ਇਹ ਚੰਗਾ ਬਿਲ ਹੈ (ਵਿਘਨ) ਟੈਲੀਫੂਨ ਬਾਰੇ ਜੋ ਕੀਤਾ ਗਿਆ ਹੈ ਉਹ ਠੀਕ ਹੈ, ਉਸ ਨਾਲ ਮੈਂ ਸਹਿਮਤ ਹਾਂ। ਟੈਲੀਫੂਨ ਕਾਲਾਂ ਅਰਜੈਂਟ ਕਰਨ ਨਾਲ ਜਾਂ ਪੀ. ਪੀ. ਕਰਨ ਨਾਲ ਬਹੁਤ ਜ਼ਿਆਦਾ ਬਿਲ ਆ ਜਾਂਦਾ ਹੈ। ਜੋ ਬਰਾੜ ਸਾਹਿਬ ਨੇ ਕਿਹਾ ਹੈ, ਚਾਹੇ ਐਮ. ਐਲ. ਏਜ਼ ਹੋਸਟਲ ਵਿਚੋਂ ਜਾਂ ਪੰਜਾਬ ਭਵਨ ਵਿਚੋਂ ਕੋਈ ਐਮ. ਐਲ. ਏ. ਟੈਲੀਫੂਨ ਕਰਦਾ ਹੈ, ਜੇਕਰ ਉਹ ਡਿਊਟੀ ਤੇ ਹੈ, ਤਾਂ ਉਹ ਬਿਲ ਸਾਡੇ ਬਿਲ ਵਿਚ ਇਨਕਲੂਡ ਕਰ ਲੈਣਾ ਚਾਹੀਦਾ ਹੈ। ਬਾਕੀ ਐਕਸ-ਐਮ. ਐਲ ਏਜ਼ ਨੂੰ ਵੀ ਫਰੀ ਯਾਤਰਾ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਫਰੀਡਮ ਫਾਈਟਰਜ਼, ਜਿਨ੍ਹਾਂ ਨੂੰ ਤਮਗੇ ਦਿੱਤੇ ਗਏ ਹਨ, ਉਨ੍ਹਾਂ ਵਾਸਤੇ ਵੀ ਇਹ ਰਿਆਇਤ ਹੋਣੀ ਚਾਹੀਦੀ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਦੇ ਏਮਜ਼ ਐਂਡ ਆਬਜੈਕਟਸ ਵਿਚ ਲਿਖਿਆ ਹੈ ਕਿਉਂਕਿ ਇਹ ਆਪਣੇ ਹਲਕੇ ਵਿਚੋਂ ਐਨੇ ਵੋਟਰਾਂ ਵਿਚੋਂ ਚੁਣ ਕੇ ਆਉਂਦੇ ਹਨ, ਇਨ੍ਹਾਂ ਦੀ ਡਿਗਨਿਟੀ ਮੇਨਟੇਨ ਕਰਨ ਵਾਸਤੇ ਇਹ ਕੀਤਾ ਜਾਂਦਾ ਹੈ। ਮੈਂ ਇਹ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਬੀ. ਡੀ. ਪੀ. ਓਜ਼ ਲਈ ਗੱਡੀਆਂ ਦਾ ਪਰਬੰਧ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਹੀ ਐਮ. ਐਲ. ਏਜ਼ ਲਈ ਵੀ ਵਹੀਕਲਜ਼ ਦਾ ਪਰਬੰਧ ਹੋਣਾ ਚਾਹੀਦਾ ਹੈ। ਸਾਡੀ ਸਰਕਾਰ ਕਹਿੰਦੀ ਹੈ ਕਿ ਮਹਿੰਗਾਈ ਤਾਂ ਹੈ ਨਹੀਂ। ਫਿਰ ਇਹ 40,000 ਰੁਪਏ ਤੋਂ 70,000 ਰੁਪਏ ਕਰਨ ਦੀ ਕੀ ਲੋੜ ਪੈ ਗਈ? ਜੇਕਰ ਮਹਿੰਗਾਈ ਨਹੀਂ ਵਧੀ ਤਾਂ ਫਿਰ ਇਹ ਰਕਮ ਕਿਉਂ ਵਧਾਈ ਗਈ ਹੈ? ਪੀਲੇ ਕਾਰਡਾਂ ਵਾਲਿਆਂ ਵਲ ਵੀ ਧਿਆਨ ਦਿਓ। ਤੁਸੀਂ ਤਾਂ ਸਾਈਕਲਾਂ ਤੇ ਵੀ ਟੈਕਸ ਲਗਾ ਰਹੇ ਹੋ। ਇਸ ਬਿਲ ਦੀ ਮੈਂ ਵਿਰੋਧਤਾ ਕਰਦਾ ਹਾਂ।

ਰਾਜਸੀ ਪਾਰਟੀ ਵਾਲੇ ਸ਼ੋਰ ਗੁਲ ਮਚਾ ਰਹੇ ਹਨ ਕਿ ਇਨ੍ਹਾਂ ਨੇ ਸਾਰੇ ਅਲਾਊਂਸਿਜ਼ ਆਪਣੀਆਂ ਜੇਬਾਂ ਵਿਚ ਪਾ ਲੈਣੇ ਹਨ ਪਰ ਅਸੀਂ ਤਾਂ ਲੋਕਾਂ ਦੀ ਸੇਵਾ ਵਿਚ ਇਹ ਪੈਸੇ ਲਗਾ ਦੇਣੇ ਹਨ। ਅਸੀਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਇਹ ਅਲਾਉਂਸਿਜ਼ ਆਪਣੀ ਪਾਰਟੀ ਵਾਲਿਆਂ ਨੂੰ ਦੇਣੇ ਹਨ ਅੱਤੇ ਉਨ੍ਹਾਂ ਨੇ ਲੋਕਾਂ ਦੀ ਸੇਵਾ ਵਿਚ ਖਰਚ ਕਰ ਦੇਣੇ ਹਨ। ਇਹ ਕਹਿੰਦੇ ਹਨ ਕਿ ਤੁਸੀਂ ਨਾ ਲਓ। (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਇਨ੍ਹਾਂ ਨੂੰ ਪੁੱਛੋ ਕਿ ਇਹ ਐਮ. ਐਲ. ਏ. ਹਨ ਜਾਂ ਬਕਰੇ ਹਨ ?

ਮਾਸਟਰ ਬਾਬੂ ਸਿੰਘ : ਕਈ ਐਮ. ਐਲ. ਏ. ਤਾਂ ਕੁਰਬਾਨੀ ਦੇ ਬਕਰੇ ਬਣ ਜਾਂਦੇ ਹਨ। ਇਸ ਨੇ ਬਕਰੇ ਤੋਂ ਅੱਗੇ ਕੀ ਬਣਨਾ ਹੈ ਉਸ ਬਾਰੇ ਮੈਨੂੰ ਪਤਾ ਨਹੀਂ ਹੈ।

ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਅਤੇ ਸ਼੍ਰੀ ਸੁਰਿੰਦਰ ਕਪੂਰ ਬੋਲਣ ਲਈ ਖੜ੍ਹੇ ਹੋਏ।)

ਸ਼੍ਰੀ ਡਿਪਟੀ ਸਪੀਕਰ : ਧੰਨੋਵਾਲੀਆ ਜੀ, ਤੁਸੀਂ ਬੋਲੋ।

ਸ਼੍ਰੀ ਸੁਰਿੰਦਰ ਕਪੂਰ : ਆਨ ਏ ਪੁਆਇੰਟ ਆਫ ਆਰਡਰ, ਸਰ। ਧੰਨੋਵਾਲੀਆ ਜੀ ਨੇ ਬਲੈਕ ਮੇਲਿੰਗ ਕਰ ਲਈ ਇਸ ਲਈ ਇਨ੍ਹਾਂ ਨੂੰ ਟਾਈਮ ਦੇ ਦਿੱਤਾ ਜਾਂਦਾ ਹੈ। ਮੈਂ ਕਈ ਵਾਰੀ ਬੇਨਤੀ ਕੀਤੀ ਹੈ ਕਿ ਮੈਂ ਵੀ ਬੋਲਣਾ ਹੈ ਪਰ ਮੈਨੂੰ ਟਾਈਮ ਨਹੀਂ ਦਿਤਾ ਜਾਂਦਾ। ਮੈਂ ਬਲੈਕ ਮੇਲ ਦੇ ਚੱਕਰ ਵਿਚ ਨਹੀਂ ਪੈਂਦਾ। ਮੈਨੂੰ ਬੋਲਣ ਲਈ ਟਾਈਮ ਦੇਣਾ ਚਾਹੀਦਾ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਪੰਜਾਬ ਲੈਜਿਸਲੇਟਰਜ਼ (ਅਲਾਉਂਸਿਜ਼ ਐਂਡ ਅਮੈਨਿਟੀਜ਼) ਮੋਡੀਫੀਕੇਸ਼ਨਜ਼ ਬਿਲ, 1982 ਤੇ ਬਹਿਸ ਹੋ ਰਹੀ ਹੈ। ਸਰਕਾਰ ਨੇ ਉਸ ਪਾਲਿਸੀ ਅਨੁਸਾਰ ਲੋਕਾਂ ਨੂੰ ਕੁੱਲੀ, ਜੁੱਲੀ ਅੱਤੇ ਗੁੱਲੀ ਦੇਣੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਐਮ. ਐਲ. ਏਜ਼ ਕੋਲ ਆਪਣੇ ਮਕਾਨ ਨਹੀਂ ਹਨ ਉਨ੍ਹਾਂ ਨੂੰ ਇਹ ਰਿਆਇਤ ਦੇਣੀ ਚਾਹੀਦੀ ਹੈ ਅੱਤੇ ਜਿਨ੍ਹਾਂ ਐਮ. ਐਲ. ਏਜ਼ ਕੋਲ ਆਪਣੇ ਮਕਾਨ ਹਨ ਉਨ੍ਹਾਂ ਨੂੰ ਇਹ ਰਿਆਇਤ ਨਹੀਂ ਦੇਣੀ ਚਾਹੀਦੀ। ਟੈਲੀਫੂਨ ਦਾ ਜਿਹੜਾ ਤੁਸੀਂ ਵਧਾਇਆ ਹੈ ਉਸ ਵਿਚ ਮੇਰੀ ਸੁਜੈਸ਼ਨ ਹੈ ਕਿ ਐਮ. ਐਲ. ਏਜ਼ ਹੋਸਟਲ ਅੱਤੇ ਪੰਜਾਬ ਭਵਨ ਦੀ ਰਕਮ ਵੀ ਇਸ ਬਿਲ ਵਿਚ ਇਨਕਲੂਡ ਹੋਣੀ ਚਾਹੀਦੀ ਹੈ। ਮੇਰੀ ਬੇਨਤੀ ਹੈ ਕਿ ਅਗਰ ਕੋਈ ਹਵਾਈ ਜਹਾਜ਼ ਵਿਚ ਸਫਰ ਕਰਦਾ ਹੈ ਤਾਂ ਉਸ ਲਈ ਵੀ ਕੁਪਨਾਂ ਵਿਚੋਂ ਉਹ ਰਕਮ ਦੀ ਅਦਾਇਗੀ ਕਰਨ ਦੀ ਸੁਵਿਧਾ ਹੋਣੀ ਚਾਹੀਦੀ ਹੈ (ਵਿਘਨ) ਕਾਰ ਬਾਰੇ ਜੋ ਕੀਤਾ ਗਿਆ ਹੈ, ਉਹ ਠੀਕ ਹੈ।

ਸ਼੍ਰੀ ਸੰਤ ਰਾਮ ਸਿੰਗਲਾ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਲੋਨ ਹੈ ਇਹ ਰਿਟਰਨੇਬਲ ਹੈ ਅੱਤੇ ਇਸ ਤੇ ਇੰਟਰੈਸਟ ਵੀ ਦੇਣਾ ਹੈ। ਪਰ ਇਹ ਲੋਨ ਲੈਣ ਵਾਸਤੇ ਰੂਲਜ਼ ਬੜੇ ਸਖਤ ਹਨ। ਇਹ ਸਿੰਪਲੀਫਾਈ ਹੋਣੇ ਚਾਹੀਦੇ ਹਨ। ਐਨਾ ਕਹਿਣ ਤੇ ਕਿ ਮੈਨੂੰ ਮਕਾਨ ਜਾਂ ਕਾਰ ਲਈ ਲੋਨ ਦੀ ਲੋੜ ਹੈ, ਉਸ ਨੂੰ ਲੋਨ ਮਿਲ ਜਾਣਾ ਚਾਹੀਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਮੇਰਾ ਹਾਊਸ ਲੋਨ ਦਾ ਕੇਸ ਦੋ ਸਾਲਾਂ ਤੋਂ ਵਿਧਾਨ ਸਭਾ ਤੋਂ ਜਾ ਕੇ ਸਰਕਾਰ ਕੋਲ ਪਿਆ ਹੈ, ਉਸ ਬਾਰੇ ਫੈਸਲਾ ਜਲਦੀ ਕਰਨਾ ਚਾਹੀਦਾ ਹੈ। ਸਪਾਊਜ਼ ਅੱਤੇ ਡਿਪੈਂਡੈਂਟ ਇਕਲਾ ਸਫਰ ਨਹੀਂ ਕਰ ਸਕਦਾ, ਇਹ ਵੀ ਹੋਣਾ ਚਾਹੀਦਾ ਹੈ। ਪ੍ਰਾਈਵੇਟ ਬੱਸਾਂ

Original with;
Punjab Vidhan Sabha
Digitized by;
Panjab Digital Library

ਜਿਥ ਚਲਦੀਆਂ ਹਨ ਉਥੇ ਸਾਨੂੰ ਪੈਸੇ ਦੇਣੇ ਚਾਹੀਦੇ ਹਨ। ਪਿਛਲੀ ਵਾਰੀ ਵੀ ਇਨ੍ਹਾਂ ਨੇ ਕਿਹਾ ਸੀ ਕਿ ਇਸ ਬਾਰੇ ਅਰੇਂਜਮੈਂਟ ਕਰਾਂਗੇ। ਡੀ. ਏ. ਵੀ ਉਸ ਹਿਸਾਬ ਨਾਲ ਵਧਾਉਣਾ ਚਾਹੀਦਾ ਹੈ।

ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਜੋਗਿੰਦਰ ਪਾਲ ਪਾਂਡੇ): ਡਿਪਟੀ ਸਪੀਕਰ ਸਾਹਿਬ, ਇਸ ਬਿਲ ਦਾ ਮਕਸਦ ਹਾਊਸ ਦੇ ਮੈਂਬਰਾਂ ਨੂੰ ਫਾਇਦਾ ਪਹੁੰਚਾਉਣਾ ਹੈ, ਉਨ੍ਹਾਂ ਚੀਜ਼ਾਂ ਅੰਦਰ ਜਿਹੜੀਆਂ ਉਨ੍ਹਾਂ ਦੀਆਂ ਬਤੌਰ ਐਮ. ਐਲ. ਏਜ਼ ਡਿਊਟੀਜ਼ ਅਦਾ ਕਰਦੇ ਹਨ, ਉਸ ਦੇ ਮੁਤਾਬਿਕ ਹੈ। ਐਸੀ ਕੋਈ ਲੰਬੀ ਚੌੜੀ ਗਲ ਨਹੀਂ ਜਿਸ ਦੇ ਉਤੇ ਜ਼ਿਆਦਾ ਬਹਿਸ ਕੀਤੀ ਜਾਵੇ ਪਰ ਇਹ ਠੀਕ ਹੈ ਕਿ ਜੇ ਕੋਈ ਚੰਗੀਆਂ ਸੁਜੈਸ਼ਨਜ਼ ਹਾਊਸ ਵਿਚ ਆਉਣ ਤਾਂ ਸਾਡਾ ਫਰਜ਼ ਹੈ ਕਿ ਅਸੀਂ ਉਨ੍ਹਾਂ ਉਪਰ ਗੌਰ ਕਰੀਏ। ਦੋ ਤਿੰਨ ਮੱਦਾਂ ਐਸੀਆਂ ਹਨ। ਕਾਰ ਦੇ ਲੋਨ ਬਾਰੇ ਮਾਨਯੋਗ ਮੈਂਬਰਾਂ ਨੇ ਕਿਹਾ ਹੈ ਕਿ ਕਾਰਾਂ ਦੀ ਕੀਮਤ ਵਧ ਗਈ ਹੈ ਇਸ ਲਈ ਜ਼ਿਆਦਾ ਲੋਨ ਮਿਲਣਾ ਚਾਹੀਦਾ ਹੈ। ਇਸ ਲਈ ਸਰਕਾਰ ਦਾ ਵੀ ਫਰਜ਼ ਸੀ ਕਿ ਇਹ ਜਿਹੜਾ ਕਾਰ ਵਾਸਤੇ ਲੋਨ ਹੈ ਇਸ ਨੂੰ ਇਨਹਾਂਸ ਕਰ ਕੇ ਉਤਲੀ ਕੀਮਤ ਕਰ ਦਿਤੀ ਜਾਵੇ ਜਿੰਨੀ ਕੀਮਤ ਕਾਰ ਦੀ ਹੈ ਤਾਕਿ ਉਹ ਖਰੀਦ ਕਰ ਸਕਣ।

ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹਾਊਸ ਵਾਸਤੇ 1 ਲੱਖ ਰੁਪਏ ਤੋਂ ਵਧਾ ਕੇ 1 ਲੱਖ 25 ਹਜ਼ਾਰ ਰੁਪਏ ਕੀਤੇ ਗਏ ਹਨ। ਜੇ ਕਿਸੇ ਨੇ ਇਸ ਤੋਂ ਉਪਰ ਪੰਜ ਲੱਖ ਜਾਂ 10 ਲੱਖ ਰੁਪਿਆ ਲਾਉਣਾ ਹੋਵੇ ਤਾਂ ਉਹ ਮੈਂਬਰ ਦੀ ਆਪਣੀ ਮਰਜ਼ੀ ਹੈ ਪਰ ਜੋ ਸਾਨੂੰ ਇਨਫਰਮੇਸ਼ਨ ਹੈ ਸਾਰੇ ਹਿੰਦੁਸਤਾਨ ਵਿਚ ਹੋਰ ਕਿਸੇ ਵੀ ਪ੍ਰਾਂਤ ਨੇ ਆਪਣੇ ਮੈਂਬਰਾਂ ਨੂੰ 1 ਲੱਖ ਰੁਪਏ ਤੋਂ ਜ਼ਿਆਦਾ ਲੋਨ ਨਹੀਂ ਦਿਤਾ। ਇਹ ਸਿਰਫ ਪੰਜਾਬ ਹੀ ਹੈ ਜਿਸ ਨੇ ਆਪਣੇ ਮੈਂਬਰਾਂ ਨੂੰ 1 ਲੱਖ 25 ਹਜ਼ਾਰ ਰੁਪਿਆ ਹਾਊਸ ਵਾਸਤੇ ਲੋਨ ਦਿਤਾ ਹੈ। (ਥੰਪਿੰਗ) ਇਸ ਵਿਚ ਇਕ ਹੋਰ ਵੀ ਖੂਬੀ ਹੈ, ਉਹ ਇਹ ਹੈ ਕਿ ਬੈਂਕਾਂ ਦਾ ਇੰਟਰੈਸਟ 16% ਤੋਂ 18% ਹੈ ਜਦ ਕਿ ਮਾਨਯੋਗ ਮੈਂਬਰਾਂ ਨੂੰ ਇਹ ਰਕਮ ਪੰਜਾਬ ਦੇ ਖਜ਼ਾਨੇ ਵਿਚੋਂ ਮਿਲਣੀ ਹੈ ਅਤੇ ਉਸ ਉਤੇ ਰੇਟ ਆਫ ਇੰਟਰੈਸਟ ਸਿਰਫ 8% ਹੈ। ਇਹ ਸਭ ਤੋਂ ਵੱਡੀ ਸਹੂਲਤ ਮਾਨਯੋਗ ਮੈਂਬਰਾਂ ਵਾਸਤੇ ਹੈ।

ਇਸ ਤੋਂ ਇਲਾਵਾ ਮਾਨਯੋਗ ਮੈਂਬਰਾਂ ਨੇ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਅਤੇ ਵੈਸੇ ਵੀ ਕਿਹਾ ਸੀ ਕਿ ਕਿਉਂਕਿ ਉਨ੍ਹਾਂ ਪਾਸ ਲੋਕਾਂ ਦੀ ਆਵਾਜਾਈ ਜ਼ਿਆਦਾ ਰਹਿੰਦੀ ਹੈ, ਉਨ੍ਹਾਂ ਨੂੰ ਟੈਲੀਫੂਨ ਜ਼ਿਆਦਾ ਕਰਨੇ ਪੈਂਦੇ ਹਨ, ਇਸ ਕਰ ਕੇ ਉਨ੍ਹਾਂ ਨੂੰ ਇਸ ਪਾਸੇ ਵੀ ਹੋਰ ਸਹੂਲਤ ਮਿਲਣੀ ਚਾਹੀਦੀ ਹੈ। ਪੰਜਾਬ ਸਰਕਾਰ ਨੇ ਜਿਥੇ ਮਾਨਯੋਗ ਮੈਂਬਰਾਂ ਨੂੰ ਪਹਿਲਾਂ 3,600 ਰੁਪਏ ਤੱਕ ਦੀਆਂ ਟੈਲੀਫੂਨ ਕਾਲਾਂ ਵਾਸਤੇ ਅਲਾਉਡ ਕੀਤਾ ਸੀ ਉਥੇ ਹੁਣ ਉਨ੍ਹਾਂ ਨੂੰ 1,200 ਰੁਪਏ ਸਾਲ ਦੀਆਂ ਹੋਰ ਟੈਲੀਫੂਨ ਕਾਲਾਂ ਵਾਸਤੇ ਅਲਾਉਡ ਕੀਤਾ ਹੈ, ਇਸ ਤਰ੍ਹਾਂ ਸਾਲ ਦੀਆਂ 4,800 ਰੁਪਏ ਦੀਆਂ ਕਾਲਾਂ ਅਲਾਉਡ ਹਨ। (ਥੰਪਿੰਗ) ਜਿਥੋਂ ਤਕ ਇਸ ਗਲ ਦਾ ਤੁਅੱਲਕ ਹੈ ਕਿ ਲੋਨ ਹਾਸਿਲ ਕਰਨ ਵਿਚ ਕੁਝ ਕੰਪਲੀਕੇਸ਼ਨਜ਼ ਨਜ਼ਰ ਆਉਂਦੀਆਂ ਹਨ, ਉਹ ਕੰਪਲੀਕੇਸ਼ਨਜ਼ ਕਦੋਂ ਆਈਆਂ, ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ। ਪਹਿਲੇ ਰਾਜ ਵਿਚ ਕੁਝ ਗੱਲਾਂ ਤਹਿ ਕੀਤੀਆਂ ਗਈਆਂ। ਉਦੋਂ ਅਕਾਲੀ-ਜਨਤਾ ਪਾਰਟੀ ਦਾ ਰਾਜ ਸੀ। ਉਸ ਵੇਲੇ ਰੂਲਜ਼ ਬਣੇ। ਉਨ੍ਹਾਂ ਰੂਲਜ਼ ਵਿਚ ਉਸ ਵਕਤ ਦੀ ਸਰਕਾਰ ਦੇ ਮੈਂਬਰ ਚਾਹੁੰਦੇ ਸਨ ਕਿ ਮੋਡੀਫੀਕੇਸ਼ਨਜ਼ ਹੋ ਜਾਣ ਪਰ ਬਦਕਿਸਮਤੀ ਦੀ ਗੱਲ ਹੈ ਕਿ ਉਨ੍ਹਾਂ ਦੀ ਸਰਕਾਰ ਨਾ ਰਹੀ ਅਤੇ ਉਹ ਟੁੱਟ ਗਈ। ਉਹ ਤਬਦੀਲੀਆਂ ਦੂਰ ਨਾ ਕਰ ਸਕੇ। ਮੈਂ ਮਾਨਯੋਗ ਮੈਂਬਰਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਲੋਨ ਹਾਸਿਲ ਕਰਨ ਲਈ ਅਗਰ ਕੋਈ ਕੰਪਲੀਕੇਸ਼ਨਜ਼ ਹਨ ਤਾਂ

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲਿਆਂ ਦੇ ਮੰਤਰੀ]

ਸਰਕਾਰ ਉਨ੍ਹਾਂ ਕੰਪਲੀਕੇਸ਼ਨਜ਼ ਨੂੰ ਦੂਰ ਕਰੇਗੀ। (ਥੰਪਿੰਗ) ਇਹ ਲੋਨ ਹੈ ਅਤੇ ਇਹ ਵਾਪਿਸ ਕਰਨਾ ਪੈਣਾ ਹੈ।

ਇਥੇ ਕਾਮਰੇਡਾਂ ਦੀ ਤਰਫੋਂ ਕੁਝ ਕਿਹਾ ਗਿਆ। ਮੈਂ ਕਹਿਣਾ ਚਹੁੰਦਾ ਹਾਂ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਉਣ ਦੇ ਹੋਰ ਨਹੀਂ ਹੋਣੇ ਚਾਹੀਦੇ। ਜੇ ਤੁਸੀਂ ਕੋਈ ਫੈਸਿਲਿਟੀ ਲੈਣੀ ਹੈ, ਜੇ ਤੁਸੀਂ ਮਕਾਨ ਦੀ ਫੈਸਿਲਿਟੀ ਲੈਣੀ ਹੈ, ਜੇ ਤੁਸੀਂ ਟੈਲੀਫੂਨ ਦੇ ਬਿੱਲ ਦੀ ਫੈਸਿਲਿਟੀ ਲੈਣੀ ਹੈ ਤਾਂ ਫਿਰ ਤੁਹਾਨੂੰ ਉਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ।

ਕਾਮਰੇਡ ਰਾਜ ਕੁਮਾਰ : ਕਿਸੇ ਕਮਿਊਨਿਸਟ ਪਾਰਟੀ ਦੇ ਮੈਂਬਰ ਨੇ ਕਾਰ ਵਾਸਤੇ ਜਾਂ ਹਾਊਸ ਲਈ ਲੋਨ ਲਿਆ ਹੋਵੇ ਤਾਂ ਦੱਸ ਦਿਓ ?

ਸੰਸਦੀ ਮਾਮਲਿਆਂ ਦੇ ਮੰਤਰੀ : ਤੁਸੀਂ ਟੈਲੀਫੂਨ ਦੀ ਫੈਸਿਲਿਟੀ ਲੈਂਦੇ ਹੋ। ਕਿੰਨਿਆਂ ਨੇ ਕਾਰ ਲਈ ਅਪਲਾਈ ਕੀਤਾ, ਕਿੰਨਿਆਂ ਨੇ ਮਕਾਨ ਲਈ ਅਪਲਾਈ ਕੀਤਾ, ਇਹ ਵੀ ਮੈਂ ਦੇਖ ਕੇ ਦੱਸ ਦਿਆਂਗਾ।

ਕਾਮਰੇਡ ਰਾਜ ਕੁਮਾਰ : ਤੁਸੀਂ ਹੁਣੇ ਦੱਸੋ।

ਮੰਤਰੀ : ਮੈਂ ਇਸ ਬਾਰੇ ਰਿਕਾਰਡ ਲੈ ਕੇ ਨਹੀਂ ਆਇਆ। ਤੁਸੀਂ ਦੱਸੋ ਕਿ ਕੀ ਤੁਸੀਂ ਟੈਲੀਫੂਨ ਦੀ ਫੈਸਿਲਿਟੀ ਲੈਂਦੇ ਹੋ ਜਾਂ ਨਹੀਂ ? ਮਾਸਟਰ ਬਾਬੂ ਸਿੰਘ ਮੇਰੇ ਜ਼ਾਤੀ ਦੋਸਤ ਹਨ। ਉਨ੍ਹਾਂ ਨੇ ਕਿਹਾ ਕਿ ਮੈਂਬਰਾਂ ਨੂੰ ਵਹੀਕਲ ਵਾਸਤੇ ਸਹੂਲਤ ਦਿਤੀ ਜਾਵੇ। ਉਨ੍ਹਾਂ ਨੇ ਅਸਲੀਅਤ ਨੂੰ ਮੁਖ ਰੱਖ ਕੇ ਮੰਗ ਰੱਖੀ ਹੈ। ਸਰਕਾਰ ਮੈਂਬਰਾਂ ਨੂੰ ਸਹੂਲਤ ਦਿੰਦੀ ਹੈ, ਜੇ ਤੁਸੀਂ ਕਹਿੰਦੇ ਹੋ ਕਿ ਹੋਰ ਸਹੂਲਤ ਦੀ ਲੋੜ ਹੈ ਅਤੇ ਤੁਸੀਂ ਇਸ ਬਾਰੇ ਮੰਗ ਕਰੋ ਤਾਂ ਸਰਕਾਰ ਉਸ ਉਤੇ ਵੀ ਗੌਰ ਕਰੇਗੀ। (ਥੰਪਿੰਗ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਿਲ ਹੈ ਇਹ ਮਾਨਯੋਗ ਮੈਂਬਰਾਂ ਦੀ ਸਹੂਲਤ ਵਾਸਤੇ ਹੈ। ਜੇ ਕਿਸੇ ਮਾਨਯੋਗ ਮੈਂਬਰ ਨੇ ਇਹ ਸਹੂਲਤਾਂ ਨਹੀਂ ਲੈਣੀਆਂ ਤਾਂ ਇਹ ਉਸ ਦੀ ਸਵੀਟ ਵਿੱਲ ਹੈ। ਮੈਂ ਰਿਕੁਐਸਟ ਕਰਾਂਗਾ ਕਿ ਇਸ ਬਿਲ ਨੂੰ ਪਾਸ ਕੀਤਾ ਜਾਵੇ।

ਸ਼੍ਰੀ ਰਾਮ ਲਾਲ ਚਿੱਟੀ : ਪੁਆਇੰਟ ਆਫ ਇਨਫਰਮੇਸ਼ਨ, ਸਰ। ਵਜ਼ੀਰ ਸਾਹਿਬ ਨੇ ਇਸ ਗਲ ਬਾਰੇ ਕਲੀਅਰ ਨਹੀਂ ਕੀਤਾ ਕਿ ਜਿਹੜੇ ਮੈਂਬਰ ਚੰਡੀਗੜ੍ਹ ਹੋਸਟਲ ਵਿਚ ਆ ਕੇ ਰਹਿਦੇ ਹਨ ਜਾਂ ਕਿਸੇ ਕਮੇਟੀ ਨਾਲ ਬਾਹਿਰ ਜਾਂਦੇ ਹਨ ਅਤੇ ਉਥੋਂ ਉਹ ਟੈਲੀਫੂਨ ਕਰਦੇ ਹਨ ਅਤੇ ਟਲੀਫੂਨ ਕਰਨ ਦੀ ਰਸੀਦ ਦਿੰਦੇ ਹਨ ਤਾਂ ਕੀ ਉਸ ਦੇ ਪੈਸੇ ਦਿਉਗੇ ?

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ। ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 8% ਇੰਟਰੈਸਟ ਤੇ ਲੋਨ ਮਿਲਦਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਲੋਨ ਲੈਂਦੇ ਹਾਂ ਤਾਂ ਸਾਰੀ ਰਕਮ ਉਤੇ ਇੰਟਰੈਸਟ ਲਾ ਲੈਂਦੇ ਹਨ ਅਤੇ ਫਿਰ ਕਿਸ਼ਤਾਂ ਬਨ ਦਿਦੇ ਹਨ। ਫਰਜ਼ ਕਰੋ ਕਿਸੇ ਨੇ 40 ਹਜ਼ਾਰ ਰੁਪਏ ਲੋਨ ਲੈਣਾ ਹੈ ਤਾਂ ਉਸ ਉਤੇ 20 ਹਜ਼ਾਰ ਰੁਪਏ ਇਟਰੈਸਟ ਪਾ ਕੇ ਉਹ 60 ਹਜ਼ਾਰ ਰੁਪਏ ਹੋ ਜਾਂਦਾ ਹੈ, ਇਸ ਦੀਆਂ ਉਹ ਕਿਸ਼ਤਾਂ ਬਨ੍ਹ ਦਿਦੇ ਹਨ। ਇਸ ਬਾਰੇ ਉਹ ਕਲੀਅਰ ਕਰ ਦੇਣ ਕਿਉਂਕਿ ਇੰਟਰੈਸਟ ਪਹਿਲਾਂ ਪਾਉਣ ਨਾਲ ਕਿਸ਼ਤ ਜ਼ਿਆਦਾ ਹੋ ਜਾਂਦੀ

Original with;
Punjab Vidhan Sabha
Digitized by;
Panjab Digital Library

ਹੈ ਅਤੇ ਜੇ ਇੰਟਰੈਸਟ ਵਿਚ ਨਾ ਪਾ ਕੇ ਕਿਸ਼ਤ ਬੰਨ੍ਹੀ ਜਾਵੇ ਤਾਂ ਕਿਸ਼ਤ ਥੋੜ੍ਹੀ ਬਣਦੀ ਹੈ । ਇਸ ਬਾਰੇ ਵਜ਼ੀਰ ਸਾਹਿਬ ਦੱਸ ਦੇਣ ?

ਸਰਦਾਰ ਗੁਰਨੈਬ ਸਿੰਘ ਬਰਾੜ : ਮੈਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ । ਇਨ੍ਹਾਂ ਨੇ ਜਿਹੜਾ ਮਕਾਨ ਵਾਸਤੇ ਲੋਨ ਦੇਣਾ ਹੈ ਉਸ ਵਿਚ ਇਕ ਕੰਡੀਸ਼ਨ ਹੈ ਕਿ ਜਿਸ ਐਮ. ਐਲ. ਏ. ਦਾ ਪੰਜਾਬ ਵਿਚ ਮਕਾਨ ਨਾ ਹੋਵੇ ਉਸਨੂੰ ਲੋਨ ਦੇਣਾ ਹੈ। ਇਹੋ ਜਿਹਾ ਕਿਹੜਾ ਐਮ. ਐਲ. ਏ. ਹੈ ਜਿਸ ਦਾ ਆਪਣਾ ਘਰ ਨਾ ਹੋਵੇ । (ਵਿਘਨ) ਕੀ ਇਹ ਇਸ ਗਲ ਉਤੇ ਗੌਰ ਕਰਨਗੇ ਕਿ ਜਿਨ੍ਹਾਂ ਐਮ. ਐਲ. ਏਜ਼ ਨੇ ਮਕਾਨ ਨਹੀਂ ਬਣਾਏ ਉਨ੍ਹਾਂ ਨੂੰ ਲੋਨ ਦਿਤਾ ਜਾਵੇ ?

ਸਰਦਾਰ ਜਗਤ ਸਿੰਘ : ਇਨ੍ਹਾਂ ਲੋਕਾਂ ਦੇ (ਕਮਿਊਨਿਸਟ ਪਾਰਟੀ ਵਲ ਇਸ਼ਾਰਾ) 18-18 ਜਵਾਕ ਹਨ। ਉਹ ਕਿਥੇ ਰਹਿੰਦੇ ਹਨ ? ਇਹ ਕਹਿੰਦੇ ਹਨ ਕਿ ਅਸੀਂ ਲੋਨ ਨਹੀਂ ਲੈਂਦੇ । (ਵਿਘਨ) (ਸ਼ੋਰ)

ਕਾਮਰੇਡ ਸੱਘੜ ਸਿੰਘ : ਕਈ ਵਾਰੀ ਹਾਸੇ ਦੀ ਗਲ ਬਣ ਜਾਂਦੀ ਹੈ ਪਰ ਅੱਜ ਮਨਿਸਟਰ ਸਾਹਿਬ ਗਰਮੀ ਵਿਚ ਆ ਗਏ । ਮੈਂ ਕਹਾਂਗਾ ਕਿ ਤੁਸੀਂ ਇਸ ਬਾਰੇ ਬਿਲ ਲਿਆਓ ਅਤੇ ਉਸ ਵਿਚ ਇਹ ਕਰੋ ਕਿ ਜਿਹੜੇ ਵਿਰੋਧ ਕਰਨਗੇ, ਉਹ ਨਹੀਂ ਲੈ ਸਕਣਗੇ। ਫਿਰ ਦੇਖੋ ਕਿਹੜੇ ਕਿਹੜੇ ਵਿਰੋਧ ਕਰਦੇ ਹਨ। ਜੇ ਕਮਿਊਨਿਸਟ ਪਾਰਟੀ ਉਸ ਦਾ ਵਿਰੋਧ ਨਾ ਕਰੇ ਤਾਂ ਫਿਰ ਜੋ ਮਰਜ਼ੀ ਕਰ ਲੈਣਾ । ਘਰ ਵਾਸਤੇ ਕਿਸੇ ਕਮਿਊਨਿਸਟ ਪਾਰਟੀ ਦੇ ਐਮ. ਐਲ. ਏ. ਨੇ ਅਪਲਾਈ ਨਹੀਂ ਕੀਤਾ । ਕਾਰ ਵਾਸਤੇ ਵੀ ਕਿਸੇ ਕਮਿਊਨਿਸਟ ਪਾਰਟੀ ਦੇ ਐਮ. ਐਲ. ਏ. ਨੇ ਅਪਲਾਈ ਨਹੀਂ ਕੀਤਾ । (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਮਕਾਨ ਬਣਾਉਣ ਲਈ ਐਮ. ਐਲ. ਏਜ਼ ਨੂੰ ਇਹ ਜਿਹੜਾ ਲੋਨ ਮਿਲਦਾ ਹੈ ਕੀ ਅੱਜ ਤਕ ਕੋਈ ਐਮ. ਐਲ. ਏ. ਇਹੋ ਹਾਊਸ ਬਿਲਡਿੰਗ ਲੋਨ ਲੈ ਸਕਿਆ ਹੈ ? ਇਸ ਬਾਰੇ ਜਿਹੜੇ ਰੂਲਜ਼ ਹਨ ਕੀ ਉਨ੍ਹਾਂ ਵਿਚ ਇਹ ਕੋਈ ਇਹੋ ਜਿਹੀ ਤਰਮੀਮ ਲਿਆਉਣਗੇ ਤਾ ਕਿ ਜਿਸ ਐਮ. ਐਲ. ਏ. ਨੂੰ ਲੋੜ ਹੈ ਉਹ ਲੋਨ ਲੈ ਸਕੇ ? ਕਿਸੇ ਨੇ 1 ਲਖ ਰੁਪਏ ਦਾ ਕਰਜ਼ਾ ਨਹੀਂ ਲੈ ਸਕਣਾ।ਦੂਜੀ ਮੈਂ ਇਹ ਕਲੈਰੀਫੀਕੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਹੜੀ ਜਨਰਲ ਪਰਪਜ਼ਿਜ਼ ਕਮੇਟੀ ਹੈ, ਜਿਸ ਦਾ ਚੇਅਰਮੈਨ ਸਪੀਕਰ ਹੈ, ਸਾਰੀਆਂ ਕਮੇਟੀਆਂ ਦੇ ਚੇਅਰਮੈਨ ਇਸ ਕਮੇਟੀ ਦੇ ਮੈਂਬਰ ਹਨ, ਉਹ ਜੋ ਫੈਸਲੇ ਕਰਦੇ ਹਨ ਉਨ੍ਹਾਂ ਦੇ ਫੈਸਲੇ ਬੱਦ ਹੁੰਦੇ ਹਨ ਅੋਰ ਉਹ ਮੋਸਟ ਕਟੈਪਚੁਅੰਸਲੀ ਡੀਲ ਹੁੰਦੇ ਹਨ । ਮੇਰੀ ਰਾਇ ਹੈ ਕਿ ਇਸ ਕਮੇਟੀ ਦੀਆਂ ਜਿਹੜੀਆਂ ਰਿਕੁਮੈਂਡੇਸ਼ਨਜ਼ ਹੋਣ, ਉਹ ਜੁਆਇੰਟ ਸੈਕਟਰੀ ਦੇ ਲੈਵਲ ਤੋਂ ਘੱਟ ਡੀਲ ਨਾ ਹੋਣ ।

ਸ਼੍ਰੀ ਸੇਵਾ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਮ. ਐਲ. ਏ. ਫਲਟਸ ਜੋ ਹਨ ਉਨ੍ਹਾਂ ਵਿਚ ਟੈਲੀਫੂਨ ਸਿਸਟਮ ਹੋਣਾ ਚਾਹੀਦਾ ਹੈ । ਦੋਨੋਂ ਥਾਵਾਂ ਤੇ ਟੈਲੀਫੋਨ ਹੋਣਾ ਚਾਹੀਦਾ ਹੈ। (ਵਿਘਨ) ਮੈਂਬਰਾਂ ਨੂੰ ਇਹ ਟੈਲੀਫੂਨ ਦੀ ਫੈਸਿਲਟੀ ਮਿਲਣੀ ਚਾਹੀਦੀ ਹੈ ।

ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਟੈਲੀਫੂਨ ਦੀ ਫੈਸਿਲਟੀ ਬਾਰੇ ਜਿਸ ਵੇਲੇ ਵਿਧਾਨ ਸਭਾ ਵਾਲੇ ਕਿਸੇ ਵੀ ਮਾਨਯੋਗ ਮੈਂਬਰ ਨੂੰ ਪੁਛਦੇ ਹਨ ਤਾਂ ਇਸ ਦੇ ਨਾਲ ਇਹ ਵੀ ਪੁਛਦੇ ਹਨ ਕਿ ਤੁਸੀਂ ਇਹ ਸਹੂਲਤ ਕਿਸ ਟੈਲੀਫੂਨ ਨੰਬਰ ਤੇ ਲੈਣੀ ਹੈ। ਆਪਣੇ ਮਕਾਨ ਤੇ ਜਾਂ ਚੰਡੀਗੜ੍ਹ ਵਿਚ ਜੇ ਕੋਈ ਰਹਿਦਾ ਹੈ ਤਾਂ ਉਸ ਨੂੰ ਉਥੇ ਵੀ ਦਿੱਤੀ ਜਾਂਦੀ ਹੈ ਜਿਥੇ ਮਾਨਯੋਗ

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲਿਆਂ ਦੇ ਮੰਤਰੀ]

ਮੈਂਬਰ ਚਾਹੁੰਦਾ ਹੈ। ਉਹ ਦੋ ਵਿਚੋਂ ਇਕ ਥਾਂ ਤੇ ਇਹ ਫੈਸਿਲਟੀ ਲੈ ਸਕਦੇ ਹਨ, ਦੋ ਜਗ੍ਹਾ ਤੇ ਨਹੀਂ ਲੈ ਸਕਦੇ ।

ਆਵਾਜ਼ਾਂ : ਦੋ ਥਾਵਾਂ ਤੇ ਲੈ ਸਕਦੇ ਹਨ ।

ਸੰਸਦੀ ਮਾਮਲਿਆਂ ਦੇ ਮੰਤਰੀ : ਫਿਰ ਤਾਂ ਕੋਈ ਰੌਲੇ ਵਾਲੀ ਗਲ ਨਹੀਂ ਹੈ। ਵਿਧਾਨ ਸਭਾ ਦੇ ਬਣਾਏ ਹੋਏ ਰੂਲਜ਼ ਦੇ ਮੁਤਾਬਿਕ ਟੈਲੀਫੂਨ ਦਾ ਨੰਬਰ ਦੇਣਾ ਪੈਂਦਾ ਹੈ। ਜਿਹੜਾ ਜਿਹੜਾ ਮਾਨਯੋਗ ਮੈਂਬਰ ਨੰਬਰ ਦਿੰਦਾ ਹੈ ਉਸ ਦੇ ਮੁਤਾਬਿਕ ਉਹ ਫੈਸਿਲਿਟੀ ਲੈ ਸਕਦਾ ਹੈ । ਜੇ ਕੋਈ ਨਵੀਂ ਸਿਚੂਏਸ਼ਨ ਆਈ ਹੈ ਤਾਂ ਤੁਸੀਂ, ਡਿਪਟੀ ਸਪੀਕਰ ਸਾਹਿਬ, ਆਪ ਦੇਖ ਲਓ, ਸਪੀਕਰ ਸਾਹਿਬ ਨਾਲ ਸਲਾਹ ਕਰ ਲਓ । ਹੁਣ ਤਕ ਜੋ ਪੰਪਾ ਚਲ ਰਹੀ ਹੈ ਉਹ ਤੁਸੀਂ ਦੇਖ ਲਓ । ਇਹ ਨਹੀਂ ਕਿ ਕੋਈ ਮੈਂਬਰ ਮਦਰਾਸ ਬੈਠਾ ਹੈ ਅਤੇ ਉਸ ਦਾ ਬਿਲ ਇਥੇ ਲਿਆ ਕੇ ਦੇ ਦੇਵੇ ਤਾਂ ਉਹ ਵਿਧਾਨ ਸਭਾ ਨੇ ਨਹੀਂ ਮੰਨਣਾ। ਜਿਹੜੀ ਅਮਾਉਂਟ ਰਖੀ ਹੈ ਉਹ 4,800 ਰੁਪਏ ਸਾਲ ਦੀ ਰਖੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਜੇ ਉਹ ਬਿਲ ਲਿਆ ਕੇ ਦਿੰਦਾ ਹੈ ਤਾਂ ਭਾਵੇਂ ਜਿਥੋਂ ਮਰਜ਼ੀ ਉਹ ਕਰੇ, ਭਾਵੇਂ ਕਲਕਤੇ ਤੋਂ ਕਰੇ ਤੇ ਭਾਵੇਂ ਜਿਥੋਂ ਮਰਜ਼ੀ ਕਰੇ ।

ਮੰਤਰੀ : ਉਹ 4,800 ਰੁਪਏ ਤਕ ਖਰਚ ਕਰੇਗਾ । ਜੋ ਬਿਲ ਉਸ ਨੇ ਦੇਣਾ ਹੈ ਉਸ ਹਿਸਾਬ ਨਾਲ ਦੇਣਾ ਹੈ। 4,800 ਰੁਪਏ ਤੋਂ ਵੱਧ ਅਮਾਉਂਟ ਨਹੀਂ ਮਿਲਣਾ ।

ਸਰਦਾਰ ਦਲੀਪ ਸਿੰਘ ਪਾਂਧੀ : ਤੁਸੀਂ 4,800 ਰੁਪਏ ਦੇਣੇ ਹਨ, ਚਾਹੇ ਉਹ ਇਕ ਦਿਨ ਵਿੱਚ ਮੁਕਾ ਦੇਵੇ, ਤੁਹਾਨੂੰ ਇਸ ਵਿੱਚ ਕੀ ਇਤਰਾਜ਼ ਹੈ, ਚਾਹੇ ਉਹ ਸਾਲ ਵਿਚ ਮੁਕਾਏ, ਚਾਹੇ ਇਕ ਦਿਨ ਵਿਚ ਮੁਕਾਏ ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਹਾਊਸ ਬਣਾਉਣ ਦੇ ਲੋਨ ਦੀ ਗਲ ਕੀਤੀ ਗਈ ਹੈ । ਮੈਂ ਤਾਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਜੇ ਕੋਈ ਮਾਨਯੋਗ ਮੈਂਬਰ ਸੁਜੈਸ਼ਨਜ਼ ਦੇਣਾ ਚਾਹੁੰਦੇ ਹਨ ਤਾਂ ਉਹ ਆਪਣੀਆਂ ਸੁਜੈਸ਼ਨਜ਼ ਦੇ ਦੇਣ, ਉਹ ਬੈਠ ਕੇ ਵਿਚਾਰ ਕਰ ਲੈਣਗੇ, ਤੁਸੀਂ ਵੀ ਵਿਚਾਰ ਕਰ ਲੈਣਾ, ਜਨਰਲ ਪਰਪਜ਼ਿਜ਼ ਕਮੇਟੀ ਵਿਚ ਵਿਚਾਰ ਕਰ ਲੈਣਾ । ਜਿਹੜੀਆਂ ਦਲੀਲਾਂ, ਜਿਹੜੀਆਂ ਸੁਜੈਸ਼ਨਜ਼ ਮੰਨਣ ਵਾਲੀਆਂ ਹੋਣਗੀਆਂ, ਅਸੀਂ ਉਨ੍ਹਾਂ ਤੇ ਵਿਚਾਰ ਕਰ ਕੇ ਜ਼ਰੂਰ ਮੰਨਾਂਗੇ। ਸਾਡਾ ਮਕਸਦ ਤਾਂ ਸਿੰਪਲੀਫਾਈ ਕਰਨ ਦਾ ਹੈ ਤਾ ਕਿ ਮਾਨਯੋਗ ਮੈਂਬਰਾਂ ਨੂੰ ਫੈਸਿਲਿਟੀ ਮਿਲ ਸਕੇ। ਇਥੇ ਜ਼ਿਕਰ ਕੀਤਾ ਗਿਆ ਹੈ ਕਿ ਜਨਰਲ ਪਰਪਿਜ਼ਜ਼ ਕਮੇਟੀ ਦੀਆਂ ਸਿਫਾਰਸ਼ਾਂ ਹਨ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਵੀ ਸਿਫਾਰਸ਼ਾਂ ਆਉਂਦੀਆਂ ਰਹੀਆਂ ਹਨ, ਹੁਣ ਵੀ ਆਈਆਂ ਹਨ ਅਤੇ ਅਗੇ ਨੂੰ ਵੀ ਆਉਂਦੀਆਂ ਰਹਿਣਗੀਆਂ, ਪਰ ਮੇਰੀ ਬੇਨਤੀ ਹੈ ਕਿ ਉਹ ਸਿਫਾਰਸ਼ਾਂ ਸਟੱਡੀ ਹੁੰਦੀਆਂ ਹਨ, ਫਿਰ ਉਨ੍ਹਾਂ ਤੇ ਗੌਰ ਹੁੰਦਾ ਹੈ ਅਤੇ ਵੱਧ ਤੋਂ ਵੱਧ ਸਿਫਾਰਸ਼ਾਂ ਮੰਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਮੈਂਬਰਾਂ ਦੀ ਨਿਰਾਦਰੀ ਨਹੀਂ ਕੀਤੀ ਜਾਂਦੀ ਬਲਕਿ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਇਥੇ ਪੈਟਰੋਲ ਦੀ ਗਲ ਕੀਤੀ ਹੈ। ਜਿਹੜਾ ਪੁਰਾਣਾ ਰੇਟ ਮੁਕਰੱਰ ਹੋਇਆ ਸੀ ਉਹ ਕਈ ਸਾਲਾਂ ਤੋਂ ਚਲਿਆ ਆ ਰਿਹਾ ਸੀ ਅੱਜ ਦੇ ਹਾਲਾਤ ਦੇ ਮੁਤਾਬਿਕ ਪੁਰਾਣੇ ਰੇਟਸ ਰਿਵਾਈਜ਼ ਕਰ ਕੇ ਇਥੇ ਲਿਆਂਦੇ ਗਏ ਅੌਰ ਇਹ ਸਰਕਾਰ ਹੀ ਹੈ ਜਿਸ ਨੇ ਆਪਣੇ ਮਾਨਯੋਗ ਮੈਂਬਰਾਂ ਨੂੰ 1 ਰੁਪਿਆ 25 ਪੈਸੇ ਪਰ ਕਿਲੋ ਮੀਟਰ ਦਿਤਾ ਹੈ, ਇਹ ਪਹਿਲਾਂ ਨਹੀਂ ਸੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਮਾਨਯੋਗ ਮੈਂਬਰਾ ਦੀ ਸਹੂਲਤ ਵਾਸਤੇ ਸਰਕਾਰ ਪੂਰੀ ਤਰ੍ਹਾਂ ਗੌਰ ਕਰਦੀ ਹੈ ਮੰਬਰਾਂ ਨੂੰ ਇਸ ਗਲ ਦੀ ਤਸਲੀ ਹੋਣੀ ਚਾਹੀਦੀ ਹੈ।

Mr. Deputy Speaker : Question is—

That the Punjab Legislators (Allowances and Amenities) Modification Bill be taken into consideraton at once.

The motion was carried.

Mr. Deputy Speaker : Now the House will proceed to consider the Bill Clause by Clause.

Clause 2

Mr. Deputy Speaker : Question is—

That Clause 2 stand part of the Bill.

The motion was carried.

Clause 3

Mr. Deputy Speaker : Question is—

That Clause 3 stand part of the Bill.

The motion was carried.

Clause 4

Mr. Deputy Speaker : Question is—

That Clause 4 stand part of the Bill.

The motion was carried

Clause 5

Mr. Deputy Speaker : Question is—

That Clause 5 stand part of the Bill.

The motion was carried.

Clause 1

Mr.Deputy Speaker : Question is—

That Clause 1 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

Title

Mr. Deputy Speaker : Question is—

That Title be the Title of the Bill.

The motion was carried.

Minister For Parliamentary Affarirs: Sir, I beg to move—

That the Punjab Legislators (Allowances and Amenties) Modification Bill be passed.

Mr. Deputy Speaker : Motion moved—

That the Punjab Legislators (Allowances and Amenities) Modification Bill be passed.

Mr. Deputy Speaker : Question is—

That the Punjab Legislators (Allowances and Amenities) Modification Bill be passed.

The motion was carried.

Mr. Deputy Speaker : The House stands adjourned till 9·00 A.M. on Wednesday, the 31st March, 1982.

*4·58 P.M.

(*The Sabha then* **adjourned till* 9·00 *A.M. on Wednesday, the* 31*st March,* 1982)

5469/PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the authority of the Punjab Vidhan Sabha and printed by U.T. Press, Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

31st March, 1982

(Forenoon Sitting)

Vol. IV—No. 23

OFFICIAL REPORT

CONTENTS

Wednesday, the 31st March, 1982.

(Forenoon Sitting)

		Page
Starred Questions and Answers	..	(23)1
Written Answers to Starred Questions laid on the Table of the House under Rule 38	..	(23)21
Unstarred Question and Answer	..	(23)24
Points of Order *re.* Alleged Police excesses at village Dauke, district Amritsar	...	(23)47
Walk-out	..	(23)50

PUNJAB VIDHAN SABHA SECRETARIAT, CHANDIGARH

Price : Rs : 38.00

Original with;
Punjab Vidhan Sabha
Digitized by;
Panjab Digital Library

	Pages
Points of Order *re.* alleged Police excesses at village Dauke, District Amritsar (*Resumption*) ..	(23)51
Call Attention Notices under Rule 66 ..	(23)52
Papers laid on the Table ..	(23)57
Presentation of Reports—	
(i) Committee on Public Accounts ..	(23)58
(ii) Committee on Government Assurances ..	(23)58
Motion under Rule 77 ..	(23)59
Personal explanation by Sardar Parkash Singh Badal ..	(23)72
Motion under Rule 77 (*Resumption of discussion*) ..	(23)72
Personal explanaton by Sardar Surjit Singh Barnala ..	(23)84
Motion under Rule 77 (*Resumption of discussion*) ..	(23)85
Extension of time of the Sitting ..	(23)90
Motion under Rule 77 (*Resumption of discussion*) ..	(23)90
Appendix ..	(i)

Original with
Punjab Vidhan Sabha
Digitized by
Panjab Digital Library

PUNJAB VIDHAN SABHA

Wednesday, the 31st March, 1982

(Forenoon Sitting)

The Vidhan Sabha met in the Punjab Vidhan Sabha Hall, Vidhan Bhavan Chandigarh, at 9·00 A.M. of the Clock. Mr. Speaker (Shri Brij Bhushan Mehra) in the Chair

STARRED QUESTIONS AND ANSWERS

Cinema Licence—Issurance of.

*1582. **Sardar Dalip Singh Pandhi** : Will the Minister of State for Housing be pleased to state whether the District Magistrate, Patiala, issued any new cinema licence or enhanced the rates of Cinema tickets during the last six months; if so, the details thereof and the reasons therefor?

Doctor Kewal Krishan (Finance Minsiter): (a) No new cinema licence has been issued by the District Magistrate, Patiala, during the last six months.

(b) Cinema admission rates of the following Cinemas were enhanced w.e.f. 1st October, 1981:—

(1) Alps Theatre, Rajpura;

(2) Janta Talkies, Samana;

(3) Malwa Picture Palace, Patiala;

(4) Phul Theatre, Patiala.

The licensees were allowed enhancement of admission rates by the District Magistrate in respect of the above cinemas on representation from the respective managements on the grounds of improved facilities, differences in the comparative rates. Details of enhancement are given in the statement which is laid on the Table of the House.

STATEMENT

Serial No.	Class	No. of Seats	Admission rates
			Rs. P.
	I. Alps Theatre, Rajpura		
	The rates effective prior to 1st October, 1981:—		
1	**Gallery** ..	62	1·50
2	**1st Class** ..	161	0·80

Original with;
Punjab Vidhan Sabha
Digitized by;
Panjab Digital Library

[Finance Minister]

Serial No.	Class		No. of seats	Admission rates
				Rs. P.
3	2nd Class	..	237	0·50
	The rates effective from 1st October, 1981:—			
1	Gallery	..	80	1·60
2	Stall	..	380	1·35
3	2nd Class	..	72	1·00
	II. Janta Talkies, Samana.			
	The rates effective prior to 1st October, 1981:—			
1	Ladies Class	..	27	0·54
2	Special Class	..	190	0·70
3	1st Class	..	153	1·00
4	Reserved Class	..	20	1·50
	The rates effective from 1st October, 1981:—			
1	Special Class	..	156	1.00
2	1st Class	..	162	1·35
3	Reserved Class	..	72	1·60
	III. Malwa Picture Palace, Patiala.			
	The rates effective prior to 1st October, 1981:—			
1	Stall	..	302	1·50
2	Family Circle	..	334	1·50
	The rates effective from 1st October, 1981:—			
1	Stall	..	302	1·70
2	Family Circle	..	334	1·70
	IV. Phul Theatre, Patiala.			
	The rates effective prior to 1st October, 1981			
1	Stall	..	251	1·50
2	Family Circle	..	314	1·50
	The rates effective from 1st October, 1981:—			
1	Stall	..	251	1·70
2	Family Circle	..	314	1·70

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਿੱਤ ਮੰਤਰੀ ਸਾਹਿਬ ਦਸਣਗੇ ਕਿ ਇਹ ਜਿਹੜੀ ਚਾਰ ਸਿਨਮਿਆਂ ਵਿਚ ਐਨਹਾਂਸਮੈਂਟ ਹੋਈ ਹੈ, ਇਸ ਦੇ ਕੀ ਕਾਰਣ ਹਨ ? ਦੂਸਰੇ ਉਨ੍ਹਾਂ ਨੇ ਕੀ ਇੰਪਰੂਵਮੈਂਟ ਕੀਤੀ ਹੈ ਅਤੇ ਉਨ੍ਹਾਂ ਦੀ ਰਿਪ੍ਰੇਜ਼ੈਂਟੇਸ਼ਨ ਕੀ ਹੈ ਅਤੇ ਕੀ ਇਹ ਠੀਕ ਹੈ ਕਿ ਜਦੋਂ ਡੀ.ਸੀ.

Original with;
Punjab Vidhan Sabha
Digitized by;
Panjab Digital Library

ਰਿਟਾਇਰ ਹੋ ਰਿਹਾ ਸੀ ਉਸ ਵੇਲੇ ਇਹ ਚੀਜ਼ ਕੀਤੀ ਗਈ ? ਮੈਂ ਪੁੱਛਦਾ ਹਾਂ ਕਿ ਜੇਕਰ ਉਨ੍ਹਾਂ ਲਈ ਕੀਤੀ ਗਈ ਹੈ ਤਾਂ ਜ਼ਿਲ੍ਹੇ ਦੇ ਹੋਰ ਜਿਹੜੇ ਸਿਨਮੇ ਹਨ ਉਨ੍ਹਾਂ ਦੇ ਰੇਟਸ ਦੀ ਐਨਹਾਨਸਮੈਂਟ ਕਿਉਂ ਨਹੀਂ ਕੀਤੀ ਗਈ ?

ਵਿੱਤ ਮੰਤਰੀ : ਸਪੀਕਰ ਸਾਹਿਬ, ਰਿਪ੍ਰੈਜ਼ੈਂਟੇਸ਼ਨ ਸਿਨਮੇ ਦੇ ਮਾਲਕਾਂ ਵਲੋਂ ਆਈ। ਕਇੰਦੇ ਕਾਨੂੰਨ ਦੇ ਮੁਤਾਬਕ ਉਹ ਇਹ ਦੇ ਸਕਦੇ ਹਨ। ਉਨ੍ਹਾਂ ਨੇ ਉਸ ਵਿਚ ਰੀਜ਼ਨਜ਼ ਦਿੱਤੇ ਕਿ ਸਿਨਮੇ ਦੀ ਰੈਨੋਵੇਸ਼ਨ ਕਰਾਈ ਹੈ, ਹਾਲ ਮੁਰੰਮਤ ਕਰਾਇਆ ਹੈ, ਫਰਨੀਚਰ ਵਿਚ ਇੰਪਰੂਵਮੈਂਟ ਕੀਤੀ ਹੈ, ਬੈਟਰ ਟੁਆਇਲੈਟ ਅਤੇ ਵੇਟਿੰਗ ਰੂਮ ਵਿਚ ਫੈਸਿਲਿਟੀਜ਼ ਪ੍ਰੋਵਾਈਡ ਕੀਤੀਆਂ ਹਨ, ਇਸ ਕਰਕੇ ਉਨ੍ਹਾਂ ਨੇ ਥੋੜ੍ਹੀ ਥੋੜ੍ਹੀ ਐਨਹਾਨਸਮੈਂਟ ਕੀਤੀ ਹੈ ਜਿਸ ਦੀ ਰੇਂਜ 20 ਪੈਸੇ, 25 ਪੈਸੇ ਅਤੇ 35 ਪੈਸੇ ਕੀਤੀ ਹੈ, ਜਿਹੜੀ ਕਿ ਮੁਨਾਸਬ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮਾਲਵਾ, ਫੂਲ ਅਤੇ ਰਾਜਪੁਰੇ ਵਾਲਾ ਇਹ ਜਿਹੜੇ ਸਿਨਮੇ ਹਨ, ਇਹ ਇਕੋ ਹੀ ਮਾਲਕ ਦੇ ਹਨ। ਡੀ.ਸੀ. ਸਾਹਿਬ ਨਾਲ ਉਸ ਦਾ ਬੜੀ ਲਿਹਾਜ਼ ਹੈ। ਸਿਨਮਿਆਂ ਦੇ ਮਾਲਕ ਨੂੰ ਖੁਸ਼ ਕਰਨ ਲਈ ਇਸ ਤਰ੍ਹਾਂ ਕੀਤਾ ਗਿਆ ਹੈ। ਮਾਲਵਾ ਸਿਨਮਾ ਵਿਚ ਬਲੈਕ ਹੁੰਦੀ ਰਹਿੰਦੀ ਹੈ ਅਤੇ ਡੀ.ਸੀ. ਕੁਝ ਨਹੀਂ ਕਰਦਾ। ਸਿਰਫ ਉਸ ਮਾਲਕ ਦੇ ਸਿਨਮਿਆਂ ਦੇ ਰੇਟਸ ਵਧੇ ਹਨ ਅਤੇ ਇਹ ਸਾਰੇ ਪੰਜਾਬ ਵਿਚ ਹੋਣੇ ਚਾਹੀਦੇ ਹਨ। ਫਿਰ ਇਕ ਸਿਨਮੇ ਦਾ ਲਾਈਸੈਂਸ ਦਿਤਾ ਹੈ ਇਸ ਬਾਰੇ ਇਨਫਰਮੇਸ਼ਨ ਨਹੀਂ ਦਿਤੀ। ਇਸ ਬਾਰੇ ਪਿਕ ਐਂਡ ਚੂਜ਼ ਕੀਤੀ ਹੈ।

ਮੰਤਰੀ : ਮੈਂ ਪਹਿਲੋਂ ਹੀ ਅਰਜ਼ ਕੀਤੀ ਹੈ ਕਿ ਸਿਨਮੇ ਦੇ ਮਾਲਕ ਦੀ ਰੇਟਸ ਵਾਸਤੇ ਰਿਪ੍ਰੈਜੈਂਟੇਸ਼ਨ ਆਈ ਸੀ ਕਿ ਉਨ੍ਹਾਂ ਦੇ ਰੇਟਸ ਬਹੁਤ ਪੁਰਾਣੇ ਹਨ ਅਤੇ ਇਸ ਵਿਚ ਪਿੱਕ ਐਂਡ ਚੂਜ਼ ਵਾਲੀ ਕੋਈ ਗੱਲ ਨਹੀਂ ਹੈ। ਜਦੋਂ ਐਸੀ ਕੋਈ ਐਪਲੀਕੇਸ਼ਨ ਆਉਂਦੀ ਹੈ ਤਾਂ ਡੀ.ਸੀ. ਵੇਖਦਾ ਹੈ ਅਤੇ ਜੋ ਜਾਇਜ਼ ਹੋਵੇ ਉਹ ਕਰਦਾ ਹੈ। ਬਾਕੀ ਸਾਰੇ ਪੰਜਾਬ ਦਾ ਇਸ ਵਿਚ ਸੁਆਲ ਨਹੀਂ ਅਤੇ ਜਿਸ ਦੀ ਰਿਪ੍ਰੈਜ਼ੈਂਟੇਸ਼ਨ ਆਈ ਉਸ ਦਾ ਕਰਨਾ ਹੁੰਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰਾ ਜਵਾਬ ਲੈ ਕੇ ਦਿਓ, ਮੈਂ ਕਿਹਾ ਸੀ ਕਿ ਡੀ.ਸੀ. ਨੇ ਰਿਟਾਇਰਮੈਂਟ ਦੇ ਵਕਤ ਇਹ ਕੀਤਾ ਹੈ। ਇਸ ਲਈ ਇਨਕੁਆਇਰੀ ਕਰਵਾ ਲਵੋ।

ਮੰਤਰੀ : ਸਪੀਕਰ ਸਾਹਿਬ, ਰਿਟਾਇਰਮੈਂਟ ਤੋਂ ਪਹਿਲਾਂ ਅਗਰ ਕੋਈ ਮੈਰਿਟ ਤੇ ਕੰਮ ਕੀਤਾ ਜਾਏ ਤਾਂ ਉਸ ਵਿਚ ਕੋਈ ਬਾਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਪਿਛਲੀ ਵਾਰੀ ਵੀ ਇਨ੍ਹਾਂ ਨੇ ਕੁਝ ਕਿਹਾ ਸੀ, ਕੀ ਇਹ ਸਿਨਮਿਆਂ ਨੂੰ ਨੈਸ਼ਨੇਲਾਈਜ਼ ਕਰਨ ਲਈ ਕੋਈ ਉਪਰਾਲੇ ਕਰਨਗੇ ?

ਮੰਤਰੀ : ਅਜੇ ਕੋਈ ਉਪਰਾਲੇ ਕਰਨ ਦਾ ਵਿਚਾਰ ਨਹੀਂ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਿਨਮਿਆਂ ਦੇ ਲਾਈਸੈਂਸ ਦਿਤੇ ਜਾਂਦੇ ਹਨ, ਉਸ ਦਾ ਪ੍ਰੋਸੀਜ਼ਰ ਕੀ ਹੈ ਅਤੇ ਉਹ ਗੁਰਦੁਆਰਾ, ਮੰਦਰ, ਮਸਜਿਦ ਜਾਂ ਗਿਰਜਾਘਰ ਤੋਂ ਕਿੰਨੇ ਡਿਸਟੈਂਸ ਤੇ ਹੋਣੇ ਚਾਹੀਦੇ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮੰਦਰ, ਗੁਰਦੁਆਰਾ ਅਤੇ ਮਸਜਿਦ ਆਦਿ ਤੋਂ ਉਹ 100 ਗਜ਼ ਦੀ ਦੂਰੀ ਤੇ ਹੋਵੇ ਅੱਜ 25 ਹਜ਼ਾਰ ਦੀ ਪਾਪੂਲੇਸ਼ਨ ਹੋਵੇ ਅਤੇ ਮਿਉਂਸਪਲ ਕਮੇਟੀ, ਪਬਲਿਕ ਹੈਲਥ ਡਿਪਾਰਟਮੈਂਟ ਵਗੈਰਾ ਕਲੀਅਰੈਂਸ ਦਿੰਦੇ ਹਨ ਬਿਲਡਿੰਗ ਵਗੈਰਾ ਦੀ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਐਮ. ਐਲ. ਏ. ਸਾਹਿਬ ਕਹਿ ਰਹੇ ਹਨ ਕਿ ਸਿਨਮੇ ਦਾ ਲਾਈਸੈਂਸ ਦਿਤਾ ਹੈ ਪਰ ਵਜ਼ੀਰ ਸਾਹਿਬ ਇਹ ਦੱਸਣ ਤੋਂ ਐਕਚੁਅਲੀ ਅਵਾਇਡ ਕਰ ਰਹੇ ਹਨ। ਇਹ ਦਸਣ ਕਿ ਸਿਨਮੇ ਦਾ ਲਾਈਸੈਂਸ ਦਿਤਾ ਹੈ ਜਾਂ ਨਹੀਂ ? ਦੂਸਰੇ ਰੇਟਸ ਪੰਜਾਬ ਵਿਚ ਯੂਨੀ-ਫਾਰਮ ਹੋਣੇ ਚਾਹੀਦੇ ਹਨ ਇਹ ਨਹੀਂ ਕਿ ਇਕ ਥਾਂ ਵੱਧ ਤੇ ਦੂਸਰੀ ਥਾਂ ਘਟ ਹੋਵੇ, ਇਸ ਬਾਰੇ ਵੀ ਦਸਿਆ ਜਾਏ ?

ਮੰਤਰੀ : ਸਪੀਕਰ ਸਾਹਿਬ, ਮੈਂ ਸਾਫ਼ ਬੇਨਤੀ ਕੀਤੀ ਹੈ। ਲਾਸਟ ਸਿਕਸ ਮੰਥਸ ਦਾ ਕੁਐਸਚਨ ਸੀ ਕੋਈ ਲਾਈਸੈਂਸ ਨਹੀਂ ਦਿਤਾ। ਅਗਰ ਕੋਈ ਲਾਈਸੈਂਸ ਵਾਸਤੇ ਐਪਲਾਈ ਕਰਦਾ ਹੈ ਔਰ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਉਸ ਨੂੰ ਦਿੱਤਾ ਜਾ ਸਕਦਾ ਹੈ। ਜਿਥੋਂ ਤਕ ਰੇਟਸ ਦਾ ਸੁਆਲ ਹੈ ਜਿਸ ਤਰ੍ਹਾਂ ਰਿਪ੍ਰੇਜ਼ੈਂਟੇਸ਼ਨ ਆਉਂਦੀਆਂ ਹਨ ਉਸ ਤੇ ਵਿਚਾਰ ਕਰਕੇ ਐਨਹਾਨਸਮੈਂਟ ਹੁੰਦੀ ਹੈ।

Enquiry into the Working of Youth Hostel, Amritsar

*1587. **Sardar Dalip Singh Pandhi**: Will the Minister of State for Housing be pleased to state—

(a) whether any enquiry into the working of the Youth Hostel, Amritsar was conducted during the last one year; if so, the details thereof;

(b) if the reply to part (a) above be in the affirmative, whether any employee/officer was found guilty; if so, his name together with the details of the action taken against him?

Sardarni Rajinder Kaur Bhattal : (a) Yes Sir. An enquiry was held by an officer of the Government in December, 1981.

(b) No. Sir.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਬੀਬੀ ਜੀ ਮੰਨ ਤਾਂ ਗਏ ਹਨ ਕਿ ਇਨ-ਕੁਆਇਰੀ ਹੋਈ ਸੀ ; ਪਰ ਮੈਂ ਕਿਹਾ ਸੀ ਇਸ ਦੀਆਂ ਡਿਟੇਲਜ਼ ਕੀ ਹਨ, ਉਹ ਡਿਟੇਲਜ਼ ਨਹੀਂ ਦਿਤੀਆਂ। ਕੀ ਇਹ ਠੀਕ ਹੈ ਕਿ ਉਥੇ ਦਾ ਵਾਰਡਨ ਬੇਦੀ ਸਸਪੈਂਡ ਕੀਤਾ ਗਿਆ ਹੈ ? ਉਹ ਨਸ਼ੀਲੀਆਂ ਗੋਲੀਆਂ ਵੇਚਦਾ ਹੈ, ਕਾਰ ਰਖੀ ਹੋਈ ਹੈ ਅਤੇ ਸਿਰਫ਼ 600 ਰੁਪਏ ਤਨਖਾਹ ਲੈਂਦਾ ਹੈ। ਪਹਿਲਾਂ ਕਾਫ਼ ਤੇ ਟੂਰਿਜ਼ਮ ਲਿਖਿਆ ਹੋਇਆ ਸੀ। ਇਕ ਫਰੈਂਚ ਲੇਡੀ ਨੂੰ ਮੋਲੈਸਟ ਕਰਨ ਦੀ ਕੋਸ਼ਿਸ਼ ਕੀਤੀ, ਦੋ ਪੁਲਿਸ ਅਫ਼ਸਰ ਨਾਲ ਸਨ, ਇਕ ਨਰਸ ਦਾ ਕੇਸ ਸੀ ਜਿਹੜਾ ਹੱਸ਼ ਅੱਪ ਕੀਤਾ ਗਿਆ। 26 ਤਾਰੀਖ ਨੂੰ ਉਸ ਹੋਸਟਲ ਦੇ ਸ਼ੀਸ਼ੇ ਅਤੇ ਸਾਮਾਨ ਤੋੜਿਆ ਗਿਆ। ਇਕ ਆਈ. ਪੀ. ਐਸ. ਅਫ਼ਸਰ ਗਰੇਵਾਲ ਉਸ ਦੀ ਮਦਦ ਤੇ ਹੈ ਅਤੇ ਡੀ. ਸੀ. ਵੀ ਕੁਝ ਨਹੀਂ ਕਰਦਾ। ਬੀਬੀ ਜੀ ਨੇ ਜਵਾਬ ਜਿਹੜਾ ਦਿਤਾ ਹੈ ਉਹ ਠੀਕ ਨਹੀਂ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਂਧੀ ਸਾਹਿਬ ਕੋਲ ਹਰ ਇਨਫਰਮੇਸ਼ਨ ਹੁੰਦੀ ਹੈ। ਇਨ੍ਹਾਂ ਨੇ ਸੁਆਲ ਕੀਤਾ ਸੀ ਪਿਛਲੇ ਸਾਲ ਦਾ, ਉਸ ਦੇ ਮੁਤਾਬਕ ਇਹ ਜਿਹੜਾ ਜਵਾਬ ਦਿਤਾ ਹੈ ਇਹ ਵਾਜਬ ਸੀ। ਸੁਆਲ 1981 ਦਾ ਕੀਤਾ ਸੀ। ਉਸ ਵੇਲੇ ਦੀ ਉਸ ਦੇ

Original with;
Punjab Vidhan Sabha
Digitized by;
Panjab Digital Library

ਖਿਲਾਫ਼ ਕੋਈ ਸ਼ਿਕਾਇਤ ਨਹੀਂ ਨਿਕਲੀ। ਪੀ.ਸੀ.ਐਸ. ਅਫ਼ਸਰ ਤੋਂ ਇਨਕੁਆਇਰੀ ਕਰਾਈ ਸੀ ਉਸ ਨੇ ਕਿਹਾ ਕਿ ਕੋਈ ਗਲ ਐਸਟੈਬਲਿਸ਼ ਨਹੀਂ ਹੁੰਦੀ।

ਸ਼੍ਰੀ ਸਪੀਕਰ: ਜਿਸ ਡੇਟ ਤੋਂ ਸੁਆਲ ਆਇਆ ਉਸ ਤੋਂ ਇਕ ਸਾਲ ਪਹਿਲਾਂ ਲੈਣਾ ਹੈ ਅਤੇ ਇਹ ਨਹੀਂ ਕਿ 1980-81 ਹੋਵੇ। ਦਫ਼ਤਰ ਨੇ ਥੋੜ੍ਹੀ ਜਿਹੀ ਅਨਗਹਿਲੀ ਕੀਤੀ ਹੈ ਜੋ 15 ਮਾਰਚ, 1982 ਨੂੰ ਕੀਤਾ ਹੈ ਤਾਂ ਇਸ ਦਾ ਮਤਲਬ ਹੈ ਕਿ ਇਨਫ਼ਰਮੇਸ਼ਨ 15 ਮਾਰਚ, 1981 ਤੋਂ ਦੇਣੀ ਹੈ।

ਰਾਜ ਮੰਤਰੀ : ਉਸ ਤੋਂ ਬਾਅਦ ਦੋ ਸ਼ਿਕਾਇਤਾਂ ਫਿਰ ਮਿਲੀਆਂ। ਸਾਰਿਆਂ ਤੋਂ ਪਹਿਲਾਂ ਇੱਕ ਸ਼ਿਕਾਇਤ ਪ੍ਰੈਜ਼ੀਡੈਂਟ, ਨੈਸ਼ਨਲ ਯੂਥ ਹੋਸਟਲ ਐਸੋਸੀਏਸ਼ਨ ਆਫ਼ ਇੰਡੀਆ ਦੀ, ਸੈਂਟਰਲ ਮਨਿਸਟਰ ਦੇ ਥਰੂ ਮਿਲੀ। ਅਸੀਂ ਫਿਰ ਇਸ ਤੇ ਉਸ ਦੀ ਇਨਕੁਆਇਰੀ ਕੀਤੀ। ਉਨ੍ਹਾਂ ਦੀ ਸ਼ਿਕਾਇਤ 28 ਜਨਵਰੀ, 1982 ਦੀ ਸੀ। 1 ਫਰਵਰੀ, 1982 ਨੂੰ ਉਸ ਨੂੰ ਸਸਪੈਂਡ ਕੀਤਾ ਗਿਆ। ਫਿਰ ਇਕ ਯੋਰਪੀਅਨ ਕਪਲ ਆਇਆ ਸੀ। ਉਨ੍ਹਾਂ ਦੀ ਲੇਟੈਸਟ ਕੰਪਲੈਂਟ ਸੀ। ਜੋ ਇਲਜ਼ਾਮ ਲਾਏ ਗਏ ਹਨ, ਉਹ ਸਾਰੇ ਵਾਜਬ ਹਨ। ਮੈਂ ਇਸ ਗੱਲ ਤੋਂ ਮੁਨਕਰ ਨਹੀਂ। ਉਹ ਇੱਕ ਰਿਟਾਇਟਡ ਮਿਲਟਰੀ ਮਨ ਹੈ। ਉਹ ਵੀ ਉਥੇ ਲੱਗਾ ਹੈ ਅਤੇ ਉਸ ਦੀ ਵਾਈਫ ਵੀ ਉਥੇ ਲੱਗੀ ਹੈ। ਮੈਂ ਡਾਇਰੈਕਟਰ ਨੂੰ ਮੌਕੇ ਤੇ ਭਜਿਆ ਅਤੇ ਉਸ ਨੇ ਉਥੇ ਹੀ ਉਸ ਦੀਆਂ ਸਰਵਿਸਿਜ਼ ਟਰਮੀਨੇਟ ਕਰ ਦਿੱਤੀਆਂ। ਉਸ ਦੇ ਫਾਦਰ ਦੇ ਕੋਲ ਉਥੇ ਦੀ ਕੈਨਟੀਨ ਹੈ। ਮੈਂ ਨਹੀਂ ਚਾਹੁੰਦੀ ਕਿ ਇੱਕ ਮਾੜੇ ਅਤੇ ਗੁਨਾਹਗਾਰ ਆਦਮੀ ਦਾ ਬਾਪ ਉਥੇ ਰਹੇ ਅਤੇ ਇਸ ਤਰ੍ਹਾਂ ਉਸ ਦਾ ਲਿੰਕ ਬਣਿਆ ਰਹੇ। ਉਸ ਦੇ ਉਪਰ ਵਖਰਾ ਕੇਸ ਬਣਾਕੇ ਲੀਗਲ ਐਕਸ਼ਨ ਹੋ ਰਿਹਾ ਹੈ। 29 ਮਾਰਚ, 1982 ਦੀ ਐਫ.ਆਈ.ਆਰ. ਦਰਜ਼ ਕਰਵਾਈ ਹੋਈ ਹੈ। ਮੈਂ ਯਕੀਨ ਦਿਵਾਉਣਾ ਚਾਹੁੰਦੀ ਹਾਂ ਕਿ ਇਸ ਦੇ ਵਿੱਚ ਕਿਸੇ ਦਾ ਵੀ ਪ੍ਰਭਾਵ ਜਾਂ ਘਾਲਾ-ਮਾਲਾ ਨਹੀਂ ਪੈਣ ਦਿੱਤਾ ਜਾਵੇਗਾ ਅਤੇ ਵਾਜਬ ਐਕਸ਼ਨ ਲਿਆ ਜਾਵੇਗਾ।

ਸਰਦਾਰ ਦਲੀਪ ਸਿੰਘ ਪਾਂਧੀ : ਮਨਿਸਟਰ ਸਾਹਿਬ ਦਸਣਗੇ ਕਿ ਕੀ ਉਥੇ ਸ਼ਰਾਬ ਦੀਆਂ ਬੋਤਲਾਂ ਪੀਤੀਆਂ ਜਾਂਦੀਆਂ ਹਨ। ਸਮਗਲਿੰਗ ਵੀ ਹੁੰਦੀ ਹੈ ਅਤੇ ਕਾਂਗਰਸ (ਆਈ) ਦਾ ਜਿਹੜਾ ਚੌਗਵਾਲ ਹੈ ਉਸ ਦਾ ਸ਼ੈਲਟਰ ਉਸਨੂੰ ਪ੍ਰਾਪਤ ਹੈ। ਉਹ 1976 ਤੋਂ ਲਗਾ ਹੈ। ਯੂਥ ਹੋਸਟਲ ਜਿਸ ਪਰਪੱਜ਼ ਲਈ ਬਣਿਆ ਸੀ, ਉਹ ਸਰਵ ਨਹੀਂ ਹੋਇਆ। ਕੀ ਇਸ ਸਾਰੇ ਮਾਮਲੇ ਦੀ ਵਜ਼ੀਰ ਸਾਹਿਬ ਘੋਖ ਕਰਨਗੇ ਅਤੇ ਉਸਦੀ ਇੰਪਰੂਵਮੈਂਟ ਲਈ ਮੁਨਾਸਿਬ ਕਾਰਵਾਈ ਕਰਕੇ ਦੋਸ਼ੀ ਨੂੰ ਮੁਨਾਸਿਬ ਸਜ਼ਾ ਦੇਣਗੇ ?

ਰਾਜ ਮੰਤਰੀ : ਮੈਂ ਇਸ ਗਲ ਵਿੱਚ ਨਹੀਂ ਪੈਣਾ ਚਾਹੁੰਦੀ ਕਿ ਕੋਈ ਕਾਂਗਰਸੀ ਹੈ, ਅਕਾਲੀ ਦਲ ਦਾ ਹੈ ਜਾਂ ਸੀ.ਪੀ.ਆਈ. ਦਾ ਆਦਮੀ ਹੈ। ਕਸੂਰਵਾਰ ਆਦਮੀ ਭਾਵੇਂ ਕਿਸੀ ਵੀ ਪਾਰਟੀ ਦਾ ਹੋਵੇ, ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ। ਬਾਕੀ ਪਾਂਧੀ ਸਾਹਿਬ ਨੂੰ ਮੈਂ ਆਪ ਜੀ ਦੇ ਰਾਹੀਂ ਦਸਣਾ ਚਾਹੁੰਦੀ ਹਾਂ ਕਿ ਉਹ ਇੱਕ ਅਕਾਲੀ ਦਲ ਦੇ ਮੈਂਬਰ ਦਾ ਰਿਸ਼ਤੇਦਾਰ ਹੈ।

Reservation in the posts of Joint Registrars etc., in Co-operative Department

*1376. **Chaudhri Jagjit Singh** : Will the Minister of State for Co-operation be pleased to state--

(a) the number of Joint Registrars, Deputy Registrars, Assistant Registrars and Inspectors in the Co-operative Department

Original with;
Punjab Vidhan Sabha
Digitized by;
Panjab Digital Library

[Chaudhri Jagjit Singh]

together with the number of those belonging to the Scheduled Castes among them;

(b) whether the number of the Scheduled Castes employees in the said categories is in acordance with the reserved quota; if not, the reasons therefor?

ਸਰਦਾਰ ਬੀਰ ਪਾਲ ਸਿੰਘ : (ੳ)

		ਕੁਲ ਵਿਭਾਗ ਵਿਚ ਕੰਮ ਕਰ ਰਹੇ ਅਫ਼ਸਰਾਂ ਅਤੇ ਕਰਮਚਾਰੀਆਂ ਦੀ ਗਿਣਤੀ	ਜਿੰਨੇ ਕਰਮਚਾਰੀ ਅਨੁਸੂਚਿਤ ਜਾਤੀ ਨਾਲ ਸਬਧ ਰਖਦੇ ਹਨ
ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ	...	13	2
ਉਪ-ਰਜਿਸਟ੍ਰਾਰ, ਸਹਿਕਾਰੀ ਸਭਾਵਾਂ	...	16	1
ਸਹਾਇਕ ਰਜਿਸਟ੍ਰਾਰ, ਸਹਿਕਾਰੀ ਸਭਾਵਾਂ	...	76	11
ਇਨਸਪੈਕਟਰ, ਸਹਿਕਾਰੀ ਸਭਾਵਾਂ	...	1,401	306

(ਅ) ਹਾਂ ਜੀ। ਕੇਵਲ ਸੰਯੁਕਤ ਰਜਿਸਟ੍ਰਾਰ ਅਤੇ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਛੱਡ ਕੇ, ਕਿਉਂਕਿ ਜਦੋਂ ਸੰਯੁਕਤ ਰਜਿਸਟ੍ਰਾਰ ਅਤੇ ਉਪ ਰਜਿਸਟ੍ਰਾਰ, ਸਹਿਕਾਰੀ ਸਭਾਵਾਂ ਦੀਆਂ ਆਸਾਮੀਆਂ ਤੇ ਤਰੱਕੀਆਂ ਕੀਤੀਆਂ ਗਈਆਂ, ਤਾਂ ਉਸ ਵੇਲ ਅਨੁਸੂਚਿਤ ਜਾਤੀ ਨਾਲ ਸਬੰਧ ਰਖਣ ਵਾਲੇ ਕਰਮਚਾਰੀ ਨਿਰਧਾਰਿਤ ਤਜ਼ਰਬਾ ਨਹੀਂ ਸਨ ਰਖਦੇ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਜੁਆਇੰਟ ਰਜਿਸਟਰਾਰ 13 ਹਨ ਅਤੇ ਉਨ੍ਹਾਂ ਵਿੱਚੋਂ ਦੋ ਸ਼ੈਡਿਊਲਡ ਕਾਸਟਸ ਹਨ ਅਤੇ ਇਹ ਰਿਜ਼ਰਵੇਸ਼ਨ 15% ਬਣਦੀ ਹੈ। ਡਿਪਟੀ ਰਜਿਸਟਰਾਰ 16 ਹਨ ਅਤੇ ਉਨ੍ਹਾਂ ਵਿੱਚੋਂ 1 ਸ਼ੈਡਿਊਲਡ ਕਾਸਟ ਹੈ ਅਤੇ ਇਸ ਤਰ੍ਹਾਂ ਰਿਜ਼ਰਵੇਸ਼ਨ 6% ਬਣਦੀ ਹੈ। ਅਸਿਸਟੈਂਟ ਰਜਿਸਟਰਾਰ 76 ਹਨ ਅਤੇ ਉਨ੍ਹਾਂ ਵਿੱਚੋਂ 11 ਸ਼ੈਡਿਊਲਡ ਕਾਸਟਸ ਹਨ। ਇਸ ਵਿੱਚ ਰਿਜ਼ਰਵੇਸ਼ਨ 14% ਬਣਦੀ ਹੈ। 1401 ਇਨਸਪੈਕਟਰ ਹਨ ਜਿਨ੍ਹਾਂ ਵਿੱਚੋਂ 306 ਸ਼ੈਡਿਊਲਡ ਕਾਸਟਸ ਹਨ ਅਤੇ ਇਹ ਰਿਜ਼ਰਵੇਸ਼ਨ 21% ਬਣਦੀ ਹੈ। ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਡਿਪਟੀ ਰਜਿਸਟਰਾਰ ਅਤੇ ਰਜਿਸਟਰਾਰ ਬਣਨ ਵੇਲੇ ਯੋਗ ਤਜ਼ਰਬਾ ਰੱਖਣ ਵਾਲੇ ਕਰਮਚਾਰੀ ਅਵੇਲੇਬਲ ਨਹੀਂ ਸਨ। 76 ਅਸਿਸਟੈਂਟ ਰਜਿਸਟਰਾਰਾਂ ਵਿੱਚੋਂ 11 . . . .

ਸ਼੍ਰੀ ਸਪੀਕਰ : ਤੁਸੀਂ ਸੰਖੇਪ ਰੂਪ ਵਿੱਚ ਸਪਲੀਮੈਂਟਰੀ ਕਰੋ।

ਚੌਧਰੀ ਜਗਜੀਤ ਸਿਘ : ਸਪੀਕਰ ਸਾਹਿਬ, ਇਨ੍ਹਾਂ ਕੋਲ 11 ਅਸਿਸਟੈਂਟ ਰਜਿਸਟਰਾਰ ਹਨ ਜੋ ਕਿ ਡਿਪਟੀ ਰਜਿਸਟਰਾਰ ਬਣਾਏ ਜਾ ਸਕਦੇ ਹਨ। ਕੀ ਵਜ਼ੀਰ ਸਾਹਿਬ ਦਸਣਗੇ ਕਿ ਕੋਆਪਰੇਟਿਵ ਮਹਿਕਮੇ ਵਿੱਚ ਰਿਜ਼ਰਵੇਸ਼ਨ ਇਨ ਪਰਮੋਸ਼ਨ 14% ਇਨ੍ਹਾਂ ਕੈਟੇਗਰੀਆਂ ਵਿੱਚ ਦਿੱਤੀ ਗਈ ਹੈ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਪਣੇ ਆਨਰੇਬਲ ਸਾਥੀ ਚੌਧਰੀ ਜਗਜੀਤ ਸਿੰਘ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ 1974 ਤੋਂ ਇਹ ਚੀਜ਼ ਸਾਡੇ ਮਹਿਕਮੇ ਵਿੱਚ ਲਾਗੂ ਹੈ। ਉਦੋਂ ਤੋਂ ਰਿਜ਼ਰਵੇਸ਼ਨ ਚਲੀ ਆ ਰਹੀ ਹੈ। ਜੁਆਇੰਟ ਰਜਿਸਟਰਾਰ ਬਣਨ ਲਈ ਇੱਕ ਆਦਮੀ ਦਾ ਚਾਰ ਸਾਲ ਦਾ ਡੀ.ਆਰ. ਦਾ ਘੱਟੋ ਘੱਟ ਤਜਰਬਾ ਚਾਹੀਦਾ ਹੈ। ਇਸੇ ਤਰ੍ਹਾਂ ਅਗਰ ਡੀ.ਆਰ. ਬਣਨਾ ਹੈ ਤਾਂ ਅਸਿਸਟੈਂਟ ਰਜਿਸਟਰਾਰ ਕੋਲ 5 ਸਾਲ ਦਾ ਤਜਰਬਾ ਐਜ਼ ਅਸਿਸਟੈਂਟ ਰਜਿਸਟਰਾਰ ਹੋਣਾ ਚਾਹੀਦਾ ਹੈ। ਜਦੋਂ ਮੌਕੇ ਤੇ ਤਜਰਬਾਕਾਰ ਸੱਜਣ ਨਹੀਂ ਮਿਲਦੇ ਤਾਂ ਉਸ ਵੇਲੇ ਸਾਨੂੰ ਇਸ ਢੰਗ ਨਾਲ ਕੰਮ ਕਰਨਾ ਪੈਂਦਾ ਹੈ। ਹੁਣ ਵੀ ਇੱਕ ਜੁਆਇੰਟ ਰਜਿਸਟਰਾਰ ਦੀ ਆਸਾਮੀ ਸਾਡੇ ਕੋਲ ਖਾਲੀ ਹੈ। ਇਸੇ ਤਰ੍ਹਾਂ ਡੀ.ਆਰ. ਦੀ ਆਸਾਮੀ ਵੀ ਸਾਡੇ ਕੋਲ ਆ ਗਈ ਹੈ। ਉਹ ਅਸੀਂ ਭਰਨੀ ਹੈ। ਦੂਸਰਾ ਇਨ੍ਹਾਂ ਨੇ ਏ.ਆਰਜ਼ ਅਤੇ ਇਨਸਪੈਕਟਰਜ਼ ਦੇ ਬਾਰੇ ਪੁਛਿਆ ਹੈ। ਉਥੇ 25% ਰਿਜ਼ਰਵੇਸ਼ਨ ਪੂਰੀ ਹੈ। ਜਿਥੇ ਇਹ ਕਮੀ ਮਹਿਸੂਸ ਕਰਦੇ ਹਨ, ਉਹ ਵੀ ਅਸੀਂ ਜਲਦੀ ਦੂਰ ਕਰ ਦਿਆਂਗੇ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਪਰਸੈਂਟੇਜ ਕੱਢ ਕੇ ਦੱਸੀ ਹੈ। ਇਨਸਪੈਕਟਰਾਂ ਵਿੱਚ 21% ਰਿਜ਼ਰਵੇਸ਼ਨ ਹੈ, ਅਸਿਸਟੈਂਟ ਰਜਿਸਟਰਾਰਾਂ ਵਿੱਚ 14%, ਡਿਪਟੀ ਰਜਿਸਟਰਾਰਾਂ ਵਿੱਚ 6% ਅਤੇ ਜੁਆਇੰਟ ਰਜਿਸਟਰਾਰਾਂ ਵਿੱਚ 15% ਰਿਜ਼ਰਵੇਸ਼ਨ ਹੈ। ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੀਦਾ ਹਾਂ ਕਿ ਜਿਹੜਾ ਇਹ ਬੈਕਲਾਗ ਹੈ, ਕੀ ਉਸਨੂੰ ਪੂਰਾ ਕਰਨ ਲਈ ਜਲਦੀ ਯਤਨ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਮਹਿਕਮੇ ਦਾ ਰੋਸਟਰ ਬਣਿਆ ਹੋਇਆ ਹੈ। ਉਸਤੋਂ ਬਾਹਰ ਕੋਈ ਨਹੀਂ ਭੱਜ ਸਕਦਾ। ਅਗਰ ਇਹ ਮਹਿਸੂਸ ਕਰਦੇ ਹਨ ਕਿ ਕੋਈ ਕਮੀ ਪੇਸ਼ੀ ਹੈ ਤਾਂ ਅਸੀਂ ਸਾਰੀ ਘੋਖ ਜਲਦੀ ਕਰਕੇ, ਇਹ ਦੂਰ ਕਰ ਦਿਆਂਗੇ। ਇਨ੍ਹਾਂ ਨੂੰ ਇਹ ਵਿਸ਼ਵਾਸ ਮੈਂ ਦਿਵਾਉਂਦਾ ਹਾਂ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਚੌਧਰੀ ਜਗਜੀਤ ਸਿੰਘ ਨੇ ਅੰਕੜੇ ਦੱਸੇ ਹਨ। ਵਜ਼ੀਰ ਸਾਹਿਬ ਨੇ ਵਿਧਾਨ ਸਭਾ ਦੇ ਵਿੱਚ ਰਿਕਾਰਡ ਕਰਵਾ ਦਿੱਤਾ ਹੈ ਕਿ ਰਿਜ਼ਰਵੇਸ਼ਨ ਬਿਲਕੁਲ ਪੂਰੀ ਕਰ ਦਿੱਤੀ ਹੈ। ਚੌਧਰੀ ਜਗਜੀਤ ਸਿੰਘ ਨੇ ਰਿਕਾਰਡ ਕਰਵਾ ਦਿੱਤਾ ਹੈ ਕਿ ਫਲਾਣੀ ਫਲਾਣੀ ਕੈਟੇਗਰੀ ਵਿੱਚ ਐਨੀ ਐਨੀ ਰਿਜ਼ਰਵੇਸ਼ਨ ਹੈ, 25% ਰਿਜ਼ਰਵੇਸ਼ਨ ਨਹੀਂ ਹੈ। ਕੀ ਵਜ਼ੀਰ ਸਾਹਿਬ ਇਨ੍ਹਾਂ ਦੋਨਾਂ ਗਲਾਂ ਦੀ ਲਾਈਟ ਵਿੱਚ ਇਹ ਇਨਕੁਆਇਰੀ ਕਰਕੇ ਹਾਊਸ ਨੂੰ ਆਉਣ ਵਾਲੇ ਸੈਸ਼ਨ ਵਿੱਚ ਦੱਸ ਦੇਣਗੇ ਕਿ ਇਨ੍ਹਾਂ ਦੀ ਗਲ ਠੀਕ ਹੈ ਜਾਂ ਚੌਧਰੀ ਜਗਜੀਤ ਸਿੰਘ ਹੋਰਾਂ ਦੀ ਗੱਲ ਠੀਕ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਆਪੋਜ਼ੀਸ਼ਨ ਬੈਂਚਾਂ ਤੇ ਬੈਠੇ ਹੋਏ ਸੀਨੀਅਰ ਲੈਜਿਸਲੇਟਰ ਸਤਿਕਾਰਯੋਗ ਖਾਲਸਾ ਜੀ ਨੇ ਜੋ ਕੁਝ ਕਿਹਾ ਹੈ ਮੈਂ ਉਸ ਦੇ ਜਵਾਬ ਵਿੱਚ ਇਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਮੈਂ ਸਾਰੇ ਹਾਊਸ ਦੀ ਪੂਰੀ ਤਸੱਲੀ ਕਰਾਉਣ ਵਾਲਾ ਆਦਮੀ ਹਾਂ ਅਤੇ **ਪੂਰੀ ਤਸੱਲੀ ਇਨ੍ਹਾਂ ਦੀ ਕਰਵਾਵਾਂਗਾ**

Complaint Against Co-operative Agricultural Service Society, Mari Megha, Tehsil Patti, District Amritsar

***1561. Sardar Major Singh Ubboke**
Jathedar Naranjan Singh Patti } :Will the Minister of State for Co-operation be pleased to state—

(a) whether the Registrar, Co-operative Societies, Punjab, received any complaint on 8th June, 1980, from some members of

Original with;
Punjab Vidhan Sabha
Digitized by;
Panjab Digital Library

[Sardar Major Singh Ubboke]

Mari Megha Co-operative Agricultural Service Society, Mari Megha, Tehsil Patti, District Amritsar against its management alleging therein that the management had committed certain irregularities while increasing the rates of fertilizers;

(b) if the reply to part (a) above be in the affirmative, whether any enquiry was conducted by the Enforcement Wing of the Co-operation Department; if so, the result thereof together with action being taken thereon?

ਸਰਦਾਰ ਬੀਰਪਾਲ ਸਿੰਘ : (ੳ) ਨਹੀਂ ।

(ਅ) ਨਹੀਂ ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜਾ ਜਵਾਬ ਦਿਤਾ ਹੈ, ਉਹ ਮੈਂ ਪੜ੍ਹ ਲਿਆ ਹੈ। ਹੋ ਸਕਦਾ ਹੈ ਡੇਟ ਵਿੱਚ ਗਲਤੀ ਹੋਵੇ। ਪਿੰਡ ਵਾਲਿਆਂ ਨੇ ਮੈਨੂੰ ਜੋ ਡੇਟ ਲਿਖ ਕੇ ਦਿੱਤੀ ਸੀ ਉਹ ਮੈਂ ਲਿਖੀ ਹੈ। ਲੇਕਿਨ ਇੱਕ ਗੱਲ ਜ਼ਰੂਰ ਹੈ ਕਿ ਮਹਿਕਮੇ ਨੇ ਪੜਤਾਲ ਜ਼ਰੂਰ ਕੀਤੀ ਹੈ। ਡੇਟ ਅੱਗੇ ਪਿੱਛੇ ਹੋ ਸਕਦੀ ਹੈ। ਉਸ ਪਿੰਡ ਦੀ ਸੁਸਾਇਟੀ ਵਿੱਚ ਲੱਖਾਂ ਰੁਪਿਆਂ ਦੀ ਹੇਰਾ ਫੇਰੀ ਇਸ ਸਬੰਧ ਵਿੱਚ ਹੋਈ ਹੈ। ਜਦੋਂ ਖਾਦ ਦੇ ਰੇਟ ਵੱਧ ਗਏ ਤਾਂ ਪਿਛਲੇ ਰੇਟਾਂ ਤੇ ਬਹੁਤ ਸਾਰੇ ਆਦਮੀਆਂ ਨੂੰ ਖਾਦ ਦੇ ਕੇ ਸੁਸਾਇਟੀ ਦਾ ਨੁਕਸਾਨ ਕੀਤਾ ਗਿਆ ਹੈ ਕੀ ਵਜ਼ੀਰ ਸਾਹਿਬ ਕਿਰਪਾ ਕਰਕੇ, ਜੇ ਇਹ ਡੇਟ ਗਲਤ ਹੈ ਤਾਂ ਮੈਂ ਹੋਰ ਅਰਜ਼ੀ ਦੇ ਦਿੰਦਾ ਹਾਂ, ਮਹਿਕਮੇ ਵੱਲੋਂ ਜੋ ਇਹ ਪੜਤਾਲ ਚਲ ਰਹੀ ਹੈ, ਕੀ ਉਸ ਨੂੰ ਜਲਦੀ ਪੂਰਾ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮਾਡੀ ਮੇਗਾ ਐਗਰੀਕਲਚਰ ਸਰਵਿਸ ਸੁਸਾਇਟੀ ਦੇ ਸਬੰਧ ਵਿੱਚ ਆਨਰੇਬਲ ਮੈਂਬਰ ਨੇ ਸਵਾਲ ਕੀਤਾ ਹੈ। ਇਨ੍ਹਾਂ ਨੇ 8 ਜੂਨ, 1980 ਡੇਟ ਲਿਖੀ ਸੀ। ਇਸ ਡੇਟ ਨੂੰ ਸਾਡੇ ਕੋਲ ਕੋਈ ਕੰਪਲੇਂਟ ਨਹੀਂ ਆਈ। 16 ਜੁਲਾਈ, 1981 ਨੂੰ ਸਾਡੇ ਕੋਲ ਕੰਪਲੇਂਟ ਆਈ ਸੀ ਅਤੇ ਉਸਦੀ ਪੂਰੀ ਘੋਖ ਕੀਤੀ ਗਈ। ਸ਼੍ਰੀ ਓਮ ਪ੍ਰਕਾਸ਼ ਇਨਸਪੈਕਟਰ ਨੂੰ ਇਨਕੁਆਇਰੀ ਅਫਸਰ ਬਣਾ ਕੇ ਉਥੇ ਭੇਜਿਆ ਗਿਆ। ਉਥੇ ਦੇ ਇਨਸਪੈਕਟਰ ਅਮਰ ਸਿੰਘ ਨੇ ਉਸ ਸੁਸਾਇਟੀ ਦੇ ਸੈਕਟਰੀ ਅਤੇ ਸੇਲਜ਼ਮੈਨ ਨਾਲ ਮਿਲ ਕੇ, ਜਿਵੇਂ ਇਨ੍ਹਾਂ ਨੇ ਫਰਮਾਇਆ ਹੈ, ਵਾਕਿਆ ਹੀ ਬੈਕ ਡੇਟ ਵਿੱਚ ਖਾਦ ਵੇਚੀ ਵਿਖਾ ਕੇ ਇਸ ਢੰਗ ਨਾਲ ਘਪਲਾ ਕੀਤਾ ਸੀ। ਉਸ ਇਨਸਪੈਕਟਰ ਨੇ ਜੋ ਕੁਝ ਕੀਤਾ ਹੈ, ਇਮੀਜੀਏਟਲੀ ਉਸ ਨੂੰ ਸੱਸਪੈਂਡ ਕਰ ਦਿੱਤਾ ਹੈ। ਸਰਕਾਰ ਨੇ ਸੈਕਟਰੀ ਔਰ ਸੇਲਜ਼-ਮੈਨ ਵੀ ਨਹੀਂ ਛੱਡੇ। ਉਨ੍ਹਾਂ ਦੇ ਖਿਲਾਫ ਅਸੀਂ ਅਕਸ਼ਨ ਲ ਰਹੇ ਹਾਂ।

ਸਰਦਾਰ ਮੇਜਰ ਸਿੰਘ ਉਬੋਕੇ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਮਹਿਕਮੇਂ ਨੂੰ ਸੁਧਾਰਨ ਵਾਸਤੇ ਯਤਨ ਕੀਤਾ ਹੈ। ਮੈਨੂੰ ਇਨ੍ਹਾਂ ਦੇ ਮਹਿਕਮੇਂ ਬਾਰ ਇਕ ਦੋ ਸ਼ਿਕਾਇਤਾਂ ਹਨ। ਉਹ ਇਲਾਕਾ ਬਾਰਡਰ ਦਾ ਇਲਾਕਾ ਹੈ। ਉਥੇ ਪਿਛਲੇ ਦੋ ਤਿੰਨ ਸਾਲਾਂ ਤੋਂ ਇਹ ਕੋਸ਼ਿਸ਼ ਹੁੰਦੀ ਰਹੀ ਹੈ ਕਿ ਸਰਕਾਰ ਨੇ ਜਿਸ ਕਿਸੇ ਅਫਸਰ ਨੂੰ ਜਾਂ ਮੁਲਾਜ਼ਮ ਨੂੰ ਸਜ਼ਾ ਦੇਣੀ ਹੁੰਦੀ ਹੈ ਤਾਂ ਉਸ ਨੂੰ ਉਥੇ ਸਾਡੇ ਇਲਾਕੇ ਵਿਚ ਲਗਾ ਦਿੱਤਾ ਜਾਂਦਾ ਹੈ। ਉਥੇ ਫਿਰ ਉਹ ਅਫਸਰ ਕਹਿੰਦਾ ਹੈ ਕਿ ਅਗਰ ਮੇਰੀ ਸ਼ਿਕਾਇਤ ਹੋ ਜਾਵੇਗੀ ਤਾਂ ਮੈਨੂੰ ਅਗਾਂਹ ਪਾਕਿਸਤਾਨ ਨੂੰ ਤਾਂ

Original with;
Punjab Vidhan Sabha
Digitized by;
Panjab Digital Library

ਸਰਕਾਰ ਭੇਜਣ ਤੋਂ ਰਹੀ, ਵਾਪਿਸ ਹੀ ਕਿਸੇ ਚੰਗੀ ਜਗ੍ਹਾ ਭੇਜੇਗੀ, ਇਸ ਲਈ ਉਹ ਮਾੜੇ ਕੰਮ ਕਰਨ ਲਗਾ ਡਰਦਾ ਨਹੀਂ ਹੈ। ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਸਾਡੇ ਜ਼ਿਲ੍ਹੇ ਦੀ ਗਰੀਵੈਂਸਿਜ਼ ਕਮੇਟੀ ਦੇ ਚੇਅਰਮੈਨ ਹੁੰਦੇ ਸੀ। ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਵਿਚ ਇਹ ਸ਼ਿਕਾਇਤ ਕੀਤੀ ਗਈ ਸੀ ਕਿ ਉਥੋਂ ਦਾ ਏ.ਆਰ. ਸ਼ਰਾਬੀ ਰਹਿੰਦਾ ਹੈ। ਉਸ ਵੇਲੇ ਰੰਧਾਵਾ ਸਾਹਿਬ ਨੇ ਇਮੀਜੀਏਟਲੀ ਛਾਪਾ ਮਾਰਕੇ ਉਸ ਨੂੰ ਸ਼ਰਾਬੀ ਹਾਲਤ ਵਿਚ ਫੜ ਲਿਆ। ਉਸ ਏ.ਆਰ. ਦੀ ਥਾਂ ਇਕ ਹੋਰ ਏ.ਆਰ. ਲਗਾ ਦਿੱਤਾ ਗਿਆ। ਉਹ ਵੀ ਤਿੰਨ ਹਜ਼ਾਰ ਰੁਪਿਆ ਰਿਸ਼ਵਤ ਲੈਂਦਾ ਫੜਿਆ ਗਿਆ। ਉਸ ਦੇ ਬਾਰੇ ਵਜ਼ੀਰ ਸਾਹਿਬ ਨੇ ਇਥੇ ਸਵਾਲ ਦੇ ਜਵਾਬ ਬਾਰੇ ਵੀ ਦੱਸਿਆ ਸੀ। ਹੁਣ ਉਥੇ ਇਕ ਹੋਰ ਮਹਾਂਪੁਰਸ਼ ਲਗਾ ਦਿੱਤੇ ਗਏ ਹਨ। ਉਹ ਉਨ੍ਹਾਂ ਤੋਂ ਵੀ ਅਗਾਂਹ ਵਧੇ ਹੋਏ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਵਜ਼ੀਰ ਸਾਹਿਬ ਕੋਈ ਚੰਗਾ ਤੇ ਇਮਾਨਦਾਰ ਅਫਸਰ ਉਥੇ ਲਗਾਉਣ। ਉਥੇ ਦੀ ਇਕ ਅੱਗੇ ਵੀ ਸ਼ਿਕਾਇਤ ਚਲਦੀ ਹੈ ਕਿ ਜਦੋਂ ਖੰਡ ਬਾਹਰ 16 ਰੁਪਏ ਕਿਲੋ ਵਿਕਦੀ ਸੀ ਤਾਂ ਪੱਟੀ ਦੀ ਸਾਰੀ ਰਾਸ਼ਨ ਦੀ ਖੰਡ ਬਲੈਕ ਵਿਚ ਵੇਚ ਦਿੱਤੀ ਗਈ ਸੀ। ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡੀ ਤਹਿਸੀਲ ਵਿਚ ਮਹਿਕਮੇਂ ਨੂੰ ਸਟਰੀਮ ਲਾਈਨ ਕਰਨ ਦਾ ਯਤਨ ਕਰਨ। ਕੀ ਇਹ ਉਥੇ ਮਹਿਕਮੇ ਦਾ ਸੁਧਾਰ ਕਰਨ ਦਾ ਯਕੀਨ ਦਿਵਾਉਣਗੇ ?

ਰਾਜ ਮੰਤਰੀ: ਆਨਰੇਬਲ ਸਪੀਕਰ ਸਾਹਿਬ, ਮੋਹਤਰਮ ਸਾਥੀ ਨੂੰ ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦਾ ਇਹ ਪੱਕਾ ਫੈਸਲਾ ਹੈ ਕਿ ਚਾਹੇ ਕੋਈ ਵੀ ਐਮ.ਐਲ.ਏ. ਹੋਵੇ, ਚਾਹੇ ਉਹ ਦੋਸਤ ਕਿਸੇ ਵੀ ਪਾਰਟੀ ਨਾਲ ਸਬੰਧ ਰਖਦਾ ਹੋਵੇ ਅਗਰ ਉਹ ਸੱਚੀ ਗੱਲ ਕਹਿੰਦਾ ਹੈ, ਸਾਨੂੰ ਪੂਰੀ ਜਾਣਕਾਰੀ ਕਰਵਾ ਦਿੰਦਾ ਹੈ, ਤਾਂ ਉਨ੍ਹਾਂ ਦੀ ਗੱਲ ਮੰਨਣ ਵਿਚ ਸਰਕਾਰ ਨੂੰ ਕੋਈ ਝਿਜਕ ਨਹੀਂ ਹੈ। ਜੇਕਰ ਕੋਈ ਮਾੜਾ ਅਫ਼ਸਰ ਹੈ ਤਾਂ ਜਿੱਥੇ ਕਹਿਣਗੇ ਉਸ ਨੂੰ ਬਦਲ ਦੇਵਾਂਗੇ ਅੱਤੇ ਜਿਹੜਾ ਕੋਈ ਇਹ ਕਹਿਣਗੇ ਕਿ ਚੰਗਾ ਹੈ ਉਹ ਲਗਾ ਦੇਵਾਂਗੇ।

Cement Permit

*1557. **Shri Gopal Krishan Chatrath** : Will the Minister of State for Food and Supplies be pleased to state—

(a) whether cement permits aggregating to 1000 or more bags were issued for the construction of godowns in District Amritsar by the Directorate of Food and Supplies, Punjab, during the year, 1980-81 and 1981-82 (to-date); if so, the number and names of persons to whom such permits were issued;

(b) whether any permit holder against those referred to in part(a) above was found to have misused the cement and any case was registered against him; if so, the details and results thereof?

Shri Bhagwan Dass : (a) Permits of cement are not issued by the Directorate of Food and Supplies, Punjab. However, necessary instructions for issue of cement were given by the Directorate of Food and Supplies in case of three parties, whose particulars are laid on the Table of the House.

(b) No case regarding misuse of cement by any of them came to notice, and therefore, the question of registration of case does not arise.

Original with;
Punjab Vidhan Sabha
Digitized by;
Panjab Digital Library

[Minister of State for Food & Supplies]

PARTICULARS

Serial No.	Name of the Party
1	M/s Om Parkash & Co. Owners, Sant Bhawan, Amritsar.
2	M/s P.L. Arora & Co. Owners, Amritsar.
3	M/s Kuldip Singh & Co. Owners, B-33, Hukam Singh Road, Amritsar.

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਕਿਹੜੀਆਂ ਕਿਹੜੀਆਂ ਪਾਰਟੀਆਂ ਅੰਮ੍ਰਿਤਸਰ ਦੀਆਂ ਹਨ ਜਿੰਨ੍ਹਾਂ ਨੂੰ ਇਕ ਹਜ਼ਾਰ ਬੋਰੀ ਤੋਂ ਵੱਧ ਸੀਮਿੰਟ ਮਿਲਿਆ ਹੈ। ਉਨ੍ਹਾਂ ਦੇ ਵਜ਼ੀਰ ਸਾਹਿਬ ਨੇ ਨਾਉਂ ਦੇ ਦਿਤੇ ਹਨ। ਇਕ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੰਪਨੀਆਂ ਦੀ ਰਿਕੁਆਇਰਮੈਂਟ ਕੀ ਸੀ ਅੌਰ ਟੋਟਲ ਇਨ੍ਹਾਂ ਨੂੰ ਸੀਮਿੰਟ ਕਿਤਨਾ ਮਿਲਿਆ ਹੈ। ਇਕ ਤਾਂ ਉਹ ਸੀਮਿੰਟ ਜਿਸ ਦੇ ਬਾਰੇ ਡਾਇਰੈਕਟਰ ਆਫ ਸਿਵਲ ਸਪਲਾਈਜ਼ ਨੇ ਲਿਖ ਕੇ ਭੇਜਿਆ ਹੈ ਅੌਰ ਇਕ ਹੋਰਨਾਂ ਸੋਰਸਿਜ਼ ਰਾਹੀਂ, ਇਹ ਸਾਰਾ ਕੈਲਕੂਲੇਟ ਕਰਕੇ ਵਜ਼ੀਰ ਸਾਹਿਬ ਦੱਸਣ ਕਿ ਕੁੱਲ ਕਿਤਨਾ ਸੀਮਿੰਟ ਇਨ੍ਹਾਂ ਕੰਪਨੀਆਂ ਨੂੰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਰਿਕੁਆਇਰਮੈਂਟ ਕੀ ਸੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਸਰਜ਼ ਓਮ ਪ੍ਰਕਾਸ਼ ਐਂਡ ਕੰਪਨੀ ਓਨਰਜ਼ ਅੰਮ੍ਰਿਤਸਰ ਦੀ ਰਿਕੁਆਇਰਮੈਂਟ ਸੀ 1200 ਟਨ ਦੀ, ਉਸ ਨੂੰ 1434.5 ਟਨ ਦਿੱਤਾ ਗਿਆ ਹੈ। ਮੈਂ ਹਾਊਸ ਦੇ ਆਨਰੇਬਲ ਮੈਂਬਰਜ਼ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਕੰਪਨੀ ਦਾ ਗੋਡਾਊਨ ਢਣਦਾ ਢਣਦਾ ਗਿਰ ਗਿਆ ਸੀ। ਇਸ ਲਈ ਉਨ੍ਹਾਂ ਦੀ ਪਹਿਲੀ ਰਿਕੁਆਇਰਮੈਂਟ ਤੋਂ 234 ਟਨ ਹੋਰ ਦਿੱਤਾ ਗਿਆ ਸੀ ਜਿਹੜਾ ਕਿ ਉਨ੍ਹਾਂ ਦੀ ਬਾਅਦ ਦੀ ਰਿਕੁਆਇਰਮੈਂਟ ਦੇ ਮੁਤਾਬਿਕ ਸੀ। ਸਪੀਕਰ ਸਾਹਿਬ, ਇਹ ਸੀਮਿੰਟ ਡਾਇਰੈਕਟੋਰੇਟ ਆਫ ਸਿਵਲ ਸਪਲਾਈਜ਼ ਦੀਆਂ ਇਨਸਟਰੱਕਸ਼ਨਾਂ ਦੇ ਮੁਤਾਬਿਕ ਦਿੱਤਾ ਗਿਆ ਸੀ ਦੂਸਰੀ ਕੰਪਨੀ ਹੈ ਮੈਸਰਜ਼ ਪੀ.ਐਲ. ਅਰੋੜਾ ਐਂਡ ਕੰਪਨੀ ਓਨਰਜ਼, ਅੰਮ੍ਰਿਤਸਰ। ਇਨ੍ਹਾਂ ਦੀ ਰਿਕੁਆਇਰਮੈਂਟ ਸੀ 1200 ਟਨ ਦੀ ਅੌਰ ਮਿਲਿਆ ਹੈ 830 ਟਨ। ਤੀਸਰੀ ਕੰਪਨੀ ਹੈ ਮੈਸਰਜ਼ ਕੁਲਦੀਪ ਸਿੰਘ ਐਂਡ ਕੰਪਨੀ ਓਨਰ, ਬੀ-33, ਹੁਕਮ ਸਿੰਘ ਰੋਡ, ਅੰਮ੍ਰਿਤਸਰ। ਇਸ ਦੀ ਰਿਕੁਆਇਰਮੈਂਟ ਸੀ 600 ਟਨ ਦੀ ਅੌਰ ਮਿਲਿਆ ਹੈ 537.5 ਟਨ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਵਜ਼ੀਰ ਸਾਹਿਬ ਅਜੇ ਵੀ ਕਹਿੰਦੇ ਹਨ ਕਿ ਸੀਮਿੰਟ ਮਿਸਯੂਜ਼ ਨਹੀਂ ਹੋਇਆ। ਜਿਹੜੀ ਇਹ ਓਮ ਪ੍ਰਕਾਸ਼ ਐਂਡ ਕੰਪਨੀ ਓਨਰਜ਼ ਹੈ, ਇਸ ਕੰਪਨੀ ਦੀ 1200 ਟਨ ਦੀ ਰਿਕੁਆਇਰਮੈਂਟ ਸੀ ਅੌਰ ਉਸ ਨੂੰ 35,750 ਬੋਰੀ ਸੀਮਿੰਟ ਦਿੱਤਾ ਗਿਆ ਹੈ। ਮੈਂ ਟਨਾਂ ਦਾ ਹਿਸਾਬ ਬੋਰੀਆਂ ਵਿਚ ਕੱਢ ਲਿਆ ਹੈ। ਉਸ ਨੂੰ ਰਿਕੁਆਇਰਮੈਂਟ ਤੋਂ ਵੱਧ ਸੀਮਿੰਟ ਦਿੱਤਾ ਗਿਆ ਹੈ। ਇਕ ਤਾਂ ਵਜ਼ੀਰ ਸਾਹਿਬ ਇਹ ਦੱਸਣ ਕਿ ਇਸ ਦਾ ਕੀ ਕਾਰਣ ਹੈ, ਦੂਸਰਾ ਇਹ ਦੱਸਣ ਕਿ ਦੂਜੀਆਂ ਕੰਪਨੀਆਂ ਨੂੰ ਘੱਟ ਸੀਮਿੰਟ ਕਿਉਂ ਦਿੱਤਾ ਗਿਆ ਹੈ ? ਕੀ ਵਜ਼ੀਰ ਸਾਹਿਬ ਕਿਸੇ ਆਈ. ਏ. ਐਸ. ਅਫਸਰ ਨੂੰ ਲਗਾ ਕੇ ਇਹ ਮਾਮਲਾ ਵੇਖਣਗੇ ਕਿ ਜਿਤਨਾ ਸੀਮਿੰਟ ਦਿੱਤਾ

Original with;
Punjab Vidhan Sabha
Digitized by;
Panjab Digital Library

ਗਿਆ ਹੈ, ਉਹ ਸਾਰਾ ਜਿਸ ਕੰਮ ਵਾਸਤੇ ਲਿਆ ਗਿਆ ਸੀ ਉਸ ਵਾਸਤੇ ਹੀ ਲਗਾਇਆ ਗਿਆ ਹੈ ਜਾਂ ਕਿ ਉਸ ਦਾ ਮਿਸਯੂਜ਼ ਹੋਇਆ ਹੈ, ਅਗਰ ਨਹੀਂ ਸਾਰਾ ਲਗਾਇਆ ਗਿਆ ਤਾਂ ਉਹ ਕਿੱਥੇ ਗਿਆ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਉਸ ਕੰਪਨੀ ਨੇ ਆਪਣੀ ਰਿਕੁਆਇਰਮੈਂਟ ਵਾਸਤੇ ਹੋਰ ਅਰਜ਼ੀ ਦਿੱਤੀ ਸੀ ਪਰ ਦੂਸਰੀਆਂ ਪਾਰਟੀਆਂ ਨੇ ਜਿਨ੍ਹਾਂ ਨੂੰ ਘੱਟ ਮਿਲਿਆ ਹੈ ਉਨ੍ਹਾਂ ਨੇ ਜੋ ਉਨ੍ਹਾਂ ਨੂੰ ਸੀਮਿੰਟ ਮਿਲਿਆ ਹੈ, ਉਹ ਸੀਮਿੰਟ ਲੈਣ ਤੋਂ ਬਾਅਦ ਹੋਰ ਸੀਮਿਟ ਵਾਸਤੇ ਅਪਲਾਈ ਹੀ ਨਹੀਂ ਕੀਤਾ। ਜੇਕਰ ਕੋਈ ਅਪਲਾਈ ਹੀ ਨਾ ਕਰੇ ਤਾਂ ਅਸੀਂ ਉਸ ਨੂੰ ਸੀਮਿੰਟ ਉਸ ਦੇ ਘਰ ਜਾ ਕੇ ਨਹੀਂ ਸੀ ਦੇਣਾ। ਸਪੀਕਰ ਸਾਹਿਬ, ਜਿਵੇਂ ਕਿ ਮੈਂ ਅੱਗੇ ਦੱਸਿਆ ਹੈ ਕਿ ਉਸ ਕੰਪਨੀ ਦਾ ਗੋਡਾਉਨ ਗਿਰ ਚੁੱਕਾ ਸੀ, ਇਸ ਵਾਸਤੇ ਉਸ ਨੂੰ ਸੀਮਿੰਟ ਹੋਰ ਦਿੱਤਾ ਗਿਆ ਸੀ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਕ ਆਦਮੀ ਨੂੰ ਜੇਕਰ ਉਸ ਦੀ ਰਿਕੁਆਇਰਮੈਂਟ ਦੇ ਮੁਤਾਬਿਕ ਪਹਿਲਾਂ ਸੀਮਿੰਟ ਮਿਲ ਜਾਵੇ ਔਰ ਜੇਕਰ ਉਹ ਫਿਰ ਕਹੇ ਕਿ ਮੇਰਾ ਤਾਂ ਗੋਡਾਉਨ ਗਿਰ ਗਿਆ ਹੈ, ਹੋਰ ਸੀਮਿੰਟ ਦਿਓ ਔਰ ਸਰਕਾਰ ਹੋਰ ਸੀਮਿੰਟ ਦੇ ਦੇਵੇ ਔਰ ਐਕਚੁਅਲੀ ਸਾਰਾ ਸੀਮਿੰਟ ਲਗਾ ਹੈ ਜਾਂ ਨਹੀਂ ਲਗਾ, ਇਹ ਚੀਜ਼ ਵੇਖੀ ਹੀ ਨਾ, ਤਾਂ ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਕੋਈ ਘਪਲਾ ਹੋਇਆ ਹੈ ਕੀ ਵਜ਼ੀਰ ਸਾਹਿਬ, ਕਿਸੇ ਸੀਨੀਅਰ ਅਫਸਰ ਦੀ ਡਿਊਟੀ ਲਗਾ ਕੇ ਪਤਾ ਕਰਾਉਣਗੇ ਕਿ ਜੋ ਸੀਮਿੰਟ ਦਿੱਤਾ ਗਿਆ ਹੈ ਉਹ ਐਕਚੁਅਲੀ ਲਗਾ ਵੀ ਹੈ, ਜਾਂ ਨਹੀਂ ਲਗਾ ?

ਸ਼੍ਰੀ ਸਪੀਕਰ : ਇਹ ਚੀਜ਼ ਵੀ ਪਤਾ ਕਰਾਉਣ ਕਿ ਗੋਡਾਉਨ ਡਿਗਣ ਦੇ ਕੀ ਕਾਰਣ ਸਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਇਸ ਗੱਲ ਦਾ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦਾ ਇਹ ਫੈਸਲਾ ਹੈ ਕਿ ਜਿੱਥੇ ਵੀ ਕੋਈ ਅਣਗਹਿਲੀ ਜਾਂ ਮਿਸਯੂਜ਼ ਹੋਇਆ ਹੋਵੇ, ਇਨਕੁਆਇਰੀ ਕੀਤੀ ਜਾਵੇ,ਔਰ ਉਸ ਦੇ ਬਾਰੇ ਪੜਤਾਲ ਕਰਵਾਈ ਜਾਵੇ।

ਸ਼੍ਰੀ ਸਪੀਕਰ : ਉਨ੍ਹਾਂ ਨੇ ਸਪੈਸੀਫਿਕਲੀ ਪੁਛਿਆ ਹੈ ਕਿ ਕੀ ਇਨਕੁਆਇਰੀ ਹੋਵੇਗੀ ?

ਰਾਜ ਮੰਤਰੀ : ਮੈਂ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਉਤੇ ਜ਼ਰੂਰ ਗੌਰ ਕਰੇਗੀ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਇਕ ਪਾਸੇ ਇਨ੍ਹਾਂ ਤੋਂ ਸੀਮਿੰਟ ਲਿਆ ਹੋਵੇ ਫਿਰ ਉਨ੍ਹਾਂ ਨੇ ਸੈਂਟਰ ਤੋਂ ਵੀ ਲਿਆ ਹੋਵੇ, ਐਫ.ਸੀ.ਆਈ. ਦੇ ਰਾਹੀਂ ਵੀ ਲਿਆ ਹੋਵੇ ਔਰ ਇਤਨਾ ਜ਼ਿਆਦਾ ਸੀਮਿੰਟ ਲਿਆ ਹੋਵੇ, ਜਿਹੜਾ ਕਿ ਸਾਰੇ ਸ਼ਹਿਰ ਦੇ ਲੋਕਾਂ ਲਈ ਕਾਫੀ ਸੀ ਤਾਂ ਫਿਰ ਉਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਸੀਮਿੰਟ ਦਾ ਮਿਸਯੂਜ਼ ਹੋਇਆ ਹੈ।

ਰਾਜ ਮੰਤਰੀ : ਜੇਕਰ ਕੋਈ ਮਿਸਯੂਜ਼ ਦੀ ਗੱਲ ਹੋਈ ਤਾਂ ਲਾਜ਼ਮੀ ਤੌਰ ਤੇ ਇਨਕੁਆਇਰੀ ਕੀਤੀ ਜਾਵੇਗੀ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਇਕ ਪੀ.ਐਲ. ਅਰੋੜਾ ਐਂਡ ਕੰਪਨੀ ਹੈ ਜੀ ਅੰਮ੍ਰਿਤਸਰ ਦੀ ਔਰ ਉਸ ਨੇ ਗੋਡਾਉਨ ਬਨਾਉਣ ਵਾਸਤੇ ਸੀਮਿੰਟ ਲਿਆ ਹੈ। ਵਨ ਥਰਡ ਸੀਮਿੰਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਉਸ ਨੇ ਗੋਡਾਊਨ ਤੇ ਵਰਤਿਆ ਹੈ ਅੱਰ ਬਾਕੀ ਦਾ ਸਾਰਾ ਬਲੈਕ ਮਾਰਕਿਟ ਵਿਚ ਵੇਚ ਦਿੱਤਾ ਹੈ। ਕੀ ਵਜ਼ੀਰ ਸਾਹਿਬ ਉਸ ਦੀ ਵੀ ਇਨਕੁਆਇਰੀ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਫੇਰ ਤੋਂ ਦੱਸ ਦੇਣ, ਸਮਝ ਨਹੀਂ ਲਗੀ ਜੀ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਪੀ.ਐਲ. ਅਰੋੜਾ ਅੰਮ੍ਰਿਤਸਰ ਦੀ ਕੰਪਨੀ ਹੈ ਉਸ ਨੇ ਗੋਡਾਊਨ ਬਣਾਇਆ ਹੈ, ਉਹ ਅਜੇ ਕੰਪਲੀਟ ਹੋਇਆ ਹੈ ਜਾਂ ਨਹੀਂ ਹੋਇਆ, ਇਸ ਗੱਲ ਦਾ ਮੈਨੂੰ ਪਤਾ ਨਹੀਂ ਹੈ, ਪਰ ਉਥੇ ਵਾਸਤੇ ਜਿਤਨਾ ਸੀਮਿੰਟ ਲਿਆ ਗਿਆ ਉਸ ਦਾ ਵਨ ਥਰਡ ਹੀ ਲਗਾ ਹੈ। ਬਾਕੀ ਸਾਰਾ ਬਲੈਕ ਵਿਚ ਵੇਚਿਆ ਗਿਆ ਹੈ। ਕੀ ਇਸ ਦੀ ਵੀ ਇਨਕੁਆਇਰੀ ਹੋਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਉਸ ਨੇ ਗੋਡਾਊਨ ਬਣਾ ਕੇ ਐਫ.ਸੀ.ਆਈ. ਨੂੰ ਦੇ ਦਿੱਤਾ ਹੈ। ਸਪੀਕਰ ਸਾਹਿਬ, ਐਫ.ਸੀ.ਆਈ. ਦੀ ਰਿਕੁਮੈਂਡੇਸ਼ਨ ਆਈ ਸੀ ਕਿ ਗੋਡਾਊਨ ਬਣਾਏ ਜਾਣ ਤਾਕਿ ਅਨਾਜ ਖਰਾਬ ਨਾ ਹੋਵੇ, ਬਰਬਾਦ ਨਾ ਹੋਵੇ। ਜੋ ਇਹ ਗੋਡਾਊਨ ਬਣਾ ਕੇ ਐਫ.ਸੀ.ਆਈ. ਨੂੰ ਦਿੱਤੇ ਹਨ। ਜੇਕਰ ਕੋਈ ਹੋਰ ਗੱਲ ਹੋਈ ਕਿ ਸੀਮਿੰਟ ਉਥੇ ਪੂਰਾ ਲੱਗਾ ਹੈ ਜਾਂ ਨਹੀਂ ਲੱਗਾ ਤਾਂ ਉਸ ਦੇ ਬਾਰੇ ਪਤਾ ਕਰ ਲਵਾਂਗੇ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਇਹ ਗੱਲ ਵੇਖਾਂਗੇ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੇਸ ਵਿਜੀਲੈਂਸ ਡਿਪਾਰਟਮੈਂਟ ਨੂੰ ਦੇਣ ਨੂੰ ਤਿਆਰ ਹਨ ਤਾਕਿ ਇਸ ਗੱਲ ਦੀ ਘੋਖ ਹੋ ਸਕੇ ਕਿ ਕਿਤਨਾ ਸੀਮਿੰਟ ਲਗਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਹਾਊਸ ਨੂੰ ਅੱਗੇ ਵੀ ਦਸ ਚੁੱਕਾ ਹਾਂ ਅੱਰ ਹੁਣ ਆਨਰੇਬਲ ਮੈਂਬਰ ਸ਼੍ਰੀ ਸੇਵਾ ਰਾਮ ਜੀ ਨੂੰ ਫਿਰ ਦਸ ਦਿੰਦਾ ਹਾਂ ਕਿ ਸਰਕਾਰ ਇਸ ਗਲ ਤੇ ਪੂਰੀ ਤਵੱਜੋ ਦੇ ਕੇ ਪੂਰਾ ਧਿਆਨ ਦੇਵੇਗੀ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਤੋਂ 3-4 ਮਹੀਨੇ ਪਹਿਲਾਂ ਲੁਧਿਆਣਾ ਅੱਰ ਜਲੰਧਰ ਵਿਚ ਕਈ ਆਦਮੀਆਂ ਨੇ ਇਨਾਂ ਨੇ ਛਾਪੇ ਮਾਰੇ ਅੱਰ ਉਹ 4-4 ਮਹੀਨੇ ਸ਼ਹਿਰ ਤੋਂ ਬਾਹਰ ਫਿਰਦੇ ਰਹੇ। ਸਾਨੂੰ ਪਤਾ ਹੈ ਉਨ੍ਹਾਂ ਦਾ ਕੀ ਹਾਲ ਹੋਇਆ। ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਵਿਚ ਅੰਮ੍ਰਿਤਸਰ ਦਾ ਕਿਉਂ ਲਿਹਾਜ਼ ਕੀਤਾ ਜਾ ਰਿਹਾ ਹੈ। ਉਥੇ ਕਿਉਂ ਨਹੀਂ ਛਾਪੇ ਮਾਰੇ ਜਾ ਰਹੇ ? ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੀਮਿੰਟ ਦੀ ਜਿਹੜੀ ਨਵੀਂ ਪਾਲਿਸੀ ਡਿਕਲੇਅਰ ਕਰਨੀ ਸੀ, ਉਹ ਹੁਣ ਤਕ ਕਿਉਂ ਨਹੀਂ ਕੀਤੀ ਗਈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਰੈਲੇਵੈਂਟ ਤਾਂ ਨਹੀਂ ਹੈ। ਅੰਮ੍ਰਿਤਸਰ ਦੇ ਆਦਮੀਆਂ ਦੇ ਖਿਲਾਫ ਤਾਂ ਇਹ ਸਵਾਲ ਹੋ ਰਿਹਾ ਹੈ, ਉਨ੍ਹਾਂ ਨੂੰ ਛਡਿਆ ਨਹੀਂ ਗਿਆ। ਸਾਡੀ ਸਰਕਾਰ ਦਾ ਫੈਸਲਾ ਹੈ ਕਿ ਕੋਈ ਵਿਤਕਰੇ ਵਾਲੀ ਗਲ ਨਹੀਂ ਹੋਵੇਗੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੁਰਿੰਦਰ ਕਪੂਰ : ਕੰਟਰੋਲ ਦਾ ਸੀਮਿੰਟ ਪਿਛਲੇ ਡੇਢ ਮਹੀਨੇ ਤੋਂ ਨਹੀਂ ਮਿਲ ਰਿਹਾ। ਇਸ ਦਾ ਕੀ ਕਾਰਣ ਹੈ ?

ਸ਼੍ਰੀ ਸਪੀਕਰ : ਇਹ ਸਪਲੀਮੈਂਟਰੀ ਸਵਾਲ ਨਾਲ ਸਬੰਧ ਨਹੀਂ ਰੱਖਦੀ। ਇਸ ਦੇ ਮੁਤੱਅਲਕ ਇਕ ਕਾਲ ਅਟੈਨਸ਼ਨ ਵੀ ਆ ਗਈ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜਿਹੜਾ ਕੱਟੇ ਦਾ ਸੀਮਿੰਟ ਹੈ ਉਹ ਸਾਰਾ ਅੰਮ੍ਰਿਤਸਰ ਤੋਂ ਰੋਪੜ ਨੂੰ ਆ ਰਿਹਾ ਹੈ ਜਿਥੇ ਇਨ੍ਹਾਂ ਦਾ ਸਿਨੇਮਾ ਬਣ ਰਿਹਾ ਹੈ।

ਸ਼੍ਰੀ ਸਪੀਕਰ : ਪਾਂਧੀ ਸਾਹਿਬ ਤੁਸੀਂ ਬੈਠ ਜਾਓ, ਮੈਂ ਲੂੰਬਾ ਸਾਹਿਬ ਨੂੰ ਟਾਈਮ ਦਿੱਤਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਪਹਿਲੀ ਗਲ ਤਾਂ ਇਥੇ ਇਹ ਆਈ ਹੈ ਕਿ ਕਈ ਬੰਦਿਆਂ ਨੂੰ ਬਹੁਤ ਜ਼ਿਆਦਾ ਸੀਮਿੰਟ ਦੇ ਦਿੱਤਾ ਗਿਆ ਹੈ ਅੰਰ ਦੂਜੀ ਗਲ ਮਨਿਸਟਰ ਸਾਹਿਬ ਨੇ ਇਹ ਦਸੀ ਹੈ ਕਿ ਜਿਸ ਨੂੰ 1200 ਬੈਗਜ਼ ਦੀ ਲੋੜ ਸੀ ਉਸ ਨੂੰ 800 ਬੈਗ ਦੇ ਦਿੱਤੇ ਅੰਰ ਜਿਸ ਨੂੰ 800 ਬੈਗਜ਼ ਦੀ ਲੋੜ ਸੀ ਉਸ ਨੂੰ 500 ਬੈਗ ਦੇ ਦਿੱਤੇ। ਸੋ ਪਹਿਲੇ ਤਾਂ ਇਸ ਗਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਕਿ ਉਨਾਂ ਨੂੰ ਜ਼ਿਆਦਾ ਕਿਉਂ ਦਿੱਤਾ ਗਿਆ ਹੈ ਅੰਰ ਇਨ੍ਹਾਂ ਨੂੰ ਘੱਟ ਕਿਉਂ ਦਿੱਤਾ ਗਿਆ ਹੈ ਅੰਰ ਨਾਲ ਹੀ ਇਹ ਵੀ ਦਸਣ ਕਿ ਜਿਸ ਨੂੰ ਘੱਟ ਸੀਮਿੰਟ ਦਿੱਤਾ ਗਿਆ ਹੈ. ਉਸ ਨੇ ਬਾਕੀ ਦਾ ਸੀਮਿੰਟ ਕਿਥੋਂ ਲਿਆ ਹੈ ? ਕੀ ਉਹ ਬਲੈਕ ਵਿਚ ਲਿਆ ਹੈ, ਜੇ ਬਲੈਕ ਵਿਚ ਲਿਆ ਹੈ ਤਾਂ ਕਿਥੋਂ ਲਿਆ ਹੈ ? ਸੋ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਤੀਜੀ ਗੱਲ ਜਿਹੜੀ ਦਾ ਇਹ ਜਵਾਬ ਨਹੀਂ ਦੇ ਰਹੇ ਹਨ ਉਹ ਇਹ ਹੈ ਕਿ ਇਸ ਗੋਦਾਮ ਦੇ ਡਿਗਣ ਦੇ ਕਾਰਣ ਕੀ ਸਨ ? ਇਸ ਲਈ ਕੀ ਸਰਕਾਰ ਇਨ੍ਹਾਂ ਸਾਰੀਆਂ ਗੱਲਾਂ ਲਈ ਵਿਜੀਲੈਂਸ ਤੋਂ ਇਨਕੁਆਇਰੀ ਕਰਵਾਏਗੀ ?

ਰਾਜ ਮੰਤਰੀ : ਮੈਂ ਆਨਰੇਬਲ ਮੈਂਬਰ ਸਾਹਿਬ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਜੇ ਕੋਈ ਸੀਮਿੰਟ ਲੈਣ ਲਈ ਐਪਲੀਕੇਸ਼ਨ ਦਿੰਦਾ ਹੈ ਤਾਂ ਉਸ ਨੂੰ ਅਸੀਂ ਸੀਮਿੰਟ ਦੇ ਦਿੰਦੇ ਹਾਂ। ਪਰ ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਕਿਸੇ ਦੀ ਰਿਕੁਆਇਰਮੈਂਟ ਜ਼ਿਆਦਾ ਹੁੰਦੀ ਹੈ ਅਤੇ ਮਿਲਦਾ ਘੱਟ ਹੈ। ਇਸ ਲਈ ਬਾਕੀ ਦਾ ਉਹ ਸੀਮਿੰਟ ਡਿਸਟ੍ਰਿਕਟ ਪੱਧਰ ਤੇ ਵੀ ਇੰਤਜ਼ਾਮ ਕਰ ਲੈਂਦੇ ਹਨ। ਪਰ ਫਿਰ ਵੀ ਮੈਂ ਕਹਿੰਦਾ ਹਾਂ ਕਿ ਜੇ ਕਿਸੇ ਨੇ ਮਿਸਯੂਜ਼ ਕੀਤਾ ਹੋਇਆ ਤਾਂ ਐਕਸ਼ਨ ਲਿਆ ਜਾਵੇਗਾ।

ਸ਼੍ਰੀ ਸਪੀਕਰ : ਉਨ੍ਹਾਂ ਦਾ ਸਵਾਲ ਇਹ ਹੈ ਕਿ ਕੀ ਇਨਕੁਆਇਰੀ ਕਰਵਾ ਲਵੋਗੇ ?

ਰਾਜ ਮੰਤਰੀ : ਮੈਂ ਦੱਸਿਆ ਹੈ ਕਿ ਜੇ ਮਿਸਯੂਜ਼ ਹੋਇਆ ਤਾਂ ਐਕਸ਼ਨ ਲਿਆ ਜਾਵੇਗਾ।

ਸ਼੍ਰੀ ਸਪੀਕਰ : ਤੁਸੀਂ ਇਸ ਦੀ ਵੈਸੇ ਹੀ ਇਨਕੁਆਇਰੀ ਕਰਵਾ ਦਿਓ। ਮੈਂਬਰਜ਼ ਐਜੀਟੇਟਿਡ ਹਨ

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਹਰ ਹਾਲਤ ਵਿੱਚ ਇਸ ਦੀ ਇਨਕੁਆਇਰੀ ਕਰਾਵਾਂਗੇ ਅੰਰ ਅਗਰ ਕੋਈ ਐਕਸ਼ਨ ਲੈਣ ਵਾਲਾ ਹੋਇਆ ਤਾਂ ਲਵਾਂਗੇ। (ਵਿਘਨ) ਪਾਂਧੀ ਸਾਹਿਬ ਮੈਂ ਬਾਰ ਬਾਰ ਕਹਿ ਰਿਹਾ ਹਾਂ ਕਿ ਲਾਜ਼ਮੀ ਇਨਕੁਆਇਰੀ ਹੋਵੇਗੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਬੈਠੋ, ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਇਨਕੁਆਇਰੀ ਕਰਾਵਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਵਿਜੀਲੈਂਸ ਤੋਂ ਇਨਕੁਆਇਰੀ ਹੋਣੀ ਚਾਹੀਦੀ ਹੈ।

ਵਿੱਤ ਮੰਤਰੀ : ਸਪੀਕਰ ਸਾਹਿਬ, ਸੀਮਿੰਟ ਦੇ ਮਾਮਲੇ ਤੇ ਸਾਰਾ ਹਾਊਸ ਐਜੀਟੇਟਿਡ ਹੈ। ਇਸ ਲਈ ਮਨਿਸਟਰ ਸਾਹਿਬ ਨੇ ਸਾਫ਼ ਕਹਿ ਦਿੱਤਾ ਹੈ ਕਿ ਜਿਥੇ ਮਿਸਯੂਜ਼ ਹੋਇਆ ਹੈ ਇਨਕੁਆਇਰੀ ਕਰਾਵਾਂਗੇ ਪਰ ਪਹਿਲੇ ਡਿਪਾਰਟਮੈਂਟਲ ਇਨਕੁਆਇਰੀ ਹੋਵੇਗੀ। (ਵਿਘਨ)

Mr. Speaker : Please sit down.

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਵਿਜੀਲੈਂਸ ਤੋਂ ਇਨਕੁਆਇਰੀ ਕਰਾਉਣੀ ਚਾਹੀਦੀ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਇਸ ਵਿਚ ਵੀ ਫਰਕ ਹੈ, ਵਿਜੀਲੈਂਸ ਤੋਂ ਇਨਕੁਆਇਰੀ ਕਰਵਾ ਦਿਓ।

(ਇਸ ਵੇਲੇ ਕਈ ਮੈਂਬਰ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ।)

Mr. Speaker : Please sit down, not allowed.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਸਵਾਲ ਹੈ। ਕੋਟੇ ਦਾ ਸੀਮਿੰਟ ਮਿਲ ਨਹੀਂ ਰਿਹਾ। ਜਿਥੇ ਇਹ ਸਿਨੇਮਾ ਰੋਪੜ ਵਿਚ ਆਪਣਾ ਬਣਵਾ ਰਹੇ ਹਨ ਉਥੇ ਸਾਰਾ ਸੀਮਿੰਟ ਜਾ ਰਿਹਾ ਹੈ।

Mr. Speaker : Please sit down.

ਇਸ ਕੁਐਸਚਨ ਦੇ ਕਾਫੀ ਸਪਲੀਮੈਂਟਰੀ ਹੋ ਗਏ ਹਨ। ਤੁਹਾਡੀ ਗਲ ਆ ਗਈ ਹੈ, ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਇਨਕੁਆਇਰੀ ਕਰਾਵਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਨੋ, ਨੋ, ਵਿਜੀਲੈਂਸ ਤੋਂ ਇਨਕੁਆਇਰੀ ਹੋਣੀ ਚਾਹੀਦੀ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਥੇ ਸਵਾਲ ਬੜੇ ਜ਼ੋਰ ਸ਼ੋਰ ਨਾਲ ਉਠਾਇਆ ਗਿਆ ਹੈ ਕਿ ਸੀਮਿੰਟ ਜ਼ਰੂਰਤ ਤੋਂ ਜ਼ਿਆਦਾ ਦਿੱਤਾ ਗਿਆ ਅਤੇ ਉਸ ਦੀ ਮਿਸਯੂਟੇਲਾਈਜ਼ੇਸ਼ਨ ਕੀਤੀ ਗਈ ਹੈ। ਅਸੀਂ ਇਸ ਗੱਲ ਦੀ ਇਨਕੁਆਇਰੀ ਵਿਜੀਲੈਂਸ ਤੋਂ ਕਰਾਵਾਂਗੇ।

Setting up Industrial Alcohol unit at Zira District Ferozepur

*1308. **Sardar Harcharan Singh Hero** : Will the Chief Minister be pleased to state whether the Government has sanctioned an Industrial Alcohol Unit for Zira, district Ferozepur; if so, the time by which it is likely to be set up?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ) : ਨਹੀਂ ਜੀ।

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਜ਼ੀਰੇ ਇੰਡਸਟਰੀਅਲ ਐਲਕੋਹਲ ਯੂਨਿਟ ਲਗਾਉਣ ਲਈ ਪ੍ਰਾਜੈਕਟ ਰਿਪੋਰਟ ਬਣ ਗਈ ਸੀ ਫੇਰ ਇਹ ਹੁਣ ਜ਼ੀਰੇ ਤੋਂ ਗੁਰਦਾਸਪੁਰ ਕਿਉਂ ਤਬਦੀਲ ਕੀਤਾ ਗਿਆ ਹੈ ? ਕੀ ਸਰਕਾਰ ਜ਼ੀਰੇ ਇਹ ਯੂਨਿਟ ਲਗਾਉਣ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਪਹਿਲੇ ਸਾਡਾ ਵਿਚਾਰ ਜ਼ੀਰੇ ਵਿਖੇ ਇਹ ਯੂਨਿਟ ਲਗਾਉਣ ਦਾ ਸੀ। ਪਰ ਚੂੰਕਿ ਜ਼ੀਰੇ ਸ਼ੂਗਰ ਮਿਲ ਵਿਚ ਮੋਲਾਸਿਜ਼ ਦੀ ਕਮੀ ਹੈ ਅੌਰ ਇਸ ਦੀ ਕਪੈਸਿਟੀ 15 ਹਜ਼ਾਰ ਟਨ ਦੀ ਹੈ ਜਦ ਕਿ ਲੋੜ 30 ਹਜ਼ਾਰ ਟਨ ਮੋਲਾਸਿਜ਼ ਦੀ ਹੈ ਅਤੇ ਗੁਰਦਾਸਪੁਰ ਸ਼ੂਗਰ ਮਿਲ ਦੀ ਕਪੈਸਿਟੀ ਸੀ ਇਸ ਕਰਕੇ ਅਸੀਂ ਇਸ ਨੂੰ ਉਥੇ ਸ਼ਿਫਟ ਕੀਤਾ ਹੈ। ਹੋਰ ਕੋਈ ਵਿੱਤਕਰੇ ਵਾਲੀ ਗੱਲ ਨਹੀਂ ਹੈ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਗੌਰਮਿੰਟ ਦੀ ਪਰਪੋਜ਼ਲ ਹੈ ਕਿ ਫਾਜ਼ਿਲਕਾ ਵਿਖੇ ਸ਼ੂਗਰ ਮਿਲ ਲਗਾਈ ਜਾਏ ਅੌਰ ਇਸ ਦੀ ਕਪੈਸਿਟੀ 2 ਹਜ਼ਾਰ ਮਿਟ੍ਰਿਕ ਟਨ ਹੋਵੇਗੀ। ਕੀ ਇਹ ਐਲਕੋਹਲ ਇੰਡਸਟਰੀਅਲ ਯੂਨਿਟ ਜ਼ੀਰੇ ਵਿਖੇ ਲਗਾਉਣ ਦਾ ਭਰੋਸਾ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਯੂਨਿਟ ਦੀ ਰਜ਼ਿਸਟਰੇਸ਼ਨ ਐਕਟ ਦੇ ਅਧੀਨ ਮਿਆਦ 19 ਮਈ, 1982 ਹੈ ਅੌਰ ਇਸ ਪੀਰੀਅਡ ਵਿਚ ਲਗ ਜਾਣੀ ਚਾਹੀਦੀ ਹੈ ਅੌਰ ਇਸ ਤੋਂ ਬਾਅਦ ਅਸੀਂ ਯੂਨਿਟ ਇਨਸਟਾਲ ਨਹੀਂ ਕਰ ਸਕਦੇ ਅੌਰ ਅਸੀਂ ਅਕਤੂਬਰ, 1982 ਵਿਚ ਇਸ ਨੂੰ ਕਮਿਸ਼ਨ ਕਰਨਾ ਚਾਹੁੰਦੇ ਹਾਂ।

Construction of a Building on the pattern of Punjab Bhavan Calcutta

***1318. Master Dalip Chand: Will the Chief Minister be pleased to state whether there is any proposal under the consideration of the Government to construct a building on the pattern of Punjab Bhavan at Calcutta; if so, the time by which it is likely to be constructed?**

ਡਾਕਟਰ ਕੇਵਲ ਕ੍ਰਿਸ਼ਨ : ਨਹੀਂ ਜੀ, ਸਵਾਲ ਹੀ ਪੈਦਾ ਨਹੀਂ ਹੁੰਦਾ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਇਸ ਸਾਲ ਸਾਡੀ ਐਸ਼ਿਓਰੈਂਸ ਕਮੇਟੀ ਕਲਕੱਤੇ ਗਈ ਸੀ ਅੌਰ ਸਾਨੂੰ ਉਥੇ ਰਹਿੰਦੇ ਪੰਜਾਬੀਆਂ ਨੇ ਕਿਹਾ ਸੀ ਕਿ ਅਸੀਂ ਜ਼ਮੀਨ ਮੁਫ਼ਤ ਦੇਣ ਲਈ ਤਿਆਰ ਹਾਂ ਅਗਰ ਪੰਜਾਬ ਸਰਕਾਰ ਪੰਜਾਬ ਭਵਨ ਕਲਕੱਤੇ ਵਿਖੇ ਬਣਾਏ। ਕੀ ਇਹ ਕਲਕੱਤੇ ਪੰਜਾਬ ਭਵਨ ਬਨਾਉਣ ਲਈ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਸਾਡਾ ਹਾਲੇ ਕੋਈ ਵਿਚਾਰ ਨਹੀਂ ਹੈ। ਹਾਉਸ ਵਿਚ ਜੋ ਜਾਣਕਾਰੀ ਮੈਂਬਰ ਸਾਹਿਬ ਨੇ ਦਿੱਤੀ ਹੈ ਇਸ ਤੇ ਸੋਚਿਆ ਜਾ ਸਕਦਾ ਹੈ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਕੁਝ ਸਾਲ ਪਹਿਲੇ ਸਿਡਾਰ ਸਰਕੱਟ ਹਾਉਸ ਸ਼ਿਮਲਾ ਦੇ ਨਾਲ ਪੰਜਾਬ ਭਵਨ ਫਾਰ ਲੈਜਿਸਲੇਟਰਜ਼ ਲਈ ਬਨਾਉਣ ਦੀ ਪਰਪੋਜ਼ਲ ਪੰਜਾਬ ਸਰਕਾਰ ਦੀ ਸੀ ਅਤੇ ਨਕਸ਼ੇ ਵੀ ਤਿਆਰ ਹੋ ਗਏ ਸਨ। ਕੀ ਹੁਣ ਇਹ ਪਰਪੋਜ਼ਲ ਵਿਚਾਰ ਅਧੀਨ ਹੈ ?

ਮੰਤਰੀ : ਸਪੀਕਰ ਸਾਹਿਬ, ਸਵਾਲ ਕਲਕੱਤੇ ਦਾ ਚਲ ਰਿਹਾ ਹੈ ਸ਼ਿਮਲਾ ਕਿਥੋਂ ਵਿਚ ਆ ਗਿਆ। ਇਸ ਬਾਰੇ ਮੈਂ ਕੋਈ ਜਵਾਬ ਨਹੀਂ ਦੇ ਸਕਦਾ।

Original with;
Punjab Vidhan Sabha
Digitized by;
Panjab Digital Library

Compensatory Allowance to Government Employees posted in Dhar Block.

*1588. **Shri Ram Swaroup Baghi:** Will the Minister for Finance be pleased to state whether Compensatory Allowance at the rate of 12½ percent is being paid to the Government employees posted in Dhar Block of District Gurdaspur, if so, since when?

ਡਾਕਟਰ ਕੇਵਲ ਕ੍ਰਿਸ਼ਨ : ਹਾਂ ਜੀ, ਮਿਤੀ 1 ਜਨਵਰੀ, 1964 ਤੋਂ ਗੁਰਦਾਸਪੁਰ ਜ਼ਿਲ੍ਹੇ ਦੇ ਲੋਕਲ ਕਰਮਚਾਰੀਆਂ ਨੂੰ ਮੁਆਵਜ਼ਾ ਭੱਤਾ 6.1/4% ਦੀ ਦਰ ਨਾਲ ਮਿਲਦਾ ਹੈ।

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਧਾਰ ਬਲਾਕ ਦੇ ਮੁਲਾਜ਼ਮਾਂ ਨੂੰ ਕੰਪਨਸੇਟਰੀ ਅਲਾਉਂਸ ਦੇਣ ਲਈ ਡਾਕਟਰ ਸਾਹਿਬ ਨੇ ਕੇਸ ਅੰਗਜ਼ਾਮਿਨ ਕਰਵਾਇਆ ਸੀ ਅਤੇ ਪਠਾਨਕੋਟ ਦੇ ਫੰਕਸ਼ਨ ਵਿਚ ਇਨ੍ਹਾਂ ਨੂੰ ਦਸਿਆ ਵੀ ਸੀ ਅਤੇ ਇਹ ਵਾਅਦਾ ਕਰਕੇ ਆਏ ਸਨ ਕਿ ਇਹ ਕਰ ਦਿੱਤਾ ਜਾਵੇਗਾ। ਧਾਰ ਬਲਾਕ ਦੇ ਲੋਕਾਂ ਨੂੰ ਪੱਥਰ ਵੀ ਖਾਣੇ ਪੈਂਦੇ ਹਨ ਅਤੇ ਉਨ੍ਹਾਂ ਨੂੰ ਕੰਪਨਸੇਟਰੀ ਅਲਾਉਂਸ ਵੀ ਘੱਟ ਮਿਲਾ ਹੈ ਜਦ ਕਿ ਦੂਜੇ ਮੁਲਾਜਮਾਂ ਨੂੰ 12½ % ਮਿਲਦਾ ਹੈ ਅੰਰ ਉਨ੍ਹਾਂ ਨੂੰ ਪਹਾੜੀ ਇਲਾਕੇ ਦੇ ਪੱਥਰ ਵੀ ਨਹੀਂ ਖਾਣੇ ਪੈਂਦੇ। ਕੀ ਡਾਕਟਰ ਸਾਹਿਬ ਹੁਣ ਆਪਣਾ ਕੀਤਾ ਵਾਅਦਾ ਪੂਰਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਧਾਰ ਬਲਾਕ ਵਿਚ ਜਿਹੜੇ ਮੁਲਾਜਮ ਦੂਜੇ ਡਿਸਟਿਕਟ ਤੋਂ ਆਉਂਦੇ ਹਨ ਉਨ੍ਹਾਂ ਨੂੰ 12½% ਕੰਪਨਸੇਟਰੀ ਅਲਾਉਂਸ ਦਿੱਤਾ ਜਾਂਦਾ ਹੈ ਅੰਰ ਜਿਹੜੇ ਉਥੇ ਹੀ ਰਹਿੰਦੇ ਹਨ ਉਨ੍ਹਾਂ ਨੂੰ 6¼% ਦਿੱਤਾ ਜਾਂਦਾ ਹੈ। ਇਹ ਘੱਟ ਤੋਂ ਘੱਟ 10 ਰੁਪਏ ਅਤੇ ਵੱਧ ਤੋਂ ਵੱਧ 50 ਰੁਪਏ ਤੱਕ ਦਾ ਹੈ। ਬਾਕੀ ਜਿਹੜੀ ਇਨ੍ਹਾਂ ਦੀ ਮਨਸ਼ਾ ਹੈ ਉਹ ਇਹ ਹੈ ਕਿ ਇਸ ਬਲਾਕ ਵਿਚ ਰਹਿਣ ਵਾਲੇ ਮੁਲਾਜਮਾਂ ਨੂੰ 12.5% ਮਿਲਣਾ ਚਾਹੀਦਾ ਹੈ। ਇਸ ਤੇ ਹਾਲੇ ਕੋਈ ਫੈਸਲਾ ਨਹੀਂ ਹੋਇਆ ਅੰਰ ਇਸ ਤੇ ਅਸੀਂ ਹਮਦਰਦੀ ਨਾਲ ਵਿਚਾਰ ਕਰਾਂਗੇ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮੇਰੇ ਕੰਡੀ ਦੇ ਇਲਾਕੇ ਦੇ 4 ਪਿੰਡ ਤੱਪਾ, ਸੋਲੀ, ਲਹਿਰਾ, ਅਤੇ ਢੀਮਾ ਕੰਪਨਸੇਟਰੀ ਅਲਾਉਂਸ ਤੋਂ ਰਹਿ ਗਏ ਹਨ। ਕੀ ਉਨ੍ਹਾਂ ਨੂੰ ਦੂਜੇ ਪਿੰਡਾਂ ਦੇ ਵਾਂਗ ਇਹ ਅਲਾਉਂਸ ਮਿਲੇਗਾ ?

ਮੰਤਰੀ : ਸਪੀਕਰ ਸਾਹਿਬ, ਇਹ 4 ਪਿੰਡਾਂ ਨੂੰ ਪਹਿਲੇ ਵੇਖਣਾ ਪਵੇਗਾ ਕਿ ਆਇਆ ਇਹ ਕੰਡੀ ਏਰੀਆ ਦੇ ਵਿਚ ਆਉਂਦੇ ਵੀ ਹਨ ਜਾਂ ਨਹੀਂ ਅੰਰ ਜੇਕਰ ਇਹ ਕੰਡੀ ਏਰੀਆ ਦੇ ਵਿਚ ਆਉਂਦੇ ਹਨ ਫੇਰ ਅਸੀਂ ਇਸ ਦੀ ਨੋਟੀਫੀਕੇਸ਼ਨ ਕਰਕੇ ਇਥੇ ਵੀ ਕੰਪਨਸੇਟਰੀ ਅਲਾਉਂਸ ਦੇ ਦੇਵਾਂਗੇ।

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਨੇ ਕਿਹਾ ਹੈ ਕਿ ਬਾਹਰਲੇ ਜ਼ਿਲ੍ਹਿਆਂ ਦੇ ਮੁਲਾਜ਼ਮ ਜਿਹੜੇ ਧਾਰ ਬਲਾਕ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ 12.5% ਅਲਾਉਂਸ ਮਿਲਦਾ ਹੈ ਅੰਰ ਇਹ ਮੇਰੇ ਬਲਾਕ ਵਿਚ ਰਹਿਣ ਵਾਲੇ ਮੁਲਾਜ਼ਮਾਂ ਨੂੰ 12.5% ਅਲਾਉਂਸ ਕਰ ਦੇਣ। ਅਸੀਂ ਪਹਿਲੇ ਵੀ ਇਨ੍ਹਾਂ ਦੀ ਜ਼ਿੰਦਾਬਾਦ ਕਰਦੇ ਹਾਂ ਅਤੇ ਫੇਰ ਵੀ ਜ਼ਿੰਦਾਬਾਦ ਕਰਾਂਗੇ।

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਬਾਹਰਲੇ ਡਿਸਟ੍ਰਿਕਟ ਤੋਂ ਜਿਹੜੇ ਮੁਲਾਜ਼ਮ ਸਰਵਿਸ ਧਾਰ ਬਲਾਕ ਵਿਚ ਕਰਦੇ ਹਨ ਉਨ੍ਹਾ ਨੂੰ 12.5% ਅਲਾਉਂਸ ਦਿਤਾ ਜਾਂਦਾ ਹੈ ਅੱਰ ਜੇਕਰ ਨਹੀਂ ਉਨ੍ਹਾਂ ਨੂੰ ਮਿਲਦਾ ਤਾਂ ਉਨ੍ਹਾਂ ਨੂੰ ਅਸੀਂ ਜ਼ਰੂਰ ਦੇਵਾਂਗੇ। ਇਨ੍ਹਾਂ ਦੀ ਸੁਜੈਸ਼ਨ ਤੇ ਅਸੀਂ ਵਿਚਾਰ ਕਰ ਲਵਾਂਗੇ।

Complaint against the Sarpanch of Gram Panchyat Village Khaloo, Block Kapurthala

***1607 Sardar Atma Singh**: Will the Minister for Development be pleased to state—

(a) whether he received any complaints sent by Panches through a legislator against the present Sarpanch of Gram Panchayat village Khaloo, Block Kapurthala for the misappropriation of Panchayat funds and misuse of power during the period from July, 1980 to 5th March, 1982; if so, the details thereof;

(b) the action, if any: taken on each of the said complaints so far together with the details of action, if any, taken against the said Sarpanch ?

ਸਰਦਾਰ ਉਜਾਗਰ ਸਿੰਘ (ਉਪ ਮੰਤਰੀ, ਵਿਕਾਸ): (ਓ) ਹਾਂ ਜੀ। ਸਰਪੰਚ ਗਰਾਮ ਪੰਚਾਇਤ ਖਾਲੂ ਵਿਰੁੱਧ ਦੋ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਦੁਆਰਾ ਸਰਪੰਚ ਵਿਰੁੱਧ ਪੰਚਾਇਤ ਦੀ ਜ਼ਮੀਨ ਤੇ ਨਜਾਇਜ਼ ਕਬਜ਼ੇ, 90,000 ਇੱਟਾਂ ਦੀ ਕੁਵਹੱਤੋਂ, 5,000 ਰੁਪਏ ਨਜਾਇਜ਼ ਖਰਚਾ ਚੜ੍ਹਾਉਣਾ, ਦਰੱਖਤਾਂ ਦੀ ਵਟਤ ਗਬਨ ਕਰਨ, ਪਟੇ ਦੀ ਰਕਮ ਦੀ ਵਸੂਲੀ ਨਾ ਕਰਨ ਅਤੇ ਅੱਵਲ ਇੱਟ ਦੀ ਕੀਮਤ ਦੇ ਕੇ ਦੋਮ ਇੱਟ ਖਰੀਦਣ ਦੇ ਦੋਸ਼ ਲਾਏ ਗਏ ਸਨ।

(ਅ) ਪੜਤਾਲ ਆਰੰਭੀ ਜਾ ਚੁੱਕੀ ਹੈ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਦਸਣ ਕਿ ਪੜਤਾਲ ਕਦੋਂ ਆਰੰਭ ਕੀਤੀ ਗਈ ਅਤੇ ਹੁਣ ਕਿਸ ਸਟੇਜ ਤੇ ਹੈ ? ਅਫਸਰ ਦਾ ਨਾਂ ਕੀ ਸੀ ਜਿਸ ਨੇ ਪੜਤਾਲ ਕੀਤੀ ?

ਉਪ ਮੰਤਰੀ: ਸਪੀਕਰ ਸਾਹਿਬ, ਡਿਪਟੀ ਡਾਇਰੈਕਟਰ ਨੇ ਪੜਤਾਲ ਆਰੰਭੀ ਸੀ। 15 ਮਾਰਚ, 1982 ਨੂੰ ਉਨ੍ਹਾਂ ਨੂੰ ਤਾਰੀਖ ਦਿੱਤੀ ਗਈ ਸੀ। ਪੰਚਾਇਤ ਸਕੱਤਰ ਅਤੇ ਸਰਪੰਚ ਹਾਜ਼ਰ ਨਹੀਂ ਹੋਏ। ਫਿਰ ਉਸ ਤੋਂ ਬਾਅਦ 31 ਮਾਰਚ, 1982 ਤਾਰੀਖ ਦਿੱਤੀ ਗਈ। ਉਨ੍ਹਾਂ ਨੇ ਕਿਹਾ ਹੋਰ ਤਾਰੀਖ ਦੇ ਦਿੱਤੀ ਜਾਵੇ ਤਾਂ ਹੁਣ 5 ਅਪ੍ਰੈਲ, 1982 ਦੀ ਤਾਰੀਖ ਦਿੱਤੀ ਗਈ ਹੈ।

Original with;
Punjab Vidhan Sabha
Digitized by:
Panjab Digital Library

ਸਰਦਾਰ ਆਤਮਾ ਸਿੰਘ : ਜੁਲਾਈ, 1980 ਤੋਂ 5 ਮਾਰਚ, 1982 ਤੱਕ ਦੋ ਸ਼ਿਕਾਇਤਾਂ ਆਈਆਂ ਸਨ ਅਤੇ ਦੋ ਸਾਲ ਦਾ ਅਰਸਾ ਹੋ ਗਿਆ ਹੈ। ਇਸ ਲਈ ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੱਸਣ ਕਿ ਪੜਤਾਲ ਇਤਨੀ ਲੇਟ ਆਰੰਭ ਕਿਉਂ ਕੀਤੀ ਗਈ ਹੈ ?

ਉਪ ਮੰਤਰੀ : ਸਪੀਕਰ ਸਾਹਿਬ, 22 ਜਨਵਰੀ, 1982 ਅਤੇ 27 ਜਨਵਰੀ, 1982 ਨੂੰ ਸ਼ਿਕਾਇਤਾਂ ਮਿਲੀਆਂ ਸਨ।

Draft PSE Class II Rules

***1608. Sardar Baldev Singh Mann**: Will the Minister for Agriculture and Irrigation be pleased to state the approximate time by which the PSE Class II (PWD, IB) Rules are likely to be finalized and notified in the official Gazette?

Shri Kanshi Ram : The Punjab Service of Engineers Class-II (Public Works Department, Irrigation Branch) Rules, 1941, already stand notified—*vide* Punjab Government, Notification No. 3912-E-878/1938, dated the 27th February, 1941.

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਆਜ਼ਾਦੀ ਤੋਂ ਪਹਿਲਾਂ ਦੇ 1945 ਦੇ ਰੂਲ ਬਣੇ ਹੋਏ ਹਨ। ਆਜ਼ਾਦੀ ਤੋਂ ਬਾਅਦ ਹਾਲਾਤ ਬਦਲ ਗਏ ਹਨ। ਇਸ ਲਈ ਕੀ ਡਿਪਾਰਟਮੈਂਟ ਵਲੋਂ ਆਪਣੇ ਆਪ ਕੋਈ ਕਾਰਵਾਈ ਕੀਤੀ ਗਈ ਹੈ ਜਾ ਮੁਲਾਜ਼ਮਾਂ ਵਲੋਂ ਰਿਪ੍ਰੇਜ਼ੈਂਟੇਸ਼ਨ ਆਈਆਂ ਹਨ ਉਸ ਦੇ ਮੁਤਾਬਿਕ ਕਨਸਿਡਰ ਕੀਤਾ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਇਹ 40 ਸਾਲ ਦੇ ਪੁਰਾਣੇ ਰੂਲ ਚਲ ਰਹੇ ਹਨ। ਇਸ ਲਈ ਡਰਾਫਟ ਪੀ.ਐਸ.ਈ. ਕਲਾਸ II ਰੂਲਜ਼ ਗੌਰਮਿੰਟ ਦੇ ਅੰਡਰ ਕਨਸਿਡਰੇਸ਼ਨ ਹਨ। ਰਿਪ੍ਰੇਜ਼ੈਂਟੇਸ਼ਨਾਂ ਵੀ ਲੋਕਾਂ ਵਲੋਂ ਆਈਆਂ ਹਨ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਨੂੰ ਫਾਈਨੇਲਾਈਜ਼ ਕਰਨ ਲਈ ਜਲਦੀ ਕੋਸ਼ਿਸ਼ ਕਰਾਂਗੇ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮਨਿਸਟਰ ਸਾਹਿਬ, ਹਾਊਸ ਨੂੰ ਮਿਸਲੀਡ ਕਰੀ ਜਾਂਦੇ ਹਨ। ਮੈਂ ਆਪਣੇ ਸਵਾਲ ਵਿਚ ਪੁੱਛਿਆ ਸੀ ਕਿ ਇਸ ਨੂੰ ਕਦੋਂ ਤਕ ਫਾਈਨੇਲਾਈਜ਼ ਕਰ ਦਿਓਗੇ ਪਰ ਮਨਿਸਟਰ ਸਾਹਿਬ ਨੇ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ "ਪੰਜਾਬ ਇੰਜੀਨੀਅਰਜ਼ ਸੇਵਾ ਸ਼੍ਰੇਣੀ II (ਲੋਕ ਨਿਰਮਾਣ ਵਿਭਾਗ ਸਿੰਜਾਈ ਸ਼ਾਖਾ) ਰੂਲਜ਼, 1941, ਪਹਿਲਾਂ ਹੀ ਪੰਜਾਬ ਸਰਕਾਰ ਦੇ ਨੋਟੀਫੀਕੇਸ਼ਨ ਨੰ: 3912-ਈ-878/1938, ਮਿਤੀ 27 ਫਰਵਰੀ, 1941 ਰਾਹੀਂ ਨੋਟੀਫਾਈ ਕੀਤੇ ਹੋਏ ਹਨ।" ਸਪੀਕਰ ਸਾਹਿਬ, ਹੁਣ ਕਿਹਾ ਗਿਆ ਹੈ ਕਿ ਅੰਡਰ ਕੰਸਿਡਰੇਸ਼ਨ ਹੈ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੰਮ ਕਦੋਂ ਤਕ ਅੰਡਰ ਕੰਸਿਡਰੇਸ਼ਨ ਰਹੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਫੈਸਲਾ 1982-83 ਵਿਚ ਲੈ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਨਿਸ਼ਾਨ ਨੰ 1239

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ, ਇਹ ਸਵਾਲ ਪੁੱਟ ਨਹੀਂ ਕੀਤਾ ਗਿਆ।)

Starred Question No. 1602

Mr. Speaker: Extension has been asked for in respect of Starred Question No. 1602.*

J.B.T./B.Ed., Teachers working in Government Schools in the State

*1321. **Sardar Harcharan Singh Hero:** Will the Minister for Education be pleased to state the total strength of J.B.T. and B.Ed. teachers working in Government Schools in the State as on 1st February, 1980 and at present separately ?

Sardar Harcharan Singh Ajnala: The total strength of J.B.T. and B.Ed. teachers workng in Government Schools of the State is as under:—

As on	J.B.T.	B.Ed.
1-2-1980	.. 46,942	18,017
At present	.. 46,946	18,905

ਸਰਦਾਰ ਹਰਚਰਨ ਸਿੰਘ ਹੀਰੋ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਜੇ.ਬੀ.ਟੀ. ਅਧਿਆਪਕ 1 ਫਰਵਰੀ, 1980 ਨੂੰ 46,942 ਸਨ ਅਤੇ ਵਰਤਮਾਨ 46,946 ਹਨ ਅਤੇ ਸਿਰਫ ਚਾਰ ਹੀ ਹੋਰ ਅਧਿਆਪਕ ਲਗੇ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਟੀਚਰ ਰਿਟਾਇਰ ਹੋ ਜਾਂਦੇ ਹਨ, ਉਨ੍ਹਾਂ ਦੀ ਥਾਂ ਤੇ ਭਰਤੀ ਕਿਵੇਂ ਕੀਤੀ ਜਾਂਦੀ ਹੈ ਅੌਰ ਜਿਹੜੇ ਟੀਚਰ ਬੇਰੁਜ਼ਗਾਰ ਤੁਰੀ ਫਿਰਦੇ ਹਨ ਉਨ੍ਹਾਂ ਬਾਰੇ ਸਰਕਾਰ ਕੀ ਕਰ ਰਹੀ ਹੈ ?

ਮੰਤਰੀ: ਸਪੀਕਰ ਸਾਹਿਬ, ਜਿਹੜੀ ਗਿਣਤੀ ਘੱਟ ਦਾ ਜ਼ਿਕਰ ਕੀਤਾ ਗਿਆ ਹੈ। ਉਸ ਬਾਰੇ ਮੇਰੀ ਬੇਨਤੀ ਹੈ ਕਿ ਹਰ ਇੱਕ ਪਿੰਡ ਵਿਚ ਸਕੂਲ ਖੋਲ੍ਹੇ ਹੋਏ ਹਨ। ਇਸ ਲਈ ਫਰਦਰ ਅੌਕਸਪੈਨਸ਼ ਦਾ ਸਕੋਪ ਬੜਾ ਘੱਟ ਹੈ। ਜੇਕਰ ਕੋਈ ਕਿਸੇ ਪਿੰਡ ਵਲੋਂ ਜਾਂ ਹੋਰ ਕਿਸੇ ਕੋਲੋਂ ਡਿਮਾਂਡ ਆਵੇ ਤਾਂ ਸਰਕਾਰ ਉਸ ਤੇ ਵਿਚਾਰ ਕਰਦੀ ਹੈ। ਇਸ ਲਈ ਜੋ ਫਿਗਰਜ਼ ਮੈਂ ਹਾਉਸ ਵਿਚ ਦਸੀਆਂ ਹਨ ਉਹ ਜਸਟੀਫਾਈਡ ਹਨ। ਦੂਸਰਾ ਆਨਰੇਬਲ ਮੈਂਬਰ ਸਾਹਿਬ ਨੇ ਰਿਟਾਇਅਰ ਹੋਣ ਵਾਲੇ ਕਰਮਚਾਰੀ ਦੀ ਥਾਂ ਕਿਸ ਤਰ੍ਹਾਂ ਫਿਲ-ਅਪ ਕਰਦੇ ਹੋ ਬਾਰੇ ਪੁਛਿਆ ਗਿਆ ਹੈ। ਉਸ ਬਾਰੇ ਮੇਰੀ ਅਰਜ਼ ਹੈ ਕਿ ਪੰਜਾਬ ਵਿਚ ਤਕਰੀਬਨ 46-47 ਹਜ਼ਾਰ ਟੀਚਰ ਹਨ ਅਤੇ ਦੋ ਢਾਈ ਹਜ਼ਾਰ ਟੀਚਰ ਹਨ ਸਾਲ ਰਿਟਾਇਅਰ ਹੁੰਦੇ ਹਨ। ਉਨ੍ਹਾਂ ਦੀ ਥਾਂ ਤੇ, ਸਪੀਕਰ ਸਾਹਿਬ, ਅੌਡਹਾਕ ਅਪੁਆਇੰਟਮੈਂਟਸ ਹੋ ਜਾਂਦੀਆਂ ਹਨ ਜਾਂ ਐਸ.ਐਸ.ਐਸ. ਬੋਰਡ ਦੇ ਥਰੂ ਉਹ ਪੋਸਟਾਂ ਭਰ ਦਿਤੀਆਂ ਜਾਂਦੀਆਂ ਹਨ। 1 ਅਪ੍ਰੈਲ, 1977

---

*For Starred Question No. 1602 aud reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਅਤੇ 30 ਸਤੰਬਰ, 1980 ਨੂੰ ਜਿਨ੍ਹਾਂ ਦੀ ਇੱਕ ਸਾਲ ਦੀ ਸਰਵਿਸ ਹੋ ਗਈ ਹੈ, ਉਨ੍ਹਾਂ ਸਾਰੇ ਕਰਮਚਾਰੀਆਂ ਨੂੰ ਸਰਕਾਰ ਰੈਗੂਲਰਾਈਜ਼ ਕਰੇਗੀ। ਉਹ ਰੈਗੂਲਰਾਈਜ਼ੇਸ਼ਨ, ਸਪੀਕਰ ਸਾਹਿਬ, ਡਿਪਾਰਟਮੈਂਟ ਕਰ ਰਿਹਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ: ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇੱਕ ਆਰਡਰ ਕੀਤਾ ਹੈ ਕਿ 31 ਮਾਰਚ, 1982 ਤਕ ਸਾਰੇ ਐਡਹਾਕ ਕਰਮਚਾਰੀਆਂ ਦੀਆਂ ਸੇਵਾਵਾਂ ਖਤਮ ਕਰ ਦਿਓ। ਸਕੂਲਾਂ, ਕਾਲਜਾਂ ਵਿਚ ਜਿਹੜੇ ਟੀਚਰ ਕੰਮ ਕਰਦੇ ਹਨ, ਉਨ੍ਹਾਂ ਟੀਚਰਾਂ ਨੂੰ ਕਢਿਆ ਜਾ ਰਿਹਾ ਹੈ, ਫਿਰ ਸਕੂਲਾਂ ਅਤੇ ਕਾਲਜਾਂ ਵਿਚ ਕੰਮ ਕਿਵੇਂ ਚਲੇਗਾ। ਪੋਸਟਾਂ ਖਾਲੀ ਪਈਆਂ ਹਨ। ਲਾਇਬਰੇਰੀਅਨ ਦਾ ਕੰਮ ਕਿਵੇਂ ਚਲੇਗਾ।

ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬਾਨ ਉਨ੍ਹਾਂ ਐਡਹਾਕ ਕਰਮਚਾਰੀਆਂ ਦੀ ਗੱਲ ਕਰਦੇ ਹਨ ਜਿਹੜੇ ਕਿ 89 ਦਿਨਾਂ ਲਈ ਰਖੇ ਗਏ ਸਨ। ਉਹ ਵਖਰੇ ਹਨ ਅਤੇ ਇਹ ਵੱਖਰੇ ਹਨ। 1 ਅਪ੍ਰੈਲ, 1977 ਅਤੇ 30 ਸਤੰਬਰ, 1980 ਨੂੰ ਜਿਸ ਦੀ ਇੱਕ ਸਾਲ ਦੀ ਸਰਵਿਸ ਹੋ ਗਈ ਹੈ, ਉਹ, ਸਪੀਕਰ ਸਾਹਿਬ, ਵੱਖਰੀਆਂ ਵੱਖਰੀਆਂ ਕੈਟੇਗਰੀਜ਼ ਹਨ।

ਸ਼੍ਰੀ ਚਮਨ ਲਾਲ: ਸਪੀਕਰ ਸਾਹਿਬ, ਮੇਰੀ ਕੰਸਟੀਚੂਐਂਸੀ ਵਿਚ 9 ਹਾਈ ਸਕੂਲ ਹਨ ਅਤੇ ਮੇਰੀ ਕੰਸਟੀਚੂਐਂਸੀ ਵਿਚ ਸਕੂਲਾਂ ਨੂੰ ਅਪਗ੍ਰੇਡ ਕੀਤਾ ਗਿਆ ਹੈ ਪਰ ਉਥੇ ਪ੍ਰਬੰਧ ਦੀ ਕਮੀ ਹੈ। ਸਪੀਕਰ ਸਾਹਿਬ, ਮੇਰਾ ਇਲਾਕਾ ਬੇਟ ਅਤੇ ਕੰਢੀ ਏਰੀਏ ਦਾ ਹੈ। ਉਸ ਵੱਲ ਮੰਤਰੀ ਜੀ ਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਦੂਸਰਾ, ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ 367 ਲੜਕੀਆਂ/ਲੜਕੇ ਜੇ.ਬੀ.ਟੀ. ਅਤੇ ਬੀ.ਐਡ. ਕਰਕੇ ਵੇਹਲੇ ਬੈਠੇ ਹਨ। ਮੇਰੀ ਮਨਿਸਟਰ ਸਾਹਿਬ ਅਗੇ ਬੇਨਤੀ ਹੈ ਕਿ ਉਨ੍ਹਾਂ ਨੂੰ ਰੁਜ਼ਗਾਰ ਤੇ ਲਗਾਉਣ ਲਈ ਕੋਈ ਪ੍ਰਬੰਧ ਕੀਤਾ ਜਾਵੇ।

ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਆਪਣੇ ਇਲਾਕੇ ਨੂੰ ਪਛੜਿਆ ਹੋਇਆ ਦਸਿਆ ਹੈ। ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ, ਦੀ ਸਰਕਾਰ ਨੇ ਜਦੋਂ ਚਾਰਜ ਸੰਭਾਲਿਆ ਸੀ ਤਾਂ ਕਿਹਾ ਸੀ ਕਿ ਪਛੜੇ ਹੋਏ ਇਲਾਕਿਆਂ ਨੂੰ ਪਰੈਫਰੈਂਸ ਦੇਵਾਂਗੇ। ਜਿਹੜੇ ਸਕੂਲ ਪਿਛਲੀ ਗੌਰਮਿੰਟ ਵੇਲੇ ਅਪ-ਗ੍ਰੇਡ ਨਹੀਂ ਕੀਤੇ ਗਏ ਸੀ ਜਾਂ ਰਹਿ ਗਏ ਸੀ, ਉਨ੍ਹਾਂ ਸਕੂਲਾਂ ਨੂੰ ਅਪਗ੍ਰੇਡ ਕਰਾਂਗੇ, ਜਿਹੜੇ ਉਸ ਵੇਲੇ ਇਗਨੋਰ ਕੀਤੇ ਗਏ ਸਨ। ਇਸੇ ਕਰਕੇ ਹੀ ਇਹ ਪਿਛਲੇ ਦੋ ਸਾਲਾਂ ਵਿਚ ਕਮੀ ਦੂਰ ਕਰਨ ਦਾ ਫੈਸਲਾ ਕੀਤਾ ਸੀ। ਆਨਰੇਬਲ ਮੈਂਬਰ ਸਾਹਿਬ ਦੇ ਇਲਾਕੇ ਦੇ ਸਕੂਲਾਂ ਨੂੰ ਅਪ-ਗ੍ਰੇਡ ਕੀਤਾ ਗਿਆ ਹੈ। ਜੇਕਰ ਕੋਈ ਹੋਰ ਵੀ ਮੁਸ਼ਕਲ ਆਵੇਗੀ ਤਾਂ ਉਹ ਮੈਨੂੰ ਦੱਸ ਦੇਣ, ਦੇਖ ਲਵਾਂਗੇ।

ਮਾਸਟਰ ਬਾਬੂ ਸਿੰਘ: ਕੀ ਮਨਿਸਟਰ ਸਾਹਿਬ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ 6-7 ਸਾਲਾਂ ਤੋਂ ਜੇ.ਬੀ.ਟੀ. ਦੀਆਂ ਪੋਸਟਾਂ ਤੇ ਕੁਝ ਸਿਲਾਈ ਟੀਚਰਜ਼ ਲਗੇ ਸਨ, ਇਨ੍ਹਾਂ ਨੇ ਮਿਹਰਬਾਨੀ ਕੀਤੀ ਹੈ ਕਿ 28 ਫਰਵਰੀ ਨੂੰ ਇਨ੍ਹਾਂ ਨੇ ਉਨ੍ਹਾਂ ਦਾ ਭੋਗ ਪਾ ਦਿੱਤਾ ਸੀ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ 6-7 ਸਾਲ ਦੀ ਸਰਵਿਸ ਨੂੰ ਮੁੱਖ ਰਖਦਿਆਂ ਹੋਇਆਂ, ਚੀਫ ਸੈਕਟਰੀ ਸਾਹਿਬ ਵਲੋਂ ਵੀ ਇੱਕ ਦੋ ਸਰਕੁਲਰ ਆ ਗਏ ਹਨ ਕਿ ਇੱਕ ਸਾਲ ਤਕ ਬਰੇਕ ਨੂੰ ਕੰਡੋਨ ਕੀਤਾ ਜਾ ਸਕਦਾ ਹੈ, ਜਿਹੜੇ ਇਹ 1979 ਦੇ ਟੀਚਰਜ਼ ਹਨ ਜਿਨ੍ਹਾਂ ਨਾਲ 70-80 ਫੈਮਿਲੀਜ਼ ਦਾ ਸਬੰਧ

Original with;
Punjab Vidhan Sabha
Digitized by;
Panjab Digital Library

ਹੈ, ਕੀ ਇਨ੍ਹਾਂ ਨੂੰ ਰੈਗੂਲੇਰਾਈਜ਼ ਕਰ ਦਿੱਤਾ ਜਾਏਗਾ ਭਾਵੇਂ ਇਨ੍ਹਾਂ ਨੂੰ ਵੋਕੇਸ਼ਨਲ ਪੋਸਟਾਂ ਤੇ ਜਾਂ ਜੇ.ਬੀ.ਟੀ. ਪੋਸਟਾਂ ਤੇ ਹੀ ਲਗਾ ਦੇਣ, ਕੀ ਇਨ੍ਹਾਂ ਨੂੰ ਰੈਗੂਲੇਰਾਈਜ਼ ਕੀਤਾ ਜਾਏਗਾ ?

ਮੰਤਰੀ : ਇਹ ਸਾਰੀ ਚੀਜ਼ ਨੂੰ ਹਾਈ-ਲਾਈਟ ਕਰਨ ਦਾ ਯਤਨ ਕਰ ਰਹੇ ਹਨ। ਪੰਜਾਬ ਸਰਕਾਰ ਨੇ ਇਨ੍ਹਾਂ ਦੇ ਕੇਸਿਜ਼ ਵਿਚਾਰ ਅਧੀਨ ਰਖੇ ਹੋਏ ਹਨ (ਵਿਘਨ) ਜਿਨ੍ਹਾਂ ਨਾਲ ਗਲ ਵੀ ਹੋ ਗਈ ਹੈ।

ਮਾਸਟਰ ਚੰਦ ਸਿੰਘ : 30 ਸਤੰਬਰ, 1930 ਦੇ ਕੇਸਿਜ਼ ਪੈਂਡਿੰਗ ਪਏ ਹਨ, ਕੀ ਇਨ੍ਹਾਂ ਨੂੰ ਰੈਗੂਲੇਰਾਈਜ਼ ਕਰ ਦਿੱਤਾ ਜਾਏਗਾ ?

ਮੰਤਰੀ : ਜੋ ਕੁਝ ਮਾਸਟਰ ਜੀ ਨੇ ਕਿਹਾ ਹੈ, ਇਨ੍ਹਾਂ ਨਾਲੋਂ ਸਾਨੂੰ ਜ਼ਿਆਦਾ ਫਿਕਰ ਹੈ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਗਰੀਬਾਂ ਨੂੰ ਵਸਾਉਣ ਵਾਸਤੇ ਸਰਕਾਰ ਨੇ ਬੜੀ ਅੱਛੀ ਸਕੀਮ ਲਿਆਂਦੀ ਹੈ, ਉਥੇ 663 ਕੁਆਰਟਰਜ਼ ਬਣਾਏ ਹਨ ਅੱਰ ਉਥੇ ਪ੍ਰਾਇਮਰੀ ਸਕੂਲ ਦੀ ਜ਼ਰੂਰਤ ਹੈ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਸ ਬਸਤੀ ਵਿਚ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਯਤਨ ਕਰਨਗੇ ?

ਮੰਤਰੀ : ਇਹ ਸਾਰੀ ਚੀਜ਼ ਨੂੰ ਐਗਜ਼ਾਮਿਨ ਕਰ ਲਵਾਂਗੇ ਅੱਰ ਅਗਰ ਉਥੇ ਜ਼ਰੂਰਤ ਹੋਏਗੀ ਤਾਂ ਉਸ ਬਸਤੀ ਵਿਚ ਜ਼ਰੂਰ ਇਹ ਕੰਮ ਕੀਤਾ ਜਾਏਗਾ।

Mr. Specker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Gradation List of Education Department

***1601. Sardar Atma Singh** : Will the Minister for Education be pleased to state :—

(a) whether it is a fact that the gradation lists of all cadres of Education Department required to be circulated every year have not been prepared and circulated during the past many years;

(b) if the reply to part (a) above be in the affirmative whether the responsibility for this non-performance is proposed to be fixed;

(c) the details of steps proposed to be taken to prepare the upto date gradation lists and the time by which these lists will be circulated ?

ਸਰਦਾਰ ਹਰਚਰਨ ਸਿੰਘ ਅਜਨਾਲਾ : (ਉ) ਨਹੀਂ ਜੀ।

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

(ਏ) ਜਿਉਂ ਹੀ ਕੋਰਟਸ ਵੱਲੋਂ ਫੈਸਲੇ ਦਿੱਤੇ ਗਏ, ਜੋ ਲਿਸਟਾਂ ਪੈਂਡਿੰਗ ਹਨ, ਤਤਕਾਲ ਜਾਰੀ ਕਰ ਦਿੱਤੀਆਂ ਜਾਣਗੀਆਂ।

Sugar Manufactured by Co-operative Sugar Mills, Bhogpur

*1377. **Chaudhri Jagjit Singh** . Will the Minister of State for Co-operation be pleased to state:—

(a) the total quantity of sugar manufactured by the Co-operative Sugar Mills, Bhogpur during 1980-81 togetherwith the amount of profit earned by it;

(b) whether any bonus was given to the shareholders of the said Sugar Mills during the said year; if so, the details thereof?

ਸਰਦਾਰ ਬੀਰਪਾਲ ਸਿੰਘ : (ੳ) ਸੀਜਨ 1980-81 ਸਹਿਕਾਰੀ ਖੰਡ ਮਿਲ ਭੋਗਪੁਰ ਨੇ 60,030 ਕੁਇੰਟਲ (ਬੋਰੀਆਂ) ਖੰਡ ਦਾ ਉਤਪਾਦਨ ਕੀਤਾ ਅਤੇ ਇਸ ਮਿੱਲ ਨੂੰ ਲਗਭਗ 20 ਲੱਖ ਰੁਪਏ ਦਾ ਨੁਕਸਾਨ ਹੋਇਆ।

(ਅ) ਨਹੀਂ ਜੀ।

Photographs of Freedom Fighters

*1569. **Sardar Major Singh Ubboke**
Jathedar Naranjan Singh Patti } : Will the Chief Minister be pleased to state:—

(a) whether the Government of India has informed the State Government that it has converted the Port Blair Jail, Andaman into a National Museum and has requisitioned the photographs of those freedom fighters from Punjab who had undergone imprisonment in the said jail;

(b) if the reply to part (a) above be in the affirmative, the number of freedom fighters whose photographs have since been sent to the said Museum by the Government togetherwith the number of Punjabi freedom fighters who had undergone imprisonment in the jail ?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ।

(ਅ) ਸੁਆਲ ਹੀ ਪੈਦਾ ਨਹੀਂ ਹੁੰਦਾ।

Electricity Supply to the Agriculture Sector

*1556. **Shri Gopal Krishan Chatrath**: Will the Chief Minister be pleased to state:—

(a) whether there is any variation in the hours of electricity supply to the agriculture sector during Kharif Season and Rabi Season;

Original with;
Punjab Vidhan Sabha
Digitized by;
Panjab Digital Library

(b) if the reply to part (a) be in the affirmative, whether this variation conversely affects the receipt of revenues from the metred sector; if so, the details of receipts from May to August, 1981 and October, 1981 to January, 1982?

ਸਰਦਾਰ ਦਰਬਾਰਾ ਸਿੰਘ : (ਓ) ਹਾਂ ਜੀ।

(ਅ) ਖੇਤੀਬਾੜੀ ਸੈਕਟਰ ਨੂੰ ਮਿਲਣ ਵਾਲੀ ਬਿਜਲੀ ਦੀ ਘਟਦੀ ਵਧਦੀ ਸਪਲਾਈ ਨਾਲ ਮਾਲੀਏ ਤੇ ਉਸ ਵੇਲੇ ਅਸਰ ਪੈਂਦਾ ਹੈ ਜਦੋਂ ਮੌਸਮੀ ਹਾਲਤ ਖਰਾਬ ਹੋਣ ਅਤੇ ਮੰਗ ਤੇ ਸਪਲਾਈ ਵਿੱਚ ਕਾਫੀ ਵਿਥ ਹੋਵੇ। ਉਸ ਹਾਲਤ ਵਿਚ ਫਸਲਾਂ ਨੂੰ ਬਚਾਉਣ ਲਈ ਮੀਟਰਡ ਸੈਕਟਰ ਤੋਂ ਸਪਲਾਈ ਮੋੜਨੀ ਪੈਂਦੀ ਹੈ ਜਿਸ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਨੂੰ ਮਾਲੀਏ ਵਿੱਚ ਘਾਟਾ ਪੈਂਦਾ ਹੈ।

ਮੀਟਰਡ ਸੈਕਟਰ (ਖੇਤੀ ਬਾੜੀ ਸੈਕਟਰ ਤੋਂ ਇਲਾਵਾ) ਤੋਂ ਪਰਾਪਤ ਹੋਣ ਵਾਲੇ ਮਾਲੀਏ ਦਾ ਵੇਰਵਾ ਇਸ ਤਰਾਂ ਹੈ :--

1. ਮਈ ਤੋਂ ਅਗਸਤ, 1981 .. 26.98 ਕਰੋੜ ਰੁਪਏ

2. ਅਕਤੂਬਰ, 1931 ਤੋਂ ਜਨਵਰੀ, 1982 .. 36.99 ਕਰੋੜ ਰੁਪਏ।

Rate of Electricity for Domestic Purposes

***1605. Shri Om Parkash Gupta:** Will the Chief Minister be pleased to state :—

(a) the maximum rate of electricity charged for domestic purposes in the State during 1980 and 1981;

(b) whether any letter or representation has been received by him from a legislator to bring down the present tariff to the rates prevailing in the neighbouring State to give relief to the poor and the middle class people; if so, the details thereof?

ਸਰਦਾਰ ਦਰਬਾਰਾ ਸਿੰਘ : (ਓ) 43.25 ਪੈਸੇ ਯੂਨਿਟ ਅਤੇ 78 ਪੈਸੇ ਯੂਨਿਟ ਕ੍ਰਮਵਾਰ ਜਿਸ ਵਿੱਚ ਬਿਜਲੀ ਕਰ ਸ਼ਾਮਲ ਹੈ।

(ਅ) ਹਾਂ ਜੀ। ਵੇਰਵਾ ਨਿਮਨ ਅਨੁਸਾਰ ਹੈ :--

(i) ਇਕ ਵਿਧਾਨਕਾਰ ਨੇ ਵੱਧ ਤੋਂ ਵੱਧ ਰੇਟ 40 ਪੈਸੇ ਯੂਨਿਟ ਤੱਕ ਰੱਖਣ ਦੀ ਸਲਾਹ ਦਿੱਤੀ ਹੈ ਤਾਂ ਜੋ ਬਿਜਲੀ ਕਰ ਸਮੇਤ ਵੱਧ ਤੋਂ ਵੱਧ ਰੇਟ 48 ਪੈਸੇ ਯੂਨਿਟ ਹੋ ਜਾਵੇ ।

(ii) ਇਕ ਹੋਰ ਵਿਧਾਨਕਾਰ ਨੇ ਸਲਾਹ ਦਿੱਤੀ ਹੈ ਕਿ ਘਰੇਲੂ ਸਪਲਾਈ ਟੈਰਿਫ 35 ਤੋਂ 40 ਪੈਸੇ ਯੂਨਿਟ ਵਿਚਕਾਰ ਨਿਸਚਿਤ ਕੀਤਾ ਜਾਵੇ।

(iii) ਦੋ ਵਿਧਾਨਕਾਰਾਂ ਨੇ ਇਕੋ ਜਿਹਾ ਪਰ ਵੱਖ ਵੱਖ ਪੱਤਰਾਂ ਰਾਹੀਂ ਸੁਝਾਅ ਦਿਤਾ ਹੈ ਕਿ ਪੰਜਾਬ ਵਿਚ ਘਰੇਲੂ ਬਿਜਲੀ ਟੈਰਿਫ ਘਟਾ ਕੇ ਉੱਨਾਂ ਹੀ ਕਰ ਦਿਤਾ ਜਾਵੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜਿੰਨਾਂ ਕਿ 1981 ਵਿੱਚ ਸੋਧ ਕਰਨ ਤੋਂ ਪਹਿਲਾਂ ਸੀ ਅਤੇ ਸੋਧੇ ਹੋਏ ਰੇਟ ਨਾਲ ਲਗਦੀਆਂ ਸਟੇਟਾਂ ਦੇ ਅਨੁਕੂਲ ਹੋਣ ।

UNSTARRED QUESTION AND ANSWER

Release of Grants to the Recognised Private Colleges in the State

232. Sardar Atma Singh : Will the Minister for Education be pleased to state the college-wise details of amounts of grants released by the Government to the Recognised Private Colleges in the State for meeting 95 % of their deficit for the two quarters ending on 30th November, 1981 and 28th February, 1982?

ਸਰਦਾਰ ਹਰਚਰਨ ਸਿੰਘ ਅਜਨਾਲਾ : ਲੱਡੀਂਦੀ ਸੂਚਨਾ ਨਾਲ ਨੱਥੀ ਹੈ :—

ਮਿਤੀ 1 ਸਤੰਬਰ, 1981 ਤੋਂ 30 ਨਵੰਬਰ, 1981 ਤੱਕ ਦੇ ਸਮੇਂ ਲਈ 95 ਪ੍ਰਤੀਸ਼ਤ ਘਾਟੇ ਦੀ ਗਰਾਂਟ ਪ੍ਰਾਪਤ ਕਰਨਯੋਗ ਗੈਰ ਸਰਕਾਰੀ ਐਫੀਲੀਏਟਿਡ ਕਾਲਜਾਂ ਦੀ ਸੂਚੀ :

ਲੜੀ ਨੰ :	ਕਾਲਜ ਦਾ ਨਾਂ		ਰੁਪਏ
	ਜ਼ਿਲ੍ਹਾ ਫਿਰੋਜ਼ਪੁਰ		
1	ਡੀ. ਏ. ਵੀ. ਕਾਲਜ, ਅਬੋਹਰ	...	1,33,000
2	ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ, ਅਬੋਹਰ	...	44,000
3	ਗੋਪੀ ਚੰਦ ਆਰੀਆ ਮਹਿਲਾ ਕਾਲਜ, ਅਬੋਹਰ	...	29,000
4	ਐਮ. ਆਰ. ਕਾਲਜ, ਫਾਜ਼ਿਲਕਾ	...	1,01,000
5	ਆਰ. ਐਸ. ਡੀ. ਕਾਲਜ, ਫਿਰੋਜ਼ਪੁਰ ਸਿਟੀ	...	1,26,000
6	ਦੇਵ ਸਮਾਜ ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ, ਫਿਰੋਜ਼ ਪੁਰ ਸਿਟੀ		60,000
7	ਦੇਵ ਸਮਾਜ ਕਾਲਜ ਫਾਰ ਵਿਮੈਨ, ਫਿਰੋਜ਼ਪੁਰ ਸਿਟੀ	...	76,000

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਕਾਲਜ ਦਾ ਨਾਂ		ਰੁਪਏ
8	ਡੀ. ਏ. ਵੀ. ਕਾਲਜ ਫਾਰ ਵਿਮੈਨ, ਫਿਰੋਜ਼ਪੁਰ ਸਿਟੀ	...	28,000
9	ਗੁਰੂ ਨਾਨਕ ਕਾਲਜ, ਫਿਰੋਜ਼ਪੁਰ ਕੈਂਟ	...	68,000
10	ਅਰਜਨ ਦਾਸ ਕਾਲਜ, ਧਰਮਕੋਟ	...	30,000
	ਜੋੜ	...	6,95,000

ਜ਼ਿਲ੍ਹਾ ਫਰੀਦਕੋਟ

11	ਗੁਰੂ ਗੋਬਿੰਦ ਸਿੰਘ ਕਾਲਜ, ਗਿਦੜਬਾਹਾ	...	40,000
12	ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸ਼ਨ, ਲੋਪੋਂ	...	20,000
13	ਗੁਰੂ ਨਾਨਕ ਕਾਲਜ, ਖਿਲੀਆਂ ਵਾਲੀ, ਡਾਕਖਾਨਾ ਮੰਡੀ ਦੱਬਵਾਲੀ	...	66,000
14	ਸੰਤ ਦਰਬਾਰਾ ਸਿੰਘ ਕਾਲਜ ਫਾਰ ਵਿਮੈਨ, ਲੋਪੋਂ	...	16,000
15	ਡੀ, ਏ. ਵੀ. ਕਾਲਜ. ਮਲੋਟ ਮੰਡੀ	...	57,000
16	ਡੀ, ਐਮ, ਕਾਲਜ. ਮੋਗਾ	...	1,21,000
17	ਐਸ, ਡੀ, ਕਾਲਜ ਫਾਰ ਵਿਮੈਨ. ਮੋਗਾ	...	39,000
18	ਡੀ. ਐਮ. ਕਾਲਜ, ਆਫ ਐਜੂਕੇਸ਼ਨ. ਮੋਗਾ	...	24,000
19	ਦਸਮੇਸ਼ ਖਾਲਸਾ ਕਾਲਜ, ਮੁਕਤਸਰ	...	19,000
20	ਗੁਰੂ ਨਾਨਕ ਕਾਲਜ ਫਾਰ ਵਿਮੈਨ, ਮੁਕਤਸਰ	...	66,000
21	ਖਾਲਸਾ ਕਾਲਜ ਆਫ ਐਜੂਕੇਸ਼ਨ, ਮੁਕਤਸਰ	...	22,000
22	ਗੁਰੂ ਨਾਨਕ ਕਾਲਜ, ਮੋਗਾ	...	38,000
	ਜੋੜ	...	5,28,000

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਲੜੀ ਨੰ:	ਕਾਲਜ ਦਾ ਨਾਂ		ਰੁਪਏ
	ਜ਼ਿਲ੍ਹਾ ਹੁਸ਼ਿਆਰਪੁਰ		
23	ਸੈਣੀਬਾਰ ਕਾਲਜ, ਬੁਲੋਵਾਲ	...	41,000
24	ਜਗਦੀਸ਼ ਚੰਦਰ ਡੀ. ਏ. ਵੀ. ਕਾਲਜ, ਦਸੂਹਾ	...	60,000
25	ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ, ਗੜ੍ਹ ਸ਼ੰਕਰ	...	39,000
26	ਖਾਲਸਾ ਕਾਲਜ, ਗੜ੍ਹਦੀਵਾਲਾ	...	80,000
27	ਹਿੰਦੂ ਨੈਸ਼ਨਲ ਕਾਲਜ, ਹਰਿਆਣਾ	...	58,000
28	ਡੀ. ਏ. ਵੀ. ਕਾਲਜ, ਹੁਸ਼ਿਆਰਪੁਰ	...	1,34,000
29	ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ	...	33,000
30	ਐਸ. ਡੀ. ਕਾਲਜ, ਹੁਸ਼ਿਆਰਪੁਰ	...	41,000
31	ਐਸ. ਜੀ. ਜੀ. ਐਸ. ਖਾਲਸਾ ਕਾਲਜ, ਮਾਹਲਪੁਰ	...	88,000
32	ਸਵਾਮੀ ਪਰੇਮਾ ਨੰਦ ਵਿਦਿਆਲਾ, ਮੁਕੇਰੀਆਂ	...	48,000
	ਜੋੜ	...	6,22,000
	ਜ਼ਿਲ੍ਹਾ ਲੁਧਿਆਣਾ		
33	ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ, ਦਾਖਾ	...	29,000
34	ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ	...	29,000
35	ਜੀ. ਐਚ. ਜੀ. ਖਾਲਸਾ ਕਾਲਜ, ਗੁਰੂਸਰ ਸੁਧਾਰ	...	82,000
36	ਜੀ. ਐਚ. ਜੀ. ਕਾਲਜ ਆਫ ਐਜੂਕੇਸ਼ਨ, ਗੁਰੂ ਸਰ ਸੁਧਾਰ	...	38,000
37	ਲਾਜਪਤ ਰਾਏ ਮੈਮੋਰੀਅਲ ਕਾਲਜ, ਜਗਰਾਓਂ	...	83,000
38	ਏ. ਐਸ. ਕਾਲਜ, ਖੰਨਾ	...	1,23,000
39	ਏ. ਐਸ. ਕਾਲਜ ਫਾਰ ਵਿਮੈਨ, ਖੰਨਾ	...	34,000

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਕਾਲਜ ਦਾ ਨਾਂ		ਰੁਪਏ
40	ਆਰੀਆ ਕਾਲਜ, ਲੁਧਿਆਣਾ	...	2,48,000
41	ਜੀ. ਜੀ. ਐਨ. ਖਾਲਸਾ ਕਾਲਜ, ਲੁਧਿਆਣਾ	...	1,08,000
42	ਖਾਲਸਾ ਕਾਲਜ ਫਾਰ ਵਿਮੈਨ, ਲੁਧਿਆਣਾ	...	18,000
43	ਐਸ. ਡੀ. ਪੀ. ਕਾਲਜ ਫਾਰ ਵਿਮੈਨ, ਲੁਧਿਆਣਾ	...	60,000
44	ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫਾਰ ਵਿਮੈਨ, ਲੁਧਿਆਣਾ	...	67,000
45	ਗੁਰੂ ਨਾਨਕ ਖਾਲਸਾ ਕਾਲਜ ਫਾਰ ਵਿਮੈਨ, ਮਾਡਲ ਟਾਊਨ, ਲੁਧਿਆਣਾ		43,000
46	ਗੁਰੂ ਨਾਨਕ ਗਰਲਜ਼ ਕਾਲਜ, ਮਾਡਲ ਟਾਊਨ, ਲੁਧਿਆਣਾ	...	39,000
47	ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ, ਲੁਧਿਆਣਾ	...	60,000
48	ਦੇਵਕੀ ਦੇਵੀ ਜੈਨ ਮੈਮੋਰੀਅਲ ਕਾਲਜ ਫਾਰ ਵਿਮੈਨ, ਲੁਧਿਆਣਾ	...	54,000
49	ਗੋਬਿੰਦ ਨੈਸ਼ਨਲ ਕਾਲਜ, ਨਾਰੰਗਵਾਲ	...	55,000
50	ਸਵਾਮੀ ਗੰਗਾ ਗਿਰੀ ਜਨਤਾ ਗਰਲਜ਼ ਕਾਲਜ, ਰਾਏਕੋਟ	...	35,000
51	ਮਾਲਵਾ ਕਾਲਜ, ਬੌਂਦਲੀ, ਸਮਰਾਲਾ	...	71,000
52	ਬਾਬਾ ਮੀਹਾਂ ਸਿੰਘ ਗਿੱਲ ਖਾਲਸਾ ਕਾਲਜ, ਸਿੱਧਸਰ ਡਾਕਖਾਨਾ ਨਿਜ਼ਾਮਪੁਰ	...	50000
53	ਖਾਲਸਾ ਕਾਲਜ ਫਾਰ ਵਿਮੈਨ, ਸਿਧਵਾਂ ਖੁਰਦ	...	78,000
54	ਜੀ. ਐਚ. ਜੀ. ਹਰ ਪ੍ਰਕਾਸ਼ ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ. ਸਿਧਵਾਂ ਖੁਰਦ	...	67,000
	ਜੋੜ	..	14,31,000

ਜ਼ਿਲ੍ਹਾ ਪਟਿਆਲਾ

55	ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ	...	1,34,000
56	ਖਾਲਸਾ ਕਾਲਜ, ਪਟਿਆਲਾ	...	1,14,000

Original with;
Punjab Vidhan Sabha
Digitized by;
Panjab Digital Library

ਲੜੀ ਨੰ :	ਕਾਲਜ ਦਾ ਨਾਂ		ਰੁਪਏ
57	ਐਮ. ਐਮ. ਡਿਗਰੀ ਕਾਲਜ, ਪਟਿਆਲਾ	...	1,32,000
58	ਗੁਰਮਤਿ ਕਾ ਜ, ਪਟਿਆਲਾ	...	25,000
59	ਪੀ. ਐਮ. ਐਨ. ਕਾਲਜ, ਰਾਜਪੁਰਾ	...	80,000
60	ਪਬਲਿਕ ਕਾਲਜ, ਸਮਾਣਾ	...	36,000
	ਜੋੜ	...	5,21,000
	ਜ਼ਿਲ੍ਹਾ ਬਠਿੰਡਾ		
61	ਐਸ. ਐਸ. ਡੀ. ਗਰਲਜ਼ ਕਾਲਜ, ਬਠਿੰਡਾ	...	37,000
62	ਗੁਰੂ ਨਾਨਕ ਕਾਲਜ. ਬੁਢਲਾਡਾ	...	23,000
63	ਗੁਰੂ ਕਾਂਸ਼ੀ ਕਾਲਜ, ਦਮਦਮਾ ਸਾਹਿਬ	...	55,000
64	ਭਾਈ ਆਸਾ ਸਿੰਘ ਗਰਲਜ਼ ਕਾਲਜ, ਗੋਨਿਆਨਾ ਮੰਡੀ	...	35,000
65	ਨਹਿਰੂ ਮੈਮੋਰੀਅਲ ਕਾਲਜ, ਮਾਨਸਾ	...	38,000
66	ਐਸ. ਡੀ. ਕੰਨਿਆ ਮਹਾਂ ਵਿਦਿਆਲਾ, ਮਾਨਸਾ	...	29,000
67	ਡੀ. ਏ. ਵੀ. ਕਾਲਜ, ਬਠਿੰਡਾ.	...	57,000
68	ਟੀ. ਪੀ. ਡੀ. ਮਾਲਵਾ ਕਾਲਜ, ਰਾਮਪੁਰਾ ਫੂਲ	...	57,000
	ਜੋੜ	...	3,31,000
	ਜ਼ਿਲ੍ਹਾ ਰੂਪਨਗਰ		
69	ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਅਨੰਦਪੁਰ ਸਾਹਿਬ	...	68,000
70	ਅਮਰ ਸ਼ਹੀਦ ਬਾਬਾ ਅਜੀਤ ਬਿੰਘ ਝੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ	...	38,000

Original with;
Punjab Vidhan Sabha
Digitized by;
Panjab Digital Library

ਲੜੀ ਨੰ :	ਕਾਲਜ ਦਾ ਨਾਂ		ਰੁਪਏ
71	ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ, ਭਾਗੋ ਮਾਜਰਾ	...	41,000
72	ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਗਰਲਜ਼ ਖਾਲਸਾ ਕਾਲਜ, ਮੋਰਿੰਡਾ,		22,000
	ਜੋੜ	...	1,69,000

ਜ਼ਿਲ੍ਹਾ ਸੰਗਰੂਰ

73	ਐਸ. ਡੀ. ਕਾਲਜ, ਬਰਨਾਲਾ	...	81,000
74	ਸ਼੍ਰੀ ਐਲ. ਬੀ. ਸਾਸ਼ਤਰੀ ਕਾਲਜ ਫਾਰ ਵਿਮੈਨ, ਬਰਨਾਲਾ	...	27,000
75	ਅਕਾਲ ਡਿਗਰੀ ਕਾਲਜ, ਮਸਤੂਆਣਾ	...	99,000
76	ਅਕਾਲ ਡਿਗਰੀ ਕਾਲਜ ਫਾਰ ਵਿਮੈਨ, ਸੰਗਰੂਰ	...	43,000
77	ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ	...	22,000
78	ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ, ਸੰਧੌੜ	...	35,000
79	ਜੀ. ਟੀ. ਬੀ. ਕਾਲਜ, ਭਵਾਨੀਗੜ੍ਹ	...	28,000
	ਜੋੜ	...	3,35,000

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਜ਼ਿਲ੍ਹਾ ਅੰਮ੍ਰਿਤਸਰ

80	ਖਾਲਸਾ ਕਾਲਜ, ਅੰਮ੍ਰਿਤਸਰ	...	5,60,000
81	ਹਿੰਦੂ ਕਾਲਜ, ਅੰਮ੍ਰਿਤਸਰ	...	1,56,000
82	ਖਾਲਸਾ ਕਾਲਜ ਫਾਰ ਵਿਮੈਨ, ਅੰਮ੍ਰਿਤਸਰ	...	61,000
83	ਸ਼ਹਿਜ਼ਾਦਾ ਨੰਦ ਕਾਲਜ ਫਾਰ ਗਰਲਜ਼, ਅੰਮ੍ਰਿਤਸਰ	...	56,000
84	ਡੀ. ਏ. ਵੀ. ਕਾਲਜ ਫਾਰ ਬੋਆਇਜ਼, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ	...	3,00,000

Original with;
Punjab Vidhan Sabha
Digitized by;
Panjab Digital Library

[ਸਿਖਿਅ ਮੰਤਰੀ]

ਲੜੀ ਨੰ:	ਕਾਲਜ ਦਾ ਨਾ		ਰੁਪਏ
85	ਬੀ. ਬੀ. ਕੇ. ਡੀ. ਏ. ਵੀ. ਕਾਲਜ ਫਾਰ ਵਿਮੈਨ, ਅੰਮ੍ਰਿਤਸਰ	...	76,000
86	ਖਾਲਸਾ ਕਾਲਜ ਆਫ ਐਜੂਕੇਸ਼ਨ, ਅੰਮ੍ਰਿਤਸਰ	...	55,000
87	ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ (ਵਿ:) ਬਾਰੀਗੇਟ, ਅੰਮ੍ਰਿਤਸਰ	...	42,000
88	ਬਾਬਾ ਬੁੱਢਾ ਕਾਲਜ, ਬੀੜ ਸਾਹਿਬ	...	50,000
89	ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ	...	42,000
90	ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ, ਰੱਈਆ	...	28,000
91	ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ	...	35,000
92	ਮਾਤਾ ਗੰਗਾ ਗਰਲਜ਼ ਕਾਲਜ, ਤਰਨ ਤਾਰਨ	...	33,000
	ਜੋੜ	...	14,94,000

ਜ਼ਿਲ੍ਹਾ ਗੁਰਦਾਸਪੁਰ

93	ਬੀ. ਯੂ. ਸੀ. ਕਾਲਜ, ਬਟਾਲਾ	...	2,00,000
94	ਐਸ. ਐਲ. ਬਾਵਾ ਡੀ. ਏ. ਵੀ. ਕਾਲਜ ਫਾਰ ਬੋਆਇਜ਼, ਬਟਾਲਾ	...	89,000
95	ਆਰ. ਆਰ. ਬਾਵਾ ਡੀ. ਏ. ਵੀ. ਕਾਲਜ ਫਾਰ ਗਰਲਜ਼, ਬਟਾਲਾ	...	32,000
96	ਗੁਰੂ ਨਾਨਕ ਕਾਲਜ, ਬਟਾਲਾ	...	38,000
97	ਹਿੰਦੂ ਕੰਨਿਆ ਮਹਾਂ ਵਿਦਿਆਲਾ, ਧਾਰੀਵਾਲ	...	37,000
98	ਐਸ. ਡੀ. ਆਰੀਆ ਮਹਿਲਾ ਕਾਲਜ, ਦੀਨਾ ਨਗਰ	...	41,000
99	ਸਵਾਮੀ ਸਵਤੰਤਰਾ ਨੰਦ ਮੈਮੋਰੀਅਲ ਕਾਲਜ, ਦੀਨਾ ਨਗਰ	...	22,000
100	ਗੁਰੂ ਨਾਨਕ ਕਾਲਜ, ਗੁਰਦਾਸਪੁਰ	...	39,000
101	ਆਰ. ਆਰ. ਐਮ. ਕੇ. ਆਰੀਆ ਮਹਿਲਾ ਵਿਦਿਆਲਾ, ਪਠਾਨਕੋਟ	...	19,000
102	ਐਸ. ਐਮ. ਡੀ. ਆਰ. ਐਸ. ਡੀ. ਕਾਲਜ, ਪਠਾਨਕੋਟ	...	1,50,000

Original with;
Punjab Vidhan Sabha
Digitized by;
Panjab Digital Library

ਲੜੀ ਨੰ :	ਕਾਲਜ ਦਾ ਨਾਂ		ਰੁਪਏ
103	ਐਸ. ਆਰ. ਪੀ. ਏ. ਆਦਰਸ਼ ਭਾਰਤੀਆ ਮਹਾਂ ਵਿਦਿਆਲਾ, ਪਠਾਨਕੋਟ	...	43,000
104	ਐਸ. ਐਨ. ਕਾਲਜ, ਕਾਦੀਆਂ	...	55,000
	ਜੋੜ	...	7,65,000

ਜ਼ਿਲ੍ਹਾ ਜਲੰਧਰ

105	ਸਿੱਖ ਨੈਸ਼ਨਲ ਕਾਲਜ, ਬੰਗਾ	...	73,000
106	ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ, ਬਾਬਾ ਸੰਘ ਢੇਸੀਆਂ	...	11,000
107	ਗੁਰੂ ਨਾਨਕ ਕਾਲਜ ਫਾਰ ਵਿਮੈਨ, ਚਰਨ ਕੰਵਲ ਬੰਗਾ	...	72,000 ਕਾਲਜ ਵੱਲੋਂ ਹੋਣ ਵਾਲੀ ਰਿਕਵਰੀ ਵਿਰੁੱਧ ਐਡਜਸਟ ਕਰ ਲਈ ਗਈ (ਗਰਾਂਟ ਪੰਜਾਬ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਜਾ ਚੁੱਕੀ ਹੈ)
108	ਗੁਰੂ ਨਾਨਕ ਖਾਲਸਾ ਕਾਲਜ, ਡਰੋਲੀ ਕਲਾਂ	...	73,000
109	ਡੀ. ਏ. ਵੀ. ਕਾਲਜ, ਜਲੰਧਰ	...	5,11,000
110	ਦੋਆਬਾ ਕਾਲਜ, ਜਲੰਧਰ	..	1,95,000
111	ਲਾਇਲਪੁਰ ਖਾਲਸਾ ਕਾਲਜ, ਜਲੰਧਰ	...	2,43,000
112	ਹੰਸ ਰਾਜ ਮਹਿਲਾ ਮਹਾਂ ਵਿਦਿਆਲਾ, ਜਲੰਧਰ	...	1,66,000
113	ਕੰਨਿਆ ਮਹਾਂ ਵਿਦਿਆਲਾ, ਜਲੰਧਰ	...	96,000
114	ਬਨਾਰਸੀ ਦਾਸ ਆਰੀਆ ਗਰਲਜ਼ ਕਾਲਜ, ਜਲੰਧਰ	...	42,000
115	ਐਮ.ਜੀ.ਐਨ. ਕਾਲਜ ਆਫ ਐਜੂਕੇਸ਼ਨ, ਜਲੰਧਰ	...	67,000
116	ਐਸ.ਡੀ. ਕਾਲਜ ਫਾਰ ਵਿਮੈਨ, ਨਹਿਰੂ ਗਾਰਡਨ ਰੋਡ, ਜਲੰਧਰ ਸਿਟੀ	...	3,000

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਕਾਲਜ ਦਾ ਨਾਂ		ਰੁਪਏ
117	ਏ.ਪੀ.ਜੇ. ਕਾਲਜ ਆਫ ਫਾਇਨ ਆਰਟਸ, ਜਲੰਧਰ	...	15,000
118	ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ, ਜਲੰਧਰ	...	89,000
119	ਗੁਰੂ ਗੋਬਿੰਦ ਸਿੰਘ ਰੀਪਬਲਿਕ ਕਾਲਜ, ਜੰਡਿਆਲਾ	...	49,000
120	ਐਮ.ਜੀ.ਐਸ. ਜਨੇਤਾ ਕਾਲਜ, ਕਰਤਾਰਪੁਰ	...	49,000
121	ਕੇ.ਆਰ.ਐਮ. ਡੀ.ਏ.ਵੀ. ਕਾਲਜ, ਨਕੋਦਰ	...	54,000
122	ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ	...	66,000
123	ਗੁਰੂ ਨਾਨਕ ਨੈਸ਼ਨਲ ਕਾਲਜ ਫਾਰ ਵਿਮੈਨ, ਨਕੋਦਰ	...	47,000
124	ਆਰ.ਕੇ. ਆਰੀਆ ਕਾਲਜ, ਨਵਾਂ ਸ਼ਹਿਰ ਦੁਆਬਾ	...	1,16,000
125	ਬੀ.ਐਲ.ਐਮ. ਗਰਲਜ਼ ਕਾਲਜ, ਨਵਾਂ ਸ਼ਹਿਰ ਦੁਆਬਾ	...	44,000
126	ਡੀ.ਏ.ਐਨ. ਕਾਲਜ ਆਫ ਐਜੂਕੇਸ਼ਨ, ਨਵਾਂ ਸ਼ਹਿਰ ਦੁਆਬਾ	...	62,000
	ਜੋੜ	...	21,42,000

ਜ਼ਿਲ੍ਹਾ ਕਪੂਰਥਲਾ

127	ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ, ਏਗੋਵਾਲ	...	37,000
128	ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਕਾਲਜ, ਡਮੇਲੀ	...	47,000
129	ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ (ਵਿ:) ਕਪੂਰਥਲਾ	...	35,000
130	ਹਿੰਦੂ ਕੰਨਿਆਂ ਕਾਲਜ, ਕਪੂਰਥਲਾ	...	54,000
131	ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ	...	30,000
132	ਗੁਰੂ ਨਾਨਕ ਨਵ ਭਾਰਤ ਕਾਲਜ, ਨਸ਼ੂੜ ਪਾਂਛਟ	...	37,000
133	ਕਮਲਾ ਨਹਿਰੂ ਕਾਲਜ ਫਾਰ ਵਿਮੈਨ, ਫਗਵਾੜਾ	...	62,000
134	ਗੁਰੂ ਨਾਨਕ ਕਾਲਜ, ਸੁਖਚੈਨਾ ਸਾਹਿਬ, ਫਗਵਾੜਾ	...	48,000

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਕਾਲਜ ਦਾ ਨਾਂ		ਰੁਪਏ
135	ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ	...	92,000
136	ਐਸ.ਡੀ. ਕਾਲਜ ਫਾਰ ਵਿਮੈਨ, ਸੁਲਤਾਨਪੁਰ ਲੋਧੀ	...	48,000
	ਜੋੜ	...	4,90,000
	ਕੁੱਲ ਜੋੜ	...	95,23,000
	(95 ਲੱਖ 23 ਹਜ਼ਾਰ ਰੁਪਏ ਕੇਵਲ)		

ਮਿਤੀ 1 ਸਤੰਬਰ, 1981 ਤੋਂ 30 ਨਵੰਬਰ, 1981 ਤਕ ਦੇ ਸਮੇਂ ਲਈ 95% ਘਾਟੇ ਦੀ ਗਰਾਂਟ ਪ੍ਰਾਪਤ ਕਰਨਯੋਗ ਗੈਰ-ਸਰਕਾਰੀ ਅਫਿਲੀਏਟਿੱਡ ਕਾਲਜਾਂ ਦੀ ਸੂਚੀ

ਲੜੀ ਨੰ:	ਕਾਲਜ ਦਾ ਨਾਂ		ਰੁਪਏ
1	ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਾਰ ਵਿਮੈਨ, ਫਗਵਾੜਾ		71,000
2	ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ	...	60,000
3	ਰਾਮਗੜ੍ਹੀਆ ਕਾਲਜ, ਫਗਵਾੜਾ	...	1,95,000
	ਜੋੜ	...	3,26,000

ਮਿਤੀ 1 ਦਸੰਬਰ, 1981 ਤੋਂ 28 ਫਰਵਰੀ, 1982 ਤੱਕ ਦੇ ਸਮੇਂ ਲਈ 95% ਘਾਟੇ ਦੀ ਗਰਾਂਟ ਪ੍ਰਾਪਤ ਕਰਨਯੋਗ ਗੈਰ-ਸਰਕਾਰੀ ਅਫਿਲੀਏਟਿਡ ਕਾਲਜਾਂ ਦੀ ਸੂਚੀ

ਲੜੀ ਨੰ:	ਕਾਲਜ ਦਾ ਨਾਂ	ਜੋੜ (ਵੇਰਵੇ ਲਈ ਕਾਲਮ ਨੰ: 4 ਤੋਂ 6 ਵੇਖੋ ਜੀ)	ਮਨਜ਼ੂਰ ਹੋਈ ਗਰਾਂਟ ਦੇ ਵੇਰਵੇ		
			1980-81 ਦਾ ਬਕਾਇਆ	ਨਾਨ-ਟੀਚਿੰਗ ਅਮਲੇ ਸਬੰਧੀ 1978-79 ਤੇ 1979-80 ਲਈ ਬਕਾਇਆ	ਤਦ-ਅਰਥ ਆਧਾਰ ਤੇ ਮਿਤੀ 1-12-81 ਤੋਂ 28-2-82 ਲਈ ਗਰਾਂਟ
1	2	3	4	5	6
	ਜ਼ਿਲ੍ਹਾ ਫਿਰੋਜ਼ਪੁਰ	ਰੁਪਏ	ਰੁਪਏ	ਰੁਪਏ	ਰੁਪਏ
1	ਡੀ.ਏ.ਵੀ. ਕਾਲਜ, ਅਬੋਹਰ	3,50,000	1,57,051	48,686	1,44,263
2	ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ, ਅਬੋਹਰ	1,60,000	72,041	13,506	74,453

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

1	2	3	4	5	6
		ਰੁਪਏ	ਰੁਪਏ	ਰਪਏ	ਰੁਪਏ
3	ਗੋਪੀ ਚੰਦ ਆਰਿਆ ਮਹਿਲਾ ਕਾਲਜ, ਅਬੋਹਰ	1,20,000	56,033	8,072	55,895
4	ਐਮ.ਆਰ. ਕਾਲਜ, ਫਾਜ਼ਿਲਕਾ	1,30,000	36,475	21,936	71,589
5	ਆਰ.ਐਸ.ਡੀ. ਕਾਲਜ, ਫਿਰੋਜ਼ਪੁਰ ਸਿਟੀ	3,00,000	1,51,820	30,270	1,17,910
6	ਦੇਵ ਸਮਾਜ ਕਾਲਜ ਆਫ ਅਜੁਕੇਸ਼ਨ ਫਾਰ ਵਿਮੈਨ, ਫਿਰੋਜ਼ਪੁਰ ਸਿਟੀ	1,90,000	94,699	17,518	77,783
7	ਦੇਵ ਸਮਾਜ ਕਾਲਜ ਫਾਰ ਵਿਮੈਨ ਫਿਰੋਜ਼ਪੁਰ ਸਿਟੀ	1,70,000	51,504	19,566	98,930
8	ਡੀ.ਏ.ਵੀ. ਕਾਲਜ ਫਾਰ ਵਿਮੈਨ, ਫਿਰੋਜ਼ਪੁਰ ਸਿਟੀ	20,000	—	4,000	16,000
9	ਗੁਰੂ ਨਾਨਕ ਕਾਲਜ, ਫਿਰੋਜ਼ਪੁਰ ਕੈਂਟ	70,000	4,998	16,346	48,656
10	ਅਰਜਨ ਦਾਸ ਕਾਲਜ, ਧਰਮਕੋਟ	1,00,000	44,082	9,190	46,728
	ਜੋੜ ...	16,10,000			
		ਜ਼ਿਲ੍ਹਾ ਫਰੀਦਕੋਟ			
11	ਗੁਰੂ ਗੋਬਿੰਦ ਸਿੰਘ ਕਾਲਜ, ਗਿਦੜਬਾਹਾ	1,20,000	63,492	8,810	47,698
12	ਡੀ.ਏ.ਵੀ. ਮਹਿਲਾ ਕਾਲਜ, ਗਿਦੜਬਾਹਾ	10,000	...	3,158	6,842
13	ਸੰਤ ਦਰਬਾਰਾ ਸਿੰਘ ਕਾਲਜ ਆਫ ਐਜੁਕੇਸ਼ਨ, ਲੋਪੋਂ	40,000	16,919	6,083	16,998

Original with;
Punjab Vidhan Sabha
Digitized by;
Panjab Digital Library

1	2	3	4	5	6
14	ਗੁਰੂ ਨਾਨਕ ਕਾਲਜ, ਕਿਲਿਆਂ-ਵਾਲੀ, ਪੋਸਟ ਆਫਿਸ ਮੰਡੀ ਡਬਵਾਲੀ	1,10,000	31,041	18,530	60,429
15	ਸੰਤ ਦਰਬਾਰਾ ਸਿੰਘ ਕਾਲਜ (ਇ) ਲੋਪੋਂ	40,000	3,315	8,142	28,543
16	ਡੀ. ਏ. ਵੀ. ਕਾਲਜ ਮਲੋਟ ਮੰਡੀ	1,20,000	37,529	16,486	65,985
17	ਡੀ.ਐਮ. ਕਾਲਜ, ਮੋਗਾ	3,70,000	1,93,054	23,932	1,53,014
18	ਐਸ.ਡੀ. ਕਾਲਜ ਫਾਰ ਵਿਮੈਨ, ਮੋਗਾ	60,000	10,986	10,580	38,434
19	ਡੀ. ਐਮ. ਕਾਲਜ ਆਫ ਐਜੂ: ਮੋਗਾ	50,000	4,697	5,035	40,268
20	ਦਸਮੇਸ਼ ਖਾਲਸਾ ਕਾਲਜ, ਮੁਕਤਸਰ	1,10,000	68,893	4,827	36,280
21	ਗੁਰੂ ਨਾਨਕ ਕਾਲਜ ਫਾਰ ਵਿਮੈਨ, ਮੁਕਤਸਰ	30,000	...	8,019	21,981
22	ਖਾਲਸਾ ਕਾਲਜ ਆਫ ਐਜੂਕੇਸ਼ਨ, ਮੁਕਤਸਰ	60,000	24,904	4,324	30,772
23	ਗੁਰੂ ਨਾਨਕ ਕਾਲਜ, ਮੋਗਾ	40,000	...	12,602	27,398
	ਜੋੜ ...	11,60,000			
	ਜ਼ਿਲ੍ਹਾ ਹੁਸ਼ਿਆਰਪੁਰ				
24	ਸੈਣੀਬਾਰ ਕਾਲਜ, ਬੁਲ੍ਹੇਵਾਲ	90,000	33,942	9,242	46,816
25	ਜਗਦੀਸ਼ ਚੰਦਰ ਡੀ.ਏ.ਵੀ. ਕਾਲਜ, ਦਸੂਹਾ	1,70,000	62,276	18,143	89,581
26	ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ, ਗੜ੍ਹਸ਼ੰਕਰ	1,00,000	40,300	13,953	45,747

Original with;
Punjab Vidhan Sabha
Digitized by;
Panjab Digital Library

1	2	3	4	5	6
27	ਖਾਲਸਾ ਕਾਲਜ, ਗੜ੍ਹਦੀਵਾਲਾ	1,40,000	41,773	18,881	79,346
28	ਹਿੰਦੂ ਨੈਸ਼ਨਲ ਕਾਲਜ, ਹਰਿਆਣਾ	90,000	24,763	13,497	51,740
29	ਡੀ.ਏ.ਵੀ. ਕਾਲਜ, ਹੁਸ਼ਿਆਰਪੁਰ	6,00,000	3,16,962	35,748	2,47,290
30	ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ	90,000	70,520	8,916	10,564
31	ਐਸ.ਡੀ. ਕਾਲਜ, ਹੁਸ਼ਿਆਰਪੁਰ	90,000	31,907	12,743	45,350
32	ਐਸ.ਜੀ.ਜੀ.ਐਸ. ਖਾਲਸਾ ਕਾਲਜ, ਮਾਹਲਪੁਰ	1,70,000	58,345	28,820	82,835
33	ਸਵਾਮੀ ਪਰਮਾਨੰਦ ਮਹਾਂ ਵਿਦਿਆਲਾ, ਮੁਕੇਰੀਆਂ	90,000	23,328	14,044	52,628
	ਜੋੜ ...	16,30,000			
	ਜ਼ਿਲ੍ਹਾ ਲੁਧਿਆਣਾ				
34	ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ, ਦਾਖਾ	60,000	21,941	4,385	33,674
35	ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ	1,10,000	45,828	15,173	48,999
36	ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸੁਧਾਰ	1,50,000	50,770	25,448	73,782
37	ਜੀ.ਐਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸੁਧਾਰ	1,30,000	61,973	10,203	57,824
38	ਲਾਜਪਤ ਰਾਏ ਮੈਮੋਰੀਅਲ ਕਾਲਜ, ਜਗਰਾਉਂ	90,000	3,396	18,146	68,458

Original with;
Punjab Vidhan Sabha
Digitized by;
Panjab Digital Library

1	2	3	4	5	6
39	ਏ.ਐਸ. ਕਾਲਜ, ਖੰਨਾ	2,10,000	68,884	27,793	1,13,323
40	ਏ.ਐਸ. ਕਾਲਜ ਫਾਰ ਵਿਮੈਨ, ਖੰਨਾ	50,000	9,370	7,754	32,876
41	ਆਰੀਆ ਕਾਲਜ, ਲੁਧਿਆਣਾ	3,50,000	1,01,673	48,188	2,00,139
42	ਜੀ.ਜੀ. ਐਨ. ਖਾਲਸਾ ਕਾਲਜ, ਲੁਧਿਆਣਾ	2,50,000	1,07,649	31,320	1,11,031
43	ਖਾਲਸਾ ਕਾਲਜ ਫਾਰ ਵਿਮੈਨ, ਲੁਧਿਆਣਾ	1,20,000	...	28,734	91,266
44	ਐਸ.ਡੀ.ਪੀ. ਕਾਲਜ ਫਾਰ ਵਿਮੈਨ, ਲੁਧਿਆਣਾ	80,000	23,977	12,130	43,893
45	ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ (ਇ:) ਲੁਧਿਆਣਾ	80,000	13,649	17,249	49,102
46	ਗੁਰੂ ਨਾਨਕ ਖਾਲਸਾ ਕਾਲਜ ਫਾਰ ਵਿਮੈਨ ਮਾਡਲ ਟਾਊਨ ਲੁਧਿਆਣਾ	60,000	12,664	8,066	39,270
47	ਗੁਰੂ ਨਾਨਕ ਗਰਲਜ਼ ਕਾਲਜ ਮਾਡਲ ਟਾਊਨ, ਲੁਧਿਆਣਾ	40,000	1,997	12,026	25,977
48	ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਲੁਧਿਆਣਾ	1,20,000	54,310	9,736	55,954
49	ਦੇਵਕੀ ਦੇਵੀ ਜੈਨ ਮੈਮੋਰੀਅਲ ਕਾਲਜ ਫਾਰ ਵਿਮੈਨ, ਲੁਧਿਆਣਾ	60,000	20,035	8,632	31,333
50	ਗੋਬਿੰਦ ਨੈਸ਼ਨਲ ਕਾਲਜ, ਨਾਰੰਗਵਾਲ	60,000	13,587	9,697	36,716
51	ਸਵਾਮੀ ਗੰਗਾਗਿਰੀ ਜਨਤਾ ਕਾਲਜ (ਗਰਲਜ਼) ਰਾਏਕੋਟ	50,000	14,680	4,918	30,402

Original with;
Punjab Vidhan Sabha
Digitized by;
Panjab Digital Library

1	2	3	4	5	6
52.	ਮਾਲਵਾ ਕਾਲਜ ਬੌਂਦਲੀ, ਸਮਰਾਲਾ	1,70,000	80,668	12,803	76,529
53.	ਬਾਬਾ ਮੀਹਾਂ ਸਿੰਘ ਗਿੱਲ ਖਾਲਸਾ ਕਾਲਜ ਸਿੱਧਸਰ, ਡਾਕਖਾਨਾ ਨਿਜਾਮਪੁਰ	1,00,000	38,097	9,476	52,427
54.	ਖਾਲਸਾ ਕਾਲਜ ਫਾਰ ਵਿਮੈਨ ਸਿਧਵਾਂ ਖੁਰਦ	1,20,000	39,858	25,981	54,161
55.	ਜੀ.ਐਚ.ਜੀ. ਹਰਪ੍ਰਕਾਸ਼ ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ, ਸਿਧਵਾਂਖੁਰਦ	1,20,000	52,176	14,586	53,238
	ਜੋੜ ...	25,80,000			
	ਜ਼ਿਲ੍ਹਾ ਪਟਿਆਲਾ				
56.	ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ	2,00,000	72,873	26,731	1,00,396
57.	ਖਾਲਸਾ ਕਾਲਜ, ਪਟਿਆਲਾ	2,00,000	73,000	11,126	1,15,874
58.	ਐਮ.ਐਮ.ਐਮ. ਡਿਗਰੀ ਕਾਲਜ, ਪਟਿਆਲਾ	5,50,000	2,41,941	53,059	2,55,000
59.	ਗੁਰਮੱਤ ਕਾਲਜ, ਪਟਿਆਲਾ	30,000	12,322	7,689	9,989
60.	ਪੀ.ਐਮ.ਐਨ. ਕਾਲਜ, ਰਾਜਪੁਰਾ	1,70,000	64,093	15,025	90,882
61.	ਪਬਲਿਕ ਕਾਲਜ, ਸਮਾਣਾ	1,00,000	41,217	10,716	48,067
	ਜੋੜ ...	12,50,000			

Original with;
Punjab Vidhan Sabha
Digitized by;
Panjab Digital Library

1	2	3	4	5	6
		ਜ਼ਿਲ੍ਹਾ ਬਠਿੰਡਾ			
62.	ਐਸ.ਐਸ.ਡੀ. ਗਰਲਜ਼ ਕਾਲਜ, ਬਠਿੰਡਾ	2,50,000	1,41,637	13,555	94,808
63.	ਡੀ.ਏ.ਵੀ. ਕਾਲਜ, ਬਠਿੰਡਾ	1,80,000	2,267	35,467	1,42,266
64.	ਗੁਰੂ ਨਾਨਕ ਕਾਲਜ, ਬੁਢਲਾਡਾ	60,000	22,775	11,077	26,148
65.	ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ	1,50,000	62,062	21,528	66,410
66.	ਭਾਈ ਆਸਾ ਸਿੰਘ ਗਰਲਜ਼ ਕਾਲਜ, ਗੁਨਿਆਨਾਮੰਡੀ	80,000	35,216	5,004	39,780
67.	ਨਹਿਰੂ ਮੈਮੋਰੀਅਲ ਕਾਲਜ, ਮਾਨਸਾ	2,50,000	94,158	23,911	1,31,931
68.	ਐਸ.ਡੀ. ਕੰਲਿਆਂ ਮਹਾਂ-ਵਿਦਿਆਲਾ, ਮਾਨਸਾ	60,000	19,120	5,930	34,950
69.	ਟੀ.ਪੀ.ਡੀ. ਮਾਲਵਾ ਕਾਲਜ, ਰਾਮਪੁਰਾ ਫੂਲ	40,000	...	13,423	26,577
	ਜੋੜ ...	10,70,000			
		ਜ਼ਿਲ੍ਹਾ ਰੂਪਨਗਰ			
70.	ਐਸ.ਜੀ.ਪੀ.ਸੀ. ਖਾਲਸਾ ਕਾਲਜ, ਅਨੰਦਪੁਰ ਸਾਹਿਬ	1,60,000	38,278	14,799	1,06,923
71.	ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਕਾਲਜ, ਮੈਮੋਰੀਅਲ ਕਾਲਜ, ਬੇਲਾ	60,000	7,579	14,918	37,503

Original with;
Punjab Vidhan Sabha
Digitized by;
Panjab Digital Library

1	2	3	4	5	6
72.	ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ, ਭਾਗੋਮਾਜਰਾ	80,000	22,857	7,990	49,153
73.	ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਗਰਲਜ਼ ਖਾਲਸਾ ਕਾਲਜ, ਮੋਰਿੰਡਾ	80,000	27,862	11,061	41,077
	ਜੋੜ ...	3,80,000			
	ਜ਼ਿਲ੍ਹਾ ਸੰਗਰੂਰ				
74.	ਐਸ. ਡੀ. ਕਾਲਜ, ਬਰਨਾਲਾ	1,20,000	...	20,559	99,441
75.	ਸ਼੍ਰੀ ਐਲ. ਬੀ. ਸ਼ਾਸਤਰੀ ਕਾਲਜ ਫਾਰ ਵਿਮੈਨ, ਬਰਨਾਲਾ	30,000	...	7,653	22,347
76.	ਅਕਾਲ ਡਿਗਰੀ ਕਾਲਜ, ਮਸਤੂਆਣਾ	1,50,000	45,056	20,863	84,081
77.	ਅਕਾਲ ਡਿਗਰੀ ਕਾਲਜ ਫਾਰ ਵਿਮੈਨ, ਸੰਗਰੂਰ	1,00,000	38,204	8,442	53,354
78.	ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ	40,000	7,504	6,572	25,924
79.	ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ, ਸੰਘੇੜ	80,000	24,411	12,879	42,710
80.	ਜੀ. ਟੀ. ਬੀ. ਕਾਲਜ, ਭਵਾਨੀਗੜ੍ਹ	1,30,000	71,696	...	58,304
	ਜੋੜ ...	6,50,000			

Original with;
Punjab Vidhan Sabha
Digitized by;
Panjab Digital Library

1	2	3	4	5	6
	ਜ਼ਿਲ੍ਹਾ ਅੰਮ੍ਰਿਤਸਰ				
81.	ਖਾਲਸਾ ਕਾਲਜ, ਅੰਮ੍ਰਿਤਸਰ	8,30,000	2,84,175	1,39,332	4,06,493
82.	ਹਿੰਦੂ ਕਾਲਜ, ਅੰਮ੍ਰਿਤਸਰ	40,000	...	30,654	9,346
83.	ਖਾਲਸਾ ਕਾਲਜ ਫਾਰ ਵਿਮੈਨ, ਅੰਮ੍ਰਿਤਸਰ	1,60,000	72,928	17,518	69,554
84.	ਸ਼ਹਿਜ਼ਾਦਾ ਨੰਦ ਕਾਲਜ ਫਾਰ ਗਰਲਜ਼, ਅੰਮ੍ਰਿਤਸਰ	50,000	6,402	14,197	29,401
85.	ਡੀ. ਏ. ਵੀ. ਕਾਲਜ ਫਾਰ ਬੋਆਇਜ਼ ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ	1,70,000	...	66,194	1,03,806
86.	ਬੀ. ਬੀ. ਕੇ. ਡੀ.ਏ.ਵੀ. ਕਾਲਜ ਫਾਰ ਵਿਮੈਨ, ਅੰਮ੍ਰਿਤਸਰ	70,000	...	11,690	58,310
87.	ਖਾਲਸਾ ਕਾਲਜ ਆਫ ਐਜੂਕੇਸ਼ਨ, ਅੰਮ੍ਰਿਤਸਰ	1,00,000	40,196	16,045	43,759
88.	ਡੀ. ਏ. ਵੀ. ਆਫ ਐਜੂ-ਕੇਸ਼ਨ (ਵਿ:) ਬਾਰੀ ਗੇਟ, ਅੰਮ੍ਰਿਤਸਰ	60,000	18,454	12,033	29,513
89.	ਬਾਬਾ ਬੁੱਢਾ ਕਾਲਜ, ਬੀੜ ਸਾਹਿਬ	1,00,000	37,735	14,352	47,913
90.	ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ	1,31,000	55,081	12,353	63,566
91.	ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ, ਭੱਈਆ	20,000	...	2,545	17,455
92.	ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ	70,000	33,941	10,015	26,044

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

1	2	3	5	5	6
93.	ਮਾਤਾ ਗੰਗਾ ਗਰਲਜ਼ ਕਾਲਜ, ਤਰਨ ਤਾਰਨ	20,000	...	3,907	16,093
	ਜੋੜ ...	18,21,000			
	ਜ਼ਿਲ੍ਹਾ ਗੁਰਦਾਸਪੁਰ				
94.	ਬੀ. ਯੂ. ਸੀ. ਕਾਲਜ, ਬਟਾਲਾ	1,90,000	90,442	43,263	56,295
95.	ਆਰ. ਆਰ. ਬਾਵਾ ਡੀ. ਏ. ਵੀ. ਕਾਲਜ ਫਾਰ ਗਰਲਜ਼, ਬਟਾਲਾ	1,40,000	64,880	21,587	53,533
96.	ਐਸ. ਐਲ. ਬਾਵਾ ਡੀ. ਏ. ਵੀ. ਕਾਲਜ ਫਾਰ ਬੌਆਇਜ਼, ਬਟਾਲਾ	1,30,000	39,593	10,768	79,639
97.	ਗੁਰੂ ਨਾਨਕ ਕਾਲਜ, ਬਟਾਲਾ	1,80,000	83,686	11,084	85,230
98.	ਹਿੰਦੂ ਕੰਨਿਆ ਮਹਾਂ ਵਿਦਿਆਲਾ, ਧਾਰੀਵਾਲ	30,000	7,074	4,350	18,576
99.	ਐਸ. ਡੀ. ਆਰਿਆ ਮਹਿਲਾ ਕਾਲਜ, ਦੀਨਾ ਨਗਰ	30,000	7,503	2,585	19,912
100.	ਸਵਾਮੀ ਸਵਤੰਤਰਾ ਨੰਦ ਮੈਮੋਰੀਅਲ ਕਾਲਜ, ਦੀਨਾ ਨਗਰ	40,000	...	4,026	35,974
101.	ਗੁਰੂ ਨਾਨਕ ਕਾਲਜ, ਗੁਰਦਾਸਪੁਰ	80,000	35,059	5,031	39,910
102.	ਆਰ. ਆਰ. ਐਮ. ਕੇ. ਆਰੀਆ ਮਹਿਲਾ ਵਿਦਿਆਲਾ, ਪਠਾਨਕੋਟ	90,000	43,665	8,521	37,814

Original with;
Punjab Vidhan Sabha
Digitized by;
Panjab Digital Library

1	2	3	4	4	6
103.	ਆਦਰਸ਼ ਭਾਰਤੀਆ ਮਹਾਂ-ਵਿਦਿਆਲਾ, ਪਠਾਨ ਕੋਟ	70,000	19,347	8,735	41,918
104.	ਐਸ. ਐਨ. ਕਾਲਜ, ਕਾਦੀਆਂ	50,000	3,633	12,038	34,329
	ਜੋੜ ...	10,30,000			
	ਜ਼ਿਲ੍ਹਾ ਜਲੰਧਰ				
105.	ਸਿੱਖ ਨੈਸ਼ਨਲ ਕਾਲਜ, ਬੰਗਾ	80,000	18,495	20,422	41,083
106.	ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ, ਬਾਬਾ ਸੰਘ, ਢੇਸੀਆਂ	30,000	205	6,030	23,765
107.	ਗੁਰੂ ਨਾਨਕ ਖਾਲਸਾ ਕਾਲਜ, ਡਰੋਲੀ ਕਲਾਂ	60,000	8,219	11,812	39,969
108.	ਡੀ. ਏ. ਵੀ. ਕਾਲਜ, ਜਲੰਧਰ	7,80,000	2,89,925	90,724	3,99,351
109.	ਦੁਆਬਾ ਕਾਲਜ, ਜਲੰਧਰ	2,00,000	32,792	28,231	1,38,977
110.	ਲਾਇਲਪੁਰ ਖਾਲਸਾ ਕਾਲਜ, ਜਲੰਧਰ	4,00,000	1,56,530	55,468	1,88,002
111.	ਹੰਸ ਰਾਜ ਮਹਿਲਾ ਮਹਾਂ-ਵਿਦਿਆਲਾ, ਜਲੰਧਰ	10,000	...	...	10,000
112.	ਕੰਨਿਆ ਮਹਾਂ ਵਿਦਿਆਲਾ ਕਾਲਜ, ਜਲੰਧਰ	3,80,000	1,29,086	15,723	2,35,191
113.	ਬਨਾਰਸੀ ਦਾਸ ਆਰੀਆ ਗਰਲਜ਼ ਕਾਲਜ, ਜਲੰਧਰ	90,000	31,847	4,148	54,005
114.	ਐਮ. ਜੀ. ਐਨ. ਕਾਲਜ ਆਫ ਐਜੂਕੇਸ਼ਨ, ਜਲੰਧਰ	70,000	24,762	6,761	38,477

Original with;
Punjab Vidhan Sabha
Digitized by;
Panjab Digital Library

1	2	3	4	5	6
115.	ਐਸ. ਡੀ. ਕਾਲਜ ਆਫ ਵਿਮੈਨ, ਨਹਿਰੂ ਗਾਰਡਨ ਰੋਡ, ਜਲੰਧਰ ਸਿਟੀ	1,30,000	52,257	7,884	69,859
116.	ਏ. ਪੀ. ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ	1,50,000	89,373	3,089	57,538
117.	ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ, ਜਲੰਧਰ	1,90,000	77,142	18,776	94,082
118.	ਗੁਰੂ ਗੋਬਿੰਦ ਸਿੰਘ ਰੀਪਬਲਿਕ ਕਾਲਜ, ਜੰਡਿਆਲਾ	90,000	18,024	22,266	49,710
119.	ਜਨਤਾ ਕਾਲਜ, ਕਰਤਾਰ-ਪੁਰ	20,000	...	8,209	11,791
120.	ਕੇ. ਆਰ. ਐਮ. ਡੀ. ਏ. ਵੀ. ਕਾਲਜ, ਨਕੋਦਰ	1,10,000	37,321	14,825	57,854
121.	ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ	70,000	3,164	20,104	46,732
122.	ਗੁਰੂ ਨਾਨਕ ਨੈਸ਼ਨਲ ਕਾਲਜ ਫਾਰ ਵਿਮੈਨ, ਨਕੋਦਰ	1,50,000	67,339	14,999	67,662
123.	ਆਰ. ਕੇ. ਆਰਿਆ ਕਾਲਜ ਨਵਾਂ ਸ਼ਹਿਰ ਦੁਆਬਾ	1,70,000	47,626	23,747	98,627
124.	ਬੀ. ਐਲ. ਐਮ., ਨਵਾਂ ਸ਼ਹਿਰ ਦੁਆਬਾ	1,10,000	36,949	20,997	52,054

Original with;
Punjab Vidhan Sabha
Digitized by;
Panjab Digital Library

1	2	3	4	5	6
125.	ਡੀ. ਏ. ਐਨ. ਕਾਲਜ ਆਫ ਐਜੂਕੇਸ਼ਨ, ਨਵਾਂ ਸ਼ਹਿਰ ਦੁਆਬਾ	1,40,000	67,674	17,711	54,615
	ਜੋੜ ...	34,30,000			
	ਜ਼ਿਲ੍ਹਾ ਕਪੂਰਥਲਾ				
126.	ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਕਾਲਜ, ਡਮੇਲੀ	60,000	24,917	6,792	28,291
127.	ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ, ਕਪੂਰਥਲਾ	30,000	8,812	6,470	14,718
128.	ਹਿੰਦੂ ਕੰਨਿਆਂ ਕਾਲਜ, ਕਪੂਰਥਲਾ	50,000	13,935	4,654	31,411
129.	ਗੁਰੂ ਨਾਨਕ ਪ੍ਰੇਮ ਕਰਮ-ਸਰ ਖਾਲਸਾ ਕਾਲਜ, ਨਡਾਲਾ	10,000	...	6,478	3,522
130.	ਗੁਰੂ ਨਾਨਕ ਨਵ ਭਾਰਤ ਕਾਲਜ, ਨਰੂਰ ਪਾਂਛਟ	10,000	...	2,110	7,890
131.	ਰਾਮ ਗੜ੍ਹੀਆ ਕਾਲਜ, ਫਗਵਾੜਾ	2,00,000	63,321	60,953	75,726
132.	ਗੁਰੂ ਨਾਨਕ ਭਾਈ ਲਾਲੋ ਰਾਮ ਗੜ੍ਹੀਆ ਕਾਲਜ ਫਾਰ ਵਿਮੈਨ, ਫਗਵਾੜਾ	1,20,000	48,135	11,129	60,736
133.	ਕਮਲਾ ਨਹਿਰੂ ਕਾਲਜ ਫਾਰ ਵਿਮੈਨ, ਫਗਵਾੜਾ	80,000	25,164	4,519	50,317

Original with;
Punjab Vidhan Sabha
Digitized by;
Panjab Digital Library

1	2	3	4	5	6
134.	ਰਾਮ ਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ	1,30,000	60,681	15,890	53,429
135.	ਗੁਰੂ ਨਾਨਕ ਕਾਲਜ ਸੁਖਚੈਨਾ ਸਾਹਿਬ, ਫਗਵਾੜਾ	50,000	...	10,823	39,175
136.	ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ	50,000	...	22,213	27,787
137.	ਐਸ. ਡੀ. ਕਾਲਜ ਫਾਰ ਵਿਮੈਨ, ਸੁਲਤਾਨਪੁਰ ਲੋਧੀ	1,10,000	42,597	14,003	53,400
	ਜੋੜ ...	9,00,000			
	ਕੁੱਲ ਜੋੜ ...	1,75,11,000			

(ਰੁਪਏ ਇਕ ਕਰੋੜ ਪਚੱਤਰ ਲੱਖ ਅਤੇ ਗਿਆਰਾਂ ਹਜ਼ਾਰ ਕੇਵਲ)

95% ਘਾਟੇ ਦੀ ਗਰਾਂਟ—ਪੈਂਡਿੰਗ ਬੈਂਕ ਡਰਾਫਟਾਂ ਦੀ ਸੂਚੀ

ਹੇਠ ਲਿਖੇ ਪ੍ਰਾਈਵੇਟ ਕਾਲਜਾਂ ਦੀ ਗਰਾਂਟ ਦੇ ਬੈਂਕ ਡਰਾਫਟ ਦਸਤਾਵੇਜ਼ ਨਾ ਭੇਜਣ ਕਾਰਣ ਜਾਰੀ ਨਹੀਂ ਕੀਤੇ ਗਏ ਹਨ :--

ਲੜੀ ਨੰ:	ਕਾਲਜ ਦਾ ਨਾਂ	ਰਕਮ	ਸਮਾਂ
1	ਗੁਰੂ ਨਾਨਕ ਪਰੇਮ ਕਰਮਸਰ ਕਾਲਜ, ਨਡਾਲਾ	10,000	1 ਦਸੰਬਰ, 1981 ਤੋਂ 28 ਫਰਵਰੀ, 1982
2	ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸ਼ਨ, ਲੋਪੋਂ	40,000	,,
3	ਸ੍ਰੀ ਲਾਲ ਬਹਾਦੁਰ ਸ਼ਾਸਤਰੀ ਕਾਲਜ, ਬਰਨਾਲਾ	30,000	,,

Original with;
Punjab Vidhan Sabha
Digitized by;
Panjab Digital Library

1	2	3	4
4	ਆਰ: ਆਰ: ਬਾਵਾ ਡੀ. ਏ. ਵੀ. ਕਾਲਜ ਫਾਰ ਗਰਲਜ਼, ਬਟਾਲਾ	1,40,000	,,
5	ਹਿੰਦੂ ਕੰਨਿਆ ਮਹਾਂ ਵਿਦਿਆਲਾ, ਧਾਰੀਵਾਲ	30,000	,,
6	ਐਸ: ਐਨ: ਕਾਲਜ, ਕਾਦੀਆਂ ...	50,000	,,
7	ਜੀ. ਐਨ. ਖਾਲਸਾ ਕਾਲਜ, ਬਾਬਾ ਸੰਘ ਢੇਸੀਆਂ	30,000	,,
*8	ਜੀ. ਜੀ. ਐਸ: ਰੀਪਬਲਿਕ ਕਾਲਜ, ਜੰਡਿਆਲਾ	51,000	,,
9	ਜੀ. ਐਨ. ਨੈਸ਼ਨਲ ਕਾਲਜ (ਇਸਤਰੀਆਂ), ਨਕੋਦਰ	1,50,000	,,
*10	ਖਾਲਸਾ ਕਾਲਜ, ਗੜ੍ਹਦੀਵਾਲਾ (1 ਸਤੰਬਰ, 1981 ਤੋਂ 30 ਨਵੰਬਰ, 1981)	35,000	1 ਸਤੰਬਰ, 1981 ਤੋਂ 30 ਨਵੰਬਰ, 1981

*ਕਾਲਜਾਂ ਦੀ ਗਰਾਂਟ ਵਿਕਾਸ ਗਰਾਂਟ ਦਾ ਵਰਤੋਂ ਸਰਟੀਫਿਕੇਟ ਨਾ ਪ੍ਰਾਪਤ ਹੋਣ ਕਾਰਣ ਰੋਕੀ ਹੋਈ ਹੈ ।

POINTS OF ORDER *re.* ALLEGED POLICE EXCESSES AT VILLAGE DAUKE, DISTRICT AMRITSAR

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ** ** **

ਵਦ ਕਰਤਾਰ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਜੋ ਕੁਝ ਬਗੈਰ ਪਰਮਿਸ਼ਨ ਦੇ ਮੈਂਬਰ ਸਾਹਿਬਾਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ। ਇਹ ਹਾਊਸ ਦਾ ਕੋਈ ਮਾਮਲਾ ਨਹੀਂ ਹੈ ਜਿਸ ਬਾਰੇ ਇਹ ਕਹਿ ਰਹੇ ਹਨ । ਇਹ ਬਾਹਰ ਦੀ ਕਮੇਟੀ ਹੈ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ** ** **

**Expunged/Not recorded as orderd by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜੋ ਕੁਝ ਇਹ ਬਗੈਰ ਪਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ ।

ਮਾਸਟਰ ਬਾਬੂ ਸਿੰਘ।

ਵੈਦ ਕਰਤਾਰ ਸਿਘ : ** ** **

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ ।

ਮਾਸਟਰ ਬਾਬੂ ਸਿੰਘ : ** * * **

Mr. Speaker: This is no point of order.

ਮਾਸਟਰ ਚੰਦ ਸਿੰਘ : ** ** **

Mr. Speaker: This is no point of order.

ਸਰਦਾਰ ਲੱਖਾ ਸਿੰਘ: ਸਪੀਕਰ ਸਾਹਿਬ, ਦਾਉਕੇ ਪਿੰਡ ਦੀ ਗੱਲ ਚਲ ਰਹੀ ਹੈ । ਇਹ ਉਸ ਬਾਰੇ ਬੜੀਆਂ ਵਧਾ ਚੜ੍ਹਾ ਕੇ ਗੱਲਾਂ ਕਰ ਰਹੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਸਾਰਾ ਪਿੰਡ ਸਮੱਗਲਰਾਂ ਦਾ ਹੈ । (ਵਿਘਨ) ਸਰਪੰਚ ਦਾ ਮੂੰਹ ਕਾਲਾ ਨਹੀਂ ਕੀਤਾ ਗਿਆ । ਉਹ ਮੈਨੂੰ ਦੋ ਵਾਰ ਮਿਲਿਆ ਹੈ । ਇਹ ਦੂਸਰੇ ਦੇ ਮੋਢੇ ਤੇ ਰੱਖ ਕੇ ਬੰਦੂਕ ਚਲਾਉਂਦੇ ਹਨ । (ਵਿਘਨ) (ਸ਼ੋਰ)

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ: ਇਹ ਰਿਕਾਰਡ ਨਾ ਕੀਤਾ ਜਾਵੇ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿਦੜਬਾਹਾ) : ਸਪੀਕਰ ਸਾਹਿਬ, ਇਹ ਪਿੰਡ ਦਾਉਕੇ ਦਾ ਕਿਸ ਹੈ, ਇਸ ਬਾਰੇ ਅਸੈਂਬਲੀ ਵਿਚ ਵੀ ਆਇਆ, ਪ੍ਰੈਸ ਵਿਚ ਵੀ ਆਇਆ ਅਤੇ ਅਸੀਂ ਪੜ੍ਹਿਆ । ਪ੍ਰੈਸ ਵਾਲੇ ਸ਼ਾਇਦ ਕੁਝ ਵਧਾ ਚੜ੍ਹਾ ਕੇ ਲਿਖ ਦਿੰਦੇ ਹੋਣ । ਮੈਂ ਉਥੇ ਪਿੰਡ ਵਿਚ ਗਿਆ । ਉਥੇ ਮੈਂ ਇਕ ਇਕ ਘਰ ਵਿਚ ਜਾ ਕੇ ਸਾਰੇ ਪਰਿਵਾਰਾਂ ਨਾਲ ਗੱਲ ਕੀਤੀ। ਸਪੀਕਰ ਸਾਹਿਬ, ਜੋ ਕੁਝ ਉਥੇ ਹੋਇਆ ਮੇਰਾ ਖਿਆਲ ਹੈ ਕਿ ਪੰਜਾਬ ਦੇ ਇਤਿਹਾਸ ਵਿਚ ਅਜਿਹੀ ਬਹੁਤ ਹੀ ਘਟ ਘਟਨਾ ਹੋਈ ਹੋਣੀ ਹੈ । ਮੈਨੂੰ ਇਹ ਸੁਣ ਕੇ ਬੜਾ ਦੁਖ ਹੋਇਆ ਕਿ ਹੁਣੇ ਹੀ ਸਾਹਮਣੇ ਬੈਠੇ ਮਾਨਯੋਗ ਮੈਂਬਰ ਨੇ ਕਿਹਾ ਕਿ ਉਸ ਪਿੰਡ ਦੇ ਸਾਰੇ ਦੇ ਸਾਰੇ ਬੰਦੇ ਸਮੱਗਲਰ ਹਨ । ਬਾਰਡਰ ਤੇ ਬੈਠੇ ਲੋਕਾਂ ਨੂੰ ਇਸ ਤਰ੍ਹਾਂ ਕੰਡੈਮ ਕਰਨਾ ਕਿ ਉਹ ਸਮਗਲਰ ਹਨ, ਇਹ ਠੀਕ ਨਹੀਂ ਹੈ । ਮੈਂ ਸਮਝਦਾ ਹਾਂ ਕਿ ਉਹ ਸਮੱਗਲਰ ਨਹੀਂ ਹਨ, ਉਹ ਬਹਾਦਰ ਲੋਕ ਹਨ ਜਿਸ ਤਰ੍ਹਾਂ ਉਹ ਬਾਰਡਰ ਤੇ ਰਹਿੰਦੇ ਹਨ (ਥੰਪਿੰਗ) ਉਨ੍ਹਾਂ ਦੇ ਤਿੰਨ ਪਾਸੇ ਪਾਕਿਸਤਾਨ ਲਗਦਾ ਹੈ । ਸਪੀਕਰ ਸਾਹਿਬ, ਕਮੇਟੀਆਂ ਬਣਾ ਕੇ ਫਿਰ ਉਨ੍ਹਾਂ ਦਾ ਮਜ਼ਾਕ ਉਡਾਉਣਾ ਠੀਕ ਨਹੀਂ ਹੈ । ਸੀ. ਐਮ. ਨੇ ਕਮੇਟੀ ਬਣਾਈ ਸੀ । ਇਸ ਦਾ ਮਤਲਬ ਇਹ ਨਹੀਂ ਕਿ ਕਮੇਟੀ ਬਣਾ ਕੇ ਫਿਰ ਉਸ ਦੇ ਬਾਅਦ ਟਾਲਮਟੋਲ ਕਰਦੇ ਜਾਣਾ ਅਤੇ ਸਮਾਂ ਲੰਘਾਉਂਦੇ ਜਾਣਾ । ਕਮੇਟੀ ਬਣਾਉਣ ਦਾ ਮਤਲਬ ਸੀ ਕਿ ਕਮੇਟੀ ਆਪਣੀ ਰਿਪੋਰਟ ਦੇਵੇਗੀ ਅਤੇ ਉਹ ਹਾਊਸ ਵਿਚ ਆਵੇਗੀ । (ਵਿਘਨ) ਸਪੀਕਰ ਸਾਹਿਬ, ਮੈਨੂੰ ਪਤਾ ਲਗਾ ਹੈ ਕਿ ਡੀ. ਆਈ. ਜੀ. (ਸੀ. ਆਈ. ਡੀ.) ਨੇ ਇਸ ਬਾਰੇ ਰਿਪੋਰਟ ਦਿਤੀ ਹੈ । ਉਸ ਦੀ ਰਿਪੋਰਟ ਹਾਊਸ ਵਿਚ ਰੱਖੀ ਜਾਵੇ ਅਤੇ ਨਾਲ ਦੇ ਨਾਲ ਹੀ ਮੈਂਬਰਜ਼ ਦੀ ਕਮੇਟੀ ਦੀ ਜਿਹੜੀ ਰਿਪੋਰਟ ਹੈ ਉਹ ਵੀ ਇਥੇ ਰੱਖੀ ਜਾਵੇ । (ਵਿਘਨ) ਰੂਲਿੰਗ ਪਾਰਟੀ ਦੇ ਮੈਂਬਰ ਕਹਿੰਦੇ ਹਨ ਕਿ ਅਸੀਂ ਰਿਪੋਰਟ ਕਿਵੇਂ ਦੇ ਸਕਦੇ ਹਾਂ । (ਵਿਘਨ) ਉਹ ਕਹਿੰਦੇ ਹਨ ਕਿ ਸਾਡੀਆਂ ਮਜਬੂਰੀਆਂ ਹਨ । (ਵਿਘਨ) ਸਪੀਕਰ ਸਾਹਿਬ,

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਤੁਸੀਂ ਸਾਡੇ ਕਸਟੋਡੀਅਨ ਹੋ। ਤੁਸੀਂ ਸੀ. ਐਮ. ਨੂੰ ਕਹੋ ਕਿ ਉਹ ਸਦਨ ਵਿਚ ਸਟੇਟਮੈਂਟ ਦੇਣ ਅਤੇ ਸਾਰੇ ਹਾਲਾਤ ਨੂੰ ਇਥੇ ਰਖਣ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਮੈਂ ਉਸ ਮੀਟਿੰਗ ਵਿਚ ਸ਼ਾਮਿਲ ਸੀ ਜਿਹੜੀ ਚੀਫ਼ ਮਨਿਸਟਰ ਦੇ ਕਮਰੇ ਵਿਚ ਹੋਈ ਜਿਥੇ ਬਾਦਲ ਸਾਹਿਬ ਹਾਜ਼ਰ ਸਨ ਅਤੇ ਹੋਰ ਪਾਰਟੀਆਂ ਦੇ ਲੀਡਰਾਂ ਨੂੰ, ਡਾਕਟਰ ਭਗਤ ਸਿੰਘ ਨੂੰ ਵੀ ਅਤੇ ਸਰਦਾਰ ਸੰਤੋਖ ਸਿੰਘ ਨੂੰ ਵੀ ਉਥੇ ਬੁਲਾਇਆ ਸੀ। ਅਸੀਂ ਚੀਫ਼ ਮਨਿਸਟਰ ਨੂੰ ਕਿਹਾ ਕਿ ਬੇਸ਼ਕ ਸਾਡੀ ਪਾਰਟੀ ਦੇ ਮੈਂਬਰ ਇਸ ਵਿਚ ਸ਼ਾਮਲ ਨਾ ਕੀਤੇ ਜਾਣ। ਕਮੇਟੀ ਮੁਕੱਰਰ ਹੋਈ ਅਤੇ ਉਸ ਕਮੇਟੀ ਨੇ ਵਿਜ਼ਿਟ ਕੀਤਾ। ਉਹ ਕਮੇਟੀ ਉਥੇ ਗਈ। ਬਾਦਲ ਸਾਹਿਬ ਵੀ ਉਥੇ ਗਏ। ਸਪੀਕਰ ਸਾਹਿਬ, ਬਦ ਕਿਸਮਤੀ ਦੀ ਗਲ ਹੈ ਕਿ ਕਮੇਟੀ ਦੀ ਰਿਪੋਰਟ ਨਹੀਂ ਆਈ। (ਵਿਘਨ) ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਦੇ ਆਪਣੇ ਵਿਊਜ਼ ਹੋ ਸਕਦੇ ਹਨ, ਰੂਲਿੰਗ ਪਾਰਟੀ ਦੇ ਮੈਂਬਰਾਂ ਦੇ ਆਪਣੇ ਵਿਊਜ਼ ਹੋ ਸਕਦੇ ਹਨ। (ਵਿਘਨ) ਸਪੀਕਰ ਸਾਹਿਬ, ਇਹ ਜਸਟੀਫਾਈਡ ਡਿਮਾਂਡ ਹੈ ਕਿ ਕਮੇਟੀ ਦੀ ਰਿਪੋਰਟ ਸਦਨ ਵਿਚ ਲਿਆਂਦੀ ਜਾਵੇ। (ਵਿਘਨ) ਸੀ. ਐਮ. ਸਟੇਟਮੈਂਟ ਦੇ ਦੇਣ। (ਵਿਘਨ) ਸਪੀਕਰ ਸਾਹਿਬ, ਅਗਰ ਇਨ੍ਹਾਂ ਨੇ ਉਸ ਰਿਪੋਰਟ ਨੂੰ ਆਧਾਰ ਨਹੀਂ ਬਣਾਉਣਾ ਤਾਂ ਕਮ-ਅਜ਼-ਕਮ ਡੀ. ਆਈ. ਜੀ. (ਸੀ. ਆਈ.ਡੀ.) ਦੀ ਜਿਹੜੀ ਰਿਪੋਰਟ ਹੈ ਉਹ ਸਦਨ ਵਿਚ ਰਖਣ। ਮੈਂ ਤਾਂ ਇਹ ਵੀ ਕਹਾਂਗਾ ਕਿ ਮੈਂਬਰਾਂ ਦੀ ਕਮੇਟੀ ਦੀ ਜਿਹੜੀ ਰਿਪੋਰਟ ਹੈ ਉਹ ਸਦਨ ਵਿਚ ਲਿਆਂਦੀ ਜਾਵੇ। ਸਪੀਕਰ ਸਾਹਿਬ, ਇਹ ਮਸਲਾ ਬੜਾ ਸੀਰੀਅਸ ਉਠਿਆ ਹੈ। ਇਸ ਨੂੰ ਬਰੱਸ਼ ਅਪ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਲੋਕਾਂ ਵਿਚ ਸਾਡਾ ਪ੍ਰੈਸਟਿਜ ਨਹੀਂ ਬਣੇਗਾ। ਇਸ ਤਰ੍ਹਾਂ ਹਾਊਸ ਦਾ ਮਾਣ ਨਹੀਂ ਵਧੇਗਾ। ਇਸ ਤਰ੍ਹਾਂ ਹਾਊਸ ਦਾ ਮਾਣ ਘਟੇਗਾ। ਅੱਜ ਹਾਊਸ ਦਾ ਆਖਰੀ ਦਿਨ ਹੈ ਅਤੇ ਇਸ ਨੇ ਸਾਈਨੇ-ਡਾਈ ਉਠ ਜਾਣਾ ਹੈ। ਇਸ ਲਈ ਜਾਂਦੇ ਹੋਏ ਮਾੜਾ ਇੰਪਰੈਸ਼ਨ ਦੇ ਕੇ ਨਹੀਂ ਜਾਣਾ ਚਾਹੀਦਾ। ਤੁਸੀਂ ਸੀ. ਐਮ. ਨੂੰ ਕਹੋ ਕਿ ਉਹ ਸਟੇਟਮੈਂਟ ਦੇ ਦੇਣ। ਹੋ ਸਕਦਾ ਹੈ ਕਿ ਇਸ ਨਾਲ ਆਪੋਜ਼ੀਸ਼ਨ ਵਾਲੇ ਸੰਤੁਸ਼ਟ ਹੋ ਜਾਣ। ਜੇ ਸੰਤੁਸ਼ਟੀ ਨਹੀਂ ਹੁੰਦੀ ਤਾਂ ਉਹ ਆਪਣੇ ਵਿਊਜ਼ ਦੇ ਸਕਦੇ ਹਨ। ਸੋ ਇਹ ਕੋਈ ਐਡੀ ਵੱਡੀ ਗੱਲ ਨਹੀਂ ਹੈ, ਤੁਸੀਂ ਸੀ. ਐਮ. ਨੂੰ ਕਹੋ ਕਿ ਉਹ ਸਟੇਟਮੈਂਟ ਦੇ ਦੇਣ। (ਵਿਘਨ) ਬਾਦਲ ਸਾਹਿਬ ਨੇ ਜੋ ਕਿਹਾ ਹੈ, ਮੈਂ ਉਸ ਦੀ ਪੁੜਤਾ ਕਰਦਾ ਹਾਂ।

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਸ ਕਮੇਟੀ ਦੇ ਬਾਰੇ ਕੁਝ ਗੱਲਾਂ ਕਹੀਆਂ ਹਨ। ਸਪੀਕਰ ਸਾਹਿਬ, ਤੁਹਾਡੇ ਚੈਂਬਰ ਵਿਚ ਆਪੋਜ਼ੀਸ਼ਨ ਪਾਰਟੀਆਂ ਦੇ ਲੀਡਰਾਂ ਦੇ ਕਹਿਣ ਤੇ ਸੀ. ਐਮ. ਸਾਹਿਬ ਨੇ ਇਕ ਕਮੇਟੀ ਬਣਾਈ। ਮੈਂ ਵੀ ਉਸ ਕਮੇਟੀ ਦਾ ਮੈਂਬਰ ਹਾਂ। (ਵਿਘਨ) ਉਸ ਕਮੇਟੀ ਵਿਚ ਇਨ੍ਹਾਂ ਦੇ ਵੀ ਮੈਂਬਰ ਹਨ। That is not a Committee of the House. That was appointed by the Government and we will submit our report to the Government.

ਇਨ੍ਹਾਂ ਦਾ ਇਹ ਕਹਿਣਾ ਕਿ ਸਾਡੇ ਮੈਂਬਰ ਕਹਿੰਦੇ ਹਨ ਕਿ ਅਸੀਂ ਕਿਵੇਂ ਰਿਪੋਰਟ ਦੇ ਦੇਈਏ, ਇਹ ਗਲਤ ਗੱਲ ਹੈ। ਬਾਦਲ ਸਾਹਿਬ ਨਾਲ ਕਿਸੇ ਨੇ ਇਸ ਤਰ੍ਹਾਂ ਦੀ ਗੱਲ ਨਹੀਂ ਕੀਤੀ। (ਵਿਘਨ) ਛੁੱਟੀ ਵਾਲਾ ਦਿਨ ਸੀ। ਅਸੀਂ ਪਿੰਡ ਦਾਉਕੇ ਵਿਜ਼ਿਟ ਕੀਤਾ। (ਵਿਘਨ) Why are you interrupting me? ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਅਸੀਂ ਸੰਡੇ ਵਾਲੇ ਦਿਨ ਉਥੇ ਗਏ। ਇਹ ਵੀ ਨਾਲ ਸਨ। ਅਸੀਂ ਪਿੰਡ ਦੇ ਇਕ ਇਕ ਘਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਵਿਚ ਗਏ । (ਵਿਘਨ) ਸਾਰਿਆਂ ਦੀ ਤਸੱਲੀ ਕਰਵਾਈ ਸੀ । ਇਨ੍ਹਾਂ ਨੂੰ ਅਸੀਂ ਇਹ ਬੇਨਤੀ ਕੀਤੀ ਕਿ ਅਸੀਂ ਇਕ ਸਾਈਡ ਦਾ ਵਰਸ਼ਨ ਸੁਣ ਲਿਆ ਹੈ, ਤੁਸੀਂ ਜੇ ਇਨਸਾਫ ਕਰਨਾ ਹੈ ਤਾਂ ਸਾਨੂੰ ਦੂਸਰੀ ਸਾਈਡ ਦਾ ਵਰਸ਼ਨ ਵੀ ਸੁਣਨਾ ਚਾਹੀਦਾ ਹੈ । ਸਾਨੂੰ ਦੋਨੋਂ ਪਾਰਟੀਆਂ ਨੂੰ ਸੁਣਨਾ ਚਾਹੀਦਾ ਹੈ । ਅਸੀਂ ਪੁਲਿਸ ਦਾ ਵਰਸ਼ਨ ਵੀ ਜ਼ਰੂਰ ਸੁਣਨਾ ਚਾਹਾਂਗੇ । ਕੁਝ ਬੰਦੇ ਸਾਨੂੰ ਮਿਲ ਨਹੀਂ ਸਕੇ । ਅਸੀਂ ਸ਼ਾਮ ਦੇ 6.00 ਵਜੇ ਤਕ ਅੰਮ੍ਰਿਤਸਰ ਵਿਚ ਇੰਤਜ਼ਾਰ ਕਰਦੇ ਰਹੇ । ਇਸ ਬਾਰੇ ਮਾਸਟਰ ਚੰਦ ਸਿੰਘ ਜੀ ਦੱਸਣਗੇ । ਜਿਹੜੇ ਇਸ ਕੇਸ ਵਿਚ ਇਨਵਾਲਵਡ ਹਨ ਅਸੀਂ ਉਨ੍ਹਾਂ ਦੇ ਵਰਸ਼ਨ ਸੁਣਾਂਗੇ । ਉਸ ਤੋਂ ਬਾਅਦ ਅਸੀਂ ਗੌਰਮਿੰਟ ਨੂੰ ਰਿਪੋਰਟ ਦੇਣੀ ਹੈ । ਜੋ ਕਨਵੀਨਰ ਸ਼੍ਰੀ ਜੋਗਿੰਦਰ ਨਾਥ ਜੀ ਬਣੇ ਹਨ ਉਨ੍ਹਾਂ ਨੇ ਪਿਛਲੇ ਹਫਤੇ ਮੀਟਿੰਗ ਰਖੀ ਸੀ ਅਤੇ ਉਹ ਉਥੇ ਜਾ ਕੇ ਵੀ ਆਏ ਹਨ । ਉਨ੍ਹਾਂ ਨੂੰ ਕੁਝ ਪੁਲਿਸ ਅਫਸਰ ਨਹੀਂ ਮਿਲੇ । ਇਸ ਤਰ੍ਹਾਂ ਕਮੇਟੀ ਤੇ ਇਨ੍ਹਾਂ ਵਲੋਂ (ਵਿਰੋਧੀ ਧਿਰ ਵਲ ਇਸ਼ਾਰਾ) ਅੈਸਪਰਸ਼ਨ ਕਰਨਾ ਇਹ ਇਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ। ਸੈਸ਼ਨ ਖਤਮ ਹੋ ਜਾਵੇ, ਤੁਸੀਂ ਦੋ ਤਿੰਨ ਦਿਨ ਦਾ ਟਾਈਮ ਸਾਨੂੰ ਦਿਓ, ਅਸੀਂ ਆਪਣੀ ਰਿਪੋਰਟ ਤਿਆਰ ਕਰਾਂਗੇ ਅੈਂਡ ਅਸੀਂ ਫੇਅਰ ਜਸਟਿਸ ਕਰਾਂਗੇ ।

ਕਾਮਰੇਡ ਦਰਸ਼ਨ ਸਿੰਘ ਝਬਾਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਇਹ ਕਮੇਟੀ ਹਾਊਸ ਦੀ ਨਹੀਂ, ਬਾਹਰ ਬਣੀ ਸੀ ਜਿਹੜੀ ਲੀਡਰ ਆਫ ਦੀ ਆਪੋਜ਼ੀਸ਼ਨ ਅੈਂਡ ਅਦਰ ਮੈਂਬਰਜ਼ ਆਫ ਡਿਫਰੈਂਟ ਪਾਰਟੀਜ਼ ਦੀ ਚੀਫ ਮਨਿਸਟਰ ਸਾਹਿਬ ਵਲੋਂ ਬਣਾਈ ਗਈ ਸੀ। ਉਸ ਕਮੇਟੀ ਦੇ ਮੈਂਬਰ ਨੇ ਕਹਿ ਦਿਤਾ ਹੈ ਕਿ ਰਿਪੋਰਟ ਕੰਪਲੀਟ ਨਹੀਂ ਹੋਈ । I do not allow any further discussion on the matter. (Interruption and Noise). Sardar Baldev Singh Mann may read his Call Attention Notice.

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ** **

Mr. Speaker : I do not allow. Nothing should be recorded.

ਸਰਦਾਰ ਨੱਥਾ ਸਿੰਘ ਦਾਲਮ : ** ** **

ਵੈਦ ਕਰਤਾਰ ਸਿੰਘ : ** ** **

ਸ਼੍ਰੀ ਸਪੀਕਰ : ਜੋ ਕੁਝ ਮੈਂਬਰ ਸਾਹਿਬਾਨ ਕਹਿ ਰਹੇ ਹਨ without the permission of the chair ਇਹ ਰਿਕਾਰਡ ਨਾ ਕੀਤਾ ਜਾਵੇ।

WALK-OUT

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਅਸੀਂ ਜੋ ਬੇਨਤੀ ਕਰਦੇ ਹਾਂ ਉਸ ਦਾ ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੀ ਜਾਇਜ਼ ਗੱਲ ਹੁੰਦੀ ਹੈ ਉਸ ਦਾ ਵੀ ਤੁਹਾਡੇ ਤੇ ਕੋਈ ਅਸਰ ਨਹੀਂ ਹੁੰਦਾ। ਠੀਕ ਹੈ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਕਹਿ ਦਿਤਾ ਹੈ

** Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕਿ ਅਸੀਂ ਦੋ ਦਿਨ ਤੱਕ ਰਿਪੋਰਟ ਕਰ ਦੇਵਾਂਗੇ ਪਰ ਜੋ ਡੀ. ਆਈ. ਜੀ. ਦੀ ਰਿਪੋਰਟ ਹੈ ਉਹ ਤਾਂ ਦਸ ਦੇਣ ਤਾ ਕਿ ਐਮ. ਐਲ. ਏਜ਼. ਦੀ ਕੁਝ ਤਾਂ ਤਸੱਲੀ ਹੋਵੇ। ਜੇ ਸਪੀਕਰ ਸਾਹਿਬ, ਤੁਸੀਂ ਕੁਝ ਵੀ ਨਹੀਂ ਕਰਨਾ ਚਾਹੁੰਦੇ ਤਾਂ ਅਸੀਂ ਐਜ਼ ਦੇ ਪ੍ਰੋਟੈਸਟ ਵਾਕ-ਆਊਟ ਕਰਦੇ ਹਾਂ ।

(ਇਸ ਵਕਤ ਸ਼੍ਰੋਮਣੀ ਅਕਾਲੀ ਦਲ (ਐਲ) ਸਿਵਾਏ ਸਰਦਾਰ ਬਲਦੇਵ ਸਿੰਘ ਮਾਨ ਦੇ, ਸ਼੍ਰੋਮਣੀ ਅਕਾਲੀ ਦਲ (ਟੀ) ਅਤੇ ਸੀ. ਪੀ. ਆਈ. (ਐਮ) ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਦਨ ਚੋਂ ਬਾਹਰ ਚਲੇ ਗਏ) ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਹ ਇਕ ਜੈਨੂਅਨ ਮੰਗ ਹੈ । ਇਸ ਮਾਮਲੇ ਤੇ ਪ੍ਰਾਮਿਸ ਕੀਤਾ ਗਿਆ ਸੀ ਕਿ ਚੀਫ਼ ਮਨਿਸਟਰ ਸਾਹਿਬ ਸਟੇਟਮੈਂਟ ਕਰਨਗੇ । ਜੇ ਤੁਸੀਂ ਸਾਡੀ ਇਹ ਗੱਲ ਨਹੀਂ ਮੰਨਦੇ ਤਾਂ ਅਸੀਂ ਹੋਰ ਕੀ ਰਸਤਾ ਅਖਤਿਆਰ ਕਰ ਸਕਦੇ ਹਾਂ । ਅਸੀਂ ਨਿਹਾਇਤ ਅਫਸੋਸ ਨਾਲ ਵਾਕ-ਆਊਟ ਕਰਦੇ ਹਾਂ ।

(ਇਸ ਵਕਤ ਸੀ. ਪੀ. ਆਈ. ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਸਦਨ ਚੋਂ ਬਾਹਰ ਚਲੇ ਗਏ । ਸਦਨ ਚੋਂ ਬਾਹਰ ਜਾਂਦੇ ਸਮੇਂ ਮਾਨਯੋਗ ਮੈਂਬਰ ਨਾਹਰੇ ਲਗਾ ਰਹੇ ਸਨ**** ** ** ** ਜੋ ਕਿ ਸ਼੍ਰੀ ਸਪੀਕਰ ਦੇ ਹੁਕਮ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ) ।

Mr. Speaker : Nothing should be recorded.

POINTS OF ORDER *re.* ALLEGED POLICE EXCESSES AT VILLAGE DAUKE, DISTRICT AMRITSER.

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਇਕ ਕਲੈਰੀ-ਫਿਕੇਸ਼ਨ ਕਰਨਾ ਚਾਹੁੰਦਾ ਹਾਂ । ਉਸ ਮੀਟਿੰਗ ਵਿਚ ਮੈਂ ਨਹੀਂ ਸੀ, ਉਹ ਕਮੇਟੀ ਹਾਊਸ ਦੀ ਕਮੇਟੀ ਨਹੀਂ ਸੀ। ਜਿਹੜੀ ਆਪੋਜ਼ੀਸ਼ਨ ਰਹੀ ਹੈ ਇਹ ਫਾਰ ਆਪੋਜ਼ੀਸ਼ਨ ਸੇਕ ਰਹੀ ਹੈ। ਉਹ ਕਮੇਟੀ ਹਾਊਸ ਦੀ ਕਮੇਟੀ ਨਹੀਂ ਸੀ ਬਣੀ। ਯੂਨਾਨੀ ਮਸਲੀ ਫੈਸਲਾ ਹੋਇਆ ਸੀ ਕਿ ਇਸ ਕਮੇਟੀ ਨੂੰ ਹਾਊਸ ਕਮੇਟੀ ਨਾ ਮੰਨਿਆ ਜਾਵੇ ਔਰ ਇਸ ਗੱਲ ਤੇ ਬਾਦਲ ਸਾਹਿਬ ਸਹਿਮਤ ਸਨ। ਲੇਕਿਨ ਦੂਸਰੀ ਗਲ ਜੋ ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਜੋ ਵੀ ਫੈਕਟਸ ਹਨ, ਡੀ. ਆਈ. ਜੀ. (ਡੀ. ਆਈ. ਡੀ.) ਦੀ ਜੋ ਰਿਪੋਰਟ ਹੈ ਉਸ ਦੇ ਆਧਾਰ ਤੇ ਘਟੋ ਘਟ ਉਨ੍ਹਾਂ ਅਫਸਰਾਂ ਨੂੰ ਸਜ਼ਾਵਾਂ ਤਾਂ ਜ਼ਰੂਰ ਦਿਓ । ਇਹ ਤਾਂ ਘਟੋ ਘੱਟ ਐਸ਼ੋਰੈਂਸ ਇਥੇ ਦਿਤੀ ਜਾਣੀ ਚਾਹੀਦੀ ਹੈ ਕਿ ਜਿਹੜੀ ਡੀ.ਆਈ. ਜੀ. (ਸੀ. ਆਈ. ਡੀ.) ਦੀ ਰਿਪੋਰਟ ਹੈ ਉਸ ਦੇ ਆਧਾਰ ਤੇ ਅਫਸਰਾਂ ਨੂੰ ਸਜ਼ਾਵਾਂ ਦਿਤੀਆਂ ਜਾਣਗੀਆਂ ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਇੰਟਰ ਵੀਨ ਕਰਨਾ ਚਾਹੁੰਦਾ ਹਾਂ । ਇਹ ਮਾਮਲਾ ਸਪੀਕਰ ਸਾਹਿਬ, ਹਾਊਸ ਵਿਚ ਆਇਆ ਸੀ ਔਰ ਲੀਡਰ ਆਫ ਦੀ ਹਾਊਸ ਨੇ ਯਕੀਨ ਦਿਵਾਇਆ ਸੀ ਕਿ ਅਸੀਂ ਮੀਟਿੰਗ ਕਰਾਂਗੇ ਔਰ ਚੀਫ਼ ਮਨਿਸਟਰ ਨੇ ਲੀਡਰ ਆਫ ਦੀ ਅਪੋਜ਼ੀਸ਼ਨ ਨਾਲ ਮੀਟਿੰਗ

** Not recorded as ordered by the Chair

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕੀਤੀ । ਇਨ੍ਹਾਂ ਦੀ ਮਰਜ਼ੀ ਨਾਲ ਐਮ. ਐਲ. ਏਜ਼. ਸਾਹਿਬਾਨ ਦੀ ਇਕ ਕਮੇਟੀ ਬਣੀ ਜਿਹੜੀ ਹਾਊਸ ਕਮੇਟੀ ਨਹੀਂ ਸੀ। ਕਮੇਟੀ ਦੇ ਮੈਂਬਰ ਨੇ ਇਹ ਇਥੇ ਕਲੀਅਰ ਕੀਤਾ ਹੈ ਕਿ ਅਸੀਂ ਸੈਸ਼ਨ ਵਿਚ ਮੁਸਰੂਫ ਸੀ ਅੱਤੇ 2 ਵਾਰੀ ਛੁਟੀਆਂ ਵਿਚ ਉਥੇ ਗਏ, ਕਨਵੀਨਰ ਸਾਹਿਬ ਵੀ ਗਏ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਮੇਟੀ ਜੋ ਵੀ ਰਿਪੋਰਟ ਪੇਸ਼ ਕਰੇਗੀ ਪੰਜਾਬ ਸਰਕਾਰ ਉਸ ਤੇ ਐਕਸ਼ਨ ਲਵੇਗੀ। ਜੇ ਕਿਸੇ ਨੇ ਜ਼ੁਲਮ ਕੋਈ ਕੀਤਾ ਹੋਇਆ ਹੋਵੇਗਾ ਤਾਂ ਉਸ ਦੇ ਖਿਲਾਫ ਜ਼ਰੂਰ ਐਕਸ਼ਨ ਲਿਆ ਜਾਵੇਗਾ । ਇਸ ਤਰ੍ਹਾਂ ਅਪੋਜ਼ੀਸ਼ਨ ਨੂੰ ਕਰਨਾ ਕੋਈ ਮੁਨਾਸਿਬ ਗੱਲ ਨਹੀਂ ਹੈ ।

CALL ATTENTION NOTICES UNDER RULE 66

(ਕ੍ਰਮ ਨੰ: 172)

ਸਰਦਾਰ ਬਲਦੇਵ ਸਿੰਘ ਮਾਨ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਸਰਕਾਰ ਵਲੋਂ ਸਲੈਕ ਕੋਲਾ ਲਿਆਉਣ ਲਈ ਦਿੱਤੇ ਗਏ ਅਥਾਰਿਟੀ ਪੱਤਰ ਜਿਨ੍ਹਾਂ ਅਨੁਸਾਰ ਕੋਲੇ ਦੀ ਖਪਤ 25,000 ਰੁਪਏ ਸਕਿਉਰਟੀ ਦੇ ਸਿਫਾਰਸ਼ੀ ਪੱਤਰ ਹਾਸਲ ਕਰ ਸਕਦਾ ਹੈ ਤੇ ਉਸ ਅਨੁਸਾਰ ਉਹ ਤਿੰਨ ਮਹੀਨੇ ਦੇ ਅੰਦਰ ਕੋਲਾ ਲਿਆਉਣ ਲਈ ਵਚਨ ਬੱਧ ਹੈ ਤੇ ਮਿੱਥੇ ਸਮੇਂ ਵਿਚ ਕੋਲਾ ਨਾ ਲਿਆਉਣ ਦੀ ਸੂਰਤ ਵਿਚ ਉਸ ਦੀ ਸਕਿਉਰਟੀ ਜ਼ਬਤ ਕੀਤੀ ਜਾਵੇਗੀ ਤੇ ਮਿਲਿਆ ਪੱਤਰ ਖਾਰਜ ਸਮਝਿਆ ਜਾਵੇਗਾ । ਪਰ ਇਹ ਪੱਤਰ ਆਮ ਤੌਰ ਤੇ ਕੋਲੇ ਦੇ ਵਪਾਰੀਆਂ ਨੇ ਹੀ ਵੱਖੋ ਵੱਖ ਨਾਵਾਂ ਤੇ ਹਾਸਲ ਕੀਤੇ ਹਨ ਤੇ ਅੱਜ ਤੱਕ ਕੋਈ ਵੀ ਰੈਕ ਕੋਲੇ ਦਾ ਨਹੀਂ ਲਿਆਂਦਾ ਜਿਸ ਕਾਰਣ ਰਾਜ ਵਿਚ ਕੋਲੇ ਦੀ ਥੁੜ੍ਹ ਪੈ ਰਹੀ ਹੈ । ਮਿਆਦ ਪੂਰੀ ਹੋਣ ਤੇ ਉਨ੍ਹਾਂ ਨੂੰ ਇਕ ਮਹੀਨੇ ਦੀ ਮਿਆਦ ਹੋਰ ਵਧਾ ਦਿਤੀ ਤੇ ਇਹ ਮਿਆਦ ਅਣ ਮਿਥੇ ਸਮੇਂ ਲਈ ਵਧਾਉਣ ਲਈ ਯਤਨ ਜਾਰੀ ਹਨ । ਸਬੰਧਤ ਮੰਤਰੀ ਇਸ ਸਬੰਧੀ ਸਦਨ ਵਿਚ ਬਿਆਨ ਦੇਣ ।

ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ (ਸ਼੍ਰੀ ਭਗਵਾਨ ਦਾਸ) : ਜਨਰਲ ਮੈਨੇਜਰ, ਨੌਰਥ ਈਸਟ ਫਰੰਟੀਅਰ ਰੇਲਵੇ ਗੁਹਾਟੀ, ਨੇ ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਨੂੰ ਖਾਸੀ/ਮੰਗਾਲੀਆ ਤੇ ਕੋਲਾ ਪੰਜਾਬ ਵਿਚ ਭੇਜਣ ਲਈ ਸਿਫਾਰਸ਼ਾਂ ਮੰਗੀਆਂ । ਇਹ ਨਾਨ ਸਪਾਂਸਰਡ ਕੋਲਾ ਹੈ ਅਤੇ ਇਸ ਦੀ ਕੀਮਤ ਤੇ ਕੋਈ ਕੰਟਰੋਲ ਨਹੀਂ । ਇਸ ਸਬੰਧ ਵਿਚ ਇਹ ਫੈਸਲਾ ਕੀਤਾ ਗਿਆ ਕਿ ਭੱਠੇ ਵਾਲੇ ਆਪ ਜਾਂ ਆਪਣੀ ਮਰਜ਼ੀ ਦੇ ਕਿਸੇ ਕੋਲ ਮਰਚੈਂਟ ਰਾਹੀਂ ਜਾਂ ਕੋਲ ਮਰਚੈਂਟ ਸਿੱਧੇ ਤੌਰ ਤੇ ਆਪਣੇ ਆਪ 25,000 ਰੁਪਏ ਬਤੌਰ ਸਕਿਉਰਿਟੀ ਜਮ੍ਹਾਂ ਕਰਵਾ ਕੇ ਇਹ ਕੋਲਾ ਮੰਗਵਾ ਸਕਦੇ ਹਨ, ਜਿਹੜੀ ਕਿ ਤਿੰਨ ਮਹੀਨੇ ਦੇ ਸਮੇਂ ਦੇ ਅੰਦਰ ਕੋਲਾ ਨਾ ਲਿਆਉਣ ਦੀ ਸੂਰਤ ਵਿਚ ਜ਼ਬਤ ਕੀਤੀ ਜਾਵਗੀ। ਇਸ ਸਬੰਧ ਵਿਚ ਭੱਠੇ ਵਾਲਿਆਂ ਪਾਸੋਂ ਜਾਂ ਕੋਲ ਮਰਚੈਂਟਾਂ ਪਾਸੋਂ ਜੋ ਬਿਨੈ ਪੱਤਰ ਪ੍ਰਾਪਤ ਹੋਏ ਉਹਨਾਂ ਤੇ ਜਨਰਲ ਮੈਨੇਜਰ, ਨੌਰਥ ਈਸਟ ਫਰੰਟੀਅਰ ਰੇਲਵੇ, ਗੁਹਾਟੀ ਨੂੰ ਮਿਤੀ 7 ਦਸੰਬਰ, 1981 ਤੋਂ ਸਿਫਾਰਸ਼ਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਕਿਉਂ ਜੋ ਤਿੰਨ ਮਹੀਨੇ ਦੇ ਸਮੇਂ ਵਿਚ ਇਹ ਕੋਲਾ ਗੱਡੀਆਂ ਨਾ ਮਿਲਣ ਕਰਕੇ ਨਹੀਂ ਆ ਸਕਿਆ ਇਸ ਲਈ ਪਾਰਟੀਆਂ ਵੱਲੋਂ ਬਿਨੈ ਪੱਤਰ ਦੇਣ ਤੇ ਹਾਲੇ ਦੀ ਘੜੀ ਇਹ ਮਿਆਦ ਕੇਵਲ ਇਕ ਮਹੀਨਾ ਵਧਾ ਦਿਤੀ ਗਈ, ਕਿਉਂ ਜੋ ਮਿਆਦ ਵਧਾਉਣ ਬਾਰੇ ਜਨਰਲ ਮੈਨੇਜਰ, ਨੌਰਥ ਈਸਟ ਫਰੰਟੀਅਰ ਰੇਲਵੇ, ਗੁਹਾਟੀ ਵਲੋਂ ਵੀ ਲੋਡਿੰਗ ਤੇ ਪਾਬੰਦੀ ਹੋਣ ਕਾਰਨ ਸੁਝਾਅ ਦਿਤਾ ਗਿਆ। ਇਹ ਕਾਰਵਾਈ ਇਸ ਲਈ ਕੀਤੀ ਗਈ ਹੈ ਤਾ ਕਿ ਪੰਜਾਬ

Original with;
Punjab Vidhan Sabha
Digitized by;
Panjab Digital Library

ਵਿਚ ਵਧ ਤੋਂ ਵਧ ਕੋਲਾ ਪ੍ਰਾਪਤ ਹੋਵੇ ਅਤੇ ਇਸੀ ਲਈ ਖੁਲ੍ਹੇ ਤੌਰ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ ਤੇ ਇਕ ਵੀ ਦਰਖਾਸਤ ਨਾ ਮਨਜ਼ੂਰ ਨਹੀਂ ਕੀਤੀ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜਾ ਆਸਾਮ ਦਾ ਜ਼ਿਕਰ ਕੀਤਾ ਹੈ ਉਹ ਫਰੀ ਜ਼ੋਨ ਹੈ ਅਤੇ ਉਥੇ ਕੋਲੇ ਦਾ ਖੁਲ੍ਹਾ ਵਪਾਰ ਹੈ। ਇਹ ਠੀਕ ਹੈ ਕਿ ਜਿਹੜਾ ਸਿਫਾਰਸ਼ਾਂ ਦਾ ਸਿਸਟਮ ਯੂ. ਪੀ. ਅੰਰ ਹਰਿਆਣਾ ਵਿਚ ਚਲਿਆ ਉਹ ਬਹੁਤ ਹੀ ਭੈੜਾ ਸੀ। ਇਸ ਗਲ ਤੇ ਮੈਂ ਐਗਰੀ ਕਰਦਾ ਹਾਂ ਕਿ ਪੰਜਾਬ ਵਿਚ ਠੀਕ ਹੋਇਆ ਕਿਉਂਕਿ ਉਤੇ ਤਾਂ ਪੈਸੇ ਇਕੱਠੇ ਕਰ ਕੇ ਸਿਫਾਰਸ਼ਾਂ ਕੀਤੀਆਂ ਗਈਆਂ। ਪੰਜਾਬ ਵਿਚ ਬਹੁਤ ਸਾਰੇ ਉਨ੍ਹਾਂ ਬੰਦਿਆਂ ਨੇ ਸਿਫਾਰਸ਼ਾਂ ਕਰਾਈਆਂ ਜਿਨ੍ਹਾਂ ਨੇ ਹਰਿਆਣਾ ਤੋਂ ਵੀ ਸਿਫਾਰਸ਼ਾਂ ਕਰਵਾਈਆਂ ਉਹ ਆਪਣੀਆਂ ਪ੍ਰਾਈਵੇਟ ਗੱਡੀਆਂ ਰਾਹੀਂ ਇਸ ਨੂੰ ਪੰਜਾਬ ਵਿਚ ਲਿਆ ਰਹੇ ਹਨ । ਇਸ ਕਰ ਕੇ ਨਹੀਂ ਕਿ ਉਨ੍ਹਾਂ ਨੂੰ ਕੋਈ ਹਮਦਰਦੀ ਹੈ ਬਲਕਿ ਇਸ ਕਰਕੇ ਕਿ ਕੋਈ ਰਿਕੁਮੈਂਡ ਨਾ ਕਰਵਾ ਲਵੇ । ਪਰ ਇਹ 25,000 ਰੁਪਏ ਦੀ ਜਿਹੜੀ ਸਿਕਿਉਰਿਟੀ ਰਖ ਦਿਤੀ ਹੈ ਇਹ ਬਹੁਤ ਜ਼ਿਆਦਾ ਹੈ ਅੰਰ ਇਹ ਉਨ੍ਹਾਂ ਦੇ ਕਹੇ ਤੇ ਕੀਤੀ ਹੈ ਤਾ ਕਿ ਕੋਈ ਗਰੀਬ ਆਦਮੀ ਨਾ ਲਿਆ ਸਕੇ । ਫਿਰ 3 ਮਹੀਨਿਆਂ ਦਾ ਸਮਾਂ ਦਿਤਾ ਸੀ ਪਰ ਚੌਥਾ ਮਹੀਨਾ ਵੀ ਗੁਜ਼ਰ ਚੁਕਾ ਹੈ, ਇਸ ਲਈ ਉਨ੍ਹਾਂ ਸਾਰਿਆਂ ਦੀਆਂ ਸਿਕਿਉਰਿਟੀਆਂ ਜ਼ਬਤ ਕਰਨੀਆਂ ਚਾਹੀਦੀਆਂ ਹਨ ਅੰਰ ਜਿਸ ਤਰ੍ਹਾਂ ਉਪਰ ਵਾਲੇ ਕਹਿੰਦੇ ਹਨ ਉਸ ਤਰ੍ਹਾਂ ਕੀਤਾ ਜਾਏ ਤਾਕਿ ਕੋਲਾ ਪੰਜਾਬ ਵਿਚ ਆ ਸਕੇ । ਅਗਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਪੰਜਾਬ ਵਿਚ ਸਾਲ ਵਿਚ ਇਕ ਰੇਕ ਵੀ ਕੋਲੇ ਦਾ ਨਹੀਂ ਆਉਣਾ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀਆਂ ਸਿਕਿਉਰਟੀਆਂ, ਜਿਨ੍ਹਾਂ ਨੇ ਮਿੱਥੇ ਸਮੇਂ ਦੇ ਅੰਦਰ ਕੋਲਾ ਨਹੀਂ ਲਿਆਂਦਾ, ਕੀ ਜ਼ਬਤ ਕਰੋਗੇ ? ਜਿਹੜੇ ਹੋਰ ਲਿਆਉਣਾ ਚਾਹੁੰਣ ਉਨ੍ਹਾਂ ਨੂੰ ਖੁਲ੍ਹ ਦਿਤੀ ਜਾਏ ਤਾ ਕਿ ਉਹ ਲੌਕ ਰੇਲਵੇ ਦੀ ਸਮਰਥਾ ਮੁਤਾਬਿਕ ਕੋਲਾ ਲਿਆ ਸਕਣ । ਕੀ ਬਾਕੀਆਂ ਦੀਆਂ ਐਪਲੀਕੇਸ਼ਨਜ਼ ਰਿਕੁਮੈਂਡ ਕਰੋਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਸਾਡੇ ਕੋਲ 47 ਐਪਲੀਕੇਸ਼ਨਜ਼ ਆਈਆਂ ਸਨ ਜਿਨ੍ਹਾਂ ਵਿਚੋਂ ਅਸੀਂ ਇਕ ਵੀ ਰਿਜੈਕਟ ਨਹੀਂ ਕੀਤੀ । ਸਾਡੀ ਸਰਕਾਰ ਦਾ ਫੈਸਲਾ ਹੈ ਕਿ ਅਗਰ ਕੋਈ ਕੋਲੇ ਵਾਲਾ ਜਾਂ ਭੱਠੇ ਵਾਲਾ ਸਿਫਾਰਸ਼ ਕਰਾਉਣ ਲਈ ਐਪਲੀਕੇਸ਼ਨ ਲਿਆਉਂਦਾ ਹੈ ਤਾਂ ਅਸੀਂ ਜ਼ਰੂਰ ਰਿਕੁਮੈਂਡ ਕਰਾਂਗੇ । ਇਹ ਜਿਹੜੀ ਮਿਆਦ ਇਕ ਮਹੀਨੇ ਦੀ ਵਧਾਈ ਹੈ ਇਹ ਇਸ ਕਰ ਕੇ ਵਧਾਈ ਕਿਉਂ ਕਿ ਵੈਗਨਜ਼ ਨਹੀਂ ਸਨ ਮਿਲੀਆਂ । ਬਾਕੀ ਜਿੰਨੀਆਂ ਐਪਲੀਕੇਸ਼ਨਜ਼ ਮਾਨ ਸਾਹਿਬ ਤੁਹਾਡੇ ਕੋਲ ਹਨ, ਲੈ ਆਓ ਅਸੀਂ ਰਿਕੁਮੈਂਡ ਕਰ ਦਿਆਂਗੇ । ਇਹ ਸਿਕਿਉਰਿਟੀ ਵੀ ਇਸ ਕਰਕੇ ਰਖੀ ਹੈ ਤਾ ਕਿ ਵਪਰੀ ਨੂੰ ਡਰ ਰਹੇ ਅੰਰ ਉਹ 3 ਮਹੀਨਿਆਂ ਦੇ ਅੰਦਰ ਅੰਦਰ ਕੋਲਾ ਮੰਗਵਾ ਲਵੇ । ਤੁਸੀਂ ਜਿੰਨਾਂ ਮਰਜ਼ੀ ਕੋਲਾ ਲਿਆਓ ਇਹ ਨਾਨ-ਸਪਾਂਸਰਡ ਕੋਲ ਹੈ ਇਸ ਤੇ ਕੋਈ ਕੰਟਰੋਲ ਨਹੀਂ ।

(Serial No. 173).

Shri Om Parkash Gupta
Shri Sewa Ram : Sir, I beg to draw the attention of the Government towards a matter of urgent public importance, namely, there is acute scarcity of cement in the entire State. There has been rains and people are finding it difficult to get their damaged houses repaired. Therefore, there is great resentment amongst the people. Minister for Food and Supplies may make a statement.

Original with;
Punjab Vidhan Sabha
Digitized by;
Panjab Digital Library

Minister of State for Food and Supplies (Shri Bhagwan Dass). : Our requirement of cement was assessed at 4.76 lakh tonnes per quarter for 1981, and the Cement Controller, Government of India was requested on 31st December, 1980 to keep this demand in view, while making future allocations. However, quarterly allocation was kept at an average of 2.25 lac tonnes by the Government of India inspite of vigorous efforts made in this regard even at the level of Chief Minister to increase our quarterly allocation.

2. The supply position of cement improved during 1981, with the total supply of 7,21,195 tonnes as against 5,24,035 tonnes during 1980, thus registering increased supply of 39,43,200 bags.

3. The Government of India,—*vide* their letter dated the 1st March 1982, received on 3rd March, 1982 evening, have announced partial decontrol of cement w.e.f. 28th February, 1982. The scale of levy cement was stopped on 4th March, 1982, so as to ensure distribution of the existing stocks of cement according to new policy.

4. In view of the new policy relating to distribution of cement, all the existing licensees have been allowed on 8th March, 1982, to procure and sell non-levy cement in the open market without any price and distribution control, so that there is no difficulty to the consumers in procuring non-levy cement. The matter in regard to the operation of new policy is under the active consideration of the State Government and final decision in this regard will be taken very shortly.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, 4-5 ਤਾਰੀਖ ਨੂੰ ਜਿਹੜੀ ਪਿਛਲੀ ਪਾਲਿਸੀ ਸੀਮਿੰਟ ਦੀ ਸੀ ਉਹ ਬੰਦ ਕਰ ਦਿਤੀ ਹੈ ਔਰ ਅਗੇ ਜਿਹੜਾ ਸਿਸਟਮ ਹੈ ਉਹ ਸਟਰੀਮ-ਲਾਈਨ ਨਹੀਂ ਹੋ ਰਿਹਾ ਹੈ । ਇਸ ਬਾਰੇ ਕੁਐਸਚਨ ਵੀ ਆਏ, ਕਿਤੇ ਜ਼ਿਆਦਾ ਹੈ, ਕਿਤੇ ਘੱਟ ਹੈ ਔਰ ਕਿਤੇ ਬਲੈਕ ਹੋ ਰਹੀ ਹੈ। ਗੌਰਮਿੰਟ ਨੇ ਜਿਹੜਾ ਟੂ ਟਾਇਰ ਸਿਸਟਮ ਬਣਾ ਦਿਤਾ ਹੈ ਇਹ ਪੰਜਾਬ ਨੂੰ ਸੂਟ ਨਹੀਂ ਕਰਦਾ। ਸ਼ੂਗਰ ਦੀ ਹੋਰ ਗੱਲ ਹੈ ਉਸ ਦੀ ਲਾਗਤ ਘੱਟ ਹੁੰਦੀ ਹੈ ਪਰ ਸੀਮਿੰਟ ਬਹੁਤ ਹੀ ਅਸੈਂਸ਼ਲ ਕਮਾਡਿਟੀ ਹੈ, ਇਸ ਦੀ ਥੋੜ੍ਹੀ ਬਹੁਤ ਹਰ ਇਕ ਨੂੰ ਲੋੜ ਹੈ । ਇਹ ਜਿਹੜਾ ਮੌਜੂਦਾ ਸਿਸਟਮ ਹੈ ਮੇਰੀ ਨਿਗਾਹ ਨਾਲ ਕਾਮਯਾਬ ਨਹੀਂ ਹੋਵੇਗਾ । ਜਿਹੜੀਆਂ ਪਿਛਲੀਆਂ ਅੈਪਲੀਕੇਸ਼ਨਜ਼ ਹਨ ਹਜ਼ਾਰਾਂ ਦੀ ਤਾਦਾਦ ਵਿਚ ਪੈਂਡਿੰਗ ਹਨ। ਸਰਕਾਰ ਨੂੰ ਚਾਹੀਦਾ ਸੀ ਕਿ ਜਿਹੜਾ ਪੁਰਾਣਾ ਸੀਮਿੰਟ ਪਿਆ ਸੀ ਉਸ ਪੁਰਾਣੀ ਪਾਲਿਸੀ ਮੁਤਾਬਕ ਦਿੰਦੇ ਰਹਿੰਦੇ। ਹੁਣ ਇਸ ਨੂੰ ਬੰਦ ਕੀਤੇ ਨੂੰ ਇਕ ਮਹੀਨਾ ਹੋ ਗਿਆ ਹੈ । ਅਗਰ ਕਿਸੇ ਗਰੀਬ ਆਦਮੀ ਨੇ ਘਰ ਦੀ ਰਿਪੇਅਰ ਕਰਨੀ ਹੈ ਅਤੇ ਉਥੇ ਇਕ ਬੋਰੀ ਲਗਣੀ ਹੈ ਜਿਸ ਤਰ੍ਹਾਂ ਹੁਣ ਮੀਂਹ ਪਏ, ਔਲੇ ਪਏ, ਉਹ ਦੁਖੀ ਹੈ ਔਰ ਇਸ ਪ੍ਰਤੀ ਸਾਡੀ ਸਰਕਾਰ ਦੇ ਖਿਲਾਫ ਚਰਚਾ ਹੈ।

ਸ਼੍ਰੀ ਸਪੀਕਰ : ਗੁਪਤਾ ਜੀ ਸ਼ਾਰਟ ਸਪਲੀਮੈਂਟਰੀ ਕਰੋ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਲਾਲ ਅਟੈਨਸ਼ਨ ਮੋਸ਼ਨ ਹੈ । ਇਹ ਆਮ ਚਰਚਾ ਹੈ ਕਿ ਮੌਜੂਦਾ ਲੈਵੀ ਵਾਲਾ ਜਿਹੜਾ ਸੀਮਿੰਟ ਦਾ ਸਟਾਕ ਪਿਆ ਹੈ, ਉਸ ਦੇ ਪੈਸੇ ਵਟਾ ਉਣ ਵਾਸਤੇ, ਉਨ੍ਹਾਂ ਨੂੰ ਬਲੈਕ ਕਰਨ ਦੀ ਇਜਾਜ਼ਤ ਦੇਣ ਵਾਸਤੇ ਅਜੇ ਤਕ ਇਸ ਪਾਲਿਸੀ ਨੂੰ ਡਿਕਲੇਅਰ ਨਹੀਂ ਕੀਤਾ ਗਿਆ । ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਕਦੋਂ ਤੱਕ ਇਸ ਪਾਲਿਸੀ ਨੂੰ ਡਿਕਲੇਅਰ ਕਰ ਦਿੱਤਾ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦੀ ਗਿਆਤ ਵਾਸਤੇ ਦਸਣਾ ਚਾਹੁੰਦਾ ਹਾਂ ਕਿ ਬਿਲਕੁਲ ਉਲਟ ਗੱਲ ਕੀਤੀ ਗਈ ਹੈ । ਪੰਜਾਬ ਹਿੰਦੁਸਤਾਨ ਦੀ ਪਹਿਲੀ ਸਟੇਟ ਹੈ ਜਿਸ ਨੇ ਲੈਵੀ ਵਾਲਾ ਸੀਮਿੰਟ ਦੇਣਾ ਬੰਦ ਕੀਤਾ ਹੈ ਤਾਂ ਕਿ ਇਹ ਮਿਸ-ਯੂਜ਼ ਨਾ ਹੋ ਸਕੇ। ਅਗਰ ਨਵੀਂ ਪਾਲਿਸੀ ਦੇ ਮੁਤਾਬਿਕ ਲੈਵੀ ਸੀਮਿੰਟ ਦੀ ਵੰਡ ਵੀ ਜਾਰੀ ਰਖਦੇ ਤਾਂ ਦੋ ਢਾਈ ਲੱਖ ਬੋਰੀਆਂ ਦਾ ਜੋ ਲੈਵੀ ਸੀਮਿੰਟ ਦਾ ਸਟਾਕ ਸਟੇਟ ਵਿੱਚ ਪਿਆ ਸੀ, ਉਹ ਵੀ ਵਿੱਕ ਜਾਣਾ ਸੀ। ਸੈਂਟਰਲ ਗੌਰਮਿੰਟ ਨੇ ਪਾਲਿਸੀ ਵੀਕਰ ਸੈਕਸ਼ਨਜ਼ ਵਾਸਤੇ ਬਣਾਈ ਹੈ । ਸੈਸ਼ਨ ਵਿੱਚ ਬਜ਼ੀ ਹੋਣ ਕਰ ਕੇ ਇਹ ਪਾਲਿਸੀ ਡਿਕਲੇਅਰ ਨਹੀਂ ਹੋ ਸਕੀ । ਕੱਲ੍ਹ ਜਾਂ ਪਰਸੋਂ ਤਕ ਇਹ ਪਾਲਿਸੀ ਡਿਕਲੇਅਰ ਕਰ ਦਿੱਤੀ ਜਾਵੇਗੀ । ਪੰਜਾਬ ਪਹਿਲਾ ਸੂਬਾ ਹੈ ਜਿਥੇ ਨਾਨ-ਲੈਵੀ ਸੀਮਿੰਟ ਆਮ ਲੋਕਾਂ ਨੂੰ ਮਿਲ ਰਿਹਾ ਹੈ। ਇਹ ਬੜੀ ਸ਼ਾਨਦਾਰ ਪਾਲਿਸੀ ਹੈ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ਼੍ਰੀ ਸੁਰਿੰਦਰ ਕਪੂਰ: ਸਪੀਕਰ ਸਾਹਿਬ, ਪਿਛਲੇ ਇਕ ਮਹੀਨੇ ਤੋਂ ਲੋਕਾਂ ਨੂੰ ਕੰਟਰੋਲ ਵਾਲਾ ਸੀਮਿੰਟ ਨਹੀਂ ਮਿਲ ਰਿਹਾ ਜਦੋਂ ਕਿ ਇਨ੍ਹਾਂ ਕੋਲ ਸਟਾਕ ਵਿੱਚ ਇਹ ਪਿਆ ਹੈ। ਬਰਸਾਤਾਂ ਬਹੁਤ ਪਈਆਂ ਹਨ । ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਤਕ ਨਵੀਂ ਪਾਲਿਸੀ ਇਸ ਸਬੰਧ ਵਿਚ ਨਹੀਂ ਬਣਦੀ, ਕੀ ਇਹ ਲੋਕਾਂ ਨੂੰ ਦੋ ਦੋ ਬੋਰੀਆਂ ਸੀਮਿੰਟ ਦੀਆਂ ਘੱਟੋ ਘੱਟ ਦੇਣਗੇ, ਰਿਪੇਅਰ ਆਦਿ ਵਾਸਤੇ ?

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

[ਇਸ ਸਮੇਂ ਅਕਾਲੀ ਦਲ (ਐਲ) ਅਤੇ ਸੀ. ਪੀ. ਐਮ. ਦੇ ਆਨਰੇਬਲ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ** ਬੋਲ ਰਹੇ ਸਨ] ।

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਇਜਾਜ਼ਤ ਦੇ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ ।

ਵਿੱਤ ਮੰਤਰੀ : ਸਪੀਕਰ ਸਾਹਿਬ, ਅਗਲਾ ਬਿਜ਼ਨੈਸ ਲਓ ।

ਸ਼੍ਰੀ ਸਪੀਕਰ: ਮਾਸਟਰ ਚੰਦ ਸਿੰਘ ਜੀ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ: ਇਹ ਜੋ ਕੁਝ ਬਗੈਰ ਇਜਾਜ਼ਤ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਜਿਹੜਾ ਆਦਮੀ ਅਸੈਂਬਲੀ ਵਿੱਚ ਹਾਜ਼ਰ ਨਹੀਂ, ਉਸ ਨੂੰ ਇਥੇ ਡਿਸਕਸ ਨਹੀਂ ਕੀਤਾ ਜਾ ਸਕਦਾ।

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਆਨਰੇਬਲ ਮੈਂਬਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ, ਜਿਸ ਗਲ ਦਾ ਹਵਾਲਾ ਦੇ ਰਹੇ ਹਨ ਉਹ ਇਕ ਫੈਮਿਲੀ ਅਫੇਅਰ ਹੈ। ਸਾਡੀ ਪ੍ਰਥਾ ਇਹ ਹੈ ਕਿ ਘਰੇਗੀ ਮਾਮਲੇ ਨੂੰ ਇਸ ਸਦਨ ਵਿਚ ਡਿਸਕਸ ਨਹੀਂ ਕੀਤਾ ਜਾ ਸਕਦਾ।

ਸ਼੍ਰੀ ਸਪੀਕਰ : ਮੈਂ ਇਸ ਨੂੰ ਅਲਾਓ ਨਹੀਂ ਕਰਦਾ।

ਸਰਦਾਰ ਜਗਦੇਵ ਸਿੰਘ ਜੱਸੋਵਾਲ ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਆਨਰੇਬਲ ਮੈਂਬਰ ਬਗੈਰ ਇਜਾਜ਼ਤ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇ ਵਿਰੋਧੀ ਧਿਰ ਦੇ ਕੁਝ ਮਾਨਯੋਗ ਮੈਂਬਰ ਬੋਲ ਰਹੇ ਸਨ। ਮਾਸਟਰ ਚੰਦ ਸਿੰਘ ਜੀ ਵੀ ਖੜ੍ਹੇ ਸਨ ** **)

ਸ਼੍ਰੀ ਸਪੀਕਰ : ਇਹ ਬਿਨਾਂ ਇਜਾਜ਼ਤ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਚੋਪੜਾ ਜੀ ਜ਼ਰਾ ਬੈਠੋ। ਵੇਖੋ, ਮੈਂ ਮਾਨਯੋਗ ਮੈਂਬਰਜ਼ ਜੋ ਇਧਰਲੇ ਪਾਸੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਬਠੇ ਹਨ ਕਹਾਂਗਾ ਕਿ ਅੱਜ ਰਾਵੀ ਬਿਆਸ ਅੰਗਰੇਮੈਂਟ ਤੇ ਡਿਸਕਸ਼ਨ ਵਾਸਤੇ ਸਮਾਂ ਰਖਿਆ ਗਿਆ ਹੈ। ਇਹ ਆਪੋਜ਼ੀਸ਼ਨ ਦੀ ਮਗ ਉਤੇ ਹੀ ਰੱਖਿਆ ਗਿਆ ਹੈ ਅੰਰ ਅਜ ਆਪੋਜ਼ੀਸ਼ਨ ਦੇ ਮੈਂਬਰ ਹੀ ਹਾਉਸ ਦਾ ਵਕਤ ਜ਼ਾਇਆ ਕਰ ਰਹੇ ਹਨ। ਅੱਧਾ ਘੰਟਾ ਜ਼ਾਇਆ ਕਰ ਦਿਤਾ ਹੈ। ਇਸ ਵਿਚ ਤੁਹਾਡਾ ਹੀ ਇਨਟਰੈਸਟ ਹੈ, ਤੁਸੀਂ ਵਕਤ ਜ਼ਾਇਆ ਨਾ ਕਰੋ। ਹਾਂ ਜੀ ਚੋਪੜਾ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਪੜ੍ਹੋ।

(ਕ੍ਰਮ ਨੰ : 181)

ਮਾਸਟਰ ਚੰਦ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਸ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਪਿੰਡ ਬੜੈਚਾਂ, ਥਾਨਾ ਅਮਲੋਹ 'ਚ 100 ਪੱਟੀ ਦਰਜ ਜਾਤੀ ਲੋਕਾਂ ਦੀ ਬਸਤੀ ਦਾ ਗੰਦਾ ਪਾਣੀ ਜੋ ਕਿ ਸਦੀਆਂ ਤੋਂ ਨਿਕਲ ਰਿਹਾ ਸੀ, ਪਿੰਡ ਦੇ ਧਨੀ ਲੋਕਾਂ ਨੇ ਧੱਕੇ ਨਾਲ ਰੋਕ ਕੇ ਮਹੱਲੇ 'ਚ ਗੰਦ ਪੈਦਾ ਕਰ ਦਿੱਤਾ ਹੈ। ਸਾਰੇ ਦਾ ਸਾਰਾ ਪਾਣੀ ਮਹੱਲੇ/ ਘਰਾਂ 'ਚ ਦਾਖਲ ਹੋ ਗਿਆ ਹੈ ਤੇ ਬਦਬੂ ਅਖਤਿਆਰ ਕਰ ਗਿਆ ਹੈ। ਮੱਛਰ ਪੈਦਾ ਹੋ ਕੇ ਗਰੀਬ ਬੱਚੇ ਬਿਮਾਰ ਹੋ ਰਹੇ ਹਨ। ਲੰਘਣਾ ਵੀ ਔਖਾ ਹੋ ਗਿਆ ਹੈ। ਇਹ ਦੋ ਮਹੀਨੇ ਤੋਂ ਗੰਦ ਦੇ ਨਿਕਾਸ ਲਈ ਹਰ ਚਾਰਾ ਜੋਈ ਕੀਤੀ ਹੈ ਪਰ ਕੋਈ ਅਸਰ ਨਹੀਂ। ਕਾਨੂੰਨੀ ਦਸ਼ਾ ਭੈੜੀ

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੋਣ ਦਾ ਡਰ ਹੈ ਤੇ ਪਿੰਡ 'ਚ ਤਣਾਅ ਹੈ। ਪਹਿਲਾਂ ਹੀ ਇਸ ਪਿੰਡ 'ਚ ਬਾਈਕਾਟ ਹੋ ਗਿਆ ਸੀ। ਉਦੋਂ ਵੀ ਤਣਾਅ ਸੀ। ਇਸ ਸੰਗੀਨ ਮਾਮਲੇ ਕਰਕੇ ਗਰੀਬਾਂ 'ਚ ਸਖਤ ਰੋਸ ਤੇ ਚਿੰਤਾ ਹੈ। ਮੁੱਖ ਮੰਤਰੀ ਜੀ ਬਿਆਨ ਦੇਣ।

ਉਪ ਮੰਤਰੀ, ਵਿਕਾਸ (ਸਰਦਾਰ ਉਜਾਗਰ ਸਿੰਘ) : ਪਿੰਡ ਬੜੈਚਾਂ, ਥਾਣਾ ਅਮਲੋਹ ਦੇ ਗੰਦੇ ਪਾਣੀ ਦਾ ਨਿਕਾਸ ਜਿਸ ਛੱਪੜ ਵਿਚ ਹੁੰਦਾ ਸੀ ਉਸ ਦੇ ਇਰਦ ਗਿਰਦ ਲੋਕਾਂ ਨੇ ਹੁਣ ਆਪਣੀ ਜਮੀਨ ਵਿਚ ਮਕਾਨ ਉਸਾਰ ਲਏ ਹਨ। ਛੱਪੜ ਵਿਚ ਭਰਤੀ ਪਾ ਕੇ ਨਵੀਂ ਗਲੀ ਵੀ ਬਣਾਈ ਗਈ ਹੈ। ਇਸ ਨਾਲ ਛਪੜ ਦਾ ਸਾਈਜ਼ ਛੋਟਾ ਹੋ ਗਿਆ ਹੈ। ਇਸ ਤੋਂ ਉਪਰੰਤ ਗੰਦਾ ਪਾਣੀ ਪਹਿਲਾਂ ਇਕ ਪ੍ਰਾਈਵੇਟ ਪਲਾਟ ਵਿਚੋਂ ਗੁਜ਼ਰਦਾ ਸੀ। ਜਿਸ ਨੂੰ ਹੁਣ ਮਾਲਕ ਨੇ ਭਰਤ ਪਾ ਕੇ ਉਚਾ ਕਰ ਲਿਆ ਹੈ। ਇਸ ਤਰ੍ਹਾਂ ਉਪਰ ਦੱਸੇ ਕਾਰਨਾਂ ਕਰਕੇ ਗੰਦੇ ਪਾਣੀ ਦੇ ਨਿਕਾਸ ਦੀ ਸਥਿਤੀ ਹੋਰ ਖਰਾਬ ਹੋ ਗਈ ਹੈ। ਪਾਣੀ ਗਲੀ ਦੇ ਇਕ ਹਿਸੇ ਵਿਚ ਜਮ੍ਹਾਂ ਹੋ ਗਿਆ ਹੈ ਕਿਉਂਜੋ ਅਗੇ ਨਿਕਲਣ ਦਾ ਰਸਤਾ ਨਹੀਂ। ਇਹ ਸਮੱਸਿਆ ਨਾ ਸਿਰਫ ਹਰੀਜਨਾਂ ਦੀ ਹੈ ਬਲਿਕ ਹੋਰ ਜਿਨ੍ਹਾਂ ਦੇ ਘਰ ਨਜ਼ਦੀਕ ਵਸੇ ਹਨ, ਦੀ ਸਾਂਝੀ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਪਾਣੀ ਉਥੇ ਅਜੇ ਵੀ ਖੜ੍ਹਾ ਹੈ, ਅੌਰ ਹਰੀਜਨਾਂ ਦੀ ਬਸਤੀ ਵਿਚ ਬਹੁਤ ਜ਼ਿਆਦਾ ਖੜ੍ਹਾ ਹੈ। ਪਾਣੀ ਨਿਕਲਣ ਲਈ ਥਾਂ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜ਼ਮੀਨ ਕਨਾਲ ਜਾਂ ਦੋ ਕਨਾਲ ਅੈਕਆਇਰ ਕਰਨਗੇ ਤਾਂਕਿ ਪਾਣੀ ਦਾ ਨਿਕਾਸ ਠੀਕ ਹੋ ਸਕੇ ? ਜਿਹੜਾ ਟੋਭਾ ਹੈ ਉਸਦਾ ਆਕਾਰ ਛੋਟਾ ਹੁੰਦਾ ਜਾ ਰਿਹਾ ਹੈ ਇਹ ਇਸ ਨੂੰ ਵਧਾਉਣ ਅੌਰ ਪਾਣੀ ਨੂੰ ਜ਼ਜ਼ਬ ਕਰਨ ਲਈ ਕੀ ਇਹ ਫੌਰੀ ਤੌਰ ਤੇ ਜ਼ਮੀਨ ਖਰੀਦਣਗੇ ਜਾਂ ਅੈਕੁਆਇਰ ਕਰਨਗੇ ?

ਨੰਬਰ ਦੋ, ਸਪੀਕਰ ਸਾਹਿਬ, ਪਹਿਲਾਂ ਉਸ ਪਿੰਡ ਵਿਚ ਹਰੀਜਨਾਂ ਦਾ ਬਾਈਕਾਟ ਵੀ ਹੋਇਆ ਸੀ। ਸਰਕਾਰ ਨੇ ਬਾਈਕਾਟ ਨੂੰ ਰੋਕਣ ਲਈ ਕੀ ਵਿਵਸਥਾ ਕੀਤੀ ਹੈ ?

ਉਪ ਮੰਤਰੀ : ਸਪੀਕਰ ਸਾਹਿਬ, ਉਸ ਪਿੰਡ ਵਿਚ ਜਾ ਕੇ ਪਤਾ ਕੀਤਾ ਹੈ ਉਥੇ ਦੇ ਹਰੀਜਨ ਪੰਚ ਈਸ਼ਰ ਸਿੰਘ, ਸੁਰਜਨ ਸਿਘ, ਟੇਕ ਸਿੰਘ, ਗੁਰਦੇਵ ਸਿੰਘ, ਹਰਬੰਸ ਸਿਘ ਵਗੈਰਾ ਨੂੰ ਮਿਲੇ ਹਾਂ ਉਨ੍ਹਾਂ ਤੋਂ ਪਤਾ ਲੱਗਿਆ ਹੈ ਕਿ ਉਥੇ ਕੋਈ ਸੋਸ਼ਲ ਬਾਈਕਾਟ ਨਹੀਂ ਹੋਇਆ।

ਮਾਸਟਰ ਚੰਦ ਸਿੰਘ : ਪਹਿਲਾਂ ਹੋਇਆ ਹੈ ਜੀ।

ਉਪ ਮੰਤਰੀ : ਪਹਿਲਾਂ ਤੁਹਾਡੇ ਵੇਲੇ ਹੋਇਆ ਹੋਵੇਗਾ। ਸਪੀਕਰ ਸਾਹਿਬ, ਨਜ਼ਦੀਕ ਤੋਂ ਨਜ਼ਦੀਕ ਜਿੱਥੇ ਪਾਣੀ ਦਾ ਨਿਕਾਸ ਹੋ ਸਕਦਾ ਹੈ, ਉਥੇ ਚਾਰ ਕਨਾਲ ਥਾਂ ਹੈ ਅੌਰ ਉਥੇ ਦੋ ਕਨਾਲ ਵਿਚ ਛੱਪੜ ਬਣਾਇਆ ਜਾ ਸਕਦਾ ਹੈ। ਡਿਟੇਲਡ ਸਰਵੇ ਇਜ਼ ਬੀਇੰਗ ਡੱਨ ਅੌਰ ਛੇਤੀ ਹੀ ਇਹ ਗੰਦੇ ਪਾਣੀ ਦਾ ਨਿਕਾਸ ਕੀਤਾ ਜਾਵੇਗਾ।

PAPERS LAID ON THE TABLE

Finance Minister (Doctor Kewal Krishan) : Sir, I beg to lay on the Table the Annual Report of the Punjab State Small Industries Corporation Limited for the year 1978-79, as required under section 619-A(3)(b) of the Companies Act, 1956.

Original with;
Punjab Vidhan Sabha
Digitized by;
Panjab Digital Library

[Finance Minister]

I also beg to lay on the Table the Annual Report on the working of the Punjab Women and Children Development and Welfare Corporation for the year 1979-80, as required under section 23(6) of the Punjab Women and Children Development and Welfare Corporation Act, 1979.

PRESENTATION OF REPORT

(i) Committee on Public Accounts.

Chairman, Public Accounts Committee (Shri Gopal Krishan Chatrath) : Sir, I beg to present the 48th Report of the Committee on Public Accounts on the Appropriation Accounts, of the Government of Punjab for the year 1975-76 and the Report of the Comptroller and Auditor-General of India for the year 1975-76 (Civil) relating to Industries and Industrial Training Department.

(ii) Committee on Government Assurances

Chairman, Committee on Government Assurances (Shri Yash) : Sir, I beg to present the 23rd Report of the Committee on Government Assurances for the year 1981-82. Due to shortage of time it has not been possible to get the Annexures to the Report printed, which will be supplied to the Hon. Members as soon as the same are printed

ਸ਼੍ਰੀ ਗੁਰਦਿਆਲ ਸੈਣੀ : ** ** **

ਸ਼੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਗੁਰਦਿਆਲ ਸੈਣੀ : ** ** **

Mr. Speaker: Thìs is no point of order.

ਸ਼੍ਰੀ ਯੱਸ਼ : ** ** **

Mr. Speaker: No point of order. ਤੁਸੀਂ ਇਹ ਮਾਮਲਾ ਗੌਰਮਿੰਟ ਦੇ ਨੋਟਿਸ ਵਿਚ ਲੈ ਆਵੋ।

ਮੋਸ਼ਨ ਅੰਡਰ ਰੂਲ-77, ਸਰਦਾਰ ਪ੍ਰਕਾਸ਼ ਸਿੰਘ ਬਾਦਲ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੋਲਣ ਲਈ ਖੜ੍ਹੇ ਹੋਏ।)

ਸਰਦਾਰ ਦਲੀਪ ਸਿੰਘ ਪਾਂਧੀ : ** ** **

Mr. Speaker : Thìs is no point of order. ਪਾਂਧੀ ਸਾਹਿਬ ਬੈਠੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

MOTION UNDER RULE 77

Sardar Parkash Singh Badal : Sir, I beg to move—

That the situation arising out of the agreement regarding the distribution of water of Ravi-Beas signed on 31st December, 1981 be discussed.

ਸਪੀਕਰ ਸਾਹਿਬ, ਇਸ ਸਾਰੇ ਮਾਮਲੇ ਨੂੰ ਡਿਸਕਸ਼ਨ ਲਈ ਲਿਆਉਣ ਲਈ ਸਾਰੇ ਪੁਰਾਣੇ ਇਤਿਹਾਸ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਨੇ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਬੜਾ ਹੀ ਵੱਡਾ ਰੋਲ ਅਦਾ ਕੀਤਾ ਹੈ ਔਰ ਜੇ ਮੈਂ ਇਹ ਕਹਾਂ ਕਿ ਹਿੰਦੁਸਤਾਨ ਦੀ ਅਜ਼ਾਦੀ ਦਾ ਜੋ ਇਤਿਹਾਸ ਹੈ ਇਹ ਪੰਜਾਬੀਆਂ ਦੇ ਇਰਦ ਗਿਰਦ ਫਿਰਦਾ ਹੈ ਤਾਂ ਇਸ ਵਿਚ ਕੋਈ ਝੂਠ ਗਲ ਨਹੀਂ ਹੋਵੇਗੀ। ਪੰਜਾਬੀ ਫਾਂਸੀਆਂ ਦੇ ਤਖਤੇ ਤੇ ਚੜ੍ਹੇ, ਜਲਾਵਤਨ ਹੋਏ, ਉਮਰ ਕੈਦਾਂ ਕੱਟੀਆਂ, ਆਪਣੀਆਂ ਸਾਰੀਆਂ ਜਾਇਦਾਦਾਂ ਗਵਾਈਆਂ ਅਤੇ ਆਪਣਾ ਹੋਰ ਸਾਰਾ ਕੁਝ ਗਵਾ ਕੇ ਦੇਸ਼ ਦੀ ਆਜ਼ਾਦੀ ਲਈ ਸਭ ਕੁਝ ਕੀਤਾ। ਲੇਕਿਨ ਸਾਡੇ ਦੁੱਖ ਦੀ ਇਹ ਗਲ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਜੋ ਸੈਂਟਰ ਦੀ ਸਰਕਾਰ ਨੇ ਪੰਜਾਬੀਆਂ ਨਾਲ ਵਿਤਕਰਾ ਕੀਤਾ ਉਸ ਦੀ ਵੀ ਕੋਈ ਮਿਸਾਲ ਨਹੀਂ ਮਿਲਦੀ। ਸਪੀਕਰ ਸਾਹਿਬ, ਪਹਿਲੇ ਜਦੋਂ ਲਿੰਗੁਇਸਟਿਕ ਸੂਬੇ ਬਣੇ ਸਨ ਤਾਂ ਉਸ ਵੇਲੇ ਵੀ 60 ਹਜ਼ਾਰ ਪੰਜਾਬੀਆਂ ਨੂੰ ਜਲ੍ਹਾਂ ਵਿਚ ਜਾਣਾ ਪਿਆ ਸੀ। ਇਸੇ ਤਰ੍ਹਾਂ ਜੇ ਇੰਡਸਟਰੀ ਲਗਾਉਣੀ ਹੋਵੇ ਤਾਂ ਸਾਰੇ ਸੂਬਿਆਂ ਨਾਲੋਂ ਪੰਜਾਬ ਨੂੰ ਘੱਟ ਹਿੱਸਾ ਮਿਲਦਾ ਹੈ, ਬੈਂਕ ਦੇ ਡਿਪਾਜ਼ਿਟ ਕਰਡਿਟ ਰਸ਼ੋ ਤੇ ਪੈਸਾ ਮਿਲਣਾ ਹੋਵ ਤਾਂ ਪੰਜਾਬ ਨੂੰ ਸਭ ਤੋਂ ਘੱਟ ਹਿੱਸਾ ਮਿਲਦਾ ਹੈ, ਪਲਾਨ ਅਸਿਸਟੈਂਸ ਹੋਵੇ ਤਾਂ ਸਭ ਤੋਂ ਘਟ ਹਿੱਸਾ ਮਿਲਦਾ ਹੈ, ਇਸ ਤੋਂ ਇਲਾਵਾ ਹਰਿਆਣਾ ਔਰ ਯੂ. ਪੀ. ਦੇ ਤਰਾਈ ਰੀਜ਼ਨ ਵਿਚ ਜਿਥੇ ਪੰਜਾਬੀ ਵਸਦੇ ਹਨ ਉਥੇ ਉਨ੍ਹਾਂ ਨੂੰ ਕੋਈ ਖਾਸ ਸਹੂਲਤ ਨਹੀਂ ਮਿਲਦੀ ਔਰ ਨਾ ਹੀ ਸਰਵਿਸ ਵਿਚ ਹਿਸਾ ਮਿਲਦਾ ਹੈ। ਪੰਜਾਬ ਵਿਚ ਬਿਜਲੀ ਦਾ ਕਹਿਤ ਹੈ। ਇਸ ਤਰ੍ਹਾਂ ਨਾਲ ਜੋ ਜੋ ਵਿਤਕਰਾ ਸਾਡੇ ਪੰਜਾਬ ਨਾਲ ਹੁੰਦਾ ਰਿਹਾ ਹੈ ਉਹ ਅਸੀਂ ਬਰਦਾਸ਼ਤ ਕਰਦੇ ਰਹੇ ਹਾਂ ਔਰ ਪੰਜਾਬੀਆਂ ਨੇ ਮਿਹਨਤ ਕਰਕੇ ਦੇਸ਼ ਦੀ ਸੇਵਾ ਕੀਤੀ ਹੈ। ਇਸ ਤੋਂ ਵੀ ਵੱਧ ਜੋ ਸਭ ਤੋਂ ਜ਼ਿਆਦਾ ਮਾਰੂ ਹਮਲਾ ਪੰਜਾਬ ਤੇ ਹੋਇਆ ਉਹ ਪਾਣੀ ਦੀ ਵੰਡ ਦਾ ਹਮਲਾ ਹੈ।

ਸ਼੍ਰੀ ਸਪੀਕਰ : ਬਾਦਲ ਸਾਹਿਬ, ਇਕ ਮਿੰਟ, ਟਾਈਮ ਦੀ ਐਲੋਕੇਸ਼ਨ ਸੁਣ ਲਵੋ।

ਕਾਂਗਰਸ (ਆਈ)	...	ਇੱਕ ਘੰਟਾ 20 ਮਿੰਟ
ਸ਼੍ਰੋਮਣੀ ਅਕਾਲੀ ਦਲ (ਐਲ)	...	40 ਮਿੰਟ
ਸੀ. ਪੀ. ਆਈ.	...	10 ਮਿੰਟ
ਸੀ. ਪੀ. ਆਈ. (ਐਮ.)	...	5 ਮਿੰਟ
ਸ਼੍ਰੋਮਣੀ ਅਕਾਲੀ ਦਲ (ਤਲਵੰਡੀ)	...	4 ਮਿੰਟ
ਆਲ ਇੰਡੀਆ ਕਮਿਊਨਿਸਟ ਪਾਰਟੀ	...	1 ਮਿੰਟ
ਬੀ. ਜੇ. ਪੀ.	...	1 ਮਿੰਟ
ਅਨਅਟੈਚਡ	...	1 ਮਿੰਟ

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਜਿਹੜਾ ਪਾਣੀ ਦੇ ਮਾਮਲੇ ਤੇ ਸਾਡੇ ਨਾਲ ਵਿਤਕਰਾ ਹੋਇਆ ਹੈ, ਇਹ ਸਾਡੇ ਤੇ ਬਹੁਤ ਵਡਾ ਹਮਲਾ ਕੀਤਾ ਗਿਆ ਹੈ ਅਤੇ ਇਸ ਤੋਂ ਵੱਧ ਹਮਲਾ ਹੋਰ ਕੋਈ ਨਹੀਂ ਹੋ ਸਕਦਾ। ਪਜਾਬ ਕੋਲ ਸਿਰਫ ਇਕੋ ਨੈਚਰਲ ਰਿਸੋਰਸ ਪਾਣੀ ਦਾ ਹੈ ਜਦ ਕਿ ਹੋਰ ਸੂਬਿਆਂ ਕੋਲ ਕਿਸੇ ਕੋਲ ਲੋਹਾ ਹੈ, ਕਿਸ ਕੋਲ ਕੋਲਾ ਹੈ ਅਤੇ ਕਿਸੇ ਕੋਲ ਜੰਗਲਾਤ ਹਨ। ਇਸ ਤਰ੍ਹਾਂ ਵੱਖ ਵੱਖ ਸੂਬਿਆਂ ਕੋਲ ਵੱਖ ਵਖ ਨਚਰਲ ਰਿਸੋਰਸ ਹਨ ਪਰ ਪੰਜਾਬ ਕੋਲ ਸਿਰਫ ਪਾਣੀ ਹੀ ਸੀ।

11.03 ਸਵੇਰੇ | (ਇਸ ਵੇਲੇ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਪੰਜਾਬ 5 ਦਰਿਆਵਾਂ ਦਾ ਇਕ ਸੂਬਾ ਸਮਝਿਆ ਜਾਂਦਾ ਸੀ। ਪਰ ਇਹ ਜੋ ਪਾਣੀ ਦੀ ਵੰਡ ਹੋਈ ਹੈ ਇਸ ਨੂੰ ਅਸੀਂ 3 ਹਿਸਿਆਂ ਵਿਚ ਵੰਡ ਸਕਦੇ ਹਾਂ। ਸਭ ਤੋਂ ਪਹਿਲੇ ਜਦੋਂ ਸਾਡਾ ਦੇਸ਼ ਆਜ਼ਾਦ ਹੋਇਆ, ਹਿੰਦੁਸਤਾਨ ਪਾਕਿਸਤਾਨ ਬਣਿਆ, ਉਸ ਵੇਲੇ ਦਰਿਆਵਾਂ ਦੇ ਪਾਣੀ ਦੀ ਵੰਡ ਦਾ ਮਸਲਾ ਖੜ੍ਹਾ ਹੋਇਆ। ਡਿਪਟੀ ਸਪੀਕਰ ਸਾਹਿਬ, ਇਕ ਇੰਟਰਨੈਸ਼ਨਲ ਅਸੂਲ ਹੈ ਕਿ ਜਿਹੜ ਦੇਸ਼ ਵਿਚ ਪਾਣੀ ਦਾ ਸੋਰਸ ਅਤੇ ਫਲੋਅ ਹੈ ਉਹੀ ਮੁਲਕ ਉਸ ਪਾਣੀ ਦਾ ਮਾਲਕ ਹੋਵੇਗਾ। ਇਸ ਅਸੂਲ ਦੇ ਮੁਤਾਬਿਕ ਦੋ ਦਰਿਆ ਤਾਂ ਪਾਕਿਸਤਾਨ ਦੇ ਬਣਦੇ ਸਨ ਔਰ ਦੋ ਤੇ ਕਲੀਅਰ ਹਿੰਦੋਸਤਾਨ ਦਾ ਹੱਕ ਬਣਦਾ ਸੀ। ਕਿਉਂਕਿ ਸਤਲੁਜ-ਬਿਆਸ ਜੋ ਦਰਿਆ ਸਨ, ਇਨ੍ਹਾਂ ਦਾ ਸੋਰਸ ਵੀ ਹਿੰਦੋਸਤਾਨ ਵਿਚ ਸੀ ਔਰ ਫਲੋਅ ਵੀ ਹਿੰਦੋਸਤਾਨ ਵਿਚ ਸੀ, ਇਸ ਲਈ ਪਾਣੀ ਦੀ ਵੰਡ ਲਈ ਵਿਸ਼ੇਸ਼ ਮੀਟਿੰਗ ਹੋਈ ਔਰ ਦਰਿਆ ਰਾਵੀ ਜਿਸ ਦਾ ਸੋਰਸ ਹਿੰਦੋਸਤਾਨ ਵਿਚ ਸੀ ਪਰ ਉਸ ਦਾ ਪਾਣੀ ਕਈ ਨਹਿਰਾਂ ਰਾਹੀਂ ਪਾਕਿਸਤਾਨ ਨੂੰ ਚਲਾ ਜਾਂਦਾ ਸੀ, ਇਸ ਲਈ ਇਸ ਮੀਟਿੰਗ ਵਿਚ ਇਹ ਫੈਸਲਾ ਹੋਇਆ ਜਿਸ ਨੂੰ ਇੰਡਸ ਵਾਟਰ ਟਰੀਟੀ ਕਿਹਾ ਜਾਂਦਾ ਹੈ। ਉਸ ਵਿਚ ਇਹ ਫੈਸਲਾ ਹੋਇਆ ਕਿ 100 ਕਰੋੜ ਰੁਪਿਆ ਪਾਕਿਸਤਾਨ ਨੂੰ ਹਿੰਦੁਸਤਾਨ ਦੇਵੇਗਾ ਔਰ ਪਾਣੀ ਦਾ ਸਾਰਾ ਹੱਕ ਹਿੰਦੁਸਤਾਨ ਦਾ ਹੋ ਜਾਵੇਗਾ। ਉਸ ਤੋਂ ਬਾਅਦ ਪਹਿਲਾਂ ਇਹ ਸਵਾਲ ਪੈਦਾ ਹੋਇਆ ਕਿ ਜਿਹੜਾ ਰਾਵੀ-ਬਿਆਸ ਦਾ ਸਰਪਲੱਸ ਵਾਟਰ ਹੈ, ਜਿਸ ਤੇ ਹਿੰਦੋਸਤਾਨ ਦਾ ਹੱਕ ਹੈ, ਉਸ ਨੂੰ ਕਿਸ ਤਰ੍ਹਾਂ ਵੰਡਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਇਸ ਵਿਚ ਕੋਈ ਰਿਆਇਤ ਵਾਲੀ ਗਲ ਨਹੀਂ ਸੀ, ਇਹ ਪਾਣੀ ਉਸ ਸਟੇਟ ਨੂੰ ਹੀ ਜਾ ਸਕਦਾ ਸੀ। ਜਿਸ ਨੂੰ ਜਿਸ ਦਾ ਰਿਪੈਰੀਅਨ ਰਾਈਟ ਹੋਵੇ ਇਹ ਗਲ ਠੀਕ ਹੈ ਕਿ ਇਸ ਤੇ ਪੰਜਾਬ ਦਾ ਰਿਪੈਰੀਅਨ ਰਾਈਟ ਵੀ ਬਣਦਾ ਹੈ ਔਰ ਪੰਜਾਬ ਨੇ ਇਸ ਦੇਸ਼ ਲਈ ਸਫਰ ਵੀ ਬਹੁਤ ਕੀਤਾ ਹੈ ਇਸ ਲਈ ਸਾਨੂੰ ਉਮੀਦ ਸੀ ਕਿ ਸਾਨੂੰ ਕੁਝ ਇਨਸਾਫ ਮਿਲੇਗਾ ਪਰ ਹੋਇਆ ਕੀ ਕਿ ਇਸ ਦਾ ਫੈਸਲਾ ਇਨਸਾਫ ਦੇ ਤਰਾਜ਼ੂ ਤੇ ਬਿਲਕੁਲ ਉਲਟ ਹੋ ਗਿਆ। ਡਿਪਟੀ ਸਪੀਕਰ ਸਾਹਿਬ, ਇਹ ਸਾਰਾ ਪਾਣੀ 15.85 ਐਮ. ਏ. ਐਫ ਬਣਦਾ ਹੈ। ਪਰ ਫੈਸਲਾ ਇਹ ਹੋਇਆ ਕਿ ਪੰਜਾਬ ਨੂੰ ਪਾਣੀ ਦਾ ਹਿੱਸਾ ਘੱਟ ਮਿਲਿਆ ਔਰ 8 ਐਮ. ਏ. ਐਫ. ਰਾਜਸਥਾਨ ਦਾ ਹਿੱਸਾ ਬਣਾ ਦਿੱਤਾ। ਜੰਮੂ ਕਸ਼ਮੀਰ ਨੂੰ 0.65 ਐਮ. ਏ. ਐਫ. ਦੇ ਦਿਤਾ, ਇਹ ਠੀਕ ਹੈ ਕਿ ਜੰਮੂ-ਕਸ਼ਮੀਰ ਦਾ ਕੁਝ ਰਿਪੈਰੀਅਨ ਰਾਈਟ ਇਸ ਤੇ ਬਣਦਾ ਹੈ ਪਰ ਰਾਜਸਥਾਨ ਦਾ ਜਿਸ ਦਾ ਕੋਈ ਰਿਪੈਰੀਅਨ ਰਾਈਟ ਵੀ ਨਹੀਂ ਬਣਦਾ ਉਸ ਨੂੰ ਇਨ੍ਹਾਂ ਨੇ ਅੱਧੇ ਤੋਂ ਵੀ ਜ਼ਿਆਦਾ ਪਾਣੀ ਦੇ ਦਿਤਾ। ਜਿਸ ਕਾਰਨ ਪੰਜਾਬ ਨੂੰ ਇਤਨਾ ਨੁਕਸਾਨ ਹੋਇਆ ਕਿ ਪੰਜਾਬ ਦੀਆਂ ਆਉਣ ਵਾਲੀਆਂ ਨਸਲਾਂ ਵੀ ਇਹ ਮਹਿਸੂਸ ਕਰਨਗੀਆਂ। ਮੈਂ ਸਮਝਦਾ ਹਾਂ ਕਿ ਇਹ ਪਾਣੀ ਦੀ ਗਲਤ ਵੰਡ ਦਾ ਨਤੀਜਾ ਸੈਂਟਰ ਦੀ ਗਲਤ ਪਾਲਿਸੀ ਹੋਣ ਕਾਰਨ ਹੈ। ਤੁਸੀਂ ਵੇਖੋ ਅੱਜ ਵੀ ਰਾਜਸਥਾਨ ਨੂੰ ਜਿਹੜਾ ਪਾਣੀ ਦਿਤਾ ਗਿਆ ਹੈ ਉਹ ਉਸਦੀ ਪੂਰੀ ਯੂਟੇਲਾਈਜ਼ੇਸ਼ਨ ਨਹੀਂ ਕਰ ਰਿਹਾ। ਅੱਜ

Original with;
Punjab Vidhan Sabha
Digitized by;
Panjab Digital Library

ਰਾਜਸਥਾਨ ਸਿਰਫ 5 ਐਮ. ਏ. ਐਫ. ਪਾਣੀ ਯੂਜ਼ ਕਰ ਰਿਹਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਡਿਸੀਜ਼ਨ ਵਿਟਾਉਟ ਲੀਗਲ ਬੇਸਡ ਹੋਇਆ ਹੈ ਅੱਰ ਪੰਜਾਬ ਨਾਲ ਇੱਕ ਧੱਕਾ ਹੋਇਆ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਧੱਕਾ ਬਹੁਤ ਵੱਡਾ ਸੀ। ਪਰ ਮੈਂ ਦੱਸਦਾ ਹਾਂ ਕਿ ਸਾਡੇ ਤੇ ਇਕ ਤੋਂ ਬਾਅਦ ਦੂਸਰਾ ਵਾਰ ਹੁੰਦਾ ਰਿਹਾ ਹੈ। ਦੂਸਰਾ ਹਮਲਾ ਉਸ ਵੇਲੇ ਹੋਇਆ ਜਦੋਂ ਸਟੇਟਸ ਦੀ ਰੀ-ਆਰਗੇਨਾਈਜ਼ੇਸ਼ਨ ਹੋਈ ਅੱਰ ਹਰਿਆਣਾ ਪੰਜਾਬ ਬਣਿਆ। ਇਸ ਸਬੰਧ ਵਿਚ 24 ਮਾਰਚ, 1976 ਨੂੰ ਇਕ ਨੋਟੀਫਿਕੇਸ਼ਨ ਕੀਤੀ ਗਈ, ਇਹ ਨੋਟੀਫਿਕੇਸ਼ਨ ਵੀ ਉਦੋਂ ਕੀਤੀ ਗਈ ਜਦੋਂ ਪੰਜਾਬ ਦੀ ਹਮਦਰਦ ਪਾਰਟੀ ਐਮਰਜੈਂਸੀ ਲਗਣ ਕਾਰਣ ਅਸੀਂ ਜੇਲ੍ਹਾਂ ਵਿਚ ਬੈਠੇ ਸੀ। ਸੈਂਟਰ ਨੇ ਇਸ ਦਾ ਫਾਇਦਾ ਉਠਾਇਆ ਅੱਰ ਇਹ ਸੋਚ ਕੇ ਕਿ ਜੋ ਵੀ ਫੈਸਲਾ ਕਰ ਦਿਓ ਹੁਣ ਕੋਈ ਆਵਾਜ਼ ਨਹੀਂ ਉਠਾਏਗਾ ਉਸ ਵੇਲੇ ਪਾਣੀ ਦੀ ਵੰਡ ਬਾਰੇ ਇਹ ਅਵਾਰਡ ਦਿਤਾ। ਇਹ ਫੈਸਲਾ ਕੀਤਾ ਗਿਆ ਕਿ ਹਰਿਆਣੇ ਨੂੰ 3.5 ਐਮ. ਏ. ਐਫ. ਪਾਣੀ ਮਿਲੇਗਾ ਅੱਰ ਦਿਲੀ ਨੂੰ ਜਿਸ ਦਾ ਕੋਈ ਰਿਪੈਰੀਅਨ ਰਾਈਟ ਵੀ ਨਹੀਂ ਹੈ ਉਸ ਨੂੰ ਵੀ ਇਸ ਦਾ ਤੀਜਾ ਹਿਸਾ ਦੇ ਦਿਤਾ ਅੱਰ ਪੰਜਾਬ ਨੂੰ ਜਿਸ ਦਾ ਸਭ ਤੋਂ ਜ਼ਿਆਦ ਰਿਪੈਰੀਅਨ ਰਾਈਟ ਬਣਦਾ ਹੈ, ਉਸ ਬਾਰੇ ਇਹ ਲਿਖ ਦਿਤਾ ਕਿ ਬਾਕੀ ਦਾ ਜੋ ਪਾਣੀ ਹੋਵੇਗਾ ਉਹ ਪੰਜਾਬ ਨੂੰ ਜਾਵੇਗਾ ਪਰ ਨਾਲ ਇਹ ਵੀ ਲਿਖ ਦਿਤਾ ਕਿ ਕਿਸੇ ਹਾਲਾਤ ਵਿਚ ਵੀ ਇਹ 3.5 ਐਮ. ਏ. ਐਫ. ਤੋਂ ਵੱਧ ਪਾਣੀ ਪੰਜਾਬ ਨੂੰ ਦਿਤਾ ਨਹੀਂ ਜਾਵੇਗਾ । ਉਸ ਨੋਟੀਫਿਕੇਸ਼ਨ ਵਿਚ ਇਹ ਵੀ ਨਾਲ ਲਿਖ ਦਿਤਾ ਕਿ ਹਰਿਆਣੇ ਨੂੰ ਇਸ ਕਰਕੇ ਇਹ ਜ਼ਿਆਦਾ ਪਾਣੀ ਦਿਤਾ ਜਾ ਰਿਹਾ ਹੈ ਕਿਉਂਕਿ ਹਰਿਆਣੇ ਦਾ ਬਹੁਤ ਸਾਰਾ ਏਰੀਆ ਖੁਸ਼ਕ ਹੈ ਅਨਇਰੀਗੇਟਿਡ ਹੈ ਅੱਰ ਉਨ੍ਹਾਂ ਕੋਲ ਹੋਰ ਕੋਈ ਦੂਜਾ ਸੋਰਸ ਨਹੀਂ। ਸਪੀਕਰ ਸਾਹਿਬ, ਇਹ ਜੋ ਸੈਂਟਰਲ ਸਰਕਾਰ ਨੇ ਫੈਸਲਾ ਕੀਤਾ ਇਸ ਸਬੰਧ ਵਿਚ ਰੀ-ਆਰਗੇਨਾਈਜ਼ੇਸ਼ਨ ਐਕਟ ਦੇ ਪਾਰਟ-1 ਸੈਕਸ਼ਨ 78 ਵਿਚ ਦਿਤਾ ਹੈ .....

Section 78(1) of the Punjab Reorganisation Act, 1966 reads as under:—

"Notwithstanding anything contained in this Act but subject to the provisions of sections 79 and 80, all rights and liabilities of the existing State of Punjab in relation to Bhakra-Nangal Project and Beas Project shall, on the appointed day, be the rights and liabilities of the successor States in such proportion as may be fixed and subject to such adjustments as may be made, by agreement entered into by the said States after consultation with the Central Government or, if no such agreement is entered into wtih in two years of the appointed day, as the Central Government may by order determine having regard to the purposes of the Projects."

ਡਿਪਟੀ ਸਪੀਕਰ ਸਾਹਿਬ, ਇਸ ਐਕਟ ਦੇ ਮੁਤਾਬਿਕ 2 ਸਾਲਾਂ ਬਾਅਦ ਸੈਂਟਰ ਨੂੰ ਰੈਫਰੈਂਸ ਹੋ ਗਈ ਅੱਰ ਉਨ੍ਹਾਂ ਨੇ ਆਪਣਾ ਫੈਸਲਾ ਸੁਣਾ ਦਿੱਤਾ ਅੱਰ ਜੋ ਫੈਸਲਾ ਸੁਣਾਇਆ ਗਿਆ ਉਦ ਮੈਂ ਤੁਹਾਨੂੰ ਪਹਿਲੇ ਦੱਸ ਚੁੱਕਾ ਹਾਂ ਕਿ ਕਿਸ ਤਰੀਕੇ ਨਾਲ ਪਾਣੀ ਦੀ ਵੰਡ ਕੀਤੀ ਗਈ ਸੀ। ਇਹ ਫੈਸਲਾ ਕੰਸਟੀਚਿਊਸ਼ਨਲ ਅਤੇ ਇਨਸਾਫ ਤੋਂ ਬਹੁਤ ਦੂਰ ਹੈ ਅਤੇ ਪੰਜਾਬ ਦੇ ਨਾਲ ਧੱਕਾ ਕੀਤਾ ਗਿਆ। ਜਦੋਂ 1966 ਵਿੱਚ ਰੀ-ਆਰਗੇਨਾਈਜ਼ੇਸ਼ਨ ਨਹੀਂ ਹੋਈ ਅੱਤੇ ਦੁਬਾਰਾ ਸੂਬੇ ਬਣਾਏ ਗਏ ਅਤੇ ਇਸ ਵਿਚ ਪੰਜਾਬ ਹਰਿਆਣਾ ਅਤੇ ਹਿਮਾਚਲ ਬਣਿਆ ; ਪਾਣੀ ਦੀ ਵੰਡ ਵਿਚ ਹਰਿਆਣੇ ਦਾ ਕੋਈ ਰਿਪੈਰੀਅਨ ਰਾਈਟ ਨਹੀਂ ਸੀ। ਸਾਡਾ ਪਾਣੀ ਤੇ ਨੈਚੁਰਲ ਰਿਸੋਰਸਿਜ਼ ਹੋਣ ਕਰਕੇ ਰਾਈਟ ਸੀ। ਜਿਸ ਤਰ੍ਹਾਂ ਹਿਮਾਚਲ ਪ੍ਰਦੇਸ਼ ਅਲੱਗ ਹੋਣ ਤੋਂ ਬਾਅਦ ਉਸਦਾ ਜੰਗਲਾਤ ਤੇ ਰਾਈਟ ਨੈਚੁਰਲ ਬਣ ਗਿਆ ਅੱਤੇ ਇਸ ਤਰ੍ਹਾਂ ਸਾਡਾ ਪਾਣੀ ਤੇ ਰਾਈਟ ਸੀ। ਸਾਨੂੰ ਹਿਮਾਚਲ ਨੇ ਜੰਗਲਾਤ ਤੇ ਰਾਈਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਨਹੀਂ ਦਿਤਾ। ਅਸੀਂ ਅਤੇ ਮੇਰੇ ਹੋਰ ਕੁਝ ਸਾਥੀਆਂ ਨੇ ਇਹ ਕੰਸਟੀਚਿਊਸ਼ਨਲ ਪੁਆਇੰਟ ਹਾਈ ਕੋਰਟ ਵਿਚ ਉਠਾਇਆ ਹੈ ਅਤੇ ਰਿੱਟ ਦਾਇਰ ਕੀਤੀ ਹੋਈ ਹੈ ਅੱਜ ਇਸ ਦੇ ਵਿਚ ਬੇਸ਼ਕ ਗਲ ਨੂੰ ਉਠਾਇਆ ਗਿਆ ਹੈ ਕਿ ਸਟੇਟਸ ਰੀ-ਆਰਗੇਨਾਈਜ਼ੇਸ਼ਨ ਐਕਟ ਦੀ ਸੈਕਸ਼ਨ 78(1) ਦੇ ਅੰਡਰ ਸੈਂਟਰਲ ਗੌਰਮਿੰਟ ਨੂੰ ਫੈਸਲਾ ਕਰਨ ਦਾ ਕੋਈ ਹੱਕ ਨਹੀਂ ਸੀ ਅਤੇ ਨਾ ਕੋਈ ਪਾਵਰਜ਼ ਸੀ। ਪਾਰਲੀਮੈਂਟ ਇਸ ਤੇ ਕੋਈ ਲੈਜਿਸਲੇਸ਼ਨ ਨਹੀਂ ਕਰ ਸਕਦੀ ਸੀ। ਡਿਪਟੀ ਸਪੀਕਰ ਸਾਹਿਬ, ਕੰਸਟੀਚਿਊਸ਼ਨ ਦੇ ਵਿਚ ਤਿੰਨ ਲਿਸਟਾਂ ਹਨ ਜਿਵੇਂ ਕਿ ਇਕ ਸੈਂਟਰਲ ਲਿਸਟ, ਸਟੇਟ ਲਿਸਟ ਅਤੇ ਕਨਕਰੰਟ ਲਿਸਟ ਹੈ। ਸੈਂਟਰਲ ਲਿਸਟ ਅਤੇ ਕਨਕਰੰਟ ਲਿਸਟ ਵਿਚ ਸੈਂਟਰ ਲੈਜਿਸਲੇਸ਼ਨ ਕਰ ਸਕਦਾ ਹੈ ਪਰ ਸਟੇਟ ਲਿਸਟ ਵਿਚ ਸਟੇਟ ਦੀਆਂ ਅੈਸੰਬਲੀਆਂ ਹੀ ਲੈਜਿਸਲੇਸ਼ਨ ਕਰ ਸਕਦੀਆਂ ਹਨ ਅੱਜ ਸਟੇਟ ਲਿਸਟ ਵਿਚ ਕਲੀਅਰ ਹੈ ਕਿ ਇਰੀਗੇਸ਼ਨ ਕੈਨਾਲ, ਡਰੇਨਜ਼, ਇੰਮਬੈਂਕਮੈਂਟ, ਵਾਟਰ ਸਟੋਰਜ ਤੇ ਸਟੇਟ ਲੈਜਿਸਲੇਸ਼ਨ ਹੀ ਕਰ ਸਕਦੀ ਹੈ। ਇਸ ਲਿਸਟ ਵਿਚ ਸਟੇਟ ਹੀ ਲੈਜਿਸਲੇਸ਼ਨ ਕਰ ਸਕਦੀ ਹੈ ਨਾ ਕਿ ਸੈਂਟਰ ਲੈਜਿਸਲੇਸ਼ਨ ਕਰੇ। ਇਸ ਐਕਟ ਵਿਚ ਸੈਕਸ਼ਨ--78(1) ਹੀ ਅਨ-ਕੰਸਟੀਚਿਊਸ਼ਨਲ ਹੈ ਅਤੇ ਜੋ ਨੋਟੀਫਿਕੇਸ਼ਨ ਕੀਤੀ ਗਈ ਪਾਵਰਜ਼ ਲੈਣ ਦੀ, ਇਹ ਵੀ ਨੱਲ ਐਂਡ ਵਾਈਡ ਹੈ ਅਤੇ 78(1) ਵਿਚ ਇਹ ਵੀ ਦਰਜ ਹੈ ਕਿ

That successor State will have the right and liabilities only in regard to Bhakra Nangal and Beas Projects. It is clearly mentioned in Section 78(1) as under:—

> 'Notwithstanding anything contained in this Act but subject to the provisions of sections 79 and 80, all rights and liabilities of the existing State of Punjab in relation to Bhakra-Nangal Project, and Beas Project shall, on the appointed day, be the rights and liabilities of the successor States. As regards right of water in relation to Bhakra-Nangal Project..".

ਭਾਖੜਾ ਡੈਮ ਦੇ ਪਾਣੀ ਬਾਰੇ ਫੈਸਲਾ ਪਹਿਲੇ ਹੀ ਹੋ ਚੁੱਕਾ ਹੈ। ਇਸ ਦਾ ਫੈਸਲਾ ਹੋ ਚੁਕਾ ਹੈ। ਇਹ ਗੱਲ ਕਲੀਅਰ ਹੈ ਕਿ ਬਿਆਸ ਪ੍ਰੋਜੈਕਟ ਦੇ ਪਾਣੀ ਦੀ ਵੰਡ ਸੈਂਟਰ ਨੇ ਆਪਣੀ ਮਰਜ਼ੀ ਨਾਲ ਕਰ ਦਿਤੀ ਹੈ ਜਦ ਕਿ ਲਿਮੀਟੇਸ਼ਨ ਸੀ। ਇਸ ਬਿਆਸ ਪ੍ਰੋਜੈਕਟ ਦੇ ਪਾਣੀ ਨੂੰ ਇਸ ਤਰੀਕੇ ਨਾਲ ਵੰਡਿਆ ਗਿਆ। ਇਹ ਪਾਣੀ ਜਦੋਂ ਸਾਂਝਾ ਪੰਜਾਬ ਸੀ ਉਸ ਵਕਤ ਸਕੀਮਾਂ ਬਣਾਈਆਂ ਗਈਆਂ ਸਨ ਅਤੇ ਇਸ ਨੂੰ ਕੈਲਕੂਲੇਟ ਕਰੀਏ ਤਾਂ ਹਰਿਆਣੇ ਨੂੰ .9 ਐਮ. ਏ. ਐਫ. ਪਾਣੀ ਹਿੱਸੇ ਆਉਂਦਾ ਸੀ। ਰੀਆਰਗੇਨਾਈਜ਼ੇਸ਼ਨ ਐਕਟ ਦੇ ਮੁਤਾਬਿਕ ਕਿਧਰੇ ਦਰਜ ਨਹੀਂ ਹੈ ਕਿ ਰਾਵੀ ਦੇ ਪਾਣੀ ਦੀ ਵੰਡ ਵਿਚ ਹਰਿਆਣੇ ਨੂੰ ਹਿਸਾ ਦਿਤਾ ਜਾਵੇਗਾ। ਇਨ੍ਹਾਂ ਨੇ ਫੈਸਲੇ ਵਿਚ ਕਹਿ ਦਿਤਾ ਕਿ ਕਿਉਂਕਿ ਹਰਿਆਣੇ ਦਾ ਇਲਾਕਾ ਖੁਸ਼ਕ ਹੈ ਅਤੇ ਅਨਇਰੀਗੇਟਿਡ ਹੈ ਅਤੇ ਪਾਣੀ ਦੇ ਸਾਧਨ ਨਹੀਂ ਹਨ, ਇਸ ਕਰਕੇ ਹਰਿਆਣੇ ਨੂੰ ਪਾਣੀ ਦਿੱਤਾ ਜਾਵੇ, ਇਹ ਚੀਜ਼ ਵਿਚ ਲਿਖ ਦਿਤੀ ਗਈ ਹੈ। ਪਾਰਲੀਮੈਂਟ ਇਸ ਤੇ ਐਕਟ ਨਹੀਂ ਬਣਾ ਸਕਦੀ ਸੀ। ਅਗਰ ਇਸ ਐਕਟ ਨੂੰ ਦੰਗੀ ਤਰ੍ਹਾਂ ਵੇਖਿਆ ਜਾਵੇ ਤਾਂ ਮੈਂ ਗੁਲਿੰਗ ਪਾਟਨੀ ਨੂੰ ਕਨਵਿੰਸ ਕਰਵਾ ਸਕਦਾ ਹਾਂ ਕਿ ਸਾਡੇ ਨਾਲ ਇਸ ਮਾਮਲੇ ਵਿਚ ਧੱਕਾ ਕੀਤਾ ਗਿਆ ਹੈ। ਜੇਕਰ ਇਸ ਬਿਆਸ ਪ੍ਰੋਜੈਕਟ ਤੇ ਪਹਿਲੀਆਂ ਸਕੀਮਾਂ ਰੀਆਰਗੇਨਾਈਜ਼ੇਸ਼ਨ ਦੀਆਂ ਦੇਖੀਆਂ ਜਾਣ ਤਾਂ ਪਤਾ ਲਗ ਜਾਵੇਗਾ ਕਿ ਉਨ੍ਹਾਂ ਸਕੀਮਾਂ ਦੇ ਮੁਤਾਬਿਕ ਸਾਰਾ ਪਾਣੀ ਵੰਡਿਆ ਗਿਆ ਸੀ ਅਤੇ ਕਿਸੇ ਨੂੰ ਪਤਾ ਨਹੀਂ ਸੀ ਕਿ ਪੰਜਾਬ ਹਰਿਆਣਾ ਅਲਗ ਅਲਗ ਸਟੇਟਸ ਬਣ ਜਾਣਗੀਆਂ। ਇਹ ਸਕੀਮਾਂ ਰਿਕਾਰਡ ਤੇ ਹਨ। ਤੁਸੀਂ ਦੇਖ ਸਕਦੇ ਹੋ। ਸ਼ਾਇਦ ਉਸ ਵਕਤ ਇਰੀਗੇਸ਼ਨ ਮਨਿਸਟਰ ਵੀ ਹਰਿਆਣੇ ਦੇ ਸਨ। ਇਸ ਸਕੀਮਾਂ ਦੇ ਮੁਤਾਬਿਕ ਪੰਜਾਬ ਨੂੰ 5.2 ਐਮ. ਏ. ਐਫ ਪਾਣੀ ਆਉਂਦਾ ਸੀ ਅਤੇ ਹਰਿਆਣੇ ਨੂੰ 1/9 ਐਮ. ਏ. ਐਫ.

Original with;
Punjab Vidhan Sabha
Digitized by;
Panjab Digital Library

ਪਾਣੀ ਆਉਂਦਾ ਸੀ। ਤੁਸੀਂ ਕੋਈ ਫਾਰਮੂਲਾ ਵਰਤ ਲਓ ਅੱਰ ਤੁਹਾਨੂੰ ਪਤਾ ਲਗ ਜਾਵੇਗਾ ਕਿ ਸਾਡੇ ਨਾਲ ਧੱਕਾ ਹੋਇਆ ਹੈ ਅਤੇ ਇਨਸਾਫ ਨਹੀਂ ਮਿਲਿਆ ਹੈ। ਪੰਜਾਬ ਹਰਿਆਣੇ ਕੋਲ 4 ਦਰਿਆ ਹਨ ਸਤਲੁਜ ਬਿਆਸ ਰਾਵੀ ਅਤੇ ਯਮਨਾ।

ਡਿਪਟੀ ਸਪੀਕਰ ਸਾਹਿਬ, ਜਿਹੜਾ ਹਰਿਆਣਾ-ਪੰਜਾਬ ਨੂੰ ਪਾਣੀ ਲਗਦਾ ਸੀ, ਉਸ ਨੂੰ ਵੱਖ ਕੱਢਕੇ ਜਿਹੜਾ ਸਰਪਲੱਸ ਪਾਣੀ ਹੈ ਉਸ ਪਾਣੀ ਨੂੰ 60:40 ਦੀ ਰੇਸ਼ੋ ਨਾਲ ਵੰਡਣਾ ਚਾਹੀਦਾ ਹੈ। ਇਹ ਸਰਪਲੱਸ 16.5 ਐਮ. ਏ. ਐਫ. ਪਾਣੀ ਬਣਦਾ ਹੈ। ਇਸ ਵਿਚੋਂ ਹਰਿਆਣੇ ਦਾ 6.6 ਐਮ. ਏ. ਐਫ. ਪਾਣੀ ਬਣਦਾ ਹੈ, ਲੇਕਿਨ ਉਸ ਨੂੰ ਪਹਿਲਾਂ ਹੀ 2.6 ਐਮ. ਏ. ਐਫ. ਜਮਨਾ ਦਾ ਅਤੇ 6.6 ਐਮ. ਏ. ਐਫ. ਸਤਲੁਜ ਦਾ ਟੋਟਲ ਡਰਾਅ ਕਰ ਲਿਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਅਸੂਲ ਨੂੰ ਮੁੱਖ ਰੱਖਕੇ ਕਿ ਉਨ੍ਹਾਂ ਦਾ ਹੱਕ ਨਹੀਂ ਬਣਦਾ ਅੱਰ ਜੇਕਰ ਆਰਗੂਮੈਂਟਸ ਸੇਕ ਵਾਸਤੇ ਵੀ ਮੰਨ ਲਈਏ ਕਿ ਹਰਿਆਣਾ ਸਾਡਾ ਗਵਾਂਢੀ ਭਰਾ ਹੈ ਅਤੇ 50:50 ਦੀ ਰੇਸ਼ੋ ਦੇ ਹਿਸਾਬ ਨਾਲ ਵੀ ਅਗਰ ਵੇਖੀਏ ਤਾਂ 16.6 ਐਮ. ਏ. ਐਫ. ਪਾਣੀ ਵੱਧਣਾ ਹੈ। 6.6 ਐਮ. ਏ. ਐਫ. ਪਾਣੀ ਦਿਤਾ ਹੈ। ਉਸ ਹਿਸਾਬ ਨਾਲ 1.6 ਐਮ. ਏ. ਐਫ. ਪਾਣੀ ਮਿਲੇਗਾ। ਡਿਪਟੀ ਸਪੀਕਰ ਸਾਹਿਬ, ਪੂਲ ਸਿਸਟਮ ਨਾਲ ਵੀ ਅਤੇ ਐਕਟ ਦੇ ਹਿਸਾਬ ਨਾਲ ਵੀ ਅਤੇ ਹੋਰ ਸਕੀਮਾਂ ਦੇ ਹਿਸਾਬ ਨਾਲ ਵੀ ਉਨ੍ਹਾਂ ਦਾ ਹੱਕ ਨਹੀਂ ਬਣਦਾ। ਦੋ ਸਾਲਾਂ ਤੋਂ ਸਾਡੇ ਨਾਲ ਹਰ ਪੱਖ ਤੋਂ ਬੇਇਨਸਾਫੀ ਹੋਈ ਹੈ। ਪਿਛੇ ਜਦੋਂ ਦੋ ਸਾਲ ਅਕਾਲੀ ਜਨਤਾ ਪਾਰਟੀ ਦੀ ਸਰਕਾਰ ਪੰਜਾਬ ਵਿਚ ਬਣੀ ਸੀ ਅਤੇ ਸੈਂਟਰ ਵਿਚ ਜਨਤਾ ਪਾਰਟੀ ਅਤੇ ਅਕਾਲੀਆਂ ਦੀ ਸਰਕਾਰ ਬਣੀ ਸੀ ਤਾਂ ਉਸ ਵੇਲੇ ਇਕ ਇਕ ਪੁਆਇੰਟ ਨੂੰ ਸਮਝਿਆ ਜੋ ਕਿ ਮੈਂ ਹੁਣ ਹਾਊਸ ਵਿਚ ਤੁਹਾਡੇ ਸਾਹਮਣੇ ਰਖੇ ਹਨ ਹਿੰਦੁਸਤਾਨ ਦੇ ਬੜੇ ਲਾਇਕ ਵਕੀਲਾਂ ਨੇ ਅਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੂੰ ਵੀ ਮੈਂ ਬੇਨਤੀ ਕੀਤੀ ਸੀ। ਪਿਛਲੇ ਪ੍ਰਧਾਨ ਮੰਤਰੀ ਸ਼੍ਰੀ ਮੁਰਾਰਜੀ ਡਿਸਾਈ ਜੀ ਨੂੰ ਵੀ ਮੈਂ ਬੇਨਤੀ ਕੀਤੀ ਸੀ ਕਿ ਸਾਡੇ ਪੰਜਾਬ ਨਾਲ ਬਇਨਸਾਫੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਐਮਰਜੈਂਸੀ ਦੇ ਦੌਰਾਨ ਜੋ ਐਕਸੈਸਿਜ਼ ਹੋਈਆਂ ਉਨ੍ਹਾਂ ਵਿਚੋਂ ਇਕ ਪਾਣੀ ਦੀ ਵੰਡ ਦੀ ਐਕਸੈਸ ਹੋਈ ਹੈ। ਇਸ ਕਰਕੇ ਹੀ, ਡਿਪਟੀ ਸਪੀਕਰ ਸਾਹਿਬ, ਇਰੀਗੇਸ਼ਨ ਪਾਵਰ ਮਨਿਸਟਰ ਨੇ ਸਾਰੀ ਚੀਜ਼ ਨੂੰ ਆਪ ਦੇਖਿਆ ਅਤੇ ਕਿਹਾ ਕਿ ਪੰਜਾਬ ਦੇ ਨਾਲ ਬੇਇਨਸਾਫੀ ਹੋਈ ਹੈ। ਇਸ ਲਈ ਜੇਕਰ ਤੁਹਾਡਾ ਦਿਲ ਮੰਨੇ ਤਾਂ ਇਸ ਕੇਸ ਨੂੰ ਰੀਓਪਨ ਕਰ ਲਓ। ਜਦੋਂ ਪਿਛਲੇ ਸ਼੍ਰੀ ਮੁਰਾਰਜੀ ਡਿਸਾਈ ਪ੍ਰਧਾਨ ਮੰਤਰੀ ਜੀ ਨੂੰ ਸਾਰੀ ਚੀਜ਼ ਦਸੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਵਾਕਿਅ ਹੀ ਪੰਜਾਬ ਦੇ ਨਾਲ ਬੇਇਨਸਾਫੀ ਹੋਈ ਹੈ ਅਤੇ ਇਸ ਲਈ ਕੇਸ ਨੂੰ ਰੀਓਪਨ ਕੀਤਾ ਗਿਆ। ਪ੍ਰਧਾਨ ਮੰਤਰੀ, ਸ਼੍ਰੀ ਮੁਰਾਰ ਜੀ ਡਿਸਾਈ ਜੀ ਨੇ ਵੀ ਸਮਝਿਆ ਕਿ ਪੰਜਾਬ ਨਾਲ ਬੇਇਨਸਾਫੀ ਹੋਈ ਹੈ। ਇਸ ਲਈ ਮੈਂ ਦੁਬਾਰਾ ਇਹ ਕੇਸ ਰੀਓਪਨ ਕਰਦਾ ਹਾਂ। ਫਿਰ ਇਹ ਕੇਸ ਦੁਬਾਰਾ ਰੀਓਪਨ ਹੋਇਆ । (ਬੰਪਿੰਗ)

Agriculture and Irrigation Minister : Please quote some letter.

Sardar Parkash Singh Badal : What letter ?

Agriculture and Irrigation Minister : Where he had written about it ?

Sardar Birdevinder Singh : If Prime Minister had written any letter to you, please quote. Please also quote the text of the letter.

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਜੇਕਰ ਕੋਈ ਆਨਰੇਬਲ ਮੈਂਬਰ ਸਾਹਿਬ ਸਵਾਲ ਪੁੱਛਦਾ ਤਾਂ ਮੈਨੂੰ ਕੋਈ ਗਿਲਾ ਜਾਂ ਅਫਸੋਸ ਨਾ ਹੁੰਦਾ ਪਰ ਇਰੀਗੇਸ਼ਨ ਮਨਿਸਟਰ ਸਾਹਿਬ ਮੈਨੂੰ ਇਹ ਸਵਾਲ ਕਰਦੇ ਹਨ ਤਾਂ, ਡਿਪਟੀ ਸਪੀਕਰ ਸਾਹਿਬ, ਮੈਨੂੰ ਹੈਰਾਨਗੀ ਹੁੰਦੀ ਹੈ। ਕੇਸ ਰੀਓਪਨ ਹੋਇਆ ਹੈ ਅੱਰ ਇਸ ਸਬੰਧੀ ਸ਼੍ਰੀ ਮੁਰਾਰਜੀ ਡਿਸਾਈ ਸਾਹਿਬ ਨਾਲ ਅਤੇ ਇਰੀਗੇਸ਼ਨ ਮਨਿਸਟਰ ਸਾਹਿਬ ਨਾਲ ਅਤੇ ਬਰਨਾਲਾ ਸਾਹਿਬ, ਇਥੇ ਬੈਠੇ ਹਨ, ਤੁਸੀਂ ਪੁੱਛ ਸਕਦੇ ਹੋ। ਜੇਕਰ, ਡਿਪਟੀ ਸਪੀਕਰ ਸਾਹਿਬ, ਇਸ ਸਬੰਧੀ ਮੀਟਿੰਗਾਂ ਨਹੀਂ ਹੋਈਆਂ ਤਾਂ ਮੈਂ ਅਸਤੀਫਾ ਦੇਣ ਲਈ ਤਿਆਰ ਹਾਂ। (ਥੰਪਿੰਗ)

Sardar Birdevinder Singh : On a point of order. What is the text of the letter ?

Chief Minister : Let him carry on.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਸ ਬਹਿਸ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਵੇਂ ਇਕ ਬੱਚੇ ਦੀ ਸੁਤੇਲੀ ਮਾਂ ਸੀ ਅਤੇ ਇੱਕ ਸਕੀ ਮਾਂ ਸੀ। ਦੋਵੇਂ ਔਰਤਾਂ ਨੇ ਕਿਹਾ ਕਿ ਇਹ ਮੇਰਾ ਬੱਚਾ ਹੈ। ਕੇਸ ਅਦਾਲਤ ਵਿਚ ਇਕ ਸਿਆਣੇ ਜੱਜ ਕੋਲ ਚਲਾ ਗਿਆ। ਜੱਜ ਨੇ ਟੈਸਟ ਕਰਨਾ ਸੀ ਕਿ ਦੋਵੇਂ ਔਰਤਾਂ ਵਿਚੋਂ ਕਿਸ ਦਾ ਬੱਚਾ ਹੈ। ਉਸ ਨੇ ਹੁਕਮ ਦਿੱਤਾ ਕਿ ਬੱਚੇ ਦੇ ਦੋ ਹਿਸੇ ਕਰ ਦਿੱਤੇ ਜਾਣ ਅਤੇ ਵੰਡ ਦਿਤੇ ਜਾਣ। ਡਿਪਟੀ ਸਪੀਕਰ ਸਾਹਿਬ, ਅਸਲੀ ਮਾਂ ਨੇ ਕਿਹਾ ਕਿ ਇਹ ਮੇਰਾ ਬੱਚਾ ਨਹੀਂ ਹੈ ਅੱਰ ਤੁਸੀਂ ਦੂਜੀ ਔਰਤ ਨੂੰ ਦੇ ਦਿਓ ਤਾਂਕਿ ਬੱਚੇ ਦੀ ਜਾਨ ਬਚ ਜਾਵੇ। ਇਸ ਤਰ੍ਹਾਂ ਜੱਜ ਨੂੰ ਅਸਲੀ ਮਾਂ ਦਾ ਪਤਾ ਲਗ ਗਿਆ। ਇਸ ਤੋਂ ਡਿਪਟੀ ਸਪੀਕਰ ਸਾਹਿਬ, ਪਤਾ ਲਗਦਾ ਹੈ ਕਿ ਪਾਣੀ ਦੀ ਵੰਡ ਦਾ ਦੁੱਖ ਇਨ੍ਹਾਂ ਨੂੰ ਜ਼ਿਆਦਾ ਹੈ ਜਾਂ ਸਾਨੂੰ ਦੁੱਖ ਜ਼ਿਆਦਾ ਹੈ। ਅਸੀਂ ਪੰਜਾਬ ਦੀ ਖਾਤਰ ਜਾਨਾਂ ਵਾਰਨ ਲਈ ਵੀ ਤਿਆਰ ਹਾਂ (ਥੰਪਿੰਗ) ਅਸੀਂ, ਡਿਪਟੀ ਸਪੀਕਰ ਸਾਹਿਬ, ਸੂਬੇ ਨਾਲ ਧ੍ਰੋਹ ਨਹੀਂ ਹੋਣ ਦਿਆਂਗੇ। ਸਾਡੇ ਵੇਲੇ ਜੋ ਕੁਝ ਅਸੀਂ ਕਿਹਾ ਉਹੀ ਚੀਜ਼ ਇੰਪਲੀਮੈਂਟ ਹੋਈ ਹੈ। ਅਜ ਜਿਥੇ ਵੀ ਕਾਂਗਰਸ ਸਟੇਟਾਂ ਵਿਚ ਰਾਜ ਕਰਦੀ ਹੈ ਉਥੇ ਦਾ ਕੋਈ ਵੀ ਸੀ. ਐਮ. ਸਾਹਿਬ ਜਾਂ ਕੈਬਨਿਟ ਦਾ ਮੰਤਰੀ ਸੈਂਟਰਲ ਸਰਕਾਰ ਦੇ ਵਿਰੁੱਧ ਕਿਸੇ ਵੀ ਮਾਮਲੇ ਤੇ ਸੁਪਰੀਮ ਕੋਰਟ ਵਿਚ ਗਏ ਹੋਣ ਤਾਂ ਮੈਨੂੰ ਦਸੋ। ਜਦੋਂ ਅਕਾਲੀ ਜਨਤਾ ਸਰਕਾਰ ਸੀ ਅਸੀਂ ਪੰਜਾਬ ਦੇ ਸੂਬੇ ਦੀ ਭਲਾਈ ਦੀ ਖਾਤਰ ਅਤੇ ਪੰਜਾਬ ਦੇ ਹਿੱਤਾਂ ਦੀ ਖਾਤਰ ਅੱਰ ਆਪਣੀਆਂ ਗੱਦੀਆਂ ਦੀ ਪਰਵਾਹ ਨਾ ਕਰਦੇ ਹੋਏ ਪਾਣੀ ਦੇ ਕੇਸ ਨੂੰ ਸੁਪਰੀਮ ਕੋਰਟ ਵਿਚ ਲੈ ਕੇ ਗਏ। (ਥੰਪਿੰਗ) ਜੇਕਰ ਪੰਜਾਬ ਦੀ ਖਾਤਰ ਕੋਈ ਵੀ ਕੁਰਬਾਨੀ ਸਾਨੂੰ ਕਰਨੀ ਪਈ ਤਾਂ ਅਸੀਂ ਪਿਛੇ ਨਹੀਂ ਹਟਾਂਗੇ। ਸਾਨੂੰ ਜਦੋਂ ਵੀ ਮੌਕਾ ਮਿਲਦਾ ਰਿਹਾ ਤਾਂ ਪੰਜਾਬ ਦੇ ਹਿਤਾਂ ਦਾ ਖਿਆਲ ਰਖਿਆ ਹੈ। ਸਾਡੀਆਂ ਪਰਾਈਮ ਮਨਿਸਟਰ ਸਾਹਿਬ ਨਾਲ ਮੀਟਿੰਗਾਂ ਹੋਈਆਂ ਤਾਂ ਉਥੇ ਵੀ ਪੰਜਾਬ ਦੇ ਹਿੱਤ ਦੀ ਗੱਲ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਵੱਡੇ ਵੱਡੇ ਐਕਸਪਰਟਾਂ ਨੇ ਅਤੇ ਐਡਵੋਕੇਟ ਜਨਰਲ ਨੇ ਅਤੇ ਐਲ. ਆਰ. ਨੇ ਅਤੇ ਹੋਰ ਅਫਸਰਾਂ ਨੇ ਕਿਹਾ ਕਿ ਤੁਹਾਡਾ ਕੇਸ ਫੁਲ ਪਰੂਫ ਹੈ। ਤੁਸੀਂ ਇਸ ਕੇਸ ਨੂੰ ਸੁਪਰੀਮ ਕੋਰਟ ਵਿਚ ਜੇਕਰ ਲੈ ਜਾਵੋਗੇ ਤਾਂ ਤੁਹਾਨੂੰ ਜ਼ਰੂਰ ਇਨਸਾਫ ਮਿਲੇਗਾ। ਅਸੀਂ ਫਿਰ ਜੱਦੋ ਜਹਿਦ ਕੀਤੀ ਕਿ ਪੰਜਾਬ ਦੇ ਲੋਕਾਂ ਨੂੰ ਪਾਣੀ ਦੀ ਵੰਡ ਵਿਚ ਪੂਰਾ ਇਨਸਾਫ ਦਿਵਾਵਾਂਗੇ ਅਤੇ ਕੇਸ ਨੂੰ ਸੁਪਰੀਮ ਕੋਰਟ ਵਿਚ ਲੈ ਗਏ। ਉਸ ਵੇਲੇ ਅਸੀਂ ਆਪਣੀਆਂ ਗੱਦੀਆਂ ਦੀ ਪਰਵਾਹ ਨਹੀਂ ਕੀਤੀ। ਫਿਰ ਸਰਕਾਰ ਤੋੜ ਦਿਤੀ ਗਈ। ਹੁਣ ਫਿਰ ਦੁਬਾਰਾ ਫੈਸਲਾ ਹੋਇਆ ਤਾਂ ਮੈਨੂੰ ਇਸ ਗੱਲ ਦਾ ਬੜਾ ਹੀ ਦੁੱਖ ਹੋਇਆ। ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਕ ਮਿਸਾਲ ਦਿਤੀ ਸੀ ਕਿ ਪੁਰਾਣੀ

Original with;
Punjab Vidhan Sabha
Digitized by;
Panjab Digital Library

ਸ਼ਰਾਬ ਨੂੰ ਨਵੀਆਂ ਬੋਤਲਾਂ ਵਿਚ ਪਾਇਆ ਜਾ ਰਿਹਾ ਹੈ। ਹੁਣ ਕਹਿੰਦੇ ਹਨ ਕਿ ਰਾਤੋ-ਰਾਤ ਪਾਣੀ ਵੱਧ ਗਿਆ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕੋਈ ਸੁਪਨਾ ਆਇਆ ਹੋਵੇਗਾ ਕਿ ਪਾਣੀ ਵੱਧ ਗਿਆ ਹੈ। ਪਰ ਅਸਲੀਅਤ ਵਿਚ ਪਾਣੀ ਵਧਿਆ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, 31 ਦਸੰਬਰ, 1981 ਨੂੰ ਇੱਕ ਐਗਰੀਮੈਂਟ ਹੋਇਆ ਜਿਸ ਵਿਚ ਰਾਜਸਥਾਨ ਦੇ ਪਾਣੀ ਦੀ ਕੋਈ ਡਿਮਾਂਡ ਤਕ ਵੀ ਨਹੀਂ ਸੀ ਪਰ ਉਸਨੂੰ ਪਾਣੀ ਦਿਤਾ ਗਿਆ। ਪਹਿਲੇ ਅਵਾਰਡ ਦੇ ਮੁਤਾਬਿਕ ਹੀ ਰਾਜਸਥਾਨ ਵਾਲੇ ਚਾਹੁੰਦੇ ਸਨ ਕਿ ਦਿਤਾ ਹੋਇਆ ਪਾਣੀ ਹਜ਼ਮ ਹੋ ਜਾਏ। 8.60 ਐਮ. ਏ. ਐਫ. ਪਾਣੀ ਦਿੱਲੀ ਵਾਲਿਆਂ ਨੂੰ ਦਿੱਤਾ ਗਿਆ। ਪੰਜਾਬ ਨੂੰ 4.22 ਐਮ. ਏ. ਐਫ. ਪਾਣੀ ਦਿਤਾ। ਇਸ ਲਈ, ਡਿਪਟੀ ਸਪੀਕਰ ਸਾਹਿਬ, ਪਾਣੀ ਦੀ ਕਾਣੀ ਵੰਡ ਹੋਈ ਹੈ। ਪੰਜਾਬ ਸਰਕਾਰ ਨੇ ਐਫੀਡੈਵਿਟ ਵੀ ਦਿਤੇ ਸਨ ਜੋ ਕਿ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਨੇ ਪ੍ਰਧਾਨ ਮੰਤਰੀ ਕੋਲ ਡਿਸਕਸ਼ਨ ਵੇਲੇ ਦਿਖਾਏ ਹੋਣਗੇ ਕਿ ਇਤਨਾ ਪਾਣੀ ਅਸੀਂ ਯੂਜ਼ ਕਰਦੇ ਹਾਂ ਅੱਤ 6.1ਐਮ. ਏ. ਐਫ. ਪਾਣੀ ਘਟੇਗਾ। ਇਸ ਨਾਲ, ਡਿਪਟੀ ਸਪੀਕਰ ਸਾਹਿਬ, ਸਾਢੇ ਸੱਤ ਲੱਖ ਏਕੜ ਜ਼ਮੀਨ ਪੰਜਾਬ ਦੀ ਬਰਬਾਦ ਹੋ ਜਾਵੇਗੀ। ਲੋਕ ਪਾਣੀ ਪਾਣੀ ਕਰਦੇ ਹਨ। ਇਸ ਦਾ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਵੀ ਪਤਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਇਹ ਹਾਲਤ ਹੈ ਕਿ ਜੇਕਰ ਮੇਰੇ ਕੋਲ ਦਿਨ ਵਿਚ 50 ਬੰਦੇ ਮਿਲਣ ਆਉਂਦੇ ਹਨ ਤਾਂ 25 ਆਦਮੀਆਂ ਦੀ ਮੰਗ ਪਾਣੀ ਦੀ ਹੀ ਹੁੰਦੀ ਹੈ। ਪੰਜਾਬ ਵਿਚੋਂ ਨਹਿਰਾਂ ਕੱਢ ਕੇ ਪਾਣੀ ਬਾਹਰ ਦੂਜੀਆਂ ਸਟੇਟਾਂ ਵਿਚ ਭੇਜਿਆ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਨਾਲ ਮੈਂ ਕਹਿ ਸਕਦਾ ਹਾਂ ਕਿ ਪੰਜਾਬ ਬਰਬਾਦ ਹੋ ਜਾਵੇਗਾ। ਪੰਜਾਬ ਨੂੰ ਜਿਹੜਾ ਪਹਿਲਾ ਮਾਨ ਸੀ ਕਿ ਪੰਜਾਬ ਪਹਿਲੇ ਨੰਬਰ ਤੇ ਆਉਂਦਾ ਹੈ, ਉਹ ਮਾਣ ਖਤਮ ਹੋ ਜਾਵੇਗਾ ਅਤੇ ਇਸ ਨਾਲ ਸਾਰੇ ਪੰਜਾਬ ਦਾ ਨੁਕਸਾਨ ਹੋਵੇਗਾ ਅਤੇ ਸਾਰੇ ਦੇਸ਼ ਦਾ ਵੀ ਇਸ ਨਾਲ ਨੁਕਸਾਨ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗਲ ਕਰਨੀ ਚਾਹੁੰਦਾ ਹਾਂ ਕਿ ਸਾਡੇ ਕੋਲ ਹੋਰ ਫੋਰਮ ਸਨ ਕਿਉਂਕਿ ਹਰ ਬੰਦਾ ਅਗਰੀਵਡ ਹੁੰਦਾ ਹੈ ਭਾਵੇਂ ਗੌਰਮਿੰਟ ਅੈਗਰੀਵਡ ਹੋਵੇ ਭਾਵੇਂ ਪਬਲਿਕ ਐਗਰੀਵਡ ਹੋਣ। ਜੇ ਸੈਂਟਰ ਦੀ ਸਰਕਾਰ ਕੋਲ ਅਜਿਹਾ ਹੱਲ ਹੋਵੇ, ਲੋਕਾਂ ਦੀ ਤਸੱਲੀ ਹੋ ਜਾਏਗੀ ਅੱਤ ਲੋਕ ਲੀਗਲ ਡਿਸੀਜ਼ਨ ਲੈ ਸਕਣ। ਸੁਪਰੀਮ ਕੋਰਟ ਤੋਂ ਤਾਂ ਫਿਰ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਸਾਡੇ ਕਲੀਅਰ ਐਕਟ ਬਣੇ ਹਨ। ਇੰਟਰ ਸਟੇਟ ਵਾਟਰ ਡਿਸਪਿਊਟ ਐਕਟ ਬਣਿਆ 1956 ਵਿਚ, ਉਸ ਵਿਚ ਹੈ :—

"If it appears to the Government of any State that a Water Dispute with the Government of another State has arisen or is likely to arise, the State Government may in such form and manner as may prescribe, request the Central Government to refer the Water Dispute to a tribunal for adjudication."

ਇਸ ਸਬੰਧੀ ਡੈਫੀਨਿਟ ਇੱਕ ਲਾਅ ਬਣਿਆ ਹੋਇਆ ਹੈ ਕਿ ਜੇਕਰ ਕਿਸੇ ਸਟੇਟ ਨੂੰ ਸ਼ੱਕ ਹੋਵੇ ਕਿ ਉਸ ਨਾਲ ਬੇ-ਇਨਸਾਫੀ ਹੋ ਰਹੀ ਹੈ ਤਾਂ ਸੈਂਟਰਲ ਗੌਰਮਿੰਟ ਨੂੰ ਮੂਵ ਕਰੇ। ਉਸ ਤੇ ਸੈਂਟਰ ਦੀ ਸਰਕਾਰ ਟ੍ਰੀਬਿਊਨਲ ਮੁਕੱਰਰ ਕਰੇਗੀ। ਉਸ ਟ੍ਰੀਬਿਊਨਲ ਦੇ ਮੈਂਬਰ ਸੁਪਰੀਮ ਕੋਰਟ ਦੇ ਜਾਂ ਹਾਈ ਕੋਰਟ ਦੇ ਵਰਕਿੰਗ ਜੱਜ ਹੋਣਗੇ। ਜੇਕਰ ਕੋਈ ਅੈਗਰੀਵਡ ਪਾਰਟੀ ਹੁੰਦੀ ਹੈ ਤਾਂ ਉਸ ਦਾ ਹੱਕ ਹੈ ਕਿ ਉਹ ਟ੍ਰੀਬਿਊਨਲ ਕੋਲ ਜਾ ਸਕਦੀ ਹੈ। ਫਿਰ ਕਿਉਂ ਨਹੀਂ ਇਹੋ ਜਿਹਾ ਮੌਕਾ ਪੰਜਾਬ ਦੇ ਲੋਕਾਂ ਨੂੰ ਦਿਤਾ। ਸਾਡਾ ਕੇਸ ਐਨਾ ਮਜ਼ਬੂਤ ਹੈ ਕਿ ਜੇਕਰ ਇਸ ਬਾਰੇ ਵਰਕਿੰਗ ਜੱਜ ਫੈਸਲਾ ਦੇਣਗੇ ਤਾਂ ਕਦੇ ਵੀ ਸਾਡੇ ਨਾਲ ਬੇਇਨਸਾਫੀ ਨਹੀਂ ਹੋ ਸਕਦੀ। ਦੂਜੇ ਕੰਸਟੀਚਿਊਸ਼ਨ ਵਿਚ ਪ੍ਰੋਵੀਜ਼ਨ ਹੈ :—

"Subject to the provisions of this Constitution, the Supreme Court shall, be the exclusion of any other court, have original jurisdiction in any dispute—

(a) between the Government of India and one or more States, ; or

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

(b) between the Government of India and any State or States on one side and one or more other States on the other ; or

(c) between two or more States.?"

ਇਸ ਵਿਚ ਕਲੀਅਰਲੀ ਲਿਖਿਆ ਹੋਇਆ ਹੈ ਕਿ ਜੇਕਰ ਦੋ ਸਟੇਟਾਂ ਦੇ ਪਾਣੀ ਦਾ ਝਗੜਾ ਹੋਵੇ ਤਾਂ ਫਿਰ ਸੁਪਰੀਮ ਕੋਰਟ ਜਿਹੜੀ ਹੈ ..... (ਘੰਟੀ)

ਸ਼੍ਰੀ ਡਿਪਟੀ ਸਪੀਕਰ: ਤੁਸੀਂ ਪੰਜ ਸੱਤ ਮਿੰਟਾਂ ਵਿਚ ਖਤਮ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਇਸ ਕਰਕੇ ਸਾਡਾ ਰਾਈਟ ਸੀ ਅਤੇ ਅਸੀਂ ਉਹ ਰਾਈਟ ਅਵੇਲ ਕਰਨਾ ਚਾਹੁੰਦੇ ਸੀ ਪਰ ਕਿੰਨੇ ਦੁਖ ਦੀ ਗਲ ਹੈ ਕਿ ਸਾਹਮਣੇ ਬੈਠੀ ਸਰਕਾਰ ਨੇ ਉਹ ਕੇਸ ਵਿਦਡਰਾਅ ਕਰ ਲਿਆ, ਜਿਸ ਨਾਲ ਸਾਡੇ ਸਾਰੇ ਲੀਗਲ ਕੋਰਸਿਜ਼ ਸੁਪਰੀਮ ਕੋਰਟ ਵਿਚ ਜਾਣ ਦੇ ਬੰਦ ਹੋ ਗਏ । ਇਸ ਵਿਚ ਪ੍ਰੋਵੀਜ਼ਨ ਹੈ ਕਿ ਅੰਨੇ ਸਾਲਾਂ ਬਾਅਦ ਦਾਅਵਾ ਕਰ ਸਕਦੇ ਹਾਂ। ਇਸ ਲਈ ਲਿਮੀਟੇਸ਼ਨ ਹੈ ਕਿ ਅੰਨੇ ਅੰਨੇ ਸਮੇਂ ਅਦਰ ਦਾਅਵਾ ਕੀਤਾ ਜਾ ਸਕਦਾ ਹੈ। ਪਰ ਉਹ ਲਿਮੀਟੇਸ਼ਨ ਵੀ ਖਤਮ ਹੋ ਗਈ ਹੈ। ਸਰਕਾਰ ਨੇ ਇਸ ਤਰ੍ਹਾਂ ਕਰਕੇ ਸੂਬੇ ਨਾਲ ਬਹੁਤ ਧਰੋਹ ਕੀਤਾ ਹੈ। ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਠੀਕ ਹੈ ਕਿ ਇਹ ਸਾਹਮਣੇ ਬੈਠੇ ਭਰਾ ਆਪਣੀਆਂ ਕੁਰਸੀਆਂ ਦੀ ਖਾਤਰ, ਆਪਣੀਆਂ ਗੱਦੀਆਂ ਦੀ ਖਾਤਰ ਇਹ ਸਭ ਕੁਝ ਕਰ ਆਏ ਹਨ ਪਰ ਪੰਜਾਬ ਵਿਚ ਅਜਿਹੇ ਲੋਕ ਬੈਠੇ ਹਨ ਜਿਹੜੇ ਲੋਕਾਂ ਦੇ ਹਿਤਾਂ ਦੇ ਰਾਖੇ ਹਨ ਅੰਰ ਅਗਰ ਉਨ੍ਹਾਂ ਨੂੰ ਕੋਈ ਵੀ ਇਨ੍ਹਾਂ ਦੇ ਹਿਤਾਂ ਲਈ ਵੱਡੀ ਤੋਂ ਵੱਡੀ ਕੁਰਬਾਨੀ ਵੀ ਕਰਨੀ ਪਈ ਤਾਂ ਉਹ ਕਰਨਗੇ (ਥੰਪਿੰਗ) ਲੇਕਿਨ ਇਹ ਫੈਸਲਾ ਲਾਗੂ ਨਹੀਂ ਹੋਣ ਦਿਆਂਗੇ। ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਅਸੀਂ ਇਹੋ ਜਿਹੇ ਬਿਆਨ ਨਹੀਂ ਚਿੰਦੇ ਜਿਹੜੇ ਕਿ ਗਲਤ ਹੋਣ । ਅਸੀਂ ਸਰਕਾਰ ਨੂੰ ਅੰਰ ਪੰਜਾਬ ਦੇ ਲੋਕਾਂ ਨੂੰ ਇਹ ਦਸਣਾ ਚਾਹੁੰਦੇ ਹਾਂ ਕਿ ਜਿਹੜੀ ਲਿੰਕ ਕੈਨਾਲ ਲਈ ਇਹ ਟੈਂਡਰ ਆਦਿ ਸਾਹਮਣੇ ਬੈਠੀ ਸਰਕਾਰ ਕਰ ਰਹੀ ਹੈ, ਨੋਟੀਫਿਕੇਸ਼ਨ ਹੋ ਰਹੇ ਹਨ, ਇਹ ਨਹਿਰ ਨਹੀਂ ਪੁੱਟਣ ਦਿਤੀ ਜਾਏਗੀ। (ਥੰਪਿੰਗ) ਜਦੋਂ ਤਕ ਇਹ ਆਪੋਜ਼ੀਸ਼ਨ ਬੈਠੀ ਹੈ ਜਿਨ੍ਹਾਂ ਨੂੰ ਸੂਬੇ ਦੇ ਇੰਟਰਸਟ ਸਭ ਤੋਂ ਮੁੱਖ ਹਨ। ਇਨ੍ਹਾਂ ਵਿਚ ਜਦੋਂ ਤਕ ਜਾਣਾ ਹੈ ਉਦੋਂ ਤਕ ਇਹ ਨਹਿਰ ਨਹੀਂ ਪੁੱਟਣ ਦਿਤੀ ਜਾਏਗੀ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਪਤਾ ਹੈ ਇਹ ਐਵੇਂ ਇਨ੍ਹਾਂ ਨੇ ਡਰਾਮਾ ਹੀ ਕਰ ਦਿੱਤਾ ਹੈ। ਇਹ ਆਪ ਦੇਖ ਲੈਣ ਕਿ ਕਦੇ ਇਹ ਨਹਿਰ ਪੁੱਟੀ ਜਾ ਸਕਦੀ ਹੈ। ਫਿਰ ਥੋੜ੍ਹਾ ਜਿਹਾ ਸੋਚੋ ਇਹ ਗੱਲਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ । ਚੀਫ ਮਨਿਸਟਰੀਆਂ ਨਹੀਂ ਰਹੀਆਂ ਕੋਈ ਲੋਕ ਨਹੀਂ ਰਹੇ ਲੇਕਿਨ ਹਿਸਟਰੀ ਰਹਿ ਜਾਏਗੀ ਅੰਰ ਆਉਣ ਵਾਲੀਆਂ ਨਸਲਾਂ ਕਹਿਣਗੀਆਂ ਕਿ ਖੇਤੀ ਲਈ ਪਾਣੀ ਦੀ ਕਿੰਨੀ ਲੋੜ ਹੈ ਪਰ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਅੰਰ ਉਸ ਸਰਕਾਰ ਨੇ ਸਾਡੀ ਮੌਤ ਦੇ ਵਾਰੰਟ ਤੇ ਦਸਖਤ ਕਰ ਦਿੱਤੇ ਅੰਰ ਸਾਡੇ ਤੋਂ ਪਾਣੀ ਖੋਹ ਲਿਆ। ਮੈਂ ਕੋਈ ਆਪੋਜ਼ੀਸ਼ਨ ਵਾਸਤੇ ਗੱਲਾਂ ਨਹੀਂ ਕਰਦਾ ਇਹ ਮੇਰੇ ਦਿਲ ਦੇ ਜਜਬਾਤ ਹਨ ਕਿ ਸਰਦਾਰ ਦਰਬਾਰਾ ਸਿੰਘ ਜੀ ਤੁਸੀਂ ਇਸ ਇਸ਼ੂ ਤੇ ਅਸਤੀਫਾ ਦੇ ਦਿਓ ਤਾਂ ਮੈਂ ਸਮਝਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਕੀ ਸਾਰੀ ਦੁਨੀਆਂ ਵਿਚ ਤੁਹਾਡਾ ਨਾਂ ਉਚਾ ਹੋ ਜਾਏਗਾ ਕਿ ਇਸ ਚੀਫ ਮਨਿਸਟਰ ਨੇ ਆਪਣੇ ਲੋਕਾਂ ਦੀ ਖਾਤਰ, ਲੋਕਾਂ ਦੇ ਹਿਤਾਂ ਦੀ ਖਾਤਰ ਆਪਣੀ ਗੱਦੀ ਛੱਡ ਦਿੱਤੀ। (ਥੰਪਿੰਗ) ਮੈਂ ਫਿਰ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਇਸ ਗਲ ਤੇ ਅਸਤੀਫਾ ਦੇ ਦੇਣ ਕਿ ਪਾਣੀ ਤੋਂ ਜ਼ਿਆਦਾ ਪਿਆਰੀ ਹੋਰ ਕੋਈ ਚੀਜ਼ ਨਹੀਂ ਹੈ। ਜੇ ਤੁਸੀਂ ਇਸ ਈਸ਼ੂ ਤੇ ਇਲੈਕਸ਼ਨਜ਼ ਲੜੋਗੇ ਤਾਂ ਤੁਹਾਡੇ ਖਿਲਾਫ ਅਕਾਲੀ ਪਾਰਟੀ ਇਲੈਕਸ਼ਨਜ਼ ਨਹੀਂ ਲੜੇਗੀ। ਅਸੀਂ ਕਹਾਂਗੇ ਕਿ ਇਹ ਬੰਦੇ ਬਹਾਦਰ ਹਨ ਕਿਉਂਕਿ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਪੰਜਾਬ ਦੇ ਹੱਕਾਂ ਦੀ ਰਾਖੀ ਕੀਤੀ ਹੈ ਜਿਸ ਨੂੰ ਤੁਸੀਂ ਅਗਰ ਤਾਕਤ ਦਿਓਗੇ ਤਾਂ ਅਸੀਂ ਨਹੀਂ ਲੜਾਂਗੇ। ਤੁਹਾਡਾ ਦਿਲ ਵੀ ਕੀਤਾ ਸੀ ਅੱਰ ਸਰਦਾਰ ਦਰਬਾਰਾ ਸਿੰਘ ਜੀ ਸੋਚ ਵੀ ਰਹੇ ਹਨ ਕਿ ਇਸ ਈਸ਼ੂ ਤੇ ਇਹ ਅਸਤੀਫਾ ਵੀ ਦੇ ਦੇਣ ਪਰ ਇਨ੍ਹਾਂ ਦੀਆਂ ਵੀ ਮਜ਼ਬੂਰੀਆਂ ਹਨ ਇਸ ਕਰਕੇ ਉਹ ਗਲ ਰਹਿ ਗਈ।

ਅੰਤ ਵਿਚ ਮੈਂ ਫਿਰ ਇਹ ਕਹਾਂਗਾ ਕਿ ਐਡੀ ਵੱਡੀ ਬੇਇਨਸਾਫੀ ਪੰਜਾਬ ਨਾਲ ਨਾ ਕਦੇ ਅਗੇ ਹੋਈ ਹੈ ਅਤੇ ਨਾ ਹੋਣੀ ਹੈ, ਇਸ ਲਈ ਪਜਾਬ ਦੇ ਹਿਤਾਂ ਦੀ ਰਾਖੀ ਰਖਦੇ ਹੋਏ ਤੁਸੀਂ ਤਕੜੇ ਹੋ ਕੇ ਕੰਮ ਕਰੋ ਨਹੀਂ ਤਾਂ ਅਸੀਂ ਹਾਜ਼ਰ ਹਾਂ ਤੁਹਾਡੀਆਂ ਜੇਲ੍ਹਾਂ ਅਤੇ ਰਾਈਫਲਾਂ ਦੀਆਂ ਗੋਲੀਆਂ ਅੱਰ ਸਾਡੀਆਂ ਛਾਤੀਆਂ ਉਸ ਲਈ ਪੇਸ਼ ਹਨ। (ਥੰਪਿੰਗ)

ਸਰਦਾਰ ਬੀਰਦਵਿੰਦਰ ਸਿੰਘ (ਸਰਹੰਦ) : ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਅਕਾਲੀ ਦਲ ਦੇ ਪਾਣੀ ਦੀ ਵੰਡ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਮੈਂ ਸਮਝਦਾ ਹਾਂ ਕਿ ਬਾਦਲ ਸਾਹਿਬ ਨੇ ਭਾਵਕ ਤੌਰ ਤੇ ਗਲਾਂ ਕੀਤੀਆਂ ਹਨ। ਅੱਛਾ ਹੁੰਦਾ ਜੇਕਰ ਇਹ ਬਹਿਸ ਨਾ ਹੁੰਦੀ। ਪਰ ਕਿਉਂਕਿ ਬਹਿਸ ਹੋ ਰਹੀ ਹੈ ਇਸ ਲਈ ਜੋ ਹਕੀਕਤ ਹੈ ਉਹ ਨਿਖਰ ਕੇ ਸਾਹਮਣੇ ਆਏਗੀ। ਬਾਦਲ ਸਾਹਿਬ ਨੇ ਆਪਣੇ ਵੇਲੇ ਦੀ ਸਰਕਾਰ ਅੱਰ ਆਪਣੇ ਵੇਲੇ ਦੇ ਪ੍ਰਾਈਮ-ਮਨਿਸਟਰ ਸਾਹਿਬਾਨ ਦਾ ਜ਼ਿਕਰ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਰਾਤ ਹੀ ਪੰਜਾਬ ਰੀ-ਆਰਗੇਨਾਈ-ਜ਼ੇਸ਼ਨ ਐਕਟ ਪੜ੍ਹ ਰਿਹਾ ਸੀ। ਕਈ ਵਾਰੀ ਜ਼ਿੰਦਗੀ ਵਿਚ ਐਸਾ ਸਮਾਂ ਆਉਂਦਾ ਹੈ ਜਦੋਂ ਬੰਦਾ ਏਕਾਂਤ ਵਿਚ ਹੋਵੇ ਅੱਰ ਉਸ ਨੂੰ ਆਪਾ ਯਾਦ ਆਏ, ਬੀਤ ਚੁਕੀਆਂ ਕੁਝ ਘਟਨਾਵਾਂ ਜਿਨ੍ਹਾਂ ਦਾ ਦਿਲ ਦੇ ਜ਼ਖਮਾਂ ਨਾਲ ਸਬੰਧ ਹੋਵੇ ਤਾਂ ਠੰਡੀ ਠੰਡੀ ਹਵਾ ਨਾਲ ਉਨ੍ਹਾਂ ਜ਼ਖਮਾਂ ਵਿਚ ਰੜਕ ਪੈਣੀ ਸ਼ੁਰੂ ਹੋ ਜਾਂਦੀ ਹੈ। ਪੰਜਾਬ ਰੀ-ਆਰਗੇਨਾਈਜ਼ੇਸ਼ਨ ਐਕਟ ਪਾਰਟ-2 ਵਿਚ ਲਿਖਿਆ ਹੋਇਆ ਹੈ "ਰੀ-ਆਰਗੇ-ਨਾਈਜ਼ੇਸ਼ਨ ਆਫ ਦੀ ਸਟੇਟ ਆਫ ਪੰਜਾਬ" ਪੰਜਾਬ, ਜੋ ਮਹਾਨ ਪੰਜਾਬ ਸੀ ਉਸ ਵਿਚੋਂ ਕੁਝ ਅਨਸਰ ਕੀ ਕੀ ਕਢਿਆ ਅਤੇ ਵੰਡਿਆ ਗਿਆ।

1. Formation of Haryana State.
2. Formation of Union Territory of Chandigarh.
3. Transfer of territory from Punjab to Himachal Pradesh.
4. State of Punjab and territorial divisions thereof.

ਡਿਪਟੀ ਸਪੀਕਰ ਸਾਹਿਬ, ਤਿੰਨ ਸਟੇਟਾਂ ਸਾਡੇ ਵੱਡੇ ਪੰਜਾਬ ਵਿਚੋਂ ਕਢੀਆਂ ਗਈਆਂ ਜਿਹੜਾ ਸਾਡਾ ਵਡਾ ਪੰਜਾਬ 1947 ਦੀ ਵੰਡ ਤੋਂ ਬਾਅਦ ਰਹਿ ਗਿਆ ਸੀ ਸਾਡੇ ਸਾਹਮਣੇ ਬੈਠੇ ਵੀਰ ਕਹਿੰਦੇ ਸੀ ਕਿ ਬੋਲੀ ਦੇ ਆਧਾਰ ਤੇ ਸੂਬਾ ਬਣਾਇਆ ਜਾਵੇ। ਉਸ ਦਾ ਕੀ ਫਾਇਦਾ ਹੋਇਆ ? ਪੰਜਾਬੀ ਬੋਲੀ ਦਾ ਫਾਇਦਾ ਨਹੀਂ ਹੋਇਆ ਕਿਉਂਕਿ ਕਿਥੇ ਪਹਿਲੇ ਹਿਸਾਰ ਤਕ ਪੰਜਾਬੀ ਪੜ੍ਹੀ ਜਾਂਦੀ ਸੀ ਪਰ ਹੁਣ ਉਹ ਸ਼ੰਭੂ ਦੇ ਬਾਰਡਰ ਤਕ ਰਹਿ ਗਈ ਹੈ। ਪੰਜਾਬ ਦੀ ਮਾਂ ਬੋਲੀ ਦੀਆਂ ਇਨ੍ਹਾਂ ਨੇ ਲਤਾਂ ਅਤੇ ਬਾਹਾਂ ਵਢ ਦਿਤੀਆਂ। ਇਨ੍ਹਾਂ ਨੇ ਉਸ ਵੇਲੇ ਦੇ ਮਹਾਂ ਪੰਜਾਬ ਨਾਲ ਵਿਸ਼ਵਾਸਘਾਤ ਕੀਤਾ। ਜਦੋਂ ਇਹ ਐਕਟ ਪਾਰਲੀਮੈਂਟ ਵਿਚ ਪਾਸ ਹੋਇਆ ਤਾਂ ਉਦੋਂ ਇਨ੍ਹਾਂ ਦੇ ਪਾਰਲੀਮੈਂਟ ਵਿਚ ਨੁਮਾਇੰਦੇ ਕਪੂਰ ਸਿੰਘ ਅਤੇ ਕਿਕਰ ਸਿੰਘ ਅਕਾਲੀ ਪਾਰਟੀ ਵਲੋਂ ਉਥੇ ਬੋਲ।

ਵੈਦ ਕਰਤਾਰ ਸਿੰਘ : ** ** **

Mr. Deputy Speaker : This is no point of order.

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਦਵਿੰਦਰ ਸਿੰਘ : ਕਪੂਰ ਸਿੰਘ ਨੇ ਅਕਾਲੀ ਪਾਰਟੀ ਦੀ ਤਰਫੋਂ ਪਾਰਲੀਮੈਂਟ ਵਿਚ ਇਸ ਦੇ ਉਤੇ ਬੋਲਦੇ ਹੋਏ ਕਿਹਾ ..

I oppose this Bill on behalf of my parent party Shiromani Akali Dal.

ਰੀਆਰਗੇਨਾਈਜ਼ੇਸ਼ਨ ਐਕਟ ਉਨ੍ਹਾਂ ਨੇ ਆਪੋਜ਼ ਕੀਤਾ। ਹੁਣ ਤੁਸੀਂ ਹੈਰਾਨ ਹੋਵੋਗੇ ਕਿ ਉਥੇ ਪਾਰਲੀਮੈਂਟ ਵਿਚ ਇਨ੍ਹਾਂ ਦੀ ਪਾਰਟੀ ਵਲੋਂ ਇਸ ਦਾ ਵਿਰੋਧ ਕੀਤਾ ਗਿਆ ਪਰ ਜਦੋਂ ਇਸ ਐਕਟ ਦੇ ਮੁਤਾਬਿਕ ਪੰਜਾਬੀ ਸੂਬਾ ਹੋਂਦ ਵਿਚ ਆਇਆ ਤਾਂ ਫਿਰ ਇਨ੍ਹਾਂ ਨੇ ਨਵੰਬਰ ਦੀ ਛੁੱਟੀ ਵੀ ਕੀਤੀ ਅਤੇ ਐਲਾਨ ਵੀ ਕੀਤਾ ਕਿ ਪੰਜਾਬ ਦੇ ਸੈਕਰੇਟੇਰੀਏਟ ਵਿਚ ਦੀਪ ਮਾਲਾ ਕੀਤੀ ਜਾਵੇਗੀ। ਮੈਨੂੰ ਇਸ ਦੀ ਸਮਝ ਨਹੀਂ ਆਉਂਦੀ ਇਨ੍ਹਾਂ ਦੀ ਕਿਹੜੀ ਗਲ ਤੇ ਇਤਬਾਰ ਕੀਤਾ ਜਾਵੇ। ਇਨ੍ਹਾਂ ਦੀ ਕਿਹੜੀ ਗਲ ਤੇ ਭਰੋਸਾ ਕੀਤਾ ਜਾਵੇ। ਇਕ ਪਾਸੇ ਤਾਂ ਇਨ੍ਹਾਂ ਨੇ ਐਕਟ ਨੂੰ ਤਸਲੀਮ ਕਰ ਲਿਆ ਅਤੇ ਉਸ ਨੂੰ ਤਸਲੀਮ ਕਰਕੇ ਕਿਹਾ ਕਿ ਅਸੀ ਜਿਤ ਗਏ ਹਾਂ, ਇਹ ਸਾਡੀ ਪ੍ਰਾਪਤੀ ਹੈ ਪਰ ਦੂਸਰੇ ਪਾਸੇ ਆਪੋਜ਼ੀਸ਼ਨ ਦੇ ਲੀਡਰ ਕਹਿੰਦੇ ਹਨ ਕਿ ਸਾਡੇ ਨਾਲ ਧਕਾ ਹੋਇਆ ਹੈ। 1966 ਵਿਚ ਇਕ ਰੀਆਰਗੇਨਾਈਜ਼ੇਸ਼ਨ ਐਕਟ ਦੇ ਮੁਤਾਬਿਕ ਪੰਜਾਬੀ ਸੂਬਾ ਬਣਿਆ। ਉਸ ਦੇ ਬਾਅਦ 1967 ਵਿਚ ਅਕਾਲੀ ਪਾਰਟੀ ਦੀ ਸਰਕਾਰ ਬਣੀ। 1967 ਵਿਚ ਵੀ ਇਹ ਐਕਟ ਮੌਜੂਦ ਸੀ ਔਰ ਉਸ ਦੀ ਸੈਕਸ਼ਨ-78 ਵੀ ਮੌਜੂਦ ਸੀ। ਉਸ ਦੇ ਬਾਅਦ ਇਨ੍ਹਾਂ ਦੀ ਸਰਕਾਰ ਟੁੱਟ ਗਈ। ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਕੀ ਕੀਤਾ ? (ਘੰਟੀ) ਜਿਸ ਮੈਂਬਰ ਦੇ ਨਾਮ ਤੇ ਅਜ ਦਾ ਇਹ ਮਤਾ ਦਾਖਲ ਹੋਇਆ ਹੈ, ਮੈਂ ਸਰਦਾਰ ਨੱਥਾ ਸਿੰਘ ਦਾਲਮ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਮੈਂ ਗਲਤ ਨਾ ਹੋਵਾਂ ਇਹ ਉਦੋਂ ਇਰੀਗੇਸ਼ਨ ਮਨਿਸਟਰ ਸਨ, ਸਰਦਾਰ ਲਛਮਣ ਸਿੰਘ ਗਿਲ ਦੀ ਸਰਕਾਰ ਵਿਚ। ਉਦੋਂ ਵੀ ਇਹ ਐਕਟ ਮੌਜੂਦ ਸੀ ਅਤੇ ਉਸ ਦੀ ਸੈਕਸ਼ਨ-78 ਵੀ ਮੌਜੂਦ ਸੀ। ਇਨ੍ਹਾਂ ਨੇ ਉਸ ਵੇਲੇ ਇਸ ਐਕਟ ਦੇ ਖਿਲਾਫ ਕੋਈ ਕਦਮ ਨਹੀਂ ਚੁਕਿਆ। ਫਿਰ ਗਿਲ ਦੀ ਸਰਕਾਰ ਵੀ ਟੁੱਟ ਗਈ ਅਤੇ ਦੁਬਾਰਾ ਗੁਰਨਾਮ ਸਿੰਘ, ਅਕਾਲੀ ਪਾਰਟੀ ਦੀ ਸਰਕਾਰ ਬਣੀ। ਉਦੋਂ ਵੀ ਇਸ ਐਕਟ ਨੂੰ ਸਟਰਕ ਡਾਊਨ ਕਰਨ ਵਾਸਤੇ ਕੋਈ ਕਦਮ ਨਹੀਂ ਚੁਕੇ ਗਏ। ਫਿਰ ਬਾਦਲ ਸਾਹਿਬ ਚੀਫ ਮਨਿਸਟਰ ਬਣੇ ਪਰ ਫਿਰ ਵੀ ਕੋਈ ਅਜਿਹੇ ਕਦਮ ਨਹੀਂ ਚਕੇ ਗਏ। ਬਾਦਲ ਸਾਹਿਬ ਦੋ ਵਾਰ ਚੀਫ ਮਨਿਸਟਰ ਬਣੇ ਪਰ ਕੋਈ ਕਦਮ ਨਹੀਂ ਚੁਕੇ ਗਏ। ਡਿਪਟੀ ਸਪੀਕਰ ਸਾਹਿਬ, ਐਕਟ 1966 ਦਾ ਬਣਿਆ ਹੋਇਆ ਹੈ, ਉਸ ਦੇ ਬਾਅਦ ਤਿੰਨ ਸਰਕਾਰਾਂ ਬਦਲ ਗਈਆਂ। ਇਹ 11 ਜੁਲਾਈ, 1979 ਨੂੰ ਸੁਪਰੀਮ ਕੋਰਟ ਵਿਚ ਅਪੀਲ ਕਰਦੇ ਹਨ ਕਿ ਇਹ ਫੈਸਲਾ ਗਲਤ ਹੈ। ਡਿਪਟੀ ਸਪੀਕਰ ਸਾਹਿਬ, 1966 ਤੋਂ ਲੈ ਕੇ 1979 ਤਕ 13 ਸਾਲ ਇਹ ਫੈਸਲਾ ਨਹੀਂ ਕਰ ਸਕੇ ਕਿ ਇਹ ਫੈਸਲਾ ਠੀਕ ਹੈ ਜਾਂ ਗਲਤ ਹੈ। ਇਨ੍ਹਾਂ ਨੂੰ 13 ਸਾਲ ਵਿਚ ਨਹੀਂ ਪਤਾ ਲਗਾ ਕਿ ਉਸ ਐਕਟ ਦੀ ਸੈਕਸ਼ਨ-78 ਕੀ ਹੈ। (ਵਿਘਨ) ਬਾਦਲ ਸਾਹਿਬ ਕਹਿੰਦੇ ਹਨ ਕਿ ਪੰਜਾਬ ਦੇ ਪਾਣੀ ਦਾ ਮਸਲਾ ਹੈ, ਇਹ ਪੰਜਾਬ ਦੇ ਖਿਲਾਫ ਫੈਸਲਾ ਹੋਇਆ ਹੈ, ਇਸ ਲਈ ਮੈਨੂੰ ਨੀਂਦ ਨਹੀਂ ਆਉਂਦੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 13 ਸਾਲ ਕੀ ਕੀਤਾ ? 13 ਸਾਲ ਇਹ ਕੁੰਭ ਕਰਨ ਵਾਂਗ ਸੁਤੇ ਰਹੇ। (ਵਿਘਨ) ਇਨ੍ਹਾਂ ਨੇ ਕਿਹਾ ਕਿ ਅਸੀਂ ਜਾ ਕੇ ਮੋਰਾਰਜੀ ਡੈਸਾਈ ਨਾਲ ਗਲ ਕੀਤੀ ਅਤੇ ਅਸੀਂ ਇਹ ਇਸ਼ੂ ਰੀਓਪਨ ਕਰਵਾਇਆ। ਡਿਪਟੀ ਸਪੀਕਰ ਸਾਹਿਬ, ਮੈਂ ਬੜੀ ਜ਼ਿਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕਹਿੰਦੇ ਹਨ ਕਿ ਅਸੀਂ ਇਹ ਇਸ਼ੂ ਰੀਓਪਨ ਕਰਵਾਇਆ, ਉਸ ਵੇਲੇ ਦੇ ਪ੍ਰਧਾਨ ਮੰਤਰੀ ਮੋਰਾਰਜੀ ਡੈਸਾਈ ਨੇ ਜਿਹੜਾ ਇਨ੍ਹਾਂ ਨੂੰ ਪ੍ਰੇਮ ਪਤਰ ਲਿਖਿਆ, ਉਹ ਮੈਂ ਪੜ੍ਹਕੇ ਸਣਾਉਂਦਾ ਹਾਂ। ਉਨ੍ਹਾਂ ਨੇ ਲਿਖਿਆ

"My dear Badal Sahib,

Please refer to your letter of the 12th December, 1977 regarding transfer of control over Head Works in Punjab to the Bhakra Beas Management

Original with;
Punjab Vidhan Sabha
Digitized by;
Panjab Digital Library

Board. The question is neither one of the past history nor of the various other factors that you have mentioned. It is one of complying with the provisions of the parliamentary legislation and it is on that account that I had insisted that the provisions of the Act should be enforced. I suggest that you look at the matter from this point of view and take early action."

ਬਾਦਲ ਸਾਹਿਬ ਵੀ ਉਥੇ ਇਰੀਗੇਸ਼ਨ ਮਨਿਸਟਰ ਰਹੇ ਹਨ। ਉਸ ਦੇ ਬਾਅਦ ਬਰਨਾਲਾ ਜੀ ਉਥੇ ਇਰੀਗੇਸ਼ਨ ਮਨਿਸਟਰ ਰਹੇ ਹਨ। ਜਿਸ ਵੇਲੇ ਇਹ ਚਿਠੀ ਲਿਖੀ ਗਈ ਤਾਂ ਉਸ ਵੇਲੇ ਉਥੇ ਬਰਨਾਲਾ ਜੀ ਕੈਬਨਿਟ ਵਿਚ ਇਰੀਗੇਸ਼ਨ ਮਨਿਸਟਰ ਮੌਜੂਦ ਸਨ। ਇਹ ਹੋ ਨਹੀਂ ਸਕਦਾ ਕਿ ਐਗਰੀਕਲਚਰ ਮਨਿਸਟਰ ਦੀ ਸਲਾਹ ਤੋਂ ਬਿਨਾਂ ਹੀ ਪ੍ਰਧਾਨ ਮੰਤਰੀ ਇਰੀਗੇਸ਼ਨ ਦੇ ਸਬੰਧ ਵਿਚ ਕੋਈ ਚਿਠੀ ਲਿਖੇ। ਬਰਨਾਲਾ ਜੀ ਨੂੰ ਉਨ੍ਹਾਂ ਨੇ ਆਪਣੀ ਪੂਰੇ ਕਾਨਫੀਡੈਂਸ ਵਿਚ ਲਿਆ ਸੀ। ਬਰਨਾਲਾ ਜੀ ਜੋ ਕਿ ਉਸ ਵੇਲੇ ਅਕਾਲੀ ਪਾਰਟੀ ਦੇ ਪਾਰਲੀਮੈਂਟ ਵਿਚ ਨੁਮਾਇੰਦੇ ਸਨ ਅਤੇ ਕੈਬਨਿਟ ਵਿਚ ਬਤੌਰ ਇਰੀਗੇਸ਼ਨ ਮਨਿਸਟਰ ਸਨ, ਉਨ੍ਹਾਂ ਨੂੰ ਭਰੋਸੇ ਵਿਚ ਲੈ ਕੇ ਉਦੋਂ ਦੇ ਪ੍ਰਧਾਨ ਮੰਤਰੀ ਨੇ ਪ੍ਰਕਾਸ਼ ਸਿੰਘ ਬਾਦਲ, ਜੋ ਕਿ ਉਦੋਂ ਇਥੇ ਚੀਫ ਮਨਿਸਟਰ ਸਨ, ਨੂੰ ਚਿਠੀ ਲਿਖੀ ਗਈ। ਬਾਦਲ ਸਾਹਿਬ ਕਹਿੰਦੇ ਹਨ ਕਿ ਉਸ ਚਿਠੀ ਤੋਂ ਬਾਅਦ ਅਸੀਂ ਸੁਪਰੀਮ ਕੋਰਟ ਵਿਚ ਜਾ ਕੇ ਅਪੀਲ ਕਰ ਦਿਤੀ। ਡਿਪਟੀ ਸਪੀਕਰ ਸਾਹਿਬ, ਕੋਰਟ ਵਿਚ ਕਦੋਂ ਜਾਂਦੇ ਹਾਂ ? ਕੋਰਟ ਵਿਚ ਉਦੋਂ ਜਾਂਦੇ ਹਾਂ ਜਦੋਂ ਇਨਸਾਫ ਦੀ ਤਵਕੋ ਨਾ ਹੋਵੇ। ਅਦਾਲਤ ਵਿਚੋਂ ਕਦੋਂ ਮੁੜਦੇ ਹਾਂ ਜਦੋਂ ਇਨਸਾਫ ਦੀ ਤਵਕੋ ਹੋਵੇ। ਇਨ੍ਹਾਂ ਨੇ ਉਦੋਂ ਦੇ ਪ੍ਰਧਾਨ ਮੰਤਰੀ ਨਾਲ ਜਫੀਆਂ ਪਾਈਆਂ। ਸੈਂਟਰ ਵਿਚ ਅਤੇ ਇਥੇ ਵੀ ਸਰਕਾਰਾਂ ਬਣਾਈਆਂ ਪਰ ਇਨ੍ਹਾਂ ਨੂੰ ਕੋਰਾ ਜਵਾਬ ਮਿਲ ਗਿਆ। ਮੋਰਾਰਜੀ ਡੇਸਾਈ ਕਹਿਣ ਲਗੇ ਕਿ ਜੇ ਮੈਨੂੰ ਪਤਾ ਹੁੰਦਾ ਕਿ ਤੁਸੀਂ ਪਾਣੀ ਦੀ ਗਲ ਕਰਨੀ ਹੈ ਤਾਂ ਮੈਂ ਤੁਹਾਨੂੰ ਮਿਲਣ ਦਾ ਸਮਾਂ ਨਹੀਂ ਸੀ ਦੇਣਾ। ਡਿਪਟੀ ਸਪੀਕਰ ਸਾਹਿਬ, ਰਿਕਾਰਡ ਮੌਜੂਦ ਹੈ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੁਆਇੰਟ ਆਫ ਆਰਡਰ, ਸਰ। ਜੇ ਇਹ ਰੀਓਪਨ ਨਹੀਂ ਹੋਇਆ ਤਾਂ ਦੁਬਾਰਾ ਪ੍ਰਧਾਨ ਮੰਤਰੀ ਨੂੰ ਫੈਸਲਾ ਕਰਨ ਦੀ ਕੀ ਲੋੜ ਸੀ ?

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਉਸ ਦੇ ਬਾਅਦ ਇਨ੍ਹਾਂ ਦੀ ਦੋਸਤੀ ਹਰਿਆਣਾ ਨਾਲ ਹੋਈ। ਇਹ ਬੜੇ ਭਾਈ ਅਤੇ ਛੋਟੇ ਭਾਈ ਬਣ ਗਏ। ਉਥੋਂ ਦੇ ਚੀਫ ਮਨਿਸਟਰ ਨੇ ਹਰਿਆਣਾ ਅਸੰਬਲੀ ਵਿਚ ਬਿਆਨ ਦਿਤਾ ਕਿ ਥੋੜ੍ਹੇ ਦਿਨਾਂ ਵਿਚ ਸਤਲੁਜ-ਜਮਨਾ ਲਿੰਕ ਖੋਦੀ ਜਾਵੇਗੀ ਅਤੇ ਬਾਦਲ ਸਾਹਿਬ ਉਥੇ ਜਾਣਗੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਹਰਿਆਣਾ ਅਸੰਬਲੀ ਵਿਚ ਰਿਕਾਰਡ ਮੌਜੂਦ ਹੈ। ਉਥੇ ਸੀ.ਐਮ. ਦੀ ਸਟੇਟਮੈਂਟ ਮੌਜੂਦ ਹੈ। ਕਿਉਂਕਿ ਪੰਜਾਬ ਦੇ ਹਿਸੇ ਵਿਚ ਨਹਿਰ ਬਣਨੀ ਸੀ, ਇਸ ਲਈ ਉਸ ਦੀ 1 ਕਰੋੜ ਰੁਪਏ ਦੀ ਪੰਜਾਬ ਸਰਕਾਰ ਨੂੰ ਪੇਮੈਂਟ ਹੋਈ। 1 ਕਰੋੜ ਰੁਪਿਆ ਬਾਦਲ ਸਾਹਿਬ ਦੀ ਸਰਕਾਰ ਨੇ ਸਵੀਕਾਰ ਕੀਤਾ ਅੱਤੇ ਇਹ ਬਕਾਇਦਾ ਸਾਡੇ ਖਜ਼ਾਨੇ ਵਿਚ ਜਮ੍ਹਾਂ ਹੋਇਆ। ਇਹ 31 ਮਾਰਚ, 1979 ਦੀ ਗਲ ਹੈ। ਉਸ ਵੇਲੇ ਇਨ੍ਹਾਂ ਦੀ ਸਰਕਾਰ ਸੀ ਅਤੇ ਇਹ ਰਕਮ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਹੋਈ। ਕੀ ਕਦੇ ਇਹ ਹੋਇਆ ਹੈ ਕਿ ਜ਼ਮੀਨ ਜਾਂ ਮਝ ਲਈ ਸਾਈ ਫੜੀ ਹੋਈ ਮੋੜੀ ਜਾਂਦੀ ਹੈ ? ਸਾਡੇ ਪਿੰਡਾਂ ਵਿਚ ਤਾਂ ਇਸ ਤਰ੍ਹਾਂ ਨਹੀਂ ਹੁੰਦਾ, ਬਾਦਲ ਸਾਹਿਬ ਦੇ ਪਿੰਡਾਂ ਵਿਚ ਇਸ ਤਰ੍ਹਾਂ ਦੇ ਸੌਦੇ ਹੁੰਦੇ ਹੋਣ ਤਾਂ ਅਸੀਂ ਕਹਿ ਨਹੀਂ ਸਕਦੇ। (ਹਾਸਾ) ਡਿਪਟੀ ਸਪੀਕਰ ਸਾਹਿਬ, ਪੈਸੇ ਦਿਤੇ ਗਏ ਅਤੇ ਪੈਸੇ ਮਨਜ਼ੂਰ ਕੀਤੇ ਗਏ। ਉਸ ਦੇ ਬਾਅਦ ਜ਼ਮੀਨ ਐਕੁਆਇਰ ਕਰਨ ਵਾਸਤੇ ਇਕ ਨੋਟੀਫੀਕੇਸ਼ਨ ਹੋਇਆ। ਉਸ ਵੇਲੇ ਇਨ੍ਹਾਂ ਦੀ ਸਰਕਾਰ ਸੀ। ਉਸ ਵੇਲੇ ਇਨ੍ਹਾਂ ਨੂੰ ਬੜੀ ਕਾਹਲੀ ਸੀ। ਇਨ੍ਹਾਂ ਨੇ ਪੈਸਾ ਫੜ ਲਿਆ। ਸੈਕਸ਼ਨ-17 ਵਿਚ ਨੋਟੀਫੀਕੇਸ਼ਨ ਕੀਤਾ (ਵਿਘਨ) ਡਿਪਟੀ ਸਪੀਕਰ ਸਾਹਿਬ, ਜੇ ਮੈਂ ਗਲਤ ਬਿਆਨੀ ਕਰਾਂ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਬਾਦਲ ਸਾਹਿਬ ਨੂੰ ਹੱਕ ਹੈ, ਉਹ ਇਸ ਨੂੰ ਕੰਟਰਾਡਿਕਟ ਕਰ ਦੇਣ। ਇਹ ਸਰਕਾਰ ਦੇ ਰਿਕਾਰਡ ਵਿਚ ਮੌਜੂਦ ਹੈ। ਜੋ 1976 ਵਿਚ ਫੈਸਲਾ ਪ੍ਰਧਾਨ ਮੰਤਰੀ ਜੀ ਨੇ ਕੀਤਾ ਸੀ ਉਸ ਨੂੰ ਸਵੀਕਾਰ ਕਰਦੇ ਹੋਏ, ਇਨ੍ਹਾਂ ਨੇ (ਵਿਰੋਧੀ ਧਿਰ ਵਲ ਇਸ਼ਾਰਾ) ਪੈਸੇ ਵੀ ਲਏ, ਇਨ੍ਹਾਂ ਨੇ ਨਹਿਰ ਖੋਦਣ ਦਾ ਫੈਸਲਾ ਵੀ ਕਰ ਲਿਆ, ਨੋਟੀਫੀਕੇਸ਼ਨ ਵੀ ਕਰ ਲਈ ਤੇ ਨਾਲੇ ਲੋਕਾਂ ਦੀਆਂ ਅਖਾਂ ਪੂੰਝਣ ਵਾਸਤੇ ਇਕ ਅਰਜ਼ੀ ਪਰਚਾ ਸੁਪਰੀਮ ਕੋਰਟ ਵਿੱਚ ਪਾ ਦਿੱਤਾ। ਇਨ੍ਹਾਂ ਨੇ 11 ਜੁਲਾਈ, 1979 ਨੂੰ ਸੁਪਰੀਮ ਕੋਰਟ ਵਿੱਚ ਅਰਜ਼ੀ ਦੇ ਦਿਤੀ ਜਦ ਕਿ ਸਭ ਨੂੰ ਇਸ ਗਲ ਦਾ ਪਤਾ ਸੀ ਕਿ ਇਹ ਜਾ ਰਹੇ ਹੈਂ ਅੌਰ ਹਮ ਆ ਰਹੇ ਹੈਂ। ਜਾਂਦੇ ਜਾਂਦੇ ਸਾਲ 1979 ਦੇ ਸੱਤਵੇਂ ਮਹੀਨੇ ਵਿੱਚ ਅਰਜ਼ੀ ਦੇ ਦਿੱਤੀ ਅੌਰ 1980 ਵਿੱਚ ਅਸੀਂ ਆ ਗਏ। ਇਹ ਮਸਲਾ ਰੀਓਪਨ ਕਿਸ ਨੇ ਕੀਤਾ ? ਇਹ ਰੀਓਪਨ ਸਰਦਾਰ ਦਰਬਾਰਾ ਸਿੰਘ ਜੀ ਨੇ ਕੀਤਾ। (ਖੰਪਿਗ) ਸਰਦਾਰ ਦਰਬਾਰਾ ਸਿੰਘ ਜੀ ਨੇ ਇਹ ਮਸਲਾ ਰੀਓਪਨ ਕੀਤਾ। ਇਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਨਾਲ ਇਨਸਾਫ ਹੋਵੇ ਅੌਰ ਅਸੀਂ ਟੇਬਲ ਤੇ ਬੈਠ ਕੇ ਗਲ ਕਰਨ ਲਈ ਤਿਆਰ ਹਾਂ। ਬਦਕਿਸਮਤੀ ਸਾਡੇ ਸਾਹਮਣੇ ਬੈਠੇ ਵੀਰਾਂ ਦੀ ਇਹ ਵੀ ਰਹੀ ਹੈ ਕਿ ਟੇਬਲ ਤੇ ਬੈਠ ਕੇ ਇਹ ਹਰ ਲੜਾਈ ਹਾਰਦੇ ਰਹੇ ਹਨ। ਡਿਪਟੀ ਸਪੀਕਰ ਸਾਹਿਬ, 1947 ਦੀ ਵੰਡ ਹੋਈ। ਉਸ ਵੇਲੇ ਮੇਰੇ ਸਾਹਮਣੇ ਬੈਠੇ ਵੀਰਾਂ ਵਿਚੋਂ ਕੁਝ ਵੀਰ ਉਸ ਵੰਡ ਸਮੇਂ ਰਾਊਂਡ ਟੇਬਲ ਕਾਂਨਫਰੰਸ ਵਿੱਚ ਮੌਜੂਦ ਸਨ। ਪੰਜਾਬ ਦੀ ਪੈਰਿਟੀ ਦਾ ਫੈਸਲਾ ਹੋਇਆ ਸੀ ਤਾਂ ਵੀ ਇਨ੍ਹਾਂ ਵਿਚੋ ਕੁਝ ਸੱਜਣ ਉਸ ਵੇਲੇ ਮੌਜੂਦ ਸਨ। ਪੰਜਾਬ ਦਾ ਬਹੁਤਾ ਹਿੱਸਾ ਕੱਟ ਕੇ ਪਾਕਿਸਤਾਨ ਨੂੰ ਗਿਆ, ਇਨ੍ਹਾਂ ਨੇ ਉਹ ਵੰਡ ਵੀ ਸਵੀਕਾਰ ਕਰ ਲਈ। ਉਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਤੁਸੀ ਦੇਖੋ ਕਿ ਹੁਣ ਬਾਦਲ ਸਾਹਿਬ ਨੇ ਕਿਹਾ ਹੈ ਕਿ ਸਾਡੇ ਨਾਲ ਧੱਕਾ ਹੋਇਆ ਹੈ।

ਸ਼੍ਰੀ ਡਿਪਟੀ ਸਪੀਕਰ : ਹੁਣ ਦੋ ਮਿੰਟਾਂ ਵਿਚ ਵਾਈਂਡ ਅੱਪ ਕਰ ਦਿਓ।

ਸਰਦਾਰ ਬੀਰਦਵਿੰਦਰ ਸਿੰਘ : ਮੈਂ ਹੁਣੇ ਵਾਈਂਡ ਅੱਪ ਕਰ ਦਿੰਦਾ ਹਾਂ ਜੀ।

ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਕਿਹਾ ਹੈ ਕਿ ਸਾਡੇ ਨਾਲ ਧੱਕਾ ਹੋਇਆ ਹੈ। 1976 ਦਾ ਫੈਸਲਾ ਸੀ ਕਿ 3.5 ਐਮ.ਏ.ਐਫ. ਹਰਿਆਣੇ ਨੂੰ ਪਾਣੀ ਜਾਣਾ ਹੈ ਅੌਰ 3.5 ਐਮ.ਏ.ਐਫ. ਪਾਣੀ ਪੰਜਾਬ ਨੂੰ ਜਾਣਾ ਹੈ। ਇਹ ਵੀ ਫੈਸਲਾ ਸੀ ਕਿ ਲਾਸਿਜ਼ ਅਸੀਂ ਬੇਅਰ ਕਰਨੇ ਹਨ। ਲੇਕਿਨ, ਡਿਪਟੀ ਸਪੀਕਰ ਸਾਹਿਬ, ਹੁਣ ਜੋ ਫੈਸਲਾ ਸਰਦਾਰ ਦਰਬਾਰਾ ਸਿੰਘ ਜੀ ਨੇ ਨੈਗੋਸੀਏਸ਼ਨ ਨਾਲ ਕਰਵਾਇਆ, ਮੀਟਿੰਗਾਂ ਕਰਕੇ, ਸੈਂਟਰਲ ਗੌਰਮਿੰਟ ਨਾਲ ਬੈਠ ਕੇ ਜੋ ਤਹਿ ਕੀਤਾ ਉਸ ਦੇ ਮੁਤਾਬਿਕ ਹਰਿਆਣੇ ਨੂੰ ਜੋ ਪਹਿਲਾਂ 3.5 ਐਮ.ਏ.ਐਫ. ਪਾਣੀ ਜਾਣਾ ਸੀ ਉਹ 3.5 ਐਮ.ਏ.ਐਫ. ਹੀ ਜਾਵੇਗਾ, ਜੰਮੂ ਨੂੰ ਜੋ ਪਹਿਲਾਂ .65 ਐਮ.ਏ.ਐਫ. ਮਿਲਣਾ ਸੀ ਉਸੇ ਤਰ੍ਹਾਂ ਉਸ ਨੂੰ ਪੂਰਾ ਮਿਲੇਗਾ, ਪੰਜਾਬ ਨੂੰ ਜੋ ਪਹਿਲਾਂ 3.5 ਐਮ.ਏ.ਐਫ. ਜਾਣਾ ਸੀ ਉਹ ਹੁਣ 4.22 ਪਲੱਸ .60 ਯਾਨੀ 4.82 ਐਮ.ਏ. ਐਫ. ਪੰਜਾਬ ਨੂੰ ਜਾਣਾ ਹੈ, ਰਾਜਿਸਥਾਨ ਦਾ ਜੋ ਪਹਿਲਾਂ 8.6 ਐਮ.ਏ.ਐਫ. ਸੀ ਲੇਕਿਨ ਹੁਣ ਇਸ ਦੇ ਵਿਚੋਂ ਮਾਈਨਸ .60 ਕਰੋ ਜੋ ਹੁਣ ਪੰਜਾਬ ਨੇ ਪਾਣੀ ਇਸਤੇਮਾਲ ਕਰਨਾ ਹੈ। ਤੁਸੀਂ ਇਹ ਦੇਖੋ ਕਿ ਪਹਿਲਾਂ ਜੋ ਫੈਸਲਾ ਇਨ੍ਹਾਂ ਦੇ (ਵਿਰੋਧੀ ਧਿਰ ਵਲ ਇਸ਼ਾਰਾ) ਵੇਲੇ ਹੋਇਆ ਸੀ ਕਿ ਹਰਿਆਣੇ ਨੂੰ 3.5 ਐਮ.ਏ.ਐਫ. ਪਾਣੀ ਜਾਣਾ ਸੀ ਅਤੇ ਪੰਜਾਬ ਨੂੰ 3.5 ਐਮ.ਏ.ਐਫ. ਜਾਣਾ ਸੀ ਪਰ ਇਸ ਵੇਲੇ ਜੋ ਅਸੀਂ ਪਾਣੀ ਇਸਤੇਮਾਲ ਕਰਾਂਗੇ ਉਹ 4.82 ਐਮ.ਏ.ਐਫ. ਹੋਵੇਗਾ। ਫਿਰ ਤੁਸੀਂ ਇਹ ਦੇਖੋ ਕਿ ਜੋ ਘਾਟਾ ਹੋਵੇਗਾ, ਪਹਿਲਾਂ ਇਸ ਦੇ ਬਾਰੇ ਇਹ ਫੈਸਲਾ ਸੀ ਕਿ ਜੇ ਕੋਈ ਘਾਟਾ ਹੋਵੇਗਾ ਤਾਂ ਪੰਜਾਬ ਬਰਦਾਸ਼ਤ ਕਰੇਗਾ ਅਤੇ ਜੇ ਵਾਧਾ ਹੋਵੇਗਾ ਉਹ ਬਰਾਬਰ ਬਰਾਬਰ ਵੰਡਣਗੇ। ਲੇਕਿਨ ਹੁਣ, ਡਿਪਟੀ

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਹ ਹੋਇਆ ਹੈ ਕਿ ਜੇ ਘਾਟਾ ਹੋਵੇਗਾ ਤਾਂ ਵੀ ਬਰਾਬਰ ਜਾਵੇਗਾ ਅਤੇ ਜੇ ਵਾਧਾ ਹੋਵੇਗਾ ਤਾਂ ਵੀ ਬਰਾਬਰ ਹੋਵੇਗਾ। ਇਕ ਇਨ੍ਹਾਂ ਨੇ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਬੜੀ ਕਹੀ ਹੈ ਕਿ ਪੰਜਾਬ ਦੀ ਜ਼ਰਖੇਜ਼ ਧਰਤੀ ਬੈਰਾਨ ਹੋ ਜਾਵੇਗੀ। ਇਸ ਦੇ ਬਾਰੇ ਵੀ ਮੈਂ 2 ਮਿੰਟ ਵਿੱਚ ਕਹਿ ਕੇ ਆਪ ਪਾਸੋਂ ਇਜਾਜ਼ਤ ਮੰਗਾਂਗਾ। ਇਸ ਵੇਲੇ ਪੰਜਾਬ ਦੀ 65 ਲੱਖ ਏਕੜ ਜ਼ਮੀਨ ਅੰਡਰ ਇਰੀਗੇਸ਼ਨ ਹੈ। ਜੋ ਪਾਣੀ ਇਸ ਵੇਲੇ ਮੌਜੂਦ ਹੈ ਉਸ ਨੂੰ ਵੱਧ ਸੇਵਿੰਗ ਨਾਲ, ਖਾਲਿਆਂ ਨੂੰ ਪੱਕਿਆਂ ਕਰਨ ਨਾਲ, ਨਹਿਰਾਂ ਨੂੰ ਪੱਕਿਆਂ ਕਰਨ ਨਾਲ ਅਸੀਂ 16 ਲੱਖ ਏਕੜ ਜ਼ਮੀਨ ਹੋਰ ਇਰੀਗੇਸ਼ਨ ਦੇ ਤਹਿਤ ਲਿਆਵਾਂਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੇ ਜੋ ਗੱਲ ਕੀਤੀ ਹੈ, ਵੈਸੇ ਤਾਂ ਇਹ ਹਰ ਵੇਲੇ ਹੀ ਇਹ ਕਹਿੰਦੇ ਹਨ ਕਿ ਖੂਨ ਦੀਆਂ ਨਦੀਆਂ ਬਹਾ ਦਿਆਂਗੇ, ਪਾਣੀ ਦੀਆਂ ਨਦੀਆਂ ਬਹਾ ਦਿਆਂਗੇ, ਯੇਹ ਨਹੀਂ ਹੋਨੇ ਦੇਂਗੇ, ਯੇ ਨਹੀਂ ਹੋਨੇ ਦੇਂਗੇ। ਜਦੋਂ ਇਹ ਆਪ ਚੀਫ਼ ਮਨਿਸਟਰ ਸਾਹਿਬ ਸਨ ਉਦੋਂ ਇਹ ਨਦੀਆਂ ਬਹਾਉਂਦੇ। ਜਦੋਂ ਮੁਰਾਰ ਜੀ ਡਿਸਾਈ ਨੇ ਇਨ੍ਹਾਂ ਨੂੰ ਚਿਠੀ ਲਿਖੀ ਸੀ ਤਾਂ ਉਦੋਂ ਇਹ ਇਸ ਤਰ੍ਹਾਂ ਦੀਆਂ ਗਲਾਂ ਕਰਦੇ। ਅੱਜ ਇਹ ਕਹਿੰਦੇ ਹਨ ਕਿ ਅਸਤੀਫਾ ਦੇ ਦਿਓ। ਮੈਂ ਕਹਿੰਦਾ ਹਾਂ ਕਿ ਤੁਹਾਡੀ ਹਾਲਤ ਤਾਂ ਐਸੀ ਹੋ ਜਾਣੀ ਹੈ ਕਿ ਤੁਹਾਨੂੰ ਕਿਸੇ ਨੇ ਕਿਧਰੇ ਵੜਨ ਨਹੀਂ ਦੇਣਾ। ਅਸਤੀਫਾ ਤੁਸੀਂ ਉਦੋਂ ਦਿੰਦੇ ਜਦੋਂ ਤੁਹਾਨੂੰ ਮੁਰਾਰ ਜੀ ਡਿਸਾਈ ਨੇ ਚਿੱਠੀ ਲਿਖੀ ਸੀ ਅਤੇ ਕਿਹਾ ਸੀ ਕਿ ਇਹ ਪਾਰਲੀਮੈਂਟ ਦਾ ਐਕਟ, ਲੈਜਿਸਲੇਸ਼ਨ ਹੈ ਤਾਂ ਉਦੋਂ ਮੰਨਦੇ ਇਹ ਜ਼ਮੀਰ ਦੀ ਬਾਤ, ਧਰਮ ਦੀ ਬਾਤ, ਪੰਜਾਬ ਦੀ ਬਾਤ, ਲੋਕਾਂ ਨਾਲ ਕੀਤੀ ਕਮਿੱਟਮੈਂਟ ਦੀ ਬਾਤ। ਤੁਸੀਂ ਉਸ ਵੇਲੇ ਮੁਰਾਰ ਜੀ ਡਿਸਾਈ ਨੂੰ ਅਸਤੀਫਾ ਦੇ ਕੇ ਕਹਿੰਦੇ ਕਿ ਅਸੀਂ ਪੰਜਾਬ ਦੇ ਲੋਕਾਂ ਕੋਲ ਜਾਂਦੇ ਹਾਂ। ਲੇਕਿਨ ਤੁਸੀਂ ਕੋਈ ਅਸਤੀਫਾ ਨਹੀਂ ਦਿੱਤਾ, ਮੌਜ ਨਾਲ ਰਾਜ ਕਰਦੇ ਰਹੇ। ਸੋ ਜਿਹੜਾ ਆਪ ਮਸ਼ਵਰੇ ਨਾ ਮੰਨੇ ਉਸ ਨੂੰ ਦੂਸਰੇ ਨੂੰ ਦੇਣ ਦੀ ਕੋਈ ਜ਼ਰੂਰਤ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਨਹਿਰ ਨਹੀਂ ਖੋਦਣ ਦਿਆਂਗੇ। ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ--

'ਗੁਮਾਂ ਤੋਂ ਏਕ ਧੋਖਾ ਹੈ, ਗੁਮਾਂ ਕਾ ਸਾਥ ਕਿਆ ਦੇਨਾ।
ਸੋ ਪੱਥਰ ਰਾਸਤੇ ਮੇਂ ਆਏ, ਠੋਕਰ ਸੇ ਹਟਾ ਦੇਨਾ।
ਇਰਾਦੇ ਕੋਹ ਸ਼ਿਕਨ ਫੌਲਾਦ ਜੈਸੇ ਦਸਤੇ ਬਾਜੂ ਹੈਂ।
ਮੈਂ ਲੰਗਰ ਖੋਲਨੇ ਵਾਲਾ ਹੂੰ, ਤੂਫਾਂ ਕੋ ਬਤਾ ਦੇਨਾ।

ਸੋ ਇਸ ਦਾ ਫੈਸਲਾ ਕਰ ਲਿਆ ਹੈ। ਬੁਸੀਂ ਲੋਕਾਂ ਦੇ ਪਾਸ ਜਾਓ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਇਹ ਸਰਦਾਰ ਦਰਬਾਰਾ ਸਿੰਘ ਜੀ ਨੇ ਫੈਸਲਾ ਕੀਤਾ ਹੈ। ਜਿਵੇਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਕੋਰਟ ਵਿੱਚ ਗਏ ਹਾਂ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਕੋਰਟ ਵਿੱਚ ਵੀ ਇਹ ਪਹਿਲਾਂ ਨਹੀਂ ਗਏ, ਪਹਿਲਾਂ ਹਰਿਆਣੇ ਵਾਲੇ ਗਏ। ਉਨ੍ਹਾਂ ਨੇ ਕੋਰਟ ਵਿੱਚ ਕਿਹਾ ਹੈ ਕਿ ਜੋ ਅਵਾਰਡ ਹੈ ਉਹ ਲਾਗੂ ਕਰਵਾਇਆ ਜਾਵੇ। ਪੰਜਾਬ ਸਰਕਾਰ ਨੂੰ ਹੁਕਮ ਕੀਤਾ ਜਾਵੇ ਕਿ ਉਹ ਅਵਾਰਡ ਨੂੰ ਲਾਗੂ ਕਰੇ। ਇਸ ਲਈ ਇਨ੍ਹਾਂ ਨੇ ਕੋਰਟ ਵਿੱਚ ਜਾਣ ਲਈ ਵੀ ਪਹਿਲ ਨਹੀਂ ਸੀ ਕੀਤੀ। ਜੇ ਹਰਿਆਣੇ ਵਾਲੇ ਅਦਾਲਤ ਵਿੱਚ ਗਏ ਸੀ ਤਾਂ ਇਨ੍ਹਾਂ ਨੇ ਵੀ ਅਰਜ਼ੀ ਪਰਚਾ ਪਾ ਦਿੱਤਾ। ਡਿਪਟੀ ਸਪੀਕਰ ਸਾਹਿਬ, ਮੈਂ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਸਰਦਾਰ ਦਰਬਾਰਾ ਸਿੰਘ ਜੀ ਨੂੰ, ਜਿਨ੍ਹਾਂ ਨੇ ਜੋ ਪਹਿਲਾਂ ਫੈਸਲਾ ਹੋਇਆ ਸੀ ਉਸ ਇਸ਼ੂ ਨੂੰ ਰੀਓਪਨ ਕੀਤਾ। ਜਿਹੜਾ ਇਨ੍ਹਾਂ ਨੇ 1 ਕਰੋੜ ਰੁਪਿਆ ਸਵੀਕਾਰ ਕੀਤਾ ਸੀ ਅਤੇ ਜਿਸ ਫੈਸਲੇ ਦੇ ਅਨੁਸਾਰ ਪੰਜਾਬ ਨੂੰ ਪਾਣੀ 3.5 ਐਮ.ਏ.ਐਫ. ਜਾਣਾ ਸੀ ਉਸ ਦੇ ਲਈ ਸਰਦਾਰ ਦਰਬਾਰਾ ਸਿੰਘ ਜੀ ਨੇ ਕੇਸ ਨੂੰ ਰੀਓਪਨ ਕੀਤਾ ਅੱਤ

Original with;
Punjab Vidhan Sabha
Digitized by:
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਰੀਓਪਨ ਕਰਕੇ ਲਗਾਤਾਰ 2 ਸਾਲ ਪੰਜਾਬ ਦੇ ਕਾਜ਼ ਨੂੰ ਬੜੀ ਬਾਰੀਕੀ ਨਾਲ, ਕਸ਼ੀਦਗੀ ਨਾਲ ਮਰਕਜ਼ੀ ਸਰਕਾਰ ਦੇ ਸਾਹਮਣੇ ਪੇਸ਼ ਕੀਤਾ ਔਰ ਉਸ ਦੇ ਬਾਅਦ ਮੇਜ਼ ਤੇ ਬੈਠ ਕੇ ਬੜੀ ਸਿਆਣਪ ਨਾਲ ਔਰ ਬੜੀ ਸੂਝ ਬੂਝ ਨਾਲ ਕੇਸ ਪੇਸ਼ ਕਰਕੇ ਫੈਸਲਾ ਕਰਵਾਇਆ। ਇਸ ਦੇ ਲਈ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਇਕ ਵਾਰੀ ਫਿਰ ਵਧਾਈ ਦਿੰਦਾ ਹਾਂ ਅਤੇ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ।

ਸ਼੍ਰੀ ਸੇਵਾ ਰਾਮ : ** ** **

ਕੁਝ ਅਵਾਜ਼ਾਂ : ਇਹ ਗੱਲ ਪਹਿਲਾਂ ਹੋ ਗਈ ਹੈ।

ਸ਼੍ਰੀ ਸੇਵਾ ਰਾਮ : ** ** **

Mr. Deputy Speaker : This is no point of order. ਬੈਠੋ।

PERSONAL EXPLANATION BY SARDAR PARKASH SINGH BADAL

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਕਾਸ਼ ਕਿ ਮੈਨੂੰ ਫਿਰ ਮੌਕਾ ਮਿਲਦਾ ਅਤੇ ਜੋ ਗੱਲਾਂ ਇਨ੍ਹਾਂ ਨੇ ਕਹੀਆਂ ਹਨ ਉਨ੍ਹਾਂ ਦਾ ਜਵਾਬ ਦਿੰਦਾ, ਪਰ ਰੂਲਜ਼ ਸ਼ਾਇਦ ਅਲਾਓ ਨਹੀਂ ਕਰਦੇ ਕਿ ਦੁਬਾਰਾ ਕੁਝ ਕਹਿ ਸਕਾਂ। ਲੇਕਿਨ ਮੈਂ ਐਨੀ ਗਲ ਕਹਿਣਾ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰ ਸਾਹਿਬ ਨੇ ਪ੍ਰਧਾਨ ਮੰਤਰੀ ਜੀ ਦੀ ਚਿੱਠੀ ਬਾਰੇ ਕਿਹਾ ਸੀ ਪਰ ਮੈਂ ਕੋਈ ਗੱਲ ਨਹੀਂ ਕੀਤੀ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰ ਵਿੱਚ ਜੁਰਤ ਸੀ ਜਦੋਂ ਪ੍ਰਧਾਨ ਮੰਤਰੀ ਨੇ ਲਿਖਿਆ ਤਾਂ ਮੇਰੇ ਤੇ ਅਸਰ ਹੋਇਆ ਔਰ ਮੈਂ ਜਾ ਕੇ ਪਰਸਨਲੀ ਕਹਿ ਦਿਤਾ ਸੀ ਕਿ ਮੈਂ ਜਿੰਨਾ ਚਿਰ ਚੀਫ਼ ਮਨਿਸਟਰ ਹਾਂ ਸਾਰੇ ਹੈਡ ਵਰਕਸ ਪੰਜਾਬ ਕੋਲ ਰਹਿਣਗੇ। ਅੱਜ ਦੇ ਹਾਲਾਤ ਵੇਖ ਲਵੋ ਅੱਜ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਚਿੱਠੀ ਲਿਖੀ ਅਤੇ ਇਨ੍ਹਾਂ ਦੀ ਜੁਰੱਤ ਨਹੀਂ ਕਿ ਕੁਝ ਕਹਿ ਸਕਣ।

MOTION UNDER RULE 77 (*Resumption of Discussion*)

ਸਰਦਾਰ ਬੀਰਦਵਿੰਦਰ ਸਿੰਘ : ਮੈਂ ਤਾਂ ਉਨ੍ਹਾਂ ਦੀ ਕਾਰਸਪੌਂਡੈਂਸ ਦੀ ਤਾਰੀਖ ਦਸੀ ਹੈ।

ਕਾਮਰੇਡ ਰਾਜ ਕੁਮਾਰ (ਧਾਹੀਵਾਲ) : ਡਿਪਟੀ ਸਪੀਕਰ ਸਾਹਿਬ, ਜਿਸ ਵਕਤ 31 ਦਸੰਬਰ, 1976 ਨੂੰ ਪ੍ਰਧਾਨ ਮੰਤਰੀ ਜੀ ਨੇ 1976 ਦੇ ਨੋਟੀਫਿਕੇਸ਼ਨ ਕਰਨ ਦੇ ਬਾਵਜੂਦ ਇਹ ਜ਼ਰੂਰੀ ਸਮਝਿਆ ਕਿ ਇਸ ਮਾਮਲੇ ਨੂੰ ਮੁੜ ਕੇ ਵਿਚਾਰਨ ਦੀ ਲੋੜ ਹੈ ਤਾਂ ਇਹ ਹਕੀਕਤ ਬਿਲਕੁਲ ਸਪੱਸ਼ਟ ਆ ਗਈ ਕਿ 1976 ਵਿਚ ਕੀਤਾ ਗਿਆ ਫੈਸਲਾ ਜਸਟ ਫੈਸਲਾ ਨਹੀਂ ਸੀ। ਇਹ ਵੀ ਹਕੀਕਤ ਹੈ ਕਿ 1976 ਦੇ ਨੋਟੀਫਿਕੇਸ਼ਨ ਤੋਂ ਬਾਅਦ ਪੰਜਾਬ, ਹਰਿਆਣਾ, ਰਾਜਸਥਾਨ, ਜੰਮੂ-ਕਸ਼ਮੀਰ ਸਾਰੇ ਹੀ ਕੋਈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਿਸੇ ਵਕਤ ਕੋਈ ਕਿਸੇ ਵਕਤ ਸਪਰੀਮ ਕੋਰਟ ਵਿਚ ਚਲੇ ਗਏ। ਇਹ ਇਸ ਗਲ ਨੂੰ ਸਿਧ ਕਰਦੀ ਹੈ ਕਿ ਇਹ ਕੋਈ ਦਰੁਸਤ ਫੈਸਲਾ ਨਹੀਂ ਸੀ। ਜੋ ਮੇਰੇ ਵੀਰ ਸਰਦਾਰ ਬੀਰਦਵਿੰਦਰ ਸਿੰਘ ਨੇ ਆਪਣੀ ਤਕਰੀਰ ਕੀਤੀ ਉਸ ਦੀ ਤਕਰੀਰ ਦੇ ਬਹੁਤ ਹਿੱਸੇ ਵਿਚ ਕੋਜੈਂਟ ਰੀਜ਼ਨਜ਼ ਨਹੀਂ ਜਾਪੇ ਅਤੇ ਅਖੀਰ ਵਿਚ ਕੁਝ ਫੈਕਟਸ ਜਾਪੇ। ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਪੰਜਾਬ ਦੇ ਲੋਕਾਂ ਵਿਚ ਇਹ ਗੱਲ ਕੀਤੀ ਗਈ ਹੈ ਕਿ 1976 ਵਿਚ ਜਿਹੜਾ ਨੋਟੀਫਿਕੇਸ਼ਨ ਹੋਇਆ, ਉਹ ਐਮਰਜੈਂਸੀ ਦਾ ਹੀ ਇੱਕ ਹਿਸਾ ਹੈ।

ਖੇਤੀਬਾੜੀ ਮੰਤਰੀ : ਉਦੋਂ ਤੁਸੀਂ ਸਾਡੇ ਨਾਲ ਸੀ।

ਕਾਮਰੇਡ ਰਾਜ ਕੁਮਾਰ : ਮੇਰਾ ਖਿਆਲ ਹੈ ਕਿ ਮਨਿਸਟਰ ਸਾਹਿਬ ਨੂੰ ਇਸ ਤਰ੍ਹਾਂ ਇੰਟਰਪਸ਼ਨ ਨਹੀਂ ਕਰਨੀ ਚਾਹੀਦੀ।

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਮਾਮਲਾ ਅਜਿਹਾ ਨਹੀਂ ਜਿਸ ਨੂੰ ਅਸੀਂ ਆਊਟ ਆਫ਼ ਪਰਪੋਰੇਸ਼ਨ ਬਿਲੋਂ ਕਰੀਏ, ਜੇ ਹਰਿਆਣਾ ਕਰੇ, ਰਾਜਸਥਾਨ ਜਾਂ ਦਿੱਲੀ ਕਰੇ ਤਾਂ ਇਹ ਕੋਈ ਸਾਡੇ ਦੇਸ਼ ਦੇ ਹਿਤ ਦੀ ਗਲ ਨਹੀਂ ਹੈ। ਇਹ ਮਾਮਲਾ ਬਹੁਤ ਨਾਜ਼ੁਕ ਹੈ। ਇਹ ਮਾਮਲਾ ਸਾਡੇ ਮੁਲਕ ਦੇ ਨਾਲ ਸਾਡੇ ਆਦਰਸ਼ਾਂ ਨਾਲ ਸਬੰਧਤ ਹੈ, ਇਸ ਮਾਮਲੇ ਨੂੰ ਸਟਲ ਕਰਨ ਦੇ ਨੁਕਤਾ ਨਿਗਾਹ ਨਾਲ ਗਲ ਕਰਨੀ ਚਾਹੀਦੀ ਹੈ। ਮੈਂ ਇਸ ਗੱਲ ਨਾਲ ਸਰਦਾਰ ਬੀਰਦਵਿੰਦਰ ਸਿੰਘ ਨਾਲ ਇਤਫ਼ਾਕ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਨੇ ਐਫ਼ਰਟ ਕੀਤੀ, ਲੇਕਿਨ ਉਨ੍ਹਾਂ ਦੀ ਐਫ਼ਰਟ ਬੜੀ ਪਾਰਟਲੀ ਔਰ ਮਹਿਦੂਦ ਹੈ, ਇਸ ਦਾ ਨਤੀਜਾ ਹੈ ਜਿਹੜਾ ਜ਼ਬਰਦਸਤ ਧੱਖਾ 1976 ਵਿਚ ਹੋਇਆ ਸੀ, ਉਹ ਕੇਵਲ ਪਾਰਟਲੀ ਅਨਡਿਊ ਹੋਇਆ ਹੈ ਲਕਿਨ ਇਹ ਮਾਮਲਾ ਅਗਰ ਕੋਈ ਇਹ ਸਮਝੇ ਕਿ ਇਸ ਦੇ ਨਾਲ ਮਸਲਾ ਹਲ ਹੋ ਗਿਆ ਹੈ, ਇਹ ਠੀਕ ਨਹੀਂ ਹੋਵੇਗਾ। ਇਸ ਫੈਸਲੇ ਤੋਂ ਬਾਅਦ ਮੈਂ ਟੀ. ਐਨ. ਚਤੁਰਵੇਦੀ ਨੂੰ ਆਪ ਕਿਹਾ ਸੀ ਕਿ ਤੁਸੀਂ ਗਲਤ ਤਰੀਕੇ ਨਾਲ ਫੈਸਲਾ ਕੀਤਾ ਹੈ, ਇਸ ਦੇ ਨਾਲ ਪੰਜਾਬ ਸੰਤੁਸ਼ਟ ਨਹੀਂ ਹੋਵੇਗਾ। ਜੋ ਅਸੀਂ ਪ੍ਰਾਈਵੇਟ ਗਲਾਂ ਕਰਦੇ ਹਾਂ ਮੈਂ ਇਥੇ ਨਹੀਂ ਕਹਿਣਾ ਚਾਹੁੰਦਾ, ਜੋ ਕਿਸੇ ਹਕੀਕਤ ਨੂੰ ਤਸਲੀਮ ਕਰਦੇ ਹਾਂ ਪ੍ਰਾਈਵੇਟਲੀ ਉਸ ਹਕੀਕਤ ਨੂੰ ਵੇਖ ਕੇ ਹੀ ਕੋਈ ਚੀਜ਼ ਤਸਲੀਮ ਕਰਨੀ ਚਾਹੀਦੀ ਹੈ। ਮੈਂ ਮਹਿਸੂਸ ਕਰ ਰਿਹਾ ਹਾਂ ਕਿ ਪ੍ਰਧਾਨ ਮੰਤਰੀ 8 ਤਾਰੀਖ ਨੂੰ ਸਤਲੁਜ-ਜਮਨਾ ਲਿੰਕ ਤੇ ਕਟ ਲਾ ਰਹੇ ਹਨ, ਇਨ੍ਹਾਂ ਨੂੰ ਆਪਣੇ ਫੈਸਲੇ ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਕਰ ਕੇ ਨਹੀਂ ਕਿ ਅਲਾਈਨਮੈਂਟ ਦੀ ਗਲ ਹੈ ਬਲਕਿ ਇਸ ਕਰਕੇ ਕਿਉਂਕਿ ਇਸ ਮਾਮਲੇ ਤੇ ਪੰਜਾਬ ਦੇ ਅੰਦਰ ਬਹੁਤ ਜ਼ਿਆਦਾ ਤੌਖਲੇ ਹਨ, ਗਲਤ ਫਹਿਮੀਆਂ ਹਨ। ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਭੁਲੇਖਾ ਨਹੀਂ ਜਿਹੜਾ ਐਗਰੀਮੈਂਟ 31 ਦਸੰਬਰ ਵਿਚ ਹੋਇਆ, ਉਸ ਦੇ ਵਿਚ ਇਸ ਗਲ ਦਾ ਜ਼ਿਕਰ ਹੈ ਕਿ ਜਿਸ ਵਕਤ ਰਾਜਸਥਾਨ ਨੇ ਆਪਣਾ ਸਾਰਾ ਪਾਣੀ 8 ਮਿਲੀਅਨ ਫੀਟ ਇਸਤੇਮਾਲ ਕਰ ਲਿਆ ਤਾਂ ਪੰਜਾਬ ਨੂੰ ਆਪਣੀ ਜਿਹੜੀ ਸਾਰੀ ਜ਼ਰੂਰਤ ਹੈ ਉਸ ਦਾ ਪ੍ਰਬੰਧ ਆਪ ਕਰਨਾ ਪਏਗਾ। ਸੈਂਟਰ ਨੇ ਇਸ ਗਲ ਦੀ ਕੋਈ ਜ਼ਿਮੇਵਾਰੀ ਨਹੀਂ ਲਈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਦਿਨ ਰਾਜਸਥਾਨ ਨੇ ਆਪਣਾ ਸਾਰਾ ਪਾਣੀ ਆਪ ਇਸਤੇਮਾਲ ਕਰ ਲਿਆ ਪੰਜਾਬ ਵਾਸਤੇ ਇਕ ਰਾਈਟ ਡਿਫੀਕਲਟੀ ਹੋਵੇਗੀ ਜਿਹੜੀ ਇਹ ਕਹਿ ਰਹੇ ਹਨ ਕਿ 7, 8 ਲੱਖ ਏਕੜ ਜ਼ਮੀਨ ਜਿਹੜੀ ਹੈ ਪੰਜਾਬ ਦੀ ਉਸ ਤੇ ਇਸ ਦਾ ਅਫੈਕਟ ਪਏਗਾ। ਇਹ ਗਲ ਗਲਤ ਨਹੀਂ ਕਹਿਣ ਨੂੰ, ਜੋ ਮਰਜ਼ੀ ਕਹੀ ਚਲੋ। ਇਸ ਮਾਮਲੇ ਦਾ ਹਲ ਇਹ ਨਹੀਂ। ਅਗਰ ਇਸ ਗਲ ਤੇ ਇਤਬਾਰ ਨਹੀਂ ਤਾਂ ਜਿਹੜੇ ਸਾਡੇ ਇੰਜੀਨੀਅਰਜ਼ ਹਨ, ਪਾਣੀ ਦੀ ਅਵੇਲੇਬਿਲਿਟੀ 1976 ਵਿਚ ਥੋੜ੍ਹੀ ਘੱਟ ਸੀ। ਜਿਹੜੇ ਇੰਜੀਨੀਅਰਜ਼ ਨੇ 1926 ਤੋਂ 1945 ਤੱਕ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜਕੁਮਾਰ]

ਈਆਂ ਅਤੇ ਫਿਰ 1960 ਤੱਕ ਦੀਆਂ ਸੀਰੀਜ਼ ਦਾ ਹਿਸਾਬ ਕਰਕੇ ਦਸ ਦਿਤਾ ਕਿ 15.85 ਐਮ. ਏ. ਐਫ. ਹੈ, ਉਨ੍ਹਾਂ ਨੇ ਹੀ ਕਹਿ ਦਿਤਾ ਕਿ 17.17 ਐਮ. ਏ. ਐਫ. ਹੈ। ਯਾਨੀ ਕਹਿ ਦਿਤਾ ਕਿ ਪਾਣੀ ਜ਼ਿਆਦਾ ਹੋ ਗਿਆ ਹੈ, ਜਿਹੜਾ ਪਾਣੀ ਪੰਜਾਬ ਨੂੰ ਨਵੇਂ ਐਗਰੀਮੈਂਟ ਮੁਤਾਬਕ ਦਿੱਤਾ ਗਿਆ । ਇਸ ਦੇ ਵਿਚ ਇੰਜੀਨੀਅਰਜ਼ ਦੀ ਕਰੈਡੇਬਿਲਿਟੀ ਡਾਊਟ ਵਿਚ ਹੈ, ਜਦੋਂ ਇੰਜੀਨੀਅਰਜ਼ ਦੀ ਕਰੈਡੀਬਿਲਟੀ ਡਾਊਟ ਵਿਚ ਹੈ ਤਾਂ ਫਿਰ ਸ਼ੱਕ ਪੈਦਾ ਹੋ ਜਾਂਦਾ ਹੈ, ਇਸ ਲਈ ਕੋਈ ਹਾਈ ਲੈਵਲ ਦੇ ਇੰਜੀਨੀਅਰਜ਼ ਨੂੰ ਇਹ ਮਾਮਲਾ ਸੌਂਪਣਾ ਚਾਹੀਦਾ ਹੈ । ਇਸ ਤਰ੍ਹਾਂ ਪਾਣੀ ਦਾ ਬਹੁਤ ਫਾਇਦਾ ਹੋਣਾ ਨਹੀਂ ਅੰਰ ਇਹ ਵੱਧ ਅਵੇਲੇਬਲ ਹੋ ਸਕੇ ਇਸ ਮਾਮਲੇ ਵਿਚ ਕਾਫੀ ਕੰਟਰੋਵਰਸੀ ਚਲ ਰਹੀ ਹੈ । ਇਕ ਹਾਈ ਪਾਵਰਡ ਕਮਿਸ਼ਨ ਪੰਜਾਬ ਨਹੀਂ ਹਿੰਦੁਸਤਾਨ ਦੇ ਚੋਟੀ ਦੇ ਜਿਹੜੇ ਸਾਇੰਸ ਦੇ ਇੰਜੀਨੀਅਰਜ਼ ਹਨ ਉਨ੍ਹਾਂ ਤੇ ਆਧਾਰਤ ਕਰਕੇ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਸ ਸਬੰਧੀ ਉਨ੍ਹਾਂ ਦਾ ਅਵਾਰਡ ਲੈਣਾ ਚਾਹੀਦਾ ਹੈ । ਕੋਈ ਗਲ ਹਾਸਲ ਕਰਨ ਦੀ ਲੋੜ ਨਹੀਂ ਕੋਈ ਗਲ ਜਲਦੀ ਨਾਲ ਕਰਨ ਦੀ ਲੋੜ ਨਹੀਂ । ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਲੋਕਾਂ ਦੇ ਜਜ਼ਬਾਤ ਜ਼ਰੂਰੀ ਹਨ ਅੰਰ ਉਨ੍ਹਾਂ ਦੀ ਜ਼ਿਮੇਵਾਰੀ ਪੰਜਾਬ ਦੀ ਪੁਲੀਟੀਕਲ ਲੀਡਰਸ਼ਿਪ ਤੇ ਹੈ ਭਾਵੇਂ ਪਾਰਟੀ ਤੇ ਹੈ ਪਰ ਆਪੋਜ਼ੀਸ਼ਨ ਤੇ ਸਾਡੇ ਸਾਰਿਆਂ ਤੇ ਕਾਫੀ ਜ਼ਿੰਮੇਵਾਰੀ ਹੈ । ਹਰਿਆਣਾ ਅਤੇ ਰਾਜਸਥਾਨ ਵਿਚ ਜਿਹੜੇ ਬੈਨੀਫੀਸ਼ਰੀਜ਼ ਹਨ, ਉਨ੍ਹਾਂ ਵਿਚ ਵੀ ਸਾਡੇ ਪੰਜਾਬੀ ਵਸਦੇ ਹਨ, ਦੂਸਰੇ ਵਸਦੇ ਹਨ । ਅਸੀਂ ਕੇਵਲ ਪੰਜਾਬੀ ਹੀ ਨਹੀਂ ਹਿੰਦੁਸਤਾਨੀ ਵੀ ਹਾਂ । ਸਾਡੀ ਗਲਬਾਤ ਦਾ ਇਹੋ ਜਿਹਾ ਅਸਰ ਨਹੀਂ ਹੋਣਾ ਚਾਹੀਦਾ ਕਿ ਲੋਕ ਸਾਨੂੰ ਸੱਚੀ ਮੁਚੀ ਵਖਰਾ ਸਮਝਣ ਲਗ ਪੈਣ । ਦੋਸਤੀ ਦੁਵੱਲੀ ਚਲਦੀ ਹੈ ਅਤੇ ਸਿਰਫ ਆਪਣੇ ਫਾਇਦੇ ਵਾਸਤੇ ਨਹੀਂ ਚਲਦੀ। ਸਾਨੂੰ ਆਪਣੇ ਆਪ ਨੂੰ ਹਿੰਦੁਸਤਾਨ ਦਾ ਸ਼ਹਿਰੀ ਸਾਬਤ ਕਰਨਾ ਪਏਗਾ ਤਾਂ ਹੀ ਦੂਸਰੀਆਂ ਸਟੇਟਾਂ ਵਾਲੇ ਸਮਝਣਗੇ ਕਿ ਪੰਜਾਬੀ ਵਖਰੇ ਨਹੀਂ ਅੰਰ ਅਗਰ ਅਸੀਂ ਆਪਣੇ ਟੈਂਪਰੇਰੀ ਬੈਨੀਫਿਟ ਵਾਸਤੇ ਗਲ ਕਰਾਂਗੇ ਤਾਂ ਸਾਡਾ ਮਕਸਦ ਫੇਲ੍ਹ ਹੋ ਸਕਦਾ ਹੈ ਅਤੇ ਉਹ ਚੀਜ਼ਾਂ ਪ੍ਰਾਪਤ ਨਹੀਂ ਹੋ ਸਕਣਗੀਆਂ ਜਿਨ੍ਹਾਂ ਦਾ ਦਾਅਵਾ ਅਸੀਂ ਕਰਦੇ ਹਾਂ । ਮੈਂ ਕਹਾਂਗਾ ਕਿ ਇਹ ਇਸ਼ੂ ਐਸਾ ਹੈ ਇਸ ਨੂੰ ਆਊਟ ਆਫ ਪਰਪੋਰਸ਼ਨ ਬਿਲੋ ਨਹੀਂ ਕਰਨਾ ਚਾਹੀਦਾ ਹੈ । ਮੈਨੂੰ ਅਫਸੋਸ ਹੈ ਕਿ ਬਿਲੋ ਕਰਨ ਦੀ ਬਜਾਏ ਟਰੈਜ਼ਰੀ ਬੈਂਚਿਜ਼ ਵਾਲੇ ਧਮਕੀਆਂ ਚਿੰਦੇ ਹਨ, ਤੁਸੀਂ ਸੋਚ ਲਵੋ ਇਸ ਦੇ ਕੀ ਨਤੀਜੇ ਨਿਕਲਣਗੇ ।

ਆਵਾਜ਼ਾਂ : ਕੋਈ ਐਸੀ ਗਲ ਨਹੀਂ ਹੋਈ ।

ਕਾਮਰੇਡ ਰਾਜ ਕੁਮਾਰ : ਮੈਂ ਸ਼ੇਅਰ ਦਾ ਮਤਲਬ ਸਮਝਦਾ ਹਾਂ ਅੰਰ ਉਨ੍ਹਾਂ ਦੇ ਲਫਜ਼ ਸੁਣੇ ਹਨ । ਇਸ ਮਾਮਲੇ ਨੂੰ ਇਤਨਾ ਬਿਲੋ ਨਾ ਕਰੋ ਇਸ ਗਲ ਦਾ ਧਿਆਨ ਕਰੋ ਜਿਸ ਦਿਨ ਰਾਜਸਥਾਨ ਨੇ ਆਪਣਾ ਪਾਣੀ ਇਸਤੇਮਾਲ ਕਰ ਲਿਆ ਪੰਜਾਬ ਨੂੰ ਰੀਅਲੀ ਡਿਫੀਕਲਟੀ ਆਵੇਗੀ । ਇਹ ਕਲੇਮ ਕੀਤਾ ਜਾ ਰਿਹਾ ਹੈ ਨਵੇਂ ਐਗਰੀਮੈਂਟ ਵਿਚ ਕਿ ਉਨ੍ਹਾਂ ਦਾ ਪਾਣੀ ਦਾ ਹੱਕ ਬਣਦਾ ਹੈ । 1955 ਦੇ ਐਗਰੀਮੈਂਟ ਦੇ ਮੁਤਾਬਿਕ ਰਾਜਸਥਾਨ ਦਾ ਅਤੇ ਦੂਜਿਆਂ ਸੂਬਿਆਂ ਦਾ ਹੱਕ ਬਣਦਾ ਹੈ ਅਤੇ ਉਹ ਲਾਅ ਫੁਲੀ ਅਤੇ ਰਾਈਟ-ਫੁਲੀ ਇਸ ਦੀ ਮੰਗ ਕਰ ਸਕਦੇ ਹਨ । ਇਹ ਵੀ ਕਿਹਾ ਜਾਂਦਾ ਹੈ ਕਿ ਰਾਇਲਟੀ ਵੀ ਮੰਗ ਸਕਦੇ ਹਨ, ਲੇਕਿਨ ਉਨ੍ਹਾਂ ਨੇ ਕੋਈ ਨਹੀਂ ਮੰਗੀ । ਉਹ ਵੀ ਜਾਣਦੇ ਹਨ ਕਿ ਰਾਇਟਲਟੀ ਕਿਉਂ ਨਹੀਂ ਮੰਗੀ । ਉਨ੍ਹਾਂ ਨੂੰ ਵੀ ਪਤਾ ਹੈ ਕਿ ਪੰਜਾਬ ਨਾਲ ਧੱਕਾ ਅਜੇ ਤੱਕ ਕੰਟੀਨਿਊ ਕਰ ਰਿਹਾ ਹੈ । ਮੈਂ ਇਸੇ ਕਰ ਕੇ ਆਪਣੀ ਪਾਰਟੀ ਦੀ ਤਰਫੋਂ ਅੱਗੇ ਵੀ ਇਸ ਮਾਮਲੇ ਤੇ ਪੁਜ਼ੀਸ਼ਨ ਦੱਸੀ ਸੀ ਕਿ ਜਿਹੜਾ ਪਾਰਟਲੀ ਇਨਜਸਟਿਸ ਅਨਡੂ ਹੋਇਆ ਹੈ ਉਸ ਨੂੰ

Original with;
Punjab Vidhan Sabha
Digitized by;
Panjab Digital Library

ਕੰਪਲੀਟਲੀ ਅਨਡੂ ਕਰਨ ਦੇ ਵਾਸਤੇ ਉਪਰਾਲੇ ਕੀਤੇ ਜਾਣ । ਮੈਂ ਸੁਜੈਸ਼ਨ ਦਿਤੀ ਸੀ ਕਿ ਇਸ ਮਾਮਲੇ ਨੂੰ ਪਾਰਟੀਜ਼ਨ ਮੈਨਰ ਨਾਲ ਨਜਿਠਣ ਦੀ ਕੋਸ਼ਿਸ਼ ਨਾ ਕਰੋ, ਨਾ ਜਲਦ ਬਾਜ਼ੀ ਵਿੱਚ ਇਸ ਦਾ ਫੈਸਲਾ ਕਰਾਉਣ ਦੀ ਕੋਸ਼ਿਸ਼ ਕਰੋ। ਬੰਸੀ ਲਾਲ ਜਦੋਂ ਡਿਫੈਂਸ ਮਨਿਸਟਰ ਸਨ ਤਾਂ ਉਨ੍ਹਾਂ ਨੇ ਪਾਰਟੀਜ਼ਨ ਵੇਅ ਔਰ ਪਾਰਟੀਜ਼ਨ ਸਪਿਰਿਟ ਵਿਚ ਪੰਜਾਬ ਨਾਲ ਧੱਕਾ ਕਰਨ ਦੇ ਵਿੱਚ ਕੋਈ ਕਸਰ ਨਹੀਂ ਸੀ ਛੱਡੀ ਅਤੇ ਉਸ ਦਾ ਰਿਜ਼ਲਟ ਅੱਜ ਸਾਡੇ ਸਾਹਮਣੇ ਹੈ । ਅਸੀਂ ਹਿਸਟਰੀ ਨੂੰ ਉਸ ਤਰ੍ਹਾਂ ਰਿਪੀਟ ਨਾ ਹੋਣ ਦਈਏ । ਗਲਤ ਗਲ ਨੂੰ ਹੋਰ ਕੰਪਲੀਕੇਟ ਕਰਨ ਦੀ ਕੋਸ਼ਿਸ਼ ਨਾ ਕਰੀਏ । ਪੁਲੀਟੀਕਲ ਬੈਨੇਫਿਟਸ ਦੀ ਖਾਤਰ ਅਗਰ ਪਾਰੀਟਜ਼ਨ ਵੇਅ ਨਾਲ ਸੋਚਿਆ ਜਾਵੇ ਤਾਂ ਗਲਤ ਗਲ ਹੈ । ਹਰਿਆਣੇ ਵਿੱਚ ਇਲੈਕਸ਼ਨਜ਼ ਹੋਣੇ ਹਨ । ਅਗਰ ਅਸੀਂ ਇਲੈਕਸ਼ਨਜ਼ ਵਿਚ ਉਥੇ ਕਾਂਗਰਸ ਪਾਰਟੀ ਨੂੰ ਪੁਲੀਟੀਕਲ ਬੈਨੇਫਿਟ ਦੇਣ ਲਈ ਉਥੇ ਜ਼ਰੂਰ ਕੱਟ ਲਗਾਉਣਾ ਚਾਹੁੰਦੇ ਹਾਂ ਤਾਂ ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਆਪਣਾ ਸਾਰਾ ਅਸਰ ਰਸੂਖ ਇਸਤੇਮਾਲ ਕਰਨ ਅਤੇ ਪ੍ਰਾਈਮ ਮਨਿਸਟਰ ਦਾ ਜਿਹੜਾ 8 ਤਾਰੀਖ ਦਾ ਦੌਰਾ ਹੈ ਉਸ ਨੂੰ ਮੁਲਤਵੀ ਕਰਨ । ਸਾਰੀਆਂ ਮੁਤੱਲਕਾ ਪਾਰਟੀਆਂ ਨਾਲ ਬੈਠ ਕੇ ਗਲਬਾਤ ਕਰਨ । ਜਦੋਂ ਪਾਕਿਸਤਾਨ ਨਾਲ ਸੈਟਲਮੈਂਟ ਹੋ ਗਿਆ ਸੀ ਉਦੋਂ ਰਾਜਸਥਾਨ, ਕਸ਼ਮੀਰ ਅਤੇ ਪੰਜਾਬ ਸਟੇਟ ਦੇ ਪ੍ਰਤੀਨਿਧ ਰੱਲ ਕੇ ਬੈਠੇ ਸਨ । ਪਾਕਿਸਤਾਨ ਨਾਲ ਪਾਣੀ ਦੀ ਵੰਡ ਤੋਂ ਬਾਅਦ ਜੋ ਪਾਣੀ ਅਵੇਲੇਬਲ ਹੋਣਾ ਹੈ ਉਸ ਦੇ ਬਾਰੇ ਫੈਸਲਾ ਕੀਤਾ ਸੀ । ਮੈਂ ਉਨ੍ਹਾਂ ਲੋਕਾਂ ਵਿਚੋਂ ਨਹੀਂ ਜਿਹੜੇ ਕਿ ਸੈਂਟਰਲ ਗੌਰਮਿੰਟ ਦੇ ਹੱਕ ਨੂੰ ਨਹੀਂ ਮੰਨਦੇ ਅਤੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਸ ਨੈਸ਼ਨਲ ਅਸੈਟ ਦੇ ਬਾਰੇ ਫੈਸਲਾ ਕਰਨ ਦਾ ਕੋਈ ਹੱਕ ਨਹੀਂ । ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਕਿ ਸੈਂਟਰਲ ਗੌਰਮਿੰਟ ਨੂੰ ਇਕ ਫੈਡਰਲ ਢਾਂਚੇ ਦੇ ਅੰਦਰ ਇਸ ਤਰ੍ਹਾਂ ਦੇ ਨੈਸ਼ਨਲ ਅਸੈਟਸ ਬਾਰੇ ਫੈਸਲਾ ਕਰਨ ਦਾ ਹੱਕ ਹੈ । ਕਾਨੂੰਨ ਭਾਵੇਂ ਸਾਡੇ ਮੁਲਕ ਦਾ ਹੈ, ਭਾਵੇਂ ਇੰਟਰ-ਨੈਸ਼ਨਲ ਕਾਨੂੰਨ ਹੈ, ਚਾਹੇ ਅਮਰੀਕਾ ਦਾ ਹੈ ਅਤੇ ਚਾਹੇ ਰਸ਼ੀਆ ਦਾ ਹੈ ਸਾਰੀਆਂ ਥਾਵਾਂ ਤੇ ਉਨ੍ਹਾਂ ਨੂੰ ਫੈਡਰਲ ਕੰਟਰੋਲ ਹੈ, ਫੈਡਰਲ ਪ੍ਰੋਪ੍ਰਾਇਟਰੀ ਰਾਈਟਸ ਹਨ । ਇਸੇ ਤਰ੍ਹਾਂ ਪਾਣੀ ਦੇ ਹਿੱਸਿਆਂ ਨੂੰ ਅਪੋਰਸ਼ਨ ਕਰਨ ਦਾ ਹੱਕ ਹੈ। ਇਸ ਕਰ ਕੇ ਜਿਹੜੇ ਲੋਕ ਇਹ ਸਮਝਦੇ ਹਨ ਕਿ ਇਹ ਨੇਸ਼ਨ ਅਸੈਟ ਨਹੀਂ ਬਲਕਿ ਇਕ ਲੋਕਲ ਅਸੈਟ ਹੈ ਇਹ ਠੀਕ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਲੋਕਲ ਅਸੈਟ ਤਾਂ ਕ੍ਰੀਏਟਿਡ ਹੁੰਦਾ ਹੈ, ਨੈਚੂਰਲ ਅਸੈਟ ਕ੍ਰੀਏਟਿਡ ਨਹੀਂ ਹੁੰਦਾ । ਇਨ੍ਹਾਂ ਉਤੇ ਬੜੇ ਹਿਸਾਬ ਨਾਲ, ਬੜੇ ਆਰਾਮ ਨਾਲ ਹਰੇਕ ਦੇ ਮੁਫਾਦ ਨੂੰ ਮੁੱਖ ਰੱਖ ਕੇ ਇਸ ਨਿਯਤ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਸਾਰਾ ਮੁਲਕ ਇਕ ਹੈ । We should grow together and no grow at the expense of each other.
ਇਸ ਭਾਵਨਾ ਨਾਲ ਬੈਠ ਕੇ ਗਲ ਕਰਾਂਗੇ ਤਾਂ ਗਲ ਬਣੇਗੀ । ਮੈਂ ਇਸ ਗਲ ਨੂੰ, ਇਸ ਦਲੀਲ ਨੂੰ ਨਹੀਂ ਸਮਝ ਸਕਿਆ ਕਿ ਸਾਡਾ ਇਹ ਅਸੈਟ ਉਸ ਤਰ੍ਹਾਂ ਦਾ ਹੀ ਹੈ, ਜਿਸ ਤਰ੍ਹਾਂ ਕਿਸੇ ਹੋਰ ਸੂਬੇ ਵਿੱਚ ਹੋਰ ਅਸੈਟਸ ਹਨ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅਪ ਕਰੋ ।

ਕਾਮਰੇਡ ਰਾਜ ਕੁਮਾਰ : ਤੁਸੀਂ ਮੈਨੂੰ ਕਿਤਨਾ ਟਾਈਮ ਦੇ ਰਹੇ ਹੋ ?

ਸ਼੍ਰੀ ਡਿਪਟੀ ਸਪੀਕਰ : ਤੁਹਾਨੂੰ 10 ਮਿੰਟ ਦੇਣੇ ਸਨ । 11 ਮਿੰਟ ਤੁਹਾਨੂੰ ਬੋਲਦੇ ਹੋ ਗਏ ਹਨ ।

Comrade Raj Kumar: I am sorry. ਮੈਂ ਦੋ ਮਿੰਟ ਹੀ ਹੋਰ ਬੋਲਾਂਗਾ । ਮੈਂ ਇਸ ਸਿਲਸਿਲੇ ਵਿੱਚ ਇਹੀ ਕਹਾਂਗਾ ਕਿ ਬਜਾਏ ਇਸ ਦੇ ਕਿ ਅਸੀਂ ਆਪਣੇ ਸੈਟੀਮੈਂਟਸ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਵਰਕ-ਅਪ ਹੋਣ ਦਈਏ, ਇਸ ਮਾਮਲੇ ਤੇ ਬੈਠ ਕੇ ਗਲ ਬਾਤ ਕੀਤੀ ਜਾਵੇ । ਪਿਛਲੀ ਦਫਾ ਸਾਡੀ ਪ੍ਰਪੋਜ਼ਲ ਸੀ ਕਿ ਇਸ ਗਲ ਵਿੱਚ ਅਕਾਲੀ ਦਲ ਨੂੰ ਪਾਰਟੀ ਬਣਾਇਆ ਜਾਵੇ । ਜਿਤਨੀਆਂ ਆਲ ਇੰਡੀਆ ਪਾਰਟੀਆਂ ਹਨ ਉਨ੍ਹਾਂ ਸਾਰੀਆਂ ਨੂੰ ਬਿਠਾਇਆ ਜਾਵੇ ਅਤੇ ਬੈਠ ਕੇ ਜੋ ਜਸਟ ਰਾਈਟਸ ਇਨ੍ਹਾਂ ਸਟੇਟਾਂ ਦੇ ਹਨ, ਉਸ ਦੇ ਮੁਤਾਬਿਕ ਹੀ ਪਾਣੀ ਦੀ ਅਪੋਰਸ਼ਨਮੈਂਟ ਕੀਤੀ ਜਾਵੇ ਤਾਂ ਹੀ ਇਹ ਮਸਲਾ ਹੱਲ ਹੋ ਸਕਦਾ ਹੈ, ਵਰਨਾ ਇਸ ਦੀ ਤਵੱਕੋ ਨਹੀਂ ਕੀਤੀ ਸਕਦੀ । ਅਖੀਰ ਵਿੱਚ ਮੈਂ ਇਸ ਗਲ ਦਾ ਜ਼ਿਕਰ ਕਰਦਾ ਹਾਂ ਕਿ ਇਹ ਜਿਹੜਾ ਅਲਾਈਨਮੈਂਟ ਦਾ ਮਸਲਾ ਹੈ, ਇਹ ਬੜੇ ਜ਼ੋਰ ਨਾਲ ਉਠਾਇਆ ਗਿਆ ਸੀ। ਜਿਹੜੀ ਇਸ ਵੇਲੇ ਪਰਪੋਜ਼ਡ ਐਲਾਈਨਮੈਂਟ ਹੈ ਇਸ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਜਿਹੜੀ ਗੌਰਮਿੰਟ ਦੀ ਪਰਪੋਜ਼ਡ ਐਲਾਈਨਮੈਂਟ ਹੈ ਉਸ ਦੇ ਮੁਤਾਬਿਕ 127 ਕਿਲੋ ਮੀਟਰ ਨਹਿਰ ਸਾਨੂੰ ਪੁਟਣੀ ਪੈਂਦੀ ਹੈ ਅਤੇ ਉਸ ਦੇ ਉਤੇ 120 ਕਰੋੜ ਰੁਪਿਆ ਖਰਚ ਆਉਂਦਾ ਹੈ । ਜਿਹੜੀ ਅਲਾਈਨਮੈਂਟ ਅਸੀਂ ਪਰਪੋਜ਼ ਕੀਤੀ ਹੈ ਉਸ ਦੇ ਮੁਤਾਬਿਕ 127 ਕਿਲੋ ਮੀਟਰ ਦੀ ਥਾਂ 120 ਕਿਲੋ ਮੀਟਰ ਐਕਸਕਾਵੇਸ਼ਨ ਕਰਨੀ ਪਵੇਗੀ ਅਤੇ 120 ਕਰੋੜ ਰੁਪਏ ਦੀ ਬਜਾਏ 112 ਕਰੋੜ ਰੁਪਿਆ ਖਰਚ ਹੋਵੇਗਾ । ਇੱਕ ਤਾਂ ਇਸ ਤਰ੍ਹਾਂ ਕਰਨ ਨਾਲ ਅਸੀਂ ਉਨ੍ਹਾਂ ਲੋਕਾਂ ਨੂੰ ਬਚਾਵਾਂਗੇ ਜਿਨ੍ਹਾਂ ਨੇ, ਜਦੋਂ ਭਾਖੜਾ ਮੇਨ ਕੈਨਾਲ ਬਣੀ ਸੀ, ਤਾਂ ਆਪਣੀ ਜ਼ਮੀਨ ਦੇਣੀ ਪਈ ਸੀ। ਇਸ ਪਰਪੋਜ਼ਡ ਐਲਾਈਨਮੈਂਟ ਨਾਲ ਉਹੀ ਕਿਸਾਨ ਮੁੜ ਕੇ ਉਜਾੜੇ ਜਾਣਗੇ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਵੇਚਣ ਤੇ ਫਿਰ ਮਜ਼ਬੂਰ ਹੋਣਾ ਪਵੇਗਾ, ਜਿਹੜੀ ਕਿ ਗਲਤ ਗਲ ਹੋਵੇਗੀ। ਤੀਸਰੀ ਗਲ ਇਹ ਹੈ ਕਿ ਦੋ ਪੈਰਲਲ ਲਾਈਨਾਂ ਚਲਣਗੀਆਂ। ਜਿਹੜਾ ਇਲਾਕਾ ਇਸ ਪਰਪੋਜ਼ਡ ਐਲਾਈਨਮੈਂਟ ਤੋਂ ਬਾਅਦ ਬੱਚ ਜਾਵੇਗਾ ਉਹ ਸੇਮ ਨਾਲ ਮਾਰਿਆ ਜਾਵੇਗਾ ਅਤੇ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਲੱਖਾਂ ਏਕੜ ਫਰਟਾਈਲ ਜ਼ਮੀਨ ਬੱਚ ਸਕਦੀ ਹੈ। ਇਸ ਨੂੰ ਜ਼ਰੂਰ ਬਚਾਇਆ ਜਾਵੇ। ਇਸ ਦਾ ਇਹੀ ਤਰੀਕਾ ਹੈ ਕਿ ਜਿਹੜਾ ਕੱਟ ਲਾਉਣ ਵਾਲਾ ਮਾਮਲਾ ਅੱਠ ਤਾਰੀਖ ਦਾ ਹੈ ਉਸ ਨੂੰ ਪੋਸ਼ਟਪੋਨ ਕਰੋ। ਐਲਾਈਨਮੈਂਟ ਨਵੇਂ ਸਰੇ ਤੋਂ ਵਿਚਾਰੋ। ਪਾਣੀ ਦੇ ਐਪੋਰਸ਼ਨਮੈਂਟ ਦੇ ਮਾਮਲੇ ਤੇ ਸਾਰੀਆਂ ਪਾਰਟੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਬੈਠ ਕੇ ਰਾਊਂਡ ਦੀ ਟੇਬਲ ਗਲਬਾਤ ਕਰੋ। ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਮੇਜ਼ ਤੇ ਬੜੇ ਕਾਮਯਾਬ ਹੋਏ ਹਨ। ਅੱਗੇ ਤਾਂ ਸਰਦਾਰ ਦਰਬਾਰਾ ਸਿੰਘ ਹੋਰੀਂ ਇਕੱਲੇ ਗਏ ਹਨ । ਮੇਰੀ ਇਹ ਤਵੱਕੋ ਹੈ ਕਿ ਸਾਰੀਆਂ ਪਾਰਟੀਆਂ ਇਸ ਵਿੱਚ ਸ਼ਾਮਲ ਹੋਣ ਅਤੇ ਸਾਰਿਆਂ ਦੀ ਕੁਲੈਕਟਿਵ ਸਮਝ ਨਾਲ ਪੰਜਾਬ ਨਾਲ ਜੋ ਬੇਇਨਸਾਫੀ ਹੈ, ਉਹ ਦੂਰ ਹੋ ਸਕੇ। ਇਹ ਸ਼ਬਦ ਕਹਿ ਕੇ ਮੈਂ ਆਪਦਾ ਧੰਨਵਾਦ ਕਰਦਾ ਹਾਂ।

ਲੋਕ ਨਿਰਮਾਣ ਮੰਤਰੀ (ਸਰਦਾਰ ਬੇਅੰਤ ਸਿੰਘ) : ਡਿਪਟੀ ਸਪੀਕਰ ਸਾਹਿਬ, ਬੜੇ ਦਿਨਾਂ ਤੋਂ ਇਹ ਚਰਚਾ ਚਲ ਰਿਹਾ ਹੈ ਕਿ ਪਾਣੀ ਦੀ ਵੰਡ ਪੰਜਾਬ ਅਤੇ ਹਰਿਆਣੇ ਵਾਲਿਆਂ ਨੇ ਕਰਨੀ ਹੈ ਅਤੇ ਬਾਦਲ ਸਾਹਿਬ ਨੇ ਤੀਸਰੀ ਦਫਾ ਇਸੇ ਸੈਸ਼ਨ ਦੇ ਦੌਰਾਨ ਆਪਣੇ ਖਿਆਲਾਤ ਸਾਰੇ ਹਾਊਸ ਨੂੰ ਦੱਸੇ ਹਨ। ਇਨ੍ਹਾਂ ਨੇ ਪਹਿਲੀ ਹਿਸਟਰੀ ਟਰੇਸ ਕਰਨ ਦੀ ਕੋਸ਼ਿਸ਼ ਕੀਤੀ ਹੈ । ਮੈਂ ਡਿਪਟੀ ਸਪੀਕਰ ਸਾਹਿਬ, ਇਸ ਗਲ ਨਾਲ ਸਹਿਮਤ ਹਾਂ ਕਿ ਪੰਜਾਬੀਆਂ ਨੇ ਆਜ਼ਾਦੀ ਲਿਆਉਣ ਵਾਸਤੇ ਔਰ ਉਸ ਤੋਂ ਬਾਅਦ ਮੁਲਕ ਨੂੰ ਡਿਵੈਲਪ ਕਰਨ ਵਾਸਤੇ ਬੜਾ ਭਾਰੀ ਹਿੱਸਾ ਪਾਇਆ ਹੈ । ਲੇਕਿਨ ਮੈਂ ਇਹ ਕਹਿਣਾ ਚਾਹਾਂਗਾ ਕਿ ਜੇ ਘੋਖ ਕੀਤੀ ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਛੋਟੇ ਜਿਹੇ ਪੰਜਾਬ ਦੇ ਸੂਬੇ ਦੇ ਜੋ ਇਲਾਜ਼ ਹਨ, ਉਨ੍ਹਾਂ ਦਾ ਕਾਰਣ ਇਹ ਸਾਡੇ ਸਾਹਮਣੇ ਆਪੋਜ਼ੀਸ਼ਨ ਵਿੱਚ ਬੈਠੇ ਵੀਰ ਹਨ । ਮੈਂ ਇਹ ਜ਼ਰੂਰ ਕਹਾਂਗਾ ਕਿ ਅਕਾਲੀ ਦਲ ਦੀ ਜਿਹੜੀ ਲੀਡਰਸ਼ਿਪ ਪਹਿਲਾਂ ਸੀ, ਜਿਸ ਤਰ੍ਹਾਂ 1947

Original with;
Punjab Vidhan Sabha
Digitized by;
Panjab Digital Library

ਵਿੱਚ ਮਾਸਟਰ ਤਾਰਾ ਸਿੰਘ ਅਕਾਲੀ ਲੀਡਰ ਸੀ ਅਤੇ ਪਾਕਿਸਤਾਨ ਬਣ ਰਿਹਾ ਸੀ ਤਾਂ ਉਨ੍ਹਾਂ ਨੇ ਨੈਸ਼ਨਲ ਮੇਨਸਟ੍ਰੀਮ ਜੋ ਹਿੰਦੁਸਤਾਨ ਦੀ ਸੀ, ਉਸ ਦੇ ਨਾਲ ਤੁਰਨ ਦਾ ਫੈਸਲਾ ਕੀਤਾ ਅਤੇ ਉਨ੍ਹਾਂ ਨੇ ਲਾਹੌਰ ਦੀ ਅਸੈਂਬਲੀ ਤੇ ਚੜ੍ਹ ਕੇ ਝੰਡਾ ਪਾੜਿਆ ਅਤੇ ਕਿਹਾ ਕਿ ਅਸੀਂ ਤਾਂ ਹਿੰਦੁਸਤਾਨ ਵਾਲੇ ਪਾਸੇ ਰਹਿਣਾ ਹੈ। ਲੇਕਿਨ ਮੈਨੂੰ ਇਸ ਗਲ ਦਾ ਅਫ਼ਸੋਸ ਹੈ ਕਿ ਉਸ ਤੋਂ ਬਾਅਦ, ਮੇਰੇ ਵੀਰ ਗੁੱਸਾ ਨਾ ਕਰਨ, ਸਾਡੀ ਇਹ ਜੋ ਰਿਜਨਲ ਪਾਰਟੀ ਹੈ ਅਤੇ ਇਸ ਵੇਲੇ ਜੋ ਇਨ੍ਹਾਂ ਦੀ ਲੀਡਰਸ਼ਿਪ ਹੈ, ਉਹ ਡੀਜੈਨਰੇਟ ਕਰਦੀ ਗਈ। ਮੈਨੂੰ ਇਹ ਕਹਿਣਾ ਪਵੇਗਾ ਕਿ ਜੋ ਆਦਮੀ ਅਕਾਲੀ ਲੀਡਰ ਬਣਿਆ ਉਸ ਤੋਂ ਬਾਅਦ ਅਤੇ ਉਸ ਨੇ ਕੋਸ਼ਿਸ਼ ਕੀਤੀ ਕਿ ਮੈਂ ਨੈਸ਼ਨਲ ਮੇਨਸਟ੍ਰੀਮ ਨਾਲ ਚਲਾਂ ਅਤੇ ਇਹ ਸੋਚਿਆ ਕਿ ਇਹ ਜੋ ਸਿੱਖ ਧਰਮ ਹੈ ਜਾਂ ਸਿੱਖ ਲੋਕ ਹਨ ਉਨ੍ਹਾਂ ਦੇ ਕੇਸ ਜਾ ਕੇ ਪਲੀਡ ਕਰਾਂ, ਉਸ ਆਦਮੀ ਨੂੰ ਅਕਾਲੀ ਦਲ ਨੇ ਆਪਣੇ ਆਪ ਤੋਂ ਦੂਰ ਕੀਤਾ ਅਤੇ ਉਸ ਨੂੰ ਨਿੰਦਿਆ ਅਤੇ ਉਸਨੂੰ ਇਹ ਕਿਹਾ ਕਿ ਉਹ ਸਿੱਖ ਨਹੀਂ।

ਵੇਦ ਕਰਤਾਰ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਲੋਕ ਨਿਰਮਾਣ ਮੰਤਰੀ (ਸਰਦਾਰ ਬੇਅੰਤ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਗੱਲ ਕਹਿਣ ਵਿਚ ਬੜਾ ਦੁੱਖ ਹੁੰਦਾ ਹੈ ਕਿ ਇਥੇ ਇਹ ਕਿਹਾ ਗਿਆ ਕਿ ਫਲਾਂ ਆਦਮੀ ਜਿਹੜਾ ਕਾਂਗਰਸ ਪਾਰਟੀ ਵਿਚ ਰਲ ਗਿਆ ਹੈ, ਉਹ ਮੁਸਲਮਾਨ ਹੋਵੇਗਾ। ਬੜੇ ਅਫਸੋਸ ਨਾਲ ਇਹ ਗੱਲਾਂ ਸੁਣੀਆਂ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਦਾਰ ਬਲਦੇਵ ਸਿੰਘ ਜੀ ਜਿਹੜੇ ਸਾਡੇ ਪਹਿਲੇ ਮਾਨਯੋਗ ਡਿਫੈਂਸ ਮਨਿਸਟਰ ਰਹੇ ਹਨ, ਉਹ ਵੀ ਅਕਾਲੀ ਪਾਰਟੀ ਵਿਚੋਂ ਆਏ ਸਨ ਅੱਰ ਉਨ੍ਹਾਂ ਦਾ ਅਕਾਲੀ ਪਾਰਟੀ ਵਿਚ ਕੁਝ ਥਾਂ ਸੀ ਲੇਕਿਨ ਉਹ ਇਸ ਗੱਲ ਨੂੰ ਭਲੀਭਾਂਤ ਜਾਣਦੇ ਸਨ ਕਿ ਅਸੀਂ ਇਕ ਹੀ ਨੈਸ਼ਨਲ ਮੇਨਸਟ੍ਰੀਮ ਵਿਚ ਚਲਣਾ ਹੈ ਅੱਰ ਉਹ ਕਾਂਗਰਸ ਪਾਰਟੀ ਨਾਲ ਸੰਧੀ ਕਰਕੇ ਮਨਿਸਟਰ ਬਣੇ ਅੱਰ ਉਸ ਤੋਂ ਬਾਅਦ ਉਹ ਕਾਂਗਰਸ ਪਾਰਟੀ ਦੀ ਟਿਕਟ ਤੇ ਚੋਣ ਲੜੇ ਕੇ ਮੈਂਬਰ ਪਾਰਲੀਮੈਂਟ ਵੀ ਬਣੇ। ਮੈਂ ਇਹ ਗੱਲ ਪਹਿਲਾਂ ਕਹਿ ਦੇਵਾਂ ਕਿ ਜਦੋਂ ਪਾਵਰ ਦਾ ਨਸ਼ਾ ਕਿਸੇ ਨੂੰ ਆਉਂਦਾ ਹੈ ਤਾਂ ਪਾਵਰ ਦੇ ਨਸ਼ੇ ਵਿਚ ਸਾਰੀ ਗੱਲ ਸਹੀ ਮਹਿਨਿਆਂ ਵਿਚ ਗੁਜ਼ਾਰ ਦੇਣੀ ਹੁੰਦੀ ਹੈ। ਮੈਂ ਕਹਿਣਾ ਚਾਹਵਾਂਗਾ ਕਿ ਜਦੋਂ ਪੰਜਾਬੀ ਸੂਬੇ ਦੀ ਲਹਿਰ ਚੱਲੀ ਤਾਂ ਉਸ ਤੋਂ ਬਾਅਦ ਜਦੋਂ ਪੰਜਾਬੀ ਸੂਬਾ ਐਕਚੂਅਲੀ ਬਣਨ ਜਾ ਜਿਹਾ ਸੀ ਉਸ ਵਕਤ ਕੋਈ ਲੀਡਰ ਅਕਾਲੀ ਦਲ ਦਾ ਨਹੀਂ ਸੀ, ਜਿਸ ਨੇ ਕਿ ਪੰਜਾਬੀ ਸੂਬੇ ਦਾ ਕੇਸ ਪਲੀਡ ਕੀਤਾ ਹੋਵੇ। ਜੇਕਰ ਇਹ ਉਸ ਵੇਲੇ ਪੰਜਾਬੀ ਸੂਬੇ ਦੀਆਂ ਹੱਦਾਂ ਦੇ ਮਸਲੇ ਨੂੰ ਪਲੀਡ ਕਰਦੇ ਤਾਂ ਪਾਣੀ ਦਾ ਮਸਲਾ ਅੱਜ ਏਡਾ ਵੱਡਾ ਬਣ ਕੇ ਦਰਪੇਸ਼ ਨਾ ਆਉਂਦਾ। ਜੇਕਰ ਉਸ ਵਕਤ ਸਾਡੀਆਂ ਹੱਦਾਂ ਵਧ ਜਾਂਦੀਆਂ ਤਾਂ ਇਹ ਮਸਲਾ ਇਤਨਾ ਵੱਡਾ ਨਾ ਬਣਦਾ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਕਿਸੇ ਮੈਂਬਰ ਵਲੋਂ ਸੈਂਟਰ ਨੂੰ ** ਕਹਿਣਾ ਠੀਕ ਨਹੀਂ ਹੈ, ਠੀਕ ਹੈ ਤੁਸੀਂ ਐਕਸਪੰਜ ਇਹ ਲਫਜ਼ ਕਰਵਾ ਦਿੱਤੇ ਹਨ ਲਕਿਨ ਮੇਰੀ ਮੋਦਬਾਨਾ ਗੁਜ਼ਾਰਿਸ਼ ਹੈ ਕਿ ਇਸ ਤਰ੍ਹਾਂ ਦੇ ਲਫ਼ਜ਼ ਅਗਰ ਕੋਈ ਮੈਂਬਰ ਕਹੇ ਤਾਂ ਉਸ ਤੋਂ ਵਿਦਡਰਾਅ ਕਰਵਾਇਆ ਕਰੋ ।

ਡਿਪਟੀ ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰ ਰਿਹਾ ਸੀ ਕਿ ਉਸ ਵੇਲੇ ਇਹ ਹੀ ਗੱਲ ਮੱਦੇਨਜ਼ਰ ਰੱਖੀ ਗਈ ਕਿ ਰਾਜ ਭਾਗ ਕਿਸ ਤਰ੍ਹਾਂ ਹੱਥ ਆ ਸਕਦਾ ਹੈ। ਇਹ ਗੱਲ ਮੱਦੇਨਜ਼ਰ ਨਹੀਂ ਰੱਖੀ ਗਈ ਕਿ ਪੰਜਾਬੀ ਲੋਕ ਕਿੱਥੇ ਕਿੱਥੇ ਵਸਦੇ ਹਨ। ਜਦੋਂ ਇਹ ਚੰਡੀਗੜ੍ਹ ਦਾ ਮਸਲਾ ਆਇਆ,

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਮੰਤਰੀ]

ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਬੜੇ ਭਾਰੀ ਵਰਤ ਰੱਖੇ ਗਏ, ਮੈਂ ਉਨ੍ਹਾਂ ਦੀ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਸਾਡੇ ਸਾਹਮਣੇ ਬੈਠੇ ਸੱਜਣ ਸ਼ਾਇਦ ਗੁੱਸਾ ਕਰ ਲੈਣ ਲੇਕਿਨ ਜੋ ਉਸ ਵਕਤ ਕਿਹਾ ਗਿਆ ਕਿ ਫਾਜ਼ਿਲਕਾ ਔਰ ਅਬੋਹਰ ਦੇ ਦਿਓ, ਇਸ ਦੇ ਵਾਸਤੇ ਇਹ ਮੰਨ ਗਏ, ਉਸ ਦੇ ਨਾਲ ਕਾਰੀਡੋਰ ਵੀ ਦੇਣਾ ਇਹ ਮੰਨ ਗਏ। ਅੱਜ ਪਾਣੀ ਦੀਆਂ ਇਹ ਗੱਲਾਂ ਕਰਦੇ ਹਨ ਪਰ ਇਨ੍ਹਾਂ ਨੂੰ ਮੈਨੂੰ ਸਮਝ ਨਹੀਂ ਆਉਂਦੀ ਕਿ ਫਾਜ਼ਿਲਕਾ ਔਰ ਅਬੋਹਰ ਦੇਣ ਵਾਸਤੇ ਕੀ ਜ਼ਰੂਰਤ ਪਈ ਸੀ।

ਸ਼੍ਰੀ ਡਿਪਟੀ ਸਪੀਕਰ : ਇਹ ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਆਤਮਾ ਸਿੰਘ (ਬੈਠੇ ਬੈਠੇ) : ਅਸੀਂ ਇਹ ਫੈਸਲਾ ਨਹੀਂ ਸੀ ਮੰਨਿਆ।

ਲੋਕ ਨਿਰਮਾਣ ਮੰਤਰੀ : ਮੰਨਿਆ ਹੈ ਜੀ। ਲੇਕਿਨ ਉਸ ਤੋਂ ਬਾਅਦ ਜਦੋਂ ਕਾਂਗਰਸ ਦੀ ਸਰਕਾਰ ਇਥੇ ਆਈ ਤਾਂ ਕੁਦਰਤੀ ਗੱਲ ਸੀ ਕਿ ਉਸ ਨੇ ਇਹ ਗੱਲ ਕਹੀ ਕਿ ਅਸੀਂ ਇਤਨਾ ਉਪਜਾਊ ਇਲਾਕਾ ਨਹੀਂ ਛੱਡਣਾ। ਬਾਦਲ ਸਾਹਿਬ, ਇਸ ਗੱਲ ਦਾ ਗੱਸਾ ਨਾ ਕਰਨ। ਜੇਕਰ ਇਨ੍ਹਾਂ ਨੂੰ ਇਹ ਗੱਲ ਕਹੀ ਜਾਵੇ ਕਿ ਤੁਸੀਂ ਚੀਫ ਮਨਿਸਟਰ ਬਣਨਾ ਹੈ ਤਾਂ ਤੁਹਾਨੂੰ ਕੰਡੀ ਦਾ ਏਰੀਆ ਇਕੱਲਾ ਹੀ ਦੇ ਦੇਈਏ ਤਾਂ ਇਹ ਕੰਡੀ ਦਾ ਏਰੀਆ ਹੀ ਇਕੱਲਾ ਲੈ ਲੈਣਗੇ । ਇਨ੍ਹਾਂ ਨੂੰ ਤਾਂ ਚੀਫ ਮਨਿਸਟਰੀ ਚਾਹੀਦੀ ਹੈ ।

ਪੰਡਿਤ ਸਰਵਣ ਰਾਮ : ਡਿਪਟੀ ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦੀ ਨੀਯਤ ਤੋਂ ਇਹ ਮਾਲੂਮ ਹੁੰਦਾ ਹੈ ਕਿ ਇਹ ਕੰਡੀ ਦਾ ਏਰੀਆ ਬਾਦਲ ਸਾਹਿਬ ਨੂੰ ਦੇਣ ਨੂੰ ਤਿਆਰ ਹਨ। ਸਾਨੂੰ ਇਹ ਗੱਲ ਮਨਜ਼ੂਰ ਨਹੀਂ ਹੈ ਜੀ ਔਰ ਨਾ ਹੀ ਇਨ੍ਹਾਂ ਨੂੰ ਇਹ ਕੰਮ ਕਰਨਾ ਚਾਹੀਦਾ ਹੈ । (ਹਾਸਾ)

ਲੋਕ ਨਿਰਮਾਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰਾ ਭਾਵ ਇਹ ਨਹੀਂ ਸੀ ਕਿ ਅਸੀਂ ਕੋਈ ਇਲਾਕਾ ਇਨ੍ਹਾਂ ਨੂੰ ਦੇਣਾ ਹੈ., ਮੇਰਾ ਤਾਂ ਕਹਿਣ ਦਾ ਭਾਵ ਹੈ ਕਿ ਭਾਵੇਂ ਇਨ੍ਹਾਂ ਨੂੰ ਛੋਟੇ ਤੋਂ ਛੋਟੇ ਏਰੀਆ ਹੀ ਦੇ ਦੇਈਏ ਤਾਂ ਇਹ ਲੈਣ ਨੂੰ ਤਿਆਰ ਹੋ ਜਾਣਗੇ ਇਨ੍ਹਾਂ ਨੂੰ ਤਾਂ ਚੀਫ ਮਨਿਸਟਰੀ ਚਾਹੀਦੀ ਹੈ। ਕਾਮਰੇਡ ਰਾਜ ਕੁਮਾਰ ਜੀ ਨੇ ਇਨਜੀਨੀਅਰਜ਼ ਤੇ ਸ਼ੱਕ ਕੀਤਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਤੇ ਕਿਸੇ ਕਿਸਮ ਦਾ ਸ਼ੱਕ ਕਰਨਾ ਵੱਡੀ ਭਾਰੀ ਗਲਤੀ ਹੈ। ਅਸਲ ਵਿਚ ਪਾਣੀ ਵਧਦਾ ਘਟਦਾ ਰਹਿੰਦਾ ਹੈ । ਇਸ ਦਫਾ ਫਸਲਾਂ ਨੂੰ ਪਾਣੀ ਦੇਣ ਦੀ ਲੋੜ ਹੀ ਨਹੀਂ ਪਈ, ਵੇਲੇ ਸਿਰ ਬਾਰਿਸ਼ ਹੁੰਦੀ ਰਹੀ ਹੈ ਔਰ ਨਾ ਬਿਜਲੀ ਤੇ ਨਾ ਡੀਜ਼ਲ ਵਰਤਣਾ ਪਿਆ ਹੈ । ਪਰਮਾਤਮਾ ਨੇ ਬਾਰਸ਼ ਵੇਲੇ ਨਾਲ ਪਵਾਈ ਹੈ ਔਰ ਬਾਰਸ਼ ਨਾਲ ਸਾਡੀ ਫਸਲ ਪੱਕੀ ਹੈ। ਇਸ ਲਈ ਪਾਣੀ ਵੱਧਦਾ ਘਟਦਾ ਰਹਿੰਦਾ ਹੈ। ਇਕ ਗੱਲ ਮੈਂ ਇਹ ਕਹਿਣਾ ਚਾਹਵਾਂਗਾ ਕਿ ਬਾਦਲ ਸਾਹਿਬ ਨੇ ਇਕ ਪਾਸੇ ਤਾਂ ਇਹ ਕਿਹਾ ਹੈ ਕਿ ਇਹ ਪਾਣੀ ਦਾ ਕੇਸ ਦੇਸਾਈ ਸਾਹਿਬ ਨੇ ਰੀਓਪਨ ਕਰ ਦਿੱਤਾ ਸੀ ਔਰ ਦੂਸਰ ਪਾਸੇ ਕਿਹਾ ਕਿ ਅਸੀਂ ਸੁਪਰੀਮ ਕੋਰਟ ਵਿਚ ਚਲੇ ਗਏ ਅਗਰ ਦੇਸਾਈ ਸਾਹਿਬ ਦਾ ਮਨਸ਼ਾ ਹੁੰਦਾ ਤਾਂ ਇਹ ਸੁਪਰੀਮ ਕੋਰਟ ਵਿਚ ਕਿਉਂ ਜਾਂਦੇ। ਦੇਸਾਈ ਸਾਹਿਬ ਦਾ ਲੈਟਰ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਇਹ ਗੱਲ ਹੋਰ ਛੱਡੋ, ਰੀਆਰਗੇਨਾਈਜ਼ੇਸ਼ਨ ਐਕਟ ਜੋ 1966 ਦਾ ਬਣਿਆ ਹੈ ਉਸ ਦੇ ਤਹਿਤ ਤੁਹਾਨੂੰ ਹੈਡਵਰਕਸ ਵੀ ਦੇਣੇ ਪੈਣਗੇ। ਮੈਨੂੰ ਉਹ ਸ਼ੇਅਰ ਯਾਦ ਆ ਗਿਆ :-

"ਘਰੋਂ ਗਏ ਫਰੰਗੀ ਦੇ ਮਾਰਨੇ ਨੂੰ, ਸਗੋਂ ਚਾਬੀਆਂ ਹੱਥ ਫੜਾ ਆਏ।"

Original with;
Punjab Vidhan Sabha
Digitized by;
Panjab Digital Library

ਬਾਦਲ ਸਾਹਿਬ ਨੇ ਕਿਹਾ ਕਿ ਇਹ ਸਾਰਾ ਕੁਝ ਜ਼ਬਾਨੀ ਜ਼ਬਾਨੀ ਹੋਇਆ ਸੀ। ਪਰ ਮੈਂ ਕਹਿੰਦਾ ਹਾਂ ਕਿ ਜੇਕਰ ਦੇਸਾਈ ਸਾਹਿਬ ਨਾਲ ਇਨ੍ਹਾਂ ਦੀ ਬਣੀ ਹੋਈ ਹੁੰਦੀ ਤਾਂ ਇਹ ਸੁਪਰੀਮਕੋਰਟ ਵਿਚ ਨਾ ਜਾਂਦੇ। ਸਾਡੀ ਜੋ ਕਾਂਗਰਸ ਸਰਕਾਰ ਪਹਿਲਾਂ ਸੀ, ਜਦੋਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ ਤਾਂ ਕਹਿੰਦੇ ਹਨ ਕਿ ਉਸ ਵੇਲੇ 3.5 ਐਮ.ਏ.ਐਫ. ਪਾਣੀ ਦਾ ਕੋਈ ਫੈਸਲਾ ਹੋਇਆ ਸੀ ਲੇਕਿਨ ਰਿਕਾਰਡ ਉਤੇ ਜੋ ਗੱਲ ਹੈ ਉਹ ਇਹ ਹੈ ਕਿ ਸਾਡੀ ਸਰਕਾਰ ਵੇਲੇ ਇਕ ਚਿੱਠੀ ਇਰੀਗੇਸ਼ਨ ਔਰ ਪਾਵਰ ਸੈਕਟਰੀ ਵੱਲੋਂ ਲਿਖੀ ਗਈ ਸੀ। ਉਦੋਂ ਇਹ ਕਿਹਾ ਗਿਆ ਸੀ ਕਿ ਸਾਨੂੰ ਤੁਹਾਡਾ ਅਵਾਰਡ ਮਨਜ਼ੂਰ ਨਹੀਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਪਾਵਰ ਵਿਚ ਆਉਂਦੇ ਹੋ, ਤੁਹਾਨੂੰ ਮੌਕਾ ਮਿਲਦਾ ਹੈ, ਪਹਿਲਾਂ ਤੁਹਾਨੂੰ ਭਾਰੀ ਮੌਕਾ ਮਿਲਿਆ ਸੀ ਔਰ ਸ਼ਾਇਦ ਇਤਨਾ ਵੱਡਾ ਮੌਕਾ ਹੋਰ ਤੁਹਾਨੂੰ ਨਾ ਮਿਲੇ, ਪਰ ਉਦੋਂ ਤੁਸੀਂ ਗੱਲਾਂ ਹੀ ਹੋਰ ਕਿਸਮ ਦੀਆਂ ਕਰਦੇ ਹੋ। ਡਿਪਟੀ ਸਪੀਕਰ ਸਾਹਿਬ, ਉਪਰ ਇਰੀਗੇਸ਼ਨ ਮਨਿਸਟਰ, ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਹੋਣ ਔਰ ਥੱਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਚੀਫ ਮਨਿਸਟਰ ਹੋਣ ਔਰ ਫਿਰ ਵੀ ਇਹ ਮਸਲਾ ਇਨ੍ਹਾਂ ਤੋਂ ਹੱਲ ਨਾ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਕਹਿਣੀ ਔਰ ਕਰਨੀ ਵਿਚ ਫਰਕ ਹੈ। ਇਹ ਇਥੇ ਗੱਲਾਂ ਕਰਦੇ ਹਨ, ਮਿਸਾਲਾਂ ਦਿੰਦੇ ਹਨ ਮਤਰੇਈ ਮਾਂ ਦੀਆਂ। ਪਰ ਮੇਰਾ ਪੱਕਾ ਵਿਸ਼ਵਾਸ ਹੈ ਕਿ ਇਨ੍ਹਾਂ ਦੀ ਉਹ ਦੇਸਾਈ ਹੀ ਮਤਰਈ ਮਾਂ ਸੀ, ਜਿਸ ਨੇ ਇਨ੍ਹਾਂ ਨਾਲ ਵਿਤਕਰਾ ਕੀਤਾ ਹੋਣਾ ਹੈ । (ਹਾਸਾ) (ਵਿਘਨ) ਜੇਕਰ ਅਸੀਂ ਭਾਵ ਸਾਡੀ ਕਾਂਗਰਸ ਦੀ ਸਰਕਾਰ ਨੇ, ਸੈਂਟਰ ਦੀ ਸਰਕਾਰ ਨੇ ਇਨ੍ਹਾਂ ਨਾਲ ਕੋਈ ਵਿਤਕਰਾ ਕੀਤਾ ਹੁੰਦਾ ਤਾਂ ਸਰਦਾਰ ਬਲਵੰਤ ਸਿੰਘ ਜੀ ਇਹ ਨਾ ਕਹਿੰਦੇ ਕਿ ਉਨ੍ਹਾਂ ਦੀ ਪ੍ਰਧਾਨ ਮੰਤਰੀ ਜੀ ਨਾਲ ਸਿੱਧੀ ਗੱਲ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਪ੍ਰਧਾਨ ਮੰਤਰੀ ਜੀ ਨਾਲ ਸਿੱਧੀ ਗੱਲ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਅਸੀਂ ਉਨ੍ਹਾਂ ਨਾਲ ਡਿਸਕਸ਼ਨ ਕਰਕੇ ਆਪਣੇ ਕੰਮ ਕਰਵਾਵਾਂਗੇ। ਡਿਪਟੀ ਸਪੀਕਰ ਸਾਹਿਬ, ਮੈਂ ਫਿਗਰਜ਼ ਦੱਸ ਦਿੰਦਾ ਹਾਂ ਜੋ ਐਗਰੀਮੈਂਟ ਹੋਇਆ ਹੈ 0.65 ਜੇ ਐਂਡ ਕੇ. ਵਾਸਤੇ, 3.5 ਐਮ.ਏ.ਐਫ. ਪਾਣੀ ਹਰਿਆਣੇ ਲਈ ਔਰ ਜੋ ਪੰਜਾਬ ਵਾਸਤੇ ਹੈ ਉਹ ਹੈ 4.82 ਐਮ.ਏ.ਐਫ.। ਤੁਹਾਨੂੰ ਪਤਾ ਹੈ ਕਿ 58:42 ਦੀ ਰੇਸ਼ੋ ਨਾਲ ਪਾਣੀ ਅਸੀਂ ਲੈ ਕੇ ਆਏ ਹਾਂ ਔਰ ਇਹ ਕ੍ਰੈਡਿਟ ਸਰਦਾਰ ਦਰਬਾਰਾ ਸਿੰਘ ਜੀ ਨੂੰ ਜਾਂਦਾ ਹੈ । ਇਸ ਨਾਲ ਇਕ ਵੀ ਕਿੱਲਾ ਜ਼ਮੀਨ ਬੈਰਾਨ ਨਹੀਂ ਹੋਣੀ। ਇਸ ਵੇਲੇ 68 ਹਜ਼ਾਰ ਏਕੜ ਜ਼ਮੀਨ ਪਾਣੀ ਨਾਲ ਸਿੰਜਦੀ ਪਈ ਹੈ। ਇਸ ਤੋਂ ਇਲਾਵਾ ਇਰੀਗੇਸ਼ਨ ਲਈ ਹੋਰ ਕਈ ਮੋਟਰਾਂ ਲਗੀਆਂ ਹੋਈਆਂ ਹਨ। ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਹਿੰਦੁਸਤਾਨ ਦੇ ਫੂਡ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਨੇ ਪੰਜਾਬ ਨੂੰ ਇਹ ਕਰੈਡਿਟ ਦਿੱਤਾ ਹੈ ਕਿ ਪੰਜਾਬ ਸਟੇਟ ਆਤਮ ਨਿਰਭਰ ਹੋ ਗਈ ਹੈ। ਉਸ ਦਾ ਕਾਰਣ ਉਨ੍ਹਾਂ ਨੇ ਇਹ ਦਿੱਤਾ ਹੈ ਕਿ ਪੰਜਾਬ ਵਿਚ ਸਾਰੇ ਸਾਧਨ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਫਿਗਰਜ਼ ਰਿਪੀਟ ਨਹੀਂ ਕਰਨਾ ਚਾਹੁੰਦਾ ਕਿਉਂਕਿ ਤੁਸੀਂ ਇਸ ਸਬੰਧ ਵਿਚ ਸਾਰੇ ਆਂਕੜੇ ਜਾਣਦੇ ਹੋ। ਤੁਹਾਨੂੰ ਪਤਾ ਹੈ ਕਿ ਇਥੇ ਚਾਵਲਾਂ ਦੀ ਉਪਜ ਕਿੰਨੀ ਹੋਈ ਅਤੇ ਕਣਕ ਪਹਿਲੇ ਕਿੰਨੀ ਹੁੰਦੀ ਰਹੀ ਹੈ ਅਤੇ ਹੁਣ ਕਿੰਨੀ ਆਉਣ ਵਾਲੀ ਹੈ। ਇਸ ਲਈ ਮੈਂ ਇਕੋ ਗਲ ਕਹਿ ਕੇ ਮੁਕਾ ਦਿਆਂਗਾ ਕਿ ਮੈਨੂੰ ਇੰਟਰਵੀਨ ਇਸ ਕਰਕੇ ਕਰਨਾ ਪਿਆ ਸੀ ਕਿਉਂਕਿ ਇਥੇ ਬੋਲਦੇ ਹੋਏ ਬਾਦਲ ਸਾਹਿਬ ਨੇ ਕੁਝ ਕੰਟਰਾਡਿਕਟਰੀ ਪ੍ਰਪਾਜ਼ਿਸ਼ਨਜ਼ ਰੇਜ਼ ਕੀਤੇ ਸਨ। ਮੈਨੂੰ ਇਥੇ ਇਹ ਦਸਦੇ ਹੋਏ ਖੁਸ਼ੀ ਹੁੰਦੀ ਹੈ ਕਿ ਜਿਹੜੇ ਹੈਡ ਵਰਕਸ ਇਹ ਐਗਰੀਮੈਂਟ ਦੇ ਮੁਤਾਬਿਕ ਸੈਂਟਰ ਨੂੰ ਦੇ ਆਏ ਸਨ ਉਹ ਅਸੀਂ ਲੈ ਲਏ ਹਨ। ਬੀ.ਐਮ.ਬੀ. ਤੇ ਵੀ ਸੈਂਟਰ ਵਾਲੇ ਸਿਰਫ ਗੇਜ਼ ਨਾਪਦੇ ਫਿਰਦੇ ਹਨ ਬਾਕੀ ਅਸਲੀ ਕੰਟਰੋਲ ਸਾਡਾ ਹੀ ਹੈ ਔਰ ਅੱਗੋਂ ਵੀ ਇਹ ਕੰਟਰੋਲ ਸਾਡਾ ਹੀ ਰਹੇਗਾ।

ਇਕ ਆਖਰੀ ਗਲ ਕਹਿ ਕੇ ਮੈਂ ਬੈਠ ਜਾਵਾਂਗਾ ਕਿ ਅੱਜ ਉਮਰਾਨੰਗਲ ਜੀ ਨੂੰ ਜਿਹੜਾ ਖਤਰਾ ਪੈਦਾ ਹੋ ਗਿਆ ਹੈ, ਇਹ ਖਤਰਾ ਉਨ੍ਹਾਂ ਨੂੰ ਇਨ੍ਹਾਂ ਦੀ ਆਪਣੀ ਪਾਰਟੀ ਤੋਂ ਹੀ ਹੈ । ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਮੰਤਰੀ]

ਨੂੰ ਇਹ ਖਤਰਾ ਹੋ ਗਿਆ ਹੈ ਕਿ ਜਿਨ੍ਹਾਂ ਹਾਲਾਤਾਂ ਵਿਚ ਮਾਸਟਰ ਤਾਰਾ ਸਿੰਘ ਅੌਰ ਸਰਦਾਰ ਖੜਕ ਸਿੰਘ ਲੰਘੇ ਹਨ, ਉਨ੍ਹਾਂ ਹਾਲਾਤਾਂ ਵਿਚੋਂ ਇਨ੍ਹਾਂ ਨੂੰ ਵੀ ਨਾ ਲੰਘਣਾਂ ਪਵੇ (ਵਿਘਨ) ਚਲੋ ਡਿਪਟੀ ਸਪੀਕਰ ਸਾਹਿਬ, ਮੈਂ ਇਹ ਗਲ ਨਹੀਂ ਕਰਦਾ। ਭਾਖੜਾ ਨੰਗਲ ਦੀ ਗਲ ਕਰਦਾ ਹਾਂ ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਕਦੇ ਇਹ ਉਮਰਾਨੰਗਲ ਦੀ ਗਲ ਕਰਦੇ ਹਨ ਅਤੇ ਕਦੇ ਭਾਖੜਾ ਨੰਗਲ ਦੀ ਗਲ ਕਰਦੇ ਹਨ। ਇਨ੍ਹਾਂ ਨੂੰ ਕਹੋ ਇਹ ਰੈਲੇਵੈਂਟ ਬੋਲਣ।

ਲੋਕ ਨਿਰਮਾਣ ਮੰਤਰੀ: ਡਿਪਟੀ ਸਪੀਕਰ ਸਾਹਿਬ, ਅਸੀਂ ਸਟੇਟ ਦੀ ਵੀ ਡਿਵੈਲਪਮੈਂਟ ਕੀਤੀ ਹੈ ਅੌਰ ਪਾਣੀ ਵੀ ਜ਼ਿਆਦਾ ਲੈ ਕੇ ਦਿੱਤਾ ਹੈ। (ਘੰਟੀ) ਠੀਕ ਹੈ, ਡਿਪਟੀ ਸਪੀਕਰ ਸਾਹਿਬ, ਮੈਂ ਆਖਰੀ ਗਲ ਕਹਿ ਕੇ ਮੁਕਾ ਦਿੰਦਾ ਹਾਂ। ਇਹ ਜਿਹੜੇ ਮੇਰੇ ਵੀਰ ਸਾਹਮਣੇ ਬੈਠੇ ਹਨ ਇਨ੍ਹਾਂ ਨੇ ਪਿਛਲੇ ਦਿਨਾਂ ਵਿਚ ਜੋ ਹਾਲਾਤ ਪੰਜਾਬ ਵਿਚ ਪੈਦਾ ਕਰਨ ਦੀ ਕੋਸ਼ਿਸ਼ ਕੀਤੀ, ਉਹ ਤੁਹਾਨੂੰ ਪਤਾ ਹੀ ਹੈ। ਸਾਡੇ ਅੈਕਸ ਸਪੀਕਰ ਨੇ ਜ਼ਰੂਰ ਉਨ੍ਹਾਂ ਹਾਲਾਤ ਨੂੰ ਕੁਝ ਦਬਾਉਣ ਦੀ ਕੋਸ਼ਿਸ਼ ਕੀਤੀ। ਪਰ ਮੈਂ ਅਰਜ਼ ਕਰਦਾ ਹਾਂ ਕਿ ਜੇ ਇਹ ਉਨ੍ਹਾਂ ਹਾਲਾਤ ਦੇ ਹੱਕ ਵਿਚ ਨਹੀਂ ਸਨ ਤਾਂ ਇਨ੍ਹਾਂ ਨੂੰ ਜ਼ਰੂਰ ਉਸ ਨੂੰ ਕੰਡੈਮ ਕਰਨਾ ਚਾਹੀਦਾ ਸੀ । ਜਿਹੜੇ ਹਵਾਈ ਜਹਾਜ਼ ਹਾਈਜੈਕ ਕਰਕੇ ਲੈ ਗਏ ਉਨ੍ਹਾਂ ਨੂੰ ਕੰਡੈਮ ਕਰਨਾ ਚਾਹੀਦਾ ਸੀ। ਮੈਂ ਅਰਜ਼ ਕਰਦਾ ਹਾਂ ਕਿ ਇਕ ਕੇਸਰੀ ਝੰਡਾ ਜੋ ਸਾਡੀ ਆਨਸ਼ਾਨ ਹੈ, ਉਸ ਦੀ ਅਸੀਂ ਸਾਰੇ ਚਾਹੇ ਹਿੰਦੂ ਜਾਂ ਸਿੱਖ ਹਾਂ ਸਾਰੇ ਇੱਜਤ ਕਰਦੇ ਹਾਂ। ਪਰ ਇਨ੍ਹਾਂ ਦਾ ਤਾਂ ਤਕੜੀ ਵਾਲੇ ਨਿਸ਼ਾਨ ਦਾ ਝੰਡਾ ਹੈ, ਇਸ ਲਈ ਇਹ ਤਾਂ ਉਹ ਝੰਡਾ ਲੈ ਕੇ ਗਲ ਕਰਦੇ ਹਨ। ਅੱਜ ਇਹ ਕਹਿੰਦੇ ਹਨ ਕਿ ਅਸੀਂ ਇਹ ਨਹਿਰ ਨਹੀਂ ਨਿਕਲਣ ਦੇਣੀ। ਇਹ ਗਲਾਂ ਇਥੇ ਨਹੀਂ ਕਰਨੀਆਂ ਚਾਹੀਦੀਆਂ। ਬਾਦਲ ਸਾਹਿਬ ਨੇ ਇਥੇ ਇਹ ਕਿਹਾ ਹੈ ਕਿ ਜਿਥੇ ਨਹਿਰ ਨਿਕਲੇਗੀ ਉਥੇ ਸਾਡਾ ਖੂਨ ਡੁਲ੍ਹੇਗਾ। ਮੈਂ ਦਸਦਾ ਹਾਂ ਕਿ ਇਸ ਤਰ੍ਹਾਂ ਨਾਲ ਸਾਰਾ ਮਾਹੌਲ ਖਰਾਬ ਹੁੰਦਾ ਹੈ। ਸਾਨੂੰ ਜ਼ਰੂਰ ਇਸ ਅੈਟਮੋਸਫੀਅਰ ਨੂੰ ਖਰਾਬ ਹੋਣ ਤੋਂ ਬਚਾਉਣਾ ਚਾਹੀਦਾ ਹੈ। ਮੈਂ ਸਰਦਾਰ ਦਰਬਾਰਾ ਸਿੰਘ ਅੌਰ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਇਸ ਤਰ੍ਹਾਂ ਦਾ ਫੈਸਲਾ ਕਰਕੇ ਪੰਜਾਬ ਦੀ ਜ਼ਮੀਨ ਨੂੰ ਬੈਰਾਨ ਹੋਣ ਤੋਂ ਬਚਾਇਆ ਹੈ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਸਾਡਾ ਨਾ ਤਾਂ ਕਾਂਗਰਸ ਪਾਰਟੀ ਨਾਲ ਕੋਈ ਝਗੜਾ ਹੈ ਅਤੇ ਨਾ ਹੀ ਰਾਜਸਥਾਨ ਦੇ ਲੋਕਾਂ ਨਾਲ ਕੋਈ ਝਗੜਾ ਹੈ ਲੇਕਿਨ ਜਿਸ ਤਰ੍ਹਾਂ ਪਾਣੀ ਦੀ ਵੰਡ ਕੀਤੀ ਗਈ ਹੈ, ਇਹ ਅਸੀਂ ਸਮਝਦੇ ਹਾਂ ਕਿ ਪੰਜਾਬ ਨਾਲ ਬਹੁਤ ਵੱਡਾ ਧੱਕਾ ਹੈ ਅੌਰ ਇਹ ਧੱਕਾ ਅਸੀਂ ਨਹੀਂ ਹੋਣ ਦਿਆਂਗੇ। ਡਿਪਟੀ ਸਪੀਕਰ ਸਾਹਿਬ, ਜਿਹੜਾ ਰਿਪੇਰੀਅਨ ਲਾਅ ਹੈ ਇਸ ਦੇ ਮੁਤਾਬਿਕ ਵੀ ਜੇ ਵੇਖਿਆ ਜਾਵੇ ਤਾਂ ਇਹ ਲਾਅ ਇਹ ਕਹਿੰਦਾ ਹੈ ਕਿ ਜਿਸ ਸੂਬੇ ਵਿਚੋਂ ਦਰਿਆ ਲੰਘਦਾ ਹੈ, ਜੇ ਉਸ ਦਰਿਆ ਵਿਚ ਕੋਈ ਫਲਡ ਆਵੇ ਜਾਂ ਜ਼ਿਆਦਾ ਪਾਣੀ ਆ ਜਾਵੇ ਤਾਂ ਉਸਦਾ ਨੁਕਸਾਨ ਵੀ ਉਹੀ ਸੂਬਾ ਸਹਿਨ ਕਰੇਗਾ ਅੌਰ ਜੇ ਉਸ ਪਾਣੀ ਨਾਲ ਕੋਈ ਫਾਇਦਾ ਹੁੰਦਾ ਹੋਵੇਗਾ ਤਾਂ ਵੀ ਉਹੀ ਸੂਬਾ ਹੀ ਫਾਇਦਾ ਲਵੇਗਾ। ਇਹ ਸਾਡਾ ਪਰਵਾਨਤ ਤਲਾਅ ਹੈ। ਅੌਰ ਇਸ ਤੋਂ ਪਹਿਲਾਂ ਕ੍ਰਿਸ਼ਨਾ, ਕਾਵੇਰੀ ਦਾ ਫੈਸਲਾ ਵੀ ਇਸ ਅਧਾਰ ਤੇ ਹੁੰਦਾ ਰਿਹਾ ਹੈ। ਉਸ ਪਾਣੀ ਦੀ ਵੰਡ ਵੀ ਇਸ ਅਧਾਰ ਤੇ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋਗੇ ਕਿ 15.2 ਮਿਲੀਅਨ ਏਕੜ ਫੀਟ ਪਾਣੀ ਟੋਟਲ ਹੈ, ਇਸ ਵਿਚੋਂ 3.5 ਮਿਲਿਅਨ ਫੀਟ ਏਕੜ ਪਾਣੀ ਪੰਜਾਬ ਨੂੰ ਮਿਲਿਆ ਹੈ ਜਿਹੜਾ ਕਿ ਕੇਵਲ 35% ਬਣਦਾ ਹੈ। ਪਰ ਦੂਸਰੀਆਂ ਸਟੇਟਾਂ ਨੂੰ 11.1 ਮਿਲੀਅਨ ਏਕੜ ਫੀਟ ਪਾਣੀ ਦੇ ਦਿਤਾ ਗਿਆ ਹੈ। ਜਦ ਕਿ

Original with;
Punjab Vidhan Sabha
Digitized by;
Panjab Digital Library

ਇਸ ਪਾਣੀ ਤੇ ਰਿਪੇਰੀਅਨ ਰਾਈਟ ਸਾਡਾ ਬਣਦਾ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਨਾਲ ਇਹ ਬਹੁਤ ਵੱਡਾ ਧੱਕਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਜਿਹੜਾ ਪਾਣੀ ਰਾਜਿਸਥਾਨ ਨੂੰ ਦਿਤਾ ਗਿਆ ਹੈ ਜਿਸ ਦਿਨ ਤੋਂ ਰਾਜਿਸਥਾਨ ਨੇ ਉਹ ਪਾਣੀ ਵਰਤੋਂ ਵਿਚ ਲੈ ਆਂਦਾ ਉਸ ਦਿਨ ਤੋਂ ਸਾਡੇ ਪੰਜਾਬ ਦੀ ਸਾਢੇ 7 ਲੱਖ ਏਕੜ ਜ਼ਮੀਨ ਬੈਰਾਨ ਹੋ ਜਾਵੇਗੀ। ਪੰਜਾਬ ਦੇ ਲੋਕ ਲੁੱਟੇ ਜਾਣਗੇ। ਬਿਜਲੀ ਹੈ ਨਹੀਂ, ਡੀਜ਼ਲ ਮਹਿੰਗਾ ਹੋ ਗਿਆ ਹੈ। ਇਸ ਲਈ ਉਸ ਨਾਲ ਵੀ ਖੇਤੀ ਹੋ ਨਹੀਂ ਸਕਦੀ। ਇਸ ਲਈ, ਮੈਂ ਸਮਝਦਾ ਹਾਂ ਕਿ ਇਹ ਜਿਹੜਾ ਫੈਸਲਾ ਕੀਤਾ ਗਿਆ ਹੈ ਇਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਜਿਹੜੀ ਇਥੇ ਡਿਸਕਸ਼ਨ ਕੀਤੀ ਗਈ ਹੈ (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

Mr. Deputy Speaker: No point of order.

ਕਾਮਰੇਡ ਸਰਵਣ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਗੁਪਤਾ ਸਾਹਿਬ ਨੂੰ ਕੋਈ ਭੁਲੇਖਾ ਹੋ ਗਿਆ ਹੈ। ਅਸੀਂ ਜੋ ਕੁਝ ਵੀ ਬੋਲਦੇ ਹਾਂ ਉਹ ਪਾਰਟੀ ਤੋਂ ਪੁੱਛ ਕੇ ਬੋਲਦੇ ਹਾਂ। ਅਸੀਂ ਇਨ੍ਹਾਂ ਵਾਂਗ ਨਹੀਂ ਜੋ ਮੰਨ ਵਿਚ ਆਇਆ ਬੋਲ ਦਿਤਾ । ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਤਲੁਜ-ਯਮੁਨਾ ਲਿੰਕ ਨਹਿਰ ਤੇ ਟੱਕ ਲਾਉਣ ਲਈ ਦੇਸ਼ ਦੇ ਪ੍ਰਧਾਨ ਮੰਤਰੀ 8 ਤਾਰੀਖ ਨੂੰ ਸਰਹਾਲੇ ਵਿਖੇ ਆ ਰਹੇ ਹਨ (ਵਿਘਨ)

ਇਹ ਕਿਹਾ ਗਿਆ ਕਿ ਅਸੀਂ ਜ਼ਮੀਨਾਂ ਤੇ ਮੁਆਵਜ਼ਾ ਵੀ ਵਧ ਦੇਵਾਂਗੇ। ਇਸ ਦੇ ਨਾਲ ਗੌਰਮਿੰਟ ਦਾ ਨੁਕਸਾਨ ਹੋਵੇਗਾ ਅਤੇ ਲੋਕ ਲੜਨਗੇ। ਅਗਰ ਤੁਸੀਂ ਇਹ ਟੱਕ ਲਗਾਉਣਾ ਹੈ ਤਾਂ ਤੁਸੀਂ ਬੈਨੇਵਾਲ, ਡੇਰਾਬਸੀ ਕੋਲ ਲਗਾ ਦਿਓ ਅਤੇ ਇਸ ਦੀ ਅਲਾਈਨਮੈਂਟ ਜ਼ੀਰਕਪੁਰ ਤੇ ਕਰ ਦਿਓ। ਇਸ ਦੇ ਨਾਲ ਹਰਿਆਣੇ ਦਾ ਵੀ ਫਾਇਦਾ ਹੋਵੇਗਾ ਅਤੇ ਪੰਜਾਬ ਦਾ ਵੀ ਫਾਇਦਾ ਹੋਵੇਗਾ। ਤੁਸੀਂ ਪੰਜਾਬੀਆਂ ਦੇ ਹੱਕਾਂ ਨੂੰ ਤਬਾਹ ਕਰੀ ਜਾਂਦੇ ਹੋ ਅਤੇ ਇਸ ਨੂੰ ਤੋੜ ਮੋੜ ਰਹੇ ਹੋ । ਜਿਸ ਜ਼ਮੀਨ ਤੇ ਨਹਿਰ ਕੱਢ ਰਹੇ ਹੋ ਉਹ ਜ਼ਮੀਨ ਬਹੁਤ ਮਾੜੀ ਹੈ ਅਤੇ ਇਸ ਦੇ ਵਿਚ ਕਈ ਟਿੱਬੇ, ਨਾਲੇ ਹਨ। ਮੈਂ ਤੁਹਾਨੂੰ ਕਹਿੰਦਾ ਹਾਂ ਕਿ ਪੰਜਾਬੀਆਂ ਨੇ ਤੁਹਾਡੇ ਨਾਲ ਲੜਨਾ ਹੈ ਅਤੇ ਤੁਹਾਡੇ ਵਜ਼ੀਰਾਂ ਨੂੰ ਪਿੰਡਾਂ ਵਿਚ ਵੜਨ ਨਹੀਂ ਦੇਣਾ (ਘੰਟੀ) ਪੰਜਾਬੀ ਹਮੇਸ਼ਾ ਆਪਣੇ ਹੱਕਾਂ ਦੀ ਖਾਤਰ ਲੜਦਾ ਰਿਹਾ ਹੈ ਅਤੇ ਲੜੇਗਾ। ਇਸ ਗਲ ਨੂੰ ਸੀਰੀਅਸਲੀ ਸੀ. ਐਮ. ਸਾਹਿਬ ਟੇਕ ਅਪ ਕਰਨ। ਮੈਨੂੰ ਪਤਾ ਲੱਗਾ ਹੈ ਕਿ 4 ਅਪ੍ਰੈਲ, 1982 ਤੱਕ ਦੇ ਟੈਂਡਰ ਵੀ ਕਾਲ ਕਰ ਲਏ ਗਏ ਹਨ। ਇਸ ਸਮਝੌਤੇ ਤੇ ਦਬਾਅ ਪਾਕੇ ਦਸਤਖਤ ਕਰਵਾਏ ਗਏ ਸਨ। ਸਰਕਾਰ ਨੂੰ ਚਾਹੀਦਾ ਸੀ ਕਿ ਫੈਸਲਾ ਕਰਨ ਤੋਂ ਪਹਿਲਾਂ ਹਾਊਸ ਦਾ ਇਜਲਾਸ ਬੁਲਾਉਂਦੇ ਅਤੇ ਸਾਰੀਆਂ ਪਾਰਟੀਆਂ ਦੀ ਰਾਏ ਲੈਂਦੇ (ਬੰਪਿੰਗ)। ਪਰ ਇਨ੍ਹਾਂ ਨੇ ਕਿਸੇ ਨੂੰ ਪੁੱਛਿਆ ਤਕ ਨਹੀਂ ਅਤੇ ਇੰਦਰਾ ਗਾਂਧੀ ਨੇ ਕੁੜਕੀ ਮਾਰੀ ਤੇ ਦਸਤਖਤ ਕਰ ਦਿੱਤੇ। ਸਾਡੀ ਕਿਸਾਨ ਸਭਾ ਨੇ ਹੁਣ ਇਹ ਕੇਸ ਹਾਈ ਕੋਰਟ ਵਿਚ ਦਾਇਰ ਕਰ ਦਿਤਾ ਹੈ ਕਿ ਪੰਜਾਬ ਨਾਲ ਧੱਕਾ ਕੀਤਾ ਗਿਆ ਹੈ।

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਰਾਵੀ ਬਿਆਸ ਦੇ ਪਾਣੀ ਦੀ ਵੰਡ ਦਾ ਫੈਸਲਾ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਨੇ ਕੀਤਾ ਅਤੇ ਸਾਡਾ ਫਰਜ਼ ਬਣ ਜਾਂਦਾ ਹੈ ਕਿ ਇਸ ਨੂੰ ਅਸੀਂ ਖਿੜੇ ਮੱਥੇ ਸਵੀਕਾਰ ਕਰੀਏ। ਇਸ ਸਮਝੌਤੇ ਨਾਲ ਪੰਜਾਬ ਨੂੰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼ਵਦਾਰ ਗੁਰਨੈਬ ਸਿੰਘ ਬਬਾੜ]

ਫਾਲਤੂ ਪਾਣੀ ਮਿਲਿਆ ਹੈ। ਇਹ ਕਹਿੰਦੇ ਸਨ ਕਿ ਪਹਿਲੀ ਐਲੋਕੇਸ਼ਨ ਦੇ ਮੁਤਾਬਿਕ ਸਾਨੂੰ 3.5 ਐਮ. ਏ. ਐਫ. ਅਤੇ ਹਰਿਆਣੇ ਵਾਸਤੇ 3.5 ਐਮ. ਏ. ਐਫ. ਪਾਣੀ ਮਿਲੇਗਾ। ਸਾਡੇ ਸੀ. ਐਮ. ਨੇ ਪੰਜਾਬ ਦੇ ਹੱਕਾਂ ਨੂੰ ਡਟ ਕੇ ਲਿਆ ਹੈ ਅਤੇ ਪੰਜਾਬ ਵਾਸਤੇ ਫਾਲਤੂ ਪਾਣੀ ਲਿਆ ਹੈ ਪਰ ਇਹ ਆਪੋਜੀਸ਼ਨ ਵਾਲੇ ਫੇਰ ਵੀ ਕਹੀ ਜਾਂਦੇ ਹਨ ਕਿ ਸਾਡੇ ਨਾਲ ਧੱਕਾ ਹੋਇਆ ਹੈ ਅਤੇ ਕਿਸਾਨ ਮਾਰਿਆ ਗਿਆ ਹੈ। ਮੇਰੇ ਕੋਲ ਹਰਿਆਣੇ ਦੇ ਆਪੋਜੀਸ਼ਨ ਲੀਡਰ ਮੂਲ ਚੰਦ ਜੈਨ, ਵਿਧਾਨ ਸਭਾ ਵਿਚ ਦਿੱਤੀ ਸਟੇਟਮੈਂਟ ਦੀ ਕਾਪੀ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਸਰਦਾਰ ਦਰਬਾਰਾ ਸਿੰਘ ਸਭ ਨਾਲੋਂ ਵੱਧ ਪਾਣੀ ਲੈ ਗਿਆ ਹੈ ਅਤੇ ਇਸੇ ਤਰ੍ਹਾਂ ਰਾਜਸਥਾਨ ਦੇ ਆਪੋਜੀਸ਼ਨ ਲੀਡਰ ਨੇ ਕਿਹਾ ਹੈ ਕਿ ਪੰਜਾਬ ਵਾਲੇ ਜ਼ਿਆਦਾ ਪਾਣੀ ਲੈ ਗਏ ਹਨ। ਹੁਣ ਅਸੀਂ ਬਾਹਰਲੇ ਜੋ ਕਹਿੰਦੇ ਹਨ ਕਿ ਉਨ੍ਹਾਂ ਦੀ ਗੱਲ ਮੰਨ ਲਈਏ ਜਾਂ ਜੋ ਕੁਝ ਇਹ ਕਹਿੰਦੇ ਹਨ ਉਹ ਮੰਨ ਲਈਏ। ਪੰਜਾਬ ਦੇ ਹਿੱਸੇ 4.22 ਐਮ. ਏ. ਐਫ. ਪਾਣੀ ਮਿਲੇਗਾ ਅਤੇ ਇਹ ਸਾਨੂੰ 10 ਸਾਲ ਤੱਕ ਮਿਲੇਗਾ ਅਤੇ ਇਹ 1.6 ਐਮ. ਏ. ਐਫ. ਪਾਣੀ ਰਾਜਸਥਾਨ ਦਾ ਪੰਜਾਬ ਨੂੰ ਮਿਲੇਗਾ। ਇਸ ਨਾਲ ਪੰਜਾਬ ਵਿਚ ਪਾਣੀ ਦੀ ਕਮੀ ਪੇਸ਼ੀ ਨਹੀਂ ਰਹੇਗੀ। ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿਚ 7.5 ਲੱਖ ਏਕੜ ਪਾਣੀ ਦਾ ਨੁਕਸਾਨ ਹੋਇਆ ਹੈ ਅਤੇ ਅਗਰ ਰਾਜਸਥਾਨ 10 ਸਾਲਾਂ ਬਾਅਦ ਆਪਣੇ ਪਾਣੀ ਦਾ ਹਿਸਾ ਲੈ ਲਵੇਗਾ ਫੇਰ ਅਸੀਂ ਆਪਣੇ ਰਿਸੋਰਸਿਜ਼ ਨਾਲ ਪੂਰੇ ਕਰ ਲਵਾਂਗੇ। ਇਹ ਅਸੀਂ ਬ੍ਰਿਕਲਾਈਨਿੰਗ ਆਫ਼ ਵਾਟਰ ਰਿਸੋਰਸਿਜ਼ ਕਰਕੇ 16 ਲੱਖ ਏਕੜ ਪਾਣੀ ਇਕੱਠਾ ਕਰ ਸਕਦੇ ਹਾਂ ਅਤੇ ਇਸ ਦੇ ਵਿਚ ਹੋਰ ਵੀ ਵਾਧਾ ਕਰ ਸਕਦੇ ਹਾਂ ਅੱਰ ਜਿਹੜਾ ਖਦਸ਼ਾ ਤੁਸੀਂ ਜ਼ਾਹਿਰ ਕੀਤਾ ਹੈ ਕਿ 7.5 ਲੱਖ ਏਕੜ ਪਾਣੀ ਦੀ ਕਮੀ ਰਹਿ ਜਾਵੇਗੀ, ਇਹ ਨਹੀਂ ਹੋਣ ਦਿਆਂਗੇ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦੀ ਅਗਵਾਈ ਹੇਠ ਕਿਸਾਨਾਂ ਨਾਲ ਧੱਕਾ ਨਹੀਂ ਹੋਣ ਦਿਤਾ ਜਾਵੇਗਾ ਅਤੇ ਰਖਵਾਲੀ ਕਰਾਂਗੇ (ਘੰਟੀ) ਇੰਡੀਅਨ ਐਕਸਪ੍ਰੈਸ ਨੇ ਲਿਖਿਆ ਹੈ ਕਿ ਜਦੋਂ ਇਹ ਸਮਝੌਤਾ ਹੋਇਆ ਸੀ ਅਤੇ ਅਖਬਾਰ ਵਾਲੇ ਸਰਕਾਰ ਦੇ ਹੱਕ ਵਿੱਚ ਨਹੀਂ ਲਿਖਦੇ ਹਨ। ਅਖਬਾਰ ਵਿਚ ਇਸ ਤਰ੍ਹਾਂ ਆਇਆ ਹੈ ਕਿ ਇੰਡੀਅਨ ਐਕਸਪ੍ਰੈਸ ਡੇਟਿਡ 1-1-1982 ਵਿਚ ਹੈ ਕਿ—

The heading of newspaper is that "Punjab, Rajasthan to get more",

It has been mentioned that "Under the new accord, the share of both Punjab and Rajasthan has been increased while Haryana's previous allocation has been retained

It has further been mentioned on the same page of the said newspaper that "Punjab has distinctively gained in one respect besides its allocation. According to the agreement, until such time as Rajasthan is in a position to utilise its full share, Punjab shall be free to utilise the water surplus to Rajasthan's requirements ".

ਇਸ ਦੇ ਨਾਲ ਪੰਜਾਬ ਨੂੰ ਲਾਭ ਪੁੱਜਿਆ ਹੈ। ਬਾਦਲ ਸਾਹਿਬ ਕਹਿੰਦੇ ਹਨ ਕਿ ਜਦੋਂ ਪਹਿਲੇ ਐਗਰੀਮੈਂਟ ਹੋਇਆ ਤਾਂ ਹਰਿਆਣੇ ਵਾਲੇ ਸੁਪਰੀਮ ਕੋਰਟ ਵਿਚ ਗਏ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਦਾ ਫੈਸਲਾ ਇਪਲੀਮੈਂਟ ਕੀਤਾ ਜਾਵੇ ਅਤੇ ਨਹਿਰ ਖੁਦਵਾਈ ਜਾਵੇ ਅਤੇ ਇਨ੍ਹਾਂ ਨੇ ਕਿਹਾ ਕਿ ਅਸੀਂ ਸੁਪਰੀਮ ਕੋਰਟ ਜਾਂਦੇ ਹਾਂ ਪਰ ਜਦੋਂ ਮੁਰਾਰਜੀ ਦੇਸਾਈ ਨੇ ਘੁਰਕੀ ਮਾਰੀ ਤਾਂ ਇਹ ਚੁੱਪ ਹੋ ਗਏ ਸਨ। ਜਦੋਂ ਇਹ ਬਾਦਲ ਸਾਹਿਬ ਸੈਂਟਰ ਵਿਚ 1977 ਦੌਰਾਨ ਇਰੀਗੇਸ਼ਨ ਐਂਡ ਪਾਵਰਜ਼ ਮਨਿਸਟਰ ਬਣੇ ਅਤੇ ਬੰਗਲਾ ਦੇਸ਼ ਦੇ ਨਾਲ ਫਰਾਕਾ ਵਾਟਰ ਐਗਰੀਮੈਂਟ ਲਈ ਇਨ੍ਹਾਂ ਨੇ ਢਾਕਾ ਜਾਣਾ ਸੀ। ਪਰ

Original with;
Punjab Vidhan Sabha
Digitized by;
Panjab Digital Library

ਇਹ ਜਾਣ ਬੁਝ ਕੇ ਬਿਮਾਰ ਪੈ ਗਏ ਅਤੇ ਜਗਜੀਵਨ ਰਾਮ ਨੂੰ ਫੇਰ ਜਾਣਾ ਪਿਆ ਸੀ। ਜਦ ਉਹ ਢਾਕਾ ਹਵਾਈ ਅੱਡੇ ਤੇ ਪਹੁੰਚੇ ਤਾਂ ਉਨ੍ਹਾਂ ਨੇ ਪੁਛਿਆ ਕਿ —

Where is the Irrigation and Power Minister ? He said, "He is sick" In reply to this they said, "We know that he is sikh, but where is he?"

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ. ਸੀ): ਮੇਰੀ ਬਦਕਿਸਮਤੀ ਹੈ ਕਿ ਮੇਰੇ ਕੋਲ ਟਾਈਮ ਥੋੜਾ ਹੈ। ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਇਹ ਮਸਲਾ ਡਿਸਕਸ ਕਰਨ ਲਈ ਬੜੀ ਮੁਸ਼ਕਿਲ ਨਾਲ ਬੀ. ਏ. ਸੀ. ਦੀ ਮੀਟਿੰਗ ਵਿਚ ਲਿਆਂਦਾ ਸੀ ਅਤੇ ਸਰਕਾਰ ਤਿਆਰ ਨਹੀਂ ਸੀ, ਪਰ ਸਪੀਕਰ ਸਾਹਿਬ, ਨੇ ਫਰਾਖਦਿਲੀ ਵਿਖਾਈ ਅਤੇ ਮੈਂ ਮੰਗ ਕੀਤੀ ਸੀ ਕਿ ਸਾਨੂੰ ਸਾਰੇ ਰੈਲੇਵੈਂਟ ਪੇਪਰ ਦਿੱਤੇ ਜਾਣ ਤਾਕਿ ਡਿਸਕਸ਼ਨ ਅੱਛੀ ਹੋ ਸਕੇ ਅਤੇ ਮੈਂ ਸੀ. ਐਮ. ਸਾਹਿਬ ਨੂੰ ਪਰਸਨਲੀ ਲੈਟਰ ਵੀ ਲਿਖੀ ਸੀ ਪਰ ਹਾਲੇ ਤੱਕ ਕੋਈ ਕਾਗਜ਼ ਮੈਨੂੰ ਨਹੀਂ ਸਪਲਾਈ ਕੀਤਾ ਗਿਆ। ਸਰਦਾਰ ਬੀਰਦਵਿੰਦਰ ਸਿੰਘ ਬੋਲਦੇ ਹੋਏ ਡਵੀਜ਼ਨ ਆਫ ਇੰਡੀਆ ਅਤੇ ਡਵੀਜ਼ਨ ਆਫ ਪੰਜਾਬ ਕਰ ਗਏ ਹਨ ਅਤੇ ਪੰਜਾਬ ਅਤੇ ਹਰਿਆਣੇ ਦੀ ਵੰਡ ਦਾ ਜ਼ਿਕਰ ਵੀ ਕੀਤਾ ਸੀ।

ਡਿਪਟੀ ਸਪੀਕਰ ਸਾਹਿਬ, ਰੀਆਰਗੇਨਾਈਜੇਸ਼ਨ ਐਕਟ ਆਇਆ। ਉਸ ਵੇਲੇ ਸਰਦਾਰ ਕਪੂਰ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦੇ ਸਨ। ਉਨ੍ਹਾਂ ਨੇ ਕਿਹਾ ਕਿ ਇਲਕਨਸੀਵਡ ਫੋਇਟਸ ਹੈ ਮਿਸ ਕੈਰਜ ਹੋਈ ਹੈ ਕਨਡਕਟਿਡ ਬਾਈ ਅਨਟਰੇਂਡ ਦਾਈ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ ? ਉਨ੍ਹਾਂ ਨੇ ਪਾਰਲੀਅਮੈਂਟ ਵਿਚ ਕਿਹਾ ਹੈ ਅੱਰ ਅਸੈਂਬਲੀ ਵਿਚ ਕਹਿ ਰਿਹਾ ਹਾਂ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਜਿਹੜਾ ਬੰਦਾ ਕੁਰਸੀ ਤੇ ਬੈਠ ਜਾਂਦਾ ਹੈ, ਉਸ ਨੂੰ ਪੰਜਾਬ ਦੇ ਲੋਕਾਂ ਦਾ ਖਿਆਲ ਨਹੀਂ ਰਹਿੰਦਾ। ਉਹ ਕੁਰਸੀ ਦੇ ਨਸ਼ੇ ਵਿਚ ਹੁੰਦਾ ਹੋਇਆ ਸੈਂਟਰਲ ਸਰਕਾਰ ਦੇ ਕਹਿਣ ਮੁਤਾਬਿਕ ਹਰ ਥਾਂ ਤੇ ਅਗੂੰਠਾ ਲਗਾ ਦਿੰਦਾ ਹੈ। ਪੰਜਾਬ ਦੇ ਮਸਲਿਆਂ ਨਾਲ ਉਸ ਨੂੰ ਕੋਈ ਸਬੰਧ ਨਹੀਂ ਹੁੰਦਾ, ਭਾਵੇਂ ਕਿਸੇ ਦੀ ਵੀ ਸਰਕਾਰ ਹੋਵੇ। ਇਹ ਇੰਟਰਨੈਸ਼ਨਲ ਲਾਅ ਹੈ। ਡਿਪਟੀ ਸਪੀਕਰ ਸਾਹਿਬ, ਇੱਕ ਐਸ. ਈ. ਨੇ ਸੈਂਟਰ ਦੇ ਇਸ਼ਾਰੇ ਤੇ ਗਲਤ ਫਿੱਗਰਜ਼ ਦੇ ਦਿੱਤੀਆਂ ਹਨ। 15 ਮਿਲੀਅਨ ਏਕੜ ਫੀਟ ਦੀ ਥਾਂ ਤੇ 17.2 ਮਿਲੀਅਨ ਫੀਟ ਏਕੜ ਕਰ ਦਿੱਤਾ। 2.2 ਮਿਲੀਅਨ ਏਕੜ ਫੀਟ ਵਧਾ ਦਿਤਾ। ਇਸ ਤਰ੍ਹਾਂ 4.68 ਮਿਲੀਅਨ ਏਕੜ ਵਾਟਰ ਹੋ ਗਿਆ। ਡਿਪਟੀ ਸਪੀਕਰ ਸਾਹਿਬ, 25 ਸਾਲਾਂ ਵਿਚ ਦੋ ਰਿਪੋਰਟਾਂ ਆਈਆਂ। ਮੈਂ ਸੀ. ਐਮ. ਸਾਹਿਬ ਨੂੰ ਰਿਕੁਐਸਟ ਕੀਤੀ ਅਤੇ ਲਿਖਕੇ ਵੀ ਦਿਤਾ ਹੈ ਕਿ ਮੈਨੂੰ ਸਾਰਾ ਪਾਣੀ ਦਾ ਰਿਕਾਰਡ ਵਿਖਾਇਆ ਜਾਵੇ ਪਰ ਕਿਸੇ ਨੇ ਨਹੀਂ ਵਿਖਾਇਆ। ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਟਾਈਮ ਥੋੜ੍ਹਾ ਹੈ। ਇਕ ਤਾਂ ਇਹ ਹੈ ਕਿ ਅਵਾਰਡ ਨੂੰ ਖਤਮ ਕਰ ਦਿਓ। ਦੂਸਰਾ ਹਾਊਸ ਦੀ ਇਕ ਕਮੇਟੀ ਬਣਾਓ ਜਿਸ ਕਮੇਟੀ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰ ਸ਼ਾਮਲ ਹੋਣ। ਇਕੱਠੇ ਬੈਠਕੇ ਕੋਈ ਇੱਕ ਐਗਰੀਡ ਫਾਰਮੂਲਾ ਬਣਾਕੇ ਉਸ ਤੇ ਸਾਰੀਆਂ ਪਾਰਟੀਆਂ ਵਲੋਂ ਸਟੈਂਡ ਕਰੀਏ ਭਾਵੇਂ ਕਾਂਗਰਸ ਪਾਰਟੀ ਹੋਵੇ ਜਾਂ ਅਕਾਲੀ ਪਾਰਟੀ ਹੋਵੇ ਜਾਂ ਕੋਈ ਹੋਰ ਪਾਰਟੀ ਹੋਵੇ ਪਰ ਪੰਜਾਬ ਦੇ ਹਿਤਾਂ ਵਾਸਤੇ ਸਾਨੂੰ ਸਭ ਨੂੰ ਇਕੱਠਿਆਂ ਬੈਠਕੇ ਫੈਸਲਾ ਕਰਨਾ ਚਾਹੀਦਾ ਹੈ। ਪੰਜਾਬ ਨੂੰ ਖੁਸ਼-ਹਾਲ ਬਣਾਉਣ ਦੀ ਲੋੜ ਹੈ। ਜਿਹੜਾ ਪਾਣੀ ਇਕ ਰੁਪਏ ਦੇ ਹਿਸਾਬ ਨਾਲ ਹੁਣ ਮਿਲਦਾ ਹੈ ਉਹ ਪਾਣੀ ਛੇ ਰੁਪਏ ਦਾ ਕੁਝ ਚਿਰ ਬਾਅਦ ਮਿਲਿਆ ਕਰਗਾ। ਪੰਜਾਬ ਵਿਚ ਪਾਣੀ ਦੀ ਸਖਤ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰ ਪੰਜਾਬ ਦੇ ਡੈਮਾਂ ਨੂੰ ਫਰਟਾਈਲ ਕਹਿੰਦੀ ਹੈ ਪਰ ਮੈਂ ਕਹਿੰਦਾ ਹਾਂ ਕਿ ਜੇਕਰ ਇਹੀ ਹਾਲ ਹੁੰਦਾ ਰਿਹਾ ਤਾਂ ਇਕ ਦਿਨ ਪੰਜਾਬ ਰੇਗਿਸਥਾਨ ਬਣ ਜਾਵੇਗਾ।

Original with;
Punjab Vidhan Sabha
Digitized by;
Panjab Digital Library

Mr. Deputy Speaker: Wind up Please.

ਡਾਕਟਰ ਭਗਤ ਸਿੰਘ : ਡਿਪਟੀ ਸਪੀਕਰ ਸਾਹਿਬ, ਜਦੋਂ ਮੈਂ ਕੰਮ ਦੀਆਂ ਗੱਲਾਂ ਕਰਦਾ ਹਾਂ ਤਾਂ ਤੁਸੀਂ ਵਾਈਂਡ ਅਪ ਲਈ ਕਹਿੰਦੇ ਹੋ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਹਾਊਸ ਦੇ ਮੈਂਬਰਾਂ ਦੀ ਇੱਕ ਕਮੇਟੀ ਬਣਾਓ। ਡਿਪਟੀ ਸਪੀਕਰ ਸਾਹਿਬ, ਜਦੋਂ ਕੋਈ ਵੀ ਮੁੱਖ ਮੰਤਰੀ ਸੈਂਟਰਲ ਸਰਕਾਰ ਦੇ ਕਹਿਣ ਤੇ ਅਗੂੰਠਾ ਲਗਾ ਦਿੰਦਾ ਹੈ ਤਾਂ ਉਸ ਨੇ ਇਥੇ ਹਾਊਸ ਵਿਚ ਲਾਜ਼ਮੀ ਤੌਰ ਤੇ ਉਸ ਚੀਜ਼ ਨੂੰ ਜਸਟੀਫਾਈਡ ਕਰਨਾ ਹੈ। ਇਸ ਪਾਣੀ ਦੇ ਫੈਸਲੇ ਨਾਲ ਪੰਜਾਬ ਦਾ ਕਿਸਾਨ ਮਰਿਆ ਹੈ ਅਤੇ ਪਜਾਬ ਦੇ ਲੋਕ ਮਰੇ ਹਨ। ਡਿਪਟੀ ਸਪੀਕਰ ਸਾਹਿਬ, ਜਿਵੇਂ ਅਲਾਈਨਮੈਂਟ ਦਾ ਮਸਲਾ ਹੈ। ਜੇਕਰ ਪਾਣੀ ਦਾ ਮਸਲਾ ਸਾਡਾ ਹੱਲ ਹੋ ਗਿਆ ਤਾਂ ਅਲਾਈਨਮੈਂਟ ਦਾ ਮਸਲਾ ਆਪਣੇ ਆਪ ਹੱਲ ਹੋ ਜਾਵੇਗਾ। ਰੋਪੜ ਦੇ ਜ਼ਿਲ੍ਹੇ ਦੇ ਲੋਕਾਂ ਨੂੰ ਭੁਲੇਖਾ ਹੈ । ਮੈਂ ਡਿਪਟੀ ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਰੋਪੜ ਜ਼ਿਲ੍ਹੇ ਦੇ ਲੋਕ ਭੁਲਖੇ ਵਿਚ ਨਾ ਆਉਣ। ਜੇਕਰ ਸਾਡੇ ਮੁੱਖ ਮੰਤਰੀ ਜੀ ਸਿਆਣੇ ਅਤੇ ਇਮਾਨਦਾਰ ਹਨ ਤਾਂ ਉਨ੍ਹਾਂ ਨੂੰ ਹਾਊਸ ਦੀ ਇੱਕ ਕਮੇਟੀ ਬਣਾ ਦੇਣੀ ਚਾਹੀਦੀ ਹੈ। 8 ਅਪ੍ਰੈਲ, 1982 ਨੂੰ ਜਦੋਂ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਪੰਜਾਬ ਵਿਚ ਆਉਣਾ ਹੈ ਤਾਂ ਉਨ੍ਹਾਂ ਮੂਹਰੇ ਹੱਥ ਜੋੜ ਦੇਈਏ ਕਿ ਸਾਨੂੰ ਇਹ ਫੈਸਲਾ ਪਰਵਾਨ ਨਹੀਂ ਹੈ।

PERSONAL EXPLANATION BY SARDAR SURJIT SINGH BARNALA

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਪਰਸਨਲ ਐਕਸਪਲੈਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਨਾਂ ਹਾਊਸ ਵਿਚ ਰੈਫਰ ਹੋਇਆ ਹੈ। ਮੇਰਾ ਨਾਂ ਲੈ ਕੇ ਕੁਝ ਗੱਲਾਂ ਇਥੇ ਹਾਊਸ ਵਿਚ ਉਸ ਸਮੇਂ ਬਾਰੇ ਕੀਤੀਆਂ ਗਈਆਂ ਹਨ ਜਦੋਂ ਕਿ ਮੈਂ ਸੈਂਟਰ ਵਿਚ ਇਰੀਗੇਸ਼ਨ ਮਨਿਸਟਰ ਹੁੰਦਾ ਸੀ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਪੰਜਾਬ ਵਿਚ ਮੁੱਖ ਮੰਤਰੀ ਹੁੰਦੇ ਸਨ। ਡਿਪਟੀ ਸਪੀਕਰ ਸਾਹਿਬ, ਥੋੜੀ ਜਿਹੀ ਕਲੈਰੀਫਿਕੇਸ਼ਨ ਕਰਨ ਦੀ ਲੋੜ ਹੈ ਕਿ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਦੇ ਮੁਤਾਬਿਕ ਗੌਰਮਿੰਟਾਂ ਆਪਸ ਵਿਚ ਜੋ ਦੋ ਸਾਲਾਂ ਅੰਦਰ ਫੈਸਲੇ ਨਾ ਕਰ ਸਕਣ ਤਾਂ ਸੈਂਟਰ ਗੌਰਮਿੰਟ ਫੈਸਲਾ ਕਰੇ। ਇਸਦੇ ਨਾਲ ਇਕ ਪ੍ਰੋਵਿਜ਼ੋ ਹੈ ਕਿ--

Provided that the order so made by the Central Government may be varied by any subsequent agreement entered into by the successor States after consultation with the Central Government.

ਡਿਪਟੀ ਸਪੀਕਰ ਸਾਹਿਬ, ਇਹ ਐਗਰੀਮੈਂਟ ਹੋ ਨਹੀਂ ਸੀ ਸਕਦਾ ਕਿਉਂਕਿ ਦੋ ਸਟੇਟਾਂ ਦਾ ਰੌਲਾ ਸੀ, ਇਸ ਕਰਕੇ ਮੁਸ਼ਕਿਲ ਹੋ ਗਈ। ਕੋਈ ਫੈਸਲਾ ਨਹੀਂ ਹੋ ਸਕਿਆ। 24 ਮਾਰਚ, 1976 ਨੂੰ 3.5 ਮਿਲੀਅਨ ਏਕੜ ਫੀਟ ਪੰਜਾਬ ਨੂੰ ਅਤੇ 3.5 ਐਮ. ਏ. ਐਫ. ਹਰਿਆਣੇ ਨੂੰ ਦਿਤਾ ਤਾਂ ਉਸ ਵੇਲੇ ਗਿਆਨੀ ਜ਼ੈਲ ਸਿੰਘ ਪੰਜਾਬ ਵਿਚ ਹੈਡ ਸਨ। ਉਨ੍ਹਾਂ ਨੇ ਕੇਸ ਨੂੰ ਸਮਝਿਆ ਅਤੇ ਸੈਂਟਰ ਨਾਲ ਫਿਰ ਟੇਕ ਅਪ ਕੀਤਾ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਨਾਲ ਇਨ ਸਾਫ ਨਹੀਂ ਹੋਇਆ ਅਤੇ ਇਹ ਚੀਜ਼ ਅਖਬਾਰਾਂ ਵਿਚ ਵੀ ਆਈ ਸੀ ਕਿ ਪੰਜਾਬ ਨੂੰ ਘੱਟ ਪਾਣੀ ਮਿਲਿਆ ਹੈ ਉਸ ਵੇਲੇ ਕੇਸ ਨਾ ਖੁਲ੍ਹਿਆ ਅਤੇ ਕਿਹਾ ਗਿਆ ਕਿ ਐਕਟ ਅਨੁਸਾਰ ਜਦੋਂ ਤਕ ਦੋਨੋਂ ਸਟੇਟਾਂ ਨਾ ਮੰਨਣ ਤਾਂ ਕੁਝ ਨਹੀਂ ਹੋ ਸਕਦਾ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਅਤੇ ਮੈਂ ਸੈਂਟਰ ਵਿਚ ਸੀ ਤਾਂ ਉਸ ਵੇਲੇ ਇਸ ਸਬੰਧੀ ਮੀਟਿੰਗਾਂ ਹੋਈਆਂ। ਮੀਟਿੰਗਾਂ ਵਿਚ ਸਾਰੀ ਗੱਲ ਦਾ ਜ਼ਿਕਰ ਕੀਤਾ ਗਿਆ । ਗੌਰਮਿੰਟ ਦੇ ਰਿਕਾਰਡ ਨੂੰ ਓਪਨ ਨਹੀਂ ਕਰਨਾ ਚਾਹੀਦਾ ਕਿ ਫਲਾਣੇ ਨੇ ਫਲਾਣੇ ਨੂੰ

Original with;
Punjab Vidhan Sabha
Digitized by;
Panjab Digital Library

ਇਹ ਚਿੱਠੀ ਲਿਖੀ ਹੈ ਉਸ ਵਿਚ ਇਹ ਲਿਖਿਆ ਹੈ। ਕਿਉਂਕਿ ਇਹ ਸਰਕਾਰੀ ਸੀਕਰੇਟਸ ਹੁੰਦੀਆਂ ਹਨ ਬਹੁਤ ਸਾਰੀਆਂ ਮੀਟਿੰਗਾਂ ਤੋਂ ਬਾਅਦ ਇਹ ਕੇਸ ਰੀਓਪਨ ਹੋਇਆ। ਸੁਪਰੀਮ ਕੋਰਟ ਵਿਚ ਦਾਵਾ ਵੀ ਪੰਜਾਬ ਸਰਕਾਰ ਵਲੋਂ ਦਾਯਰ ਕੀਤਾ ਗਿਆ। ਸੁਪਰੀਮ ਕੋਰਟ ਨੇ ਅਜੇ ਆਪਣਾ ਫੈਸਲਾ ਨਹੀਂ ਸੀ ਦਿੱਤਾ। ਇਥੇ ਹਾਊਸ ਵਿਚ ਆਨਰੇਬਲ ਮੈਂਬਰ ਸਾਹਿਬ ਨੇ ਵੀ ਕਿਹਾ ਹੈ ਕਿ ਜਦੋਂ ਆਦਮੀ ਕੁਰਸੀ ਤੇ ਬੈਠਾ ਹੁੰਦਾ ਹੈ ਤਾਂ ਉਹ ਪੰਜਾਬ ਦੇ ਹਿਤਾਂ ਦੀ ਗੱਲ ਭੁੱਲ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਉਹ ਅਟੈਕ ਤਾਂ ਬਾਦਲ ਸਾਹਿਬ ਤੇ ਕਰਨਾ ਚਾਹੁੰਦਾ ਸੀ ਪਰ ਹੁਣ ਅਟੈਕ ਇਨ੍ਹਾਂ ਤੇ ਹੀ ਆ ਗਿਆ। ਸੁਪਰੀਮ ਕੋਰਟ ਤੋਂ ਇਹ ਕੇਸ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਇਨ੍ਹਾਂ ਨੇ ਵਾਪਿਸ ਲੈ ਲਿਆ ਜਦੋਂ ਕਿ ਸੁਪਰੀਮ ਕੋਰਟ ਤੋਂ ਇਹ ਕੇਸ ਵਾਪਸ ਨਹੀਂ ਲੈਣਾ ਚਾਹੀਦਾ ਸੀ। ਜਦੋਂ ਸੈਂਟਰ ਦੀ ਸਰਕਾਰ ਨੇ ਫੈਸਲਾ ਕਰ ਦਿੱਤਾ ਸੀ ਤਾਂ ਉਦੋਂ ਇਨ੍ਹਾਂ ਦੇ ਉਸ ਤੇ ਦਸਖਤ ਨਹੀਂ ਸੀ ਹੋਏ। ਇਹ ਹੁਣ ਦਸਖਤ ਕਰਕੇ ਆਪਣੇ ਹੱਥ ਵਢਾਕੇ ਆਏ ਹਨ। ਇਸ ਵਿਚ ਤਿੰਨ ਇਸ਼ੂ ਬੜੇ ਇੰਪਾਰਟੈਂਟ ਹਨ ਜਿਸ ਬਾਰੇ ਜ਼ਿਕਰ ਨਹੀਂ ਕੀਤਾ ਗਿਆ ਹੈ। ਕੁਆਂਟਿਟੀ ਆਫ ਵਾਟਰ ਕਿੰਨਾ ਜਾਣਾ ਹੈ ਇਸ ਨਹਿਰ ਨਾਲ ਇਹ ਦਸਿਆ ਨਹੀਂ ਗਿਆ। ਦੂਸਰੇ ਉਸ ਨਹਿਰ ਦੀ ਕਪੈਸਿਟੀ ਕਿੰਨੀ ਬਣਨੀ ਹੈ, ਇਸ ਬਾਰੇ ਵੀ ਨਹੀਂ ਦਸਿਆ ਗਿਆ। ਇਥੇ ਅਲਾਈਨਮੈਂਟ ਦਾ ਜ਼ਿਕਰ ਆਇਆ। ਹਰਿਆਣਾ ਹਾਊਸ ਵਿਚ ਕਿਹਾ ਗਿਆ ਹੈ ਕਿ ਅਲਾਈਨਮੈਂਟ ਹੋ ਗਈ ਹੈ ਅੱਰ ਇਥੇ ਕਿਹਾ ਗਿਆ ਕਿ ਕੋਈ ਅਲਾਈਨਮੈਂਟ ਨਹੀਂ ਹੋਈ। ਮੈਂ ਬੇਨਤੀ ਕਰਾਂਗਾ ਕਿ ਮਨਿਸਟਰ ਸਾਹਿਬ ਬੋਲਣ ਲਗੇ ਇਸ ਬਾਰੇ ਦੱਸਣ ਕਿ ਸਤਲੁਜ ਤੋਂ ਕਿੰਨਾ ਪਾਣੀ ਦੇਣਾ ਹੈ ਉਹ ਕਿਸ ਕਪੈਸਟੀ ਦੀ ਨਹਿਰ ਖੋਦੀ ਜਾਏਗੀ। 6500 ਕਿਉਸਿਕਸ ਜਾਂ 7500 ਕਿਉਸਿਕਸ ਦੀ ਖੋਦੀ ਜਾਏਗੀ। ਲੋਕ ਅੱਗੇ ਹੀ ਕਹਿੰਦੇ ਹਨ ਕਿ ਇਹ ਨਹਿਰ ਸਾਡੇ ਇਲਾਕੇ ਵਿਚੋਂ ਨਾ ਕੱਢੀ ਜਾਏ।

ਵਿੱਤ ਮੰਤਰੀ: ਟਾਈਮ ਇਨ੍ਹਾਂ ਦਾ ਖਤਮ ਹੋ ਗਿਆ ਹੈ। ਇਹ ਪਰਸਨਲ ਐਕਸਪਲੈਨੇਸ਼ਨ ਤੇ ਖੜ੍ਹ ਕੇ ਸਪੀਚ ਕਰ ਰਹੇ ਹਨ। ਇਨ੍ਹਾਂ ਨੂੰ ਸਪੀਚ ਨਹੀਂ ਕਰਨੀ ਚਾਹੀਦੀ।

ਸਰਦਾਰ ਸੁਰਜੀਤ ਸਿੰਘ ਬਰਨਾਲਾ: ਪੰਜਾਬ ਦੇ ਲੋਕਾਂ ਦਾ ਇਸ ਨਹਿਰ ਨਾਲ ਸਬੰਧ ਹੈ। ਤੁਸੀਂ ਅਵਾਇਡ ਕਰਨ ਦੀ ਕੋਸ਼ਿਸ਼ ਕਰ ਰਹੇ ਹੋ (ਵਿਘਨ) ਹੁਣ ਵੀ ਵਿੱਤ ਮੰਤਰੀ ਜੀ ਬੋਲੇ ਹਨ ਕਿ ਮੈਂ ਨਾ ਬੋਲਾਂ। ਕੀ ਜੋ ਮੈਂ ਪਹਿਲਾਂ ਕਿਹਾ ਹੈ ਉਸ ਬਾਰੇ ਇਹ ਵਜ਼ਾਹਤ ਦੇਣਗੇ ?

MOTION UNDER RULE 77 (*Resumption of Discusstion*)

ਸ਼੍ਰੀ ਡਿਪਟੀ ਸਪੀਕਰ: ਚੌਧਰੀ ਸਾਹਿਬ, ਤੁਸੀਂ ਬੋਲੋ।

ਸਰਦਾਰ ਦਲੀਪ ਸਿੰਘ ਪਾਂਧੀ: ਇਸ ਬਾਰੇ ਜਵਾਬ ਚੀਫ ਮਨਿਸਟਰ ਸਾਹਿਬ ਨੂੰ ਦੇਣਾ ਚਾਹੀਦਾ ਹੈ ਕਿਉਂਕਿ ਇਹ ਦਸਖਤ ਕਰ ਕੇ ਆਏ ਹਨ। ਇਹ ਸਜ਼ਾ ਜ਼ਾਫਤਾ ਹੋ ਗਏ ਜਦੋਂ ਇਨ੍ਹਾਂ ਨੇ ਹਾਊਸ ਨੂੰ ਮਿਸਲੀਡ ਕੀਤਾ। (ਵਿਘਨ)

ਖੇਤੀਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ): ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਔਰ ਲੀਡਰ ਆਫ ਦੀ ਆਪੋਜੀਸ਼ਨ ਨੇ ਇਸ ਤੇ ਬੜੀ ਗੰਭੀਰਤਾ ਜ਼ਾਹਿਰ ਕੀਤੀ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਨੇ ਸ਼ੁਰੂ ਵਿਚ ਹੀ ਇਸ ਕੇਸ ਦੀ ਹਿਸਟਰੀ ਤੇ ਇਤਰਾਜ਼ ਕੀਤਾ। ਇਨ੍ਹਾਂ ਨੇ ਸਾਰੀ ਇਰੀਗੇਸ਼ਨ ਪੋਟੈਨਸ਼ਿਐਲਿਟੀ ਕਿਸ ਤਰ੍ਹਾਂ ਕ੍ਰੀਏਟ ਕੀਤੀ। ਆਫਟਰ ਪਾਰਟੀਸ਼ਨ ਭਾਖੜਾ ਡੈਮ ਬਾਰੇ 1955 ਵਿਚ ਬਿਟਵੀਨ ਸਟੇਟਸ ਇੱਕ ਐਗਰੀਮੈਂਟ ਹੋਇਆ। ਉਸ ਨੂੰ ਇਨ੍ਹਾਂ ਨੇ ਤਸਲੀਮ ਕੀਤਾ। ਮੈਂ ਹੈਰਾਨ ਸੀ ਕਿ ਬਾਦਲ ਸਾਹਿਬ ਉਸ ਤੋਂ ਭਜਣਗੇ ਕਿਉਂਕਿ ਇਹ ਅਕਾਲੀ ਪਾਰਟੀ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਮੰਤਰੀ]

ਦੇ ਲੀਡਰ ਹਨ। ਇਨ੍ਹਾਂ ਦੀ ਆਦਤ ਜਿਹੀ ਬਣ ਗਈ ਹੈ ਜਦੋਂ ਇਹ ਇਧਰਲੇ ਪਾਸੇ ਬੈਠਦੇ ਹਨ ਤਾਂ ਇਹ ਠੀਕ ਗੱਲਾਂ ਕਰਦੇ ਹਨ ਪਰ ਜਦੋਂ ਇਹ ਆਪੋਜੀਸ਼ਨ ਵਿਚ ਬੈਠਦੇ ਹਨ ਤਾਂ ਫਿਰ ਇਹ ਗਲਤ ਗਲਾਂ ਕਰਦੇ ਹਨ। 1955 ਦੇ ਐਗਰੀਮੈਂਟ ਨੂੰ ਇਨ੍ਹਾਂ ਨੇ ਵੈਲਿਡ ਮੰਨ ਲਿਆ। 15.85 ਐਮ. ਏ. ਐਫ. ਪਾਣੀ ਦੀ ਐਲੋਕੇਸ਼ਨ ਨੂੰ ਇਨ੍ਹਾਂ ਨੇ ਠੀਕ ਮੰਨਿਆ ਹੈ। ਜਦੋਂ ਇਹ ਇੰਟਰਨੈਸ਼ਨਲ ਫੋਰਮ ਤੇ ਗਲ ਚਲੀ ਗਈ ਭਾਖੜਾ ਡੈਮ ਅਸੀਂ ਬਨਾਉਣਾ ਸ਼ੁਰੂ ਕੀਤਾ। ਪਾਕਿਸਤਾਨ ਸਤਲੁਜ ਦਰਿਆ ਦਾ ਪਾਣੀ, ਬਿਆਸ ਦਰਿਆ ਦਾ ਪਾਣੀ ਇਸਤੇਮਾਲ ਕਰਦਾ ਸੀ ਉਸ ਵਕਤ ਇਹ ਗਲ ਇੰਟਰਨੈਸ਼ਨਲ ਲੈਵਲ ਤੇ ਚਲੀ ਗਈ। 1949 ਵਿਚ ਇਥੋਂ ਤਕ ਗਲ ਚਲੀ ਗਈ ਕਿ ਪਾਕਿਸਤਾਨ ਨੇ ਕਹਿ ਦਿਤਾ ਕਿ ਇਹ ਅਸੀਂ ਤਾਮੀਰ ਕਰਾਂਗੇ। ਸਿਆਣੇ ਸੁਚੱਜੇ ਡਿਪਲੋਮੇਟ ਆਏ ਉਨ੍ਹਾਂ ਨੇ ਕਿਹਾ ਕਿ ਤੁਸੀਂ ਲੜੋ ਨਾ ਅਸੀਂ ਫੈਸਲਾ ਕਰ ਰਹੇ ਹਾਂ। ਉਸ ਲੈਵਲ ਤੇ ਇਹ ਗਲ ਕਹੀ ਗਈ ਕਿ ਇਹ ਤਿੰਨੇ ਦਰਿਆ ਰਾਵੀ ਬਿਆਸ ਔਰ ਸਤਲੁਜ ਇਹ ਤਿੰਨੇ ਦਰਿਆ ਐਂਟਾਇਰਲੀ ਹਿੰਦੁਸਤਾਨ ਦੇ ਹਨ ਔਰ ਜਿਸ ਢੰਗ ਨਾਲ ਹਿੰਦੁਸਤਾਨ ਇਨ੍ਹਾਂ ਨੂੰ ਵਰਤੇ ਇਸ ਨੂੰ ਪੂਰੀ ਛੁੱਟੀ ਹੈ। ਉਸ ਵਿਚ .8 ਔਰ .00 ਮਿਲੀਅਨ ਏਕੜ ਫੁਟ ਪਾਣੀ ਰਾਜਸਥਾਨ ਨੂੰ ਐਲੋਕੇਟ ਹੋਇਆ। ਇਹ ਹਿਊਮੈਨੇਟੇਰੀਅਨ ਗਰਾਊਂਡਜ਼ ਤੇ ਹੋਇਆ ਕਿਉਂਕਿ ਹਿੰਦੁਸਤਾਨ ਵਿਚ ਫੂਡ ਸਕੇਅਰਸਿਟੀ ਹੈ। ਅਸੀਂ ਦਸਿਆ ਇੰਟਰਨੈਸ਼ਨਲ ਲੈਵਲ ਤੇ ਕਿ--

We have vast arid areas. For want of water we are suffering from hunger.

ਇਹ ਪ੍ਰਿੰਸੀਪਲ ਤੇ ਬੇਸਡ ਸੀ ਜਿਸ ਤੇ ਇਹ ਗੱਲ ਮੰਨੀ ਗਈ (ਵਿਘਨ) ਇਸ ਤੋਂ ਵੱਡਾ ਸਬੂਤ ਇਹ ਹੈ ਕਿ ਸੰਨ 1955 ਵਿਚ ਇੰਟਰ-ਸਟੇਟ ਐਗਰੀਮੈਂਟ ਦੀ ਗਲ ਮੈਂ ਕਰ ਰਿਹਾ ਹਾਂ ਜਿਸ ਵਿਚ ਰਾਜਸਥਾਨ ਨੂੰ ਪਾਣੀ ਦਿਤਾ ਹੈ।

ਇਹ ਮੇਰੇ ਦੋਸਤ ਜਿਹੜੇ ਅਕਾਲੀ ਪਾਰਟੀ ਦੇ ਮੈਂਬਰ ਹਨ। 1951 ਵਿਚ ਜਦੋਂ ਜਨਰਲ ਇਲੈਕਸ਼ਨਜ਼ ਹੋਈਆਂ ਤਾਂ ਇਹ ਅਕਾਲੀ ਪਾਰਟੀ ਵਾਲੇ ਕਾਂਗਰਸ ਸਿੰਬਲ ਤੇ ਇਲੈਕਸ਼ਨਜ਼ ਲੜੇ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਪਹਿਲੀ ਦਫਾ 1957 ਵਿਚ ਕਾਂਗਰਸ ਟਿਕਟ ਤੇ ਲੜ ਕੇ ਇਥੇ ਮੈਂਬਰ ਆਏ ਸੀ। ਇਹ ਹਾਰਡ ਫੈਕਟ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਦੂਜਾ ਕੁਐਸਚਨ ਆ ਗਿਆ ਕਿ ਪੰਜਾਬ ਔਰ ਹਰਿਆਣਾ ਬਾਈਫਰਕੇਟ ਹੋਇਆ। ਪਹਿਲੀ ਨਵੰਬਰ ਨੂੰ ਛੁੱਟੀ ਕੀਤੀ ਗਈ ਔਰ ਦੀਵੇ ਜਲਾਏ ਗਏ। ਇਹ ਸਾਰੀਆਂ ਗੱਲਾਂ ਚਲਦੀਆਂ ਰਹੀਆਂ। ਮੇਰੇ ਸਾਥੀ ਮੁਆਫ ਕਰਨਗੇ। ਮੈਂ ਜੱਟ ਹਾਂ ਔਰ ਜਟਕੀ ਗੱਲ ਕਰਾਂਗਾ। ਕੋਈ ਸਰਦਾਰ ਸੀ ਉਸ ਦੇ ਬਾਲ ਬੱਚਾ ਹੋਣ ਵਾਲਾ ਸੀ। ਅੰਦਰੋਂ ਖਬਰ ਆਈ ਕਿ ਉਸ ਦੇ ਪੁੱਤਰ ਹੋਇਆ ਹੈ। ਉਸ ਨੂੰ ਇਸ ਲਈ ਮੁਬਾਰਕਬਾਦ ਦਿਤੀ ਗਈ। (ਵਿਘਨ)

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ: ਜੋ ਕੁਝ ਇਹ ਬਗੈਰ ਪਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਖੇਤੀਬਾੜੀ ਮੰਤਰੀ : ਮੈਂ ਭਗਵਾਨ ਦਾ ਬੜਾ ਧੰਨਵਾਦੀ ਹਾਂ ਕਿ ਮੈਂ ਜੱਟ ਬਣਿਆ ਹਾਂ। ਅੰਦਰੋਂ ਖਬਰ ਆਈ ਕਿ ਤੇਰੇ ਪੁੱਤਰ ਹੋਇਆ ਹੈ। ਸਰਦਾਰ ਦਾ ਇਕਲੌਤਾ ਪੁੱਤਰ ਸੀ (ਵਿਘਨ) ਇਸ ਤਰ੍ਹਾਂ ਨਾਲ ਪਹਿਲੀ ਨਵੰਬਰ ਨੂੰ ਇਨ੍ਹਾਂ ਨੇ ਦੂਜਾ ਭਰਾ ਬਣਾ ਲਿਆ। ਸਕਸੈਸ਼ਨ ਐਕਟ ਨੂੰ ਤਸਲੀਮ ਕਰੋ।

ਡਾਕਟਰ ਭਗਤ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਖੇਤੀਬਾੜੀ ਮੰਤਰੀ: ਮੈਂ ਜੱਟ ਲਫਜ਼ ਇਸਤੇਮਾਲ ਕਰ ਲੈਂਦਾ ਹਾਂ। ਜਦੋਂ ਹਰਿਆਣਾ ਔਰ ਪਾਕਿਸਤਾਨ ਬਣ ਗਿਆ ਤਾਂ ਪਾਣੀ ਦੀ ਵੰਡ ਹੋਣੀ ਸੀ। ਜਿਹੜਾ ਰੀਆਰਗੇਨਾਈਜੇਸ਼ਨ ਐਕਟ ਜਿਸ ਦਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬੜਾ ਜ਼ਿਕਰ ਕੀਤਾ ਹੈ ਕਿ ਅਸੀਂ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਉਥੇ ਸਾਡੀ ਪਰੇਅ ਸੀ। This Section 78 of the Reorganisation Act is to be declared invalid. ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਉਸ ਐਕਟ ਨੂੰ ਕੁਐਸ਼ ਕਰ ਦਿਓ ਔਰ ਦੂਜੇ ਪਾਸੇ ਉਸ ਐਕਟ ਦਾ ਆਸਰਾ ਲਿਆ ਜਾ ਰਿਹਾ ਹੈ। ਗੁੰਗੇ ਦੀਆਂ ਰਮਜ਼ਾਂ ਗੁੰਗੇ ਦੀ ਮਾਂ ਹੀ ਜਾਣਦੀ ਹੈ। ਜੋ ਕੁਝ ਮੈਂ ਕਹਿ ਰਿਹਾ ਹਾਂ ਉਹ ਤੁਸੀਂ ਸਮਝਦੇ ਹੋ ਔਰ ਜੋ ਕੁਝ ਤੁਸੀਂ ਕਹਿ ਰਹੇ ਹੋ ਉਹ ਮੈਂ ਸਮਝਦਾ ਹਾਂ (ਵਿਘਨ) ਡਿਪਟੀ ਸਪੀਕਰ ਸਾਹਿਬ, ਸੈਕਸ਼ਨ 78 ਵਾਸਤੇ ਇਨ੍ਹਾਂ ਨੇ ਪਰੇਅ ਕੀਤੀ ਕਿ ਇਸ ਨੂੰ ਕੁਐਸ਼ ਕਰ ਦਿਓ। ਇਨ੍ਹਾਂ ਦੇ ਸਾਥੀ ਹਰਿਆਣਾ ਵਾਲੇ ਇਨ੍ਹਾਂ ਤੋਂ ਪਹਿਲਾਂ ਸੁਪਰੀਮ ਕੋਰਟ ਵਿਚ ਗਏ ਉਨ੍ਹਾਂ ਨੇ ਪਰੇਅ ਕੀਤੀ ਕਿ ਸੁਪਰੀਮ ਕੋਰਟ ਹਿੰਦੁਸਤਾਨ ਦੀ ਸਰਕਾਰ ਨੂੰ ਹਦਾਇਤਾਂ ਦੇਵੇ ਕਿ ਪੰਜਾਬ ਕੋਲੋਂ ਫੈਸਲਾ ਇੰਪਲੀਮੈਂਟ ਕਰਾਇਆ ਜਾਏ। ਇਸ ਦੇ ਡਿਪਟੀ ਸਪੀਕਰ ਸਾਹਿਬ, ਦੋ ਪੱਖ ਹਨ। (ਵਿਘਨ) 31 ਦਸੰਬਰ, 1981 ਨੂੰ ਸਾਡੇ ਚੀਫ ਮਨਿਸਟਰ ਸਾਹਿਬ ਨੇ ਐਗਰੀਮੈਂਟ ਕੀਤਾ, ਇਸ ਤੋਂ ਦੋ ਗਲਾਂ ਸਪੱਸ਼ਟ ਆ ਰਹੀਆਂ ਹਨ।

ਸਰਦਾਰ ਦਲੀਪ ਸਿੰਘ ਪਾਂਧੀ : ** ** **

Mr. Speaker: This is no point of order.

ਖੇਤੀਬਾੜੀ ਮੰਤਰੀ: ਇਹ ਪਾਂਧੀ ਜੀ ਵਕੀਲ ਹਨ ਪਰ ਮੈਂ ਵਕੀਲ ਨਹੀਂ ਹਾਂ। ਮੈਂ ਦਸਣਾ ਚਾਹੁੰਦਾ ਹਾਂ ਕਿ ਉਹ ਐਗਰੀਮੈਂਟ ਹੈ। ਉਹ ਸੈਟਲਮੈਂਟ ਬਾਈ ਐਗਰੀਮੈਂਟ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਾਡੀ ਪਾਣੀ ਦੀ ਐਲੋਕੇਸ਼ਨ ਜਿਹੜੀ 3.5 ਮਿਲੀਅਨ ਏਕੜ ਫੀਟ ਸੀ, ਉਹ ਹੁਣ ਇਸ ਫੈਸਲੇ ਨਾਲ 4.82 ਮਿਲੀਅਨ ਏਕੜ ਫੀਟ ਹੋ ਗਈ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਮਾਨਯੋਗ ਮੈਂਬਰਾਂ ਨੇ ਬੜਾ ਤੌਖਲਾ ਪ੍ਰਗਟ ਕੀਤਾ ਹੈ। ਜਨਾਬ, ਇਹ 2 ਸੀਰੀਜ਼ ਹਨ। ਇਕ ਸੀਰੀਜ਼ 1921 ਤੋਂ ਪਹਿਲਾਂ ਦੀ ਹੈ ਜਿਸ ਦੇ ਵਿਚ 1955 ਦਾ ਐਗਰੀਮੈਂਟ ਹੋਇਆ। ਇਹ 21 ਤੋਂ 45 ਸੀਰੀਜ਼ ਹਨ। ਦੂਜੀਆਂ ਸੀਰੀਜ਼ ਉਹ ਹਨ ਜਿਸ ਤੇ ਹੁਣ ਫੈਸਲਾ ਹੋਇਆ ਹੈ। ਇਹ 21 ਤੋਂ 59 ਤਕ ਦੀਆਂ ਹਨ ਜਿਸ ਦੇ ਮਾਤਹਿਤ ਹੁਣ ਐਗਰੀਮੈਂਟ ਹੋਇਆ ਹੈ। ਇਹ ਬਿਆਸ ਪ੍ਰਾਜੈਕਟ ਰਿਪੋਰਟ ਵਿਚ ਅਸਟੈਬਲਿਸ਼ਡ ਹੈ। ਬਿਆਸ ਪ੍ਰਾਜੈਕਟ ਰਿਪੋਰਟ 1962 ਵਿਚ ਲਿਖੀ ਗਈ। ਇਹ ਪ੍ਰਾਜੈਕਟ 1960 ਵਿਚ ਟੇਕ ਅਪ ਹੋਇਆ ਸੀ। ਉਸ ਵਕਤ ਕਿਸੇ ਨੂੰ ਨਹੀਂ ਸੀ ਪਤਾ ਕਿ ਹਰਿਆਣਾ ਅਤੇ ਪੰਜਾਬ ਵੱਖ ਵੱਖ ਹੋ ਜਾਣਗੇ। ਵੰਡੀ ਦੀ ਜਿਹੜੀ ਗਲ ਹੈ it is always the ratio and proportion that counts ਹੁਣ ਸਾਨੂੰ 3.5 ਮਿਲੀਅਨ ਏਕੜ

**Expunged as ordered by the Chair.

Original with;
Punjab Vidhan Sabha
Digitized by
Panjab Digital Library

[ਖੇਤੀ ਬਾੜੀ ਮੰਤਰੀ]

ਫੀਟ ਦੀ ਬਜਾਏ 4.82 ਮਿਲੀਅਨ ਏਕੜ ਫੀਟ ਪਾਣੀ ਮਿਲਣਾ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਵਰਗਾ ਸਾਧਾਰਨ ਜਿਹਾ ਆਦਮੀ ਵੀ ਇਸ ਨੂੰ ਬੜੀ ਚੰਗੀ ਤਰ੍ਹਾਂ ਮੇਕ ਆਊਟ ਕਰ ਸਕਦਾ ਹੈ। (ਵਿਘਨ) ਕਾਮਰੇਡ ਰਾਜ ਕੁਮਾਰ ਨੇ ਕਿਹਾ ਕਿ ਫੈਸਲਾ ਹੋਣਾ ਚਾਹੀਦਾ ਹੈ, ਸਾਡੇ ਨਾਲ ਧੱਕਾ ਹੋ ਗਿਆ ਹੈ। ਮੈਨੂੰ ਉਨ੍ਹਾਂ ਦੀ ਇਸ ਗਲ ਦੀ ਸਮਝ ਨਹੀਂ ਆਈ ਕਿ ਉਹ ਕੀ ਕਹਿਣਾ ਚਾਹੁੰਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਕਿਹਾ ਕਿ ਸਾਡੇ ਨਾਲ ਬੜਾ ਧੱਕਾ ਹੋ ਰਿਹਾ ਹੈ । ਉਨ੍ਹਾਂ ਨੇ ਕਿਹਾ ਕਿ this decision or this agreement is fatal for Punjab ਬੜੇ ਅਫਸੋਸ ਦੀ ਗਲ ਹੈ ਬਾਦਲ ਸਾਹਿਬ, ਇਥੇ ਚੀਫ਼ ਮਨਿਸਟਰ ਰਹੇ ਹਨ। ਇਥੇ ਮਾਨਯੋਗ ਮੈਂਬਰਾਂ ਨੇ ਬੋਲਦੇ ਹੋਏ ਕਿਹਾ ਕਿ ਬਾਦਲ ਸਾਹਿਬ ਨੇ ਹਰਿਆਣਾ ਸਰਕਾਰ ਕੋਲੋਂ 1 ਕਰੋੜ ਰੁਪਿਆ ਲਿਆ। ਉਨ੍ਹਾਂ ਨੇ ਨੋਟੀਫਿਕੇਸ਼ਨ ਕੀਤਾ। ਨੋਟੀਫਿਕੇਸ਼ਨ ਅੰਡਰ ਸੈਕਸ਼ਨ 4 ਅਤੇ 17 ਕੀਤਾ ਫਾਰ ਲੈਂਡ ਐਕੁਈਜੇਸ਼ਨ ਟੂ ਚੈਨੇਲਾਈਜ਼ ਦੈਟ ਵਾਟਰ ਟੂ ਹਰਿਆਣਾ। ਡਿਪਟੀ ਸਪੀਕਰ ਸਾਹਿਬ, ਇਹ ਬਿਲਕੁਲ ਹਾਰਡ ਫੈਕਟ ਦੀ ਗੱਲ ਹੈ। ਇਹ ਰਿਕਾਰਡ ਦੀ ਗਲ ਹੈ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮੈਂ 1 ਕਰੋੜ ਰੁਪਿਆ ਲਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਤਾਂ ਦਮੜੀ ਨਹੀਂ ਲਈ। ਕੱਲ੍ਹ ਨੂੰ ਇਹ ਅਖਬਾਰ ਵਿਚ ਆ ਜਾਣਾ ਹੈ, ਇਸ ਲਈ ਮੈਂ ਇਹ ਕਲੀਅਰ ਕਰਨਾ ਚਾਹੁੰਦਾ ਸੀ ।

ਖੇਤੀਬਾੜੀ ਮੰਤਰੀ : ਮੇਰਾ ਇਹ ਮਤਲਬ ਨਹੀਂ ਸੀ। ਉਦੋਂ ਚੌਧਰੀ ਦੇਵੀ ਲਾਲ ਹਰਿਆਣਾ ਦੇ ਚੀਫ ਮਨਿਸਟਰ ਸਨ। ਉਨ੍ਹਾਂ ਨੇ ਇਨ੍ਹਾਂ ਨੂੰ ਪਰੇਮ ਪੱਤਰ ਲਿਖਿਆ । (ਵਿਘਨ) ਉਨ੍ਹਾਂ ਨੇ ਲਿਖਿਆ ਕਿ ਆਪਣੀ ਗਲ ਹੋਈ ਸੀ, ਤੁਸੀਂ ਫੰਕਸ਼ਨ ਅਰੇਂਜ ਕਰੋਗੇ ਅਤੇ ਉਥੇ ਮੈਂ ਪ੍ਰੀਜ਼ਾਈਡ ਕਰਾਂਗਾ। (ਵਿਘਨ) ਉਦੋਂ ਡਿਪਟੀ ਸਪੀਕਰ ਸਾਹਿਬ, ਉਸ ਨੇ ਕਿਹਾ ਕਿ ਸਾਡਾ ਅਸੈਂਬਲੀ ਦਾ ਸੈਸ਼ਨ ਆ ਗਿਆ ਹੈ। (ਵਿਘਨ) ਇਹ ਕਹਿੰਦੇ ਹਨ ਕਿ ਅਸੀਂ ਮੋਰਾਰਜੀ ਡਿਸਾਈ ਨਾਲ ਮਾਮਲਾ ਟੇਕ ਅਪ ਕੀਤਾ ਪਰ ਉਨ੍ਹਾਂ ਨੇ ਇਨ੍ਹਾਂ ਨੂੰ ਜੋ ਕਿਹਾ, ਉਹ ਮੈਂ ਪੜ੍ਹ ਦਿੰਦਾ ਹਾਂ।

It is a Parliament Legislation and you are to implement it, to comply with it.

ਸਰਦਾਰ ਸੁਰਜੀਤ ਸਿੰਘ ਬਰਨਾਲਾ : ** ** **

Mr. Deputy Speaker : This is no point of order.

ਮਾਸਟਰ ਚੰਦ ਸਿੰਘ : ** ** **

Mr. Deputy Speaker : This is no point of order.

ਸਰਦਾਰ ਰਵੀਇੰਦਰ ਸਿੰਘ : ਪੁਆਇੰਟ ਆਫ ਆਰਡਰ, ਸਰ। ਕੋਈ ਵਜੀਰ ਹੋਵੇ ਜਾਂ ਮੈਂਬਰ ਹੋਵੇ, ਉਸ ਨੂੰ ਸਦਨ ਵਿਚ ਗਲਤ ਗੱਲ ਨਹੀਂ ਕਹਿਣੀ ਚਾਹੀਦੀ। ਬਤੌਰ ਡਿਪਟੀ ਸਪੀਕਰ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਸੱਚ ਨੂੰ ਪੰਜਾਬ ਦੇ ਲੋਕਾਂ ਦੇ ਸਾਹਮਣੇ ਲਿਆਓ। ਤੁਸੀਂ ਪਿੱਛੇ ਕਿਹਾ ਹੈ ਕਿ ਇਹ ਪੁਆਇੰਟ ਆਫ ਆਰਡਰ ਨਹੀਂ ਹੈ। ਇਹ ਡੈਫੀਨਿਟਲੀ ਪੁਆਇੰਟ ਆਫ ਆਰਡਰ ਹੈ। ਕੋਈ ਵੀ ਇਥੇ ਗਲਤ ਬਿਆਨੀ ਨਹੀਂ ਕਰ ਸਕਦਾ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਉਹ ਕਨਕਲੂਡ ਕਰ ਰਹੇ ਹਨ ।

ਖੇਤੀਬਾੜੀ ਮੰਤਰੀ : ਜੋ ਉਸ ਵਕਤ ਦੇ ਪ੍ਰਧਾਨ ਮੰਤਰੀ ਨੇ ਇਨ੍ਹਾਂ ਨੂੰ ਕਨਵੇ ਕੀਤਾ, ਉਹ ਮੈਂ ਹਾਊਸ ਨੂੰ ਦਸਿਆ ਹੈ ।

ਸਰਦਾਰ ਰਵੀਇੰਦਰ ਸਿੰਘ : ਇਹ ਸਾਰਾ ਕੁਝ ਤੁਸੀਂ ਹਾਊਸ ਦੀ ਟੇਬਲ ਤੇ ਲੇ ਕਰ ਦਿਓ ।

ਖੇਤੀਬਾੜੀ ਮੰਤਰੀ : ਮੈਂ ਸਾਰਾ ਅਸੈਂਸ ਦਸ ਦਿਤਾ ਹੈ। ਉਦੋਂ ਬਾਦਲ ਸਾਹਿਬ ਚੀਫ਼ ਮਨਿਸਟਰ ਸਨ। ਪਰ ਹੁਣ ਉਨ੍ਹਾਂ ਨੇ ਭੇਖਲਾ ਪ੍ਰਗਟ ਕੀਤਾ ਹੈ ਕਿ ਪਾਣੀ ਵਿਦਡਰਾਅ ਹੋ ਜਾਵੇਗਾ । ਏਰੀਆ ਬੰਜਰ ਹੋ ਜਾਵੇਗਾ। ਡਾਕਟਰ ਕੇਵਲ ਕ੍ਰਿਸ਼ਨ ਉਸ ਵੇਲੇ ਐਮ. ਐਲ. ਏ. ਸਨ, ਮੈਂ ਵੀ ਐਮ. ਐਲ. ਏ. ਸੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਉਦੋਂ ਚੀਫ਼ ਮਨਿਸਟਰ ਸਨ। ਹੁਸ਼ਿਆਰਪੁਰ ਦੇ ਐਮ. ਅਲ. ਏਜ਼ ਨੇ ਰੌਲਾ ਪਾਇਆ ਕਿ ਸ਼ਾਹਪੁਰ ਕੰਡੀ ਕਨਾਲ ਨੂੰ ਅਗੇ ਐਕਸਟੈਂਡ ਕਰੋ। ਉਦੋਂ ਇਕ ਮੀਟਿਗ ਹੋਈ ਜਿਸ ਦੀ ਪ੍ਰਧਾਨਗੀ ਬਾਦਲ ਸਾਹਿਬ ਨੇ ਕੀਤੀ। ਕੰਡੀ ਕੈਨਾਲ ਦੀ ਜਿਹੜੀ 300 ਕਿਊਸਿਕਸ ਦੀ ਕਪੈਸਿਟੀ ਸੀ ਉਸ ਨੂੰ ਵਧਾਕੇ 500 ਕਿਊਸਿਕਸ ਕੀਤਾ ਗਿਆ । ਜਨਾਬ it is matter of record (ਵਿਘਨ) ਡਾਕਟਰ ਕੇਵਲ ਕ੍ਰਿਸ਼ਨ ਉਸ ਵੇਲੇ ਐਮ. ਐਲ. ਏ. ਸਨ, ਸ਼ਾਇਦ ਵੈਦ ਕਰਤਾਰ ਸਿੰਘ ਵੀ ਉਸ ਵੇਲੇ ਐਮ. ਐਲ. ਏ. ਹੋਣਗੇ, ਉਦੋਂ ਬਾਦਲ ਸਾਹਿਬ ਨੇ ਫੈਸਲਾ ਕੀਤਾ ਕਿ ਅਗਰ ਪਾਣੀ ਅਵੇਲੇਬਲ ਨਹੀਂ ਹੁਦਾ .....

ਸਰਦਾਰ ਰਵੀਇੰਦਰ ਸਿੰਘ : ਇਸ ਗਲ ਦੀ ਇਸ ਨਾਲ ਕੀ ਰੈਲੇਵੈਂਸੀ ਹੈ ?

ਖੇਤੀਬਾੜੀ ਮੰਤਰੀ : ਇਸ ਦੀ ਰੈਲੇਵੈਂਸੀ ਕਿਸ ਤਰ੍ਹਾਂ ਨਹੀਂ ਹੈ ? ਇਸ ਦੀ ਰੈਲੇਵੈਂਸੀ ਹੈ, ਇਹ ਬਿਨਾ ਮਤਲਬ ਮਾਨਯੋਗ ਮੈਂਬਰਜ਼ ਭੇਖਲਾ ਜ਼ਾਹਰ ਕਰਦੇ ਹਨ । ਇਹ ਅਗਰੀਡ ਅਪੋਨ ਪ੍ਰੋਗਰਾਮ ਹੈ ਜਿਸ ਦੇ ਨਾਲ ਇਰੀਗੇਸ਼ਨ ਹੋਣੀ ਹੈ । ਅਸੀਂ ਵਾਟਰ ਕੋਰਸਿਜ਼ ਦੀ ਲਾਈਨਿੰਗ ਅਡਾਪਟ ਕੀਤੀ ਹੈ । ਪਾਣੀ ਦੀ ਸੇਵਿੰਗ ਵਧੀ ਹੈ । ਪਹਿਲਾਂ ਜਿਹੜੀ ਕਾਂਗਰਸ ਪਾਰਟੀ ਦੀ ਸਰਕਾਰ ਸੀ ਜਿਸ ਦੇ ਚੀਫ ਮਨਿਸਟਰ ਗਿਆਨੀ ਜ਼ੈਲ ਸਿੰਘ ਜੀ ਸਨ, ਉਸ ਸਰਕਾਰ ਨੇ ਟਿਊਬਵੈਲਜ ਖਾਲਿਆਂ ਦੀ ਲਾਈਨਿੰਗ ਦਾ ਕੰਮ ਸ਼ੁਰੂ ਕੀਤਾ ਸੀ। ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਆਈ ਉਨ੍ਹਾਂ ਨੂੰ ਇਹ ਲਾਈਨਿੰਗ ਦੀ ਗੱਲ ਚੰਗੀ ਲਗੀ, ਕੈਨਾਲ ਦੀ ਲਾਈਨਿੰਗ ਸ਼ੁਰੂ ਕੀਤੀ । ਇਹ ਇਨ੍ਹਾਂ ਨੇ ਅਪਰੂਵ ਕੀਤੀ । ਇਸ ਦੇ ਨਾਲ 2.8 ਮਿਲੀਅਨ ਏਕੜ ਫੀਟ ਪਾਣੀ ਸੇਵ ਹੋਇਆ। It would be available at distributory head. There would be no loss. This water will be able to irrigate 12 lakh acres. ਇਹ ਪ੍ਰੋਗਾਮ ਵੀ ਅਸੀਂ ਸ਼ੁਰੂ ਕੀਤੇ । ਲੇਕਿਨ ਜਿਨ੍ਹਾਂ ਦਾ ਹੱਕ ਬਣਦਾ ਹੈ ਉਹ ਵੀ ਦੇਣਾ ਪੈ ਦਾ ਹੈ । ਅਸੀਂ ਕੋਈ ਪੰਜਾਬ ਦਾ ਨੁਕਸਾਨ ਨਹੀਂ ਕੀਤਾ। ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਸੀ ਤਾਂ ਉਦੋਂ ਇਨ੍ਹਾਂ ਨੇ ਕੁਝ ਨਹੀਂ ਕੀਤਾ । ਮੈਂ ਬਾਦਲ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ 1978 ਵਿਚ ਇਹੀ ਗਲ ਸੀ । ਇਨ੍ਹਾਂ ਨੇ ਚੌਧਰੀ ਦੇਵੀ ਲਾਲ ਨੂੰ ਚਿਠੀਆਂ ਵੀ ਲਿਖੀਆਂ ਹਨ।

ਸ਼੍ਰੀ ਡਿਪਟੀ ਸਪੀਕਰ : ਹੁਣ ਕਨਕਲੂਡ ਕਰੋ ।

ਖੇਤੀ ਬਾੜੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਬਰਨਾਲਾ ਸਾਹਿਬ ਨੇ ਇਸ ਨਹਿਰ ਦੇ ਡਿਸਚਾਰਜ ਬਾਰੇ ਗਲ ਕੀਤੀ ਸੀ। ਮਾਨਯੋਗ ਮੈਂਬਰ ਨੇ ਸਵਾਲ ਵੀ ਠੀਕ ਕੀਤਾ ਹੈ । ਸੀਰੀਜ਼ ਦਾ ਵੀ ਇਥੇ ਜ਼ਿਕਰ ਕੀਤਾ ਗਿਆ ਹੈ । .8 ਐਮ. ਏ. ਐਫ. ਪਾਣੀ ਪਹਿਲਾਂ ਜੋ ਜਾ ਰਿਹਾ

Original with;
Punjab Vidhan Sabha
Digitized by;
Panjab Digital Library

[ਖਤੀਬਾੜੀ ਮੰਤਰੀ]

ਹੈ, 1976 ਦੇ ਅਵਾਰਡ ਤੋਂ ਉਹ ਚਲ ਰਿਹਾ ਹੈ । ਇਸ ਤੋਂ ਇਲਾਵਾ ਬਾਕੀ ਦੀ ਕਪੈਸਿਟੀ ਦੀ ਨਹਿਰ ਬਣਾ ਦਿਤੀ ਜਾਵੇਗੀ । (ਵਿਘਨ) (ਇਕ ਆਵਾਜ਼ : ਪੂਰੀ ਕਪੈਸਿਟੀ ਦੱਸੋ । ਜਮਨਾਂ ਦੇ ਪਾਣੀ ਦਾ ਵੀ ਦੱਸੋ) ਜੋ ਬਾਦਲ ਸਾਹਿਬ ਨੇ ਕੀਤਾ ਹੈ ਉਸ ਦੇ ਵਿਚ ਸਤਲੁਜ, ਬਿਆਸ ਔਰ ਰਾਵੀ ਹੈ । ਜਮਨਾ ਦਾ ਜ਼ਿਕਰ ਨਹੀਂ ਹੈ । ਮਾਨਯੋਗ ਮੈਂਬਰਾਂ ਨੇ ਇਥੇ ਐਵੇਂ ਕਹਿ ਦਿਤਾ ਕਿ ਅਲਾਈਨਮੈਂਟ ਨਹੀਂ ਹੋਣੀ ਚਾਹੀਦੀ । ਇਹ ਐਡਮਿਟਿਡ ਫੈਕਟ ਹੈ ਕਿ ਪਾਣੀ ਗਰਾਊਂਡ ਤੋਂ ਹੀ ਜਾਵੇਗਾ, ਹਵਾ ਤੋਂ ਤਾਂ ਜਾ ਨਹੀਂ ਸਕਦਾ । ਅਸੀਂ ਪ੍ਰੋਜੈਕਟਸ ਦੀ ਯੂਟੇਲਾਈਜ਼ੇਸ਼ਨ ਮੈਕਸੀਮਮ ਵਧਾਈ ਹੈ । ਡਿਪਟੀ ਸਪੀਕਰ ਸਾਹਿਬ, ਸਾਰੀਆਂ ਗਲਾਂ ਕਨਸਿਡਰ ਕਰਨੀਆਂ ਪੈਂਦੀਆਂ ਹਨ। ਪਹਿਲਾਂ ਜੋ ਇਕ ਐਟਮਾਸਫੀਅਰ ਕਰੀਏਟ ਹੋ ਗਿਆ ਸੀ ਅਤੇ ਕੋਈ ਸਾਡੇ ਨਾਲ ਗਲ ਨਹੀਂ ਸੀ ਕਰਨਾ ਚਾਹੁੰਦਾ । ਇਹੀ ਕਹਿੰਦੇ ਸਨ ਕਿ ਪੰਜਾਬ ਵਾਲੇ ਸਾਨੂੰ ਪਾਣੀ ਨਹੀਂ ਦਿਦੇ । ਰਾਜਸਥਾਨ ਸਰਕਾਰ ਸਾਡੇ ਨਾਲ ਗਲ ਕਰਨ ਨੂੰ ਪਹਿਲਾਂ ਤਿਆਰ ਨਹੀਂ ਸੀ । ਅੱਜ ਉਹ ਅੰਗੂਠਾ ਲਾ ਕੇ ਚਲਾ ਗਿਆ ਹੈ । ਉਸ ਨੇ ਕਿਹਾ ਹੈ ਕਿ ਜਿੰਨਾ ਚਿਰ ਆਪਣੀ ਅਸੀਂ ਪੋਟੈਂਸ਼ੀਅਲ ਨਹੀਂ ਵਧਾਉਂਦੇ ਪਾਣੀ ਤੁਸੀਂ ਵਰਤੀ ਜਾਓ । ਤੁਸੀਂ ਸਾਡੇ ਸ਼ੁਕਰ ਗੁਜ਼ਾਰ ਹੋਵੋ ਕਿ ਅਸੀਂ ਤੁਹਾਨੂੰ ਇਨ੍ਹਾਂ ਉਲਝਿਆਂ ਤੋਂ ਬਚਾ ਦਿਤਾ ਹੈ । ਤੇ, ਡਿਪਟੀ ਸਪੀਕਰ ਸਾਹਿਬ, ਇਹ ਸਭ ਤੋਂ ਵਡੀ ਅਚੀਵਮੈਂਟ ਹੈ ਕਿ ਜਿਸ ਤਰ੍ਹਾਂ ਅਸੀਂ ਐਗਰੀਮੈਂਟ ਕੀਤਾ ਹੈ ਅਤੇ ਜਿਸ ਮਾਹੌਲ ਵਿੱਚ ਅਸੀਂ ਐਗਰੀਮੈਂਟ ਕੀਤਾ ਹੈ ਉਸ ਦੇ ਨਾਲ ਸਾਨੂੰ ਫਾਇਦਾ ਹੋਵੇਗਾ । ਪੰਜਾਬ ਦੇ ਜਿਹੜੇ ਪ੍ਰਾਜੈਕਟਸ ਹਨ ਜਿਵੇਂ ਥੀਨ ਡੈਮ ਪ੍ਰਾਜੈਕਟ ਹੈ, ਮੁਕੇਰੀਆਂ ਹਾਈਡਲ ਪ੍ਰਾਜੈਕਟ ਹੈ, ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਹੈ, ਸ਼ਾਹ ਪੁਰ ਕੰਡੀ ਕੈਨਾਲ ਪ੍ਰਾਜੈਕਟ ਹੈ ਇਨ੍ਹਾਂ ਦੇ ਵਿੱਚ ਮੈਂ ਨੂੰ ਯਕੀਨ ਹੈ ਕਿ ਪੰਜਾਬ ਦੀ ਖੁਸ਼ਹਾਲੀ ਲਈ ਜੋ ਕਦਮ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਚੁਕਿਆ ਹੈ ਉਸ ਦੇ ਵਿੱਚ ਸਰਦਾਰ ਦਰਬਾਰਾ ਸਿੰਘ ਜੀ ਦੀ ਲੀਡਰ ਸ਼ਿਪ ਨੇ ਰਸਤਾ ਸਾਫ ਕੀਤਾ ਹੈ । ਕੋਈ ਦੇਰ ਨਹੀਂ ਜਦੋਂ ਇਹ ਸਾਰੇ ਪ੍ਰੋਜੈਕਟਸ ਕੰਪਲੀਟ ਹੋਣਗੇ ਤਾਂ ਪੰਜਾਬ ਦੀ ਖੁਸ਼ਹਾਲੀ ਹੋਰ ਵਧੇਗੀ । ਜੈ ਹਿੰਦ।

EXTENSION OF TIME OF SITTING

Mr. Deputy Speaker : If the House agrees the time of the sitting of the House be extended by 20 minutes.

Voices : Yes, yes.

Mr. Deputy Speaker : The time of the sitting of the House is extended by 20 minutes .

MOTION UNDER RULE 77
(Resumption of Discussion)

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਮਸ਼ਕੂਰ ਹਾਂ ਸਪੀਕਰ ਸਾਹਿਬ ਦਾ ਅਤੇ ਆਪ ਦਾ ਕਿ ਤੁਸੀਂ ਹਾਊਸ ਵਿੱਚ ਇਸ ਬਾਰੇ ਡਿਸਕਸ਼ਨ ਕਰਾਈ ਤਾਂ ਕਿ ਸਾਰੀ ਗਲ ਸਾਫ਼ ਹੋ ਜਾਵੇ ਕਿ ਗਲ ਕਿਥੇ ਖਲੋਤੀ ਹੈ । ਅਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਆਪਣੀ ਸਾਰੀ ਗਲ ਐਕਸਪਲੇਨ ਕਰਨ ਲਈ ਮੋਰ ਦੈਨ 40 ਮਿੰਟ ਲਏ ਹਨ । ਉਨ੍ਹਾਂ ਨੇ ਜ਼ਿਆਦਾ ਵਕਤ ਇਸ ਕਰ ਕੇ ਲਾਇਆ ਕਿ ਪੰਜਾਬ ਨਾਲ ਕੋਈ ਡਿਸਕ੍ਰੀਮੀਨੇਸ਼ਨ ਹੈ । ਇਥੇ ਇਹ ਵੀ ਜ਼ਿਕਰ ਕੀਤਾ ਗਿਆ ਕਿ ਨਾ ਕੋਈ ਲੋਹਾ ਹੈ, ਨਾ ਕੋਲ੍ਹਾ ਹੈ ਅਤੇ ਨਾ ਹੀ ਪੰਜਾਬ ਵਿੱਚ ਜੰਗਲਾਤ

Original with;
Punjab Vidhan Sabha
Digitized by;
Panjab Digital Library

ਹਨ । ਜੰਗਲਾਤ ਤਾਂ ਆਪਣੇ ਆਪ ਦੇ ਦਿੱਤੇ ਹਨ । ਇਹ ਤਾਂ ਆਪ ਕਿਹਾ ਹੈ ਕਿ ਜੰਗਲਾਤ ਜਿਹੜੇ ਹਨ ਉਹ ਹਿਮਾਚਲ ਪ੍ਰਦੇਸ਼ ਵਾਲੇ ਪਾਸੇ ਜਾਣ । ਇਹ ਕਿਸ ਨੇ ਐਸਾ ਕੀਤਾ ਹੈ ? ਇਸ ਗਲ ਦਾ ਸਾਰਿਆਂ ਨੂੰ ਪਤਾ ਹੈ, ਮੈਂ ਉਸ ਪਾਸੇ ਨਹੀਂ ਜਾਣਾ ਚਾਹੁੰਦਾ ਜਿਸ ਦੇ ਨਾਲ ਕਿਸੇ ਦੇ ਦਿਲ ਨੂੰ ਕੋਈ ਚੋਭ ਮਹਿਸੂਸ ਹੁੰਦੀ ਹੋਵੇ । ਜਦੋਂ ਕੋਈ ਗਲਤੀ ਕਰਦਾ ਹੈ ਅਤੇ ਜੇ ਉਸ ਨੂੰ ਕੋਈ ਚੋਭ ਹੋਵੇ ਤਾਂ ਫਿਰ ਮਿੱਠਾ ਮਿੱਠਾ ਦਰਦ ਜ਼ਰੂਰ ਹੁੰਦਾ ਹੈ । ਮੈਂ ਉਸ ਪਾਸੇ ਨਹੀਂ ਜਾਂਦਾ । ਮੈਂ ਸਿਰਫ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਇਥੇ ਬਾਦਲ ਸਾਹਿਬ ਦੀ ਸਰਕਾਰ ਸੀ ਅਤੇ ਉਸ ਤੋਂ ਪਹਿਲਾਂ ਇਥੇ ਕਾਂਗਰਸ ਪਾਰਟੀ ਦੀ ਸਰਕਾਰ ਸੀ, ਜਦੋਂ ਇਸ ਗਲ ਦਾ ਫੈਸਲਾ ਹੋਇਆ ਕਿ ਪੰਜਾਬ ਨੂੰ ਸਾਂਝੇ ਤੌਰ ਤੇ ਪਾਣੀ ਮਿਲਣਾ ਹੈ । 3.5 ਐਮ. ਏ. ਐਫ. ਹਰਿਆਣੇ ਨੂੰ ਮਿਲਣਾ ਸੀ ਅਤੇ 3.5 ਐਮ. ਏ. ਐਫ. ਪੰਜਾਬ ਨੂੰ ਮਿਲਣਾ ਸੀ। 3.5, 3.5 ਐਮ. ਏ. ਐਫ. ਦਾ ਫੈਸਲਾ ਹੋਇਆ ਸੀ। ਉਦੋਂ ਦੇ ਚੀਫ਼ ਮਨਿਸਟਰ ਜੋ ਕਾਂਗਰਸ ਪਾਰਟੀ ਦੇ ਸਨ ਉਨ੍ਹਾਂ ਨੇ ਇਹ ਜ਼ਰੂਰ ਲਿਖਿਆ ਸੀ ਕਿ ਇਸ ਦੇ ਵਿੱਚ ਕੁਝ ਬਦਲ ਹੋਣੀ ਚਾਹੀਦੀ ਹੈ, ਪੰਜਾਬ ਨੂੰ ਘਾਟਾ ਹੈ। ਇਸ ਦੇ ਵਿੱਚ ਕੋਈ 2 ਰਾਵਾਂ ਨਹੀਂ ਕਿ ਉਦੋਂ ਇਹ ਲਿਖਿਆ ਗਿਆ ਸੀ ਲੇਕਿਨ ਇਨ੍ਹਾਂ ਦੇ ਆਉਣ ਤੋਂ ਬਾਅਦ ਇਨ੍ਹਾਂ ਨੇ ਫਿਰ ਐਕਸਪਲੇਨ ਕੀਤਾ ਹੈ । ਮੇਰੇ ਸਾਥੀ ਮਨਿਸਟਰ ਸਾਹਿਬ ਨੇ ਸਾਰਾ ਕੁਝ ਦੱਸਿਆ ਹੈ । ਇਹ ਕਹਿੰਦੇ ਹਨ ਕਿ ਅਸੀਂ ਸੁਪਰੀਮ ਕੋਰਟ ਵਿੱਚ ਗਏ ਹਾਂ । ਇਸ ਦੇ ਬਾਰੇ ਵੀ ਸਭ ਨੂੰ ਪਤਾ ਹੈ ਕਿ ਸਭ ਤੋਂ ਪਹਿਲਾਂ ਹਰਿਆਣਾ ਕੋਰਟ ਵਿਚ ਗਿਆ ਅੱਰ ਉਸ ਨੇ ਕਿਹਾ ਕਿ 3.5, 3.5 ਐਮ. ਏ. ਐਫ. ਦਾ ਜੋ ਫੈਸਲਾ ਹੈ ਉਹ ਲਾਗੂ ਹੋਣਾ ਚਾਹੀਦਾ ਹੈ । ਉਸ ਤੋਂ ਬਾਅਦ ਇਹ ਸੁਪਰੀਮ ਕੋਰਟ ਵਿਚ ਗਏ । ਸਭ ਤੋਂ ਪਹਿਲਾਂ ਹਰਿਆਣਾ ਨੇ ਯਤਨ ਕੀਤਾ ਅੱਰ ਇਨ੍ਹਾਂ ਨੇ ਫਾਲੋ ਕੀਤਾ । ਪਹਿਲ ਇਨ੍ਹਾਂ ਨੇ ਨਹੀਂ ਕੀਤੀ, ਪਹਿਲ ਉਨ੍ਹਾਂ ਨੇ ਕੀਤੀ ਸੀ । ਇਹ ਕਤਅਨ ਗਲਤ ਬਾਤ ਕਹਿੰਦੇ ਹਨ। ਇਨ੍ਹਾਂ ਨੇ ਫਾਲੋ ਕੀਤਾ ਸੀ । ਇਹ ਇਸ ਵੇਲੇ ਹੁਣ ਕਹਿੰਦੇ ਹਨ ਕਿ ਕਿ ਕੇਸ ਵਾਪਸ ਕਿਉਂ ਲਿਆ । ਮੈਂ ਇਹ ਕਹਿੰਦਾ ਹਾਂ ਕਿ ਕੇਸ ਜਿਸ ਵੇਲੇ ਵਾਪਸ ਲਿਆ ਤਾਂ ਉਸ ਵੇਲੇ ਸਾਨੂੰ ਕਿਹਾ ਗਿਆ ਕਿ ਅਸੀਂ ਫਰੈਸ਼ ਲੁਕ ਕਰਾਂਗੇ ਤਾਂ ਅਸੀਂ ਮੰਨਿਆ ਹੈ । ਪ੍ਰਾਈਮ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਫਰੈਸ਼ ਲੁਕ ਕਰਾਂਗੇ । ਫਿਰ ਅਸੀਂ ਗੇਨ ਕੀਤਾ ਹੈ, ਲੂਜ਼ ਨਹੀਂ ਕੀਤਾ । (ਬੰਪਿੰਗ) ਸੀਰੀਜ਼ ਬਾਰੇ ਇਹ ਜ਼ਿਕਰ ਕੀਤਾ ਗਿਆ ਕਿ ਇਹ ਬਦਲੀਆਂ ਹਨ । ਮੈਂ ਉਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਜਦੋਂ ਅਸੀਂ ਪਾਕਿਸਤਾਨ ਨਾਲ ਨੈਗੋਸੀਏਸ਼ਨ ਕੀਤੀ ਸੀ ਉਸ ਵੇਲੇ ਜਿਹੜੀਆਂ ਸੀਰੀਜ਼ ਸਨ ਉਹ 1921 ਤੋਂ 1945 ਤਕ ਦੀਆਂ ਸਨ । ਉਦੋਂ ਤਕਸੀਮ ਤੋਂ ਪਹਿਲਾਂ ਦੀਆਂ ਲਈਆਂ ਜਾ ਸਕਦੀਆਂ ਸੀ, ਬਾਅਦ ਦੀਆਂ ਤਾਂ ਨਹੀਂ ਸੀ ਲਈਆਂ ਜਾ ਸਕਦੀਆਂ। ਉਦੋਂ 1957 ਦੀਆਂ ਤਾਂ ਨਹੀਂ ਸੀ ਲਈਆਂ ਜਾ ਸਕਦੀਆਂ। ਸੀਰੀ ਦਾ ਮਤਲਬ ਕੀ ਹੈ ? ਦਰਿਆਵਾਂ ਦਾ ਪਾਣੀ ਕਦੇ ਘੱਟ ਹੁੰਦਾ ਹੈ, ਕਦੇ ਵੱਧ ਹੁੰਦਾ ਹੈ। ਐਮ. ਏ. ਐਫ. ਦਾ ਮਤਲਬ ਹੈ ਮਿਲੀਅਨ ਏਕੜ ਫੀਟ । ਕਦੇ ਐਮ. ਏ. ਐਫ. ਕੁਝ ਘੱਟ ਜਾਂਦਾ ਹੈ ਅਤੇ ਕਦੇ ਵੱਧ ਜਾਂਦਾ ਹੈ । ਐਵਰੇਜ ਉਸ ਵੇਲੇ ਦੀ ਲੈ ਲਈ ਗਈ ਸੀ । ਅਸੀਂ ਇਹ 1921 ਤੋਂ 1959 ਤੱਕ ਦੀਆਂ ਲਈਆਂ ਹਨ । ਇਸ ਲਈ ਕੋਈ ਐਸੀ ਗੱਲ ਨਹੀਂ ਕੀਤੀ ਗਈ ਕਿ ਸੀਰੀਜ਼ ਬਦਲਣ ਨਾਲ ਕੋਈ ਗਲਤ ਗਲ ਕੀਤੀ ਹੈ । ਮੈਂ ਇਸ ਗਲ ਤੇ ਫ਼ਰਮ ਹਾਂ ਜੋ ਕੁਝ ਸੀਰੀਜ਼ ਵਿਚ ਦਿਤਾ ਗਿਆ ਹੈ ਉਹ ਬਿਲਕੁਲ ਠੀਕ ਹੈ । ਪਹਿਲਾਂ 1945 ਦੀਆਂ ਸੀਰੀਜ਼ ਠੀਕ ਸਨ ਤੇ ਹੁਣ ਜਿਹੜੀਆਂ 1959 ਤਕ ਦੀਆਂ ਹਨ ਉਹ ਵੀ ਠੀਕ ਹਨ । ਇਹ ਕਹਿੰਦੇ ਹਨ ਕਿ ਇਹ ਸੁਪਰੀਮ ਕੋਰਟ ਵਿਚ ਪਹਿਲਾਂ ਗਏ ਇਹ ਗਲਤ ਹੈ । ਇਨ੍ਹਾਂ ਨੂੰ ਸੀਰੀਜ਼ ਦਾ ਪਤਾ ਹੋਵੇਗਾ । ਮੈਂ ਦਸਦਾ ਹਾਂ ਕਿ 1945 ਦੀਆਂ ਸੀਰੀਜ਼ ਨਹੀਂ ਲਈਆਂ ਜਾ ਸਕਦੀਆਂ । ਕੀ ਉਸ ਦੇ ਬਾਅਦ ਦਰਿਆਵਾਂ ਵਿਚ ਪਾਣੀ ਨਹੀਂ ਚਲਿਆ । ਪਾਣੀ ਵਧਦਾ ਘਟਦਾ ਰਹਿੰਦਾ ਹੈ । ਇਸ ਗਲ ਦਾ ਸਪਸ਼ਟੀਕਰਣ ਹੋਣਾ ਚਾਹੀਦਾ ਹੈ । ਇਸ ਤੋਂ ਇਲਾਵਾ ਇਹ ਕਹਿਣਾ ਕਿ ਪਾਣੀ

Original with;
Punjab Vidhan Sabha
Digitized by;
Panjab Digitization Project

[ਮੁੱਖ ਮੰਤਰੀ]

ਸਾਨੂੰ ਘਟ ਮਿਲਿਆ ਹੈ ਇਹ ਠੀਕ ਨਹੀਂ । ਇਨ੍ਹਾਂ ਦੇ ਸਮੇਂ 3.5 ਐਮ. ਏ. ਐਫ. ਇਨ੍ਹਾਂ ਨੇ ਅੈਕਸੈਪਟ ਕੀਤਾ । ਮੈਂ ਦਸਦਾ ਹਾਂ ਕਿ ਇਕ ਪਾਸੇ ਇਹ ਕਹਿੰਦੇ ਹਨ ਕਿ ਸਾਡੇ ਨਾਲ ਜ਼ਿਆਦਤੀ ਹੋਈ ਹੈ ਅਤੇ ਦੂਜੇ ਪਾਸੇ ਇਕ ਕਰੋੜ ਰੁਪਏ ਅੈਕਸੈਪਟ ਕਰ ਲਏ । ਉਹ ਚਿੱਠੀਆਂ ਲਿਖਦੇ ਹਨ ਇਹ ਜਵਾਬ ਦੇਣ ਜਾਂ ਨਾ ਦੇਣ ਇਨ੍ਹਾਂ ਦੀ ਮਰਜ਼ੀ ਉਹ ਕਹਿੰਦੇ ਹਨ ਕਿ ਸਾਡੇ ਰਿਕਾਰਡ ਤੇ ਹੈ। ਜਦੋਂ ਵਚਨ ਕੀਤਾ ਸੀ ਉਸ ਵਚਨ ਤੇ ਕਾਇਮ ਰਹਿਣ ਦੀ ਬਜਾਏ ਜਵਾਬ ਨਾ ਦੇਣਾ ਇਸ ਦੇ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ । ਹਰਿਆਣਾ ਵਾਲਿਆਂ ਨੇ ਕਿਹਾ ਕਿ ਜਿਹੜਾ ਫੈਸਲਾ ਹੋਇਆ ਉਸ ਨੂੰ ਲਾਗੂ ਕੀਤਾ ਜਾਏ । (ਬੰਪਿੰਗ) ਅਸੀਂ ਕਹਿੰਦੇ ਹਾਂ ਕਿ ਕਿ ਅਸੀਂ .06 ਰਾਜਸਥਾਨ ਤੋਂ ਲਿਆ ਹੈ । ਉਨ੍ਹਾਂ ਦਾ ਆਪਣਾ ਬਿਆਨ ਹੈ ਕਿ ਉਹ ਇਹ ਪਾਣੀ ਅਗਲੇ ਦਸ ਸਾਲਾਂ ਵਿਚ ਯੂਟੇਲਾਈਜ਼ ਨਹੀਂ ਕਰ ਸਕਣਗੇ । ਅਗਰ ਦਸ ਸਾਲਾਂ ਤਕ ਅਸੀਂ ਇਹ ਪਾਣੀ ਵਰਤਦੇ ਹਾਂ ਤਾਂ ਇਸ ਸਮੇਂ ਦੇ ਅੰਦਰ ਅੰਦਰ ਅਸੀਂ ਆਪਣਾ ਕੋਈ ਇੰਤਜ਼ਾਮ ਅਗਰ ਨਾ ਵੀ ਕਰ ਸਕੇ ਤਾਂ ਵੀ ਜਿਹੜਾ ਸੀਪੇਜ ਨੂੰ ਰੋਕਣ ਵਾਸਤੇ ਲਾਈਨਿੰਗ ਕਰ ਰਹੇ ਹਾਂ ਇਤਨਾ ਪਾਣੀ ਅਸੀਂ ਬਚਾ ਸਕਾਂਗੇ । ਅਗਰ ਰਾਜਸਥਾਨ ਆਪਣਾ ਪਾਣੀ ਵਿਦਡਰਾਅ ਵੀ ਕਰ ਲਵੇ ਤਾਂ ਵੀ 1.68 ਐਮ. ਏ. ਐਫ. ਸਾਡੇ ਕੋਲ ਆਉਂਦਾ ਹੈ । 4.2+1.68 ਐਮ. ਏ. ਐਫ. ਸਾਡੇ ਕੋਲ ਰਹੇਗਾ । ਜਿਹੜਾ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਹੈ, ਇਸ ਦੇ ਨਾਲ ਕੋਈ ਫ਼ਾਇਦਾ ਨਹੀਂ ਹੋਵੇਗਾ । ਮੈਂ ਇਸ ਗਲ ਨੂੰ ਚੈਲੰਜ ਕਰਦਾ ਹਾਂ ਕਿ ਅੌਰ ਕਹਿੰਦਾ ਹਾਂ ਕਿ ਜਿਹੜਾ ਪਾਣੀ ਸਾਨੂੰ ਮਿਲਿਆ ਹੈ ਇਸ ਦੇ ਨਾਲ ਇਕ ਇੰਚ ਧਰਤੀ ਬੈਰਾਨ ਨਹੀਂ ਹੋਵੇਗੀ । ਲੋਕਾਂ ਨੂੰ ਭੁਲੇਖੇ ਨਾ ਪਾਓ ਆਪਣੇ ਕੀਤੇ ਕੱਚੇ ਕੰਮਾਂ ਨੂੰ ਇਥੇ ਪਰਪੱਕ ਬਣਾਉਣ ਵਾਸਤੇ ਨਾ ਕਰੋ ਫਿਊਚਰ ਪ੍ਰਾਜੈਕਟਸ ਜਿਹੜੇ ਹਨ ਉਨ੍ਹਾਂ ਵਾਸਤੇ ਕੋਈ ਬੇਸ ਬਣਾਉਣੇ ਚਾਹੀਦੇ ਹਨ । ਇਨ੍ਹਾਂ ਨੇ ਬਹੁਤ ਕੁਝ ਕਿਹਾ । ਰੀਆਰਗੇਨਾਈਜ਼ੇਸ਼ਨ ਅੈਕਟ ਦਾ ਜ਼ਿਕਰ ਕੀਤਾ ਹੈ, 1966 ਦੇ ਅੈਕਟ ਦਾ ਜ਼ਿਕਰ ਕੀਤਾ ਹੈ । ਜੇ ਤਾਂ ਕਿਤੇ ਫਲਾਊਟ ਕੀਤਾ ਹੋਵੇ ਜਾਂ ਕਿਹਾ ਹੋਵੇ ਅਸੀਂ ਅੈਗਰੀ ਨਹੀਂ ਕਰਦੇ । ਉਸ ਦੇ ਮੁਤਾਬਕ ਸਾਰੇ ਫੈਸਲੇ ਹੁੰਦੇ ਰਹੇ ਹਨ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ ਕਿ 3.5 ਦੀ ਬਜਾਏ 4.2 ਐਮ. ਏ. ਐਫ. ਲਿਆਂਦਾ ਹੈ ਅਤੇ 1.6 ਐਮ. ਏ. ਐਫ. ਰਾਜਸਥਾਨ ਤੋਂ ਵਿਦਡਰਾਅ ਕੀਤਾ ਹੈ । ਇਹ ਕਹਿਣਾ ਕਿ ਉਹ ਯੂਟੇਲਾਈਜ਼ ਕਰ ਸਕਣਗੇ 10 ਸਾਲ ਲਗਣਗੇ ਜਾਂ 20 ਸਾਲ ਲਗਣਗੇ, ਇਹ ਉਹ ਜਾਨਣ । ਇਰਾਨ ਦਾ ਬਾਦਸ਼ਾਹ ਗੁਜ਼ਰ ਗਿਆ ਹੈ ਉਨ੍ਹਾਂ ਨੇ ਕਿਹਾ ਸੀ ਕਿ ਰਾਜਸਥਾਨ ਦੇ ਪਾਣੀ ਲਈ ਜੋ ਕੁਝ ਪੈਸਾ ਲਗੇਗਾ ਉਹ ਮੈਂ ਦੇਵਾਂਗਾ । ਹੁਣ ਖੁਮੈਨੀ ਆ ਗਿਆ ਹੈ। ਉਹ ਵਿਚਾਰੇ ਕਿਤੇ ਅਰਬਾਂ ਕਰੋੜਾਂ ਰੁਪਏ ਪਾਣੀ ਦੇ ਸੋਰਸਿਜ਼ ਵਾਸਤੇ ਲਗਾ ਸਕਦੇ ਹਨ । ਹੈਡ ਵਰਕਸ ਬਾਹਰ ਲਾਵਾਂਗੇ ਇਸ ਬਾਰੇ ਅੈਗਰੀਮੈਂਟ ਕੀਤਾ ਹੈ ਕਿਸੇ ਹੈਡ ਵਰਕਸ ਦਾ ਨਾਂ ਨਹੀਂ ਲਿਖਿਆ, ਪਾਣੀ ਦੀ ਜੋ ਤਕਸੀਮ ਹੈ ਉਸ ਦੇ ਦੇਖ ਰੇਖ ਵਾਸਤੇ ਹੀ ਲਿਖਿਆ ਹੋਇਆ ਹੈ ਇਹ ਤਾਂ ਦੂਜਿਆਂ ਨੂੰ ਵੀ ਇਜਾਜ਼ਤ ਹੈ ਆਇਆ ਸਾਡਾ ਪਾਣੀ ਠੀਕ ਜਾ ਰਿਹਾ ਹੈ। ਜਿਹੜਾ ਵੀ ਹਿੱਸੇਦਾਰ ਹੈ ਉਹ ਵੇਖ ਸਕਦਾ ਹੈ ਕੰਟਰੋਲ ਹੈਡ ਵਰਕਸ ਪੰਜਾਬ ਦਾ ਰਹੇਗਾ ਇਹ ਵਾਜ਼ੇ ਤੌਰ ਤੇ ਅੈਕਟ ਵਿਚ ਹੈ। ਮੈਨੂੰ ਨਹੀਂ ਪਤਾ ਕਿ ਇਹ ਕਿਸ ਗੱਲ ਦਾ ਤੌਖਲਾ ਪ੍ਰਗਟ ਕਰਦੇ ਹਨ। ਇਥੇ ਦੋ ਤਿੰਨ ਸੱਜਨਾਂ ਨੇ ਕਿਹਾ ਹੈ ਕਿ ਨਾਲ ਦੀ ਸਟੇਟ ਦਾ ਇੰਟਰੈਸਟ ਵਾਚ ਕੀਤਾ ਜਾਏ ਉਸ ਦਾ ਨੁਕਸਾਨ ਨਾ ਹੋਵੇ । ਭਾਵੇਂ ਸਾਡੇ ਨੇੜੇ ਦਾ ਗਵਾਂਢੀ ਹੋਵੇ ਜਾਂ ਕੋਈ ਨੈਸ਼ਨਲ ਇੰਟਰੈਸਟ ਹੋਵੇ ਉਸ ਤੇ ਪ੍ਰਾਇਰਿਟੀ ਦੇਣੀ ਪਏਗੀ, ਹਰ ਇਕ ਨੇ ਆਪਣੇ ਪੁਲੀਟੀਕਲ ਨਜ਼ਰੀਏ ਨਾਲ ਅੈਕਸਪਲਾਇਟੇਸ਼ਨ ਕਰਨੀ ਹੈ। ਇਹ ਕਰਨਗੇ ਅਤੇ ਮੈਂ ਰੋਕ ਨਹੀਂ ਸਕਦਾ। ਇਥੇ ਕਹਿੰਦੇ ਹਨ ਕਿ ਖੂਨ ਬਹਾ ਦਿਆਂਗੇ ਤੁਸੀਂ ਪਾਣੀ ਬਹਾ ਦਿੰਦੇ ਤੁਹਾਡੇ ਕੋਲ ਰਾਜ ਸੀ। ਤੁਸੀਂ ਕਹਿੰਦੇ ਹੋ ਕਿ ਭਿਸਾਈ ਕੋਲੋਂ ਖਿਚ ਕੇ ਲਿਆਂਦਾ ਇਕ ਕਰੋੜ ਰੁਪਿਆ ਅਤੇ ਨਾਲ ਹੀ ਨਾਮੁਕਮਲ ਜਵਾਬ ਦਿਤਾ ਪਤਾ ਨਹੀਂ ਕਿਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਹਕਮ ਕਰ ਗਏ। ਮੇਰੀ ਬਾਬਤ ਕਹਿੰਦੇ ਹਨ ਕਿ ਅਸਤੀਫਾ ਦੇਣਾ ਚਾਹੀਦਾ ਸੀ। ਮਗਰ ਤੁਸੀਂ ਅਸਤੀਫਾ ਦੇ ਕੇ ਕੋਈ ਪਰੰਪਰਾ ਕਾਇਮ ਕੀਤੀ ਹੁੰਦੀ ਤਾਂ ਅੱਜ ਮੇਰਾ ਅਸਤੀਫਾ ਤੁਹਾਡੇ ਹੱਥ ਵਿਚ ਹੁੰਦਾ। ਮੈਂ ਆਪਣੇ ਲੀਡਰ ਦਾ ਬਿਲਕੁਲ ਪਾਬੰਦ ਹਾਂ ਅੌਰ ਉਸ ਦਾ ਫੇਥਫੁਲ ਰਹਿਣਾ ਨਿਹਾਇਤ ਜ਼ਰੂਰੀ ਹੈ। ਪਤਾ ਨਹੀਂ ਤੁਹਾਡਾ ਲੀਡਰ ਕਿਤੇ ਹੈ ਜਾਂ ਨਹੀਂ ਪਰ ਸਾਡੇ ਤੇ ਅੰਕੁਸ਼ ਹੈ। ਇਥੇ ਕਿਹਾ ਗਿਆ ਕਿ ਦਰਬਾਰਾ ਸਿੰਘ ਤੋਂ ਅਸਤੀਫਾ ਲਿਆ ਗਿਆ। ਮੈਂ ਕਹਿੰਦਾ ਹਾਂ ਕਿ ਉਹ ਮੇਰੇ ਲੀਡਰ ਹਨ ਅਗਰ ਉਹ ਕਹਿਣ ਤਾਂ ਮੇਰਾ ਅਸਤੀਫਾ ਉਨ੍ਹਾਂ ਪਾਸ ਹੋਵੇਗਾ। ਇਹ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ। ਇਥੇ ਅਲਾਈਨਮੈਂਟ ਦਾ ਸੁਆਲ ਉਠਾਇਆ ਗਿਆ ਹੈ, ਸਾਡੇ ਐਗਰੀਕਲਚਰ ਮਨਿਸਟਰ ਨੇ ਬਿਲਕੁਲ ਠੀਕ ਜਵਾਬ ਦਿਤਾ ਹੈ। ਅਸੀਂ ਬੈਸਟ ਲੈਂਡ ਵਿਚੋਂ ਕਢਣੀ ਹੈ ਜਾਂ ਵਰਸਟ ਲੈਂਡ ਵਿਚੋਂ ਕਢੀਏ ਹਰ ਇਕ ਦੀ ਆਪਣੀ ਹਾਏ ਹੋ ਸਕਦੀ ਹੈ, ਉਸ ਦੇ ਬਾਰੇ ਵਿਚਾਰ ਹੈ। ਪਰ ਇਹ ਅਲਾਈਨਮੈਂਟ ਜ਼ਮੀਨ ਤੇ ਹੋਣੀ ਹੈ। ਪਾਣੀ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਫੈਸਲਾ ਕੀਤਾ ਹੈ ਉਸ ਤੋਂ ਵੱਧ ਇਕ ਕਤਰਾ ਵੀ ਦੇਣ ਲਈ ਤਿਆਰ ਨਹੀਂ। ਕੋਈ ਛੋਟੀ ਨਹਿਰ ਬਣਾਏ ਜਾਂ ਵੱਡੀ ਬਣਾਏ ਆਪਣੇ ਹਿੱਸੇ ਵਿਚ ਭਾਵੇਂ ਇਕ ਏਕੜ ਦੀ ਬਣਾਏ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਜ਼ਮੀਨ ਸਾਡੀ ਜਾਣੀ ਹੈ।

ਮੁੱਖ ਮੰਤਰੀ : ਜ਼ਮੀਨ ਦੇ ਪੈਸੇ ਦੇਣੇ ਹਨ। ਤੁਹਾਡੇ ਵੇਲੇ ਦਾ ਜਿਹੜਾ ਇਕ ਕਰੋੜ ਰੁਪਿਆ ਆਇਆ ਹੈ ਉਸ ਦੀ ਅਲਾਈਨਮੈਂਟ ਨਹੀਂ ਬਲਕਿ ਅਲਾਈਨਮੈਂਟ ਵਾਸਤੇ ਕੰਟੂਰ ਵੇਖਣ ਵਾਸਤੇ ਇਕ ਕਰੋੜ ਰੁਪਿਆ ਲਿਆ ਸੀ।

Sardar Surjeet Singh Barnala: Capacity is very important.

Chief Minister : I know that capacity is also very important.

ਸਰਦਾਰ ਦਲੀਪ ਸਿੰਘ ਪਾਂਧੀ : ਇਸ ਦੇ ਵਿਚ 6500 ਕਿਊਸਿਕਸ ਲਿਆ ਹੋਇਆ ਹੈ।

ਮੁੱਖ ਮੰਤਰੀ : ਜੋ ਫੈਸਲਾ ਹੋਇਆ ਹੈ ਅਸੀਂ ਉਸ ਤੇ ਪਾਬੰਦ ਹਾਂ। ਮੈਂ ਅਖੀਰ ਵਿਚ ਅੌਨਾ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਰੈਸ਼ਨਲੀ ਸੋਚਣਾ ਚਾਹੀਦਾ ਹੈ। ਸੈਂਟੀਮੈਂਟਲ ਹੋ ਕੇ ਕੋਈ ਅੈਸੀ ਗਲ ਨਹੀਂ ਕਹਿਣੀ ਚਾਹੀਦੀ, ਜਿਸ ਨਾਲ ਇਹ ਸਾਬਤ ਹੋਵੇ ਕਿ ਕਿਸੇ ਨੂੰ ਵਾਂਝੇ ਰਖਣ ਵਾਸਤੇ ਕੀਤਾ ਗਿਆ। ਮੈਂ ਲੀਡਰ ਆਫ ਦੀ ਅਪੋਜ਼ੀਸ਼ਨ ਨੂੰ ਕਹਾਂਗਾ ਕਿ ਤੁਸੀਂ ਕਿਹਾ ਹੈ ਅਸੀਂ ਕੋਰਟ ਵਿਚ ਗਏ 3.5 ਅੈਸ.ਏ.ਅੈਫ. ਨੂੰ ਮੰਨਣ ਵਾਸਤੇ ਕੋਸ਼ਿਸ਼ ਕੀਤੀ।

ਇਕ ਕਰੋੜ ਰੁਪਿਆ ਵੀ ਲੈ ਲਿਆ ਹੈ ਅੌਰ ਫਿਰ ਉਸ ਤੋਂ ਬਾਅਦ ਮੰਨ ਕੇ ਗਏ ਵੀ ਨਹੀਂ। ਇਹ ਜੋ ਸਭ ਕੁਝ ਹੋਇਆ ਹੈ ਇਹ ਤੁਹਾਡੀ ਪਾਰਟੀ ਵਲੋਂ ਹੋਇਆ ਹੈ। ਤੁਹਾਡੀ ਪਾਰਟੀ ਦੇ ਕਈ ਮੈਂਬਰ ਸਾਹਿਬ ਸਿਆਣੇ ਨਿਕਲੇ ਉਨ੍ਹਾਂ ਨੇ ਕਿਹਾ ਕਿ ਬਾਦਲ ਸਾਹਿਬ ਜੇਕਰ ਤੁਸੀਂ ਚਲੇ ਗਏ ਤਾਂ ਕੰਮ ਖਰਾਬ ਹੋ ਜਾਵੇਗਾ। ਆਖਰੀ ਮੂਵਮੈਂਟ ਤੇ ਇਹ ਸੈਂਸ ਪ੍ਰੀਵੇਲ ਕੀਤੀ ਕਿ ਅਸੀਂ ਨਹੀਂ ਜਾਣਾ। ਸੋ ਅਗਰ ਉਸ ਵੇਲੇ ਇਹ ਚਲੇ ਜਾਦੇ ਤਾਂ 3.5 ਅੈਮ.ਏ.ਅੈਫ ਤੇ ਜਾਣਾ ਸੀ ਪਰ ਹੁਣ ਜੇਕਰ ਕੋਈ ਜਾਵੇਗਾ ਤਾਂ 4.82 ਅੈਮ.ਏ.ਅੈਫ. ਤੇ ਜਾਣਾ ਹੈ। (ਬੰਪਿੰਗ) ਮੈਨੂੰ ਆਸ ਹੈ ਕਿ ਮੈਂ ਜੋ ਇਸ ਬਹਿਸ ਦਾ ਜਵਾਬ ਦਿੱਤਾ ਹੈ ਇਸ ਤੋਂ ਬਾਅਦ ਇਹ ਰੀਥਿੰਕ ਕਰਨਗੇ। ਜਿਹੜੇ ਇਮੋਸ਼ਨਲ ਸੈਂਟੀਮੈਂਟਸ ਇਨ੍ਹਾਂ ਨੇ ਅੈਕਸਪ੍ਰੈਸ ਕੀਤੇ ਹਨ, ਉਨ੍ਹਾਂ ਵਿਚ ਕਾਫੀ ਤ· ਮੈਂ ਕਲੀਅਰ ਕਰ ਦਿੱਤੇ ਹਨ ਬਾਕੀ ਜੇਕਰ ਕੋਈ ਰਹਿ ਗਿਆ ਹੋਵੇਗਾ ਉਹ ਫਿਰ ਕਿਤੇ ਵਕਤ ਮਿਲਿਆ ਤਾਂ ਕਲੀਅਰ ਕਰ ਦੇਵਾਂਗਾ। ਜੋ ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਡਿਸਕ੍ਰੀਮੀਨੇਸ਼ਨ ਬਾਰੇ ਕਿਹਾ ਹੈ, ਮੈਂ ਕਹਿੰਦਾ ਹਾਂ ਕਿ ਡਿਸਕ੍ਰੀਮੀਨੇਸ਼ਨ ਇਨ੍ਹਾਂ ਨੇ ਆਪ ਕਰਵਾਈ ਹੈ, ਕਿਸੇ ਨੇ ਨਹੀਂ ਕੀਤੀ, ਇਹ ਤਾਂ ਤੁਸੀਂ ਆਪ ਕੀਤੀ ਹੈ। ਇਸ ਵੇਲੇ ਇਹ ਸਵਾਲ ਮੈਂ ਨਹੀਂ ਛੇੜਨਾ ਚਾਹੁੰਦਾ ਪਰ ਮੈਂ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਪਾਣੀ ਦੇ ਮਸਲੇ ਵਿਚ ਤੁਸੀਂ ਆਪ ਡਿਸਕ੍ਰੀਮੀਨੇਸ਼ਨ ਕੀਤੀ ਹੈ, ਜਿਹੜੇ ਇਨ੍ਹਾਂ ਦੇ ਪ੍ਰਾਇਮ ਮਨਿਸਟਰ ਆਫ਼ ਇੰਡੀਆ ਬਣੇ, ਦੇਸਾਈ ਸਾਹਿਬ, ਇਹ ਉਨ੍ਹਾਂ ਨੇ ਕੀਤੀ ਹੈ।

ਸ਼੍ਰੀ ਡਿਪਟੀ ਸਪੀਕਰ : ਇਕ ਅਨਾਊਂਸਮੈਂਟ ਹੈ ਜੀ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਕਮੇਟੀ ਰੂਮ ਵਿਚ ਆਈ.ਪੀ.ਏ. ਅੰਤਰ ਸੀ.ਪੀ.ਏ. ਦੀ ਮੀਟਿੰਗ ਹੈ, ਉਥੇ ਪਹੁੰਚ ਜਾਣ ਅਤੇ ਉਸ ਮੀਟਿੰਗ ਤੋਂ ਬਾਅਦ ਲੰਚ ਤੇ ਜਾਣਾ ਹੈ।

Mr. Deputy Speaker : The House stands adjourned till 3.00 P.M. today, the 31st March, 1982.

*1.42 PM. (*The Sabha then adjourned *till 3.00 P. M. that day.*)

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated the 31st March, 1982 (Forenoon Sitting)

Vol. IV No. 23

STARRED QUESTION AND ANSWER

Harijan Dharamsala at Village Batthe Bhaini, District Amritsar.

***1602 Jathedar Naranjan Singh** : Will the Minister for Welfare and Labour be pleased to state—

(a) whether any Harijan Dharamshala/Janjh Ghar was sanctioned in the year 1971-72 for village Batthe Bhaini, Tehsil Patti, District Amritsar by the Welfare Department;

(b) if the reply to part (a) above be in the affirmative, the total amount sanctioned for the construction of the said Dharamshala together with the names of persons through whom it was spent ;

(c) whether the said Dharamshala is still under construction or has been completed ?

ਚੌਧਰੀ ਜਗਤ ਰਾਮ : (ੳ) ਹਾਂ ਜੀ ।

(ਅ) 5,500 ਰੁਪਏ ਪ੍ਰਵਾਨ ਕੀਤੇ ਗਏ ਸਨ। ਜਿਸ ਵਿਚੋਂ ਦੋ ਕਿਸ਼ਤਾਂ 1,375 ਰੁਪਏ ਅਤੇ 2,750 ਰੁਪਏ ਰਲੀਜ ਮਨੇਜਿੰਗ ਕਮੇਟੀ ਰਾਹੀਂ ਕੀਤੇ ਗਏ ਸਨ, ਕਮੇਟੀ ਦੇ ਮੈਂਬਰਜ਼ ਹੇਠ ਲਿਖੇ ਅਨੁਸਾਰ ਹਨ :—

1, ਉਪ-ਮੰਡਲ ਅਫਸਰ (ਸ)	ਚੇਅਰਮੈਨ
2. ਸਿਵਲ ਭਲਾਈ ਅਫਸਰ,	ਉਪ-ਪ੍ਰਧਾਨ
3. ਤਹਿਸੀਲ ਭਲਾਈ ਅਫਸਰ	ਸੱਕਤਰ
4. ਸ੍ਰੀ ਹਰਦਿਤ ਸਿੰਘ, ਸਰਪੰਚ	ਖਜ਼ਾਨਚੀ
5. ਸ੍ਰੀ ਸ_ਲਖਣ ਸਿੰਘ, ਮੈਂਬਰ ਪੰਚਾਇਤ	ਮੈਂਬਰ (ਹਰੀਜਨ)
6. ਸ੍ਰੀ ਮੁਖਤਿਆਰ ਸਿੰਘ ਪੁੱਤਰ ਤੇਜ ਸਿੰਘ	ਮੈਂਬਰ
7. ਸ੍ਰੀ ਚੰਨਣ ਸਿੰਘ ਪੁੱਤਰ ਸ੍ਰੀ ਸਾਧੂ ਸਿੰਘ	ਮੈਂਬਰ

ਤੀਜੀ ਕਿਸ਼ਤ ਧਰਮਸ਼ਾਲਾ ਨੂੰ ਮੁਕੰਮਲ ਕਰਨ ਲਈ ਜਲਦੀ ਦਿੱਤੀ ਜਾ ਰਹੀ ਹੈ ।

(ਏ) ਉਕਤ ਧਰਮਸ਼ਾਲਾ ਉਸਾਰੀ ਅਧੀਨ ਹੈ (ਛੱਤ ਪੈ ਚੁੱਕੀ ਹੈ)

5476PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

©1982

Published under the authority of the Punjab Vidhan Sabha and Printed by the Controller, Govt. Press, U.T., Chd.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

31st March, 1982

(Afternoon Sitting)

Vol. IV—No. 24

OFFICIAL REPORT

CONTENTS

Wednesday, the 31st March, 1982

(Afternoon Sitting)

	Page
Starred Questions and Answers ..	(24)1
Personal Explanation by Sardar Ravi Inder Singh ..	(24)17
Motion under Rule 16 ..	(24)19
Presentation of Report of Committee on Public Undertakings ..	(24)20
Discussion on the 26th Report of the Commissioner for Scheduled Castes and Scheduled Tribes for the year 1978-79 (Part I) ..	(24)20
AND	
The Administration Report of the Punjab State Electricity Board for the year 1980-81	
Extension of time of the Sitting ..	(24)62
Discussion on the 26th Report of the Commissioner for Scheduled Castes and Scheduled Tribes for the year 1978-79 (Part -I) ..	(24)62
AND	
The Administration Report of the Punjab State Electricity Board for the year 1980-81 (*Resumption*)	

PUNJAB VIDHAN SABHA SECRETARIAT, CHANDIGARH

PRICE: Rs 30.00

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 31st March, 1982

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 3·00 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Buses operated by the Punjab Roadways and the Pepsu Road Transport Corporation

***1322. Sardar Harcharan Singh Hero :** Will the Minister of State for Transport be pleased to state the total number of buses being operated by the Punjab Roadways and the Pepsu Road Transport Corporation as on 1st February, 1980 and at present, separately ?

ਸਰਦਾਰ ਅਵਤਾਰ ਸਿੰਘ ਗਟਵਾਲੀ : ਪੰਜਾਬ ਰੋਡਵੇਜ਼/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਸੂਚਨਾ ਹੇਠ ਅਨੁਸਾਰ ਹੈ:-

ਪੰਜਾਬ ਰੋਡਵੇਜ਼—

1 ਫਰਵਰੀ 1980 ਨੂੰ ਚਲਦੀਆਂ ਬੱਸਾਂ	1913
1 ਫਰਵਰੀ 1982 ,, ,, ,,	2351

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ—

1 ਫਰਵਰੀ 1980 ਨੂੰ ਚਲਦੀਆਂ ਬੱਸਾਂ	904
1 ਫਰਵਰੀ 1982 ,, ,, ,,	1068

ਸਰਦਾਰ ਹਰਚਰਨ ਸਿੰਘ ਹੀਰੋ : ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਇਤਲਾਹ ਦਿੱਤੀ ਹੈ ਕਿ ਪੰਜਾਬ ਰੋਡਵੇਜ਼ ਅੌਰ ਪੈਪਸੂ ਰੋਡਵੇਜ਼ ਦੋਨਾਂ ਵਿਚ ਇਨ੍ਹਾਂ ਨੇ ਬੱਸਾਂ ਦਾ ਵਾਧਾ ਕੀਤਾ ਹੈ। 438 ਪੰਜਾਬ ਰੋਡਵੇਜ਼ ਵਿਚ ਨਵੀਆਂ ਬੱਸਾਂ ਪਾਈਆਂ ਹਨ ਅਤੇ 164 ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਨਵੀਆਂ ਬੱਸਾਂ ਪਾਈਆਂ ਹਨ। ਇਹ ਬਹੁਤ ਚੰਗੀ ਗਲ ਹੈ। ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਨਵੀਆਂ ਬੱਸਾਂ ਪਾਉਣ ਨਾਲ ਪੈਸੰਜਰਾਂ ਦੀ ਗਿਣਤੀ ਵਿਚ ਅੱਗੇ ਨਾਲੋਂ ਕਿੰਨਾਂ ਵਾਧਾ ਹੋਇਆ ਹੈ, ਮਿਸਿੰਗ ਮਾਈਲੇਜ ਕਿੰਨੀ ਘਟੀ ਹੈ ਅੌਰ ਖਰਚੇ ਵਿਚ ਕੋਈ ਫ਼ਰਕ ਪਿਆ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਵੀਆਂ ਬੱਸਾਂ ਪਾਈਆਂ ਹਨ ਉਹ ਮੁਸਾਫਰਾਂ ਦੀਆਂ ਸਹੂਲਤਾਂ ਨੂੰ ਮੁੱਖ ਰਖ ਕੇ ਹੀ ਪਾਈਆਂ ਗਈਆਂ ਹਨ। ਅੌਕਿਊਪੈਂਸੀ ਸਾਡੀ ਅੱਗੇ ਨਾਲੋਂ ਵਧੀ ਹੈ ਅੌਰ ਹੁਣ 12 ਲੱਖ ਦੇ ਨੇੜੇ ਅੌਕਿਊਪੈਂਸੀ ਹੈ। ਇਸ ਤੋਂ ਇਲਾਵਾ ਡਿਟੈਨਸ਼ਨ ਪੀਰੀਅਡ ਵੀ ਅੱਗੇ ਨਾਲੋਂ ਘੱਟ ਕੀਤਾ ਹੈ। ਇਹ ਜਿਹੜਾ ਅੰਡਰ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਆਵਾਜਾਈ]

ਦੀ ਐਕਟ 10% ਅਲਾਊਡ ਹੈ ਇਹ ਵੀ 7% ਹੋਇਆ ਹੈ। ਬਾਕੀ ਜਿਹੜੀ ਪਰ ਕਿਲੋਮੀਟਰ ਰਸੀਟ ਹੈ ਇਹ ਵੀ ਵਧੀ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਓਵਰ ਆਲ ਪੋਜ਼ੀਸ਼ਨ ਅੱਗੇ ਨਾਲੋਂ ਠੀਕ ਹੋਈ ਹੈ। ਇਸ ਤੋਂ ਇਲਾਵਾ ਜਿਹੜੀਆਂ ਪਿਛਲੇ ਸਾਲ ਕੀਮਤਾਂ ਵਧੀਆਂ ਸਨ ਉਸ ਦੇ ਬਾਵਜੂਦ ਵੀ ਅਸੀਂ ਕਾਫੀ ਮੇਹਨਤ ਕਰਕੇ ਕਾਸਟ ਆਫ ਓਪਰੇਸ਼ਨ ਅੱਗੇ ਨਾਲੋਂ ਘਟਾਈ ਹੈ।

ਸਰਦਾਰ ਹਰਚਰਨ ਸਿੰਘ ਹੀਰੋ : ਇਕ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਨੀਆਂ ਬੱਸਾਂ ਨਵੀਆਂ ਪਾਉਣ ਦੇ ਬਾਵਜੂਦ ਵੀ ਕਈ ਐਸੇ ਹਲਕੇ ਹਨ, ਜਿਵੇਂ ਮੇਰੀ ਕਾਂਸਟੀਚਿਉਐਂਸੀ ਵਿਚ ਹੈ, ਜਿਥੇ ਪਹਿਲੇ ਬੱਸਾਂ ਚਲਦੀਆਂ ਸਨ ਉਥੇ ਬੰਦ ਹੋ ਗਈਆਂ ਹਨ। ਇਸ ਦੇ ਕੀ ਕਾਰਣ ਹਨ ਅੱਰ ਹੁਣ ਉਨ੍ਹਾਂ ਰੂਟਾਂ ਤੇ ਕਦੋਂ ਤਕ ਬੱਸਾਂ ਪਾ ਦਿੱਤੀਆਂ ਜਾਣਗੀਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਬੱਸਾਂ ਨੂੰ ਬੰਦ ਕਰਨ ਦਾ ਸਵਾਲ ਹੈ ਇਸ ਲਈ ਜਿਨ੍ਹਾਂ ਰੂਟਾਂ ਤੇ ਬੱਸਾਂ ਚਲਦੀਆਂ ਹਨ ਉਨ੍ਹਾਂ ਰੂਟਾਂ ਤੇ ਸੜਕਾਂ ਦੀ ਹਾਲਤ ਅਤੇ ਹੋਰ ਕਈ ਗਲਾਂ ਨੂੰ ਵੇਖਣਾ ਪੈਂਦਾ ਹੈ। ਜੇ ਕਿਸੇ ਰੂਟ ਦੀ ਹਾਲਤ ਠੀਕ ਨਾ ਹੋਵੇ ਤਾਂ ਉਥੇ ਬੱਸ ਨਹੀਂ ਜਾ ਸਕਦੀ। ਜਿਥੋਂ ਤਕ ਹੁਣ ਹੋਰ ਰੂਟ ਚਲਾਉਣ ਦਾ ਪ੍ਰਬੰਧ ਕਰਨ ਬਾਰੇ ਕਿਹਾ ਹੈ, ਇਸ ਲਈ ਵੀ ਉਸ ਰੂਟ ਦੀ ਰਸੀਟ ਵਗੈਰਾ ਵੇਖਣੀ ਪੈਂਦੀ ਹੈ ਅਤੇ ਇਹ ਵੇਖਦੇ ਹਾਂ ਕਿ ਕਿੰਨੇ ਕੁ ਪੈਸੰਜਰ ਇਸ ਰੂਟ ਤੇ ਮਿਲ ਸਕਦੇ ਹਨ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਕ ਤਾਂ ਕਾਰਪੋਰੇਸ਼ਨ ਦੀਆਂ ਬੱਸਾਂ ਵੈਸੇ ਹੀ ਥੋੜ੍ਹੀਆਂ ਹਨ ਬਾਕੀ ਜੋ ਉਨ੍ਹਾਂ ਬੱਸਾਂ ਦੀ ਹਾਲਤ ਹੈ ਉਹ ਵੀ ਅਸੀਂ ਕਈ ਵਾਰ ਦਸ ਚੁੱਕੇ ਹਾਂ। ਇਸ ਦੇ ਨਾਲ ਪੰਜਾਬ ਰੋਡਵੇਜ਼ ਦੀਆਂ ਕੁਝ ਬੱਸਾਂ ਵੀ ਉਨ੍ਹਾਂ ਰੂਟਾਂ ਤੇ ਚਲਦੀਆਂ ਹਨ ਜਿਥੇ ਕਾਰਪੋਰੇਸ਼ਨਾਂ ਦੀਆਂ ਬੱਸਾਂ ਨਹੀਂ ਜਾਂਦੀਆਂ । ਪਰ ਕਿਉਂਕਿ ਪਿੰਡਾਂ ਵਿਚ ਇਹ ਬੱਸਾਂ ਦੀ ਸਰਵਿਸ ਪੂਰੀ ਤਰ੍ਹਾਂ ਠੀਕ ਨਹੀਂ ਹੈ ਅਤੇ ਉਨ੍ਹਾਂ ਨੂੰ ਪੂਰੀ ਸਹੂਲਤ ਨਹੀਂ ਮਿਲ ਰਹੀ, ਇਸ ਲਈ ਕੀ ਵਜ਼ੀਰ ਸਾਹਿਬ ਸਾਰੇ ਡਿਸਟ੍ਰਿਕਟ ਦੇ ਐਮ.ਐਲ.ਏਜ਼ ਨੂੰ ਨਾਲ ਲੈ ਕੇ, ਜਿਹੜੇ ਪਿੰਡਾਂ ਵਿਚ ਬੱਸਾਂ ਦੀ ਪੂਰੀ ਸਹੂਲਤ ਨਹੀਂ ਹੈ, ਉਸ ਲਈ ਵਿਚਾਰ ਕਰਨਗੇ ? ਕੀ ਕੋਈ ਮੀਟਿੰਗ ਕਰਕੇ ਉਨ੍ਹਾਂ ਨੂੰ ਸਹੂਲਤਾਂ ਦੇਣ ਦਾ ਪ੍ਰਬੰਧ ਕਰਨਗੇ ?

ਰਾਜ ਮੰਤਰੀ : ਜਿਥੋਂ ਤਕ ਕਾਰਪੋਰੇਸ਼ਨ ਦੀਆਂ ਬੱਸਾਂ ਦਾ ਸਵਾਲ ਹੈ ਇਹ ਇਕ ਸੈਪਰੇਟ ਕੁਐਸਚਨ ਹੈ। ਬਾਕੀ ਜਿਥੋਂ ਤਕ ਐਮ.ਐਲ.ਏਜ਼ ਨਾਲ ਮੀਟਿੰਗ ਕਰਨ ਦਾ ਸਵਾਲ ਹੈ, ਮੇਰੇ ਦਰਵਾਜ਼ੇ ਤਾਂ ਹਮੇਸ਼ਾਂ ਖੁਲ੍ਹੇ ਹਨ । ਇਹ ਐਮ.ਐਲ.ਏਜ਼ ਦੀ ਕਮੇਟੀ ਬਣਾਉਣ ਲਈ ਵਿਚਾਰ ਕਰ ਲਵਾਂਗੇ।

ਕਾਮਰੇਡ ਸੋਹਣ ਸਿੰਘ : ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਤਾਂ ਜਿਹੜੇ ਰੂਟ ਚਲਦੇ ਸਨ, ਚਾਹੇ ਉਹ ਕਾਰਪੋਰੇਸ਼ਨ ਦੇ ਸਨ ਜਾਂ ਪੰਜਾਬ ਰੋਡਵੇਜ਼ ਦੇ, ਪਿੰਡਾਂ ਵਿਚ ਜਿਹੜੀਆਂ ਬੱਸਾਂ ਜਾਂਦੀਆਂ ਸਨ ਉਨ੍ਹਾਂ ਵਿਚੋਂ ਕਈ ਰੂਟ ਬੰਦ ਹੋ ਗਏ ਹਨ।

ਨੰਬਰ ਦੋ ਜਿਹੜੀ ਇਨ੍ਹਾਂ ਦੀ ਘਾਟੇ ਵਾਲੀ ਗਲ ਹੈ ਮੈਂ ਇਹ ਕਹਿੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਇਕ ਯੂਨੀਅਨ ਦਾ ਡੈਪੂਟੇਸ਼ਨ ਇਨ੍ਹਾਂ ਨੂੰ ਮਿਲਿਆ ਸੀ ਅੱਰ ਉਨ੍ਹਾਂ ਨੇ ਕਈ ਸੁਝਾਵ ਇਸ ਸਬੰਧ ਵਿਚ ਇਨ੍ਹਾਂ ਨੂੰ ਦਿੱਤੇ ਸਨ। ਕੀ ਇਹ ਸਰਕਾਰ ਉਨ੍ਹਾਂ ਸੁਝਾਵਾਂ ਨੂੰ ਮੰਨਣ ਲਈ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਰੂਟ ਹੋਰ ਪਾਉਣ ਲਈ ਤਾਂ ਕਈ ਗਲਾਂ ਨੂੰ ਵੇਖਣਾ ਪੈਂਦਾ ਹੈ, ਇਹ ਵੇਖਣਾ ਹੁੰਦਾ ਹੈ ਕਿ ਕਿਸ ਰੂਟ ਤੇ ਸਵਾਰੀ ਜ਼ਿਆਦਾ ਹੈ ਅਤੇ ਕਿਸ ਰੂਟ ਤੇ ਘੱਟ ਹੈ। ਬਾਕੀ ਜਿਹੜੀ ਗਲ ਇਨ੍ਹਾਂ ਨੇ ਡੈਪੂਟੇਸ਼ਨ ਵਾਲੀ ਕਹੀ ਹੈ, ਉਸ ਤੇ ਜ਼ਰੂਰ ਵਿਚਾਰ ਕਰਾਂਗੇ।

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ: ਸਪੀਕਰ ਸਾਹਿਬ, ਦੋ ਡੀਲਕਸ ਬੱਸਾਂ ਜਿਹੜੀਆਂ ਪਹਿਲੇ ਬਠਿੰਡੇ ਤੋਂ ਚੰਡੀਗੜ੍ਹ ਲਈ ਚਲਦੀਆਂ ਸਨ ਉਹ ਬੰਦ ਹੋ ਗਈਆਂ ਹਨ, ਇਕ ਬੱਸ ਤਾਂ ਵਾਇਆ ਬਰਨਾਲਾ ਆਉਂਦੀ ਸੀ ਅਤੇ ਇਕ ਬੱਸ ਵਾਇਆ ਸੁਨਾਮ ਆਉਂਦੀ ਸੀ। ਕੀ ਇਹ ਉਨ੍ਹਾਂ ਬੱਸਾਂ ਨੂੰ ਮੁੜ ਕੇ ਚਾਲੂ ਕਰਨ ਲਈ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਬੱਸਾਂ ਪਿਛਲੇ 3 ਸਾਲ ਹੋਏ ਬੰਦ ਹੋ ਗਈਆਂ ਸਨ। ਉਸ ਤੋਂ ਬਾਅਦ ਉਸ ਰੂਟ ਤੇ ਆਰਡੀਨਰੀ ਬੱਸਾਂ ਜਿਨ੍ਹਾਂ ਦੀ ਹਾਲਤ ਚੰਗੀ ਹੁੰਦੀ ਹੈ ਉਸੇ ਟਾਈਮ ਤੇ ਚਲਾ ਦਿੱਤੀਆਂ ਗਈਆਂ ਹਨ। ਇਸ ਲਈ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ ਬਲਕਿ ਥੋੜ੍ਹੇ ਪੈਸੇ ਖਰਚ ਕੇ ਉਤਨੇ ਹੀ ਸਮੇਂ ਵਿਚ ਉਹ ਬੱਸਾਂ ਚੰਡੀਗੜ੍ਹ ਪਹੁੰਚ ਜਾਂਦੀਆਂ ਹਨ।

ਮਾਸਟਰ ਬਾਬੂ ਸਿੰਘ : ਮੈਂ ਤੁਹਾਡਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿਚ 164 ਨਵੀਆਂ ਬੱਸਾਂ ਪਾਈਆਂ ਹਨ। ਬੜੀ ਖੁਸ਼ੀ ਦੀ ਗਲ ਹੈ ਕਿ ਇਨ੍ਹਾਂ ਨੇ ਇਹ ਬੱਸਾਂ ਨਵੀਆਂ ਪਾ ਦਿੱਤੀਆਂ ਹਨ। ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਬੱਸਾਂ ਚਲਦੀਆਂ ਹਨ ਕੀ ਇਨ੍ਹਾਂ ਵਿਚ ਸਟੈਪਨੀ, ਫਸਟ ਏਡ ਔਰ ਚਾਬੀਆਂ ਦਾ ਗੁੱਛਾ ਆਦਿ ਸਪਲਾਈ ਕੀਤਾ ਗਿਆ ਹੈ ਜਾਂ ਨਹੀਂ, ਜੇ ਨਹੀਂ ਕੀਤਾ ਤਾਂ ਕੀ ਜਲਦੀ ਸਪਲਾਈ ਕਰਨਗੇ ?

ਰਾਜ ਮੰਤਰੀ : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰ ਇਕ ਬੱਸ ਤੇ ਫਸਟ ਏਡ ਦਾ ਬਕਸਾ ਪਰੋਵਾਈਡ ਕੀਤਾ ਹੋਇਆ ਹੈ, ਬਾਕੀ ਟਾਇਰਾਂ ਦੀ ਪਿਛਲੇ ਦਿਨਾਂ ਵਿਚ ਜ਼ਰੂਰ ਕਮੀ ਹੋ ਗਈ ਸੀ, ਪਰ ਉਸ ਵੇਲੇ ਵੀ ਲੰਬੇ ਰੂਟਸ ਤੇ ਚਲਣ ਵਾਲੀਆਂ ਬੱਸਾਂ ਤੇ ਸਟੈਪਨੀ ਜ਼ਰੂਰ ਹੁੰਦੀ ਸੀ। ਬਾਕੀ ਜੇ ਕੋਈ ਕਮੀ ਹੈ ਤਾਂ ਉਹ ਵੀ ਅੱਸੀਂ ਵੇਖ ਲਵਾਂਗੇ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਬਾ ਬਕਾਲਾ ਸਾਹਿਬ ਜਿਸ ਨੂੰ ਗੁਰੂ ਕੀ ਨਗਰੀ ਵੀ ਕਿਹਾ ਜਾਂਦਾ ਹੈ ਉਥੇ ਮੋਟਰਾਂ ਦਾ ਪ੍ਰਬੰਧ ਬਿਲਕੁਲ ਠੀਕ ਨਹੀਂ ਹੈ। ਸਵਾਰੀਆਂ ਨੂੰ ਤਕਲੀਫ਼ ਹੁੰਦੀ ਹੈ। ਕੀ ਕਿਰਪਾ ਕਰਕੇ ਇਹ ਇਸ ਵੱਲ ਧਿਆਨ ਦੇਣਗੇ ?

ਰਾਜ ਮੰਤਰੀ : ਸਪੀਕਚ ਸਾਹਿਬ, ਜੱਥੇਦਾਰ ਜੀ ਸਾਨੂੰ ਮੌਕਾ ਦੇਣ ਦਰਸ਼ਨ ਦੇਣ ਦਾ, ਅਸੀਂ ਬੱਸ ਵੀ ਚਲਾ ਦੇਵਾਂਗੇ।

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਪਿਛਲੀ 19 ਤਾਰੀਖ ਨੂੰ ਮੈਂ ਚੰਡੀਗੜ੍ਹ ਤੋਂ ਬਠਿੰਡੇ ਲਾਸਟ ਬੱਸ ਵਿਚ ਗਿਆ ਸੀ ਅਤੇ ਚੰਡੀਗੜ੍ਹ ਤੋਂ ਰਾਜਪੁਰੇ ਹੀ ਪਹੁੰਚੇ ਸੀ ਕਿ ਬੱਸ ਪੰਚਰ ਹੋ ਗਈ ਸੀ। ਕੀ ਵਜ਼ੀਰ ਸਾਹਿਬ ਆਪ ਖੁਦ ਜਾ ਕੇ ਬੱਸਾਂ ਦੀ ਚੈਕਿੰਗ ਕਰਨਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਜਦੋਂ ਵੀ ਬਠਿੰਡੇ ਜਾਂਦਾ ਹਾਂ, ਮੈਂ ਬੱਸਾਂ ਦੀ ਚੈਕਿੰਗ ਰਸਤੇ ਵਿਚ ਕਰਦਾ ਜਾਂਦਾ ਹਾਂ। ਜੇਕਰ ਇਨ੍ਹਾਂ ਨੂੰ ਜ਼ਿਆਦਾ ਪਤਾ ਹੈ ਅਸੀਂ ਫੇਰ ਕਰ ਲਵਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਬੱਸਾਂ ਦੇ ਐਕਸੀਡੈਂਟ ਬਹੁਤ ਹੁੰਦੇ ਹਨ ਅਤੇ ਟਰਾਂਸਪੋਰਟ ਐਕਟ ਦੇ ਮੁਤਾਬਿਕ ਬੱਸਾਂ ਦੀ ਸਪੀਡ ਬਹੁਤ ਘੱਟ ਕੀਤੀ ਹੋਈ ਹੈ। ਇਹ 30 ਮੀਲ ਪਰ ਘੰਟਾ ਹੈ ਪਰ ਇਸ ਦੇ ਵਿਚ ਕੋਈ ਸੁਧਾਰ ਨਹੀਂ ਹੋਇਆ। ਇਨ੍ਹਾਂ ਨੇ ਇਕ ਚਿੱਠੀ ਲਿਖ ਦਿੱਤੀ ਉਸ ਨਾਲ ਐਕਟ ਵਿਚ ਤਬਦੀਲੀ ਨਹੀਂ ਹੋ ਸਕਦੀ। ਬੱਸਾਂ ਵਿਚ ਲਿਖਿਆ ਹੁੰਦਾ ਹੈ ਪਰ ਫਿਰ ਵੀ 65 ਕਿਲੋਮੀਟਰ ਪਰ ਘੰਟਾ ਬੱਸਾਂ ਕਿਸ ਟਰਾਂਸਪੋਰਟ ਦੇ ਕਾਨੂੰਨ ਦੇ ਮੁਤਾਬਿਕ ਚਲਦੀਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, 60 ਕਿਲੋ ਮੀਟਰ ਮੈਕਸੀਮਮ ਸਪੀਡ ਹੁੰਦੀ ਹੈ। ਬੱਸਾਂ ਇਸ ਤੋਂ ਘੱਟ ਸਪੀਡ ਤੇ ਚਲਦੀਆਂ ਹਨ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਚੰਡੀਗੜ੍ਹ ਤੋਂ ਦਿੱਲੀ ਵਾਸਤੇ ਹਰਿਆਣਾ ਰੋਡਵੇਜ਼ ਦੀਆਂ ਡਾਇਰੈਕਟ ਬੱਸਾਂ ਚਲਦੀਆਂ ਹਨ। ਕੀ ਪੰਜਾਬ ਦੀ ਡੀਲੈਕਸ ਬੱਸ ਚੰਡੀਗੜ੍ਹ ਤੋਂ ਦਿੱਲੀ ਚਲਾਉਣ ਦਾ ਵਿਚਾਰ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮਾਮਲਾ ਹਰਿਆਣਾ ਸਰਕਾਰ ਦੇ ਨਾਲ ਵਿਚਾਰ ਅਧੀਨ ਹੈ। ਸਾਡੀ ਹਰਿਆਣੇ ਨਾਲ ਗੱਲ ਬਾਤ ਚਲ ਰਹੀ ਹੈ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਅਕਾਲੀ-ਜਨਤਾ ਰਾਜ ਵੇਲੇ ਪੰਜਾਬ ਵਿਚ ਥਾਂ ਥਾਂ ਤੇ 6-7 ਬੱਸਾਂ ਖੜ੍ਹੀਆਂ ਰਹਿੰਦੀਆਂ ਸਨ ਮਗਰ ਜਦੋਂ ਦੀ ਦਰਬਾਰਾ ਸਿੰਘ ਸਰਕਾਰ ਆਈ ਹੈ ਉਦੋਂ ਤੋਂ ਕੋਈ ਬੱਸ ਸਾਨੂੰ ਖੜੀ ਨਜ਼ਰ ਨਹੀਂ ਆਉਂਦੀ। ਇਸ ਦੇ ਕੀ ਕਾਰਣ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਅਕਾਲੀ-ਜਨਤਾ ਰਾਜ ਵੇਲੇ ਬੱਸਾਂ ਹੀ ਨਹੀਂ ਖੜ੍ਹੀਆਂ ਰਹਿੰਦੀਆਂ ਸਨ ਬਲਕਿ ਬੰਦੇ ਵੀ ਖੜ੍ਹੇ ਰਹਿੰਦੇ ਸਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਪੀ.ਆਰ.ਟੀ.ਸੀ. ਦੀਆਂ ਬੱਸਾਂ ਜਿਥੇ ਪਿੰਡਾਂ ਦੇ ਵਿਚ 2 ਜਾਂ ਢਾਈ ਰੁਪਏ ਪਰ ਕਿਲੋਮੀਟਰ ਚਲਦੀਆਂ ਸਨ ਉਥੇ ਹੁਣ ਸਰਕਾਰ ਨੇ ਬੰਦ ਕਰਨ ਦਾ ਫੈਸਲਾ ਕਰ ਲਿਆ ਹੈ। ਸਰਕਾਰ ਦੀ ਮਨਸ਼ਾ ਕੇਵਲ ਪੈਸੇ ਕਮਾਉਣਾ ਨਹੀਂ ਹੁੰਦੀ ਬਲਕਿ ਲੋਕਾਂ ਦੀ ਸੇਵਾ ਵੀ ਹੁੰਦੀ ਹੈ ਅਤੇ ਪਿੰਡਾਂ ਵਿਚ ਲੋਕਾਂ ਦੀਆਂ ਸਹੂਲਤਾਂ ਵਾਸਤੇ ਬੱਸਾਂ ਚਲਾਈਆਂ ਸਨ। ਕੀ ਇਹ ਵਾਪਿਸ ਆਰਡਰ ਲੈਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਪੀ.ਆਰ.ਟੀ.ਸੀ. ਨੇ ਐਸਾ ਕੋਈ ਫੈਸਲਾ ਨਹੀਂ ਕੀਤਾ ਹੈ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਹਰ ਪਿੰਡ ਨੂੰ ਬੱਸ ਸਰਵਿਸ ਮਿਲੇ।

ਸ਼੍ਰੀ ਸਪੀਕਰ : ਮੈਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਂਦਾ ਹਾਂ ਕਿ ਤੁਸੀਂ ਬੱਸਾਂ ਜ਼ਰੂਰ ਚੈਕ ਕਰਿਆ ਕਰੋ ਅੱਰ ਜਿਹੜੀਆਂ ਬੱਸਾਂ ਚਲਣੀਆਂ ਹਨ ਉਨ੍ਹਾਂ ਤੇ ਸਾਈਡ ਮਿਰੱਰ ਨਾ ਹੋਣ ਕਰਕੇ ਐਕਸੀਡੈਂਟ ਹੋਣ ਦਾ ਡਰ ਰਹਿੰਦਾ ਹੈ। ਇਹ ਬੱਸਾਂ ਵਿਚ ਜ਼ਰੂਰ ਲਗਾ ਦਿਓ।

Original with;
Punjab Vidhan Sabha
Digitized by
Panjab Digital Library

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਜਿਹੜੀਆਂ ਖਰਾਬ ਬੱਸਾਂ ਮਿਉਂਸਪਲ ਕਾਰਪੋਰੇਸ਼ਨ ਨੂੰ ਦਿੱਤੀਆਂ ਸਨ, ਕੀ ਉਹ ਵਾਪਿਸ ਲੈਣ ਲਈ ਇਹ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਉਹ ਬੱਸਾਂ ਕਾਰਪੋਰੇਸ਼ਨਾਂ ਨੂੰ ਅਕਾਲੀ ਭਰਾ ਦੇ ਗਏ ਸਨ ਅਤੇ ਉਹ ਮੈਂ ਨਹੀਂ ਦਿੱਤੀਆਂ ਸਨ। ਕਾਰਪੋਰੇਸ਼ਨਾਂ ਵਾਲੇ ਟਿਕਟਾਂ ਵੇਚ ਕੇ ਕਮਾਈ ਕਰਦੇ ਹਨ ਔਰ ਉਹ ਹੁਣ ਨਵੀਆਂ ਬੱਸਾਂ ਖਰੀਦ ਸਕਦੇ ਹਨ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਪਿਛੇ ਡੱਬਵਾਲੀ ਤੋਂ ਗਾਟਵਾਲੀ ਗਿਆ ਸੀ ਅਤੇ ਰਸਤੇ ਵਿਚ ਬੱਸ ਪੈਂਚਰ ਹੋ ਗਈ ਅਤੇ ਉਸ ਬੱਸ ਨੂੰ 11 ਰੁਪਏ ਦੇ ਪੈਂਚਰ ਲਗੇ ਸਨ। ਜਿਹੜਾ ਪੀ.ਆਰ.ਟੀ.ਸੀ. ਨੂੰ ਘਾਟਾ ਪੈ ਰਿਹਾ ਹੈ, ਕੀ ਇਸ ਨੂੰ ਦੂਰ ਕਰਨ ਲਈ ਕੋਈ ਉਪ-ਰਾਲੇ ਕਰਨਗੇ ਤਾਕਿ ਮੁਨਾਫਾ ਹੋ ਸਕੇ ਅਤੇ ਅਗਲੇ ਇਜਲਾਸ ਵਿਚ ਕਹਿ ਸਕਣ ਕਿ ਟਰਾਂਸਪੋਰਟ ਮੁਨਾਫੇ ਵਿਚ ਜਾ ਰਹੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਕ ਬੱਸ ਦੇ ਪੈਂਚਰ ਹੋਣ ਨਾਲ ਸਾਰੀ ਪੀ.ਆਰ.ਟੀ.ਸੀ. ਫੇਲ੍ਹ ਨਹੀਂ ਹੋ ਜਾਂਦੀ।

Buses with the Punjab Roadways and Pepsu Road Transport Corporation not in working Order

***1323. Sardar Harcharan Singh Hero**: Will the Minister of State for Transport be pleased to state—

(a) the total number of buses with the Punjab Roadways and the Pepsu Road Transport Corporation separately which are not in working order at present;

(b) the details of the steps being taken by the Government to make the buses referred to in part (a) road worthy ?

ਸਰਦਾਰ ਅਵਤਾਰ ਸਿੰਘ ਗਟਵਾਲੀ : (ੳ) ਪੰਜਾਬ ਰੋਡਵੇਜ਼ : 104 ਇਹ ਬੱਸਾਂ, ਐਡਜਾਅ ਕੰਡਮਨੇਸ਼ਨ ਬੋਰਡ ਨੇ ਨਾਕਾਰਾ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ : 10

(ਅ) ਪੰਜਾਬ ਰੋਡਵੇਜ਼ ਦੇ ਸਬੰਧ ਵਿਚ ਸਵਾਲ ਪੈਦਾ ਨਹੀਂ ਹੁੰਦਾ। ਕਾਰਪੋਰੇਸ਼ਨ ਦੇ ਸਬੰਧ ਵਿਚ ਇਹ ਦੱਸਿਆ ਜਾਂਦਾ ਹੈ ਕਿ ਇਹ ਗੱਡੀਆਂ ਵੱਡੇ ਹਾਦਸਿਆਂ ਕਾਰਨ ਮੁਰੱਮਤ ਵਾਸਤੇ ਰੋਕੀਆਂ ਗਈਆਂ ਹਨ। ਇਹ ਜਲਦੀ ਹੀ ਸੜਕ ਤੇ ਚਲਣ ਕਾਬਲ ਬਣਾ ਦਿੱਤੀਆਂ ਜਾਣਗੀਆਂ।

ਸਪੀਕਰ ਸਾਹਿਬ, ਮੈਂ ਇਸ ਸਵਾਲ ਦੇ ਜਵਾਬ ਤੋਂ ਇਲਾਵਾ ਇੱਕ ਹੋਰ ਚੀਜ਼ ਐਡ ਕਰਨਾ ਚਾਹੁੰਦਾ ਹਾਂ ਉਹ ਇਹ ਕਿ 9 ਬੱਸਾਂ ਹੋਰ ਚਾਲੂ ਕਰ ਦਿੱਤੀਆਂ ਹਨ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 104 ਬੱਸਾਂ ਕੰਡੈਮ ਕੀਤੀਆਂ ਹਨ। ਮਨਿਸਟਰ ਸਾਹਿਬ ਇਹ ਦੱਸਣ ਕਿ ਇਹ ਬੱਸਾਂ ਕਿਤਨੇ ਚਿਰ ਤੋਂ ਕੰਡੈਮ ਹੋਈਆਂ ਹਨ ? ਦਸਿਆ ਗਿਆ ਹੈ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

10 ਬੱਸਾਂ ਖੜ੍ਹੀਆਂ ਹਨ। ਇਹ ਬਸਾਂ ਹਾਦਸਿਆਂ ਦੇ ਕਾਰਨ ਖੜ੍ਹੀਆਂ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਕੀ ਹਾਲਤ ਹੈ ? ਮਨਿਸਟਰ ਸਾਹਿਬ ਦੱਸਣ ਜੋ ਕਿ ਮੈਂ ਸਵਾਲ ਵਿਚ ਵੀ ਪੁਛਿਆ ਸੀ ਕਿ ਇਨ੍ਹਾਂ ਬੱਸਾਂ ਨੂੰ ਰੋਡ ਵਰਦੀ ਬਨਾਉਣ ਲਈ ਕੀ ਸਟੈਪਸ ਲਏ ਗਏ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਦੀ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਇੱਕ ਕੰਡੈਮੇਸ਼ਨ ਬੋਰਡ ਬਣਿਆ ਹੁੰਦਾ ਹੈ, ਜਿਸ ਬੋਰਡ ਵਿਚ ਟੈਕਨੀਕਲ ਆਦਮੀ ਹੁੰਦੇ ਹਨ। ਉਹ ਸਾਰੀ ਚੀਜ਼ ਦੀ ਛਾਣਬੀਣ ਕਰਦੇ ਹਨ ਅਤੇ ਜੋ ਬੱਸਾਂ ਕੰਡੈਮ ਕਰਨ ਦੇ ਕਾਬਲ ਹੋਣ, ਉਨ੍ਹਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਫਿਰ ਉਸ ਤੋਂ ਬਾਅਦ ਫਾਈਨਾਂਸ ਡਿਪਾਰਟਮੈਂਟ ਕੋਲ ਕੇਸ ਜਾਂਦਾ ਹੈ। ਜਦੋਂ ਫਾਈਨਾਂਸ ਡਿਪਾਰਟਮੈਂਟ ਵਲੋਂ ਕਲੀਅਰੈਂਸ ਆ ਜਾਂਦੀ ਹੈ ਤਾਂ ਬੱਸਾਂ ਡਿਸਪੋਜ਼ ਆਫ ਕੀਤੀਆਂ ਜਾਂਦੀਆਂ ਹਨ। 104 ਬੱਸਾਂ ਖੜ੍ਹੀਆਂ ਹਨ ਜਦੋਂ ਫਾਈਨਾਂਸ ਡਿਪਾਰਟਮੈਂਟ ਵਲੋਂ ਕਲੀਅਰੈਂਸ ਆ ਜਾਵੇਗੀ ਤਾਂ ਉਨ੍ਹਾਂ ਬੱਸਾਂ ਨੂੰ ਡਿਸਪੋਜ਼ ਆਫ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਜੋ ਇਨਫਰਮੇਸ਼ਨ ਮੇਰੇ ਕੋਲ ਸੀ, ਉਹ ਵੀ ਐਡ ਕਰਕੇ ਹਾਊਸ ਨੂੰ ਦੱਸ ਦਿੱਤੀ ਗਈ ਹੈ।

ਸਰਦਾਰ ਹਰਚਰਨ ਸਿੰਘ ਹੀਰੋ : ਰਾਤੋ ਰਾਤ ਸਪੀਕਰ ਸਾਹਿਬ, 9 ਬੱਸਾਂ ਕਿਵੇਂ ਚਾਲੂ ਹੋ ਗਈਆਂ। ਇਨ੍ਹਾਂ ਨੇ ਕਿਹੜਾ ਜਾਦੂ ਮਾਰਿਆ ਹੈ। ਜਿਹੜੀਆਂ ਬੱਸਾਂ ਕੰਡੈਮ ਹੋ ਕੇ ਖੜ੍ਹੀਆਂ ਹਨ, ਉਨ੍ਹਾਂ ਤੇ ਹੁਣ ਤਕ ਕੋਈ ਐਕਸ਼ਨ ਕਿਉਂ ਨਹੀਂ ਲਿਆ ਗਿਆ ? ਮਨਿਸਟਰ ਸਾਹਿਬ ਦਸਣ ਕਿ ਉਨ੍ਹਾਂ ਕੰਡੈਮ ਬੱਸਾਂ ਦੀ ਆਕਸ਼ਨ ਹੋਵੇਗੀ ਜਾਂ ਟੈਂਡਰਜ਼ ਇਨਵਾਈਟ ਹੋਣਗੇ ਕਿਉਂਕਿ ਇਸ ਵਿਚ, ਸਪੀਕਰ ਸਾਹਿਬ, ਬਹੁਤ ਹੇਰਾ ਫੇਰੀ ਹੁੰਦੀ ਹੈ, ਇਸ ਲਈ ਕਿਤਨੇ ਚਿਰ ਵਿਚ ਫੈਸਲਾ ਹੋ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੇਨਤੀ ਕਰ ਚੁੱਕਾ ਹਾਂ ਕਿ ਕੰਡੈਮਨੇਸ਼ਨ ਬੋਰਡ ਨੇ ਬੱਸਾਂ ਨੂੰ ਕੰਡੈਮ ਕਰਨ ਬਾਰੇ ਫੈਸਲਾ ਕੀਤਾ ਹੈ। ਉਸ ਤੋਂ ਬਾਅਦ ਹੁਣ ਕੇਸ, ਸਪੀਕਰ ਸਾਹਿਬ, ਫਾਈਨਾਂਸ ਡਿਪਾਰਟਮੈਂਟ ਕੋਲ ਗਿਆ ਹੋਇਆ ਹੈ। ਇਸ ਲਈ ਟਾਇਮ ਫਿਕਸ ਨਹੀਂ ਹੋ ਸਕਦਾ। ਜਦੋਂ ਫਾਈਨਾਂਸ ਡਿਪਾਰਟਮੈਂਟ ਵਲੋਂ ਕਲੀਅਰੈਂਸ ਆ ਜਾਵੇਗੀ ਤਾਂ ਬੱਸਾਂ ਨੂੰ ਡਿਸਪੋਜ਼ ਆਫ਼ ਕੀਤਾ ਜਾਵੇਗਾ। ਕਲੀਅਰੈਂਸ ਆਉਣ ਤੇ ਇਹ ਕੰਮ ਜਲਦੀ ਤੋਂ ਜਲਦੀ ਕਰ ਦਿਆਂਗੇ।

ਸ਼੍ਰੀ ਸਪੀਕਰ : ਮੈਂਬਰ ਸਾਹਿਬ ਨੇ ਪੁਛਿਆ ਹੈ ਕਿ ਇਹ ਬੱਸਾਂ ਕੰਡੈਮ ਕਿਤਨੇ ਚਿਰ ਤੋਂ ਹੋਈਆਂ ਹਨ।

ਰਾਜ ਮੰਤਰੀ : ਸਪੀਕਰ ਸਾਹਿਬ, ਜੇਕਰ ਮੈਂਬਰ ਸਾਹਿਬਾਨ ਤਾਰੀਖ-ਵਾਈਜ਼ ਚਾਹੁੰਦੇ ਹਨ ਤਾਂ ਇਸ ਬਾਰੇ ਉਹ ਨੋਟਿਸ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਬੱਸਾਂ ਕੰਡੈਮ ਕਰਨ ਤੋਂ ਪਹਿਲਾਂ ਇਕ ਬੱਸ ਦੀ ਐਵਰੇਜ ਕਿਤਨੇ ਕਿਲੋਮੀਟਰ ਹੁੰਦੀ ਹੈ ? ਦੂਜਾ ਪਰ ਕਿਲੋਮੀਟਰ ਕਿਤਨੀ ਰਸੀਟ ਹੁੰਦੀ ਹੈ ਅਤੇ ਪਰ ਕਿਲੋਮੀਟਰ ਤੇ ਕਿਤਨਾ ਖਰਚਾ ਹੁੰਦਾ ਹੈ ? ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦਾ ਕਰਾਇਆ ਵਧਣ ਤੋਂ ਬਾਅਦ ਕੋਈ ਸਰਕਾਰ ਨੂੰ ਫਾਇਦਾ ਹੋਇਆ ਹੈ ਜਾਂ ਘਾਟਾ ਪਿਆ ਹੈ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਆਨਰੇਬਲ ਮੈਂਬਰ ਸਾਹਿਬ ਨੋਟਿਸ ਲਿਖਕੇ ਦੇ ਦੇਣ ਮੈਂ ਜ਼ਰੂਰ ਜਵਾਬ ਦੇਵਾਂਗਾ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਬੱਸ ਚਲਾਉਣ ਵੇਲੇ ਕੰਡਕਟਰ ਅਤੇ ਡਰਾਈਵਰ ਦੀ ਜਾਨ ਖਤਰੇ ਵਿਚ ਹੁੰਦੀ ਹੈ। ਬੱਸਾਂ ਦੇ ਬਹੁਤ ਸਾਰੇ ਐਕਸੀਡੈਂਟਸ ਵੀ ਹੋ ਜਾਂਦੇ ਹਨ। ਮੇਰਾ ਬਹੁਤ ਵਧੀਆ ਸਵਾਲ ਹੈ। ਮੈਂ ਸਰਕਾਰ ਨੂੰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਨੀ ਹੈ ਕਿ ਜਿਸ ਤਰ੍ਹਾਂ ਬਾਕੀ ਮਹਿਕਮਿਆਂ ਵਿਚ ਜਦੋਂ ਕੋਈ ਮੁਲਾਜ਼ਮ ਰਿਟਾਇਰ ਹੋ ਜਾਂਦਾ ਹੈ ਤਾਂ ਉਸ ਨੂੰ ਸਰਕਾਰ ਵਲੋਂ ਪੈਨਸ਼ਨ ਦਿੱਤੀ ਜਾਂਦੀ ਹੈ, ਕੀ ਇਸੇ ਤਰ੍ਹਾਂ ਹੀ ਟਰਾਂਸਪੋਰਟ ਵਿਚ ਕੰਡਕਟਰ, ਡਰਾਈਵਰ ਅਤੇ ਹੋਰ ਮੁਲਾਜ਼ਮਾਂ ਨੂੰ ਸਰਕਾਰ ਪੈਨਸ਼ਨ ਦੇਣ ਲਈ ਤਿਆਰ ਹੈ ? ਕੀ ਸਰਕਾਰ ਵਲੋਂ ਕੋਈ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਲਈ ਵਿਚਾਰ ਹੋ ਰਿਹਾ ਹੈ ?

ਰਾਜ ਮੰਤਰੀ: ਵੈਸੇ ਤਾਂ, ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ ਪਰ ਕਿਉਂਕਿ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਹ ਬਹੁਤ ਵਧੀਆ ਸਵਾਲ ਹੈ ਇਸ ਲਈ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਆਲਰੈਡੀ ਇਸ ਤੇ ਵਿਚਾਰ ਕਰ ਰਹੇ ਹਾਂ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਪੰਜਾਬ ਗੌਰਮਿੰਟ ਦੇ ਕੁਝ ਡਿਪਾਰਟਮੈਂਟਸ ਰੈਵੇਨਿਊ ਅਰਨਿੰਗ ਡਿਪਾਰਟਮੈਂਟਸ ਹਨ; ਜਿਸ ਤਰ੍ਹਾਂ ਕਿ ਟਰਾਂਸਪੋਰਟ ਡਿਪਾਰਟਮੈਂਟ ਹੈ। ਸਪੀਕਰ ਸਾਹਿਬ, ਜਦੋਂ ਵੀ ਕੋਈ ਆਦਮੀ ਮਨਿਸਟਰ ਬਣ ਜਾਂਦਾ ਹੈ ਤਾਂ ਉਹ ਆਪਣੇ ਮਹਿਕਮੇ ਨੂੰ ਹਾਊਸ ਵਿਚ ਡੀਫੈਂਡ ਕਰਨ ਲਗ ਪੈਂਦਾ ਹੈ, ਬਜਾਏ ਇਸ ਦੇ ਕਿ ਡਿਪਾਰਟਮੈਂਟ ਦੀਆਂ ਬੁਰਾਈਆਂ ਨੂੰ ਦੂਰ ਕੀਤਾ ਜਾਵੇ। ਇਸ ਲਈ ਜਿਹੜੀ ਕਨਸਲਟੇਟਿਵ ਕਮੇਟੀ ਬਣੇਗੀ ਅਤੇ ਉਸ ਕਮੇਟੀ ਦੀਆਂ ਜੋ ਸੁਜੈਸ਼ਨਾਂ ਹੋਣਗੀਆਂ, ਉਨਾਂ ਬਾਰੇ ਸਰਕਾਰ ਵਲੋਂ ਕੀ ਉਪਰਾਲੇ ਕੀਤੇ ਗਏ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਪਹਿਲਾਂ ਹੀ ਕਨਸਲਟੇਟਿਵ ਕਮੇਟੀ ਦੀਆਂ ਜੋ ਸੁਜੈਸ਼ਨਾਂ ਹੁੰਦੀਆਂ ਹਨ, ਉਨ੍ਹਾਂ ਵੱਲ ਜ਼ਰੂਰ ਧਿਆਨ ਰਖਦੇ ਹਾਂ । ਜੋ ਨਵੀਆਂ ਕਮੇਟੀਆਂ ਬਣਨਗੀਆਂ ਉਨ੍ਹਾਂ ਦੀਆਂ ਸੁਜੈਸ਼ਨਾਂ ਤੇ ਵੀ ਧਿਆਨ ਦੇਵਾਂਗੇ। ਸਪੀਕਰ ਸਾਹਿਬ, ਬਾਵਜੂਦ ਖਰਚੇ ਪੈਣ ਦੇ ਅਸੀਂ ਰਸੀਟਸ ਨੂੰ ਕੰਟਰੋਲ ਕੀਤਾ ਹੈ। ਇਸ ਤੇ ਨਤੀਜੇ 4--6 ਮਹੀਨਿਆਂ ਵਿਚ ਤੁਹਾਡੇ ਸਾਹਮਣੇ ਆ ਜਾਣਗੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸਟੈਂਡਿੰਗ ਇੰਸਟਰਕਸ਼ਨਾਂ ਹਨ ਕਿ ਬੱਸ ਸਟੈਂਡ ਤੋਂ ਬੱਸ ਚਲਣ ਤੋਂ ਪਹਿਲਾਂ ਫਿਟਨੈਸ ਦਾ ਸਰਟੀਫਿਕੇਟ ਲਿਆ ਜਾਣਾ ਜ਼ਰੂਰੀ ਹੈ, ਪਰ ਇਹ ਸਰਟੀਫਿਕੇਟ ਨਹੀਂ ਲਏ ਜਾ ਰਹੇ ਹਨ। ਇਸ ਦੀ ਮੈਂ ਇੱਕ ਮਿਸਾਲ ਦਿੰਦਾ ਹਾਂ। ਇੱਕ ਵਾਰ ਮੈਂ ਦਿੱਲੀ ਤੋਂ ਆ ਰਿਹਾ ਸੀ। ਅੰਬਾਲੇ ਤੋਂ ਇੱਕ ਮੀਲ ਤੇ ਬੱਸ ਦਾ ਪੈਂਚਰ ਹੋ ਗਿਆ ਤਾਂ ਬੱਸ ਡਰਾਈਵਰ ਕੋਲ ਜਾਂ ਕੰਡਕਟਰ ਕੋਲ ਕੋਈ ਸਾਮਾਨ ਨਹੀਂ ਸੀ। ਸਟੈਪਨੀ ਵੀ ਨਹੀਂ ਸੀ। ਇਸ ਲਈ ਡਰਾਈਵਰ ਅਤੇ ਕੰਡਕਟਰ ਡੇਢ ਮੀਲ ਸ਼ਹਿਰ ਵਿਚ ਜਾ ਕੇ ਪੈਂਚਰ ਲਗਵਾਕੇ ਲਿਆਏ ਸਨ। ਕੀ ਮੰਤਰੀ ਜੀ ਇਸ ਸਬੰਧੀ ਕੋਈ ਐਕਸ਼ਨ ਲੈਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਇੰਸਟਰਕਸ਼ਨਾਂ ਪਹਿਲਾਂ ਹੀ ਹਨ। ਬੱਸਾਂ ਵਿਚ ਸਾਮਾਨ ਵੀ ਮੁਹੱਈਆ ਕੀਤਾ ਜਾਂਦਾ ਹੈ। ਆਨਰੇਬਲ ਮੈਂਬਰ ਸਾਹਿਬ ਨੇ ਦਿੱਲੀ ਤੋਂ ਆਉਣ ਵੇਲੇ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਆਵਾਜਾਈ]

ਬੱਸ ਦਾ ਜ਼ਿਕਰ ਕੀਤਾ ਹੈ ਅਤੇ ਜੇਕਰ ਆਨਰੇਬਲ ਮੈਂਬਰ ਸਾਹਿਬ ਸਪੈਸੇਫਿਕ ਤੌਰ ਤੇ ਮੈਨੂੰ ਆਕੇ ਦੱਸ ਦੇਣ ਤਾਂ ਮੈਂ ਜ਼ਰੂਰ ਇੰਤਜ਼ਾਮ ਕਰਾ ਦਿਆਂਗਾ।

ਕਾਮਰੇਡ ਦਰਸ਼ਨ ਸਿੰਘ ਝਬਾਲ: ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਲਗ ਭਗ 500 ਮੌਤਾਂ ਹੁੰਦੀਆਂ ਹਨ। ਮੈਂ ਇਹ ਇਨ੍ਹਾਂ ਤੋਂ ਪੁੱਛਦਾ ਚਾਹੁੰਦਾ ਹਾਂ ਕਿ ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਸਰਕਾਰ ਕੀ ਕਦਮ ਚੁਕ ਰਹੀ ਹੈ ? ਦੂਸਰੇ ਇਹ ਕੰਡੈਮ ਬੱਸਾਂ ਨੂੰ ਰੂਟਾਂ ਤੇ ਚਲਾਇਆ ਜਾਂਦਾ ਹੈ, ਜਿਸ ਨਾਲ ਹਾਦਸੇ ਹੁੰਦੇ ਹਨ। ਇਹ ਆਪਣੀ ਕਮਾਈ ਖਾਤਰ ਕੰਡੈਮ ਬੱਸਾਂ ਚਲਾਉਂਦੇ ਹਨ। ਡਰਾਈਵਰ ਨੂੰ ਕਿਹਾ ਜਾਂਦਾ ਹੈ ਕਿ ਬੱਸ ਅੱਡੇ ਤੋਂ ਬਾਹਰ ਕੱਢ ਲੈ ਅੱਰ ਫਿਰ ਬਾਹਰ ਜਾ ਕੇ ਉਹ ਖੜੀ ਕਰ ਦਿੰਦਾ ਹੈ। ਕੀ ਇਹ ਕੋਈ ਅਜਿਹੀਆਂ ਹਦਾਇਤਾਂ ਜਾਰੀ ਕਰਨਗੇ ਕਿ ਕੰਡੈਮ ਬੱਸਾਂ ਨੂੰ ਰੂਟਾਂ ਤੇ ਨਾ ਚਲਾਇਆ ਜਾਇਆ ਕਰੇ ?

ਰਾਜ ਮੰਤਰੀ: ਹਾਦਸਿਆਂ ਦਾ ਕਾਰਣ ਇਕੱਲੀ ਪੰਜਾਬ ਰੋਡਵੇਜ਼ ਨਹੀਂ ਬਲਕਿ ਪੈਡਸਟਰੀਅਨ, ਸਾਈਕਲ ਵਾਲੇ ਅੱਰ ਟਰੱਕ ਵਾਲੇ ਵੀ ਹੋ ਸਕਦੇ ਹਨ। ਆਪਣੇ ਵਲੋਂ ਤਾਂ ਪੰਜਾਬ ਰੋਡਵੇਜ਼ ਵਾਲੇ ਕਾਫੀ ਚੌਕਸੀ ਵਰਤਦੇ ਹਨ ਪਰ ਜੇਕਰ ਦੂਸਰਾ ਹੀ ਆ ਕੇ ਵਿਚ ਮਾਰੇ ਤਾਂ ਫਿਰ ਇਨ੍ਹਾਂ ਦਾ ਕੀ ਕਸੂਰ ਹੈ। ਦੂਸਰਿਆਂ ਦੀ ਗਲਤੀ ਕਾਰਣ ਵੀ ਹਾਦਸੇ ਹੋ ਜਾਂਦੇ ਹਨ ਅੱਰ ਮੌਤਾਂ ਹੋ ਜਾਂਦੀਆਂ ਹਨ। ਦੂਜੇ ਇਨ੍ਹਾਂ ਨੇ ਕਿਹਾ ਹੈ ਕਿ ਕੰਡੈਮ ਬੱਸਾਂ ਸੜਕਾਂ ਤੇ ਚਲਦੀਆਂ ਹਨ। ਮੈਨੂੰ ਖੁਸ਼ੀ ਹੈ ਕਿ ਜੇ ਪੰਜਾਬ ਰੋਡਵੇਜ਼ ਦੀਆਂ ਕੰਡੈਮ ਬੱਸਾਂ ਵੀ ਰੂਟਾਂ ਤੇ ਚਲ ਸਕਦੀਆਂ ਹਨ ਤਾਂ ਫਿਰ ਦੂਜੀਆਂ ਦਾ ਕੀ ਹਾਲ ਹੋਏਗਾ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੰਦਾ ਹਾਂ ਕਿ ਇਸ ਆਗਸਟ ਹਾਊਸ ਨੇ ਕੁਝ ਕਮੇਟੀਆਂ ਇਲੈਕਟ ਕਰ ਦਿੱਤੀਆਂ ਅੱਰ ਕੁਝ ਨੌਮੀਨੇਟ ਕਰ ਦਿੱਤੀਆਂ ਅਤੇ ਇਨ੍ਹਾਂ ਵਿਚ ਇੱਕ ਕਮੇਟੀ ਪਬਲਿਕ ਅੰਡਰਟੇਕਿੰਗਜ਼ ਹੈ। ਇਸ ਕਮੇਟੀ ਨੇ ਪੀ.ਆਰ.ਟੀ.ਸੀ. ਦੀ ਵਰਕਿੰਗ ਨੂੰ ਐਗਜ਼ਾਮਿਨ ਕੀਤਾ ਅੱਰ ਕਲ ਹੀ ਹਾਊਸ ਵਿਚ ਇਸ ਬਾਰੇ ਚੇਅਰਮੈਨ ਵਲੋਂ ਰਿਕੁਮੈਂਡੇਸ਼ਨਜ਼ ਆਈਆਂ ਹਨ। ਕੀ ਮਨਿਸਟਰ ਸਾਹਿਬ ਕ੍ਰਿਪਾ ਕਰਕੇ ਇਸ ਗਲ ਦਾ ਭਰੋਸਾ ਦਿਵਾਉਣਗੇ ਕਿ ਪਬਲਿਕ ਅੰਡਰਟੇਕਿੰਗਜ਼ ਕਮੇਟੀ ਨੇ ਜੋ ਸਿਫਾਰਸ਼ਾਤ ਕੀਤੀਆਂ ਹਨ, ਉਹ ਅਗਲੇ ਸੈਸ਼ਨ ਆਉਣ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਤੇ ਅਮਲ ਕਰਕੇ ਜੋ ਨੁਕਸਾਨ ਹੋ ਰਿਹਾ ਹੈ ਪੀ.ਆਰ.ਟੀ.ਸੀ. ਦਾ ਉਸ ਨੂੰ ਬਚਾਉਣ ਦਾ ਪਰਬੰਧ ਕਰਨਗੇ ?

ਰਾਜ ਮੰਤਰੀ: ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਬਜ਼ੁਰਗ ਮਾਨਯੋਗ ਮੈਂਬਰ ਨੂੰ ਬੇਨਤੀ ਕਰਨਾ ਚਾਹੁਦਾ ਹਾਂ ਕਿ ਜਿਹੜੀ ਇਹ ਰਿਪੋਰਟ ਦਾ ਜ਼ਿਕਰ ਕਰਦੇ ਹਨ ਉਹ ਰਿਪੋਰਟ ਪੁਰਾਣੇ ਸਾਲ ਦੀ ਹੈ ਅੱਰ ਉਹ ਹੁਣ ਦੀ ਨਹੀਂ ਹੈ। ਇਹ ਰਿਪੋਰਟ ਆਉਣ ਤੋਂ ਪਹਿਲਾਂ ਹੀ ਅਸੀਂ ਕੋਸ਼ਿਸ਼ ਕੀਤੀ ਹੈ ਕਿ ਉਹ ਕਮੀਆਂ ਨਾ ਰਹਿਣ।

ਪ੍ਰੋਫੈਸਰ ਦਰਬਾਰੀ ਲਾਲ: ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੰਦਾ ਹਾਂ ਕਿ ਬੱਸਾਂ ਵਿਚ ਯਾਤਰੀਆਂ ਦੀਆਂ ਹਾਦਸੇ ਹੋਣ ਕਾਰਣ ਮੌਤਾਂ ਹੋ ਜਾਂਦੀਆਂ ਹਨ ਅੱਰ ਕਈਆਂ ਨੂੰ ਕਾਫੀ ਸੱਟਾਂ ਲਗਦੀਆਂ ਹਨ। ਕੀ ਹਿਮਾਚਲ ਪ੍ਰਦੇਸ਼ ਪੈਟਰਨ ਤੇ ਇਨ੍ਹਾਂ ਬੱਸਾਂ ਵਿਚ ਯਾਤਰਾ ਕਰਨ ਵਾਲਿਆਂ ਦਾ ਇਨਸ਼ਿਉਰੈਂਸ ਕੀਤਾ ਜਾਏਗਾ ਤਾਕਿ ਜੇਕਰ ਕਿਸੇ ਨੂੰ ਸੱਟ ਲਗ ਜਾਏ ਤਾਂ ਉਸ ਦੀ ਗੌਰਮਿੰਟ ਵਲੋਂ ਮੱਦਦ ਕੀਤੀ ਜਾ ਸਕੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਦੱਸੀ ਸਕੀਮ ਬਹੁਤ ਸੋਹਣੀ ਹੈ ਅੱਰ ਇਸ ਤੇ ਵਿਚਾਰ ਕਰ ਲਵਾਂਗੇ ਅੱਰ ਐਗਜ਼ਾਮਿਨ ਕਰ ਲਵਾਂਗੇ।

ਸ਼੍ਰੀ ਸਪੀਕਰ : ਅਗਲਾ ਸਵਾਲ।

ਸਰਦਾਰ ਦਲੀਪ ਸਿੰਘ ਪਾਂਧੀ : ਟਰਾਂਸਪੋਰਟ ਦੀ ਕੀ ਪਾਲਿਸੀ ਹੈ, ਇਸ ਲਈ ਪਿਛਲੀ ਸਰਕਾਰ ਨੇ ਵਿਧਾਇਕਾਂ ਤੋਂ ਤਜਵੀਜ਼ਾਂ ਲਈਆਂ ਸਨ (ਵਿਘਨ)

ਸ਼੍ਰੀ ਸਪੀਕਰ : ਮੈਂ ਅਗਲਾ ਸਵਾਲ ਕਾਲ ਅਪਾਨ ਕਰ ਬੈਠਾ ਹਾਂ। ਤੁਸੀਂ ਤਸ਼ਰੀਫ਼ ਰਖੋ।

Recovery of a Male Child from a Police Official of Police Station Longowal

***1597. Sardar Dalip Singh Pandhi** : Will the Chief Minister be pleased to state whether a minor male child of Samana was recovered from the custody of a police official of Police Station Longowal recently, if so, the details of the action taken/proposed to be taken in the matter?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ): ਨਹੀਂ ਜੀ। ਸਵਾਲ ਹੀ ਨਹੀਂ ਪੈਦਾ ਹੁੰਦਾ ਜੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਮਾਣਾ ਦਾ ਬੌਬੀ ਬੱਚਾ ਲੌਂਗੋਵਾਲ ਤੋਂ ਸੀ.ਆਈ.ਡੀ. ਕੋਲੋਂ ਪ੍ਰਾਪਤ ਹੋਇਆ। ਇਸ ਤੇ ਸੰਗਰੂਰ ਵਾਲਿਆਂ ਨੇ ਮੁਜ਼ਾਹਰਾ ਕੀਤਾ (ਵਿਘਨ) ਸਮਾਣਾ ਵਾਲਿਆਂ ਨੇ ਇਸ ਬਾਰੇ ਐਕਸ਼ਨ ਕਮੇਟੀ ਬਣਾਈ ਜਿਸ ਦੇ ਪ੍ਰਧਾਨ ਇਸ ਸਦਨ ਦੇ ਮੈਂਬਰ ਸ਼੍ਰੀ ਸੰਤ ਰਾਮ ਸਿੰਗਲਾ ਹਨ। ਦੂਸਰਾ ਸੁਨਾਮ ਦਾ ਬੱਚਾ ਗੁੰਮ ਸੀ। ਪਰ ਇਹ ਸਰਕਾਰ ਕਹਿੰਦੀ ਹੈ ਕਿ ਗੁੰਮ ਨਹੀਂ ਹੋਇਆ। ਇਸ ਤਰ੍ਹਾਂ ਨਾਲ 23 ਬੱਚੇ ਗੁੰਮ ਹੋਏ ਹੋਏ ਹਨ। ਇਥੇ ਕਿਉਂ ਗਲਤ ਬਿਆਨੀ ਹੋ ਰਹੀ ਹੈ। ਉਹ ਬੱਚੇ ਲਾਪਤਾ ਹਨ। ਇਨ੍ਹਾਂ ਦੇ ਕਾਗਜ਼ਾਂ ਵਿਚ ਐਂਟਰੀ ਨਹੀਂ ਕੀਤੀ ਹੋਣੀ। ਇਹ ਸਰਕਾਰ ਮੂੰਹ ਜ਼ਬਾਨੀ ਹੀ ਕੰਮ ਕਰ ਰਹੀ ਹੈ।

ਵਿੱਤ ਮੰਤਰੀ : ਪਾਂਧੀ ਸਾਹਿਬ ਬੜੇ ਹੁਸ਼ਿਆਰ ਅੱਰ ਇੰਟੈਲੀਜੈਂਟ ਐਡਵੋਕੇਟ ਹਨ। ਇਹ ਸਾਡੇ ਐਮ. ਐਲ.ਏ. ਹਨ ਅੱਰ ਇਨ੍ਹਾਂ ਨੇ ਸਵਾਲ ਗਲਤ ਕੀਤਾ ਹੈ। ਇਸ ਲਈ ਇਸ ਵਿਚ ਮੇਰਾ ਕੀ ਕਸੂਰ ਹੈ। ਇਨ੍ਹਾਂ ਨੇ ਕਿਹਾ ਕਿ ਆਫੀਸ਼ਿਅਲ ਆਫ ਪੁਲਿਸ ਸਟੇਸ਼ਨ, ਲੌਂਗੋਵਾਲ। ਪਰ ਉਹ ਪੁਲਿਸ ਸਟੇਸ਼ਨ, ਲੌਂਗੋਵਾਲ ਦਾ ਆਫੀਸ਼ਿਅਲ ਨਹੀਂ ਹੈ ਅਤੇ ਉਹ ਸੀ.ਆਈ.ਡੀ. ਸੰਗਰੂਰ ਦਾ ਰਹਿਣ ਵਾਲਾ ਹੈ। ਪਰ ਉਸ ਦਾ ਪੁਲਿਸ ਸਟੇਸ਼ਨ, ਲੌਂਗੋਵਾਲ ਨਾਲ ਕੋਈ ਤੁਅੱਲਕ ਨਹੀਂ ਹੈ। ਇੱਕ ਵਾਕਿਆ ਜ਼ਰੂਰ ਹੋਇਆ ਹੈ ਅੱਰ ਇੱਕ ਬੱਚਾ ਗੁੰਮ ਹੋਇਆ ਹੈ। ਇਹ 9 ਫਰਵਰੀ, 1979 ਨੂੰ ਸਮਾਣਾ ਦਾ ਬਾਬੀ ਨਾਂ ਦਾ ਹੈ ਅੱਰ ਇਸ ਦੇ ਬਾਪ ਦਾ ਨਾਂ ਕੇਵਲ ਕ੍ਰਿਸ਼ਨ ਹੈ। (ਵਿਘਨ) ਪੰਜਾਬ ਦਾ ਕੋਈ ਵੀ ਬੱਚਾ ਹੋਵੇ ਉਹ ਆਪਣਾ ਬੱਚਾ ਹੈ। 9 ਫਰਵਰੀ, 1979 ਨੂੰ ਐਫ.ਆਈ.ਆਰ. ਅੰਡਰ ਸੈਕਸ਼ਨ 363 ਆਈ.ਪੀ.ਸੀ. ਪੁਲਿਸ ਸਟੇਸ਼ਨ ਸਾਮਾਣਾ ਲਿਖੀ ਗਈ ਸੀ। ਉਸ ਦੇ ਬਾਅਦ 1982 ਨੂੰ ਉਹ ਬੱਚਾ ਲੌਂਗੋਵਾਲ ਵਿਖੇ 7, 8 ਸਾਲ ਦਾ ਹੋ ਗਿਆ ਸੀ। ਲਗਭਗ 3 ਸਾਲ ਬਾਅਦ ਉਥੋਂ ਦੀ ਪੰਚਾਇਤ ਨੇ ਉਸਨੂੰ ਲਾਵਾਰਸ ਸਮਝਕੇ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਇਸ ਸਿਲਸਿਲੇ ਵਿਚ ਦੋ ਬੰਦੇ ਗਿਰਫਤਾਰ ਹੋਏ। ਇੱਕ ਸਰੂਪ ਸਿੰਘ, ਹੈਡ ਕੰਸਟੇਬਲ ਪੁਲਿਸ ਅੱਰ ਦੂਸਰਾ ਗੁਰਮੀਤ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਿੰਘ, ਸੁਪਰਡੈਂਟ ਰੈਸਕਿਊ ਹੋਮ, ਲੁਧਿਆਣਾ। ਇਨ੍ਹਾਂ ਨੂੰ ਗਿਰਫਤਾਰ ਕੀਤਾ ਗਿਆ ਹੈ ਅੱਰ ਇਨ੍ਹਾਂ ਦਾ ਕੇਸ ਅਦਾਲਤ ਵਿਚ ਹੈ। ਬੱਚਾ ਬਰਾਮਦ ਕਰਕੇ ਉਸ ਦੇ ਬਾਪ ਨੂੰ ਦੇ ਦਿੱਤਾ ਗਿਆ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਇਸ ਤਰ੍ਹਾਂ ਦੇ 23 ਬੱਚੇ ਰੈਸਕਿਊ ਹੋਮ ਵਿਚ ਹਨ। ਇਹ ਸੁਪਰਡੈਂਟ ਦੀ ਮਿਹਰਬਾਨੀ ਕਰਕੇ ਅਫਸਰਾਂ ਦੇ ਘਰਾਂ ਵਿਚ ਕੰਮ ਕਰਦੇ ਹਨ। ਸੁਨਾਮ ਦਾ ਇੱਕ ਬੱਚਾ ਗੁੰਮ ਹੋ ਗਿਆ ਸੀ। ਇਸ ਦੇ ਮਾਂ ਬਾਪ ਨੂੰ ਚਿਠੀ ਆ ਗਈ ਕਿ ਐਨੇ ਪੈਸੇ ਦਿਓ ਤਾਂ ਬੱਚਾ ਦਿਆਂਗੇ। ਇਹ ਬੱਚਾ ਪੁਲਿਸ ਨੇ ਗੁੰਮ ਕਰਾਇਆ ਸੀ। ਇਸ ਲਈ ਲੋਕਾਂ ਵਿਚ ਬੜੀ ਰਿਜ਼ੈਂਟਮੈਂਟ ਹੈ ਅੱਰ ਇਸ ਤੋਂ ਇਲਾਵਾ ਹੋਰ ਵੀ ਕਈ ਅਜਿਹੇ ਬੱਚੇ ਹਨ ਚਾਹੇ ਉਨ੍ਹਾਂ ਲਈ ਐਫ.ਆਈ.ਆਰ. ਦਰਜ ਕਰਾਈ ਗਈ ਹੈ ਜਾਂ ਨਹੀਂ ਕਰਾਈ ਗਈ, ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਬਰਾਮਦ ਕੀਤਾ ਜਾਏ ਅੱਰ ਕਸੂਰਵਾਰਾਂ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਕੀ ਇਸ ਕਿਸਮ ਦਾ ਇਹ ਭਰੋਸਾ ਦਿਵਾਉਣਗੇ ? ਬਾਕੀ ਜੋ ਇਨ੍ਹਾਂ ਨੇ ਕਿਹਾ ਹੈ ਕਿ ਦੋ ਪੁਲਿਸ ਦੇ ਅਫਸਰ ਪਕੜ ਲਏ ਹਨ, ਕੀ ਉਨ੍ਹਾਂ ਨੂੰ ਇਹ ਡਿਸਮਿਸ ਕਰਨਗੇ ਅਤੇ ਕਦੋਂ ਤਕ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਇੱਕ ਮੋਲ ਚਾਈਲਡ ਜੋ ਕਿ ਸਮਾਣੇ ਦਾ ਹੈ ਉਸ ਬਾਰੇ ਅੱਗੇ ਹੀ ਦਸ ਚੁੱਕਾ ਹਾਂ। ਪਰ ਜੋ ਇਹ 23 ਬੱਚਿਆਂ ਬਾਰੇ ਗਲ ਕਹਦੇ ਹਨ ਇਨ੍ਹਾਂ ਨੇ ਜੇਕਰ ਇਸ ਬਾਰੇ ਸਵਾਲ ਕੀਤਾ ਹੁੰਦਾ ਤਾਂ ਮੈਂ ਜਵਾਬ ਦੇ ਦਿੰਦਾ। ਬਾਕੀ ਜਿਹੜਾ ਬੱਚਾ ਸਮਾਣਾ ਦਾ ਹੈ ਉਹ ਹੈਡ ਕੰਸਟੇਬਲ ਤੋਂ ਬਰਾਮਦ ਹੋਇਆ ਹੈ। ਸੁਪਰਡੈਂਟ, ਰੈਸਕਿਊ ਹੋਮ ਨੇ ਉਸ ਨੂੰ ਆਪਣੇ ਰਿਸ਼ਤੇਦਾਰ ਕੋਲ ਭੇਜਿਆ ਸੀ। ਐਸਾ ਮਾਲੂਮ ਹੁੰਦਾ ਹੈ ਕਿ ਬੱਚਾ ਕੁਝ ਦੇਰ ਬੈਗਰੀ ਕਰਦਾ ਰਿਹਾ ਹੈ। ਸਰਦਾਰ ਹਰਪਾਲ ਸਿੰਘ ਡੀ.ਐਸ.ਪੀ. ਲੁਧਿਆਣਾ ਨੇ ਇਸ ਸਬੰਧ ਵਿਚ ਇਨਕੁਆਇਰੀ ਕੀਤੀ ਹੈ। 1979 ਤੋਂ ਬਾਅਦ ਸਾਲ ਦੇ ਕਰੀਬ ਇਹ ਬਤੌਰ ਮੰਗਤੇ ਦੇ ਚਲਦਾ ਰਿਹਾ ਹੈ। ਫਿਰ ਉਸ ਤੋਂ ਬਾਅਦ ਰੈਸਕਿਊ ਹੋਮ ਵਿਚ ਭੇਜਿਆ ਗਿਆ ਅੱਰ ਉਥੋਂ ਦੇ ਸੁਪਰਡੈਂਟ ਨੇ ਆਪਣੇ ਬਰਦਰ-ਇਨ-ਲਾਅ ਕੋਲ ਉਸ ਬੱਚੇ ਨੂੰ ਭੇਜਿਆ। ਦੋਨਾਂ ਦੇ ਖਿਲਾਫ ਕੇਸ ਦਰਜ ਹੋਏ ਹਨ ਅੱਰ ਜੋ ਅਦਾਲਤ ਫੈਸਲਾ ਕਰੇਗੀ ਉਹ ਭੁਗਤਣਗੇ। ਸਰਕਾਰ ਇਨ੍ਹਾਂ ਮੁਕੱਦਮਿਆਂ ਦੀ ਪੂਰੀ ਪੈਰਵੀ ਕਰੇਗੀ।

ਸਰਦਾਰ ਦਲੀਪ ਸਿੰਘ ਪਾਂਧੀ : ਚਲਾਨ ਕਦੋਂ ਤਕ ਕਰ ਦੇਣਗੇ ?

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੱਚਾ ਸਮਾਣੇ ਤੋਂ ਚੁੱਕਿਆ ਗਿਆ ਅਤੇ ਉਸ ਦੇ ਬਾਅਦ ਉਸ ਨੂੰ ਲੁਧਿਆਣੇ ਰੱਖਿਆ ਗਿਆ ਰੈਸਕਿਊ ਹੋਮ ਵਿਚ ਅਤੇ ਗੁਰਮੀਤ ਸਿੰਘ ਦੇ ਨਾਮ ਤੇ ਕਮਰਾ ਅਲਾਟ ਹੋਇਆ। ਉਹ ਸਰੂਪ ਸਿੰਘ ਦਾ ਰਿਸ਼ਤੇਦਾਰ ਹੈ। ਫਿਰ ਬੱਚੇ ਨੂੰ ਲੌਂਗੋਵਾਲ ਭੇਜ ਦਿਤਾ ਗਿਆ। ਉਥੇ ਬੱਚੇ ਨੂੰ ਮਾਰਿਆ, ਕੁੱਟਿਆ ਗਿਆ। ਉਥੇ ਕੁਝ ਬੰਦਿਆਂ ਨੇ ਉਸ ਬੱਚੇ ਨੂੰ ਪੁਛਿਆ ਕਿ ਤੂੰ ਕਿਥੋਂ ਆਇਆ ਹੈਂ ਅਤੇ ਤੇਰਾ ਨਾਮ ਕੀ ਹੈ ਤਾਂ ਉਸ ਬੱਚੇ ਨੇ ਰੋਂਦੇ ਹੋਏ ਦੱਸਿਆ ਕਿ ਮੇਰਾ ਨਾਮ ਬਾਬੀ ਹੈ। ਉਹ ਉਸ ਨੂੰ ਐਸ. ਐਸ.ਪੀ. ਕੋਲ ਲੈ ਗਏ ਪਰ ਐਸ.ਐਸ.ਪੀ. ਨੇ ਉਨ੍ਹਾਂ ਦੀ ਕੋਈ ਗਲ ਨਹੀਂ ਸੁਣੀ। (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਇਸ ਤਰ੍ਹਾਂ ਦੇ ਪੁਲਿਸ ਅਫਸਰ ਹਨ ਇਹ ਇਸ ਵਿਚ ਇਨਵਾਲਵਡ ਹਨ, ਇਸ ਦੀ ਉਚੀ ਪੱਧਰ ਤੇ ਪੜਤਾਲ ਹੋਣੀ ਚਾਹੀਦੀ ਹੈ। ਇਸ ਵਿਚ ਹੋਰ ਵੀ ਇਨਵਾਲਵ ਹੋਣਗੇ। ਕੀ ਉਨ੍ਹਾਂ ਸਾਰਿਆਂ ਦੀ ਪੜਤਾਲ ਕਰਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ ਅਤੇ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਦੇ ਖਿਲਾਫ ਕੇਸ ਚਲਾਉਣਗੇ ? ਨਾਲ ਹੀ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚਲਾਨ ਕਦੋਂ ਤਕ ਹੋ ਜਾਣਗੇ ?

ਮੰਤਰੀ : ਇਸ ਕੇਸ ਵਿਚ ਦੋ ਮੁਲਜ਼ਮ ਫੜੇ ਗਏ ਹਨ ਅਤੇ ਉਹ ਜੁਡੀਸ਼ੀਅਲ ਕਸਟੱਡੀ ਵਿਚ ਭੇਜ ਦਿਤੇ ਗਏ ਹਨ। ਬੀਬੀ ਮਨਜੀਤ ਕੌਰ ਅਤੇ ਬੀਬੀ ਰਜਿੰਦਰ ਕੌਰ ਦੀ ਜ਼ਮਾਨਤ ਹੋ ਗਈ ਹੈ। ਐਕਸ਼ਨ ਲੈ ਲਿਆ ਹੈ। ਉਨ੍ਹਾਂ ਦੇ ਚਲਾਨ ਜਲਦੀ ਤੋਂ ਜਲਦੀ ਹੋ ਜਾਣਗੇ।

ਸਰਦਾਰ ਦਲੀਪ ਸਿੰਘ ਪਾਂਧੀ : ਚਲਾਨ ਕਦੋਂ ਹੋ ਜਾਣਗੇ ?

ਮੰਤਰੀ : 3 ਫਰਵਰੀ ਨੂੰ ਅਰੈਸਟ ਹੋਈ। ਉਸ ਦੇ ਬਾਅਦ ਉਹ ਜੁਡੀਸ਼ੀਅਲ ਕਸਟੱਡੀ ਵਿਚ ਭੇਜ ਦਿਤੇ ਗਏ ਹਨ। ਚਲਾਨ ਜਲਦੀ ਹੋ ਜਾਵੇਗਾ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਬੜਾ ਕਲੀਅਰ ਸਵਾਲ ਪੁੱਛਿਆ ਗਿਆ ਸੀ ਕਿ ਚਲਾਨ ਕਦੋਂ ਤਕ ਪੇਸ਼ ਕਰ ਦਿਉਗੇ। ਇਹ ਦੱਸਣ ਕਿ ਚਲਾਨ ਕਦੋਂ ਤੱਕ ਪੇਸ਼ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਉਹ ਜੁਡੀਸ਼ੀਅਲ ਕਸਟੱਡੀ ਵਿਚ ਹਨ। ਉਹ ਗ੍ਰਿਫਤਾਰ ਕੀਤੇ ਹੋਏ ਮੁਲਜ਼ਮ ਹਨ। ਉਨ੍ਹਾਂ ਦੇ ਚਲਾਨ ਜਲਦੀ ਪੇਸ਼ ਹੋ ਜਾਣਗੇ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਬੜੇ ਦੁੱਖ ਦੀ ਗਲ ਹੈ ਕਿ ਇਹ ਮਰੀਜ਼ ਦੀ ਨਬਜ਼ ਨਹੀਂ ਦੇਖਦੇ। ਬੇਸਿਕ ਗਲ ਇਹ ਹੈ ਕਿ ਉਨ੍ਹਾਂ ਦੇ ਚਲਾਨ ਕਦੋਂ ਤਕ ਪੇਸ਼ ਕੀਤੇ ਜਾਣਗੇ। ਪਹਿਲਾਂ ਇਨ੍ਹਾਂ ਨੇ ਜਵਾਬ ਦਿਤਾ ਕਿ ਚਲਾਨ ਕਰ ਦਿਤੇ ਗਏ ਅਤੇ ਹੁਣ ਕਹਿੰਦੇ ਹਨ ਕਿ ਚਲਾਨ ਜਲਦੀ ਪੇਸ਼ ਕਰ ਦਿਆਂਗੇ। ਇਸ ਤਰ੍ਹਾਂ ਸ਼ੋ ਕਰਦਾ ਹੈ ਜਿਸ ਤਰ੍ਹਾਂ ਰੀਮਾਂਡ ਅਤੇ ਚਲਾਨ ਵਿਚ ਕੋਈ ਫਰਕ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਚਲਾਨ ਕਦੋਂ ਤੱਕ ਪੇਸ਼ ਕੀਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ ਕਿ ਫਰਵਰੀ ਵਿਚ ਉਨ੍ਹਾਂ ਨੂੰ ਅਰੈਸਟ ਕੀਤਾ। ਉਸ ਦੇ ਬਾਅਦ ਉਨ੍ਹਾਂ ਦੀ ਇੰਟੈਰੋਗੇਸ਼ਨ ਹੋਈ ਕਿ ਕਿਸ ਤਰ੍ਹਾਂ ਲੜਕੇ ਨੂੰ ਚੁੱਕਿਆ ਗਿਆ। ਉਸ ਲਈ ਟਾਈਮ ਚਾਹੀਦਾ ਸੀ। ਇਸ ਕੰਮ ਲਈ ਡੀ.ਐਸ.ਪੀ. ਲਗਾ ਰਿਹਾ। ਸਾਰੀ ਇਨਵੈਸਟੀਗੇਸ਼ਨ ਦੇ ਬਾਅਦ ਉਨ੍ਹਾਂ ਨੂੰ ਜੁਡੀਸ਼ੀਅਲ ਕਸਟੱਡੀ ਵਿਚ ਭੇਜ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੇ ਇਸ ਨੂੰ ਪੂਰਾ ਪਰਸੂ ਕੀਤਾ ਹੈ। ਕੇਸ ਕੰਪਲੀਟ ਹੈ ਅਤੇ ਚਲਾਨ ਜਲਦੀ ਪੇਸ਼ ਹੋ ਜਾਵੇਗਾ।

STARRED QUESTION NO. 1387

ਸਰਦਾਰ ਆਤਮਾ ਸਿੰਘ : ਇਕ ਸਵਾਲ ਨੰ: 1387 ਸੀ। ਸਬੰਧਤ ਸ਼ਤਿਕਾਰਯੋਗ ਮੈਂਬਰ ਵੀ ਸਦਨ ਵਿਚ ਹਾਜ਼ਰ ਨਹੀਂ ਸੀ ਅਤੇ ਮਨਿਸਟਰ ਵੀ ਹਾਜਰ ਨਹੀਂ ਹਨ। ਇਸ ਬਾਰੇ ਮੈਨੂੰ ਆਗਿਆ ਦਿਓ .....

ਸ਼੍ਰੀ ਸਪੀਕਰ : ਉਹ ਉਨ੍ਹਾਂ ਨੇ ਵਿਦਡਰਾ ਕਰ ਲਿਆ ਹੈ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਹ ਸਰਕਾਰ ਦੇ ਅਤੇ ਲੋਕਾਂ ਦੇ ਇੰਟਰੈਸਟ ਦੀ ਗਲ ਹੈ; ਗਲੀਆਂ ਅਤੇ ਨਾਲੀਆਂ ਲਈ ਜਿਹੜਾ ਪੈਸਾ ਦਿਤਾ ਹੈ .....

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਸ ਬਾਰੇ ਤੁਸੀਂ ਆਫਟਰ ਕੁਐਸ਼ਚਨ ਆਵਰ ਪੁਆਇੰਟ ਆਫ ਆਰਡਰ ਰੇਜ਼ ਕਰ ਲੈਣਾ ।

Boat Bridge on River Sutlej Crossing Paniali-Chamkaur Sahib Road

***1319. Master Dalip Chand :** Will the Minister for Agriculture and Irrigation be pleased to state whether there is any proposal under the consideration of the Government to provide a boat bridge on river Sutlej crossing Paniali-Chamkaur Sahib road; if so, the time by which it is likely to be provided ?

ਸਰਦਾਰ ਬੇਅੰਤ ਸਿੰਘ (ਲੋਕ ਨਿਰਮਾਣ ਮੰਤਰੀ) : ਨਹੀਂ ਜੀ ।

ਮਾਸਟਰ ਦਲੀਪ ਚੰਦ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਪੁਲ ਨਹੀਂ ਬਣ ਸਕਦਾ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਬੜੀ ਤਕਲੀਫ ਪੇਸ਼ ਆ ਰਹੀ ਹੈ, ਕੀ ਉਥੇ ਕਿਸ਼ਤੀਆਂ ਦਾ ਪੁਲ ਜਾਂ ਰੈਂਪ ਬਣਾਉਣ ਦਾ ਇੰਤਜ਼ਾਮ ਕਰਨਗੇ ਤਾਕਿ ਲੋਕਾਂ ਨੂੰ ਕੋਈ ਤਕਲੀਫ ਪੇਸ਼ ਨਾ ਆਵੇ ?

ਲੋਕ ਨਿਰਮਾਣ ਮੰਤਰੀ : ਕਿਸ਼ਤੀਆਂ ਦਾ ਪੁਲ ਇਸ ਕਰਕੇ ਨਹੀਂ ਬਣ ਸਕਦਾ ਕਿਉਂਕਿ ਉਥੇ ਪਾਣੀ ਦੀ ਡੈਪਥ ਥੋੜ੍ਹੀ ਹੈ ਅਤੇ ਕਿਸ਼ਤੀਆਂ ਚੱਲਣੀਆਂ ਮੁਸ਼ਕਿਲ ਹਨ। ਦੂਜੀ ਜਿਹੜੀ ਉਨ੍ਹਾਂ ਨੇ ਰੈਂਪ ਬਣਾਉਣ ਬਾਰੇ ਗਲ ਕੀਤੀ ਹੈ, ਉਸ ਨੂੰ ਅਸੀਂ ਐਗਜ਼ਾਮਿਨ ਕਰਵਾ ਲਵਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਨੈਸ਼ਨਲ ਹਾਈਵੇ ਨੰ: 1 ਜਿਹੜੀ ਅੰਬਾਲਾ ਤੋਂ ਰਾਜਪੁਰਾ ਜਾਂਦੀ ਹੈ ਉਥੇ ਰਸਤੇ ਵਿਚ ਪੁਲ ਤੇ 25 ਦਰ ਹਨ ਜਿਨ੍ਹਾਂ ਵਿਚੋਂ 23 ਦਰ ਬੰਦ ਹਨ ਅਤੇ 2 ਖੁਲ੍ਹੇ ਹਨ। ਉਥੇ ਵਿਚ ਸਿਲਟ ਜੰਮੀ ਪਈ ਹੈ। ਉਥੋਂ 100 ਗਜ਼ ਦੇ ਫਾਸਲੇ ਤੇ ਰੇਲਵੇ ਲਾਈਨ ਹੈ। ਜੇ ਉਨ੍ਹਾਂ ਦਰਾਂ ਨੂੰ ਖੋਲ੍ਹਿਆ ਨਾ ਗਿਆ ਤਾਂ ਰੇਲਵੇ ਲਾਈਨ ਦਾ ਵੀ ਨੁਕਸਾਨ ਹੋ ਸਕਦਾ ਹੈ ਅਤੇ ਹੋਰ ਵੀ ਨੁਕਸਾਨ ਹੋ ਜਾਵੇਗਾ। ਇਸ ਬਾਰੇ ਇਨ੍ਹਾਂ ਦਾ ਮਹਿਕਮਾ ਕੀ ਕਰ ਰਿਹਾ ਹੈ ?

ਮੰਤਰੀ : ਇਨ੍ਹਾਂ ਦੀ ਸਾਰੀ ਸਿਲਟ ਕਢਵਾ ਦਿਆਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ : 1388

ਸ਼੍ਰੀ ਸਪੀਕਰ : ਨੈਕਸਟ ਕੁਐਸਚਨ ਨੰ: 1388. ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਹੀਂ ਹੈ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ ।)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਸਵਾਲ ਹੈ। ਇਸ ਨੂੰ ਲੈ ਲਵੋ।

ਸ਼੍ਰੀ ਸਪੀਕਰ : ਮੈਂ ਅਲਾਓ ਨਹੀਂ ਕਰਦਾ ।

Bus Service on Paniali-Chamkaur Sahib Road upto River Sutlej

***1320. Master Dalip Chand:** Will the Minister of State for Transport be pleased to state whether there is any proposal under the consideration of the Government to start bus service on Paniali-Chamkaur Sahib Road upto river Sutlej; if so, the time by which it is likely to be started ?

Original with;
Punjab Vidhan Sabha
Digitized by;
Panjab Digital Library

ਸਰਦਾਰ ਅਵਤਾਰ ਸਿੰਘ ਗਟਵਾਲੀ : ਨਹੀਂ ਜੀ। ਹਾਲ ਦੀ ਘੜੀ ਕੋਈ ਤਜਵੀਜ਼ ਨਹੀ ਹੈ ;

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਪਨਿਆਲੀ ਤੋਂ ਚਮਕੌਰ ਸਾਹਿਬ ਰੋਡ ਤੇ ਲੋਕਾਂ ਦੀ ਆਵਾਜਾਈ ਬਹੁਤ ਰਹਿੰਦੀ ਹੈ। ਕੀ ਮਨਿਸਟਰ ਸਾਹਿਬ ਰੋਪੜ ਤੋਂ ਜੋ ਬੱਸ ਚਲਦੀ ਹੈ ਉਸ ਦੇ ਰੂਟ ਨੂੰ ਅਕਸਟੈਂਡ ਕਰਨ ਲਈ ਵਿਚਾਰ ਕਰਨਗੇ ਤਾਕਿ ਪਨਿਆਲੀ ਤੋਂ ਚਮਕੌਰ ਸਾਹਿਬ ਦਰਿਆ ਸਤਲੁਜ ਤਕ ਜੋ ਤਕਰੀਬਨ 5 ਕਿਲੋਮੀਟਰ ਹੈ, ਉਸ ਰੂਟ ਦੀ ਲੋਕਾਂ ਨੂੰ ਸਹੂਲਤ ਹੋ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੈਂਬਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਨਿਆਲੀ ਤੋਂ ਚਮਕੌਰ ਸਾਹਿਬ ਤਕ ਜਿਹੜਾ ਰੂਟ ਐਕਸਟੈਂਡ ਕਰਨ ਦੀ ਇਨ੍ਹਾਂ ਨੇ ਗਲ ਕੀਤੀ ਹੈ, ਉਸ ਦੇ ਬਾਰੇ ਸਰਵੇ ਕਰਵਾ ਲੈਂਦੇ ਹਾਂ ਜੇ ਸੜਕ ਠੀਕ ਹੋਈ ਤਾਂ ਬੱਸ ਜ਼ਰੂਰ ਚਲਾ ਦਿਆਂਗੇ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਵੱਖ ਵੱਖ ਰੂਟਾਂ ਤੇ ਬੱਸਾਂ ਚਲਾਉਣ ਲਗ ਗਏ ਹਨ। ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬੱਸਾਂ ਚਲਦੀਆਂ ਹਨ ਉਨ੍ਹਾਂ ਬੱਸਾਂ ਦੇ ਡਰਾਈਵਰਾਂ ਨੂੰ ਜੋ ਡੀਜ਼ਲ ਦਿੱਤਾ ਜਾਂਦਾ ਹੈ, ਤੇਲ ਦਿੱਤਾ ਜਾਂਦਾ ਹੈ ਉਸ ਦੇ ਲਈ ਇਨ੍ਹਾਂ ਨੇ ਹਦਾਇਤਾਂ ਕਰ ਦਿੱਤੀਆਂ ਹਨ ਕਿ ਇਤਨੇ ਕਿਲੋਮੀਟਰ ਪਿੱਛੇ ਇਤਨਾ ਤੇਲ ਦੇਣਾ ਹੈ। ਤੁਸੀਂ ਦੇਖਿਆ ਹੈ ਕਿ ਬੱਸਾਂ ਆਮ ਰਸਤੇ ਵਿੱਚ ਖੜੀਆਂ ਰਹਿੰਦੀਆਂ ਹਨ ਕਿਉਂਕਿ ਬਸਾਂ ਦੀ ਹਾਲਤ ਬਹੁਤ ਮਾੜੀ ਹੈ ਅਤੇ ਉਹ ਡੀਜ਼ਲ ਜ਼ਿਆਦਾ ਖਾਂਦੀਆਂ ਹਨ। ਕੀ ਮਨਿਸਟਰ ਸਾਹਿਬ ਬੱਸਾਂ ਦੀ ਮਾੜੀ ਹਾਲਤ ਨੂੰ ਦੇਖਦੇ ਹੋਏ ਜਿੰਨੀਆਂ ਉਹ ਡੀਜ਼ਲ ਖਾਂਦੀਆਂ ਹਨ ਉਤਨਾ ਡੀਜ਼ਲ ਦਿਵਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਵਾਲ ਤਾਂ ਇਕ ਰੂਟ ਤੇ ਬੱਸ ਚਲਾਉਣ ਦਾ ਸੀ ਪਰ ਇਨ੍ਹਾਂ ਨੇ ਡੀਜ਼ਲ ਦੀ ਗਲ ਵਿੱਚ ਲੈ ਆਂਦੀ ਹੈ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕ ਬੱਸ ਨੇ ਜਿਤਨੇ ਕਿਲੋਮੀਟਰ ਚਲਣਾ ਹੁੰਦਾ ਹੈ ਉਸ ਦੇ ਹਿਸਾਬ ਨਾਲ ਉਸ ਨੂੰ ਡੀਜ਼ਲ ਦਿੱਤਾ ਜਾਂਦਾ ਹੈ। ਇਸ ਗਲੋਂ ਕਿ ਕਿਸੇ ਬਸ ਵਿੱਚ ਡੀਜ਼ਲ ਨਾ ਹੋਵੇ ਕਦੇ ਬੱਸਾਂ ਖੜੀਆਂ ਨਜ਼ਰ ਨਹੀਂ ਆਈਆਂ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੰਨੀਆਂ ਬੱਸਾਂ ਚਲਦੀਆਂ ਹਨ ਚਮਕੌਰ ਸਾਹਿਬ ਨੂੰ ਜਾਂ ਹੋਰ ਥਾਵਾਂ ਨੂੰ ਖਾਸ ਤੌਰ ਤੇ ਜਿਹੜੀਆਂ ਬਸਾਂ ਲੰਬੇ ਰੂਟਾਂ ਤੇ ਚਲਦੀਆਂ ਹਨ ਉਨ੍ਹਾਂ ਦੇ ਡਰਾਈਵਰਜ਼ ਸ਼ਰਾਬ ਪੀਕੇ ਬਸਾਂ ਚਲਾਉਂਦੇ ਹਨ। ਇਹ ਆਮ ਸ਼ਿਕਾਇਤ ਦੀ ਗਲ ਹੈ ਕਿ ਜਿਥੇ ਉਹ ਬੱਸਾਂ ਰੋਕਦੇ ਹਨ ਰੋਟੀ ਖਾਣ ਵਾਸਤੇ ਉਥੇ ਹੀ ਉਹ ਰੋਟੀ ਖਾਂਦੇ ਹਨ ਅਤੇ ਉਹ ਸ਼ਰਾਬ ਵੀ ਪੀਂਦੇ ਹਨ। ਇਹ ਰਾਤ ਦੀ ਹੀ ਹਾਲੀਂ ਗਲ ਹੈ ਅਤੇ ਇਹ ਨੋਟ ਕਰਨ ਵਾਲੀ ਗਲ ਹੈ ਜਿਸ ਦੇ ਬਾਰੇ ਸ਼ਿਕਾਇਤ ਵੀ ਕੀਤੀ ਗਈ ਹੈ ਕਿ ਰਾਤ ਮੁਰਿੰਡੇ ਬੱਸ ਰੁਕੀ ਅਤੇ ਉਥੇ ਉਨ੍ਹਾਂ ਨੇ ਰੋਟੀ ਖਾਧੀ ਅਤੇ ਨਾਲੇ ਸ਼ਰਾਬ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਪੀਤੀ। ਉਸ ਬੱਸ ਦੇ ਵਿੱਚ ਜ਼ਨਾਨੀਆਂ ਸਵਾਰੀਆਂ ਵੀ ਸਨ । ਜਦੋਂ ਉਹ ਸ਼ਰਾਬ ਪੀ ਕੇ ਉਥੋਂ ਚਲੇ ਤਾਂ ਬੱਸ ਉਸ ਦੇ ਕੋਲੋਂ ਕੰਟਰੋਲ ਨਾ ਹੋਵੇ ਅਤੇ ਬੱਸ ਨੂੰ ਡਰਾਈਵਰ ਕੋਲੋਂ ਕੰਟਰੋਲ ਨਾ ਕਰਨ ਕਰਕੇ ਸਵਾਰੀਆਂ ਬੱਸ ਵਿੱਚੋਂ ਉਤਰ ਗਈਆਂ ਅਤੇ ਇਕ ਘੰਟੇ ਤੋਂ ਬਾਅਦ ਉਹ ਦੂਜੀ ਬੱਸ ਵਿੱਚ ਆਈਆਂ। ਸਾਰੇ ਇਸ ਤਰ੍ਹਾਂ ਸ਼ਰਾਬ ਪੀ ਕੇ ਰਾਤ ਨੂੰ ਚਲਦੇ ਹਨ ਅਤੇ ਲੋਕੀਂ ਜੋ ਸਫਰ ਕਰਦੇ ਹਨ ਉਨ੍ਹਾਂ ਨੂੰ ਬੜੀ ਦਿੱਕਤ ਹੁੰਦੀ ਹੈ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਚੈਕਿੰਗ ਕਿਸ ਤਰ੍ਹਾਂ ਕੀਤੀ ਜਾਂਦੀ ਹੈ? ਕੀ ਇਸ ਦੇ ਬਾਰੇ ਦੱਸਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਹਰ ਇਕ ਡਰਾਈਵਰ ਦੀ, ਹਰ ਇਕ ਬੱਸ ਦੀ ਚੈਕਿੰਗ ਕੀਤੀ ਜਾਵੇ ਲੇਕਿਨ ਇਨ੍ਹਾਂ ਦੇ ਨੋਟਿਸ ਵਿੱਚ ਅਗਰ ਕੋਈ ਖਾਸ ਗਲ ਹੈ ਤਾਂ ਦੱਸਣ।

ਸਰਦਾਰ ਬਸੰਤ ਸਿੰਘ ਖਾਲਸਾ: ਇਹ ਰਾਤ ਦਾ ਵਾਕਿਆ ਹੈ, ਮੈਂ ਵੀ ਉਸ ਬੱਸ ਦੇ ਵਿੱਚ ਸੀ।

ਰਾਜ ਮੰਤਰੀ: ਸਪੀਕਰ ਸਾਹਿਬ, ਅਗੇ ਵੀ ਕਈਆਂ ਨੇ ਸ਼ਿਕਾਇਤ ਕੀਤੀ ਹੈ ਅਤੇ ਮੈਂ ਹਮੇਸ਼ਾਂ ਇਹ ਕਹਿੰਦਾ ਹਾਂ ਕਿ ਬੱਸ ਦਾ ਨੰਬਰ ਦੇ ਦਿਓ ਤਾਂ ਜ਼ਰੂਰ ਪਤਾ ਕਰਵਾ ਕੇ ਸਜ਼ਾ ਦੇਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ਨੰਬਰ ਤਾਂ ਇਸ ਵੇਲੇ ਮੈਨੂੰ ਨਹੀਂ ਪਤਾ ਪਰ ਉਹ ਪੱਟੀ ਤੋਂ ਚੰਡੀਗੜ੍ਹ ਨੂੰ ਬੱਸ ਆਉਂਦੀ ਹੈ ਅਤੇ 8 ਵਜੇ ਲੁਧਿਆਣੇ ਤੋਂ ਚਲੀ ਹੈ ਤੇ 10 ਵਜੇ ਚੰਡੀਗੜ੍ਹ ਪਹੁੰਚਣਾ ਸੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਕ ਤਾਂ ਵਜ਼ੀਰ ਸਾਹਿਬ ਕ੍ਰਿਪਾ ਕਰਕੇ ਇਹ ਦੱਸਣ ਕਿ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਨੂੰ ਨਵੇਂ ਰੂਟ ਪ੍ਰਮਿਟਸ ਦੇਣ ਦੀ ਪਾਲਿਸੀ ਕੀ ਹੈ? ਦੂਸਰਾ ਇਹ ਕਿ ਬਾਦਲ ਸਾਹਿਬ ਦੀ ਸਰਕਾਰ ਵੇਲੇ ਨਵੀਆਂ ਜਗ੍ਹਾਂ ਤੇ ਬੱਸ ਸਰਵਿਸ ਦੇਣ ਲਈ ਤਜਵੀਜ਼ਾਂ ਮੰਗੀਆਂ ਗਈਆਂ ਸਨ ਉਨ੍ਹਾਂ ਦਾ ਕੋਈ ਫੈਸਲਾ ਨਹੀਂ ਹੋਇਆ। ਉਹ ਫੈਸਲਾ ਕਦੋਂ ਤਕ ਕਰ ਦੇਣਗੇ ? ਇਕ ਪ੍ਰੈਸ਼ਰ ਹਾਰਨ ਕਾਨੂੰਨੀ ਤੌਰ ਤੇ ਨਹੀਂ ਲਗ ਸਕਦਾ ਲੇਕਿਨ ਉਹ ਹਾਰਨ ਚਲ ਰਹੇ ਹਨ, ਇਸ ਦੇ ਬਾਰੇ ਦੱਸਣ ਕਿ ਕੀ ਕਾਰਨ ਹਨ? ਇਕ ਮੰਡੀ ਗੋਬਿੰਦਗੜ੍ਹ ਅੱਡਾ ਬਣਿਆ ਉਸ ਦਾ ਉਦਘਾਟਨ ਸੰਜੇ ਗਾਂਧੀ ਨੇ ਕੀਤਾ ਸੀ ਉਸ ਦੇ ਬਾਰੇ ਦੱਸਣ ਕਿ ਕੀ ਕੀਤਾ ਹੈ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 2-3 ਗਲਾਂ ਕਰ ਲਈਆਂ ਹਨ ਪਰ ਇਕ ਆਪਣੀ ਗਲ ਛੱਡ ਗਏ ਹਨ, ਮੈਨੂੰ ਉਮੀਦ ਹੈ ਕਿ ਉਹ ਦੁਬਾਰਾ ਹੁਣ ਨਹੀਂ ਕਰਨਗੇ। ਜਿਥੋਂ ਤਕ, ਸਪੀਕਰ ਸਾਹਿਬ, ਗੋਬਿੰਦਗੜ੍ਹ ਦੇ ਬੱਸ ਸਟੈਂਡ ਦੀ ਗਲ ਹੈ, ਇਹ ਮਿਉਂਸਪਲ ਕਮੇਟੀ ਦੀ ਜ਼ਿੰਮੇਵਾਰੀ ਹੈ ਉਹ ਸਾਨੂੰ ਲਿਖ ਕੇ ਦੇ ਦੇਣ।

ਸਰਦਾਰ ਦਲੀਪ ਸਿੰਘ ਪਾਂਧੀ : ਉਹ ਹੈਂਡ ਓਵਰ ਹੋ ਗਿਆ ਹੈ। ਬੱਸਾਂ ਪਹਿਲਾਂ ਜਾਂਦੀਆਂ ਰਹੀਆਂ ਹਨ, ਫਿਰ ਬੰਦ ਹੋ ਗਈਆਂ। ਸਾਰੀਆਂ ਬੱਸਾਂ ਦੀ ਐਂਟਰੀ ਹੁੰਦੀ ਹੈ। ਸਰਕਾਰੀ ਬੱਸਾਂ ਐਂਟਰ ਨਹੀਂ ਹੁੰਦੀਆਂ। ਇਕ, ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੁਲਿਸ ਵਾਲੇ, ਟੈਕਸੇਸ਼ਨ ਵਾਲੇ, ਤਹਿਸੀਲਦਾਰ ਜਾਂ ਹੋਰ ਅਫਸਰ ਮੁਫਤ ਸਫਰ ਕਰਦੇ ਹਨ ਜਿਸ ਕਰਕੇ ਸਾਡੀ ਟਰਾਂਸਪੋਰਟ ਘਾਟੇ ਵਿੱਚ ਜਾਂਦੀ ਹੈ। ਫਿਰ ਸਟਾਫ ਦੀ ਬੜੀ ਗਲ ਚਲ ਪਈ ਹੈ ਸਟਾਫ ਮੈਂਬਰ ਦੀ। ਆਮ ਲੋਕਾਂ ਵਾਸਤੇ ਡਰਾਈਵਰ ਬੱਸ ਨਹੀਂ ਰੋਕਦੇ ਪਰ ਜੇ ਕੋਈ ਝੰਡਾ ਦਿਖਾ ਕੇ ਬੱਸ ਰੋਕਣ ਨੂੰ ਕਹੇ ਤਾਂ

Original with;
Punjab Vidhan Sabha
Digitized by;
Panjab Digital Library

ਉਸ ਵਾਸਤੇ ਬੱਸ ਰੁਕ ਜਾਂਦੀ ਹੈ। ਅੱਗੇ ਬੱਸ ਵਿੱਚ ਇਹ ਸਟਾਫ ਮੈਂਬਰਜ਼ ਤਾਂ ਚੰਡੇ ਹੋ ਕੇ ਬੈਠ ਜਾਂਦੇ ਹਨ ਪਰ ਲੇਡੀਜ਼ ਨੂੰ ਉਥੇ ਸੀਟ ਨਹੀਂ ਮਿਲਦੀ ਹੈ।

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਇਸ ਗਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਜਿਥੇ ਸਾਡੇ ਧਿਆਨ ਵਿੱਚ ਕੋਈ ਗਲ ਲਿਆਂਦੀ ਗਈ ਹੈ ਉਥੇ ਅਸੀਂ ਫੌਰੀ ਤੌਰ ਤੇ ਐਕਸ਼ਨ ਲਿਆ ਹੈ। ਅਸੀਂ ਐਵੇਂ ਹੀ ਇਹ ਕਹੀ ਜਾਈਏ ਕਿ ਡਰਾਈਵਰ ਕੰਡਕਟਰ ਬੱਸ ਨਹੀਂ ਰੋਕਦੇ ਜਾਂ ਸ਼ਰਾਬੀ ਹੁੰਦੇ ਹਨ ਤੇ ਬੱਸ ਨਹੀਂ ਰੋਕਦੇ ਤਾਂ ਇਹ ਉਨ੍ਹਾਂ ਤੇ ਖਾਹਮਖਾਹ ਐਸਪਰਸ਼ਨ ਕਰਨ ਵਾਲੀ ਗਲ ਹੈ, ਜੋ ਪੰਜਾਬ ਦੀ ਸੇਵਾ ਕਰਦੇ ਹਨ। ਸਾਨੂੰ ਕੋਈ ਪਰਟੀਕੁਲਰ ਕੇਸ ਦੱਸਣ ਜੇ ਉਹ ਨਹੀਂ ਰੋਕਦੇ ਤਾਂ ਅਸੀਂ ਜ਼ਰੂਰ ਐਕਸ਼ਨ ਲਵਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਆ ਗਏ ਹਨ। ਗੋਬਿੰਦਗੜ੍ਹ ਬੱਸ ਸਟੈਂਡ ਜੋ ਬਣਿਆ ਹੈ ਉਸ ਦਾ ਉਦਘਾਟਨ ਸੰਜੇ ਗਾਂਧੀ ਨੇ ਕੀਤਾ ਸੀ ਅੌਰ ਇਹ ਉਸ ਵੇਲੇ ਕਾਂਗਰਸ ਪਾਰਟੀ ਦੇ ਪ੍ਰੈਜ਼ੀਡੈਂਟ ਸੀ ਅਤੇ ਇਹ ਵੀ ਉਥੇ ਗਏ ਸੀ। ਲੋਕਾਂ ਨੇ ਇਸ ਗਲ ਦੀ ਮੰਗ ਕੀਤੀ ਸੀ ਕਿ ਗੋਬਿੰਦਗੜ੍ਹ ਇੰਡਸਟਰੀਅਲ ਟਾਊਨ ਹੈ ਗੋਬਿੰਦਗੜ੍ਹ ਤੋਂ ਦਿਲੀ ਨੂੰ ਬੱਸ ਜਾਣੀ ਚਾਹੀਦੀ ਹੈ। ਇਨ੍ਹਾਂ ਨੇ ਐਸ਼ੋਅਰ ਵੀ ਕਰਵਾਇਆ ਸੀ। ਇਸ ਦੇ ਬਾਰੇ ਦੱਸ ਦੇਣ। ਦੂਸਰਾ ਮੈਂ ਪੂਛਿਆ ਸੀ ਕਿ ਟਰਾਂਸਪੋਰਟ ਦੀ ਨਵੇਂ ਰੂਟ ਪ੍ਰਮਿਟਸ ਦੇਣ ਦੀ ਪਾਲਿਸੀ ਕੀ ਹੈ? ਮੈਂ ਇਹ ਵੀ ਕਿਹਾ ਸੀ ਕਿ ਸਟਾਫ ਮੈਂਬਰ ਅਤੇ ਹੋਰ ਦੂਸਰੇ ਮੁਫਤ ਸਫਰ ਕਰਦੇ ਹਨ ਜਿਸ ਦੇ ਕਾਰਨ ਟਰਾਂਸਪੋਰਟ ਘਾਟੇ ਵਿੱਚ ਜਾਂਦੀ ਹੈ। ਇਕ ਮੈਂ ਇਹ ਕਿਹਾ ਸੀ ਕਿ ਬੱਸ ਸਟੈਂਡ ਗੋਬਿੰਦਗੜ੍ਹ ਦਾ ਜੋ ਹੈ ਉਥੇ ਸਰਕਾਰੀ ਬੱਸ ਨਹੀਂ ਜਾਂਦੀ, ਇਸ ਦਾ ਕੀ ਕਾਰਨ ਹੈ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਗਲਾਂ ਦਾ ਇਸ ਸਵਾਲ ਨਾਲ ਕੋਈ ਤੱਲਕ ਨਹੀਂ ਹੈ। ਜਨਰਲ ਡਿਸਕਸ਼ਨ ਦੀ ਜੇ ਤੁਸੀਂ ਇਜਾਜ਼ਤ ਦੇ ਦਿੱਤੀ ਹੈ ਤਾਂ, ਸਪੀਕਰ ਸਾਹਿਬ, ਇਹ ਤੁਹਾਡੀ ਮਰਜ਼ੀ ਹੈ।

ਮਾਸ਼ਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡਰਾਈਵਰ ਅੌਰ ਕੰਡਕਟਰ ਦਾ ਡਿਊਟੀ ਟਾਈਮ ਕਿੰਨਾ ਹੈ, ਉਨ੍ਹਾਂ ਦੀ ਡਿਊਟੀ ਕਿੰਨੇ ਘੰਟੇ ਦੀ ਹੈ? ਜੇ ਉਹ ਇਸ ਤੋਂ ਵੱਧ ਡਿਊਟੀ ਦਿੰਦੇ ਹਨ ਤਾਂ ਕੀ ਇਸ ਦੇ ਲਈ ਉਨ੍ਹਾਂ ਨੂੰ ਓਵਰ-ਟਾਈਮ ਅਲੌਂਉਂਸ ਦਿੱਤਾ ਜਾਂਦਾ ਹੈ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਚੈਕਿੰਗ ਪਾਲਿਸੀ ਕੀ ਹੈ? ਇਸ ਦੇ ਬਾਰੇ ਦੱਸਣ।

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਵਾਲ ਇਕ ਬੱਸ ਨੂੰ ਦੂਸਰੀ ਜਗ੍ਹਾ ਐਕਸਟੈਂਡ ਕਰਨ ਦਾ ਸੀ, ਪਰ ਤੁਸੀਂ ਜਨਰਲ ਡਿਸਕਸ਼ਨ ਦੀ ਆਗਿਆ ਦੇ ਦਿੱਤੀ ਹੈ, ਇਸ ਲਈ ਮੈਂ ਉਸ ਦੇ ਮੁਤਾਬਿਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਚਾਹੇ ਪੈਪਸੂ ਰੋਡਵੇਜ਼ ਦੇ ਜਾਂ ਪੰਜਾਬ ਰੋਡਵੇਜ਼ ਦੇ ਡਰਾਈਵਰ ਤੇ ਕੰਡਕਟਰ ਹਨ ਜੋ ਉਹ ਵਾਧੂ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਐਕਸਟਰਾ ਬੈਨੇਫਿਟ ਦਿੱਤਾ ਜਾਂਦਾ ਹੈ ਅੌਰ ਜੋ ਵੀ ਸਹੂਲਤਾਂ ਹਨ ਉਹ ਉਨ੍ਹਾਂ ਨੂੰ ਸਾਰੀਆਂ ਦਿੱਤੀਆਂ ਜਾਂਦੀਆਂ ਹਨ। ਜਿਥੋਂ ਤਕ ਇਨ੍ਹਾਂ ਚੈਕਿੰਗ ਦੀ ਗਲ ਕੀਤੀ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਬਕਾਇਦਾ ਤੌਰ ਤੇ ਕਾਰਪੋਰੇਸ਼ਨ ਅਤੇ ਰੋਡਵੇਜ਼ ਵਿੱਚ ਚੈਕਿੰਗ ਕਰਨ ਵਾਸਤੇ ਇਨਸਪੈਕਟਰਜ਼ ਹਨ, ਟਰੈਫਿਕ ਮਨੇਜਰ ਹਨ ਉਹ ਸਾਰੇ ਟਾਈਮ ਟੂ ਟਾਈਮ ਚੈਕ ਕਰਦੇ ਰਹਿੰਦੇ ਹਨ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੰਤਰੀ ਜੀ, ਉਨ੍ਹਾਂ ਦਾ ਸੁਆਲ ਹੈ ਜਿਹੜੇ ਚੈਕ ਕਰਦੇ ਹਨ ਉਨ੍ਹਾਂ ਦੀ ਚੈਕਿੰਗ ਕੌਣ ਕਰਦਾ ਹੈ।

Question Hour is over.

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਕੁਐਸਚਨ ਨੰ: 1387 ਨੂੰ ਵਿਦਡਰਾਅ ਕਰ ਲਿਆ। ਕਿਉਂ ਵਿਦਡਰਾਅ ਕੀਤਾ ਹੈ, ਮੈਨੂੰ ਪਤਾ ਹੈ। ਲੇਕਿਨ ਮੈਂ ਕੁਝ ਗਲਾਂ ਸਰਕਾਰ ਨੂੰ ਕਹਿਣੀਆਂ ਚਾਹੁੰਦਾ ਹਾਂ ਜਿਹੜੀਆਂ ਕਿ ਪੰਜਾਬ ਦੇ ਔਰ ਲੋਕਾਂ ਦੇ ਹਿੱਤ ਦੀਆਂ ਹਨ।

ਸਪੀਕਰ ਸਾਹਿਬ, ਸਰਕਾਰ ਨੇ ਸਾਰੇ ਡੀ. ਸੀਜ਼ ਨੂੰ ਹਦਾਇਤਾਂ ਕੀਤੀਆਂ ਹਨ ਕਿ ਹਰ ਪਿੰਡ ਵਿਚ ਨਾਲੀਆਂ ਤੇ ਗਲੀਆਂ ਪੱਕੀਆਂ ਬਣਾਉਣੀਆਂ ਹਨ, ਇਸ ਲਈ ਐਮ. ਐਲ. ਏਜ਼, ਦੀ ਮੀਟਿੰਗ ਬੁਲਾ ਕੇ ਲਿਸਟਾਂ ਫਾਈਨਲ ਕੀਤੀਆਂ ਜਾਣ। ਉਹ ਲਿਸਟਾਂ ਫਾਈਨੈਲਾਈਜ਼ ਹੋ ਕੇ ਸਰਕਾਰ ਕੋਲ ਚਲੀਆਂ ਗਈਆਂ। ਲੇਕਿਨ ਮੈਨੂੰ ਪਤਾ ਹੈ ਕਿ ਸਾਡੇ ਉਧਰ ਦੇ ਬੰਦਿਆਂ ਨੇ ਉਹ ਲਿਸਟਾਂ ਚੇਂਜ ਕਰਾ ਦਿੱਤੀਆਂ, ਇਹ ਐਮ. ਐਲ. ਏਜ਼.ਦੀ ਤੌਹੀਨ ਹੈ। ਜਾਂ ਤਾਂ ਬੁਲਾਇਆ ਨਾ ਕਰੋ ਔਰ ਜੇ ਬੁਲਾਇਆ ਹੈ ਤਾਂ ਜਿਹੜਾ ਫੈਸਲਾ ਹੋਇਆ ਹੈ, ਉਸ ਤੇ ਅਮਲ ਕਰੋ।

ਨੰਬਰ ਦੋ ਸਪੀਕਰ ਸਾਹਿਬ, ਜਿਹੜੀਆਂ ਗਲੀਆਂ ਔਰ ਨਾਲੀਆਂ ਪੱਕੀਆਂ ਕਰਨ ਵਾਸਤੇ ਪੈਸੇ ਦਿਤੇ ਗਏ ਹਨ, ਉਨ੍ਹਾਂ ਦੀ ਠੀਕ ਵੰਡ ਨਹੀਂ ਕੀਤੀ ਗਈ। ਇਸ ਬਾਰੇ ਸਾਨੂੰ ਵੀ ਅਤੇ ਜਿਹੜੇ ਉਧਰਲੇ ਪਾਸੇ ਬੈਠੇ ਹਨ, ਉਨ੍ਹਾਂ ਨੂੰ ਵੀ ਗਿਲਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਵਿਤਕਰਾ ਹੋਇਆ ਹੈ ਇਸ ਸਾਲ, ਉਹ ਨਵੇਂ ਸਾਲ ਵਿਚ ਦੂਰ ਕੀਤਾ ਜਾਵੇ। ਤੀਸਰੀ ਗਲ ਇਹ ਹੈ ਕਿ ਇਸ ਸਕੀਮ ਦੇ ਤਹਿਤ ਜਿਹੜੇ ਪੈਸੇ ਦਿਤੇ ਜਾਂਦੇ ਹਨ ਜੇ ਮੈਂ ਕਹਾਂ ਤੁਸੀਂ ਐਪ੍ਰੀਸ਼ੀਏਟ ਕਰੋਗੇ, ਉਹ ਸਰਪੰਚ ਅਤੇ ਬੀ. ਡੀ. ਓ. ਦੇ ਖਾਤੇ ਵਿਚ ਜਮ੍ਹਾਂ ਕੀਤੇ ਜਾਂਦੇ ਹਨ ਤੁਹਾਡੇ ਕੋਲ ਕਈ ਸ਼ਿਕਾਇਤਾਂ ਆਈਆਂ ਹਨ ਕਿ ਜੇ ਕਰ ਬੀ. ਡੀ. ਓ. ਨੂੰ 5% ਦਿਤਾ ਜਾਏ ਤਾਂ ਉਹ ਪੈਸੇ ਰਿਲੀਜ਼ ਕਰਦਾ ਹੈ। ਮੁੱਖ ਮੰਤਰੀ ਜੀ ਨੂੰ ਕਹੋ ਕਿ ਉਹ ਸਖਤ ਹਦਾਇਤਾਂ ਜਾਰੀ ਕਰਨ ਜੇ ਕੋਈ ਬੀ. ਡੀ. ਓ. ਐਸੀ ਗਲ ਕਰੇ ਤਾਂ ਉਸ ਦਾ ਬਿਸਤਰਾ ਬੋਰੀਆ ਬੰਨ੍ਹ ਕੇ ਭੇਜ ਦਿਤਾ ਜਾਏ।

ਮੈਂ ਮਿਸਾਲ ਦਿੰਦਾ ਹਾਂ ਕਿ ਕਪੂਰਥਲੇ ਬਲਾਕ ਦਾ ਝਲਬੀਨੜੀ ਪਿੰਡ ਹੈ ਉਥੋਂ ਦੇ ਬੀ. ਡੀ. ਓ. ਨੇ ਸਰਪੰਚ ਨੂੰ ਪੈਸਾ ਰਿਲੀਜ਼ ਕਰਨ ਤੋਂ ਇਨਕਾਰ ਕਰ ਦਿਤਾ ਔਰ ਬੀ. ਡੀ. ਓ. ਨੇ ਕਿਹ ਹੈ ਕਿ ਉਸ ਨੇ ਉਸ ਕੇਸ ਬਾਰੇ ਚੰਡੀਗੜ੍ਹ ਡਾਇਰੈਕਟਰ ਨੂੰ ਲਿਖ ਦਿਤਾ ਹੈ ਇਸ ਲਈ ਡਾਇਰੈਕਟਰ ਤੋਂ ਜਾ ਕੇ ਰਿਲੀਜ਼ ਕਰਾਓ। ਇਸ ਦੇ ਵਿਚ ਗਲ ਇਤਨੀ ਸੀ ਕਿ ਬੀ. ਡੀ. ਓ. ਪੈਸੇ ਮੰਗਦਾ ਸੀ ਔਰ ਸਰਪੰਚ ਦਿਦਾ ਨਹੀਂ ਸੀ। ਇਸ ਤਰ੍ਹਾਂ ਖਜਲ ਖੁਆਰ ਕੀਤਾ ਜਾਂਦਾ ਹੈ।

ਵਿੱਤ ਮੰਤਰੀ : ਸਪੀਕਰ ਸਾਹਿਬ, ਕੀ ਇਹ ਪੁਆਇੰਟ ਆਫ ਆਰਡਰ ਹੈ ?

ਸ਼੍ਰੀ ਸਪੀਕਰ : ਇਹ ਚੰਗੀ ਸੁਜੈਸ਼ਨ ਹੈ। ਅੱਜ ਤਾਂ ਰੂਲਜ਼ ਸਸਪੈਂਡ ਕਰ ਦਿਓ ਔਰ ਫਰੀ ਫ਼ਾਰ ਆਲ ਕਰ ਦਿਓ।

ਮਾਸਟਰ ਬਾਬੂ ਸਿੰਘ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਬਾਬੂ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਚੰਦ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

Mr. Speaker : This is no point of order please.

PERSONAL EXPLANATION BY SARDAR RAVI INDER SINGH

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ।

ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪਰਸਨਲ ਐਕਸਪਲੇਨੇਸ਼ਨ ਤੇ ਬੋਲਣ ਲਈ ਟਾਈਮ ਦਿੱਤਾ ਹੈ। 25 ਮਾਰਚ ਨੂੰ ਤੁਸੀਂ 8 ਮਾਰਚ, 1979 ਦੀ ਇਕ ਰੂਲਿੰਗ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਰਵੀ ਇੰਦਰ ਸਿੰਘ]

ਕੋਟ ਕੀਤੀ ਸੀ ਜਦੋਂ ਕਿ ਮੈਂ ਉਸ ਆਗਸਟ ਚੇਅਰ ਵਿਚ ਸੀ, ਜਿੱਥੇ ਕਿ ਅੱਜ ਤੁਸੀਂ ਬੈਠੇ ਹੋ। ਜੇ ਇਜਾਜ਼ਤ ਹੋਵੇ ਤਾਂ ਸਰ, ਮੈਂ ਉਹ ਪੜ੍ਹ ਦਿਆਂ :—

I would like to read it out—

Mr. Speaker, Sir, on 25th March, 1982 while, giving your ruling on the admissibility of Comrade Raj Kumar's Resolution regarding the Demand for Khalistan you had quoted my ruling which I had given from this august Chair on the 8th March, 1979 on the Resolution of Chaudhri Bal Ram Jakhar regarding the Resolution passed at the All India Akali Conference at Ludhiana. Sir, I would like to point out that you had quoted my ruling without giving the background in which I had given that ruling.

To put the record straight, I would submit that I had admitted the following Resolution given notice of by Chaudhri Bal Ram Jakhar :—

"This House expresses its grave concern at the resolution passed at the All India Akali Conference at Ludhiana and further reiterated at Fatehgarh Sahib propounding the theory of India being a multination country, asking for economic and financial autonomy for Punjab, and demanding the redrafting of the Constitution passed on the demand made in the above mentioned resolution."

Sir, Just as Mr. Sant Ram Singla and Sardar Birdevinder Singh raised objections to the admissibility of the Resolution of Comrade Raj Kumar on 25th March, 1982, similarly on 8th March, 1979, Shri A. Vishwanathan had raised objections to the admissibility of the Resolution of Chaudhri Bal Ram Jakhar. He had argued that the Resolution put forward by Mr. Jakhar related to only a resolution passed by a political party and that it had nothing to do with the policy of the State or the policy of the Government. He further stated that the Congress Party which had been ruling for the last 32 years had passed many Political Resolutions which had not been made the subject of discussion in any House in the country and that if we allowed discussion on the Resolutions passed by the Political Parties there would be no end to it.

ਸ਼੍ਰੀ ਸਪੀਕਰ : ਤੁਸੀਂ ਪਰਸਨਲ ਐਕਸਪਲੇਨੇਸ਼ਨ ਦਿਓ।

ਸਰਦਾਰ ਰਵੀ ਇੰਦਰ ਸਿੰਘ : ਸਰ, ਤੁਸੀਂ ਕੁਟੇਸ਼ਨ ਦਿੱਤੀ ਸੀ। ਉਹ ਆਉਟ ਆਫ ਕਾਂਟੈਕਸਟ ਸੀ। ਤੁਸੀਂ ਮੇਰੀ ਰੂਲਿੰਗ ਕੋਟ ਕੀਤੀ ਸੀ ਲੇਕਿਨ ਜੇਕਰ ਤੁਸੀਂ ਮੈਨੂੰ ਮੌਕਾ ਨਾ ਦਿਓ ਤਾਂ ਮੈਂਬਰਾਂ ਨੂੰ ਕਿਸ ਤਰ੍ਹਾਂ ਪਤਾ ਲੱਗ ਸਕੇਗਾ ਕਿ ਉਸ ਦਾ ਕਾਂਟੈਕਸਟ ਕੀ ਸੀ। ਸਰ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਉਹ ਰੈਜ਼ੋਲਿਊਸ਼ਨ ਅਕਾਲੀ ਦਲ ਦੇ ਖਿਲਾਫ ਸੀ ਲੇਕਿਨ ਇਸ ਦੇ ਬਾਵਜੂਦ ਵੀ ਮੈਂ ਅਲਾਓ ਕੀਤਾ ਸੀ ਕਿਉਂਕਿ ਮੈਂ ਮਹਿਸੂਸ ਕੀਤਾ ਸੀ ਕਿ ਇਹ ਮਸਲਾ ਪਬਲਿਕ ਮਾਇੰਡਜ਼ ਨੂੰ ਕੈਪਚਰ ਕਰ ਰਿਹਾ ਹੈ, ਇਸ ਲਈ ਮੈਂ ਕਿਹਾ ਕਿ ਇਸ ਤੇ ਬਹਿਸ ਹੋਣੀ ਚਾਹੀਦੀ ਹੈ। ਤੁਸੀਂ ਮੇਰੀ ਉਸ 8 ਮਾਰਚ, 1979 ਦੀ ਰੂਲਿੰਗ ਦਾ ਵੇਰਵਾ ਦਿੱਤਾ ਹੈ ਲੇਕਿਨ ਉਸ ਰੂਲਿੰਗ ਦੀ ਇਸ ਦੇ ਨਾਲ ਕੋਈ ਰੈਲੇਵੈਂਸੀ ਨਹੀਂ ਹੈ, ਕੋਈ ਕਾਂਟੈਕਸਟ ਨਹੀਂ ਹੈ। ਇਸ ਲਈ, ਸਰ, ਮੈਂ ਇਹ ਕਹਾਂਗਾ ਕਿ ਮੇਰੀਆਂ ਤਿੰਨ ਸਾਲਾਂ ਦੀਆਂ ਮਤਲਬ ਕਿ ਸੰਨ 1977 ਤੋਂ ਲੈ ਕੇ ਸੰਨ 1980 ਦੀਆਂ ਹੋਰ ਬਹੁਤ ਸਾਰੀਆਂ ਰੂਲਿੰਗਜ਼ ਹੋਣਗੀਆਂ ਜਿਨ੍ਹਾਂ ਦੇ ਮੁਤੱਲਕ ਤੁਸੀਂ ਜ਼ਿਕਰ ਕਰੋਗੇ। ਮੈਂ ਇਸ ਗੱਲ ਦਾ

Original with;
Punjab Vidhan Sabha
Digitized by;
Panjab Digital Library

ਓਬਜੈਕਸ਼ਨ ਰੇਜ਼ ਕਰਨਾ ਚਾਹੁੰਦਾ ਹਾਂ । ਬਗੈਰ ਟੋਟਲ ਰੈਫਰੈਂਸ ਦੇ ਤੁਸੀਂ ਮੇਰੀ ਜੂਲਿੰਗ ਨੂੰ ਕੋਟ ਨਾ ਕਰੋ। ਤੁਸੀਂ ਮੈਨੂੰ ਇਹ ਕਿਤਾਬ ਜੋ ਭੇਜੀ ਹੈ ਮੈਂ ਉਸ ਤੋਂ ਹੀ ਇਹ ਕੋਟ ਕਰ ਰਿਹਾ ਹਾਂ, ਬਾਹਰੋਂ ਕੋਈ ਗੱਲ ਨਹੀਂ ਕਹਿ ਰਿਹਾ। ਤੁਸੀਂ ਮੇਰੀ ਜੂਲਿੰਗ ਦੇ ਸੀਕੁਐਂਸ ਦਾ ਕੰਪੈਰੇਜ਼ਨ ਕੀਤਾ ਸੀ ਅੱਰ ਮੈਂ ਵੀ ਕੰਪੈਰੇਜ਼ਨ ਕਰ ਰਿਹਾ ਹਾਂ।

ਸ਼੍ਰੀ ਸਪੀਕਰ : ਤੁਸੀਂ ਸਫੀਸ਼ੈਂਟ ਟਾਈਮ ਲੈ ਲਿਆ ਹੈ, ਹੁਣ ਬੈਠੋ। ਜਿਹੜੀ ਰਿਕਾਰਡਡ ਚੀਜ਼ ਹੈ ਉਹ ਮੈਂ ਇਸ ਕਿਤਾਬ ਵਿਚੋਂ ਪੜ੍ਹੀ ਹੈ।

What was your decision, I quoted that thing and that was material thing.

ਹਰ ਇਕ ਚੀਜ਼ ਜਿਹੜੀ ਕਿ ਹਾਊਸ ਅੱਗੇ ਆਉਂਦੀ ਹੈ ਉਸ ਬਾਰੇ ਹਰ ਇਕ ਮੈਂਬਰ ਮਹਿਸੂਸ ਕਰਦਾ ਹੈ ਕਿ ਉਹ ਲੋਕਾਂ ਦੇ ਮਇੰਡ ਨੂੰ ਐਜੀਟੇਟ ਕਰਦੀ ਹੈ, ਉਹ ਪਬਲਿਕ ਇੰਪਾਰਟੈਂਸ ਦਾ ਇਸ਼ੂ ਹੈ ਲੇਕਿਨ ਦੂਸਰਾ ਮੈਂਬਰ ਕਹਿੰਦਾ ਹੈ ਕਿ ਨਹੀਂ ਹੈ।

There is always difference of opinion, I quoted final decision that was recorded in the proceedings. I read what were the reasons.....

Sardar Ravi Inder Singh : You can not quote out of context.

ਸ਼੍ਰੀ ਸਪੀਕਰ : ਜਿਸ ਵੇਲੇ ਕੋਟੇਸ਼ਨਾਂ ਦਿੱਤੀਆਂ ਜਾਂਦੀਆਂ ਹਨ ਤਾਂ ਕੋਈ ਸਾਰੀ ਜੱਜਮੈਂਟ ਨਹੀਂ ਦਿੱਤੀ ਜਾਂਦੀ। ਇਹ ਤਾਂ ਤੁਸੀਂ ਵੀ ਜਾਣਦੇ ਹੋ ਕਿ ਹਾਈ ਕੋਰਟ ਵਿਚ ਵੀ ਜੱਜਮੈਂਟ ਦਾ ਪ੍ਰੀਐਂਬਲ ਨਹੀਂ ਪੜ੍ਹਦੇ ਬਲਕਿ ਐਕਸਰਪਟ ਦਿੰਦੇ ਹਨ।

I had read out without a single word being changed here or there. So, I would not like you to proceed....

ਸਰਦਾਰ ਰਵੀ ਇੰਦਰ ਸਿੰਘ : ਸਰ, ਤੁਹਾਡੀ ਅਟੈਨਸ਼ਨ ਮੈਂ ਰੂਲ ਨੰ : 150(ਬੀ) ਵਲ ਦਿਵਾਉਣਾ ਚਾਹੁੰਦਾ ਹਾਂ। ਉਸ ਵਿਚ ਬਹੁਤ ਕਲੀਅਰ ਹੈ ਕਿ (ਵਿਘਨ)

Finance Minister : He has already clarified his position on personal explanation.

Sardar Ravi Inder Singh : Sir, I refer to Rule 150(B). It is very clear. It is written therein:—

(b) "it shall not contain arguments, inferences, ironical expressions or...."

Whereas the Resolution admitted by you contains arguments and inferences. This Resolution was inadmissible.

** **

Mr. Speaker: Nothing to be recorded.

MOTION UNDER RULE 16

Finance Minister (Doctor Kewal Krishan): Sir, I beg to move—

That the Vidhan Sabha (Assembly) at its rising this day shall stand adjourned *sine die*.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker :Motion moved—

That the Vidhan Sabha (Assembly) at its rising this day shall stand adjourned *sine die.*

Mr. Speaker: Question is—

That the Vidhan Sabha (Assembly) at its rising this day shall stand adjourned *sine die.*

The motion was carried.

Mr. Speaker: Comrade Raj Kumar to present the Report.

Sardar Dalip Singh Pandhi : ** ** **

Mr. Speaker : It should not be recorded. Pandhi ji, please sit down.

Jathedar Jiwan Singh Umranagal: ** ** **

Mr. Speaker: Nothing should be recorded . Jathedar ji, please sit down. Please do not waste time of the House. Comrade Raj Kumar ji, please present your Report.

PRESENTATION OF REPORT OF COMMITTEE ON PUBLIC UNDERTAKINGS

Chairman, Committee on Public Undertakings (Comrade Raj Kumar): Sir, I beg to present the 25th Report of the Committe on Public Undertakings in respect of General working of the Punjab State Industrial Development Corporation for the year, 1981-82.

DISCUSSION ON THE 26TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1978-79 (PART-I) AND THE ADMINISTRATION REPORT OF THE PUNJAB STATE ELECTRICITY BOARD FOR THE YEAR 1980-81.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ ਕਿ ਕਮਿਸ਼ਨਰ ਫਾਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਸਾਲ 1978-79 (ਭਾਗ I) ਦੀ 26ਵੀਂ ਰਿਪੋਰਟ ਜਿਹੜੀ ਕਿ ਹਾਊਸ ਦੀ ਮੇਜ਼ ਤੇ 25 ਫਰਵਰੀ, 1982 ਨੂੰ ਰੱਖੀ ਗਈ ਹੈ, ਤੇ ਬਹਿਸ ਕੀਤੀ ਜਾਵੇ ।

ਵਿੱਤ ਮੰਤਰੀ : ਸਪੀਕਰ ਸਾਹਿਬ, ਹੋਰ ਵੀ ਮੂਵ ਕਰਵਾ ਲਓ ਔਰ ਇਕੱਠੀਆਂ ਹੀ ਸ਼ੁਰੂ ਕਰਵਾ ਲਓ ਤਾਕਿ ਜਿਸ ਨੇ ਜਿਸ ਤੇ ਬੋਲਣਾ ਹੈ ਉਹ ਬੋਲ ਲਵੇਗਾ।

ਸ਼੍ਰੀ ਸਪੀਕਰ : ਠੀਕ ਹੈ ਪਾਂਧੀ ਸਾਹਿਬ, ਦੂਜੀ ਰਿਪੋਰਟ ਵੀ ਮੂਵ ਕਰ ਲਓ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਮੂਵ ਕਰਦਾ ਹਾਂ ਕਿ ਪੰਜਾਬ ਰਾਜ ਬਿਜਲੀ ਬੋਰਡ ਦੀ ਸਾਲ 1980-81 ਦੀ ਐਡਮਨਿਸਟ੍ਰੇਸ਼ਨ ਰਿਪੋਰਟ ਜਿਹੜੀ ਕਿ ਸਦਨ ਦੀ ਮੇਜ਼ ਤੇ 15 ਮਾਰਚ, 1982 ਨੂੰ ਰੱਖੀ ਗਈ ਸੀ, ਤੇ ਬਹਿਸ ਕੀਤੀ ਜਾਵੇ।

Original with;
Punjab Vidhan Sabha
Digitized by;
Panjab Digital Library

DISCUSSION ON THE 26TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1978-79 (PART I) AND THE ADMINISTRATION REPORT OF THE PUNJAB STATE EBECTRICITY BOARD FOR THE YEAR 1980-81

Mr. Speaker: Motion moved—

1. That the 26th Report of the Commissioner for Scheduled Castes and Scheduled Tribes for the year 1978-79 (Part I) which was laid on the Table of the House on the 25th February, 1982, be discussed.

2. That the Administration Report of the Punjab State Electricity Board for the year, 1980-81, which was laid on the Table of the House on the 15th March, 1982, be discussed.

ਸਰਦਾਰ ਬਲਦੇਵ ਸਿੰਘ ਖਿਆਲਾ: ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਵੇਦ ਕਰਤਾਰ ਸਿੰਘ (ਮਾਹਿਲਪੁਰ, ਐਸ. ਸੀ) : ਸਪੀਕਰ ਸਾਹਿਬ, ਜਿਹੜੀ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਕਮਿਸ਼ਨ ਦੀ ਰਿਪੋਰਟ ਜਿਹੜੀ ਇਸ ਹਾਊਸ ਵਿਚ ਪੇਸ਼ ਹੋਈ ਹੈ ਉਸ ਤੇ ਵਿਚਾਰ ਕਰਨ ਲਈ ਮੈਂ ਖੜ੍ਹਾ ਹੋਇਆ ਹਾਂ । ਸਪੀਕਰ ਸਾਹਿਬ, ਇਹ 26ਵੀਂ ਰਿਪੋਰਟ ਆਈ ਹੈ ਜੋ ਹਾਊਸ ਵਿਚ ਪੇਸ਼ ਹੋਈ ਹੈ ਅੱਰ ਤਕਰੀਬਨ 34 ਸਾਲ ਹੋ ਗਏ ਹਨ ਦੇਸ਼ ਨੂੰ ਆਜ਼ਾਦ ਹੋਇਆਂ ਨੂੰ, ਪਰੰਤੂ ਅੱਜ ਵੀ ਸ਼ਡਿਊਲਡ ਕਾਸਟ ਲੋਕਾਂ ਦੀ ਹਾਲਤ ਤਰਸਯੋਗ ਹੈ । ਹਿੰਦੁਸਤਾਨ ਦੇ ਵਿਧਾਨ ਬਣਾਉਣ ਵਾਲੇ ਡਾਕਟਰ ਅੰਬੇਦਕਰ ਨੇ ਜਿਹੜੀਆਂ ਰਿਆਇਤਾਂ ਵਿਧਾਨ ਵਿਚ ਲਿਖੀਆਂ ਅੱਰ ਰਿਜ਼ਰਵੇਸ਼ਨ ਕਾਇਮ ਕੀਤੀ, ਤਾਕਿ ਉਨ੍ਹਾਂ ਲੋਕਾਂ ਨੂੰ ਕੁਝ ਆਪਣੇ ਹੱਕ ਮਿਲ ਸਕਣ ਪਰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ 34 ਸਾਲ ਦੇ ਬਾਅਦ ਵੀ ਅੱਜ ਤਕ ਉਨ੍ਹਾਂ ਦੀ ਇਹ ਰਿਜ਼ਰਵੇਸ਼ਨ ਪੂਰੀ ਨਹੀਂ ਹੋ ਸਕੀ। ਤੁਸੀਂ ਕਿਸੇ ਵੀ ਮਹਿਕਮੇਂ ਵਿਚ ਨਜ਼ਰ ਮਾਰ ਲਓ, ਬੇਸ਼ਕ ਪੜਤਾਲ ਕਰ ਲਓ, ਰਿਜ਼ਰਵੇਸ਼ਨ ਪੂਰੀ ਨਹੀਂ ਹੋਵੇਗੀ। ਇਹ ਐਜੂਕੇਸ਼ਨ ਦਾ ਮਹਿਕਮਾ ਹੈ ਇਸ ਦੇ ਵਿਚ ਤੁਸੀਂ ਨਜ਼ਰ ਮਾਰ ਲਓ ਇਸ ਵਿਚ 7-8 ਫੀਸਦੀ ਤੋਂ ਵੱਧ ਰਿਜ਼ਰਵੇਸ਼ਨ ਨਹੀਂ ਹੈ ਜਿਹੜੀ ਕਿ ਅਸੂਲ ਦੇ ਮੁਤਾਬਿਕ 25% ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਬਾਕੀ ਦੇ ਹੋਰ ਸਾਰੇ ਮਹਿਕਮਿਆਂ ਵਿਚ ਕਿਤੇ ਵੀ ਇਹ ਰਿਜ਼ਰਵੇਸ਼ਨ ਪੂਰੀ ਨਹੀਂ ਹੋਈ। ਅਜ ਕਿਸੇ ਵੀ ਦਫਤਰ ਵਿਚ ਬੈਠਾ ਹੋਇਆ ਇਕ ਕਲਰਕ ਐਸਾ ਨੋਟ ਲਿਖ ਦਿੰਦਾ ਹੈ ਜਿਹੜਾ ਕਿ ਰਿਜ਼ਰਵੇਸ਼ਨ ਦੇ ਖਿਲਾਫ ਹੁੰਦਾ ਹੈ ਅੱਰ ਉਹ ਨੋਟ ਸੈਕਟਰੀ ਤਕ ਚਲਾ ਜਾਂਦਾ ਹੈ ਪਰ ਉਸ ਵਿਚ ਕੋਈ ਵੀ ਤਬਦੀਲੀ ਨਹੀਂ ਕਰਦਾ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਤਕ ਹਿੰਦੁਸਤਾਨ ਦੇ ਵਿਧਾਨ ਵਿਚ ਤਰਮੀਮ ਨਹੀਂ ਹੁੰਦੀ ਕਿ ਐਨੇ ਚਿਰ ਤਕ ਰਿਜ਼ਰਵੇਸ਼ਨ ਦੇ ਖਿਲਾਫ ਕੋਈ ਪਾਲਿਸੀ ਨਾ ਬਣਾਈ ਜਾਏ ਇਤਨਾ ਚਿਰ ਤਕ ਇਹ ਰਿਜ਼ਰਵੇਸ਼ਨ ਪੂਰੀ ਨਹੀਂ ਹੋ ਸਕਦੀ। ਐਜੂਕੇਸ਼ਨ ਬੋਰਡ ਦੇ ਵਿਚ ਤੁਸੀਂ ਵੇਖ ਲਓ । ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਉਹਨਾਂ ਨੇ ਇਕ ਨੋਟ ਬਣਾ ਕੇ ਸਰਕਾਰ ਨੂੰ ਭੇਜਿਆ ਹੋਇਆ ਹੈ ਕਿ ਪਰਮੋਸ਼ਨ ਵਿਚ ਜਿਹੜੀ ਰਿਜ਼ਰਵੇਸ਼ਨ ਹੈ ਉਸ ਨੂੰ ਖਤਮ ਕਰ ਦਿਤਾ ਅੱਰ ਸਿੱਧੀ ਭਰਤੀ ਵਿਚ ਰਿਜ਼ਰਵੇਸ਼ਨ ਕੀਤੀ ਜਾਵੇ, ਅੱਰ ਮੈਨੂੰ ਉਮੀਦ ਹੈ ਕਿ ਇਹ ਨੋਟ ਇਸੇ ਤਰ੍ਹਾਂ ਸਰਕਾਰ ਕੋਲੋਂ ਪਰਵਾਨ ਹੋਕੇ ਵਾਪਸ ਆ ਜਾਣਾ ਹੈ ਅਤੇ ਇਹ ਰਿਜ਼ਰਵੇਸ਼ਨ ਪਰਮੋਸ਼ਨ ਵਿਚ ਖਤਮ ਹੋ ਜਾਣੀ ਹੈ। ਸਪੀਕਰ ਸਾਹਿਬ, ਇਹ ਵੇਖਣ ਵਿਚ ਆਇਆ ਹੈ ਕਿ ਜਦੋਂ ਕਿਸੇ ਆਦਮੀ ਨੂੰ ਰਿਜ਼ਰਵੇਸ਼ਨ ਵਿਚ ਨਹੀਂ

**Expunged as ordered by the Cahir.

Original with;
Punjab Vidhan Sabha
Digitized by;
Panjab Digital Library

[ਵੈਦ ਕਰਤਾਰ ਸਿੰਘ]

ਰਖਣਾ ਹੁੰਦਾ ਤਾਂ ਇਹ ਲਿਖ ਕੇ ਭੇਜ ਦਿਤਾ ਜਾਂਦਾ ਹੈ ਕਿ ਇਸ ਕਾਬਲਿਅਤ ਦੇ ਆਦਮੀ ਨਹੀਂ ਮਿਲਦੇ ਸੋ ਇਸ ਕਰਕੇ ਦੂਜੇ ਆਦਮੀ ਰਖ ਲਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਲਰਕ ਜਿਹੜੇ 10ਵੀਂ ਪਾਸ ਭਰਤੀ ਕੀਤੇ ਜਾਂਦੇ ਹਨ .....

ਸ਼੍ਰੀ ਸਪੀਕਰ : ਟਾਈਮ ਦੀ ਐਲੋਕੇਸ਼ਨ ਸੁਣ ਲਓ।

ਕਾਂਗਰਸ (ਆਈ)	...	1 ਘੰਟਾ 36 ਮਿੰਟ
ਸ਼੍ਰੋਮਣੀ ਅਕਾਲੀ ਦਲ (ਐਲ)	...	48 ਮਿੰਟ
ਸੀ. ਪੀ. ਆਈ.	...	12 ਮਿੰਟ
ਸੀ. ਪੀ. ਆਈ. (ਐਮ)	...	6 ਮਿੰਟ
ਸ਼੍ਰੋਮਣੀ ਅਕਾਲੀ ਦਲ (ਟੀ)	...	4 ਮਿੰਟ

ਬਾਕੀ ਸਾਰੇ ਇਕ ਇਕ ਮਿੰਟ।

ਵੈਦ ਕਰਤਾਰ ਸਿੰਘ : ਇਸ ਤਰ੍ਹਾਂ ਨਾਲ, ਸਪੀਕਰ ਸਾਹਿਬ, ਇਕ ਸ਼ਡਿਊਲਡ ਕਾਸਟ ਕਲਰਕ ਨੂੰ ਵੀ 10-12 ਸਾਲ ਤੱਕ ਤਰੱਕੀ ਨਹੀਂ ਮਿਲਦੀ।.....

4.30 P.M. | (ਇਸ ਸਮੇਂ ਸਰਦਾਰ ਲਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਸਭਾਪਤੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਰਿਜ਼ਰਵੇਸ਼ਨ ਦੇ ਵਿਚ ਜਿਹੜਾ ਬੈਕਲਾਗ ਹੈ ਇਸ ਨੂੰ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਵਿਚ ਇਕ ਸੈਲ ਹੈ ਜਿਹੜਾ ਇੰਪਲਾਇਮੈਂਟ ਐਕਸਚੇਂਜ ਦਾ ਕੰਮ ਕਰਦਾ ਹੈ ਅਤੇ ਇਸ ਵਿਚ 8-10 ਹਜ਼ਾਰ ਹਰੀਜਨਾਂ ਦੇ ਨਾਂ ਦਰਜ ਕਰਵਾਏ ਹੋਏ ਹਨ, ਜਿਨ੍ਹਾਂ ਨੇ ਬੀ. ਏ. ਅਤੇ ਮੈਟ੍ਰਿਕ ਪਾਸ ਕੀਤੀ ਹੋਈ ਹੈ। ਇਹ ਬੈਕਲਾਗ ਇਨ੍ਹਾਂ ਤੋਂ ਮੁੰਡੇ ਮੰਗਵਾ ਕੇ ਦੂਰ ਕੀਤਾ ਜਾ ਸਕਦਾ ਹੈ ਪਰ ਇਸ ਬੈਕਲਾਗ ਨੂੰ ਦੂਰ ਕਰਨ ਵਿਚ ਸਰਕਾਰ ਦੀ ਨੀਅਤ ਸਾਫ ਨਹੀਂ ਹੈ। ਸਰਕਾਰ ਨੂੰ ਰਿਜ਼ਰਵੇਸ਼ਨ ਨੂੰ ਪੂਰਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਸਰਦਾਰ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਆਈ ਸੀ, ਉਸ ਨੇ ਦੱਸਿਆ ਸੀ ਕਿ ਬਹੁਤ ਸਾਰੇ ਕਾਂਗਰਸੀਆਂ ਨੇ ਹਜ਼ਾਰਾਂ ਏਕੜ ਜ਼ਮੀਨਾਂ ਨੂੰ ਹੜੱਪ ਕੀਤਾ ਹੋਇਆ ਹੈ ਅਤੇ ਗਿਆਨੀ ਜ਼ੈਲ ਸਿੰਘ ਨੇ ਮਨਿਸਟਰਾਂ ਕੋਲੋਂ ਅਸਤੀਫੇ ਵੀ ਲਏ ਸਨ ਪਰ ਬਾਅਦ ਵਿਚ ਵਾਪਿਸ ਕਰ ਦਿੱਤੇ ਸਨ। ਉਸ ਰਿਪੋਰਟ ਵਿਚ ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਕ ਵੀ ਅਕਾਲੀ ਨਹੀਂ ਸੀ ਬਲਕਿ ਉਸ ਦੇ ਵਿਚ ਮੈਂਬਰ ਪਾਰਲੀਮੈਂਟ ਗਰਚੇ ਵਰਗੇ ਅਤੇ ਵਿਧਾਨ ਸਭਾ ਦੇ ਮੈਂਬਰਜ਼ ਸਨ। ਲੇਕਿਨ ਸਰਕਾਰ ਉਨ੍ਹਾਂ ਕੋਲੋਂ ਜ਼ਮੀਨਾਂ ਖਾਲੀ ਨਹੀਂ ਕਰਵਾ ਸਕੀ।

ਲੋਕ ਨਿਰਮਾਣ ਮੰਤਰੀ (ਸਰਦਾਰ ਬੇਅੰਤ ਸਿੰਘ) : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਫਲਾਣੀ ਪਾਰਟੀ ਦੇ ਮੈਂਬਰਜ਼ ਸਨ। ਇਨ੍ਹਾਂ ਨੂੰ ਪਤਾ ਨਹੀਂ ਗਰਚੇ ਦਾ ਬਾਪ ਅਕਾਲੀ ਪਾਰਟੀ ਦਾ ਮੈਂਬਰ ਸੀ ਅਤੇ ਠਾਕੁਰ ਸਿੰਘ ਰੱਬ ਜਿਸ ਨੇ ਜ਼ਮੀਨ ਦੱਬੀ ਹੋਈ ਹੈ ਉਹ ਵੀ ਕੱਟੜ ਅਕਾਲੀ ਹੈ ਜਿਸ ਨੇ ਜਗਰਾਓਂ ਵਿਚ ਕਾਫੀ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

ਵੈਦ ਕਰਤਾਰ ਸਿੰਘ: ਚੇਅਰਮੈਨ ਸਾਹਿਬ, ਹਰੀਜਨਾਂ ਨੇ ਬੋਲੀ ਤੇ 250 ਰੁਪਏ ਏਕੜ ਜ਼ਮੀਨ ਲਈ ਸੀ ਅਤੇ ਉਨ੍ਹਾਂ ਨੇ ਉਸ ਤੇ ਖੇਤੀ ਕਰਕੇ ਉਸ ਨੂੰ ਉਪਜਾਊ ਬਣਾਇਆ ਹੈ। ਹੁਣ ਉਹ ਜ਼ਮੀਨਾਂ ਖਾਲੀ ਕਰਵਾਈਆਂ ਜਾ ਰਹੀਆਂ ਹਨ। ਇਹ ਪਾਲਿਸੀ ਬੰਦ ਹੋਣੀ ਚਾਹੀਦੀ ਹੈ।

ਰਾਜ ਮੰਤਰੀ, ਉਦਯੋਗ ਅਤੇ ਜਨ ਸਿਹਤ : ਚੇਅਰਮੈਨ ਸਾਹਿਬ, ਵੈਦ ਜੀ ਨੂੰ ਗਲਤ ਫਹਿਮੀ ਹੋ ਗਈ ਹੈ। ਕਿਸੇ ਹਰੀਜਨ ਕੋਲੋਂ ਜ਼ਮੀਨਾਂ ਨਹੀਂ ਲਈਆਂ ਜਾ ਰਹੀਆਂ।

ਵੈਦ ਕਰਤਾਰ ਸਿੰਘ: ਚੇਅਰਮੈਨ ਸਾਹਿਬ, ਸਰਦਾਰ ਬੇਅੰਤ ਸਿੰਘ ਨੇ ਕਿਹਾ ਹੈ ਕਿ ਗਰਚੇ ਦਾ ਬਾਪ ਅਕਾਲੀ ਸੀ। ਇਨ੍ਹਾਂ ਸਾਰਿਆਂ ਦੇ ਬਾਪ ਦਾਦੇ ਅਕਾਲੀ ਸਨ। ਇਹ ਹੁਣ ਕਾਂਗਰਸੀ ਬਣੇ ਹਨ। ਤੁਸੀਂ ਹਰੀਜਨਾਂ ਮੁਲਾਜ਼ਮਾਂ ਦੀਆਂ ਜ਼ਮੀਨਾਂ ਵਾਪਿਸ ਨਾ ਲਵੋ ਬਲਕਿ ਤੁਸੀਂ ਵੱਡੇ ਵੱਡੇ ਹੜੱਪ ਕਰਨ ਵਾਲਿਆਂ ਤੋਂ ਜ਼ਮੀਨਾਂ ਖਾਲੀ ਕਰਵਾਓ। ਦਾਉਕੇ ਪਿੰਡ ਦਾ ਸਰਪੰਚ ਜਿਹੜਾ ਹਰੀਜਨ ਸੀ ਉਸ ਦਾ ਮੂੰਹ ਕਾਲਾ ਕੀਤਾ ਗਿਆ ਅਤੇ ਉਸ ਦੇ ਵਾਲਾਂ ਦੀਆਂ ਮੀਢੀਆਂ ਬਣਾਈਆਂ ਗਈਆਂ ਅਤੇ ਪਿੰਡ ਦੇ ਵਿਚ ਉਸ ਨੂੰ ਬੇਇਜ਼ਤ ਕੀਤਾ ਗਿਆ ਅਤੇ ਕਲੰਦਰ ਵਾਂਗ ਨਚਾਇਆ ਗਿਆ। ਇਹ ਹਾਲ ਤੁਸੀਂ ਹਰੀਜਨਾਂ ਦਾ ਕਰ ਰਹੇ ਹੋ। ਫਿਰ ਕਹਿੰਦੇ ਹੋ ਕਿ ਅਸੀਂ ਉਨ੍ਹਾਂ ਦੇ ਹਮਦਰਦ ਹਾਂ। ਚੌਧਰੀ ਸਾਹਿਬ ਨੇ ਇਥੇ ਕਿਹਾ ਸੀ ਕਿ ਅਸੀਂ 6 ਹਜ਼ਾਰ ਦੇ ਵਿਚ ਹਰੀਜਨਾਂ ਨੂੰ ਮਕਾਨ ਬਣਾ ਕੇ ਦੇਵਾਂਗੇ। ਪਰ ਮੈਂ ਸਮਝਦਾ ਹਾਂ ਕਿ 6 ਹਜ਼ਾਰ ਦੇ ਵਿਚ ਕਾਨਿਆਂ ਦੇ ਨਾਲ ਮਕਾਨ ਬਣ ਸਕਦਾ ਹੈ ਅੌਰ ਜਿਹੜੇ ਤੁਸੀਂ ਮਕਾਨ ਬਣਾ ਕੇ ਦਿੰਦੇ ਹੋ ਉਹ ਬਹੁਤ ਛੋਟੇ ਹਨ ਅਤੇ ਇਨਸਾਨਾਂ ਦੇ ਰਹਿਣ ਦੇ ਕਾਬਿਲ ਨਹੀਂ ਹਨ ਅਤੇ ਉਸ ਦੇ ਵਿਚ ਪਸ਼ੂ ਰਹਿ ਸਕਦੇ ਹਨ। ਇਨ੍ਹਾਂ ਨੂੰ ਪਲਾਟ ਅੈਸੀਆਂ ਜਗ੍ਹਾਂ ਤੇ ਦਿੱਤੇ ਗਏ ਹਨ ਜਿਥੇ ਸੂਏ ਸਨ ਅਤੇ ਟਿੱਬੇ ਨਾਲੇ ਸਨ ਅਤੇ ਸ਼ਹਿਰ ਤੋਂ ਕਾਫੀ ਦੂਰ ਅਤੇ ਪਿੰਡ ਤੋਂ ਵੀ ਦੂਰ ਦਿੱਤੇ ਗਏ ਹਨ ਤਾਂ ਕਿ ਉਹ ਮਰ ਜਾਣ ਤਾਂ ਉਥੇ ਹੀ ਰਹਿ ਜਾਣ ਤਾਂ ਕਿ ਚੁੱਕਣ ਦੀ ਲੋੜ ਨਾ ਪਵੇ। ਸਰਕਾਰ ਮਕਾਨ ਵੀ ਪਿੰਡਾਂ ਤੋਂ ਬਹੁਤ ਬਾਹਰ ਬਣਾ ਕੇ ਦੇ ਰਹੀ ਹੈ। ਇਸ ਪਾਲਿਸੀ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਮਕਾਨ ਸ਼ਹਿਰਾਂ ਅਤੇ ਪਿੰਡਾਂ ਦੀ ਆਬਾਦੀ ਵਿਚ ਬਣਾ ਕੇ ਦੇਣੇ ਚਾਹੀਦੇ ਹਨ ਤਾਕਿ ਨਾਨ-ਹਰੀਜਨਾਂ ਦੇ ਵਿਚ ਰਹਿ ਸਕਣ ਅਤੇ ਵਿਤਕਰਾ ਨਜ਼ਰ ਨਾ ਆਵੇ। ਇਸ ਤਰ੍ਹਾਂ ਪਿੰਡ ਤੋਂ ਦੂਰ ਹੋਣ ਕਰਕੇ ਕਿਹਾ ਜਾਂਦਾ ਹੈ ਕਿ ਉਹ ਹਰੀਜਨਾਂ ਦੀ ਬਸਤੀ ਵਿਚ ਰਹਿੰਦਾ ਹੈ। ਅਸੀਂ ਸਾਰੇ ਮਹਾਤਮਾਂ ਗਾਂਧੀ ਦੇ ਪੁਜਾਰੀ ਹਾਂ। ਅਗਲੀ ਗੱਲ ਇਹ ਹੈ ਕਿ ਕਲਾਸ I ਵਿਚ ਰਿਜ਼ਰਵੇਸ਼ਨ 7% ਰਹਿ ਗਈ ਹੈ। ਇਕ ਸਵਾਲ ਦੇ ਜਵਾਬ ਵਿਚ ਵਜ਼ੀਰ ਸਾਹਿਬ ਨੇ ਕਿਹਾ ਸੀ ਕਿਉਂਕਿ ਹਰੀਜਨ ਬੰਦੇ ਸ਼ਰਤਾਂ ਪੂਰੀਆਂ ਨਹੀਂ ਕਰਦੇ ਹਨ ਅਤੇ ਕਈ ਥਾਂ ਤੇ ਵਿਦਿਅਕ ਯੋਗਤਾਵਾਂ ਅਤੇ ਅੈਕਸਪੀਰੀਅੈਂਸ ਪੂਰਾ ਨਾ ਕਰਨ ਕਰਕੇ ਪਰਮੋਸ਼ਨ ਨਹੀਂ ਦਿੱਤੀ ਜਾ ਸਕਦੀ। ਪਰ ਮੈਂ ਦੱਸ ਸਕਦਾ ਹਾਂ ਕਿ ਨਾਨ-ਹਰੀਜਨ ਨੂੰ ਪਰਮੋਸ਼ਨ ਰੂਲਾਂ ਵਿਚ ਰਿਲੈਕਸੇਸ਼ਨ ਕਰਕੇ ਦਿੱਤੀ ਗਈ ਹੈ ਅਤੇ ਅੈਕਸਪੀਰੀਅੈਂਸ ਘਟਾਇਆ ਗਿਆ ਅਤੇ ਪਰਮੋਸ਼ਨ ਦਿੱਤੀ ਗਈ। ਪਰ ਸ਼ਡਿਊਲਡ ਕਾਸਟਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਇਹ ਕਹਿ ਦਿੰਦੇ ਹਨ ਕਿ ਰੂਲ ਇਜਾਜ਼ਤ ਨਹੀਂ ਦਿੰਦੇ ਅੌਰ ਇਸ ਕਰਕੇ ਤਰੱਕੀ ਨਹੀਂ ਦਿੱਤੀ ਜਾ ਸਕਦੀ। ਸਰਕਾਰ ਨੂੰ ਹਰੀਜਨਾਂ ਨੂੰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ। ਇਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

[ਵੈਦ ਕਰਤਾਰ ਸਿੰਘ]

ਪਰਮੋਸ਼ਨ ਵਿਚ 4 ਸਾਲ ਦੀ ਕੰਡੀਸ਼ਨ ਨੂੰ 3 ਸਾਲ ਤੱਕ ਕਰ ਦਿਓ। ਇਕ ਐਜੂਕੇਸ਼ਨ ਡਿਪਾਰਟਮੈਂਟ ਦੇ ਵਿਚ ਸੁਪਰਡੰਟ ਹੈ। ਉਸ ਨੇ ਲਿਖਿਆ ਕਿ ਜਿਨ੍ਹਾਂ ਹਰੀਜਨਾਂ ਨੂੰ ਪੀਲੇ ਕਾਰਡ ਮਿਲੇ ਹਨ ਉਨ੍ਹਾਂ ਨੂੰ ਆਮਦਨੀ ਦੇ ਆਧਾਰ ਤੇ ਹੱਕ ਦਿੱਤੇ ਜਾਣਗੇ। ਇਸ ਤਰ੍ਹਾਂ ਕਿਸੇ ਨੂੰ ਪਾਲਿਸੀ ਚੇਂਜ ਕਰਨ ਦਾ ਅਧਿਕਾਰ ਨਹੀਂ ਹੈ। ਇਸ ਮਹਿਕਮੇਂ ਦਾ ਸੈਕਟਰੀ ਬੜਾ ਹੀ ** ** ਅਗਰ ਉਹ 2-3 ਸਾਲ ਇਸ ਪੋਸਟ ਤੇ ਰਹਿ ਗਿਆ ਤਾਂ ਉਹ ਹਰੀਜਨਾਂ ਦਾ ਬੇੜਾ ਗਰਕ ਕਰ ਦੇਵੇਗਾ ਇਸ ਕਰਕੇ ਸਰਕਾਰ ਨੂੰ ਸੈਕਟਰੀ ਨੂੰ ਇਥੋਂ ਤਬਦੀਲ ਕਰ ਦਿੱਤਾ ਜਾਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਸਾਰੀ ਕੌਮ ਨੂੰ ਉੱਚਾ ਚੁੱਕਣ ਦਾ ਸਵਾਲ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਮੈਂ, ਚੇਅਰਮੈਨ ਸਾਹਿਬ, ਰਿਕੁਐਸਟ ਕਰਾਂਗਾ ਕਿ ਜਿਹੜੀ ਸਰਕਾਰ ਦੀ ਪਾਲਿਸੀ ਹੈ ਅਤੇ ਕਿਸੇ ਸੈਕਟਰੀ ਨੇ ਕੋਈ ਡਿਸੀਜ਼ਨ ਲਿਆ ਹੈ ਤਾਂ ਮੈਂਬਰ ਸਾਹਿਬ ਨੂੰ ਉਸ ਸੈਕਟਰੀ ਉਤੇ ਕਟਾਕਸ਼ ਕਰਨ ਦਾ ਹੱਕ ਨਹੀਂ ਹੈ। ਉਹ ਸੈਕਟਰੀ ਸਾਹਿਬ ਆਪਣੇ ਆਪ ਨੂੰ ਹਾਊਸ ਵਿਚ ਡੀਫੈਂਡ ਨਹੀਂ ਕਰ ਸਕਦੇ। ਇਸ ਲਈ ਜੋ ਵੈਦ ਜੀ ਨੇ ਕਿਹਾ ਹੈ ਕਿ ਉਹ ਸੈਕਟਰੀ ** ** ਉਹ ਐਕਸਪੰਜ ਹੋਣਾ ਚਾਹੀਦਾ ਹੈ। ਕਿਸੇ ਵੀ ਕੇਸ ਦੇ ਫੈਸਲੇ ਬਾਰੇ ਜੇਕਰ ਸੈਕਟਰੀ ਸਾਹਿਬ ਨੇ ਗਲਤ ਲਿਖਿਆ ਹੈ ਤਾਂ ਮੈਂਬਰ ਸਾਹਿਬ ਨੂੰ ਉਹ ਕੇਸ ਡਿਸਕਸ ਕਰਨ ਦਾ ਹੱਕ ਹੈ। ਬਤੌਰ ਪਾਲਿਸੀ ਦੇ ਉਹ ਡਿਸਕਸ ਕਰ ਸਕਦੇ ਹਨ ਪਰ ਕਿਸੇ ਸੈਕਟਰੀ ਨੂੰ ** ** ਨਹੀਂ ਕਿਹਾ ਜਾ ਸਕਦਾ ।

ਸ਼੍ਰੀ ਸਭਾਪਤੀ : ਉਹ ਐਕਸਪੰਜ ਕਰ ਦਿਓ ।

ਵੈਦ ਕਰਤਾਰ ਸਿੰਘ : ਚੇਅਰਮੈਨ ਸਾਹਿਬ, ਤੁਸੀਂ ਐਕਸਪੰਜ ਨਹੀਂ ਕਰਾ ਸਕਦੇ ਕਿਉਂਕਿ ਮੈਂ ਦੋਬਾਰਾ ਹਾਊਸ ਵਿਚ 10-50 ਦਫਾ ਕਹਾਂਗਾ ਕਿ ਉਹ ** ** ਸੈਕਟਰੀ ਹੈ।

ਸਿੱਖਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜਨਾਲਾ) : ਚੇਅਰਮੈਨ ਸਾਹਿਬ, ਵੈਦ ਕਰਤਾਰ ਸਿੰਘ ਜੀ ਬੜੇ ਪੁਰਾਣੇ ਮੈਂਬਰ ਹਨ ਅਤੇ ਪਾਰਲੀਮੈਂਟੇਰੀਅਨ ਹਨ। ਉਨ੍ਹਾਂ ਨੇ ਜੋ ਸਪੀਚ ਹੁਣ ਕੀਤੀ ਹੈ, ਉਹ ਸਾਰੀ ਦੀ ਸਾਰੀ ਤੂੜੀ ਹੀ ਹੈ ਅਤੇ ਕਣਕ ਦਾ ਇਕ ਵੀ ਦਾਣਾ ਨਹੀਂ ਲੱਭਦਾ। ਜੇਕਰ ਸਪੈਸੇਫਿਕ ਤੌਰ ਤੇ ਕੋਈ ਚੀਜ਼ ਇਨ੍ਹਾਂ ਦੇ ਨੋਟਿਸ ਵਿਚ ਹੋਵੇ ਤਾਂ ਉਹ ਚੀਜ਼ ਮੇਰੇ ਨੋਟਿਸ ਵਿਚ ਲਿਆਉਣ ਮੈਂ ਉਸ ਚੀਜ਼ ਨੂੰ ਐਗਜ਼ਾਮਿਨ ਕਰਾਉਣ ਲਈ ਤਿਆਰ ਹਾਂ। ਇਸ ਲਈ, ਚੇਅਰਮੈਨ ਸਾਹਿਬ, ਉਹ ਸਾਰਾ ਐਕਸਪੰਜ ਹੋਣਾ ਚਾਹੀਦਾ ਹੈ।

ਵੈਦ ਕਰਤਾਰ ਸਿੰਘ : ਚੇਅਰਮੈਨ ਸਾਹਿਬ, 50 ਰੁਪਏ ਕੁਇੰਟਲ ਤੂੜੀ ਦੀ ਕੀਮਤ ਹੈ। ਉਹ ਵੀ ਨਹੀਂ ਮਿਲਦੀ ਹੈ। ਮੈਂ ਸਿਖਿਆ ਮੰਤਰੀ ਜੀ ਨੂੰ ਲਿਖਕੇ ਵੀ ਦਿਤਾ ਸੀ ਕਿ ਐਜੂਕੇਸ਼ਨ ਬੋਰਡ ਵਿਚ ਰਿਜ਼ਰਵੇਸ਼ਨ ਨੂੰ ਖਤਮ ਕਰਨ ਲਈ ਬੋਰਡ ਰੂਲ ਵਿਚ ਤਬਦੀਲੀ ਕਰ ਰਿਹਾ ਹੈ। ਜੇਕਰ ਉਹ ਚੀਜ਼ ਤੁਹਾਨੂੰ ਨਹੀਂ ਮਿਲੀ ਅਤੇ ਤੁਹਾਨੂੰ ਨਹੀਂ ਪਤਾ ਤਾਂ ਇਸ ਵਿਚ ਮੇਰਾ ਕੀ ਕਸੂਰ ਹੈ ?

ਸਿੱਖਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜਨਾਲਾ) : ਚੇਅਰਮੈਨ ਸਾਹਿਬ, ਅਸੀਂ ਕਿਹਾ ਹੈ ਕਿ ਪਹਿਲਾਂ ਰਿਜ਼ਰਵੇਸ਼ਨ ਪੂਰੀ ਕਰੋ ਫਿਰ ਦੂਜੀ ਭਰਤੀ ਕਰੋ । । ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀ ਸਰਕਾਰ ਇਹ ਕਰ ਰਹੀ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ : ਵੈਦ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ । (ਥੰਪਿੰਗ).

ਵੈਦ ਕਰਤਾਰ ਸਿੰਘ : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਦੇ ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਸਿਖਿਆ ਮੰਤਰੀ ਬਣੇ ਹਨ ਅਤੇ ਸਰਦਾਰ ਦਰਬਾਰਾ ਸਿੰਘ ਜੀ ਮੁੱਖ ਮੰਤਰੀ ਬਣੇ ਹਨ ਉਦੋਂ ਤੋਂ ਲੈ ਕੇ ਹੁਣ ਤਕ 25% ਰਿਜ਼ਰਵੇਸ਼ਨ ਵੀ ਨਹੀਂ ਭਰਤੀ ਕੀਤੀ ਗਈ ਹੈ। ਮਨਿਸਟਰ ਸਾਹਿਬ ਗਲਤ ਬਿਆਨੀ ਕਰ ਰਹੇ ਹਨ। ਮੈਂ ਇਸ ਸ਼ਰਤ ਤੇ ਰਿਜ਼ਾਈਨ ਕਰਨ ਲਈ ਤਿਆਰ ਹਾਂ ਕਿ 25% ਰਿਜ਼ਰਵੇਸ਼ਨ ਦੀ ਭਰਤੀ ਨਹੀਂ ਹੋਈ । ਚੇਅਰਮੈਨ ਸਾਹਿਬ, ਬੇਸ਼ਕ ਹਾਊਸ ਦੀ ਇੱਕ ਕਮੇਟੀ ਬਣਾ ਦਿਓ ਜੋ ਕਿ ਇਨਕੁਆਇਰੀ ਕਰ ਕੇ ਦੱਸੇ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਵੈਦ ਜੀ ਨੂੰ ਪਤਾ ਨਹੀਂ ਹੈ ਕਿ ਪਿਛਲੇ ਦੋ ਸਾਲ ਤੋਂ ਟੀਚਰਾਂ ਦੀ ਭਰਤੀ ਹੀ ਨਹੀਂ ਕੀਤੀ ਗਈ। ਚੇਅਰਮੈਨ ਸਾਹਿਬ, ਐਸ. ਐਸ. ਐਸ. ਬੋਰਡ ਨੇ ਸੋਸ਼ਲ ਸਟੱਡੀ ਦੇ ਟੀਚਰਾਂ ਦੀ ਐਡਵਰਟਾਈਜ਼ਮੈਂਟ ਕੀਤੀ ਹੈ, ਜਿਸ ਵਿਚ 100% ਰਿਜ਼ਰਵੇਸ਼ਨ ਸ਼ਡਿਊਲਡ ਕਾਸਟਾਂ ਅਤੇ ਬੈਕਵਰਡ ਕਲਾਸਾਂ ਵਾਸਤੇ ਰੱਖੀ ਗਈ ਹੈ। ਹਾਈ ਕੋਰਟ ਵਿਚ ਉਸਨੂੰ ਚੈਲੰਜ ਵੀ ਕੀਤਾ ਗਿਆ ਹੈ। ਐਡਹਾਕ ਭਰਤੀ ਵਿਚ 25% ਰਿਜ਼ਰਵੇਸ਼ਨ ਵੈਦ ਜੀ ਵੇਖ ਲੈਣ ਕਿ ਦਿਤੀ ਗਈ ਹੈ । ਜੇਕਰ ਨਹੀਂ ਦਿਤੀ ਗਈ ਤਾਂ ਦੱਸਣ।

ਵੈਦ ਕਰਤਾਰ ਸਿੰਘ : ਚੇਅਰਮੈਨ ਸਾਹਿਬ, ਜੋ ਮੇਰੇ ਵੀਰ ਨੇ ਕਿਹਾ ਹੈ, ਮੈਂ ਉਸ ਲਈ ਵੀ ਤਿਆਰ ਹਾਂ ।

ਸ਼੍ਰੀ ਸਭਾਪਤੀ : ਵਾਈਂਡ ਅਪ ਕਰੋ ਜੀ ।

ਵੈਦ ਕਰਤਾਰ ਸਿੰਘ : ਚੇਅਰਮੈਨ ਸਾਹਿਬ, ਅਜੇ ਮੈਨੂੰ ਬੋਲਦੇ ਹੋਏ 10 ਮਿੰਟ ਵੀ ਨਹੀਂ ਹੋਏ ਸਾਡੇ 45 ਮਿੰਟ ਹਨ ।

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਵੈਦ ਕਰਤਾਰ ਸਿੰਘ : ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਨੇ ਗਰੀਬਾਂ ਨੂੰ ਕੁਝ ਮੱਦਦ ਦੇਣ ਲਈ ਪੀਲੇ ਕਾਰਡ ਬਣਾਏ ਹਨ। ਪੀਲੇ ਕਾਰਡ ਬਨਾਉਣ ਵੇਲੇ 3600 ਰੁਪਏ ਸਾਲ ਦੀ ਇਨਕਮ ਰੱਖੀ ਗਈ ਹੈ। ਦੂਸਰੇ ਪਾਸੇ ਸਾਡੇ ਵੈਲਫੇਅਰ ਮਨਿਸਟਰ ਸਾਹਿਬ ਨੇ ਇਕ ਮਜ਼ਦੂਰ ਦੀ ਦਿਹਾੜੀ 14 ਰੁਪਏ ਕਰ ਦਿਤੀ ਹੈ। ਇਨ੍ਹਾਂ ਗਰੀਬਾਂ ਦੇ ਨਾਲ ਡਬਲ ਧੋਖਾ ਹੋਇਆ ਹੈ । ਇੱਕ ਤਾਂ, ਚੇਅਰਮੈਨ ਸਾਹਿਬ, ਉਨ੍ਹਾਂ ਗਰੀਬ ਮਜ਼ਦੂਰਾਂ ਨੂੰ ਪਿੰਡਾਂ ਵਿਚ ਕੋਈ 14 ਰੁਪਏ ਰੋਜ਼ ਦੀ ਦਿਹਾੜੀ ਦਿੰਦਾ ਨਹੀਂ ਹੈ। ਦੂਸਰੇ ਉਨ੍ਹਾਂ ਗਰੀਬ ਮਜ਼ਦੂਰਾਂ ਦੇ ਪੀਲੇ ਕਾਰਡ ਨਹੀਂ ਬਣ ਸਕਦੇ ਕਿਉਂਕਿ ਇਸ ਤਰ੍ਹਾਂ 14

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਵੇਦ ਕਰਤਾਰ ਸਿੰਘ]

ਰੁਪਏ ਦੇ ਹਿਸਾਬ ਨਾਲ 3600 ਰੁਪਏ ਤੋਂ ਉਪਰ ਚਲੇ ਜਾਂਦੇ ਹਨ। ਚੇਅਰਮੈਨ ਸਾਹਿਬ, ਪਹਿਲਾਂ ਇਹ ਹੱਦ 1800 ਰੁਪਏ ਸਾਲ ਦੀ ਹੁੰਦੀ ਸੀ ਅਤੇ ਫਿਰ ਅਸੀਂ ਇਹ ਹੱਦ ਵਧਾਕੇ 3600 ਰੁਪਏ ਸਾਲ ਦੀ ਕੀਤੀ ਸੀ। ਉਸ ਤੋਂ ਬਾਅਦ ਅਸੀਂ 6,000 ਰੁਪਏ ਸਾਲ ਦੀ ਕੀਤੀ, ਪਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਅਗੇ ਵਧਣ ਦੀ ਬਜਾਏ ਪਿੱਛੇ ਨੂੰ ਬੈਕ ਕਰ ਗਈ ਹੈ। ਚੇਅਰਮੈਨ ਸਾਹਿਬ, ਗਰੀਬ ਹਰੀਜਨਾਂ ਨੂੰ ਉਪਰ ਚੁੱਕਣਾ ਚਾਹੀਦਾ ਹੈ। ਇਸ ਲਈ ਜਿਸ ਦੀ 9,000 ਰੁਪਏ ਸਲਾਨਾ ਇਨਕਮ ਹੋਵੇ, ਉਨ੍ਹਾਂ ਨੂੰ ਪੀਲੇ ਕਾਰਡ ਇਸ਼ੂ ਕੀਤੇ ਜਾਣ ਅਤੇ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ। ਉਹ ਗਰੀਬ ਵੀ ਆਪਣੇ ਬੱਚਿਆਂ ਨੂੰ ਪਾਲ ਸਕਣ। ਉਹ ਗਰੀਬ ਹਰੀਜਨ ਵੀ ਰੋਟੀ ਖਾ ਸਕਣ। ਦੂਸਰਾ, ਚੇਅਰਮੈਨ ਸਾਹਿਬ, ਜੋ ਕਮਿਸ਼ਨ ਦੀ ਰਿਪੋਰਟ ਹੈ ਅਤੇ ਸੈਂਟਰਲ ਸਰਕਾਰ ਨੇ 15,000 ਰੁਪਏ ਇਨਕਮ ਦੀ ਹੱਦ ਮੁਕੱਰਰ ਕੀਤੀ ਹੈ ਕਿ 15,000 ਰੁਪਏ ਤਕ ਇਨਕਮ ਤੇ ਟੈਕਸ ਨਹੀਂ ਲੱਗੇਗਾ ਅਤੇ ਇਸ ਹੱਦ ਤੱਕ ਛੋਟ ਦਿਤੀ ਜਾਵੇਗੀ। ਇਸ ਲਈ, ਚੇਅਰਮੈਨ ਸਾਹਿਬ, ਜਿਨ੍ਹਾਂ ਗਰੀਬ ਹਰੀਜਨਾਂ ਦੀ ਚਾਹੇ ਉਹ ਸ਼ਡਿਊਲਡ ਕਾਸਟ ਹੈ ਜਾਂ ਬੈਕਵਰਡ ਕਲਾਸ ਹੈ, ਉਨ੍ਹਾਂ ਨੂੰ ਵੀ ਇਹ ਰਿਆਇਤ ਦਿਤੀ ਜਾਵੇ।

ਸ਼੍ਰੀ ਸਭਾਪਤੀ : ਵਾਈਂਡ ਅਪ ਕਰੋ ਜੀ।

ਵੇਦ ਕਰਤਾਰ ਸਿੰਘ : ਚੇਅਰਮੈਨ ਸਾਹਿਬ, ਵਾਂਈਂਡ ਅਪ ਕਰਦਾ ਹਾਂ। ਉਨ੍ਹਾਂ ਨੂੰ ਵੀ ਇਹ ਰਿਆਇਤ ਦਿਤੀ ਜਾਵੇ ਤਾਕਿ ਉਹ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ। 15,000 ਰੁਪਏ ਦੀ ਹੱਦ ਉਨ੍ਹਾਂ ਵਾਸਤੇ ਮੁਕੱਰਰ ਕੀਤੀ ਜਾਵੇ। 34 ਸਾਲ ਹੋ ਗਏ ਹਨ। ਇਹ ਪਿਛਲੀ ਰਿਪੋਰਟ ਵਿਚ ਦਿੱਤਾ ਹੋਇਆ ਹੈ। ਇਹ ਬਹੁਤ ਮਾੜੀ ਗੱਲ ਹੈ। ਅਸੀਂ ਤਾਂ ਉਸ ਵੇਲੇ ਵੀ ਖੜ੍ਹੇ ਹੋ ਕੇ ਕਹਿੰਦੇ ਸੀ ਕਿ ਇਨ੍ਹਾਂ ਲੋਕਾਂ ਨੂੰ ਜ਼ਿਆਦਾ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ਅੱਰ ਇਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ।

ਸ਼੍ਰੀ ਸਭਾਪਤੀ: ਤੁਸੀਂ ਤਸ਼ਰੀਫ ਰੱਖੋ। ਸਰਦਾਰ ਸ਼ਮਸ਼ੇਰ ਸਿੰਘ ਜੀ, ਤੁਸੀਂ ਬੋਲੋ।

ਸਰਦਾਰ ਸ਼ਮਸ਼ੇਰ ਸਿੰਘ (ਖੰਨਾ, ਐਸ. ਸੀ.) : ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸ਼ਡਿਊਲਡ ਕਾਸਟ, ਸ਼ਡਿਊਲਡ ਟਰਾਈਬਜ਼ ਅੱਰ ਬੈਕਵਰਡ ਕਲਾਸਿਜ਼ ਲਈ 26ਵੀਂ ਰਿਪੋਰਟ ਤੇ ਬੋਲਣ ਦਾ ਮੌਕਾ ਦਿਤਾ ਹੈ। ਇਹ ਕਮਿਸ਼ਨ ਦੀ ਅਪੁਆਇੰਟਮੈਂਟ ਕਿਉਂ ਹੋਈ ? ਇਸ ਕਰਕੇ ਹੋਈ ਕਿਉਂਕਿ ਹਿੰਦੁਸਤਾਨ ਦੀ ਗਰੀਬ ਜਨਤਾ ਤੇ ਅਤਿਆਚਾਰ ਹੋ ਰਿਹਾ ਸੀ ਚਾਹੇ ਬਾਂਡਿਡ ਲੇਬਰ ਹੋਵੇ। ਚੇਅਰਮੈਨ ਸਾਹਿਬ, ਹਿੰਦੁਸਤਾਨ ਵਿਚ ਐਸਾ ਅੰਸ਼ ਹੈ ਜੋ ਕਿ ਗਰੀਬ ਜਨਤਾ ਨਾਲ ਧੱਕਾ ਕਰਦਾ ਹੈ। ਇਸ ਰਿਪੋਰਟ ਵਿਚ ਇਨ੍ਹਾਂ ਦੀ ਇਕਨਾਮੀਕਲ ਕੰਡੀਸ਼ਨ ਨੂੰ ਮੁੱਖ ਰਖਦੇ ਹਏ ਕਿ ਕਿਵੇਂ ਉਸ ਨੂੰ ਸੇਫਗਾਰਡ ਕੀਤਾ ਜਾ ਸਕਦਾ ਹੈ ਅਤੇ ਹੋਰ ਜੇ ਇਨ੍ਹਾਂ ਨਾਲ ਧੱਕੇ ਹੁੰਦੇ ਹਨ ਉਨ੍ਹਾਂ ਨੂੰ ਮੁੱਖ ਰਖਕੇ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕੁਝ ਰਿਕੁਮੈਂਡੇਸ਼ਨਜ਼ ਕੀਤੀਆਂ ਹਨ। ਜੋ ਪਹਿਲਾਂ ਸ਼ਡਿਊਲਡ ਕਾਸਟਸ ਦੀਆਂ ਡੀਮਾਂਡਾਂ ਬਾਰੇ ਇਥੇ ਡਿਸਕਸ ਨਹੀਂ ਹੋਇਆਂ, ਉਨ੍ਹਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਪੰਜਾਬ ਦੀ ਆਬਾਦੀ ਤਕਰੀਬਨ 1.78 ਕਰੋੜ ਹੈ। ਇਸ ਵਿਚੋਂ ਗਰੀਬ ਸ਼ਡਿਊਲਡ ਕਾਸਟਸ ਦੀ ਆਬਾਦੀ 40 ਲੱਖ ਦੇ ਕਰੀਬ ਹੈ। ਇਸ ਸਾਲ ਦਾ ਜਿਹੜਾ ਐਨੂਅਲ ਪਲੈਨ ਹੈ ਇਹ 385 ਕਰੋੜ ਦਾ ਹੈ ਜਿਸ ਵਿਚੋਂ ਪਾਵਰ ਤੇ 189 ਕਰੋੜ ਰਖਿਆ ਗਿਆ ਹੈ ਜਿਹੜਾ ਕਿ ਕੁਲ ਬਜਟ ਦਾ 40% ਬਣਦਾ ਹੈ। ਇਸੇ ਤਰ੍ਹਾਂ ਹੀ ਐਜੂਕੇਸ਼ਨ ਤੇ 22% ਬਜਟ ਦਾ ਰਖਿਆ ਗਿਆ ਹੈ। ਇਸੇ ਤਰ੍ਹਾਂ ਹੀ ਐਗਰੀਕਲਚਰ ਲਈ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਖੁਸ਼ਹਾਲ

Original with;
Punjab Vidhan Sabha
Digitized by;
Panjab Digital Library

ਸੂਬਾ ਹੈ। ਇਥੇ ਚੰਗੀਆਂ ਯੂਨੀਵਰਸਿਟੀਆਂ ਖੋਲ੍ਹਣ ਨਾਲ ਅੌਰ ਪਾਵਰ ਜੈਨਰੇਸ਼ਨ ਨਾਲ ਜਾਂ ਚੰਗੇ ਸੀਡ ਹੋਣ ਨਾਲ ਜੋ ਕਿ ਸੀਡ ਕਾਰਪੋਰੇਸ਼ਨ ਤੋਂ ਮਿਲਦੇ ਹਨ ਇਸ ਨਾਲ ਸਾਡਾ ਸੂਬਾ ਕਾਫੀ ਖੁਸ਼ਹਾਲ ਹੈ। ਪੰਜਾਬ ਇਕ ਐਗਰੀਕਲਚਰਲ ਬੇਸਡ ਸੂਬਾ ਹੈ ਇਸ ਲਈ ਐਗਰੀਕਲਚਰ ਦੀ ਤਰੱਕੀ ਲਈ ਹਰ ਪਾਸਿਉਂ ਇਸ ਨੂੰ ਪਰਮੁੱਖ ਰਖਦੇ ਰਹੇ ਹਾਂ। ਸਾਡੇ ਸਾਹਮਣੇ ਬੈਠੇ ਵੀਰ ਹਮੇਸ਼ਾ ਕਿਸਾਨਾਂ ਦੀ ਗਲ ਕਰਦੇ ਰਹੇ ਹਨ ਅੌਰ ਇਹ ਕਹਿੰਦੇ ਹਨ ਕਿ ਇਹ ਕਿਸਾਨ ਮਾਰੂ ਬਜਟ ਹੈ ਅੌਰ ਕਿਸਾਨਾਂ ਦੇ ਹਿੱਤ ਵਿਚ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜੇਕਰ ਕੋਈ 35 ਸਾਲਾਂ ਵਿਚ ਸਭ ਤੋਂ ਜ਼ਿਆਦਾ ਬੈਨੀਫੀਸ਼ਰੀ ਕਲਾਸ ਰਹੀ ਹੈ ਤਾਂ ਉਹ ਪੰਜਾਬ ਦਾ ਕਿਸਾਨ ਹੈ। ਪੰਜਾਬ ਦੇ ਜੋ ਕਿਸਾਨ ਹਨ ਉਹ ਆਪ ਖੇਤੀਬਾੜੀ ਕਰਦੇ ਹਨ। ਜਿਹੜੇ ਬੜੇ ਬੜੇ ਜਾਗੀਰਦਾਰ ਹਨ ਅੌਰ ਬੜੇ ਬੜੇ ਲੋਕ ਹਨ ਉਹ ਆਪ ਖੇਤੀਬਾੜੀ ਨਹੀਂ ਕਰਦੇ ਬਲਕਿ ਖੇਤਾਂ ਵਿਚ ਪੰਜਾਬ ਦੇ ਹਰੀਜਨ ਅੌਰ ਕਮਜ਼ੋਰ ਜਾਤੀਆਂ ਨਾਲ ਸਬੰਧ ਰਖਣ ਵਾਲੇ ਜ਼ਿਆਦਾ ਕੰਮ ਖੇਤਾਂ ਵਿਚ ਕਰਦੇ ਹਨ। ਜਿੰਨਾ ਇਹ ਗਰੀਬ ਲੋਕ ਖੇਤਾਂ ਵਿਚ ਕੰਮ ਕਰਦੇ ਹਨ ਉਸ ਦੀ ਜ਼ਿਆਦਾ ਤਕ ਕਮਾਈ ਜ਼ਿਮੀਦਾਰਾਂ ਨੂੰ ਦੇ ਦਿੰਦੇ ਹਨ। ਅੌਰ ਇਹ ਬੈਕਵਰਡ ਕਲਾਸਿਜ਼ ਨੂੰ, ਸ਼ਡਿਊਲਡ ਕਾਸਟਸ ਅੌਰ ਇਕਨਾਮੀਕਲੀ ਬੈਕਵਰਡ ਕਲਾਸਿਜ਼ ਵਾਲਿਆਂ ਨੂੰ ਇਸ ਵਿਚ ਇਗਨੌਰ ਕੀਤਾ ਜਾਂਦਾ ਹੈ। ਜਦੋਂ ਅਕਾਲੀ ਰਾਜ ਸੀ ਉਦੋਂ 1978-79 ਵਿਚ ਇਨ੍ਹਾਂ ਨੇ ਆਪਣੇ ਵੇਲੇ ਸ਼ਡਿਊਲਡ ਕਾਸਟਸ ਲਈ ਸਿਰਫ 2.55 ਕਰੋੜ ਰੁਪਿਆ ਰਖਿਆ ਸੀ ਅੌਰ 1979-80 ਵਿਚ ਸ਼ਡਿਊਲਡ ਕਾਸਟਸ ਲਈ 2.64 ਕਰੋੜ ਰੁਪਿਆ ਰਖਿਆ ਸੀ। ਪਰ ਸਾਡੀ ਇਸ ਸਰਕਾਰ ਨੇ 1981-82 ਵਿਚ ਸ਼ਡਿਊਲਡ ਕਾਸਟਸ ਲਈ 4.25 ਕਰੋੜ ਰੁਪਿਆ ਰੱਖਿਆ ਅੌਰ 1982-83 ਲਈ 5 ਕਰੋੜ ਰੁਪਿਆ ਰਖਿਆ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਸ਼ਡਿਊਲਡ ਕਾਸਟਸ ਦੀ 40% ਆਬਾਦੀ ਹੈ ਅਤੇ ਇਨ੍ਹਾਂ ਲਈ 5 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ। ਇਹ ਅਕਾਲੀ ਰਾਜ ਤੋਂ ਕਿੰਨੀ ਜ਼ਿਆਦਾ ਰਕਮ ਹੈ। ਪਰ ਫਿਰ ਵੀ ਮੈਂ ਸਮਝਦਾ ਹਾਂ ਕਿ ਇਹ ਰਕਮ ਬਹੁਤ ਜ਼ਿਆਦਾ ਨਹੀਂ ਹੈ ਅੌਰ ਇਸ ਨੂੰ ਹੋਰ ਵਧਾਉਣਾ ਚਾਹੀਦਾ ਹੈ। ਸਾਡੀ ਕਾਂਗਰਸ ਸਰਕਾਰ ਅੌਰ ਖਾਸ ਤੌਰ ਤੇ ਮੈਂ ਕਹਿੰਦਾ ਹਾਂ ਕਿ ਹਰੀਜਨਾਂ ਦੀ ਅੌਰ ਕਮਜ਼ੋਰ ਵਰਗ ਦੀ ਰਾਖੀ ਕਰਦੀ ਹੈ। ਮੈਨੂੰ ਫਖਰ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ ਅੌਰ ਇਸ ਮਹਿਕਮੇਂ ਦੇ ਮੰਤਰੀ ਹਰੀਜਨਾਂ ਲਈ ਕਾਫੀ ਕੁਝ ਕਰਨਾ ਚਾਹੁੰਦੇ ਹਨ। ਪਰ ਕੀ ਇਹ 5 ਕਰੋੜ ਰੁਪਏ ਨਾਲ ਹਰੀਜਨ ਬਸਤੀਆਂ ਬਣਾ ਲੈਣਗੇ ? ਕੀ ਇਸ ਵਿਚੋਂ ਓਲਡ ਏਜ ਪੈਨਸ਼ਨਾਂ ਦੇ ਦਿੱਤੀਆਂ ਜਾਣਗੀਆਂ ਜਾਂ ਵਿੱਡੋ ਪੈਨਸ਼ਨਾਂ ਦੇ ਦਿਤੀਆਂ ਜਾਣਗੀਆਂ। ਇਹ ਹੈਂਡੀਕੈਪਡ ਲੋਕ ਹਨ ਇਨ੍ਹਾਂ ਨੂੰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ, ਇਨ੍ਹਾਂ ਦੇ ਬੱਚਿਆਂ ਨੂੰ ਮੁਫਤ ਕਿਤਾਬਾਂ ਦੇਣੀਆਂ ਚਾਹੀਦੀਆਂ ਹਨ। 385 ਕਰੋੜ ਦੇ ਐਨੂਅਲ ਪਲੈਨ ਵਿਚੋਂ 5 ਕਰੋੜ ਕੋਈ ਐਡੀ ਵੱਡੀ ਰਕਮ ਨਹੀਂ ਹੈ। ਮੈਂ ਹਰੀਜਨ ਕੌਮ ਅੌਰ ਖਾਸ ਤੌਰ ਤੇ ਸ਼ਡਿਊਲਡ ਕਾਸਟਸ ਜਦੋਂ ਵੀ ਕਾਂਗਰਸ ਰਾਜ ਹੋਇਆ ਉਹ ਫਖਰ ਨਾਲ ਆਪਣਾ ਸਿਰ ਚੁੱਕ ਕੇ ਉਪਰਲੇ ਦਰਜੇ ਦਾ ਆਪਣੇ ਆਪ ਨੂੰ ਮੰਨਣ ਲਗ ਜਾਂਦੇ ਹਨ। ਗਾਂਧੀ ਜੀ ਦੀ ਪਾਲਿਸੀ ਅਨੁਸਾਰ ਅੌਰ ਕਾਂਗਰਸ ਪਾਲਿਸੀ ਅਨੁਸਾਰ ਜਦੋਂ ਦਾ ਹਿੰਦੁਸਤਾਨ ਆਜ਼ਾਦ ਹੋਇਆ ਇਨ੍ਹਾਂ ਹਰੀਜਨਾਂ ਅੌਰ ਸ਼ਡਿਊਲਡ ਕਾਸਟਸ ਲਈ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਅੱਜ ਜਦੋਂ ਕਿ ਸ਼ਡਿਊਲਡ ਕਾਸਟਸ ਅੌਰ ਹਰੀਜਨਾਂ ਬਾਰੇ ਕਮਿਸ਼ਨਰ ਦੀ ਰਿਪੋਰਟ ਤੇ ਡਿਸਕਸ਼ਨ ਹੋਣੀ ਹੈ ਤਾਂ ਇਹ ਮੇਰੇ ਅਕਾਲੀ ਭਰਾ ਇਥੋਂ ਉਠਕੇ ਚਲੇ ਗਏ ਹਨ। ਅਕਾਲੀ ਵੀਰਾਂ ਦੇ ਪਾਸੋਂ ਸਿਰਫ ਦੋ ਤਿੰਨ ਬੰਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ[

ਹੀ ਬੈਠੇ ਹਨ। ਜਦੋਂ ਇਨ੍ਹਾਂ ਨੇ ਵੋਟਾਂ ਲੈਣੀਆਂ ਹੁੰਦੀਆਂ ਹਨ ਤਾਂ ਇਹ ਹਰੀਜਨਾਂ ਦੇ ਗੁਣ ਗਾਉਣ ਲਗ ਜਾਂਦੇ ਹਨ ਪਰ ਵੋਟਾਂ ਲੈਣ ਤੋਂ ਬਾਅਦ ਉਨ੍ਹਾਂ ਦੀ ਇਹ ਬਾਤ ਤਕ ਨਹੀਂ ਪੁੱਛਦੇ। (ਵਿਘਨ)

ਸਰਦਾਰ ਮੇਜਰ ਸਿੰਘ ਉਬੋਕੇ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਸ਼ਮਸ਼ੇਰ ਸਿੰਘ: ਮੈਂ ਕੋਈ ਐਸੀ ਗਲ ਨਹੀਂ ਕੀਤੀ ਜੋ ਇਹ ਕਹਿ ਰਹੇ ਹਨ। 20 ਕਰੋੜ ਦੀ ਸੈਂਟਰ ਤੋਂ ਅਸਿਸਟੈਂਸ ਆਉਂਦੀ ਹੈ। ਉਸ ਵਿਚੋਂ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਬਣਾਈ ਹੈ ਜਿਸ ਦਾ ਕੈਪੀਟਲ ਸ਼ੇਅਰ 10 ਕਰੋੜ ਰੁਪਏ ਦਾ ਹੈ। ਇਹ ਵਧਾਕੇ 20 ਕਰੋੜ ਹੋ ਗਿਆ ਹੈ। ਕਾਰਪੋਰੇਸ਼ਨ ਰਾਹੀਂ ਜੋ ਹਰੀਜਨਾਂ ਨੂੰ ਲੋਨਜ਼ ਦਿਤੇ ਜਾਂਦੇ ਹਨ ਉਸ ਨਾਲ ਹਰੀਜਨਾਂ ਨੂੰ ਕਾਫੀ ਰਲੀਫ ਮਿਲਦਾ ਹੈ। ਹੁਣ 1981-82 ਵਿਚ 26,795 ਆਦਮੀਆਂ ਨੂੰ ਲੋਨ ਦਿੱਤੇ ਗਏ ਹਨ ਅੌਰ 9,18,56,000 ਰੁਪਿਆ ਇਨ੍ਹਾਂ ਵਿਚ ਵੰਡਿਆ ਗਿਆ ਹੈ।

ਇਹ ਲੋਨ ਇਸ ਵੇਲੇ ਕਾਰਪੋਰੇਸ਼ਨ ਰਾਹੀਂ ਨਹੀਂ ਬਲਕਿ ਬੈਂਕਾਂ ਰਾਹੀਂ ਇਹ ਲੋਨ ਵੰਡਿਆ ਜਾਂਦਾ ਹੈ। ਇਸ ਨਾਲ ਕਾਫੀ ਜ਼ਿਆਦਾ ਲੋਕਾਂ ਨੂੰ ਤਕਲੀਫਾਂ ਹੋ ਰਹੀਆਂ ਹਨ। ਇਸ ਦੀ ਬਜਾਏ ਚਾਹੀਦਾ ਹੈ ਕਿ ਕਾਰਪੋਰੇਸ਼ਨ ਬੈਂਕਾਂ ਤੋਂ ਆਪ ਲੋਨ ਲੈ ਕੇ ਆਪ ਇਹ ਰਕਮ ਵੰਡੇ। ਕਈ ਦਫਾ ਐਸ.ਡੀ.ਐਮ. ਅੌਰ ਹੋਰ ਜ਼ਿਲ੍ਹੇ ਦੇ ਅਫ਼ਸਰਾਂ ਨੇ ਬੈਂਕਾਂ ਦੇ ਮੈਨੇਜਰਾਂ ਨੂੰ ਬੁਲਾ ਕੇ ਮੀਟਿੰਗਾਂ ਕੀਤੀਆਂ ਹਨ ਲੋਨ ਇਨ੍ਹਾਂ ਵਿਚ ਬਗੈਰ ਕਿਸੇ ਤਕਲੀਫ ਇਨ੍ਹਾਂ ਨੂੰ ਪਹੁੰਚਾਏ ਵੰਡਣੇ ਚਾਹੀਦੇ ਹਨ। ਪਰ ਇਸ ਤੇ ਅਮਲ ਨਹੀਂ ਕੀਤਾ ਜਾਂਦਾ। ਜਦੋਂ ਵੀ ਕੋਈ ਇੰਡੀਵੀਜੁਅਲ ਬੈਂਕ ਮੈਨੇਜਰਾਂ ਕੋਲ ਇਸ ਕੰਮ ਲਈ ਜਾਂਦਾ ਹੈ ਤਾਂ ਉਸ ਨਾਲ ਬੁਰਾ ਸਲੂਕ ਕੀਤਾ ਜਾਂਦਾ ਹੈ। ਮੈਂ ਬੇਨਤੀ ਕਰਾਂਗਾ ਕਿ ਇਹ ਸਕੀਮ ਬੈਂਕਾਂ ਤੋਂ ਲੈ ਕੇ ਕਾਰਪੋਰੇਸ਼ਨ ਨੂੰ ਦਿੱਤੀ ਜਾਏ ਅੌਰ ਕਾਰਪੋਰੇਸ਼ਨ ਇਹ ਲੋਨ ਆਪ ਡਿਸਟ੍ਰਿਬਿਊਟ ਕਰੇ। ਇਸ ਨਾਲ ਜੋ ਹੁਣ ਇਹ ਲੋਕ ਮਹੀਨੇ ਬੱਧੀ ਲੋਨ ਲਈ ਫਿਰਦੇ ਹਨ ਇਨ੍ਹਾਂ ਨੂੰ ਇਸ ਤੋਂ ਛੁੱਟ ਮਿਲ ਜਾਏਗੀ ਅੌਰ ਲੋਨ ਵੀ ਜਲਦੀ ਮਿਲ ਜਾਇਆ ਕਰੇਗਾ। ਇਸ ਤਰ੍ਹਾਂ ਹੀ ਰਿਜ਼ਰਵੇਸ਼ਨ ਪਾਸੇ ਖਾਸ ਤੌਰ ਤੇ ਬੋਰਡ ਅੌਰ ਕਾਰਪੋਰੇਸ਼ਨ ਵਿਚ ਸ਼ਡਿਊਲਡ ਕਾਸਟਸ ਨੂੰ ਪੂਰੀ ਨੁਮਾਇੰਦਗੀ ਨਹੀਂ ਮਿਲਦੀ। ਕਲਾਸ 1 ਵਿਚ 7 ਪ੍ਰਤੀਸ਼ਤ, ਕਲਾਸ 2 ਵਿਚ 13 ਪ੍ਰਤੀਸ਼ਤ ਅੌਰ ਇਸੇ ਤਰ੍ਹਾਂ ਹੀ ਕਲਾਸ 3 ਵਿਚ ਬਹੁਤ ਥੋੜ੍ਹੀ ਰਿਜ਼ਰਵੇਸ਼ਨ ਦਿੱਤੀ ਗਈ ਹੈ। ਜੇ ਇਨ੍ਹਾਂ ਦਾ ਵੱਸ ਚਲੇ ਤਾਂ ਜਿਹੜੇ ਕਲਾਸ ਫੌਰ ਦੇ ਇੰਪਲਾਈਜ਼ ਹਨ ਉਹ ਵੀ ਇਹ ਸ਼ਡਿਊਲਡ ਕਾਸਟਸ ਦੀ ਥਾਂ ਤੇ ਦੂਸਰੇ ਰੱਖ ਲੈਣ। ਚੇਅਰਮੈਨ ਸਾਹਿਬ, ਮੈਂ ਸ਼ਡਿਊਲਡ ਕਾਸਟਸ ਕਮੇਟੀ ਦਾ ਮੈਂਬਰ ਰਿਹਾ ਹਾਂ। ਅਸੀਂ ਜਦੋਂ ਕਦੇ ਵੀ ਕਿਸੇ ਡਿਪਾਰਟਮੈਂਟ ਨੂੰ ਓਰਲ ਐਗਜ਼ਾਮੀਨੇਸ਼ਨ ਲਈ ਬੁਲਾਇਆ ਤਾਂ ਉਥੇ ਇਹੀ ਪਤਾ ਲਗਦਾ ਹੈ ਕਿ ਬਿਨਾਂ ਐਨ.ਓ.ਸੀ. ਲਿਆਂ ਪੋਸਟਾਂ ਫਿੱਲ ਅਪ ਕੀਤੀਆਂ ਜਾਂਦੀਆਂ ਰਹੀਆਂ ਹਨ। ਜਦੋਂ ਵੈਲਫੇਅਰ ਡਿਪਾਰਟਮੈਂਟ ਬਣਿਆ ਹੋਇਆ ਹੈ ਅਤੇ ਉਸ ਡਿਪਾਰਟਮੈਂਟ ਦਾ ਇਕ ਅਨਇੰਪਲਾਇਮੈਂਟ ਸੈਲ ਹੈ, ਜਿਸ ਨੇ ਅਨਇੰਪਲਾਇਡ ਨੂੰ ਭਾਵੇਂ ਉਹ ਦਸਵੀਂ ਪੜ੍ਹੇ ਹਨ ਅਤੇ ਭਾਵੇਂ ਉਹ ਗਰੈਜੂਏਟ ਹਨ, ਉਨ੍ਹਾਂ ਨੂੰ ਐਨਰੋਲ ਕੀਤਾ ਹੋਇਆ ਹੈ ਤਾਂ ਫਿਰ ਇਹ ਕਿਉਂ ਨਹੀਂ ਉਨ੍ਹਾਂ ਨੂੰ ਲਿਖਦੇ ਕਿ ਐਨੀਆਂ ਪੋਸਟਾਂ ਖਾਲੀ ਪਈਆਂ ਹਨ ਸਾਨੂੰ ਇਨ੍ਹਾਂ ਵਾਸਤੇ ਐਨੇ ਸ਼ਡਿਊਲਡ ਕਾਸਟਸ ਬੰਦੇ ਚਾਹੀਦੇ ਹਨ। ਹੈਡ ਆਫ ਦੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਿਪਾਰਟਮੈਂਟ ਸਾਡੇ ਬੰਦੇ ਨਹੀਂ ਲਗਾਏ ਜਾਂਦੇ। ਸਾਨੂੰ ਇਸ ਪਾਸੇ ਵੀ ਪੂਰੀ ਨੁਮਾਇੰਦਗੀ ਨਹੀਂ ਮਿਲੀ। ਡੀ.ਸੀ. ਅਤੇ ਐਸ.ਐਸ.ਪੀ. ਲਗਾਉਣ ਵਿਚ ਸਾਨੂੰ ਪੂਰੀ ਨੁਮਾਇੰਦਗੀ ਨਹੀਂ ਮਿਲੀ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹੈਡ ਆਫ ਦੀ ਡਿਪਾਰਟਮੈਂਟ ਸ਼ਡਿਊਲਡ ਕਾਸਟਸ ਅਫਸਰ ਲਗਾਏ ਜਾਣ ਤਾਂ ਕਿ ਰਿਜ਼ਰਵੇਸ਼ਨ ਦੀ ਪਾਲਿਸੀ ਲਾਗੂ ਕੀਤੀ ਜਾ ਸਕੇ। ਚੇਅਰਮੈਨ ਸਾਹਿਬ, ਮੈਨੂੰ ਹੁਣੇ ਹੁਣੇ ਇੰਪਲਾਈਜ਼ ਦੀ ਟੈਲੀਗਰਾਮ ਆਈ ਹੈ। Reservation stopped in promotion in secretariat. ਮੁੱਖ ਮੰਤਰੀ ਜੀ ਸਦਨ ਵਿਚ ਬੈਠੇ ਹਨ ਮੈਂ ਉਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਇਨ ਪਰਮੋਸ਼ਨ ਇਨ ਦੀ ਸੈਕਟਰੀਏਟ ਪੋਸਟਸ ਬੈਨ ਕੀਤਾ ਜਾਂਦਾ ਹੈ। ਚੀਫ ਸੈਕਟਰੀ ਨੇ ਆਪਣਾ ਨੋਟ ਲਿਖ ਕੇ ਕੈਬਨਿਟ ਨੂੰ ਭੇਜ ਦਿਤਾ ਹੈ। ਚੀਫ਼ ਮਨਿਸਟਰ ਸਾਹਿਬ ਬੈਠੇ ਹਨ ਉਹ ਇਸ ਪਾਸੇ ਧਿਆਨ ਦੇਣ। ਇਸ ਤਰ੍ਹਾਂ ਕਰਨ ਨਾਲ ਸਾਡੇ ਵਿਚ ਰਿਜ਼ੈਂਟਮੈਂਟ ਆਵੇਗੀ। ਜਿਹੜੀ ਚੀਜ਼ ਸਾਨੂੰ ਹਿੰਦੁਸਤਾਨ ਦੇ ਸੰਵਿਧਾਨ ਬਣਨ ਵੇਲੇ ਮਿਲੀ ਹੈ ਜਾਂ ਰਿਜ਼ਰਵੇਸ਼ਨ ਦੀ ਜਿਹੜੀ ਪਰੋਵੀਜ਼ਨ ਹੈ ਉਸ ਮੁਤਾਬਿਕ ਸਾਨੂੰ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਮੈਂ ਬੇਨਤੀ ਕਰਾਂਗਾ ਕਿ ਚੀਫ਼ ਮਨਿਸਟਰ ਸਾਹਿਬ ਬੈਠੇ ਹਨ ਉਹ ਇਸ ਬਾਰੇ ਸਖਤੀ ਨਾਲ ਨੋਟਿਸ ਲੈਣ। ਜੇ ਚੀਫ਼ ਸੈਕਟਰੀ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲਗ ਪਿਆ ਅਤੇ ਸ਼ਡਿਊਲਡ ਕਾਸਟਸ ਦੇ ਹੱਕ ਖੋਹੇ ਜਾਣ ਲਗੇ ਤਾਂ ਫਿਰ ਠੀਕ ਨਹੀਂ ਹੋਵੇਗਾ। ** ** ** **

ਇਸੇ ਤਰ੍ਹਾਂ ਹੀ ਜਿਹੜੇ ਬੋਰਡਜ਼ ਹਨ ਜਾਂ ਕਾਰਪੋਰੇਸ਼ਨਾਂ ਹਨ, ਜਿਵੇਂ ਕਿ ਐਜੂਕੇਸ਼ਨ ਬੋਰਡ ਹੈ, ਟਿਊਬਵੈਲ ਕਾਰਪੋਰੇਸ਼ਨ ਹੈ ਜਾਂ ਹੋਰ ਜਿੰਨੇ ਅਜਿਹੇ ਮਹਿਕਮੇ ਹਨ ਉਨ੍ਹਾਂ ਵਿਚ ਰਿਜ਼ਰਵੇਸ਼ਨ ਦੀ ਪਾਲਿਸੀ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾਂਦਾ। ਇਸ ਲਈ ਮੈਂ ਕਹਾਂਗਾ ਕਿ ਜਿੰਨੀ ਦੇਰ ਇਸ ਬਾਰੇ ਇਹ ਇਥੇ ਕੋਈ ਕਾਨੂੰਨ ਨਹੀਂ ਬਣਾਉਂਦੇ, ਇਸ ਬਾਰੇ ਕੋਈ ਬਿੱਲ ਨਹੀਂ ਲਿਆਉਂਦੇ ਉਤਨੀ ਦੇਰ ਰਿਜ਼ਰਵੇਸ਼ਨ ਦਾ ਕੰਮ ਪੂਰਾ ਨਹੀਂ ਹੋ ਸਕਦਾ। ਉੜੀਸਾ ਅਤੇ ਵੈਸਟ ਬੰਗਾਲ ਵਿਚ ਸੈਂਟਰਲ ਗੌਰਮਿੰਟ ਦੀਆਂ ਇਨਸਟਰੱਕਸ਼ਨਜ਼ ਗਈਆਂ ਹਨ ਉਥੇ ਰਿਜ਼ਰਵੇਸ਼ਨ ਪਾਲੀਸੀ ਨੂੰ ਅਡਾਪਟ ਕਰਨ ਲਈ ਉਥੇ ਬਿੱਲ ਪਾਸ ਹੋਏ ਹਨ। (ਵਿਘਨ) ਮੈਂ ਅਰਜ਼ ਕਰਾਂਗਾ ਕਿ ਸਾਡੇ ਵੀ ਜਿਹੜੇ ਕਸੂਰਵਾਰ ਅਫਸਰ ਹਨ ਜਿਹੜੇ ਕਿ ਇਸ ਰਿਜ਼ਰਵੇਸ਼ਨ ਦੀ ਪਾਲੀਸੀ ਨੂੰ ਲਾਗੂ ਨਹੀਂ ਹੋਣ ਦਿੰਦੇ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਬਿਊਰੋਕ੍ਰੇਸੀ ਨੂੰ ਨੱਥ ਪਾਉਣੀ ਚਾਹੀਦੀ ਹੈ। ਰਿਜ਼ਰਵੇਸ਼ਨ ਪਾਲਸੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਅਸੀਂ ਇਕਨਾਮੀਕਲੀ ਦੂਜੇ ਲੋਕਾਂ ਦੇ ਜਿਹੜੇ ਕਿ ਵੱਡੇ ਵੱਡੇ ਇੰਡਸਟਰੀਆਂ ਵਿਚ ਬੈਠੇ ਹਨ ਜਾਂ ਧਨਾਢ ਲੋਕ ਹਨ, ਦੇ ਬਰਾਬਰ ਨਹੀਂ ਆ ਜਾਂਦੇ ਉਤਨਾ ਚਿਰ ਰਿਜ਼ਰਵੇਸ਼ਨ ਚੱਲਣੀ ਚਾਹੀਦੀ ਹੈ। (ਘੰਟੀ)

ਬਾਕੀ ਜਿਥੋਂ ਤਕ ਪੀਲੇ ਕਾਰਡਾਂ ਦੀ ਗੱਲ ਹੈ, ਇਸ ਬਾਰੇ 3,600 ਰੁਪਏ ਦੀ ਆਮਦਨ ਰਖੀ ਹੈ। ਇਸ ਤਰ੍ਹਾਂ ਕਲਾਸ ਫੋਰ ਦੇ ਜਿਹੜੇ ਇੰਪਲਾਈਜ਼ ਹਨ ਜਾਂ ਜਿਹੜੇ ਫੈਕਟਰੀਆਂ ਆਦਿ ਵਿਚ ਕੰਮ ਕਰਦੇ ਹਨ ਜਾਂ ਖੇਤ ਮਜ਼ਦੂਰ ਹਨ ਉਹ ਇਸ ਰਲੀਫ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜੀ 3,600 ਰੁਪਏ ਦੀ ਆਮਦਨ ਦੀ ਕੰਡੀਸ਼ਨ ਰਖੀ ਹੈ ਇਸ ਨੂੰ ਵਧਾਕੇ 6,000 ਰੁਪਏ ਕਰ ਦੇਣਾ ਚਾਹੀਦਾ ਹੈ। (ਘੰਟੀ)।

**Expunged under orders of the Speaker.

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ]

ਅਖੀਰ ਵਿਚ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹਰੀਜਨਾਂ ਦੀ ਰਿਜ਼ਰਵੇਸ਼ਨ ਪਾਲਿਸੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ ਤਾ ਕਿ ਅਸੀਂ ਦੂਜਿਆਂ ਲੋਕਾਂ ਦੇ ਬਰਾਬਰ ਆ ਸਕੀਏ ਅਤੇ ਸਾਡੇ ਵਿਚ ਜਿਹੜੀ ਰੀਜ਼ੈਂਟਮੈਂਟ ਆ ਰਹੀ ਹੈ ਉਸ ਨੂੰ ਰੋਕਿਆ ਜਾ ਸਕੇ।

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ, ਐਸ.ਸੀ) : ਚੇਅਰਮੈਨ ਸਾਹਿਬ, ਟਾਈਮ ਬੜਾ ਥੋੜ੍ਹਾ ਹੈ, ਇਸ ਲਈ ਮੈਂ ਥੋੜ੍ਹਾ ਹੀ ਬੋਲਾਂਗਾ ਅਤੇ ਦੋ ਤਿੰਨ ਪੁਆਇੰਟਸ ਹੀ ਦੱਸਣਾ ਚਾਹੁੰਦਾ ਹਾਂ। ਇਹ ਜਿਹੜੀ 1978-79 ਦੀ ਰਿਪੋਰਟ ਹੈ ਮੈਂ ਇਸ ਦੇ ਉਤੇ ਬੋਲਣ ਲਈ ਖੜਾ ਹੋਇਆ ਹਾਂ। ਇਸ ਦੇ ਵਿਚ 1980, 1981 ਅਤੇ 1982 ਦਾ ਕੋਈ ਵੇਰਵਾ ਨਹੀਂ ਹੈ। ਇਸ ਤਰ੍ਹਾਂ ਅੱਜ ਦੇ ਜਿਹੜੇ ਭਰਵੇਂ ਸਵਾਲ ਹਨ ਉਹ ਇਸ ਵਿਚ ਨਹੀਂ ਆਉਂਦੇ। ਚੇਅਰਮੈਨ ਸਾਹਿਬ, ਅੱਜ ਜੇ ਅਸੀਂ ਹਰੀਜਨਾਂ ਦੇ ਚਿਹਰਿਆਂ ਵੱਲ ਦੇਖੀਏ ਤਾਂ ਪਤਾ ਲੱਗਦਾ ਹੈ ਉਨ੍ਹਾਂ ਦੀ ਅੱਜ ਕੱਲ੍ਹ ਕੀ ਹਾਲਤ ਹੈ। ਉਨ੍ਹਾਂ ਉਤੇ ਐਨੇ ਅੱਤਿਆਚਾਰ ਹੋ ਰਹੇ ਹਨ, ਉਨ੍ਹਾਂ ਦੇ ਘਰ ਢਾਹੇ ਜਾਂਦੇ ਹਨ, ਉਨ੍ਹਾਂ ਦੇ ਪਾਣੀ ਬੰਦ ਕੀਤੇ ਜਾਂਦੇ ਹਨ, ਉਨ੍ਹਾਂ ਦੀਆਂ ਨਾਕਾਬੰਦੀਆਂ ਹੋ ਰਹੀਆਂ ਹਨ। ਇਹ ਠੀਕ ਹੈ ਕਿ ਸਮਾਜ ਵਿਚ ਕੁਝ ਸੁਧਾਰ ਆਇਆ ਹੈ ਅਤੇ ਕੁੱਝ ਪਰਸੈਂਟ ਲੋਕਾਂ ਨੂੰ ਆਰਾਮ ਆਇਆ ਹੈ, ਉਨ੍ਹਾਂ ਨੂੰ ਰੋਟੀ ਖਾਣ ਲਈ ਮਿਲਣ ਲਗੀ ਹੈ। ਪਰ ਫਿਰ ਵੀ ਜੇ ਮੈਂ ਇਹ ਕਹਾਂ ਕਿ 95 ਪ੍ਰਤੀਸ਼ਤ ਇਹ ਲੋਕ ਐਸੇ ਹਨ ਜਿਨ੍ਹਾਂ ਨੂੰ ਰੱਜਵੀਂ ਰੋਟੀ ਖਾਣ ਨੂੰ ਨਹੀਂ ਮਿਲਦੀ ਤਾਂ ਇਹ ਗੱਲ ਗਲਤ ਨਹੀਂ ਹੋਵੇਗੀ। ਚੇਅਰਮੈਨ ਸਾਹਿਬ, ਜਿਵੇਂ ਇਹ ਰਿਪੋਰਟ ਮੰਨਦੀ ਹੈ ਕਿ ਹਰੀਜਨਾਂ ਉਤੇ ਅਤਿਆਚਾਰ ਹੋ ਰਹੇ ਹਨ ਅੱਜ ਤਕ ਇਸ ਦਾ ਕੋਈ ਇਲਾਜ ਨਹੀਂ ਹੋਇਆ। 1975 ਵਿਚ ਇਸ ਸਭਾ ਵਿਚ ਇਕ ਰੈਜ਼ੋਲਿਊਸ਼ਨ ਆਇਆ। ਉਸ ਉਤੇ ਇਥੇ ਬਹਿਸ ਨਹੀਂ ਹੋ ਸਕੀ ਅਤੇ ਉਹ ਸਰਵਸੰਮਤੀ ਨਾਲ ਪਾਸ ਹੋ ਗਿਆ। ਉਸ ਵਿਚ ਲਿਖਿਆ ਸੀ ਕਿ ਨਾਕਾਬੰਦੀਆਂ ਅਤੇ ਸੋਸ਼ਲ ਬਾਈਕਾਟ ਨਹੀਂ ਹੋਣੇ ਚਾਹੀਦੇ। ਜੱਟ ਦਾ ਅਤੇ ਗੈਰ ਜੱਟ ਦਾ ਸਵਾਲ ਨਹੀਂ ਪੈਦਾ ਹੋਣਾ ਚਾਹੀਦਾ। ਠੀਕ ਹੈ ਅਸੀਂ ਇਹ ਗਲ ਮੰਨਦੇ ਹਾਂ ਇਸ ਵਿਚ ਥੋੜ੍ਹਾ ਬਹੁਤ ਫਰਕ ਪਿਆ ਹੈ ਪਰ ਫਿਰ ਵੀ ਇਹ ਗਲ ਅਜੇ ਪ੍ਰਚੱਲਤ ਹੈ ਅਤੇ ਹਰੀਜਨਾਂ ਅਤੇ ਗਰੀਬ ਮਜ਼ਦੂਰਾਂ ਨਾਲ ਧੱਕਾ ਹੁੰਦਾ ਹੈ। ਉਨ੍ਹਾਂ ਨੂੰ ਥਾਣਿਆਂ ਵਿਚ ਲਿਜਾਇਆ ਜਾਂਦਾ ਹੈ। ਇਥੇ ਸਰਦਾਰ ਹਰਚੰਦ ਸਿੰਘ ਫੱਤਣਵਾਲ ਬੈਠੇ ਨਹੀਂ ਹਨ। ਉਨ੍ਹਾਂ ਦੇ ਹਲਕੇ ਵਿਚ ਪਿੰਡ ਦੇ ਗਰੀਬ ਮਜ਼ਦੂਰ ਲੋਕਾਂ ਦੀ ਪੁਲਿਸ ਨੇ ਬੇਇੱਜ਼ਤੀ ਕੀਤੀ। ਉਨ੍ਹਾਂ ਨੂੰ ਥਾਣਿਆਂ ਵਿਚ ਡੱਕ ਦਿਤਾ। ਜਿਹੜੇ ਲੋਕ ਉਨ੍ਹਾਂ ਦੀ ਹਮਾਇਤ ਕਰਨ ਵਾਸਤੇ ਗਏ ਸਨ ਉਨ੍ਹਾਂ ਨੂੰ ਉਥੇ ਦੇ ਪੁਲਿਸ ਕਰਮਚਾਰੀਆਂ ਨੇ ਕਿਹਾ ਕਿ ਤੁਹਾਡੇ ਨਾਲ ਵੀ ਇਹੀ ਹਾਲ ਹੋਵੇਗਾ ਜਿਹੜਾ ਇਨ੍ਹਾਂ ਲੋਕਾਂ ਨਾਲ ਹੋ ਰਿਹਾ ਹੈ। (ਵਿਘਨ) ਜੇ ਮੈਂ ਨੁਕਤਾਚੀਨੀ ਕਰਦਾ ਹਾਂ ਤਾਂ ਮੈਂ ਸੁਝਾਉ ਵੀ ਦੇਵਾਂਗਾ। ਗਰੀਬ ਮਜ਼ਦੂਰ ਲੋਕਾਂ ਦਾ ਮਾਣ ਵਧਾਉਣਾ ਚਾਹੀਦਾ ਹੈ, ਉਨ੍ਹਾਂ ਦੀ ਇੱਜ਼ਤ ਹੋਣੀ ਚਾਹੀਦੀ ਹੈ। ਉਨ੍ਹਾਂ ਦੀ ਸੁਰਖਿਆ ਲਈ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।

ਇਹਨਾਂ ਦੇ ਬੱਚਿਆਂ ਨੂੰ ਜਿਹੜੇ ਵਜ਼ੀਫੇ ਦਿੱਤੇ ਜਾਂਦੇ ਹਨ ਉਸਦੀ ਦਰ ਘੱਟ ਹੈ। ਉਨ੍ਹਾਂ ਨੂੰ ਵਜ਼ੀਫੇ ਲੇਟ ਮਿਲਦੇ ਹਨ। ਵਜ਼ੀਫੇ ਦੀ ਦਰ ਵਧਾਉਣੀ ਚਾਹੀਦੀ ਹੈ ਅਤੇ ਵਜ਼ੀਫੇ ਵੇਲੇ ਸਿਰ ਮਿਲਣੇ ਚਾਹੀਦੇ ਹਨ।

ਹਰੀਜਨ ਲੋਕਾਂ ਲਈ ਸਰਕਾਰ ਨੇ ਕਰਜ਼ੇ ਮਨਜ਼ੂਰ ਕੀਤੇ ਹਨ। ਉਨ੍ਹਾਂ ਲਈ ਭੇਡਾਂ, ਬੱਕਰੀਆਂ, ਪੋਲਟਰੀ ਫਾਰਮ ਅਤੇ ਸੂਰਾਂ ਲਈ ਕਰਜ਼ੇ ਮਨਜ਼ੂਰ ਕੀਤੇ ਜਾਂਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਕਰਜ਼ਿਆਂ ਵਿਚ ਕੁਰੱਪਸ਼ਨ ਹੁੰਦੀ ਹੈ। ਉਨ੍ਹਾਂ ਨੂੰ ਮੁਫਤ ਲੁੱਟਿਆ ਜਾਂਦਾ ਹੈ। ਉਨ੍ਹਾਂ ਨੂੰ ਬੈਂਕਾਂ ਦੇ ਰਾਹੀਂ ਲੁੱਟਿਆ ਜਾਂਦਾ ਹੈ ਅਤੇ ਜਾਂ ਫਿਰ ਜਿਹੜੇ ਉਨ੍ਹਾਂ ਨੂੰ ਕਰਜ਼ੇ ਦਿਵਾਉਣ ਵਾਲੇ ਹੁੰਦੇ ਹਨ

Original with;
Punjab Vidhan Sabha
Digitized by;
Panjab Digital Library

ਜਿਵੇਂ ਕਿ ਸੋਸ਼ਲ ਵਰਕਰ ਬਣੇ ਹੋਏ ਹਨ ਉਹ ਉਨ੍ਹਾਂ ਨੂੰ ਲੁੱਟਦੇ ਹਨ। ਇਸ ਬਾਰੇ ਮੈਂ ਮਿਸਾਲ ਦੇਣੀ ਚਾਹੁੰਦਾ ਹਾਂ। ਉਨ੍ਹਾਂ ਲੋਕਾਂ ਲਈ ਸਬਸਿਡੀ ਰੱਖੀ ਗਈ ਹੈ ਇਹ ਚੰਗਾ ਕੰਮ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਨਿਹਾਲਸਿੰਘਵਾਲਾ ਬਲਾਕ ਵਿਚ ਪਿੰਡ ਮੰਦੇਰ ਹੈ, ਉਥੇ ਉਨ੍ਹਾਂ ਲਈ ਘੋੜੇ ਅਤੇ ਰਿਹੜਿਆਂ ਵਾਸਤੇ ਕਰਜ਼ੇ ਮਨਜ਼ੂਰ ਹੋ ਗਏ। ਉਨ੍ਹਾਂ ਨੇ ਘੋੜੇ ਤਾਂ ਲੈ ਲਏ ਪਰ ਜਦ ਉਹ ਰਿਹੜੇ ਲੈਣ ਵਾਸਤੇ ਗਏ ਤਾਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਨੂੰ ਪੱਤੀ ਨਹੀਂ ਸੀ ਲੱਗੀ ਹੋਈ ਇਸ ਤੇ ਉਨ੍ਹਾਂ ਨੇ ਕਿਹਾ ਕਿ ਅਸੀਂ ਇਹੋ ਜਿਹੇ ਰਿਹੜੇ ਨਹੀਂ ਲੈਣੇ ਉਥੇ ਦਾ ਦੁਕਾਨਦਾਰ ਕਹਿੰਦਾ ਹੈ ਕਿ ਜੇ ਤੁਸੀਂ ਨਕਦ ਲੈਣੇ ਹਨ ਤਾਂ 1800 ਰੁਪਏ ਨਕਦ ਲੈ ਜਾਵੋ ਅਤੇ 700 ਰੁਪਏ ਸਾਨੂੰ ਦੇ ਜਾਵੋ। ਮੈਂ ਨਾਮ ਪੜ੍ਹਨ ਲੱਗਿਆ ਹਾਂ ਤੁਸੀਂ ਇਸ ਦੀ ਇਨਕੁਆਇਰੀ ਕਰਵਾ ਲਓ ਕਿ ਕੀ ਉਨ੍ਹਾਂ ਨੂੰ ਕਰਜ਼ੇ ਮਿਲੇ ਹਨ ? ਹਜ਼ਾਰ ਸਿੰਘ, ਪੁੱਤਰ ਬਚਨ ਸਿੰਘ, ਹਰਨੇਕ ਸਿੰਘ, ਪੁੱਤਰ ਗੁਰਦਿਆਲ ਸਿੰਘ, ਹਰੀ ਸਿੰਘ, ਪੁੱਤਰ ਕਰਤਾਰ ਸਿੰਘ, ਅਤੇ ਸੰਤਾ ਸਿੰਘ, ਪੁੱਤਰ ਬਚਨ ਸਿੰਘ। ਇਹ ਚਾਰ ਬੰਦੇ ਮੈਂ ਕਹੇ ਹਨ ਇਨ੍ਹਾਂ ਦੇ ਨਾਲ ਚੇਅਰਮੈਨ ਸਾਹਿਬ, ਦੋ ਬੰਦੇ ਹਨ ਹੋਰ ਜਿਨ੍ਹਾਂ ਦਾ ਨਾਮ ਮਨੀ ਸਿੰਘ, ਪੁੱਤਰ ਝਗੜੂ ਸਿੰਘ, ਮਹਿੰਗਾ ਸਿੰਘ, ਪੁੱਤਰ ਭਗਤ ਸਿੰਘ, ਇਨ੍ਹਾਂ ਨੂੰ ਪੰਜ ਪੰਜ ਹਜ਼ਾਰ ਰੁਪਿਆ ਮਨਜ਼ੂਰ ਹੋਇਆ ਸੀ। ਮੈਂ ਹੁਣ ਉਸਦਾ ਨਾਮ ਵੀ ਦੱਸਦਾ ਹਾਂ ਜਿਹੜਾ ਕਹਿੰਦਾ ਹੈ ਕਿ ਮੈਨੂੰ 700 ਰੁਪਏ ਦਿਓ। ਉਸਦਾ ਨਾਮ ਕਰਤਾਰ ਸਿੰਘ ਮਿਸਤਰੀ ਹੈ ਐਗਰੀਕਲਚਰਲ ਵਰਕਸ ਜੈਤੋਂ। ਲੋਕ ਕਹਿੰਦੇ ਹਨ ਕਿ ਅਸੀਂ ਨਕਦ ਪੈਸੇ ਲੈਣੇ ਹਨ ਜਾਂ ਜਿਹੜੀ ਵਾਜਿਬ ਕੀਮਤ ਹੈ ਉਹ ਸਾਡੇ ਤੋਂ ਲਈ ਜਾਵੇ। ਇਸ ਗੱਲ ਦੀ ਸਰਕਾਰ ਨੂੰ ਇਨਕੁਆਇਰੀ ਕਰਾਉਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਇਥੇ ਮਕਾਨਾਂ ਦੀ ਬੜੀ ਗੱਲ ਕੀਤੀ ਜਾਂਦੀ ਹੈ ਕਿ ਹਰੀਜਨਾਂ ਨੂੰ ਮਕਾਨ ਬਣਾ ਕੇ ਦਿੱਤੇ ਹਨ, ਪਲਾਟ ਦਿੱਤੇ ਹਨ। ਤੁਸੀਂ ਜਾਣਦੇ ਹੋ ਕਿ ਗਰੀਬ ਆਦਮੀਆਂ ਨੂੰ, ਗਰੀਬ ਹਰੀਜਨਾਂ ਨੂੰ ਮਕਾਨ ਦੇਣ ਦੀ ਗੱਲ ਬੁਰੀ ਨਹੀਂ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਨਾ ਮਨਿਸਟਰ ਸਾਹਿਬ ਇਹ ਦੱਸ ਸਕਦੇ ਹਨ ਕਿ ਜਿਹੜੇ ਪਲਾਟ ਇਹ ਕਹਿੰਦੇ ਹਨ ਕਿ 3 ਲੱਖ 25 ਹਜ਼ਾਰ ਦਿੱਤੇ ਹਨ ਉਹ ਕਿੱਥੇ ਦਿੱਤੇ ਹਨ ਅਤੇ ਨਾ ਉਹ ਇਹ ਦੱਸ ਸਕਦੇ ਹਨ ਕਿ ਮਕਾਨ ਅਸੀਂ ਕਿੰਨੇ ਬਣਾ ਕੇ ਦਿੱਤੇ ਹਨ । ਗੱਲ ਤਾਂ ਚੰਗੀ ਹੈ ਕਿ ਗਰੀਬ ਆਦਮੀਆਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ। ਪਰ ਆਪ ਨੂੰ ਪਤਾ ਹੈ ਕਿ ਜੋ ਮਕਾਨ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਉਹਨਾਂ ਦੀ ਹਾਲਤ ਕੀ ਹੈ। ਜਿੱਥੇ ਉਹ ਰਹਿੰਦਾ ਹੈ ਉਥੇ ਉਸੇ ਅੰਦਰ ਉਹ ਆਪ ਰਹਿੰਦਾ ਹੈ ਉਸੇ ਅੰਦਰ ਉਸਦੇ ਬਾਲ ਬੱਚੇ ਅਤੇ ਟੱਬਰ ਰਹਿੰਦਾ ਹੈ, ਉਸੇ ਅੰਦਰ ਉਸਦੀ ਮੱਝ ਰੱਖੀ ਹੋਈ ਹੈ ਅਤੇ ਉਸੇ ਅੰਦਰ ਉਸਨੇ ਗਾਂ ਰੱਖੀ ਹੋਈ ਹੈ। ਤੂੜੀ ਵਾਂਗ ਸਾਰੇ ਉਹ ਉਸੇ ਅੰਦਰ ਤੁਨੇ ਹੋਏ ਹਨ, ਉਨ੍ਹਾਂ ਲਈ ਮਕਾਨ ਦੀ ਸਹੂਲਤ ਚਾਹੀਦੀ ਹੈ ਅਤੇ ਜਿਹੜੇ ਮਕਾਨ ਦੇਣੇ ਹਨ ਵੱਡੇ ਦੇਣੇ ਚਾਹੀਦੇ ਹਨ।

ਫਿਰ ਚੇਅਰਮੈਨ ਸਾਹਿਬ, ਸਰਕਾਰ ਨੇ ਪਿੰਡਾਂ ਨੂੰ ਪੱਕਾ ਕਰਨ ਵਾਸਤੇ ਗਲੀਆਂ ਨਾਲੀਆਂ ਪੱਕਿਆਂ ਕਰਨ ਵਾਸਤੇ ਸਰਕਾਰ ਨੇ ਉਪਰਾਲਾ ਕੀਤਾ ਹੈ ਤਾਂ ਇਹ ਬੜੀ ਚੰਗੀ ਗਲ ਹੈ। ਮੈਂ ਸਮਝਦਾ ਹਾਂ ਕਿ ਗਰੀਬ ਲੋਕਾਂ ਨੂੰ ਅੱਛਾ ਰਹਿਣ ਸਹਿਣ ਦੇਣ ਦਾ ਇਨ੍ਹਾਂ ਦਾ ਇਰਾਦਾ ਲਗਦਾ ਹੈ। ਪਰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੇ ਨਾਲੀਆਂ ਗਲੀਆਂ ਪੱਕੀਆਂ ਕਰਨ ਦਾ ਪ੍ਰੋਗਰਾਮ ਬਣਾਇਆ ਹੈ ਇਨ੍ਹਾਂ ਨੂੰ ਉਥੇ ਇਸ ਗਲ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਜੋ ਪਾਣੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਦਾ ਨਿਕਾਸ ਹੈ ਉਹ ਵੀ ਠੀਕ ਹੋਣਾ ਚਾਹੀਦਾ ਹੈ। ਤੁਸੀਂ ਦੇਖੋ ਕਿ ਪਿੰਡ ਵਾਲੇ ਉਨ੍ਹਾਂ ਦੇ ਪਾਣੀ ਦਾ ਨਿਕਾਸ ਨਹੀਂ ਹੋਣ ਦਿੰਦੇ। ਇਹ ਗੱਲ ਚੰਗੀ ਹੈ ਕਿ ਨਾਲੀਆਂ ਗਲੀਆਂ ਪੱਕੀਆਂ ਕਰਨੀਆਂ ਹਨ ਪਰ ਇਸ ਦੇ ਨਾਲ ਪਾਣੀ ਦੇ ਨਿਕਾਸ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਜੇ ਐਵੇਂ ਹੀ ਫਿਰ ਉਨ੍ਹਾਂ ਨੂੰ ਮੱਛਰਾਂ ਨਾਲ ਮਾਰਨਾ ਹੈ ਜਿਸ ਦੇ ਨਾਲ ਕਈ ਕਿਸਮ ਦੀਆਂ ਬੀਮਾਰੀਆਂ ਹੁੰਦੀਆਂ ਤਾਂ ਇਹ ਗਲੀਆਂ ਨਾਲੀਆਂ ਪੱਕੀਆਂ ਕਰਨ ਦਾ ਕੋਈ ਫਾਇਦਾ ਨਹੀਂ। ਇਸ ਗਲ ਦਾ ਤਾਂ ਹੀ ਫਾਇਦਾ ਹੈ ਜੇ ਉਨ੍ਹਾਂ ਦੇ ਪਾਣੀ ਦੇ ਨਿਕਾਸ ਦਾ ਪੂਰਾ ਪ੍ਰਬੰਧ ਕੀਤਾ ਜਾਵੇ।

ਚੇਅਰਮੈਨ ਸਾਹਿਬ, ਨੌਕਰੀਆਂ ਤੋਂ ਪਹਿਲਾਂ ਮੇਰੇ ਕਿਸੇ ਸਾਥੀ ਨੇ ਦਸਿਆ ਹੈ ਕਿ ਕੀ ਹਾਲਤ ਹੈ। ਗਿਆਨੀ ਜੀ ਦੀ ਸਰਕਾਰ ਵੇਲੇ ਹਰੀਜਨਾਂ ਦੇ ਜਿਹੜੇ ਨੌਜਵਾਨ ਬੱਚੇ ਪੜ੍ਹੇ ਲਿਖੇ ਹੁੰਦੇ ਸਨ ਉਨ੍ਹਾਂ ਨੂੰ ਭਰਤੀ ਵਿੱਚ ਛੋਟ ਸੀ। ਪੁਲਿਸ ਵਿਚ ਮਿਡਲ ਪਾਸ ਨੂੰ ਭਰਤੀ ਕਰ ਲਿਆ ਜਾਂਦਾ ਸੀ ਅਤੇ ਛਾਤੀ ਤੇ ਕੱਦ ਵਿੱਚ ਵੀ ਛੋਟ ਸੀ। ਜਿਹੜੇ ਬੈਕਵਰਡ ਕਲਾਸਿਜ਼ ਦੇ ਹਨ ਉਨ੍ਹਾਂ ਨੂੰ ਵੀ ਇਸ ਦੇ ਵਿਚ ਲੈ ਲਿਆ ਜਾਂਦਾ ਸੀ ਪਰ ਜਦੋਂ ਇਨ੍ਹਾਂ ਮੇਰੇ ਭਰਾਵਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਸਾਰਿਆਂ ਵਾਸਤੇ ਇਕੋ ਗਲ ਕਰ ਦਿਤੀ, ਛਾਤੀ ਅਤੇ ਕੱਦ ਦੀ ਲੰਬਾਈ ਚੌੜਾਈ ਇਕੋ ਸਾਰਿਆਂ ਵਾਸਤੇ ਕਰ ਦਿੱਤੀ। ਪੜ੍ਹਾਈ ਵੀ 10 ਜਮਾਤਾਂ ਕਰ ਦਿਤੀ, ਦੱਸਵੀਂ ਤੋਂ ਘੱਟ ਨਹੀਂ ਲਿਆ ਜਾਂਦਾ। ਮੇਰੀ ਰਿਕੁਐਸਟ ਹੈ ਕਿ ਜਿਹੜੀਆਂ ਪਹਿਲਾਂ ਸ਼ਰਤਾਂ ਸਨ ਗਰੀਬ ਆਦਮੀਆਂ, ਗਰੀਬ ਹਰੀਜਨਾਂ ਦੇ ਬੱਚਿਆਂ ਲਈ ਪੁਲਿਸ ਵਿੱਚ ਭਰਤੀ ਕਰਨ ਲਈ ਉਹੀ ਤੁਸੀਂ ਲਾਗੂ ਕਰੋ ਅਤੇ ਇਨ੍ਹਾਂ ਦੀ ਪਰਸੈਂਟੇਜ ਪੂਰੀ ਕਰੋ। ਨੰਬਰ 1, 2, 3, ਅਤੇ ਚਾਰ ਜਿਥੇ ਪਰਸੈਂਟੇਜ ਘੱਟਦੀ ਹੈ ਉਥੇ ਪਰਸੈਂਟੇਜ ਵਧਾਉਣ ਦਾ ਐਲਾਨ ਕਰਨ। ਮੇਰੇ ਪਾਸ ਇਤਨਾ ਟਾਈਮ ਨਹੀਂ ਕਿ ਮੈਂ ਵਿਸਥਾਰ ਨਾਲ ਦੱਸ ਸਕਾਂ ਲੇਕਿਨ ਮੇਰੀ ਅਰਜ਼ ਹੈ ਕਿ ਪਰਸੈਂਟੇਜ ਪੂਰੀ ਕਰਨ ਦਾ ਸਰਕਾਰ ਦਾ ਫਰਜ਼ ਬਣਦਾ ਹੈ। ਇਥੇ, ਚੇਅਰਮੈਨ ਸਾਹਿਬ, ਮਜ਼ਦੂਰਾਂ ਨਾਲ ਬੇਇਨਸਾਫੀ ਹੋ ਰਹੀ ਹੈ। ਪੁਲਿਸ ਉਨ੍ਹਾਂ ਤੇ ਧੱਕੇਸ਼ਾਹੀ ਕਰਦੀ ਹੈ, ਪੁਲਿਸ ਮਜ਼ਦੂਰਾਂ ਨਾਲ ਜ਼ਿਆਦਤੀਆਂ ਕਰਦੀ ਹੈ। ਸਰਕਾਰ ਪੁਲਿਸ ਵਲ ਵੀ ਕੋਈ ਤਵੱਜੋ ਦੇਵੇ। ਅਸੀਂ ਥਾਣਿਆਂ ਵਿਚ ਗਰੀਬ ਲੋਕਾਂ ਦੀ ਸਿਫਾਰਸ਼ ਲਈ ਜਾਂਦੇ ਹਾਂ, ਮਜ਼ਦੂਰਾਂ ਨੂੰ ਜੇ ਕੋਈ ਫੜ ਲੈਣ ਤਾਂ ਪਹਿਲੀ ਗਲ ਤਾਂ ਉਸ ਦੇ ਲਈ ਕੋਈ ਤੁਰਦਾ ਨਹੀਂ ਛੁਡਾਉਣ ਲਈ ਅਤੇ ਜੇ ਕੋਈ ਜਾਂਦਾ ਹੈ ਉਨ੍ਹਾਂ ਵਾਸਤੇ ਤਾਂ ਉਹ ਦੇਖਦਾ ਹੈ ਕਿ ਜੋ ਮਜ਼ਦੂਰ ਫੜ ਲੈਂਦੇ ਹਨ ਉਨ੍ਹਾਂ ਦੀ ਜੋ ਹਾਲਤ ਕਰਦੇ ਹਨ ਉਹ ਕਹਿਣ ਨੂੰ ਮੈਨੂੰ ਸ਼ੋਭਾ ਨਹੀਂ ਦਿੰਦੀ। ਫਿਰ, ਚੇਅਰਮੈਨ ਸਾਹਿਬ, ਥਾਣਿਆਂ ਵਾਲਿਆਂ ਦਾ ਰਵੱਈਆ ਕੀ ਉਨ੍ਹਾਂ ਪ੍ਰਤੀ ਹੁੰਦਾ ਹੈ। ਪਹਿਲਾਂ ਸੰਤਰੀ ਤੋਂ ਲੈ ਲਓ। ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ ਅਤੇ ਉਸ ਤੋਂ ਬਾਦ ਬੈਠ ਜਾਵਾਂਗਾ। ਸੰਤਰੀ ਨੂੰ ਜਦੋਂ ਉਹ ਮਿਲਦਾ ਹੈ ਤਾਂ ਉਹ ਉਸ ਨੂੰ ਕਹਿੰਦਾ ਹੈ ਕਿ ਲਿਆ ਭਾਈ ਕੀ ਹੈ ਤੇਰੇ ਕੋਲ। ਜੇ ਉਹ ਸੰਤਰੀ ਨੂੰ ਕਹਿੰਦਾ ਹੈ ਕਿ ਮੇਰੇ ਪਾਸ ਕੁਝ ਨਹੀਂ ਤਾਂ ਸੰਤਰੀ ਕਹਿੰਦਾ ਹੈ ਕਿ ਜੇ ਤੇਰੇ ਪਾਸ ਕੁਝ ਨਹੀਂ ਤਾਂ ਲੈਣ ਕੀ ਆਇਆ ਹੈਂ। ਜੇ ਉਹ ਵਿਚਾਰਾ ਕਹਿੰਦਾ ਹੈ ਕਿ ਮੇਰੇ ਪਾਸ ਤਾਂ ਇਹ ਤਿੰਨ ਰੁਪਏ ਹਨ ਤਾਂ ਸੰਤਰੀ ਕਹਿੰਦਾ ਹੈ ਕਿ ਲਿਆ ਤਿੰਨ ਰੁਪਏ ਫਿਰ। ਅਗੇ ਚਲਾ ਗਿਆ ਤਾਂ ਫਿਰ ਮੁਨਸ਼ੀ ਪੁੱਛਦਾ ਹੈ ਕਿ ਲਿਆ ਤੇਰੇ ਕੋਲ ਕੀ ਹੈ ਤਾਂ ਕਹਿੰਦਾ ਹੈ ਕਿ ਮੇਰੇ ਪਾਸ ਤਿੰਨ ਰੁਪਏ ਸੀ ਉਹ ਮੈਂ ਸੰਤਰੀ ਨੂੰ ਦੇ ਦਿੱਤੇ। ਉਸ ਸੰਤਰੀ ਨੂੰ ਫਿਰ ਉਹ ਬਲਾਉਂਦਾ ਹੈ ਕਿ ਤੂੰ ਇਸ ਤੋਂ ਤਿੰਨ ਰੁਪਏ ਲਏ ਹਨ ਅਤੇ ਜੇ ਉਹ ਕਹੇ ਲਏ ਹਨ ਤਾਂ ਫਿਰ ਉਸਨੂੰ ਕਹਿੰਦਾ ਹੈ ਕਿ ਮੰਗਾ ਫਿਰ ਤਿੰਨ ਗਲਾਸ ਲੱਸੀ। ਲੱਸੀ ਪੀ ਕੇ ਬਾਅਦ ਵਿੱਚ ਜਦੋਂ ਚੋਰੀ ਦੀ ਰਪਟ ਉਹ ਲਿਖਾਉਣ ਲਗਦਾ ਹੈ ਤਾਂ ਉਸਨੂੰ ਕਹਿੰਦੇ ਹਨ ਕਿ ਇਹ ਇਸ ਤਰ੍ਹਾਂ ਨਹੀਂ ਹੋਣੀ। ਜਿੰਨਾ ਚਿਰ ਕੁਝ ਨਹੀਂ ਦਿੰਦਾ ਉਤਨਾ ਚਿਰ ਨਹੀਂ ਹੋਣਾ।

Original with;
Punjab Vidhan Sabha
Digitized by
Panjab Digital Library

ਉਹ ਵਿਚਾਰਾ ਕਹਿੰਦਾ ਹੈ ਕਿ ਮੈਂ ਭਾਂਡੇ ਟੀਂਡੇ ਆਪਣੇ ਗਹਿਣੇ ਕਰ ਦਿੰਦਾ ਹਾਂ। ਉਹ ਕਹਿੰਦੇ ਹਨ ਕਿ ਭਾਵੇਂ ਗਹਿਣੇ ਕਰ ਜਾਂ ਜੋ ਮਰਜ਼ੀ ਕਰ ਇਹ ਰਪਟ ਇਸ ਤਰ੍ਹਾਂ ਨਹੀਂ ਦਰਜ ਹੋਣੀ। ਜੇ ਉਹ ਗਹਿਣੇ ਰੱਖ ਕੇ ਕੋਈ ਚੀਜ਼ ਰਪਟ ਦਰਜ ਕਰਾਉਂਦਾ ਹੈ ਤਾਂ ਫਿਰ ਉਸਨੂੰ ਕਹਿੰਦੇ ਹਨ ਕਿ ਸਾਡੇ ਤਫਤੀਸ਼ੀਏ ਨੂੰ 100 ਰੁਪਏ ਦਿਓ। ਉਹ ਫਿਰ ਕਹਿੰਦਾ ਹੈ ਕਿ ਇਕ ਰਪਟ ਹੋਰ ਲਿਖ ਲਓ। ਕਹਿੰਦੇ ਕੀ ? ਉਹ ਕਹਿੰਦਾ ਹੈ ਕਿ ਜਿਹੜਾ ਪਤੀਲਾ, ਪਰਾਂਤ ਮੇਰੇ ਕੋਲ ਸੀ ਉਹ ਚੋਰੀ ਜਿਹੜੀ ਹੋ ਗਈ ਜਿਹੜਾ ਮੈਂ ਤੁਹਾਨੂੰ ਲਿਆ ਕੇ ਦੇ ਦਿਤਾ ਹੈ ਮੁੜ ਕੇ ਲੈ ਨਹੀਂ ਸਕਣਾ ਉਸ ਚੋਰੀ ਦੀ ਵੀ ਰਪਟ ਲਿਖ ਲਓ। ਅੱਜ ਪੁਲਿਸ ਦਾ ਇਹ ਰਵੱਈਆ ਹੈ। (ਘੰਟੀ) ਅੱਜ ਇਥੇ ਸਾਡੇ ਇਧਰ ਬੈਠੇ ਭਰਾ ਕਹਿੰਦੇ ਹਨ ਕਿ ਪੁਲਿਸ ਠੀਕ ਹੈ। ਜਦੋਂ ਅਕਾਲੀ ਭਰਾਵਾਂ ਦੀ ਸਰਕਾਰ ਆਈ ਸੀ ਤਾਂ ਉਦੋਂ ਵੀ ਕਹਿੰਦੇ ਸੀ ਪੁਲਿਸ ਠੀਕ ਹੈ। ਐ ਚੌਧਰੀ ਜਗਜੀਤ ਸਿੰਘ ਜੀ ਬੈਠੇ ਹਨ ਅਤੇ ਯਸ਼ ਜੀ ਹਨ ਇਨ੍ਹਾਂ ਨੂੰ ਪੁੱਛ ਲਓ। ਇਹ ਕਹਿ ਦੇਣ ਪੁਲਿਸ ਠੀਕ ਹੈ। (ਘੰਟੀ) ਉਨ੍ਹਾਂ ਦੀ ਸਰਕਾਰ ਵੇਲੇ ਇਨ੍ਹਾਂ ਦੇ ਗਿੱਟੇ ਭੰਨੇ ਗਏ ਅਤੇ ਤਸੱਲੀ ਦਿੱਤੇ ਗਏ ਤਾਂ ਇਨ੍ਹਾਂ ਦੀ ਹੁਣ ਸਰਕਾਰ ਵੇਲੇ ਇਹ ਕਿਸੇ ਹੋਰ ਦੇ ਭੰਨਣਗੇ। (ਘੰਟੀ) ਸੋ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਸ਼੍ਰੀ ਰਤਨ ਲਾਲ (ਗੁਰਦਾਸਪੁਰ) : ਚੇਅਰਮੈਨ ਸਾਹਿਬ, ਅੱਜ ਹਰੀਜਨਾਂ ਦੀ ਫੇਵਰ ਵਿਚ ਬੋਲਣਾ ਹਰ ਇਕ ਪੌਲਿਟੀਕਲ ਪਾਰਟੀ ਦਾ ਇਕ ਆਮ ਫੈਸ਼ਨ ਬਣ ਗਿਆ ਹੈ। ਜਿਸ ਵੇਲੇ ਮਹਾਤਮਾ ਗਾਂਧੀ ਜੀ ਦੀ ਸਰਪ੍ਰਸਤੀ ਵਿਚ ਜੰਗੇ ਆਜ਼ਾਦੀ ਦੀ ਮੂਵਮੈਂਟ ਚਲ ਰਹੀ ਸੀ ਉਸ ਵੇਲੇ ਕਾਂਗਰਸ ਪਾਰਟੀ ਹਰ ਸਾਲ ਇਕ ਵੱਡੀ ਕਾਨਫਰੰਸ ਕਰਦੀ ਹੁੰਦੀ ਸੀ। ਅਤੇ ਅਜ਼ਾਦੀ ਹਾਸਲ ਕਰਨ ਲਈ, ਅਜ਼ਾਦੀ ਦੇ ਬਾਅਦ ਮੁਲਕ ਦੀ ਉਸਾਰੀ ਲਈ ਵੱਖ 2 ਪ੍ਰਾਂਤਾਂ ਵਿੱਚ ਕਾਂਗਰਸ ਪਾਰਟੀ ਆਜ਼ਾਦੀ ਤੋਂ ਪਹਿਲਾਂ ਇਨ੍ਹਾਂ ਹਰੀਜਨ ਭਰਾਵਾਂ ਵਾਸਤੇ, ਪੱਛੜੇ ਲੋਕਾਂ ਵਾਸਤੇ ਮੁਲਕ ਦੀ ਆਜ਼ਾਦੀ ਵਾਸਤੇ ਰੈਜ਼ੋਲਿਊਸ਼ਨ ਪਾਸ ਕਰਦੀ ਸੀ।

ਸਰਦਾਰ ਸ਼ਮਸ਼ੇਰ ਸਿੰਘ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਰਤਨ ਲਾਲ : ਮਹਾਤਮਾ ਗਾਂਧੀ ਜੀ ਨੇ ਕਾਂਗਰਸ ਦੀ ਛੱਤਰ ਛਾਇਆ ਵਿੱਚ ਰੈਜ਼ੋਲਿਊਸ਼ਨ ਪਾਸ ਕਰਵਾਏ।

ਚੌਧਰੀ ਜਗਜੀਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜੇ ਤਾਂ ਵੀ ਕੋਈ ਦੂਸਰੇ ਨਹੀਂ ਸੀ, ਹਰੀਜਨ ਸਭ ਤੋਂ ਪਹਿਲੇ ਆਏ ਸੀ।

ਸ਼੍ਰੀ ਰਤਨ ਲਾਲ : ਸੋ, ਚੇਅਰਮੈਨ ਸਾਹਿਬ, ਮਹਾਤਮਾ ਗਾਂਧੀ ਜੀ ਨੇ ਰੈਜ਼ੋਲਿਊਸ਼ਨ ਪਾਸ ਕੀਤੇ ਕਿ ਅਜ਼ਾਦੀ ਮਿਲਣ ਤੋਂ ਬਾਅਦ ਅਸੀਂ ਆਪਣੇ ਮੁਲਕ ਨੂੰ ਕਿਸ ਤਰ੍ਹਾਂ ਬਣਾਉਣਾ ਹੈ। ਪਹਿਲਾਂ ਪ੍ਰੋਗਰਾਮ ਉਨ੍ਹਾਂ ਨੇ ਸੋਸ਼ਲਿਜ਼ਮ ਦਾ ਰਖਿਆ। ਅੱਜ ਗਾਂਧੀ ਜੀ ਦੀ ਆਸ਼ੀਰਵਾਦ ਦੇ ਨਾਲ ਕਾਂਗਰਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਤਨ ਲਾਲ]

ਪਾਰਟੀ ਨੇ ਹਕੂਮਤ ਸੰਭਾਲੀ ਔਰ ਇਨ੍ਹਾਂ ਹਰੀਜਨਾਂ ਭਰਾਵਾਂ ਨੂੰ 25% ਰਿਜ਼ਰਵੇਸ਼ਨ ਦਿਤੀ ਔਰ ਇਹ ਕਾਂਗਰਸ ਪਾਰਟੀ ਦੀ ਬਦੌਲਤ, 29 ਮਾਨਯੋਗ ਮੈਂਬਰ ਅਸੈਂਬਲੀ ਵਿੱਚ ਹਰੀਜਨ ਬੈਠੇ ਹਨ। ਇਹ ਇਕ ਫੈਸ਼ਨ ਜਿਹਾ ਬਣ ਗਿਆ ਹੈ ਕਿ ਹਰੀਜਨ ਦੀ ਫੇਵਰ ਦੀ ਗਲ ਕੀਤੀ ਜਾਵੇ। ਜਿਨ੍ਹਾਂ ਪਾਰਟੀਆਂ ਦੀ ਪਾਲਿਸੀ ਹਰੀਜਨਾਂ ਦੇ ਖਿਲਾਫ ਹੁੰਦੀ ਹੈ ਔਰ ਉਹ ਉਨ੍ਹਾਂ ਨੂੰ ਤੰਗ ਕਰਦੇ ਹਨ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਬਾਰ ਬਾਰ ਹਰੀਜਨਾਂ ਦਾ ਲਫਜ਼ ਵਰਤੀ ਜਾਂਦੇ ਹਨ । ਕਮੇਟੀ ਵਿਚ ਫੈਸਲਾ ਹੋਇਆ ਹੈ ਕਿ ਹਰੀਜਨਾਂ ਨਹੀਂ ਕਹਿਣਾ ਸ਼ਡਿਊਲਡ ਕਾਸਟ ਕਹਿਣਾ ਹੈ, ਹਰੀਜਨ ਕੋਈ ਕਾਸਟ ਨਹੀਂ ।

ਸ਼੍ਰੀ ਰਤਨ ਲਾਲ : ਅੱਛਾ ਜੀ ਮੈਂ ਸ਼ਡਿਊਲਡ ਕਾਸਟ ਕਹਿ ਦਿਆਂਗਾ। ਚੇਅਰਮੈਨ ਸਾਹਿਬ, ਸ਼ਡਿਊਲਡ ਕਾਸਟਸ ਬਰਾਦਰੀ ਨੂੰ ਉਪਰ ਚੁੱਕਣ ਵਾਸਤੇ ਕਿਸੇ ਦਾ ਮਨ ਨਹੀਂ ਸੀ ਕਰਦਾ । ਕਾਂਗਰਸ ਨੇ ਇਨ੍ਹਾਂ ਨੂੰ ਉਪਰ ਚੁੱਕਿਆ ਅਤੇ ਹਰ ਕਿਸਮ ਦੀਆਂ ਸਹੂਲਤਾਂ ਦਿੱਤੀਆਂ। ਮੈਂ ਇਕ ਮਿਸਾਲ ਦਿੰਦਾ ਹਾਂ ਜਦੋਂ 1952 ਵਿਚ ਇਲੈਕਸ਼ਨਾਂ ਹੋਈਆਂ ਅਤੇ ਅਸੀਂ ਪਿੰਡਾਂ ਵਿਚ ਜਾਂਦੇ ਸੀ ਤਾਂ ਇਹ ਹਰੀਜਨ ਭਰਾ ਕਹਿੰਦੇ ਸਨ ਕਿ ਵੋਟਾਂ ਅਸੀਂ ਤੁਹਾਨੂੰ ਪਾਉਣੀਆਂ ਹਨ। ਪਰ ਇਹ ਜਾਗੀਰਦਾਰ ਸਾਨੂੰ ਤੰਗ ਕਰਦੇ ਹਨ। ਇਸ ਲਈ ਅਸੀਂ ਬਾਹਰ ਨਹੀਂ ਆ ਸਕਦੇ, ਸਾਨੂੰ ਇਨ੍ਹਾਂ ਤੋਂ ਡਰ ਲਗਦਾ ਹੈ। ਉਸਦੇ ਬਾਅਦ ਮੈਂ ਤੁਹਾਨੂੰ ਆਪਣੇ ਇਲੈਕਸ਼ਨ ਦੀ ਗਲ ਕਰਦਾ ਹਾਂ। ਜਦੋਂ ਮੈਂ ਇਨ੍ਹਾਂ ਦੇ ਕੋਲ ਵੋਟਾਂ ਲਈ ਗਿਆ ਤਾਂ ਇਹ ਹਰੀਜਨ ਸਾਡੇ ਮੁਦੱਈ ਬਣੇ ਹੋਏ ਸੀ, ਇਹ 1952 ਤੋਂ 1980 ਤਕ ਚਲਿਆ ਮੈਂ ਦੱਸਦਾ ਹਾਂ ਕਿ ਬਹੁਤ ਸਾਰੇ ਹਰੀਜਨ ਅਫਸਰਾਂ ਦਾ ਵਿਵਹਾਰ ਸਵਰਨ ਜਾਤੀ ਵਾਲਿਆਂ ਨਾਲੋਂ ਅੱਛਾ ਹੈ। ਇਹ ਲਾਇਕ ਹਨ, ਅੱਛਾ ਕੰਮ ਕਰਦੇ ਹਨ --

'ਯੇਹ ਵਤਨ ਮੇਰੀ ਤੇਰੀ ਨਸਲ ਕੀ ਜਾਗੀਰ ਨਹੀਂ,
ਸੈਂਕੜੋਂ ਨਸਲੋਂ ਕੀ ਮਿਹਨਤ ਨੇ ਸੰਵਾਰਾ ਹੈ ਇਸੇ'

ਅੱਜ ਅਕਾਲੀ ਕਹਿੰਦੇ ਹਨ ਕਿ ਪੰਜਾਬੀ ਬੋਲਦੇ ਜਿਹੜੇ ਇਲਾਕੇ ਹਨ ਉਨ੍ਹਾਂ ਬਾਰੇ ਵਿਤਕਰਾ ਹੋਇਆ ਹੈ, ਪਰ ਉਹ ਹਰੀਜਨਾਂ ਨਾਲ ਜਿਹੜੇ ਵਿਤਕਰੇ ਹੋਏ ਹਨ ਉਨ੍ਹਾਂ ਬਾਰੇ ਕੋਈ ਗੱਲ ਨਹੀਂ ਕਰਦੇ। ਇਕ ਚੇਅਰਮੈਨ ਸਾਹਿਬ, ਰਿਵਾਜ ਚਲ ਪਿਆ ਹੈ ਸ਼ਹਿਰੀ M.L.A. ਸ਼ਹਿਰੀਆਂ ਦੀ ਫੇਵਰ ਕਰਦੇ ਹਨ, ਪੇਂਡੂ M.L.A. ਪਿੰਡਾਂ ਦੀ ਫੇਵਰ ਕਰਦੇ ਹਨ, ਕੋਈ ਕਿਸਾਨ ਮਜ਼ਦੂਰ ਦੀ ਕਰਦਾ ਹੈ ਕੋਈ ਸ਼ਡਿਊਲਡ ਕਾਸਟਸ ਦੀ ਗਲ ਕਰਦਾ ਹੈ ਪਰ ਇਹ ਇਕ ਕਾਂਗਰਸ ਪਾਰਟੀ ਹੈ ਜਿਹੜੀ ਕਿ ਸਾਰਿਆਂ ਦੀ ਸਾਂਝੀ ਗਲ ਕਰਦੀ ਹੈ ਔਰ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਦੀ ਹੈ। ਕਾਂਗਰਸ ਨੇ ਇਸ ਦੇਸ਼ ਨੂੰ ਆਜ਼ਾਦੀ ਲਿਆ ਕੇ ਦਿਤੀ।

ਪ੍ਰੋਫੈਸਰ ਬਲਵੰਤ ਸਿੰਘ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਬੜੇ ਇੰਪਾਰਟੈਂਟ ਇਸ਼ੂ ਤੇ ਬਹਿਸ ਹੋ ਰਹੀ ਹੈ, ਡਾਊਨ ਟਰਾਡਨ ਦੇ ਬਾਰੇ ਗੱਲ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਇਕੋ ਚੇਅਰਮੈਨ ਹੈ, ਕੀ ਇਹ ਵਧਾ ਦਿਓਗੇ ?

ਸ਼੍ਰੀ ਸਭਾਪਤੀ : ਅਗਲੇ ਸੈਸ਼ਨ ਵਿਚ ਵਧਾ ਦਿਆਂਗੇ।

ਸ਼੍ਰੀ ਰਤਨ ਲਾਲ: ਚੇਅਰਮੈਨ ਸਾਹਿਬ, ਕਾਂਗਰਸ ਨੇ ਹਰੀਜਨਾਂ ਦੀ ਵੈਲਫੇਅਰ ਵਾਸਤੇ ਬਹੁਤ ਕੁਝ ਕੀਤਾ ਹੈ। ਪਰ ਦੂਸਰੇ ਸੈਕਸ਼ਨ ਨੂੰ ਵੀ ਇਗਨੋਰ ਨਹੀਂ ਕੀਤਾ । ਇਨ੍ਹਾਂ ਨੇ ਬੁਢਾਪਾ ਪੈਨਸ਼ਨ

Original with;
Punjab Vidhan Sabha
Digitized by
Panjab Digital Library

ਦਿੱਤੀ ਹੈ, ਅੰਗਹੀਣਾਂ ਨੂੰ ਸਹਾਇਤਾ ਦਿੱਤੀ ਹੈ, ਵਿਦਿਆਰਥੀਆਂ ਲਈ ਵਜ਼ੀਫੇ ਦਿੱਤੇ ਹਨ, ਛੋਟੇ ਹਰੀਜਨਾਂ ਨੂੰ ਕਿਤਾਬਾਂ ਮੁਫਤ ਦਿੱਤੀਆਂ ਹਨ, ਅਤੇ ਕਰਜ਼ਿਆਂ ਦੀ ਗਰੰਟੀ ਦਿਤੀ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਕਾਂਗਰਸ ਨੇ ਹਰੀਜਨਾਂ ਦੀ ਹਿੰਦੁਸਤਾਨ ਵਿਚ ਕਾਫੀ ਸੇਵਾ ਕੀਤੀ ਹੈ ਔਰ ਕਰਦੀ ਰਹੇਗੀ, ਮੇਰੀ ਇਕ ਤਜਵੀਜ਼ ਹੈ ਔਰ ਇਹ ਹੈ ਕਿ ਇਕ ਹਰੀਜਨ ਨੂੰ ਪੰਜ ਸਾਲ ਰਿਆਇਤ ਦਿਤੀ ਜਾਣੀ ਚਾਹੀਦੀ ਹੈ। ਇਹ ਜਿਹੜਾ 25% ਕੋਟਾ ਹੈ, ਇਕ ਪਲਾਨ ਵਿਚ ਸੋ ਵਿਚੋਂ ਪੱਚੀਆਂ ਨੂੰ ਦਿਤਾ ਜਾਏ ਅਤੇ ਅਗਲੇ ਪਲਾਨ ਵਿਚ ਉਹ 25% ਕੋਟਾ ਬਾਕੀ 75 ਵਿਚ ਵੰਡਿਆ ਜਾਏ ਅਤੇ ਅਗਲੇ ਪਲਾਨ ਵਿਚ ਉਹ ਬਾਕੀ ਦੇ 50% ਵਿਚ ਵੰਡਿਆ ਜਾਏ ਅਤੇ ਉਸ ਤੋਂ ਅਗਲੇ ਪਲਾਨ ਵਿਚ ਸਾਰੇ ਹੀ ਕਵਰ ਹੋ ਜਾਣਗੇ ਅਤੇ ਸਾਰੇ ਹੀ ਹਰੀਜਨ ਨਿਹਾਲ ਹੋ ਜਾਣਗੇ। ਇਕ ਹੋਰ ਗੱਲ ਇਹ ਹੈ ਕਿ ਹਰੀਜਨਾਂ ਵਿਚ ਮਨਾਪਲੀ ਬਣ ਗਈ ਹੈ। ਕੁਝ ਜਿਹੜੇ ਵੱਡੇ ਹੋ ਗਏ ਹਨ ਉਹ ਹੀ ਸਾਰੀਆਂ ਰਿਆਇਤਾਂ ਲਈ ਜਾਂਦੇ ਹਨ। ਮਹਾਤਮਾ ਗਾਂਧੀ ਦਾ ਕਿਸੇ ਖਾਸ ਹਰੀਜਨ ਵਾਸਤੇ ਨਹੀਂ ਬਲਕਿ ਸਾਰੀ ਕਮਿਊਨਿਟੀ ਵਾਸਤੇ ਸੇਵਾ ਭਾਵ ਸੀ। ਜਿਹੜਾ ਕੋਈ 5 ਸਾਲ ਐਮ. ਐਲ. ਏ. ਐਮ. ਪੀ. ਜਾਂ ਕੋਈ ਅਫਸਰ ਰਹਿ ਜਾਏ ਉਨ੍ਹਾਂ ਕੋਲੋਂ ਉਹ ਹਰੀਜਨਾਂ ਵਾਲੀਆਂ ਰਿਆਇਤਾਂ ਖੋਹ ਲੈਣੀਆਂ ਚਾਹੀਦੀਆਂ ਹਨ। ਕੋਟਾ ਕਾਇਮ ਰਹਿਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਮੈਂ ਪਹਿਲੋਂ ਦਸਿਆ ਹੈ ਕਿ ਉਹ ਬਾਕੀਆਂ ਵਿਚ ਵੰਡਿਆ ਜਾਣਾ ਚਾਹੀਦਾ ਹੈ।

ਕਾਮਰੇਡ ਬੂਟਾ ਸਿੰਘ: ਚੇਅਰਮੈਨ ਸਾਹਿਬ, ਦੂਸਰੀ ਰਿਪੋਰਟ ਤੇ ਕਦੋਂ ਬਹਿਸ ਹੋਣੀ ਹੈ ?

ਸ਼੍ਰੀ ਸਭਾਪਤੀ: ਦੋਨੋਂ ਇਕੱਠੀਆਂ ਚਲ ਰਹੀਆਂ ਹਨ ਜਿਸ ਤੇ ਮਰਜ਼ੀ ਬੋਲ ਲਵੋ।

ਕਾਮਰੇਡ ਦਰਸ਼ਨ ਸਿੰਘ ਬਬਾਲ (ਅਟਾਰੀ, ਐਸ. ਸੀ): ਚੇਅਰਮੈਨ ਸਾਹਿਬ, ਅੱਜ ਸ਼ਡਿਊਲਡ ਕਾਸਟ ਰਿਪੋਰਟ ਤੇ ਬਹਿਸ ਹੋ ਰਹੀ ਹੈ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ 1978-79 ਦੀ ਰਿਪੋਰਟ ਹੈ, ਇਹ ਬਹੁਤ ਪਛੜੀ ਹੋਈ ਹੈ। ਇਸ ਤੋਂ ਬਾਅਦ ਦੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿਹੜੀਆਂ ਕਿ ਇਸ ਵਿਚ ਨਹੀਂ ਆਈਆਂ। ਮਿਸਾਲ ਦੇ ਤੌਰ ਤੇ ਬਿਹਾਰ ਵਿਚ 13,14 ਸ਼ਡਿਊਲਡ ਕਾਸਟਸ ਸਾੜ ਦਿਤੇ, ਇਸੇ ਤਰ੍ਹਾਂ ਤ੍ਰਿਪੁਰਾ ਵਿਚ ਹੋਇਆ ਅਤੇ ਇਸੇ ਤਰ੍ਹਾਂ ਪ੍ਰਾਈਮ ਮਨਿਸਟਰ ਦੇ ਆਪਣੇ ਹਲਕੇ ਵਿਚ ਹੋ ਰਿਹਾ ਹੈ ਅਤੇ ਅਖਬਾਰਾਂ ਵਿਚ ਰੋਜ਼ ਖਬਰਾਂ ਆਉਂਦੀਆਂ ਹਨ ਕਿ ਕਿਸ ਤਰ੍ਹਾਂ ਸ਼ਡਿਊਲਡ ਕਾਸਟਸ ਨੂੰ ਮਾਰ ਦਿਤਾ ਜਾਂਦਾ ਹੈ। ਮੈਂ ਇਧਰ ਜ਼ਿਆਦਾ ਨਾ ਜਾਂਦਾ ਹੋਇਆ ਆਪਣੀ ਸਟੇਟ ਵਲ ਆਉਂਦਾ ਹਾਂ। ਚੇਅਰਮੈਨ ਸਾਹਿਬ ਆਬਾਦੀ ਦਾ ਤੀਜਾ ਹਿਸਾ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਯਾਨੀ 80, 85% ਖੇਤੀ ਨਾਲ ਸਬੰਧ ਰਖਦੇ ਹਨ। ਪਿਛਲੇ ਦਿਨਾਂ ਵਿਚ ਜਿਹੜੇ ਇਲੈਕਸ਼ਨਜ਼ ਹੋਏ ਕਾਂਗਰਸ ਨੇ ਪਹਿਲਾਂ ਜ਼ਮੀਨ ਦਾ ਨਾਅਰਾ ਲਾਇਆ ਅਤੇ ਕਿਹਾ ਕਿ ਅਸੀਂ ਇਨ੍ਹਾਂ ਨੂੰ ਜ਼ਮੀਨਾ ਦੇਣੀਆਂ ਹਨ। ਜਿਹੜੀਆਂ ਦਿਤੀਆਂ ਹਨ ਇਸ ਗਲ ਤੋਂ ਸਾਫ਼ ਜ਼ਾਹਿਰ ਹੈ ਕਿ ਜਾਗੀਰਦਾਰੀ ਸਿਸਟਮ ਕਾਇਮ ਹੈ। ਇਸ ਦਾ ਮਤਲਬ ਹੈ ਕਿ ਕਿਸੇ ਨੂੰ ਕੋਈ ਜ਼ਮੀਨ ਨਹੀਂ ਦਿਤੀ। ਇਹ ਜਿਹੜੀ ਰਿਪੋਰਟ ਹੈ ਇਸ ਦੇ ਸਫ਼ਾ 108 ਤੇ ਦਸਿਆ ਹੈ ਕਿ 79 ਟੱਬਰਾਂ ਨੂੰ 213 ਏਕੜ ਜ਼ਮੀਨ ਅਲਾਟ ਕੀਤੀ ਹੈ ਅਤੇ ਨਜ਼ੂਲ ਲੈਂਡ 44 ਟੱਬਰਾਂ ਵਿਚ 113 ਏਕੜ ਅਲਾਟ ਕੀਤੀ ਹੈ। ਇਸ ਰਿਪੋਰਟ ਵਿਚ ਹਰ ਇਕ ਚੀਜ਼ ਦਰਜ ਹੈ। ਇਸ ਰਿਪੋਰਟ ਦਾ ਮਕਸਦ ਇਹ ਹੈ ਕਿ ਜਿਹੜੀਆਂ ਰਿਆਇਤਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਦਿਤੀਆਂ ਗਈਆਂ ਹਨ ਉਨ੍ਹਾਂ ਤੇ ਅਮਲ ਕਰਾਉਣਾ ਹੈ। ਨਿਕਾਸੀ ਜ਼ਮੀਨ ਬਾਰੇ ਮੇਰੇ ਤੋਂ ਪਹਿਲਾਂ ਇਕ ਸਾਥੀ ਨੇ ਦਸਿਆ ਹੈ। ਨਿਕਾਸੀ ਜ਼ਮੀਨ ਜਿਹੜੀ ਗਰੀਬ ਲੋਕਾਂ ਨੇ ਆਬਾਦ ਕੀਤੀ ਸੀ ਉਸ ਦੀਆਂ ਬੋਲੀਆਂ ਕੀਤੀਆਂ ਗਈਆਂ ਅਤੇ ਉਹ ਲੋਕ ਉਜਾੜੇ ਗਏ। ਪਿਛਲੀ ਸਰਕਾਰ ਨੇ ਚੰਗਾ ਕੀਤਾ ਸੀ ਜਿਹੜੇ ਆਬਾਦਕਾਰ ਸਨ ਉਨ੍ਹਾਂ ਨੂੰ ਕਬਜ਼ੇ ਦਿਤੇ ਗਏ ਸਨ।

ਇਕ ਉਜਰਤਾਂ ਬਾਰੇ ਕਾਫ਼ੀ ਕੁਝ ਕਿਹਾ ਗਿਆ ਹੈ। ਮਸ਼ੀਨੀ ਯੁੱਗ ਹੈ ਬੇਰੋਜ਼ਗਾਰੀ ਬਹੁਤ ਵੱਧੀ ਹੋਈ ਹੈ। ਇਨ੍ਹਾਂ ਨੇ ਕਿਹਾ ਹੈ ਕਿ 14 ਰੁਪਏ ਦਿਹਾੜੀ ਕਰ ਦਿਤੀ ਹੈ। ਠੀਕ ਹੈ ਪਰ ਇਸ ਨੂੰ ਲਾਗੂ ਕਰਾਉਣ ਲਈ ਕੋਈ ਮਸ਼ੀਨਰੀ ਨਹੀਂ ਹੈ। ਜਿਹੜੇ ਆਪਣੇ ਕਰਮਚਾਰੀ ਹਨ ਉਹ ਨਹਿਰਾਂ ਤੇ ਕੰਮ ਕਰਨ ਵਾਲਿਆਂ ਨੂੰ ਉਹੀ 6, 7 ਰੁਪਏ ਦਿਹਾੜੀ ਦੇ ਰਹੇ ਹਨ। ਇਸ ਤੋਂ ਇਲਾਵਾ ਜਿਨ੍ਹਾਂ ਦੇ ਅੱਗੇ ਹਥ ਕੱਟੇ ਜਾਂਦੇ ਸੀ ਉਨ੍ਹਾਂ ਨੂੰ ਸਹਾਇਤਾ ਦਿਤੀ ਜਾਂਦੀ ਸੀ ਪੈਨਸ਼ਨ ਦਿਤੀ ਜਾਂਦੀ ਸੀ, ਪਰ ਹੁਣ ਉਹ ਬੰਦ ਕਰ ਦਿਤੀ ਹੈ ਭਾਵੇਂ ਸੁਪਰੀਮ ਕੋਰਟ ਵਿਚ ਗਲ ਚਲ ਰਹੀ ਹੈ। ਮੈਂ ਦਸਦਾ ਹਾਂ ਕਿ ਹਾਦਸਿਆਂ ਵਿਚ ਮੌਤਾਂ ਹੋ ਜਾਂਦੀਆਂ ਹਨ, ਹੱਥ ਕਟੇ ਜਾਂਦੇ ਹਨ, ਉਨ੍ਹਾਂ ਨੂੰ ਪੈਨਸ਼ਨਾਂ ਅਤੇ ਕੰਪਨਸੇਸ਼ਨਜ਼ ਦੇਣੇ ਚਾਹੀਦੇ ਹਨ।

ਹੁਣ ਵਿਦਿਆ ਬਾਰੇ ਅਰਜ਼ ਕਰਦਾ ਹਾਂ। ਸ਼ਡਿਊਲਡ ਕਾਸਟਸ ਨੂੰ ਹਾਇਰ ਐਜੂਕੇਸ਼ਨ ਵਾਸਤੇ ਜਿਹੜਾ ਸਟੱਡੀ ਲੋਨ ਲੈਣਾ ਪੈਂਦਾ ਹੈ ਉਸ ਦੇ ਵਿਚ ਬੜੀ ਮੁਸ਼ਕਲ ਆਉਂਦੀ ਹੈ। ਦੂਸਰੇ ਅੱਜ ਜਿਹੜੇ ਛੋਟੇ ਦਰਜੇ ਦੇ ਮੁਲਾਜ਼ਮ ਹਨ ਉਨ੍ਹਾਂ ਨੂੰ ਇਕ ਸਰਟੀਫਿਕੇਟ ਦੇਣਾ ਪੈਂਦਾ ਹੈ ਉਨ੍ਹਾਂ ਨੂੰ ਕੋਈ ਰਿਆਇਤ ਨਹੀਂ ਦਿਤੀ ਜਾਂਦੀ; ਇਹ ਕਹਿ ਕੇ ਕਿ ਤੇਰੀ ਤਨਖਾਹ ਜ਼ਿਆਦਾ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਇਸ ਵਿਚ ਲਿਆਉਣਾ ਚਾਹੀਦਾ ਹੈ। ਇਕ ਹੋਰ ਗੱਲ ਹੈ ਜੇ ਕਰ ਕੋਈ ਐਮ. ਐਲ. ਏ. ਉਨ੍ਹਾਂ ਨੂੰ ਸਰਟੀਫਿਕੇਟ ਦਿੰਦਾ ਹੈ ਤਾਂ ਉਹ ਨਹੀਂ ਮੰਨਿਆ ਜਾਂਦਾ ਅਤੇ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਤਹਿਸੀਲਦਾਰ, ਬੀ. ਡੀ. ਓ. ਜਾਂ ਐਸ. ਡੀ. ਐਮ. ਤੋਂ ਲੈ ਕੇ ਆਵੇ। ਸਾਡਾ ਦਿਤਾ ਸਰਟੀਫਿਕੇਟ ਮੰਨਿਆ ਜਾਣਾ ਚਾਹੀਦਾ ਹੈ। ਇਕ ਜਿਹੜੇ ਪੌਣੇ ਤਿੰਨ ਲੱਖ ਪਲਾਟ ਦੇਣ ਬਾਰੇ ਪ੍ਰਾਈਮ ਮਨਿਸਟਰ ਨੇ ਇਲਾਨ ਕੀਤਾ ਸੀ ਉਹ ਕਿਤੇ ਨਹੀਂ ਦਿਤੇ ਗਏ ਔਰ ਜੇ ਕਿਤੇ ਥੋੜ੍ਹੇ ਬਹੁਤ ਦਿਤੇ ਹਨ ਤਾਂ ਉਹ ਆਬਾਦੀ ਤੋਂ ਬਹੁਤ ਦੂਰ ਦਿਤੇ ਹਨ।

ਮੇਰਾ ਸੁਝਾਓ ਹੈ ਕਿ ਉਹ ਨੇੜੇ ਤੋਂ ਨੇੜੇ ਦੇਣੇ ਚਾਹੀਦੇ ਹਨ। ਇਹ ਚੇਅਰਮੈਨ ਸਾਹਿਬ, ਫੜ੍ਹਾਂ ਮਾਰਦੇ ਹਨ ਕਿ ਅਸੀਂ ਦਸ ਹਜ਼ਾਰ ਮਕਾਨ ਬਣਾ ਕੇ ਦੇਣੇ ਹਨ ਪਰ ਮੈਂ ਇਹ ਕਹਿੰਦਾ ਹਾਂ ਕਿ ਇਸ ਸਪੀਡ ਨਾਲ ਇਹ ਕਿਤਨੇ ਸਾਲ ਮਕਾਨ ਬਨਾਉਣ ਵਲ ਲੱਗੇ ਰਹਿਣਗੇ। ਇਸ ਤਰ੍ਹਾਂ ਤਾਂ ਇਹ ਮਕਾਨਾਂ ਦਾ ਮਸਲਾ ਹੱਲ ਨਹੀਂ ਹੋਣਾ। ਵਿਦਿਆ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੱਚਿਆਂ ਨੂੰ ਕਿਤਾਬਾਂ ਮੁਫਤ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਕਿਤਾਬਾਂ ਮੁਫਤ ਮਿਲਣ ਤਾਂਕਿ ਉਹ ਚੰਗੀ ਪੜ੍ਹਾਈ ਕਰ ਸਕਣ। ਗਰੀਬਾਂ ਦੇ ਬੱਚੇ ਤਾਂ ਵਿਚਾਰੇ ਕਿਤਾਬਾਂ ਦੁਖੋਂ ਪੜ੍ਹ ਨਹੀਂ ਸਕਦੇ, ਇਸ ਲਈ ਗਰੀਬਾਂ ਲਈ ਕਿਤਾਬਾਂ ਮੁਫਤ ਹੋਣ। ਚੇਅਰਮੈਨ ਸਾਹਿਬ, ਦੂਲੋ ਸਾਹਿਬ ਨੇ ਵੀ ਦੱਸਿਆ ਹੈ ਔਰ ਮੈਂ ਵੀ ਰਿਜ਼ਰਵੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ। ਮੈਂ ਇਹ ਕਹਿੰਦਾ ਹਾਂ ਕਿ ਰਿਜ਼ਰਵੇਸ਼ਨ ਪੂਰੀ ਨਹੀਂ ਹੋ ਰਹੀ, ਸ਼ਡਿਊਲਡ ਕਾਸਟਸ ਦਾ ਪੂਰਾ ਕੋਟਾ ਨਹੀਂ ਹੈ।

ਸ਼੍ਰੀ ਸੇਵਾ ਰਾਮ : ** **

ਸ਼੍ਰੀ ਸਭਾਪਤੀ: ਇਹ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ** **

ਸ਼੍ਰੀ ਸਭਾਪਤੀ: ਇਹ ਪੁਆਇੰਟ ਆਫ ਆਰਡਰ ਨਹੀਂ ਹੈ ।

ਕਾਮਰੇਡ ਦਰਸ਼ਨ ਸਿੰਘ ਝਬਾਲ: ਚੇਅਰਮੈਨ ਸਾਹਿਬ, ਮੈਂ ਰਿਜ਼ਰਵੇਸ਼ਨ ਦੇ ਬਾਰੇ ਦੱਸ ਰਿਹਾ ਸੀ। ਅਸੀਂ ਕਮੇਟੀ ਵਿਚ ਵੇਖਿਆ ਹੈ ਕਿ ਰਿਜ਼ਰਵੇਸ਼ਨ ਪਾਲਿਸੀ ਤੇ ਠੀਕ ਅਮਲ ਨਹੀਂ ਹੋ ਰਿਹਾ । ਪਿੱਛੇ ਜਿਹੇ ਇਤਨਾ ਵਾਵੇਲਾ ਹੋਇਆ ਕਿ ਰਿਜ਼ਰਵੇਸ਼ਨ ਖਤਮ ਕੀਤੀ ਜਾਵੇ, ਰਿਜ਼ਰਵੇਸ਼ਨ ਦੇ ਖਿਲਾਫ ਐਜੀਟੇਸ਼ਨ ਕੀਤੀ ਗਈ ਸੀ, ਬੱਸਾਂ ਤੇ ਲਿਖਿਆ ਗਿਆ ਸੀ ਕਿ ਰਿਜ਼ਰਵੇਸ਼ਨ ਪਾਲਿਸੀ ਖਤਮ ਹੋਣੀ ਚਾਹੀਦੀ ਹੈ, ਇਸ ਤਰ੍ਹਾਂ ਹੀ ਚੀਫ ਸੈਕਟਰੀ ਨੇ ਵੀ ਇਕ ਨੋਟ ਚਲਾਇਆ ਸੀ ਕਿ ਰਿਜ਼ਰਵੇਸ਼ਨ ਘਟਾਈ ਜਾਵੇ। ਪਰ ਚੇਅਰਮੈਨ ਸਾਹਿਬ, ਇਹ ਕਿਵੇਂ ਘਟਾਈ ਜਾ ਸਕਦੀ ਹੈ ਅੌਰ ਜੇਕਰ ਘਟਾਈ ਗਈ ਜਾਂ ਖਤਮ (ਘੰਟੀ) ਕੀਤੀ ਗਈ ਤਾਂ ਉਨ੍ਹਾਂ ਗਰੀਬ ਵਿਚਾਰਿਆਂ ਦਾ ਕੀ ਬਣੇਗਾ। ਮੈਂ ਤਾਂ ਇਹ ਸੁਝਾਓ ਦਿੰਦਾ ਹਾਂ ਕਿ ਜਿਹੜੀ ਰਿਆਇਤਾਂ ਸਰਕਾਰ ਨੇ ਸ਼ਡਿਊਲਡ ਕਾਸਟਸ ਵਾਸਤੇ ਐਲਾਨ ਕੀਤੀਆਂ ਹੋਈਆਂ ਹਨ, ਉਹ ਉਨ੍ਹਾਂ ਨੂੰ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ। ਕਮੇਟੀ ਵਿਚ ਜਦੋਂ ਮੈਂਬਰ ਇਸ ਚੀਜ਼ ਨੂੰ ਵੇਖਦੇ ਸਨ ਕਿ ਰਿਜ਼ਰਵੇਸ਼ਨ ਤੇ ਕੋਈ ਠੀਕ ਅਮਲ ਨਹੀਂ ਹੋ ਰਿਹਾ ਤਾਂ ਉਹ ਇਥੋਂ ਤਕ ਕਹਿ ਦਿੰਦੇ ਸਨ ਕਿ ਸਾਨੂੰ ਇਸ ਕਮੇਟੀ ਵਿਚੋਂ ਅਸਤੀਫੇ ਦੇ ਦੇਣੇ ਚਾਹੀਦੇ ਹਨ ਕਿਉਂਕਿ ਸ਼ਡਿਊਲਡ ਕਾਸਟਸ ਦੇ ਕੋਈ ਮਸਲੇ ਹੱਲ ਨਹੀਂ ਹੁੰਦੇ ।

ਚੇਅਰਮੈਨ ਸਾਹਿਬ, ਸਰਕਾਰ ਨੇ ਇਕ ਹੋਰ ਨਵਾਂ ਹੀ ਸਵਾਲ ਖੜਾ ਕਰ ਦਿੱਤਾ ਹੈ, ਪੀਲੇ ਕਾਰਡਾਂ ਦਾ ਝਗੜਾ ਪਾ ਦਿੱਤਾ ਹੈ ।...

ਸ਼੍ਰੀ ਸਭਾਪਤੀ: ਝਬਾਲ ਸਾਹਿਬ, ਤੁਸੀਂ ਵਾਂਇੰਡ ਅੱਪ ਕਰੋ ਜੀ।

ਕਾਮਰੇਡ ਦਰਸ਼ਨ ਸਿੰਘ ਝਬਾਲ: ਚੇਅਰਮੈਨ ਸਾਹਿਬ, ਬੱਸ ਜੀ ਮੈਂ ਮੋਟੀਆਂ ਮੋਟੀਆਂ ਗੱਲਾਂ ਹੀ ਕਹਿਣੀਆਂ ਹਨ। ਹੁਣ ਸਰਕਾਰ ਕਹਿੰਦੀ ਹੈ ਕਿ ਅਸੀਂ ਗਰੀਬਾਂ ਨੂੰ ਲੱਭ ਲਿਆ ਹੈ । ਮੈਂ ਇਹ ਪੁੱਛਦਾ ਹਾਂ ਕਿ ਪਹਿਲਾਂ ਉਹ ਗਰੀਬ ਕਿਸ ਦੇ ਰਾਜ ਵਿਚ ਰਹਿੰਦੇ ਸਨ? ਇਹ ਤਾਂ ਲੋਕਾਂ ਨੂੰ ਭੁਲੇਖੇ ਵਿਚ ਪਾਇਆ ਗਿਆ ਹੈ ਕਿ ਅਸੀਂ ਪੰਜਾਬ ਵਿਚੋਂ ਗਰੀਬ ਲੱਭ ਲਏ ਹਨ । ਠੀਕ ਹੈ, ਚੇਅਰਮੈਨ ਸਾਹਿਬ, ਜੇਕਰ ਇਹ ਕਹਿੰਦੇ ਹਨ ਕਿ ਗਰੀਬ ਲੱਭ ਪਏ ਹਨ ਤਾਂ ਫਿਰ ਉਨ੍ਹਾਂ ਨੂੰ ਪੂਰੀਆਂ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਕਿ ਜਿਹੜੀ ਉਨ੍ਹਾਂ ਦੀ ਆਮਦਨ ਦੀ ਹੱਦ ਹੈ ਉਹ ਬਹੁਤ ਥੋਹੜੀ ਹੈ, ਇਸ ਲਈ ਉਸ ਨੂੰ ਵਧਾ ਕੇ ਛੇ ਹਜ਼ਾਰ ਰੁਪਏ ਕਰ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਸੱਭ ਤੋਂ ਵੱਡੀ ਦੁਖਦਾਈ ਗੱਲ ਜਿਸ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਅੌਰ ਪਹਿਲਾਂ ਵੀ ਬਹੁਤ ਸਾਰੇ ਮੈਂਬਰਾਂ ਨੇ ਜ਼ਿਕਰ ਕੀਤਾ ਹੈ। ਉਹ ਹੈ ਪੁਲਿਸ ਦਾ ਜ਼ਬਰ । ਪੰਜਾਬ ਵਿਚ ਪੁਲਿਸ ਦਾ ਬਹੁਤ ਜ਼ਬਰ ਹੈ ਅੌਰ ਉਹ ਜ਼ਬਰ ਗਰੀਬ ਲੋਕਾਂ ਤੇ ਹੀ ਹੁੰਦਾ ਹੈ । ਉਹ ਗਰੀਬਾਂ ਤੇ ਇਤਨਾਂ ਜ਼ਬਰ ਹੈ ਕਿ ਥਾਣਿਆਂ ਦੀਆਂ ਗੱਲਾਂ ਤੁਸੀਂ ਵੀ ਸੁਣੀਆਂ ਹਨ ਕਿ ਕਿਸ ਤਰ੍ਹਾਂ ਨਾਲ ਗਰੀਬ ਆਦਮੀਆਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਜਾਂਦਾ ਹੈ। ਕਿਸ ਤਰ੍ਹਾਂ ਨਾਲ ਪੁਲਿਸ ਨੇ ਗਰੀਬ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਆਦਮੀਆਂ ਨੂੰ ਥਾਣਿਆਂ ਵਿਚ ਮਾਰ ਦਿੱਤਾ ਹੈ, ਇਸ ਬਾਰੇ ਇਥੇ ਚਰਚਾ ਹੁੰਦੀ ਰਹੀ ਹੈ। ਚੇਅਰਮੈਨ ਸਾਹਿਬ, ਇਸ ਜਬਰ ਦੀ ਮਾਸਟਰ ਬਾਬੂ ਸਿੰਘ ਜੀ ਨੇ ਇਕ ਸਪਸ਼ਟ ਮਿਸਾਲ ਦਿੱਤੀ ਸੀ। ਇਕ ਗੜ੍ਹ ਪਿੰਡ ਦਾ ਹਰੀਜਨਾਂ ਦਾ ਮੁੰਡਾ ਅਮਰਜੀਤ ਸਿੰਘ, ਪੁੱਤਰ ਤਾਰਾ ਸਿੰਘ ਹੈ। ਉਸ ਸ਼ਡਿਊਲਡ ਕਾਸਟਸ ਲੜਕੇ ਨੂੰ ਜਬਰਦਸਤੀ ਖੱਸੀ ਕਰ ਦਿੱਤਾ ਗਿਆ ਹੈ। ਉਹ ਕੰਵਾਰਾ ਲੜਕਾ ਹੈ। ਬਾਬੂ ਸਿੰਘ ਜੀ ਨੇ ਸਾਫ ਕਿਹਾ ਹੈ ਕਿ ਇਹ ਗੱਲ ਸਹੀ ਹੈ ਅੱਤ ਸਰਕਾਰ ਐਕਸ਼ਨ ਲਵੇ ਪਰ ਐਕਸ਼ਨ ਨਹੀਂ ਲਿਆ ਜਾ ਰਿਹਾ। ਇਸ ਲਈ ਮੈਂ ਵੀ ਕਹਿੰਦਾ ਹਾਂ ਕਿ ਨਾਮ ਤਾਂ ਗਰੀਬਾਂ ਦਾ ਲਿਆ ਜਾਂਦਾ ਹੈ ਪਰ ਗਰੀਬਾਂ ਦੀ ਤਾਂ ਬੁਰੀ ਹਾਲਤ ਹੋ ਰਹੀ ਹੈ। ਜਿਹੜਾ ਕੇਸ ਬਾਬੂ ਸਿੰਘ ਜੀ ਨੇ ਦੱਸਿਆ ਹੈ ਉਸ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਐਕਸ਼ਨ ਲਵੇ। ਚੇਅਰਮੈਨ ਸਾਹਿਬ, ਗਰੀਬਾਂ ਦੇ ਨਾਮ ਤੇ ਇਸ ਤਰ੍ਹਾਂ ਭੁਲੇਖਾ ਪਾਉਣਾ ਹੁਣ ਇਹ ਗੱਲ ਨਹੀਂ ਚਲ ਸਕਦੀ, ਹੁਣ ਲੋਕ ਸਿਆਣੇ ਹੋ ਰਹੇ ਹਨ (ਘੰਟੀ) ਬੱਸ ਜੀ, ਮੈਂ ਅੰਤ ਵਿਚ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਮੈਂ ਸੁਝਾਓ ਪੀਲੇ ਕਾਰਡਾਂ ਦੇ, ਘਰਾਂ ਦੇ ਬਾਰੇ ਵਿਚ ਜਾਂ ਹੋਰ ਜਿਹੜੇ ਸੁਝਾਓ ਦਿੱਤੇ ਹਨ ਸਰਕਾਰ ਉਨ੍ਹਾਂ ਨੂੰ, ਉਮੀਦ ਹੈ, ਪਰਵਾਨ ਕਰੇਗੀ। ਭਲਾਈ ਵਜ਼ੀਰ ਸਾਹਿਬ ਬੈਠੇ ਹਨ। ਇਹ ਗਰੀਬਾਂ ਦਾ ਕੋਈ ਭਲਾ ਕਰਨ, ਐਵੇਂ ਨਾ ਹੱਥ ਹੁਥ ਮਾਰ ਕੇ ਸਾਨੂੰ ਦੱਸ ਦਿਆ ਕਰਨ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਚੌਧਰੀ ਮਾਤੂ ਰਾਮ (ਮਲੌਟ, ਐਸ. ਸੀ) (ਬੈਕਿੰਗ) ਚੇਅਰਮੈਨ ਸਾਹਿਬ, ਅੱਜ ਅਸੀਂ ਉਸ ਤਬਕੇ ਬਾਰੇ ਬਹਿਸ ਕਰ ਰਹੇ ਹਾਂ ਜਿਸ ਨੂੰ ਹਿੰਦੋਸਤਾਨ ਦੇ ਸਮਾਜ ਨੇ ਹਜ਼ਾਰ-ਹਾ-ਸਾਲ ਦਬਾ ਕੇ ਰੱਖਿਆ ਹੋਇਆ ਸੀ, ਅੱਤ ਜਿਸ ਦੀ ਇਨਸਾਨੀਅਤ ਦਾ ਦਰਜਾ ਦਬਾ ਦਿੱਤਾ ਗਿਆ ਸੀ। ਉਨ੍ਹਾਂ ਲੋਕਾਂ ਨੂੰ ਸ਼ੂਦਰ ਕਹਿੰਦੇ ਸਨ, ਹਰੀਜਨ ਕਹਿੰਦੇ ਹਨ ਜਾਂ ਸ਼ਡਿਊਲਡ ਕਾਸਟਸ ਕਿਹਾ ਗਿਆ ਹੈ ਮਗਰ, ਚੇਅਰਮੈਨ ਸਾਹਿਬ, ਉਹ ਬੜੇ ਹੀ ਪੱਕੇ ਸਿਦਕੀ ਲੋਕ ਹਨ। ਉਨ੍ਹਾਂ ਲੋਕਾਂ ਦਾ ਨਾ ਘਰ ਸੀ ਨਾ ਘਾਟ ਸੀ, ਨਾ ਕੋਈ ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦਿੰਦਾ ਸੀ, ਨਾ ਵਿਦਿਆ ਪੜ੍ਹਨ ਸੁਣਨ ਦਿੱਤਾ ਜਾਂਦਾ ਸੀ ਲੇਕਿਨ ਇਤਨਾਂ ਕੁਝ ਉਨ੍ਹਾਂ ਨਾਲ ਹੁੰਦਿਆਂ ਹੋਇਆਂ ਵੀ ਉਹ ਹਿੰਦੋਸਤਾਨ ਦੇ ਦੇਸ਼ ਭਗਤ ਸਨ। ਉਹ ਲੋਕ ਬੜੇ ਪੱਕੇ ਸਿਦਕ ਰੱਖਣ ਵਾਲੇ ਹਨ। ਜੇਕਰ ਕੋਈ ਸਿੱਖ ਸੀ ਤਾਂ ਪੱਕਾ ਸਿੱਖ ਸੀ ਜੇਕਰ ਕੋਈ ਹਿੰਦੂ ਸੀ ਤਾਂ ਉਹ ਪੱਕਾ ਹਿੰਦੂ ਸੀ। ਜਿਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਮੰਨਿਆਂ ਤਾਂ ਉਨ੍ਹਾਂ ਨੇ ਪੱਕੇ ਇਰਾਦੇ ਨਾਲ ਮੰਨਿਆਂ। ਜਦੋਂ ਦੇਸ਼ ਦੀ ਆਜ਼ਾਦੀ ਦਾ ਸਵਾਲ ਆਇਆ ਤਾਂ ਵੀ ਉਹ ਪਿੱਛੇ ਨਹੀਂ ਰਹੇ, ਦੇਸ਼ ਦੀ ਆਜ਼ਾਦੀ ਵਾਸਤੇ ਉਨ੍ਹਾਂ ਨੇ ਕੁਰਬਾਨੀਆਂ ਕੀਤੀਆਂ। ਦੇਸ਼ ਦੀ ਆਜ਼ਾਦੀ ਵਾਸਤੇ ਉਹ ਹੋਰ ਲੋਕਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਚਲਦੇ ਰਹੇ, ਪਿੱਛੇ ਨਹੀਂ ਰਹੇ।

ਪ੍ਰੋਫੈਸਰ ਬਲਵੰਤ ਸਿੰਘ: ** **

ਸ਼੍ਰੀ ਸਭਾਪਤੀ: ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਚੌਧਰੀ ਮਾਤੂ ਰਾਮ: ਪ੍ਰੋਫੈਸਰ ਸਾਹਿਬ, ਮੇਰਾ ਕਾਰਤੂਸ ਬੜਾ ਖਤਰਨਾਕ ਹੈ, ਬਚ ਜਾਣਾ, ਪਿਆਰੇ। (ਹਾਸਾ) ਚੇਅਰਮੈਨ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਉਹ ਤਬਕਾ ਜਿਸ ਨੂੰ ਹਿੰਦੋਸਤਾਨ ਦੇ ਸਮਾਜ ਨੇ ਦਬਾ ਕੇ ਰੱਖਿਆ ਹੋਇਆ ਸੀ ਹਰ ਕੰਮ ਵਿਚ ਉਸ ਨੇ ਪੂਰਾ ਸਾਥ ਦਿੱਤਾ। ਪਰ ਉਨ੍ਹਾਂ ਵੱਲ ਕਿਸੇ ਨੇ ਧਿਆਨ ਨਹੀਂ ਕੀਤਾ ਕਿ ਉਸ ਤਬਕੇ ਦੀ ਕੀ ਹਾਲਤ ਹੈ। ਅਸੀਂ ਮੁਸਲਮਾਨਾਂ ਦਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਰਾਜ ਵੀ ਵੇਖਿਆ ਹੈ, ਸਿੱਖਾਂ ਦਾ ਰਾਜ ਵੀ ਵੇਖਿਆ ਹੈ, ਹਿੰਦੂ ਰਾਜ ਵੀ ਵੇਖਿਆ ਹੈ ਅੰਰ ਅੰਗਰੇਜ਼ਾਂ ਦਾ ਰਾਜ ਵੀ ਵੇਖਿਆ ਹੈ ਮਗਰ ਇਹ ਹੀ ਸਮਝਿਆ ਗਿਆ ਕਿ ਇਹ ਲੋਕ ਇਨਸਾਨ ਨਹੀਂ ਹਨ, ਕੋਈ ਜਾਨਵਰ ਹਨ। ਇਹ ਤਾਂ ਸਿਰਫ ਕਾਂਗਰਸ ਰਾਜ ਹੈ ਜਿਸ ਨੇ ਇਨ੍ਹਾਂ ਵੱਲ ਵੇਖਿਆ। ਚੇਅਰਮੈਨ ਸਾਹਿਬ, ਰਾਜ ਬਦਲਿਆ, ਯੁਗ ਬਦਲਿਆ ਅੰਰ ਕਾਂਗਰਸ ਰਾਜ ਇਥੇ ਆਇਆ, ਲੋਕਾਂ ਦੀ ਸਾਂਝੀ ਸਰਕਾਰ ਆਈ। ਮਹਾਤਮਾਂ ਗਾਂਧੀ ਜੀ ਦੀ ਕਾਂਗਰਸ ਸਰਕਾਰ ਦਾ ਇਥੇ ਰਾਜ ਆਇਆ। ਜਦੋਂ ਹਿੰਦੋਸਤਾਨ ਆਜ਼ਾਦ ਹੋ ਗਿਆ ਤਾਂ ਮਹਾਤਮਾਂ ਗਾਂਧੀ ਜੀ ਨੇ ਕਿਹਾ ਕਿ ਵੇਖੋ ਤੁਸੀਂ ਹੁਣ ਆਜ਼ਾਦ ਹੋ ਗਏ ਹੋ ਲੇਕਿਨ ਜਿਤਨਾਂ ਚਿਰ ਤਕ ਤੁਸੀਂ ਇਨ੍ਹਾਂ ਗਰੀਬ ਲੋਕਾਂ ਨੂੰ ਜਿਨ੍ਹਾਂ ਨੂੰ ਸਮਾਜ ਨੇ ਲਤਾੜਿਆ ਹੋਇਆ ਸੀ, ਨਾਲੀਆਂ ਵਿਚ ਸੁੱਟਿਆ ਹੋਇਆ ਸੀ ਇਨ੍ਹਾਂ ਨੂੰ ਝਾੜ ਪੂੰਝ ਕੇ ਆਪਣੇ ਬਰਾਬਰ ਨਹੀਂ ਤੋਰਦੇ ਉਤਨਾਂ ਚਿਰ ਤਕ ਦੇਸ਼ ਤਰੱਕੀ ਨਹੀਂ ਕਰ ਸਕਦਾ। ਸੋ, ਉਨ੍ਹਾਂ ਦੇ ਹੁਕਮ ਦੇ ਮੁਤਾਬਿਕ, ਕਾਂਗਰਸ ਨੇਤਾਵਾਂ ਨੇ, ਉਨ੍ਹਾਂ ਦਬੇ ਹੋਏ ਲੋਕਾਂ ਨੂੰ ਉਪਰ ਉਠਾਇਆ ਅੰਰ ਝਾੜ ਪੂੰਝ ਕੇ ਆਪਣੇ ਬਰਾਬਰ ਲਿਆਂਦਾ। ਕਿਸੇ ਨੂੰ ਕੋਈ ਖਿਆਲ ਵੀ ਨਹੀਂ ਸੀ ਕਿ ਹਜ਼ਾਰਾ ਸਾਲਾਂ ਤੋਂ ਦਬੇ ਹੋਏ ਲੋਕਾਂ ਦੀ ਜਿਨ੍ਹਾਂ ਪਾਸ ਨਾ ਜ਼ਮੀਨ ਹੈ, ਨਾ ਮਕਾਨ ਹੈ, ਇਨ੍ਹਾਂ ਨੂੰ ਵੀ ਸਮਾਜ ਦੇ ਬਰਾਬਰ ਦਾ ਹੱਕ ਦਿੱਤਾ ਜਾਵੇਗਾ। ਲੇਕਿਨ ਇਨ੍ਹਾਂ ਨੂੰ ਬਰਾਬਰ ਦਾ ਹੱਕ ਦੇਣ ਵਾਸਤੇ ਉਨ੍ਹਾਂ ਨੂੰ ਵੋਟ ਦਾ ਹੱਕ ਦਿੱਤਾ। ਉਸ ਦਾ ਇਹ ਨਤੀਜਾ ਹੋਇਆ ਕਿ ਅੱਜ ਜੋ ਬੜੇ ਬੜੇ ਲੋਕ ਹਨ ਉਹ ਸਾਡੀਆਂ ਬਸਤੀਆਂ ਵਿਚ ਜਾਂਦੇ ਹਨ ਅੰਰ ਸਾਡੇ ਗ਼ਰੀਬਾਂ ਨਾਲ ਜੱਫੀਆਂ ਪਾਉਂਦੇ ਹਨ। ਇਹ ਵੋਟ ਦਾ ਅਧਿਕਾਰ ਕਰਕੇ ਹੈ ਜਿਹੜਾ ਕਿ ਸਾਡੀ ਕਾਂਗਰਸ ਸਰਕਾਰ ਨੇ, ਮਹਾਤਮਾਂ ਗਾਂਧੀ ਜੀ ਦੇ ਹੁਕਮ ਮੁਤਾਬਿਕ ਦਿੱਤਾ ਗਿਆ ਹੈ । ਅੱਜ ਇਨ੍ਹਾਂ ਦਾ ਸਾਰੇ ਰਾਜ ਭਾਗ ਵਿਚ ਹਿੱਸਾ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ਉਹ ਅਧਿਕਾਰ ਡਾਕਟਰ ਅੰਬੇਦਕਰ ਜੀ ਨੇ ਦਿਵਾਇਆ ਹੈ, ਇਨ੍ਹਾਂ ਨੇ ਨਹੀਂ ਦਿੱਤਾ ।

ਚੌਧਰੀ ਮਾਤੂ ਰਾਮ : ਠੀਕ ਹੈ ਭਾਈ ਤੁਹਾਡਾ ਆਪਣਾ ਵਿਚਾਰ ਹੈ ਮੇਰਾ ਆਪਣਾ ਵਿਚਾਰ ਹੋ ਸਕਦਾ ਹੈ। ਹੁਣ ਮੈਂ ਕਹਿ ਰਿਹਾ ਹਾਂ, ਫਿਰ ਤੁਸੀਂ ਕਹਿ ਲੈਣਾ । ਸੋ ਮੈਂ ਤੁਹਾਡੀ ਗਲ ਵਿਚ ਨਹੀਂ ਜਾਂਦਾ। ਪਰ ਮੈਂ ਦਸਦਾ ਹਾਂ ਕਿ ਡਾਕਟਰ ਅੰਬੇਦਕਰ ਕੌਣ ਸੀ, ਉਹ ਕੋਈ ਮਨਿਸਟਰ ਨਹੀਂ ਸੀ, ਉਸ ਦੇ ਨਾਲ ਇਕ ਕਮੇਟੀ ਸੀ ਅੰਰ ਉਹ ਕਮੇਟੀ ਕਾਂਗਰਸ ਦੇ ਬੰਦਿਆਂ ਦੀ ਸੀ ਜਿਸ ਨੇ ਇਹ ਸਾਰੀ ਚੀਜ਼ ਬਣਾਈ ਸੀ।

ਸਰਦਾਰ ਜਗਤ ਸਿੰਘ : ਚੇਅਰਮੈਨ ਸਾਹਿਬ, ਇਹ ਅਕਾਲੀ ਭਰਾ ਜਿਹੜੇ ਹਰੀਜਨਾਂ ਦੇ ਬਹੁਤ ਹਮਦਰਦ ਬਣਦੇ ਹਨ ਇਹ ਇਸ ਵੇਲੇ ਸਿਰਫ 4 ਬੈਠੇ ਹਨ, ਪਰ ਸਾਡੇ ਪਾਸੇ ਵੇਖ ਲਓ ਕਿੰਨੇ ਬੈਠੇ ਹਾਂ। ਜਿਸ ਵੇਲੇ ਇਸ ਰਿਪੋਰਟ ਤੇ ਡਿਸਕਸ਼ਨ ਹੋ ਰਹੀ ਹੈ ।

ਚੌਧਰੀ ਮਾਤੂ ਰਾਮ: ਚੇਅਰਮੈਨ ਸਾਹਿਬ, ਜਦੋਂ ਕਾਂਗਰਸ ਦੇ ਹੱਥ ਬਾਗਡੋਰ ਆਈ ਤਾਂ ਉਨ੍ਹਾਂ ਨੇ ਸਾਨੂੰ ਇਥੇ ਵੋਟ ਦਾ ਹੱਕ ਦਿੱਤਾ। ਉਸ ਕਾਰਣ ਹੀ ਅਸੀਂ ਅੱਜ ਇਥੇ ਬੈਠਣ ਯੋਗ ਹੋਏ ਹਾਂ । ਨਹੀਂ ਸਾਨੂੰ ਕੋਈ ਆਪਣੇ ਘਰ ਦੇ ਬੂਹੇ ਤੇ ਪੈਰ ਨਹੀਂ ਸੀ ਰਖਣ ਦਿੰਦਾ, ਵੋਟ ਪਾਉਣ ਦੀ ਤਾਂ ਗਲ ਹੀ ਕੀ ਸੀ। ਅੱਜ ਅਸੀਂ ਵਿਧਾਨ ਸਭਾ ਵਿਚ ਇਸ ਕਾਂਗਰਸ ਸਰਕਾਰ ਦੀ ਮੇਹਰਬਾਨੀ ਨਾਲ ਹੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਮਾਤੂ ਰਾਮ]

ਬੈਠੇ ਹਾਂ। ਇਸ ਤੋਂ ਇਲਾਵਾ ਸਾਡੀ ਤਰੱਕੀ ਵਾਸਤੇ ਇਕ ਕਮੇਟੀ ਬਣਾਈ ਜਾਂਦੀ ਹੈ ਸਰਕਾਰ ਦੀ ਕੋਈ ਵੀ ਪਲਾਨ ਬਣਦੀ ਹੈ, ਕੋਈ ਵੀ ਸਕੀਮ ਬਣਦੀ ਹੈ, ਉਸ ਕਮੇਟੀ ਲਈ ਅਤੇ ਸਾਡੇ ਲਈ ਉਸ ਵਿਚ ਪੈਸੇ ਵਖਰੇ ਰਖੇ ਜਾਂਦੇ ਹਨ। ਚੇਅਰਮੈਨ ਸਾਹਿਬ, ਇਸ ਸਰਕਾਰ ਨੇ ਬਹੁਤ ਹੀ ਚੰਗੇ ਕਦਮ ਸਾਡੇ ਲਈ ਚੁਕੇ ਹਨ। ਜਿਹੜਾ ਸਾਨੂੰ ਪਿਛਲੇ ਹਜ਼ਾਰਾਂ ਸਾਲਾਂ ਵਿੱਚ ਦਬਾ ਕੇ ਰਖਿਆ ਗਿਆ ਸੀ ਅੱਜ ਇਸ ਸਰਕਾਰ ਨੇ ਸਾਨੂੰ ਬੋਲਣ ਦਾ ਹੱਕ ਦਿੱਤਾ ਹੈ । ਮਗਰ ਜਿਥੇ ਮੈਂ ਇਹ ਕਹਿੰਦਾ ਹਾਂ ਕਿ ਸਾਡੀ ਹਿਫਾਜ਼ਤ ਲਈ ਸਰਕਾਰ ਬਹੁਤ ਕੁਝ ਕਰ ਰਹੀ ਹੈ, ਉਥੇ ਮੈਂ ਇਹ ਵੀ ਕਹਿੰਦਾ ਹਾਂ ਕਿ ਹਾਲੇ ਵੀ ਕੁਝ ਤਾਕਤਾਂ ਐਸੀਆਂ ਹਨ ਜਿਹੜੀਆਂ ਸਾਨੂੰ ਦਬਾ ਕੇ ਰਖਣਾ ਚਾਹੁੰਦੀਆਂ ਹਨ। ਪਰ ਮੈਂ ਦਸਦਾ ਹਾਂ ਕਿ ਹੁਣ ਅਸੀਂ ਦਬਣ ਵਾਲੇ ਨਹੀਂ, ਅਸੀਂ ਉਨ੍ਹਾਂ ਦੇ ਨਾਲ ਡੱਟ ਕੇ ਲੜਾਂਗੇ ਔਰ ਮੈਦਾਨ ਛੱਡ ਕੇ ਨਹੀਂ ਜਾਵਾਂਗੇ ।

ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਨਾਲ ਸਰਕਾਰ ਅੱਜ ਪਿੰਡਾਂ ਵਿਚ ਲੱਖਾਂ ਕਰੋੜਾਂ ਰੁਪਿਆ ਖਰਚ ਕਰ ਰਹੀ ਹੈ, ਇਸ ਵਿਚ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਤਾਂ ਕੋਈ ਦੋਸ਼ ਨਹੀ, ਕਿਉਂਕਿ ਜਿਹੜਾ ਰੁਪਿਆ ਖਰਚ ਕੀਤਾ ਜਾਂਦਾ ਹੈ ਉਹ ਸਰਕਾਰੀ ਮਸ਼ਨੀਰੀ ਰਾਹੀਂ ਖਰਚ ਕੀਤਾ ਜਾਂਦਾ ਹੈ, ਉਨ੍ਹਾਂ ਅਫ਼ਸਰਾਂ ਦੇ ਦਿਮਾਗ਼ ਵਿਚ ਹਾਲੇ ਵੀ ਪੁਰਾਣੀ ਗਲ ਬੈਠੀ ਹੋਈ ਹੈ, ਇਸ ਕਰਕੇ ਉਹ ਸਾਡੇ ਨਾਲ ਵਿਤਕਰੇ ਵਾਲੀ ਗਲ ਕਰ ਜਾਂਦੇ ਹਨ। ਜਦੋਂ ਪਿੰਡਾਂ ਵਿਚ ਵਾਟਰ ਪਾਈਪ ਵਿਛਾਏ ਜਾਂਦੇ ਹਨ ਤਾਂ ਜਿਹੜੇ ਪਾਸੇ ਹੋਰ ਜਾਤੀਆਂ ਦੇ ਲੋਕ ਰਹਿੰਦੇ ਹਨ ਉਥੇ ਤਾਂ ਬਹੁਤ ਜਲਦੀ ਕੰਮ ਹੋ ਜਾਂਦਾ ਹੈ ਪਰ ਜਦੋਂ ਹਰੀਜਨ ਬਸਤੀ ਵਿਚ ਪਹੁੰਚਦੇ ਹਨ ਤਾਂ ਉਸ ਕੰਮ ਨੂੰ ਉਥੇ ਹੀ ਬੰਦ ਕਰ ਦਿੱਤਾ ਜਾਂਦਾ ਹੈ । ਮੈਂ ਇਹ ਦਾਵੇ ਨਾਲ ਕਹਿੰਦਾ ਹਾਂ ਕਿ ਜਿੰਨੇ ਵੀ ਵਾਟਰ ਵਰਕਸ ਬਣਾਏ ਹੋਏ ਹਨ ਉਥੇ ਇਹ ਹਾਲ ਹੈ ਕਿ ਜਦੋਂ ਉਹ ਹਰੀਜਨ ਬਸਤੀ ਤੱਕ ਪਹੁੰਚਦੇ ਹਨ ਤਾਂ ਇਕ ਦੋ ਟੂਟੀਆਂ ਲਾ ਕੇ ਚਲੇ ਜਾਂਦੇ ਹਨ ਅਤੇ ਉਹ ਹਰੀਜਨ ਵਿਚਾਰੇ ਦੂਰ ਦੂਰ ਤੋਂ ਚਲ ਕੇ ਉਥੇ ਆ ਕੇ ਪਾਣੀ ਭਰ ਕੇ ਲੈ ਜਾਂਦੇ ਹਨ । ਇਸ ਲਈ ਮੈਂ ਕਹਿੰਦਾ ਹਾਂ ਕਿ ਜਿਥੇ ਸਰਕਾਰ ਰੁਪਿਆ ਖਰਚਦੀ ਹੈ ਉਥੇ ਸਰਕਾਰ ਨੂੰ ਇਹ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਜਿਹੜਾ ਵੀ ਕੰਮ ਪਿੰਡਾਂ ਵਿਚ ਕਰਨਾ ਹੈ ਪਹਿਲੇ ਹਰੀਜਨ ਬਸਤੀਆਂ ਤੋਂ ਸ਼ੁਰੂ ਕਰਵਾਏ। ਹੁਣ ਤਕ ਤਾਂ ਅਸੀਂ ਛੱਪੜਾਂ ਦਾ ਪਾਣੀ ਪੀਂਦੇ ਰਹੇ ਹਾਂ , ਪਰ ਹੁਣ ਤਾਂ ਸਾਨੂੰ ਟੂਟੀਆਂ ਦਾ ਪਾਣੀ ਪੀਣ ਦਿਓ। ਪਰ ਇਹ ਜਿਹੜੀ ਸਰਕਾਰੀ ਮਸ਼ੀਨਰੀ ਹੈ ਇਸ ਦੀ ਵਜ੍ਹਾ ਕਾਰਣ ਸਾਡੇ ਨਾਲ ਵਿਤਕਰਾ ਕੀਤਾ ਜਾਂਦਾ ਹੈ ਬਾਕੀ ਸਰਕਾਰ ਤਾਂ ਰੁਪਿਆ ਪੂਰਾ ਖਰਚ ਕਰ ਰਹੀ ਹੈ । ਪਰ ਮੈਂ ਮਨਿਸਟਰ ਸਾਹਿਬ ਨੂੰ ਇਹ ਜ਼ਰੂਰ ਕਹਿੰਦਾ ਹਾਂ ਕਿ ਉਹ ਇਸ ਵਲ ਧਿਆਨ ਜ਼ਰੂਰ ਦੇਣ।

ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਸਰਕਾਰ ਦੀ ਮਿਹਰਬਾਨੀ ਨਾਲ ਅੱਜ ਅਸੀਂ ਤਰੱਕੀ ਕਰ ਰਹੇ ਹਾਂ ਅਤੇ ਸਰਵਿਸ ਵਿਚ ਵੀ ਕੁਝ ਹਿੱਸਾ ਮਿਲਣ ਲਗ ਪਿਆ ਹੈ। ਪਰ ਮੈਂ ਦਸਦਾ ਹਾਂ ਕਿ ਜਦੋਂ ਕਿਸੇ ਸ਼ਡਿਊਲਡ ਕਾਸਟ ਦੀ ਤਰੱਕੀ ਦੀ ਵਾਰੀ ਆਉਂਦੀ ਹੈ ਤਾਂ ਉਸ ਤੋਂ ਸਾਲ ਪਹਿਲਾਂ ਹੀ ਉਸ ਆਦਮੀ ਦੀ ਰਿਪੋਟ ਵਗੈਰਾ ਖਰਾਬ ਕਰ ਦਿੱਤੀ ਜਾਂਦੀ ਹੈ ਤਾਂਕਿ ਉਸ ਬੰਦੇ ਨੂੰ ਉਸ ਵੇਲੇ ਤਰੱਕੀ ਨਾ ਮਿਲ ਸਕੇ। ਇਸ ਲਈ ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਇਸ ਵਲ ਵੀ ਖਾਸ ਧਿਆਨ ਰੱਖਣਾ ਚਾਹੀਦਾ ਹੈ। ਠੀਕ ਹੈ ਚੌਧਰੀ ਜਗਤ ਰਾਮ ਜੀ ਪਹਿਲੇ ਹੀ ਇਸ ਵਲ ਕਾਫੀ ਧਿਆਨ ਦੇ ਰਹੇ ਹਨ ਪਰ ਫਿਰ ਵੀ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜੀ ਸਰਕਾਰੀ ਮਸ਼ੀਨਰੀ ਨਾਨ-ਸ਼ਡਿਊਲਡ ਕਾਸਟਸ ਦੀ ਮਜਾਰਿਟੀ ਵਿਚ ਬੈਠੀ ਹੈ ਇਹ ਇਹੋ ਜਿਹੇ ਵੇਲੇ ਕਾਫੀ ਫਰਕ ਰਖ ਜਾਂਦੀ ਹੈ, ਇਸ ਲਈ ਇਸ ਵਲ ਜ਼ਰੂਰ ਧਿਆਨ ਕਰਨਾ ਚਾਹੀਦਾ ਹੈ। ਇਸ ਲਈ ਕਈ ਵਾਰ

Original with;
Punjab Vidhan Sabha
Digitized by;
Panjab Digital Library

ਤਾਂ ਉਨ੍ਹਾਂ ਵਿਚਾਰਿਆਂ ਨੂੰ ਹਾਈਕੋਰਟ ਤਕ ਜਾਣਾ ਪੈਂਦਾ ਹੈ ਔਰ ਉਥੋਂ ਹੋ ਕੇ ਆਪਣੀ ਤਰੱਕੀ ਲੈਂਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਤੁਹਾਨੂੰ ਆਪਣੇ ਆਪਣੇ ਮਹਿਕਮੇ ਵਿਚ ਇਸ ਗਲ ਦਾ ਖਿਆਲ ਰਖਣਾ ਚਾਹੀਦਾ ਹੈ।

ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਅੱਜ ਸਾਡੀ ਇਹ ਸਰਕਾਰ ਸ਼ਡਿਊਲਡ ਕਾਸਟਸ ਦੇ ਬੱਚਿਆਂ ਨੂੰ ਪੜਾਉਣ ਲਈ ਕਾਫੀ ਕੋਸ਼ਿਸ਼ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਵਜੀਫੇ ਵਗੈਰਾ ਵੀ ਦਿੱਤੇ ਜਾਂਦੇ ਹਨ , ਪਰ ਮੈਂ ਦਸਦਾ ਹਾਂ ਕਿ ਹੁੰਦਾ ਇਹ ਹੈ ਕਿ ਉਹ ਪੜ੍ਹ ਲਿਖਤ ਬੇਰੁਜ਼ਗਾਰ ਹੋਈ ਜਾਂਦੇ ਹਨ। ਪੜ੍ਹਨ ਲਿਖਣ ਤੋਂ ਬਾਅਦ ਉਨ੍ਹਾਂ ਨੂੰ ਨੌਕਰੀ ਵਿਚ ਜਲਦੀ ਨਹੀਂ ਲਿਆ ਜਾਂਦਾ। ਠੀਕ ਹੈ ਸਰਦਾਰ ਦਰਬਾਰਾ ਸਿੰਘ ਜੀ ਇਸ ਗਲ ਦਾ ਬਹੁਤ ਹੀ ਖਿਆਲ ਰਖਦੇ ਹਨ ਪਰ ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਹ ਉਨ੍ਹਾਂ ਨੂੰ ਪੜ੍ਹਾਉਣ ਦਾ ਪ੍ਰਬੰਧ ਕਰਦੇ ਹਨ ਉਥੇ ਉਨ੍ਹਾਂ ਨੂੰ ਰੋਜ਼ਗਾਰ ਦੇਣ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਨਾ ਹੋਵੇ ਕਿ ਉਹ ਪੜ੍ਹ ਲਿਖ ਕੇ ਬੇਰੁਜ਼ਗਾਰ ਹੋਈ ਜਾਣ। ਇਸ ਲਈ ਸਾਨੂੰ ਨੌਕਰੀ ਵਿਚ ਪੂਰਾ ਹਿੱਸਾ ਦੇਣ ਲਈ ਵੀ ਪੂਰੇ ਸਾਧਨ ਦੇਣੇ ਚਾਹੀਦੇ ਹਨ। ਜਦ ਤਕ ਉਨ੍ਹਾਂ ਨੂੰ ਨੌਕਰੀ ਨਹੀਂ ਮਿਲੇਗੀ ; ਉਹ ਪੜ੍ਹ ਲਿਖ ਕੇ ਵੀ ਤਰੱਕੀ ਨਹੀਂ ਕਰ ਸਕਣਗੇ ਔਰ ਉਨ੍ਹਾਂ ਦੇ ਚੇਹਰੇ ਤੇ ਰੌਣਕ ਨਹੀਂ ਆਏਗੀ।

ਬਾਕੀ ਜਿਹੜੀਆਂ ਗਲਾਂ ਸਰਦਾਰ ਸ਼ਮਸ਼ੇਰ ਸਿੰਘ ਜੀ ਨੇ ਕਹੀਆਂ ਹਨ ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ। ਉਹ ਸਾਰੀਆਂ ਗਲਾਂ ਦੋਬਾਰਾ ਕਹਿ ਕੇ ਮੈਂ ਹਾਊਸ ਦਾ ਸਮਾਂ ਜ਼ਾਇਆ ਨਹੀਂ ਕਰਨਾ ਚਾਹੁੰਦਾ। ਮੈਂ ਤਾਂ ਸਿਰਫ਼ ਇਹ ਕਹਾਂਗਾ ਕਿ ਮਨਿਸਟਰ ਸਾਹਿਬਾਨ ਨੂੰ ਇਨ੍ਹਾਂ ਗਲਾਂ ਵਲ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ। ਜਦ ਤਕ ਉਨ੍ਹਾਂ ਨੂੰ ਨੌਕਰੀ ਦਾ ਮੌਕਾ ਨਹੀਂ ਮਿਲੇਗਾ ਇਹ ਜਿਹੜੀ ਉਨ੍ਹਾਂ ਵਿਚ ਬੇਰੁਜ਼ਗਾਰੀ ਹੈ ਇਹ ਦੂਰ ਨਹੀਂ ਹੋ ਸਕਦੀ। ਜਦ ਤਕ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਮਿਲੇਗਾ ਇਤਨੇ ਤਕ ਉਨ੍ਹਾਂ ਨੂੰ ਪੜ੍ਹਾਉਣ ਦਾ ਕੋਈ ਫਾਇਦਾ ਨਹੀਂ। ਇਹ ਨਾ ਹੋਵੇ ਕਿ ਪੜ੍ਹੀ ਜਾਣ ਔਰ ਬੇਰੁਜ਼ਗਾਰ ਹੋਈ ਜਾਣ। ਇਸ ਲਈ ਉਨ੍ਹਾਂ ਨੂੰ ਪਹਿਲੇ ਨੌਕਰੀ ਤੇ ਲਾਉਣਾ ਚਾਹੀਦਾ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਸਾਡੀ ਸਰਕਾਰ ਨੇ ਪੀਲੇ ਕਾਰਡ ਬਣਾਉਣ ਲਈ ਸਰਵੇ ਕਰਵਾਇਆ ਹੈ ਉਸੇ ਤਰ੍ਹਾਂ ਪੜ੍ਹੇ ਲਿੱਖੇ ਮੁੰਡਿਆਂ ਨੂੰ ਨੌਕਰੀ ਦੇਣ ਲਈ ਵੀ ਸਰਵੇ ਕਰਾਉਣਾ ਚਾਹੀਦਾ ਹੈ ਤਾਂਕਿ ਜਿਸ ਨੂੰ ਨੌਕਰੀ ਦੀ ਜ਼ਿਆਦਾ ਜ਼ਰੂਰਤ ਹੈ ਉਸ ਨੂੰ ਨੌਕਰੀ ਮਿਲ ਸਕੇ। ਕਈ ਲੋਕ ਤਾਂ ਸ਼ੁਗਲ ਲਈ ਨੌਕਰੀ ਕਰਦੇ ਹਨ ਪਰ ਕਈ ਐਸੇ ਹੁੰਦੇ ਹਨ ਕਿ ਜੇ ਫੈਮਿਲੀ ਦੇ ਇਕ ਬੰਦੇ ਨੂੰ ਨੌਕਰੀ ਮਿਲ ਜਾਵੇ ਤਾਂ ਉਸ ਦਾ ਸਾਰਾ ਘਰ ਠੀਕ ਤਰ੍ਹਾਂ ਚਲ ਸਕਦਾ ਹੈ। ਇਸ ਲਈ ਮੈਂ ਸੁਝਾਅ ਦਿਆਂਗਾ ਕਿ ਇਸ ਲਈ ਵੀ ਸਰਵੇ ਕਰਾਉਣਾ ਚਾਹੀਦਾ ਹੈ। ਮੈਂ ਦੱਸਦਾ ਹਾਂ ਕਿ ਇਕ ਪਾਸੇ ਤਾਂ ਜਿਹੜਾ ਗੰਡੇਰੀਆਂ ਵੇਚਣ ਵਾਲੇ ਦਾ ਮੁੰਡਾ ਹੈ ਉਹ ਦਸਵੀ ਪਾਸ ਕਰ ਲੈਂਦਾ ਹੈ ਔਰ ਦੂਜੇ ਪਾਸੇ ਕਿਸੇ ਤਕੜੇ ਆਦਮੀ ਦਾ ਮੁੰਡਾ ਦਸਵੀਂ ਪਾਸ ਕਰ ਲੈਂਦਾ ਹੈ। ਜਦੋਂ ਨੌਕਰੀ ਦੀ ਵਾਰੀ ਆਉਂਦੀ ਹੈ ਤਾਂ ਜਿਹੜਾ ਉਸ ਅਮੀਰ ਆਦਮੀ ਦਾ ਮੁੰਡਾ ਹੁੰਦਾ ਹੈ ਉਹ ਤਾਂ ਸਿਫਾਰਿਸ਼ ਵਗੈਰਾ ਕਰਵਾ ਕੇ ਨੌਕਰੀ ਤੇ ਲਗ ਜਾਂਦਾ ਹੈ ਪਰ ਗੰਡੇਰੀਆਂ ਵੇਚਣ ਵਾਲੇ ਦਾ ਮੁੰਡਾ ਰਹਿ ਜਾਂਦਾ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਵਲ ਜ਼ਰੂਰ ਧਿਆਨ ਕਰਨਾ ਚਾਹੀਦਾ ਹੈ ਤਾਂਕਿ ਇਹ ਜਿਹੜੀ ਬੇਰੁਜ਼ਗਾਰੀ ਹੈ ਇਹ ਦੂਰ ਹੋ ਸਕੇ। ਇਸ ਲਈ ਇਸ ਤੇ ਮੈਂ ਹੁਣ ਹੋਰ ਜ਼ਿਆਦਾ ਨਾ ਕਹਿੰਦਾ ਹੋਇਆ ਇਹ ਕਹਾਂਗਾ ਕਿ ਜਿਥੇ ਸਰਕਾਰ ਲੱਖਾਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਮਾਤੂ ਰਾਮ]

ਕਰੋੜਾਂ ਰੁਪਿਆ ਤਰੱਕੀ ਲਈ ਖਰਚ ਕਰ ਰਹੀ ਹੈ, ਉਥੇ ਸਰਕਾਰੀ ਮਸ਼ੀਨਰੀ ਤੇ ਵੀ ਜ਼ਰੂਰ ਨਜ਼ਰ ਰਖਣੀ ਚਾਹੀਦੀ ਹੈ ਅਤੇ ਪੜ੍ਹੇ ਲਿਖੇ ਮੁੰਡਿਆਂ ਨੂੰ ਰੋਜ਼ਗਾਰ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ, ਐਸ. ਸੀ): ਚੇਅਰਮੈਨ ਸਾਹਿਬ, ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਦੀ ਰਿਪੋਰਟ ਜਿਹੜੀ ਪੇਸ਼ ਹੋਈ ਹੈ ਉਸ ਤੇ ਆਪਣੇ ਵਿਚਾਰ ਰੱਖਾਂਗਾ। ਜਿੰਨੀ ਦੇਰ ਤੱਕ ਹੁਕਮਰਾਨ ਪਾਰਟੀ ਆਪਣੇ ਮੰਨ ਸਾਫ ਕਰਕੇ ਅਤੇ ਦਿਲੋਂ ਰਿਜ਼ਰਵੇਸ਼ਨ ਪਾਲਿਸੀ ਨੂੰ ਲਾਗੂ ਨਹੀਂ ਕਰਦੀ ਉਤਨੀ ਦੇਰ ਤੱਕ ਇਸ ਦੇ ਵਿਚ ਤਰੱਕੀ ਨਹੀਂ ਹੋ ਸਕਦੀ ਅਤੇ ਇਸ ਵਿਚ ਕਾਨੂੰਨ ਬਨਾਉਣ ਦੀ ਲੋੜ ਹੈ ਔਰ ਜਿੰਨੀ ਦੇਰ ਇਸ ਨੂੰ ਲਾਗੂ ਕਰਨ ਲਈ ਕਾਨੂੰਨ ਨਹੀਂ ਬਣਦਾ ਉਤਨੀ ਦੇਰ ਉਨ੍ਹਾਂ ਨੂੰ ਹੱਕ ਨਹੀਂ ਮਿਲਣੇ ਹਨ। ਚਾਹੇ ਇਹ ਕਾਂਗਰਸੀ ਜਿੰਨਾਂ ਮਰਜ਼ੀ ਕਹੀ ਜਾਣ ਅਸੀਂ ਤਰੱਕੀ ਦੇ ਰਹੇ ਹਾਂ ਅਤੇ ਉੱਚਾ ਚੁੱਕ ਰਹੇ ਹਾਂ। ਅਸੀਂ ਵੈਲਫੇਅਰ ਆਫ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਕਮੇਟੀ ਵਿਚ ਵੇਖਦੇ ਸੀ ਅਤੇ ਮਹਿਕਮੇ ਨੂੰ ਜਿਸ ਨੂੰ ਬੁਲਾ ਕੇ ਪੁੱਛਦੇ ਸੀ ਕਿ ਇਸ ਵਿਚ ਤੁਸੀਂ ਰਿਜ਼ਰਵੇਸ਼ਨ 25% ਪੂਰੀ ਕਿਉਂ ਨਹੀਂ ਕੀਤੀ ਤਾਂ ਸਾਰਿਆਂ ਦਾ ਜਵਾਬ ਹੁੰਦਾ ਸੀ ਕਿ ਸਾਨੂੰ ਲਾਇਕ ਬੰਦੇ ਨਹੀਂ ਮਿਲਦੇ ਅਤੇ ਸ਼ਰਤਾਂ ਪੂਰੀਆਂ ਨਹੀਂ ਕਰਦੇ ਸਨ। ਇਕੋ ਪਿੰਡ ਵਿਚ ਰਹਿਣ ਵਾਲੇ ਅਤੇ ਇਕੋ ਤਰ੍ਹਾਂ ਦੀ ਰੋਟੀ ਖਾਣ ਵਾਲੇ ਉਹ ਜ਼ਿਆਦਾ ਲਾਇਕ ਹੋ ਗਏ ਔਰ ਸਾਡੇ ਬੰਦੇ ਨਲਾਇਕ ਹੋ ਗਏ। ਜਿਸ ਤਰ੍ਹਾਂ ਤੁਸੀਂ ਸਰਵੇ ਕਰਵਾ ਕੇ ਪੀਲੇ ਕਾਰਡ ਘੱਟ ਆਮਦਨੀ ਵਾਲੇ ਲੋਕਾਂ ਨੂੰ ਇਸ਼ੂ ਕੀਤੇ ਹਨ, ਉਸੇ ਤਰ੍ਹਾਂ ਤੁਸੀਂ ਬੇਰੁਜ਼ਗਾਰਾਂ ਦੇ ਵਾਸਤੇ ਵੀ ਸਰਵੇ ਕਰਵਾਓ ਤਾਂਕਿ ਸਰਕਾਰ ਨੂੰ ਪਤਾ ਲਗ ਸਕੇ ਕਿ ਕਿੰਨੇ ਸ਼ਡਿਊਲਡ ਕਾਸਟਸ ਵੇਲ੍ਹੇ ਫਿਰ ਰਹੇ ਹਨ ਅਤੇ ਨੌਕਰੀਆਂ ਨਹੀਂ ਮਿਲ ਰਹੀਆਂ ਅਤੇ ਕਿੰਨੀ ਯੋਗਤਾ ਰੱਖਦੇ ਹਨ। ਪੰਜਾਬ ਵਿਚ ਬਹੁਤ ਸਾਰੇ ਮਹਿਕਮੇ ਐਸੇ ਹਨ ਜਿੱਥੇ ਰਿਜ਼ਰਵੇਸ਼ਨ ਨੂੰ ਲਾਗੂ ਨਹੀਂ ਕਰਦੇ। ਇਸ ਲਈ ਤੁਸੀਂ ਇਸ ਨੂੰ ਕਾਨੂੰਨ ਬਣਾ ਕੇ ਲਾਗੂ ਕਰੋ ਤਾਂ ਇਨ੍ਹਾਂ ਦਾ ਭਲਾ ਹੋ ਸਕਦਾ ਹੈ। ਮੈਂ ਜਦੋਂ ਭਵਾਨੀਗੜ੍ਹ ਵਿਚ ਪੜ੍ਹਾਉਂਦਾ ਸੀ ਤਾਂ ਉਦੋਂ ਪਟਿਆਲਾ ਰਿਆਸਿਤ ਵਿਚ ਪੰਚਾਇਤਾਂ ਦੀਆਂ ਪਹਿਲੀ ਵਾਰ ਇਲੈਕਸ਼ਨਾਂ ਹੋਈਆਂ ਅਤੇ ਪੰਚਾਇਤ ਅਫਸਰ ਨੇ ਪਿੰਡ ਵਿਚ ਆ ਕੇ ਸਾਰਿਆਂ ਨੂੰ ਇਕੱਠਾ ਕੀਤਾ ਅਤੇ ਕਿਹਾ ਕਿ ਪੰਚਾਇਤਾਂ ਦੀ ਇਲੈਕਸ਼ਨ ਹੋਣੀ ਹੈ ਇਸ ਦੇ ਵਿਚ ਇਕ ਸ਼ਡਿਊਲਡ ਕਾਸਟ ਬੰਦਾ ਲਿਆ ਜਾਵੇਗਾ ਜਿਹੜਾ ਰਾਮਦਾਸੀਆਂ ਵਿਚੋਂ, ਮਹਜ਼ਬੀਆਂ ਵਿਚੋਂ ਹੋਵੇਗਾ ਤਾਂ ਇਕੱਠ ਵਿਚ ਇਕ ਬੜਾ ਵੱਡਾ ਸ਼ਾਹੂਕਾਰ ਸੀ ਉਹ ਕਹਿਣ ਲਗਾ ਕਿ ਇਹ ਹੁਣ ਸਾਡੇ ਨਾਲ ਕੁਰਸੀਆਂ ਤੇ ਬੈਠਿਆ ਕਰਨਗੇ। ਕਿੰਨੀ ਕਮਾਲ ਦੀ ਗੱਲ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਸਵਰਣ ਜਾਤੀ ਦੇ ਅਫਸਰ ਸਾਡੇ ਬੰਦਿਆਂ ਦੀ ਤਰੱਕੀ ਨਹੀਂ ਹੋਣ ਦੇਣਾ ਚਾਹੁੰਦੇ ਕਿਉਂਕਿ ਉਹ ਸੋਚਦੇ ਹਨ ਕਿ ਇਹ ਕੱਲ੍ਹ ਕੀ ਸੀ ਅਤੇ ਅੱਜ ਇਹ ਸਾਡੇ ਨਾਲ ਬੈਠੇਗਾ। ਪਹਿਲੇ ਤਾਂ ਉਹ ਸ਼ਡਿਊਲਡ ਕਾਸਟ ਮੁਲਾਜ਼ਮ ਨੂੰ ਟਾਈਮ ਸਿਰ ਤਰੱਕੀ ਨਹੀਂ ਦੇਣਗੇ ਜੇਕਰ ਤਰੱਕੀ ਨਹੀਂ ਦੇਣੀ ਤਾਂ ਉਹ ਉਸ ਨੂੰ ਡੈਪੂਟੇਸ਼ਨ ਤੇ ਭੇਜ ਦੇਣਗੇ ਜਾਂ ਉਸ ਦੀ ਰਿਪੋਰਟ ਨੂੰ ਖਰਾਬ ਕਰ ਦੇਣਗੇ। ਆਖਿਰ ਵਿਚ ਉਸ ਨੂੰ ਆਪਣਾ ਹੱਕ ਲੈਣ ਲਈ ਹਾਈ ਕੋਰਟ ਵਿਚ ਜਾਣਾ ਪੈਂਦਾ ਹੈ। ਸਿੱਧੀ ਕਿਸੇ ਨੂੰ ਤਰੱਕੀ ਨਹੀਂ ਮਿਲਦੀ ਹੈ ਅਤੇ ਨਾ ਸਿੱਧੀ ਭਰਤੀ ਵਿਚ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਮੈਂ ਤਾਂ ਕਹਿੰਦਾ ਹਾਂ ਕਿ ਇੰਟਰਵਿਊ ਦੇ ਵਿਚ ਜਿਹੜਾ ਫਸਟ ਆਉਂਦਾ ਹੈ ਉਸ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਸਰਕਾਰ ਪਾਲਿਸੀ ਦੀ ਥਾਂ ਤੇ ਕਾਨੂੰਨ ਨੂੰ ਲਾਗੂ ਕਰਕੇ ਕੇ ਦੇਖੇ ਤਾਂਕਿ ਇਸ ਦੀ ਇੰਪਲੀਮੈਂਟੇਸ਼ਨ ਹੋ ਸਕੇ ਅਤੇ ਰਿਜ਼ਰਵੇਸ਼ਨ ਦੇ ਹੱਕ ਖੋਏ ਜਾ ਰਹੇ ਹਨ। ਇਹ ਕਹਿੰਦੇ ਹਨ ਕਿ ਹਰੀਜਨ ਹੁਣ ਅਮੀਰ ਹੋ ਗਏ ਹਨ ਇਨ੍ਹਾਂ ਨੂੰ ਰਿਜ਼ਰਵੇਸ਼ਨ ਦੀ ਲੋੜ ਨਹੀਂ ਹੈ। ਅਗਰ 7-8 ਚੰਗੇ ਹੋ ਗਏ ਹਨ ਤਾਂ ਕੀ ਹੋ ਗਿਆ ਹੈ। ਅਗਰ ਕਿਸੇ ਨੇ ਜਾਇਦਾਦ ਬਣਾ ਲਈ ਹੈ

Original with;
Punjab Vidhan Sabha
Digitized by;
Panjab Digital Library

ਤੁਸੀਂ ਵੀ ਤਾਂ ਐਨੇ ਅਮੀਰ ਹੋ। ਕਰੋੜਾਂ, ਲੱਖਾਂ ਰੁਪਏ ਦੇ ਕਾਰਖਾਨੇ ਚਲ ਰਹੇ ਹਨ, ਵਿਪਾਰ ਚਲ ਰਿਹਾ ਹੈ ਦੁਕਾਨਾਂ ਚਲ ਰਹੀਆਂ ਹਨ ਅਤੇ ਸ਼ਹਿਰਾਂ ਵਿਚ ਹਵੇਲੀਆਂ ਹਨ। ਸਰਕਾਰ ਕਹਿੰਦੀ ਹੈ ਕਿ ਅਸੀਂ ਛੂਤ ਛਾਤ ਨੂੰ ਖਤਮ ਕਰ ਦਿਤਾ ਹੈ। ਇਹ ਠੀਕ ਹੈ ਕਿ ਕਾਂਗਰਸ ਨੇ ਛੂਤ ਛਾਤ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ ਸੀ (ਥੰਪਿੰਗ) ਸੰਗਰੂਰ ਦੇ ਵਿਚ ਜੀਂਦ ਰਿਆਸਤ ਸੀ ਉਥੇ ਆਰੀਆ ਸਮਾਜੀਆਂ ਨੇ ਬੜਾ ਭਾਰੀ ਜਲਸਾ ਕੀਤਾ ਔਰ ਜਲਸੇ ਦੇ ਪ੍ਰਧਾਨ ਭਾਟੀਆ, ਪ੍ਰਿੰਸੀਪਲ ਕਾਲਜ ਦਾ ਸੀ। ਜਿਸ ਵੇਲੇ ਉਸ ਨੇ ਆਖਿਰ ਵਿਚ ਲੈਕਚਰ ਛੂਤ ਛਾਤ ਤੇ ਕੀਤਾ ਤਾਂ ਉਹ ਕਹਿਣ ਲਗਾ ਕਿ ਸਭ ਤੋਂ ਪਹਿਲਾਂ ਸੁਆਮੀ ਦਯਾ ਨੰਦ ਜੀ ਨੇ ਛੂਤ ਛਾਤ ਨੂੰ ਦੂਰ ਕਰਨ ਵਿਚ ਬਾਹਰਲੇ ਸੂਬਿਆਂ ਵਿਚ ਕਾਮਯਾਬੀ ਨਹੀਂ ਮਿਲੀ ਸੀ। ਫਲਾਣੇ ਸੂਬੇ ਵਿਚ ਕਾਮਯਾਬੀ ਨਹੀਂ ਮਿਲੀ ਫਲਾਣੇ ਵਿਚ ਨਹੀਂ ਮਿਲੀ ਆਖਿਰ ਵਿਚ ਉਹ ਪੰਜਾਬ ਤੇ ਆ ਗਏ ਅਤੇ ਕਹਿਣ ਲਗੇ ਸੁਆਮੀ ਜੀ ਪੰਜਾਬ ਵਿਚ ਬੜੀ ਭਾਰੀ ਛੂਤ ਛਾਤ ਨੂੰ ਮਿਟਾਉਣ ਵਿਚ ਕਾਮਯਾਬੀ ਮਿਲੀ ਸੀ। ਇਹ ਕਿਉਂ ਕਾਮਯਾਬੀ ਮਿਲੀ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਨਾਲ ਬੜਾ ਪਿਆਰ ਕਰਦੇ ਸਨ। ਇਸ ਕਰਕੇ ਕਾਮਯਾਬੀ ਮਿਲੀ ਸੀ। ਪਿਛੇ ਮੈਂ ਕਮੇਟੀ ਨਾਲ ਬਦਰ ਸ਼ਹਿਰ ਕਰਨਾਟਕਾ ਵਿਚ ਗਿਆ ਸੀ ਉਥੇ ਮੈਂ ਆਪਣੀ ਜਾਤੀ ਦੇ ਬੰਦੇ ਨਾਲ ਗੱਲਾਂ ਕਰਨ ਲਈ ਚੱਪਲਾਂ 4-5 ਰੁਪਏ ਦੀਆਂ ਖਰੀਦ ਲਈਆਂ। ਮੈਂ ਉਸ ਨੂੰ ਕਿਹਾ ਕਿ ਇਹ ਢਾਬੇ ਵਾਲੇ ਤੁਹਾਨੂੰ ਰੋਟੀ ਖਾਣ ਦਿੰਦੇ ਹਨ ਅਤੇ ਮੈਂ ਵੀ ਤੇਰਾ ਭਾਈ ਹਾਂ। ਉਹ ਕਹਿਣ ਲਗਾ ਕਿ ਜੋ ਬ੍ਰਾਹਮਣ ਦਾ ਢਾਬਾ ਹੈ ਔਰ ਰਾਜਪੂਤ ਦਾ ਢਾਬਾ ਹੈ ਉਹ ਤਾਂ ਰੋਟੀ ਖਾਣ ਨਹੀਂ ਦਿੰਦੇ ਬਾਕੀ ਛੋਟੇ ਮੋਟੇ ਢਾਬੇ ਤੇ ਅਸੀਂ ਰੋਟੀ ਖਾ ਲਈ ਦੀ ਹੈ। ਮੈਂ ਪੁਛਿਆ ਤੇਰਾ ਐਮ. ਐਲ. ਏ. ਜਾਂ ਵਜ਼ੀਰ ਕੋਈ ਨਹੀਂ ਹੈ, ਉਹ ਫੇਰ ਕੁਝ ਨਹੀਂ ਕਰਦੇ। ਉਹ ਕਹਿਣ ਲਗਾ ਕਿ ਇਹ ਉਸ ਨੂੰ ਵੀ ਨਹੀਂ ਵੜਨ ਦਿੰਦੇ ਸਾਡੀ ਤਾਂ ਗੱਲ ਛੱਡੋ। ਫੇਰ ਮੈਂ ਪੁਛਿਆ ਇਥੇ ਰਾਜ ਕਾਂਗਰਸ ਦਾ ਹੈ ਉਹ ਕਹਿੰਦਾ ਹਾਂ ਜੀ ਕਾਂਗਰਸ ਦਾ ਹੀ ਰਾਜ ਹੈ।

ਸ਼੍ਰੀ ਬਾਲ ਮੁਕੰਦ ਸ਼ਰਮਾ: ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਗਿਆਨੀ ਕੁੰਦਨ ਸਿੰਘ ਪਤੰਗ: ਚੇਅਰਮੈਨ ਸਾਹਿਬ, 4-5 ਰੁਪਏ ਵਿਚ ਦੋ ਚੱਪਲਾਂ ਹੀ ਖਰੀਦਣੀਆਂ ਸਨ। ਕੋਈ ਇਕ ਚੱਪਲ ਖਰੀਦਣੀ ਸੀ। ਚੱਪਲ ਮਾਰਨੀ ਹੋਵੇ ਤਾਂ ਇਕ ਚੱਪਲ ਦੀ ਲੋੜ ਹੁੰਦੀ ਹੈ ਮੈਂ ਤਾਂ ਪਾਉਣ ਵਾਸਤੇ ਲਈ ਸੀ। ਫਿਰ ਉਹ ਕਹਿਣ ਲਗਾ ਕਿ ਸਰਦਾਰ ਜੀ ਤੁਸੀਂ ਬਹੁਤ ਅੱਛੇ ਹੋ ਅਤੇ ਤੁਹਾਡੀ ਸਿਹਤ ਅੱਛੀ ਹੈ। ਮੈਂ ਕਿਹਾ ਮੇਰੀ ਸਿਹਤ ਸਾਰੇ ਪੰਜਾਬ ਵਿਚੋਂ ਨਿਕੰਮੀ ਹੈ। ਸਿਹਤ ਦੇਖਣੀ ਹੈ ਤਾਂ ਸਾਡੇ ਪੰਜਾਬ ਵਿਚ ਪਾਂਡੇ ਸਾਹਿਬ ਦੀ ਦੇਖੋ।

ਉਸ ਤੋਂ ਬਾਅਦ ਮੈਨੂੰ ਕਹਿਣ ਲਗੇ ਕਿ ਤੁਹਾਡੇ ਵਸਤਰ ਬੜੇ ਚੰਗੇ ਹਨ। ਮੈਂ ਕਿਹਾ ਕਿ ਇਤਨੀ ਦੂਰੋਂ ਚਲ ਕੇ ਆਏ ਹਾਂ। ਪਾਟੇ ਕਪੜੇ ਥੋੜ੍ਹਾ ਪਾਉਣੇ ਸਨ। ਫਿਰ ਉਸਨੇ ਕਿਹਾ ਕਿ ਕੀ ਤੁਸੀਂ ਸਰਦਾਰ ਹੋ ਕਿਉਂਕਿ ਸਰਦਾਰਾਂ ਦੇ ਦਾੜ੍ਹੀ ਅਤੇ ਮੁਛਾਂ ਹੁੰਦੀਆਂ ਹਨ? ਮੈਂ ਕਿਹਾ ਕਿ ਸਾਡੇ ਸੂਬੇ ਵਿਚ ਤਾਂ ਸਾਰੇ ਇਕੋ ਜਿਹੇ ਹਨ। ਉਸ ਨੇ ਕਿਹਾ ਕਿ ਤੁਸੀਂ ਸਰਦਾਰਾਂ ਨੂੰ ਹੱਥ ਲਗਾ ਦਿੰਦੇ ਹੋ ਪਰ ਅਸੀਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਕਿਹਾ ਕਿ ਪੰਜਾਬ ਵਿਚ ਤਾਂ ਸਾਰੇ ਇਕੱਠੇ ਹੀ ਖਾ ਪੀ ਲੈਂਦੇ ਹਨ। ਕਰਨਾਟਕਾ ਵਿਚ ਵੀ ਕੀ ਹੋ ਰਿਹਾ ਹੈ? ਰਾਜਿਸਥਾਨ ਵਿਚ ਚਲੇ ਜਾਓ, ਉਥੇ ਕੀ ਹੁੰਦਾ ਹੈ?

ਸ਼੍ਰੀ ਸਭਾਪਤੀ: ਗਿਆਨੀ ਕੁੰਦਨ ਸਿੰਘ ਪਤੰਗ ਜੀ ਤੁਹਾਡੀ ਪਾਰਟੀ ਦੇ 13 ਮਿੰਟ ਰਹਿੰਦੇ ਹਨ। ਕੀ ਇਕੱਲੇ ਤੁਸੀਂ ਹੀ ਬੋਲਣਾ ਹੈ, ਜਾਂ ਕਿਸੇ ਹੋਰ ਮੈਂਬਰ ਨੇ ਵੀ ਬੋਲਣਾ ਹੈ ?

ਗਿਆਨੀ ਕੁੰਦਨ ਸਿੰਘ ਪਤੰਗ : ਚੇਅਰਮੈਨ ਸਾਹਿਬ, ਮੈਂ ਅੱਜ ਜ਼ਰੂਰ ਬੋਲਣਾ ਹੈ। ਮੇਰੇ ਬੋਲਣ ਤੋਂ ਬਾਅਦ ਜਿਹੜੇ ਮਿੰਟ ਰਹਿ ਜਾਣਗੇ, ਫਿਰ ਭਾਵੇਂ ਕੋਈ ਵੀ ਬੋਲੀ ਜਾਵੇ। ਚੇਅਰਮੈਨ ਸਾਹਿਬ, ਜਿਹੜੀਆਂ ਸਟੇਟਾਂ ਵਿਚ ਕਾਂਗਰਸ ਦਾ ਰਾਜ ਹੈ, ਉਥੇ ਸਾਰੀਆਂ ਸਟੇਟਾਂ ਵਿਚ ਇਕੋ ਜਿਹੀ ਗੱਲ ਹੋਣੀ ਚਾਹੀਦੀ ਹੈ ।

ਪ੍ਰੋਫੈਸਰ ਦਰਬਾਰੀ ਲਾਲ : ** **

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਗਿਆਨੀ ਕੁੰਦਨ ਸਿੰਘ ਪਤੰਗ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਇਹ ਕਿਉਂ ਨਹੀਂ ਕਿਹਾ ਕਿ ਸਾਡੇ ਵੱਲ ਵੇਖੋ ਔਰ ਮੈਂ ਉਧਰ ਤਾਂ ਸਾਰੀ ਉਮਰ ਹੀ ਦੇਖੀ ਜਾਂਦਾ ਹਾਂ। (ਹਾਸਾ) ਜੇਕਰ ਤੁਹਾਨੂੰ ਮੈਂ ਚੰਗਾ ਲਗਦਾ ਹਾਂ ਤਾਂ ਮੈਂ ਤੁਹਾਡੇ ਵੱਲ ਵੇਖ ਲੈਂਦਾ ਹਾਂ । ਅਸੀਂ ਇਕ ਦਫਾ, ਚੇਅਰਮੈਨ ਸਾਹਿਬ, ਬਾਹਰ ਗਏ ਤਾਂ ਕੇ.ਪੀ. ਸਾਹਿਬ ਸਾਡੇ ਨਾਲ ਉਦੋਂ ਗਏ ਸਨ ਕਿਉਂਕਿ ਉਹ ਉਸ ਵੇਲੇ ਚੇਅਰਮੈਨ ਸਨ। ਅਸੀਂ ਲਖਨਊ, ਬਨਾਰਸ ਕਾਂਸ਼ੀ, ਅਤੇ ਹੋਰ ਕਈ ਥਾਂਵਾਂ ਤੇ ਗਏ। ਉਥੇ ਲੋਕਾਂ ਦੀ ਕੀ ਹਾਲਤ ਸੀ? ਲੋਕ ਉਥੇ ਕਿੰਨੇ ਦੁਖੀ ਸਨ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

Sardar Dalip Singh Pandhi : ** **

Mr. Chairman: This is no Point of Order.

ਗਿਆਨੀ ਕੁੰਦਨ ਸਿੰਘ ਪਤੰਗ : ਚੇਅਰਮੈਨ ਸਾਹਿਬ, ਉਥੇ ਕੇ.ਪੀ. ਸਾਹਿਬ ਨੇ ਇਹ ਕਹਿ ਦਿੱਤਾ ਕਿ ਰਾਮਦਾਸ ਭਗਤ ਦਾ ਮੰਦਰ ਵੇਖਣਾ ਹੈ। ਪਹਿਲਾਂ ਸਾਡੀ ਅਫਸਰਾਂ ਨੇ ਕਾਫੀ ਆਓ ਭਗਤ ਕੀਤੀ ਜਦੋਂ ਅਸੀਂ ਮੰਦਰ ਦੇਖਣ ਵਾਸਤੇ ਕਿਹਾ ਕਿ ਸਵੇਰੇ ਰਾਮਦਾਸ ਭਗਤ ਦਾ ਮੰਦਰ ਵੇਖਣਾ ਹੈ ਤਾਂ ਸਿਰਫ ਇਕੋ ਅਫਸਰ ਆਇਆ ਯਾਨੀ ਕਿ ਕੋਈ ਅਫਸਰ ਨਹੀਂ ਆਇਆ। ਮੰਦਰ ਵੇਖਣ ਦਾ ਉਥੇ ਕਿਸੇ ਨੂੰ ਵੀ ਇੰਟਰੈਸਟ ਨਹੀਂ ਹੈ । ਰਾਮਦਾਸ ਭਗਤ ਦਾ ਮੰਦਰ ਕਿਥੇ ਹੈ ਤਾਂ ਕਿਸੇ ਨੂੰ ਪਤਾ ਨਹੀਂ ਹੈ। ਚੇਅਰਮੈਨ ਸਾਹਿਬ, ਔਰੰਗਜ਼ੇਬ ਨੇ ਉਥੇ ਮਸੀਤ ਬਣਾਈ। ਸਾਡੇ ਮੈਂਬਰ ਸਾਡੇ ਉਤੇ ਐਵੇਂ ਹੀ ਚੜ੍ਹੀ ਜਾਂਦੇ ਹਨ। ਰਵੀਦਾਸ ਭਗਤ ਦੇ ਮੰਦਰ ਉਤੇ ਕਿਸੇ ਨੇ ਇਕ ਕਿਲੋਮੀਟਰ ਦਾ ਰਸਤਾ ਵੀ ਨਹੀਂ ਬਣਾਇਆ। ਕਿਸੇ ਨੇ ਰਵੀਦਾਸ ਭਗਤ ਮੰਦਰ ਨੂੰ ਮਾਨਤਾ ਨਹੀਂ ਦਿੱਤੀ। ਉਥੇ ਇੱਕ ਧਨੋਰਾਮ ਭਗਤ ਸੀ। ਉਸ ਨੇ ਕਿਹਾ ਇੱਕ ਗੱਲ ਕਹਿਣੀ ਹੈ ਅਤੇ ਦੋਵੇਂ ਹੱਥ ਜੋੜ ਕਿ ਸਾਨੂੰ ਕਹਿਣ ਲਗਾ ਹਰੀਜਨਾਂ ਦੀ ਲਾਹਨਤ ਸਾਡੇ ਮਗਰ ਕਿਉਂ ਗੌਰਮਿੰਟ ਨੇ ਲਾ ਰਖੀ ਹੈ। ਅਸੀਂ ਤੁਹਾਨੂੰ ਕੁਝ ਨਹੀਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਹਿੰਦੇ ਪਰ ਸਰਕਾਰ ਨੂੰ ਇਹ ਗੱਲ ਸੁਣਾ ਰਹੇ ਹਾਂ। ਚੇਅਰਮੈਨ ਸਾਹਿਬ, ਤੁਸੀਂ ਜਿਸ ਕੁਰਸੀ ਤੇ ਬੈਠੇ ਹੋ, ਉਥੇ ਸਾਡੇ ਮੈਂਬਰ ਨੂੰ ਵੀ ਕਿਤੇ ਬਿਠਾਇਆ ਹੈ। ਜਦੋਂ ਇਜਲਾਸ ਚਲ ਰਿਹਾ ਹੁੰਦਾ ਹੈ ਤਾਂ ਕਿਸੇ ਨੇ ਉਨ੍ਹਾਂ ਨੂੰ ਤੁਹਾਡੀ ਵਾਲੀ ਕੁਰਸੀ ਤੇ ਬੈਠਣ ਵਾਸਤੇ ਨਹੀਂ ਕਿਹਾ।

ਸਰਦਾਰ ਗੁਰਨੈਬ ਸਿੰਘ ਬਰਾੜ : ਚੇਅਰਮੈਨ ਸਾਹਿਬ, ਇਹ ਮੈਂਬਰ ਸਾਹਿਬ, ਕਿਸ ਡਿਮਾਂਡ ਤੇ ਡਿਸਕਸ ਕਰ ਰਹੇ ਹਨ।

ਸ਼੍ਰੀ ਸਭਾਪਤੀ : ਦੋਨੋਂ ਇਕੱਠੀਆਂ ਹੀ ਡਿਮਾਂਡਾਂ ਪੇਸ਼ ਹੋਈਆਂ ਹਨ ਅੰਰ ਮੈਂਬਰ ਸਾਹਿਬਾਨ ਦੀ ਮਰਜ਼ੀ ਹੈ ਕਿ ਜਿਸ ਤੇ ਮਰਜ਼ੀ ਬੋਲ ਲਵੋ। ਕਿਸੇ ਮੈਂਬਰ ਨੂੰ ਕੋਈ ਰੋਕ ਨਹੀਂ ਹੈ।

ਗਿਆਨੀ ਕੁੰਦਨ ਸਿੰਘ ਪਤੰਗ: ਚੇਅਰਮੈਨ ਸਾਹਿਬ, ਜਿਹੜੇ ਕਲਾਸ-4 ਦੇ ਮੁਲਾਜ਼ਮ ਹਨ, ਉਨ੍ਹਾਂ ਦੇ ਬੱਚਿਆਂ ਨੂੰ ਵੀ ਵਜ਼ੀਫੇ ਮਿਲਣੇ ਚਾਹੀਦੇ ਹਨ। ਉਹ ਵਿਚਾਰੇ ਸਾਰੇ ਹੀ ਗਰੀਬ ਹਨ। ਬੁਢਾਪਾ ਪੈਨਸ਼ਨ ਜੋ ਚੇਅਰਮੈਨ ਸਾਹਿਬ ਮਿਲਦੀ ਹੈ, ਉਹ ਪੈਨਸ਼ਨ ਜਾਂ ਤਾਂ ਡਾਕੀਆ ਖਾ ਜਾਂਦਾ ਹੈ ਜਾਂ ਫਿਰ ਮਹਿਕਮੇ ਵਾਲੇ ਖਾ ਜਾਂਦੇ ਹਨ। ਜੇਕਰ ਮਹਿਕਮੇ ਨੂੰ ਸ਼ਿਕਾਇਤ ਕਰਦੇ ਹਾਂ ਕਿ ਪੈਨਸ਼ਨ ਨਹੀਂ ਮਿਲੀ ਤਾਂ ਮਹਿਕਮਾ ਜਵਾਬ ਦਿੰਦਾ ਹੈ ਕਿ ਰਸੀਦ ਨਹੀਂ ਆਈ। (ਘੰਟੀ) ਚੇਅਰਮੈਨ ਸਾਹਿਬ, ਰਸੀਦ ਭੇਜ ਦਿੱਤੀ ਜਾਂਦੀ ਹੈ। ਉਹ ਜਾਂ ਤਾਂ ਰਸਤੇ ਵਿਚ ਹੀ ਰਹਿ ਜਾਂਦੀ ਹੈ ਜਾਂ ਮਹਿਕਮਾ ਇਧਰ ਉਧਰ ਕਰ ਦਿੰਦਾ ਹੈ।

ਇਸ ਤੋਂ ਬਾਅਦ ਮੈਂ ਬੇਨਤੀ ਕਰਾਂ ਮੱਝਾਂ ਖਰੀਦਣ ਲਈ ਪੈਸੇ ਦਿੱਤੇ ਜਾਂਦੇ ਹਨ। ਉਹ ਪੈਸੇ ਤਾਂ ਡਾਕਟਰ ਹੀ ਲੈ ਜਾਂਦੇ ਹਨ। ਇਸ ਦੀ ਬਜਾਏ ਇਹ ਪੈਸੇ ਉਨ੍ਹਾਂ ਨੂੰ ਦੇ ਦੇਣੇ ਚਾਹੀਦੇ ਹਨ ਅੰਰ ਉਨ੍ਹਾਂ ਦੀ ਵੈਰੀਫੀਕੇਸ਼ਨ ਹੋਣੀ ਚਾਹੀਦੀ ਹੈ ਕਿ ਆਇਆ ਉਨ੍ਹਾਂ ਨੇ ਮੱਝਾਂ ਖਰੀਦੀਆਂ ਵੀ ਹਨ ਜਾਂ ਨਹੀਂ।

ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਥੇ ਇੱਕ ਕਾਨੂੰਨ ਬਣਾ ਦੇਣਾ ਚਾਹੀਦਾ ਹੈ ਰਿਜ਼ਰਵੇਸ਼ਨ ਬਾਰੇ ਕਿ ਹਰ ਮਹਿਕਮੇ ਵਿਚ ਰਿਜ਼ਰਵੇਸ਼ਨ ਪੂਰੀ ਹੋਣੀ ਚਾਹੀਦੀ ਹੈ। ਨਾਲ ਦੀ ਨਾਲ ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਇਹ ਇਥੇ ਮੇਲਾ ਲਗਾਈ ਬੈਠੇ ਸਨ ਅੰਰ ਸਾਨੂੰ ਕਹੀ ਜਾਂਦੇ ਹਨ ਕਿ ਅਸੀਂ ਥੋੜੇ ਮੈਂਬਰ ਬੈਠੇ ਹਾਂ। ਇਨ੍ਹਾਂ ਨੂੰ ਜੇਕਰ ਇਸ ਸ਼ਡਿਊਲਡ ਕਾਸਟਸ ਰਿਪੋਰਟ ਵਿਚ ਇੰਟ੍ਰਸਟ ਹੋਵੇ ਤਾਂ ਫਿਰ ਇਹ ਇਸ ਤਰ੍ਹਾਂ ਨਾਲ ਨਾ ਇਥੇ ਮੇਲਾ ਲਗਾਕੇ ਬੈਠਣ। ਵਜ਼ੀਰ ਸਾਡਾ ਕੰਮ ਦਾ ਹੈ। ਪਰ ਗਰੀਬਾਂ ਦਾ ਭਲਾ ਹੋਣਾ ਚਾਹੀਦਾ ਹੈ। ਸਰਕਾਰ ਚਾਹੇ ਕਿਸੇ ਦੀ ਵੀ ਹੋਵੇ ਹਰ ਸਰਕਾਰ ਵਿਚ ਇਨ੍ਹਾਂ ਹਰੀਜਨਾਂ ਦਾ ਭਲਾ ਹੋਣਾ ਚਾਹੀਦਾ ਹੈ।

ਸ਼੍ਰੀ ਸਭਾਪਤੀ : ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਜੀ ਤੁਸੀਂ ਬੋਲੋ।

ਕਾਮਰੇਡ ਕੁਲਵੰਤ ਸਿੰਘ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਪ੍ਰਿਆਰਾ ਰਾਮ ਧੰਨੋਵਾਲੀਆ (ਫਗਵਾੜਾ ਐਸ.ਸੀ.) : ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ 26ਵੀਂ ਇਹ ਸਾਲ 1978-79 ਦੀ ਰਿਪੋਰਟ ਹੈ ਔਰ ਇਸ ਵਿਚ ਬੜੇ ਵਿਸਥਾਰ ਨਾਲ 9 ਚੈਪਟਰ ਹਨ ਜੋ ਸ਼ਡਿਊਲਡ ਕਾਸਟਸ ਨੂੰ ਕਾਂਸਟੀਚਿਊਸ਼ਨ ਸੇਫਗਾਰਡ ਭਾਰਤ ਸਰਕਾਰ ਔਰ ਸੂਬਿਆਂ ਦੀਆਂ ਸਰਕਾਰਾਂ ਦਿੰਦੀਆਂ ਹਨ। ਇਸ ਵਿਚ ਬੜੇ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ ਔਰ ਇਸ ਰਿਪੋਰਟ ਵਿਚ ਤਕਰੀਬਨ 313 ਰਿਕੁਮੈਂਡੇਸ਼ਨਜ਼ ਹਨ। ਮੈਂ ਇਹ ਕਹਾਂਗਾ ਕਿ ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ ਤੇ ਹਰ ਸਾਲ ਲੱਖਾਂ ਰੁਪਏ ਖਰਚ ਕਰਕੇ ਇਹ ਰਿਪੋਰਟ ਆਉਂਦੀ ਹੈ ਔਰ ਕਮਿਸ਼ਨਰ ਆਪਣੀ ਰਿਪੋਰਟ ਦਿੰਦਾ ਹੈ। ਇਹ ਰਿਪੋਰਟ ਸਰਕਾਰ ਤੇ ਬਾਂਈਡਿੰਗ ਕੋਈ ਨਹੀਂ ਤਾਂ ਵੀ ਇਹ ਸਾਰਾ ਸਾਲ ਜਿਹੜਾ ਮਸਲਾ ਹੈ ਉਸੇ ਤਰ੍ਹਾਂ ਹੀ ਲਮਕਦਾ ਰਹਿੰਦਾ ਹੈ।

ਮੈਂ ਚੈਪਟਰ-5 ਔਰ ਚੈਪਟਰ-4 ਦਾ ਜ਼ਿਕਰ ਕਰਾਂਗਾ । ਇਸ ਵਿਚ ਇਕਨਾਮੀਕਲ ਡਿਵੈਲਪਮੈਂਟ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੋਇਆ ਹੈ ਕਿ ਕਿਹੜੀਆਂ ਕਿਹੜੀਆਂ ਸਕੀਮਾਂ ਹਨ ਇਨ੍ਹਾਂ ਦਾ ਉਥੇ ਜ਼ਿਕਰ ਹੈ ਔਰ ਇਸ ਦੇ ਨਾਲ ਹੀ ਚੈਪਟਰ-5 ਅਤੇ ਸਫੇ-137 ਤੇ ਲੈਂਡ ਐਗਰੀਕਲਚਰਲ ਐਂਡ ਹਾਊਸਿੰਗ ਪ੍ਰੋਗਰਾਮ ਬਾਰੇ ਜ਼ਿਕਰ ਕੀਤਾ ਹੋਇਆ ਹੈ। ਠੀਕ ਹੈ 35 ਸਾਲ ਆਜ਼ਾਦੀ ਮਿਲੇ ਨੂੰ ਹੋ ਗਏ ਹਨ ਪਰ ਸਰਕਾਰ ਨੇ ਇਸ ਪਾਸੇ ਕਾਫੀ ਧਿਆਨ ਦਿੱਤਾ ਹੈ ਔਰ ਸ਼ਡਿਊਲਡ ਕਾਸਟਸ ਦੀ ਤਰੱਕੀ ਲਈ ਬੜੀਆਂ ਸਕੀਮਾਂ ਬਣਾਈਆਂ ਹਨ । ਲੇਕਿਨ ਜਿਸ ਤੇਜ਼ੀ ਨਾਲ ਤਰੱਕੀ ਹੋਣੀ ਚਾਹੀਦੀ ਹੈ ਉਸ ਵਿਚ ਕੁਝ ਰੁਕਾਵਟਾਂ ਹਨ ਉਨ੍ਹਾਂ ਦਾ ਮੈਂ ਜ਼ਿਕਰ ਅੱਗੇ ਚਲਕੇ ਕਰਾਂਗਾ । ਜਿਥੋਂ ਤਕ ਇਕਨਾਮਿਕ ਡਿਵੈਲਪਮੈਂਟ, ਐਗਰੀਕਲਚਰਲ ਲੈਂਡ ਐਂਡ ਹਾਊਸਿੰਗ ਪ੍ਰੋਗ੍ਰਾਮ ਦਾ ਤੁਅੱਲਕ ਹੈ ਇਹ ਪੰਜਾਬ ਗੌਰਮਿੰਟ ਦੇ 20 ਨੁਕਾਤੀ ਪ੍ਰੋਗਰਾਮ ਵਿਚ ਸਤਵਾਂ ਪੁਆਇੰਟ ਹੈ ਜਿਹੜਾ ਕਿ ਬੜੇ ਵਿਸਥਾਰ ਨਾਲ ਇਸ ਦੇ ਸਫਾ ਨੰ: 4 ਤੇ ਦਿੱਤਾ ਹੈ :—

'Accelerate programme for the development of Scheduled Castes and Tribes.'

ਚੇਅਰਮੈਨ ਸਾਹਿਬ, ਇਸ ਉਤੇ ਤਕਰੀਬਨ 24 ਸਕੀਮਾਂ ਹਨ । ਇਕਨਾਮਿਕ ਅੱਪਲਿਫਟ ਲਈ ਔਰ ਡਿਵੈਲਪਮੈਂਟ ਲਈ 8,48,68,000 ਰੁਪਿਆ ਪੰਜਾਬ ਸਰਕਾਰ ਨੇ ਰਖਿਆ ਹੈ। ਇੱਕ ਸਪੈਸ਼ਲ ਕੰਪੋਨੈਂਟ ਪ੍ਰੋਗਰਾਮ ਬਣਾਇਆ ਹੈ ਔਰ 1980-81, 1981-82 ਔਰ 1982-83 ਲਈ ਇਸ ਲਈ 65.90 ਕਰੋੜ ਰੁਪਿਆ ਰਖਿਆ ਗਿਆ ਹੈ। ਇਹ ਰੁਪਿਆ ਇਨ੍ਹਾਂ ਦੀ ਅੱਪਲਿਫਟਮੈਂਟ ਵਾਸਤੇ ਰਖਿਆ ਗਿਆ ਹੈ। ਚੇਅਰਮੈਨ ਸਾਹਿਬ, ਇੱਕ ਮੈਂ ਜ਼ਿਕਰ ਕਰਾਂਗਾ । ਐਟਰੋਸਿਟੀਜ਼ ਬਾਰੇ। ਇਸ ਦੇ ਚੈਪਟਰ-9 ਔਰ ਸਫਾ-247 ਤੇ ਐਟਰੋਸਿਟੀਜ਼ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਕਿੰਨੇ ਕਿੰਨੇ ਕੇਸਿਜ਼ ਪੰਜਾਬ ਵਿਚ ਹੋਏ ਹਨ। ਇਹ 1978-79 ਦੀ ਰਿਪੋਰਟ ਹੈ ਔਰ ਉਸ ਵੇਲੇ ਮੇਰੇ ਅਕਾਲੀ ਵੀਰਾਂ ਦਾ ਰਾਜ ਸੀ ਔਰ ਉਦੋਂ 84 ਕੇਸਿਜ਼ ਰਜਿਸਟਰ ਹੋਏ ਸਨ। ਇਹ ਇਸ ਦੇ ਸਫਾ 231 ਤੇ ਦਰਜ ਹੈ ਕਿ ਐਨੇ ਕੇਸਿਜ਼ ਇਨ੍ਹਾਂ ਵੇਲੇ ਦਰਜ ਹੋਏ ਸਨ। ਇਹ ਐਟਰੋਸਿਟੀਜ਼ ਕਿਸ ਵਜਾਹ ਨਾਲ ਹੁੰਦੀਆਂ ਹਨ। ਇਸ ਦੇ ਦੋ ਕਾਰਣ ਹਨ। ਇਸ ਦਾ ਇਕ ਕਾਰਣ ਹੈ ਛੂਤ ਛਾਤ ਪਰ ਇਹ ਪੰਜਾਬ ਦਾ ਮਸਲਾ ਨਹੀਂ ਹੈ। ਇਹ ਬਾਹਰਲਿਆਂ ਸੂਬਿਆਂ ਦਾ ਮਸਲਾ ਹੈ। ਦੂਸਰਾ ਜੋ ਇਥੇ ਦਾ ਮਸਲਾ ਹੈ ਉਹ ਹੈ ਮਜ਼ਦੂਰ ਜਦੋਂ ਮਜ਼ਦੂਰੀ ਵਧਾਉਣ ਲਈ ਮੰਗ ਕਰਦੇ ਹਨ ਤਾਂ ਉਸ ਵੇਲੇ ਇਹ ਮਸਲੇ ਉਠਦੇ ਹਨ। ਉਸ ਵੇਲੇ ਇਨ੍ਹਾਂ ਤੇ ਐਟਰੋਸਿਟੀਜ਼ ਔਰ ਇਨ੍ਹਾਂ ਦੀ ਹਰਾਸਮੈਂਟ ਹੁੰਦੀ ਹੈ। ਲੇਕਿਨ ਪੰਜਾਬ ਸਰਕਾਰ ਨੇ ਇੰਡਸਟ੍ਰੀਅਲ ਵਰਕਰਜ਼ ਲਈ ਔਰ ਐਗਰੀਕਲਚਰਲ ਲੇਬਰ ਲਈ ਪੰਜਾਬ ਸਰਕਾਰ ਨੇ ਕਾਫੀ ਉਪਰਾਲੇ ਕੀਤੇ ਹਨ ਔਰ ਮਜ਼ਦੂਰਾਂ ਨੂੰ ਹਰੀਜਨਾਂ ਨੂੰ ਆਪਣੇ ਮੁਕੱਦਮੇਂ ਲੜਣ ਲਈ ਲੀਗਲ ਏਡ ਦਿੱਤੀ ਜਾਂਦੀ ਹੈ। ਇਸ ਰਿਪੋਰਟ ਦੇ ਸਫਾ 133 ਤੇ ਇਨ੍ਹਾਂ ਦਾ ਜਿਸ ਵੇਲੇ ਰਾਜ

Original with;
Punjab Vidhan Sabha
Digitized by;
Panjab Digital Library

ਸੀ ਜਿਹੜੀਆਂ ਗੌਰਮਿੰਟ ਆਫ ਇੰਡੀਆ ਦੀਆਂ ਸਕੀਮਾਂ ਹਨ ਜੋ ਸੈਂਟ੍ਰਲੀ ਸਪਾਂਸਰਡ ਸਕੀਮਾਂ ਹਨ ਇਨ੍ਹਾਂ ਦੇ ਵੇਲੇ ਉਨ੍ਹਾਂ ਸਕੀਮਾਂ ਤੇ ਇੱਕ ਪੈਸਾ ਵੀ ਖਰਚ ਨਹੀਂ ਕੀਤਾ ਗਿਆ। ਸਫਾ-133 ਤੇ ਇਸ ਬਾਰੇ ਜ਼ਿਕਰ ਹੈ। ਇਹ ਮੇਰੇ ਸਾਥੀ ਬੋਲਦੇ ਰਹੇ ਹਨ ਪਰ ਇਨ੍ਹਾਂ ਨੇ ਇਸ ਬਾਰੇ ਕੋਈ ਗਲ ਨਹੀਂ ਕੀਤੀ। ਜਿਸ ਦਿਨ ਦਾ ਅਸੰਬਲੀ ਸੈਸ਼ਨ ਲਗਾ ਹੈ ਉਸ ਦਿਨ ਤੋਂ ਇਹ ਇਕੋ ਬੋਲੀ ਬੋਲਦੇ ਜਾ ਰਹੇ ਹਨ। ਮੈਨੂੰ ਅਫਸੋਸ ਹੈ ਕਿ ਜਦੋਂ ਇਹ ਮਸਲਾ ਹਾਊਸ ਵਿਚ ਪੇਸ਼ ਹੁੰਦਾ ਹੈ ਤਾਂ ਇਹ ਮੇਰੇ ਸਾਥੀ ਇਧਰ ਦੇ ਔਰ ਉਧਰ ਦੇ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਇਥੇ ਹਾਊਸ ਵਿਚ ਬੈਠਣਾ ਵੀ ਪਸੰਦ ਨਹੀਂ ਕਰਦੇ। ਅਗਰ ਕੋਈ ਇਨ੍ਹਾਂ ਦਾ ਮੈਂਬਰ ਬੋਲਦਾ ਵੀ ਹੈ ਤਾਂ ਉਹ ਇਸ ਰਿਪੋਰਟ ਦਾ ਸਹਾਰਾ ਲੈ ਕੇ ਬੋਲਦਾ ਕੁਝ ਹੋਰ ਹੈ ਕਦੇ ਆਨੰਦਪੁਰ ਸਾਹਿਬ ਦੇ ਰੈਜ਼ੋਲੂਸ਼ਨ ਦੇ ਬਾਰੇ ਵਿਚ ਗਲਾਂ ਕਰਦਾ ਹੈ ਔਰ ਕਦੇ ਰੇਪ ਦੀਆਂ ਗਲਾਂ ਸ਼ੁਰੂ ਕਰ ਦਿੰਦਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਲੋਕਾਂ ਨੇ ਚੁਣ ਕੇ ਇਥੇ ਭੇਜਿਆ ਹੈ ਇਸ ਲਈ ਸਾਨੂੰ ਇਥੇ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਗਲਾਂ ਇਥੇ ਕਰਨੀਆਂ ਚਾਹੀਦੀਆਂ ਹਨ। ਔਰ ਸਰਕਾਰ ਨੂੰ ਇਸ ਲਈ ਚੰਗੇ ਸੁਝਾਉ ਦੇਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਆਪੋਜ਼ੀਸ਼ਨ ਦਾ ਕੰਮ ਹੈ ਨੁਕਤਾਚੀਨੀ ਕਰਨਾ ਲੇਕਿਨ ਇਹ ਕੰਸਟ੍ਰਕਟਿਵ ਢੰਗ ਨਾਲ ਹੋਣੀ ਚਾਹੀਦੀ ਹੈ। ਪਾਂਧੀ ਹਮੇਸ਼ਾ ਇਹੀ ਕਹੀ ਜਾਂਦਾ ਹੈ ਕਿ ਸਭ ਕੁਝ ਖਤਮ ਹੋ ਗਿਆ ਔਰ ਕੁਝ ਹੈ ਹੀ ਨਹੀਂ। ਇਹ ਨੈਗੇਟਿਵ ਪਾਸੇ ਦੀਆਂ ਗਲਾਂ ਕਰਦੇ ਰਹਿੰਦੇ ਹਨ ਜੋ ਕਿ ਚੰਗੀ ਗਲ ਨਹੀਂ ਹੈ। ਸੀ.ਐਮ. ਸਾਹਿਬ ਬੈਠੇ ਹਨ, ਮੈਂ ਸਮਝਦਾ ਹਾਂ ਕਿ ਇਥੇ ਇਨ੍ਹਾਂ ਲਈ ਬਹੁਤ ਅੱਛਾ ਕੰਮ ਹੋ ਰਿਹਾ ਹੈ। ਪਰ ਫਿਰ ਵੀ ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਜੋ ਇਨ੍ਹਾਂ ਲਈ ਕਮੀਆਂ ਰਹਿ ਗਈਆਂ ਹਨ ਉਨ੍ਹਾਂ ਬਾਰੇ ਕਹਿਣਾ ਚਾਹਵਾਂਗਾ। ਪਿਛਲੇ ਸੈਸ਼ਨ ਵਿਚ ਵੀ ਮੈਂ ਇਨ੍ਹਾਂ ਦਾ ਧਿਆਨ ਇਨ੍ਹਾਂ ਕਮੀਆਂ ਵਲ ਦਿਵਾਇਆ ਸੀ ਔਰ ਹੁਣ ਵੀ ਲਿਖ ਕੇ ਦਿੱਤਾ ਹੈ। ਉਹ ਮਸਲਾ ਹੈ ਇਹ ਕਿਤਾਬ ਛਪੀ ਹੋਈ ਹੈ ਔਰ ਇਹ ਪੰਜਾਬ ਗੌਰਮਿੰਟ ਦਾ ਕੰਪੇਡੀਅਮ ਹੈ।

ਇਸ ਵਿਚ 160 ਲੈਟਰ/ਇੰਸਟਰੱਕਸ਼ਨਜ਼ ਹਨ ਪਰ ਇਨ੍ਹਾਂ ਦੇ ਹੁੰਦਿਆਂ ਹੋਇਆਂ ਵੀ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਜਿਹੜੇ ਸਾਡੇ ਅਫਸਰ ਹਨ ਉਹ ਆਪਣੀ ਆਪਣੀ ਇਸ ਵਿਚ ਇੰਟਰਪ੍ਰੈਟੇਸ਼ਨ ਕੱਢਦੇ ਰਹੇ ਹਨ। ਉਹ ਆਪਣੇ ਆਪਣੇ ਢੰਗ ਨਾਲ ਇਸ ਦੀ ਇੰਟਰਪ੍ਰੈਟੇਸ਼ਨ ਕੱਢਦੇ ਹਨ। ਸੀ. ਐਮ. ਸਾਹਿਬ ਬੈਠੇ ਹਨ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਦੇ ਹੱਲ ਲਈ ਇਕ ਐਕਟ ਬਣਾ ਦੇਣਾ ਚਾਹੀਦਾ ਹੈ। ਇਸ ਬਾਰੇ ਸਰਦਾਰ ਸ਼ਮਸ਼ੇਰ ਸਿੰਘ ਦੁਲੋ ਨੇ ਵੀ ਕਿਹਾ ਸੀ। ਇਹ ਗੱਲ ਮੇਰੇ ਵੀ ਧਿਆਨ ਵਿਚ ਆਈ ਹੈ। ਇਸ ਲਈ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸੀ, ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਆਉਣ ਵਾਲੇ ਚਾਰ ਛੇ ਦਿਨਾਂ ਵਿਚ ਇਸ ਬਾਰੇ ਕੁਝ ਕਰਨ। ਸਾਨੂੰ ਪਤਾ ਲੱਗਾ ਹੈ ਕਿ ਰਿਜ਼ਰਵੇਸ਼ਨ ਇਨ ਪਰਮੋਸ਼ਨ ਜਿਹੜੀ ਹੈ ਉਸ ਨੂੰ ਖਤਮ ਕਰਨ ਬਾਰੇ ਸੋਚ ਵਿਚਾਰ ਕੀਤੀ ਜਾ ਰਹੀ ਹੈ। ਇਸ ਲਈ ਮੈਂ ਕਹਾਂਗਾ ਕਿ ਸੀ.ਐਮ. ਸਾਹਿਬ ਇਸ ਬਾਰੇ ਹਾਊਸ ਨੂੰ ਭਰੋਸਾ ਦਿਵਾਉਣ। ਹਾਲਾਂ ਸਾਡੀਆਂ ਬਹੁਤ ਸਾਰੀਆਂ ਕਮੀਆਂ ਹਨ। ਕਲਾਸ ਦੋ, ਤਿੰਨ ਅਤੇ ਚਾਰ ਵਿਚ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਕੰਸਟੀਚਿਊਸ਼ਨ ਨੇ ਸਾਡੀ ਰਿਜ਼ਰਵੇਸ਼ਨ ਦਾ ਰਾਈਟ ਦਿਤਾ ਹੈ। ਪੁਲੀਟੀਕਲ ਰਿਜ਼ਰਵੇਸ਼ਨ ਜਿਹੜੀ ਹੈ ਉਹ ਤਾਂ 10 ਸਾਲਾਂ ਬਾਅਦ ਵਧ ਜਾਂਦੀ ਹੈ ਪਰ ਜਿਹੜੀ ਰਿਜ਼ਰਵੇਸ਼ਨ ਇਨ ਸਰਵਿਸ ਵਿਚ ਹੈ ਉਹ ਪੂਰੀ ਨਹੀਂ ਹੋਈ। ਜਿੰਨੀ ਦੇਰ ਅਸੀਂ ਸਮਾਜ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ[

ਦੇ ਦੂਜੇ ਵਰਗਾਂ ਦੇ ਬਰਾਬਰ ਨਹੀਂ ਆ ਜਾਂਦੇ ਉਦੋਂ ਤਕ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਇਸ ਰਿਜ਼ਰਵੇਸ਼ਨ ਨੂੰ ਪੂਰਾ ਕੀਤਾ ਜਾਵੇ। ਇਸ ਬਾਰੇ ਐਕਟ ਬਣਨਾ ਚਾਹੀਦਾ ਹੈ। ਇਸ ਲਈ ਮੈਂ ਕਹਾਂਗਾ ਕਿ ਸੀ.ਐਮ. ਸਾਹਿਬ ਅੱਜ ਹੀ ਐਲਾਨ ਕਰਨ ਕਿ ਅਸੀਂ ਐਕਟ ਬਣਾ ਰਹੇ ਹਾਂ।

ਮੈਂ ਹੁਣ ਇਨਕਮ ਦੀ ਜਿਹੜੀ ਸੀਲਿੰਗ ਹੈ ਉਸ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਜਿਹੜੀ 3600 ਰੁਪਏ ਦੀ ਇਨਕਮ ਦੀ ਸੀਲਿੰਗ ਰਖੀ ਹੈ ਕਿ ਇਤਨੀ ਇਨਕਮ ਤਕ ਸਬਸਿਡੀ ਦੇਣੀ ਹੈ, ਚੇਅਰਮੈਨ ਸਾਹਿਬ, ਇਹ 3600 ਰੁਪਏ ਦੀ ਆਮਦਨ ਘੱਟ ਹੈ। ਇਸ ਨੂੰ ਵਧਾਕੇ 6000 ਰੁਪਏ ਕਰ ਦੇਣਾ ਚਾਹੀਦਾ ਹੈ। ਇਹ ਜਿਹੜਾ ਕੀਤਾ ਗਿਆ ਹੈ ਕਿ ਜਿਸ ਦੀ ਆਮਦਨ 6000 ਰੁਪਏ ਹੋਵੇਗੀ ਉਸ ਦੇ ਬੱਚੇ ਨੂੰ ਵਜ਼ੀਫਾ ਮਿਲੇਗਾ ਅਤੇ ਜਿਸ ਦੀ ਆਮਦਨ 6000 ਰੁਪਏ ਤੋਂ ਘੱਟ ਹੋਵੇਗੀ ਉਸ ਦੇ ਬੱਚੇ ਦੀ ਫੀਸ ਮੁਆਫ ਹੋਵੇਗੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਆਮਦਨ ਦੀ ਸੀਲਿੰਗ ਹੈ ਇਹ 15000 ਰੁਪਏ ਕਰ ਦੇਣੀ ਚਾਹੀਦੀ ਹੈ। ਗੌਰਮਿੰਟ ਆਫ ਇੰਡੀਆ ਨੇ 15000 ਰੁਪਏ ਦੀ ਇਨਕਮ ਤੱਕ ਇਨਕਮ ਟੈਕਸ ਦੀ ਛੋਟ ਦਿਤੀ ਹੋਈ ਹੈ। ਇਸ ਲਈ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡੇ ਵੀ ਇਥੇ ਇਹ ਲਿਮਿਟ 15000 ਰੁਪਏ ਤਕ ਕਰ ਦਿੱਤੀ ਜਾਵੇ ਤਾਂਕਿ ਗਰੀਬਾਂ ਦੇ ਬੱਚੇ ਪੂਰੀ ਸਹੂਲਤ ਲੈ ਸਕਣ। ਇਹ ਸਾਡਾ ਕੰਸਟੀਚਿਊਸ਼ਨਲ ਹੱਕ ਹੈ, ਇਹ ਸਾਡਾ ਬਰਥ ਰਾਈਟ ਹੈ ਤਾਂ ਹੀ ਅਸੀਂ ਸਮਾਜ ਦੇ ਦੂਜੇ ਲੋਕਾਂ ਦੇ ਬਰਾਬਰ ਆ ਸਕਾਂਗੇ। ਐਨਾ ਕੁਝ ਕਹਿੰਦਾ ਹੋਇਆ, ਚੇਅਰਮਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਵਕਤ ਦਿਤਾ ਹੈ।

ਸ਼੍ਰੀ ਸਭਾਪਤੀ : ਹਾਂ ਜੀ, ਬਰਾੜ ਸਾਹਿਬ, ਤੁਸੀਂ ਬੋਲੋ।

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਮੈਂ ਬੋਲਣਾ ਹੈ। ਮੈਨੂੰ ਟਾਈਮ ਦਿਓ।

ਸ਼੍ਰੀ ਸਭਾਪਤੀ: ਤੁਹਾਡਾ ਟਾਈਮ ਹੋ ਗਿਆ ਹੈ। ਤੁਹਾਨੂੰ ਟਾਈਮ ਮਿਲ ਚੁੱਕਾ ਹੈ।

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਹ ਫੈਸਲਾ ਹੋਇਆ ਸੀ ਕਿ ਪਹਿਲਾਂ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਦੀ ਰਿਪੋਰਟ ਤੇ ਬਹਿਸ ਹੋਵੇਗੀ ਅਤੇ ਫਿਰ ਬਿਜਲੀ ਬੋਰਡ ਦੀ ਰਿਪੋਰਟ ਤੇ ਬਹਿਸ ਹੋਵੇਗੀ।

ਸ਼੍ਰੀ ਸਭਾਪਤੀ : ਇਹ ਦੋਨੋਂ ਰਿਪੋਰਟਸ ਇਕੱਠੀਆਂ ਡਿਸਕੱਸ ਹੋ ਰਹੀਆਂ ਹਨ। ਤੁਸੀਂ ਬੈਠੋ।

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦੀ ਰਿਪੋਰਟ ਤੇ ਡਿਸਕੱਸ਼ਨ ਵਾਸਤੇ ਮੌਕਾ ਦਿਤਾ ਹੈ। ਇਹ ਗਲ ਹਾਊਸ ਦੇ ਕਿਸੇ ਵੀ ਮੈਂਬਰ ਦੀ ਜਾਣਕਾਰੀ ਤੋਂ ਬਾਹਿਰ ਨਹੀਂ ਕਿ ਪੰਜਾਬ ਸਰਕਾਰ ਪਾਵਰ ਨੂੰ ਪਰਮਅਰੋਤ ਦੇ ਰਹੀ ਹੈ। ਸਾਡੀ ਐਨੁਅਲ ਪਲਾਨ ਵਿਚ 50% ਬੱਜਟ ਸਿਰਫ ਪਾਵਰ ਵਾਸਤੇ ਰੱਖਿਆ ਗਿਆ ਹੈ। ਐਗਰੀਕਲਚਰ ਵਾਸਤੇ, ਇੰਡਸਟਰੀ ਵਾਸਤੇ ਈਵਨ ਲੋਕਾਂ ਦੇ ਆਮ ਜੀਵਨ ਵਾਸਤੇ ਪਾਵਰ ਬੜੀ ਜ਼ਰੂਰੀ ਹੈ। ਇਨ੍ਹਾਂ ਗਲਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਨੇ, ਸਾਡੇ ਮੁੱਖ ਮੰਤਰੀ ਜੀ ਨੇ 50% ਬੱਜਟ ਬਿਜਲੀ ਤੇ ਲਾਇਆ ਹੈ। ਜਿਸ ਤਰੀਕੇ ਨਾਲ ਸਾਡੇ ਸੀ. ਐਮ. ਸਾਹਿਬ ਦਿਲਚਸਪੀ ਲੈ ਰਹੇ ਹਨ, ਉਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ। ਪਿਛਲੇ ਸਾਲ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਰੋਪੜ ਵਿਚ ਥਰਮਲ ਪਲਾਂਟ ਦਾ

Original with;
Punjab Vidhan Sabha
Digitized by;
Panjab Digital Library

ਨੀਂਹ ਪੱਥਰ ਰਖਿਆ। ਉਥੇ ਦਿਨ ਰਾਤ ਕੰਮ ਚਲ ਰਿਹਾ ਹੈ। ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟ ਤੇ ਕੰਮ ਬੜੇ ਜ਼ੋਰ ਨਾਲ ਚਲ ਰਿਹਾ ਹੈ। ਸੀ.ਐਮ. ਸਾਹਿਬ ਇਸ ਕੰਮ ਦੇ ਪਿੱਛੇ ਬੜੇ ਜ਼ੋਰ ਨਾਲ ਲਗੇ ਹੋਏ ਹਨ। ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਜੁਲਾਈ, 1982 ਵਿਚ ਚਲਾਉਣ ਵਾਸਤੇ ਉਨ੍ਹਾਂ ਨੇ ਐਲਾਨ ਕੀਤਾ ਹੈ। ਸਾਨੂੰ ਪੂਰੀ ਆਸ ਹੈ ਕਿ ਉਹ ਟਾਈਮ ਨਾਲ ਚਾਲੂ ਹੋ ਜਾਵੇਗਾ। ਸੀ.ਐਮ ਸਾਹਿਬ ਸਟਾਫ ਨੂੰ ਵੀ ਸਰਪਰਾਈਜ਼ ਵਿਜ਼ਿਟ ਕਰਦੇ ਹਨ। ਸਾਨੂੰ ਆਸ ਹੈ ਕਿ ਉਹ ਜਲਦੀ ਤੋਂ ਜਲਦੀ ਸ਼ਡਿਊਲ ਦੇ ਮੁਤਾਬਿਕ ਉਸ ਨੂੰ ਚਾਲੂ ਕੀਤਾ ਜਾਵੇਗਾ। ਜਿਹੜੀਆਂ ਸਕੀਮਾਂ ਜਾਂ ਪ੍ਰਾਜੈਕਟ ਕੁਝ ਲੇਟ ਚੱਲਣੇ ਸਨ ਉਨ੍ਹਾਂ ਨੂੰ ਵੀ ਛੇ ਮਹੀਨੇ ਅਗੋਂ ਚਲਾਉਣ ਲਈ ਡਾਇਰੈਕਸ਼ਨ ਦੇ ਦਿੱਤੀ ਹੈ। ਬਿਜਲੀ ਦੀ ਘਾਟ ਨਾਲ ਸਾਡੀ ਇੰਡਸਟਰੀ ਤੇ ਅਸਰ ਪੈਂਦਾ ਹੈ। ਬਿਜਲੀ ਦੀ ਘਾਟ ਨਾਲ ਖੇਤੀਬਾੜੀ ਤੇ ਅਸਰ ਪੈਂਦਾ ਹੈ। ਪਰ ਸੀ.ਐਮ. ਸਾਹਿਬ ਦੇਖ ਲੈਂਦੇ ਹਨ ਕਿ ਬਿਜਲੀ ਦੀ ਕਿਸ ਖੇਤਰ ਵਿਚ ਇਸ ਵੇਲੇ ਜ਼ਿਆਦਾ ਜ਼ਰੂਰਤ ਹੈ। ਪਿਛੇ ਜਦੋਂ ਝੋਨੇ ਦੀ ਫਸਲ ਲਈ ਬਿਜਲੀ ਦੀ ਜ਼ਿਆਦਾ ਲੋੜ ਸੀ ਤਾਂ ਉਸ ਵੇਲੇ ਇੰਡਸਟਰੀ ਵਲੋਂ ਬਿਜਲੀ ਦੀ ਸਪਲਾਈ ਘੱਟ ਕਰਕੇ ਐਗਰੀਕਲਚਰ ਵਾਲੇ ਪਾਸੇ ਬਿਜਲੀ 12 ਘੰਟੇ ਸਪਲਾਈ ਕੀਤੀ। ਇਨ੍ਹਾਂ ਨੇ ਇਸ ਬਾਰੇ ਬਿਜਲੀ ਬੋਰਡ ਨੂੰ ਇੰਸਟਰੱਕਸ਼ਨਜ਼ ਜਾਰੀ ਕਰ ਦਿੱਤੀਆਂ, ਇਥੋਂ ਤਕ ਹੀ ਨਹੀਂ ਡਿਸਟ੍ਰਿਕਟ ਅਥਾਰਿਟੀਜ਼ ਨੂੰ ਵੀ ਇੰਸਟਰੱਕਸ਼ਨਜ਼ ਦੇ ਦਿੱਤੀਆਂ ਕਿ ਤੁਸੀਂ ਰਿਪੋਰਟ ਕਰੋ ਕਿ ਫਾਰਮਰਜ਼ ਨੂੰ 12 ਘੰਟੇ ਐਸ਼ੋਰਡ ਬਿਜਲੀ ਮਿਲਦੀ ਹੈ ਜਾਂ ਨਹੀਂ। ਪਰ ਜਦੋਂ ਬਿਜਲੀ ਦੀ ਐਗਰੀਕਲਚਰ ਵਾਲੇ ਪਾਸੇ ਲੋੜ ਨਹੀਂ ਹੁੰਦੀ ਤਾਂ ਇਸ ਪਾਸੇ ਤੋਂ ਇੰਡਸਟਰੀ ਨੂੰ ਜ਼ਿਆਦਾ ਬਿਜਲੀ ਦੀ ਸਪਲਾਈ ਕੀਤੀ ਜਾਂਦੀ ਹੈ। ਸੀ.ਐਮ. ਸਾਹਿਬ ਇਸ ਗਲ ਦਾ ਬਹੁਤ ਧਿਆਨ ਰਖਦੇ ਹਨ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਸੈਂਟਰ ਵਿਚ ਜਾ ਕੇ ਇਥੇ ਅਟਾਮਿਕ ਪਲਾਂਟ ਲਾਉਣ ਬਾਰੇ ਕੋਸ਼ਿਸ਼ ਕਰਨ। ਮੈਨੂੰ ਆਸ ਹੈ ਕਿ ਉਹ ਇਸ ਵਿਚ ਜ਼ਰੂਰ ਕਾਮਯਾਬ ਹੋਣਗੇ। ਮੈਂ ਦੱਸਦਾ ਹਾਂ ਕਿ ਅਸੀਂ ਬੰਬਈ ਟ੍ਰਿਪ ਤੇ ਗਏ ਸੀ। ਅਸੀਂ ਉਥੇ ਅਟਾਮਿਕ ਪਲਾਂਟ ਲਗਿਆ ਹੋਇਆ ਦੇਖਿਆ। ਅਸੀਂ ਬਿਜਲੀ ਬਾਰੇ ਉਥੇ ਉਨ੍ਹਾਂ ਨੂੰ ਪੁੱਛਿਆ। ਉਨ੍ਹਾਂ ਨੇ ਸਾਨੂੰ ਕਿਹਾ ਕਿ ਸਾਡੇ 8 ਸਾਲਾਂ ਵਿਚ ਕਦੇ ਲੋਕਲ ਬਿਜਲੀ ਬੰਦ ਨਹੀਂ ਹੋਈ। ਜੇ ਇਥੇ ਵੀ ਅਟਾਮਿਕ ਪਲਾਂਟ ਲਗ ਜਾਵੇ ਤਾਂ ਉਸ ਦੇ ਨਾਲ ਐਗਰੀਕਲਚਰ ਨੂੰ, ਇੰਡਸਟਰੀ ਨੂੰ ਬਿਜਲੀ ਪੂਰੀ ਮਿਲੇਗੀ ਅਤੇ ਐਗਰੀਕਲਚਰ ਦੀ ਅਤੇ ਇੰਡਸਟਰੀ ਦੀ ਉਨਤੀ ਹੋਵੇਗੀ। ਇਸ ਖਰੜੇ ਵਿਚ ਮਾਈਕਰੋ ਹਾਈਡਲ ਦੇ ਬਾਰੇ ਵੀ ਲਿਖਿਆ ਹੈ, ਇਸ ਨੂੰ ਲਾਉਣ ਬਾਰੇ ਜ਼ੋਰ ਦਿਤਾ ਜਾਵੇਗਾ।

ਬਿਜਲੀ ਦੀ ਚੋਰੀ ਹੁੰਦੀ ਹੈ। ਇਸ ਬਾਰੇ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਬਿਜਲੀ ਬੋਰਡ ਦਾ ਜਿਹੜਾ ਚੇਅਰਮੈਨ ਲਗਾਇਆ ਹੈ ਉਸ ਨੇ ਪਹਿਲਾਂ ਦਿੱਲੀ ਵਿਚ ਧਾਕ ਜਮਾਈ ਹੋਈ ਸੀ। ਉਸ ਨੇ ਉਥੇ ਬਹੁਤ ਅੱਛਾ ਕੰਮ ਕੀਤਾ। ਉਸ ਨੂੰ ਇਨ੍ਹਾਂ ਨੇ ਇਥੇ ਲੈ ਆਂਦਾ ਹੈ। ਉਹ ਬਹੁਤ ਯਤਨ ਕਰਦਾ ਹੈ। ਪਰ ਥੱਲੇ ਦੇ ਸਟਾਫ ਦੀ ਕੁਨਾਈਵੈਂਸ ਨਾਲ ਕਈ ਜਗ੍ਹਾ ਇੰਡਸਟਰੀਅਲਿਸਟਸ ਚੋਰੀ ਕਰਦੇ ਹਨ। ਇਕੱਲੀ ਇੰਡਸਟਰੀ ਵਿਚ ਹੀ ਬਿਜਲੀ ਦੀ ਚੋਰੀ ਨਹੀਂ ਹੁੰਦੀ ਐਗਰੀਕਲਚਰ ਸੈਕਟਰ ਵਿਚ ਵੀ ਇਸ ਦੀ ਚੋਰੀ ਹੁੰਦੀ ਹੈ। ਜਿਸ ਨੇ 3 ਹਾਰਸ ਪਾਵਰ ਦੀ ਮੋਟਰ ਦੀ ਮਨਜ਼ੂਰੀ ਲਈ ਹੁੰਦੀ ਹੈ ਉਹ 5 ਹਾਰਸ ਪਾਵਰ ਦੀ ਮੋਟਰ ਲਗਾ ਲੈਂਦਾ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਬਾਰੇ ਜਿਹੜਾ ਵੀ ਲੋਕਲ ਸਟਾਫ ਫੜਿਆ ਜਾਵੇ। ਉਸ ਦੀ ਐਕਸਪਲੇਨੇਸ਼ਨ ਹੋਣੀ ਚਾਹੀਦੀ ਹੈ ਕਿ ਚੋਰੀ ਕਿਉ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਹੋਈ ਹੈ। ਲੋਕਲ ਕੁਨਾਈਵੈਂਸ ਤੋਂ ਬਿਨਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਚੋਰੀ ਨਹੀਂ ਹੋ ਸਕਦੀ। ਇਸ ਨੂੰ ਸਖਤੀ ਨਾਲ ਰੋਕਿਆ ਜਾਵੇ। ਜਿਹੜੇ ਟਰਾਂਸਮਿਸ਼ਨ ਲਾਸਿਜ਼ ਹੁੰਦੇ ਹਨ ਲਾਈਨਾਂ ਦੇ ਉਨ੍ਹਾਂ ਨੂੰ ਸਖਤੀ ਨਾਲ ਰੋਕਿਆ ਜਾਵੇ।

ਮੈਂ ਇਸ ਦੀ ਐਡਮਨਿਸਟਰੇਸ਼ਨ ਦੇ ਬਾਰੇ ਬੇਨਤੀ ਕਰਾਂਗਾ ਕਿ ਇਸ ਦੇ ਸਟਾਫ ਵਿਚ ਡਿਸ-ਕੰਟੈਂਟਮੈਂਟ ਹੈ। ਟੈਕਨੋਕਰੈਟਸ ਅਤੇ ਬਿਊਰੋਕਰੈਟਸ ਦੀ ਆਪਸ ਵਿਚ ਟੱਕਰ ਹੈ। (ਵਿਘਨ) ਉਹ ਕਹਿੰਦੇ ਹਨ ਕਿ ਸਾਡੇ 3 ਟੈਕਨੀਕਲ ਮੈਂਬਰ ਹੋਣੇ ਚਾਹੀਦੇ ਹਨ। ਇਸ ਵੇਲੇ ਉਥੇ ਆਈ. ਏ. ਐਸ. ਅਫਸਰ ਮੈਂਬਰ ਲਗੇ ਹੋਏ ਹਨ। ਮੇਰਾ ਖਿਆਲ ਹੈ ਕਿ ਤੁਹਾਨੂੰ ਉਨ੍ਹਾਂ ਦਾ ਡੈਪੂਟੇਸ਼ਨ ਵੀ ਮਿਲਿਆ ਹੋਵੇਗਾ। ਤੁਸੀਂ ਕੋਸ਼ਿਸ਼ ਕਰਕੇ ਇਸ ਮਸਲੇ ਨੂੰ ਸੁਲਝਾਉ। ਤੁਸੀਂ 3 ਟੈਕਨੀਕਲ ਮੈਂਬਰ ਲਗਾ ਦਿਓ। ਉਨ੍ਹਾਂ ਨੂੰ 6 ਮਹੀਨੇ ਦਾ ਟਾਈਮ ਦਿਓ ਜਾਂ 1 ਸਾਲ ਦਾ ਟਾਈਮ ਦਿਓ ਅਤੇ ਉਨ੍ਹਾਂ ਨੂੰ ਕਹੋ ਕਿ ਤੁਸੀਂ ਪਰੋਡੱਕਸ਼ਨ ਵਧਾਓ। ਜੇ ਉਹ ਪਰੋਡੱਕਸ਼ਨ ਨਹੀਂ ਵਧਾਉਂਦੇ ਤਾਂ ਫਿਰ ਉਨ੍ਹਾਂ ਨੂੰ ਰਿਵਰਟ ਕਰ ਦਿਓ।

In the Annual Plan of 1982-83, it is mentioned on page 64 that the State would continue to be in the grip of a Power famine throughout the Sixth Plan.

ਤੁਸੀਂ ਬਹੁਤ ਕੋਸ਼ਿਸ਼ਾਂ ਕਰ ਰਹੇ ਹੋ ਅੱਰ ਜੋ ਡਰ ਹੈ ਬਿਜਲੀ ਦੀ ਸ਼ਾਰਟੇਜ ਦਾ ਜਿਸ ਹਿੰਮਤ ਨਾਲ ਤੁਸੀਂ ਲਗੇ ਹੋਏ ਹੋ ਮੈਨੂੰ ਉਮੀਦ ਹੈ ਕਿ ਤੁਸੀਂ ਇਸ ਸ਼ਾਰਟੇਜ ਨੂੰ ਦੂਰ ਕਰੋਗੇ। ਜੋ ਲਾਸਿਜ਼ ਹੁੰਦੇ ਹਨ ਉਨ੍ਹਾਂ ਨੂੰ ਘਟਾਉਣ ਦਾ ਯਤਨ ਕਰੋ। ਜਿਹੜੇ ਬਿਜਲੀ ਬੋਰਡ ਦੇ ਪ੍ਰਬੰਧਕ ਹਨ ਉ ਨ੍ਹਾਂ ਨੂੰ ਵੀ ਮੈਂ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਸਾਡੀ ਸਰਕਾਰ ਉਤਸ਼ਾਹ ਨਾਲ ਕੰਮ ਕਰ ਰਹੀ ਹੈ ਉਹ ਵੀ ਪੂਰੇ ਉਤਸ਼ਾਹ ਤੇ ਲਗਨ ਨਾਲ ਕੰਮ ਕਰਨਗੇ ਤਾਂਕਿ ਜਿਹੜੀ ਬਿਜਲੀ ਦੀ ਘਾਟ ਹੈ ਉਸ ਨੂੰ ਅਸੀਂ ਪੂਰਾ ਕਰ ਸਕੀਏ। ਇਨ੍ਹਾਂ ਸ਼ਬਦਾਂ ਨਾਲ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਸੁਰਿੰਦਰ ਕਪੂਰ (ਬਠਿੰਡਾ) : ਚੇਅਰਮੈਨ ਸਾਹਿਬ, ਮੈਂ ਐਡਮਨਿਸਟਰੇਸ਼ਨ ਰਿਪੋਰਟ ਆਫ਼ ਦੀ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਫਾਰ ਦੀ ਈਅਰ 1980–81 ਤੇ ਬੋਲਣ ਲਈ ਖੜ੍ਹਾ ਹੋਇਆ ਹਾਂ।

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਇਨ੍ਹਾਂ ਤੋਂ ਬਾਅਦ ਸਾਨੂੰ ਟਾਈਮ ਮਿਲੇਗਾ।

ਸ਼੍ਰੀ ਸਭਾਪਤੀ : ਦੇਖਾਂਗੇ। ਤੁਹਾਨੂੰ 6 ਮਿੰਟ ਮਿਲੇ ਸੀ ਅਤੇ ਤੁਸੀਂ 10 ਮਿੰਟ ਲੈ ਚੁੱਕੇ ਹੋ।

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਮੈਂ ਮੂਵਰ ਵੀ ਹਾਂ। ਬੀ.ਏ.ਸੀ. ਵਿੱਚ ਫੈਸਲਾ ਹੋਇਆ ਸੀ। ਸਾਡੀ ਪਾਰਟੀ ਵਿੱਚੋਂ ਕਾਮਰੇਡ ਬੂਟਾ ਸਿੰਘ ਨੇ ਵੀ ਬੋਲਣਾ ਹੈ।

ਸ਼੍ਰੀ ਸਭਾਪਤੀ : ਅੱਛਾ ਬੈਠੋ, ਦੋ ਮਿੰਟ ਦੇ ਦਿਆਂਗੇ।

ਸ਼੍ਰੀ ਸੁਰਿੰਦਰ ਕਪੂਰ : ਚੇਅਰਮੈਨ ਸਾਹਿਬ, ਅੱਜ ਬਿਜਲੀ ਦੀ ਇਤਨੀ ਸਾਡੀ ਜ਼ਰੂਰਤ ਵੱਧ ਚੁੱਕੀ ਹੈ ਕਿ ਇਸ ਦੇ ਉਤਪਾਦਨ ਵਾਸਤੇ ਜ਼ਿਆਦਾ ਜ਼ੋਰ ਦੇਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਹੈ। ਇਸੇ ਵਾਸਤੇ ਸਾਡੇ ਐਨੂਅਲ ਪਲਾਨ ਦੇ ਵਿੱਚ ਸਰਦਾਰ ਦਰਬਾਰਾ ਸਿੰਘ ਜੀ, ਮੁੱਖ ਮੰਤਰੀ ਪੰਜਾਬ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਬਿਜਲੀ ਦੇ ਉਤਪਾਦਨ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਹੈ। ਜੋ ਸਾਡਾ ਐਨੂਅਲ ਪਲੈਨ ਹੈ ਇਸ ਦੇ 385 ਕਰੋੜ ਰੁਪਏ ਦੇ ਵਿਚੋਂ ਤਕਰੀਬਨ 189 ਕਰੋੜ ਰੁਪਿਆ ਬਿਜਲੀ ਦੇ ਉਤਪਾਦਨ ਵਾਸਤੇ ਰਖਿਆ ਗਿਆ ਹੈ। ਸਾਡੀ ਪਲੈਨਿੰਗ ਦਾ ਬਹੁਤਾ ਹਿੱਸਾ ਬਿਜਲੀ ਦੀ ਪ੍ਰੋਡਕਸ਼ਨ ਵਾਸਤੇ ਰਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਜੇ ਇਸ ਐਨੂਅਲ ਪਲੈਨ ਨੂੰ ਅਗਰ ਪਾਵਰ ਪਲੈਨ ਕਿਹਾ ਜਾਵੇ ਤਾਂ ਜ਼ਿਆਦਾ ਅੱਛਾ ਹੈ। ਚੇਅਰਮੈਨ ਸਾਹਿਬ, ਸਾਡੇ ਪੰਜਾਬ ਦੇ ਵਿੱਚ ਐਗਰੀਕਲਚਰ ਔਰ ਇੰਡਸਟਰੀ ਦੋਨਾਂ ਨੂੰ ਇਕ ਪਹੀਏ ਵਿੱਚ ਲਿਜਾਣ ਵਾਸਤੇ ਪਾਵਰ ਦੀ ਬਹੁਤ ਜ਼ਰੂਰਤ ਹੈ। ਪਿਛਲੇ ਦਿਨਾਂ ਵਿਚ ਤੁਸੀਂ ਦੇਖਿਆ ਹੋਣਾ ਹੈ ਕਿ ਐਗਰੀਕਲਚਰ ਨੂੰ ਅਹਿਮੀਅਤ ਦੇਣ ਵਾਸਤੇ ਕਿਸਾਨਾਂ ਨੂੰ ਇਸ ਸਰਕਾਰ ਨੇ ਲਗਾਤਾਰ 12 ਘੰਟੇ ਰਿਕਾਰਡ ਤੋੜ ਬਿਜਲੀ ਦਿੱਤੀ ਤਾਕਿ ਸਾਡਾ ਕਿਸਾਨ ਅਨਾਜ ਦੀ ਪੈਦਾਵਾਰ ਜ਼ਿਆਦਾ ਕਰ ਸਕੇ। ਦੂਸਰੇ ਪਾਸੇ ਜਿਹੜੀ ਇੰਡਸਟਰੀ ਸੀ ਉਸ ਤੇ ਪਾਵਰ ਕੱਟ ਲਗਾਈ ਗਈ ਲੇਕਿਨ ਫਿਰ ਵੀ ਪੰਜਾਬ ਦੇ ਇੰਡਸਟਰੀਅਲਿਸਟਸ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹਾਦਰ ਹਨ ਜਿਨ੍ਹਾਂ ਨੇ ਪਾਵਰ ਕੱਟ ਹੋਣ ਦੇ ਬਾਵਜੂਦ ਇੰਡਸਟਰੀ ਵਿੱਚ ਦਿਨ ਰਾਤ ਕੰਮ ਕਰਕੇ ਪ੍ਰੋਡੱਕਸ਼ਨ ਵਿੱਚ ਕੋਈ ਫਰਕ ਨਹੀਂ ਪੈਣ ਦਿੱਤਾ ਔਰ ਪੰਜਾਬ ਦਾ ਨਾਮ ਇੰਡਸਟਰੀ ਦੇ ਖੇਤਰ ਵਿੱਚ ਉਚਾ ਰਖਿਆ। ਜੋ ਵਿਦੇਸ਼ਾਂ ਵਿੱਚ ਮਾਲ ਭੇਜ ਕੇ ਵਿਦੇਸ਼ੀ ਮੁਦਰਾ ਹਾਸਲ ਕੀਤੀ ਜਾਂਦੀ ਹੈ ਉਹ ਉਸੇ ਤਰ੍ਹਾਂ ਵਿਦੇਸ਼ੀ ਮੁਦਰਾ ਹਾਸਲ ਕੀਤੀ। ਚੇਅਰਮੈਨ ਸਾਹਿਬ, ਜਦੋਂ 1947 ਵਿਚ ਹਿੰਦੁਸਤਾਨ ਆਜ਼ਾਦ ਹੋਇਆ ਤਾਂ ਉਸ ਵੇਲੇ ਪੰਜਾਬ ਦੇ ਅੰਦਰ 57.63 ਮੈਗਾਵਾਟ ਬਿਜਲੀ ਪੈਦਾ ਹੁੰਦੀ ਸੀ। ਉਸ ਦੇ ਬਾਅਦ ਤੁਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਪੰਜਾਬ ਨੇ ਤਰੱਕੀ ਕੀਤੀ, ਕਾਂਗਰਸ ਸਰਕਾਰ ਨੇ ਪੰਜਾਬ ਦੀ ਕਿਸ ਤਰ੍ਹਾਂ ਤਰੱਕੀ ਕੀਤੀ। ਭਾਖੜਾ ਨੰਗਲ ਡੈਮ ਬਣਾ ਕੇ, ਬਿਜਲੀ ਦੇ ਪ੍ਰੋਜੈਕਟਸ ਦਿਨ ਰਾਤ ਮਿਹਨਤ ਕਰਕੇ ਬਣਾ ਕੇ ਬਿਜਲੀ ਦੀ ਪੈਦਾਵਾਰ ਵਿੱਚ ਕਿਸ ਤਰ੍ਹਾਂ ਵਾਧਾ ਕੀਤਾ। ਸਾਡੇ ਇੰਜੀਨੀਅਰਜ਼ ਨੇ, ਮੁਲਾਜ਼ਮਾਂ ਨੇ ਕਾਂਗਰਸ ਸਰਕਾਰ ਦੀ ਚੰਗੀ ਗਾਈਡ ਲਾਈਨਜ਼ ਨਾਲ ਜੋ ਤਰੱਕੀ ਕੀਤੀ ਹੈ ਐਗਰੀਕਲਚਰ ਸੈਕਟਰ ਵਿੱਚ ਅਤੇ ਇੰਡਸਟਰੀ ਵਿੱਚ ਉਹ ਇਸ ਸਦਕਾ ਹੈ ਕਿ ਕਾਂਗਰਸ ਸਰਕਾਰ ਨੇ ਬਿਜਲੀ ਦੇ ਉਤਪਾਦਨ ਨੂੰ ਵਧਾਇਆ। ਜਿਹੜਾ ਪਹਿਲਾਂ 57.63 ਮੈਗਾਵਾਟ ਬਿਜਲੀ ਦਾ ਉਤਪਾਦਨ ਹੁੰਦਾ ਸੀ ਉਸ ਨੂੰ ਵਧਾ ਕੇ ਇਸ ਕਾਂਗਰਸ ਦੀ ਸਰਕਾਰ ਨੇ 1537 ਮੈਗਾਵਾਟ ਤਕ ਕਰ ਦਿੱਤਾ ਅਤੇ 1983-84 ਤਕ ਇਹ 2548 ਮੈਗਾਵਾਟ ਹੋਣ ਦਾ ਅਨੁਮਾਨ ਹੈ। ਮੈਂ, ਚੇਅਰਮੈਨ ਸਾਹਿਬ, ਬਠਿੰਡਾ ਥਰਮਲ ਪਲਾਂਟ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ। 1979-80 ਦੇ ਵਿੱਚ ਉਥੇ 1141 ਮਿਲੀਅਨ ਯੂਨਿਟ ਬਿਜਲੀ ਦੀ ਪ੍ਰੋਡਕਸ਼ਨ ਹੁੰਦੀ ਸੀ, ਸਾਲ 1980-81 ਵਿੱਚ 1458 ਮਿਲੀਅਨ ਯੂਨਿਟ ਹੋਈ ਅਤੇ ਸਾਲ 1981-82 ਵਿੱਚ 1600 ਮਿਲੀਅਨ ਯੂਨਿਟ ਤਕ ਬਿਜਲੀ ਦੀ ਪ੍ਰੋਡਕਸ਼ਨ ਕੀਤੀ ਗਈ। ਮੇਰੇ ਕਹਿਣ ਦਾ ਭਾਵ ਹੈ ਕਿ ਪਹਿਲਾਂ ਜੋ ਪੰਜਾਬ ਦੇ ਅੰਦਰ ਪਿਛਲੀ ਸਰਕਾਰ ਸੀ ਉਸ ਨੇ ਕੋਈ ਕੰਸਟਰੱਕਟਿਵ ਕੰਮ ਨਹੀਂ ਕੀਤਾ ਅਤੇ ਆਪਸ ਵਿੱਚ ਉਹ ਲੜਦੇ ਹੀ ਰਹਿੰਦੇ ਸਨ। ਲੇਕਿਨ ਸਾਡੀ ਕਾਂਗਰਸ ਦੀ ਸਰਕਾਰ ਜਦੋਂ ਦੀ ਆਈ ਹੈ ਉਸ ਨੇ ਕੰਸਟ੍ਰਕਟਿਵ ਕੰਮ ਕੀਤੇ ਹਨ। ਇਸ ਕਾਂਗਰਸ ਦੀ ਸਰਕਾਰ ਨੇ, ਬਿਜਲੀ ਦੇ ਉਤਪਾਦਨ ਵਿੱਚ ਵਾਧਾ ਕੀਤਾ, ਲੋਕਾਂ ਦੀ ਭਲਾਈ ਲਈ, ਇੰਡਸਟਰੀ ਦੀ ਭਲਾਈ ਲਈ ਕੰਮ ਕੀਤੇ। ਜਦ ਦੀ ਇਹ ਕਾਂਗਰਸ ਸਰਕਾਰ ਸੱਤਾ ਵਿੱਚ ਆਈ ਹੈ ਇਸ ਨੇ ਪੰਜਾਬ ਲਈ ਕੰਸਟਰੱਕਟਿਵ ਕੰਮ ਕਰਕੇ ਪੰਜਾਬ ਦੀ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ। ਚੇਅਰਮੈਨ ਸਾਹਿਬ, ਬਿਜਲੀ ਦੀ ਚੋਰੀ ਪਹਿਲਾਂ ਜੋ ਹੁੰਦੀ ਸੀ ਉਹ ਵੀ ਤੁਹਾਡੇ ਸਾਹਮਣੇ ਹੈ। 1979-

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

80 ਵਿੱਚ 22.9 ਹੁੰਦੀ ਸੀ। 1980-81 ਵਿੱਚ 20.3% ਅਤੇ 1981-82 ਵਿੱਚ ਇਹ 19% ਤਕ ਆ ਗਈ। ਇਹ ਸਭ ਕੁਝ ਤਾਂ ਹੀ ਹੋਇਆ ਹੈ ਜੇ ਇਸ ਕਾਂਗਰਸ ਸਰਕਾਰ ਦੀ ਕੰਮ ਕਰਨ ਦੀ ਨੀਅਤ ਚੰਗੀ ਸੀ। ਬਿਜਲੀ ਦੇ ਮਾਮਲੇ ਵਿੱਚ ਸਰਕਾਰ ਚਾਹੁੰਦੀ ਹੈ ਕਿ ਬਿਜਲੀ ਦਾ ਉਤਪਾਦਨ ਚੰਗਾ ਹੋਵੇ ਅਤੇ ਬਿਜਲੀ ਦੀ ਚੋਰੀ ਨੂੰ ਰੋਕਿਆ ਜਾਵੇ। ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਨੇ ਵੀ ਬੜੀ ਮਿਹਨਤ ਕੀਤੀ ਹੈ। ਜੋ ਬਰਾੜ ਸਾਹਿਬ ਨੇ ਕਿਹਾ ਹੈ ਮੈਂ ਸਮਝਦਾ ਹਾਂ ਕਿ ਠੀਕ ਕਿਹਾ ਹੈ ਕਿ ਬਿਜਲੀ ਬੋਰਡ ਦੇ ਵਿੱਚ ਟੈਕਨੋਕਰੇਟਸ ਹੋਣੇ ਚਾਹੀਦੇ ਹਨ। ਆਈ.ਏ ਐਸ. ਦਾ ਅਤੇ ਟੈਕਨੋਕਰੇਟਸ ਦਾ ਟਕਰਾਓ ਨਹੀਂ ਹੋਣਾ ਚਾਹੀਦਾ। ਬਿਜਲੀ ਬੋਰਡ ਦੇ ਅੰਦਰ ਟੈਕਨੋਕਰੇਟਸ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂਕਿ ਉਹ ਵੰਗੀ ਤਰ੍ਹਾਂ ਇਸ ਦੇ ਬਾਰੇ ਸੋਚ ਸਕਣ। ਮੇਰੀ ਬੇਨਤੀ ਹੈ ਕਿ ਬਿਜਲੀ ਬੋਰਡ ਦੇ ਅੰਦਰ ਟੈਕਨੋਕਰੇਟਸ ਲਗਾਏ ਜਾਣ ਤਾਂਕਿ ਉਹ ਆਪਣੇ ਐਕਸਪੀਰੀਐਂਸ ਨਾਲ ਅਤੇ ਮਿਹਨਤ ਨਾਲ ਬਿਜਲੀ ਦਾ ਜ਼ਿਆਦਾ ਤੋਂ ਜ਼ਿਆਦਾ ਉਤਪਾਦਨ ਕਰ ਸਕਣ ਅਤੇ ਬਿਜਲੀ ਬੋਰਡ ਨੂੰ ਘਾਟੇ ਤੋਂ ਬਚਾ ਸਕਣ। ਚੇਅਰਮੈਨ ਸਾਹਿਬ, ਮੈਂ ਲਾਸਿਜ਼ ਦੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ ਕਿ 1978-79 ਵਿੱਚ ਲਾਸਿਜ਼ 21.25 ਕਰੋੜ ਦਾ ਹੋਇਆ। 1979-80 ਵਿੱਚ 20.3 ਕਰੋੜ ਦਾ ਹੋਇਆ ਅਤੇ 1980-81 ਵਿੱਚ ਇਹ ਘੱਟ ਕੇ 20.3 ਕਰੋੜ ਦਾ ਹੋਇਆ। ਮੈਂ ਸਮਝਦਾ ਹਾਂ ਕਿ ਸਾਨੂੰ ਬਿਜਲੀ ਬੋਰਡ ਦੇ ਵਿੱਚ ਟੈਕਨੋਕਰੇਟਸ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂਕਿ ਹੋਰ ਲਾਸ ਵੀ ਘੱਟ ਸਕੇ ਅਤੇ ਸਾਨੂੰ ਵਿਸ਼ਵਾਸ ਰਖਣਾ ਚਾਹੀਦਾ ਹੈ ਕਿ ਉਹ ਪੰਜਾਬ ਦੀ ਬਿਹਤਰੀ ਵਾਸਤੇ, ਪੰਜਾਬ ਦੇ ਲੋਕਾਂ ਵਾਸਤੇ, ਪੰਜਾਬ ਦੀ ਡੀਵੈਲਪਮੈਂਟ ਵਾਸਤੇ ਉਸੇ ਤਰ੍ਹਾਂ ਕੰਮ ਕਰਨਗੇ ਜਿਸ ਤਰ੍ਹਾਂ ਆਮ ਲੋਕ ਪੰਜਾਬ ਦੀ ਸੇਵਾ ਕਰਦੇ ਹਨ। ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਨੇ ਬਿਜਲੀ ਦੇ ਉਤਪਾਦਨ ਨੂੰ ਵਧਾਉਣ ਵਾਸਤੇ ਅਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ, ਸ਼ਾਨਨ ਪ੍ਰੋਜੈਕਟ ਅਤੇ ਮੁਕੇਰੀਆਂ ਹਾਈਡਲ ਪ੍ਰੋਜੈਕਟਸ ਸ਼ੁਰੂ ਕੀਤੇ ਅੰਰ ਇਨ੍ਹਾਂ ਦੇ ਨਾਲ ਸਾਡੇ ਪੰਜਾਬ ਵਿੱਚ ਬਿਜਲੀ ਦਾ ਉਤਪਾਦਨ ਹੋਰ ਵੱਧੇਗਾ। ਚੇਅਰਮੈਨ ਸਾਹਿਬ, ਜਦੋਂ ਭਾਖੜਾ ਦੇ ਵਿੱਚ ਬਿਜਲੀ ਪੈਦਾ ਕੀਤੀ ਗਈ ਸੀ ਤਾਂ ਉਸ ਵੇਲੇ ਅੰਦਾਜ਼ਾ ਇਸ ਗਲ ਦਾ ਲਗਾਇਆ ਗਿਆ ਸੀ ਕਿ ਇਸ ਦੇ ਨਾਲ ਬਿਜਲੀ ਸਾਡੇ ਕੋਲ ਸਰਪਲੱਸ ਹੋਵੇਗੀ ਲੇਕਿਨ ਪੰਜਾਬ ਦੀ ਡੀਵੈਲਪਮੈਂਟ ਇਤਨੀ ਤੇਜ਼ੀ ਨਾਲ ਵੱਧੀ ਕਿ ਸਾਨੂੰ ਬਿਜਲੀ ਦੀ ਸ਼ਾਰਟੇਜ ਮਹਿਸੂਸ ਹੋਣ ਲਗੀ। ਹੁਣ ਇਸ ਤਰ੍ਹਾਂ ਦੀ ਪਲੈਨਿੰਗ ਕੀਤੀ ਜਾ ਰਹੀ ਹੈ ਕਿ ਬਿਜਲੀ ਦਾ ਉਤਪਾਦਨ ਹੋਰ ਵੱਧੇ ਅੰਰ ਇਸ ਢੰਗ ਨਾਲ ਪ੍ਰੋਜੈਕਟਸ ਬਣਾਏ ਜਾ ਰਹੇ ਹਨ ਤਾਕਿ ਬਿਜਲੀ ਦਾ ਉਤਪਦਾਨ ਹੋਰ ਵਧਾਇਆ ਜਾ ਸਕੇ। ਪਰ ਮੇਰੀ ਬੇਨਤੀ ਹੈ ਕਿ ਜਿਸ ਵੇਲੇ ਇਹ ਪ੍ਰੋਜੈਕਟਸ ਪੂਰੇ ਹੋਣਗੇ ਤਾਂ ਉਸ ਵੇਲੇ ਤਕ ਸਾਡੀ ਡਿਮਾਂਡ ਹੋਰ ਵੱਧ ਜਾਵੇਗੀ। ਇਸ ਵਾਸਤੇ ਇਸ ਦੇ ਨਾਲ ਨਾਲ ਸਾਨੂੰ ਹੋਰ ਸੋਰਸਿਜ਼ ਵੀ ਪੈਦਾ ਕਰਨੇ ਚਾਹੀਦੇ ਹਨ ਤਾਕਿ ਸਾਨੂੰ ਬਿਜਲੀ ਦੇ ਉਤਪਾਦਨ ਵਿੱਚ ਘਾਟ ਮਹਿਸੂਸ ਨਾ ਹੋਵੇ, ਐਗਰੀਕਲਚਰ ਸੈਕਟਰ ਵਿੱਚ, ਇੰਡਸਟਰੀ ਵਿੱਚ ਸਾਨੂੰ ਬਿਜਲੀ ਦੀ ਘਾਟ ਮਹਿਸੂਸ ਨਾ ਹੋਵੇ।

ਚੇਅਰਮੈਨ ਸਾਹਿਬ, ਥਰਮਲ ਪਲਾਂਟ, ਬਠਿੰਡਾ ਦੇ ਬਾਰੇ ਮੈਂ ਇਕ ਗਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਜੋ ਥਰਮਲ ਪਲਾਂਟ ਹੈ ਉਹ ਬਠਿੰਡਾ ਵਿੱਚ ਲਾਇਆ ਹੈ ਇਸ ਦੇ ਲਈ ਸਰਕਾਰ ਦੀ ਬੜੀ ਮਿਹਰਬਾਨੀ ਹੈ ਲੇਕਿਨ ਉਥੇ ਜੋ ਮਨੁੱਖੀ ਜੀਵਨ ਦਾ ਏਅਰ ਪਾਲਿਊਸ਼ਨ ਨਾਲ ਨੁਕਸਾਨ ਹੋ ਰਿਹਾ ਹੈ ਉਸ ਦੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਉਥੇ ਮਨੁੱਖੀ ਜੀਵਨ ਤਾਂ ਖ਼ਤਰਾ ਮਹਿਸੂਸ ਕਰਦਾ ਹੀ ਹੈ ਅਤੇ ਕਰਾਪਸ ਨੂੰ ਵੀ ਨੁਕਸਾਨ ਹੋਣ ਦਾ ਖਤਰਾ ਹੈ। ਉਥੇ ਗਵਰਨਰ ਸਾਹਿਬ ਵੀ ਗਏ ਹਨ, ਸਾਡੇ ਚੀਫ਼ ਮਨਿਸਟਰ ਸਾਹਿਬ ਵੀ ਗਏ ਹਨ ਹੋਰ ਵੀ ਜੋ ਸਾਡੇ ਮਨਿਸਟਰ ਸਾਹਿਬਾਨ ਗਏ

Original with;
Punjab Vidhan Sabha
Digitized by;
Panjab Digital Library

ਹਨ ਉਨ੍ਹਾਂ ਨੂੰ ਲੋਕਾਂ ਨੇ ਆਪਣੀ ਹਾਲਤ ਦੱਸੀ ਹੈ, ਡਾਕਟਰਜ਼ ਦੀਆਂ ਰਿਪੋਰਟਸ ਵੀ ਦੱਸਦੀਆਂ ਹਨ ਕਿ ਇਥੇ ਏਅਰ ਪੋਲਿਊਸ਼ਨ ਨਾਲ ਮਨੁਖ ਨੂੰ ਸੇਹਤ ਵਿੱਚ ਨੁਕਸਾਨ ਹੋਵੇਗਾ । ਇਸ ਬਾਰੇ ਚੀਫ਼ ਇੰਜੀਨੀਅਰ ਸਾਹਿਬ ਨੂੰ ਪੁਛਿਆ ਸੀ ਕਿ ਇਸ ਦਾ ਕੀ ਇਲਾਜ ਹੈ ਤਾਂ ਚੀਫ ਇੰਜੀਨੀਅਰ ਸਾਹਿਬ ਨੇ ਵੀ ਟਾਲਣ ਦੀ ਕੋਸ਼ਿਸ਼ ਕੀਤੀ ਕਿ ਇਸ ਦੇ ਨਾਲ ਕੋਈ ਮਨੁਖੀ ਜੀਵਨ ਦਾ ਨੁਕਸਾਨ ਨਹੀਂ ਹੁੰਦਾ । ਡੀ. ਸੀ. ਸਾਹਿਬ ਦੀ ਮੀਟਿੰਗ ਵਿੱਚ ਵੀ ਇਹ ਚੀਜ਼ ਆਈ ਸੀ ਅੱਰ ਉਨ੍ਹਾਂ ਨੇ ਮਹਿਸੂਸ ਕੀਤਾ ਹੈ। ਲੋਕਾਂ ਨੇ ਗਰੀਵੈਂਸਿਜ਼ ਦੱਸੀਆਂ ਹਨ ਕਿ ਸਾਡੀ ਹੈਲਥ ਦਾ ਨੁਕਸਾਨ ਹੋ ਰਿਹਾ ਹੈ। ਉਥੇ ਫਿਰ, ਡਿਪਟੀ ਕਮਿਸ਼ਨਰ ਨੇ ਕਿਹਾ ਸੀ ਕਿ ਕੋਈ ਨਾ ਕੋਈ ਇਕਿਉਪਮੈਂਟ ਲਾਉਣਾ ਚਾਹੀਦਾ ਹੈ ਤਾ ਕਿ ਏਅਰ ਪੋਲਿਊਸ਼ਨ ਦੀ ਰੋਕ ਥਾਮ ਹੋ ਸਕੇ । ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਚਾਹੇ 10, 15 ਕਰੋੜ ਰੁਪਿਆ ਲਗ ਜਾਏ ਲਾ ਦੇਣਾ ਚਾਹੀਦਾ ਹੈ ਤਾ ਕਿ ਲੋਕਾਂ ਦੀ ਜਾਨ ਖਤਰੇ ਤੋਂ ਬੱਚ ਸਕੇ ।

ਚੇਅਰਮੈਨ ਸਾਹਿਬ, ਪਾਵਰ ਕੱਟ ਲਗੀ, ਪਿਛਲੇ ਦਿਨਾਂ ਵਿਚ ਬਿਜਲੀ ਐਗਰੀਕਲਚਰ ਨੂੰ ਟਰਾਂਸਫਰ ਕਰ ਦਿੱਤੀ ਸੀ । ਇਹ ਕਟ ਸ਼ਹਿਰ ਦੇ ਲੋਕਾਂ ਤੇ ਤਾਂ ਲਾ ਦਿਤੀ ਪਰ ਜਿਹੜੀਆਂ ਅਫਸਰਾਂ ਦੀਆਂ ਕਾਲੋਨੀਆਂ ਸਨ ਉਨ੍ਹਾਂ ਦੀਆਂ ਕੋਠੀਆਂ ਸਨ ਉਨ੍ਹਾਂ ਤੇ ਨਹੀਂ ਲਗੀ, ਉਨ੍ਹਾਂ ਦੇ ਕੂਲਰ, ਫਰਿੱਜ ਵਗੈਰਾ ਉਸੇ ਤਰ੍ਹਾਂ ਚਲਦੇ ਰਹੇ ਜਦੋਂ ਕਿ ਸ਼ਹਿਰ ਦੇ ਲੋਕ ਗਰਮੀ ਵਿਚ ਮਰ ਰਹੇ ਸਨ ਅੱਰ ਬਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਸੀ । ਇਹ ਚੀਜ਼ ਗਰੀਵੈਂਸਿਜ਼ ਕਮੇਟੀ ਵਿਚ ਰਖੀ ਗਈ ਜਦੋਂ ਕਿ ਰੰਧਾਵਾ ਸਾਹਿਬ ਚੇਅਰਮੈਨ ਸਨ ਉਨ੍ਹਾਂ ਕੋਲ ਲੋਕਾਂ ਦੀ ਸ਼ਿਕਾਇਤ ਕੀਤੀ ਗਈ । ਇਥੋਂ ਤਕ ਕਿ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਬਿਜਲੀ ਨਹੀਂ ਸੀ ਮਿਲ ਰਹੀ, ਲੋਕਾਂ ਨੂੰ ਪਾਣੀ ਨਹੀਂ ਸੀ ਮਿਲ ਰਿਹਾ ਪਰ ਕੋਠੀਆਂ ਵਿਚ ਬਿਜਲੀ ਮਿਲ ਰਹੀ ਸੀ । ਉਸ ਸ਼ਿਕਾਇਤ ਦੇ ਬਾਅਦ ਕੁਝ ਚਿਰ ਵਾਸਤੇ ਕੱਟ ਲਗੀ । ਮੈਂ ਕਹਿੰਦਾ ਹਾਂ ਕਿ ਇਸ ਚੀਜ਼ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਮੈਂ ਪਿਛਲੀ ਵਾਰੀ ਵੀ ਇਕ ਚੀਜ਼ ਦਸੀ ਸੀ ਉਸ ਦੇ ਵਾਸਤੇ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ । ਪਰਸ ਰਾਮ ਬਸਤੀ ਦੇ ਮਕਾਨਾਂ ਦੇ ਉਪਰ 11 ਕੇ. ਵੀ. ਦੀਆਂ ਤਾਰਾਂ ਜਾ ਰਹੀਆਂ ਸਨ, ਉਹ ਚੁਕ ਦਿਤੀਆਂ ਹਨ । ਇਸ ਤਰ੍ਹਾਂ ਕਨਈਆ ਰਾਮ ਨਗਰ ਹੈ ਉਸ ਵਿਚ ਮੌਸਟਲੀ ਹਰੀਜਨ ਰਹਿੰਦੇ ਹਨ, ਉਨ੍ਹਾਂ ਦੇ ਮਕਾਨ ਦੇ ਕੋਲ ਦੀ ਵੀ ਤਾਰਾਂ ਗੁਜ਼ਰ ਰਹੀਆਂ ਹਨ ਖੰਬੇ ਘਰਾਂ ਦੀਆਂ ਕੰਧਾਂ ਦੇ ਨਾਲ ਹਨ ਬਿਜਲੀ ਦੇ ਛੂਹ ਜਾਣ ਨਾਲ ਕਈ ਇਨਸੀਡੈਂਟਸ ਹੋਏ ਹਨ ਅਤੇ ਕਈ ਮੌਤਾਂ ਵੀ ਹੋਈਆਂ ਹਨ । ਉਨ੍ਹਾਂ ਨੂੰ ਬਚਾਉਣ ਵਾਸਤੇ ਉਹ ਚੀਜ਼ ਹਟਾ ਦੇਣੀ ਚਾਹੀਦੀ ਹੈ ਅੱਰ ਜਿਹੜੀ ਉਨ੍ਹਾਂ ਦੇ ਘਰਾਂ ਦੇ ਸਾਹਮਣੇ ਜਗ੍ਹਾ ਪਈ ਹੈ ਉਥੇ ਉਹ ਕਮਰਾ ਵਗੈਰਾ ਪਾ ਕੇ ਆਪਣਾ ਗੁਜ਼ਾਰਾ ਕਰ ਸਕਣ ।

ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਵਿਚ ਜਿਹੜੇ ਖਰਚੇ ਵੱਧੇ ਹੋਏ ਹਨ ਉਨ੍ਹਾਂ ਨੂੰ ਚੈਕ ਅੱਪ ਕਰਨਾ ਚਾਹੀਦਾ ਹੈ । ਕੰਟਰੋਲਰ ਆਫ ਸਟੋਰ ਨੇ 1979-80 ਦੀ ਰਿਪੋਰਟ ਵਿਚ ਪੁਆਇੰਟ ਆਊਟ ਕੀਤਾ ਹੈ ਕਿ ਜਿਹੜੀ ਬਲਕ ਪਰਚੇਜ਼ ਕੀਤੀ ਜਾਂਦੀ ਹੈ, ਉਸ ਦੀ ਰੋਕ ਥਾਮ ਕੀਤੀ ਜਾਵੇ । ਐਡਮਨਿਸਟਰੇਸ਼ਨ ਤੇ ਬਹੁਤ ਖਰਚਾ ਕੀਤਾ ਜਾਂਦਾ ਹੈ ਉਹ ਠੀਕ ਨਹੀਂ ਉਸ ਤੇ ਕੱਟ ਲਾ-

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਉਣੀ ਚਾਹਦੀ ਹੈ । ਇਸ ਦੇ ਅਗੇ ਮੈਂ ਡੈਮਰੇਜ ਬਾਰੇ ਅਰਜ਼ ਕਰਦਾ ਹਾਂ । ਥਰਮਲ ਪਲਾਂਟ ਤੇ ਬਹੁਤ ਸਾਰਾ ਡੈਮਰੇਜ ਪੈ ਜਾਂਦਾ ਹੈ । ਜਦੋਂ ਕੋਲੇ ਦੀਆਂ ਵੈਗਨਜ਼ ਆਉਂਦੀਆਂ ਹਨ ਉਨ੍ਹਾਂ ਨੂੰ ਠੀਕ ਢੰਗ ਨਾਲ ਹੈਂਡਲ ਨਹੀਂ ਕੀਤਾ ਜਾਂਦਾ, ਜਿਸ ਲਈ ਰੇਲਵੇ ਵਲੋਂ ਬਹੁਤ ਸਾਰਾ ਡੈਮਰੇਜ ਵਸੂਲ ਕੀਤਾ ਜਾਂਦਾ ਹੈ। ਇਹ ਥਰਮਲ ਪਲਾਂਟ ਹੋਰ ਜ਼ਿਆਦਾ ਬਿਜਲੀ ਪੈਦਾ ਕਰ ਸਕਦਾ ਹੈ ਅਗਰ ਸੁਪੀਰੀਅਰ ਕੁਆਲਿਟੀ ਦਾ ਕੋਲਾ ਦਿਤਾ ਜਾਏ । ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਪਿਛੇ ਜਿਹੜੇ ਬੜੇ ਵੈਗਨਜ਼ ਆਉਂਦੇ ਰਹੇ ਕੋਲੇ ਦੇ ਉਸ ਕੋਲੇ ਦੀ ਕੁਆਲਿਟੀ ਬੜੀ ਇਨਫੀਰੀਅਰ ਸੀ । ਜਿਹੜੇ ਗਰੇਡ ਦਾ ਕੋਲਾ ਚਾਹੀਦਾ ਹੈ ਉਹ ਮਿਲਣਾ ਚਾਹੀਦਾ ਹੈ ਤਾ ਕਿ ਉਸ ਦੀ ਜੈਨਰੇਸ਼ਨ ਵਿਚ ਵਾਧਾ ਹੋ ਸਕੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਬਿਜਲੀ ਦੇ ਬਾਰੇ ਕੁਝ ਗਲਾਂ ਕਰਨੀਆਂ ਹਨ । ਚੇਅਰਮੈਨ ਸਾਹਿਬ, ਸਾਡੇ ਇਥੇ ਗਰੀਬਾਂ ਨੂੰ ਬਿਜਲੀ ਮਹਿੰਗੀ ਮਿਲਦੀ ਹੈ ਤਕਰੀਬਨ 38 ਪੈਸੇ ਪਰ ਯੂਨਿਟ ਅਤੇ ਦਿੱਲੀ ਵਾਲਿਆਂ ਨੂੰ ਕੋਈ 5, 6 ਪੈਸੇ ਪਰ ਯੂਨਿਟ ਦਿੱਤੀ ਜਾਂਦੀ ਹੈ। ਸਾਡੀ ਇੰਡਸਟਰੀ ਵਾਸਤੇ ਬਿਜਲੀ ਨਹੀਂ ਦਿਤੀ ਜਾਂਦੀ। ਚੇਅਰਮੈਨ ਸਾਹਿਬ, ਮੈਂ ਪੁਆਇੰਟਸ ਹੀ ਡਿਵੈਲਪ ਕਰਨੇ ਹਨ ਕਿਉਂ ਕਿ ਮੈਨੂੰ ਟਾਈਮ ਥੋੜ੍ਹਾ ਮਿਲਿਆ ਹੈ।

ਹੈਡ ਵਰਕਸ ਦਾ ਕੰਟਰੋਲ ਸਾਡੇ ਕੋਲ ਹੋਣਾ ਚਾਹੀਦਾ ਹੈ ਤਾਕਿ ਅੱਛਾ ਪ੍ਰਬੰਧ ਹੋ ਸਕੇ । ਆਈ. ਏ. ਐਸ. ਅਫਸਰਾਂ ਨੂੰ ਵਾਪਸ ਬੁਲਾ ਕੇ ਟੈਕਨੋਕਰੇਟਸ ਲਾਉਣੇ ਚਾਹੀਦੇ ਹਨ । ਜਿਹੜੀਆਂ ਲੰਮੀਆਂ ਲਾਈਨਾਂ ਹਨ, ਉਹ ਛੋਟੀਆਂ ਕਰਨੀਆਂ ਚਾਹੀਦੀਆਂ ਹਨ ਕਿਉਂ ਕਿ ਲੰਮੀਆਂ ਲਾਈਨਾਂ ਨਾਲ ਕਿਸਾਨਾਂ ਨੂੰ ਬਿਜਲੀ ਨਹੀਂ ਮਿਲਦੀ । ਪਿਛਲੇ ਸਮੇਂ ਵਿਚ ਜਿਹੜੇ ਬਿਜਲੀ ਦੇ ਘਪਲੇ ਹੋਏ ਹਨ, ਉਹ ਮਨੇਜਮੈਂਟ ਨਾਲ ਮਿਲ ਕੇ ਹੋਏ ਹਨ । ਮੇਰੇ ਹਲਕਾ ਸ਼ੇਰ ਪੁਰ ਵਿਚ ਇਕ ਐਕਸ ਸਰਵਿਸ ਮੈਨ ਹੈ ਉਸ ਦਾ ਨੰਬਰ 21 ਹੈ ਇਨ੍ਹਾਂ ਨੇ 1 ਤੋਂ 20 ਤਕ ਕੁਨੈਕਸ਼ਨ ਦੇ ਦਿਤੇ ਉਸ ਨੂੰ ਇਗਨੋਰ ਕਰ ਦਿਤਾ ਕਿਉਂਕਿ ਉਸ ਨੇ ਪੈਸੇ ਨਹੀਂ ਦਿਤੇ । ਸੰਗਰੂਰ ਵਿਚ ਜਿਹੜਾ ਟਿਊਬਵੈਲ ਡਵੀਜ਼ਨ ਹੈ ਸਰਦਾਰ ਗੋਜਾ ਸਿੰਘ ਗੁੜਥਲੀ ਵਾਲੇ ਇਕ ਕਿਸਾਨ ਹੈ ਉਸ ਨੂੰ ਕੁਨੈਕਸ਼ਨ ਨਹੀਂ ਦਿਤਾ ਇਹ ਕਹਿਕੇ ਕਿ ਤੇਰਾ ਕੇਸ ਅਦਾਲਤ ਵਿਚ ਹੈ ਅਸਲ ਗਲ ਇਹ ਹੈ ਕਿ ਉਸ ਨੇ ਪੈਸੇ ਨਹੀਂ ਦਿਤੇ, ਇਸ ਕਰਕੇ ਉਸ ਦਾ ਕੇਸ ਰਹਿ ਗਿਆ । ਇਹ ਜਿਹੜੇ ਕਪੈਸਿਟਰਜ਼ ਲਗਾਏ ਜਾਂਦੇ ਹਨ ਇਨ੍ਹਾਂ ਦੀ ਕੋਈ ਲੋੜ ਨਹੀਂ ਇਹ ਖਤਮ ਕਰਨੇ ਚਾਹੀਦੇ ਹਨ । ਮੋਟਰਾਂ ਵਾਸਤੇ ਜਿਹੜੇ ਕੁਨੈਕਸ਼ਨਜ਼ ਮਿਲਦੇ ਹਨ ਉਸ ਦੇ ਲਈ 800 ਰੁਪਏ ਲਏ ਜਾਂਦੇ ਹਨ । ਚਾਹੇ ਕੋਈ ਲਾਈਨ ਸੁਪਰਡੰਟ ਹੈ, ਐਸ. ਡੀ. ਓ. ਹੈ ਜਾਂ ਐਕਸੀਅਨ ਹੈ ਜਦ ਤਕ ਪੈਸੇ ਨਾ ਦਿਤੇ ਜਾਣ ਕੁਨੈਕਸ਼ਨ ਨਹੀਂ ਮਿਲਦਾ । ਬਰਨਾਲੇ ਵਿਚ ਹਮੀਦੀ ਪਿੰਡ ਹੈ ਐਕਸੀਅਨ ਬਰਨਾਲੇ ਨੇ ਕਿਹਾ ਕਿ 900 ਰੁਪਏ ਦੇ ਤਾਂ ਕੁਨੈਕਸ਼ਨ ਮਿਲੇਗਾ ਉਸ ਤੋਂ ਪੈਸੇ ਲੈ ਕੇ ਕੁਨੈਕਸ਼ਨ ਦਿਤਾ । ਉਸ ਦਾ ਰੌਲਾ ਪੈ ਗਿਆ ਉਸ ਨੂੰ ਕਹਿੰਦੇ ਹਨ ਕਿ ਜਿੰਨਾਂ ਚਿਰ ਲਿਖ ਕੇ ਨਹੀਂ ਦਿੰਦਾ ਉਨਾਂ ਚਿਰ ਕੁਨੈਕਸ਼ਨ ਚਾਲੂ ਨਹੀਂ ਕਰਨਾ । ਇਸੇ ਤਰ੍ਹਾਂ ਇਨ੍ਹਾਂ ਦਾ ਹਾਲ ਹੈ। ਇਸ ਤਰ੍ਹਾਂ ਜਿੰਨੇ ਹੈਡ ਵਰਕਸ ਹਨ ਭਾਵੇਂ ਨੰਗਲ ਹੈ ਤੇ ਭਾਵੇਂ ਤਲਵਾੜਾ ਹੈ ਉਥੇ 15, 15 ਸਾਲ ਹੋ ਗਏ ਹਨ ਲੋਕਾਂ ਨੂੰ ਕੰਮ ਕਰਦਿਆਂ ਨੂੰ ਪਰ ਹੁਣ ਤਕ ਰੈਗੂਲਰ ਨਹੀਂ ਕੀਤਾ ਗਿਆ। ਜਿਹੜਾ ਇਕ ਸਾਲ ਦਾ ਕਾਨੂੰਨ ਹੈ ਉਸ ਦੇ ਤਹਿਤ ਉਨ੍ਹਾਂ ਨੂੰ ਰੈਗੂਲਰ ਕਰਨਾ ਚਾਹੀਦਾ ਹੈ ਤਾ ਕਿ ਉਹ ਸਰਵਿਸਿਜ਼ ਦਾ ਬੈਨੀਫਿਟ ਉਠਾ ਸਕਣ । ਉਨ੍ਹਾਂ ਨੂੰ ਕਦੇ ਛਾਂਟੀ ਦਾ ਅਤੇ ਕਦੇ ਹੋਰ ਕਿਸੇ ਚੀਜ਼ ਦਾ ਡਰ ਲਗਾ ਰਹਿੰਦਾ ਹੈ। ਥੀਨ ਡੈਮ ਬਾਰੇ ਇਹ ਕਹਿੰਦੇ ਹਨ ਕਿ ਐਨਾਂ ਪੈਸਾ ਰਖਿਆ ਹੈ। ਮੈਂ ਕਹਿੰਦਾ ਹਾਂ ਕਿ ਇਹ 250 ਕਰੋੜ ਰੁਪਏ ਦਾ ਪਲਾਨ ਸੀ ਪਰ ਅੱਜ ਇਹ 450 ਕਰੋੜ ਰੁਪਏ ਦਾ ਹੋ ਗਿਆ ਹੈ ਔਰ

Original with;
Punjab Vidhan Sabha
Digitized by;
Panjab Digital Library

ਜਦੋਂ ਤਕ ਮਨਜ਼ੂਰੀ ਆਉਣੀ ਹੈ ਇਹ ਸ਼ੁਰੂ ਹੋਣਾ ਹੈ ਉਦੋਂ ਤਕ ਇਹ 600 ਕਰੋੜ ਰੁਪਏ ਦਾ ਹੋ ਜਾਣਾ ਹੈ। (ਘੰਟੀ) ਮੈਂ ਬਸ ਜੀ ਖਤਮ ਕਰਨ ਲਗਾ ਹਾਂ । ਦੂਸਰੇ ਜਿਹੜਾ ਥੀਨ ਡੈਮ ਦਾ ਹੈਡ ਕਵਾਟਰ ਹੈ ਉਹ ਉਥੇ ਹੀ ਹੋਣਾ ਚਾਹੀਦਾ ਹੈ । ਅੱਜ ਕੁਰੱਪਸ਼ਨ ਦੀ ਜੋ ਹਾਲਤ ਹੈ ਉਸ ਬਾਰੇ ਤੁਹਾਨੂੰ ਪਤਾ ਹੀ ਹੈ । ** ** ** **

Chief Minister : May I bring to your notice that it is not good to name a person.

Master Chand Singh Chopra : I have not named. I used the word 'Chairman'.

Chief Minister : It comes to the same thing. These remarks should be be expunged.

Mr. Chairman: *Expunged.*

ਮਾਸਟਰ ਚੰਦ ਸਿੰਘ: ਚੇਅਰਮੈਨ ਸਾਹਿਬ, ਭਾਵੇਂ ਕੋਈ ਐਸ. ਡੀ. ਓ. ਹੈ ਭਾਵੇਂ ਐਕਸੀਅਨ ਹੈ ਜਾਂ ਹੋਰ ਕੋਈ ਹੈ ਪੈਸੇ ਲਏ ਬਗੈਰ ਕੋਈ ਕੰਮ ਨਹੀਂ ਕਰਦੇ। ਉਹ ਲੋਕ ਸਾਰੇ ਪੈਸੇ ਖਾਈ ਜਾਂਦੇ ਹਨ, ਇਸ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਕਹਿੰਦੇ ਹਨ ਕਿ ਕਿਸਾਨ ਨੂੰ ਬਿਜਲੀ ਦੇਣੀ ਹੈ ਉਸ ਨੂੰ ਤਾਂ 6 ਘੰਟੇ ਸਾਰੀ ਬਿਜਲੀ ਦਿਨ ਵਿਚ ਨਹੀਂ ਮਿਲਦੀ। ਉਸ ਦੀ ਬਿਜਲੀ ਦੀ ਗਰੰਟੀ ਹੋਣੀ ਚਾਹੀਦੀ ਹੈ ਤਾ ਕਿ ਉਤਪਾਦਨ ਵਿਚ ਵਾਧਾ ਹੋ ਸਕੇ। ਕਿਸਾਨ ਜਿਹੜਾ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹੈ ਉਸ ਨੂੰ ਬਚਾਇਆ ਜਾਏ ਨਾ ਉਸ ਨੂੰ ਉਸ ਦੀ ਜਿਨਸ ਦੇ ਪੂਰੇ ਪੈਸੇ ਮਿਲਦੇ ਹਨ ਔਰ ਨਾ ਹੀ ਬਿਜਲੀ ਮਿਲਦੀ ਹੈ । ਚੇਅਰਮੈਨ ਸਾਹਿਬ, ਇਸ ਦੇ ਵਿਚ ਧਾਂਧਲੀ ਮਚੀ ਹੋਈ ਹੈ। ਜਿਹੜਾ ਰੋਪੜ ਦਾ ਥਰਮਲ ਪਲਾਂਟ ਹੈ ਉਸ ਨੂੰ ਜੰਗੀ ਪੱਧਰ ਤੇ ਮੁਕੰਮਲ ਕੀਤਾ ਜਾਏ। ਬਠਿੰਡਾ ਪਲਾਂਟ ਦਾ ਜਿਹੜਾ ਤੀਸਰਾ ਯੂਨਿਟ ਹੈ, ਉਹ ਖਰਾਬ ਹੋਇਆ ਰਹਿੰਦਾ ਹੈ, ਇਸ ਦਾ ਕੀ ਕਾਰਣ ਹੈ ? ਇਹ ਨਾਅਹਿਲੀਅਤ ਹੈ ਮੈਨੇਜਮੈਂਟ ਦੀ, ਉਨ੍ਹਾਂ ਵਲ ਉਚੇਚਾ ਧਿਆਨ ਦਿਤਾ ਜਾਏ ਤਾ ਕਿ ਜਿਹੜਾ ਸਾਡਾ ਕਿਸਾਨ ਹੈ, ਸਾਡਾ ਖੇਤ ਮਜ਼ਦੂਰ ਹੈ, ਉਸ ਨੂੰ ਰਿਆਇਤ ਦਿਤੀ ਜਾ ਸਕੇ ਔਰ ਬੀ. ਐਮ. ਬੀ. ਤੋਂ ਕੰਟਰੋਲ ਲੈ ਕੇ ਪੰਜਾਬ ਨੂੰ ਦਿਤਾ ਜਾਣਾ ਚਾਹੀਦਾ ਹੈ ਤਾ ਕਿ ਪੰਜਾਬ ਦੇ ਲੋਕਾਂ ਨੂੰ ਸਸਤੀ ਬਿਜਲੀ ਦਿੱਤੀ ਜਾ ਸਕੇ ।

ਲੋਕ ਨਿਰਮਾਣ ਮੰਤਰੀ : ਚੇਅਰਮੈਨ ਸਾਹਿਬ, ਕੁਝ ਲਫਜ਼ ਮੇਰੇ ਮਾਨ ਯੋਗ ਮੈਂਬਰ ਮਾਸਟਰ ਚੰਦ ਸਿੰਘ ਜੀ ਨੇ ਗਲਤ ਕਹੇ ਸਨ, ਉਹ ਕਾਰਵਾਈ ਵਿਚੋਂ ਐਕਸਪੰਜ ਹੋਣੇ ਚਾਹੀਦੇ ਹਨ ।

ਸ਼੍ਰੀ ਸਭਾਪਤੀ : ਉਹ ਮੈਂ ਪਹਿਲਾਂ ਹੀ ਐਕਸਪੰਜ ਕਰਵਾ ਦਿਤੇ ਹਨ। ਹਾਂ ਜੀ, ਚੌਧਰੀ ਜਗਜੀਤ ਸਿੰਘ ਜੀ ਤੁਸੀਂ ਸ਼ੁਰੂ ਕਰੋ ।

ਸਰਦਾਰ ਦਲੀਪ ਸਿੰਘ ਪਾਂਧੀ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ : ਇਹ ਬਰੈਕਟ ਇਜਾਜ਼ਤ ਜੋ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਮੁੱਖ ਮੰਤਰੀ : ਮੈਂ ਚੇਅਰਮੈਨ ਸਾਹਿਬ, ਇਹ ਆਖਿਆ ਹੈ ਕਿ ਇਨ੍ਹਾਂ ਪਾਸ ਅਗਰ ਕੋਈ ਐਸਾ ਮੈਟੀਰੀਅਲ ਹੈ ਤਾਂ ਇਹ ਦੇ ਦੇਣ, ਮੈਂ ਇਨਕੁਆਇਰੀ ਕਰਵਾ ਲਵਾਂਗਾ ।

6.54 (ਇਸ ਸਮੇਂ ਮਾਨ ਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ ।)

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ. ਸੀ.) : ਸਪੀਕਰ ਸਾਹਿਬ, ਹਰੀਜਨ ਕਮਿਸ਼ਨ ਦੀ 26 ਵੀਂ ਰਿਪੋਰਟ ਤੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਸ ਵਿਚ 155 ਰਿਕੁਮੈਂਡੇਸ਼ਨਜ਼ ਹਨ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਹਰੀਜਨ ਤਾਂ ਕੋਈ ਸ਼ਬਦ ਹੀ ਨਹੀਂ ਹੈ। ਸ਼ਡਿਊਲਡ ਕਾਸਟਸ ਲਫਜ਼ ਹੈ। ਇਹ ਪੜ੍ਹੇ ਲਿਖੇ ਆਦਮੀ ਹਨ । ਇਹ ਸ਼ਡਿਊਲਡ ਕਾਸਟਸ ਕਹਿਣ ।

ਸ਼੍ਰੀ ਸਪੀਕਰ : ਤੁਹਾਨੂੰ ਇਹ ਡਿਸਕਸ਼ਨ ਬੜੀ ਸੈਂਕਟਿਟੀ ਨਾਲ ਕਰਨੀ ਚਾਹੀਦੀ ਹੈ। ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ ਤੇ ਡਿਸਕਸ਼ਨ ਹੋ ਰਹੀ ਹੈ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਪਿਛਲੇ ਸਾਲ ਨੌਕਰੀਆਂ ਵਿਚ 25% ਰਿਜ਼ਰਵੇਸ਼ਨ ਮਿਲੀ ਹੈ । ਇਹ ਰਿਜ਼ਰਵੇਸ਼ਨ ਸਾਨੂੰ ਕਾਂਸਟੀਚਿਊਸ਼ਨ ਦੇ ਮੁਤਾਬਿਕ ਮਿਲੀ ਹੈ। ਆਜ਼ਾਦੀ ਤੋਂ ਬਾਅਦ ਕਾਂਗਰਸ ਸਰਕਾਰ ਹਿੰਦੋਸਤਾਨ ਵਿਚ ਆਈ ਔਰ ਮਹਾਤਮਾ ਗਾਂਧੀ ਜੀ ਔਰ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਸਾਡੇ ਵਾਸਤੇ ਇਹ ਰਿਜ਼ਰਵੇਸ਼ਨ ਰੱਖੀ । ਸਪੀਕਰ ਸਾਹਿਬ, ਜੋ ਵਿਧਾਨ ਬਨਾਉਣਾ ਸੀ ਉਸ ਦੇ ਵਾਸਤੇ ਡਾਕਟਰ ਅੰਬੇਦਕਰ ਜੀ ਨੂੰ ਕਾਂਗਰਸ ਪਾਰਟੀ ਨੇ ਚੁਣਿਆ ਸੀ, ਉਸ ਨੂੰ ਇਸ ਕੰਮ ਲਈ ਨਿਯੁਕਤ ਕੀਤਾ ਸੀ ਕਿਉਂਕਿ ਉਹਨਾਂ ਨੂੰ ਹਰੀਜਨਾਂ ਦੀਆਂ, ਗਰੀਬਾਂ ਦੀਆਂ ਦੁੱਖ ਤਕਲੀਫਾਂ ਦਾ ਪਤਾ ਸੀ । ਇਸ ਲਈ ਕਾਂਗਰਸ ਸਰਕਾਰ ਨੇ ਇਨ੍ਹਾਂ ਨੂੰ ਨਿਯੁਕਤ ਕੀਤਾ ਤਾਂ ਕਿ ਇਹ ਸਾਰੀਆਂ ਚੀਜ਼ਾਂ ਜਿਨ੍ਹਾਂ ਨਾਲ ਹਰੀਜਨਾਂ ਨੂੰ ਉਪਰ ਚੁਕਿਆ ਜਾ ਸਕਦਾ ਸੀ, ਉਹ ਕਾਂਸਟੀਚਿਊ ਸ਼ਨ ਵਿਚ ਲਿਆਉਣ ।

ਸ਼੍ਰੀ ਸਪੀਕਰ : ਤੁਸੀਂ ਵਾਇੰਡ ਅੱਪ ਕਰੋ ਨਹੀਂ ਤਾਂ ਸਾਨੂੰ ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਇਕ ਘੰਟਾ ਹੋਰ ਹਾਊਸ ਦਾ ਟਾਈਮ ਐਕਸਟੈਂਡ ਕਰਨਾ ਪਵੇਗਾ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਪਿਛਲੇ ਸਾਲਾਂ ਵਿਚ ਜੋ ਰਿਆਇਤਾਂ ਹਰੀਜਨਾਂ ਨੂੰ ਮਿਲੀਆਂ ਹਨ ਉਨ੍ਹਾਂ ਨਾਲ ਉਨ੍ਹਾਂ ਦਾ ਜੀਵਨ ਬਦਲਿਆ ਹੈ। ਇਹ ਕੰਮ ਕਾਂਗਰਸ ਦੀ ਸਰਕਾਰ ਦਾ ਸ਼ਲਾਘਾਯੋਗ ਹੈ, ਮੈਂ ਇਸ ਗੱਲ ਲਈ ਵਧਾਈ ਦਿੰਦਾ ਹਾਂ । ਸਪੀਕਰ ਸਾਹਿਬ, ਇਹ ਮਹਾਤਮਾ ਗਾਂਧੀ ਜੀ ਦਾ ਸੁਪਨਾ ਸੀ ਜਿਹੜਾ ਕਿ ਪੂਰਾ ਹੋਇਆ ਹੈ ਔਰ ਅੱਜ ਸਾਡੇ ਪੰਜਾਬ ਵਿਚ ਕਲਾਸ ਵਨ ਸਰਵਿਸਿਜ਼ ਵਿਚ 8% ਰਿਜ਼ਰਵੇਸ਼ਨ ਦੇ ਕਰੀਬ ਹੈ। ਕਲਾਸ ਦੋ ਵਿਚ ਔਰ ਕਲਾਸ ਤਿੰਨ ਵਿਚ 14%

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੈ। ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ ਇਹ ਬਹੁਤ ਅੱਛਾ ਕੰਮ ਕੀਤਾ ਹੈ। ਸਰਦਾਰ ਦਰਬਾਰਾ ਸਿੰਘ ਜੀ ਜਿਹੜੇ ਕਿ ਆਪ ਦੇਸ਼ ਭਗਤ ਹਨ, ਜਿਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਪਾਇਆ ਸੀ, ਇਹ ਉਨ੍ਹਾਂ ਨੂੰ ਕ੍ਰੈਡਿਟ ਜਾਂਦਾ ਹੈ। ਉਨ੍ਹਾਂ ਦਾ ਜੋ ਹਰੀਜਨ ਹਨ, ਉਨ੍ਹਾਂ ਦੇ ਨਾਲ, ਪਛੜੇ ਹੋਏ ਲੋਕਾਂ ਦੇ ਨਾਲ, ਲਤਾੜੇ ਹੋਏ ਲੋਕਾਂ ਦੇ ਨਾਲ ਭਾਰੀ ਪਿਆਰ ਹੈ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਉਨ੍ਹਾਂ ਦੀ ਸਰਕਾਰ ਹਰੀਜਨਾਂ ਦੀ ਜਿਹੜੀ ਨੌਕਰੀਆਂ ਵਿਚ ਘਾਟ ਹੈ, ਉਸ ਘਾਟ ਨੂੰ ਰਿਜ਼ਰਵੇਸ਼ਨ ਪਾਲਿਸੀ ਦੇ ਬੇਸ ਤੇ ਪੂਰਾ ਕਰੇਗੀ ।

ਸ਼੍ਰੀ ਸਪੀਕਰ : ਤੁਸੀਂ ਵਾਇੰਡ ਅੱਪ ਕਰੋ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਪਿਛੇ ਜਿਹੇ ਸੀ. ਐਮ. ਸਾਹਿਬ ਨੂੰ ਮੈਨੂੰ ਮਿਲਣ ਦਾ ਮੌਕਾ ਮਿਲਿਆ ਹੈ ਅੱਰ ਮੈਂ ਇਹ ਸਾਰੀਆਂ ਚੀਜ਼ਾਂ ਉਨ੍ਹਾਂ ਦੇ ਨੋਟਿਸ ਵਿਚ ਲਿਆਂਦੀਆਂ ਹਨ ਅੱਰ ਮੈਨੂੰ ਪਤਾ ਹੈ ਕਿ ਉਹ ਪੂਰੇ ਜ਼ੋਰ ਨਾਲ ਪੰਜਾਬ ਦੇ ਹਰੀਜਨਾਂ ਦੀ ਸੇਵਾ ਕਰਨ ਵਿਚ ਜੁਟੇ ਹੋਏ ਹਨ । ਸਪੀਕਰ ਸਾਹਿਬ, ਮੈਂ ਕੁਤਾਹੀ ਕਰਾਂਗਾ ਜੇਕਰ ਮੈਂ ਹਾਊਸ ਨੂੰ ਇਹ ਨਾ ਦੱਸਾਂ ਕਿ ਪੰਜਾਬ ਸਰਕਾਰ ਨੇ ਹਰੀਜਨਾਂ ਨੂੰ ਐਜੂਕੇਸ਼ਨ ਦੇ ਬਾਰੇ ਜੋ ਸਹੂਲਤਾਂ ਦਿਤੀਆਂ ਹਨ ਉਹ ਸ਼ਲਾਘਾਯੋਗ ਹਨ । ਪੰਜਾਬ ਸਰਕਾਰ ਨੇ ਹਰੀਜਨਾਂ ਲਈ ਬਜਟ ਰੱਖਿਆ ਹੈ। ਮੈਂ ਇਸ ਸਬੰਧ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਮੇਰੇ ਸਾਥੀ ਵੈਦ ਸਾਹਿਬ ਨੇ ਕਿਹਾ ਸੀ ਕਿ ਕਿਤਾਬਾਂ ਬੱਚਿਆਂ ਨੂੰ ਵੇਲੇ ਸਿਰ ਨਹੀਂ ਮਿਲਦੀਆਂ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਕਿਤਾਬਾਂ ਵਕਤ ਸਿਰ ਮਿਲੀਆਂ ਸਨ ਅੱਰ ਇਸ ਸਾਲ ਮੈਂ ਆਪ ਜਾ ਕੇ ਵੇਖਿਆ ਹੈ ਕਿ ਡਿਸਟ੍ਰਿਕਟ ਹੈਡਕੁਆਰਟਰਜ਼ ਤੇ ਕਿਤਾਬਾਂ ਪੁੱਜ ਚੁਕੀਆਂ ਹਨ । ਪਰ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਬੱਚਿਆਂ ਨੂੰ ਕਿਤਾਬਾਂ ਮਿਲਦੀਆਂ ਹੀ ਨਹੀਂ ਸਨ ਹੁੰਦੀਆਂ ਅਤੇ ਸਾਰਾ ਸਾਰਾ ਸਾਲ ਲੰਘ ਜਾਂਦਾ ਸੀ। ਇਸ ਗੱਲ ਦੀ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ । ਪੰਜਾਬ ਸਰਕਾਰ ਨੇ ਹਰ ਯਤਨ ਕੀਤਾ ਹੈ ਕਿ ਹਰੀਜਨਾਂ ਨੂੰ ਉਪਰ ਚੁਕਣਾ ਹੈ। ਇਥੇ ਹੀ ਬੱਸ ਨਹੀਂ ਹੈ, ਹੋਰ ਵੀ ਬਹੁਤ ਸਾਰੀਆਂ ਗੱਲਾਂ ਹਰੀਜਨ ਭਲਾਈ ਦੀਆਂ ਸਰਕਾਰ ਨੇ ਕੀਤੀਆਂ ਹਨ ।

ਸ਼੍ਰੀ ਸਪੀਕਰ : ਬੱਸ ਜੀ, ਹੁਣ ਤੁਸੀਂ ਬੈਠੋ । ਹਾਂ ਜੀ, ਸਰਦਾਰ ਬਸੰਤ ਸਿੰਘ ਜੀ ਤੁਸੀਂ ਸ਼ੁਰੂ ਕਰੋ ।

ਸਰਦਾਰ ਬਸੰਤ ਸਿੰਘ (ਆਨੰਦ ਪੁਰ ਸਾਹਿਬ) : ਸਪੀਕਰ ਸਾਹਿਬ, ਮੈਂ ਨੂੰ ਤੁਸੀਂ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦੀ ਸੰਨ 1980-81 ਦੀ ਰਿਪੋਰਟ ਤੇ ਬੋਲਣ ਦਾ ਮੌਕਾ ਦਿਤਾ ਹੈ। ਸਪੀਕਰ ਸਾਹਿਬ, ਪਾਵਰ ਵੱਲ ਸਾਡੀ ਸਰਕਾਰ ਨੇ ਖਾਸ ਤੌਰ ਤੇ ਧਿਆਨ ਦਿੱਤਾ ਹੈ। ਸਾਡੇ ਪ੍ਰਧਾਨ ਮੰਤਰੀ ਜੀ ਨੇ ਵੀ ਪਾਵਰ ਦਾ ਪੁਆਇੰਟ 20-ਨੁਕਾਤੀ ਪ੍ਰੋਗਰਾਮ ਵਿਚ ਰੱਖਿਆ ਹੈ । ਇਸ ਵਾਸਤੇ ਪੰਜਾਬ ਸਰਕਾਰ ਨੇ ਬਜਟ ਦਾ ਕੋਈ 50% ਹਿੱਸਾ ਪਾਵਰ ਲਈ ਰੱਖਿਆ ਹੈ। 385 ਕਰੋੜ ਵਿਚੋਂ ਇਨ੍ਹਾਂ ਨੇ ਕੋਈ 190 ਕਰੋੜ ਰੁਪਿਆ ਇਸ ਕੰਮ ਲਈ ਰੱਖਿਆ ਹੈ । ਇਸ ਨਾਲ ਆਨੰਦਪੁਰ ਸਾਹਿਬ, ਹਾਈਡਲ ਪ੍ਰਾਜੈਕਟ ਹੈ, ਰੋਪੜ ਦਾ ਥਰਮਲ ਪਲਾਂਟ ਹੈ ਜਿਸ ਦਾ ਕਿ ਨੀਂਹ ਪੱਥਰ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਜੀ, ਨੇ 3 ਦਸੰਬਰ, 1980 ਨੂੰ ਰੱਖਿਆ ਸੀ ਉਹ ਇਸ ਪੈਸੇ ਨਾਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ]

ਬਣਨੇ ਹਨ ਅੱਰ ਉਸ ਪ੍ਰਾਜੈਕਟ ਦੀ ਪ੍ਰਾਗਰੈਸ ਵੇਖਣ ਵਾਸਤੇ ਸਰਦਾਰ ਦਰਬਾਰਾ ਸਿੰਘ ਜੀ ਵਾਰੀ ਵਾਰੀ ਜਾਂਦੇ ਹਨ ਤਾਕਿ ਉਸ ਦੀ ਬਣਨ ਦੀ ਸਪੀਡ ਨੂੰ ਹੋਰ ਤੇਜ਼ ਕੀਤਾ ਜਾ ਸਕੇ । ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਨੂੰ 3 ਸਾਲਾਂ ਦੇ ਅੰਦਰ ਅੰਦਰ ਪੂਰਾ ਕਰ ਕੇ ਪੰਜਾਬ ਵਿਚ ਜਿਹੜੀ ਬਿਜਲੀ ਦੀ ਕਿੱਲਤ ਹੈ ਉਸ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ । ਇਸ ਤੋਂ ਇਲਾਵਾ ਨਹਿਰਾਂ ਤੋਂ ਵੀ ਬਿਜਲੀ ਪੈਦਾ ਕਰਨ ਲਈ ਯਤਨ ਕੀਤਾ ਜਾ ਚਿਹਾ ਹੈ । ਇਸ ਦੇ ਨਾਲ ਹੀ ਪੰਜਾਬ ਦੇ ਜਿਹੜੇ ਗੁਆਂਢੀ ਸੂਬੇ ਹਨ ਜਿਵੇਂ ਜੰਮੂ ਕਸ਼ਮੀਰ ਅੱਰ ਹਿਮਾਚਲ ਪ੍ਰਦੇਸ਼ ਹਨ ਇਨ੍ਹਾਂ ਦੇ ਨਾਲ ਵੀ ਗਲ ਬਾਤ ਕੀਤੀ ਜਾ ਰਹੀ ਹੈ ਤਾ ਕਿ ਪੰਜਾਬ ਵਿਚ ਬਿਜਲੀ ਪੈਦਾ ਕੀਤੀ ਜਾ ਸਕੇ। ਬਿਜਲੀ ਪੈਦਾ ਕਰਨ ਲਈ ਸਾਡੀ ਸਰਕਾਰ ਵੱਧ ਤੋਂ ਵੱਧ ਉਪਰਾਲੇ ਕਰ ਰਹੀ ਹੈ। ਅਕਾਲੀ ਰਾਜ ਵੇਲੇ ਜਦੋਂ ਭਾਖੜਾ ਡੈਮ ਬਣ ਰਿਹਾ ਸੀ ਤਾਂ ਇਹ ਕਿਹਾ ਜਾਂਦਾ ਸੀ ਕਿ ਪਾਣੀ ਦੇ ਵਿਚੋਂ ਬਿਜਲੀ ਕੱਢੀ ਜਾ ਰਹੀ ਹੈ ਪਰ ਅੱਜ ਇਹ ਮਹਿਸੂਸ ਕਰਦੇ ਹਨ ਕਿ ਬਿਜਲੀ ਦੀ ਕਿੰਨੀ ਜ਼ਰੂਰਤ ਪੈ ਗਈ ਹੈ । ਫਿਰ ਸਾਡੀ ਸਰਕਾਰ ਨੇ ਬਿਜਲੀ ਦੇ ਟਰਾਂਜ਼ੈਕਸ਼ਨ ਲਾਸਿਜ਼ ਵਿਚ ਬਹੁਤ ਕਮੀ ਕੀਤੀ ਹੈ। 1969-70 ਵਿਚ ਜਿਥੇ 23% ਟਰਾਂਜ਼ੈਕਸ਼ਨ ਲਾਸਿਜ਼ ਹੁੰਦੇ ਸਨ ਉਥੇ ਹੁਣ ਕੇਵਲ 19% ਇਹ ਲਾਸਿਜ਼ ਰਹਿ ਗਏ ਹਨ । ਬਿਜਲੀ ਬੋਰਡ ਨੇ ਇਨ੍ਹਾਂ ਲਾਸਿਜ਼ ਨੂੰ ਘਟਾਇਆ ਹੈ । ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਕਿਸਾਨ ਨੂੰ ਬਿਜਲੀ ਜ਼ਿਆਦਾ ਮਿਲ ਸਕੇ ਇਸ ਲਈ ਕਾਫੀ ਯਤਨ ਕੀਤੇ ਹਨ ਅੱਰ ਇਸ ਦੇ ਨਾਲ ਹੀ ਕਿਸਾਨਾਂ ਨੂੰ ਬਿਜਲੀ ਵਿਚ ਰਿਆਇਤ ਵੀ ਦਿੱਤੀ ਹੈ । ਕਿਸਾਨ ਕੋਲੋਂ 13 ਪੈਸੇ ਯੂਨਿਟ ਦੇ ਲਏ ਜਾਂਦੇ ਹਨ, ਜਦ ਕਿ ਬਿਜਲੀ ਬੋਰਡ ਦਾ 52 ਪੈਸੇ ਦਾ ਰੇਟ ਹੈ । ਇਸ ਤਰ੍ਹਾਂ ਨਾਲ ਸਾਡੀ ਸਰਕਾਰ ਨੇ ਹੋਰ ਵੀ ਕਈ ਪਾਸੇ ਤਰੱਕੀ ਕੀਤੀ ਹੈ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰ ਕੇ ਬੈਠਦਾ ਹਾਂ ।

ਸਰਦਾਰ ਗੁਰਦੇਵ ਸਿੰਘ ਬਾਦਲ (ਪੰਜ ਗਰਾਈਂ, ਐਸ. ਸੀ.): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਜ਼ਿਆਦਾ ਧੰਨਵਾਦੀ ਹਾਂ ਕਿ ਤੁਸੀਂ ਮੈ ਨੂੰ ਇਸ ਤੇ ਬੋਲਣ ਦਾ ਸਮਾਂ ਦਿਤਾ ਹੈ । ਅੱਜ ਅਸੈਂਬਲੀ ਦਾ ਆਖਰੀ ਦਿਨ ਹੈ, ਅੱਰ ਆਮ ਤੌਰ ਤੇ ਇਹ ਹੁੰਦਾ ਹੈ ਕਿ ਜਦੋਂ ਪਾਠ ਦਾ ਭੋਗ ਪੈਣ ਲਗਦਾ ਹੈ ਤਾਂ ਉਸ ਵੇਲੇ ਕਿਸੇ ਚੰਗੇ ਬੰਦੇ ਨੂੰ ਚੁਣ ਕੇ ਸ਼ਬਦ ਪੜ੍ਹਨ ਲਈ ਬਿਠਾਇਆ ਜਾਂਦਾ ਹੈ । ਇਸ ਲਈ ਅੱਜ ਅਸੈਂਬਲੀ ਦਾ ਭੋਗ ਪੈਣਾ ਹੈ ।

ਸ਼੍ਰੀ ਸਪੀਕਰ : ਅਸੈਂਬਲੀ ਦਾ ਭੋਗ ਨਹੀਂ ਪੈਣਾ, ਸੈਸ਼ਨ ਦਾ ਭੋਗ ਪੈਣਾ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਇਸ ਲਈ ਮੈਂ ਚੰਗੀਆਂ ਗੱਲਾਂ ਕਰਾਂਗਾ ਜਿਹੜੀਆਂ ਤੁਹਾਨੂੰ ਪਸੰਦ ਆਉਣਗੀਆਂ । ਸਭ ਤੋਂ ਪਹਿਲੇ ਤਾਂ ਮੈਂ ਇਹ ਸਮਝਦਾ ਹਾਂ ਕਿ ਜੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਨਾ ਦੇਵਾਂ ਤਾਂ ਬੜਾ ਘਟੀਆ ਬੰਦਾ ਹੋਵਾਂਗਾ ਕਿਉਂਕਿ ਚੰਗਾ ਆਦਮੀ ਉਹੀ ਹੁੰਦਾ ਹੈ ਜਿਹੜਾ ਕਿਸੇ ਦੇ ਚੰਗੇ ਕੀਤੇ ਹੋਏ ਕੰਮਾਂ ਦੀ ਸਰਾਹਨਾ ਕਰੇ । ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਕੋਈ ਇਕ ਸਾਲ ਬਾਅਦ ਸਾਨੂੰ ਬੜੇ ਬੜੇ ਵਧੀਆ ਮਨਿਸਟਰ ਦਿੱਤੇ ਹਨ, ਜਿਨ੍ਹਾਂ ਤੇ ਸਾਨੂੰ ਕਾਫੀ ਮਾਨ ਹੈ। ਉਹ ਮਨਿਸਟਰ ਮੇਰੀਆਂ ਗੱਲਾਂ ਸੁਣ ਕੇ ਘੜੀਆਂ ਨਾ ਗਾਉਣ ਲਗ ਜਾਣ ਬਲਕਿ ਕੁਝ ਕਰ ਕੇ ਵੀ ਵਿਖਾਉਣ। ਇਸ ਤੋਂ ਇਲਾਵਾ ਮੈਨੂੰ ਇਸ ਗਲ ਦੀ ਵੀ ਖੁਸ਼ੀ ਹੈ ਕਿ ਅੱਜ ਸੀ. ਐਮ. ਸਾਹਿਬ ਇਥੇ ਬੈਠੇ ਹਨ ਅੱਰ ਉਹ ਮੇਰੀਆਂ ਰਾਵਾਂ ਨੂੰ ਬੜੇ ਧਿਆਨ ਨਾਲ ਸੁਣਨਗੇ ਅੱਰ ਉਨ੍ਹਾਂ ਤੇ ਅਮਲ ਕਰਾਉਣਗੇ ।

ਸ਼੍ਰੀ ਸਪੀਕਰ : ਤੁਸੀਂ ਜਲਦੀ ਵਾਈਂਡ ਅੱਪ ਕਰੋ ।

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਜੇ ਤੁਹਾਨੂੰ ਮੇਰੀਆਂ ਗੱਲਾਂ ਚੰਗੀਆਂ ਨਾ ਲਗਣ ਤਾਂ ਬੇਸ਼ਕ ਮੈਨੂੰ ਟਾਈਮ ਨਾ ਦੇਣਾ । ਪਰ ਮੇਰੀਆਂ ਗੱਲਾਂ ਧਿਆਨ ਨਾਲ ਸੁਣ ਲਓ। ਮੈਂ ਤਾਂ ਇਹ ਸਮਝਦਾ ਹਾਂ ਕਿ ਜੇ ਅੱਜ ਵੀ ਸਰਦਾਰ ਦਰਬਾਰਾ ਸਿੰਘ ਦੇ ਚੀਫ਼ ਮਨਿਸਟਰ ਹੁੰਦੇ ਹੋਇਆਂ ਵੀ ਸਾਡੀ ਤਰੱਕੀ ਨਾ ਹੋਈ ਤਾਂ ਫਿਰ ਕਦੇ ਵੀ ਅਸੀਂ ਆਪਣੀ ਤਰੱਕੀ ਦੀ ਆਸ ਨਹੀਂ ਰਖ ਸਕਦੇ ਕਿਉਂਕਿ ਇਹ ਬੜੇ ਪੁਰਾਣੇ ਕਾਂਗਰਸੀ ਹਨ ਅੌਰ ਬੜੇ ਦਲੇਰ ਹਨ । ਇਨ੍ਹਾਂ ਵਿਚ ਇਸ ਗਲ ਦੀ ਖੂਬੀ ਹੈ ਕਿ ਇਹ ਇਕ ਥਾਂ ਖੜ੍ਹੇ ਹਨ । ਬਾਕੀ ਤਾਂ ਫਿਰਕੀ ਚਰਖੜੀ ਵਾਲੇ ਬਹੁਤ ਆਉਂਦੇ ਹਨ ਉਹ ਕਦੇ ਇਧਰ ਅੌਰ ਕਦੇ ਉਧਰ ਹੋ ਜਾਂਦੇ ਹਨ। ਇਸ ਲਈ ਮੈਂ ਇਨ੍ਹਾਂ ਤੇ ਮਾਨ ਕਰਦਾ ਹਾਂ । ਹੁਣ ਮੈਂ ਜਿਹੜੀਆਂ ਰਾਵਾਂ ਦੇਣੀਆਂ ਚਾਹੁੰਦਾ ਹਾਂ ਮੈਨੂੰ ਉਮੀਦ ਹੈ ਕਿ ਉਹ ਮੁੱਖ ਮੰਤਰੀ ਸਾਹਿਬ ਨੂੰ ਜ਼ਰੂਰ ਪਸੰਦ ਆਉਣਗੀਆਂ ਅੌਰ ਉਹ ਉਸ ਤੇ ਅਮਲ ਕਰਾਉਣਗੇ। ਇਕ ਤਾਂ ਇਹ ਗਲ ਹੈ ਕਿ ਸਾਡੇ ਪਿੰਡਾਂ ਵਿਚ ਭਰਾ ਜ਼ਮੀਨ ਵਾਸਤੇ ਬਹੁਤ ਜ਼ਿਆਦਾ ਲੜਾਈ ਕਰਦੇ ਰਹਿੰਦੇ ਹਨ ਕਿ-ਉਂਕਿ ਉਨ੍ਹਾਂ ਨੂੰ ਜ਼ਮੀਨਾਂ ਨਹੀਂ ਮਿਲਦੀਆਂ। ਇਸ ਕਰਕੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਬਹੁਤ ਸਾਰੀਆਂ ਜ਼ਮੀਨਾਂ ਐਸੀਆਂ ਹਨ ਜਿਨ੍ਹਾਂ ਦਾ ਮੈਂ ਨਾਂ ਵੀ ਲੈਂਦਾ ਹਾਂ ਜਿਨ੍ਹਾਂ ਦਾ ਤੁਅੱਲਕ ਕਿਸੇ ਜ਼ਿਮੀਂਦਾਰ ਨਾਲ ਨਹੀਂ। ਮੈਂ ਦੱਸਦਾ ਹਾਂ ਕਿ ਸਰਾਏ ਨਾਗਾ ਪਿੰਡ ਵਿਚ ਸਰਕਾਰ ਦਾ ਇਕ ਬਹੁਤ ਵੱਡਾ ਐਗਰੀਕਲਚਰਲ ਫਾਰਮ ਹੈ, ਜਿਸ ਤੋਂ ਸਰਕਾਰ ਨੂੰ ਅੱਜ ਤੱਕ ਬਿਲਕੁਲ ਕੋਈ ਆਮਦਨੀ ਨਹੀਂ ਹੋਈ ਅੌਰ ਹਮੇਸ਼ਾ ਘਾਟਾ ਹੀ ਰਹਿੰਦਾ ਹੈ ਅੌਰ ਘਾਟਾ ਇਸ ਕਰ ਕੇ ਰਹਿੰਦਾ ਹੈ ਕਿ ਜਿਹੜੇ ਉਥੇ ਮੁਲਾਜ਼ਮ ਹਨ ਉਹ ਛੱਕੀ ਛਕਾਈ ਜਾਂਦੇ ਹਨ। ਇਸ ਲਈ ਮੇਰੀ ਰਾਏ ਹੈ ਕਿ ਇਸ ਫਾਰਮ ਦੀ ਜ਼ਮੀਨ 5-5, 7-7 ਏਕੜ ਕਰ ਕੇ ਹਰੀਜਨਾਂ ਵਿਚ ਵੰਡ ਦਿੱਤੀ ਜਾਵੇ। ਇਸ ਤੋਂ ਇਲਾਵਾ ਇਕ ਮੱਲੋਵਾਲ ਫਾਰਮ ਹੈ, ਇਕ ਚਿਰਕ ਦਾ ਫਾਰਮ ਹੈ, ਇਕ ਮੱਤੇਵਾਲ ਦਾ ਫਾਰਮ ਹੈ । ਇਹ ਬਹੁਤ ਵਡੇ ਫਾਰਮ ਪਏ ਹਨ । ਜੇ ਤੁਸੀਂ ਇਨ੍ਹਾਂ ਦੀ ਜ਼ਮੀਨ ਗਰੀਬ ਹਰੀਜਨਾਂ ਵਿਚ ਵੰਡ ਦਿਓਗੇ ਤਾਂ ਮੈਂ ਸੱਚ ਦਸਦਾ ਹਾਂ ਕਿ ਲੋਕ ਚੀਫ ਮਨਿਸਟਰ ਸਾਹਿਬ ਦੀਆਂ ਫੋਟੋ ਆਪਣੀਆਂ ਝੁਗੀਆਂ ਵਿਚ ਲਾਉਣਗੇ ਅੌਰ ਤੁਹਾਡੀ ਫੋਟੋ ਦੀ ਪੂਜਾ ਕੀਤਾ ਕਰਨਗੇ । ਇਸ ਲਈ ਤੁਸੀਂ ਉਨ੍ਹਾਂ ਫਾਰਮਾਂ ਦੀ ਜ਼ਮੀਨ 5-5, 7-7 ਏਕੜ ਕਰਕੇ ਹਰੀਜਨਾਂ ਵਿਚ ਵੰਡ ਦਿਓ ।

ਸਰਦਾਰ ਜਗਤ ਸਿੰਘ : ਜਿਹੜੀ ਬਾਦਲ ਸਾਹਿਬ ਵਾਲੀ ਜ਼ਮੀਨ ਹੈ ਉਸ ਵਿਚੋਂ ਵੀ ਉਨ੍ਹਾਂ ਦੀ ਹਿੱਸਾ ਪਤੀ ਕਢ ਦਿਓ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਇਨ੍ਹਾਂ ਨੂੰ ਨਹੀਂ ਪਤਾ ਕਿ ਜ਼ਮੀਨ ਮਿਲਦੀ ਨਹੀਂ, ਜ਼ਮੀਨ ਤਾਂ ਖੋਹੀ ਜਾਂਦੀ ਹੈ। ਜ਼ਮੀਨ ਇਕ ਐਸੀ ਚੀਜ਼ ਹੈ ਜਿਹੜੀ ਕੋਈ ਕਿਸ ਨੂੰ ਦਿੰਦਾ ਨਹੀਂ ।

"ਕੋਈ ਕਿਸੇ ਨੂੰ ਰਾਜ ਨਾ ਦਿਓ,
ਜੋ ਲਹਿ ਆਪਣੇ ਬਲ ਸੇ ਲੇਹਿ ਹੈ।"

ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਰਾਜ ਭਾਗ ਤੁਹਾਨੂੰ ਮਿਲਿਆ ਹੈ ਹੁਣ ਤੁਸੀਂ ਦਲੇਰੀ ਵਿਖਾਓ । ਹੁਣ ਜੋ ਕੁਝ ਤੁਸੀਂ ਕਰੋਗੇ ਲੋਕੀਂ ਤੁਹਾਨੂੰ ਯਾਦ ਕਰਨਗੇ। ਇਹ ਬੜੀ ਖੁਸ਼ੀ ਦੀ ਗਲ ਉਨ੍ਹਾਂ ਲਈ ਹੋਵੇਗੀ ਜਿਨ੍ਹਾਂ ਨੂੰ ਤੁਸੀਂ ਜ਼ਮੀਨਾਂ ਦਿਓਗੇ । ਇਥੇ ਸਾਡੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਡਿਪਟੀ ਮਨਿਸਟਰ ਬੈਠੇ ਹਨ, ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਹੁਣ ਉਨ੍ਹਾਂ ਨੂੰ ਕਲਮ ਮਿਲੀ ਹੈ, ਅੱਗੇ ਉਹ ਅਤੇ ਅਸੀਂ ਮੰਗਤੇ ਬਣ ਕੇ ਮੰਗਦੇ ਹੁੰਦੇ ਸੀ ਪਰ ਹੁਣ ਤਾਂ ਤੁਹਾਡੇ ਹੱਥ ਵਿਚ ਕਲਮ ਆਈ ਹੈ, ਇਸ ਕਲਮ ਨਾਲ ਗਰੀਬ ਹਰੀਜਨਾਂ ਦਾ ਸੁਧਾਰ ਕਰ ਦਿਓ ਇਹ ਜਿਹੜੀ ਪੰਚਾਇਤਾਂ ਦੀ ਜ਼ਮੀਨ ਵੇਹਲੀ ਪਈ ਹੈ, ਇਸ ਨੂੰ ਗਰੀਬ ਹਰੀਜਨਾਂ ਵਿਚ ਵੰਡ ਦਿਓ ਅੱਜ ਜੇ ਤੁਸੀਂ ਇਹ ਹੁਣ ਵੀ ਨਾ ਕੀਤਾ ਤਾਂ ਲੋਕ ਇਹ ਕਹਿਣਗੇ ਕਿ ਇਹ ਸਾਨੂੰ ਗੁਮਰਾਹ ਕਰਦੇ ਰਹੇ ਹਨ।

ਸ਼੍ਰੀ ਸਪੀਕਰ : ਤੁਹਾਡੇ 7 ਮਿੰਟ ਹੋ ਗਏ ਹਨ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਅਨੇਕਾਂ ਵਧੀਆ ਗੱਲਾਂ ਕਰ ਰਿਹਾ ਹਾਂ, ਪਰ ਫਿਰ ਵੀ ਤੁਸੀਂ ਸਮਾਂ ਨਹੀਂ ਦਿੰਦੇ। ਮੈਂ ਇਹ ਬੇਨਤੀ ਕਰਦਾ ਹਾਂ ਕਿ ਪੰਚਾਇਤਾਂ ਦੇ ਕੋਲ ਜ਼ਮੀਨ 500 ਕਿੱਲੇ ਪਈ ਹੈ, ਪਿਛੇ ਇਕ ਪ੍ਰੋਗਰਾਮ ਵੀ ਬਣਾਇਆ ਸੀ ਕਿ ਇਸ ਜ਼ਮੀਨ ਦਾ ਚੌਥਾ ਹਿੱਸਾ ਬੇਜ਼ਮੀਨੇ ਹਰੀਜਨਾਂ ਨੂੰ ਦਿੱਤਾ ਜਾਵੇਗਾ, ਪਰ ਉਹ ਵੀ ਨਹੀਂ ਮਿਲ ਰਿਹਾ। ਜੇ ਜ਼ਮੀਨ 5-5, 7-7 ਏਕੜ ਉਨ੍ਹਾਂ ਵਿਚ ਵੰਡ ਦਿੱਤੀ ਜਾਵੇ ਤਾਂ ਉਹ ਲੋਕ ਵੀ ਸੁਖ ਦੀ ਰੋਟੀ ਖਾ ਸਕਣਗੇ। ਸਾਡੇ ਕੇ. ਪੀ. ਸਾਹਿਬ ਵੀ ਇਥੇ ਬੈਠੇ ਹਨ, ਮੈਂ ਸਮਝਦਾ ਹਾਂ ਕਿ ਉਹ ਜ਼ਰੂਰ ਇਨ੍ਹਾਂ ਗਲਾਂ ਨੂੰ ਅਮਲੀ ਰੂਪ ਦੇਣ ਅੱਜ ਆਪਣੀ ਕਲਮ ਨੂੰ ਪਵਿੱਤਰ ਕਰਨ। ਤੁਹਾਡੀ ਕਲਮ ਵਿਚ ਬਹੁਤ ਸ਼ਕਤੀ ਹੈ। ਧਰਮ-ਸ਼ਾਲਾ ਵਾਸਤੇ 10 ਹਜ਼ਾਰ ਰੁਪਿਆ ਦਿੱਤਾ ਜਾਂਦਾ ਸੀ ਇਹ ਉਸ ਵਕਤ ਦਿੱਤਾ ਜਾਂਦਾ ਸੀ ਜਦ ਕਿ 7-8 ਰੁਪਏ ਦਿਹਾੜੀ ਹੁੰਦੀ ਸੀ ਅੱਜ ਹੁਣ ਦਿਹਾੜੀ 14 ਰੁਪਏ ਦੀ ਹੋ ਗਈ ਹੈ ਅੱਜ ਸੀਮਿੰਟ ਦੀ ਬੋਰੀ 70 ਰੁਪਏ ਵਿਚ ਵਿਕਦੀ ਹੈ। ਇਸ ਲਈ ਸਰਕਾਰ ਨੂੰ ਹਰੀਜਨ ਧਰਮਸ਼ਾਲਾਂ ਵਾਸਤੇ 10 ਹਜ਼ਾਰ ਰੁਪਏ ਦੀ ਥਾਂ ਤੇ 15 ਹਜ਼ਾਰ ਰੁਪਿਆ ਗ੍ਰਾਂਟ ਦਾ ਕਰ ਦੇਣਾ ਚਾਹੀਦਾ ਹੈ। ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਹਰੀਜਨਾਂ ਨੂੰ ਜ਼ਮੀਨਾਂ ਖਰੀਦ ਕੇ ਦਿਓ ਤਾ ਕਿ ਹਰੀਜਨ ਦਾ ਪਿੰਡ ਵਾਲਿਆਂ ਦੇ ਨਾਲ ਝਗੜਾ ਨਾ ਹੋਵੇ। ਆਪ ਖਰੀਦ ਕੇ ਹਰੀਜਨਾਂ ਦੇ ਵਿਚ ਪਲਾਟ ਵੰਡੋ ਤਦ ਹੀ ਭਲਾ ਹੋ ਸਕਦਾ ਹੈ ਅਤੇ ਲੜਾਈ ਝਗੜੇ ਤੋਂ ਬੱਚ ਸਕਦੇ ਹਨ।

ਸ਼੍ਰੀ ਸਪੀਕਰ : ਖਤਮ ਕਰ ਦਿਓ। ਇਸ ਸੈਕੰਡ ਸਿਟਿੰਗ ਵਾਸਤੇ ਆਪੋਜ਼ੀਸ਼ਨ ਨੇ ਬੜੀ ਮੰਗ ਕੀਤੀ ਸੀ ਪਰ ਹੁਣ ਆਪੋਜ਼ੀਸ਼ਨ ਦੇ ਬੈਂਚਿਜ਼ ਖਾਲੀ ਪਏ ਹਨ।

ਸਮਾਜ ਭਲਾਈ ਮੰਤਰੀ (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਇਹ ਜਿਹੜੀ 26 ਵੀਂ ਕਮਿਸ਼ਨਰ ਆਫ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਦੀ ਰਿਪੋਰਟ ਆਈ ਹੈ, ਇਸ ਦੇ ਵਿਚ ਕੁਲ 313 ਸਿਫਾਰਸ਼ਾਂ ਸਨ ਜਿਸ ਵਿਚੋਂ 162 ਸਿਫਾਰਸ਼ਾਂ ਭਾਰਤ ਸਰਕਾਰ ਦੇ ਨਾਲ ਸਬੰਧ ਰੱਖਦੀਆਂ ਸਨ ਅਤੇ 151 ਸਿਫਾਰਸ਼ਾਂ ਪੰਜਾਬ ਸਰਕਾਰ ਨਾਲ ਸਬੰਧ ਰੱਖਦੀਆਂ ਸਨ। ਇਸ ਰਿਪੋਰਟ ਨੂੰ ਆਏ ਕੁਲ 9 ਮਹੀਨੇ ਹੋ ਹੋਏ ਹਨ। ਅਸੀਂ ਇਤਨੇ ਥੋੜ੍ਹੇ ਜਿਹੇ ਸਮੇਂ ਵਿਚ ਬੜੀ ਤੇਜ਼ੀ ਨਾਲ ਵਿਚਾਰ ਕੀਤਾ ਅਤੇ ਸਾਰੇ ਸਬੰਧਤ ਮਹਿਕਮਿਆਂ ਨੂੰ ਇੰਪਲੀਮੈਂਟੇਸ਼ਨ ਵਾਸਤੇ ਭੇਜ ਦਿਤਾ ਸੀ। ਸਾਨੂੰ ਲੋਕਾਂ ਨੇ ਚੁਣ ਕੇ ਇਥੇ ਭੇਜਿਆ ਹੈ ਅਤੇ ਤੁਹਾਨੂੰ ਆਪੋਜ਼ੀਸ਼ਨ ਦੇ ਵਿਚ ਬਿਠਾ ਦਿੱਤਾ ਹੈ। ਆਪੋਜ਼ੀਸ਼ਨ ਵਾਲੇ ਹਰੀਜਨਾਂ ਦੇ ਬੜੇ ਹਿਤੈਸ਼ੀ ਬਣਦੇ ਹਨ ਅਤੇ ਹਮਦਰਦੀ ਜ਼ਾਹਿਰ ਕਰਦੇ ਹਨ ਪਰ ਜਦੋਂ ਇਨ੍ਹਾਂ ਨੂੰ ਕੰਮ ਕਰਨ ਦਾ ਵਕਤ ਆਇਆ ਤਾਂ ਇਹ ਹਮਦਰਦੀ ਨਹੀਂ ਦਿਖਾ ਸਕੇ ਸਨ। 1977 ਦੇ ਵਿਚ ਇਲੈਕਸ਼ਨ ਦੇ ਦਿਨਾਂ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਫਗਵਾੜੇ ਵਿਚ ਬਾਬੂ ਜਗਜੀਵਨ ਰਾਮ ਨੂੰ ਲੈ ਕੇ ਆਏ ਸਨ ਜੋ ਹਿੰਦੁਸਤਾਨ ਦੇ ਵਿਚ ਹਰੀਜਨਾਂ ਦੇ ਬਹੁਤ ਵੱਡੇ ਲੀਡਰ ਹਨ ਅਤੇ ਉਥੇ ਬਾਦਲ ਸਾਹਿਬ

Original with;
Punjab Vidhan Sabha
Digitized by;
Panjab Digital Library

ਨੇ ਨਾਅਰੇ ਲਗਵਾਏ ਕਿ ਦੇਸ਼ ਦਾ ਨੇਤਾ ਜਗਜੀਵਨ ਰਾਮ ਅਤੇ ਹਰੀਜਨ ਦਾ ਬੇਟਾ ਦੇਸ਼ ਦਾ ਪ੍ਰਧਾਨ ਮੰਤਰੀ ਹੋਵੇਗਾ। ਇਨ੍ਹਾਂ ਨੇ ਇਤਨੀ ਹਮਦਰਦੀ ਵਿਖਾਈ ਸੀ ਪਰ ਹੁਣ ਉਹ ਬਾਬੂ ਜਗਜੀਵਨ ਰਾਮ ਕਿਧਰ ਗਏ ਹਨ, ਨਜ਼ਰ ਨਹੀਂ ਆ ਰਹੇ। ਜਿਸ ਵੇਲੇ ਦੇਸ਼ ਗੁਲਾਮ ਸੀ, (ਸਰਦਾਰ ਦਲੀਪ ਸਿੰਘ ਪਾਂਧੀ ਅਤੇ ਗੁਰਦੇਵ ਸਿੰਘ ਬਾਦਲ ਵਲੋਂ ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਚੁਪ ਕਰਾਓ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਫੈਸਲਾ ਕੀਤਾ ਹੋਇਆ ਹੈ ਕਿ ਜੋ ਕੁਝ ਕਹਿਣਾ ਹੈ ਉਹ ਕਰ ਕੇ ਦਿਖਾਉਣਾ ਹੈ ਇਨ੍ਹਾਂ ਵਾਂਗ ਨਹੀਂ ਕਿ ਕਹਿਣਾ ਕੁਝ ਅਤੇ ਕਰਨਾ ਕੁਝ ਵੀ ਨਾ। ਜਿਸ ਵਕਤ ਭਾਖੜਾ ਡੈਮ ਬਣਿਆ ਸੀ ਤਾਂ ਉਸ ਵਕਤ ਕਮਿਉਨਿਸਟ ਭਰਾ ਕਿਸਾਨਾਂ ਨੂੰ ਕਹਿੰਦੇ ਸਨ ਕਿ ਕਾਂਗਰਸੀਆਂ ਨੂੰ ਨਹਿਰਾਂ ਨਾ ਪੁੱਟਣ ਦਿਓ ਇਹ ਤੁਹਾਡੇ ਪਾਣੀ ਵਿੱਚੋਂ ਬਿਜਲੀ ਕੱਢ ਲੈਣਗੇ ਅਤੇ ਤੁਹਾਨੂੰ ਫੋਕਾ ਪਾਣੀ ਖੇਤੀ ਲਈ ਦੇਣਗੇ। ਜੂਨ, 1980 ਵਿਚ ਜਦੋਂ ਸਾਡੀ ਸਰਕਾਰ ਬਣੀ ਤਾਂ ਅਸੀਂ ਫੈਸਲਾ ਕੀਤਾ ਕਿ ਕਿਸ ਢੰਗ ਨਾਲ ਹਰੀਜਨਾਂ ਨੂੰ ਉਪਰ ਚੁਕਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਦੂਜਿਆਂ ਦੇ ਬਰਾਬਰ ਕਿਸ ਤਰ੍ਹਾਂ ਲਿਆ ਜਾ ਸਕਦਾ ਹੈ। ਇਸੇ ਲਈ ਸਰਕਾਰ ਨੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿਣ ਵਾਲਿਆਂ ਦਾ ਸਰਵੇ ਕਰਵਾਇਆ ਅਤੇ 38% ਲੋਕਾਂ ਨੂੰ ਪੀਲੇ ਕਾਰਡ ਵੰਡੇ ਗਏ ਜਿਨ੍ਹਾਂ ਦੀ ਆਮਦਨੀ 3,600 ਤੋਂ ਘੱਟ ਸੀ। ਮੈਂ ਬੜੇ ਯਕੀਨ ਨਾਲ ਕਹਿੰਦਾ ਹਾਂ ਕਿ 14% ਜਿਹੜੀ ਰਿਜ਼ਰਵੇਸ਼ਨ ਹਰੀਜਨਾਂ ਦੀ ਰਹਿੰਦੀ ਹੈ ਉਸ ਨੂੰ ਅਸੀਂ ਪੂਰੀ ਤਰ੍ਹਾਂ ਲਾਗੂ ਕਰਾਂਗੇ। ਐਸੇ ਖਤਰੇ ਵਾਲੀ ਕੋਈ ਗੱਲ ਨਹੀਂ ਹੈ। ਰਿਜ਼ਰਵੇਸ਼ਨ ਨੂੰ ਪੂਰਾ ਕੀਤਾ ਜਾਵੇਗਾ। ਅਸੀਂ ਹਰੀਜਨਾਂ ਨੂੰ 11,63,88,000 ਰੁਪਏ ਦਾ ਕਰਜ਼ਾ ਦਿੱਤਾ ਹੈ ਇਹ ਸਾਰਾ ਸੂਦ ਤੋਂ ਬਗੈਰ ਦਿੱਤਾ ਗਿਆ ਹੈ ਅਤੇ ਇਸ ਤੋਂ ਇਲਾਵਾ 5,07,16,000 ਰੁਪਿਆ 24,139 ਪਰਿਵਾਰਾਂ ਨੂੰ ਕਰਜ਼ਾ ਦਿੱਤਾ ਗਿਆ। ਇਹ ਸਬਸਿਡੀ ਤੇ ਕਰਜ਼ਾ ਦਿਤਾ ਗਿਆ ਹੈ। ਇਹ ਰਾਜ ਵਿਚ 25 ਤੋਂ 33% ਲੋਕ ਹਨ ਅਤੇ ਕਿਸੇ ਤਰ੍ਹਾਂ 75% ਸ਼ਡਿਊਲਡ ਕਾਸਟਾਂ ਨੂੰ ਜਿਨ੍ਹਾਂ ਦੇ 2 ਲੱਖ ਪਰਿਵਾਰ ਹਨ, ਨੂੰ ਕਰਜ਼ਾ ਦਿਤਾ ਗਿਆ। ਇਨ੍ਹਾਂ ਨੂੰ ਬਿਨਾ ਸੂਦ ਕਰਜ਼ਾ ਦਿੱਤਾ ਗਿਆ ਹੈ। ਇਨ੍ਹਾਂ ਦਾ ਵਿਆਜ ਪੰਜਾਬ ਸਰਕਾਰ ਦੇਵੇਗੀ। ਹੁਣ ਤੁਸੀਂ ਕਹਿੰਦੇ ਹੋ ਕਿ ਸਾਨੂੰ ਬੈਂਕਾਂ ਦੇ ਵੱਸ ਪਾ ਦਿੱਤਾ ਹੈ ਇਹ ਕੌਣ ਵੱਸ ਪਾ ਕੇ ਗਿਆ ਸੀ ? ਇਹ ਅਕਾਲੀ ਪਾਰਟੀ ਨੇ ਪਾਇਆ ਸੀ, ਉਸ ਵਕਤ ਤੁਸੀਂ 29-30 ਕਾਰਪੋਰੇਸ਼ਨਾਂ ਤੋਂ ਕਰਜ਼ਾ ਲੈਣ ਵਾਸਤੇ ਬੈਂਕਾਂ ਰਾਹੀਂ ਕਰਕੇ ਗਏ ਸੀ ਅੱਰ ਅਗਰ ਕੋਈ ਬੈਂਕਾਂ ਰਾਹੀਂ ਅੜਿਆਈ ਹੈ ਤਾਂ ਉਸ ਨੂੰ ਅਸੀਂ ਦੂਰ ਕਰਨਾ ਹੈ। ਤੁਸੀਂ ਬੈਂਕਾਂ ਰਾਹੀਂ ਕੇਵਲ 15 ਲੱਖ ਰੁਪਿਆ ਲੈ ਕੇ ਦਿੱਤਾ ਸੀ ਅੱਰ ਅਸੀਂ ਦੇਖ ਲਓ ਕਿੰਨਾ ਦਿੱਤਾ ਹੈ। ਅਸੀਂ ਬੈਂਕਾਂ ਵਾਲਿਆਂ ਦੇ ਨਾਲ ਮੀਟਿੰਗਾਂ ਕਰਕੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਦੇ ਹਾਂ ਅਤੇ ਤਾਲ ਮਲ ਕਾਇਮ ਰੱਖਦੇ ਹਾਂ। ਤੁਹਾਡੇ ਵੇਲੇ ਬੱਚਿਆਂ ਨੂੰ ਕਿਤਾਬਾਂ ਮੁਫਤ ਨਹੀਂ ਮਿਲਦੀਆਂ ਸੀ ਜੇਕਰ ਮਿਲਦੀਆਂ ਸੀ ਤਾਂ ਉਦੋਂ ਜਦੋਂ ਹਰੀਜਨਾਂ ਦੇ ਬੱਚੇ ਖਰੀਦ ਲੈਂਦੇ ਸਨ। ਸਾਡੇ ਵਕਤ ਕਿਤਾਬਾਂ ਬੱਚਿਆਂ ਨੂੰ ਟਾਈਮ ਸਿਰ ਮਿਲ ਰਹੀਆਂ ਹਨ ਅਤੇ ਇਸੇ ਤਰ੍ਹਾਂ ਸਟੈਨੋਗ੍ਰਾਫੀ ਲਈ ਵਜ਼ੀਫੇ 100 ਰੁਪਿਆ ਰਖਿਆ ਗਿਆ ਅਤੇ 163 ਬੱਚੇ ਕੋਰਸ ਕਰ ਰਹੇ ਹਨ ਤਾਂ ਕਿ ਉਨ੍ਹਾਂ ਦੀ ਤਰੱਕੀ ਹੋ ਸਕੇ।

ਸਪੀਕਰ ਸਾਹਿਬ 1980-81 ਵਿਚ ਇੱਕ ਨਵੀਂ ਸਕੀਮ ਚਲਾਈ ਗਈ। (ਵਿਘਨ)

Mr. Speaker : No interruption please.

Original with;
Punjab Vidhan Sabha
Digitized by;
Panjab Digital Library

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਜਿਸ ਘਰ ਦੀ ਲੜਕੀ ਮੈਟਰਿਕ ਪਾਸ ਹੋਵੇ ਉਸ ਨੂੰ 40 ਰੁਪਏ ਮਹੀਨਾ ਦੇਣੇ ਹਨ ਅਤੇ ਜਿਸ ਘਰ ਦੀ ਲੜਕੀ ਬੀ. ਏ. ਜਾਂ ਐਮ.ਏ. ਪਾਸ ਹੋਵੇਗੀ, ਉਸ ਨੂੰ 50 ਰੁਪਏ ਮਹੀਨਾ ਦੇਣੇ ਹਨ । "ਜੈਸਾ ਮਾਤਾ ਕਾ ਦੂੱਧ, ਤੈਸੀ ਬੱਚੇ ਦੀ ਬੁੱਧ ।" ਹਰੀਜਨਾਂ ਦੇ ਆਈ. ਏ. ਐਸ. ਵਿਚ ਬੱਚੇ ਪੜ੍ਹਦੇ ਹਨ। ਪਟਿਆਲੇ ਦਾ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੂੰ ਪਤਾ ਹੈ ਇਹ ਮੇਰੇ ਭਰਾ ਕਹਿੰਦੇ ਹਨ ਕਿ ਹਰੀਜਨਾਂ ਦੀਆਂ ਬਸਤੀਆਂ ਵਾਸਤੇ ਕੁਝ ਨਹੀਂ ਕੀਤਾ ਗਿਆ । ਸਪੀਕਰ ਸਾਹਿਬ, ਬਜਟ ਵਿਚ 1981-82 ਵਿਚ 90 ਲੱਖ ਰੁਪਿਆ ਰਖਿਆ ਗਿਆ ਸੀ। 1982-83 ਵਿਚ 1.10 ਕਰੋੜ ਰੁਪਿਆ ਰਖਿਆ ਗਿਆ ਹੈ। (ਥੰਪਿੰਗ) ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਦੀ ਸਰਕਾਰ ਨੇ ਹਰੀਜਨਾਂ ਦੀ ਭਲਾਈ ਵਾਸਤੇ ਪੈਸਾ ਰਖਿਆ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੇ ਫੈਸਲਾ ਕੀਤਾ ਹੈ ਕਿ ਪਿੰਡਾਂ ਵਿਚ ਹਰੀਜਨਾਂ ਦੇ ਘਰੋਂ ਕੰਮ ਸ਼ੁਰੂ ਕੀਤਾ ਜਾਵੇਗਾ । (ਥੰਪਿੰਗ) ਮੇਰੇ ਦੋਸਤ ਕਾਮਰੇਡ ਸਾਹਿਬ ਨੇ ਕਿਹਾ ਹੈ ਕਿ ਮਜ਼ਦੂਰਾਂ ਵਾਸਤੇ ਕੁਝ ਨਹੀਂ ਕੀਤਾ ਗਿਆ। ਮੈਂ ਸਪੀਕਰ ਸਾਹਿਬ, ਹੈਰਾਨ ਹਾਂ ਕਿ 1 ਜਨਵਰੀ, 1979 ਨੂੰ ਪਹਿਲਾਂ ਮਜ਼ਦੂਰਾਂ ਦੀ ਬਹੁਤ ਥੋੜ੍ਹੀ ਦਿਹਾੜੀ ਹੁੰਦੀ ਸੀ, ਪਰ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ, ਦੀ ਸਰਕਾਰ ਨੇ 14 ਰੁਪਏ ਦਿਹਾੜੀ ਰੋਜ਼ ਦੀ ਮਜ਼ਦੂਰਾਂ ਦੀ ਕਰ ਦਿਤੀ ਹੈ ।

EXTENSION OF TIME OF THE SITTING

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਹਾਊਸ ਨੂੰ 9.00 ਵਜੇ ਤਕ ਐਕਸਟੈਂਡ ਕਰ ਲਵੋ ।

ਸ਼੍ਰੀ ਸਪੀਕਰ : ਸਰਦਾਰ ਦਲੀਪ ਸਿੰਘ ਪਾਂਧੀ ਦੀ ਗੱਲ ਮੋੜਨੀ ਨਹੀਂ ਹੈ। ਹਾਊਸ ਨੂੰ ਐਕਸਟੈਂਡ ਕਰ ਲੈਂਦੇ ਹਾਂ ।

ਆਵਾਜ਼ਾਂ : ਹਾਂ ਜੀ ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ ਹਾਊਸ ਦੀ ਮਰਜ਼ੀ ਨਾਲ 8.00 ਵਜੇ ਤਕ ਕੀਤਾ ਜਾਂਦਾ ਹੈ ।

DISCUSSION ON THE 26TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1978-79 (PART I)

AND

THE ADMINISTRATION REPORT OF THE PUNJAB STATE ELECTRICITY BOARD FOR THE YEAR 1980-81 (*Resumption*)

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਦੀ ਸਰਕਾਰ ਨੇ ਇੱਕ ਦਿਨ ਵਿਚ ਹੀ ਫੈਸਲਾ ਕਰ ਦਿੱਤਾ ਹੈ ਅਤੇ 12 ਅਫ਼ਸਰ ਸਬ-ਡਵੀਜ਼ਨਾਂ ਅਤੇ ਬਲਾਕਾਂ ਵਿਚ ਲਗਾਏ ਗਏ ਹਨ, ਜੋ ਕਿ ਵੇਖਣਗੇ ਕਿ ਆਇਆ ਮਜ਼ਦੂਰਾਂ ਨੂੰ ਕਾਰਖਾਨਿਆਂ ਵਿਚ ਅਤੇ ਸ਼ੈਲਰਾਂ ਵਿਚ ਪੂਰੀ ਮਜ਼ਦੂਰੀ 14 ਰੁਪਏ ਰੋਜ਼ ਦੀ ਦਿੱਤੀ ਜਾਂਦੀ ਹੈ ਕਿ ਨਹੀਂ। (ਥੰਪਿੰਗ) ਅੱਜ ਹਾਊਸ ਵਿਚ ਕੋਈ ਵੀ ਬੰਦਾ ਬਾਂਹ ਖੜ੍ਹੀ ਕਰਕੇ ਨਹੀਂ ਕਹਿ ਸਕਦਾ ਕਿ ਪੰਜਾਬ ਵਿਚ ਅਤੇ ਸਾਰੇ ਦੇਸ਼ ਵਿਚ ਹਰੀਜਨਾਂ ਨੂੰ ਉੱਚੀ ਪਦਵੀ ਤੇ ਨਹੀਂ ਲਾਇਆ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਤੁਸੀਂ ਹਰੀਜਨ ਐਮ.ਐਲ.ਏ. ਬਣ ਕੇ ਅੱਜ ਹਾਊਸ ਵਿਚ ਬੈਠੇ ਹੋ ਅਤੇ ਮੈਂ ਹਰੀਜਨ ਮਿਨਿਸਟਰ ਹਾਂ। ਪਾਰਲੀਮੈਂਟ ਵਿਚ ਵੀ ਹਰੀਜਨ ਮੈਂਬਰ ਹਨ। ਆਲ ਇੰਡੀਆ ਕਾਂਗਰਸ ਪਾਰਟੀ ਦਾ ਪ੍ਰੈਜ਼ੀਡੈਂਟ ਹਰੀਜਨ ਰਿਹਾ ਹੈ। ਸਰਦਾਰ ਬੂਟਾ ਸਿੰਘ ਕਾਂਗਰਸ ਦਾ ਜਨਰਲ ਸੈਕਟਰੀ ਹਰੀਜਨ ਹੈ। ਸਪੀਕਰ ਸਾਹਿਬ, 4 ਕਰੋੜ ਰੁਪਏ ਹਰੀਜਨਾਂ ਨੂੰ ਵਜ਼ੀਫੇ ਦੇ ਤੌਰ ਤੇ ਦਿਤੇ ਜਾਂਦੇ ਹਨ। ਕਈਆਂ ਨੂੰ ਚੁਗਲੀ ਕਰਨ ਦੀ ਆਦਤ ਹੁੰਦੀ ਹੈ। ਉਹ ਸਪੀਕਰ ਸਾਹਿਬ, ਨਾਰਦਮੁਨੀ ਵਾਂਗ ਇਧਰ ਉਧਰ ਜਾਕੇ ਚੁਗਲੀਆਂ ਕਰਦੇ ਰਹਿੰਦੇ ਹਨ। ਸਪੀਕਰ ਸਾਹਿਬ, ਮਹਾਤਮਾ ਗਾਂਧੀ ਜੀ ਨੇ ਇੱਕ ਗੱਲ ਕਹੀ ਸੀ ਕਿ ਮੇਰੀ ਮੌਤ ਤੋਂ ਬਾਅਦ ਮੈਂ ਚਾਹੁੰਦਾ ਹਾਂ ਕਿ ਪ੍ਰਮਾਤਮਾ ਮੈਨੂੰ ਹਰੀਜਨ ਦੇ ਘਰ ਜਨਮ ਦੇਵੇ। ਉਨ੍ਹਾਂ ਨੇ ਕਿਹਾ ਸੀ ਕਿ ਗੁਰੂਆਂ ਦੇ ਵਚਨ ਸਾਨੂੰ ਪੂਰੇ ਕਰਨੇ ਚਾਹੀਦੇ ਹਨ। ਸਪੀਕਰ ਸਾਹਿਬ

"ਇਲਮ ਵੁਹੀ ਹੈ, ਜਿਸ ਪੈ ਅਮਲ ਹੋ,
ਜਿਸ ਪੇ ਅਮਲ ਨਹੀਂ ਵੋਹ ਇਲਮ ਨਹੀਂ।"

ਸਪੀਕਰ ਸਾਹਿਬ, ਗਿਆਨੀ ਕੁੰਦਨ ਸਿੰਘ ਪਤੰਗ ਨੇ ਬਨਾਰਸ ਦੀਆਂ ਮਿਸਾਲਾਂ ਦਿੱਤੀਆਂ ਹਨ ਕਿ ਉਥੇ ਛੂਤ-ਛਾਤ ਬਹੁਤ ਹੈ ਲੇਕਿਨ ਆਪ ਤਾਂ ਪੰਜਾਬ ਵਿਚ ਇਹ ਲੋਕ ਜੱਫੀਆਂ ਪਾ ਲੈਂਦੇ ਹਨ। ਸਪੀਕਰ ਸਾਹਿਬ, ਕਿਸੇ ਸ਼ਾਇਰ ਨੇ ਕਿਹਾ ਸੀ ਕਿ ਹੇਰਾ-ਫੇਰੀ ਕਰਨ ਵਾਲੇ ਲੋਕ ਕਦੋਂ ਇਕੱਠੇ ਹੁੰਦੇ ਹਨ, ਜਦੋਂ ਉਨ੍ਹਾਂ ਨੇ ਡਾਕਾ ਮਾਰਨਾ ਹੁੰਦਾ ਹੈ ਹੇਰਾ-ਫੇਰੀ ਕਰਨ ਵਾਲੇ ਲੋਕ ਕਦੋਂ ਲੜਦੇ ਹਨ ਜਦੋਂ ਉਨ੍ਹਾਂ ਨੇ ਮਾਲ ਵੰਡਣਾ ਹੁੰਦਾ ਹੈ। ਸਪੀਕਰ ਸਾਹਿਬ, ਸਰਦਾਰ ਦਲੀਪ ਸਿੰਘ ਪਾਂਧੀ ਜੀ ਆਪਣੀ ਟੇਬਲ ਤੇ ਫੋਟੋ ਲਗਾ ਦਿੰਦੇ ਹਨ ਅਤੇ ਵਹਿਮ ਪਾ ਦਿੰਦੇ ਹਨ, ਚਾਹੇ ਉਹ ਫੋਟੋ ਗਰੀਬਾਂ ਨੂੰ ਕਰਜ਼ੇ ਵੰਡਣ ਦੀ ਹੋਵੇ। ਸਪੀਕਰ ਸਾਹਿਬ, ਮੇਰੇ ਕੋਲ ਇਹ ਰਿਪੋਰਟ ਹੈ ਜੇਕਰ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੂੰ ਰੇਪ ਕੇਸਿਜ਼ ਪੜ੍ਹਨ ਤੋਂ ਵੇਹਲ ਮਿਲ ਗਈ ਹੋਵੇਗੀ ਤਾਂ ਰਿਪੋਰਟ ਪੜ੍ਹੀ ਹੋਵੇਗੀ ਅਤੇ ਇਨ੍ਹਾਂ ਨੂੰ ਪਤਾ ਹੋਵੇਗਾ ਕਿ ਇਸ ਰਿਪੋਰਟ ਵਿਚ ਕੀ ਲਿਖਿਆ ਹੋਇਆ ਹੈ ? ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਇਹ ਰਿਪੋਰਟ ਨਹੀਂ ਪੜ੍ਹੀ ਹੋਣੀ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਅੱਜ ਇਸ ਸੈਸ਼ਨ ਦਾ ਅਖੀਰਲਾ ਦਿਨ ਹੈ। ਮੈਂ ਸਾਰੇ ਮਾਨਯੋਗ ਮੈਂਬਰਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ। ਸਪੀਕਰ ਸਾਹਿਬ, ਖਾਸ ਕਰਕੇ ਮੈਂ ਤੁਹਾਡਾ ਵੀ ਸ਼ੁਕਰੀਆ ਅਦਾ ਕਰਦਾ ਹਾਂ ਜਿਸ ਨੇ ਸਾਰੇ ਹਾਊਸ ਦੇ ਮੈਂਬਰਾਂ ਨੂੰ ਬੜੀ ਸਿਆਣਪ ਨਾਲ ਬੈਲੈਂਸ ਵਿਚ ਰਖਿਆ ਹੈ। ਤੁਸੀਂ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਅਕਾਮੋਡੇਟ ਕੀਤਾ ਹੈ। ਇਸ ਲਈ ਵੀ ਮੈਂ ਤੁਹਾਡਾ, ਸਪੀਕਰ ਸਾਹਿਬ, ਧੰਨਵਾਦ ਕਰਦਾ ਹਾਂ। ਇਥੇ ਅੱਜ ਹਾਊਸ ਵਿਚ ਹਰੀਜਨਾਂ ਦੇ ਵਾਸਤੇ ਸਵਾਲ ਉਠਾਏ ਗਏ ਹਨ। ਉਨ੍ਹਾਂ ਹਰੀਜਨਾਂ ਬਾਰੇ ਮੈਂ ਜ਼ਰੂਰ ਅਰਜ਼ ਕਰਾਂਗਾ ਕਿ ਹਰੀਜਨ ਵੀ, ਸਪੀਕਰ ਸਾਹਿਬ, ਸਮਾਜ ਦਾ ਇੱਕ ਹਿੱਸਾ ਹੈ, ਜਿਸ ਨੂੰ ਅਸੀਂ ਕਮਜ਼ੋਰ ਵਰਗ ਕਹਿੰਦੇ ਹਾਂ। ਉਹ ਕਈ ਕਾਰਨਾਂ ਕਰਕੇ ਪਿਛੇ ਰਹਿ ਗਿਆ। ਉਨ੍ਹਾਂ ਨੂੰ ਸਪੀਕਰ ਸਾਹਿਬ, ਉਹ ਜਗ੍ਹਾ ਨਹੀਂ ਦਿੱਤੀ ਗਈ ਜਿਹੜੇ ਬਾਕੀ ਲੈ ਗਏ ਸੀ। ਉਨ੍ਹਾਂ ਨੂੰ ਜ਼ਾਤ ਬਰਾਦਰੀ ਵਿਚ ਵੰਡ ਦਿੱਤਾ ਅਤੇ ਇਨ੍ਹਾਂ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਸੀ। ਸਪੀਕਰ ਸਾਹਿਬ, ਉਹ ਸਿਆਸਤਦਾਨ, ਹਮਦਰਦ ਹਿੰਦੁਸਤਾਨੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜਿਹੜੇ ਕਿ ਸਾਡੇ ਲੀਡਰ ਰਹੇ ਹਨ, ਉਨ੍ਹਾਂ ਦੀ ਇਹ ਫੋਟੋ ਹੈ, ਉਨ੍ਹਾਂ ਨੇ ਸਵਾਲ ਉਠਾਇਆ ਕਿ ਉਨ੍ਹਾਂ ਨੂੰ ਵੀ ਬਰਾਬਰ ਲਿਆਂਦਾ ਜਾਵੇ। ਸਪੀਕਰ ਸਾਹਿਬ, ਜਿਥੇ ਬਾਕੀ ਲੋਕ ਖੜ੍ਹੇ ਹਨ, ਉਨ੍ਹਾਂ ਨੂੰ ਵੀ ਬਰਾਬਰ ਉਥੇ ਖੜ੍ਹਾ ਕੀਤਾ ਜਾਵੇ। (ਥੰਪਿੰਗ) ਉਨ੍ਹਾਂ ਦਾ ਆਰਥਿਕ ਢਾਂਚਾ ਖਰਾਬ ਹੈ। ਸਮਾਜ ਨੇ ਉਨ੍ਹਾਂ ਨੂੰ ਬਹੁਤ ਦੂਰ ਰਖਿਆ ਹੈ। ਉਨ੍ਹਾਂ ਨੂੰ ਅਗੇ ਨਹੀਂ ਆਉਣ ਦਿਤਾ। ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ ਲੇਕਿਨ ਇਕ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਮਾਜ ਵਿਚ ਜੋ ਇਤਨਾ ਬੈਲੈਂਸ ਹੈ, ਅਸੀਂ ਉਸ ਬੈਲੈਂਸ ਨੂੰ ਦੂਰ ਕਰਨ ਦੀ ਦਿਲੋਂ ਕੋਸ਼ਿਸ਼ ਕਰਨਾ ਚਾਹੁੰਦੇ ਹਾਂ। (ਥੰਪਿੰਗ) ਇਸ ਵਿਚ ਕੋਈ ਪੋਲੀਟੀਕਲ ਗੱਲ ਨਹੀਂ ਹੈ। ਸਮੁੱਚੇ ਤੌਰ ਤੇ ਉਨ੍ਹਾਂ ਨੂੰ ਬਰਾਬਰ ਲਿਆਉਣ ਦੀ ਲੋੜ ਹੈ। ਸਪੀਕਰ ਸਾਹਿਬ, ਇਸ ਕਰਕੇ ਹੀ ਪਿਛੇ ਜਿਹੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਪਾਰਲੀਮੈਂਟ ਵਿਚ ਬਿਲ ਪਾਸ ਕਰਾਇਆ ਸੀ ਕਿ ਅਸੀਂ ਰਿਜ਼ਰਵੇਸ਼ਨ ਰੱਖਣੀ ਹੈ ਅੱਤੇ ਇਹ ਬਿਲ ਪਾਰਲੀਮੈਂਟ ਵਿਚ ਯੂਨੈਨੀਮਸਲੀ ਪਾਸ ਹੋਇਆ ਸੀ। (ਥੰਪਿੰਗ) ਰਿਜ਼ਰਵੇਸ਼ਨ ਵਿਚ ਕਮੀ ਰਹਣ ਦੀ ਵਜ੍ਹਾ ਕੀ ਹੈ? ਇਹ ਉਸ ਪੱਧਰ ਤੇ ਨਹੀਂ ਪਹੁੰਚ ਸਕੇ ਕਿ ਆਪਣੇ ਤੌਰ ਤੇ ਯੋਗਿਅਤਾ ਦੇ ਹਿਸਾਬ ਨਾਲ ਉਹ ਆ ਜਾਣ, ਇਹ ਵਕਤ ਹਾਲੇ ਆਇਆ ਨਹੀਂ ਹੈ। ਇਸ ਲਈ ਲਾਜ਼ਮੀ ਤੌਰ ਤੇ ਇਸ ਨੂੰ ਅੱਗੇ ਵਧਾਇਆ ਹੈ ਤਾਕਿ ਜ਼ਿਆਦਾ ਕੋਸ਼ਿਸ਼ ਕਰਕੇ ਆਪਣੇ ਵਲੋਂ ਵੀ ਅੱਤੇ ਜੋ ਸਮਾਜ ਵਿਚ ਰੁਕਾਵਟਾਂ ਹਨ ਉਨ੍ਹਾਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਅੱਗੇ ਵਧਾਇਆ ਜਾ ਸਕੇ। ਕਾਫੀ ਸਾਰੇ ਸਵਾਲ ਉਠਾਏ ਗਏ ਹਨ ਅਤੇ ਕਿਹਾ ਗਿਆ ਹੈ ਕਿ ਇਨ੍ਹਾਂ ਨੂੰ ਕਰਜ਼ੇ ਲੈਣ ਵਿਚ ਕਾਫੀ ਰੁਕਾਵਟਾਂ ਆਉਂਦੀਆਂ ਹਨ। ਇਹ ਸਾਰੀ ਗਲ ਨੋਟ ਕੀਤੀ ਹੈ। ਮੈਂ ਵਿਸਥਾਰ ਨਾਲ ਅਗਰ ਦਸਾਂ ਤਾਂ ਕਾਫੀ ਸਮਾਂ ਲਗੇਗਾ। ਸਰਦਾਰ ਗੁਰਦੇਵ ਸਿੰਘ ਬਾਦਲ ਹੋਰਾਂ ਨੇ ਸਵਾਲ ਵਾਜਬ ਉਠਾਏ ਹਨ ਅੱਤੇ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਅਸੀਂ ਚਾਹੁੰਦੇ ਹਾਂ ਕਿ ਜਿਹੜੀਆਂ ਜ਼ਮੀਨਾਂ ਫਾਲਤੂ ਪਈਆਂ ਹਨ ਅਗਰ ਉਹ ਲੋਕ ਦੇ ਦੇਣ ਅੱਤੇ ਜੇਕਰ ਸਾਰਾ ਹਾਊਸ ਇਸ ਗਲ ਲਈ ਤਿਆਰ ਹੋਵੇ ਅੱਤੇ ਇਨ੍ਹਾਂ ਦੇ ਆਦਮੀ ਆਪਣੇ ਆਪ ਜ਼ਮੀਨਾਂ ਛਡਣ ਲਈ ਤਿਆਰ ਹੋਣ ਤਾਂ ਕਈ ਲਖ ਏਕੜ ਜ਼ਮੀਨ ਨਿਕਲ ਸਕਦੀ ਹੈ (ਥੰਪਿੰਗ) ਮੈਂ ਇਸ ਗਲ ਦਾ ਵਾਅਦਾ ਕਰਦਾ ਹਾਂ ਕਿ ਜੋ ਆਪਣੇ ਤੌਰ ਤੇ ਆਫਰ ਕਰਦੇ ਹਨ ਉਹ ਹੰਡਰਡ ਪਰਸੰਟ ਜ਼ਮੀਨ 5 ਏਕੜ ਦੇ ਹਿਸਾਬ ਨਾਲ ਹਰੀਜਨਾਂ ਨੂੰ ਦਿੱਤੀ ਜਾਏਗੀ (ਥੰਪਿੰਗ) (ਵਿਘਨ) ਮੇਰੀ ਅਰਜ਼ ਇਹ ਹੈ ਕਿ ਅਸੀਂ ਇਹ ਨਹੀਂ ਕਹਿੰਦੇ ਕਿ ਅਸੀਂ ਪਿਛੇ ਰਹਿ ਗਏ ਹਾਂ ਅਸੀਂ ਭੁਹਾਡੇ ਨਾਲ ਹਾਂ ਅੱਤੇ ਕੰਆਪ੍ਰੇਸ਼ਨ ਹੋਣੀ ਚਾਹੀਦੀ ਹੈ। ਫਿਰ ਕੁਝ ਅੰਕੜੇ ਦੱਸ ਕੇ ਕਿਹਾ ਗਿਆ ਹੈ ਕਿ ਮੱਤੇਵਾਲ, ਮੱਲੇਵਾਲ ਅੰਗਰੀਕਲਚਰਲ ਫਾਰਮ ਵਿਚ ਘਾਟਾ ਹੈ। ਐਗਰੀਕਲਚਰ ਐਸਾ ਸਬਜੈਕਟ ਹੈ ਜੋ ਅਸੀਂ ਆਪ ਭੁੱਖੇ ਨਹੀਂ ਰਹਿ ਸਕਦੇ ਬਲਕਿ ਜੋ ਸਾਨੂੰ ਜ਼ਿਮੇਵਾਰੀ ਮਿਲੀ ਹੈ ਸਾਰੇ ਦੇਸ਼ ਨੂੰ ਪਾਲਣ ਪੋਸ਼ਣ ਦੀ, ਉਸ ਪਾਸੇ ਘਾਟਾ ਹੋ ਸਕਦਾ ਹੈ। ਜੋ ਵੀ ਇਥੇ ਕਮੀਆਂ ਦੱਸੀਆਂ ਗਈਆਂ ਹਨ, ਸਰਕਾਰ ਜ਼ਰੂਰ ਉਨ੍ਹਾਂ ਵਲ ਧਿਆਨ ਦੇਵੇਗੀ। ਬਾਰ ਬਾਰ ਕਿਹਾ ਗਿਆ ਹੈ ਅੱਤੇ ਸਵਾਲ ਵੀ ਉਠਾਏ ਗਏ ਹਨ ਅੱਤੇ ਹੋ ਸਕਦਾ ਹੈ ਕਿ ਰਿਜ਼ਰਵੇਸ਼ਨ ਵਿਚ ਕਿਤੇ ਕਮੀ ਵੀ ਰਹਿ ਗਈ ਹੋਵੇ। ਜਾਂ ਪਹਿਲਾਂ ਭਰਤੀ ਵੇਲੇ ਇਸ ਦੀ ਪੂਰਤੀ ਨਹੀਂ ਹੋਈ ਜਾਂ ਫਿਰ ਪ੍ਰਮੋਸ਼ਨ ਵਿਚ ਜੋ ਕਿ ਪੰਜਾਬ ਵਿਚ ਹੈ ਉਸ ਵਿਚ ਪੂਰਤੀ ਨਹੀਂ ਹੋਈ। ਇਸ ਬਾਰੇ ਬੜੇ ਝਗੜੇ ਹਨ ਅੱਤੇ ਬਾਹਰ ਸ਼ਡਿਊਲਡ ਕਾਸਟਸ ਅੱਤੇ ਐਂਟੀ-ਸ਼ਡਿਊਲਡ ਕਾਸਟ ਦੇ ਬੜੇ ਝਗੜੇ ਚਲ ਰਹੇ ਹਨ ਅੱਤੇ ਬੜੀ ਖਰਾਬ ਚਲ ਰਹੀ ਹੈ ਪਰ ਅਸੀਂ ਇਸ ਗਲ ਦੀ ਪਰਵਾਹ ਨਹੀਂ ਕੀਤੀ। ਜੋ ਰਿਆਇਤਾਂ ਇਨ੍ਹਾਂ ਨੂੰ ਦਿੱਤੀਆਂ ਗਈਆਂ ਹਨ ਉਹ ਮੁਕੰਮਲ ਤੌਰ ਤੇ ਇਨ੍ਹਾਂ ਨੂੰ ਮਿਲਣੀਆਂ ਚਾਹੀਦੀਆਂ ਹਨ ਅੱਤੇ ਇਨ੍ਹਾਂ ਨੂੰ ਸੈਟਿਸਫਾਈ ਕਰਨਾ ਚਾਹੀਦਾ ਹੈ। (ਥੰਪਿੰਗ) ਜਿਹੜੀ ਰਿਜ਼ਰਵੇਸ਼ਨ ਵਿਚ ਕੋਈ ਕਮੀ ਹੈ, ਉਸ ਨੂੰ ਪੂਰਾ ਕੀਤਾ ਜਾਏਗਾ। ਪਤਾ ਨਹੀਂ ਇਨ੍ਹਾਂ ਨੂੰ ਕਿਵੇਂ ਇਹ ਪਤਾ ਲਗਦਾ ਹੈ

Original with;
Punjab Vidhan Sabha
Digitized by;
Panjab Digital Library

ਜਾਂ ਫਿਰ ਇਹ ਇਨ੍ਹਾਂ ਦੇ ਦਿਮਾਗ ਦੀ ਆਪਣੀ ਕਾਢ ਹੈ ਜਾਂ ਕੋਈ ਅਫਸਰ ਇਨ੍ਹਾਂ ਨੂੰ ਇਸ ਤਰ੍ਹਾਂ ਦਸਦਾ ਹੈ। ਹੋ ਸਕਦਾ ਹੈ ਕਿ ਉਹ ਅਫਸਰ ਜੋ ਇਨ੍ਹਾਂ ਨੂੰ ਇਸ ਤਰ੍ਹਾਂ ਦਸਦਾ ਹੈ ਉਹ ਐਸੀ ਗਲ ਪੇਸ਼ ਕਰਕੇ ਆਪਣੀਆਂ ਕਮਜ਼ੋਰੀਆਂ ਨੂੰ ਲਕੋਣ ਦੀ ਕੋਸ਼ਿਸ਼ ਕਰਦਾ ਹੋਵੇ। ਪਰ ਮੇਰੇ ਨੋਟਿਸ ਵਿਚ ਕੋਈ ਐਸੀ ਚੀਜ਼ ਨਹੀਂ ਆਈ ਕਿ ਪ੍ਰਮੋਸ਼ਨਜ਼ ਵਿਚ ਰਿਜ਼ਰਵੇਸ਼ਨ ਖਤਮ ਕਰ ਦਿੱਤੀ ਹੈ। ਜਿਸ ਨੇ ਮੈਂਬਰ ਸਾਹਿਬ ਨੂੰ ਮਿਸਲੀਡ ਕੀਤਾ ਹੈ, ਉਸ ਬਾਰੇ ਮੈਂ ਪੜਤਾਲ ਕਰਾਂਗਾ ਕਿ ਕਿਸ ਨੇ ਮਿਸਲੀਡ ਕੀਤਾ ਹੈ (ਥੰਪਿੰਗ)

ਇਹ ਵੀ ਕਿਹਾ ਗਿਆ ਹੈ ਕਿ ਹਰੀਜਨਾਂ ਲਈ ਪਹਿਲਾਂ ਜਿਸ ਦੀ 1" ਛਾਤੀ ਘਟ ਸੀ ਜਾਂ ਕੱਦ ਘਟ ਸੀ ਉਸ ਨੂੰ ਭਰਤੀ ਵਿਚ ਛੋਟ ਦਿੱਤੀ ਜਾਂਦੀ ਸੀ। ਇਸ ਨੂੰ ਰੀਵਾਈਵ ਕੀਤਾ ਜਾਏ। ਅਗਰ ਛੋਟ ਸੀ ਤਾਂ ਪਤਾ ਨਹੀਂ ਕਿਉਂ ਇਸ ਤੇ ਰੋਕ ਲਗਾਈ ਗਈ ਹੈ। ਇਹ ਮੈਂ ਦੇਖ ਲਵਾਂਗਾ। ਮੈਂ ਯਕੀਨ ਦਿਵਾਉਂਦਾ ਹਾਂ ਕਿ ਕੋਈ ਐਸੀ ਗਲ ਨਹੀਂ ਕੀਤੀ ਜਾਏਗੀ ਜਿਸ ਨਾਲ ਕਿ ਇਨ੍ਹਾਂ ਦੇ ਜਜ਼ਬਾਤ, ਇਨ੍ਹਾਂ ਦੇ ਖਿਆਲਾਂ, ਇਨ੍ਹਾਂ ਦੀ ਹਾਲਤ ਜਾਂ ਇਨ੍ਹਾਂ ਦੀ ਆਰਥਕ ਆਵਸਥਾ ਦੇ ਢਾਂਚੇ ਨੂੰ ਕੋਈ ਠੇਸ ਪਹੁੰਚੇ।

ਬਿਜਲੀ ਦੇ ਬਾਰੇ ਸੀ.ਪੀ.ਐਮ. ਵਾਲਿਆਂ ਨੇ ਔਰ ਇਕ ਕਿਸੇ ਹੋਰ ਨੇ ਪੁਆਇੰਟ ਉਠਾਇਆ ਹੈ। ਇਹ ਠੀਕ ਹੈ ਪਹਿਲਾਂ ਸਭ ਚਾਨਣਾ ਹੋਣਾ ਚਾਹੀਦਾ ਹੈ। ਇਹ ਸਵਾਲ ਉਠਾਇਆ ਗਿਆ ਕਿ ਇਸ ਅਦਾਰੇ ਵਿਚ ਆਈ.ਏ.ਐਸ. ਲਗਾਏ ਗਏ ਹਨ। ਮੈਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿ ਆਈ.ਏ.ਐਸ. ਕਿਉਂ ਲਗਾਏ ਗਏ ਹਨ। ਮੈਂ ਦਸਣਾ ਚਾਹੁੰਦਾ ਹਾਂ ਕਿ ਆਈ.ਏ.ਐਸ. ਲਗਾਉਣ ਦੀ ਵਜ੍ਹਾ ਸੀ ਕਿ ਜੇਕਰ ਕੋਈ ਫੈਸਲਾ ਕਰ ਲਏ ਕਿ ਪਜਾਬ ਵਿਚ ਨਾ ਐਗਰੀਕਲਚਰ ਨੂੰ, ਨਾ ਇੰਡਸਟਰੀਜ਼ ਲਈ ਇੱਕ ਮਿੰਟ ਵਾਸਤੇ ਵੀ ਰੋਸ਼ਨੀ ਨਹੀਂ ਦੇਣੀ ਤਾਂ ਫਿਰ ਸਾਨੂੰ ਆਪਣਾ ਪ੍ਰਬੰਧ ਕਰਨ ਪੈਣਾ ਸੀ। ਇਸ ਵਿਚ ਮੈਂ ਕੋਈ ਸ਼ਰਮ ਮਹਿਸੂਸ ਨਹੀਂ ਕਰਦਾ ਕਿ ਉਸ ਬਾਰੇ ਪ੍ਰਬੰਧ ਕੀਤੇ ਗਏ। ਕਿਸੇ ਅਫਸਰ ਨੂੰ ਜਾਂ ਕਿਸੇ ਕਰਮਚਾਰੀ ਨੂੰ ਦੁੱਖੀ ਕਰਨ ਵਾਸਤੇ ਨਹੀਂ ਇਸ ਤਰ੍ਹਾਂ ਕੀਤਾ ਗਿਆ ਬਲਕਿ ਉਸ ਨੂੰ ਰਾਹੇ ਰਾਸਤ ਤੇ ਲਿਆਉਣ ਵਾਸਤੇ ਇਹ ਕੀਤਾ ਗਿਆ। ਉਥੇ ਅੱਗੇ ਵੀ ਟੈਕਨੋਕਰੇਟ ਹਨ। ਉਥੇ ਦਾ ਚੇਅਰਮੈਨ ਖੁਦ ਟੈਕਨੋਕਰੇਟ ਹੈ। ਇਨ੍ਹਾਂ ਦੀ ਰੇਸ਼ੋ ਪ੍ਰਪੋਰਸ਼ਨ ਘਟ ਨਹੀਂ ਹੋਣ ਦਿਆਂਗੇ ਪਰ ਸਾਡੀ ਸੈਟਿਸਫੈਕਸ਼ਨ ਹੋਣੀ ਚਾਹੀਦੀ ਹੈ ਔਰ ਜੋ ਜੈਨਰੇਸ਼ਨ ਵਿਚ ਕਮੀ ਹੈ ਉਹ ਪੂਰੀ ਕਰਨੀ ਚਾਹੀਦੀ ਹੈ। ਇਹ ਠੀਕ ਹੈ ਕਿ ਜੈਨਰੇਸ਼ਨ ਅੱਗੇ ਨਾਲੋਂ ਵਧੀ ਹੈ ਲੇਕਿਨ ਇਸ ਨਾਲੋਂ ਹੋਰ ਕਿਤੇ ਜ਼ਿਆਦਾ ਵਧਣੀ ਚਾਹੀਦੀ ਹੈ। ਇੱਕ ਮਾਨਯੋਗ ਮੈਂਬਰ ਨੇ ਕਿਹਾ ਸੀ ਕਿ ਜੇਕਰ ਕੋਲੇ ਦੀ ਕੁਆਲਿਟੀ ਚੰਗ ਆ ਜਾਵੇ ਤਾਂ ਜੈਨਰੇਸ਼ਨ ਹੋਰ ਵਧ ਸਕਦੀ ਹੈ। ਮਾਂ ਇਹ ਕਹਿੰਦਾ ਹਾਂ ਕਿ ਅਗਰ ਜ਼ਿਆਦਾ ਗਹੁ ਨਾਲ ਕੰਮ ਕੀਤਾ ਜਾਵੇ ਤਾਂ ਇਸ ਵਿਚ ਕੋਈ ਤੋਖਲਾ ਨਹੀਂ ਕਿ ਬਿਜਲੀ ਹੋਰ ਵੀ ਜ਼ਿਆਦਾ ਪੈਦਾ ਹੋ ਸਕਦੀ ਹੈ। ਮੈਂ ਅੱਗੇ ਵੀ ਕਿਹਾ ਸੀ ਔਰ ਗਵਰਨਰ ਐਡਰੈਸ ਤੇ ਉਸ ਲਈ ਯਾਦਗਾਰੀ ਲਈ ਵੀ ਕਿਹਾ ਸੀ ਕਿ ਅਸੀਂ ਇੱਕ ਕਮੇਟੀ ਬਣਾ ਰਹੇ ਹਾਂ ਜੋ ਕਿ ਸਾਰੀ ਚੀਜ਼ ਨੂੰ ਫਰੋਲ ਕੇ ਦੇਖੇਗੀ ਕਿ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਲਈ ਕਿਹੜੀਆਂ ਚੀਜ਼ਾਂ ਕੀਤੀਆਂ ਜਾ ਸਕਦੀਆਂ ਹਨ ਜਿਸ ਨਾਲ ਇਸ ਦੀ ਐਡਮਨਿਸਟਰੇਸ਼ਨ ਠੀਕ ਹੋਵੇ, ਜੈਨਰੇਸ਼ਨ ਜ਼ਿਆਦਾ ਹੋਵੇ ਔਰ ਇਸ ਦੀ ਯੂਟੇਲਾਈਜ਼ੇਸ਼ਨ ਜ਼ਿਆਦਾ ਹੋ ਸਕੇ। ਇਹ ਕਮੇਟੀ ਇਹ ਸਾਰੀਆਂ ਚੀਜ਼ਾਂ ਦੇਖ ਰਹੀ ਹੈ। ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਮੀਟਿੰਗ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਵਾਸਤੇ ਵੀ ਜੋ ਮੈਂ ਪੇਪਰ ਤਿਆਰ ਕਰਕੇ ਲੈ ਗਿਆ ਸੀ ਉਸ ਵਿਚ ਵੀ ਮੈਂ ਇਹ ਦਿੱਤਾ ਹੈ। ਹੁਣ ਮੈਂ ਅੰਕੜੇ ਪੜ੍ਹਕੇ ਦਸਾਂਗਾ ਕਿ ਬਿਜਲੀ ਲਈ ਕਿੰਨਾ ਕਿੰਨਾ ਰੁਪਿਆ ਰਖਿਆ ਗਿਆ। ਸੰਨ 1978-79 ਵਿਚ ਇਸ ਲਈ 82.69 ਕਰੋੜ ਰੁਪਏ ਰਖੇ ਗਏ। ਸੰਨ 1979-80 ਵਿਚ 81 ਕਰੋੜ ਰੁਪਏ ਰਖੇ ਗਏ। ਸੰਨ 1980-81 ਵਿਚ 101.55 ਕਰੋੜ ਰੁਪਿਆ ਰਖਿਆ ਗਿਆ। ਸੰਨ 1981-82 ਵਿਚ 137.36 ਕਰੋੜ ਰੁਪਿਆ ਰੱਖਿਆ ਗਿਆ ਅੱਰ 1982-83 ਵਿਚ ਸਾਰਿਆਂ ਨੇ ਪੜ੍ਹਿਆ ਹੋਏਗਾ ਕਿ ਇਸ ਮੱਦ ਲਈ 189.38 ਕਰੋੜ ਰੁਪਏ ਰਖੇ ਗਏ ਹਨ ਤਾਕਿ ਲੋਕਾਂ ਨੂੰ ਬਿਜਲੀ ਬਾਰੇ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਦੇ ਸਕੀਏ। ਇਹ ਪਾਵਰ ਪ੍ਰਾਜੈਕਟ ਪੁਸ਼ ਅਪ ਕੀਤੇ ਹਨ। ਇਹ ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਸ਼ਾਨਨ ਤੋਂ ਜੋ ਬਿਜਲੀ ਮਿਲਣੀ ਹੈ ਉਹ ਚਾਲੂ ਹੋ ਗਈ ਹੈ ਅੱਰ 62 ਮੈਗਾਵਾਟ ਬਿਜਲੀ ਇਸ ਤੋਂ ਮਿਲਣੀ ਹੈ। (ਥੰਪਿੰਗ) ਜੋ ਅਸੀਂ ਕਹਿੰਦੇ ਹਾਂ ਉਸ ਬਾਰੇ ਅਸੀਂ ਧਿਆਨ ਦਿਤਾ ਹੈ। ਇਹ ਜੋ ਅਸੀਂ ਕਿਹਾ ਸੀ ਕਿ ਟਾਈਮ ਸਿਰ ਬਿਜਲੀ ਦਿਆਂਗੇ। ਇਸ ਲਈ ਟਾਈਮ-ਬਾਉਂਡ ਪ੍ਰੋਗਰਾਮ ਬਣਾਇਆ ਹੋਇਆ ਸੀ ਅੱਰ ਉਸ ਟਾਈਮ ਤੇ ਹੀ ਇਹ ਕੰਮ ਪੂਰਾ ਕਰ ਦਿੱਤਾ ਗਿਆ ਹੈ। ਇਸ ਲਈ ਹੋਰ ਵੀ ਜਿੰਨੇ ਵਰਕਸ ਹਨ ਉਹ ਸਮੇਂ ਸਿਰ ਪੂਰੇ ਕਰਾਂਗੇ। ਆਨੰਦਪੁਰ ਸਾਹਿਬ ਦਾ ਪ੍ਰਾਜਕਟ, ਸਪੀਕਰ ਸਾਹਿਬ, ਮਾਰਚ, 1974 ਵਿਚ ਟੇਕ ਅਪ ਕੀਤਾ ਗਿਆ ਸੀ। ਉਹ ਪਿਆ ਰਿਹਾ। 1980 ਤਕ ਇਸ ਦੀ ਸਿਰਫ 51.26% ਕੰਪਲੀਸ਼ਨ ਹੋਈ ਸੀ। ਹੁਣ ਜਨਵਰੀ, 1982 ਵਿਚ ਇਸ ਦੀ 93% ਕੰਪਲੀਸ਼ਨ ਹੋ ਗਈ ਹੈ। ਇਕ ਜੁਲਾਈ, 1982 ਵਿਚ ਚਾਲੂ ਕਰਨਾ ਹੈ। (ਵਿਘਨ)

ਮੈਂ ਅਰਜ਼ ਕਰਾਂਗਾ ਕਿ ਇਸੇ ਤਰ੍ਹਾਂ ਹੀ ਦੂਸਰੇ ਪ੍ਰਾਜੈਕਟ ਹਨ। 31 ਦਸੰਬਰ, 1983 ਤਕ ਰੋਪੜ ਥਰਮਲ ਪਲਾਂਟ 210 ਮੈਗਾਵਾਟ ਦਾ ਚਾਲੂ ਹੋ ਜਾਵੇਗਾ। ਮੈਂ ਚਾਰ ਪੰਜ ਵਾਰ ਜਾਕੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਐਨਕੱਰੇਜ ਕੀਤਾ ਹੈ। ਅਸੀਂ ਕਮਿੱਟਿਡ ਤਰੀਕੇ ਨਾਲ ਬਿਜਲੀ ਪੈਦਾ ਕਰਨ ਵਲ ਉਥੇ ਲਗੇ ਹੋਏ ਹਾਂ। ਮੈਂ ਉਨ੍ਹਾਂ ਨੂੰ ਭਰੋਸਾ ਦਿਤਾ, ਅਤੇ ਇਨਸੈਂਟਿਵ ਵੀ ਉਨ੍ਹਾਂ ਨੂੰ ਦਿਤਾ ਅਤੇ ਕਿਹਾ ਕਿ ਅਗਰ ਤੁਸੀਂ ਟਾਈਮ ਵਿਚ ਇਸ ਨੂੰ ਮੁਕੰਮਲ ਕਰ ਦਿਓ, ਹਿੰਦੁਸਤਾਨ ਵਿਚ ਕੋਈ ਵੀ ਐਨੀ ਮੈਗਾਵਾਟ ਦਾ ਪ੍ਰਾਜੈਕਟ 3 ਸਾਲਾਂ ਵਿਚ ਕੰਪਲੀਟ ਨਹੀਂ ਹੋਇਆ, ਤਾਂ ਮੈਂ ਤੁਹਾਨੂੰ ਇਕ ਮਹੀਨੇ ਦੀ ਤਨਖਾਹ ਫਾਲਤੂ ਦਿਆਂਗਾ। (ਥੰਪਿੰਗ) ਉਨ੍ਹਾਂ ਨੂੰ ਇਹ ਵੀ ਕਿਹਾ ਕਿ ਜਿੰਨੇ ਮਹੀਨੇ ਇਸ ਤੋਂ ਪਹਿਲਾਂ ਤੁਸੀਂ ਪੂਰਾ ਕਰ ਦਿਉਗੇ ਉਨੇ ਮਹੀਨੇ ਦੀ ਹੋਰ ਫਾਲਤੂ ਤਨਖਾਹ ਲੈ ਲਓ। (ਥੰਪਿੰਗ) ਜਿੰਨੀ ਜਲਦੀ ਕੰਪਲੀਟ ਹੋ ਜਾਵੇਗਾ ਉਸ ਦਾ ਬੈਨੀਫਿਟ ਹੋਵੇਗਾ। ਇਹ ਬੈਨੀਫਿਟ ਇਕੱਲੇ ਬਿਜਲੀ ਬੋਰਡ ਨੂੰ ਨਹੀਂ ਮਿਲਦਾ ਇਸ ਕਾਰਖਾਨੇਦਾਰਾਂ ਅਤੇ ਐਗਰੀਕਲਚਰਿਸਟਸ ਨੂੰ ਵੀ ਹੋਣਾ ਹੈ ਜਿਨ੍ਹਾਂ ਨੇ ਪਰੋਡਿਊਸ ਵਧਾ ਕੇ ਉਸ ਨੂੰ ਮਾਰਕਿਟ ਵਿਚ ਵੇਚਣਾ ਹੈ। ਉਨ੍ਹਾਂ ਲਈ ਚਾਂਸ ਜ਼ਿਆਦਾ ਹੋਣਗੇ ਬਲਕਿ ਸਰਕੂਲੇਸ਼ਨ ਵਿਚ ਆਈ ਚੀਜ਼ ਦੇ ਦਾਮ ਜ਼ਿਆਦਾ ਵੱਟੇ ਜਾਣਗੇ। ਇਸ ਤਰ੍ਹਾਂ ਪੰਜਾਬ ਦੀ ਡਿਵੈਲਪਮੈਂਟ ਦੀ ਰਫਤਾਰ ਤੇਜ਼ ਹੋਵੇਗੀ। ਮੁਕੇਰੀਆਂ ਹਾਈਡਲ ਪ੍ਰਾਜੈਕਟ ਵਿਚੋਂ ਬਿਜਲੀ ਦਾ ਪ੍ਰਬੰਧ ਜਲਦੀ ਤੋਂ ਜਲਦੀ ਹੋ ਰਿਹਾ ਹੈ। ਉਸ ਪ੍ਰਾਜੈਕਟ ਦਾ ਕੰਮ ਵੀ ਟਾਈਮ ਬਾਉਂਡ ਮੁਤਾਬਿਕ ਹੀ ਹੋਵੇਗਾ।

ਇਥੇ ਕਿਹਾ ਗਿਆ ਕਿ ਬਿਜਲੀ ਦੀ ਕਮੀ ਹੈ ਇਸ ਨੂੰ ਤੁਸੀਂ ਕਿਵੇਂ ਪੂਰਾ ਕਰਦੇ ਹੋ। ਤੁਹਾਡੇ ਪਾਸ ਕੀ ਤਜਵੀਜ਼ਾਂ ਹਨ। ਉਨ੍ਹਾਂ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਠਿੰਡਾ ਥਰਮਲ ਪਲਾਂਟ ਦੀ ਐਕਸਟੈਨਸ਼ਨ ਬਾਰੇ ਮੈਂ ਪੂਰੇ ਜ਼ੋਰ ਨਾਲ ਕੇਂਦਰ ਨੂੰ ਕਹਿ ਰਿਹਾ ਹਾਂ ਤਾਂਕਿ ਉਥੇ ਦੋ ਯੂਨਿਟਸ 210-210 ਮੈਗਾਵਾਟ ਦੇ ਚਾਲੂ ਹੋ ਜਾਣ। ਫਿਰ ਰੋਪੜ ਥਰਮਲ ਪਲਾਂਟ ਦੀ ਐਕਸਟੈਨਸ਼ਨ ਦੀ ਵੀ

Original with;
Punjab Vidhan Sabha
Digitized by;
Panjab Digital Library

ਮੰਗ ਕੀਤੀ ਹੈ। ਇਥੇ ਇਹ ਵੀ ਕਿਹਾ ਗਿਆ ਕਿ ਤੁਸੀਂ ਕੁਝ ਨਹੀਂ ਕਰ ਰਹੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਯੂ. ਬੀ. ਡੀ. ਸੀ. ਵਿਚੋਂ ਜਿਹੜੀ ਮਾਈਕਰੋ ਬਿਜਲੀ ਨਿਕਲ ਸਕਦੀ ਹੈ ਉਸ ਦਾ ਵੀ ਇੰਤਜ਼ਾਮ ਕਰ ਰਹੇ ਹਾਂ। ਫਿਰ ਘੱਗਰ ਬ੍ਰਾਂਚ ਤੇ ਨਿਦਾਮਪੁਰ ਤੋਂ 1140 ਕਿਲੋਵਾਟ ਬਿਜਲੀ ਸਾਨੂੰ ਮਿਲੇਗੀ। ਘੱਗਰ ਬ੍ਰਾਂਚ ਤੇ ਬੁਹੀ ਤੋਂ ਸਾਨੂੰ 1140 ਕਿਲੋਵਾਟ ਬਿਜਲੀ ਮਿਲੇਗੀ। ਘੱਗਰ ਲਿੰਕ ਤੇ ਰੋਹਤੀ ਤੋਂ 1140 ਕਿਲੋਵਾਟ ਬਿਜਲੀ ਸਾਨੂੰ ਮਿਲੇਗੀ। ਅਬੋਹਰ ਬ੍ਰਾਂਚ ਤੇ ਦੌਧਰ ਤੋਂ 1170 ਕਿਲੋਵਾਟ ਬਿਜਲੀ ਸਾਨੂੰ ਮਿਲੇਗੀ। ਫਿਰ ਯੂ. ਬੀ. ਡੀ. ਸੀ, ਏ ਧਾਰੀਵਾਲ ਤੋਂ 2880 ਕਿਲੋਵਾਟ ਬਿਜਲੀ ਸਾਨੂੰ ਮਿਲੇਗੀ। ਇਸ ਦਾ ਅਸੀਂ ਇੰਤਜ਼ਾਮ ਕਰ ਰਹੇ ਹਾਂ। ਸਾਡੀਆਂ ਸਕੀਮਾਂ ਤਿਆਰ ਹਨ। ਇਸੇ ਤਰ੍ਹਾਂ ਹੀ ਮਾਈਕਰੋ ਹਾਈਡਲ ਸੋਰਸਿਜ਼ ਅਤੇ ਹੋਰ ਜਗ੍ਹਾ ਤੋਂ ਬਿਜਲੀ ਮਿਲ ਸਕੇਗੀ। ਜਿਉਂ ਜਿਉਂ ਪੈਸਾ ਆਉਂਦਾ ਜਾਵੇਗਾ ਅਸੀਂ ਇਸ ਪਾਸੇ ਖਰਚਾਂਗੇ ਅਤੇ ਇਸ ਤਰ੍ਹਾਂ ਸਾਨੂੰ ਬਿਜਲੀ ਜ਼ਿਆਦਾ ਮਿਲੇਗੀ।

ਜਿਸ ਤਰ੍ਹਾਂ ਅੱਜ ਪਾਣੀ ਦੇ ਵਾਸਤੇ ਇਥੇ ਬਹਿਸ ਹੋਈ ਹੈ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਕੋਸ਼ਿਸ਼ ਕੀਤੀ ਹੈ ਅਤੇ ਸਾਨੂੰ ਥੀਨ ਡੈਮ ਦਾ ਜਿਹੜਾ ਪ੍ਰਾਜੈਕਟ ਹੈ ਉਸ ਨੂੰ ਕੰਪਲੀਟ ਕਰਨ ਵਾਸਤੇ ਸਾਨੂੰ ਇਜਾਜ਼ਤ ਮਿਲੇਗੀ। ਇਸ ਬਾਰੇ ਮੈਨੂੰ ਪੂਰਨ ਆਸ ਹੈ। (ਥੰਪਿੰਗ) (ਵਿਘਨ) ਇਥੇ ਸਟੇਟਾਂ ਦੇ ਝਗੜੇ ਦੀ ਗਲ ਨਹੀਂ ਹੈ ਸਗੋਂ ਇਸ ਨੂੰ ਅੱਜ ਬਣਾਉਣ ਦੀ ਗਲ ਹੈ। ਅਸੀਂ ਕਈ ਕਰੋੜ ਰੁਪਿਆ ਇਸ ਤੇ ਲਾ ਚੁੱਕੇ ਹਾਂ। ਇਹ ਐਨਾ ਵੱਡਾ ਪ੍ਰਾਜੈਕਟ ਹੈ, ਸਾਨੂੰ ਇਸ ਲਈ ਕਿਸੇ ਪਾਰਟੀ ਵਲੋਂ ਪੈਸਾ ਮਿਲੇ, ਬੈਂਕਾਂ ਤੋਂ, ਬਾਹਰਲੇ ਬੈਂਕਾਂ ਤੋਂ ਪੈਸਾ ਮਿਲੇ ਜਾਂ ਸੈਂਟਰ ਦੇਵੇ, ਅਸੀਂ ਇਸ ਪਾਸੇ ਪੂਰੀ ਤੇਜ਼ੀ ਨਾਲ ਲਗੇ ਹੋਏ ਹਾਂ। ਇਸ ਦੇ ਨਾਲ ਹੀ ਪ੍ਰਾਈਮ ਮਨਿਸਟਰ ਵੀ ਇਸ ਦੀ ਕਲੀਅਰੈਂਸ ਬਹੁਤ ਜਲਦੀ ਦੇ ਦੇਣਗੇ। ਅਸੀਂ 5-6 ਸਾਲਾਂ ਵਿਚ ਇਹ ਪ੍ਰਾਜੈਕਟ ਕੰਪਲੀਟ ਕਰਨ ਦੀ ਕੋਸ਼ਿਸ਼ ਕਰਾਂਗੇ। (ਥੰਪਿੰਗ) ਪਹਿਲਾਂ ਇਸ ਦੇ ਬਣਨ ਬਾਰੇ 67 ਕਰੋੜ ਰੁਪਏ ਦਾ ਐਸਟੀਮੇਟ ਸੀ ਪਰ ਹੁਣ ਇਸ ਤੇ ਤਕਰੀਬਨ 510-515 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਅਸੀਂ ਨਹੀਂ ਚਾਹੁੰਦੇ ਕਿ ਇਸ ਨੂੰ ਹੋਰ ਡੀਲੇਅ ਕੀਤਾ ਜਾਵੇ ਅਤੇ ਇਸ ਤੋਂ ਜ਼ਿਆਦਾ ਖਰਚਾ ਹੋਵੇ। ਅਸੀਂ ਇਸ ਨੂੰ ਜਲਦੀ ਟੇਕ ਅੱਪ ਕਰਨਾ ਚਾਹੁੰਦੇ ਹਾਂ।

ਸ਼ਾਹਪੁਰ ਕੰਡੀ ਯੂ. ਬੀ. ਡੀ. ਸੀ. ਨੰ: 2 ਤੋਂ ਸਾਨੂੰ 45 ਮੈਗਾਵਾਟ ਬਿਜਲੀ ਮਿਲੇਗੀ। ਇਸ ਦੇ ਲਈ ਅਸੀਂ ਕੋਸ਼ਿਸ਼ ਕੀਤੀ ਹੈ। (ਵਿਘਨ) ਮੈਂ ਦਸਣਾ ਤਾਂ ਨਹੀਂ ਸੀ ਚਾਹੁੰਦਾ ਫਿਰ ਵੀ ਮੈਂ ਦੱਸਦਾ ਹਾਂ ਅਸੀਂ ਹਿਮਾਚਲ ਪ੍ਰਦੇਸ਼ ਨਾਲ ਗਲ ਬਾਤ ਕੀਤੀ ਹੈ। ਇਹ ਜਿਹੜਾ ਪ੍ਰਾਜੈਕਟ ਹੈ ਇਸ ਵਿਚ ਤਕਰੀਬਨ 600 ਮੈਗਾਵਾਟ ਵਿਚ ਸਾਡੀ ਸਾਂਝ ਹੋਵੇਗੀ। ਇਕ 400 ਮੈਗਾਵਾਟ ਦੀ ਹੋਰ ਸਾਡੀ ਸਾਂਝ ਹੋਵੇਗੀ। ਇਸੇ ਤਰ੍ਹਾਂ 1000 ਮੈਗਾਵਾਟ ਵਿਚ ਸਾਡੀ ਸਾਂਝ ਹੋਵੇਗੀ। ਆਨ ਗੋਇੰਗ ਪ੍ਰਾਜੈਕਟਸ ਤੋਂ 189 ਕਰੋੜ ਰੁਪਏ ਦੀ ਬਿਜਲੀ ਦੀ ਪੈਦਾਵਾਰ ਕਰਨ ਦੀ ਸਾਡੀ ਕੋਸ਼ਿਸ਼ ਹੈ।

ਲਾਈਨ ਲਾਸਿਜ਼ ਘਟ ਹਨ। ਰਿਪੋਰਟ ਦੇ ਮੁਤਾਬਿਕ ਇਹ 19% ਹੋਣੇ ਚਾਹੀਦੇ ਹਨ ਅਤੇ ਇਸ ਨੂੰ ਰਿਡਿਊਸ ਕਰਕੇ ਇਥੋਂ ਤੱਕ ਲੈ ਆਏ ਹਾਂ। ਟ੍ਰਾਂਸਮਿਸ਼ਨ ਲਾਈਨਜ਼ ਦੀ ਵੀ ਅਸੀਂ ਦੇਖ ਰੇਖ ਕੀਤੀ ਹੈ ਤਾਂਕਿ ਉਸ ਨੂੰ ਠੀਕ ਕੀਤਾ ਜਾਵੇ ਅਤੇ ਰਸਤੇ ਵਿਚ ਜਿਹੜੇ ਲਾਸਿਜ਼ ਹੁੰਦੇ ਹਨ ਉਨ੍ਹਾਂ ਨੂੰ ਘਟਾਇਆ ਜਾ ਸਕੇ। ਇਸ ਤਰ੍ਹਾਂ ਬਿਜਲੀ ਦੀ ਪੈਦਾਵਾਰ ਜ਼ਿਆਦਾ ਕੀਤੀ ਜਾ ਸਕੇਗੀ। ਮੈਂ ਤੁਹਾਡਾ ਮਸ਼ਕੂਰ ਹਾਂ ਜੋ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਤੁਸੀਂ ਮੈਨੂੰ ਪੁਜ਼ੀਸ਼ਨ ਐਕਸਪਲੇਨ ਕਰਨ ਵਾਸਤੇ ਮੌਕਾ ਦਿਤਾ ਹੈ। ਜੋ ਵੀ ਮਾਨਯੋਗ ਮੈਂਬਰਾਂ ਵੱਲੋਂ ਇਥੇ ਸਵਾਲ ਉਠਾਏ ਗਏ ਹਨ ਉਨ੍ਹਾਂ ਨੂੰ ਮੁੱਖ ਰਖਦੇ ਹੋਏ ਕੋਈ ਵੀ ਸੋਧ ਕੀਤੀ ਜਾ ਸਕਦੀ ਹੋਈ, ਜ਼ਰੂਰ ਕਰਾਂਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦੀ ਹਾਂ। (ਬੰਪਿੰਗ)

ਮਾਸਟਰ ਚੰਦ ਸਿੰਘ: ਮੈਂ ਰਿਜ਼ਰਵੇਸ਼ਨ ਐਕਟ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਇਹ ਰਿਜ਼ਰਵੇਸ਼ਨ ਐਕਟ ਕਦੋਂ ਬਣਾ ਰਹੇ ਹਨ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਘਰਾਂ ਲਈ ਬਿਜਲੀ ਦੇ ਕੁਨੈਕਸ਼ਨ ਲਈ ਪਹਿਲਾਂ ਜਦੋਂ ਸਿਕਿਉਰਿਟੀ ਭਰਦੇ ਸਨ ਤਾਂ ਐਮ.ਐਲ.ਏ. ਉਨ੍ਹਾਂ ਦੇ ਸ਼ਿਉਰਿਟੀ ਦੇ ਦਿੰਦੇ ਸਨ ਪਰ ਹੁਣ ਇਸ ਗਲ ਨੂੰ ਬਿਜਲੀ ਬੋਰਡ ਵਾਲੇ ਮੰਨਦੇ ਨਹੀਂ ਹਨ। ਇਸ ਬਾਰੇ ਕੋਈ ਉਨ੍ਹਾਂ ਨੇ ਲਿਖਤੀ ਆਰਡਰ ਕਰ ਦਿਤੇ ਹਨ। ਉਹ ਆਰਡਰ ਵਾਪਿਸ ਹੋਣੇ ਚਾਹੀਦੇ ਹਨ ਤਾਂਕਿ ਸ਼ਡਿਊਲਡ ਕਾਸਟਸ ਨੂੰ ਸਹੂਲਤ ਮਿਲ ਸਕੇ। ਉਨ੍ਹਾਂ ਵਿਚਾਰਿਆਂ ਨੂੰ ਕਚਹਿਰੀਆ ਵਿਚ ਧੱਕੇ ਖਾਣੇ ਪੈਂਦੇ ਹਨ। ਇਸ ਬਾਰੇ ਵੀ ਇਹ ਦੱਸ ਦੇਣ ।

ਸਰਦਾਰ ਦਲੀਪ ਸਿੰਘ ਪਾਧੀ: ਇਸ ਵਿਚ ਥੀਨ ਡੈਮ ਬਾਰੇ ਲਿਖਿਆ ਹੈ ਕਿ ਫਾਈਨੈਂਸ਼ੀਅਲ ਕਲੀਅਰੈਂਸ ਇਜ਼ ਯੈਟ ਟੂ ਬੀ ਗਿਵਨ ਬਾਈ ਦੀ ਪਲਾਨਿੰਗ ਕਮਿਸ਼ਨ। ਇਸ ਦੀ ਮਨਜ਼ੂਰੀ ਨਹੀਂ ਆਈ। ਭਾਰਤ ਸਰਕਾਰ ਨੇ ਪੈਸਾ ਨਹੀਂ ਦਿਤਾ। ਇਸ ਬਾਰੇ ਇਹ ਕਲੀਅਰ ਕਰ ਦੇਣ। ਦੂਜਾ ਇਹ ਕਿ ਬਿਜਲੀ ਇਨ੍ਹਾਂ ਸਾਲਾਂ ਵਿਚ ਘੱਟ ਹੋਈ ਹੈ। ਇਸ ਦਾ ਕੀ ਕਾਰਨ ਹੈ? ਤੀਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਰਿਜ਼ਰਵੇਸ਼ਨ ਐਕਟ ਉੜੀਸਾ, ਵੈਸਟ ਬੰਗਾਲ ਅਤੇ ਮਨੀਪੁਰ ਵਿਚ ਬਣ ਗਿਆ ਹੈ। (ਵਿਘਨ) 1972-73 ਵਿਚ ਇਸ ਬਾਰੇ ਰਿਕੁਮੈਂਡ ਕੀਤਾ ਗਿਆ ਸੀ। (ਵਿਘਨ) ਮੈਂ ਗਵਰਨਰ ਨੂੰ ਮਿਲਿਆ ਸੀ ਅਤੇ ਚਿੱਠੀ ਵੀ ਲਿਖੀ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਰਿਜ਼ਰਵੇਜ਼ਨ ਐਕਟ ਕਦੋਂ ਤੱਕ ਬਣਾ ਦੇਣਗੇ? ਚੌਥਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਲਈ ਅਸੀਂ 1979-80 ਵਿਚ 10 ਕਰੋੜ ਰੁਪਿਆ ਕਰ ਗਏ ਸੀ। ਇਨ੍ਹਾਂ ਨੇ 3 ਲੱਖ ਰੁਪਿਆ ਦਿਤਾ ਹੈ, ਬਾਕੀ ਕਿਉਂ ਨਹੀਂ ਦਿਤਾ। ਹੋਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਦਾ ਚੇਅਰਮੈਨ ਬਹੁਤਾ ਚਿਰ ਦਿੱਲੀ ਰਹਿੰਦਾ ਹੈ। (ਵਿਘਨ)

Finance Minister: He is making speech. He should not be allowed. He can ask only one question.

ਸਰਦਾਰ ਦਲੀਪ ਸਿੰਘ ਪਾਧੀ: ਇਕ ਮੈਂ, ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਇਲੈਕਟ੍ਰਿਸਿਟੀ ਬੋਰਡ ਵਿੱਚ, ਜੋ ਐਡਹਾਕ ਐਪੁਆਇੰਟਮੈਂਟਸ ਦੀ ਜੋ ਪੋਜ਼ੀਸ਼ਨ ਹੈ, ਉਸ ਦੇ ਵਿੱਚ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦਾ ਜੋ ਬੈਕਲਾਗ ਹੈ ਉਸ ਨੂੰ ਪੂਰਾ ਕਰਨ ਦੇ ਲਈ ਜੋ ਹੁਣ ਐਮਪਲਾਇਮੈਂਟ ਐਕਸਚੇਂਜ ਦੇ ਰਾਹੀਂ ਰਖਦੇ ਹਨ, ਉਹ ਹਟਾ ਕੇ ਕੀ ਇਹ ਸ਼ਡਿਊਲਡ ਕਾਸਟਸ ਦਾ ਬੈਕਲਾਗ ਪੂਰਾ ਕਰਵਾ ਦੇਣਗੇ? (ਵਿਘਨ) ਇਕ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਦਾ ਸਵਾਲ ਹੈ, ਸੈਂਟਰਲੀ ਸਪਾਨਸਰਡ ਹੈ ਉਸ ਦੇ ਬਾਰੇ ਮਨਿਸਟਰ ਸਾਹਿਬ ਨੇ ਕਿਹਾ ਹੈ ਪਰ ਉਹ ਲਾਗੂ ਨਹੀਂ ਹੋਈ। ਉਹ ਕਦੋਂ ਤਕ ਲਾਗੂ ਕਰਵਾ ਦੇਣਗੇ?

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਸ਼ੈਟ ਜੋ ਕਪੈਸੀਟਰਜ਼ ਹਨ, ਉਨ੍ਹਾਂ ਦੀ ਬਿਜਲੀ ਬੋਰਡ ਨੇ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ ਹੈ, ਮੋਟਰ ਅਜੇ ਲਗੀ ਨਹੀਂ ਹੈ। ਇਸ ਦੇ ਬਾਰੇ ਦੱਸਣ ਕਿ ਉਹ ਲਾਉਣਗੇ ਜਾਂ ਨਹੀਂ ਅਤੇ ਕਦੋਂ ਤਕ ਲਾਉਣਗੇ ?

Original with;
Punjab Vidhan Sabha
Digitized by;
Panjab Digital Library

ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਕਿਹਾ ਹੈ ਕਿ ਇਨ੍ਹਾਂ ਨੂੰ ਕੁਲੇਖਾ ਲਗਿਆ ਹੈ। ਕੁਲੇਖਾ ਨਹੀਂ ਲਗਾ। ਇਨ੍ਹਾਂ ਨੇ ਕਿਹਾ ਹੈ ਕਿ ਜੁਲਾਈ, 1983 ਤਕ ਅਨੰਦਪੁਰ ਹਾਈਡਲ ਚਲਾਉਣਾ ਹੈ, ਹੁਣ ਚਾਰ ਮਹੀਨੇ ਰਹਿੰਦੇ ਹਨ। ਕੀ ਉਹ ਉਦੋਂ ਤਕ ਚਲਾ ਦੇਣਗੇ ?

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਰਿਜ਼ਰਵੇਸ਼ਨ ਦੀ ਪਾਲਿਸੀ ਦੇ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਜੀ ਨੇ ਪਹਿਲਾਂ ਹੀ ਇਹ ਕੀਤਾ ਹੈ ਕਿ ਰਿਜ਼ਰਵੇਸ਼ਨ ਜਿਹੜੀ ਹੈ ਉਹ 10 ਸਾਲ ਹੋਰ ਵਧਾ ਦਿੱਤੀ ਹੈ। ਚੀਫ਼ ਮਨਿਸਟਰ ਸਾਹਿਬ ਇਸ ਗਲ ਨੂੰ ਵਾਜ਼ੇ ਕਰ ਦੇਣ ਉਹ ਰਿਜ਼ਰਵੇਸ਼ਨ ਸੀ ਪੋਲੀਟੀਕਲ ਅੰਡਰ ਆਰਟੀਕਲ 330, 332 ਅਤੇ 333, ਇਨ੍ਹਾਂ ਆਰਟੀਕਲਜ਼ ਦਾ ਅਸੈਂਬਲੀ ਔਰ ਪਾਰਲੀਮੈਂਟ ਦੀਆਂ ਸੀਟਾਂ ਨਾਲ ਤੱਲਕ ਹੈ। ਜਿਹੜੀ ਰਿਜ਼ਰਵੇਸ਼ਨ ਇਨ ਸਰਵਿਸ ਅਤੇ ਪ੍ਰੋਮੋਸ਼ਨ ਹੈ ਉਸ ਦੇ ਲਈ ਆਰਟੀਕਲਜ਼ ਹਨ 15 (4), 16 (4), 46, 320 (4) ਅਤੇ 345 (1) ਇਸ ਦੇ ਬਾਰੇ ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਕਲੈਰੀਫ਼ੀਕੇਸ਼ਨ ਚਾਹੁੰਦਾ ਹਾਂ ਕਿ ਕੀ ਇਹ ਵੀ 10 ਸਾਲ ਵਧਾ ਦਿੱਤੀ ਹੈ? ਕਿਤੇ ਅਫ਼ਸਰ ਇਹ ਤਾਂ ਨਹੀਂ ਕਹਿ ਰਹੇ ਕਿ ਉਹ ਪੋਲੀਟੀਕਲ ਰਿਜ਼ਰਵੇਸ਼ਨ ਹੈ ਅਤੇ ਇਹ ਸਰਵਿਸ ਦੀ ਰਿਜ਼ਰਵੇਸ਼ਨ ਨਹੀਂ ਹੈ।

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਥਰਮਲ ਪਲਾਂਟ ਬਠਿੰਡਾ ਤੋਂ ਜੋ ਧੂੰਆਂ ਆਉਂਦਾ ਹੈ ਉਸ ਦੇ ਨਾਲ ਆਈਜ਼ ਅਤੇ ਚੈਸਟ ਡੀਜ਼ੀਜ਼ ਦਾ ਖ਼ਤਰਾ ਹੈ ਅਤੇ ਮਨੁੱਖੀ ਜੀਵਨ ਨੂੰ ਇਕੱਲਾ ਖ਼ਤਰਾ ਨਹੀਂ ਸਗੋਂ ਕਰਾਪਸ ਦਾ ਵੀ ਨੁਕਸਾਨ ਹੁੰਦਾ ਹੈ ਉਸ ਦੇ ਲਈ ਕੀ ਇਨ੍ਹਾਂ ਨੇ ਕੋਈ ਫੈਸਲਾ ਕੀਤਾ ਹੈ ਕਿ ਉਥੇ ਕੋਈ ਇਸ ਤਰ੍ਹਾਂ ਇਕਿਊਪਮੈਂਟ ਲਗਾਏ ਜਾਣਗੇ?

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਹਰੀਜਨਾਂ ਦਾ, ਛੋਟੇ ਜ਼ਿਮੀਦਾਰਾਂ ਦਾ ਨਜ਼ੂਲ ਜ਼ਮੀਨ ਦੇ ਉਤੇ ਕਬਜ਼ਾ ਸੀ, ਉਨ੍ਹਾਂ ਨੂੰ ਗਿਰਦਾਵਰੀਆਂ ਦੇ ਆਧਾਰ ਤੇ ਮਾਲਕ ਬਣਾਇਆ ਜਾਂਦਾ ਹੈ ਅਤੇ ਉਨ੍ਹਾਂ ਤੋਂ ਚੌਥਾ ਹਿੱਸਾ ਲਿਆ ਗਿਆ ਹੈ। ਉਨ੍ਹਾਂ ਨੂੰ ਅਗਲੀ ਕਿਸ਼ਤ ਤਾਰਨ ਵਾਸਤੇ ਫਾਈਲਾਂ ਦਬੀਆਂ ਪਈਆਂ ਹਨ। ਚੀਫ਼ ਮਨਿਸਟਰ ਸਾਹਿਬ, ਉਨ੍ਹਾਂ ਤੋਂ ਅਗਲੀ ਕਿਸ਼ਤ ਲੈ ਕੇ ਉਨ੍ਹਾਂ ਨੂੰ ਮਾਲਕ ਕਦੋਂ ਤਕ ਬਣਾਉਣ ਦਾ ਫੈਸਲਾ ਕਰ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਉਸ ਗਲ ਦਾ ਜਵਾਬ ਦੇਣਾ ਚਾਹੁੰਦਾ ਹਾਂ ਜੋ ਧੰਨੋਵਾਲੀਆ ਜੀ ਨੇ ਕਿਹਾ ਹੈ। ਜਦੋਂ ਮੈਂ ਕਿਹਾ ਹੈ ਕਿ 10 ਸਾਲ ਲਈ ਰਿਜ਼ਰਵੇਸ਼ਨ ਵਧਾਈ ਹੈ ਤਾਂ ਇਸ ਦਾ ਮਤਲਬ ਇਹੀ ਹੈ ਕਿ ਕੋਈ ਆਧਾਰ ਲੈ ਲਓ। ਟੋਟੈਲਿਟੀ ਉਨ੍ਹਾਂ ਨੇ ਕਿਹਾ ਹੈ, ਉਹੀ ਸਿਸਟਮ ਚਾਲੂ ਰਹੇਗਾ ਜੋ ਪਹਿਲਾਂ ਸੀ।

ਦੂਸਰਾ, ਸਪੀਕਰ ਸਾਹਿਬ, ਬਿਜਲੀ ਬੋਰਡ ਦੇ ਚੇਅਰਮੈਨ ਬਾਰੇ ਕਿਹਾ ਗਿਆ ਹੈ ਕਿ ਉਹ ਬਹੁਤਾ ਦਿੱਲੀ ਰਹਿੰਦੇ ਹਨ। ਐਵੇਂ ਇਨ੍ਹਾਂ ਨੂੰ ਵਹਿਮ ਹੈ। ਕੰਮ ਉਥੇ ਦਾ ਜੋ ਹੋਵੇ ਉਹ ਉਥੋਂ ਕਰਕੇ ਲਿਆਉਣਾ ਪੈਂਦਾ ਹੈ। ਕਈ ਕੰਮਾਂ ਵਾਸਤੇ ਜਾਣਾ ਪੈਂਦਾ ਹੈ। ਕੋਈ ਵੀ ਉਸ ਪੋਸਟ ਤੇ ਹੋਵੇ ਉਸ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੂੰ ਖਿਚ ਧੂ ਕੇ ਕੰਮ ਕਰਨਾ ਪਵੇਗਾ ਅਤੇ ਜੋ ਉਥੇ ਕੰਮ ਹੁੰਦੇ ਹਨ ਉਹ ਕਰਵਾ ਕੇ ਲਿਆਉਣੇ ਪੈਂਦੇ ਹਨ ।

ਇਕ ਸਪੀਕਰ ਸਾਹਿਬ, ਹਰੀਜਨਾਂ ਦੇ ਬੈਕਲਾਗ ਬਾਰੇ ਕਿਹਾ ਹੈ । ਤੁਹਾਡੇ ਨੋਟਿਸ ਵਿੱਚ ਕੋਈ ਪਰਟੀਕੁਲਰ ਕੇਸ ਹੈ ਤਾਂ ਦੱਸੋ । ਅਸੀਂ ਚਾਹੁੰਦੇ ਹਾਂ ਕਿ ਟਾਈਮ ਲਿਮਿਟ ਵਿਚ ਬੈਕਲਾਗ ਪੂਰਾ ਹੋ ਜਾਵੇ ।

ਨਜ਼ੂਲ ਲੈਂਡ ਵਾਸਤੇ ਜੋ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਕੁਝ ਫਾਈਲਾਂ ਪਈਆਂ ਹਨ ਅਤੇ ਕਿਸ਼ਤਾਂ ਤਾਰਨੀਆਂ ਰਹਿ ਗਈਆਂ ਹਨ । ਇਹ ਫਾਈਲਾਂ ਅਸੀਂ ਜ਼ਰੂਰ ਕਢਾ ਦਿਆਂਗੇ, ਐਸੀ ਕੋਈ ਗਲ ਨਹੀਂ ਹੈ।

ਹਰੀਜਨਾਂ ਦੇ ਸਰਟੀਫਿਕੇਟਸ ਬਾਰੇ ਮੈਂ ਕਹਿੰਦਾ ਹਾਂ ਕਿ ਮੈਨੂੰ ਇਸ ਦੇ ਬਾਰੇ ਇਸ ਵੇਲੇ ਪਤਾ ਨਹੀਂ ਹੈ ਕਿ ਕੀ ਪੋਜ਼ੀਸ਼ਨ ਹੈ, ਪਹਿਲਾਂ ਐਮ. ਐਲ. ਏ. ਸਰਟੀਫਾਈ ਕਰ ਦਿੰਦਾ ਸੀ ਕਿਉਂਕਿ ਇਹ ਬੜੀ ਜ਼ਿਮੇਵਾਰੀ ਨਾਲ ਕਰਦੇ ਹਨ। ਜੇ ਨਹੀਂ ਤਾਂ ਹੁਣ ਵੀ ਕਰ ਦੇਵਾਂਗੇ ਤਾਂਕਿ ਐਮ. ਐਲ. ਏਜ਼ ਕਰ ਸਕਣ।

ਕਾਮਰੇਡ ਸੱਘੜ ਸਿੰਘ : ਪਾਸਪੋਰਟ ਦਾ ਵੀ ਕਰ ਦਿਓ ।


ਮੁੱਖ ਮੰਤਰੀ : ਪਾਸਪੋਰਟ ਦਾ ਮੈਨੂੰ ਪਤਾ ਹੈ ਕਿ ਇਸ ਦੇ ਵਿਚੋਂ ਕੀ ਨਿਕਲਦਾ ਹੈ । ਧਿਆਨ ਕਰਕੇ ਕਰਿਓ । ਵੈਸੇ ਪਾਸਪੋਰਟ ਦਾ ਮੇਰਾ ਕੰਮ ਨਹੀਂ ਹੈ। ਇਹ ਗੌਰਮਿੰਟ ਆਫ਼ ਇੰਡੀਆ ਦਾ ਕੰਮ ਹੈ । ਪਾਸਪੋਰਟਾਂ ਨਾਲ ਸਾਡਾ ਕੋਈ ਤੱਲਕ ਨਹੀਂ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

Mr. Speaker: The House stands adjourned **sine die.*

*7.58 P.M. | (*The Sabha then adjourned sine die.*)

5477 PVS—Govt. Press, U.T. Chd.

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

© 1982

Published under the authority of the Punjab Vidhan Sabha and printed by the Controller, Government Press, U.T., Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

31st March, 1982

(Afternoon Sitting)

ANNEXURE

Vol. IV—No. 24

OFFICIAL REPORT

Chief Reporter
Punjab Vidhan Sabha
Chandigarh

CONTENTS

Wednesday the 31st March, 1982

(After noon Sitting)

	Page
Unstarred Questions (Converted as such from being Starred Questions) and Answers for the meeting of the Punjab Vidhan Sabha held on 31st March, 1982 (Afternoon Sitting) ..	(24)1

Punjab Vidhan Sabha Secretariat, Chandigarh.

Price Rs. : 05.00

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 31st March, 1982

(Afternoon Sitting)

ANNEXURE

This Annexure contains Unstarred Questions (converted as such from being Starred Questions) and Answers for the meeting of the Punjab Vidhan Sabha held on 31st March, 1982 (Afternoon Sitting) (These were received late from the Government).

UNSTARRED QUESTIONS (CONVERTED AS SUCH FROM BEING STARRED QUESTIONS) AND ANSWERS FOR THE 31ST MARCH, 1982.

Milk Production in the State

***1324.** (C.U.) **Sardar Harcharan Singh Hero** : Will the Minister for Development be pleased to state the total Quantity of Milk Production in the State during the years 1979-80, 1980-81 and 1981-82 (to date)?

ਸਰਦਾਰ ਸੰਤੋਖ ਸਿੰਘ ਰੰਧਾਵਾ : ਪ੍ਰਦੇਸ਼ ਵਿਚ ਦੁੱਧ ਉਤਪਾਦਨ ਦਾ ਵਾਰਸ਼ਕ ਵੇਰਵਾ ਹੇਠ ਲਿਖਿਆ ਜਾਂਦਾ ਹੈ :—

ਸਾਲ	ਸਾਲਾਨਾ ਦੁੱਧ ਉਤਪਾਦਨ
1979-80	3059
1980-81	3221
1981-82	2300
(ਪਹਿਲੇ 8 ਮਹੀਨਿਆਂ ਦੀ ਪ੍ਰਾਪਤੀ)	

Area under Sugarcane Cultivation

***1410.** (C.U.) **Sardar Harcharan Singh Hero** : Will the Minister for Agriculture and Irrigation be pleased to state :—

a) the total area cultivated for sugar-cane during the financial years 1978-79, 1979-80, 1980-81 and 1981-82;

(b) the total production of sugar-cane during the said period, year-wise?

Original with;
Punjab Vidhan Sabha
Digitized by;
Panjab Digital Library

ਚੌਧਰੀ ਕਾਂਸ਼ੀ ਰਾਮ : ਸਾਲ 1978-79 ਤੋਂ 1981-82 ਤਕ ਪੰਜਾਬ ਰਾਜ ਵਿਚ ਗੰਨੇ ਹੇਠ ਰਕਬਾ ਹੇਠ ਲਿਖੇ ਅਨੁਸਾਰ ਹੈ :—

ਸਾਲ	ਗੰਨੇ ਹੇਠ ਰਕਬਾ (ਹੈਕਟੇਅਰ)
1978-79	1,10,000
1979-80	77,000
1980-81	72,000
1981-82 (ਸੰਭਾਵਤ)	1,00,000

(ਅ) ਇਹਨਾਂ ਸਾਲਾਂ ਵਿਚ ਪੰਜਾਬ ਰਾਜ ਦੀ ਗੰਨੇ ਦੀ ਕੁਲ ਪੈਦਾਵਾਰ ਹੇਠ ਲਿਖੇ ਅਨੁਸਾਰ ਹੈ :—

ਸਾਲ	ਗੰਨੇ ਦੀ ਪੈਦਾਵਾਰ (ਲੱਖ ਟਨ)
1978-79	62.40
1979-80	39.30
1980-81	39.70
1981-82 (ਸੰਭਾਵਤ)	55.00

Soil Testing Laboratories

***1411.** (C. U.). **Sardar Harcharan Singh Hero:** Will the Minister for Agriculture and Irrigation be pleased to state—

(a) the total number of soil testing Laboratories in the State established during the period from June, 1977 to February, 1980 and from June 1980 to date separately;

(b) the total number of soil testing Laboratories in the State at present?

ਚੌਧਰੀ ਕਾਂਸ਼ੀ ਰਾਮ : (ੳ) ਜੂਨ 1977 ਤੋਂ ਫਰਵਰੀ, 1980 — 14

ਜੂਨ 1980 ਤੋਂ ਅਜ ਤਕ — 6

(ਅ) — 34

Original with;
Punjab Vidhan Sabha
Digitized by;
Panjab Digital Library

Payment of compensation

*1414. (CU) **Sardar Harcharan Singh Hero** ; Will the Minister for Revenue be pleased to state (a) whether it is a fact that compensation for the land acquired for Talwandi Bhati to Khosa Dal Singh road in District Ferozepur has not still been paid in certain villages inspite of the fact that the land was acquired long ago;

(b) whether the Government received any representation from the effective persons during the last three years viz. 1979-80 and 1981; if so, the action taken/proposed to be taken in the matter?

ਸਰਦਾਰ ਬੇਅੰਤ ਸਿੰਘ : (ੳ) ਇਸ ਸੜਕ ਦੀ ਉਸਾਰੀ ਲਈ ਕੋਈ ਜ਼ਮੀਨ ਪ੍ਰਾਪਤ ਨਹੀਂ ਸੀ ਕੀਤੀ ਗਈ ।

(ਅ) ਨਹੀਂ ਜੀ । ਫਿਰ ਵੀ 6 ਕਨਾਲ 13 ਮਰਲੇ ਜ਼ਮੀਨ ਦੇ ਮੁਆਵਜ਼ੇ ਲਈ ਸ਼੍ਰੀ ਸਾਧੂ ਰਾਮ ਅਤੇ ਹੋਰਨਾਂ ਵਲੋਂ ਮਿਤੀ 19-11-1979 ਨੂੰ ਦਫਾ 80 ਸੀ. ਪੀ. ਸੀ. ਅਧੀਨ ਨੋਟਿਸ ਪ੍ਰਾਪਤ ਹੋਇਆ ਸੀ ਅਤੇ ਉਨ੍ਹਾਂ ਨੇ ਸੀਨੀਅਰ ਸਬ-ਜੱਜ ਫਿਰੋਜ਼ਪੁਰ ਦੀ ਅਦਾਲਤ ਵਿਚ ਦੀਵਾਨੀ ਦਾਅਵਾ ਦਾਇਰ ਕਰ ਦਿੱਤਾ ਹੈ । ਝਗੜੇ ਵਾਲੀ ਜ਼ਮੀਨ ਮਿਉਂਸਪਲ ਕਮੇਟੀ ਤਲਵੰਡੀ ਭਾਈ ਨੇ ਲੋਕ ਨਿਰਮਾਣ ਵਿਭਾਗ ਨੂੰ ਆਪਣੇ ਮਤਾ ਨੰ: 72 ਮਿਤੀ 24-8-67 ਦੁਆਰਾ ਮੁਫ਼ਤ ਦਿੱਤੀ ਸੀ । ਮਾਮਲਾ ਹੁਣ ਅਦਾਲਤ ਵਿਚ ਹੈ ।

Tourist Complex at Hari-ke-Pattan District Ferozepur

*1415. (C.U.) **Sardar Harcharan Singh Hero** : Will the Minister of State for Housing be pleased to state whether there is any proposal under the consideration of Government to establish a Tourist Complex at Hari-Ke-Pattan, District Ferozepur; if so, the time by which it is likely to be established?

ਸ਼ਰਦਾਰਨੀ ਰਾਜਿੰਦਰ ਕੌਰ ਭੱਠਲ : ਹਾਂ ਜੀ; ਸਮੇਂ ਬਾਰੇ ਨਹੀਂ ਦੱਸਿਆ ਜਾ ਸਕਦਾ ਕਿਉਂਕਿ ਸਿੰਚਾਈ ਵਿਭਾਗ ਕੋਲੋਂ ਮੰਤਵ ਲਈ ਢੁਕਵੀਂ ਥਾਂ ਪ੍ਰਾਪਤ ਕਰਨ ਲਈ ਅਜੇ ਯਤਨ ਜਾਰੀ ਹਨ ।

Villages af Tehsil Zira Selected under the water Supply Scheme

*1419. (C.U.) **Sardar Harcharan Singh Hero** : Will the Minister of State for Rehabilitation and Industries be pleased to state:—

(a) the names of the Villages of Tehsil Zira in District Ferozepur selected under the water supply Scheme during the years 1979-80, 1980-81 and 1981-82;

Original with;
Punjab Vidhan Sabha
Digitized by;
Panjab Digital Library

[Sardar Harcharan Singh Hero]

(b) whether the work in the villages referred to in Part (a) above has been started; if so, the names of the villages where the work is still in progress together with the names of such villages where the work has since been completed;

(c) the time by which the work is likely to be completed in the remaining villages?

ਸਰਦਾਰ ਦਰਸ਼ਨ ਸਿੰਘ ਕੇ. ਪੀ. : (ਏ, ਬੀ ਅਤੇ ਸੀ) ਸੂਚਨਾਂ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ਜੀ ।

ਸੂਚਨਾ

(ਉ) ਸਾਲ 1979-80 ਤੇ 80-81 ਵਿਚ ਜ਼ੀਰਾ ਤਹਿਸੀਲ ਵਿਚ ਕੋਈ ਵਾਟਰ ਸਪਲਾਈ ਸਕੀਮ ਮਨਜੂਰ ਨਹੀਂ ਕੀਤੀ ਗਈ । ਸਾਲ 1981-82 ਵਿਚ ਜ਼ੀਰਾ ਤਹਿਸੀਲ ਵਿਚ 9 ਵਾਟਰ ਸਪਲਾਈ ਸਕੀਮਾਂ ਜੋ ਕਿ 17 ਪਿੰਡਾਂ ਨੂੰ ਕਵਰ ਕਰਦੀਆਂ ਹਨ, ਮਨਜੂਰ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾਂ ਵੇਰਵਾ ਹੇਠ ਦਿੱਤਾ ਜਾਂਦਾ ਹੈ:-

(1) ਕੋਟ ਇਸੇ ਖਾਂ	(7) ਚੁਘੇ ਖੁਰਦ	(13) ਰਾਨੀਆਲਾ
(2) ਦਾਤਾ	(8) ਚੁਘੇ ਕਲਾਂ	(14) ਸਿੰਘਪੁਰਾ
(3) ਸੋਢਿਆਵਾਲਾ	(9) ਬਰਾਹ	(15) ਬਨਖੰਡੀ
(4) ਰਤਾਲਰੋਹੀ	(10) ਕਮੋਆਨਾ	(16) ਮਨਾਵਾ
(5) ਧੰਨਾਸਹੀਦ	(11) ਫੋਰਕੇ	(17) ਫਤਿਹਗੜ੍ਹ
(6) ਲਹੋਰਾ	(12) ਗਦਰੀਵਾਲਾ	ਕਰੋਟਾਨਾ

(ਅ) ਪਿੰਡ ਕੋਟ ਇਸੇ ਖਾਂ, ਦਾਤਾ, ਸੋਢਿਆਵਾਲਾ, ਰਤਾਲਰੋਹੀ ਅਤੇ ਧੰਨਾਸਹੀਦ ਦੀਆਂ ਤਿੰਨ ਵਾਟਰ ਸਪਲਾਈ ਸਕੀਮਾਂ ਤੇ ਕੰਮ ਸ਼ੁਰੂ ਕਰ ਦਿੱਤਾ ਹੈ, ਪਰੰਤੂ ਅਜੇ ਤਕ ਕੋਈ ਸਕੀਮ ਮੁਕੰਮਲ ਨਹੀਂ ਹੋਈ ।

(ਏ) ਉਪਰੋਕਤ (ਉ) ਵਿਚ ਦਰਸਾਏ ਸਾਰੇ ਪਿੰਡਾਂ ਦੀਆਂ ਵਾਟਰ ਸਪਲਾਈ ਸਕੀਮਾਂ ਦਾ ਕੰਮ ਸਾਲ 1983-84 ਵਿਚ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ।

Villages of Tehsil Zira Selected under Harijan Basti Sudhar Scheme

*1420. (C.U.) **Sardar Harcharan Singh Hero** : Will the Minister for Welfare and Labour be pleased to state :—

(a) the number and names of villages of Tehsil Zira in District Ferozepore selected under the Basti Sudhar Scheme during the years 1979-80, 1980-81 and 1981-82;

Original with;
Punjab Vidhan Sabha
Digitized by;
Panjab Digital Library

(b) whether the construction work in the villages referred to in part (a) above has since been started; if so, the names of the villages where the work is in progress together with the names of such villages where the work has since been completed ;

(c) the time by which the work is likely to be completed in remaining villages?

ਚੌਧਰੀ ਜਗਤ ਰਾਮ : (ੳ) ਬਸਤੀ ਸੁਧਾਰ ਸਕੀਮ ਅਧੀਨ ਇਕ ਪਿੰਡ "ਕੰਲੇ" ਤਹਿਸੀਲ ਜੀਰਾ, ਸਾਲ 1981-82 ਵਿਚ ਚੁਣਿਆ ਗਿਆ ਸੀ ਅਤੇ ਹੋਰ ਕੋਈ ਵੀ ਤਹਿਸੀਲ ਜ਼ੀਰਾ ਦਾ ਪਿੰਡ ਸਾਲ 1979-80 ਤੋਂ 1980-81 ਵਿਚ ਨਹੀਂ ਲਿਆ ਗਿਆ ।

(ਅ) ਜਿਸ ਤਰ੍ਹਾਂ ਕਿ ਉਪਰੋਕਤ ਭਾਗ (ੳ) ਵਿੱਚ ਦਸਿਆ ਗਿਆ ਪਿੰਡ ਹੁਣੇ ਹੀ ਚੁਣਿਆ ਗਿਆ ਹੈ, ਇਸ ਲਈ ਇਥੋਂ ਕੰਮ ਸ਼ੁਰੂ ਕਰਨ ਲਈ ਕਝ ਸਮਾਂ ਲਗੇਗਾ ।

(ੲ) ਸਮੇਂ ਅਨੁਸਾਰ ਕੰਮ ਮੁਕੰਮਲ ਕਰ ਲਿਆ ਜਾਵੇਗਾ ।

600th Birth Anniversary of Guru Ravi Dass

*1457. (C.U.) **Chaudhri Jagjit Singh** : Will the Minister for Welfare and Labour be pleased to state :—

(a) whether the Government constituted a committee to celebrate the 600th Birth Anniversary of Guru Ravi Dass during 1977; if so, the total grant given to the said Committee together with the details of the expenditure so far incurred by it;

(b) the present position of the said Committee together with the names of its office bearers and details of property owned by it ?

ਚੌਧਰੀ ਜਗਤ ਰਾਮ : (ੳ) ਹਾਂ ਜੀ ।

ਕਮੇਟੀ ਨੂੰ ਦਿੱਤੀ ਗਈ ਕੁੱਲ ਗਰਾਂਟ 3 ਲੱਖ ਰੁਪਏ ਹੈ । ਕਮੇਟੀ ਦੇ ਸਕੱਤਰ ਵਲੋਂ ਭੇਜਿਆ ਗਿਆ ਖਰਚੇ ਦਾ ਸਾਲਵਾਰ ਵੇਰਵਾ, ਜਿਹੜਾ ਕਿ ਕਮੇਟੀ ਨੇ ਖਰਚਿਆ, ਹੇਠ ਦਿੱਤਾ ਜਾਂਦਾ ਹੈ :—

1976-77	54,934.84
1977-78	44,836.82
1978-79	24,921.76
1979-80	81,674.25
1980-81	6,176.00
ਜੋੜ ਰੁਪਏ	2,12,543.67

Original with;
Punjab Vidhan Sabha
Digitized by;
Panja... Digital Library

[Minister for Welfare and Labour]

(ਅ) (i) ਕਮੇਟੀ ਦੀ ਦਕਮ ਮਿਤੀ 17-1-1980 ਨੂੰ ਖਤਮ ਹੋ ਗਈ । ਇਸ ਲਈ ਇਸ ਦੇ ਮੌਜੂਦਾ ਆਫਿਸ ਬੀਅਰਰਜ਼ ਦਾ ਸਵਾਲ ਪੈਦਾ ਨਹੀਂ ਹੁੰਦਾ ।

(ii) ਕਮੇਟੀ ਨੇ ਗੁਰੂ ਰਵਿਦਾਸ ਭਵਨ ਵਾਸਤੇ ਐਸ. ਏ. ਐਸ. ਨਗਰ ਵਿਖੇ ਇਕ ਏਕੜ ਜ਼ਮੀਨ ਦਾ ਪਲਾਟ ਖਰੀਦਿਆ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਦੋ ਕਮਰੇ ਬਣਾਏ । ਪਰਾਪਰਟੀ, ਅਸੈਟਸ ਅਤੇ ਲਾਈਬਿਲੀਟੀਜ਼, ਸਰਵ ਭਾਰਤ ਸ਼੍ਰੀ ਰਵਿਦਾਸ ਪ੍ਰਚਾਰ ਫਾਊਂਡੇਸ਼ਨ, ਐਸ. ਏ. ਐਸ. ਨਗਰ ਨੂੰ ਟ੍ਰਾਂਸਫਰ ਕਰ ਦਿੱਤੇ ਗਏ ਸਨ ।

Guru Ravi Dass Bhawan at Jullundur

***1470.** (C.U.) **Chaudhri Jagjit Singh** : Will the Minister for Local Government be pleased to state :—

(a) whether the Improvement Trust, Jullundur reserved any plot for Guru Ravi Dass Bhawan;

(b) if the reply to part (a) above be in the affirmative; whether the allotment of the said plot has since been made; if not, the reasons therefor ?

ਸ਼੍ਰੀ ਸਰਦਾਰੀ ਲਾਲ ਕਪੂਰ : (ੳ) ਨਹੀਂ ਜੀ ।

(ਅ) ਸਵਾਲ ਹੀ ਨਹੀਂ ਪੈਦਾ ਹੁੰਦਾ ।

Government Private Registered Nurseries in the State

***1515.** (C.U.) **Sardar Harcharan Singh Hero** : Will the Minister for Agriculture and Irrigation be pleased to state—

(a) the number of Government and Private Registered Nurseries separately, in the State;

(b) the number of plant supplied by the Nurseries referred to in part (a) above separately, during the period from June, 1977 to February, 1980 and from June, 1980 to date ?

ਚੌਧਰੀ ਕਾਂਸ਼ੀ ਰਾਮ : (ੳ) 1. ਸਰਕਾਰੀ ਨਰਸਰੀਆਂ 16

2. ਪਰਾਈਵੇਟ ਰਜਿਸਟਰਡ ਨਰਸਰੀਆਂ 76

(ਅ) 1. ਜੂਨ 1977 ਤੋਂ ਫਰਵਰੀ 1980

(i) ਸਰਕਾਰੀ ਨਰਸਰੀਆਂ ਦੁਆਰਾ ਦਿਤੇ ਗਏ ਬੂਟੇ 5,41,540

(ii) ਪਰਾਈਵੇਟ ਰਜਿਸਟਰਡ ਨਰਸਰੀਆਂ ਦੁਆਰਾ ਦਿਤੇ ਗਏ ਬੂਟੇ 4,76,260

Original with;
Punjab Vidhan Sabha
Digitized by;
Panjab Digital Library

2. ਜੂਨ 1980 ਤੋਂ ਹੁਣ ਤਕ

(i) ਸਰਕਾਰੀ ਨਰਸਰੀਆਂ ਦੁਆਰਾ ਦਿਤੇ ਗਏ ਬੂਟੇ 6,16,350

(ii) ਪਰਾਈਵੇਟ ਰਜਿਸਟਰਡ ਨਰਸਰੀਆਂ ਦੁਆਰਾ ਦਿਤੇ ਗਏ ਬੂਟੇ 3,92,720

District Sports Officers

*1519. (C. U.) **Chaudhri Jagjit Singh** : Will the Minister for Education be pleased to state the total number of District Sports Officers in the State together with the number of those amongst them who belong to the Scheduled Castes?

ਸਰਦਾਰ ਹਰਚਰਨ ਸਿੰਘ ਅਜਨਾਲਾ : 13, ਕੋਈ ਨਹੀਂ।

Scheduled Castes Employees in the Sports Department

*1520. (C.U.) **Chaudhri Jagjit Singh** : Will the Minister for Education be pleased to state—

(a) the category-wise total number of employees in the Sports Department together with the number of those out of them who belong to the Scheduled Castes;

(b) whether the number of the Scheduled Caste employees referred to in part (a) above is in accordance with the reservation quota; if not, the reasons therefor together with the time by which the backlog of reservation is likely to be covered up ?

Sardar Harcharan Singh Ajnala (a) Statement is placed on the Table of the House.

(b) Not in all cases, as eligible candidates were not available. Back-log of reservation will be covered up at the time of new appointments, subject to the availability of the eligible candidates.

Statement Showing Category-wise Strength of Sports Department Employees

Serial No.	Name of Category	Total No. of employees	No. of Scheduled caste employees
1.	Director Sports	1	—
2.	Joint Director Sports	1	—
3.	Senior Deputy Director	1	—
4.	Deputy Director	1	—

Original with;
Punjab Vidhan Sabha
Digitized by;
Panjab Digital Library

[Education Minister]

Serial No.	Name of categary	Total No. of employees	No. of Scheduled caste employees
5.	Assistant Director Sports/ Senior District Sports Officers	4	1
6.	District Sports Officers	9	—
7,	Sports Officers	63	6
8.	Junior Sports Officers	98	6
	Ministerial Staff :		
1.	Superintendents	2	—
2.	Assistant/Accounts/Store-keepers-cum-Accountants	18	6
3.	Senior Scale Stenographers	2	—
4.	Junior Scale Stenographers	2	1
5.	Clerks	22	2
6.	Steno-typists	13	1
7.	Store-keeper	1	—
8.	Senior Auditor	1	—
9.	Junior Auditor	1	—
10.	Drivers	1	—
11.	Gestetner Operator	1	1
12.	Cinema Operators	3	1
13.	Boatmen	2	1
14.	Daftri	1	—
15.	Class IV	142	53

Houses constructed in District Jullundur by the Punjab Housing Development Board

*1529. (C.U.) **Chaudhri Jagjit Singh** : Will the Minister of State for Housing be pleased to state :—

(a) the category-wise total number of houses constructed by the Punjab Housing Development Board in district Jullundur from 1st January, 1977 to date ;

(b) the total number of houses out of those mentioned in part (a) above which were allotted in reserve price and out of those how many were allotted to persons belonging to Scheduled Castes ?

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਰਾਜਿੰਦਰ ਕੌਰ ਭੱਟਲ :

(ੳ) ਈ. ਡਬਲਿਊ. ਐਸ. 90

ਐਲ. ਆਈ. ਜੀ. 115

ਐਮ. ਆਈ. ਜੀ. 88

(ਅ) ਈ. ਡਬਲਿਊ. ਐਸ. 85-ਅਨੁਸੂਚਿਤ ਜਾਤੀਆਂ ਨੂੰ ਅਲਾਟ ਕੀਤੇ— 9

ਐਲ. ਆਈ. ਜੀ. 109-ਅਨੁਸੂਚਿਤ ਜਾਤੀਆਂ ਨੂੰ ਅਲਾਟ ਕੀਤੇ—11

ਐਮ. ਆਈ. ਜੀ. 84-ਅਨੁਸੂਚਿਤ ਜਾਤੀਆਂ ਨੂੰ ਅਲਾਟ ਕੀਤੇ—9

Dairy Farming Cooperative Societies in District Jullundur

***1530. (C.U.) Chaudhri Jagjit Singh** : Will the Minister of State for Cooperation be pleased to state—

(a) the number of Dairy Farming Cooperative Societies registered, at present, in district Jullundur ;

(b) the number of Societies out of those referred to in part (a) above which are functioning together with the names of Milk Plants to which they are supplying milk ?

ਸਰਦਾਰ ਬੀਰ ਪਾਲ ਸਿੰਘ : (ੳ) ਇਨ੍ਹਾਂ ਦੀ ਗਿਣਤੀ 447 ਹੈ ।

(ਅ) ਇਹਨਾਂ 447 ਸਭਾਵਾਂ ਵਿਚੋਂ 264 ਸਭਾਵਾਂ ਕੰਮ ਕਰ ਰਹੀਆਂ ਹਨ ਅਤੇ ਦੁਆਬਾ ਸਹਿਕਾਰੀ ਮਿਲਕ ਪਰੋਡੂਸਰਜ਼ ਯੂਨੀਅਨ ਲਿਃ ਜਲੰਧਰ ਜੋ ਕਿ ਮਿਲਕ ਪਲਾਂਟ ਜਲੰਧਰ ਨੂੰ ਚਲਾ ਰਹੀ ਹੈ, ਨੂੰ ਦੁੱਧ ਸਪਲਾਈ ਕਰ ਰਹੀਆਂ ਹਨ ।

Filling up the post of Senior Deputy Director in the Sports Department

***1531. (C.U.) Chaudhri Jagjit Singh** : Will the Minister for Education be pleased to state—

(a) whether any post of Senior Deputy Director exists in the Sports Department Punjab ;

(b) whether the said post is reserved ;

(c) if the reply to part (b) above be in the affirmative whether there is any employee belonging to the Scheduled Castes in the said Department who fulfils the essential qualifications for the said post ;

Original with;
Punjab Vidhan Sabha
Digitized by;
Panjab Digital Library

[Chaudhri Jagjit Singh]

(d) if the reply to part (c) above be in the affirmative ; the time by which the said reserved post is likely to be filled up ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਹਾਂ ਜੀ ।

(ਅ) ਹਾਂ ਜੀ, ਇਕ ਰਾਖਵੀਂ ਹੈ।

(ਏ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

Grant of Unemployment Allowance

***1537. (C.U.) Chaudhri Jagjit Singh** : Will the Minister for Welfare and Labour be pleased to state—

(a) the total number of unemployed persons in the State as on 31st December, 1981 ;
(b) the number of persons out of those referred to in part (a) above to whom unemployment allowance was given during the year 1980-81 ?

ਚੌਧਰੀ ਜਗਤ ਰਾਮ : (ੳ) 4,86,081 ।

(ਅ) 14,129 ।

7386/PVS—Govt. Press, Chd.

Original with;
Punjab Vidhan Sabha
Digitized by;
Panjab Digital Library







Original with;
Punjab Vidhan Sabha
Digitized by;
Panjab Digital Library

©1982

Published under the authority of the Punjab Vidhan Sabha and Printed by the Controller, Govt. Press, U.T., Chd.


Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

B-19116

Original Uploaded
Punjab Vidhan Sabha
Digitized by
Panjab Digital Library



Original with;
Punjab Vidhan Sabha
Digitized by;
Panjab Digital Library